
ਸਿੱਖੀ ਗ਼ੈਰਤ ਉਪਰ ਹੋਏ ਬੌਧਿਕ ਹਮਲਿਆਂ ਦਾ ਪ੍ਰਤੀਕਰਮ

# ਤਵੈ ਰੋਸ ਜਗਾਵੈ




ਡਾ. ਸੁਖਪ੍ਰੀਤ ਸਿੰਘ ਉਦੋਕੇ

ਪੰਥਕ ਲਿਖਤਾਂ ਅਤੇ ਪੰਥਕ ਬੁਲਾਰਿਆਂ ਵਿੱਚ ਡਾ: ਸੁਖਪ੍ਰੀਤ ਸਿੰਘ ਉਦੋਕੇ ਦਾ ਨਾਮ ਕਿਸੇ ਜਾਣ ਪਹਿਚਾਣ ਦਾ ਮੁਥਾਜ ਨਹੀਂ। ਇਹ ਉਹ ਨੌਜਵਾਨ ਹੈ ਜਿਸ ਦੇ ਹਿਰਦੇ ਵਿੱਚ ਪੰਥਕ ਜਜ਼ਬਾਤਾਂ ਦਾ ਤੇਜ ਵਹਾਅ ਠਾਠਾਂ ਮਾਰਦਾ ਹੈ। ਆਪਣੇ ਉਪਰ ਝੁਲ ਰਹੀਆਂ ਕਠਿਨ ਹਨੇਰੀਆਂ ਤੋਂ ਬੇਖੌਫ ਰਹਿ ਕੇ ਇਸ ਦੀ ਲੇਖਣੀ ਕੌਮੀ ਗੈਰਤ ਉਪਰ ਹੋ ਰਹੇ ਹਮਲਿਆਂ ਦੇ ਸੱਚ ਨੂੰ ਬਿਆਨਦੀ ਹੈ। ਡਾ: ਉਦੋਕੇ ਨੂੰ ਇਸ ਸੱਚ ਭਰਪੂਰ ਲੇਖਣੀ ਦਾ ਇਵਜ਼ਾਨਾ ਅਨੇਕਾਂ ਕਠਿਨਾਈਆਂ ਅਤੇ ਸਮੱਸਿਆਵਾਂ ਦਾ ਸਾਹਮਣਾ ਕਰਕੇ ਤਾਰਨਾ ਪੈ ਰਿਹਾ ਹੈ। ਉਸ ਉਪਰ ਕੁਝ ਪਲ ਐਸੇ ਵੀ ਆਏ ਜਦੋਂ ਕਿਸੇ ਅਦੀਬ ਦਾ ਕਥਨ ਬਾਰ-ਬਾਰ ਯਾਦ ਆਉਂਦਾ ਸੀ।

ਅਪਨੇ ਭੀ ਖਫਾ ਮੁਝਸੇ ਹੈਂ, ਬੇਗਾਨੇ ਭੀ ਨਾ ਖੁਸ਼,
ਮੈਂ ਜ਼ਹਿਰ-ਏ-ਹਲਾਹਲ ਕੋ, ਕਭੀ ਕਹਿ ਨਾ ਸਕਾ ਕੰਦ।

ਆਰ.ਐਸ.ਐਸ. ਵਰਗੀ ਫਾਸ਼ੀਵਾਦੀ ਜਥੇਬੰਦੀ ਦੇ ਖਿਲਾਫ ਮੈਦਾਨੇ ਜੰਗ ਵਿੱਚ ਇਕੱਲੇ ਜੂਝ ਰਹੇ ਡਾ: ਉਦੋਕੇ ਦਾ ਕਿਸੇ ਜਥੇਬੰਦੀ ਨੇ ਸਾਥ ਤਾਂ ਕੀ ਦੇਣਾ ਸੀ ਸਗੋਂ ਹਰ ਹੀਲੇ ਉਸਦੀ ਦ੍ਰਿੜਤਾ ਨੂੰ ਤੋੜਨ ਦਾ ਯਤਨ ਕੀਤਾ ਗਿਆ। ਡਾ: ਉਦੋਕੇ ਦੀ ਲੇਖਣੀ ਦਾ ਸਫ਼ਰ 1997 ਵਿੱਚ ਮਾਸਿਕ ਪੱਤਰ ਸਪੋਕਸਮੈਨ ਰਾਹੀਂ ਆਰੰਭ ਹੋਇਆ ਅਤੇ ਫਿਰ ਉਸਦੇ ਲੇਖਾਂ ਦੀ ਮਹਿਕ ਅਨੇਕਾਂ ਹੀ ਪੰਜਾਬੀ ਮਾਸਿਕ ਪੱਤਰਾਂ ਜਿਵੇਂ ਸੰਤ ਸਿਪਾਹੀ, ਖੰਡੇਧਾਰ, ਗੁਰਮਤਿ ਪ੍ਰਕਾਸ਼, ਆਤਮਰੰਗ, ਫਤਹਿਨਾਮਾ ਰਾਹੀਂ ਪਾਠਕਾਂ ਤੱਕ ਪੁਜਦੀ ਰਹੀ।

ਆਰ. ਐਸ.ਐਸ. ਵਲੋਂ ਸਿੱਖ ਧਰਮ ਦੀ ਕੀਤੀ ਜਾ ਰਹੀ ਇਤਿਹਾਸਕ ਰੱਦੋਬਦਲ ਨੂੰ ਬਿਆਨਦੀ ਉਸਦੀ ਹੱਥਲੀ ਪੁਸਤਕ 'ਤਬੈ ਰੋਸ ਜਾਗਯੋ' ਬਿਪਰਵਾਦੀ ਤਾਕਤਾਂ ਖਿਲਾਫ਼ 'ਬ੍ਰਹਮ-ਅਸਤਰ' ਦਾ ਰੂਪ ਹੈ। ਮਾਣ ਵਾਲੀ ਗੱਲ ਹੈ ਕਿ ਡਾਕਟਰ ਉਦੋਕੇ ਵਲੋਂ ਲਿਖੀ ਇਸ ਪੁਸਤਕ ਵਿਚਲੀ ਅਦੁੱਤੀ ਜਾਣਕਾਰੀ ਅਮਰੀਕਨ ਪਾਰਲੀਮੈਂਟ ਦੇ ਕਾਂਗਰੇਸ਼ਨਲ ਰਿਕਾਰਡ ਦਾ ਹਿੱਸਾ ਬਣੀ ਹੈ ਜਿਸ ਲਈ ਡਾ: ਉਦੋਕੇ ਵਧਾਈ ਦਾ ਪਾਤਰ ਹੈ ਕਿ ਉਸਨੇ ਸਿੱਖ ਮਾਨਸਿਕ ਪੀੜਾ ਨੂੰ ਅੰਤਰਰਾਸ਼ਟਰੀ ਮੰਚ ਉਪਰ ਵਿਚਾਰ ਚਰਚਾ ਦਾ ਹਿੱਸਾ ਬਣਾਇਆ ਹੈ। ਉਸਨੇ ਸਿੱਖਾਂ ਦੀ ਦੱਬਵੀਂ ਅਵਾਜ ਨੂੰ ਅਮਰੀਕਨ ਪਾਰਲੀਮੈਂਟ ਤੱਕ ਪਹੁੰਚਾ ਕੇ ਸਿੱਖ ਧਰਮ ਨਾਲ ਹੋ ਰਹੇ ਵਿਤਕਰੇ ਨੂੰ ਵਿਸ਼ਵਪੱਧਰ ਦੀਆਂ ਨਜ਼ਰਾਂ ਵਿਚ ਦ੍ਰਿਸ਼ਟੀਗੋਚਰ ਕੀਤਾ ਹੈ।

ਡਾ: ਉਦੋਕੇ ਇਕ ਵਧੀਆ ਬੁਲਾਰਾ ਹੈ ਜਿਸਦੇ ਬੋਲਾਂ ਵਿੱਚ ਸਰੋਤਿਆਂ ਨੂੰ ਮੰਤਰਮੁਗਧ ਕਰਨ ਦੀ ਤਾਸੀਰ ਹੈ। ਉਸ ਵਲੋਂ ਤਿਆਰ ਡਾਕੂਮੈਂਟਰੀ ਫਿਲਮਾਂ 'ਤਬੈ ਰੋਸ ਜਾਗਯੋ' ਦੇਸ਼ ਵਿਦੇਸ਼ ਵਿੱਚ ਹਰ ਸਿੱਖ ਦੇ ਘਰ ਦਾ ਸ਼ਿੰਗਾਰ ਬਣੀਆਂ ਹਨ। ਦਲ ਖ਼ਾਲਸਾ ਅਲਾਇੰਸ ਦੇ ਪਬਲੀਕੇਸ਼ਨ ਵਿੰਗ ਵਲੋਂ ਡਾ: ਉਦੋਕੇ ਦੀ ਇਸ ਅਦੁੱਤੀ ਰਚਨਾ ਦੀ ਤੀਸਰੀ ਐਡੀਸ਼ਨ ਦੀ ਪ੍ਰਕਾਸ਼ਨਾ ਜਥੇਬੰਦਕ ਇਤਿਹਾਸ ਦਾ ਅਹਿਮ ਉਪਰਾਲਾ ਹੈ।

ਮੇਰੀ ਦਿਲੀ ਤਮੰਨਾ ਹੈ ਕਿ ਮੇਰਾ ਵੀਰ ਉਲਟੇ ਰੁਖ ਦੀਆਂ ਵਗਦੀਆਂ ਹਵਾਵਾਂ ਨੂੰ ਚੀਰਦਾ ਹੋਇਆ, ਹੋਰ ਉਚਾਈਆਂ ਦਾ ਸਫ਼ਰ ਦ੍ਰਿੜਤਾ ਅਤੇ ਹੌਸਲੇ ਨਾਲ ਤਹਿ ਕਰੇ,

ਤੂੰ ਦੀਏ ਬਾਦੀ ਸੇ ਮਤ ਘਬਰਾ ਐ ਉਕਾਬ,
ਯਹ ਤੋ ਚਲਤੀ ਹੈ ਤੁਝੇ ਊਚਾ ਉੜਾਨੇ ਕੇ ਲੀਏ।

-ਗੁਰਸੇਵਕ ਸਿੰਘ ਧੌਲਾ

ਪੱਤਰਕਾਰ

੧ੴ ਵਾਹਿਗੁਰੂ ਜੀ ਕੀ ਫ਼ਤਹਿ ॥

# ਤਬੈ ਰੋਸ ਜਾਗ੍ਯੋ

## (ਸਿੱਖੀ ਗ਼ੈਰਤ ਉੱਪਰ ਹੋਏ ਬੌਧਿਕ ਹਮਲਿਆਂ ਦਾ ਪ੍ਰਤੀਕਰਮ)

ਡਾ: ਸੁਖਪ੍ਰੀਤ ਸਿੰਘ ਉਦੋਕੇ

Ph: 6545...740738
Lahore Book Shop
Near Society Cinema,
LUDHIANA-141008.
28-7-2008

ਪਬਲੀਕੇਸ਼ਨ ਵਿੰਗ :

**ਦਲ ਖਾਲਸਾ ਅਲਾਇੰਸ**

ਬਰਕਲੇ (ਯੂ. ਐਸ. ਏ.)

© ਪ੍ਰਕਾਸ਼ਕ

ISBN : 0-9781624-2-0

(National Library of Canada)

ਪਹਿਲੀ ਐਡੀਸ਼ਨ ਜੁਲਾਈ 2004, ਦੂਸਰੀ ਐਡੀਸ਼ਨ 2005

ਤੀਸਰੀ ਸੋਧੀ ਹੋਈ ਐਡੀਸ਼ਨ 2008

ਮੁੱਲ : 400-00

US$ : 20-00

ਯੂਰੋ : 15-00

Special Thanks : Sikh Educational Trust, Canada

Published by :

Dal Khalsa Alliance

1700 Shattuck Ave. #303

Barkley, CA 94709 USA

Phone : 510-830-8280

www.dalkhalsausa.org

# ਤਤਕਰਾ


| ਵਿਸ਼ਾ | ਪੰਨਾ |
|---|---|
| ਸੁਨ ਰੀ ਸਖੀ (ਇਹ ਉਪਰਾਲਾ ਕਿਉਂ?) | 23 |
| ਸਰਬੱਤ ਦਾ ਭਲਾ | 27 |
| ਕੀਆ ਨ ਜਾਣੈ ਅਕਿਰਤਘਣ-------- | 37 |
| ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾ ਕਰਿ ਦੇਖੁ॥ | 57 |
| ਸਿੱਖ ਮਾਨਸਿਕਤਾ ਨੂੰ ਸਮਝਣ ਦੀ ਲੋੜ | 71 |
| ਰਾਸ਼ਟਰੀਆਂ ਸੋਇਮ ਸੇਵਕ ਸੰਘ | 88 |
| ਸੋਇਮ ਸੇਵਕ ਸੰਘ ਦੀ ਪੰਜਾਬ ਵਿੱਚ ਕਾਰਜ ਵਿਧੀ ਦੀ ਝਲਕ | 118 |
| ਸੰਘ ਦਾ ਸਿੱਖਾਂ ਪ੍ਰਤੀ ਨਜ਼ਰੀਆ ਕੁਝ ਅੰਸ਼.... | 123 |
| ਰਾਸ਼ਟਰੀ ਸਿੱਖ ਸੰਗਤ | 127 |
| ਰਾਸ਼ਟਰੀ ਸਿੱਖ ਸੰਗਤ ਸਾਜਣ ਦਾ ਉਦੇਸ਼ ਸੰਘ ਦੀ ਜਬਾਨੀ | 128 |
| ਸੰਘ ਦੇ ਵਰਤਨਾਮ ਸਿੱਖ ਸੰਘਰਸ਼ ਬਾਰੇ ਵਿਚਾਰ | 131 |
| "ਸਿੱਖ ਹਿੰਦੂ ਹਨ" ਸੰਗਤ ਮੁੱਖੀ ਚਿਰੰਜੀਵ ਸਿੰਘ | 133 |
| ਸੰਘ ਵਲੋਂ ਸਿੱਖ ਸੰਗਤ ਦੇ ਨਾਮ ਹੇਠ ਸਿੱਖ ਵਿਚਾਰਧਾਰਾ ਅਤੇ ਇਤਿਹਾਸ ਦਾ ਭਗਵਾਕਰਨ | 135 |
| ਕੀ ਅੰਮ੍ਰਿਤ ਸੰਸਕਾਰ ਸਮੇਂ ਗੁਰੂ ਜੀ ਨੇ ਜੰਤ੍ਰ ਮੰਤ੍ਰ ਤੰਤ੍ਰ ਦੀ ਵਰਤੋਂ ਕੀਤੀ? | 142 |
| ਕੀ ਅੰਮ੍ਰਿਤ ਵਿੱਚ ਪਾਉਣ ਲਈ ਪਤਾਸੇ ਜਾਂ ਮਿਸ਼ਰੀ 'ਇੰਦ੍ਰ ਜੀ' ਨੇ ਗੁਰੂ ਜੀ ਨੂੰ ਭੇਟਾ ਕੀਤੀ? | 158 |
| ਕੀ ਹਨੂਮਾਨ ਜੀ ਨੇ ਗੁਰੂ ਸਾਹਿਬ ਨੂੰ ਕਛਹਿਰਾ ਭੇਟ ਕੀਤਾ? | 168 |
| ਕੀ ਖ਼ਾਲਸਾ ਪ੍ਰਗਟ ਕਰਨ ਸਮੇਂ ਬ੍ਰਹਮਾ, ਵਿਸ਼ਨੂ ਅਤੇ ਸ਼ਿਵ ਦਾ ਯੋਗਦਾਨ ਸੀ? | 185 |

| ਵਿਸ਼ਾ | ਪੰਨਾ |
|---|---|
| ਕੀ ਗੁਰਬਾਣੀ ਵੇਦਾਂ ਦਾ ਸਾਰ ਹੈ? | 204 |
| ਕੀ ਜਪੁਜੀ ਗੀਤਾ ਦਾ ਸਾਰ ਹੈ? | 220 |
| ਕੀ ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਰਾਮ ਸਿੰਘ ਜੀ ਨੂੰ ਗੁਰਗੱਦੀ ਦਿੱਤੀ? | 243 |
| ਸੰਘ ਵਲੋਂ ਟਰੰਪ ਦੇ ਹਵਾਲਿਆ ਦੀ ਵਰਤੋਂ ਕਿਉਂ? | 256 |
| ਸੰਘ ਵਲੋਂ ਛਿੱਬਰ ਦੇ ਹਵਾਲਿਆ ਦੀ ਵਰਤੋਂ ਕਿਉ? | 263 |
| 'ਸਿੱਖ ਇਤਿਹਾਸ ਮੇਂ ਸ੍ਰੀ ਰਾਮ ਜਨਮ ਭੂਮੀ' ਸੰਗਤ ਦਾ ਸਿੱਖ ਇਤਿਹਾਸ ਅਤੇ ਗੁਰਮਤਿ ਵਿਚਾਰਧਾਰਾ ਉਪਰ ਨਾ ਸਹਿਣਯੋਗ ਹਮਲਾ | 281 |
| ਮੰਦਰ-ਮਸਜਿਦ ਵਿਵਾਦ 'ਚ ਗੁਰੂ ਗੋਬਿੰਦ ਸਿੰਘ ਦਾ ਨਾਂ ਕਿਉਂ ਜੋੜਿਆ? | 287 |
| ਕੀ ਆਯੁਧਿਆ ਰਾਮ ਦੀ ਜਨਮ ਭੂਮੀ ਹੈ? | 294 |
| ਰਾਮ ਜਨਮ ਭੂਮੀ: ਇਕ ਨਜ਼ਰੀਆ ਇਹ ਵੀ- | 301 |
| ਕੀ ਸਿੱਖ ਗੁਰੂ ਸਹਿਬਾਨ ਗਊਪੂਜਕ ਸਨ? | 306 |
| ਕੀ ਗੁਰੂ ਗੋਬਿੰਦ ਸਿੰਘ ਜੀ ਨੇ ਦੇਵੀ ਪੂਜਾ ਕੀਤੀ? | 328 |
| ਕੀ ਭਾਈ ਹਕੀਕਤ ਸਿੰਘ, ਹਕੀਕਤ ਰਾਏ ਸੀ? | 341 |
| ਕੀ ਬੰਦਾ ਸਿੰਘ ਬਹਾਦਰ 'ਬੰਦਾ ਬੈਰਾਗੀ' ਸੀ? | 350 |
| ਕੀ ਸਿੱਖਾਂ ਦੁਆਰਾ ਕੀਤੇ ਦੇਸ਼ ਧਰੋਹ ਕਰਕੇ ਦੇਸ਼ ਗੁਲਾਮ ਰਿਹਾ? | 362 |
| ਓਁ ਦਾ ਪ੍ਰਚਾਰ ਅਤੇ ੧ੴ ਦੀ ਹੇਠੀ ਕਿਉ? | 370 |
| ਗਿਆਨੀ ਪੂਰਨ ਸਿੰਘ ਨੇ ਸਿੱਖਾਂ ਨੂੰ ਲਵ-ਕੁਸ਼ ਦੇ ਵੰਸ਼ਜ ਕਿਉਂ ਕਿਹਾ? | 377 |
| ਸੰਘ ਨਾਨਕਸ਼ਾਹੀ ਜੰਤਰੀ ਦੀ ਵਿਰੋਧਤਾ ਕਿਉਂ ਕਰਦਾ ਹੈ? | 393 |
| ਸਿੱਖਾਂ ਨੂੰ ਵੱਖਰੇ ਕੈਲੰਡਰ ਦੀ ਲੋੜ ਕਿਉਂ? | 397 |
| ਕੀ ਗੁਰੂ ਸਾਹਿਬ ਜਨੇਊ ਦੇ ਧਾਰਨੀ ਸਨ? | 405 |
| ਕੀ ਗੁਰੂ ਨਾਨਕ ਸਾਹਿਬ ਨੇ ਆਪਣੇ ਪਿਤਾ ਦੇ ਸ਼ਰਾਧ ਕੀਤੇ? | 417 |
| ਕੀ ਸਿੱਖ ਵੀ ਹਿੰਸਾ ਤੋਂ ਦੂਰ (ਹਿੰ+ਦੂ) ਹਨ? | 423 |
| ਬੁੱਤਖਾਨਿਆਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਿਉਂ | 434 |
| ਗੁਰਧਾਮਾਂ ਵਿਚ ਬੁੱਤਾਂ ਦੀ ਸਥਾਪਤੀ ਕਿਉਂ? | 440 |
| ਸਿੱਖ ਆਗੂਆਂ ਵਲੋਂ ਰਮਾਇਣ ਦੇ ਪਾਠ ਅਤੇ ਬਿਪਰਵਾਦੀਆਂ ਵਲੋਂ ਹਰਿਮੰਦਰ ਸਾਹਿਬ ਵਿਖੇ ਸੂਰਜ ਦੇਵਤੇ ਦੀ ਪੂਜਾ ਕਿਉਂ? | 447 |

| ਵਿਸ਼ਾ | ਪੰਨਾ |
|---|---|
| ਕੀ ਸੰਘੀਆਂ ਨੇ ਹਰਿਮੰਦਰ ਸਾਹਿਬ ਦੀ ਰੱਖਿਆ ਕੀਤੀ? | 453 |
| ਸੰਘੀਆਂ ਵਲੋਂ ਵਿਦਿਆ ਨੀਤੀ ਦਾ ਭਗਵਾਂਕਰਨ ਕਿਉਂ? | 455 |
| ਮਾਨਵ ਅਧਿਕਾਰ ਪ੍ਰੀਸ਼ਦ ਵਲੋਂ ਬਾਂਦਰ ਪੂਜਾ ਕਿਉਂ? | 462 |
| ਕੀ ਗੁਰੂ ਸਾਹਿਬਾਨ ਜੀ ਦੀਆਂ ਅੰਤਿਮ ਰਸਮਾਂ ਬਿਪਰਵਾਦੀ ਰੀਤਾਂ ਅਨੁਸਾਰ ਹੋਈਆਂ? | 466 |
| ਬਿਪਰਵਾਦ ਦੀ ਦੋਹਰੀ ਦ੍ਰਿਸ਼ਟੀ ਦਾ ਪਾਤਰ, ਔਰੰਗਜ਼ੇਬ | 483 |
| ਕੀ ਕਰਤਾਰ ਸਿੰਘ ਸਰਾਭਾ ਕੇਸ ਰਹਿਤ ਸੀ? | 494 |
| ਪਾਠ ਪੁਸਤਕਾਂ ਵਿਚ ਸਿੱਖ ਮਾਨਸਿਕਤਾ ਉਪਰ ਸੂਖ਼ਮ ਵਾਰ ਕਿਉਂ? | 503 |
| ਭਾਈ ਚੰਚਲ ਸਿੰਘ ਅਤੇ ਭਾਈ ਸਾਹਿਬ ਸਿੰਘ (ਪਿਆਰਾ) ਬਾਰੇ ਇਤਰਾਜ਼ ਯੋਗ ਲਿਖਤਾਂ | 509 |
| ਭਾਈ ਮਤੀ ਦਾਸ ਜੀ ਕੀ ਸ੍ਰੀ ਗੁਰੂ ਮਤੀ ਦਾਸ ਸ਼ਰਮਾ ਹਨ? | 517 |
| ਗੁਰੂ ਗੋਬਿੰਦ ਸਿੰਘ ਜੀ ਦੀ ਸ਼ਿਵਾ ਜੀ ਅਤੇ ਮਹਾਰਾਣਾ ਪ੍ਰਤਾਪ ਨਾਲ ਤੁਲਨਾ ਕਿਉਂ? | 526 |
| ਕੀ ਸਿੱਖ ਗਣੇਸ਼ਪੂਜਕ ਹਨ? | 535 |
| ਸਿੱਖ ਸੰਸਕਾਰਾਂ ਵਿੱਚ ਸੂਖ਼ਮਤਾ ਨਾਲ ਵੜਿਆ ਬਿਪਰਵਾਦ | 546 |
| ਕੀ ਨੂਰਮਹਿਲੀਆ ਸ਼ਰਧਾਨੰਦ ਖ਼ਾਲਸਾ ਹੈ? | 551 |
| ਸੰਭਲ ਐ ਨਾਦਾਂ ਕਿ ਮੁਸ਼ਕਿਲ ਆਨੇ ਵਾਲੀ ਹੈ? | 564 |
| ਘੱਟ ਗਿਣਤੀਆਂ ਸਿੱਖਾਂ ਅਤੇ ਦਲਿਤ ਵੀਰਾਂ ਨੂੰ ਬਿਪਰਵਾਦ ਦੀ ਦੂਹਰੀ ਨੀਤੀ ਸਮਝਣ ਦੀ ਲੋੜ, ਸਮੇਂ ਦੀ ਮੁੱਖ ਮੰਗ | 569 |

## ਵਿਦੇਸ਼ਾ ਵਿਚ ਪੁਸਤਕ ਪ੍ਰਾਪਤ ਕਰਨ ਲਈ ਸੰਪਰਕ ਕਰੋ ਜੀ-

*ਅਮਰੀਕਾ:*

ਸ੍ਰ. ਪਰਮਜੀਤ ਸਿੰਘ ਦਾਖਾ

ਫੋਨ : 001-510-830-8280

*ਨਿਊਜੀਲੈਂਡ:*

ਨਿਊਜੀਲੈਂਡ ਪੰਜਾਬੀ ਯੂਥ

ਫੋਨ : 0064-212-266-846, 0064-215-552-080

*ਕਨੇਡਾ:*

ਸ੍ਰ. ਅਵਤਾਰ ਸਿੰਘ ਸੇਖੋਂ, ਸਿੱਖ ਐਜੂਕੇਸ਼ਨਲ ਟਰੱਸਟ, ਕਨੇਡਾ

ਫੋਨ : 001-780-487-2869

ਸ੍ਰ. ਪ੍ਰਭਸਰਵਣ ਸਿੰਘ (ਮੌਂਟਰੀਅਲ) ਫੋਨ : 001-253-569-3812

ਸ੍ਰ. ਹਰਵਿੰਦਰ ਸਿੰਘ ਰੂਬੀ ਫੋਨ : 001-416-896-5466

*ਇੰਗਲੈਂਡ:*

ਸ੍ਰ. ਮੋਹਨ ਸਿੰਘ ਢਿਲੋਂ

ਫੋਨ : 0044-794-488-6619

*ਸਵੀਡਨ:*

ਸ੍ਰ. ਪਰਮਜੀਤ ਸਿੰਘ

ਫੋਨ : 0046-877-81-414

*ਇਟਲੀ:*

ਸ੍ਰ. ਮਨਿੰਦਰ ਸਿੰਘ

ਫੋਨ : 0039-320-096-6856

# ਸਮਰਪਣ

ਗਿਆਨੀ ਦਿੱਤ ਸਿੰਘ, ਸ੍ਰ: ਗੁਰਮੁੱਖ ਸਿੰਘ,

ਸ੍ਰ: ਕਾਨ੍ਹ ਸਿੰਘ 'ਨਾਭਾ', ਸ੍ਰ: ਕਰਮ ਸਿੰਘ 'ਹਿਸਟੋਰੀਅਨ'

ਡਾ: ਗੰਡਾ ਸਿੰਘ ਅਤੇ ਭਾਈ ਜੋਗਿੰਦਰ ਸਿੰਘ 'ਤਲਵਾੜਾ' ਦੇ

ਨਕਸ਼ੇ ਕਦਮਾਂ ਤੇ ਚੱਲਦੇ ਹੋਏ ਸੁਨਹਿਰੀ ਕੌਮੀ ਭਵਿੱਖ ਦੀ

ਖਾਤਰ ਵਾਸਤੇ ਯਤਨਸ਼ੀਲ

ਪ੍ਰਿੰ: ਸਵਰਨ ਸਿੰਘ 'ਚੂਸਲੇਵੜ੍ਹ' ਦੇ ਨਾਮ

# ਅਹਿਸਾਸ!

ਧਰਮ ਮਨੁੱਖ ਨੂੰ ਰੂਹਾਨੀਅਤ ਦੀ ਉਪਰਲੀ ਸਤ੍ਹਾ ਵੱਲ ਪ੍ਰੇਰਦਾ ਹੈ ਪਰ ਧਰਮ ਦਾ ਜਨੂੰਨ ਮਨੁੱਖ ਦੀ ਪਸ਼ੂ ਬਿਰਤੀ ਨੂੰ ਪ੍ਰਬਲ ਕਰਦਾ ਹੈ। ਮਜ਼ਹਬੀ ਜਨੂੰਨ ਕਾਰਨ ਦੰਗੇ ਫਸਾਦ, ਸਮਾਜ ਵਿਚ ਤਨਾਅ ਅਤੇ ਨਫ਼ਰਤ ਅਜੋਕੇ ਸਮਾਜ ਦੀ ਭਾਰੀ ਸਮੱਸਿਆ ਬਣਦੀ ਜਾ ਰਹੀ ਹੈ। ਪਰ ਇਹ ਕੋਈ ਨਵੀਂ ਗੱਲ ਨਹੀਂ। ਇਤਿਹਾਸ ਵੱਲ ਝਾਤੀ ਮਾਰੀਏ ਤਾਂ ਇਤਿਹਾਸ ਦੀ ਰਚਨਾ ਵਿਚ ਜਨੂੰਨੀਆਂ ਦੇ ਜਨੂੰਨ ਦਾ ਵੱਡਾ ਰੋਲ ਹੈ। ਧਾਰਮਿਕ ਜਨੂੰਨ ਦੇ ਹਥਿਆਰ ਨਾਲ ਇਕ ਕੌਮ ਦੂਜੀ ਕੌਮ ਨੂੰ ਨੀਵਾਂ ਵਿਖਾਉਣ, ਆਪਣੇ ਵਿਚ ਜਜ਼ਬ ਕਰ ਲੈਣ ਜਾਂ ਖਤਮ ਕਰਨ ਦੀ ਕੋਸ਼ਿਸ਼ ਕਰਦੀ ਹੈ। ਭਾਰਤ ਵਿਚ ਬੁੱਧ ਧਰਮ ਅਤੇ ਜੈਨ ਧਰਮ ਦੀ ਮਿਸਾਲ ਉਭਰਦੀ ਹੈ, ਕਿਵੇਂ ਇਹ ਧਰਮ ਭਾਰਤ ਤੋਂ ਸ਼ੁਰੂ ਹੋ ਕੇ ਇਥੋਂ ਅਲੋਪ ਹੋ ਗਏ।

ਵਿਸ਼ਵ ਭਰ ਦੇ ਧਾਰਮਿਕ ਲੋਕ ਮਹਿਸੂਸ ਕਰਦੇ ਹਨ ਜੇ ਵਿਸ਼ਵ ਅਸ਼ਾਂਤੀ ਦਾ ਕਾਰਨ ਧਰਮ ਹੈ ਤਾਂ ਵਿਸ਼ਵ-ਸ਼ਾਂਤੀ ਵੀ ਕੇਵਲ ਧਰਮ ਨਾਲ ਹੋ ਸਕਦੀ ਹੈ। ਇਸ ਲਈ ਵਿਸ਼ਵ ਪੱਧਰ ਤੇ ਅੰਤਰ-ਧਾਰਮਿਕ ਵਿਚਾਰ ਗੋਸ਼ਟੀਆਂ ਪਿਛਲੇ ਕੁਝ ਸਾਲਾਂ ਤੋਂ ਬਾਕਾਇਦਾ ਹੋ ਰਹੀਆਂ ਹਨ ਅਤੇ ਵੱਖੋ-ਵੱਖ ਧਰਮਾਂ ਦੇ ਮੁਖੀਆਂ ਨੇ ਆਪਸੀ ਸੰਚਾਰ ਅਤੇ ਸਦਭਾਵਨਾ ਦੇ ਰਾਹ ਖੋਲ੍ਹੇ ਹਨ। ਪਰ ਭਾਰਤ ਵਿਚ ਸਰਬ ਧਰਮ ਸਦਭਾਵਨਾ ਤਹਿਤ ਵੱਖੋ-ਵੱਖ ਧਰਮਾਂ ਦੀ ਵਿਲੱਖਣਤਾ ਨਕਾਰਦੇ ਹੋਏ, ਵੱਖ-ਵੱਖ ਧਰਮਾਂ ਵਿਚ ਇਕਸਾਰਤਾ ਅਤੇ ਇਕਰੂਪਤਾ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਸਰਵ ਸ੍ਰੇਸ਼ਟ ਹਿੰਦੂ ਧਰਮ ਅਤੇ ਬਾਕੀ ਧਰਮ ਉਸ ਦੀਆਂ ਸ਼ਾਖਾਵਾਂ।

ਹਿੰਦੁਸਤਾਨ ਵਿਚ ਰਹਿਣ ਵਾਲੇ ਨੂੰ ਹਿੰਦੂ ਕਿਹਾ ਜਾ ਸਕਦਾ ਹੈ, ਜਿਵੇਂ ਇੰਡੀਆ ਵਿਚ ਰਹਿਣ ਵਾਲਾ ਇੰਡੀਅਨ ਹੈ। ਪਰ ਜੇ ਹਿੰਦੂ ਦੀ ਪਰਿਭਾਸ਼ਾ ਵੇਦਾਂ ਨੂੰ ਮੰਨਣ ਵਾਲਾ, ਯੱਗ ਕਰਨ ਵਾਲਾ ਅਤੇ ਗਊ ਰੱਖਿਅਕ ਹੈ ਤਾਂ ਸਿੱਖ, ਜੈਨ, ਬੁੱਧ ਧਰਮ, ਹਿੰਦੂ ਨਹੀਂ।

ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਿਚ ਬਣੀ ਨੈਸ਼ਨਲ ਡੈਮੋਕਰੈਟਿਕ ਫਰੰਟ ਸਰਕਾਰ ਦੇ ਸਮੇਂ ਆਰ.ਐਸ.ਐਸ. ਨੇ ਗੁਰਮਤਿ ਵਿਰੋਧੀ ਸਿੱਖੀ ਦਾ ਪ੍ਰਚਾਰ ਅਤੇ ਸਿੱਖ ਇਤਿਹਾਸ ਤੇ ਭਗਵਾਂ ਰੰਗ ਚੜ੍ਹਾਉਂਦਾ ਲਿਟਰੇਚਰ ਖਾਲਸੇ ਦੇ 300 ਸਾਲਾ ਸਾਜਨਾ ਦਿਵਸ ਦੀ ਆੜ ਵਿਚ ਪੰਜਾਬ ਵਿਚ ਵੱਡੇ ਪੱਧਰ ਤੇ ਵੰਡਿਆ ਗਿਆ ਬੌਧਿਕ ਪੱਧਰ ਦੇ ਅਜਿਹੇ ਸੂਖ਼ਮ ਵਾਰਾਂ ਨੂੰ ਸਮਝਣਾ ਅਤੇ ਕੌਮ ਨੂੰ ਉਸ ਪ੍ਰਤੀ ਸੁਚੇਤ ਕਰਨਾ ਹਿੰਮਤ, ਮਿਹਨਤ ਅਤੇ ਧਾਰਮਿਕ ਜਜ਼ਬੇ ਨਾਲ ਭਰਪੂਰ ਵਿਦਵਾਨ ਹੀ ਕਰ ਸਕਦੇ ਹਨ।

ਡਾ: ਸੁਖਪ੍ਰੀਤ ਸਿੰਘ ਉਦੋਕੇ ਨੇ ਇਹ ਅਤਿਅੰਤ ਮਹੱਤਵਪੂਰਣ ਕਾਰਜ ਕਰਕੇ ਸਿੱਖ ਕੌਮ ਅੱਗੇ ਪੇਸ਼ ਕੀਤਾ ਹੈ, ਜਿਸ ਲਈ ਉਹ ਵਧਾਈ ਦੇ ਪਾਤਰ ਹਨ।

ਕਿਰਨਜੋਤ ਕੌਰ<br>ਸਾਬਕਾ ਜਨਰਲ ਸਕੱਤਰ<br>ਸ਼੍ਰੋ: ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ।

# ਸ੍ਰੀ ਅਕਾਲ ਤਖ਼ਤ ਸਾਹਿਬ

ੴ ਵਾਹਿਗੁਰੂ ਜੀ ਕੀ ਫ਼ਤਹ ॥

**ਗਿਆਨੀ ਜੋਗਿੰਦਰ ਸਿੰਘ**
ਜਥੇਦਾਰ

ਸ੍ਰੀ ਅਕਾਲ ਤਖ਼ਤ ਸਾਹਿਬ
ਸ੍ਰੀ ਅੰਮ੍ਰਿਤਸਰ।

ਨੰਬਰ ਅ ਤ/2004-3221

ਮਿਤੀ 29-07-04

## ਕੌਮੀ ਗੈਰਤ ਉਪਰ ਮਾਰੂ ਹਮਲਿਆਂ ਤੋਂ ਸੁਚੇਤ ਹੋਣ ਦੀ ਲੋੜ·

ਨੌਜਵਾਨ ਵਿਦਵਾਨ ਡਾ. ਸੁਖਪ੍ਰੀਤ ਸਿੰਘ ਉਦੋਕੇ ਦੀ ਇਹ ਕਿਰਤ ਤਕਰੀਬਨ ਇੱਕ ਸਦੀ ਦੀ ਲਹੂ ਭਿੱਜੀ ਦਾਸਤਾਨ ਬਿਆਨ ਕਰਦੀ ਇਹ ਇਤਿਹਾਸਕ ਹਵਾਲਾ ਲਿਖਤ ਹੈ, ਜਿਸ ਵਿਚ ਉਸ ਨੇ ਸਿੱਖ ਪੰਥ ਨੂੰ ਦਰਪੇਸ਼ ਚੁਣੌਤੀਆਂ ਦਾ ਪਰਦਾਫਾਸ਼ ਕੀਤਾ ਹੈ ਅਤੇ ਕੌਮ ਘਾਤ ਦੀ ਪੈੜੇ ਪਏ ਕੌਮੀ ਰਹਿਨੁਮਾਵਾਂ ਨੂੰ ਝੰਜੋੜਿਆ ਹੈ। ਕਿਰਤ ਵਿੱਚ ਜਿਥੇ ਖਾਲਸਾ ਪੰਥ ਵੱਲੋਂ ਇਸ ਦੇਸ਼ ਦੀ ਭੂਗੋਲਿਕ ਸਥਿਤੀ, ਸੰਸਕ੍ਰਿਤੀ, ਸੀਮਾਵਾਂ ਅਤੇ ਸੰਭਿਅਤਾ ਨੂੰ ਬਚਾਉਣ ਲਈ ਕੀਤੀਆਂ ਕੁਰਬਾਨੀਆਂ ਦੀ ਦਰਦਮਈ ਗਾਥਾ ਹੈ, ਉਥੇ ਇਥੋਂ ਦੀ ਬਹੁਗਿਣਤੀ ਵੱਲੋਂ ਸਿੱਖ ਪੰਥ ਨਾਲ ਸਮੇਂ-ਸਮੇਂ ਕੀਤੇ ਗਏ ਵਿਸਾਹਘਾਤਾਂ ਦਾ ਵਿਸ਼ਾਲ ਅਧਿਐਨ ਵੀ ਪਾਠਕਾਂ ਦੇ ਰੂ-ਬ-ਰੂ ਪੇਸ਼ ਕੀਤਾ ਗਿਆ ਹੈ। ਸਿੱਖੀ ਭੇਖ ਵਿੱਚ ਭਗਵਾਂਧਾਰੀਆਂ ਅਤੇ ਪੰਥ ਵਿਰੋਧੀਆਂ ਵੱਲੋਂ ਸਿੱਖ ਕੌਮ ਦੀ ਗੈਰਤ ਉੱਪਰ ਕੀਤੇ ਜਾ ਰਹੇ ਬੌਧਿਕ ਹਮਲਿਆਂ ਦੀ ਤੀਬਰਤਾ,- ਤੀਖਣਤਾ, ਵਿਉਂਤ ਅਤੇ ਬਾਰੀਕ ਵਿਧੀ ਨੂੰ ਪਰਤ-ਦਰ-ਪਰਤ ਖੋਹਲ ਕੇ ਸੰਗਤਾਂ ਦੀ ਝੋਲੀ ਵਿੱਚ ਪਾਇਆ ਹੈ।

ਭਗਵਾਂਧਾਰੀ ਹੁਕਮਰਾਨ ਤਾਕਤਾਂ ਵੱਲੋਂ ਸਕੂਲੀ ਪੁਸਤਕਾਂ ਵਿੱਚ ਇਤਿਹਾਸ ਦੀ ਸੋਧ ਦੇ ਬੁਰਕੇ ਹੇਠ ਕੀਤੇ ਜਾ ਰਹੇ ਸਿੱਖ ਇਤਿਹਾਸ ਅਤੇ ਗੁਰਮਤਿ ਵਿਚਾਰਧਾਰਾ ਦੇ ਭਗਵਾਂਕਰਨ ਤੋਂ ਸਿੱਖ ਸੰਗਤਾਂ ਨੂੰ ਸੁਚੇਤ ਕੀਤਾ ਹੈ। 'ਖੋਜੀ ਉਪਜੈ' ਦੀ ਧਾਰਨਾ ਅਨੁਸਾਰ ਲੇਖਕ ਨੇ ਕਥਨ ਦੀ ਪ੍ਰੋੜਤਾ ਹਵਾਲਿਆਂ ਸਹਿਤ ਕਰ ਕੇ ਵਧੀਆ ਪੇਸ਼ਕਾਰੀ ਦਾ ਸਬੂਤ ਦਿੱਤਾ ਹੈ।

ਮੈਂ ਆਸ ਕਰਦਾ ਹਾਂ ਕਿ ਗੁਰੂ-ਦੁਆਰਾ ਸਿਰ 'ਤੇ ਹੱਥ ਧਰ ਕੇ ਕਰਵਾਇਆ ਗਿਆ ਇਹ ਉਪਰਾਲਾ ਨੌਜਵਾਨੀ ਅਤੇ ਅਗਲੇਰੀ ਪਨੀਰੀ ਨੂੰ ਪੰਥ ਵਿਰੋਧੀਆਂ ਤੋਂ ਸੁਚੇਤ ਕਰ ਕੇ ਸੁਨਹਿਰੀ ਕੌਮੀ ਭਵਿੱਖ ਦੀ ਘਾੜਤ ਲਈ ਮਾਰਗ ਦਰਸ਼ਨ ਕਰੇਗਾ। ".....ਤਬੈ ਸੈਸ ਸਾਧਿਓ' ਰਾਗੀਆਂ, ਢਾਡੀਆਂ, ਪ੍ਰਚਾਰਕਾਂ, ਇਤਿਹਾਸ ਦੇ ਖੋਜੀਆਂ ਲਈ ਸਾਂਭਣਯੋਗ ਹਵਾਲਾ ਪੁਸਤਕ ਹੈ।

ਗੁਰੂ ਪੰਥ ਦਾ ਦਾਸ

ਜੋਗਿੰਦਰ ਸਿੰਘ

(ਜੋਗਿੰਦਰ ਸਿੰਘ)
ਜਥੇਦਾਰ,
ਸ੍ਰੀ ਅਕਾਲ ਤਖ਼ਤ ਸਾਹਿਬ,
ਸ੍ਰੀ ਅੰਮ੍ਰਿਤਸਰ।

ਟੈਲੀਫੋਨ ਦਫ਼ਤਰ : 91-183-2540820, ਘਰ : 91-183-2293937, ਪੀ.ਬੀ.ਐਕਸ. : 2553957,58,59 ਐਕਸਟੈਂਸ਼ਨ : ਦਫ਼ਤਰ 434, ਘਰ 430

# ਮੁੱਖ ਬੰਦ

ਹੱਥਲੀ ਪੁਸਤਕ ਦੇ ਪਹਿਲੇ ਦੋ ਐਡੀਸ਼ਨ ਹੱਥੀਂ-ਹੱਥੀ ਸੰਗਤਾਂ ਦੀ ਝੋਲੀ ਨੇ ਪ੍ਰਵਾਨ ਕੀਤੇ ਅਤੇ ਹਰ ਪਾਠਕ ਵੀਰ ਨੇ ਹੌਂਸਲਾ ਅਫ਼ਜ਼ਾਈ ਵਿਚ ਕੋਈ ਕਸਰ ਨਹੀਂ ਛੱਡੀ। ਮੇਰੀ ਸਿਮਰਤੀ ਦਾ ਅਹਿਮ ਹਿੱਸਾ ਜੋ ਮੇਰੀ ਮਾਨਸਿਕਤਾ ਉਪਰ ਬਾਰ-ਬਾਰ ਉਭਰਦਾ ਹੈ ਉਹ ਡਾਕਟਰ ਦਿਲਗੀਰ ਨਾਲ ਮੇਰੀ ਇਸ ਪੁਸਤਕ ਦੇ ਬਾਰੇ ਮੁਲਾਕਾਤ ਸੀ। ਡਾ: ਸਾਹਿਬ ਨੇ ਮੁੱਖ ਬੰਦ ਲਿਖਣ ਤੋਂ ਪਹਿਲਾਂ ਜਦੋਂ ਪੁਸਤਕ ਵਿਚਲੇ ਲੇਖਾਂ ਨੂੰ ਬਾਜ ਨਿਗਾਹ ਨਾਲ ਵਾਚਿਆ ਤਾਂ ਪਿਆਰ ਨਾਲ ਕਹਿਣ ਲੱਗੇ, "ਡਾਕਟਰ ਸਾਹਿਬ, ਜੋ ਲਿਖਿਆ ਹੈ ਠੀਕ ਹੈ, ਪਰ ਲੱਕ ਦੀ ਹੱਡੀ ਮਜ਼ਬੂਤ ਤੇ ਖੜਨ ਦੀ ਹਿੰਮਤ ਹੈ ਨਾ।

ਇਸ ਪੁਸਤਕ ਤੋਂ ਪੈਦਾ ਵਿਵਾਦ ਅਤੇ ਭਵਿੱਖੀ ਸੰਤਾਪ ਤੋਂ ਮੈਂ ਬਾਖੂਬੀ ਜਾਣੂ ਸੀ ਪਰ ਡਾ: ਦਿਲਗੀਰ ਦੇ ਇਹਨਾਂ ਸ਼ਬਦਾਂ ਤੇ ਮੈਨੂੰ ਹੋਰ ਦ੍ਰਿੜ੍ਹਤਾ ਅਤੇ ਮਾਨਸਿਕ ਪ੍ਰਪੱਕਤਾ ਦਿੱਤੀ। ਹਰ ਮੁਸ਼ਕਿਲ ਨੇ ਮੇਰੇ ਕਦਮਾਂ ਨੂੰ ਮਜਬੂਤੀ ਅਤੇ ਲੇਖਣੀ ਨੂੰ ਰਵਾਨਗੀ ਦਿੱਤੀ। ਮੈਨੂੰ ਅਪਮਾਨ ਦੇ ਨਾਲ ਨਾਲ ਅਨੇਕਾਂ ਸਨਮਾਨ ਵੀ ਮਿਲੇ ਪਰ ਮੈਨੂੰ ਅਜ਼ੀਬ ਖ਼ੁਸ਼ੀ ਉਸ ਸਮੇਂ ਹੋਈ ਜਦੋਂ ਕਿਸੇ ਸਮੇਂ ਮੇਰੇ ਵਿਰੋਧ ਵਿਚ ਖੜੇ ਹੋਏ ਇਕ ਵੀਰ ਨੇ ਮੈਨੂੰ ਕਿਹਾ। "ਬਾਬਾ, ਯਾਰ ਧੰਨ ਏ ਤੂੰ, ਤੇਰੇ ਨਾਲ ਏਨਾ ਕੁਝ ਹੋਇਆ ਅਜੇ ਵੀ ਡੌਟਿਆ ਪਿਐਂ।" ਹੋਰ ਕੋਈ ਹੁੰਦਾ ਤਾਂ ਹੁਣ ਨੂੰ...... ..........। ਪਰ ਮੈਂ ਕੀ ਜਵਾਬ ਦਿੰਦਾ,

ਕੀ ਮੇਰੇ ਕਤਲ ਕੇ ਬਾਅਦ, ਉਸਤੇ ਜਫ਼ਾ ਸੇ ਤੌਬਾ,
ਹਾਏ ਉਸ ਜ਼ੂਦ ਪਸ਼ੇਮਾਂ ਕਾ ਹਮੇਸ਼ਾ ਹੋਨਾ॥

ਮੇਰੇ ਨਾਲ ਏਨਾ ਕੁਝ ਹੋਣ ਦੇ ਸ਼ਬਦ ਸਭ ਕੁਝ ਹੋਣ ਦਾ ਪ੍ਰਤੀਕ ਨਹੀਂ। ਸ਼ਾਇਦ ਅਜੇ ਬਹੁਤ ਕੁਝ ਹੋਣਾ ਬਾਕੀ ਹੈ। ਕਿਉਂਕਿ ਮੈਂ ਤਾਂ ਸ਼ਮਸਾਨ ਦਾ ਉਹ ਸਾਜ ਬਨਣਾ ਲੋਚਦਾ ਹਾਂ ਜਿਹੜਾ ਬਲਦਾ ਹੋਇਆ ਵੀ ਫਿਜ਼ਾ ਵਿਚ ਕੌਮੀ ਸੰਗੀਤ ਬਿਖੇਰਦਾ ਰਹੇ। ਹੱਥਲੀ ਪੁਸਤਕ 'ਤਬੈ ਰੋਸ ਜਾਗਯੋ' ਵਿਚਲੇ ਲੇਖ ਮੈਂ 1997 ਵਿਚ ਸਪੋਕਸਮੈਨ ਮਾਸਿਕ ਵਿਚ ਲਿਖਣੇ ਸ਼ੁਰੂ ਕੀਤੇ ਅਤੇ ਵੱਖ-ਵੱਖ ਮਾਸਿਕ ਪੱਤਰਾਂ ਤਕਰੀਬਨ 2003 ਦੇ ਆਰੰਭ ਤੱਕ ਪ੍ਰਕਾਸ਼ਿਤ ਹੋ ਚੁੱਕੇ ਸਨ।

2003 ਦੇ ਕਰੀਬ ਹੋਂਦ ਵਿਚ ਆਈ ਗੁਰਸਿੱਖ ਸੰਸਥਾ (ਜਿਸਦਾ ਮੈਂ ਮੀਤ ਪ੍ਰਧਾਨ ਸੀ) ਨੇ ਇਸ ਪੁਸਤਕ ਦੇ ਆਰੰਭ ਤੋਂ ਹੀ ਮੇਰੀ ਵਿਰੋਧਤਾ ਕਰਨੀ ਆਰੰਭ ਕਰ ਦਿੱਤੀ। ਪੁਸਤਕ ਅਜੇ ਜੰਮਣ ਪੀੜਾਂ ਦੇ ਦੌਰ ਵਿਚ ਹੀ ਸੀ ਕਿ ਸੰਸਥਾ ਦੇ ਜਨਰਲ ਸਕੱਤਰ ਨੇ ਪੁਸਤਕ ਦੇ ਪਹਿਲੇ ਪੰਨੇ ਤੋਂ ਸੰਸਥਾ ਦਾ ਲੋਗੋ ਕੱਟ ਦਿੱਤਾ ਅਤੇ ਆਪਣੇ ਹੱਥ ਨਾਲ ਲਿਖ ਦਿੱਤਾ ਕਿ ਲੇਖਾਂ ਦੀ ਜ਼ਿੰਮੇਵਾਰੀ

ਲੇਖਕ ਦੀ ਹੋਵੇਗੀ। ਮੈਨੂੰ ਇਹ ਆਪਣਿਆਂ ਤੋਂ ਲੱਗੀ ਸੱਟ ਮਹਿਸੂਸ ਹੋਈ ਪਰ ਪਹਿਲਾਂ ਹਰ ਵਾਰ ਨੂੰ ਸਹਿਣਾ ਅਤੇ ਸ਼ਾਂਤ ਚਿੱਤ ਰਹਿਣਾ ਮੇਰੇ ਸੁਭਾਅ ਦਾ ਹਿੱਸਾ ਹੈ। ਮੈਂ ਜ਼ਫ਼ਰਨਾਮੇ ਦੀ ਇਕ ਗੱਲ ਤੋਂ ਬੜਾ ਮੁਤਾਸਿਰ ਹਾਂ,

ਸ਼ਿਤਾਬੀ ਸ਼ਵੱਦ ਕਾਰ-ਏ ਆਹਰ ਮਨਾ।

ਕਾਹਲੀ ਕਰਨਾ ਸ਼ੈਤਾਨ ਮਨੁੱਖ ਦਾ ਕੰਮ ਹੈ। ਅਖੀਰ ਕਿਤਾਬ ਦੀ ਘੁੰਢ ਚੁਕਾਈ ਹੋਈ ਤਾਂ ਸੰਸਥਾ ਵਿਚੋਂ ਆਵਾਜ਼ ਆਈ ਕਿ ਕਿਤਾਬ ਸਾਡੀ ਸੀ ਡਾ. ਉਦੋਕੇ ਨੇ ਆਪਣੇ ਨਾਮ ਤੇ ਛਪਵਾ ਲਈ। ਜਥੇਬੰਧਕ ਸਕੱਤਰ ਨੇ ਕਿਹਾ, ਕਿ ਹੁਣ ਉਦੋਕੇ ਦੇ ਲੈਕਚਰਾਂ ਦਾ ਕੋਈ ਲਾਭ ਨਹੀਂ ਰਹੇਗਾ। ਕਿਉਂਕਿ ਸਾਰੇ ਲੋਕੀਂ ਕਿਤਾਬ ਪੜ ਕੇ ਹੀ ਆਰ.ਐਸ.ਐਸ. ਬਾਰੇ ਜਾਣ ਲੈਣਗੇ। ਕਿਉਂਕਿ ਇਹ ਰਾਜ ਬਹੁਤ ਸਮੇਂ ਬਾਅਦ ਖੁੱਲ੍ਹਾ ਕਿ ਜਥੇਬੰਦੀ ਦੇ ਕੁਝ ਜ਼ਿੰਮੇਵਾਰ ਵਿਅਕਤੀ ਮੇਰੇ ਲੈਕਚਰ ਵੱਖ-ਵੱਖ ਥਾਵਾਂ ਤੇ ਕਰਵਾ ਕੇ ਮੋਟੀ ਰਕਮ ਵਸੂਲਦੇ ਸਨ ਪਰ ਮੈਨੂੰ ਸਿਰਫ਼ ਰੇਲ ਬਸ ਦਾ ਕਿਰਾਇਆ ਹੀ ਦਿੱਤਾ ਜਾਂਦਾ ਸੀ।

ਖ਼ੈਰ ! ਗੈਰਾਂ ਨੇ ਤਾਂ ਮੇਰਾ ਵਿਰੋਧ ਕਰਨਾ ਹੀ ਸੀ ਆਪਣਿਆਂ ਦੇ ਅਨੇਕਾਂ ਤੀਰ ਮੇਰੇ ਜਿਸਮ ਨੂੰ ਛਲਣੀ ਕਰਦੇ ਰਹੇ ਪਰ ਮੈਂ ਹਰ ਪੀੜ ਨੂੰ ਜਰਦਾ ਰਿਹਾ ਕਿ ਅੱਜੇ ਤਾਂ ਏਨਾ ਕੁਝ ਹੀ ਹੋਇਆ ਹੈ, ਬਹੁਤ ਹੋਣਾ ਤਾਂ ਬਾਕੀ ਹੈ।

ਗੈਰਾਂ ਉਤੇ ਗਿਲ੍ਹਾ ਕਾਹਦਾ, ਉਹ ਤਾਂ ਫਿਰ ਗੈਰ ਨੇ,<br>
ਮੈਨੂੰ ਤਾਂ ਆਪਣੇ ਭਰਾਵਾਂ ਲੁੱਟ ਲਿਆ ਏ।

ਅਖੀਰ ਸੰਘ ਖਿਲਾਫ਼ ਨਾ ਰੁਕਦੀ ਮੇਰੀ ਕਲਮ ਅਤੇ ਭੌਂਕਦੀ ਜ਼ਬਾਨ ਤੋਂ ਤੰਗ ਆ ਕੇ, 'ਗੁਰਸਿੱਖ' ਸੰਸਥਾ ਨੇ ਗੰਭੀਰ ਕਿਸਮ ਦੇ ਸੰਗੀਨ (ਪਰ ਪੰਥਕ) ਦੋਸ਼ ਲਗਾ ਕੇ ਮੈਨੂੰ ਆਮ ਗੁਰਸਿੱਖਾਂ ਦੀ ਸੰਗਤ ਤੋਂ ਵਾਂਝੇ ਕਰ ਦਿੱਤਾ। ਮੇਰਾ ਕੁਕਰਮ ਵੀ ਬੜਾ ਵੱਡੀ ਸੀ ਕਿਉਂਕਿ ਮੈਂ,

? ਆਚਰਹੀਨ ਅਤੇ ਨਸ਼ੇਬਾਜ ਸੀ।

? ਮੇਰੇ ਡਾ. ਦਿਲਗੀਰ ਨਾਲ ਨੇੜਲੇ ਸੰਬੰਧ ਸਨ।

? ਮੈਂ ਸਪੋਕਸਮੈਨ ਅਖ਼ਬਾਰ ਪੜ੍ਹਦਾ ਸੀ ਅਤੇ ਉਸਦਾ ਪ੍ਰਚਾਰ ਪਸਾਰ ਕਰਦਾ ਸੀ।

? ਮੈਂ ਸ਼ਹੀਦ ਸਿੰਘਾਂ ਦੇ ਖਿਲਾਫ਼ ਬੋਲਦਾ ਸੀ।

? ਮੈਂ ਸੰਸਥਾ ਦੇ ਸਿੰਘਾਂ ਵਲੋਂ ਲਿਖੀ ਕਿਤਾਬ ਆਪਣੇ ਨਾਮ ਤੇ ਛਪਵਾ ਲਈ।

ਅਤੇ ਅਨੇਕਾਂ ਹੋਰ।

ਮੈਨੂੰ ਹੈਰਾਨੀ ਹੋਈ ਕਿ ਦੋਸ਼ ਵਾਲੇ ਅਖੰਡ ਕੀਰਤਨੀ ਗੁਰਸਿੱਖ ਹੰਸਾ ਦੀ ਸੰਗਤ ਜਿਸ ਨੇ ਮੈਨੂੰ ਸੰਸਥਾ ਵਿਚੋਂ ਕੱਢਣ ਲਈ ਦੋਸ਼ ਘੜੇ ਸਨ, ਉਸ ਮਤੇ ਹੇਠ ਦਸਤਖਤ ਕਰਨ ਵਾਲੇ ਕੁਝ ਐਸੇ ਕਮ ਉਮਰ ਪੰਥਕ ਵਿਦਵਾਨ ਵੀ ਸਨ ਜਿਹੜੇ ਜਦੋਂ ਮੈਂ ਕਿਤਾਬ ਲਿਖਣੀ ਸ਼ੁਰੂ ਕੀਤੀ ਸੀ

ਸ਼ਾਇਦ ਉਸ ਸਮੇਂ ਅਜੇ ਲੰਗੋਟਿਆਂ ਵਿਚ ਜਿਸਮ ਲਪੇਟ ਕੇ ਪਏ ਹੋਣੇ। ਖ਼ੈਰ! ਇਸ ਪੁਸਤਕ ਬਾਰੇ ਇਹਨਾਂ ਮਹਾਨ ਅਖੰਡ ਕੀਰਤਨੀ ਗੁਰਸਿੱਖਾਂ ਨੂੰ ਅੱਜ ਵੀ ਸਨਿਮਰ ਸੱਦਾ ਹੈ ਕਿ ਜੇਕਰ ਮੇਰੇ ਉਪਰ ਦੋਸ਼ ਲਗਾਉਣ ਵਾਲਿਆਂ ਨੇ ਇਸ ਪੁਸਤਕ ਦਾ ਇਕ ਲੇਖ ਵੀ ਲਿਖਿਆ ਹੈ ਤਾਂ ਮੇਰੀ ਇਸ ਪੁਸਤਕ ਨੂੰ ਸੰਸਥਾ ਜਿਹੜੇ ਮਰਜ਼ੀ ਨਾਮ ਹੇਠ ਪ੍ਰਕਾਸ਼ਿਤ ਕਰਵਾ ਲਵੇ, ਮੈਨੂੰ ਨਾਮ ਦੀ ਕੋਈ ਜ਼ਰੂਰਤ ਨਹੀਂ ਪਰ ਇਹ ਗੱਲ ਜ਼ਰੂਰ ਗੌਰ ਲੈਣ ਕੇ ਪੁਸਤਕ ਦੇ ਤਕਰੀਬਨ ਸਾਰੇ ਲੇਖ ਹੀ ਤਕਰੀਬਨ 'ਗੁਰਸਿੱਖ' ਸੰਸਥਾ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਹੀ ਵੱਖ-ਵੱਖ ਮਾਸਿਕ ਪੱਤਰਾਂ ਵਿਚ ਛੱਪ ਚੁੱਕੇ ਸਨ।

ਅਖ਼ੀਰ ਸੰਸਥਾ ਨੇ ਫਿਰ ਹੋਰ ਪੰਥਕ ਕਾਰਜ ਕਰਦਿਆਂ ਮੇਰੇ ਖ਼ਿਲਾਫ਼ ਮੈਨੂੰ 'ਕਾਲਾ ਕਾਂ' ਦਰਸਾਉਂਦਾ ਹੋਇਆ ਇਕ ਵੱਡਾ ਅਕਾਰੀ ਕਿਤਾਬਚਾ ਪ੍ਰਕਾਸ਼ਿਤ ਕੀਤਾ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਵੰਡਿਆ। ਮੈਨੂੰ ਅਥਾਹ ਖ਼ੁਸ਼ੀ ਹੋਈ ਜਦੋਂ ਉਹ ਕਿਤਾਬਚਾ ਮੇਰੇ ਪਿੰਡ ਦੇ ਰਾਧਾ-ਸੁਆਮੀਆਂ, ਨੂਰਮਹਿਲੀਆਂ, ਨਿਰੰਕਾਰੀਆਂ ਅਤੇ ਲਵ-ਕੁਸ਼ ਦੇ ਵੰਸ਼ਜਾਂ ਪੂਰਨ ਸਿਹੁ (ਸਾਬਕਾ ਜਥੇਦਾਰ) ਨੇ ਥਾਂ ਥਾਂ ਜਾ ਕੇ ਵੰਡਿਆ। ਸੋ ਇਸ ਕਿਤਾਬਚੇ ਦੇ ਵੰਡਣ ਨਾਲ ਸੰਘ, ਗੁਰਸਿੱਖ ਦੇਹਧਾਰੀ ਗੁਰੂ ਅਤੇ ਪੂਰਨ ਸਿੰਹੁ ਜੀ ਇਕ ਹੀ ਮਾਰਗ ਦੇ ਪਾਂਧੀ ਬਣ ਗਏ ਪ੍ਰੰਤੂ ਮੈਂ ਅਜੇ ਵੀ ਦਰਦ ਨੂੰ ਆਪਣਿਆਂ ਵੱਲੋਂ ਦਿੱਤਾ ਦਰਦ ਹੀ ਸਮਝ ਰਿਹਾ ਸੀ।

ਪਰ ਮੇਰੇ ਗੁਰੂ ਦੀ ਕਿਰਪਾ ਕਿ ਮਹਾਸ਼ਾ ਪ੍ਰੈਸ (ਜੱਗ ਬਾਣੀ) ਵਿਚ ਗੁਰਸਿੱਖ ਸੰਸਥਾਂ ਦੇ ਪ੍ਰਧਾਨ ਅਤੇ ਅਖੰਡ ਕੀਰਤਨੀ ਜੱਥੇ ਦੇ ਮਹਾਨ ਗੁਰਸਿੱਖ ਸ: ਰਿਵੰਦਰ ਸਿੰਘ ਇੰਦੌਰ ਜੀ ਦਾ ਇਕ ਬਿਆਨ ਪ੍ਰਕਾਸ਼ਿਤ ਹੋਇਆ ਕਿ ਅਸੀਂ ਡਾ. ਉਦੋਕੇ ਦੀਆਂ ਜਾਅਲਸਾਜ਼ੀਆਂ ਬਾਰੇ ਇਕ ਪਰਚਾ ਪ੍ਰਕਾਸ਼ਿਤ ਕੀਤਾ ਸੀ, ਦੂਸਰਾ ਵੀ ਜਲਦੀ ਹੀ ਪ੍ਰਕਾਸ਼ਿਤ ਕਰ ਰਹੇ ਹਾਂ ਅਤੇ ਜਲਦੀ ਹੀ ਪੰਜਾਬ ਪੁਲਿਸ ਦੇ ਡੀ.ਜੀ.ਪੀ. ਵਿਰਕ ਨੂੰ ਇਸ ਬਾਰੇ ਸਾਰੀ ਜਾਣਕਾਰੀ ਦੇਵਾਂਗੇ।

ਸੋ ਵਿਰਕ ਦਾ ਨਾਮ ਆਇਆ ਤਾਂ ਮੇਰੇ ਸਿਰ ਤੋਂ ਇਕ ਹੋਰ ਬੋਝ ਲਹਿ ਗਿਆ ਕਿ ਇਹ ਗੁਰਸਿੱਖ ਕਿਹੜੇ ਹਨ।

ਮੈਂ ਵਾਪਰੀਆਂ ਘਟਨਾਵਾਂ ਤੋਂ ਨਾ ਚਿੰਤਤ ਹੋਇਆ ਅਤੇ ਨਾ ਹੀ ਹੌਂਸਲਾ ਹਾਰਿਆ ਕਿਉਂਕਿ ਮੈਨੂੰ ਰਸੂਲ ਹਮਜ਼ਾਤੋਵ ਦੇ ਕੁਝ ਸ਼ਬਦ ਯਾਦ ਨੇ,

ਜੇਕਰ ਅਤੀਤ (ਬੀਤੇ) ਤੇ ਹੀ ਗੋਲੀ ਚਲਾਉਂਦੇ ਰਹੋਗੇ ਤਾਂ ਭਵਿੱਖ ਦੀ ਤੋਪ ਜ਼ਿਆਦਾ ਭਿਆਨਕ ਹੋਵੇਗੀ।

— ਡਾ: ਸੁਖਪ੍ਰੀਤ ਸਿੰਘ ਉਦੋਕੇ

98722-72004,

01853-263265

E-mail: sukhpreet_udhoke@rediffmail.com

# .....ਕੋਈ ਹਰਿਆ ਬੂਟੁ ਰਹਿਓ ਰੀ

ਆਪਣੇ ਜਨਮ ਸਮੇਂ ਤੋਂ ਹੀ ਸਿੱਖਾਂ ਦੀ ਸਿਧਾਂਤਕ ਪ੍ਰਭੁਸਤਾ ਨੂੰ ਨਿਰੰਤਰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਭ ਤੋਂ ਪਹਿਲੀਆਂ ਸ਼ਿਕਾਇਤਾਂ ਗੁਰੂ ਪਾਤਸ਼ਾਹਾਂ ਦੇ ਪ੍ਰਚਾਰ ਸੰਬੰਧੀ ਮੁਗਲ ਦਰਬਾਰ ਵਿਚ ਜ਼ਾਤ ਅਭਿਮਾਨੀ ਬ੍ਰਹਾਮਣਾਂ ਵਲੋਂ ਹੀ ਹੋਈਆਂ ਸਨ। ਖ਼ਾਲਸੇ ਦੇ ਪ੍ਰਗਟ ਹੋਣ ਉਪਰੰਤ ਜਿਥੇ ਖ਼ਾਲਸਾ ਪੰਥ ਦੇ ਬਾਹਰੀ ਸਰੂਪ ਨੂੰ ਲਗਾਤਾਰ ਖਤਰਾ ਵੱਧਦਾ ਰਿਹਾ ਉਥੇ ਹੀ ਨਾਲ ਹੀ ਸਿਧਾਂਤਕ ਹਮਲਿਆਂ ਦਾ ਪ੍ਰਕੋਪ ਜਾਰੀ ਰਿਹਾ। ਸਿੱਖ ਸੰਘਰਸ਼ ਦੌਰਾਨ ਜਿਥੇ ਗੁਰੂ ਦੇ ਲਾਲ ਬੇਅੰਤ ਕੁਰਬਾਨੀਆਂ ਉਪਰੰਤ ਸਿੱਖੀ ਸਿਦਕ ਨੂੰ ਕੇਸਾਂ ਸਵਾਸਾਂ ਸੰਗ ਨਿਭਣ ਦੀ ਅਰਦਾਸ ਕਰਦੇ ਸਨ ਉਥੇ ਨਾਲ ਹੀ ਨਿਰੰਤਰ ਹਮਲੇ ਮੁਸਲਮਾਨਾਂ ਅਤੇ ਜ਼ਾਤ ਅਭਿਮਾਨੀ ਬ੍ਰਾਹਮਣਾਂ ਵਲੋਂ ਸਿੱਖ ਉਪਰ ਹੁੰਦੇ ਰਹੇ। ਚੰਦੂ, ਗੰਗੂ, ਲਖਪਤ ਰਾਏ, ਜਸਪਤ ਰਾਏ ਆਦਿਕ ਇਸ ਦੀਆਂ ਮਿਸਾਲਾਂ ਹਨ। ਬੇਅੰਤ ਕੁਰਬਾਨੀਆਂ ਉਪਰੰਤ ਹੋਂਦ ਵਿਚ ਆਇਆ ਖ਼ਾਲਸਾ ਰਾਜ ਬਿਪਰਵਾਦਾਂ ਦੀਆਂ ਘਿਨੌਣੀਆਂ ਚਾਲਾਂ ਦਾ ਸ਼ਿਕਾਰ ਹੋਇਆ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਉਪਰੰਤ ਪੰਥ ਕਮਜ਼ੋਰ ਹੋਇਆ ਉਸ ਸਮੇਂ ਇਕ ਪਾਸੇ ਡੋਗਰਿਆਂ ਨੇ ਸਿੱਖ ਕੌਮ ਨਾਲ ਵਿਸਾਹਘਾਤ ਕੀਤਾ ਤੇ ਦੂਸਰੇ ਪਾਸੇ ਇਹ ਬ੍ਰਾਹਮਣੀ ਵਿਚਾਰ ਧਾਰਾ ਮਹੰਤਾਂ ਦੇ ਰੂਪ ਵਿਚ ਗੁਰਦਵਾਰਿਆਂ ਤੇ ਕਾਬਜ ਹੋਈ। 20ਵੀਂ ਸਦੀ ਦੇ ਆਰੰਭ ਵਿਚ ਜਿਥੇ ਅੰਗਰੇਜ਼ਾਂ ਦੀ ਕੋਸ਼ਿਸ਼ ਹਰਮਿੰਦਰ ਸਾਹਿਬ ਨੂੰ ਇਕ ਵੱਡੇ ਚਰਚ ਵਿਚ ਤਬਦੀਲ ਕਰਨ ਦੀ ਕੋਸ਼ਿਸ਼ ਸੀ ਉਥੇ ਆਰੀਆਂ ਸਮਾਜੀਆਂ ਨੇ ਸ਼ੁਧੀਕਰਨ ਦੇ ਨਾਮ ਹੇਠ ਘਟੀਆਂ ਢੰਗ ਨਾਲ ਗੁਰੂ ਪਾਤਸ਼ਾਹ ਅਤੇ ਗੁਰਮਤਿ ਵਿਚਾਰਧਾਰਾ ਉਪਰ ਹਮਲੇ ਕੀਤੇ। ਇਸ ਦੇ ਜਵਾਬ ਵਿਚ ਸਿੰਘ ਸਭਾ ਲਹਿਰ, ਚੀਫ਼ ਖ਼ਾਲਸਾ ਦੀਵਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਹੋਂਦ ਵਿਚ ਆਏ। ਗਿਆਨੀ ਦਿੱਤ ਸਿੰਘ, ਸ: ਗੁਰਮੁਖ ਸਿੰਘ ਭਾਈ ਵੀਰ ਸਿੰਘ, ਪ੍ਰੋ: ਪੂਰਨ ਸਿੰਘ ਆਦਿਕ ਸੁਹਿਰਦ ਵਿਦਵਾਨਾਂ ਨੇ ਇਸ ਬਿਖੜੇ ਸਮੇਂ ਸਿੱਖ ਕੌਮ ਦੀ ਪੁਨਰ ਜਾਗ੍ਰਿਤੀ ਵਾਸਤੇ ਨਿੱਗਰ ਕਾਰਜ ਕੀਤਾ।

ਸੈਂਕੜੇ ਸਾਲ ਗੁਲਾਮ ਰਹਿਣ ਤੋਂ ਬਾਅਦ ਜਦੋਂ ਇਹ ਬਿਪਰਵਾਦੀ ਸੋਚ ਸਿੰਘਾਸਨ ਤੇ ਬਿਰਾਜਮਾਨ ਹੋਈ ਤਾਂ ਗੁਰਮਤਿ ਵਿਚਾਰਧਾਰਾ ਉਪਰ ਸਿਧਾਂਤਕ ਹਮਲਿਆਂ ਦਾ ਪ੍ਰਕੋਪ ਲਗਾਤਾਰ ਵਧਿਆ। ਬ੍ਰਾਹਮਣਵਾਦੀ ਸੋਚ ਵਲੋਂ ਜਿਥੇ ਸਿੱਖ ਕੌਮ ਤੇ ਸਰੀਰਕ ਹਮਲੇ ਕੀਤੇ ਗਏ ਉਥੇ ਨਾਲ ਹੀ ਡੇਰੇਦਾਰਾਂ ਦੇਹਧਾਰੀ ਗੁਰੂਆਂ ਅਤੇ ਪੰਥ ਵਰੋਧੀ ਸੰਸਥਾਵਾਂ ਦੇ ਰੂਪ ਵਿਚ ਸਿੱਖ ਧਰਮ ਉਪਰ ਬੌਧਿਕ ਹਮਲਿਆਂ ਦੀ ਲੜੀ ਆਰੰਭੀ ਜੋ ਬਾ-ਦਸਤੂਰ ਅੱਜ ਵੀ ਜਾਰੀ ਹੈ। ਅਤੇ ਇਸ ਦਾ ਦੁਖਦਾਈ ਪੱਖ ਇਹ ਵੀ ਹੈ ਕਿ ਬਹੁਤ ਸਾਰੇ ਸਿੱਖ ਅਖਵਾਉਣ ਵਾਲੇ ਵੀ ਲਾਲਚ ਵੱਸ ਇਹਨਾਂ ਪੰਥ ਵਿਰੋਧੀ ਸ਼ਾਜਸ਼ਾਂ ਵਿਚ ਬਰਾਬਰ ਦੇ ਸ਼ਰੀਕ ਹਨ। *.....ਕੋਈ ਹਰਿਆ ਬੂਟੁ ਰਹਿਓ ਰੀ* ਦੇ ਮੁੱਖ ਵਾਕ ਅਨੁਸਾਰ ਸਿਰਦਾਰ ਕਪੂਰ ਸਿੰਘ ਸਾਬਕਾ ਆਈ.ਏ.ਐਸ. ਨੇ ਉਸ ਸਮੇਂ ਇਸ ਬਿਪਰਵਾਦੀ

ਵਿਚਾਰਧਾਰਾ ਦਾ ਮੂੰਹ ਤੋੜ ਜਵਾਬ ਦਿੱਤਾ, ਜਦੋਂ ਸਿੱਖ ਗੁਰੂ ਸਾਹਿਬਾਨ ਦੀ ਤੁਲਨਾ ਮੱਧਕਾਲੀ ਸੰਤਾਂ ਨਾਲ ਕੀਤੀ ਜਾ ਰਹੀ ਸੀ, ਸਿੱਖਾਂ ਨੂੰ ਹਿੰਦੂ ਧਰਮ ਦਾ ਹਿੱਸਾ ਕਿਹਾ ਜਾ ਰਿਹਾ ਸੀ ਅਤੇ ਸਿੱਖ ਗੁਰੂ ਸਾਹਿਬਾਨ ਨੂੰ ਭਗਤੀ ਲਹਿਰ ਦੀ ਉਪਜ ਦੱਸਿਆ ਜਾ ਰਿਹਾ ਸੀ। ਇਸ ਤੋਂ ਅਗਲੇ ਦੌਰ ਵਿਚ ਸ੍ਰ: ਤੇਜਾ ਸਿੰਘ, ਡਾ: ਗੰਡਾ ਸਿੰਘ ਆਦਿਕ ਵਿਦਵਾਨਾਂ ਨੇ ਕੌਮ ਦੀ ਵਿਚਾਰਧਾਰਾ ਉਪਰ ਹੋ ਰਹੇ ਬੌਧਿਕ ਹਮਲਿਆ ਦਾ ਵਧਿਆ ਤਰੀਕੇ ਨਾਲ ਜਵਾਬ ਦਿੱਤਾ।

ਅਜੋਕੇ ਸਮੇਂ ਅਨੇਕਾਂ ਪ੍ਰਕਾਸ਼ਨਾਵਾਂ ਅਤੇ ਸਕੂਲੀ ਪੁਸਤਕਾਂ ਵਿਚ ਗੁਰਮਤਿ ਵਿਚਾਰਧਾਰਾ ਦੇ ਵਿਗਾੜ ਦਾ ਪ੍ਰਸਾਰ ਨਿਰੰਤਰ ਵੱਧ ਰਿਹਾ ਹੈ। ਜਿਸ ਦਾ ਮੁੱਖ ਕਾਰਨ ਸਾਡੇ ਧਾਰਮਿਕ ਅਤੇ ਰਾਜਨੀਤਿਕ ਰਹਿਨੁਮਾਵਾਂ ਵਿਚ ਆਈ ਸਥਿੱਲਤਾ ਹੈ। ਗੁਰੂ ਪਾਤਸ਼ਾਹ ਨੇ ਆਪ ਮਿਹਰ ਕਰਕੇ ਇਸ ਨੌਜਵਾਨ ਵਿਦਵਾਨ ਦਾ ਧਿਆਨ ਇਸ ਪਾਸੇ ਦਿਵਾਇਆ ਹੈ। ਸਿੱਖ ਚਿੰਤਨ ਨਾਲ ਜੁੜੇ ਹੋਏ ਸੁਹਿਰਦ ਗੁਰਸਿੱਖਾਂ ਵਾਸਤੇ ਇਹ ਮਹੱਤਵਪੂਰਨ ਕਾਰਜ ਹੈ। ਮੈਂ ਇਸ ਨੂੰ ਜੀ ਆਇਆਂ ਆਖਦਾ ਹਾਂ ਅਤੇ ਸਿਫਾਰਸ਼ ਕਰਦਾ ਹਾਂ ਕਿ ਅਜਿਹੀਆਂ ਗੁਰਮਤਿ ਵਿਰੋਧੀ ਸਾਜਸ਼ਾਂ ਨੂੰ ਸਮਝਣ ਲਈ ਇਹ ਪੁਸਤਕ ਸਹਾਇਕ ਹੋਵੇਗੀ। ਸਿਦਕ ਮਿਹਨਤ ਅਤੇ ਘਾਲਣਾ ਕਰਕੇ ਮੈਂ ਡਾ: ਸੁਖਪ੍ਰੀਤ ਸਿੰਘ ਉਦੋਕੇ ਨੂੰ ਵਧਾਈ ਦੇਂਦਾ ਹਾਂ।

ਮਨਜੀਤ ਸਿੰਘ ਕਲਕੱਤਾ
ਮੁੱਖ ਸਕੱਤਰ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ ਸਾਹਿਬ

# ਸੱਚ ਦਾ ਹੋਕਾ

ਸੰਸਾਰ ਵਿਚ ਆਪਣੇ ਨਿੱਜ ਦੀ ਲੜਾਈ ਤਾਂ ਸ਼ਾਇਦ ਹਰ ਇਕ ਸ਼ਖਸ ਲੜਦਾ ਹੈ, ਪਰ ਜਦੋਂ ਕੋਈ ਲੜਾਈ ਕਿਸੇ ਕੌਮ ਦੇ ਸਿਰ ਪੈਂਦੀ ਹੈ ਤਾਂ ਉਸ ਕੌਮ ਦੇ ਅੰਦਰੋਂ ਉਹ ਲੜਾਈ ਲੜਨ ਵਾਲੇ ਸਿਪਾਹੀ ਪੂਰੀ ਦੁਨੀਆਂ ਲਈ ਇਕ ਇਤਿਹਾਸ ਰੂਪੀ ਚਾਨਣ-ਮੁਨਾਰਾ ਸਿਰਜ ਦਿੰਦੇ ਹਨ। ਗੁਰੂ ਨਾਨਕ ਦੇ ਨਿਰਮਲ ਪੰਥ ਨੂੰ ਹਿੰਦੂਵਾਦ ਦੇ ਖਾਰੇ ਸਮੁੰਦਰ ਵਿਚ ਜਜ਼ਬ ਕਰਨ ਲਈ ਇਕ ਵੱਡੇ ਸਰੀਰਕ ਹਮਲੇ ਵਿਰੁੱਧ ਤਾਂ ਹਜ਼ਾਰਾਂ ਸਿੱਖ ਗੱਭਰੂਆਂ ਨੇ ਕੁਰਬਾਨੀਆਂ ਕੀਤੀਆਂ, ਪਰ ਇਸੇ ਹੀ ਲੜਾਈ ਵਿਚ ਸਿੱਖੀ ਤੇ ਹੋਏ ਚੌਤਰਫਾ ਬੌਧਿਕ ਹਮਲੇ ਨੂੰ ਰੋਕਣ ਲਈ ਜੋ ਚੋਣਵੇਂ ਪੰਥਕ ਚਿੰਤਕ ਮੈਦਾਨ ਵਿਚ ਨਿਤਰੇ ਹਨ, ਡਾ: ਸੁਖਪ੍ਰੀਤ ਸਿੰਘ ਉਨ੍ਹਾਂ ਵਿਚੋਂ ਇਕ ਹੈ। ਸੁਖਪ੍ਰੀਤ ਨੇ ਆਰ.ਐਸ.ਐਸ ਦੇ ਹਮਲੇ ਦੇ ਇਕ-ਇਕ ਕਦਮ ਅਤੇ ਦਿਸ਼ਾ ਦੀ ਨਿਸ਼ਾਨਦੇਹੀ ਕਰ ਕੇ ਇਸ ਕਿਤਾਬ ਦੇ ਰੂਪ ਵਿਚ ਸਮੁੱਚੀ ਸਿੱਖ ਕੌਮ ਨੂੰ ਸੁਚੇਤ ਕਰਨ ਲਈ ਜਾਗਦੇ ਰਹੋ ਦਾ ਹੋਕਾ ਦਿੱਤਾ ਹੈ। ਹਰ ਸਿੱਖ ਨੂੰ ਇਹ ਕਿਤਾਬ ਪੜ੍ਹ ਕੇ ਡਾ: ਸੁਖਪ੍ਰੀਤ ਸਿੰਘ ਦਾ ਹੋਕਾ ਸੁਣਨਾ ਚਾਹੀਦਾ ਹੈ।

ਬਲਜੀਤ ਸਿੰਘ ਖ਼ਾਲਸਾ

# ਸਾਡੇ ਮਗਰੋਂ ਚੁੱਪ ਵਰਤੇਗੀ ਮਹਿਫ਼ਲ ਵਿਚ ਕੋਈ ਬੋਲੇਗਾ ਤੇ ਫ਼ਤਵਾ ਲਾਓਗੇ

ਮੈਨੂੰ ਅੱਜ ਵੀ ਯਾਦ ਹੈ ਜਦੋਂ ਮੈਂ ਨਿੱਕਾ ਹੁੰਦਾ ਸੀ ਤਾਂ ਮੈਂ ਅਤੇ ਮੇਰੇ ਹਾਣੀ ਹਰ ਰੋਜ਼ ਹੀ ਕਿਸੇ ਨਾ ਕਿਸੇ "ਸਿੱਖ ਮਸਲੇ" ਬਾਰੇ ਗੱਲਾਂ ਕਰਦੇ ਹੁੰਦੇ ਸਾਂ। ਕਾਲਜ ਜਾ ਕੇ ਮੈਂ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦਾ ਆਗੂ ਬਣ ਗਿਆ ਅਤੇ ਇਸ ਦੇ ਨਾਲ ਹੀ ਨਾਲ ਮੇਰਾ "ਸਿੱਖ ਮਸਲਿਆਂ" ਬਾਰੇ ਸੋਚਣ ਦਾ ਦਾਇਰਾ ਫੈਲਦਾ ਗਿਆ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਪੜ੍ਹਦਿਆਂ ਤੇ ਫਿਰ ਪੜ੍ਹਾਉਂਦਿਆਂ ਵੀ ਸਾਡੀ ਵਿਚਾਰ ਦਾ ਮਜ਼ਮੂਨ ਕੌਮੀ ਤੇ ਪੰਥਕ ਮਸਲੇ ਹੀ ਰਹੇ। ਫ਼ਰਕ ਏਨਾ ਸੀ ਕਿ ਸਾਡੇ ਵਿਚਾਰ ਕਰਨ ਦਾ ਪੱਧਰ ਅਤੇ ਦਰਜਾ ਵੱਡਾ ਅਤੇ ਬਾਰੀਕੀ ਵਾਲਾ ਹੁੰਦਾ ਗਿਆ। ਇਹ ਸੀ ਮੇਰੀ ਗਿਆਰਾਂ ਸਾਲ ਦੀ ਉਮਰ ਤੋਂ ਪੈਂਤੀ ਸਾਲ ਦੀ ਉਮਰ ਦਾ ਸਫ਼ਰ। ਫਿਰ ਵਿਦੇਸ਼ਾਂ (ਮੈਨੂੰ ਵਿਦੇਸ਼ ਤਾਂ ਸ਼ਾਇਦ ਭਾਰਤ ਨੂੰ ਕਹਿਣਾ ਚਾਹੀਦਾ ਹੈ) ਵਿਚ ਜਾ ਕੇ ਦੁਨੀਆਂ ਵੇਖਣ ਤੇ ਪੜ੍ਹਨ ਦਾ ਮੌਕਾ ਮਿਲਿਆ ਅਤੇ ਸਿੱਖ ਮਸਲਿਆਂ ਨੂੰ ਉਸ ਚੌੜੇ ਦਾਇਰੇ ਵਿਚ ਪਰਖਣ ਦੀ ਜਾਚ ਆਈ। ਅੱਜ ਇਸ ਵੀਹ ਸਾਲਾਂ ਦੇ ਤਜਰਬੇ ਨੇ ਮੇਰੀ ਸਾਰੀ ਸੋਚ ਹੀ ਬਦਲ ਦਿੱਤੀ ਹੈ। ਪਰ ਸਿੱਖਾਂ ਦੇ ਮਸਲੇ ਅਤੇ ਉਨ੍ਹਾਂ ਨੂੰ ਦਰਪੇਸ਼ ਚੁਣੌਤੀਆਂ ਪਹਿਲਾਂ ਵਾਂਗ ਹੀ ਕਾਇਮ ਹਨ ਅਤੇ ਡਾ: ਸੁਖਪ੍ਰੀਤ ਸਿੰਘ ਉਦੋਕੇ ਦੀ ਕਿਤਾਬ ਪੜ੍ਹਨ ਮਗਰੋਂ ਹਾਲਤ ਹੋਰ ਵੀ ਸੰਜੀਦਾ ਜਾਪਦੀ ਹੈ।

ਜੂਨ 1998 ਵਿਚ ਮੈਂ ਸਿੱਖ ਇਤਿਹਾਸ ਰੀਸਰਚ ਬੋਰਡ ਦਾ ਡਾਇਰੈਕਟਰ ਸੀ। ਨਵੀਂ ਸਿੱਖ ਰੈਫਰੈਂਸ ਲਾਇਬ੍ਰੇਰੀ ਦਾ ਵੀ ਡਾਇਰੈਕਟਰ ਮੈਂ ਹੀ ਸੀ। ਜਿਵੇਂ-ਜਿਵੇਂ ਵਿਦਵਾਨਾਂ ਤੇ ਲੇਖਕਾਂ ਨੂੰ ਮੇਰੇ ਉਥੇ ਪੁੱਜਣ ਦਾ ਪਤਾ ਲਗਦਾ ਜਾਂਦਾ ਤਿਵੇਂ-ਤਿਵੇਂ ਹੀ ਮਹਾਨ ਕਲਮਾਂ, ਖਾੜਕੂ ਜਿਗਰੇ, ਵਿਦਵਾਨ ਤੇ ਪਾਰਖੂ ਅੱਖਾਂ, ਹੱਥ-ਘੁਟਣੀ ਕਰਨ ਅਤੇ ਗਲਵਕੜੀ ਹੋਣ ਵਾਸਤੇ ਮੇਰੇ ਦਫ਼ਤਰ ਵਿਚ ਆਉਂਦੀਆਂ ਰਹੀਆਂ। ਇਨ੍ਹਾਂ ਤੋਂ ਇਲਾਵਾ ਮੇਰੀ ਕਲਮ ਦੇ ਬਹੁਤ ਸਾਰੇ ਆਸ਼ਕ ਵੀ ਮੁਖੜਾ ਦੇਖਣ ਤੇ ਦਿਖਾਉਣ ਆਉਂਦੇ ਰਹੇ। ਪਰ ਇਸ "ਪੂਰ" ਵਿਚ ਕੁਝ ਅਜਨਬੀ ਵੀ ਸਨ, ਜਿਹੜੇ ਮੈਨੂੰ ਤਾਂ ਚੰਗੀ ਤਰ੍ਹਾਂ ਜਾਣਦੇ ਸਨ ਪਰ ਮੈਂ ਉਨ੍ਹਾਂ ਦੀ ਖ਼ਾਸੀਅਤ ਤੋਂ ਵਾਕਿਫ਼ ਨਹੀਂ ਸੀ। ਮੈਨੂੰ ਇਨ੍ਹਾਂ ਵਿਚੋਂ ਭਾਲ ਸੀ ਕੁਝ ਕਲਮਾਂ ਦੀ ਜਿਹੜੀਆਂ ਮੇਰੇ ਤੇ ਮੇਰੇ ਵਰਗੇ ਕਲਮਜ਼ਾਰਾਂ ਤੇ ਖੋਜੀਆਂ ਦੀ "ਨੱਕ-ਮੁੰਘਣੀ" ਅਤੇ "ਖੁਰ ਨੱਪਣਾ" ਦੀ ਜਾਚ ਸਿੱਖਣ ਦੀ ਤਲਬ ਤੇ ਤੜਪ ਰੱਖਦੇ ਹੋਣ। ਇਨ੍ਹੀਂ ਦਿਨੀ ਹੀ ਮੈਂ ਪੰਜ ਰੀਸਰਚ ਸਕਾਲਰ ਰੱਖਣ ਵਾਸਤੇ ਅਖ਼ਬਾਰਾਂ ਵਿਚ ਐਡਵਰਟਾਇਜ਼ਮੈਂਟ ਭੇਜੀ। ਪੈਂਹਠ-ਸੱਤਰ ਦਰਖ਼ਾਸਤਾਂ ਆਈਆਂ। ਬੜੀ ਤਕਲੀਫ਼ ਹੋਈ ਜਦੋਂ ਮੈਨੂੰ ਇਨ੍ਹਾਂ ਵਿਚੋਂ ਦੋ ਵੀ ਅਜਿਹੇ ਨਾ ਮਿਲੇ ਜਿਨ੍ਹਾਂ ਕੋਲ ਰੀਸਰਚ ਦਾ ਸਕਾਲਰਸ਼ਿਪ ਤਾਂ ਕੀ ਇਸ ਦੀ ਸਮਝ ਜਾਂ ਖ਼ਾਹਿਸ਼ ਵੀ ਹੋਵੇ।

ਅਚਾਨਕ ਉਨ੍ਹੀਂ ਦਿਨੀਂ ਡਾਕਟਰ ਦਰਸ਼ਨ ਸਿੰਘ ਚੰਡੀਗੜ੍ਹੋਂ ਕਿਸੇ ਕੰਮ ਅੰਮ੍ਰਿਤਸਰ ਆਏ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਗੈਸਟ ਹਾਊਸ ਵਿਚ ਉਨ੍ਹਾਂ ਨੂੰ ਮੈਂ ਆਪਣੀ ਤਕਲੀਫ਼ ਦੱਸੀ। ਉਹ ਤਾਂ ਪਹਿਲੋਂ ਹੀ ਜਾਣਦੇ ਸਨ ਇਸ ਕਰਕੇ ਉਨ੍ਹਾਂ ਨੂੰ ਕੋਈ ਹੈਰਾਨੀ ਨਾ ਹੋਈ। ਕੁਝ ਚਿਰ ਚੁੱਪ ਰਹਿਣ ਪਿਛੋਂ ਮੇਰੇ ਮੂੰਹ ਤੋਂ ਨਿਕਲਿਆ "ਜਾਪਦੈ ਕਿ ਸਿੱਖ ਵਿਦਵਾਨ ਹੁਣ ਹਿਸਟਰੀ ਬਣ ਜਾਣਗੇ।" ਉਨ੍ਹਾਂ ਨਰ੍ਹਮੀ ਨਾਲ ਜਵਾਬ ਦਿੱਤਾ, "ਗੁਰੂ ਮਹਾਰਾਜ ਆਪੇ ਕੋਈ ਰਸਤਾ ਬਣਾਉਣਗੇ।" ਸੋਚ ਤਾਂ ਮੇਰੀ ਵੀ ਹਮੇਸ਼ਾਂ "ਚੜ੍ਹਦੀ ਕਲਾ" ਵਾਲੀ ਰਹੀ ਹੈ ਪਰ ਮੈਨੂੰ ਫ਼ਿਕਰ ਓੜਕਾਂ ਦਾ ਸੀ।

ਅਜੇ ਦੋ-ਚਾਰ ਦਿਨ ਹੀ ਲੰਘੇ ਹੋਣਗੇ ਕਿ ਇਕ ਨੌਜਵਾਨ ਮੈਡੀਕਲ ਪ੍ਰੈਕਟੀਸ਼ਨਰ, ਦੁਆਈਆਂ ਦੇਣ ਵਾਲਾ ਡਾਕਟਰ, ਸਿੱਖ ਰੈਫ਼ਰੈਂਸ ਲਾਇਬ੍ਰੇਰੀ ਵਿਚ ਆਇਆ। ਉਸ ਨੇ ਮੇਰੀ ਲਾਇਬ੍ਰੇਰੀਅਨ ਕੋਲੋਂ ਕੁਝ ਕਿਤਾਬਾਂ ਲੈ ਕੇ ਉਨ੍ਹਾਂ ਵਿਚੋਂ ਟੂਕਾਂ ਅਤੇ ਹਵਾਲੇ ਲਏ। ਉਸ ਨਾਲ ਮੇਰੀ ਗੱਲਬਾਤ ਵੀ ਹੋਈ। ਪਰ ਜਦੋਂ ਮੈਨੂੰ ਪਤਾ ਲੱਗਾ ਕਿ ਖੋਜ ਦਾ ਤਲਬਗਾਰ ਉਹ ਨੌਜਵਾਨ ਮੈਡੀਕਲ ਪੇਸ਼ੇ ਦਾ ਹੈ ਤਾਂ ਮੈਂ ਸੋਚਿਆ ਕਿ ਉਹ ਕੋਈ ਛੋਟਾ-ਮੋਟਾ ਲੇਖ ਲਿਖਣ ਦਾ ਖ਼ਾਹਿਸ਼ਮੰਦ ਹੋਵੇਗਾ। ਖ਼ੈਰ, ਫਿਰ ਵੀ ਮੈਂ ਆਦਤ ਮੁਜਬ ਉਸ ਨੂੰ ਲਿਖਣ ਵਾਸਤੇ ਕੋਸ਼ਿਸ਼ਾਂ ਜਾਰੀ ਰੱਖਣ ਦੀ ਹੌਸਲਾ-ਅਫ਼ਜ਼ਾਈ ਕੀਤੀ। ਪਰ ਹੈਰਾਨੀ ਉਦੋਂ ਹੋਈ ਜਦੋਂ ਇਕ ਦਿਨ ਉਹ ਮੈਨੂੰ ਆਪਣੀ ਇਕ ਲਿਖਤ ਦੇ ਗਿਆ ਤਾਂ ਜੋ ਮੈਂ ਉਸ ਨੂੰ ਵਾਚਾਂ ਅਤੇ ਜੇ ਹੋ ਸਕੇ ਤਾਂ ਛਪਵਾ ਵੀ ਦੇਵਾਂ। ਇਹ ਸੀ ਸ਼ਹੀਦ ਵੀਰ ਹਕੀਕਤ ਸਿੰਘ ਬਾਰੇ ਇਕ ਲੇਖ। ਮੈਂ ਉਸ ਦਾ ਲੇਖ ਪੜ੍ਹਿਆ ਤੇ ਨਿੱਕੀ ਮੋਟੀ ਸੁਧਾਈ ਵੀ ਕੀਤੀ। 'ਸੰਤ ਸਿਪਾਹੀ' ਦੇ ਐਡੀਟਰ ਸ੍ਰ: ਕਮਲਜੀਤ ਸਿੰਘ ਛਪਣ ਵਾਲੇ ਲੇਖਾਂ ਦੀ ਫਾਇਲ ਮੈਨੂੰ ਦੇ ਦਿਆ ਕਰਦੇ ਸਨ ਤੇ ਮੈਂ ਉਨ੍ਹਾਂ ਨੂੰ ਐਡਿਟ ਕਰਿਆ ਕਰਦਾ ਸੀ। ਉਸ ਵਾਰੀ ਜਦੋਂ ਮੈਂ ਉਹ ਫ਼ਾਇਲ ਉਨ੍ਹਾਂ ਨੂੰ ਮੋੜੀ ਤਾਂ ਸਭ ਤੋਂ ਉਪਰ ਇਕ ਨਵਾਂ ਲੇਖ ਵੇਖ ਕੇ ਕਹਿਣ ਲੱਗੇ ਕਿ "ਇਹ ਕਿਥੋਂ ਆ ਗਿਆ, ਮੈਂ ਤਾਂ ਇਹ ਤੁਹਾਨੂੰ ਨਹੀਂ ਸੀ ਦਿੱਤਾ।" ਮੈਂ ਉਨ੍ਹਾਂ ਨੂੰ ਜਵਾਬ ਦਿੱਤਾ ਕਿ ਇਸ ਨੂੰ ਭਾਵੇਂ ਬਿਨਾਂ ਪੜ੍ਹਿਓਂ ਛਾਪ ਦਿਉ। ਇਹ ਬੜੀ ਕਮਾਈ ਵਾਲੀ ਲਿਖਤ ਹੈ।..... ਤੇ ਉਹ ਲੇਖ ਛਪ ਗਿਆ। ਨੌਜਵਾਨ ਲੇਖਕ ਮੇਰਾ ਸ਼ੁਕਰੀਆ ਕਰਨ ਆਇਆ। ਫਿਰ ਉਸ ਨੇ ਕਈ ਹੋਰ ਲੇਖ ਲਿਖੇ ਜੋ ਸਾਰੇ ਹੀ ਵਧੀਆ ਸਨ ਤੇ ਉਹ ਸਾਰੇ ਮੈਂ 'ਸੰਤ ਸਿਪਾਹੀ' ਵਿਚ ਛਾਪੇ। ਮੇਰੇ ਜੂਨ 1999 ਵਿਚ ਇੰਗਲੈਂਡ ਚਲੇ ਜਾਣ ਮਗਰੋਂ ਵੀ ਉਸ ਦੇ ਲੇਖ ਲਗਾਤਾਰ 'ਸੰਤ ਸਿਪਾਹੀ' ਵਿਚ ਛਪਦੇ ਰਹੇ।

ਇਹ ਲੇਖਕ ਸ੍ਰ: ਸੁਖਪ੍ਰੀਤ ਸਿੰਘ ਉਦੋਕੇ ਸੀ। ਉਸ ਦੀ ਕਲਮ ਨੇ ਮੈਨੂੰ ਅਹਿਸਾਸ ਦਿੱਤਾ ਕਿ ਸਿੱਖ ਅਦਬ ਦੇ ਲੇਖਕਾਂ ਦੀ ਲੜੀ ਦੇ ਮੋਤੀ ਭਾਵੇਂ ਇਕ-ਇਕ ਕਰ ਕੇ ਕਿਰਦੇ ਜਾ ਰਹੇ ਹਨ ਪਰ ਇਨ੍ਹਾਂ ਸੂਰਜਾਂ ਦੇ ਦੁਆਲੇ ਕੋਈ ਨਾ ਕੋਈ ਚੰਨ ਇਨ੍ਹਾਂ ਦੀ ਰੋਸ਼ਨੀ ਨੂੰ ਸੰਭਾਲਣ ਵਿਚ ਬੜਾ ਕਮਾਲ ਦਾ ਰੋਲ ਅਦਾ ਕਰ ਸਕਦਾ ਹੈ।

ਡਾ: ਸੁਖਪ੍ਰੀਤ ਸਿੰਘ ਨੇ ਕਈ ਲੇਖ ਲਿਖੇ। 2002 ਵਿਚ ਉਸ ਨੇ ਅੱਲ੍ਹਾ ਯਾਰ ਖ਼ਾਂ ਜੋਗੀ ਦੀਆਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਕਿਤਾਬ ਨੂੰ ਐਡਿਟ ਕੀਤਾ। ਇਸ ਵਿਚ ਪਹਿਲਾਂ ਤੀਹ ਕੁ ਸਫ਼ਿਆਂ ਦੀ ਪੇਸ਼ਕਾਰੀ ਹੈ ਪਰ ਬਾਕੀ ਦੇ ਸਵਾ ਦੋ ਸੌ ਤੋਂ ਵੱਧ ਸਫ਼ਿਆਂ ਵਿਚ ਜੋ ਬਿਆਨ ਤੇ ਵਿਆਖਿਆ ਦਿੱਤੀ ਹੈ ਉਹ ਆਪਣੇ ਆਪ ਵਿਚ ਇਕ ਮਿਸਾਲ ਹੈ, ਇਸ ਰਚਨਾ ਦੇ ਨਾਲ ਹੀ ਡਾ: ਸੁਖਪ੍ਰੀਤ ਸਿੰਘ ਨੇ ਆਪਣੇ ਆਪ ਨੂੰ ਸੂਝਵਾਨ ਰੀਸਰਚ ਸਕਾਲਰਾਂ ਦੀ ਕਤਾਰ ਵਿਚ ਲੈ ਆਂਦਾ।

ਇਸ ਤੋਂ ਡੇਢ ਸਾਲ ਮਗਰੋਂ ਹੀ ਉਸ ਨੇ "ਪੰਥ ਨੂੰ ਦਰਪੇਸ਼ ਚੁਣੌਤੀਆਂ" ਸੰਬੰਧੀ ਲਿਖੇ ਆਪਣੇ

ਦਰਜਨਾਂ ਲੇਖਾਂ ਵਿਚੋਂ ਕੁਝ ਚੋਣਵੇਂ ਲੇਖਾਂ ਨੂੰ ਇਕ ਕਿਤਾਬ (ਤਬੈ ਰੋਸ ਜਾਗਯੋ) ਵਜੋਂ ਐਡਿਟ ਕਰ ਕੇ ਛਾਪਿਆ ਹੈ। ਇਸ ਕਿਤਾਬ ਵਿਚ ਪੰਜਾਹ-ਸੱਠ ਲੇਖ ਹਨ। ਇਹ ਸਾਰੇ ਦੇ ਸਾਰੇ ਹੀ ਪੰਥ ਨੂੰ ਸਾਲਾਂ ਤੋਂ ਦਰਪੇਸ਼ ਮਸਲਿਆਂ ਅਤੇ ਅੱਜ ਤੇ ਭਲਕੇ ਆ ਰਹੀਆਂ ਚੁਣੌਤੀਆਂ ਬਾਰੇ ਸੰਜੀਦਾ ਰੀਸਰਚ, ਬਿਆਨ ਅਤੇ ਵਾਰਨਿੰਗ ਹਨ। ਸਿੱਖ ਅਦਬ ਦੀ ਤਵਾਰੀਖ਼ ਵਿਚ ਇਕ ਦਾਨਿਸ਼ਮੰਦ, ਸੂਝਵਾਨ, ਪੰਥ-ਦਰਦੀ ਦਾ ਰੋਲ ਹਰ ਅੱਧੀ ਸਦੀ ਮਗਰੋਂ ਇਕ ਦੋ ਕਲਮਾਂ ਕਰਦੀਆਂ ਰਹੀਆਂ ਹਨ। ਸ੍ਰ: ਜਵਾਹਰ ਸਿੰਘ ਕਪੂਰ, ਗਿਆਨੀ ਦਿੱਤ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਪ੍ਰੋ: ਗੁਰਮੁਖ ਸਿੰਘ ਨੇ ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿਚ ਸਭ ਤੋਂ ਵੱਧ ਰੋਲ ਅਦਾ ਕੀਤਾ। ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਮਾਸਟਰ ਤਾਰਾ ਸਿੰਘ, ਗਿਆਨੀ ਸ਼ੇਰ ਸਿੰਘ, ਸਿਰਦਾਰ ਕਪੂਰ ਸਿੰਘ ਨੇ ਉਨ੍ਹਾਂ ਦੀ ਸੇਵਾ ਨੂੰ ਜਾਰੀ ਰਖਿਆ। ਮਾਸਟਰ ਤਾਰਾ ਸਿੰਘ 1967 ਵਿਚ ਚੜ੍ਹਾਈ ਕਰ ਗਏ ਅਤੇ 1981 ਵਿਚ ਸਿਰਦਾਰ ਕਪੂਰ ਸਿੰਘ ਅਧਰੰਗ ਦਾ ਸ਼ਿਕਾਰ ਹੋ ਗਏ ਤਾਂ ਜਾਪਿਆ ਕਿ ਹੁਣ ਇਹ ਲੜੀ ਬਹੁਤੀ ਦੇਰ ਨਹੀਂ ਚਲੇਗੀ।

ਮੈਂ 1983 ਵਿਚ "ਪਰਦੇਸੀ" ਬਣਨ ਤੋਂ ਪਹਿਲਾਂ ਜੂਨ ਵਿਚ ਸਿਰਦਾਰ ਕਪੂਰ ਸਿੰਘ ਨੂੰ ਮਿਲਣ ਕਈ ਵਾਰ ਜਗਰਾਓਂ (ਅਗਵਾੜ ਲੋਪੋ) ਗਿਆ। ਪਤਾ ਨਹੀਂ ਕਿਉਂ ਮੈਂ ਉਨ੍ਹਾਂ ਨਾਲ ਪਰਦੇਸ ਜਾਣ ਦਾ ਜ਼ਿਕਰ ਨਾ ਕਰ ਸਕਿਆ। ਇਕ ਵਾਰ ਮੇਰੇ ਨਾਲ ਇਕ ਜਰਮਨ ਕੁੜੀ ਐਂਜਲਾ ਡਾਇਟਰਿਚ ਵੀ ਸੀ। ਜਦੋਂ ਇਸ ਮਗਰੋਂ ਮੈਂ ਉਨ੍ਹਾਂ ਨੂੰ ਮਿਲਣ ਗਿਆ ਤਾਂ ਕਹਿਣ ਲੱਗੇ ਤੂੰ ਯੂਰਪ ਤਾਂ ਨਹੀਂ ਉਡ ਜਾਣਾ। ਅਖ਼ੀਰ ਮੈਂ ਸੱਚ ਰੋਕ ਨਹੀਂ ਸਕਿਆ ਤੇ ਉਨ੍ਹਾਂ ਨੂੰ ਵਿਦੇਸ਼ "ਨੱਸ ਜਾਣਾ" ਬਾਰੇ ਦੱਸ ਹੀ ਦਿੱਤਾ। ਉਨ੍ਹੀਂ ਦਿਨੀਂ ਕਈ ਸਿੰਘ ਨੇਪਾਲ ਰਾਹੀਂ ਭੱਜੇ (ਉੱਡੇ) ਵੀ ਸਨ। ਉਹ ਮੈਨੂੰ ਕਹਿਣ ਲੱਗੇ, "ਸੁਣ! ਓਥੇ ਜਾ ਕੇ ਪੈਸੇ ਨਾ ਕਮਾਈਂ। ਕਲਮ ਨਾ ਛੱਡੀਂ। ਪੰਥਕ ਸੋਚ ਵਾਲੀਆਂ ਕਲਮਾਂ ਦਾ ਵਿਹੜਾ ਸੁੰਞਾ ਹੋ ਜਾਊ।"

ਗੱਲ ਅੱਗੇ ਨਿਕਲ ਗਈ। ਗੱਲ ਸੀ ਗਿਆਨੀ ਦਿੱਤ ਸਿੰਘ ਦੇ ਕਲਮੀ ਸਾਥੀਆਂ ਦੀ। ਮੈਂ ਵਿਦੇਸ਼ਾਂ ਵਿਚ ਵੀ ਤੇ ਏਧਰ ਆ ਕੇ ਵੀ ਇਕ ਗੱਲੋਂ ਉਦਾਸ ਰਿਹਾ ਕਿ ਗਿਆਨੀ ਦਿੱਤ ਸਿੰਘ ਵਾਲੀ ਦਲੇਰੀ, ਸੂਝ ਤੇ ਸਿਰੜ ਸਾਡੇ ਮਗਰੋਂ ਮਾਰੂ ਵਿਚ ਦਮ ਤੋੜ ਜਾਵੇਗੀ। ਕੀ ਪੰਥ ਦਾ ਇਲਮੀ ਖੇਤ ਰੇਗਿਸਤਾਨ ਬਣ ਜਾਵੇਗਾ? ਜਦੋਂ ਮੈਂ ਡਾ: ਸੁਖਪ੍ਰੀਤ ਸਿੰਘ ਉਦੋਕੇ ਦੀ ਕਿਤਾਬ 'ਸਿੱਖ ਪੰਥ ਨੂੰ ਦਰਪੇਸ਼ ਚੁਣੌਤੀਆਂ (ਜਬੈ ਬਾਣ ਲਾਗਯੋ)' ਦੇ ਕੁਝ ਲੇਖ ਪੜ੍ਹੇ ਤਾਂ ਮੈਨੂੰ ਜਾਪਿਆ ਕਿ ਮੈਨੂੰ ਹੁਣ ਦਿਲਗੀਰ ਹੋਣ ਦੀ ਕੋਈ ਲੋੜ ਨਹੀਂ। ਦਿਲਗੀਰੀ ਦਾ ਫ਼ਿਕਰ ਕਰਨ ਵਾਲੀ ਇਕ ਹੋਰ ਕਲਮ ਅਕਾਲ ਪੁਰਖ ਨੇ ਪੈਦਾ ਕਰ ਦਿੱਤੀ ਹੈ। ਡਾ: ਉਦੋਕੇ ਦੇ ਕਈ ਲੇਖ ਤਾਂ ਐਨੇ ਕਮਾਲ ਦੇ ਹਨ ਕਿ ਕਿ ਧੰਨ ਧੰਨ ਕਰਨ ਨੂੰ ਜੀਅ ਕਰਦਾ ਹੈ। ਸੱਚ ਲਿਖਣ ਵਾਲੀਆਂ ਕਲਮਾਂ ਅਕਸਰ ਬੇਲਿਹਾਜ਼ ਹੁੰਦੀਆਂ ਹਨ ਅਤੇ ਬੇਲਿਹਾਜ਼ ਕਲਮ ਬਹੁਤੇ "ਦੋਸਤ" ਨਹੀਂ ਬਣਾ ਸਕਦੀ। ਉਂਞ ਅਜਿਹੀਆਂ ਕਲਮਾਂ ਕਦੇ ਅਖੌਤੀ ਦੋਸਤਾਂ ਨੂੰ ਢੂੰਡਦੀਆਂ ਵੀ ਨਹੀਂ। ਸਿੱਖੀ ਨਾਲ ਪਰਣਾਏ ਹੋਏ ਪੰਥ-ਦਰਦੀ ਤਾਂ ਆਪ ਇਨ੍ਹਾਂ ਕਲਮਾਂ ਦੀ ਪੈੜ ਲੱਭ ਕੇ ਦੋਸਤੀ ਦਾ ਪਰਛਾਵਾਂ ਸੁੰਘਣ ਵਾਸਤੇ ਤਰਲੋ-ਮੱਛੀ ਹੁੰਦੇ ਰਹਿੰਦੇ ਨੇ।

ਗਿਆਨੀ ਦਿੱਤ ਸਿੰਘ ਦੀ ਕਲਮ ਬੇਲਿਹਾਜ਼ ਹੈ, ਨਿਡਰ ਹੈ, ਖਾੜਕੂ ਹੈ, ਦਲੀਲ-ਭਰੀ ਹੈ। ਇੰਞ ਹੀ ਡਾ: ਉਦੋਕੇ ਦੀ ਇਸ ਕਿਤਾਬ ਦੇ ਲੇਖ ਜਿਵੇਂ ਸਬੂਤਾਂ ਤੋਂ ਬਿਨਾਂ ਇਕ ਪੈਰ ਵੀ ਨਹੀਂ ਟੁਰਦੇ, ਡਰਦੇ ਕਿਸੇ ਤੋਂ ਜ਼ਰਾ ਮਾਸਾ ਵੀ ਨਹੀਂ (ਤੇ ਡਰਾਉਂਦੇ ਵੀ ਨਹੀਂ), ਬੇਝਿਜਕ ਖ਼ਰੀ ਗੱਲ

ਕਰਦੇ ਹਨ। ਡਾ: ਉਦੋਕੇ ਨੇ ਇਨ੍ਹਾਂ ਲੇਖਾਂ ਵਿਚ ਪੰਥ ਨੂੰ ਚੁਣੌਤੀਆਂ ਦਾ ਜ਼ਿਕਰ ਕਰਦਿਆਂ, ਹਰ ਨੁਕਤੇ ਸਬੰਧੀ ਦਰਜਨਾਂ ਦਸਤਾਵੇਜ਼ ਪੇਸ਼ ਕੀਤੇ ਹਨ। ਉਹ ਬਿਨਾਂ ਸਬੂਤ ਦੇ ਕਿਤੇ ਵੀ ਗੱਲ ਨਹੀਂ ਕਰਦਾ। ਐਵੇਂ ਦੋਸ਼ ਨਹੀਂ ਲਾਉਂਦਾ, ਹਵਾ ਵਿਚ ਤਲਵਾਰਾਂ ਨਹੀਂ ਮਾਰਦਾ, ਬਲਕਿ ਸਾਬਿਤ ਕਰਦਾ ਹੈ ਕਿ ''ਜਾਦੂ ਉਹ ਜੋ ਸਿਰ ਚੜ੍ਹ ਬੋਲੇ''। ਉਸ ਦੇ ਲੇਖ ਸੱਚਮੁੱਚ ਜਾਦੂ ਹਨ ਜੋ ਦੁਸ਼ਮਣ ਦੀ ਨੀਂਦ ਉਡਾਉਣ ਵਾਲੇ ਹਨ, ਤੇ ਨਾਲ ਹੀ ਪੰਥ ਨੂੰ ਦਰਪੇਸ਼ ਖਤਰਿਆਂ ਤੋਂ ਖ਼ਬਰਦਾਰ ਕਰਨ ਵਾਲੇ ਹਨ।

ਡਾ: ਸੁਖਪ੍ਰੀਤ ਸਿੰਘ ਉਦੋਕੇ ਦੀ ਇਸ ਕਿਤਾਬ ਦੇ ਲੇਖ ਭਾਵੇਂ ਪਿਛਲੇ ਤਿੰਨ ਸਾਲ ਦੀ ਪੰਥਕ ਹਾਲਤ ਦਾ ਬਿਆਨ ਜਾਪਦੇ ਹਨ ਪਰ ਦਰਅਸਲ ਇਹ ਪਿਛਲੇ ਇਕ ਸੌ ਸਾਲ ਅਤੇ ਆਉਂਦੇ ਦਹਾਕੇ ਵਿਚ ਪੰਥ ਨੂੰ ਖ਼ਤਮ ਕਰਨ ਦੇ ਚਾਹਵਾਨ ਸਿੱਖ ਦੁਸ਼ਮਣਾਂ, ਮਗਰਮੱਛਾਂ, ਅਜਗਰਾਂ ਅਤੇ ਡਾਇਨਾਸੋਰਸਾਂ ਹੀ ਨਹੀਂ ਬਲਕਿ ਬੁੱਕਲ ਵਿਚ ਬੈਠੇ ਸੱਪਾਂ ਦੀਆਂ ਸਾਜ਼ਿਸ਼ਾਂ ਨੂੰ ਵੀ ਬੇਨਕਾਬ ਕਰਦੇ ਹਨ। ਡਾ: ਉਦੋਕੇ ਨੂੰ ਪੰਥ ਦੇ ਹਰ ਦੁਸ਼ਮਣ ਦਾ ਪਤਾ ਹੈ। ਉਸ ਨੂੰ ਪਤਾ ਹੈ ਕਿ ਕਿਹੜਾ ਮਗਰਮੱਛ ਪੰਥ ਨੂੰ ਹੜਪਣ ਵਾਸਤੇ ਕੀ ਮਨਸੂਬੇ ਬਣਾ ਰਿਹਾ ਹੈ ਤੇ ਕਿਹੜਾ ਅਜਗਰ ਇਸ ਨੂੰ ਕਿਵੇਂ ਨਿਗਲਣਾ ਚਾਹੁੰਦਾ ਹੈ। ਉਹ ਜਾਣਦਾ ਹੈ ਕਿ ਭਾਵੇਂ ਡਾਇਨਾਸੋਰਸ ਲੱਖਾਂ ਸਾਲ ਪਹਿਲਾਂ ਮੁੱਕ ਗਏ ਸਨ ਪਰ ਆਰ.ਐਸ.ਐਸ. ਦਾ ਡਾਇਨਾਸੋਰਸ ਨਵੇਂ ਰੂਪ ਵਿਚ ਦਿਓ ਬਣੀ ਖੜ੍ਹਾ ਹੈ। ਡਾ: ਉਦੋਕੇ ਇਸ ਦਿਓ ਬਾਰੇ ਖ਼ਬਰਦਾਰ ਕਰਦਾ ਹੈ। ਆਫ਼ਰੀਨ ਹੈ ਇਹ ਦਲੇਰ ਕਲਮ ਜਿਹੜੀ ਇਸ ਡਾਇਨਾਸੋਰਸ ਤੋਂ ਡਰਦੀ ਨਹੀਂ। ਸੱਚ ਪੁੱਛੋਂ ਤਾਂ ਮੈਂ ਸਮਝਦਾ ਸੀ ਕਿ ਮੈਂ ਬੜਾ ਦਲੇਰ ਹਾਂ ਪਰ ਮੈਨੂੰ ਐਵੇਂ ਭੁਲੇਖਾ ਹੀ ਸੀ, ਡਾ: ਸੁਖਪ੍ਰੀਤ ਸਿੰਘ ਆਪਣੇ ਵੱਡੇ ਵੀਰ ਤੋਂ ਇਕ ਫ਼ੀ ਸਦੀ ਵੀ ਘਟ ਦਲੇਰ ਨਹੀਂ। ਇਸ ਦਲੇਰ, ਸੂਝਵਾਨ ਕਲਮ ਦੇ ਪੰਥ-ਦਰਦ, ਉਸ ਦੀ ਤੜਪ, ਉਸ ਦੀ ਸੰਜੀਦਗੀ ਨੂੰ ਮੇਰਾ ''ਨੀਲਾ-ਸਲਾਮ'' ਪੁੱਜੇ।

ਡਾ: ਉਦੋਕੇ ਦੀ ਇਹ ਕਿਤਾਬ ਉਸ ਨੂੰ ਵੱਡੇ ਸਨਮਾਨ ਦਾ ਹੱਕਦਾਰ ਬਣਾਉਂਦੀ ਹੈ ਅਤੇ ਮੈਂ ਸਮਝਦਾ ਹਾਂ ਕਿ ਉਸ ਦੇ ਪਾਠਕਾਂ ਵਲੋਂ ਉਸ ਦੇ ਲੇਖਾਂ ਨੂੰ ਪੜ੍ਹ-ਪੜ੍ਹ ਕੀਤੀ ਅੱਸ਼-ਅੱਸ਼ ਤੇ ਪਿਆਰ ਦੀ ਸਦਾਅ ਤੋਂ ਵੱਡਾ ਕੋਈ ਸਨਮਾਨ ਨਹੀਂ। ਸਨਮਾਨ ਤੇ ਐਵਾਰਡ ਤਾਂ ਸਗੋਂ ਕਈ ਵਾਰੀ ਲੈਣ ਵਾਲੇ ਦੀ ਵਿਦਵਤਾ ਬਾਰੇ ਸ਼ੱਕ ਪੈਦਾ ਕਰਦੇ ਹਨ।

ਮੇਰੀ ਅਰਜ਼-ਦਾਸ਼ਤ ਹੈ ਕਿ ਮੇਰਾ ਇਹ ਨਿੱਕਾ ਵੀਰ ਇੰਵ ਹੀ ਪੰਥ ਦੀ ਕਲਮੀ ਸੇਵਾ ਕਰਦਾ ਰਹੇ। ਪੰਥ ਇਸ ਸੇਵਾ ਨੂੰ ਹਮੇਸ਼ਾਂ ਚੇਤੇ ਰਖੇਗਾ।

ਕੁਝ ਤਾਂ ਭਲਕੇ ਜਾਗ ''ਸੁਬਹਾ'' ਬਣ ਜਾਵਣਗੇ।
ਪਰ, ਸ਼ਾਮਾਂ ਵੇਲੇ ਸਾਡੀਆਂ ਬਾਤਾਂ ਪਾਵਣਗੇ।
ਸਾਡੇ ਪੈਰਾਂ ਦੇ ਛਾਲੇ ਚੇਤੇ ਕਰਸਣ,
ਰਾਹ ਮੋਕਲੇ ਜਦ ਸਾਰੇ ਦਿੱਸ ਆਵਣਗੇ।
ਸਾਰੀ ਰਾਤ ਕਿਵੇਂ ਨਿੱਕਾ ਦੀਵਾ ਬਲਿਆ,
ਵਿਚ ਸਾਡੀ ਚਰਬੀ ਤਕ ਕੇ ਕੰਬ ਜਾਵਣਗੇ।

੬-੫-੨੦੦੪

—ਹਰਜਿੰਦਰ ਸਿੰਘ

# ਪੰਜਾਬ ਦੇ ਜੰਮਿਆਂ ਨੂੰ ਨਿਤ ਮੁਹਿੰਮਾ

"ਪੰਜਾਬ ਦੇ ਜੰਮਿਆਂ ਨੂੰ ਨਿਤ ਮੁਹਿੰਮਾਂ" ਦੀ ਅਖਾਣ ਨੂੰ ਸਾਰਥਕ ਕਰਦਿਆਂ ਜਦੋਂ ਦਾ ਸਿੱਖ ਧਰਮ ਦਾ ਜਨਮ ਹੋਇਆ ਹੈ ਇਸ ਨੂੰ ਨਿਤ ਨਵੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ ਹੈ। ਇਹ ਗੱਲ ਵੱਖਰੀ ਹੈ ਕਿ ਵਿਰੋਧ ਦਾ ਸਰੂਪ ਵਿਅਕਤੀਗਤ ਤੋਂ ਬਦਲ ਕੇ ਸਮੂਹਿਕ ਅਤੇ ਸੰਗਠਿਤ ਹੋ ਗਿਆ ਹੈ। ਲੇਕਿਨ ਇਸਨੂੰ ਇਤਿਹਾਸ ਦੀ ਤ੍ਰਾਸਦੀ ਹੀ ਕਹਾਂਗੇ ਕਿ ਇਸ ਵਿਰੋਧ ਦਾ ਮੁਕਾਬਲਾ ਕਰਨ ਲਈ ਸਿੱਖ ਕੌਮ ਦੇ ਉਪਰਾਲੇ ਸਮੂਹਿਕ ਅਤੇ ਸੰਗਠਿਤ ਸਰੂਪ ਤੋਂ ਵਿਅਕਤੀਗਤ ਹੋ ਗਏ ਹਨ। ਇਸਦਾ ਕਾਰਨ ਇਤਿਹਾਸ ਦੇ ਉਤਰਾਅ-ਚੜ੍ਹਾਅ ਅੰਦਰ ਸਿੱਖ ਕੌਮ ਦੇ ਜਥੇਬੰਦਕ ਢਾਂਚੇ ਦਾ ਖਿਲਰ ਜਾਣਾ ਅਤੇ ਜ਼ਿੰਮੇਵਾਰ ਧਾਰਮਿਕ ਅਤੇ ਰਾਜਨੀਤਿਕ ਧਿਰਾਂ ਵਲੋਂ ਇਸ ਪ੍ਰਤੀ ਆਪਣੀਆਂ ਥੋੜ੍ਹ-ਚਿਰੀਆਂ ਪ੍ਰਾਪਤੀਆਂ ਅਤੇ ਨਿੱਜੀ ਕਮਜ਼ੋਰੀਆਂ ਕਰਕੇ ਅਵੇਸਲਾਪਨ ਧਾਰਨ ਕਰਨਾ ਹੈ।

ਅੱਜ ਜਦੋਂ ਇਤਿਹਾਸਕ ਤੱਥਾਂ ਨੂੰ ਤੋੜ ਮਰੋੜ ਕੇ ਪੇਸ਼ ਕਰਨ ਦਾ ਹੁਨਰ ਹੋਰ ਜ਼ਿਆਦਾ ਸੂਖ਼ਮ ਅਤੇ ਤਰਤੀਬ ਬੱਧ ਹੋ ਗਿਆ ਹੈ ਤਾਂ ਕੁਦਰਤੀ ਗੱਲ ਹੈ ਕਿ ਇਹੋ ਜਿਹੀਆਂ ਢਾਹੂ ਬਿਰਤੀਆਂ ਦਾ ਮੁਕਾਬਲਾ ਵੀ ਸੰਗਠਤ ਅਤੇ ਯੋਜਨਾ ਬੱਧ ਹੋ ਕੇ ਹੀ ਕੀਤਾ ਜਾ ਸਕਦਾ ਹੈ। ਜਿਸ ਲਈ ਦਲ ਖ਼ਾਲਸਾ ਅਲਾਇੰਸ ਯਤਨਸ਼ੀਲ ਹੈ।

ਸਿੱਖ ਕੌਮ ਦਾ ਪਿਛਲਾ ਸਮਾਂ ਜੰਗਾਂ ਯੁੱਧਾਂ ਵਿਚ ਲੰਘਣ ਕਰਕੇ ਇਤਿਹਾਸ ਲੇਖਣੀ ਦਾ ਕੰਮ ਗ਼ੈਰ ਸਿੱਖਾਂ ਨੇ ਹੀ ਕੀਤਾ ਹੈ, ਜਿਸ ਕਰਕੇ ਉਸ ਵਿਚ ਕਈ ਗੱਲਾਂ ਸਿੱਖ ਸਿਧਾਂਤਾਂ ਦੇ ਖ਼ਿਲਾਫ਼ ਹਨ। ਲੇਕਿਨ ਮੌਜੂਦਾ ਸਮੇਂ ਅੰਦਰ ਵੀ ਇਤਿਹਾਸ ਲੇਖਣੀ ਦਾ ਕਾਰਜ ਵਿਅਕਤੀਗਤ ਯਤਨਾਂ ਤੋਂ ਉੱਠ ਕੇ ਜਥੇਬੰਦਕ ਰੂਪ ਧਾਰਨ ਨਹੀਂ ਕਰ ਸਕਿਆ। ਸਾਡੀਆਂ ਧਾਰਮਿਕ ਸੰਸਥਾਵਾਂ ਚੋਖੇ ਵਸੀਲੇ ਹੁੰਦਿਆਂ ਵੀ ਇਸ ਕਾਰਜ ਦੀ ਝਾਕ ਯੂਨੀਵਰਸਿਟੀਆਂ ਜਾਂ ਹੋਰ ਸਰਕਾਰੀ ਸੰਸਥਾਵਾਂ ਤੋਂ ਰਖਦੀਆਂ ਹਨ ਜੋ ਕਿ ਇਤਿਹਾਸ ਪ੍ਰਤੀ ਹੱਦ ਦਰਜੇ ਦਾ ਅਵੇਸਲਾਪਨ ਦਰਸਾਉਂਦਾ ਹੈ।

ਪੁਰਾਤਨ ਸ੍ਰੋਤ ਕਿਤਾਬਾਂ ਦੀ ਗਿਣਤੀ ਤਾਂ ਉਂਗਲਾਂ ਤੇ ਗਿਣਨ ਯੋਗ ਹੈ। ਪ੍ਰੰਤੂ ਅੱਜ ਜਦੋਂ ਛਾਪੇ ਦੀ ਤਕਨੀਕ ਅਤਿ ਉਤਮ ਦਰਜੇ ਦੀ ਹੋ ਗਈ ਹੈ ਤਾਂ ਬੇਅੰਤ ਕਿਤਾਬਾਂ ਛੱਪ ਰਹੀਆਂ ਹਨ। ਪ੍ਰੰਤੂ ਸਿੱਖ ਕੌਮ ਅਜੇ ਕੋਈ ਇਹੋ ਜਿਹਾ ਢਾਂਚਾ ਨਹੀਂ ਬਣਾ ਸਕੀ ਕਿ ਛੱਪ ਰਹੀਆਂ ਕਿਤਾਬਾਂ ਦੀ ਘੋਖ ਕੀਤੀ ਜਾਵੇ। ਜਿਸ ਕਰਕੇ ਮੌਜੂਦਾ ਸਮੇਂ ਅੰਦਰ ਸਿੱਖ ਇਤਿਹਾਸ ਸੰਬੰਧੀ ਨਵੀਆਂ ਨਵੀਆਂ ਸਮੱਸਿਆਵਾਂ ਪੈਦਾ ਕੀਤੀਆਂ ਜਾ ਰਹੀਆਂ ਹਨ। ਹੋਰ ਤਾਂ ਹੋਰ ਹੱਦ ਦਰਜੇ ਦਾ ਅਵੇਸਲਾਪਨ

ਵਿਖਾਉਂਦਿਆਂ ਸਿੱਖ ਕੌਮ ਕੋਲ ਆਪਣੇ ਗੁਰੂਆਂ ਦੇ ਜੀਵਨ ਸੰਬੰਧੀ ਹੀ ਸਿੱਕੇ ਬੰਧ, ਤੱਥ ਆਧਾਰਿਤ ਖੋਜ ਪੂਰਨ ਕਿਤਾਬਾਂ ਦੀ ਘਾਟ ਅਜੋਕੇ ਸਮੇਂ ਅੰਦਰ ਬੇਹੱਦ ਰੜਕਦੀ ਹੈ। ਪ੍ਰੰਤੂ ਇਤਿਹਾਸ ਲੇਖਣੀ ਦਾ ਕਾਰਜ ਲੰਬਾ ਸਮਾਂ, ਲਗਾਤਾਰ ਕਾਰਜ, ਖੁਲ੍ਹੇ ਪੈਸੇ ਅਤੇ ਡੂੰਘੀ ਲਗਨ ਮੰਗਦਾ ਹੈ। ਇਸ ਤਰ੍ਹਾਂ ਦੇ ਇਤਿਹਾਸ ਲੇਖਣੀ ਦੇ ਪ੍ਰਜੈਕਟ ਉਲੀਕ ਕੇ ਉਨ੍ਹਾਂ ਤੇ ਕੰਮ ਕਰਨਾ ਅਜੇ ਸਿੱਖ ਸੰਸਥਾਵਾਂ ਦੀ ਕਾਰਜ-ਵਿਧੀ ਦਾ ਹਿੱਸਾ ਨਹੀਂ ਬਣ ਸਕਿਆ। ਵਿਅਕਤੀਗਤ ਵਸੀਲਿਆਂ ਵਾਲੇ ਲੋਕ ਵੀ ਥੋੜ ਚਿਰੀਆਂ ਅਤੇ ਦਿਖਾਵੇ ਵਾਲੀਆਂ ਕਾਰਵਾਈਆਂ ਵਿਚ ਹਿੱਸਾ ਪਾ ਕੇ ਹੀ ਸੰਤੁਸ਼ਟੀ ਪ੍ਰਾਪਤ ਕਰਦੇ ਹਨ।

ਅੱਜ ਜਦੋਂ ਰਾਜਨੀਤਿਕ ਬਿਰਤੀਆਂ ਧਾਰਮਿਕ ਸੰਸਥਾਵਾਂ ਤੇ ਭਾਰੂ ਹੋ ਗਈਆਂ ਹਨ ਤਾਂ ਸੱਚ ਨੂੰ ਸੱਚ ਕਹਿਣਾ ਆਮ ਆਦਮੀ ਲਈ ਹੋਰ ਵੀ ਔਖਾ ਹੋ ਗਿਆ। ਸਿੱਖ ਧਾਰਮਿਕ ਸੰਸਥਾਵਾਂ ਨੇ ਢੰਗ-ਟਪਾਊ ਨੀਤੀ ਅਪਣਾ ਲਈ ਹੈ। ਰਾਜਨੀਤਿਕ ਬਿਰਤੀਆਂ ਲਈ ਆਪਣੀ ਤਾਕਤ ਤੋਂ ਅੱਗੇ ਦੁਨੀਆਂ ਉਜਾੜ ਹੈ। ਉਹ ਲੋਕ ਇਹ ਨਹੀਂ ਸੋਚਦੇ ਕਿ ਜੜ੍ਹਾਂ ਹੀ ਸੁੱਕ ਗਈਆਂ ਤਾਂ ਦਰੱਖਤ ਕਿਵੇਂ ਹਰਾ ਰਹੇਗਾ ?

ਦਲ ਖਾਲਸਾ ਅਲਾਇੰਸ ਵਲੋਂ ਪ੍ਰਕਾਸ਼ਤ ਹੱਥਲੀ ਪੁਸਤਕ ਅੰਦਰ ਆਰ.ਐਸ.ਐਸ. ਵਲੋਂ ਸਮੇਂ-ਸਮੇਂ ਤੇ ਇਤਿਹਾਸਕ ਤੱਥਾਂ ਨੂੰ ਤੋੜ ਮਰੋੜ ਕੇ ਆਮ ਭੋਲੇ-ਭਾਲੇ ਸਿੱਖਾਂ ਨੂੰ ਵਰਗਲਾਉਣ ਲਈ ਕੀਤੇ ਯਤਨਾਂ ਨੂੰ ਤੱਥਾਂ ਨਾਲ ਜ਼ਾਹਰ ਕੀਤਾ ਹੈ। ਆਸ਼ਾ ਹੈ ਕਿ ਇਹ ਪੁਸਤਕ ਨੂੰ ਪੜ੍ਹ ਕੇ ਸਿੱਖ ਸੰਗਤਾਂ ਅਜਿਹੀਆਂ ਬਿਰਤੀਆਂ ਅਤੇ ਚਾਲਾਂ ਤੋਂ ਸੁਚੇਤ ਹੋਣਗੀਆਂ। ਜਿਸ ਨਾਲ ਆਰ.ਐਸ.ਐਸ. ਵਰਗੀਆਂ ਫਿਰਕੂ ਜਥੇਬੰਦੀਆਂ ਵਲੋਂ ਦੇਸ਼ ਦੇ ਵੱਖ-ਵੱਖ ਫਿਰਕਿਆਂ ਵਿੱਚ 'ਦੁਬਾਰਾ ਇਤਿਹਾਸ ਲੇਖਣੀ' ਦੇ ਨਾਂ ਹੇਠ ਕੁੜਤਨ ਪੈਦਾ ਕਰਨ ਵਾਲੀਆਂ ਕੁਚਾਲਾਂ ਨਾਕਾਮ ਹੋਣਗੀਆਂ।

—ਪਰਮਜੀਤ ਸਿੰਘ 'ਦਾਖਾ'
ਪ੍ਰਧਾਨ
ਦਲ ਖਾਲਸਾ ਅਲਾਇੰਸ
ਬਰਕਲੇ (ਅਮਰੀਕਾ)

# ਸੁਣ ਰੀ ਸਖੀ (ਇਹ ਉਪਰਾਲਾ ਕਿਉਂ?)

ਪਿਛਲੇ ਕੁਝ ਦਹਾਕੇ ਪੰਜਾਬ ਦੀਆਂ ਰੋਹੀਆਂ, ਕੱਸੀਆਂ, ਨਹਿਰਾਂ ਦੇ ਪੁਲ ਭਿਅੰਕਰ ਅਤੇ ਹਿਰਦੇਵੇਦਕ ਸਾਕਿਆਂ ਦੇ ਮਰਕਜ਼ ਬਣੇ ਰਹੇ। ਪੰਜਾਬ ਦੇ ਵਸਨੀਕਾਂ ਦੇ ਕੰਨਾਂ ਨੇ ਇਕ ਲੰਬਾ ਸਮਾਂ ਘਰ-ਘਰ ਪੈਂਦੇ ਦਿਲ-ਕੰਬਾਊ ਵੈਣ ਸੁਣੇ। ਘਰਾਂ ਤੋਂ ਚੁੱਕ-ਚੁੱਕ ਕੇ ਅਖੌਤੀ ਪੁਲਿਸ ਮੁਕਾਬਲਿਆਂ ਵਿਚ ਮਾਰੀ ਗਈ ਨੌਜਵਾਨੀ ਦੇ ਮਾਸ ਦਾ ਸੁਆਦ ਸ਼ਾਇਦ ਪੰਜਾਬ ਦੇ ਹਰ ਪਾਣੀ ਦੀ ਮੱਛੀ ਨੇ ਚੱਖਿਆ। ਪੰਜਾਬ ਦੀ ਅਣਖੀਲੀ ਨੌਜਵਾਨੀ ਦੇ ਖ਼ੂਨ ਦੀਆਂ ਨਦੀਆਂ ਵਗੀਆਂ ਪਰੰਤੂ ਖ਼ੁਦਗਰਜ਼ ਲੀਡਰਸ਼ਿਪ ਖ਼ੁਦਗਰਜ਼ੀ ਅਤੇ ਕੁਨਬਾਪ੍ਰਸਤੀ ਤੋਂ ਉੱਪਰ ਨਾ ਉਠ ਸਕੀ। ਇਸ ਸਥਾਪਿਤ ਲੀਡਰਸ਼ਿਪ ਦੇ ਮਨ ਅੰਦਰ ਕਿਤੇ ਥੋੜ੍ਹਾ ਜਿਹਾ ਵੀ ਪੰਥ ਪ੍ਰਤੀ ਹਮਦਰਦੀ ਦਾ ਖਿਆਲ ਆਉਂਦਾ ਤਾਂ ਸ਼ਾਇਦ ਕੌਮ ਦੀ ਅਜੋਕੀ ਦੁਰਦਸ਼ਾ ਨਾ ਹੁੰਦੀ। ਖ਼ੁਦਗਰਜ਼ ਲੀਡਰਸ਼ਿਪ ਦੀ ਨਿਪੁੰਸਕਤਾ ਸਦਕਾ ਅਸੀਂ ਉੱਨ ਲੁਹਾਉਣ ਵਾਲੀਆਂ ਭੇਡਾਂ ਤੋਂ ਵੀ ਬਦਤਰ ਰਹੇ। ਇਸ ਲੀਡਰਸ਼ਿਪ ਉਪਰ ਵਧੇਰੇ ਆਸ ਅਤੇ ਟੇਕ ਨੇ ਵੀ ਨਿਰਾਸ਼ਾ ਹੀ ਪੱਲੇ ਪਾਈ:

*ਹਮੇਂ ਉਨਸੇ ਵਫ਼ਾ ਕੀ ਉਮੀਦ ਰਹੀ,*
*ਜੋ ਜਾਨਤੇ ਹੀ ਨਹੀਂ ਕਿ ਵਫ਼ਾ ਕਿਆ ਹੈ।*

ਸਮੁੱਚੀ ਕੌਮ ਅਜੇ ਵਾਪਰੇ ਘੱਲੂਘਾਰਿਆਂ ਦੀ ਗੋਦ ਵਿਚੋਂ ਉਠਣ ਦਾ ਯਤਨ ਕਰ ਸਰੀਰਕ ਹਮਲਿਆਂ ਤੇ ਮਰ੍ਹਮ ਲਾ ਸਿਹਤਯਾਬ ਹੋਣ ਦੀ ਕੋਸ਼ਿਸ਼ ਵਿਚ ਸੀ ਕਿ ਬਿਪਰਵਾਦ ਨੇ ਪਹਿਲਾਂ ਤੋਂ ਭਿਆਨਕ ਰੂਪ ਵਿਚ ਬੌਧਿਕ ਹਮਲਿਆਂ ਦੀ ਝੜੀ ਲਗਾ ਦਿੱਤੀ। ਬਿਪਰਵਾਦੀ ਦੁਸ਼ਮਣ ਚਲਾਕ ਅਤੇ ਹਰ ਵਸੀਲੇ ਉਪਰ ਕਾਬਜ਼ ਹੈ। ਉਸ ਦੀਆਂ ਕੂਟਨੀਤਕ ਚਾਲਾਂ ਨੂੰ ਨਾ ਸਮਝਣ ਕਰਕੇ ਹੀ ਅਸੀਂ ਦਰ-ਬ-ਦਰ ਭਟਕਣਾ ਵਿੱਚ ਹਾਂ। ਸਰੀਰਕ ਹਮਲਿਆਂ ਤੋਂ ਬਾਅਦ ਆਰੰਭ ਹੋਏ ਬੌਧਿਕ ਹਮਲਿਆਂ ਨੂੰ ਕਰੀਬ ਇਕ ਦਹਾਕਾ ਤਾਂ ਅਸੀਂ ਸਮਝ ਹੀ ਨਾ ਸਕੇ ਅਤੇ ਬਿਪਰਵਾਦ ਅਮਨ-ਸ਼ਾਂਤੀ ਸਥਾਪਤੀ ਦੇ ਬੁਰਕੇ ਹੇਠ ਸਾਡਾ ਘਾਣ ਕਰਦਾ ਰਿਹਾ ਅਤੇ ਸਾਡੇ ਸਿਧਾਂਤਾਂ ਨਾਲ ਖਿਲਵਾੜ ਕਰਦਾ ਰਿਹਾ। ਖਾੜਕੂ ਸੰਘਰਸ਼ ਅੰਤਿਮ ਸਾਹਾਂ ਉਪਰ ਸੀ ਜਦੋਂ ਬਿਪਰਵਾਦੀ ਸੰਸਥਾ ਆਰ.ਐਸ.ਐਸ. ਅਤੇ ਇਸ ਦੀ ਅਖੌਤੀ ਸਿੱਖ ਭੁਜਾ ਰਾਸ਼ਟਰੀ ਸਿੱਖ ਸੰਗਤ ਨੇ ਪਿੰਡਾਂ ਵਿਚ ਪੈਰ ਪਸਾਰਨੇ ਆਰੰਭ ਕੀਤੇ। ਪਿੰਡੇ ਉਪਰ ਤਸ਼ੱਦਦ ਦਾ ਸੰਤਾਪ ਹੰਢਾ ਬੇਸੁਰਤ ਹੋਏ ਭੋਲੇ-ਭਾਲੇ ਪੇਂਡੂ ਲੋਕ ਸੰਘ ਦੇ ਇਸ ਲੁਕਵੇਂ ਮੰਤਵ ਨੂੰ ਸਮਝਣ ਤੋਂ ਅਸਮਰੱਥ ਸਨ। ਪੇਂਡੂ ਖੇਤਰਾਂ ਵਿਚ ਐਸਾ ਸਾਹਿਤ ਵੰਡਿਆ ਜਾ ਰਿਹਾ ਸੀ ਜੋ ਉਪਰੀ ਨਜ਼ਰੇ ਤਾਂ ਸਿੱਖ ਹਿਤੈਸ਼ੀ ਪ੍ਰਤੀਤ ਹੁੰਦਾ ਸੀ ਪਰੰਤੂ ਅੰਦਰੂਨੀ ਪਰਤਾਂ ਗੁਰਮਤਿ ਵਿਚਾਰਧਾਰਾ ਵਿਚ ਬਿਪਰਵਾਦੀ ਘੁਸਪੈਠ ਨਾਲ ਭਰਪੂਰ ਸਨ। ਕੁਝ ਥਾਵਾਂ ਤੋਂ ਇਕੱਤਰ ਹੋਏ ਐਸੇ

ਸਾਹਿਤ ਦੀ ਘੋਖ ਕਰਨ ਦਾ ਮੌਕਾ ਮਿਲਿਆ ਤਾਂ ਇੰਜ ਪ੍ਰਤੀਤ ਹੋਇਆ ਜਿਵੇਂ ਖੰਡ ਵਿੱਚ ਲਪੇਟ ਕੇ ਜ਼ਹਿਰ ਦਿੱਤੀ ਜਾ ਰਹੀ ਹੋਵੇ। ਸੰਘ ਵਲੋਂ ਪਿੰਡਾਂ ਵਿਚ ਵੰਡੇ ਜਾ ਰਹੇ ਸਾਹਿਤ ਅਤੇ ਕਾਰਜ ਵਿਧੀ ਵੱਲ ਧਿਆਨ ਖਿਚਿਆ ਗਿਆ ਅਤੇ ਦਾਸ ਨੇ ਇਸ ਪੱਖ ਉਪਰ ਧਿਆਨ ਕੇਂਦਰਿਤ ਕਰ ਸਾਹਿਤ ਇਕੱਠਾ ਕਰ ਘੋਖ ਪੜਤਾਲ ਆਰੰਭ ਕੀਤੀ। ਇਸੇ ਸਮੇਂ ਦੌਰਾਨ ਹੀ ਦਾਸ ਦਾ ਮਿਲਾਪ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਗੁਰਦਾਸਪੁਰ ਜ਼ੋਨ ਵਿਚ ਸੇਵਾ ਨਿਭਾ ਰਹੇ ਵੀਰਾਂ ਨਾਲ ਹੋਇਆ ਅਤੇ ਜਾਣ ਕੇ ਅਥਾਹ ਖੁਸ਼ੀ ਹੋਈ ਕਿ ਉਹ ਵੀਰ ਵੀ ਸੰਘ ਵਲੋਂ ਆਰੰਭੇ ਇਸ ਖ਼ਤਰਨਾਕ ਰੁਝਾਨ ਤੋਂ ਚਿੰਤਤ ਸਨ ਅਤੇ ਸੰਸਥਾਗਤ ਤੌਰ ਤੇ ਇਸ ਸੰਬੰਧੀ ਕਾਰਜਸ਼ੀਲ ਸਨ ਜਦੋਂ ਕਿ ਦਾਸ ਦਾ ਆਰੰਭਤਾ ਵਿਚ ਉਪਰਾਲਾ ਉਹਨਾਂ ਸਾਹਮਣੇ ਬਹੁਤ ਛੋਟਾ ਅਤੇ ਵਿਅਕਤੀਗਤ ਸੀ। ਕੁਝ ਸਮਾਂ ਦਾਸ ਨੇ ਉਹਨਾਂ ਵੀਰਾਂ ਨਾਲ ਸੇਵਾ ਨਿਭਾਈ ਅਤੇ ਉਹਨਾਂ ਵੀਰਾਂ ਨੇ ਮੈਨੂੰ ਕਾਰਜ ਵੀ ਇਸੇ ਵਿਸ਼ੇ ਨਾਲ ਸੰਬੰਧਿਤ ਹੀ ਸੌਂਪਿਆ। ਇਸ ਸਮੇਂ ਦੌਰਾਨ ਹੀ ਦਾਸ ਨੇ ਇਕੱਤਰ ਹੋਏ ਸਾਹਿਤ ਵਿਚੋਂ ਵਿਸ਼ੇ ਅਨੁਸਾਰ ਸੰਘ ਦੀਆਂ ਗੁਰਮਤਿ ਵਿਰੋਧੀ ਲਿਖਤਾਂ ਦੇ ਜੁਆਬ ਵਿਚ ਕੁਝ ਮਾਸਿਕ ਪੱਤਰਾਂ ਵਿਚ ਲਿਖੇ। ਸੰਗਤਾਂ ਵਲੋਂ ਮਿਲੇ ਵਧੀਆ ਹੁੰਗਾਰੇ ਤੋਂ ਹੌਸਲਾ ਅਫ਼ਜਾਈ ਮਿਲੀ।

ਇਸ ਤੋਂ ਬਾਅਦ ਵੱਖ-ਵੱਖ ਥਾਵਾਂ ਤੇ ਪੰਜਾਬ ਅਤੇ ਪੰਜਾਬ ਤੋਂ ਬਾਹਰ ਇਸ ਚਣੌਤੀ ਭਰਪੂਰ ਵਿਸ਼ੇ ਤੇ ਸੰਗਤਾਂ ਨਾਲ ਵਿਚਾਰਾਂ ਕਰਨ ਦਾ ਮੌਕਾ ਮਿਲਦਾ ਰਿਹਾ। ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਭਾਈ ਗੁਰਦਾਸ ਹਾਲ ਵਿਖੇ ਆਯੋਜਿਤ ਗੁਰਮਤਿ ਟ੍ਰੇਨਿੰਗ ਕੈਂਪ ਵਿਚ ਦਾਸ ਜਦੋਂ ਇਸ ਵਿਸ਼ੇ ਤੇ ਵਿਚਾਰਾਂ ਕਰਨ ਉਪਰੰਤ ਮੰਚ ਤੋਂ ਹੇਠਾਂ ਉਤਰਿਆ ਤਾਂ ਡਾ: ਖੜਕ ਸਿੰਘ ਜੀ ਨੇ ਜਿਥੇ ਇਸ ਦੀ ਸ਼ਲਾਘਾ ਕਰ ਦਾਸ ਦੀ ਪਿੱਠ ਤੇ ਥਾਪੜਾ ਦਿੱਤਾ ਉਥੇ ਨਾਲ ਹੀ ਸਾਰੀ ਸਮੱਗਰੀ ਨੂੰ ਪੁਸਤਕ ਰੂਪ ਵਿਚ ਪੇਸ਼ ਕਰਨ ਦੀ ਸੇਧ ਦਿੱਤੀ। ਡਾ: ਗੁਰਬਖਸ਼ ਸਿੰਘ ਜੀ ਯੂ.ਐਸ.ਏ. ਹੋਰਾਂ ਵੀ ਕੁਝ ਐਸਾ ਹੀ ਕਾਰਜ ਕਰਨ ਦੀ ਪ੍ਰੇਰਨਾ ਦਿੱਤੀ। ਅਕਾਲ ਫੈਡਰੇਸ਼ਨ ਵਲੋਂ ਡੇਰਾ ਬਾਬਾ ਨਾਨਕ ਵਿਖੇ ਕਰਵਾਏ ਗਏ ਇਕ ਸੈਮੀਨਾਰ ਵਿਚ ਮੇਰੇ ਵਿਚਾਰਾਂ ਨੂੰ ਸੁਣਨ ਉਪਰੰਤ ਸ: ਗੁਰਤੇਜ ਸਿੰਘ (ਸਾਬਕਾ ਆਈ.ਏ.ਐਸ.) ਨੇ ਕਿਹਾ ਕਿ ਇਹਨਾਂ ਗੰਭੀਰ ਮਸਲਿਆਂ ਨੂੰ ਪੁਸਤਕ ਰੂਪ ਕਰ ਸੰਗਤਾਂ ਨਾਲ ਜ਼ਰੂਰ ਸਾਂਝਾ ਕਰਨਾ ਚਾਹੀਦਾ ਹੈ। ਪੰਜਾਬ ਤੋਂ ਬਾਹਰ ਵੀ ਜਦੋਂ ਸਮਾਗਮਾਂ ਜਾਂ ਸੈਮੀਨਾਰਾਂ ਵਿਚ ਕੌਮੀ ਗ਼ੈਰਤ ਉਪਰ ਬੌਧਿਕ ਹਮਲਿਆਂ ਦੀ ਲੜੀ ਦੀ ਵਾਰਤਾ ਚਲਦੀ ਤਾਂ ਅਕਸਰ ਸੁਹਿਰਦ ਵੀਰ ਬੜੀ ਉਤਸੁਕਤਾ ਨਾਲ ਇਸ ਵਿਸ਼ੇ ਉਪਰ ਗਹਿਰ ਚਿੰਤਨ ਕਰਦੇ ਅਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਹੁੰਦਾ। ਦਾਸ ਨੇ ਜਦੋਂ ਇਸ ਸਾਰੀ ਸਮੱਗਰੀ ਨੂੰ (ਜਿਸ ਵਿਚੋਂ ਕੁਝ ਸਮੱਗਰੀ ਸੰਤ ਸਿਪਾਹੀ, ਖੰਡੇਧਾਰ ਸਪੋਕਸਮੈਨ, ਗੁਰਮਤਿ ਪ੍ਰਕਾਸ਼, ਆਤਮ ਰੰਗ, ਸਾਡਾ ਵਿਰਸਾ ਸਾਡਾ ਗੌਰਵ, ਆਦਿਕ ਮਾਸਿਕ ਪੱਤਰਾਂ ਵਿੱਚ ਛੱਪ ਚੁੱਕੀ ਸੀ) ਪੁਸਤਕ ਰੂਪ ਵਿਚ ਸੰਗਤਾਂ ਦੇ ਰੂ-ਬ-ਰੂ ਪੇਸ਼ ਕਰਨ ਦਾ ਉਪਰਾਲਾ ਆਰੰਭਿਆ ਤਾਂ ਮੂਲ ਖਰੜੇ ਉਪਰ ਕੌਮ ਦੇ ਚਿੰਤਕਾ, ਇਤਿਹਾਸਕਾਰਾਂ, ਅਤੇ ਵਿਦਵਾਨਾਂ ਦੀਆਂ ਅਣਮੁੱਲੀਆਂ ਵਿਚਾਰਾਂ ਦਾ ਪ੍ਰਵਾਹ ਵੀ ਪਟਿਆਲੇ ਵਿਖੇ ਚੱਲਿਆ। ਡਾ: ਵਿਕਰਮ ਸਿੰਘ (ਪ੍ਰਿੰ: ਗੁਰਮਤਿ ਕਾਲਜ ਪਟਿਆਲਾ) ਡਾ: ਗੁਰਚਰਨ ਸਿੰਘ ਅਤੇ ਪ੍ਰੋ: ਦਵਿੰਦਰ ਸਿੰਘ ਚੰਡੀਗੜ੍ਹ ਹੋਰਾਂ ਨੇ ਇਸ ਪੁਸਤਕ ਉਪਰ ਆਪਣੇ ਕੀਮਤੀ ਵਿਚਾਰ ਦਾਸ ਨਾਲ ਸਾਂਝੇ ਕੀਤੇ ਅਤੇ ਕੁਝ ਸੋਧ ਦੀ ਅਣਮੁੱਲੀ ਸਲਾਹ

ਵੀ ਦਾਸ ਨੂੰ ਦਿੱਤੀ।

ਡਾ: ਹਰਜਿੰਦਰ ਸਿੰਘ 'ਦਿਲਗੀਰ' ਹੋਰਾਂ ਨੇ ਸਮੇਂ-ਸਮੇਂ ਯੋਗ ਅਗਵਾਈ ਦਿਤੀ। ਸਮੁੱਚੀ ਪੁਸਤਕ ਵਿਚ ਵਧੇਰੇ ਵੇਰਵਾ ਤਾਂ ਐਸੇ ਬੌਧਿਕ ਹਮਲਿਆਂ ਦਾ ਹੀ ਦਿੱਤਾ ਹੈ ਜੋ ਸੰਘ ਅਤੇ ਉਸਦੀਆਂ ਭੁਜਾਵਾਂ ਵਲੋਂ ਕੌਮੀ ਗ਼ੈਰਤ ਉਪਰ ਕੀਤੇ ਜਾਂਦੇ ਹਨ, ਪਰੰਤੂ ਸਾਰਿਆਂ ਦਾ ਸੰਬੰਧ ਸੰਘ ਨਾਲ ਨਹੀਂ ਹੈ। ਕੁਝ ਲੋਕ ਕੇਵਲ ਸ਼ਾਂਤੀ ਦੇ ਮਾਹੌਲ ਨੂੰ ਖਰਾਬ ਕਰਨ ਲਈ ਐਸੀਆਂ ਹਰਕਤਾਂ ਕਰਦੇ ਹਨ ਜਿਸ ਨਾਲ ਫ਼ਿਰਕੂ ਝਗੜਿਆਂ ਨੂੰ ਹਵਾ ਦਿੱਤੀ ਜਾ ਸਕੇ ਤੇ ਕੁਝ ਲੋਕ ਵਿਅਕਤੀਗਤ ਤੌਰ ਤੇ ਹੀ ਐਸੇ ਘਟੀਆ ਕਾਰਜ ਕਰਦੇ ਹਨ ਜਿਸ ਬਾਰੇ ਹੋ ਸਕਦਾ ਹੈ ਸੰਘ ਦੀ ਕੇਂਦਰੀ ਕਾਰਜਕਾਰਨੀ ਵੀ ਅਣਜਾਣ ਹੋਵੇ। ਪਰੰਤੂ ਸਮੁੱਚੇ ਰੂਪ ਵਿਚ ਇਹ ਗੁਰਮਤਿ ਵਿਚਾਰਧਾਰਾ ਬਾਰੇ ਮਿਲਗੋਭਾ ਪੈਦਾ ਕਰ ਰਹੇ ਹਨ। ਸੁਹਿਰਦ ਹਿੰਦੂ ਵੀਰ ਵੀ ਇਸ ਤਰ੍ਹਾਂ ਦੀ ਫ਼ਿਰਕਾਪ੍ਰਸਤੀ ਭਰਪੂਰ ਕਾਰਵਾਈ ਤੋਂ ਨਾਖੁਸ਼ ਹਨ।

ਕੁਝ ਵਿਚਾਰਾਂ ਤੋਂ ਆਰੰਭ ਹੋ ਕੇ ਪੁਸਤਕ ਨੂੰ ਇਸ ਰੂਪ ਵਿਚ ਦ੍ਰਿਸ਼ਮਾਨ ਹੋਣ ਤੱਕ ਅਨੇਕਾਂ ਵੀਰਾਂ ਨੇ ਯੋਗ ਅਤੇ ਸਨੇਹ ਭਰਪੂਰ ਸਹਿਯੋਗ ਦਿੱਤਾ ਹੈ। ਸ਼ਾਇਦ ਇਹ ਕਾਰਜ ਸਿਰੇ ਨਾ ਚੜ੍ਹਦਾ ਜੇਕਰ ਗੁਰੂ ਪਾਤਸ਼ਾਹ ਸਿਰ ਤੇ ਮਿਹਰ ਭਰਿਆ ਹੱਥ ਰੱਖ ਕੇ ਸੂਲੀ ਨੂੰ ਸੂਲ ਨਾ ਕਰਦੇ। ਮੇਰੇ ਪਰਿਵਾਰ ਉਪਰ ਵੀ ਅਕਾਲਪੁਰਖ ਦੀ ਕਿਰਪਾ ਦ੍ਰਿਸ਼ਟੀ ਸੀ ਕਿ ਮੈਨੂੰ ਘਰੇਲੂ ਜ਼ਿੰਮੇਵਾਰੀਆਂ ਤੋਂ ਮੁਕਤ ਕਰ ਇਸ ਸੇਵਾ ਦਾ ਮੌਕਾ ਦਿੱਤਾ। ਅਮਰੀਕਾ ਨਿਵਾਸੀ ਆਪਣੇ ਅਜ਼ੀਜ਼ ਵੀਰ ਗੁਰਪ੍ਰੀਤ ਸਿੰਘ ਉਦੋਕੇ ਦਾ ਸ਼ੁਕਰਾਨਾ ਕਰਨ ਲਈ ਮੇਰੇ ਪਾਸ ਸ਼ਬਦ ਨਹੀਂ ਹਨ ਪਰੰਤੂ ਉਸ ਦੀਆਂ ਅਸੀਸਾਂ ਅਤੇ ਪਿਆਰ ਤੇ ਮੈਨੂੰ ਫ਼ਖਰ ਹੈ।

ਆਪਣੇ ਨਿਜੀ ਸਨੇਹੀਆਂ ਵਿੱਚ ਮੈਂ ਡਾ. ਅਵਤਾਰ ਸਿੰਘ ਸੇਖੋਂ, ਬੀਬੀ ਕਿਰਨਜੋਤ ਕੌਰ, ਡਾ: ਹਰਚੰਦ ਸਿੰਘ 'ਸਰਹਿੰਦੀ', ਸ: ਅਮਨਜੀਤ ਸਿੰਘ, ਅਮਨਦੀਪ ਕੌਰ ਚੰਡੀਗੜ੍ਹ, ਸ: ਚਮਕੌਰ ਸਿੰਘ, ਸ: ਇੰਦਰਜੀਤ ਸਿੰਘ 'ਗੋਗੋਆਣੀ', ਭਾਈ ਮੋਹਕਮ ਸਿੰਘ, ਸ: ਬਲਜੀਤ ਸਿੰਘ 'ਖ਼ਾਲਸਾ', ਗਗਨਜੀਤ ਸਿੰਘ ਅਮਰੀਕਾ, ਹਰਜੀਤ ਸਿੰਘ, ਗੁਰਸੇਵਕ ਸਿੰਘ ਧੌਲਾ, ਸੁਖਜੀਵਨ ਸਿੰਘ ਕੁੱਸਾ, ਮਨਿੰਦਰ ਸਿੰਘ ਇਟਲੀ, ਇਕਬਾਲ ਸਿੰਘ ਸਵੀਡਨ, ਮੋਹਨ ਸਿੰਘ ਢਿਲੋਂ (ਇੰਗਲੈਂਡ), ਸਤਵੀਰ ਕੌਰ ਬੋਸਟਨ (ਅਮਰੀਕਾ), ਟਹਿਲ ਸਿੰਘ (ਕਨੇਡਾ), ਸ: ਮਲਕੀਤ ਸਿੰਘ ਰਾਹੀ ਐਡਵੋਕੇਟ, ਸ: ਬਲਵਿੰਦਰ ਸਿੰਘ 'ਪੱਟੀ', ਬੀਬੀ ਅਮਰਜੀਤ ਕੌਰ ਅਤੇ ਹੋਰ ਸਾਰਿਆਂ ਦਾ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ।

ਸ: ਹਰਿੰਦਰਪਾਲ ਸਿੰਘ ਜੀ ਦਾ ਪਿਆਰ ਅਤੇ ਸ: ਪ੍ਰਿਤਪਾਲ ਸਿੰਘ ਅੰਮ੍ਰਿਤਸਰ, ਹੋਰਾਂ ਦੀ ਮਿਹਨਤ ਨੂੰ ਕਿਸੇ ਪੱਖੋਂ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਉਹਨਾਂ ਵਲੋਂ ਦਿੱਤੇ ਪਿਆਰ ਦਾ ਹਮੇਸ਼ਾ ਰਿਣੀ ਹਾਂ।

ਹੱਥਲੀ ਪੁਸਤਕ ਦਾ ਮੰਕਸਦ ਕੇਵਲ ਇਤਨਾ ਹੈ ਕਿ ਅਸੀਂ ਕੌਮੀ ਗ਼ੈਰਤ ਉਪਰ ਸਮਕਾਲੀ ਵਿਰੋਧੀਆਂ ਵਲੋਂ ਕੀਤੇ ਜਾ ਰਹੇ ਮਾਰੂ ਹੱਲਿਆਂ ਤੋਂ ਸੁਚੇਤ ਹੋ ਸਕੀਏ। ਇਸ ਵਿੱਚ ਕੋਈ ਸ਼ੱਕ ਨਹੀਂ

ਕਿ ਸਾਡੇ ਪਾਵਨ ਗੁਰਧਾਮਾਂ ਦੇ ਚਾਰ ਦਰਵਾਜ਼ੇ ਹਨ, ਹਰ ਕੋਈ ਜ਼ਾਤ ਵਰਣ ਦਾ ਵਿਤਕਰਾ ਛੱਡ ਆ ਸਕਦਾ ਹੈ ਪਰੰਤੂ ਸਾਡੀ ਵਿਚਾਰਧਾਰਾ ਵੇਚਣ ਜਾਂ ਨੁਕਸਾਨ ਪਹੁੰਚਾਉਣ ਵਾਸਤੇ ਕੋਈ ਇਹਨਾਂ ਦਰਵਾਜ਼ਿਆਂ ਦੀ ਵਰਤੋਂ ਕਰੇ ਤਾਂ ਸਾਨੂੰ ਯੋਗ ਜੁਆਬ ਲਈ ਤਿਆਰ ਰਹਿਣਾ ਪਵੇਗਾ। ਗੁਰੂ ਘਰ ਨਾਲ ਜੁੜੀ ਸ਼ਰਧਾ ਹੀ ਇਸ ਖਤਰਨਾਕ ਭੰਵਰ ਤੋਂ ਕਿਨਾਰੇ ਲਿਆ ਸਕਦੀ ਹੈ। ਅਜੇ ਵੀ ਸਮਾਂ ਹੈ, ਕੌਮੀ ਏਕਤਾ ਅਤੇ ਖ਼ੁਦਗਰਜ਼ੀਆਂ ਦਾ ਤਿਆਗ ਹੀ ਅਜਿਹੇ ਬਿਪਰਵਾਦੀ ਮਨਸੂਬਿਆਂ ਤੋਂ ਬਚਾਉਣ ਦੀ ਸਮਰੱਥਾ ਰੱਖਦਾ ਹੈ। ਰਾਜਸੀ ਸੱਤਾ ਦੀ ਮਦਹੋਸ਼ੀ ਵਿਚ ਮਸਤ ਅਤੇ ਪਤਿਤ ਵੀਰਾਂ ਨੂੰ ਹਲੂਣਾ ਦੇਣ ਦਾ ਇਹ ਨਿਮਾਣਾ ਉਪਰਾਲਾ ਹੈ। ਤਰੁੱਟੀਆਂ ਵਾਸਤੇ ਹਰ ਵਕਤ ਖ਼ਿਮਾਂ ਦਾ ਜਾਚਕ ਹਾਂ। ਨੇਕ ਅਤੇ ਉਸਾਰੂ ਸੁਝਾਅ ਦਾਸ ਨੂੰ ਖਿੜੇ ਮੱਥੇ ਪ੍ਰਵਾਨ ਹੋਣਗੇ। ਬੱਸ ਇਕ ਨਿਮਾਣੀ ਜਿਹੀ ਸੱਧਰ ਨਾਲ ਇਹ ਪੁਸਤਕ ਪਾਠਕਾਂ ਦੀ ਝੋਲੀ ਪਾਉਂਦਾ ਹਾਂ ਕਿ ਸਮੂਹ ਵਿਦਵਾਨਾਂ ਅਤੇ ਚਿੰਤਕਾਂ ਨੂੰ ਪਹਿਲ ਦੇ ਅਧਾਰ ਤੇ ਇਤਿਹਾਸ ਸਰੋਤਾਂ ਦੀ ਗੁਰਮਤਿ ਵਿਚਾਰਧਾਰਾ ਦੇ ਨਜ਼ਰੀਏ ਤੋਂ ਪੜਤਾਲ ਅਤੇ ਸੰਪਾਦਨਾ ਕਰਨੀ ਚਾਹੀਦੀ ਹੈ ਤਾਂ ਜੋ ਬਿਪਰਵਾਦੀ ਘੁਸਪੈਠ ਦਾ ਨਿਖੇੜਾ ਹੋ ਸਕੇ ਅਤੇ ਦੁਬਾਰਾ ਕੌਮ ਨੂੰ ਐਸੀ ਦੁਬਿਧਾ ਦਾ ਸ਼ਿਕਾਰ ਨਾ ਹੋਣਾ ਪਵੇ।

21 ਫਰਵਰੀ 2008 ਡਾ: ਸੁਖਪ੍ਰੀਤ ਸਿੰਘ 'ਉਦੋਕੇ'

# ਸਰਬੱਤ ਦਾ ਭਲਾ

ਜਗਤ ਗੁਰ, ਮਰਦਿ ਕਾਮਿਲ ਗੁਰੂ ਨਾਨਕ ਸਾਹਿਬ ਨੇ ਪਾਪਾਂ ਦੀ ਪ੍ਰਚੰਡ ਅਗਨ ਹਉਮੈਂ ਹੰਕਾਰ, ਦ੍ਵੈਤਵਾਦ ਵਿੱਚ ਸੜ ਰਹੀ ਲੋਕਾਈ ਨੂੰ ਸਰਬਤ ਦੇ ਭਲੇ ਦਾ ਮਹਾਨ ਸੰਦੇਸ਼ ਦਿੱਤਾ। ਗੁਰੂ ਸਾਹਿਬ ਦੇ ਆਗਮਨ ਸਮੇਂ ਹਿੰਦੋਸਤਾਨੀ ਲੋਕ ਰਾਜਨੀਤਕ ਤੌਰ ਤੇ ਮੁਗਲ ਹਾਕਮਾਂ ਦੇ ਗ਼ੁਲਾਮ ਸਨ, ਰਾਜਨੀਤਕ ਸੱਤਾ ਦੇ ਨਸ਼ੇ ਵਿਚ ਮਦਮਸਤ ਇਹ ਜ਼ਾਲਮ ਲੋਕ ਪਰਜਾ ਉਪਰ ਮਨਮਰਜ਼ੀ ਦੇ ਜ਼ੁਲਮੋਂ ਸਿਤਮ ਦਾ ਦੌਰ ਚਲਾ ਰਹੇ ਸਨ। ਮਾਸੂਮਾਂ ਤੇ ਅਤਿਆਚਾਰ ਕਰਨਾ ਇਹਨਾਂ ਲੋਕਾਂ ਦਾ ਮਨਭਾਉਂਦਾ ਸ਼ੁਗਲ ਬਣ ਚੁੱਕਾ ਸੀ। ਧਰਮ ਸੱਤਾ ਉਪਰ ਕੂਟਲਨੀਤੀ ਦੇ ਮਾਹਰ ਬਿਪਰ ਬਿਰਾਜਮਾਨ ਸਨ, ਕਰਮ-ਕਾਂਡਾਂ, ਵਹਿਮ ਭਰਮਾਂ ਅਤੇ ਜਾਦੂ ਟੂਣਿਆਂ ਦੇ ਸਦਕਾ ਲੋਕਾਂ ਨੂੰ ਮਾਨਸਿਕ ਤੌਰ ਤੇ ਅਪਾਹਜ ਬਣਾ ਕੇ ਭੋਲੇ-ਭਾਲੇ ਲੋਕਾਂ ਦਾ ਸ਼ੋਸ਼ਣ ਕਰ ਰਹੇ ਸਨ। ਇਨਸਾਨੀਅਤ ਦੀਆਂ ਉੱਚ ਮਿਆਰੀ ਕਦਰਾਂ ਕੀਮਤਾਂ, ਮਨੁੱਖਤਾ ਨਾਲ ਪਿਆਰ, ਇਕ ਅਕਾਲੀ ਤਾਕਤ ਦਾ ਆਲੰਬਰਦਾਰ ਧਰਮ ਖੰਭ ਲਗਾ ਕੇ ਉੱਡ ਚੁੱਕਾ ਸੀ। ਦਾਰਸ਼ਨਿਕ ਮੱਤ ਦੇ ਸਮਰਥਕ ਲੋਕ ਭਲਾਈ ਦੇ ਕਾਰਜਾਂ ਤੋਂ ਦੂਰ ਜਾ ਕੇ ਕੇਵਲ ਪਰਾ ਭੌਤਿਕ ਗਿਆਨ ਦੀ ਪ੍ਰਾਪਤੀ ਵਿੱਚ ਉਲਝੇ ਹੋਏ ਸਨ। 'ਬਿਪਰ ਸੈਨਾ ਦੇ ਅਣਮਨੁੱਖੀ ਤਸ਼ੱਦਦ ਤੋਂ ਜ਼ਖ਼ਮੀ ਹੋਇਆ ਬੁੱਧ ਧਰਮ ਭਾਵੇਂ ਪੱਤਨ ਦੇ ਕਰੀਬ ਸੀ ਪਰੰਤੂ ਬਚੇ-ਖੁਚੇ ਬੋਧੀਆਂ ਦਾ ਧਰਮ ਮਨੁੱਖੀ ਪ੍ਰੇਮ ਤੋਂ ਦੂਰ ਕੇਵਲ ਸਦਾਚਾਰਕ ਗੁਣਾਂ ਦੀ ਪ੍ਰਾਪਤੀ ਤੱਕ ਸੀਮਤ ਸੀ। ਦੁਨੀਆਂਦਾਰ ਲੋਕਾਂ ਨੂੰ ਸੱਚ ਦਾ ਮਾਰਗ ਦਰਸਾਉਣ ਵਾਲੇ ਲੋਕ 'ਅਤੀਤ' ਬਣ ਕੇ ਪਹਾੜੀ ਕੰਦਰਾਂ ਵਿੱਚ ਬੈਠ ਕੇ ਆਪਣੀ ਜ਼ਿੰਮੇਵਾਰੀ ਤੋਂ ਕਿਨਾਰਾਕਸ਼ੀ ਕਰ ਚੁੱਕੇ ਸਨ। ਸੰਸਾਰ ਵਿਚ ਕੋਈ ਅਜਿਹਾ ਮੱਤ ਜਾਂ ਸੰਪਰਦਾ ਨਜ਼ਰ ਨਹੀਂ ਸੀ ਆਉਂਦੀ ਜੋ ਤ੍ਰਿਸ਼ਨਾ, ਹੰਕਾਰ, ਹਉਮੈ, ਕਾਮ ਕ੍ਰੋਧ ਦੀ ਅੱਗ ਵਿਚ ਸੜ ਰਹੀ ਲੋਕਾਈ ਦੇ ਹਿਰਦਿਆਂ ਨੂੰ ਪਰਮ ਠੰਡਕ ਦਾ ਅਨੰਦ ਦੇ ਸਕੇ। ਪਰਮ ਆਤਮਾ ਤੇ ਆਤਮਾ ਦੇ ਸੰਗਮ ਦਾ ਹੋਕਾ ਦੇ ਸਕੇ। ਗੁਰੂ ਨਾਨਕ ਸਾਹਿਬ ਦੇ ਆਗਮਨ ਸਦਕਾ ਦੁਖੀ ਲੋਕਾਈ ਨੂੰ ਆਸ ਦੀ ਕਿਰਨ ਦਿਖਾਈ ਦਿੱਤੀ। ਗੁਰੂ ਸਾਹਿਬ ਦੇ ਆਗਮਨ ਪ੍ਰਤੀ ਕਵੀ ਇਕਬਾਲ ਦਾ ਕਥਨ ਹੈ:

*ਫਿਰ ਉਠੀ ਆਖ਼ਿਰ ਸਦਾਅ ਤੌਹੀਦ ਕੀ ਪੰਜਾਬ ਸੇ।*
*ਹਿੰਦ ਕੋ ਇਕ ਮਰਦਿ ਕਾਮਿਲ ਨੇ ਜਗਾਇਆ ਖ਼੍ਵਾਬ ਸੇ।*

ਰਾਜਨੀਤਕ ਗ਼ੁਲਾਮੀ ਧਾਰਮਿਕ ਆਗੂਆਂ ਵਲੋਂ ਪ੍ਰਚਾਰਿਤ ਕਰਮ-ਕਾਂਡਾਂ, ਬੇਅਣਖੀ,

ਗਫ਼ਲਤ ਦੀ ਨੀਂਦ ਸੌਂ ਚੁੱਕੀ ਹਿੰਦੁਸਤਾਨੀ ਜਨਤਾ ਨੂੰ ਸਾਹਿਬ ਪਿਤਾ ਨੇ ਹਲੂਣਾ ਦੇ ਕੇ ਜਗਾਇਆ, ਮਨੁੱਖਤਾ ਨਾਲ ਪਿਆਰ ਤੇ ਸਰਬੱਤ ਦੇ ਭਲੇ ਦਾ ਮਹਾਨ ਸੰਦੇਸ਼ ਦਿੱਤਾ। ਅਖੌਤੀ 'ਬਿਪਰਵਾਦ' ਦੀ 'ਕ੍ਰਿਪਾ' ਸਦਕਾ ਪ੍ਰਚੱਲਿਤ ਦੋਜ਼ਗੀ (Duality) ਦੀ ਭਾਵਨਾਂ, ਤ੍ਰਿਦੇਵ ਮੂਰਤੀਪੂਜਾ, ਤੇ ਬਹੁਦੇਵ ਵਾਦ ਦੇ ਵਿਰੁੱਧ ਡੱਟ ਕੇ ਸੰਘਰਸ਼ ਕੀਤਾ। ਬਿਪਰਵਾਦ ਸਦਕਾ ਜ਼ਾਤ ਪਾਤ ਦੇ ਜਟਿਲ ਬੰਧਨਾਂ ਵਿਚ ਜਕੜੇ ਗਏ ਲੋਕਾਂ ਨੂੰ ਇਸ ਘਾਤਕ ਬਿਮਾਰੀ ਤੋਂ ਆਜ਼ਾਦ ਕਰਨ ਦਾ ਅਤਿ ਕਠਿਨ ਕਾਰਜ ਆਰੰਭਿਆ। ਸੰਸਾਰ ਦੇ ਥ਼ਾਕੇ ਤੇ ਅਜਿਹੇ ਨਿਰਮਲ ਨਿਆਰੇ ਪੰਥ ਨੂੰ ਪ੍ਰਗਟ ਕੀਤਾ ਜਿਸਦੇ ਹਿਰਦੇ ਅੰਦਰ ਕੋਈ ਦ੍ਵੈਤਵਾਦ ਨਹੀਂ। ਜ਼ਾਤ ਵਰਣ ਜਾਂ ਉਚੀ ਕੁਲ ਦਾ ਕੋਈ ਹੰਕਾਰ ਨਹੀਂ, ਕਰਮ-ਕਾਂਡ ਤੇ ਵਹਿਮਾਂ ਭਰਮਾਂ ਦੀ ਕੋਈ ਗ੍ਰਿਫ਼ਤ ਨਹੀਂ, ਮਨੁੱਖੀ ਕਦਰਾਂ ਕੀਮਤਾਂ ਦਾ ਕੋਈ ਘਾਣ ਨਹੀਂ ਕੀਤਾ ਜਾਂਦਾ, ਹੋਰਨਾਂ ਮੱਤਾਂ ਵਾਂਗ ਨਾਮਨਿਹਾਦ ਨੀਂਵੀਆਂ ਜ਼ਾਤਾਂ ਦੇ ਲੋਕਾਂ ਨੂੰ ਫਿਟਕਾਰਿਆ ਨਹੀਂ ਜਾਂਦਾ, ਸਗੋਂ ਕੰਠ ਲਗਾਇਆ ਜਾਂਦਾ ਹੈ, ਗੁਰਮਤਿ ਦਾ ਉੱਚਤਮ ਸਿਧਾਂਤ ਹੈ:

*ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥*
*ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੧੫)

ਅਖੌਤੀ ਊਚ ਨੀਚ, ਜ਼ਾਤ ਵਰਣ ਜਾਂ ਕਿਸੇ ਧਰਮ ਪ੍ਰਤੀ ਗੁਰੂ ਨਾਨਕ ਦੇ ਨਿਰਮਲ ਪੰਥੀਆਂ ਦੇ ਹਿਰਦੇ ਅੰਦਰ ਕੋਈ ਜ਼ਾਤ ਹੰਕਾਰ ਜਾਂ ਈਰਖਾ ਭਾਵਨਾ ਨਹੀਂ। ਵਰਣ ਵੰਡ ਦੀ ਬਿਮਾਰੀ ਦਾ ਮਰੀਜ਼ ਭਾਵੇਂ ਬਿਪਰਾਂ ਵਾਸਤੇ ਘਿਰਣਾ ਦਾ ਪਾਤਰ ਹੈ, ਪ੍ਰੰਤੂ ਖ਼ਾਲਸੇ ਦੀਆਂ ਨਜ਼ਰਾਂ ਵਿਚ ਉਹ ਸਰਬ ਵਿਆਪਕ ਅਕਾਲ ਪੁਰਖ ਦੀ ਅੰਸ਼ ਹੈ। ਗੁਰਮਤਿ ਦਾ ਅਤਿ-ਸੂਖ਼ਮ ਤੇ ਅਟੱਲ ਸਿਧਾਂਤ ਹੈ ਕਿ ਹਰ ਜੀਵ ਅੰਦਰ ਅਕਾਲ ਪੁਰਖ ਦੀ ਇਲਾਹੀ ਜੋਤਿ ਵਰਤ ਰਹੀ ਹੈ, ਦਿੱਸਦੇ ਅਣਦਿੱਸਦੇ ਬ੍ਰਹਿਮੰਡ ਦੇ ਹਰ ਕਣ ਵਿੱਚ ਕੁਦਰਤ ਦੇ ਕਾਦਰ ਦੀ ਸਰਬ ਵਿਆਪੀ ਜੋਤਿ ਇਕ ਰਸ ਵਿਚਰ ਰਹੀ ਹੈ। ਨਿਰਮਲ ਕਰਮਾਂ ਸਦਕਾ ਸੱਚੀ ਕਿਰਤ ਤੇ ਨਾਮ ਦੀ ਕਮਾਈ ਸਦਕਾ ਜੀਵ ਉਸਦੀ ਦਰਗਾਹ ਵਿਚ ਮਾਣ ਪ੍ਰਾਪਤ ਕਰਦੇ ਹਨ, ਉਹ ਕੁਦਰਤ ਦਾ ਕਾਦਰ ਆਪਣੀ ਨਦਰਿ-ਕਰਮ ਕਰਕੇ ਨੀਵਿਆਂ ਨੂੰ ਉਚੇ ਕਰ ਦਿੰਦਾ ਹੈ, ਹਰਨ ਭਰਨ ਉਸ ਦੇ ਇਸ਼ਾਰੇ ਦੀ ਖੇਡ ਹੈ, ਖ਼ਾਲਿਕ ਜੋ ਖ਼ਲਕਤ ਵਿੱਚ ਵਰਤ ਰਿਹਾ ਹੈ, ਆਪਣੀ ਇੱਛਾ ਅਨੁਸਾਰ ਰਹਿਮਤ ਦੀ ਬਖਸ਼ਿਸ਼ ਕਰਦਾ ਹੈ। ਕਿਸੇ ਅਖੌਤੀ ਨੀਵੀਂ ਜ਼ਾਤੀ ਵਿਚ ਜਨਮ ਲੈਣ ਸਦਕਾ ਕੋਈ ਨੀਵਾਂ ਨਹੀਂ ਸਗੋਂ ਕਰਮਾਂ ਸਦਕਾ ਨੀਵਾਂ ਜਾਂ ਉੱਚਾ ਹੈ।

*ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੧੩੩੦)

ਗੁਰਮਤਿ ਸਿਧਾਂਤ ਅਨੁਸਾਰ ਲਾਲੋ ਤਾਂ ਅਖੌਤੀ ਨੀਵੀਂ ਜ਼ਾਤੀ ਦਾ ਹੋਣ ਕਰਕੇ ਵੀ ਉੱਤਮ

ਹੈ, ਕਿਉਂਕਿ ਉਸਦੀ ਕਿਰਤ ਸੱਚੀ ਸੁੱਚੀ ਹੈ, ਸੱਚ ਆਚਾਰ ਦਾ ਧਾਰਨੀ ਹੈ ਪਰੰਤੂ ਦੂਸਰੇ ਪਾਸੇ ਅਖੌਤੀ ਉਚੀ ਜਾਤੀ ਦੇ ਹੰਕਾਰ ਵਿਚ ਮਦਹੋਸ਼ ਮਲਕ ਭਾਗੋ ਨੀਚ ਹੈ, ਕਿਉਂਕਿ ਉਸਦੀ ਕਿਰਤ ਧਰਮ ਦੀ ਕਿਰਤ ਨਹੀਂ ਹਿਰਦਾ ਕਪਟ ਅਹੰਕਾਰ ਨਾਲ ਭਰਪੂਰ ਹੈ। ਉਸਦੇ ਸ਼ਾਹੀ ਪਕਵਾਨਾਂ ਨਾਲੋਂ ਲਾਲੋ ਦੀ ਕੋਧਰੇ ਦੀ ਰੋਟੀ ਵੀ ਲੱਜ਼ਤ ਭਰਪੂਰ ਹੈ।

*ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੩੪੯)

ਤੀਸਰੇ ਗੁਰੂ ਨਾਨਕ ਨੇ ਤਾਂ ਜ਼ਾਤ-ਪਾਤ ਦੇ ਅਹੰਕਾਰ ਵਿਚ ਮਦਮਸਤ ਮਨੁੱਖ ਨੂੰ ਮੂਰਖ ਤੇ ਗਵਾਰ ਕਿਹਾ ਹੈ:

*ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥*
*ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥ ੧॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੨੭)

ਚਾਰੇ ਵਰਨ ਮਨੁੱਖਤਾ ਦੇ ਬਣਾਏ ਹੋਏ ਹਨ, ਉਸ ਕੁਦਰਤ ਦੇ ਕਾਦਰ ਦੀ ਨਜ਼ਰ ਵਿਚ ਕੋਈ ਊਚ ਨੀਚ ਨਹੀਂ, 'ਮਾਟੀ ਏਕ' ਤੋਂ 'ਸਗਲ ਸੰਸਾਰ' ਦੀ ਉਤਪਤੀ ਹੋਈ ਹੈ। ਪੰਚਤਤ ਤੋਂ ਦੇਹੀ ਦਾ ਅਕਾਰ ਬਣਿਆ ਹੈ, ਕੀਤੇ ਹੋਏ ਕਰਮਾਂ ਸਦਕਾ ਜੀਵ ਆਵਾਗਵਨ ਦੇ ਚੱਕਰ ਵਿਚ ਪਿਆ ਰਹਿੰਦਾ ਹੈ। ਦੁਰਮਤਿ ਵੇਖ ਦਿਆਲ ਜਾਂ ਦੂਸਰੇ ਸ਼ਬਦਾਂ ਵਿਚ ਬਦੀ ਤੇ ਨੇਕੀ ਕਰਨ ਦਾ ਸਬਕ ਗੁਰੂ ਬਾਬੇ ਨੇ ਹੀ ਦ੍ਰਿੜ ਕਰਵਾਇਆ ਹੈ। ਗੁਰੂ ਪਿਤਾ ਨੇ ਮੰਦ-ਕਰਮਾਂ ਦੀ ਦਲਦਲ ਵਿਚ ਫਸੇ ਹੋਏ ਸੱਜਣ ਠੱਗ ਨੂੰ ਪਰਮ ਆਤਮਾ ਨਾਲ ਅਦੁੱਤੀ ਸੱਜਣਤਾ ਦਾ ਉਪਦੇਸ਼ ਦਿੰਦਿਆ ਕਿਹਾ:

*ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ॥*
*ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ॥ ੧॥*

(ਗੁਰੂ ਗ੍ਰੰਥ ਸਾਹਿਬ, ਪੰਨਾ ੭੨੯)

ਗੁਰੂ ਪਿਤਾ ਨੇ ਸਰਬੱਤ ਦੇ ਭਲੇ ਦਾ ਮਹਾਨ ਸੰਦੇਸ਼ ਫੈਲਾਉਣ ਲਈ ਸੰਸਾਰ ਦਾ ਚੱਕਰ ਲਗਾਇਆ, ਬੁਰੇ ਕਰਮਾਂ ਦੇ ਧਾਰਨੀ ਲੋਕ ਵੀ ਪਿਤਾ ਗੁਰੂ ਦੀ ਅਜ਼ਮਤ ਤੋਂ ਪ੍ਰਭਾਵਿਤ ਹੋ ਕੇ ਗੁਰੂ ਘਰ ਕੇ ਪ੍ਰਚਾਰਕ ਬਣੇ, ਭਾਈ ਗੁਰਦਾਸ ਜੀ ਸਾਖੀ ਭਰਦੇ ਹਨ:

*ਬਾਬੇ ਤਾਰੇ ਚਾਰਿ ਚਕਿ, ਨਉ ਖੰਡਿ ਪ੍ਰਿਥਮੀ ਸਚਾ ਢੋਆ।*

(ਭਾਈ ਗੁਰਦਾਸ ਜੀ)

ਸੰਸਾਰ ਦੇ ਹੋਰਨਾਂ ਧਰਮਾਂ ਨੇ ਆਪਣੇ ਆਪਣੇ ਮੱਤ ਦਾ ਪਸਾਰਾ ਕਰਨ ਵਾਸਤੇ ਕਈ ਤਰ੍ਹਾਂ ਦੇ ਅਧਰਮੀ ਕਰਮਾਂ ਦਾ ਆਸਰਾ ਲਿਆ, ਕਿਸੇ ਨੇ ਰਾਜਸੀ ਬਲ ਦੇ ਸਦਕਾ ਜਹਾਦ ਦਾ ਨਾਮ ਦੇ ਕੇ ਮਨੁੱਖੀ ਜੀਵਨ ਦੀਆਂ ਨੈਤਿਕ ਕਦਰਾਂ ਕੀਮਤਾਂ ਨੂੰ ਛਿੱਕੇ ਤੇ ਟੰਗ ਕੇ ਮਨੁੱਖਤਾ ਦਾ ਘਾਣ ਕੀਤਾ, ਅਣਮਨੁੱਖੀ ਤਸ਼ੱਦਦ ਕੀਤਾ ਤੇ ਆਪਣੇ ਧਰਮ ਨੂੰ ਸਰਬ ਉੱਤਮ ਦੱਸਦੇ ਹੋਏ ਨਿਤਾਣਿਆਂ

ਨੂੰ ਧਰਮ ਬਦਲੀ ਲਈ ਮਜਬੂਰ ਕੀਤਾ। ਕਿਸੇ ਨੇ ਕਰਮ ਕਾਂਡਾਂ ਵਹਿਮਾਂ ਭਰਮਾਂ ਸਦਕਾ ਲੋਕਾਂ ਦਾ ਆਰਥਿਕ ਸ਼ੋਸ਼ਨ ਕਰਕੇ ਸ੍ਵੈ-ਧਰਮ ਨੂੰ ਉੱਤਮ ਦਰਸਾਉਣ ਦਾ ਯਤਨ ਕੀਤਾ, ਪਰੰਤੂ ਧਰਮ ਪ੍ਰਤੀ ਗੁਰੂ ਬਾਬੇ ਦਾ ਨਜ਼ਰੀਆ ਵੱਖਰਾ ਹੀ ਸੀ, ਭਾਵੇਂ ਕਿ ਆਪਣੇ ਹਮਲਾਵਰ ਹੋ ਕੇ ਆਏ ਮੁਗ਼ਲ ਸ਼ਾਸਕ ਬਾਬਰ ਨੂੰ 'ਜ਼ਾਬਰ' ਤੇ ਉਸ ਦੀ ਸ਼ਸਤਰ ਬਧ ਸੈਨਾ ਨੂੰ 'ਪਾਪ ਕੀ ਜੰਞ' ਆਖ ਕੇ ਨਿਵਾਜਿਆ। ਉਸਦੇ ਮਜ਼ਹਬੀ ਜਨੂੰਨ ਸਦਕਾ ਕੁਮਲਾਏ ਹੋਏ ਲੋਕਾਂ ਨਾਲ ਹਮਦਰਦੀ ਪ੍ਰਗਟ ਕੀਤੀ ਤੇ ਢਾਰਸ ਦਿੱਤਾ, ਪ੍ਰੰਤੂ ਗੁਰੂ ਸਾਹਿਬ ਨੇ ਆਪਣੇ ਉਪਦੇਸ਼ਾਂ ਜਾਂ ਅੰਮ੍ਰਿਤਮਈ ਪਾਵਨ ਬਾਣੀ ਵਿਚ ਇਸਲਾਮ ਮੱਤ ਜਾਂ ਮੁਸਲਮਾਨਾਂ ਪ੍ਰਤੀ ਕੋਈ ਅਪਮਾਨ ਜਨਕ ਸ਼ਬਦ ਨਹੀਂ ਵਰਤਿਆ ਸਗੋਂ ਹਰ ਮੁਸਲਮਾਨ ਨੂੰ ਦੀਨ-ਏ-ਇਸਲਾਮ ਅਨੁਸਾਰ ਸੱਚਾ ਮੁਸਲਮਾਨ ਬਣਨ ਦੀ ਤਾਕੀਦ ਕੀਤੀ, ਆਪ ਨੇ ਅੱਲਾ ਪਾਕ ਦੀ ਪਵਿੱਤਰ ਯਾਦ ਵਿਚ ਪੰਜ ਨਮਾਜ਼ਾਂ ਪੜ੍ਹਨ ਵਾਲੇ ਨੂੰ ਹੀ ਸੱਚਾ ਮੁਸਲਮਾਨ ਕਿਹਾ, ਖ਼ੁਦਾ ਦੀ ਸਿਫਤ ਸਲਾਹ ਕਰਦੇ ਹੋਏ, ਸੱਚ ਆਚਾਰ ਦੇ ਧਾਰਨੀ ਬਣਨ ਦਾ ਉਪਦੇਸ਼ ਦਿੱਤਾ। ਗੁਰੂ ਸਾਹਿਬ ਨੇ ਹਰ ਮੋਮਨ ਨੂੰ ਕਰੀਮ ਖ਼ੁਦਾਵੰਦ ਪਾਸੋਂ ਬੰਦਗੀ ਦੀ ਖ਼ੈਰ ਮੰਗਣ ਅਤੇ ਨੇਕਨੀਅਤ ਦਾ ਮੁਜੱਸਮਾ ਬਣਨ ਨੂੰ ਕਿਹਾ, ਆਪ ਨੇ ਫੁਰਮਾਇਆ :

*ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ॥*
*ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ॥*
*ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ॥*
*ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੧੪੧)

ਗੁਰੂ ਸਾਹਿਬ ਦੁਆਰਾ ਆਰੰਭਿਆ ਸੰਘਰਸ਼ ਕਿਸੇ ਧਰਮ ਦੇ ਖਿਲਾਫ਼ ਨਹੀਂ ਬਲਕਿ ਜ਼ੁਲਮ ਅਤੇ ਜ਼ਾਲਿਮ ਦੇ ਖਿਲਾਫ਼ ਸੀ। ਆਮ ਜਨਤਾ ਵਿਚ ਭਾਵੇਂ ਧਾਰਮਿਕ ਤੌਰ ਤੇ ਬ੍ਰਾਹਮਣਾਂ ਦਾ ਉੱਚਤਮ ਸਥਾਨ ਸੀ, ਪ੍ਰੰਤੂ ਇਹ ਲੋਕ ਮੁਗ਼ਲ ਸ਼ਾਸ਼ਕਾਂ ਦੀ ਗ਼ੁਲਾਮੀ ਸਦਕਾ ਧਾਰਮਿਕ ਅਤੇ ਮਨੁੱਖਤਾ ਨਾਲ ਪਿਆਰ ਕਰਨ ਵਾਲੇ ਅਸੂਲਾਂ ਦਾ ਤਿਆਗ ਕਰਕੇ ਪੂਰਨ ਗ਼ੁਲਾਮੀ ਵਾਲਾ ਜੀਵਨ ਬਤੀਤ ਕਰ ਰਹੇ ਸਨ। ਖ਼ੁਸ਼ਾਮਦ ਸਦਕਾ ਮੁਗ਼ਲ ਸ਼ਾਸ਼ਕਾਂ ਦੀ ਸਰਪ੍ਰਸਤੀ ਹਾਸਲ ਸੀ, ਤੇ ਰਾਜਨੀਤਿਕ ਬਲਵਾਨਾਂ ਦੀ ਸ਼ਹਿ ਸਦਕਾ ਮਨਮਾਨੀਆਂ ਕਰਦੇ ਸਨ। ਲੋਕਾਂ ਨੂੰ ਕਰਮਕਾਂਡਾਂ ਵਿੱਚ ਫਸ ਕੇ ਠੱਗ ਰਹੇ ਸਨ। ਵਰ ਸਰਾਪ ਦੇ ਡਰਾਵੇ ਦੇ ਕੇ ਮਨਾਂ ਉਪਰ ਕਰਮ ਕਾਂਡਾਂ ਅਤੇ ਵਹਿਮਾਂ ਭਰਮਾਂ ਨਾਲ ਭਰਪੂਰ ਰਸਮਾਂ ਥੋਪੀਆਂ ਜਾ ਰਹੀਆਂ ਸਨ।

ਗੁਰਦੇਵ ਪਿਤਾ ਨੇ ਬਿਪਰ ਸਮਾਜ ਵਲੋਂ ਪ੍ਰਸਾਰਿਤ ਕਰਮਕਾਂਡੀ ਰਸਮਾਂ ਉਪਰ ਕਰਾਰਾ ਵਾਰ ਕੀਤਾ, ਜਨੇਊ ਦੀ ਬਿਪਰਵਾਦੀ ਰਸਮ ਪ੍ਰਤੀ ਫੁਰਮਾਇਆ :

*ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥*
*ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੪੭੧)

ਅਖੌਤੀ ਬਿਪਰ ਰਸਮਾਂ ਉਪਰ ਗੁਰੂ ਸਾਹਿਬ ਦਾ ਇਹ ਮਹਾਨ ਸੰਦੇਸ਼ ਭਰਵਾਂ ਵਾਰ ਸੀ। ਗੁਰੂ ਪਿਤਾ ਨੇ ਪ੍ਰਚਾਰਕ ਦੌਰਿਆਂ ਦੌਰਾਨ ਜਗ੍ਹਾ-ਜਗ੍ਹਾ ਜਾ ਕੇ ਬਿਪਰਵਾਦੀ ਕਰਮਾਂ ਦਾ ਕਰੜਾ ਵਿਰੋਧ ਕੀਤਾ, ਸੱਚ ਦਾ ਪ੍ਰਚਾਰ ਕਰਦਿਆਂ ਜਾਨ ਜੋਖਮ ਵਿਚ ਪਾਉਣੀ ਪਈ, ਬਿਪਰ ਧਾਰਮਿਕ ਸਥਾਨਾਂ ਤੇ ਕਾਬਜ਼ ਕਰਮਕਾਂਡੀਆਂ ਨੇ ਗੁਰੂ ਸਾਹਿਬ ਦੀ ਭਾਰੀ ਵਿਰੋਧਤਾ ਕੀਤੀ, ਪ੍ਰੰਤੂ ਅੰਤ ਵਿਚ ਗੁਰੂ ਸਾਹਿਬ ਦੇ ਅਕਾਲੀ ਉਪਦੇਸ਼ਾਂ ਨੂੰ ਸੁਣ ਕੇ ਕਾਇਲ ਹੋਣਾ ਹੀ ਪਿਆ। ਗੁਰੂ ਸਾਹਿਬ ਨੇ ਬ੍ਰਾਹਮਣ ਧਰਮ ਦੀ ਨਹੀਂ ਬਲਕਿ ਉਸ ਧਰਮ ਵਿਚ ਰਲਗੱਡ ਹੋਈਆਂ ਅਜਿਹੀਆਂ ਰਸਮਾਂ ਦੀ ਵਿਰੋਧਤਾ ਕੀਤੀ ਜੋ ਮਨੁੱਖਤਾ ਦੇ ਮਸਤਕ ਤੇ ਕਲੰਕ ਸਮਾਨ ਸਨ। ਗੁਰੂ ਸਾਹਿਬ ਨੇ ਪੰਡਿਤ ਨੂੰ ਸ਼ੁਧ ਤੇ ਸੱਚ ਅਧਾਰਿਤ ਰਸਮਾਂ ਦਾ ਧਾਰਨੀ ਹੋਣ ਤੇ ਰਮੇ ਹੋਏ ਰਾਮ ਦਾ ਉਪਾਸ਼ਕ ਬਣਨ ਦਾ ਉਪਦੇਸ਼ ਦਿੱਤਾ। ਕਰਮ ਕਾਂਡੀ ਬੰਧਨਾਂ ਤੋਂ ਮੁਕਤ ਹੋ ਕੇ ਜੀਵਨ ਮੁਕਤ ਕਰਨ ਦਾ ਉਪਦੇਸ਼ ਦਿੱਤਾ।

*ਬੰਧਨ ਤੋੜੈ ਹੋਵੈ ਮੁਕਤੁ॥ ਸੋਈ ਬ੍ਰਹਮਣੁ ਪੂਜਣ ਜੁਗਤੁ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੧੪੧੧)

ਖੱਤ੍ਰੀ ਲੋਕ ਜਿਨ੍ਹਾਂ ਦਾ ਧਰਮ ਸ਼ਮਸ਼ੀਰ ਫੜ ਕੇ ਜ਼ੁਲਮ ਜਾਂ ਜ਼ਾਲਿਮ ਹਮਲਾਵਰ ਦੇ ਖ਼ਿਲਾਫ਼ ਜੂਝਣਾ ਸੀ ਉਹ ਲੋਕ ਨਿਮਾਣਿਆਂ ਉਪਰ ਜ਼ੁਲਮ ਕਰ ਰਹੇ ਸਨ, ਗਰੀਬਾਂ ਦੀ ਰੱਤ ਚੂਸ ਰਹੇ ਸਨ, ਗੁਰੂ ਸਾਹਿਬ ਨੇ ਉਹਨਾਂ ਨੂੰ ਸਰਬੱਤ ਦੇ ਭਲੇ ਦਾ ਧਰਮ ਦ੍ਰਿੜ੍ਹ ਕਰਵਾਉਂਦਿਆਂ ਉਪਦੇਸ਼ ਦਿੱਤਾ:

*ਖਤ੍ਰੀ ਸੋ ਜੁ ਕਰਮਾ ਕਾ ਸੂਰੁ॥ ਪੁੰਨ ਦਾਨ ਕਾ ਕਰੈ ਸਰੀਰੁ॥*
*ਖੇਤੁ ਪਛਾਣੈ ਬੀਜੈ ਦਾਨੁ॥ ਸੋ ਖਤ੍ਰੀ ਦਰਗਹ ਪਰਵਾਣੁ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੧੪੧੧)

ਗੁਰੂ ਸਾਹਿਬ ਨੇ ਸੰਸਾਰ ਦੇ ਲੋਕਾਂ ਨੂੰ ਸਰਬੱਤ ਦੇ ਭਲੇ ਦਾ ਸੰਕਲਪ ਦ੍ਰਿੜ੍ਹ ਕਰਵਾਇਆ, ਅਜਿਹੀ ਘਾੜਤ ਘੜੀ ਕਿ ਗੁਰੂ ਨਾਨਕ ਦਾ ਸਿੱਖ ਕਿਸੇ ਦਾ ਬੁਰਾ ਨਹੀਂ ਚਿਤਵਦਾ, ਬਦੀ ਉਤੇ ਨੇਕੀ ਦੀ ਰਹਿਮਤ ਕਰਦਾ ਹੈ, ਬੁਰਾਈ ਨੂੰ ਖਤਮ ਕਰਨ ਲਈ ਜੂਝਦਾ ਹੈ ਤੇ ਹੱਕ ਸੱਚ ਦੀ ਆਵਾਜ਼ ਬੁਲੰਦ ਕਰਦਾ ਹੋਇਆ, ਸ਼ਹਾਦਤ ਦਾ ਰੁਤਬਾ-ਇ-ਅਜ਼ੀਮ ਪ੍ਰਾਪਤ ਕਰਦਾ ਹੈ।

ਪੰਜਵੇਂ ਨਾਨਕ ਨੇ ਤੱਤੀ ਤਵੀ ਤੇ ਅਡੋਲ ਬੈਠ ਕੇ ਜਿਥੇ 'ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥' ਦਾ ਆਤਮਿਕ ਉਪਦੇਸ਼ ਬਖਸ਼ਿਸ਼ ਕੀਤਾ ਉਥੇ ਨੌਂਵੇਂ ਜਾਮੇ ਵਿਚ ਨਾਨਕ ਨੇ ਗ਼ੈਰਧਰਮੀਆਂ ਦੀ ਆਜ਼ਾਦੀ ਅਤੇ ਧਰਮ ਉਤੇ ਹੋਏ ਹਮਲੇ ਨੂੰ ਨਾ ਸਹਾਰਦਿਆਂ ਹੋਇਆਂ, ਦੁਖੀਆਂ ਦੀ ਪੁਕਾਰ ਸੁਣਦੇ ਹੋਏ, ਆਪਣੇ ਸਰੀਰ ਦਾ ਠੀਕਰਾ ਦਿੱਲੀ ਵਿਖੇ ਭੰਨਿਆ। ਸੰਸਾਰ ਦੇ ਇਤਿਹਾਸ ਵਿੱਚ ਕੋਈ ਮਿਸਾਲ ਅਜਿਹੀ ਲਾਸਾਨੀ ਸ਼ਹਾਦਤ ਦੀ ਨਹੀਂ ਮਿਲਦੀ, ਜਦੋਂ ਕਿਸੇ ਧਾਰਮਿਕ ਰਹਿਨੁਮਾ ਨੇ ਕਿਸੇ ਗ਼ੈਰ ਧਰਮ ਦੇ ਧਾਰਮਿਕ ਚਿੰਨ੍ਹਾਂ ਦੀ ਖ਼ਾਤਿਰ ਜਾਮ-ਏ ਸ਼ਹਾਦਤ ਪੀਤਾ ਹੋਵੇ।

ਦਸਵੇਂ ਨਾਨਕ ਨੇ ਦੱਬੇ ਕੁਚਲੇ ਨਿਮਾਣੇ, ਨਿਤਾਣੇ, ਅਖੌਤੀ ਨੀਵੀਆਂ ਜ਼ਾਤਾਂ ਨਾਲ

ਸੰਬੰਧਿਤ ਲੋਕਾਂ ਨੂੰ ਜੀਵਨ ਦੀਆਂ ਉਚ ਮਿਆਰੀ ਕਦਰਾਂ ਕੀਮਤਾਂ ਨਾਲ ਭਰਪੂਰ ਗ਼ੈਰਤ ਤੇ ਅਣਖ ਦਾ ਮੁਜੱਸਮਈ ਜੀਵਨ ਬਖਸ਼ਿਸ਼ ਕਰਦਿਆਂ ਹੋਇਆਂ ਸੰਸਾਰ ਦੇ ਖਾਕੇ ਤੇ ਖ਼ਾਲਸਾ ਪੰਥ ਰੂਪ ਵਿਚ ਪ੍ਰਗਟ ਕੀਤਾ, ਜਿਨ੍ਹਾਂ ਨੂੰ ਅਖੌਤੀ ਉਚ ਜ਼ਾਤੀ ਦੇ ਹੰਕਾਰੀਆਂ ਵੱਲੋਂ ਤਿਸਕਾਰਿਆ ਜਾਂਦਾ ਸੀ, ਗੁਰੂ ਪਿਤਾ ਨੇ ਖੰਡੇ ਦੀ ਪਾਹੁਲ ਬਖਸ਼ਿਸ਼ ਕਰਕੇ ਪੰਜ ਪਿਆਰਿਆਂ ਦਾ ਖਿਤਾਬ ਬਖਸ਼ਿਸ਼ ਕੀਤਾ, ਅਕਾਲ ਪੁਰਖ ਕੀ ਫ਼ੌਜ ਆਖ ਕੇ ਪ੍ਰਗਟ ਕੀਤੇ ਖ਼ਾਲਸੇ ਪ੍ਰਤੀ ਸ਼ਰਧਾ ਤੇ ਅਦੁੱਤੀ ਪ੍ਰੇਮ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਫੁਰਮਾਇਆ:-

*ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ, ਨਹੀ ਮੋਸੋ ਗਰੀਬ ਕਰੋਰ ਪਰੇ॥*

ਦਸਵੇਂ ਨਾਨਕ ਦੇ ਪ੍ਰਗਟਾਏ ਖ਼ਾਲਸੇ ਨੇ ਜ਼ੁਲਮੀ ਰਾਜ ਦੀਆਂ ਨੀਂਹਾਂ ਹਿਲਾ ਕੇ ਰੱਖ ਦਿੱਤੀਆਂ ਪਰੰਤੂ ਕਿਸੇ ਨੂੰ ਵੀ ਧਰਮ ਬਦਲੀ ਵਾਸਤੇ ਮਜ਼ਬੂਰ ਨਹੀਂ ਕੀਤਾ, ਹਰ ਧਰਮ ਦਾ ਬਰਾਬਰ ਸਤਿਕਾਰ ਕੀਤਾ, ਗ਼ੈਰ ਸਿੱਖ ਵੀ ਆਪਣੇ ਆਪਣੇ ਧਰਮਾਂ ਵਿਚ ਪ੍ਰਪੱਕ ਰਹਿ ਕੇ ਗੁਰੂ ਸਾਹਿਬ ਦੀ ਨਦਰ-ਇ-ਕਰਮ ਦੇ ਪਾਤਰ ਬਣੇ।

ਖ਼ਾਲਸੇ ਦੀਆਂ ਪ੍ਰਾਪਤੀਆਂ ਤੋਂ ਈਰਖਾ ਵਸ ਭਾਵੇਂ ਕੁਝ ਲਿਖਾਰੀਆਂ ਨੇ ਮਜ਼ਹਬੀ ਜਨੂੰਨ ਹੇਠ ਬਹੁਤ ਗਲਤ ਬਿਆਨੀ ਕੀਤੀ, ਪ੍ਰੰਤੂ ਇਨਸਾਫ਼ ਨਾਲ ਇਤਿਹਾਸ ਘੋਖਦਿਆਂ ਕੋਈ ਵੀ ਅਜਿਹੀ ਮਿਸਾਲ ਨਹੀਂ ਮਿਲਦੀ ਜਦੋਂ ਖ਼ਾਲਸੇ ਨੇ ਕੇਵਲ ਤੇ ਕੇਵਲ ਧਰਮ ਨੂੰ ਹੀ ਮੁੱਖ ਰੱਖ ਕੇ ਕਿਸੇ ਗ਼ੈਰ ਕੌਮ ਉੱਪਰ ਜ਼ੁਲਮ ਢਾਹਿਆ ਹੋਵੇ ਜਾਂ ਧਰਮ ਬਦਲੀ ਲਈ ਮਜਬੂਰ ਕੀਤਾ ਹੋਵੇ।

ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਉਪਰੰਤ ਖ਼ਾਲਸਾ ਅਤਿ ਕਠਨਾਈਆਂ ਨਾਲ ਜੂਝਦਾ ਹੋਇਆ ਕੰਚਨ ਹੋ ਨਿਖਰਿਆ। ਲੇਹ ਲਦਾਖ ਤੋਂ ਲੈ ਕੇ ਦੱਰਾ ਖੈਬਰ ਤੱਕ ਨੇ ਖ਼ਾਲਸੇ ਦੀ ਤੇਗ ਦੀ ਸਰਦਾਰੀ ਕਬੂਲੀ, ਪਰ ਇਕ ਵੀ ਅਜਿਹੀ ਮਿਸਾਲ ਨਹੀਂ ਮਿਲਦੀ ਜਦੋਂ ਖ਼ਾਲਸਈ ਤੇਗ ਕਿਸੇ ਮਜ਼ਲੂਮ ਤੇ ਉਠੀ ਹੋਵੇ ਜਾਂ ਕਿਸੇ ਨਿਮਾਣੇ ਨਿਤਾਣੇ ਤੇ ਜ਼ੁਲਮ ਕੀਤਾ ਹੋਵੇ।

ਗੁਰੂ ਪਿਤਾ ਨੇ ਖ਼ਾਲਸੇ ਨੂੰ ਸਰਬੱਤ ਦੇ ਭਲੇ ਦਾ ਐਸਾ ਸਿਧਾਂਤ ਦ੍ਰਿੜ ਕਰਵਾ ਦਿੱਤਾ ਕਿ ਖ਼ਾਲਸੇ ਨੇ ਮੈਦਾਨ-ਏ-ਜੰਗ ਅੰਦਰ ਵੀ ਨਿਮਰਤਾ ਦਾ ਪੱਲਾ ਨਾ ਛਡਿਆ, ਦੇਸ਼ ਦਾ ਅਜੋਕਾ ਨਕਸ਼ਾ ਜਾਂ ਸੰਸਕ੍ਰਿਤੀ ਕੇਵਲ ਤੇ ਕੇਵਲ ਖ਼ਾਲਸੇ ਦੀ ਤੇਗ਼ ਦੇ ਜਾਹੋ-ਜਲਾਲ ਸਦਕਾ ਹੈ, ਖ਼ਾਲਸੇ ਦੀ ਤੇਗ਼ ਦੀ ਮਾਰ ਤੋਂ ਭੈਅ ਭੀਤ ਗਜ਼ਨੀ ਦੇ ਵਹਾਵਾਂ ਨੇ ਪਾਸਾ ਮੋੜ ਲਿਆ, ਮੁੜ ਕਿਸੇ ਕਾਸਿਮ ਦੀ ਅੱਖ ਇਸ ਧਰਤੀ ਵੱਲ ਵੇਖਣ ਦੀ ਜੁਅਰਤ ਨਾ ਕਰ ਸਕੀ। ਖ਼ਾਲਸਾ ਕਿਸੇ ਧਰਮ ਦਾ ਨਹੀਂ ਬਲਕਿ ਜ਼ੁਲਮ ਤੇ ਜ਼ਾਲਿਮ ਦਾ ਵਿਰੋਧੀ ਹੈ, ਬੁਰਾਈ ਨੂੰ ਮੂਲੋਂ ਉਖੇੜ ਕੇ ਸਾਹ ਲੈਂਦਾ ਹੈ, ਖ਼ਾਲਸਾ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਦੇ ਸਿਧਾਂਤ ਦਾ ਮੁਦੱਈ ਹੈ, ਖਾਲਕ ਤੇ ਖਲਕ ਦੇ ਸੂਖਮ ਸਿਧਾਂਤ ਤੋਂ ਜਾਣੂ ਹੈ, ਮੈਦਾਨ-ਏ-ਜੰਗ ਵਿਚ ਵੀ ਨਿਮਰਤਾ ਅਤੇ ਦਇਆ ਦਾ ਮੁਜੱਸਮਾ ਹੈ, ਸਾਰੀ ਮਨੁੱਖਤਾ ਨੂੰ ਜੋਤਿ ਸਰੂਪ ਅਕਾਲ ਪੁਰਖ ਦੇ ਨੂਰ ਹੋਣ ਦੀ ਰਮਜ਼ ਨੂੰ ਪਛਾਣਦਾ ਹੈ, ਤੇ ਰਗ-ਰਗ ਵਿਚ ਇਹ ਅਲਾਪ ਹੈ:

*ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥ ੧॥*

(ਗੁਰੂ ਗ੍ਰੰਥ ਸਾਹਿਬ, ਪੰਨਾ ੧੨੯੯)

ਖ਼ਾਲਸਾ 'ਸਭ ਮਹਿ ਜੋਤਿ ਜੋਤਿ ਹੈ ਸੋਇ' ਦੇ ਮਾਰਗ ਦਾ ਧਾਰਨੀ ਬਣ ਕੇ ਹਰ ਰੋਜ਼ ਅਕਾਲ ਪੁਰਖ ਦੇ ਚਰਨ ਕੰਵਲਾਂ ਵਿਚ ਸਰਬੱਤ ਦੇ ਭਲੇ ਦੀ ਅਰਦਾਸ ਕਰਦਾ ਹੈ, ਗੁਰਮਤਿ ਦੀ ਕਸਵੱਟੀ ਉਪਰ ਇਹ ਅਟੱਲ ਸੱਚਾਈ ਹੈ ਕੋਈ ਵੀ ਹਿੰਦੂ, ਮੁਸਲਮਾਨ, ਬੋਧੀ, ਜੋਗੀ ਜੇਕਰ ਉਹ ਆਪਣੇ ਧਰਮ ਉਪਰ ਦ੍ਰਿੜ੍ਹਤਾ ਨਾਲ ਕਾਇਮ ਹੈ, ਮਨੁੱਖਤਾ ਨਾਲ ਪਿਆਰ ਤੇ ਸਰਬੱਤ ਦੇ ਭਲੇ ਦਾ ਆਲੰਬਰਦਾਰ ਹੈ, ਫੋਕੇ ਕਰਮਕਾਂਡਾਂ ਤੋਂ ਰਹਿਤ ਹੋ ਕੇ ਇਕ ਰਸ ਵਿਆਪ ਰਹੀ ਰੂਹਾਨੀ ਜੋਤਿ ਨੂੰ ਸਮਰਪਿਤ ਹੈ, ਤਾਂ ਉਹ ਗੁਰੂ ਪਿਤਾ ਦੀ ਹੀ ਵਿਚਾਰਧਾਰਾ ਦਾ ਪ੍ਰਚਾਰ ਕਰ ਰਿਹਾ ਹੈ। ਖ਼ਾਲਸਾ ਮਨੁੱਖਤਾ ਦਾ ਘਾਣ ਕਰਨ ਵਿਚ ਯਕੀਨ ਨਹੀਂ ਰੱਖਦਾ ਹੈ।

ਸਰਬੱਤ ਦੇ ਭਲੇ ਦੇ ਸਿਧਾਂਤ ਦਾ ਪੁਜਾਰੀ ਖ਼ਾਲਸਾ ਅਹਿੰਸਾ ਦਾ ਪੁਜਾਰੀ ਵੀ ਨਹੀਂ ਹੈ, ਬੋਧੀਆਂ ਵਾਂਗ ਇਕ ਗੱਲ ਤੇ ਥੱਪੜ ਖਾ ਕੇ ਦੂਸਰੀ ਗੱਲ ਅੱਗੇ ਨਹੀਂ ਕਰਦਾ, ਸਗੋਂ ਹੱਥ ਵਿਚ ਤੇਗ ਲੈ ਕੇ ਮੈਦਾਨ-ਏ ਜੰਗ ਵਿਚ ਜੂਝਦਾ ਹੈ, ਬੇਅਣਖ ਜ਼ਿੰਦਗੀ ਨਾਲੋਂ ਅਣਖ ਭਰਪੂਰ ਮੌਤ ਦਾ ਆਸ਼ਿਕ ਹੈ, ਕਿਉਂ ਜੋ ਗੁਰੂ ਪਿਤਾ ਨੇ ਪਰਵਾਨ ਹੋ ਕੇ ਮਰਨ ਸਦਕਾ ਦਰਗਾਹ ਮਾਣ ਪ੍ਰਾਪਤ ਕਰਨ ਦਾ ਮਾਰਗ ਦਰਸਾਇਆ ਹੈ, ਇਸ਼ਕ ਹਕੀਕੀ ਦੇ ਇਸ ਮਾਰਗ ਤੇ ਪੈਰ ਧਰਨ ਤੋਂ ਪਹਿਲਾਂ ਸੀਸ ਤਲੀ ਤੇ ਪਹਿਲੀ ਸ਼ਰਤ ਹੈ, ਖ਼ਾਲਸਾ ਮਹਿਸੂਸ ਕਰਦਾ ਹੈ।

*ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥*

(ਗੁਰੂ ਗ੍ਰੰਥ ਸਾਹਿਬ, ਪੰਨਾਂ ੧੪੨)

ਖ਼ਾਲਸਾ ਜਾਣਦਾ ਹੈ ਕਿ ਇਸ਼ਕ ਦੀ ਨਮਾਜ਼ ਪੜ੍ਹਨ ਤੋਂ ਪਹਿਲਾਂ ਖ਼ੂਨ ਨਾਲ ਉਜ਼ੂ ਕਰਨਾ ਪੈਂਦਾ ਹੈ।

ਪਰੰਤੂ ਅਫ਼ਸੋਸ! ਖ਼ਾਲਸਾ ਗ਼ਫ਼ਲਤ ਦੀ ਨੀਂਦ ਘੁਰਾੜੇ ਮਾਰ ਕੇ ਸੌਂ ਗਿਆ ਹੈ ਤੇ ਪੰਥ ਵਿਰੋਧੀ ਇਸ ਤੇ ਵਾਰ ਤੇ ਵਾਰ ਕਰੀ ਜਾ ਰਹੇ ਹਨ। ਉਹ ਖ਼ਾਲਸਾ ਜਿਸ ਦੀ ਦਲੇਰੀ, ਆਚਰਣ ਤੇ ਤੇਗ ਦੀ ਮਾਰ ਦੀਆਂ ਸਿਫ਼ਤਾਂ ਕਰਦੀ ਕਾਜ਼ੀ ਨੂਰ ਮੁਹੰਮਦ ਦੀ ਕਲਮ ਸਾਹ ਨਹੀਂ ਸੀ ਲੈਂਦੀ ਉਹ ਖ਼ਾਲਸਾ ਅੱਜ ਅਰਾਮ ਪ੍ਰਸਤੀ ਦੀ ਨੀਂਦ ਸੌਂ ਰਿਹਾ ਹੈ, ਪੰਥ ਵਿਰੋਧੀ ਜਥੇਬੰਦੀਆਂ, ਆਰ.ਐਸ.ਐਸ ਤੇ ਅਖੌਤੀ ਡੇਰੇਦਾਰ ਇਸ ਦੇ ਸੁਨਹਿਰੀ ਸਿਧਾਂਤਾਂ ਨੂੰ ਪੈਰਾਂ ਹੇਠ ਮਧੋਲ ਰਹੇ ਹਨ ਪਰ ਅਜੇ ਅੱਖ ਨਹੀਂ ਖੁਲ੍ਹੀ।

ਜੇਕਰ ਅੱਜ ਅਸੀਂ ਕੌਮ ਦੀ ਦੁਰਦਸ਼ਾ ਦੇ ਕਾਰਨਾਂ ਦੀ ਜ਼ਰਾ ਗਹਿਰ-ਦ੍ਰਿਸ਼ਟੀ ਨਾਲ ਪੜਚੋਲ ਕਰੀਏ ਤਾਂ ਪ੍ਰਮੁੱਖ ਕਾਰਨ ਸਾਡੀ ਰਾਜਨੀਤਕ ਸੱਤਾ ਦੀ ਖ਼ੁਦਗਰਜ਼ ਲਾਲਸਾ, ਗੁਰਮਤਿ ਅਧਾਰਿਤ ਸੱਚ ਆਚਾਰੀ ਜੀਵਨ ਜੁਗਤ ਦੀ ਘਾਟ ਅਤੇ ਕੌਮ ਦੇ ਗੁਰੂ ਪੰਥ ਰੂਪੀ ਸੰਗਠਿਤ ਢਾਂਚੇ ਤੋਂ ਕਿਨਾਰਾਕਸ਼ੀ ਹੈ। ਕੋਈ ਦੋ ਰਾਵਾਂ ਨਹੀਂ ਕਿ ਖ਼ਾਲਸਾ ਸਰਬੱਤ ਦੇ ਭਲੇ ਦੀ ਵਿਚਾਰਧਾਰਾ ਦਾ

ਧਾਰਨੀ ਅਤੇ ਮਨੁੱਖੀ ਹੱਕਾਂ ਦੀ ਸੰਪੂਰਨ ਆਜ਼ਾਦੀ ਦਾ ਪ੍ਰਤੀਕ ਹੈ ਪ੍ਰੰਤੂ ਸਮੇਂ-ਸਮੇਂ ਦੀਆਂ ਪ੍ਰਾਪਤੀਆਂ, ਪ੍ਰਾਪਤੀਆਂ ਵਿਚ ਖੜੋਤ, ਅਤੇ ਨਿਘਾਰ ਦਾ ਵਿਸ਼ਲੇਸ਼ਣ ਨਾ ਕਰਨ ਕਰਕੇ ਅਜੋਕੀ ਅੱਧੋਗਤੀ ਖ਼ਾਲਸਈ ਤਾਬ ਨੂੰ ਧੁੰਦਲਾ ਕਰ ਰਹੀ ਹੈ। ਅੱਜ ਜਦੋਂ ਅਸੀਂ ਕੌਮੀ ਗੈਰਤ ਉਪਰ ਹੋ ਰਹੇ ਬੌਧਿਕ ਹਮਲਿਆਂ ਦੀ ਵਿਚਾਰ ਕਰਦੇ ਹਾਂ ਤਾਂ ਮਾਨਸਿਕ ਸਤ੍ਹਾ ਉਪਰ ਸੰਘ ਦਾ ਨਿਰੋਲ ਚਿੱਤਰ ਉਭਰਦਾ ਹੈ। ਪਰੰਤੂ ਭੈਅਭੀਤ ਹੋਣ ਦੀ ਬਜਾਏ ਸੰਘ ਦੀਆਂ ਨਿਰੰਤਰ ਅਤੇ ਠੋਸ ਪ੍ਰਾਪਤੀਆਂ ਦਾ ਅਧਿਐਨ ਜ਼ਰੂਰ ਕਰਨਾ ਪਵੇਗਾ। ਸੰਘ ਦੀਆਂ ਪ੍ਰਾਪਤੀਆਂ ਦਾ ਆਧਾਰ ਉਸ ਦਾ ਅਨੁਸ਼ਾਸ਼ਨਬਧ ਹੋਣਾ ਅਤੇ ਸੰਗਠਿਤ ਢਾਂਚੇ ਦੀ ਅਹਿਮੀਅਤ ਨੂੰ ਸਮਝਣਾ ਹੈ।

ਖ਼ਾਲਸਾ ਆਪਣੇ ਆਪ ਵਿਚ ਲਗਾਤਾਰ ਇਕਸਾਰ ਵਿਕਸਤ ਹੋਣ ਦੀ ਪ੍ਰਕ੍ਰਿਆ ਦਾ ਹੀ ਪ੍ਰਤੱਖ ਸਰੂਪ ਹੈ, ਪਰੰਤੂ ਇਹ ਵਿਕਾਸ ਪ੍ਰਕ੍ਰਿਆ ਕੇਵਲ ਤੇ ਕੇਵਲ ਗੁਰੂ ਪੰਥ ਦੇ ਸੰਗਠਿਤ ਰੂਪ ਵਿਚ ਹੀ ਆਪਣਾ ਵਹਾਅ ਜਾਰੀ ਰੱਖ ਸਕਦੀ ਹੈ। ਚਮਕੌਰ ਦੀ ਗੜ੍ਹੀ ਵਿਚ ਹੀ ਗੁਰੂ ਪਿਤਾ ਨੇ ਇਸ ਸੰਗਠਿਤ ਰੂਪ ਨੂੰ ਗੁਰੂ ਪਦ ਬਖਸ਼ਿਸ਼ ਕੀਤਾ। ਕੋਈ ਅਤਿਕਥਨੀ ਨਹੀਂ ਕਿ ਗੁਰੂ ਪੰਥ, ਗੁਰੂ ਗ੍ਰੰਥ ਦੀ ਤਾਬਿਆ ਹੀ ਸੋਭਦਾ ਹੈ ਪਰੰਤੂ ਇਸ ਨੂੰ ਸਕਾਰ ਰੂਪ ਦੇਣ ਵਾਸਤੇ ਇਸ ਦਾ ਇਤਿਹਾਸਕ ਮੁਲਾਂਕਣ ਕਰ ਸੰਗਠਿਤ ਰੂਪ ਦੇ ਜਾਹੋ-ਜਲਾਲ ਦਾ ਨਿਰੂਪਣ ਜ਼ਰੂਰ ਕਰਨਾ ਪਵੇਗਾ। ਮੌਜੂਦਾ ਪੰਥਕ ਦਸ਼ਾ, ਰਾਜਨੀਤਕ ਨਿਘਾਰ, ਧਾਰਮਿਕ ਅਧੋਗਤੀ, ਆਰਥਿਕ ਸਮਤੋਲ ਦਾ ਵਿਗਾੜ ਅਤੇ ਸਮਾਜਿਕ ਕਦਰਾਂ ਕੀਮਤਾਂ ਦਾ ਗੱਧੇ ਦੇ ਸਿੰਗ ਵਾਂਗ ਗਾਇਬ ਹੋ ਜਾਣਾ, ਇਹਨਾਂ ਸਭ ਦਾ ਕਾਰਨ ਹੀ ਗੁਰੂ ਪੰਥ ਦੇ ਸੰਗਠਿਤ ਢਾਂਚੇ ਦਾ ਖਾਤਮਾ ਹੈ। ਇਸ ਵਾਸਤੇ ਮੁੱਢਲੀ ਲੋੜ ਗੁਰੂ ਪੰਥ ਨੂੰ ਗੁਰਿਆਈ ਦੀ ਜੁਗਤ ਨੂੰ ਸਮਝਣ ਅਤੇ ਪ੍ਰਸਾਰਨ ਦੀ ਹੈ। ਸੰਗਠਿਤ ਢਾਂਚੇ ਅਰਥਾਤ ਗੁਰੂ ਪੰਥ ਦੀ ਗੁਰੂ ਆਸ਼ੇ ਅਨੁਸਾਰ ਕਾਰਜਕ੍ਰਿਆ ਹੀ 'ਹਲੇਮੀ ਰਾਜ' ਦਾ ਸਕਾਰ ਰੂਪ ਹੈ।

ਜ਼ਿਕਰ ਯੋਗ ਹੈ ਕਿ ਜਿਹੜੀਆਂ ਕੌਮਾਂ ਕਈ ਵੱਖ-ਵੱਖ ਫ਼ਿਰਕਿਆਂ ਅਤੇ ਮਤਾਂ-ਮਤਾਂਤਰਾਂ ਵਿਚ ਵੰਡੀਆਂ ਹੋਈਆਂ ਸਨ, ਉਹ ਤਾਂ ਅੱਜ ਸੰਗਠਿਤ ਢਾਂਚੇ ਨੂੰ ਮੂਰਤੀਮਾਨ ਕਰਨ ਜਾਂ ਸਕਾਰ ਰੂਪ ਦੇਣ ਦੇ ਯਤਨਾਂ ਵਿਚ ਹਨ ਪਰੰਤੂ ਸਿੱਖ ਕੌਮ ਜਿਸਦਾ ਜਨਮ ਹੀ ਸੰਗਠਿਤ ਰੂਪ (ਗੁਰੂ ਪੰਥ) ਵਿੱਚ ਹੋਇਆ, ਉਸ ਦਾ ਤਾਣਾ ਪੇਟਾ ਰਾਜਨੀਤਕ ਮਹਾਂਰਥੀਆਂ ਸਦਕਾ ਵੱਖੋ-ਵੱਖ ਹੋਇਆ ਪਿਆ ਹੈ।

ਸੁਹਿਰਦ ਵੀਰਾਂ ਨੂੰ ਭੁਲਣਾ ਨਹੀਂ ਚਾਹੀਦਾ ਕਿ ਜਦੋਂ ਕੋਈ ਕੌਮ ਆਪਣੇ ਸੰਗਠਿਤ ਰੂਪ ਨੂੰ ਗਵਾ ਬੈਠਦੀ ਹੈ ਉਦੋਂ ਉਸ ਦੇ ਵਜੂਦ ਦੇ ਖ਼ਾਤਮੇ ਦੀ ਪ੍ਰਕ੍ਰਿਆ ਦਾ ਆਰੰਭ ਹੋ ਜਾਂਦਾ ਹੈ। ਬੁੱਧ ਧਰਮ ਦੀ ਮਿਸਾਲ ਸਾਡੇ ਸਾਹਮਣੇ ਹੈ। ਬੁੱਧ ਧਰਮ ਦਾ ਅਧਾਰ ਸੰਘ ਪ੍ਰਨਾਲੀ ਸੀ ਅਤੇ ਇਸ ਸੰਗਠਿਤ ਪ੍ਰਨਾਲੀ ਤੇ ਅਮਲ ਸਦਕਾ ਹੀ ਬੁੱਧ ਧਰਮ ਫੈਲਿਆ ਅਤੇ ਇਕ ਵਿਸ਼ਾਲ ਰਾਜ ਸਥਾਪਿਤ ਕੀਤਾ। ਪ੍ਰੰਤੂ ਜਿਉਂ ਹੀ ਬਿਪਰਵਾਦ ਨੇ ਵਿਧੀ ਪੂਰਵਕ ਘੁਸਪੈਠ ਕਰਕੇ ਬੋਧੀਆਂ ਦੀ ਸੰਘ ਪ੍ਰਨਾਲੀ ਨੂੰ ਤੋੜਿਆ ਬੁੱਧ ਧਰਮ ਦੇ ਖਾਤਮੇ ਦੀ ਪ੍ਰਕ੍ਰਿਆ ਆਰੰਭ ਹੋ ਗਈ। ਇਹੀ ਕਾਰਨ ਹੈ ਕਿ ਅੱਜ

ਬੋਧੀਆਂ ਦੇ ਧਰਮ ਸਥਾਨ ਤਾਂ ਹਿੰਦੁਸਤਾਨ ਵਿਚ ਹਨ ਪਰੰਤੂ ਬੋਧੀ ਨਜ਼ਰ ਨਹੀਂ ਆਉਂਦੇ।

ਬਿਲਕੁਲ ਅਜਿਹੀ ਪ੍ਰਕ੍ਰਿਆ ਹੀ ਖ਼ਾਲਸਾ ਪੰਥ ਦੇ ਗੁਰੂ ਪੰਥ ਰੂਪੀ ਸੰਗਠਿਤ ਢਾਂਚੇ ਵਿਚ ਤਰੇੜਾਂ ਆ ਜਾਣ ਕਰਕੇ ਆਰੰਭ ਹੋ ਚੁੱਕੀ ਹੈ। ਖ਼ਾਲਸਾ ਪੰਥ ਨੂੰ ਗਹਿਰ ਚਿੰਤਨ ਦੀ ਜ਼ਰੂਰਤ ਹੈ ਕਿ 1920-21 ਵਿਚ ਸੰਗਠਤ ਰੂਪ ਵਿਚ ਪੈਦਾ ਹੋਈਆਂ ਮਹਾਨ ਸਿੱਖ ਸੰਸਥਾਵਾਂ ਸੰਗਠਿਤ ਢਾਂਚੇ ਦੀ ਅਣਹੋਂਦ ਅਤੇ ਬਿਪਰਵਾਦ ਦੀ ਘੁਸਪੈਠ ਸਦਕਾ ਆਪਣਾ ਅਸਲੀ ਸਰੂਪ ਗਵਾ ਚੁੱਕੀਆਂ ਹਨ ਪਰੰਤੂ ਦੂਸਰੇ ਪਾਸੇ 1925 ਈ: ਵਿੱਚ ਇਕ ਵਿਅਕਤੀ ਤੋਂ ਸ਼ੁਰੂ ਹੋਈ ਸੰਸਥਾ (ਆਰ.ਐਸ.ਐਸ.) ਜਿਸ ਨੇ ਆਪਣੇ ਸੰਗਠਿਤ ਢਾਂਚੇ ਨੂੰ ਮਜ਼ਬੂਤ ਰੱਖਿਆ ਹੋਇਆ ਹੈ ਅੱਜ ਹਿੰਦੁਸਤਾਨ ਦੇ ਮਜ਼ਦੂਰ ਸੰਗਠਨਾਂ ਤੋਂ ਲੈ ਕੇ ਕੇਂਦਰੀ ਰਾਜਨੀਤੀ ਤੱਕ ਕਾਬਜ਼ ਹੈ। ਕੋਈ ਸ਼ੱਕ ਨਹੀਂ ਕਿ ਸਾਡੀ ਖ਼ੁਦਗਰਜ਼ ਲੀਡਰਸ਼ਿਪ ਦੀ ਕੁਰਸੀ ਦੌੜ ਨੇ ਕੌਮ ਦੇ ਸੰਗਠਿਤ ਰੂਪ ਦਾ ਭੋਗ ਪਾ ਦਿੱਤਾ ਹੈ।

ਇਸ ਪੁਸਤਕ ਵਿੱਚ ਜੋ ਸੰਘ ਦੇ ਸੰਗਠਿਤ ਢਾਂਚੇ ਦਾ ਵਿਸਥਾਰਿਤ ਜ਼ਿਕਰ ਹੈ ਉਸਦਾ ਮਨਸ਼ਾ ਤਾਂ ਕੇਵਲ ਇਤਨਾ ਹੈ ਕਿ ਅਸੀਂ ਸੰਗਠਿਤ ਰੂਪ ਦੀ ਅਹਿਮੀਅਤ ਅਤੇ ਪ੍ਰਾਪਤੀਆਂ ਤੋਂ ਜਾਣੂ ਹੋ ਸਕੀਏ। ਅਜਿਹੇ ਸੰਦਰਭ ਵਿਚ ਹੀ ਸਿੱਖ ਕੌਮ ਨੂੰ ਆਪਣੇ ਸੰਗਠਿਤ ਢਾਂਚੇ ਦਾ ਇਤਿਹਾਸਕ ਮੁਲਾਂਕਣ ਕਰਕੇ ਵਿਚਾਰਨ ਦੀ ਲੋੜ ਹੈ ਕਿ ਸੰਘ ਵਰਗੀਆਂ ਸੰਸਥਾਵਾਂ ਗੁਰੂ ਘਰ ਤੋਂ ਬਖ਼ਸ਼ੇ ਗੁਰੂ ਪੰਥ ਦੇ ਸੰਗਠਿਤ ਰੂਪ ਤੋਂ ਸਿੱਖਿਆ ਲੈ ਕੇ ਸੰਘ-ਰੂਪ (ਸੰਗਠਿਤ ਢਾਂਚਾ) ਉਸਾਰ ਕੇ ਹਿੰਦੂ ਰਾਸ਼ਟਰ ਜਾਂ ਹਿੰਦੂਤਵ ਦੀ ਉਸਾਰੀ ਕਰ ਰਹੀਆਂ ਹਨ ਅਤੇ ਵਿਕਾਸ ਦੀ ਪ੍ਰਕ੍ਰਿਆ ਵਿੱਚ ਇਕਸਾਰ ਵਹਾਅ ਦੇ ਰੂਪ ਵਿਚ ਤੀਬਰ ਵੇਗ ਵਿਚ ਵਹਿ ਰਹੀਆਂ ਹਨ ਪ੍ਰੰਤੂ ਦੂਸਰੇ ਪਾਸੇ ਸੰਗਠਿਤ ਢਾਂਚੇ ਦੇ ਫ਼ਲਸਫੇ ਦਾ ਪ੍ਰਤੀਕ ਖ਼ਾਲਸਾ ਪੰਥ ਇਸ ਅਹਿਮ ਜ਼ਰੂਰਤ ਨੂੰ ਮਨੋ ਵਿਸਾਰ ਚੁੱਕਾ ਹੈ।

ਸੰਸਾਰ ਦੇ ਨਕਸ਼ੇ ਤੇ ਈਸਾਈ ਮੱਤ ਆਪਣੇ ਸੇਵਾ ਕਾਰਜਾਂ ਅਤੇ ਸ਼ਕਤੀ ਨਾਲ ਪਸਰ ਰਿਹਾ ਹੈ।

ਇਸਲਾਮ ਧਰਮ ਵੀ ਨੀਤੀ, ਰਾਜਸ਼ਕਤੀ ਅਤੇ ਮਾਇਕ ਵਸੀਲਿਆਂ ਸਦਕਾ ਆਪਣਾ ਪ੍ਰਚਾਰ ਅਤੇ ਪ੍ਰਸਾਰ ਕਰ ਰਿਹਾ ਹੈ। ਹਿੰਦੂਤਵ ਅੱਜ ਇਕ ਪਾਸੇ ਤਾਂ ਇਸਲਾਮੀ ਜਹਾਦ ਤੋਂ ਖਤਰਾ ਮਹਿਸੂਸ ਕਰ ਰਿਹਾ ਹੈ ਅਤੇ ਦੂਸਰੇ ਪਾਸੇ ਸੰਘ-ਸ਼ਕਤੀ ਸਦਕਾ ਹਿੰਦੂਤਵ ਦੀ ਰਾਜਸੱਤਾ ਤਿਆਰ ਕਰ ਰਿਹਾ ਹੈ। ਅਜੋਕੇ ਸਮੇਂ ਹਿੰਦੂਤਵ ਦੇ ਪਸਾਰੇ ਦਾ ਮੂਲ ਕਾਰਨ ਹੀ ਸੰਘ ਹੈ। ਸੰਘ ਨੇ ਜਿਥੇ ਆਪਣੇ ਵਜੂਦ ਨੂੰ ਕਾਇਮ ਰੱਖਣ ਲਈ ਸੰਗਠਿਤ ਸ਼ਕਤੀ ਦੀ ਅਹਿਮੀਅਤ ਨੂੰ ਸਮਝਿਆ ਹੈ ਉਥੇ ਨਾਲ ਹੀ ਸੁਚੱਜੇ ਤਰੀਕੇ ਨਾਲ ਕਾਇਮ ਵੀ ਰੱਖਿਆ ਹੈ।

ਗੁਰੂ ਕਿਰਪਾ ਕਰੇ ! ਖ਼ਾਲਸਾ ਪੰਥ ਆਪਣੇ ਗੁਰੂ ਪੰਥ ਦੇ ਸਿਧਾਂਤ ਨੂੰ ਧਾਰਨ ਕਰਕੇ ਸਰਬੱਤ ਦੇ ਭਲੇ ਦੇ ਜਾਮਨ ਬੇਗਮਪੁਰਾ ਦੀ ਉਸਾਰੀ ਕਰੇ। ਅਜੋਕੇ ਸਮੇਂ ਆਪੋ ਆਪਣੀ ਵੱਖਰੀ ਕੌਮੀਅਤ ਵਾਸਤੇ ਰਾਜਨੀਤਕ ਖਿੱਤਿਆਂ ਉਪਰ ਸੰਗਠਿਤ ਰੂਪ ਪ੍ਰਕ੍ਰਿਆ ਸਦਕਾ ਬਿਰਾਜਮਾਨ ਹੋ ਰਹੀਆਂ

ਸ਼ਕਤੀਆਂ ਤੋਂ ਸਿੱਖਿਆ ਲੈ ਕੇ ਆਪਣਾ ਮੂਲ ਪਛਾਣਨ ਅਤੇ ਕੌਮ ਵਾਸਤੇ ਸੁਨਹਿਰੀ ਭਵਿੱਖ ਦਾ ਟੀਚਾ ਨਿਰਧਾਰਤ ਕਰਨ ਦੀ ਲੋੜ ਹੈ। ਜੇਕਰ ਅਜੇ ਵੀ ਕੌਮੀ ਭਵਿੱਖ ਲਈ ਸੁਚੇਤ ਨਾ ਹੋਏ ਤਾਂ ਕਿਸੇ ਅਦੀਬ ਦੀ ਚੇਤਾਵਨੀ ਹਮੇਸ਼ਾ ਯਾਦ ਰੱਖਿਓ, ਇਹ ਵੀ ਸ਼ਾਇਦ ਮੇਰਾ ਆਪਣਾ ਵਹਿਮ ਹੈ :

*ਕੋਈ ਦੀਵਾ ਜਗੇਗਾ ਮੇਰੀ ਕਬਰ 'ਤੇ।*
*ਜੇ ਹਵਾ ਇਹ ਰਹੀ ਕਬਰਾਂ ਉੱਤੇ ਤਾਂ ਕੀ,*
*ਸਭ ਘਰਾਂ 'ਚ ਵੀ ਦੀਵੇ ਬੁਝੇ ਰਹਿਣਗੇ।*

❖❖❖

# ਕੀਆ ਨ ਜਾਣੈ ਅਕਿਰਤਘਣ....

ਹਿੰਦੁਸਤਾਨ ਵਿੱਚ ਵੱਸਣ ਵਾਲੀਆਂ ਬਾਕੀ ਕੌਮਾਂ ਦੇ ਮੁਕਾਬਲੇ ਸਿੱਖ ਕੌਮ ਦੀ ਉਮਰ ਅਤੇ ਗਿਣਤੀ ਬਹੁਤ ਘੱਟ ਹੈ, ਘੱਟ-ਗਿਣਤੀ ਅਤੇ ਘੱਟ ਆਯੂ ਦੇ ਬਾਵਜੂਦ, ਜਿਹੜੀਆਂ ਮੁਸ਼ਕਿਲਾਂ ਸਿੱਖ ਕੌਮ ਨੇ ਆਪਣੇ ਪਿੰਡੇ ਤੇ ਹੰਢਾਈਆਂ ਹਨ, ਉਹਨਾਂ ਦਾ ਸੁਆਦ ਦੁਨੀਆਂ ਦੀ ਕਿਸੇ ਕੌਮ ਨੇ ਸ਼ਾਇਦ ਹੀ ਚੱਖਿਆ ਹੋਵੇ। ਹੋਰ ਤਾਂ ਹੋਰ ਜਿਹੋ ਜਿਹੇ ਤਸੀਹੇ ਸਿੱਖ ਕੌਮ ਨੇ ਸਹੇ ਹਨ, ਦੁਨੀਆਂ ਦੇ ਬਹੁਤ ਲੋਕੀਂ ਉਨ੍ਹਾਂ ਤਸੀਹਿਆਂ ਦੇ ਨਾਮ ਅਤੇ ਢੰਗ ਤਰੀਕੇ ਸੁਣ ਕੇ ਹੀ ਕੰਬ ਉਠਦੇ ਹਨ। ਸਿੱਖ ਕੌਮ ਦਾ ਜਨਮ ਉਦੋਂ ਹੋਇਆ ਜਦੋਂ ਹਿੰਦੁਸਤਾਨ ਵਿੱਚ ਵੱਸਣ ਵਾਲੀਆਂ ਦੋਵੇਂ ਹੀ ਪ੍ਰਮੁੱਖ ਕੌਮਾਂ ਹਿੰਦੂ ਅਤੇ ਮੁਸਲਮਾਨ ਇਨਸਾਨੀਅਤ ਦੀਆਂ ਨੈਤਿਕਤਾਂ ਭਰਪੂਰ ਕਦਰਾਂ ਕੀਮਤਾਂ ਦਾ ਤਿਆਗ ਕਰ ਚੁੱਕੀਆਂ ਸਨ, ਉਸ ਸਮੇਂ ਦੀ ਹਾਲਤ ਦਾ ਜ਼ਿਕਰ ਕਰਕੇ ਭਾਈ ਗੁਰਦਾਸ ਜੀ ਲਿਖਦੇ ਹਨ :

ਚਾਰਿ ਵਰਨਿ ਚਾਰਿ ਮਜਹਬਾਂ ਜਗਿ ਵਿਚਿ ਹਿੰਦੂ ਮੁਸਲਮਾਣੇ।
ਖੁਦੀ ਬਖੀਲਿ ਤਕਬਰੀ ਖਿੰਚੋਤਾਣਿ ਕਰੇਨਿ ਧਿਙਾਣੇ।
ਗੰਗ ਬਨਾਰਸਿ ਹਿੰਦੂਆ ਮਕਾ ਕਾਬਾ ਮੁਸਲਮਾਣੇ।
ਸੁੰਨਤਿ ਮੁਸਲਮਾਣ ਦੀ ਤਿਲਕ ਜੰਞੂ ਹਿੰਦੂ ਲੋਭਾਣੇ।
ਰਾਮ ਰਹੀਮ ਕਹਾਇਦੇ ਇਕੁ ਨਾਮੁ ਦੁਇ ਰਾਹ ਭੁਲਾਣੇ।
ਬੇਦ ਕਤੇਬ ਭੁਲਾਇ ਕੈ ਮੋਹੇ ਲਾਲਚ ਦੁਨੀ ਸੈਤਾਣੇ।
ਸਚੁ ਕਿਨਾਰੇ ਰਹਿ ਗਿਆ ਖਹਿ ਮਰਦੇ ਬਾਮ੍ਹਣਿ ਮਉਲਾਣੇ।
ਸਿਰੋ ਨ ਮਿਟੇ ਆਵਣਿ ਜਾਣੇ॥ ੨੧॥

ਗੁਰੂ ਨਾਨਕ ਸਾਹਿਬ ਨੇ ਪਹਿਲੇ ਵੱਸਦੇ ਧਰਮਾਂ ਦੀਆਂ ਖਾਮੀਆਂ ਨੂੰ ਦੂਰ ਕਰਨ ਦਾ ਉਪਰਾਲਾ ਅਰੰਭਿਆ। ਛੋਟੀ ਉਮਰੇ ਹੀ ਜਨੇਊ ਨੂੰ ਧਾਰਨ ਕਰਨ ਤੋਂ ਇਨਕਾਰ ਕਰਨਾ ਜਿਥੇ ਆਪਣੇ ਪਰਿਵਾਰਕ ਵਿਸ਼ਵਾਸ, ਭਾਈਚਾਰਕ ਰਿਵਾਜ, ਸਮਾਜੀ ਬਣਾਵਟ ਨੂੰ ਕਰਾਰਾ ਝਟਕਾ ਸੀ ਉਥੇ ਬਿਪਰਵਾਦੀ ਕਰਮਕਾਂਡਾਂ ਉਪਰ ਗਹਿਰੀ ਚੋਟ ਸੀ। ਐਸੇ ਕਰਮਕਾਂਡ ਜਿਨ੍ਹਾਂ ਦੇ ਸਦਕਾ ਜਾਤੀਪ੍ਰਥਾ ਵਿੱਚ ਵੰਡੇ ਹੋਏ ਗਰੀਬ ਲੋਕਾਂ ਦਾ ਸਰੀਰਕ, ਮਾਨਸਿਕ, ਤੇ ਆਰਥਿਕ ਸ਼ੋਸ਼ਣ ਕਰ ਕੇ ਬ੍ਰਾਹਮਣਵਾਦੀ ਲੋਕ ਆਪਣੇ ਘਰ ਭਰਦੇ ਸਨ, ਉਨ੍ਹਾਂ ਕਰਮਕਾਂਡਾਂ ਦਾ ਖਾਤਮਾ ਬਿਪਰਵਾਦੀ ਮਾਨਸਿਕਤਾ ਕਿਵੇਂ ਸਵੀਕਾਰ ਕਰ ਸਕਦੀ ਸੀ ? ਦੇਸ਼ ਦੀ ਸੱਤਾ ਬੇਸ਼ਕ ਪਠਾਣਾਂ ਮੁਸਲਮਾਨਾਂ ਦੇ

ਹੱਥ ਵਿੱਚ ਸੀ ਪਰੰਤੂ ਜਨਤਾ ਨੂੰ ਲੁੱਟਣ ਵਾਸਤੇ, ਸ਼ੋਸ਼ਣ ਵਾਸਤੇ ਬਿਪਰ ਅਤੇ ਮੌਲਾਣੇ ਇਕ-ਮੁੱਠ ਸਨ। ਗਰੀਬ ਲੋਕਾਂ ਨੂੰ ਤਾਂ ਇਹ ਬਿਪਰਵਾਦੀ ਕਰਮਕਾਂਡਾਂ, ਨਰਕਾਂ, ਸਵਰਗਾਂ ਦਾ ਡਰ ਪਾ ਕੇ ਲੁੱਟਦੇ ਸਨ ਅਤੇ ਪਠਾਣ ਟੈਕਸ ਲਗਾ ਕੇ ਲੁੱਟਦੇ ਸਨ। ਬਿਪਰਵਾਦੀ ਲੋਕ ਇੰਨੇ ਬੇਅਣਖ ਅਤੇ ਸਤਿਆਹੀਣ ਹੋ ਚੁੱਕੇ ਸਨ ਕਿ ਇਕ ਪਾਸੇ ਤਾਂ ਪਠਾਣਾਂ ਨੂੰ ਮਲੇਛ ਅਤੇ ਉਨ੍ਹਾਂ ਦੀ ਬੋਲੀ ਨੂੰ ਮਲੇਛ ਭਾਖਾ ਆਖਦੇ ਸਨ ਪਰੰਤੂ ਦੂਜੇ ਪਾਸੇ ਪਠਾਣ ਹਾਕਮਾਂ ਸਾਹਮਣੇ ਝੁੱਕ ਕੇ ਉਨ੍ਹਾਂ ਨੂੰ 'ਮੀਆਂ ਜੀ' ਆਖ ਕੇ ਸਲਾਮ ਕਰਦੇ ਸਨ। ਗੁਰਬਾਣੀ ਵਿੱਚ ਪਾਤਸ਼ਾਹ ਫੁਰਮਾਉਂਦੇ ਹਨ:

*ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ ॥ ੬ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ ੧੧੯੧)

ਗੁਰੂ ਨਾਨਕ ਸਾਹਿਬ ਨੇ ਜਿਥੇ ਬਿਪਰਵਾਦੀ ਕਰਮਕਾਂਡੀਆਂ ਦੇ ਗੜ੍ਹ ਤੋੜੇ ਉਥੇ ਨਾਲ ਹੀ ਬਾਬਰ ਨੂੰ ਜਾਬਰ ਆਖ ਵੀ ਨਿਵਾਜਿਆ। ਸੋ ਇਨ੍ਹਾਂ ਦੋਹਾਂ ਦੀਆਂ ਅੱਖਾਂ ਵਿੱਚ ਸਿੱਖੀ ਦਾ ਇਹ ਬੂਟਾ ਰੜਕਦਾ ਰਿਹਾ ਅਤੇ ਸਿੱਖ ਕੌਮ ਨੂੰ ਨੁਕਸਾਨ ਪਹੁੰਚਾਉਣ ਲਈ ਇਹ ਦੋਵੇਂ ਹੀ ਸ਼ਕਤੀਆਂ ਹੁਕਮਰਾਨੀ ਜਬਰ ਅਤੇ ਬਿਪਰਵਾਦੀ ਮਾਨਸਿਕਤਾ ਇਕ-ਮੁੱਠ ਰਹੀਆਂ ਹਨ। ਸੋ ਜਿਥੇ ਜੇਲ੍ਹ ਵਿੱਚ ਬੰਦ ਕਰਕੇ ਕਸ਼ਟ ਦੇਣੇ ਅਤੇ ਪੀਸਣ ਨੂੰ ਚੱਕੀਆਂ ਦੇਣੀਆਂ ਹੁਕਮਰਾਨੀ ਜਬਰ ਦਾ ਨਮੂਨਾ ਸੀ ਉਥੇ ਵਿਆਹ ਸਮੇਂ ਇੱਕ ਡਿੱਗਣ ਵਾਲੀ ਕੰਧ ਦੇ ਹੇਠਾਂ ਬਿਠਾਉਣ ਦੀ ਤਰਕੀਬ ਬਣਾਉਣਾ ਬਿਪਰਵਾਦੀ ਸੋਚ ਦਾ ਹੀ ਇਕ ਅੰਗ ਸੀ, ਜਿਸ ਦਾ ਮਕਸਦ ਨਵੀਂ ਉਠ ਰਹੀ ਇਨਕਲਾਬੀ ਸੋਚ ਨੂੰ ਮੁੱਢ ਤੋਂ ਹੀ ਦਬਾਉਣਾ ਸੀ, ਜਿਸ ਨੇ ਜ਼ੁਲਮ, ਜ਼ਾਲਿਮ ਅਤੇ ਬਿਪਰਵਾਦ ਉਪਰ ਕਰਾਰੇ ਵਾਰ ਕਰਨੇ ਸਨ। ਬਿਪਰਵਾਦ ਨੂੰ ਇਸ ਸੋਚ ਵਿਚੋਂ ਆਪਣਾ ਅੰਤ ਨਜ਼ਰ ਆਉਂਦਾ ਸੀ। ਸੋ ਦੂਰ-ਅੰਦੇਸ਼ੀ ਦੇ ਮਾਲਕ ਬਿਪਰ ਨੇ ਇਸ ਇਨਕਲਾਬੀ ਜੋਤਿ ਨੂੰ ਦਬਾਉਣ ਦਾ ਹਰ ਹੀਲਾ ਆਪ ਵੀ ਵਰਤਿਆ ਅਤੇ ਇਸ ਨੂੰ ਖਤਮ ਕਰਨ ਵਾਲੇ ਹੁਕਮਰਾਨ ਜਾਬਰਾਂ ਦਾ ਵੀ ਤਨਦੇਹੀ ਨਾਲ ਸਾਥ ਦਿੱਤਾ। ਬਿਪਰਵਾਦ ਦੇ ਜੂਲੇ ਹੇਠੋਂ ਨਿਕਲਣ ਦੇ ਚਾਹਵਾਨ ਲੋਕ ਜੋ ਬਹੁਤ ਸਤਾਏ ਹੋਏ ਸਨ ਉਹਨਾਂ ਹੀ ਗੁਰੂ ਨਾਨਕ ਦੀ ਸੋਚ ਨੂੰ ਅਪਨਾਇਆ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਗੁਰੂ ਨਾਨਕ ਦੁਆਰਾ ਚਲਾਏ ਨਵੇਂ ਕਾਫਲੇ ਵਿੱਚ ਸ਼ਾਮਿਲ ਹੋਣ ਵਾਲੇ ਲੋਕ ਜਿਥੇ ਹੁਕਮਰਾਨੀ ਤਸ਼ੱਦਦ ਅਤੇ ਬਿਪਰਵਾਦੀ ਮਾਨਸਿਕਤਾ ਦੇ ਸਤਾਏ ਹੋਏ ਸਨ ਉਥੇ ਨਾਲ ਹੀ ਉਨ੍ਹਾਂ ਲੋਕਾਂ ਵਿੱਚ ਅਣਖ ਦੀ ਕਣੀ ਦਾ ਥੋੜ੍ਹਾ ਜਿਹਾ ਅੰਸ਼ ਅਜੇ ਜ਼ਰੂਰ ਮੌਜੂਦ ਸੀ, ਨਹੀਂ ਤਾਂ ਇਕਦਮ ਇਹੋ ਜਿਹਾ ਇਨਕਲਾਬੀ ਫੈਸਲਾ ਲੈਣਾ ਜਿਥੇ ਖੰਡੇ ਦੀ ਧਾਰ ਉਪਰ ਤੁਰਨ ਸਮਾਨ ਸੀ ਉਥੇ ਨਾਲ ਹੀ ਬੇਗੈਰਤ ਲੋਕਾਂ ਦਾ ਕਾਰਜ ਨਹੀਂ ਸੀ। ਗੁਰੂ ਨਾਨਕ ਦੇ ਚੜ੍ਹਾਏ ਸੱਚ ਚੰਦਰਮਾ ਤੋਂ ਭੈਅਭੀਤ ਕਰਮਕਾਂਡਾਂ ਦੀ ਹਨੇਰੀ ਰਾਤ ਰੱਖਣ ਦੇ ਚਾਹਵਾਨ ਬਿਪਰਵਾਦ ਨੇ ਸ੍ਰੀ ਚੰਦ ਨੂੰ ਉਕਸਾ ਕੇ ਗੁਰੂ ਪਿਤਾ ਦੇ ਮਾਰਗ ਤੋਂ ਥਿੜਕਾਇਆ ਤਾਂ ਜੋ ਨਿਰਮਲ ਪੰਥ ਦਾ ਕਾਫਲਾ ਉਦਾਸੀ ਮੱਤ ਦੇ ਚੋਰ ਦਰਵਾਜ਼ੇ ਰਾਹੀਂ ਫਿਰ ਬਿਪਰਵਾਦ ਦੇ ਸਾਗਰ ਵਿੱਚ ਸ਼ਾਮਲ ਹੋ ਗਰਕ ਹੋ ਜਾਵੇ, ਪਰ ਗੁਰੂ ਪਾਤਸ਼ਾਹ ਨੇ ਬਿਪਰਵਾਦ ਦੀ ਇਸ ਘਿਨੌਣੀ ਚਾਲ ਨੂੰ ਕਾਮਯਾਬ ਨਾ ਹੋਣ ਦਿੱਤਾ ਅਤੇ ਲਹਿਣੇ ਨੂੰ ਅੰਗ ਲਗਾ ਕੇ ਅੰਗਦ ਬਣਾ ਦਿੱਤਾ। ਗੁਰੂ ਅੰਗਦ ਸਾਹਿਬ ਜੀ ਨੇ ਜਿਥੇ ਗੁਰੂ ਨਾਨਕ ਦੇ ਅੰਗ ਲਗ ਸੱਚ ਅਚਾਰ ਦੀ ਮਰਿਆਦਾ

ਅਪਨਾਈ ਉਥੇ ਨਾਲ ਹੀ ਬਿਪਰਵਾਦ ਨੂੰ ਨੇੜੇ ਨਾ ਫੜਕਣ ਦਿੱਤਾ। ਹਮਾਯੂੰ ਦੁਆਰਾ ਬੇਮਿਆਨ ਕੀਤੀ ਸ਼ਮਸ਼ੀਰ ਦਾ ਗੁਰੂ ਪਿਤਾ ਦੇ ਨੇਤਰਾਂ ਸਾਹਵੇਂ ਟਿਕ ਨਾ ਸਕਣਾ ਅਤੇ ਹਮਾਯੂੰ ਦੇ ਗੁਰੂ ਚਰਨਾਂ ਦੇ ਉਪਰ ਢਹਿ ਪੈਣ ਦੀਆਂ ਸੋਆਂ ਜਦੋਂ ਬਿਪਰਵਾਦ ਦੇ ਕੰਨਾਂ ਤੱਕ ਪਹੁੰਚੀਆਂ ਤਾਂ ਉਸ ਨੂੰ ਅਹਿਸਾਸ ਹੋਇਆ ਕਿ ਜਿਨ੍ਹਾਂ ਚਰਨਾਂ ਤੇ ਅੱਜ ਹੁਕਮਰਾਨੀ ਤਾਕਤ ਸੀਸ ਝੁਕਾ ਰਹੀ ਹੈ, ਇਨ੍ਹਾਂ ਚਰਨਾਂ ਦੇ ਭੌਰੇ ਕਦੀ ਹੁਕਮਰਾਨ ਤਾਕਤ ਨੂੰ ਆਪਣੇ ਕਦਮਾਂ ਹੇਠ ਜ਼ਰੂਰ ਝੁਕਾਉਣਗੇ। ਲੰਗਰ ਵਿੱਚ ਵਧੀਆ ਖੁਰਾਕ ਤੇ ਮੱਲ ਅਖਾੜਿਆਂ ਦੀ ਸ਼ਾਨੋ-ਸ਼ੌਕਤ ਨੇ ਖੀਰਾਂ ਖਾਣ ਵਾਲੇ ਤੇ ਦੂਜਿਆਂ ਦੇ ਟੁਕੜਿਆਂ ਤੇ ਪਲਣ ਵਾਲੇ ਬਿਪਰਵਾਦ ਨੂੰ ਕਾਂਬਾ ਛੇੜ ਦਿੱਤਾ। ਅਖਾੜੇ ਵਿੱਚ ਨਿੱਤਰ ਕੇ ਸਰੀਰਕ ਸ਼ਕਤੀ ਦਾ ਮੁਜ਼ਾਹਿਰਾ ਕਰਨ ਨੇ ਬਿਪਰਵਾਦ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਾ ਦਿੱਤੀ ਕਿਉਂਕਿ ਉਹ ਜਨਤਾ ਜਿਹੜੀ:

*ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੪੬੯)

ਇਹ ਬਲਹੀਣ ਰਯਤਿ ਜੋ ਮੁਰਦਾਰ ਹੋ ਚੁੱਕੀ ਤੇ ਦੋ ਟੱਕੇ ਦੇ ਛੋਟੇ ਵੱਡੇ ਹਾਕਮਾਂ ਦਾ ਪਾਣੀ ਭਰਦੀ ਸੀ, ਇਕ ਪਾਸੇ ਉਹਨਾਂ ਬਿਪਰਵਾਦੀਆਂ ਦੇ ਜ਼ੁਲਮ ਦਾ ਸ਼ਿਕਾਰ ਸੀ ਜੋ ਜ਼ਾਤੀ ਪ੍ਰਥਾ ਦੇ ਨਾਮ ਹੇਠ ਇਹਨਾਂ ਨੂੰ ਗੁਲਾਮੀ ਦੀਆਂ ਜ਼ੰਜੀਰਾਂ ਵਿੱਚ ਜਕੜ ਕੇ ਰੱਖਦੇ ਸਨ ਤੇ ਦੂਸਰੇ ਪਾਸੇ ਸਦੀਆਂ ਦੀ ਰਾਜਨੀਤਕ ਗੁਲਾਮੀ ਮੁਸਲਮਾਨਾਂ ਦੀਆਂ ਚਿਲਮਾਂ ਭਰਨ ਲਈ ਮਜਬੂਰ ਕਰਦੀ ਸੀ। ਪਰੰਤੂ ਮੱਲ ਅਖਾੜਿਆਂ ਵਿੱਚ ਗੁਰੂ ਦੁਆਰਾ ਦਿੱਤੀ ਕੰਡ ਉਪਰ ਥਾਪੀ ਨੇ ਇਸ ਰਯਤਿ ਦਾ ਚਿਹਰਾ ਮੁਹਰਾ ਹੀ ਬਦਲ ਕੇ ਰੱਖ ਦਿੱਤਾ। ਇਨ੍ਹਾਂ ਮੱਲ ਅਖਾੜਿਆਂ ਵਿੱਚ ਫੇਰੀਆਂ ਪਾਉਣ ਵਾਲੇ ਸੂਰਮਿਆਂ ਦੇ ਪੇਸ਼ੀਨਿਆਂ ਵਿੱਚ ਜਿਥੇ ਬਿਪਰਵਾਦ ਨੂੰ ਆਪਣਾ ਅੰਤ ਨਜ਼ਰ ਆਇਆ ਉਥੇ ਰਾਜ ਯੋਗ ਦੀ ਸਾਫ ਤਸਵੀਰ ਵੀ ਦਿਖਾਈ ਦਿੱਤੀ, ਕਿਉਂਕਿ ਬਲਹੀਣਾਂ ਦੀ ਸੁਆਹ ਵਿਚੋਂ ਗੁਰੂ ਨਾਨਕ ਸਾਹਿਬ ਦੇ ਕਰਮ ਸਦਕਾ ਸ਼ੋਅਲਾ ਬਣ ਕੇ ਪੈਦਾ ਹੋਏ ਬਲਵਾਨ ਯੋਧਿਆਂ ਦੀਆਂ ਛਾਤੀਆਂ ਵਿੱਚ ਨੇਜ਼ਿਆਂ ਦੀਆਂ ਅਣੀਆਂ ਨੂੰ ਖੁੰਢਾ ਕਰਨ ਦੀ ਤਾਕਤ ਸੀ।

ਗੁਰੂ ਅਮਰਦਾਸ ਪਾਤਸ਼ਾਹ ਦਾ ਸਮਾਂ ਆਇਆ ਤਾਂ ਸੰਗਤ ਤੇ ਪੰਗਤ ਦੇ ਮਿਲਾਪ ਨੇ ਬਿਪਰਵਾਦ ਨੂੰ ਅੱਗ ਵਾਂਗ ਸਾੜਿਆ। ਜਿਨ੍ਹਾਂ ਦਾ ਪ੍ਰਛਾਵਾਂ ਵੀ ਉੱਚ ਜ਼ਾਤੀਆਂ ਵਾਸਤੇ ਸਰਾਪ ਸਮਝਿਆ ਜਾਂਦਾ ਸੀ, ਉਹ ਲੋਕ ਉੱਚ ਜ਼ਾਤੀਆਂ ਨਾਲ ਬੈਠ ਕੇ ਰੋਟੀ ਖਾਣ ਲੱਗ ਪਏ, ਅੰਨ ਦੀ ਸਾਂਝ ਬਿਪਰਵਾਦ ਨੂੰ ਹਜ਼ਮ ਕਿਥੇ ਹੋਣੀ ਸੀ। ਜਦੋਂ ਬਿਪਰਵਾਦ ਨੇ ਵੇਖਿਆ ਕਿ ਸੰਗਤ ਅਤੇ ਪੰਗਤ ਦੇ ਅਦਾਰੇ ਦਿਨੋ-ਦਿਨ ਜ਼ੋਰ ਫੜਦੇ ਜਾ ਰਹੇ ਹਨ, ਗੱਭਰੂਆਂ ਦੇ ਸਰੀਰਕ ਬਲ ਸਾਹਵੇਂ ਬਿਪਰਵਾਦ ਇਹ ਸਮਝ ਗਿਆ ਕਿ ਸਿੱਧਾ ਮੁਕਾਬਲਾ ਵੀ ਹੱਕ ਵਿੱਚ ਨਹੀਂ ਹੋਵੇਗਾ, ਸੋ ਚੁਗਲੀ ਦੀ ਨੀਤੀ ਹੀ ਸੁਰੱਖਿਅਤ ਅਤੇ ਕਾਮਯਾਬ ਹੋ ਸਕਦੀ ਹੈ। ਬਿਪਰਵਾਦ ਨੇ ਹੁਕਮਰਾਨੀ ਤਾਕਤ ਦੀ ਮਦਦ ਲਈ ਚੁਗਲਨੀਤੀ ਦਾ ਆਸਰਾ ਲਿਆ ਜੋ ਅੱਜ ਤੱਕ ਬਦਸਤੂਰ ਜਾਰੀ ਹੈ। ਜਦੋਂ ਬਿਪਰਵਾਦ ਨੇ ਵੇਖਿਆ ਕਿ ਉਹ ਲੋਕ ਜਿਹੜੇ ਹਮੇਸ਼ਾ ਸਾਡੇ ਵੱਲ ਹੱਥ ਬੰਨ੍ਹ ਖੜਦੇ ਸਨ ਪਰੰਤੂ ਅੱਜ ਕੰਡ ਕਰਕੇ ਲੰਘਦੇ ਹਨ, ਉਸ ਦਾ ਜੀਣਾ ਹਰਾਮ ਹੋ ਗਿਆ। ਇਸ ਸਮੇਂ ਗੁਰ-ਦਰਬਾਰ ਦੇ

ਉਪਰ ਮੋੜਵਾਂ ਵਾਰ ਕਰਨ ਲਈ ਬਿਪਰਵਾਦ ਨੇ ਹਕੂਮਤ ਦੀ ਓਟ ਲਈ ਤੇ ਅਕਬਰ ਪਾਸ ਜਾ ਫਰਿਆਦੀ ਹੋਇਆ ਕਿ ਗੁਰੂ ਨਾਨਕ ਦੇ ਦਰ ਦੀ ਮਰਿਆਦਾ ਜਿਥੇ ਲੋਕਾਂ ਨੂੰ ਇਨਕਲਾਬੀ ਬਣਾ ਕੇ ਸਾਡੇ ਜ਼ਾਤ-ਪਾਤ ਦੇ ਜਾਲ ਵਿਚੋਂ ਕੱਢ ਕੇ ਆਤਮਨਿਰਭਰ ਬਣਾ ਰਹੀ ਹੈ, ਉਥੇ ਮੱਲ ਅਖਾੜਿਆਂ ਵਿੱਚ ਗਠੀਲੇ ਤਨਾਂ ਦੇ ਮਾਲਕ ਸਿੱਖ ਗੱਭਰੂ ਵੀ ਤੁਹਾਡੀ ਸਲਤਨਤ ਨੂੰ ਖਤਰਾ ਹਨ।

ਅਕਬਰ ਵਲੋਂ ਤਲਬ ਹੋਣ ਦਾ ਸੁਨੇਹਾ ਗੁਰੂ ਦਰਬਾਰ ਪਹੁੰਚਿਆ, ਪਰ ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ ਸੱਚਾ ਸ਼ਾਹ, ਦੂਨੀ ਸ਼ਾਹ ਦੇ ਸਨਮੁੱਖ ਤਲਬ ਕਿਵੇਂ ਹੁੰਦਾ, ਕੋਈ ਬਿਪਰ ਨਹੀਂ ਸੀ ਜੋ ਸੀਸ ਝੁਕਾ ਖੜ੍ਹ ਜਾਂਦਾ। ਗੁਰੂ ਜੀ ਨੇ ਭਾਈ ਜੇਠਾ ਜੀ ਨੂੰ ਗੁਰੂ ਘਰ ਦਾ ਨੁਕਤਾ-ਨਿਗਾਹ ਅਤੇ ਮਰਿਆਦਾ ਅਕਬਰ ਨੂੰ ਦੱਸਣ ਲਈ ਰਵਾਨਾ ਕੀਤਾ। ਅਕਬਰ ਉਸ ਸਮੇਂ ਲਾਹੌਰ ਆਇਆ ਹੋਇਆ ਸੀ। ਜੇਠਾ ਜੀ ਨੇ ਅਕਬਰ ਦੀ ਹਰ ਪੱਖ ਤੋਂ ਤਸੱਲੀ ਕਰਵਾ ਦਿੱਤੀ, ਅਕਬਰ ਤਾਂ ਇੰਨਾ ਪ੍ਰਭਾਵਤ ਹੋਇਆ ਕਿ ਸਾਰੇ ਕਾਰਜ ਵਿੱਚੇ ਛੱਡ ਗੁਰ ਦਰਸ਼ਨਾਂ ਨੂੰ ਤੁਰ ਪਿਆ। ਗੋਇੰਦਵਾਲ ਪਹੁੰਚਿਆ ਤਾਂ ਗੁਰੂ ਘਰ ਦੀ ਮਰਿਆਦਾ ਤੱਕ ਅੱਸ਼-ਅੱਸ਼ ਕਰ ਉਠਿਆ, ਹੁਕਮਰਾਨੀ ਦਾ ਨਸ਼ਾ ਲਹਿ ਗਿਆ ਤੇ ਨਾਮ ਖੁਮਾਰੀ ਦੀ ਰੰਗਤ ਚੜ੍ਹੀ ਮਹਿਸੂਸ ਹੋਈ। ਜਦੋਂ ਦੂਨੀਸ਼ਾਹ ਨੂੰ ਬਿਪਰ ਨੇ ਸੱਚੇ ਸ਼ਾਹ ਦੇ ਲੰਗਰ ਵਿੱਚ ਦੀਨਾਂ ਨਾਲ ਬੈਠ ਕੇ ਲੰਗਰ ਛੱਕਦੇ ਤੱਕਿਆ ਤਾਂ ਹੋਸ਼ ਗੁੰਮ ਹੋ ਗਏ, ਆਪਣਾ ਵਜੂਦ ਟੁਕੜੇ-ਟੁਕੜੇ ਹੋ ਕੇ ਮਿੱਟੀ ਵਿੱਚ ਮਿਲਦਾ ਨਜ਼ਰ ਆਇਆ। ਗੁਰੂ ਸਾਹਿਬ ਨੇ ਜਦੋਂ ਪ੍ਰਚਾਰਕ ਦੌਰੇ ਆਰੰਭੇ ਤਾਂ ਹੁਕਮਰਾਨੀ ਖਿਰਾਜ਼ ਦੀ ਚੱਕੀ ਵਿੱਚ ਪਿੱਸ ਰਹੇ ਲੋਕ ਜਿਹੜੇ ਕਿਸੇ ਪੁਲ ਦੇ ਉਪਰੋਂ ਗਊ ਲਗਾਉਣ ਲਈ ਵੀ ਟੈਕਸ ਤਾਰਦੇ ਸਨ ਇਹ ਵੇਖ ਕੇ ਹੈਰਾਨ ਰਹਿ ਗਏ ਕਿ :

ਦੁਤੀਆ ਜਮੁਨ ਗਏ ਗੁਰਿ ਹਰਿ ਹਰਿ ਜਪਨੁ ਕੀਆ॥
ਜਾਗਾਤੀ ਮਿਲੇ ਦੇ ਭੇਟ ਗੁਰ ਪਿਛੈ ਲੰਘਾਇ ਦੀਆ॥
ਸਭ ਛੁਟੀ ਸਤਿਗੁਰੂ ਪਿਛੈ ਜਿਨਿ ਹਰਿ ਹਰਿ ਨਾਮੁ ਧਿਆਇਆ॥
ਗੁਰ ਬਚਨਿ ਮਾਰਗਿ ਜੋ ਪੰਥਿ ਚਾਲੇ ਤਿਨ ਜਮੁ ਜਾਗਾਤੀ ਨੇੜਿ ਨ ਆਇਆ॥
ਸਭ ਗੁਰੂ ਗੁਰੂ ਜਗਤੁ ਬੋਲੈ ਗੁਰ ਕੈ ਨਾਇ ਲਇਐ ਸਭਿ ਛੁਟਕਿ ਗਇਆ॥
ਦੁਤੀਆ ਜਮੁਨ ਗਏ ਗੁਰਿ ਹਰਿ ਹਰਿ ਜਪਨੁ ਕੀਆ॥ ੪॥

(ਗੁਰੂ ਗ੍ਰੰਥ ਸਾਹਿਬ, ਪੰਨਾ ੧੧੧੬)

ਸਤਿਗੁਰ ਅਮਰਦਾਸ ਜੀ ਜਮੁਨਾ ਨਦੀ ਤੇ ਪਹੁੰਚੇ। ਸਤਿਗੁਰ ਜੀ ਨੇ ਉਥੇ ਪ੍ਰਮਾਤਮਾ ਦਾ ਨਾਮ ਹੀ ਜਪਿਆ ਤੇ ਜਪਾਇਆ। ਯਾਤਰੀਆਂ ਪਾਸੋਂ ਭੇਟਾ ਲੈ ਕੇ (ਸਰਕਾਰੀ ਮਸੂਲ ਲੈ ਕੇ) ਪੁਲ ਲੰਘਾਉਣ ਵਾਲੇ ਲੋਕ ਵੀ ਗੁਰੂ ਸਾਹਿਬ ਦੇ ਚਰਨਾਂ ਤੇ ਭੇਟਾ ਰੱਖ ਕੇ ਮਿਲੇ। ਆਪਣੇ ਆਪ ਨੂੰ ਗੁਰੂ ਦਾ ਸਿੱਖ ਅਖਵਾਉਣ ਵਾਲੇ ਸਾਰੇ ਲੋਕਾਂ ਨੂੰ ਮਸੂਲੀਆਂ ਨੇ ਬਿਨਾਂ ਕੋਈ ਮਸੂਲ ਲਏ ਪਾਰ ਲੰਘਾ ਦਿੱਤਾ। ਗੁਰੂ ਦੇ ਪਿੱਛੇ ਸਾਰੀ ਲੋਕਾਈ ਜੋ ਆਪਣੇ ਆਪ ਨੂੰ ਸਿੱਖ ਅਖਵਾ ਕੇ ਤੁਰੀ ਸੀ, ਸਾਰੀ ਪੁਲ ਪਾਰ ਕਰਨ ਦਾ ਟੈਕਸ ਭਰਨ ਤੋਂ ਬੱਚ ਗਈ।

ਇਸ ਘਟਨਾ ਨੇ ਬਿਪਰ ਦੀ ਰਾਤ ਦੀ ਨੀਂਦ ਹਰਾਮ ਕਰ ਦਿੱਤੀ ਕਿ ਸਾਨੂੰ ਤਾਂ ਗਊ ਪਾਰ

ਲੰਘਾਉਣ ਲਈ ਵੀ ਟੈਕਸ ਭਰਨਾ ਪੈਂਦਾ ਹੈ ਪਰ ਇਥੇ ਹਜ਼ਾਰਾਂ ਦੀ ਗਿਣਤੀ ਵਿੱਚ ਲੋਕਾਈ ਆਪਣੇ ਆਪ ਨੂੰ ਸਿੱਖ ਅਖਵਾ ਬਿਨਾਂ ਟੈਕਸ ਭਰਿਆਂ ਹੀ ਪੁਲ ਪਾਰ ਕਰ ਗਈ। ਉਸ ਨੂੰ ਆਪਣੀ ਪਹਿਲੀ ਸਾਜ਼ਿਸ਼ ਫੇਲ੍ਹ ਹੁੰਦੀ ਨਜ਼ਰ ਆਈ। ਬਿਪਰਵਾਦੀ ਤਾਂ ਚਾਹੁੰਦਾ ਸੀ ਕਿ ਸ੍ਰੀ ਚੰਦ ਦੇ ਉਦਾਸੀ ਨਾਮ ਦੇ ਚੋਰ ਦਰਵਾਜ਼ੇ ਰਾਹੀਂ ਫਿਰ ਇਸ ਨੂੰ ਆਪਣੀ ਆਗੋਸ਼ ਵਿੱਚ ਲੈ ਲਵਾਂ, ਪਰੰਤੂ ਸਿੱਖਾਂ ਉਪਰ ਕੋਈ ਟੈਕਸ ਨਾ ਲੱਗਣ ਕਰਕੇ ਉਹ ਬੜਾ ਹੈਰਾਨ ਹੋਇਆ ਕਿ ਇਸ ਫ਼ਿਰਕੇ ਨੂੰ ਸਰਕਾਰੇ-ਦਰਬਾਰੇ ਵੀ ਬਿਪਰਵਾਦ ਤੋਂ ਅਲਹਿਦਾ ਨਿਆਰੀ ਕੌਮ ਪ੍ਰਵਾਨ ਕਰ ਲਿਆ ਗਿਆ ਹੈ। ਜਦੋਂ ਕੇਂਦਰੀ ਪੱਧਰ ਤੇ ਕੋਈ ਦਾਲ ਨਾ ਗਲੀ ਤਾਂ ਸਥਾਨਕ ਪੱਧਰ ਦੇ ਹਾਕਮਾਂ ਨੂੰ ਰਿਸ਼ਵਤ ਦਾ ਚੜ੍ਹਾਵਾ ਚੜ੍ਹਾ ਕੇ ਨਵਾਂ ਹੀ ਚੰਨ ਚਾੜ੍ਹਿਆ। ਗੋਇੰਦਾ ਖੱਤਰੀ ਜਿਸ ਦੇ ਕਹਿਣ ਤੇ ਗੁਰੂ ਸਾਹਿਬ ਨੇ ਗੋਇੰਦਵਾਲ ਨਗਰ ਵਸਾਇਆ ਸੀ ਅਤੇ ਗੋਇੰਦੇ ਨੇ ਆਪਣੀ ਅੱਧੀ ਦੇ ਕਰੀਬ ਜ਼ਮੀਨ ਗੁਰੂ ਘਰ ਲਈ ਅਰਦਾਸ ਕਰਵਾਈ ਸੀ, ਉਸ ਦੇ ਪੁੱਤਰਾਂ ਨੂੰ ਇਕ ਤਪੇ ਨਾਮ ਦੇ ਬਿਪਰ ਨੇ ਬੜਾ ਉਕਸਾਇਆ ਕਿ ਤੁਸੀਂ ਗੁਰੂ ਨੂੰ ਜ਼ਮੀਨ ਦੇ ਚੰਗਾ ਨਹੀਂ ਕੀਤਾ। ਬਿਪਰ ਦੇ ਉਕਸਾਏ ਹੋਏ ਗੋਇੰਦੇ ਖੱਤਰੀ ਅਤੇ ਉਸਦੇ ਪੁੱਤਰਾਂ ਨੇ ਲਾਹੌਰ ਜਾ ਕੇ ਜ਼ਾਫ਼ਰ ਬੇਗ ਪਾਸ ਦਾਅਵਾ ਕਰ ਦਿੱਤਾ ਕਿ ਗੁਰੂ ਨੇ ਜਬਰ ਨਾਲ ਅੱਧੀ ਜ਼ਮੀਨ ਉਪਰ ਮਲਕੀਅਤ ਬਣਾ ਲਈ ਹੈ ਅਤੇ ਉਸਦੇ ਸਿੱਖ ਪੱਕੀ ਮਾਲਕੀ ਸਾਬਤ ਕਰਨ ਲਈ ਖੂਹੀ ਲਗਵਾ ਰਹੇ ਹਨ।

ਇਸ ਤਪੇ ਬ੍ਰਾਹਮਣ ਨੇ ਇਕ ਪਾਸੇ ਤਾਂ ਗੁਰੂ ਸਾਹਿਬ ਦੇ ਖਿਲਾਫ਼ ਦਰਖ਼ਾਸਤ ਖੱਤਰੀਆਂ ਪਾਸੋਂ ਦਵਾ ਦਿੱਤੀ ਅਤੇ ਦੂਸਰੇ ਪਾਸੇ ਲੋਕਾਂ ਨੂੰ ਕਹਿਣਾ ਸ਼ੁਰੂ ਕੀਤਾ ਕਿ ਕਿੱਡੇ ਅਨਰਥ ਦੀ ਗੱਲ ਹੈ ਲੋਕ ਇਕ ਖੱਤਰੀ ਨੂੰ ਮੱਥੇ ਟੇਕ ਰਹੇ ਹਨ, ਜਦੋਂ ਕਿ ਇਹ ਹੱਕ ਤਾਂ ਕੇਵਲ ਬ੍ਰਾਹਮਣਾਂ ਦਾ ਰਾਖਵਾਂ ਹੈ। ਇਹ ਖੱਤਰੀ (ਗੁਰੂ ਅਮਰਦਾਸ) ਤਾਂ ਨਾਸਤਿਕ ਹੈ ਜੋ ਦੇਵੀ ਦੇਵਤਿਆਂ ਨੂੰ ਨਹੀਂ ਮੰਨਦਾ, ਦੂਸਰੇ ਪਾਸੇ ਮੁਸਲਮਾਨਾਂ ਨੂੰ ਵੀ ਭੜਕਾਇਆ ਕਿ ਇਕ ਤਾਂ ਖੱਤਰੀ ਗੁਰੂ ਬਣ ਬੈਠਾ ਹੈ, ਦੂਸਰਾ ਪੀਰਾਂ ਫਕੀਰਾਂ, ਕਬਰਾਂ ਆਦਿ ਨੂੰ ਨਾ ਮੰਨਣ ਦਾ ਉਪਦੇਸ਼ ਦਿੰਦਾ ਹੈ। ਲਾਹੌਰ ਤੋਂ ਜ਼ਾਫ਼ਰ ਬੇਗ ਅੱਗੇ ਤਲਬੀ ਦਾ ਸੁਨੇਹਾ ਆ ਗਿਆ ਪਰ ਗੁਰੂ ਸਾਹਿਬ ਨਾ ਗਏ ਅਤੇ ਆਪਣੇ ਸਿੱਖਾਂ ਭਾਈ ਜੱਗਾ, ਕਿਦਾਰਾ, ਬਾਬਾ ਬੁੱਢਾ ਜੀ ਅਤੇ ਭਾਈ ਜੇਠਾ ਜੀ ਨੂੰ ਭੇਜ ਦਿੱਤਾ। ਜਦੋਂ ਜ਼ਾਫ਼ਰ ਬੇਗ ਨੇ ਦੋਹਾਂ ਧਿਰਾਂ ਦੇ ਬਿਆਨ ਸੁਣੇ ਤੇ ਸ਼ਿਕਾਇਤੀ ਖੱਤਰੀਆਂ ਨੂੰ ਝੂਠੇ ਜਾਣ ਕੇ ਇਹ ਕਹਿ ਦਿੱਤਾ ਕਿ ਇਸ ਮਾਮਲੇ ਦਾ ਹੱਕ ਮੈਂ ਖ਼ੁਦ ਲਾਹੌਰ ਆ ਕੇ ਕਰਾਂਗਾ। ਕੁਝ ਸਮੇਂ ਬਾਅਦ ਜ਼ਾਫ਼ਰ ਬੇਗ ਲਾਹੌਰ ਤੋਂ ਗੋਇੰਦਵਾਲ ਆਇਆ ਅਤੇ ਗੁਰਦਰਬਾਰ ਦੀ ਮਰਿਆਦਾ ਅਤੇ ਗੁਰੂ ਪਾਤਸ਼ਾਹ ਦੇ ਦਰਸ਼ਨ ਕਰ ਅੱਸ਼-ਅੱਸ਼ ਕਰ ਉਠਿਆ। ਸਾਰੇ ਮਾਮਲੇ ਦੀ ਲੋਕਾਂ ਤੋਂ ਪੜਤਾਲ ਕਰਨ ਉਪਰੰਤ ਪਤਾ ਲੱਗਾ ਕਿ ਤਪੇ ਬ੍ਰਾਹਮਣ ਦੇ ਉਕਸਾਏ ਹੋਏ ਖੱਤਰੀ ਹਰ ਪੱਖ ਤੋਂ ਝੂਠੇ ਹਨ, ਸੋ ਫੈਸਲਾ ਗੁਰੂ ਪਾਤਸ਼ਾਹ ਦੇ ਹੱਕ ਵਿਚ ਹੋਇਆ। ਜ਼ਾਫ਼ਰ ਬੇਗ ਦੇ ਫੈਸਲੇ ਤੋਂ ਅਸੰਤੁਸ਼ਟ ਹੋ ਕੇ ਇਹ ਬਿਪਰਾਂ ਦਾ ਟੋਲਾ ਗੁਰੂ ਸਾਹਿਬ ਦੇ ਖਿਲਾਫ਼ ਦਿੱਲੀ ਵੀ ਗਿਆ ਪਰ ਕੋਈ ਦਾਲ ਨਾ ਗਲੀ। ਅੰਤ ਥੱਕ ਹਾਰ ਕੇ ਵਾਪਸ ਮੁੜ ਆਏ, ਅਤੇ ਬਿਪਰਵਾਦ ਦੀ ਇਹ ਚਾਲ ਵੀ ਬੁਰੀ ਤਰ੍ਹਾਂ ਨਕਾਮ ਹੋਈ ਅਤੇ ਸੱਚ ਚੰਦਰਮਾਂ ਦੀ ਰੌਸ਼ਨੀ ਹੋਰ ਪ੍ਰਚੰਡ ਹੋਈ।

ਬਿਪਰਵਾਦ ਨੇ ਫਿਰ ਵੀ ਵਿਹੁ ਘੋਲਣੀ ਨਾ ਛੱਡੀ ਤੇ ਸੱਟ ਖਾਧੇ ਸੱਪ ਵਾਂਗ ਫਿਰ ਗੁਰੂ-ਘਰ ਅੰਦਰ ਘਰੇਲੂ ਝਗੜਾ ਖੜਾ ਕਰਕੇ ਹਵਾ ਦਿੱਤੀ, ਪਰੰਤੂ ਸੂਝਵਾਨ ਗੁਰਸਿੱਖਾਂ ਦੀ ਨੇਕਨੀਅਤੀ ਸਦਕਾ ਇਹ ਚਾਲ ਵੀ ਸਿਰੇ ਨਾ ਚੜ੍ਹ ਸਕੀ। ਤ੍ਰਿਸ਼ਨਾ ਅਤੇ ਹੰਕਾਰ ਦੀ ਅਗਨੀ ਵਿੱਚ ਸੜੇ ਬਿਪਰ ਨੇ ਸ੍ਰੀ ਚੰਦ ਵਾਂਗ ਪ੍ਰਿਥੀ ਚੰਦ ਨੂੰ ਭੜਕਾ ਕੇ ਪਿਤਾ ਅਤੇ ਭਰਾ ਦੇ ਖਿਲਾਫ਼ ਇਕ ਹਥਿਆਰ ਵਾਂਗ ਵਰਤਿਆ ਅਤੇ ਕਾਫੀ ਹੱਦ ਤੱਕ ਸਫਲ ਵੀ ਹੋਇਆ। ਪਰੰਤੂ ਬਾਬਾ ਬੁੱਢਾ ਜੀ, ਭਾਈ ਗੁਰਦਾਸ ਅਤੇ ਹੋਰ ਸੁਹਿਰਦ ਗੁਰਸਿੱਖਾਂ ਦੀ ਨੇਕਨੀਅਤੀ ਅਤੇ ਗੁਰੂ ਪਾਤਸ਼ਾਹ ਦੀ ਦੂਰ-ਅੰਦੇਸ਼ੀ ਸਦਕਾ ਗੁਰੂ-ਘਰ ਬਿਪਰਵਾਦ ਦੇ ਸਮੁੰਦਰ ਦੀ ਆਗੋਸ਼ ਤੋਂ ਬਾਰ-ਬਾਰ ਬਚਦਾ ਰਿਹਾ। ਚੰਦੂ ਨਾਮੀ ਬਿਪਰ ਨੇ ਆਪਣੀ ਰਿਵਾਇਤੀ ਬਿਪਰਵਾਦੀ ਨੀਤੀ ਵਰਤਦਿਆਂ ਜਿਥੇ ਗੁਰੂ ਘਰ ਵਿਰੋਧੀ ਜਹਾਦ ਘਰੇਲੂ ਪਾਟਕ ਪਾ ਕੇ ਅਰੰਭਿਆ ਉਥੇ ਆਪਣੀ ਥੋੜ੍ਹੀ ਜਿਹੀ ਸਰਕਾਰੇ ਦਰਬਾਰੇ ਪਹੁੰਚ ਦਾ ਵੀ ਯੋਗ ਲਾਭ ਉਠਾਉਣ ਦੀ ਕੋਸ਼ਿਸ਼ ਕੀਤੀ। ਪ੍ਰਿਥੀ ਚੰਦ ਨੇ ਬਿਪਰਵਾਦੀ ਕਈਆਂ ਨਾਲ ਗੰਢ-ਤੁਪ ਕਰਕੇ ਜਿਥੇ ਸੁਲਹੀ ਖ਼ਾਨ ਅਤੇ ਸੁਲਭੀ ਖ਼ਾਨ ਵਰਗੇ ਫ਼ੌਜਦਾਰ ਚੜ੍ਹਾ ਲਿਆਂਦੇ ਉਥੇ ਯੂਸਫਜ਼ਈਆਂ ਦੀ ਬਗਾਵਤ ਕੁਚਲਣ ਜਾ ਰਹੇ ਬੀਰਬਲ ਦੇ ਵੀ ਜਾ ਪੈਰੀਂ ਪਿਆ। ਬਿਪਰ-ਬਿਪਰ ਦਾ ਭਾਈ ਜਾਣ ਬੀਰਬਲ ਨੇ ਵੀ ਇਸ ਬਿਪਰਵਾਦੀ ਟੋਲੇ ਦੀ ਵਧੀਆ ਆਉਭਗਤ ਕੀਤੀ। (ਜ਼ਿਕਰ ਯੋਗ ਹੈ ਕਿ ਬੀਰਬਲ ਵੀ ਬ੍ਰਾਹਮਣ ਸੀ ਅਤੇ ਇਸ ਦਾ ਨਾਮ ਮਹੇਸ਼ ਦਾਸ ਸੀ। ਰਾਜੇ ਭਗਵਾਨ ਦਾਸ ਰਾਜਪੂਤ ਨੇ ਆਪਣੀ ਭਤੀਜੀ ਜੋਧਾਬਾਈ ਦੇ ਵਿਆਹ ਸਮੇਂ ਮਹੇਸ਼ ਦਾਸ ਨੂੰ ਦਹੇਜ ਦੇ ਰੂਪ ਵਿੱਚ ਅਕਬਰ ਨੂੰ ਦਿੱਤਾ ਸੀ) ਬੀਰਬਲ ਨੇ ਵਾਅਦਾ ਕੀਤਾ ਕਿ ਮੁਹਿੰਮ ਤੋਂ ਵਾਪਸ ਆ ਕੇ ਇਸ ਨਵੇਂ ਪੁੰਗਰੇ ਬੂਟੇ ਨੂੰ ਜ਼ਰੂਰ ਕੁਚਲਾਂਗਾ, ਪਰ ਉਹ ਮੁਹਿੰਮ ਤੋਂ ਵਾਪਸ ਹੀ ਨਾ ਆਇਆ। ਬਿਪਰਾਂ ਦਾ ਟੋਲਾ ਹੱਥੀਂ ਦੀਵੇ ਚੁੱਕ ਬੀਰਬਲ ਨੂੰ ਉਡੀਕਦਾ ਰਿਹਾ ਪਰ ਮੌਤ ਦੇ ਸੁਨੇਹੇ ਤੋਂ ਬਿਨਾਂ ਹੋਰ ਕੁਝ ਨਾ ਆਇਆ।

ਸ਼ੇਖ ਅਹਿਮਦ ਸਰਹਿੰਦੀ ਦੀਆਂ ਕੱਟੜਵਾਦੀ ਨੀਤੀਆਂ ਬੇਸ਼ਕ ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਦਾ ਕਾਰਨ ਹਨ, ਪਰੰਤੂ ਬਿਪਰਵਾਦੀ ਸੋਚ ਦੇ ਪ੍ਰਤੀਕ ਚੰਦੂ ਨੂੰ ਸਹਿਕਾਰਨ ਹੋਣ ਦੇ ਦੋਸ਼ ਤੋਂ ਮੁਕਤ ਨਹੀਂ ਕੀਤਾ ਜਾ ਸਕਦਾ, ਕਿਉਂਕਿ ਉਸਨੇ ਕਾਫ਼ੀ ਅਹਿਲਕਾਰਾਂ ਨੂੰ ਗੁਰੂ ਗ੍ਰੰਥ ਬਾਰੇ ਅਤੇ ਗੁਰਮਤਿ ਸਿਧਾਂਤਾਂ ਬਾਰੇ ਭੜਕਾਇਆ ਸੀ। ਬੇਸ਼ਕ ਗੁਰੂ ਪਾਤਸ਼ਾਹ ਦੇ ਸਾਹਵੇਂ ਬਿਪਰ ਦੀ ਕੋਈ ਘਿਨਾਉਣੀ ਚਾਲ ਪੂਰੀ ਤਰ੍ਹਾਂ ਨਾਲ ਤਾਂ ਸਫ਼ਲ ਨਹੀਂ ਹੋ ਸਕੀ, ਪਰੰਤੂ ਇਹ ਹਮੇਸ਼ਾ ਨੁਕਸਾਨ ਪਹੁੰਚਾਉਣ ਦੀ ਤਾਕ ਵਿੱਚ ਜ਼ਰੂਰ ਰਿਹਾ। ਛੇਵੇਂ ਗੁਰੂ ਸਾਹਿਬ ਸਮੇਂ ਵੀ ਭਗਵਾਨ ਦਾਸ ਆਦਿ ਬਿਪਰਾਂ ਨੇ ਗੁਰ ਦਰਬਾਰ ਦੀ ਵਿਰੋਧਤਾ ਕਰਨੀ ਤਾਂ ਚਾਹੀ ਪਰੰਤੂ ਮੈਦਾਨੇ-ਜੰਗ ਵਿੱਚ ਗੁਰੂ ਪਾਤਸ਼ਾਹ ਜੀ ਦੀ ਤੇਗ ਦੀ ਤਾਕਤ ਅੱਗੇ ਬਿਪਰਵਾਦੀ ਟਿੱਕ ਨਾ ਸਕੇ ਅਤੇ ਗਰਕ ਹੋ ਗਏ।

ਕੁਝ ਸਮਾਂ ਤਾਂ ਵਿਹੁ ਘੋਲਦਿਆਂ ਔਖਾ ਸੌਖਾ ਕੱਢਿਆ ਪਰ ਫਿਰ ਜਦੋਂ ਅੱਠਵੇਂ ਗੁਰੂ ਸਾਹਿਬ ਨੂੰ ਬਾਲ ਅਵਸਥਾ ਵਿੱਚ ਹੀ ਗੁਰਗੱਦੀ ਤੇ ਬਿਰਾਜਮਾਨ ਵੇਖਿਆ ਤਾਂ ਫਿਰ ਇਸ ਸੱਟ ਖਾਧੇ ਸੱਪ ਦਾ ਪੁਰਾਣਾ ਰੋਹ ਜਾਗ ਪਿਆ। ਪੰਡਿਤ ਦੇ ਰੂਪ ਵਿੱਚ ਗੁਰੂ ਨੂੰ ਵਿਚਾਰ ਚਰਚਾ ਲਈ ਲਲਕਾਰਿਆ ਤਾਂ ਜੋ ਬਾਲ ਗੁਰੂ ਦੀ ਭੰਡੀ ਕੀਤੀ ਜਾਵੇ, ਪਰ ਗੁਰੂ ਦੀ ਕਿਰਪਾ ਦੇ ਪਾਤਰ ਛੱਜੂ ਝੀਵਰ ਨੇ ਹੀ ਵਿਚਾਰ ਚਰਚਾ ਦਾ ਮੈਦਾਨ ਹੱਥੋਂ ਨਾ ਜਾਣ ਦਿੱਤਾ ਤੇ ਬਿਪਰਵਾਦੀ ਸੱਪ ਜੋ ਗੁਰੂ ਘਰ ਨੂੰ ਨਿਗਲਣ

ਆਇਆ ਸੀ ਇਕ ਗੁਰੂ ਪ੍ਰੇਮੀ ਦੀਨ ਤੋਂ ਸੱਟ ਖਾ ਕੇ ਪਿੱਛੇ ਮੁੜ ਪਿਆ। ਫਿਰ ਮੁਗਲ ਹਕੂਮਤ ਵਲੋਂ ਬਿਪਰਵਾਦੀਆਂ ਤੇ ਜ਼ੁਲਮ ਦਾ ਸ਼ਿਕੰਜਾ ਕੱਸ ਦਿੱਤਾ ਗਿਆ, ਵਿਚਾਰੇ ਗਰੀਬ ਬ੍ਰਾਹਮਣ ਅਤੇ ਹਿੰਦੂ ਧਰਮੀ ਤਾਂ ਕੱਖੋਂ ਹੌਲੇ ਹੋ ਗਏ ਪਰ ਕੋਈ ਬਿਪਰ ਆਗੂ ਇਨ੍ਹਾਂ ਗਰੀਬਾਂ ਦੀ ਬਾਂਹ ਫੜਨ ਮੈਦਾਨਿ-ਜੰਗ ਵਿੱਚ ਨਾ ਨਿੱਤਰਿਆ। ਅਖੀਰ ਇਹ ਜ਼ੁਲਮ ਦੇ ਸਤਾਏ ਪੰਡਿਤ ਲੋਕ ਗੁਰੂ ਨਾਨਕ ਦੀ ਸ਼ਰਨ ਆਏ ਤਾਂ ਗਰੀਬ-ਨਿਵਾਜ਼ ਨੇ ਨੌਵੇਂ ਜਾਮੇ ਵਿੱਚ ਸ਼ਰਨ ਆਇਆਂ ਦੀ ਲਾਜ ਰੱਖਦਿਆਂ ਆਪਣੇ ਸਰੀਰ ਦਾ ਠੀਕਰਾ ਉਨ੍ਹਾਂ ਦੇ ਧਰਮ ਅਤੇ ਧਾਰਮਿਕ ਚਿੰਨ੍ਹਾਂ ਨੂੰ ਬਚਾਉਣ ਦੀ ਖਾਤਰ ਦਿੱਲੀ ਵਿਖੇ ਭੰਨ ਦਿੱਤਾ। ਬੜੀ ਅਜੀਬ ਘਟਨਾ ਹੈ ਜਦੋਂ ਉਹ ਕਰਮਕਾਂਡ ਜਿਨ੍ਹਾਂ ਨੂੰ ਪਹਿਲੇ ਜਾਮੇ ਵਿੱਚ ਨਕਾਰਿਆ ਸੀ, ਉਨ੍ਹਾਂ ਹੀ ਕਰਮਕਾਂਡੀਆਂ ਦੇ ਧਰਮ ਨੂੰ ਬਚਾਉਣ ਖਾਤਰ ਮਕਤੂਲ ਖ਼ੁਦ ਚਲ ਕੇ ਮਕਤਲ ਵਿੱਚ ਗਿਆ ਤੇ ਦੁਨੀਆਂ ਦੇ ਲੋਕਾਂ ਨੂੰ ਦੱਸ ਦਿੱਤਾ:

*ਯੇ ਜਾਨ ਤੋ ਆਨੀ ਜਾਨੀ ਹੈ, ਇਸ ਜਾਂ ਕੀ ਤੋ ਕੋਈ ਬਾਤ ਨਹੀਂ,*
*ਜਿਸ ਧਜ ਸੇ ਕੋਈ ਮਕਤਲ ਮੇਂ ਗਿਆ, ਵੋ ਸ਼ਾਨ ਸਲਾਮਤ ਰਹਿਤੀ ਹੈ।*

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਇਸ ਮਹਾਨ ਸਾਕੇ ਦਾ ਜ਼ਿਕਰ ਕਰਦੇ ਫੁਰਮਾਉਂਦੇ ਹਨ:

*ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥*
*ਕੀਨੋ ਬਡੋ ਕਲੂ ਮਹਿ ਸਾਕਾ॥*

(ਬਚਿਤ੍ਰ ਨਾਟਕ)

ਜਦੋਂ ਦਸਵਾਂ ਗੁਰੂ ਨਾਨਕ ਗੁਰਗੱਦੀ ਉਪਰ ਬਿਰਾਜਮਾਨ ਹੋਇਆ ਤਾਂ ਉਸ ਮਰਦ ਅਗੰਮੜੇ ਨੇ ਸਮੇਂ ਦੀ ਸ਼ਨਾਖਤ ਕਰ ਖ਼ਾਲਸਾ ਪ੍ਰਗਟ ਕੀਤਾ, ਇਸ ਅਲੌਕਿਕ ਦ੍ਰਿਸ਼ ਨੂੰ ਵੇਖਣ ਸਿੱਖ ਸੰਗਤਾਂ ਵਿੱਚ ਕਈ ਬਿਪਰਵਾਦੀ ਵੀ ਆ ਬੈਠੇ, ਪਰੰਤੂ ਜਦੋਂ ਮਰਦ ਅਗੰਮੜੇ ਸ਼ੇਰ ਮਰਦ ਨੇ ਸ਼ਮਸ਼ੀਰ ਬੇ-ਮਿਆਨ ਕਰ ਸਿਰਾਂ ਦੀ ਮੰਗ ਕੀਤੀ ਤਾਂ ਬਹੁਤੇ ਇਹ ਕਹਿ ਕੇ ਖਿਸਕ ਗਏ ਕਿ ਪਾਤਸ਼ਾਹ!

*ਕਾਮ ਹਮਾਰਾ ਤੋਲਣ ਤੱਕੜੀ।*
*ਨੰਗੀ ਕਰਦ ਕਬਹੂੰ ਨ ਪਕੜੀ।*
*ਚਿੜੀ ਉਡੇ ਤੋ ਮੈਂ ਡਰ ਜਾਊਂ।*
*ਮੁਗਲੋਂ ਸੇ ਕੈਸੇ ਲੜ ਪਾਊਂ।*

ਫਿਰ ਜਦੋਂ ਘਮਸਾਣ ਦੇ ਯੁੱਧਾਂ ਦਾ ਸਿਲਸਿਲਾ ਅਰੰਭ ਹੋਇਆ ਤਾਂ ਖ਼ਾਲਸਾ ਪੰਥ ਤੋਂ ਆਪਣੀ ਪ੍ਰਭੁਸੱਤਾ ਨੂੰ ਖਤਰਾ ਸਮਝ ਸਭ ਤੋਂ ਪਹਿਲਾਂ ਬਿਪਰ ਹੀ ਹਮਲਾਵਰ ਹੋ ਕੇ ਗੁਰੂ ਪਿਤਾ ਤੇ ਆਇਆ। ਪਹਿਲੀ ਲੜਾਈ ਜੋ ਗੁਰੂ ਗੋਬਿੰਦ ਸਿੰਘ ਜੀ ਨੂੰ ਲੜਨੀ ਪਈ ਉਹ ਭੰਗਾਣੀ ਦੇ ਮੁਕਾਮ ਤੇ ਹਿੰਦੂ ਰਾਜੇ ਭੀਮ ਚੰਦ ਅਤੇ ਉਸ ਦੇ ਸਾਥੀ ਦੂਜੇ ਹਿੰਦੂ ਰਾਜਿਆਂ ਵਲੋਂ ਗੁਰੂ ਜੀ ਤੇ ਅਕਾਰਨ ਹਮਲਾ ਕਰਨ ਤੇ ਹੋਈ, ਜਿਸ ਵਿੱਚ ਪੀਰ ਬੁਧੂ ਸ਼ਾਹ ਆਪਣੇ ਸੱਤ ਸੌ ਮੁਰੀਦਾਂ ਸਮੇਤ ਗੁਰੂ ਜੀ ਦੀ ਮਦਦ ਉਪਰ ਆਇਆ। ਇਸ ਆਹਮੋ-ਸਾਹਮਣੇ ਅਤੇ ਅਸਾਂਵੇਂ ਮੈਦਾਨ-ਏ-ਜੰਗ

ਵਿੱਚ ਵੀ ਬਿਪਰ ਨੂੰ ਜਿੱਤ ਵੇਖਣੀ ਨਸੀਬ ਨਾ ਹੋਈ, ਪਰ ਗੁਰੂ ਘਰ ਨਾਲ ਈਰਖਾ ਦੀ ਵਿਹੁ ਇਸ ਨਾਗ ਨੇ ਨਾ ਛੱਡੀ। ਗੁਰੂ ਗੋਬਿੰਦ ਸਿੰਘ ਜੀ ਦੇ ਅਨੰਦਪੁਰ ਰਹਿਣ ਦੇ ਸਮੇਂ ਦੌਰਾਨ ਤਕਰੀਬਨ ਇਕ ਦਰਜਨ ਤੋਂ ਉਪਰ ਲੜਾਈਆਂ, ਜੋ ਗੁਰੂ ਸਾਹਿਬ ਨੂੰ ਕੇਵਲ ਬਚਾਅ ਪੱਖ ਵਜੋਂ ਹੀ ਲੜਨੀਆਂ ਪਈਆਂ, ਜਾਂ ਤਾਂ ਪਹਾੜੀ ਹਿੰਦੂ ਬਿਪਰਵਾਦੀ ਰਾਜਿਆਂ ਨਾਲ ਹੋਈਆਂ ਜਾਂ ਫਿਰ ਉਨ੍ਹਾਂ ਦੀ ਚੁੱਕ ਦਾ ਸ਼ਿਕਾਰ ਹੋ ਕੇ ਆਏ ਮੁਗਲ ਹਾਕਮਾਂ ਨਾਲ। ਇਨ੍ਹਾਂ ਪੱਥਰ ਪੂਜ ਬਿਪਰਾਂ ਨੂੰ ਹਾਰ ਦਾ ਮੂੰਹ ਹੀ ਵੇਖਣਾ ਪਿਆ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜ਼ਫ਼ਰਨਾਮੇ ਵਿੱਚ ਬਿਆਨ ਕਰਦੇ ਹਨ:

*ਮਨਮ ਕੁਸ਼ਤਹ ਅਮ ਕੋਹਿਯਾ ਬੁਤ ਪ੍ਰਸਤ।*
*ਕਿ ਆਂ ਬੁਤ ਪ੍ਰਸਤੰਦੋ ਮਨ ਬੁਤ ਸ਼ਿਕਸਤ॥ ੯੫॥*

ਗੁਰੂ ਘਰ ਉਪਰ ਹਮਲਾਵਰ ਹੋ ਕੇ ਆਉਣ ਵਾਲਾ ਇਹ ਬਿਪਰਵਾਦੀ ਟੋਲਾ ਇਹ ਵੀ ਭੁੱਲ ਗਿਆ ਕਿ ਇਸ ਦਰ ਨੇ ਸਾਡੇ ਧਰਮ ਦੇ ਬਚਾਅ ਲਈ ਸੀਸ ਭੇਟਾ ਕੀਤਾ ਸੀ। ਇਸ ਅਹਿਸਾਨ ਦਾ ਬਦਲਾ ਚੁਕਾਉਣ ਲਈ ਮੋਢੇ ਨਾਲ ਮੋਢਾ ਡਾਹ ਕੇ ਸਾਥ ਤਾਂ ਕੀ ਦੇਣਾ ਸੀ, ਸ਼ਸ਼ਤਰਬੱਧ ਹੋ ਇਸ ਦਰਬਾਰ ਤੇ ਹੀ ਹਮਲਾਵਰ ਹੋ ਚੜ੍ਹ ਆਏ ਪਰ ਖ਼ਾਲਸੇ ਦੀ ਤੇਗ ਮੂਹਰੇ ਅੜਨਾ ਕੋਈ ਖ਼ਾਲਾ ਜੀ ਦਾ ਵਾੜਾ ਨਹੀਂ ਸੀ। ਸੋ ਅਨੇਕਾਂ ਵਾਰ ਮੈਦਾਨੇ-ਜੰਗ ਵਿਚੋਂ ਭਾਂਜ ਖਾ ਕੇ ਭੱਜ ਗਏ। ਮੈਦਾਨੇ-ਜੰਗ ਵਿੱਚ ਖ਼ਾਲਸੇ ਦੀ ਤੇਗ ਤੋਂ ਜ਼ਖਮੀ ਹੋਏ ਇਸ ਬਿਪਰਵਾਦੀ ਨਾਗ ਨੇ ਇਕ ਹੋਰ ਤਰੀਕਾ ਅਪਨਾਇਆ। ਅਨੰਦਪੁਰ ਦੀ ਆਖਰੀ ਲੜਾਈ ਸਮੇਂ ਆਟੇ ਦੀ ਗਊ ਬਣਾ ਕੇ ਇਕ ਪਰਮਾਨੰਦ (ਪੰਮਾ ਪੰਡਿਤ) ਨਾਮੀ ਬਿਪਰ ਕਿਲ੍ਹੇ ਦੇ ਸਾਹਮਣੇ ਰੱਖ ਆਇਆ ਤੇ ਗਊ ਦੀ ਸਹੁੰ ਦੇ ਬਹਾਨੇ ਹੇਠ ਕਿਲ੍ਹਾ ਖਾਲੀ ਕਰਵਾਉਣ ਅਤੇ ਵਿਸਾਹਘਾਤ ਕਰਕੇ ਹਮਲਾ ਕਰਨ ਦੀ ਤਰਕੀਬ ਬਣਾਈ। ਯੁੱਧਨੀਤੀ ਦੇ ਮਾਹਿਰ ਤੇ ਰੌਸ਼ਨ ਦਿਮਾਗ ਸ਼ਮਸ਼ੀਰ ਦੇ ਧਨੀ ਗੁਰੂ ਪਾਤਸ਼ਾਹ ਦੀ ਦੂਰਅੰਦੇਸ਼ੀ ਸਦਕਾ ਇਹ ਤਰਕੀਬ ਵੀ ਸਿਰੇ ਨਾ ਚੜ੍ਹੀ। ਅਖੀਰ ਜਦੋਂ ਕੁਰਾਨ ਦੀਆਂ ਕਸਮਾਂ ਤੇ ਯਕੀਨ ਕਰ ਗੁਰੂ ਸਾਹਿਬ ਨੇ ਅਨੰਦਪੁਰ ਛੱਡ ਦਿੱਤਾ ਤਾਂ ਨਿਰਮੋਹਗੜ੍ਹ, ਸ਼ਿਆਹੀ ਟਿੱਬੀ ਅਤੇ ਸਰਸਾ ਦੇ ਕੰਢੇ ਉਪਰ ਘਮਸਾਣ ਯੁੱਧ ਹੋਇਆ। ਅਨੇਕਾਂ ਸਿੰਘ ਸੂਰਮੇ ਸ਼ਹੀਦ ਹੋਏ ਅਤੇ ਗੁਰੂ ਸਾਹਿਬ ਦਾ ਪਰਿਵਾਰ ਵਿਛੜ ਗਿਆ। ਇਹ ਮੁਸੀਬਤ ਭਰਿਆ ਸਮਾਂ ਤਾਂ ਬਿਪਰ ਜੀ ਵਾਸਤੇ ਗੁਰੂ ਘਰ ਉਪਰ ਵਾਰ ਕਰਨ ਦਾ ਸੁਨਹਿਰੀ ਮੌਕਾ ਸੀ।

ਬਿਪਰ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਪਹਿਲਾਂ ਤਾਂ ਆਪਣੇ ਘਰ ਲੈ ਗਿਆ, ਫਿਰ ਮਾਇਆ ਚੋਰੀ ਕੀਤੀ ਅਤੇ ਫਿਰ ਗੰਗੂ ਨਾਮੀ ਇਸ ਬਿਪਰ ਨੇ ਆਪ ਮੁਖਬਰੀ ਕਰਕੇ ਮੋਰਿੰਡੇ ਦੇ ਹਾਕਮ ਪਾਸ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਨੂੰ ਗ੍ਰਿਫਤਾਰ ਕਰਵਾ ਦਿੱਤਾ। ਮੋਰਿੰਡੇ ਤੋਂ ਸਾਹਿਬਜ਼ਾਦੇ ਸੂਬਾ ਸਰਹਿੰਦ ਵਜ਼ੀਰ ਖਾਨ ਸਨਮੁੱਖ ਪੇਸ਼ ਕੀਤੇ ਗਏ। ਸਜ਼ਾਏ ਮੌਤ ਦੀ ਗੱਲ ਚੱਲੀ ਤਾਂ ਨਵਾਬ ਮਲੇਰਕੋਟਲਾ ਨੇ ਕਿਹਾ ਕਿ ਜੇਕਰ ਬਦਲਾ ਹੀ ਲੈਣ ਦੀ ਚਾਹ ਹੈ ਤਾਂ ਸਾਨੂੰ ਮੈਦਾਨਿ-ਜੰਗ ਵਿੱਚ ਇਨ੍ਹਾਂ ਦੇ ਪਿਤਾ ਗੁਰੂ ਗੋਬਿੰਦ ਸਿੰਘ ਨਾਲ ਜੂਝ ਕੇ ਲੈਣਾ ਚਾਹੀਦਾ ਹੈ, ਛੋਟੇ ਛੋਟੇ ਬੱਚਿਆਂ ਨੂੰ ਕਤਲ ਕਰ ਕੇ ਪਾਪ ਦੇ ਭਾਗੀਦਾਰ ਨਹੀਂ ਬਣਨਾ ਚਾਹੀਦਾ। ਉਸ ਨੇ ਵੰਗਾਰ ਕੇ ਕਿਹਾ:

ਬਦਲਾ ਹੀ ਲੇਨਾ ਹੋਗਾ ਤੋ ਹਮ ਲੇਂਗੇ ਬਾਪ ਸੇ।
ਮਹਿਫੂਜ਼ ਰਖੇ ਖੁਦਾ ਹਮੇ ਐਸੇ ਪਾਪ ਸੇ।

(ਸ਼ਹੀਦਾਂ-ਏ-ਵਫ਼ਾ)

ਪਰ ਇਕ ਬਿਪਰ (ਗੰਗੂ) ਦੇ ਕਾਰਜ ਨੂੰ ਸਿਰੇ ਚਾੜ੍ਹਨ ਵਾਲਾ ਦੂਸਰਾ ਬਿਪਰਵਾਦੀ ਦਿਮਾਗ (ਸੁੱਚਾ ਨੰਦ) ਚੁੱਪ ਨਾ ਰਹਿ ਸਕਿਆ ਤੇ ਕਿਹਾ:

*ਉਨ ਕਹਿਯੋ ਨਵਾਬ ਯੇਹ ਸਰਪ ਬਿਸੂਰੇ॥*
*ਛੋਟੇ ਬੜੇ ਡਸੇਂਗੇ ਜਰੂਰੇ॥* (ਪੰਥ ਪ੍ਰਕਾਸ਼)

ਸੋ ਜੰਗਾਂ ਸਨਮੁਖ ਮੈਦਾਨਿ-ਜੰਗ ਵਿੱਚ ਹੋਈਆਂ ਹਾਰਾਂ ਦਾ ਬਦਲਾ ਇਸ ਬਿਪਰਵਾਦੀ ਸੋਚ ਨੇ ਗੁਰੂ ਸਾਹਿਬ ਦੇ ਮਾਸੂਮ ਬੱਚੇ ਸ਼ਹੀਦ ਕਰਵਾ ਕੇ ਲਿਆ, ਜੋ ਕਿ ਬਿਪਰਵਾਦੀ ਮਾਨਸਿਕਤਾ ਦੀ ਜਿਉਂਦੀ ਜਾਗਦੀ ਤਸਵੀਰ ਹੈ।

ਜਦੋਂ ਬੰਦਾ ਸਿੰਘ ਬਹਾਦਰ ਸਰਹਿੰਦ ਉਪਰ ਚੜ੍ਹ ਕੇ ਆਇਆ ਤਾਂ ਬਿਪਰ ਨੇ ਸੋਚਿਆ ਕਿ ਜੇਕਰ ਮੁਗਲ ਰਾਜ ਦੀਆਂ ਜੜ੍ਹਾਂ ਪੁਟੀਆਂ ਗਈਆਂ ਤਾਂ ਸਾਡੀ ਖੀਰ ਪੂੜੀ ਵੀ ਨਾਲ ਹੀ ਬੰਦ ਹੋ ਜਾਵੇਗੀ। ਇਕ ਬਿਪਰ ਬੜੀ ਸਾਜ਼ਿਸ਼ ਨਾਲ ਬੰਦਾ ਸਿੰਘ ਪਾਸ ਆਇਆ ਕਿ ਮੈਂ ਸੁੱਚਾ ਨੰਦ ਦਾ ਭਤੀਜਾ ਹਾਂ, ਮੇਰੇ ਚਾਚੇ ਨੇ ਸਿੱਖਾਂ ਨਾਲ ਬੁਰਾ ਕਰਮ ਕੀਤਾ ਹੈ, ਮੈਂ ਆਪ ਦੀ ਮਦਦ ਕਰਕੇ ਆਪਣੇ ਪਰਿਵਾਰ ਦੇ ਪਾਪਾਂ ਦਾ ਪ੍ਰਾਸ਼ਚਿਤ ਕਰਨਾ ਚਾਹੁੰਦਾ ਹਾਂ। ਦੂਰਅੰਦੇਸ਼ ਜਰਨੈਲ ਬੰਦਾ ਸਿੰਘ ਬਹਾਦਰ ਨੇ ਇਸ ਬਿਪਰਵਾਦੀ ਸਾਜ਼ਿਸ਼ੀ ਦੀ ਨੀਅਤ ਨੂੰ ਭਾਂਪ ਲਿਆ ਅਤੇ ਸ: ਬਾਜ ਸਿੰਘ ਨੂੰ ਇਸ ਉਪਰ ਨਿਗਰਾਨੀ ਰੱਖਣ ਨੂੰ ਕਿਹਾ। ਜਦੋਂ ਸਰਹਿੰਦ ਦੀ ਫ਼ਤਹਿ ਸਮੇਂ ਘਣਘੋਰ ਜੰਗ ਛਿੜੀ ਤਾਂ ਇਸ ਬਿਪਰਵਾਦੀ ਨੇ ਆਪਣੇ ਸਾਥੀਆਂ ਨਾਲ ਖ਼ਾਲਸਾ ਫ਼ੌਜ ਉਪਰ ਅੰਦਰੋਂ ਹੱਲਾ ਬੋਲ ਦਿੱਤਾ, ਪਰੰਤੂ ਸ: ਬਾਜ ਸਿੰਘ ਨੇ ਉਸੇ ਵੇਲੇ ਸ਼ੇਰ ਵਾਂਗ ਝੱਪਟ ਕੇ ਇਸ ਬਿਪਰਵਾਦ ਮੂਰਤੀ ਨੂੰ ਘੋੜੇ ਸਮੇਤ ਚੀਰ ਕੇ ਜ਼ਮੀਨ ਉਤੇ ਵਿਛਾ ਦਿੱਤਾ ਅਤੇ ਖ਼ਾਲਸਾ ਫ਼ੌਜਾਂ ਨੂੰ ਨੁਕਸਾਨ ਪਹੁੰਚਾਉਣ ਦੀ ਇਹ ਸਾਜ਼ਿਸ਼ ਵੀ ਨਾਕਾਮ ਕਰ ਦਿੱਤੀ।

ਜਦੋਂ ਮਹਾਨ ਜਰਨੈਲ ਬੰਦਾ ਸਿੰਘ ਬਹਾਦਰ ਗੁਰਦਾਸ ਨੰਗਲ ਦੀ ਗੜ੍ਹੀ ਤੋਂ ਗ੍ਰਿਫਤਾਰੀ ਉਪਰੰਤ ਦਿੱਲੀ ਵਿਖੇ ਤ੍ਰਿਪੋਲੀਆ ਨਾਮਕ ਜੇਲ੍ਹ ਵਿੱਚ ਕੈਦ ਸੀ ਤਾਂ ਫ਼ਰੁਖਸੀਅਰ ਦਾ ਇਕ ਬਿਪਰ ਵਜ਼ੀਰ ਰਤਨ ਚੰਦ ਰੋਜ਼ਾਨਾ ਬੰਦਾ ਸਿੰਘ, ਉਸਦੀ ਸਿੰਘਣੀ ਅਤੇ ਹੋਰ ਸਿੰਘਾਂ ਪਾਸ ਆਉਂਦਾ ਅਤੇ ਕਈ ਤਰ੍ਹਾਂ ਦੇ ਲਾਲਚ ਅਤੇ ਡਰਾਵੇ ਦੇ ਕੇ ਇਸਲਾਮ ਕਬੂਲ ਕਰਨ ਲਈ ਜ਼ੋਰ ਲਗਾਉਂਦਾ। ਫ਼ਰੁਖਸੀਅਰ ਦੇ ਸਮੇਂ ਸਿੰਘ ਤਾਂ ਸੈਂਕੜਿਆਂ ਦੇ ਹਿਸਾਬ ਨਾਲ ਖ਼ਤਮ ਕੀਤੇ ਜਾਂਦੇ ਰਹੇ, ਪਰੰਤੂ ਬਿਪਰਵਾਦੀਆਂ ਨੂੰ ਜਗੀਰਾਂ ਦੇ ਕੇ ਨਿਵਾਜਿਆ ਜਾਂਦਾ ਰਿਹਾ। ਨਹਿਰੂ ਖਾਨਦਾਨ ਨੂੰ ਉਸ ਸਮੇਂ ਮਿਲੀ ਜਗੀਰ ਇਸ ਦੀ ਮੂੰਹ ਬੋਲਦੀ ਤਸਵੀਰ ਹੈ।

ਜਦੋਂ ਖ਼ਾਲਸਾ ਪੰਥ ਫਿਰ ਥੋੜ੍ਹੀ ਤਾਕਤ ਵਿੱਚ ਆਇਆ ਤਾਂ ਦੋ ਬਿਪਰਵਾਦੀ ਭਰਾਵਾਂ ਲੱਖਪਤ ਰਾਏ ਅਤੇ ਜਸਪਤ ਰਾਏ ਨੇ ਹਕੂਮਤ ਨਾਲ ਗੱਠ-ਜੋੜ ਬਣਾ ਪਿੰਡਾਂ ਵਿਚੋਂ ਸ਼ਰੇਆਮ ਸਿੰਘਾਂ

ਨੂੰ ਚੁੱਕ ਕੇ ਕਤਲ ਕਰਨਾ ਸ਼ੁਰੂ ਕੀਤਾ। ਬੜੇ ਹੰਕਾਰ ਨਾਲ ਐਲਾਨ ਕੀਤਾ ਕਿ ਸਿੱਖਾਂ ਨੂੰ ਇਕ ਖੱਤਰੀ ਨੇ ਹੀ ਸਾਜਿਆ ਸੀ, ਇਕ ਖੱਤਰੀ ਹੀ ਖਤਮ ਕਰਕੇ ਦਮ ਲਵੇਗਾ। ਗੁਰੂ ਦਾ ਅਣਖੀਲਾ ਪੁੱਤਰ ਖ਼ਾਲਸਾ ਤਾਂ ਖਤਮ ਨਾ ਹੋਇਆ ਪਰੰਤੂ ਇਹ ਦੋਵੇਂ ਭਰਾ ਖ਼ਾਲਸਈ ਸ਼ਮਸ਼ੀਰ ਦੀ ਤਾਬ ਨਾ ਸਹਾਰ ਸਕੇ। ਅਨੇਕਾਂ ਦਿਲ-ਕੰਬਾਊ ਸਾਕਿਆਂ ਅਤੇ ਅਸਹਿ ਕੁਰਬਾਨੀਆਂ ਤੋਂ ਬਾਅਦ ਖ਼ਾਲਸਾ ਰਾਜ ਹੋਂਦ ਵਿੱਚ ਆਇਆ। ਦੁਰਮਤਿ ਵੇਖ ਕੇ ਦਿਆਲ ਹੋਣ ਵਾਲੇ ਖੁਲ੍ਹਦਿਲੀ ਅਤੇ ਬਖਸ਼ਿਆਂ ਸਮੁੰਦਰ ਸੁਭਾਅ ਦੇ ਮਾਲਕ ਖ਼ਾਲਸੇ ਨੇ ਔਗੁਣਾਂ, ਬਦਨੀਤੀਆਂ ਨੂੰ ਨਾ ਚਿਤਾਰ ਕੇ ਧਿਆਨ ਸਿਹੁੰ ਵਰਗੇ ਹੋਰ ਕਈ ਬਿਪਰਾਂ ਨੂੰ ਖ਼ਾਲਸਾਈ ਰਾਜ ਵਿੱਚ ਉਚ ਪਦਵੀਆਂ ਬਖਸ਼ੀਆਂ। ਪਰ ਬਿਪਰਵਾਦ ਦੇ ਜ਼ਹਿਰੀਲੇ ਨਾਗਾਂ ਨੇ ਜਿਸ ਤਰ੍ਹਾਂ ਖ਼ਾਲਸਾ ਰਾਜ ਦੇ ਚੜ੍ਹੇ ਹੋਏ ਸੂਰਜ ਨੂੰ ਕੂਟਨੀਤੀਆਂ ਨਾਲ ਅਸਤ ਕੀਤਾ, ਲੰਬੀ ਅਤੇ ਦਿਲ-ਕੰਬਾਊ ਵਾਰਤਾ ਹੈ। ਆਪਣੀਆਂ ਚਾਲਾਂ ਨਾਲ ਖ਼ਾਲਸਾ ਰਾਜ ਵਿੱਚ ਐਸੀ ਖ਼ੂਨ ਦੀ ਹੋਲੀ ਖਿਡਵਾਈ ਕਿ ਖ਼ਾਲਸਈ ਸ਼ਮਸ਼ੀਰਾਂ ਜਿਨ੍ਹਾਂ ਦੇ ਅੱਗੇ ਕੋਹਕਾਫ਼ ਵੀ ਸੀਸ ਨਿਵਾ ਦਿੰਦੇ ਨੇ, ਆਪਣੇ ਹੀ ਭਰਾਵਾਂ ਦੀਆਂ ਸ਼ਾਹਰਗਾਂ ਨੂੰ ਚੁੰਮਿਆ। ਆਪਣੇ ਬਚੇ-ਖੁਚੇ ਰਾਜ ਨੂੰ ਸਾਂਭਣ ਲਈ ਖ਼ਾਲਸਾ ਫ਼ੌਜ ਅੰਗਰੇਜ਼ਾਂ ਨਾਲ ਜੂਝੀ ਪਰ ਫ਼ਤਹਿ ਨੇ ਅਜੇ ਪੈਰ ਚੁੰਮਣੇ ਹੀ ਸਨ ਕਿ ਤੇਜਾ ਸਿਹੁੰ, ਲਾਲ ਸਿਹੁੰ ਵਰਗੇ ਬਿਪਰਾਂ ਦੀ ਮੇਹਰਬਾਨੀ ਨੇ ਜੰਗ ਦਾ ਪਾਸਾ ਬਦਲ ਕੇ ਰੱਖ ਦਿੱਤਾ। ਮੈਦਾਨਿ-ਜੰਗ ਵਿੱਚ ਵੈਰੀ ਨਾਲ ਜੂਝ ਰਿਹਾ ਖ਼ਾਲਸਾ ਉਦੋਂ ਲਾਚਾਰ, ਬੇਬਸ ਤੇ ਮਜਬੂਰ ਹੋ ਗਿਆ ਜਦੋਂ ਬਰੂਦ ਦੀਆਂ ਪੇਟੀਆਂ ਵਿਚੋਂ ਸਰ੍ਹੋਂ ਨਿਕਲੀ। ਖ਼ਾਲਸੇ ਨੇ ਹੱਠ ਨਾ ਛੱਡਿਆ, ਤੂੰਬਾ-ਤੂੰਬਾ ਹੋ ਗਿਆ, ਤੋਪਾਂ ਮੋਹਰੇ ਸਰੀਰ ਦੇ ਚੀਥੜੇ ਉਡ ਗਏ, ਸ: ਸ਼ਾਮ ਸਿੰਘ ਅਟਾਰੀ ਦੇ ਹੱਥੋਂ ਮੌਤ ਵੀ ਸ਼ਮਸ਼ੀਰ ਨਾ ਖੋਹ ਸਕੀ, ਮੈਦਾਨਿ-ਜੰਗ ਨੂੰ ਲਹੂ ਨਾਲ ਸੁਰਖ਼ ਰੰਗ ਦਾ ਗਲੀਚਾ ਬਣਾ ਦਿੱਤਾ, ਪਰ ਬਿਪਰਾਂ ਵਲੋਂ ਪਿੱਠ ਵਿੱਚ ਛੁਰਾ ਮਾਰਨ ਨਾਲ ਇਹ ਲਹੂ ਦੀ ਲਾਲਗੀ ਖ਼ਾਲਸਈ ਰਾਜ ਦਾ ਤਿਲਕ ਨਾ ਬਣ ਸਕੀ।

ਭਾਈ ਮਹਿਰਾਜ ਸਿੰਘ ਵਰਗੇ ਸੂਰਮੇ ਨੇ ਮੁੜ ਖ਼ਾਲਸਈ ਰਾਜ ਦੀ ਪ੍ਰਾਪਤੀ ਅਤੇ ਗੁਲਾਮੀ ਦਾ ਜੂਲਾ ਗਲੋਂ ਲਾਹੁਣ ਲਈ ਹਥਿਆਰਬੰਦ ਸੰਘਰਸ਼ ਦਾ ਬਿਗਲ ਵਜਾਇਆ ਪਰ ਬਿਪਰਵਾਦ ਦੇ ਤਿਲਿਸਮੀ ਜਾਲ ਨੇ ਇਸ ਨਵੇਂ ਮੱਚੇ ਭਾਂਬੜ ਨੂੰ ਜਲਦੀ ਹੀ ਬੁਝਾ ਦਿੱਤਾ। ਉਹੋ ਹੀ ਬਿਪਰ ਖ਼ਾਲਸਈ ਰਾਜ ਦੇ ਖ਼ਿਲਾਫ਼ ਅੰਗਰੇਜ਼ਾਂ ਵੱਲ ਹੋ ਕੇ ਲੜੇ, (ਜ਼ਿਕਰਯੋਗ ਹੈ ਕਿ ਜਿਹੜੀਆਂ ਫ਼ੌਜੀ ਯੂਨਿਟਾਂ ਨੇ 1857 ਈ: ਵਿੱਚ ਬਗਾਵਤ ਕੀਤੀ ਸੀ ਉਹੋ ਹੀ ਡੋਗਰਾ ਯੂਨਿਟਾਂ ਅੰਗਰੇਜ਼-ਸਿੱਖ ਲੜਾਈਆਂ ਵਿੱਚ ਸਿੱਖਾਂ ਖ਼ਿਲਾਫ਼ ਲੜੀਆਂ ਸਨ)।

ਜਦੋਂ ਖ਼ਾਲਸਾ ਰਾਜ ਦਾ ਸੂਰਜ ਅਸਤ ਹੋ ਗਿਆ, ਤਾਂ ਬਿਪਰਵਾਦੀ ਨਾਗ ਨੇ ਇਸ ਮੌਕੇ ਨੂੰ ਸੁਨਹਿਰਾ ਮੌਕਾ ਜਾਣ ਖ਼ਾਲਸਾ ਪੰਥ ਉਪਰ ਸਰੀਰਕ ਦੇ ਨਾਲ-ਨਾਲ ਬੌਧਿਕ ਹਮਲੇ ਸ਼ੁਰੂ ਕੀਤੇ। ਇਹ ਬਿਪਰਵਾਦ ਇਕ ਪਾਸੇ ਤਾਂ ਮਹੰਤਾਂ ਦੇ ਰੂਪ ਵਿੱਚ ਗੁਰਧਾਮਾਂ ਤੇ ਕਾਬਜ਼ ਹੋ ਬੈਠਾ ਤੇ ਦੂਜੇ ਪਾਸੇ ਆਰੀਆ ਸਮਾਜ ਦੇ ਨਾਮ ਹੇਠ ਦਯਾਨੰਦ ਨਾਮੀ ਬਿਪਰ ਨੇ ਖ਼ਾਲਸਈ ਅਣਖ ਨੂੰ ਬੌਧਿਕ ਹਮਲੇ ਕਰ ਵੰਗਾਰਿਆ। ਗੁਰੂ ਸਾਹਿਬ ਪ੍ਰਤੀ ਅਪਸ਼ਬਦਾਵਲੀ ਵਰਤੀ ਅਤੇ ਖ਼ਾਲਸਈ ਰਵਾਇਤਾਂ ਖ਼ਿਲਾਫ਼ ਪ੍ਰਚਾਰ ਅਰੰਭਿਆ। ਬੌਧਿਕ ਹਮਲਾ ਕਰਦਿਆਂ ਆਰੀਆ ਸਮਾਜੀਆਂ ਨੇ ਇਹ ਨੀਤੀ ਘੜੀ ਕਿ, "ਕਿਸੇ ਵੀ ਧਰਮ ਦੇ ਪ੍ਰਸਾਰ ਵਿੱਚ ਇਸਤਰੀ ਜ਼ਾਤ ਦਾ ਸਭ ਤੋਂ ਮਹਾਨ ਰੋਲ ਹੋਇਆ ਕਰਦਾ

ਹੈ ਅਤੇ ਜੇ ਅਸੀਂ ਸਹੀ ਤੌਰ ਤੇ ਵੈਦਿਕ ਧਰਮ ਦਾ ਪੁਨਰਨਿਰਮਾਣ ਕਰਨਾ ਚਾਹੁੰਦੇ ਹਾਂ ਤਾਂ ਜ਼ਰੂਰੀ ਹੈ ਕਿ ਸਾਡੀਆਂ ਇਸਤਰੀਆਂ ਜਪੁਜੀ ਅਤੇ ਸੁਖਮਨੀ ਪੜ੍ਹਨਾ ਛੱਡਣ, ਜੋ ਤਦੋਂ ਤੱਕ ਸੰਭਵ ਨਹੀਂ ਜਦੋਂ ਤੱਕ ਗੁਰਮੁਖੀ ਸਾਡੇ ਘਰਾਂ ਵਿਚੋਂ ਨਹੀਂ ਨਿਕਲਦੀ। ਸੋ ਸਭ ਤੋਂ ਪਹਿਲਾਂ ਗੁਰਮੁਖੀ ਦਾ ਤਿਆਗਣਾ ਹੈ। ਤਾਂ ਹੀ ਅਸੀਂ ਵੈਦਿਕ ਧਰਮ ਬਾਰੇ ਅਗਲਾ ਕ਼ਦਮ ਪੁੱਟ ਸਕਾਂਗੇ।''

ਸੋ ਗੁਰੂ ਕੀਆਂ ਫ਼ੌਜਾਂ ਨੂੰ ਜਿਥੇ ਗੁਰਧਾਮਾਂ ਨੂੰ ਅਜ਼ਾਦ ਕਰਾਉਣ ਲਈ ਖ਼ੂਨ ਦੀ ਹੋਲੀ ਖੇਡਣੀ ਪਈ ਉਥੇ ਨਾਲ ਹੀ ਬਿਪਰਵਾਦ ਦੇ ਬੌਧਿਕ ਹਮਲਿਆਂ ਦਾ ਜਵਾਬ ਦੇਣ ਲਈ ਵੀ ਕਮਰ ਕੱਸਣੀ ਪਈ। ਹਰ ਬੌਧਿਕ ਹਮਲੇ ਸਮੇਂ ਬਿਪਰਵਾਦ ਖ਼ਾਲਸਾ ਪੰਥ ਖ਼ਿਲਾਫ਼ ਘੁੰਡ ਲਾਹ ਕੇ ਨੱਚਿਆ। ਐਰਨਸਟ ਟਰੰਪ ਵਰਗੇ ਜਿਨ੍ਹਾਂ ਗੁਰਮਤਿ ਵਿਚਾਰਧਾਰਾ ਅਤੇ ਖ਼ਾਲਸਈ ਸਿਧਾਂਤਾਂ ਨਾਲ ਰੱਜ ਕੇ ਖ਼ਿਲਵਾੜ ਕੀਤਾ, ਦੀ ਬਿਪਰਵਾਦੀਆਂ ਨੇ ਖੁਲ੍ਹ ਕੇ ਮਦਦ ਕੀਤੀ ਅਤੇ ਬਦਸਤੂਰ ਆਪਣੀ ਫ਼ਿਤਰਤ ਦੇ ਉਨ੍ਹਾਂ ਪੰਥ ਦੋਖੀਆਂ ਦਾ ਪ੍ਰਚਾਰ ਤੇ ਪ੍ਰਸਾਰ ਖੁਲ੍ਹ ਕੇ ਬਿਪਰਵਾਦੀਆਂ ਵਲੋਂ ਆਪਣੀਆਂ ਪ੍ਰਕਾਸ਼ਨਾਵਾਂ ਵਿਚ ਅੱਜ ਵੀ ਕੀਤਾ ਜਾ ਰਿਹਾ ਹੈ। ਗੁਲਾਮੀ ਦਾ ਜੂਲਾ ਗਲੋਂ ਲਾਹੁਣ ਲਈ ਖ਼ਾਲਸੇ ਨੇ ਆਪਣੀ ਜਨਸੰਖਿਆ ਦੇ ਅਨੁਪਾਤ ਤੋਂ ਕਿਤੇ ਵੱਧ ਕੁਰਬਾਨੀਆਂ ਕੀਤੀਆਂ ਪਰ ਅਫ਼ਸੋਸ ! ਜਿਨ੍ਹਾਂ ਦੇ ਸਿਰ ਦੀ ਛੱਤਰੀ ਦੇ ਉਪਰ ਵੀ ਅੰਗਰੇਜ਼ ਦਾ ਡੰਡਾ ਨਾ ਛੂਹਿਆ ਉਹ ਤਾਂ ਛਾਂਗਾਂ ਨਾਲ ਅੰਗਰੇਜ਼ ਹੱਥੋਂ ਸ਼ਹੀਦ ਹੋਣ ਵਾਲੇ 'ਸ਼ੇਰੇ-ਏ-ਪੰਜਾਬ' ਬਣ ਗਏ ਤੇ ਆਪਣੀਆਂ ਜਾਨਾਂ ਹੂਲਣ ਵਾਲੇ, ਦੇਸ਼ ਨੂੰ ਅਜ਼ਾਦੀ ਬਖਸ਼ਣ ਵਾਲੇ, ਹੱਸ ਕੇ ਫਾਂਸੀਆਂ ਦੇ ਰੱਸੇ ਚੁੰਮਣ ਵਾਲੇ ਮੁੱਛ-ਫੁੱਟ ਛਬੀਲੇ ਗੁਰੂ ਦੇ ਸ਼ੇਰ ਅਤਿਵਾਦੀ ਤੇ ਦਹਿਸ਼ਤਵਾਦੀ।

ਬਿਪਰਵਾਦ ਜਾਣਦਾ ਸੀ ਕਿ ਖ਼ਾਲਸਈ ਖ਼ੂਨ ਦੀ ਰੰਗਤ ਨਾਲ ਹੀ ਸਾਡੇ ਮੱਥੇ ਰਾਜ ਤਿਲਕ ਲੱਗਣੇ ਹਨ, ਸੋ ਜਦੋਂ ਖ਼ਾਲਸਈ ਖ਼ੂਨ ਤੇ ਅਣਖ ਦੀ ਲੋੜ ਸੀ, ਉਦੋਂ ਬੜੀ ਕੂਟਨੀਤੀ ਨਾਲ ਕਿਹਾ, ''ਮੈਂ ਤੁਹਾਨੂੰ ਕਹਿਣਾ ਚਾਹੁੰਦਾ ਹਾਂ ਅਤੇ ਤੁਸੀਂ ਮੇਰੇ ਲਫ਼ਜ਼ਾਂ ਅਤੇ ਕਾਂਗਰਸ ਵਲੋਂ ਪਾਸ ਕੀਤੇ ਮਤੇ ਉਤੇ ਯਕੀਨ ਲਿਆਓ ਕਿ ਕਾਂਗਰਸ ਕਿਸੇ ਜਮਾਤ ਨੂੰ ਤਾਂ ਕੀ, ਕਿਸੇ ਮਨੁੱਖ ਨਾਲ ਵੀ ਵਿਸਾਹਘਾਤ ਨਹੀ ਕਰੇਗੀ। ਇਸ ਵਲੋਂ ਐਸਾ ਸੋਚਿਆ ਜਾਣਾ ਵੀ ਕਿਆਮਤ ਦੇ ਤੁੱਲ ਹੋਵੇਗਾ। ਮੈਂ ਤੁਹਾਡੇ ਪਾਸ ਦਰਖ਼ਾਸਤ ਕਰਦਾ ਹਾਂ ਕਿ ਤੁਸੀਂ ਅਜਿਹੇ ਸ਼ੱਕ-ਸ਼ੁਕੂਕ ਤੇ ਅੰਦੇਸ਼ੇ ਆਪਣੇ ਅੰਦਰੋਂ ਕੱਢ ਦਿਓ। ਤੁਹਾਡੇ ਮੇਰੇ ਅਤੇ ਕਾਂਗਰਸ ਵਿਚਾਲੇ ਪਰਮਾਤਮਾ ਸਾਖੀ ਹੈ ਕਿ ਅਸੀਂ ਆਪਣੇ ਦਿੱਤੇ ਬਚਨਾਂ ਉਪਰ ਪੂਰੇ ਉਤਰਾਂਗੇ। ਮੈਂ ਇਹ ਕਹਿਣ ਦਾ ਵੀ ਹੌਸਲਾ ਕਰਦਾ ਹਾਂ ਕਿ ਕਾਂਗਰਸ ਦਾ ਅਪਨਾਇਆ ਅਦਮ ਤਸ਼ੱਦਦ ਦਾ ਰਸਤਾ ਹੀ ਸਾਡੀ ਨੇਕਨੀਅਤੀ ਦੀ ਯਕੀਨੀ ਗਰੰਟੀ ਹੈ ਅਤੇ ਸਾਡਾ ਸਿੱਖ ਭਰਾਵਾਂ ਦਾ ਕੋਈ ਐਸਾ ਖਦਸ਼ਾ ਰੱਖਣ ਦੀ ਕਿ ਕਾਂਗਰਸ ਉਨ੍ਹਾਂ ਨਾਲ ਵਿਸਾਹਘਾਤ ਕਰੇਗੀ, ਉੱਕੀ ਹੀ ਗੁੰਜਾਇਸ਼ ਨਹੀਂ। ਕਿਉਂਕਿ ਅਜਿਹਾ ਕਰਨ ਵਾਲੀ ਘੜੀ ਨਾ ਕੇਵਲ ਕਾਂਗਰਸ ਦੇ ਆਪਣੇ ਲਈ, ਸਗੋਂ ਸਾਰੇ ਦੇਸ਼ ਲਈ ਤਬਾਹੀ ਲੈ ਆਉਣ ਵਾਲੀ ਹੋਵੇਗੀ।

ਇਸ ਦੇ ਨਾਲ ਹੀ ਮੈਨੂੰ ਇਹ ਕਹਿਣ ਵਿੱਚ ਕੋਈ ਸੰਕੋਚ ਨਹੀਂ ਕਿ ਸਿੱਖ ਬਹਾਦਰ ਲੋਕ ਹਨ ਜੇ ਕਦੀ ਸਮਾਂ ਬਣ ਵੀ ਜਾਏ ਤਾਂ ਉਹ ਆਪਣੇ ਹੱਕਾਂ ਦੀ ਰਾਖੀ ਸ਼ਸ਼ਤਰ ਦੁਆਰਾ ਵੀ ਕਰ

ਸਕਦੇ ਸਨ।''

ਮਹਾਤਮਾ ਗਾਂਧੀ

(ਯੰਗ ਇੰਡੀਆ ੧੯ ਮਾਰਚ ੧੯੩੧)

ਇਕ ਹੋਰ ਬਿਪਰ ਮਹਾਰਾਜ ਨੇ ਕਲੱਕਤੇ ਬੜੇ ਮਾਣ ਨਾਲ ਕਿਹਾ, ''ਪੰਜਾਬ ਦੇ ਬਹਾਦਰ ਸਿੱਖ ਵਿਸ਼ੇਸ਼ ਧਿਆਨ ਦਿੱਤੇ ਜਾਣ ਦੇ ਮੁਸਤਹਿਕ ਹਨ। ਮੈਨੂੰ ਇਹ ਗੱਲ ਗ਼ਲਤ ਨਹੀਂ ਜਾਪਦੀ ਕਿ ਦੇਸ਼ ਦੇ ਉੱਤਰ ਵਿੱਚ ਇਕ ਅਜਿਹਾ ਖਿੱਤਾ ਰਾਖਵਾਂ ਕਰਕੇ ਉਸਦਾ ਐਸਾ ਬੰਧਾਨ ਬੰਨ੍ਹ ਦਿੱਤਾ ਜਾਵੇ ਜਿਸ ਅੰਦਰ ਸਿੱਖ ਵੀ ਆਜ਼ਾਦੀ ਦੀ ਆਭਾ ਮਾਣ ਸਕਣ।''

ਪੰਡਤ ਜਵਾਹਰ ਨਾਲ ਨਹਿਰੂ

(ਸਟੇਟਸਮੈਨ ਕਲਕੱਤਾ, ੭ ਜੁਲਾਈ ੧੯੪੬)

ਇਕ ਮੰਚ ਤੋਂ ਫਿਰ ਇਸ ਬਿਪਰਵਾਦ ਦੀ ਆਵਾਜ਼ ਆਈ, ''ਸੂਬਿਆਂ ਦੀ ਹੱਦਬੰਦੀ ਨਵੇਂ ਸਿਰਿਉਂ ਕੀਤੀ ਜਾਣੀ ਜ਼ਰੂਰੀ ਅਤੇ ਅਵੱਸ਼ ਹੈ। ਮੈਂ ਇਸ ਦੇ ਹੱਕ ਵਿੱਚ ਵੀ ਹਾਂ ਕਿ ਕੁਝ ਇਲਾਕੇ ਨੀਮ ਸਵੈ-ਨਿਰਭਰ ਵੀ ਹੋਣ। ਅਗਰ ਸਿੱਖ ਆਪਣੇ ਵਾਸਤੇ ਅਜਿਹਾ ਯੂਨਟ ਰੱਖਣਾ ਪਸੰਦ ਕਰਦੇ ਹੋਣ ਤਾਂ ਮੈਂ ਚਾਹਵਾਂਗਾ ਕਿ ਉਹ ਆਪਣੇ ਸੂਬੇ ਅੰਦਰ ਇਸ ਪ੍ਰਕਾਰ ਦਾ ਯੂਨਿਟ ਸਥਾਪਤ ਕਰ ਲੈਣ, ਤਾਂਕਿ ਉਹ ਵੀ ਪ੍ਰਤੀਤ ਕਰ ਸਕਣ ਕਿ ਉਹ ਆਜ਼ਾਦ ਹਨ।''

(ਪੰਡਿਤ ਜਵਾਹਰ ਲਾਲ ਨਹਿਰੂ)

ਬੜੀ ਕੂਟਨੀਤੀ ਨਾਲ 5 ਜਨਵਰੀ 1947 ਨੂੰ ਕਾਂਗਰਸ ਕਮੇਟੀ ਨੇ ਮਤੇ ਵਿੱਚ ਦਰਜ ਕੀਤਾ, ਕਿ, **The rights by the Sikhs in Punjab should not be jeoparadised,** ਅਰਥਾਤ, ''ਪੰਜਾਬ ਅੰਦਰ ਸਿੱਖ ਹੱਕ ਦੀ ਰਾਖੀ ਨੂੰ ਕੋਈ ਖਤਰਾ ਨਹੀਂ ਹੋਣਾ ਚਾਹੀਦਾ ਹੈ।''

ਇਸ ਤਰ੍ਹਾਂ ਬਿਪਰਵਾਦ ਕਿਨਾਰੇ ਬੈਠਾ ਦੇਸ਼ ਦੀ ਰਾਜਸੱਤਾ ਸਾਂਭਣ ਦੇ ਸੁਪਨੇ ਲੈਂਦਾ ਰਿਹਾ ਤੇ ਆਜ਼ਾਦੀ ਦੀ ਸ਼ਮ੍ਹਾਂ ਦਾ ਪ੍ਰਵਾਨਾ ਖ਼ਾਲਸਾ ਖ਼ੂਨ ਦੀਆਂ ਨਦੀਆਂ ਤਰਦਾ ਰਿਹਾ। ਖ਼ਾਲਸੇ ਹਿੰਦ ਨੂੰ ਆਜ਼ਾਦ ਕਰਨ ਲਈ ਵਿਦੇਸ਼ਾਂ ਵਿੱਚ ਵੀ ਫ਼ੌਜਾਂ ਤਿਆਰ ਕਰਦੇ ਰਹੇ ਤੇ ਵਾਗਡੋਰਾਂ ਬਿਪਰਾਂ ਦੇ ਹੱਥ ਰਹੀਆਂ। ਅਖੀਰ 80% ਤੋਂ ਵਧੇਰੇ ਕੁਰਬਾਨੀਆਂ ਖ਼ਾਲਸਿਆਂ ਨੇ ਕੀਤੀਆਂ, ਦੇਸ਼ ਆਜ਼ਾਦ ਹੋ ਗਿਆ। ਜਦੋਂ ਖ਼ੂਨ ਡੋਲ੍ਹ ਕੇ ਆਜ਼ਾਦੀ ਲੈਣ ਵਾਲੇ ਇਕ ਗੁਲਾਮੀ ਤੋਂ ਦੂਸਰੀ ਗੁਲਾਮੀ ਦੇ ਵੱਸ ਪੈ ਗਏ ਤਾਂ 1954 ਵਿੱਚ ਮਾਸਟਰ ਤਾਰਾ ਸਿੰਘ ਨੇ ਪੰਡਿਤ ਨਹਿਰੂ ਨੂੰ ਉਸਦੇ ਬਚਨ, ਖਾਧੀਆਂ ਸਹੁੰਆਂ ਅਤੇ ਕੀਤੇ ਵਾਅਦੇ ਯਾਦ ਕਰਾਏ ਤਾਂ ਬਿਪਰਵਾਦ ਦੇ ਮੁਜੱਸਮੇ ਨੇ ਸ਼ਰਾਰਤੀ ਮੁਸਕਾਨ ਬੁਲ੍ਹਾਂ ਤੇ ਲਿਆ ਕੇ ਕਿਹਾ, ''ਹੁਣ ਹਾਲਾਤ ਬਦਲ ਚੁੱਕੇ ਹਨ।'' (ਅਰਥਾਤ ਹੁਣ ਅਸੀਂ ਗੁਲਾਮ ਨਹੀਂ ਰਹੇ, ਮਾਸਟਰ ਜੀ ਗੁਲਾਮ ਨੇ)।

ਇਕ ਬਿਪਰ ਨੇ ਬੜਾ ਹਿੱਕ ਠੋਕ ਕੇ ਕਿਹਾ, ''ਸਿੱਖਾਂ ਦਾ ਭਵਿੱਖ ਹੁਣ ਮੰਗ ਕਰਦਾ ਹੈ ਅਤੇ ਸਿੱਖ ਭਲਾਈ ਵੀ ਇਸੇ ਵਿੱਚ ਹੈ ਕਿ ਉਹ ਆਪਣੀ ਨਿਆਰੀ ਹੋਂਦ ਨੂੰ ਛੱਡ ਕੇ ਹਿੰਦੂ ਧਰਮ ਦੀ ਸਰਬ-ਪੱਖੀ ਜਮਹੂਰੀਅਤ ਵਿੱਚ ਸ਼ਾਮਲ ਹੋ ਜਾਣ।'' (ਗ੍ਰਹਿ ਮੰਤਰੀ ਸ੍ਰੀ

ਕਾਟਜੂ)

ਆਜ਼ਾਦ ਭਾਰਤ ਦੇ ਬਣੇ ਸੰਵਿਧਾਨ ਦੀ ਲਗਾਮ ਬਿਪਰਵਾਦ ਦੇ ਹੱਥ ਵਿੱਚ ਸੀ। ਬੜੀ ਕੂਟਨੀਤਕ ਵਿਧੀ ਨਾਲ ਬਿਪਰਵਾਦੀ ਦਿਮਾਗ ਨੇ ਸੰਵਿਧਾਨ ਵਿੱਚ ਇਸਾਈਆਂ ਅਤੇ ਮੁਸਲਮਾਨਾਂ ਨੂੰ ਵੱਖਰੀ ਕੌਮੀਅਤ ਰੱਖਣ ਦਾ ਅਧਿਕਾਰ ਦੇ ਦਿੱਤਾ, ਉਨ੍ਹਾਂ ਉਪਰ ਹਿੰਦੂ ਕੋਡ ਦੀਆਂ ਧਾਰਾਵਾਂ ਲਾਗੂ ਨਾ ਕੀਤੀਆਂ। ਸਿੱਖਾਂ ਉਪਰ ਬੋਧੀਆਂ ਅਤੇ ਜੈਨੀਆਂ ਵਾਂਗ ਹਿੰਦੂ ਕੋਡ ਦੀਆਂ ਧਾਰਾਵਾਂ ਲਾਗੂ ਕਰਕੇ ਬਿਪਰਵਾਦ ਦੇ ਪਿੰਜਰੇ ਵਿੱਚ ਕੈਦ ਕਰ ਲਿਆ। ਆਜ਼ਾਦੀ ਵਾਸਤੇ ਖ਼ੂਨ ਦਾ ਕੇਸਰ ਛਿੜਕਣ ਵਾਲੇ ਗੁਰੂ ਕੇ ਲਾਲ ਫਿਰ ਵੀ ਗੁਲਾਮ ਰਹੇ ਤੇ ਆਜ਼ਾਦੀ ਦੇ ਸੁਪਨੇ ਮਨ ਅੰਦਰ ਲੈ ਕੇ ਖ਼ਾਲਸਈ ਸੋਚ ਦਾ ਬੇੜਾ ਅੱਜ ਵੀ ਬਿਪਰਵਾਦ ਦੇ ਭਗਵੇਂ ਸਮੁੰਦਰ ਦੀਆਂ ਲਹਿਰਾਂ ਵਿੱਚ ਡਾਵਾਂਡੋਲ ਫਿਰ ਰਿਹਾ ਹੈ। ਯੁੱਧ ਵਿੱਚ ਮਾਹਿਰ ਪਰ ਨੀਤੀ ਤੋਂ ਅਨਜਾਣ ਖ਼ਾਲਸਈ ਜਜ਼ਬਾਤ ਬਿਪਰਵਾਦ ਦੀਆਂ ਚਾਲਾਂ ਨਾ ਸਮਝ ਸਕੇ, ਪਰ ਅੰਗਰੇਜ਼ ਆਪਣੀਆਂ ਖੁਫ਼ੀਆ ਰਿਪੋਰਟਾਂ ਵਿੱਚ ਬੜਾ ਸਪੱਸ਼ਟ ਲਿਖ ਕੇ ਗਿਆ ਕਿ :

**Hinduism has always been hostile to Sikhism, whose Gurus powerfully and successfully attacked the Hindu principle of caste, which is the foundation on which the whole fabric of Brahminism has been reared. The activities of Hindus have, there fore, been constantly directed to the undermining of Sikhism both by preventing the children of Sikh fathers from taking the pahul (Amrit) and by seducing professed. Sikhs from their allegiance to their faith Hindusim has strangled Budhism, once a formidable rival of it and it has already made serious inroads into domains of Sikhism".[1]**

ਅਰਥਾਤ, "ਹਿੰਦੂ ਮੱਤ ਸਿੱਖ ਮੱਤ ਬਾਰੇ ਹਮੇਸ਼ਾ ਵਿਰੋਧੀ ਰੋਲ ਅਦਾ ਕਰਦਾ ਰਿਹਾ ਹੈ, ਕਿਉਂਕਿ ਸਿੱਖ ਗੁਰੂ ਸਾਹਿਬਾਨ ਨੇ ਹਿੰਦੂਆਂ ਦੇ ਜ਼ਾਤ ਵਰਣ ਦੇ ਵਿਤਕਰਿਆਂ ਵਿਰੁੱਧ ਸਖ਼ਤ ਅਤੇ ਸਫਲ ਕਦਮ ਉਠਾਏ ਸਨ, ਜਦੋਂ ਕਿ ਬ੍ਰਾਹਮਣੀ ਵਿਚਾਰਧਾਰਾ ਦਾ ਬੁਨਿਆਦੀ ਢਾਂਚਾ ਹੀ ਇਸ ਉਪਰ ਖੜ੍ਹਾ ਸੀ। ਇਸੇ ਕਾਰਨ ਹਿੰਦੂ ਵਰਤਾਰਾ ਹਮੇਸ਼ਾ ਹੀ ਸਿੱਖ ਧਰਮ ਦੀ ਹੇਠੀ ਵਾਲਾ ਰਿਹਾ ਹੈ। ਹਿੰਦੂਆਂ ਵਲੋਂ ਸਿੱਖ ਮਾਪਿਆਂ ਦੇ ਬੱਚਿਆਂ ਨੂੰ ਪਾਹੁਲ ਲੈਣ (ਅੰਮ੍ਰਿਤ ਛਕਣ) ਤੋਂ ਰੋਕਣ ਅਤੇ ਸਿੱਖ ਕਹਾਉਣ ਵਾਲੇ ਹੋਰ ਲੋਕਾਂ ਨੂੰ ਸਿੱਖ ਵਲ ਕੰਡ ਕਰਨ ਦੀ ਪਰੇਰਨਾ ਦੇਣਾ ਇਨ੍ਹਾਂ ਦਾ ਕੰਮ ਰਿਹਾ ਹੈ। ਹਿੰਦੂ ਧਰਮ ਨੇ ਬੁੱਧ ਮੱਤ, ਜੋ ਇਸ ਦਾ ਵਿਰੋਧੀ ਸੀ, ਦਾ ਗਲਾ ਤਾਂ ਘੁੱਟ ਹੀ ਦਿੱਤਾ ਹੋਇਆ ਸੀ, ਹੁਣ ਇਸ ਨੇ ਸਿੱਖ ਮੱਤ ਨਾਲ ਉਹੋ ਹੀ ਵਰਤਾਅ ਕਰਨ ਦੇ ਵੱਡੇ ਚਿੰਤਾਜਨਕ ਅਤੇ ਭਿਆਨਕ ਰਸਤੇ ਅਪਣਾ ਲਏ ਹਨ।"

(ਉਪਰੋਕਤ ਸ਼ਬਦ ਅੰਗਰੇਜ਼ ਸਰਕਾਰ ਦੀ ਖੁਫੀਆ ਏਜੰਸੀ ਦੇ ਸਹਾਇਕ ਡਾਇਰੈਕਟਰ ਮਿਸਟਰ ਡੀ. ਪੈਟਰੀ ਨੇ 11 ਅਗਸਤ 1911 ਦੀ ਰਿਪੋਰਟ ਵਿੱਚ ਲਿਖੇ ਹਨ)

ਖ਼ਾਲਸਾ ਪੰਥ ਨੇ ਇਸ ਬਾਰੇ ਉਦੋਂ ਸੋਚਿਆ ਜਦੋਂ ਉਹ ਪੂਰੀ ਤਰ੍ਹਾਂ ਨਾਲ ਬਿਪਰਵਾਦ ਦੀ ਕੈਦ ਵਿੱਚ ਪੈ ਚੁੱਕਾ ਸੀ, ਉਸ ਦੇ ਖੰਭ ਤਾਂ ਤਕਰੀਬਨ ਕੱਟੇ ਜਾ ਚੁੱਕੇ ਸਨ। ਕੂਟਨੀਤਕ ਚਾਲਾਂ ਦੇ ਮਾਹਿਰ ਬਿਪਰਵਾਦ ਨੂੰ ਤਾਂ ਖ਼ਾਲਸੇ ਦੇ ਡੁੱਲ੍ਹੇ ਖ਼ੂਨ ਦਾ ਰੰਗ ਵੀ ਭੁੱਲ ਚੁੱਕਾ ਸੀ ਜਿਹੜਾ ਕਦੀ ਚਾਂਦਨੀ ਚੌਕ ਡੁਲ੍ਹਿਆ ਤੇ ਕਦੀ ਲੰਡਨ ਵਿੱਚ ਜਾ ਕੇ ਡੁਲ੍ਹਿਆ। ਨਿਢਾਲ ਪਏ ਖ਼ਾਲਸੇ ਦੀ ਹਿੱਕ ਉਪਰ ਬਿਪਰਵਾਦ ਤਾਂਡਵ ਨਾਲ ਨੱਚ ਰਿਹਾ ਸੀ, ਜਿਵੇਂ ਕਹਿ ਰਿਹਾ ਹੋਵੇ:

*ਅਭੀ ਤੋ ਖੇਲ ਸਮਝੇ ਹੋ ਮਗਰ ਇਕ ਦਿਨ ਬਤਾ ਦੇਂਗੇ,*
*ਕਿਆਮਤ ਕਿਸ ਕੋ ਕਹਿਤੇ ਹੈਂ, ਕਿਆਮਤ ਕੈਸੀ ਹੋਤੀ ਹੈ।*

ਖ਼ਾਲਸਾ ਆਪਣੀ ਕਿਸਮਤ ਬਿਪਰਵਾਦ ਨਾਲ ਜੋੜ ਚੁੱਕਾ ਸੀ, ਜਿਸ ਦੇ ਬਾਰੇ ਗੁਰੂ ਪਿਤਾ ਨੇ ਸੁਚੇਤ ਕਰਦਿਆਂ ਸਪੱਸ਼ਟ ਕਿਹਾ ਸੀ ਕਿ ਮੇਰੀ ਪ੍ਰਤੀਤ ਦੇ ਪਾਤਰ ਬਣਨਾ ਹੈ ਤਾਂ ਬਿਪਰਵਾਦ ਦੀ ਰੀਤ ਦਾ ਪ੍ਰਛਾਵਾਂ ਵੀ ਨਾ ਲੈਣਾ:

*ਜਬ ਇਹ ਗਹੈ ਬਿਪਰਨ ਕੀ ਰੀਤ॥*
*ਮੈਂ ਨ ਕਰੋਂ ਇਨ ਕੀ ਪ੍ਰਤੀਤ॥*

ਜਦੋਂ ਦੇਸ਼ ਦੀ ਲਗਾਮ ਹੀ ਬਿਪਰਵਾਦ ਦੇ ਹੱਥ ਸੀ ਤਾਂ ਖ਼ਾਲਸੇ ਦੀ ਕੀ ਵੱਟੀ ਜਾਣੀ ਸੀ। ਬੋਲੀ ਦੇ ਅਧਾਰ ਉਪਰ ਸੂਬਿਆਂ ਦੀ ਵੰਡ ਦੀ ਗੱਲ ਚੱਲੀ ਤਾਂ ਬਿਪਰਵਾਦ ਪਹਿਲਾਂ ਹੀ ਸਮਝ ਚੁੱਕਾ ਸੀ ਕਿ ਗੁਲਾਮੀ ਦਾ ਜੂਲਾ ਗਲੋਂ ਲਾਹੁਣ ਵਾਲੇ ਸਿੱਖਾਂ ਨੂੰ ਕਿਹੋ ਜਿਹਾ ਖਿੱਤਾ ਆਜ਼ਾਦੀ ਦਾ ਨਿੱਘ ਮਾਨਣ ਲਈ ਦੇਣਾ ਹੈ?

ਬਿਪਰਵਾਦ ਤਾਂ ਅੰਗਰੇਜ਼ਾਂ ਦੀ ਗੁਲਾਮੀ ਦੇ ਸਮੇਂ ਤੋਂ ਹੀ ਆਰੀਆ ਸਮਾਜੀਆਂ ਦੇ ਨਾਮ ਹੇਠ ਜਾਂ ਹੋਰ ਕਈ ਸਾਧਨ ਵਰਤ ਕੇ ਕਿਸੇ ਤਾਂ ਪੰਜਾਬੀ (ਗੁਰਮੁਖੀ) ਨਾਲੋਂ ਸਿੱਖ ਧਰਮ ਨੂੰ ਤੋੜਨਾ ਚਾਹੁੰਦਾ ਸੀ, ਗੁਰਮੁਖੀ ਲਿੱਪੀ ਨਾਲੋਂ ਟੁੱਟਣ ਨਾਲ ਖ਼ਾਲਸਾ ਪੰਥ ਗੁਰਬਾਣੀ ਨਾਲੋਂ ਟੁੱਟਦਾ ਸੀ ਜੋ ਬਿਪਰਵਾਦ ਦੇ ਜ਼ਾਤੀਵਾਦ ਦੇ ਬੰਧਨਾਂ ਨੂੰ ਤੋੜਨ ਦੀ ਸਮਰੱਥਾ ਰੱਖਦੀ ਸੀ। ਹੁਣ ਜਦੋਂ ਬੋਲੀ ਦੇ ਅਧਾਰ ਉਪਰ ਸੂਬਿਆਂ ਦੀ ਵੰਡ ਦਾ ਸਮਾਂ ਆਇਆ, ਬਿਪਰਵਾਦ ਫਿਰ ਸਰਗਰਮ ਹੋਇਆ, ਦੂਰਅੰਦੇਸ਼ੀ ਨਾਲ ਬਿਪਰਵਾਦ ਦਾ ਇਹ ਜ਼ਹਿਰੀਲਾ ਨਾਗ ਸੋਚ ਰਿਹਾ ਸੀ ਕਿ ਜੇਕਰ ਪੰਜਾਬੀ ਬੋਲਦੇ ਸਾਰੇ ਇਲਾਕੇ ਪੰਜਾਬ ਵਰਗੇ ਸਿੱਖ ਬਹੁਗਿਣਤੀ ਖਿੱਤੇ ਨੂੰ ਦੇ ਦਿੱਤੇ ਗਏ ਤਾਂ ਸਾਰੇ ਸਕੂਲਾਂ ਅਤੇ ਸਰਕਾਰੀ ਅਦਾਰਿਆਂ ਵਿੱਚ ਗੁਰਮੁਖੀ ਦਾ ਪ੍ਰਚਾਰ ਅਤੇ ਪ੍ਰਸਾਰ ਹੋਵੇਗਾ ਜੋ ਬਿਪਰਵਾਦ ਨੂੰ ਕੰਡੇ ਵਾਂਗ ਚੁੱਭਦਾ ਹੈ। ਇਸ ਤਰ੍ਹਾਂ ਫਿਰ ਸਰਗਰਮ ਹੋਏ ਬਿਪਰਵਾਦ ਨੇ ਘਰ-ਘਰ ਜਾ ਕੇ ਲੋਕਾਂ ਨੂੰ ਹਿੰਦੂਤਵ ਦਾ ਵਾਸਤਾ ਪਾ ਕੇ ਪ੍ਰਪੱਕ ਕੀਤਾ ਕਿ ਸਾਰੇ ਹਿੰਦੂ ਮਰਦਮ-ਸ਼ੁਮਾਰੀ ਸਮੇਂ ਆਪਣੀ ਮਾਤ ਭਾਸ਼ਾ ਹਿੰਦੀ ਲਿਖਵਾਉਣ (ਬੇਸ਼ਕ ਕਿ ਪੰਜਾਬ ਦੇ ਹਿੰਦੂ ਘਰਾਂ ਵਿੱਚ ਆਮ ਪੰਜਾਬੀ ਹੀ ਬੋਲਦੇ ਸਨ)। ਸੋ ਬਿਪਰਵਾਦ ਇਹ ਚਾਲ ਵੀ ਬੜੀ ਨੀਤੀ ਨਾਲ ਜਿੱਤਿਆ। ਵਧੇਰੇ ਹਿੰਦੂਆਂ ਨੇ ਆਪਣੀ ਬੋਲੀ ਹਿੰਦੀ ਲਿਖਵਾਈ। ਪੰਜਾਬੀ ਮਾਤ-ਭਾਸ਼ਾ ਲਿਖਵਾਉਣ ਵਾਲੇ ਕੇਵਲ ਸਿੱਖ ਹੀ ਸਨ। ਸੋ ਪੰਜਾਬੀ ਬੋਲੀ ਲਿਖਵਾਉਣ ਵਾਲਿਆਂ ਦੀ ਗਿਣਤੀ ਘਟ ਜਾਣ ਨਾਲ ਪੰਜਾਬ ਨੂੰ ਪੰਜਾਬੀ ਬੋਲਦਾ ਵੱਖਰਾ ਸੂਬਾ ਮੰਨਣ ਦੀ ਥਾਂ ਦੋ-ਭਾਸ਼ੀ (ਹਿੰਦੀ-ਪੰਜਾਬੀ ਬੋਲਦਾ) ਸੂਬਾ ਮੰਨ

ਲਿਆ ਗਿਆ।

ਖ਼ਾਲਸਾ ਪੰਥ ਜਦੋਂ ਜਾਗਿਆ ਦੇਰ ਹੋ ਚੁੱਕੀ ਸੀ, ਰਿਵਾਇਤਾਂ ਅਨੁਸਾਰ ਪੰਜਾਬੀ ਸੂਬਾ ਅੰਦੋਲਨ ਸ਼ੁਰੂ ਕੀਤਾ। ਹਜ਼ਾਰਾਂ ਸਿੱਖ ਜੇਲ੍ਹਾਂ ਵਿੱਚ ਸੁੱਟ ਦਿੱਤੇ ਗਏ, ਉਹ ਦੇਸ਼ ਜਿਸਦੀ ਆਜ਼ਾਦੀ ਲਈ ਪਾਣੀ ਵਾਂਗ ਖ਼ੂਨ ਡੋਲ੍ਹਿਆ ਸੀ, ਅੱਜ ਕੇਵਲ ਸੂਬਾ ਲੈਣ ਲਈ ਹੀ ਤਰਸ ਰਹੇ ਸਨ। ਪੰਡਿਤ ਜਵਾਹਰ ਲਾਲ ਨਹਿਰੂ ਜਿਹੜਾ ਆਜ਼ਾਦੀ ਤੋਂ ਪਹਿਲਾਂ ਸਿੱਖਾਂ ਨੂੰ ਪੰਜਾਬ ਅੰਦਰ ਇਕ ਵੱਖਰਾ ਆਜ਼ਾਦ ਯੂਨਿਟ ਸਥਾਪਤ ਕਰਨ ਦੀ ਗੱਲ ਕਰਦਾ ਸੀ ਉਸ ਨੇ ਬੜੀ ਚਲਾਕੀ ਨਾਲ ਕਿਹਾ :

"ਪੰਜਾਬ (ਦੇਸ਼) ਅੰਦਰ ਸਿਵਲ ਵਾਰ ਤਾਂ ਬਰਦਾਸ਼ਤ ਕਰ ਸਕਦਾ ਹਾਂ ਪਰ ਪੰਜਾਬੀ ਸੂਬਾ ਨਹੀਂ।"

(੨ ਅਕਤੂਬਰ ੧੯੫੨, London Times)

ਸਿੱਖਾਂ ਦਾ ਸੰਘਰਸ਼ ਜਾਰੀ ਰਿਹਾ, ਕਾਂਗਰਸ ਮਜਬੂਰ ਹੋ ਗਈ। ਅਖੀਰ ਬਿਪਰਵਾਦ ਸਿੱਖ ਸੰਘਰਸ਼ ਅੱਗੇ ਬੜੀ ਕੂਟਨੀਤਕ ਚਾਲ ਖੇਡਦਾ ਹੋਇਆ ਝੁਕਿਆ ਤੇ ਪੰਜਾਬ ਦੀ ਹੱਦਬੰਦੀ ਨਵੇਂ ਸਿਰਿਉਂ ਕਰਨ ਦਾ ਐਲਾਨ ਕਰ ਦਿੱਤਾ। ਪੰਜਾਬ ਦੇ ਸਾਰੇ ਹਿੰਦੂ ਤੜਫ ਉਠੇ, ਉਹਨਾਂ ਗੁਲਜ਼ਾਰੀ ਲਾਲ ਨੰਦਾ ਪਾਸ ਇਸ ਬਾਰੇ ਰੋਸ ਪ੍ਰਗਟ ਕੀਤਾ ਜੋ ਉਸ ਸਮੇਂ ਗ੍ਰਹਿ ਮੰਤਰੀ ਸੀ। ਗੁਲਜ਼ਾਰੀ ਲਾਲ ਨੇ ਉਨ੍ਹਾਂ ਨੂੰ ਹੌਸਲਾ ਦਿੰਦਿਆਂ, ਜੇਤੂ ਲਹਿਜੇ ਵਿੱਚ ਕਿਹਾ, "ਤੁਸੀਂ ਫਿਕਰ ਨਾ ਕਰੋ, ਮੈਂ ਪੰਜਾਬੀ ਸੂਬਾ ਐਸਾ ਬਣਾਵਾਂਗਾ, ਜਿਸ ਤੇ ਸਿੱਖ ਹਮੇਸ਼ਾ ਰੋਂਦੇ ਰਹਿਣਗੇ।"

ਦਰਅਸਲ ਜਿਹੋ ਜਿਹਾ ਪੰਜਾਬੀ ਸੂਬਾ ਸਿੱਖਾਂ ਨੂੰ ਦੇਣਾ ਸੀ ਉਸ ਦੀ ਵਿਉਂਤਬੰਦੀ ਤਾਂ ਬਿਪਰਵਾਦੀ ਨਾਗ ਨੇ ਸੰਨ 1961 ਦੀ ਮਰਦਮ-ਸ਼ੁਮਾਰੀ ਸਮੇਂ ਹੀ ਕਰ ਲਈ ਸੀ। ਸੋ ਸੂਬੇ ਦੀ ਦੁਬਾਰਾ ਹੱਦਬੰਦੀ ਸਮੇਂ 1961 ਈ: ਦੀ ਮਰਦਮਸ਼ੁਮਾਰੀ ਨੂੰ ਹੀ ਅਧਾਰ ਬਣਾਇਆ ਗਿਆ ਜਿਸ ਵਿੱਚ ਪੰਜਾਬ ਦੇ ਸਾਰੇ ਹਿੰਦੂਆਂ ਨੇ ਆਪਣੀ ਮਾਤ ਭਾਸ਼ਾ ਹਿੰਦੀ ਹੀ ਲਿਖਵਾਈ ਸੀ। ਇਸੇ ਆਧਾਰ ਤੇ ਕਾਇਮ ਹੋਏ ਸ਼ਾਹ ਕਮਿਸ਼ਨ ਨੇ ਬਜਾਏ ਪਿੰਡ ਵਾਰ ਪੰਜਾਬੀ ਬੋਲਦੇ ਇਲਾਕਿਆਂ ਦੀ ਪੜਤਾਲ ਕਰਨ ਦੇ ਤਹਿਸੀਲਾਂ ਨੂੰ ਅਧਾਰ ਬਣਾ ਕੇ ਹੀ ਪੰਜਾਬ ਦੇ ਖੰਭ ਕੁਤਰ ਦਿੱਤੇ। ਜਿਸ ਤਹਿਸੀਲ ਦੇ ਪਿੰਡਾਂ ਵਿੱਚ ਹਿੰਦੀ ਬੋਲੀ ਲਿਖਾਉਣ ਵਾਲੇ ਵਧੇਰੇ ਸਨ ਉਸ ਦੇ ਅਧਾਰ ਤੇ ਸਾਰੀ ਤਹਿਸੀਲ ਨੂੰ ਹਿੰਦੀ ਭਾਸ਼ਾਈ ਸਵੀਕਾਰ ਕੀਤਾ ਗਿਆ। ਸਿੱਟੇ ਵਜੋਂ ਕਈ, ਬਲਕਿ ਅਨੇਕਾਂ ਪੰਜਾਬੀ ਬੋਲਦੇ ਇਲਾਕੇ ਪੰਜਾਬ ਤੋਂ ਵੱਖ ਕਰ ਦਿੱਤੇ ਅਤੇ ਇਥੋਂ ਤੱਕ ਕਿ ਪੰਜਾਬ ਦੀ ਰਾਜਧਾਨੀ ਵੀ ਕੇਂਦਰ ਨੇ ਆਪਣੇ ਅਧੀਨ ਕਰ ਲਈ। ਕਦੀਂ ਆਜ਼ਾਦੀ ਲਈ ਤੇ ਕਦੀ ਪੰਜਾਬੀ ਸੂਬੇ ਲਈ ਖ਼ੂਨ ਡੋਲ੍ਹਣ ਵਾਲਾ ਖ਼ਾਲਸਾ ਪੰਥ ਫਿਰ ਹਉਕੇ ਭਰਦਾ ਰਹਿ ਗਿਆ, ਪਰ ਹਿੰਦੂਤਵ ਆਪਣਾ ਤਾਂਡਵ ਨਾਚ ਨੱਚਦਾ ਰਿਹਾ। ਦਰਅਸਲ ਇਥੋਂ ਹੀ ਪੰਜਾਬ ਵਿੱਚ ਨਿਰਾਸਤਾ ਦਾ ਦੌਰ ਸ਼ੁਰੂ ਹੋ ਗਿਆ। ਪਰ-

*ਮਰਜ਼ ਬੜਤਾ ਹੀ ਗਿਆ, ਜਿਉਂ-ਜਿਉਂ ਦਵਾ ਕੀ।*

ਪੰਥ ਨੇ ਕਦੀ ਮੋਰਚੇ ਲਗਾਏ ਤੇ ਕਦੀ ਮਰਨਵਰਤ ਰੱਖੇ। ਸ: ਦਰਸ਼ਨ ਸਿੰਘ ਫੇਰੂਮਾਨ ਵਰਗੇ ਜਾਗਦੀ ਜ਼ਮੀਰ ਵਾਲੇ ਕਾਂਗਰਸੀ ਨੇਤਾ ਵੀ ਇਸ ਵਿਤਕਰੇ ਨੂੰ ਨਾ ਸਹਿ ਸਕੇ। ਇਸ ਬਿਪਰਵਾਦੀ ਧੱਕੇ ਖਿਲਾਫ਼ ਮਰਨਵਰਤ ਰੱਖ ਕੇ ਮੌਤ ਨਾਲ ਲਾਵਾਂ ਲੈ ਲਈਆਂ, ਪਰ ਬਿਪਰਵਾਦੀ ਹਕੂਮਤ

ਉਪਰ ਕੀ ਅਸਰ। ਦਰਅਸਲ ਜਦੋਂ ਬਿਪਰਵਾਦ ਦਾ ਮਕਸਦ ਹੀ ਵਿਸਾਹਘਾਤ ਹੋਵੇ ਤਾਂ ਭੋਲੀ-ਭਾਲੀ ਸੀਰਤ ਦਾ ਮਾਲਕ ਖ਼ਾਲਸਾ ਪੰਥ ਦੁੱਖ ਤੋਂ ਬਿਨਾਂ ਹੋਰ ਹਾਸਲ ਵੀ ਕਰ ਸਕਦਾ ਸੀ ? ਇਕ ਪਾਸੇ ਤਾਂ ਖ਼ਾਲਸਾ ਪੰਥ ਨੂੰ ਹਿੰਦੂ ਧਰਮ ਦਾ ਹੀ ਇਕ ਅੰਗ ਗਰਦਾਨਿਆਂ ਜਾਂਦਾ ਅਤੇ ਦੂਸਰੇ ਪਾਸੇ ਬਿਪਰਵਾਦ ਨੇ ਆਪਣੀ ਅਤਿ ਮਾਰੂ ਚਾਲ ਚਲਦਿਆਂ ਭਾਰਤੀ ਫ਼ੌਜ ਵਿੱਚੋਂ ਸਿੱਖਾਂ ਦੀ ਭਰਤੀ ਦਾ ਅਨੁਪਾਤ ਆਬਾਦੀ ਅਨੁਸਾਰ ਕਰਕੇ 30 ਪ੍ਰਤੀਸ਼ਤ ਤੋਂ 12 ਪ੍ਰਤੀਸ਼ਤ ਅਤੇ ਫਿਰ 1974 ਈ: ਵਿੱਚ 1.4 ਪ੍ਰਤੀਸ਼ਤ ਕਰ ਦਿੱਤਾ ਗਿਆ। ਖ਼ਾਲਸਾ ਪੰਥ ਇਹ ਚਾਲ ਵੀ ਸਮਝਣ ਤੋਂ ਅਸਮਰੱਥ ਰਿਹਾ ਕਿ ਜੇਕਰ ਸਿੱਖ ਹਿੰਦੂ ਧਰਮ ਦਾ ਹੀ ਅੰਗ ਹਨ ਫਿਰ ਭਰਤੀ ਵਿੱਚ ਸਿੱਖਾਂ ਦੀ ਗਿਣਤੀ ਆਬਾਦੀ ਦੇ ਅਨੁਪਾਤ ਅਨੁਸਾਰ ਘੱਟ ਕਰਕੇ, ਕੀ ਵੱਖਰੀ ਕੌਮ ਨਹੀਂ ਮੰਨਿਆ ਗਿਆ ? ਖ਼ਾਲਸਾ ਪੰਥ ਨੂੰ ਖੇਰੂੰ-ਖੇਰੂੰ ਕਰਨ, ਅਤੇ ਸਿੱਖਾਂ ਨੂੰ ਖਤਮ ਕਰਨ ਦੀ ਹਰ ਚਾਲ ਬਿਪਰਵਾਦ ਨੇ ਖੇਡੀ, ਕਦੀ ਨਿਰੰਕਾਰੀਆਂ ਦੇ ਰੂਪ ਵਿੱਚ ਤੇ ਕਦੀ ਕਿਸੇ ਹੋਰ ਰੂਪ ਵਿੱਚ, ਪਰ ਖ਼ਾਲਸਾ ਪੰਥ ਹਰ ਪੰਡ ਨੂੰ ਗੁਰੂ ਤੇ ਭਰੋਸਾ ਰੱਖ ਪਿੰਡੇ ਦੇ ਚੁੱਕੀ ਫਿਰਦਾ ਰਿਹਾ। ਦੇਸ਼ ਨੂੰ ਆਪਣੇ ਖ਼ੂਨ ਨਾਲ ਸਿੰਜਣ ਵਾਲਾ ਪੰਜਾਬੀ ਗੱਭਰੂ, ਹੁਕਮਰਾਨੀ ਸੱਤਾ ਹੱਥੋਂ ਹੀ ਲਹੂ-ਲੁਹਾਨ ਹੋ ਰਿਹਾ ਸੀ। ਬਿਪਰਵਾਦ ਆਪਣਾ ਜਾਦੂ ਵਿਖਾਉਂਦਾ ਰਿਹਾ, ਅਖੀਰ ਸ੍ਰੀ ਅੰਮ੍ਰਿਤਸਰ ਦੀ ਪਵਿੱਤਰ ਧਰਤੀ ਤੇ ਬਿਪਰਵਾਦੀ ਸਮੂਹ ਦੀ ਅਵਾਜ਼ ਗੂੰਜੀ:

*"ਕੱਛ ਕੜਾ ਕੰਘਾ ਕਿਰਪਾਨ।*
*ਸਭ ਕੋ ਭੇਜੋ ਪਾਕਿਸਤਾਨ।*

ਫਿਰ ਇਕ ਕੋਨੇ ਵਿੱਚੋਂ ਅਵਾਜ਼ ਆਈ-

*ਮੂੰਹ ਤੇ ਮੱਖੀ ਬਹਿਣ ਨਹੀਂ ਦੇਣੀ।*
*ਸਿਰ ਤੇ ਪੱਗੜੀ ਰਹਿਣ ਨਹੀਂ ਦੇਣੀ।*

ਇਹ ਅਵਾਜ਼ ਖ਼ਾਲਸਾ ਪੰਥ ਲਈ ਬਿਪਰਵਾਦ ਦੀ ਵੰਗਾਰ ਸੀ। ਨੌਜਵਾਨੀ ਦਾ ਖ਼ੂਨ ਖੌਲ ਉਠਿਆ, ਗੁਰਮਤਿ ਸਿਧਾਂਤ ਸਦੀਵੀ ਅਟੱਲ ਹਨ:

*ਜਬੈ ਬਾਣ ਲਾਗਿਯੋ॥ ਤਬੈ ਰੋਸ ਜਾਗਿਯੋ॥*

(ਬਚਿੱਤਰ ਨਾਟਕ)

ਰੋਹ ਵਿੱਚ ਆਇਆ ਪੰਜਾਬ ਦਾ ਨੌਜਵਾਨ ਸੰਘਰਸ਼ ਦੇ ਰਾਹ ਪੈਣ ਲਈ ਮਜਬੂਰ ਹੋਇਆ, ਕਿਉਂਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਝੂਠੇ ਪੁਲਿਸ ਮੁਕਾਬਲੇ, ਥਾਣਿਆਂ ਵਿੱਚ ਧੀਆਂ-ਭੈਣਾਂ ਦੀ ਬੇਇੱਜ਼ਤੀ, ਬੱਸਾਂ ਵਿੱਚ ਲਾਹ ਕੇ ਸਿੱਖਾਂ ਦੀ ਪੱਤ ਰੋਲਣ ਵਰਗੀਆਂ ਕਾਰਵਾਈਆਂ ਨੇ ਸਿੱਖ ਨੌਜਵਾਨ ਦੀ ਰੂਹ ਨੂੰ ਝੰਜੋੜ ਕੇ ਰੱਖ ਦਿੱਤਾ ਅਤੇ ਬਿਪਰਵਾਦੀ ਨਾਗ ਦੇ ਫੁੰਕਾਰੇ ਨਾਲ ਵੰਗਾਰੇ ਸਿੱਖ ਨੌਜਵਾਨ ਨੇ ਸੰਘਰਸ਼ ਦਾ ਰਾਹ ਚੁਣ ਲਿਆ, ਪੰਥ ਨੂੰ ਖੇਰੂੰ-ਖੇਰੂੰ ਅਤੇ ਖਤਮ ਕਰਨ ਲਈ ਇਹ ਵਰਦਾਨ ਸਾਬਤ ਹੋਇਆ। ਦਰਅਸਲ ਜਾਤ ਨੂੰ ਮੁੱਖ ਰੱਖ ਕੇ ਕਿਸੇ ਨਿਰਦੋਸ਼ ਹਿੰਦੂ ਦਾ ਕਤਲ ਖ਼ਾਲਸਈ ਵਿਚਾਰਧਾਰਾ ਦਾ ਹਿੱਸਾ ਨਹੀਂ ਹੈ। ਪਰ ਬਿਪਰਵਾਦੀ ਮਾਨਸਿਕਤਾ ਆਪਣੇ ਜ਼ਰਖਰੀਦ ਕਾਤਲਾਂ ਕੋਲੋਂ ਆਪ ਹੀ ਨਿਰਦੋਸ਼ ਹਿੰਦੂਆਂ ਦਾ ਕਤਲ ਕਰਵਾਉਂਦੀ ਅਤੇ ਫਿਰ ਉਸ

ਦਾ ਬਦਲਾ ਲੈਣ ਲਈ ਅਨੇਕਾਂ ਬੇਕਸੂਰ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਖਤਮ ਕਰਕੇ ਆਪਣੇ ਹੱਥ ਖੂਨ ਨਾਲ ਰੰਗਦੀ। ਜ਼ਿਕਰਯੋਗ ਹੈ ਕਿ ਸੁਹਿਰਦ ਖਾੜਕੂ ਜੋ ਕਿ ਆਪਣੇ ਸੁਨਹਿਰੀ ਇਤਿਹਾਸ ਤੋਂ ਜਾਣੂ ਸਨ ਉਹ ਅਜਿਹੇ ਨਿਰਦੋਸ਼ ਕਤਲਾਂ ਦੇ ਹੱਕ ਵਿਚ ਨਹੀਂ ਸਨ, ਉਹ ਤਾਂ ਆਪਣੇ ਧਰਮ-ਇਤਿਹਾਸ ਵਿੱਚ ਵਾਪਰੀਆਂ ਅਨੇਕਾਂ ਘਟਨਾਵਾਂ ਨੂੰ ਆਪਣਾ ਮਾਰਗ ਦਰਸ਼ਕ ਮੰਨਦੇ ਸਨ। ਬੇਸ਼ਕ ਬਿਪਰਵਾਦ ਦਾ ਨਾਗ ਹਰ ਸਮੇਂ ਖ਼ਾਲਸਾ ਪੰਥ ਨੂੰ ਡੰਗਦਾ ਰਿਹਾ ਅਤੇ ਅਜਿਹੀਆਂ ਘਟਨਾਵਾਂ ਨੂੰ ਮਨੋਂ ਵਿਸਾਰ ਬੈਠਾ, ਜਦੋਂ:

- ਬੱਸੀ ਪਠਾਣਾਂ ਦੇ ਨਵਾਬ ਦੁਆਰਾ ਚੁੱਕੀ ਦੇਵਕੀ ਦਾਸ ਬ੍ਰਾਹਮਣ ਦੀ ਧੀ ਨੂੰ ਸਾਹਿਬਜ਼ਾਦਾ ਅਜੀਤ ਸਿੰਘ ਨੇ ਛੁਡਵਾਇਆ ਸੀ।
- ਗੁਰੂ ਤੇਗ ਬਹਾਦਰ ਸਾਹਿਬ ਨੇ ਕੇਵਲ ਹਿੰਦੂ ਧਰਮ ਦੀ ਰੱਖਿਆ ਹੇਤ ਆਪਣੇ ਸਰੀਰ ਦਾ ਠੀਕਰਾ ਦਿੱਲੀ ਭੰਨ ਦਿੱਤਾ ਸੀ, ਜਿਸ ਦੇ ਬਾਰੇ ਗੁਰੂ ਗੋਬਿੰਦ ਸਿੰਘ ਜੀ ਬਿਆਨ ਕਰਦੇ ਹਨ:

  *ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥ ਕੀਨੋ ਬਡੋ ਕਲੂ ਮਹਿ ਸਾਕਾ॥*

  (ਬਚਿੱਤਰ ਨਾਟਕ)
- ਜਦੋਂ ਸ: ਜੱਸਾ ਸਿੰਘ ਨੇ ਅਬਦਾਲੀ ਕੋਲੋਂ ਛੁਡਵਾ ਕੇ ਅਨੇਕਾਂ ਹੀ ਹਿੰਦੂ ਬਹੁ-ਬੇਟੀਆਂ ਮਹਿਫੂਜ਼ ਇੱਜ਼ਤ ਨਾਲ ਘਰ-ਘਰ ਪਹੁੰਚਾਈਆਂ ਸਨ।
- ਜਦੋਂ ਕਸੂਰ ਦੇ ਨਵਾਬ ਉਸਮਾਨ ਖਾਨ ਤੋਂ ਕੇਵਲ ਇਕ ਬ੍ਰਾਹਮਣੀ ਨੂੰ ਛੁਡਾਉਣ ਲਈ ਖ਼ਾਲਸਾ ਲੰਗਰ ਵਿਚਾਲੇ ਛੱਡ ਉਠ ਤੁਰਿਆ ਸੀ ਅਤੇ ਕਸੂਰ ਫਤਹਿ ਕਰਕੇ ਬ੍ਰਾਹਮਣੀ ਛੁਡਵਾਈ ਸੀ।
- ਜਦੋਂ ਸ: ਹਰੀ ਸਿੰਘ ਨਲੂਏ ਨੇ ਇਕ ਬ੍ਰਾਹਮਣੀ ਛੁਡਾਉਣ ਲਈ 25 ਪਠਾਣਾਂ ਦੀਆਂ ਮੁਸ਼ਕਾਂ ਬੰਨ੍ਹੀਆਂ ਸਨ।
- ਜਦੋਂ ਸ਼ੇਰ-ਏ-ਪੰਜਾਬ ਰਣਜੀਤ ਸਿੰਘ ਨੇ ਅਨੇਕਾਂ ਮੰਦਰਾਂ ਨੂੰ ਸੋਨਾ ਚੜ੍ਹਾਇਆ ਅਤੇ ਜਗੀਰਾਂ ਬਖਸ਼ੀਆਂ ਸਨ।
- ਜਦੋਂ ਰਣਜੀਤ ਸਿੰਘ ਨੇ ਆਪਣੇ ਰਾਜ ਦਰਬਾਰ ਵਿੱਚ ਅਨੇਕਾਂ ਹਿੰਦੂਆਂ ਨੂੰ ਉਚੀਆਂ ਪਦਵੀਆਂ ਦੇ ਕੇ ਨਿਵਾਜਿਆ ਸੀ। (ਬੇਸ਼ਕ ਕਿ ਫਿਰ ਉਹ ਵੀ ਸਿੱਖ ਰਾਜ ਦਾ ਸੂਰਜ ਅਸਤ ਕਰਨ ਦੇ ਕਾਰਨ ਬਣੇ)।

ਜੇ ਬਿਪਰਵਾਦ ਨੇ ਇਨ੍ਹਾਂ ਸਾਰੀਆਂ ਕੁਰਬਾਨੀਆਂ ਨੂੰ ਦਿਲੋਂ ਭੁਲਾ ਦਿੱਤਾ ਪਰੰਤੂ ਸੁਹਿਰਦ ਸਿੱਖ ਮਾਨਸਿਕਤਾ ਕਿਸੇ ਹਿੰਦੂ ਵੀਰ ਦਾ ਕਤਲ ਕਰਨ ਦੇ ਹੱਕ ਵਿੱਚ ਨਹੀਂ ਸੀ, ਬਿਪਰਵਾਦ ਦੋਹਰੀ ਚਾਲ ਚਲ ਰਿਹਾ ਸੀ ਇਕ ਪਾਸੇ ਤਾਂ ਆਪਣੇ ਜ਼ਰਖਰੀਦ ਕਾਤਲਾਂ ਰਾਹੀਂ ਨਿਰਦੋਸ਼ਾਂ ਦਾ ਕਤਲ ਅਤੇ ਫਿਰ ਉਨ੍ਹਾਂ ਕਤਲਾਂ ਦਾ ਬਦਲਾ ਲੈਣ ਲਈ ਸਿੱਖ ਨੌਜਵਾਨਾਂ ਉਪਰ ਤਸ਼ੱਦਦ ਅਤੇ

ਖਾਤਮਾ। ਬਿਪਰਵਾਦੀ ਨਾਗ ਦੇ ਦੋਹੀਂ ਹੱਥੀ ਲੱਡੂ ਸਨ, ਸੁਹਿਰਦ ਹਿੰਦੂ ਵੀਰ ਵੀ ਸਿੱਖਾਂ ਤੋਂ ਵੱਖਰੇ ਹੁੰਦੇ ਜਾ ਰਹੇ ਸਨ ਅਤੇ ਦੂਸਰੇ ਪਾਸੇ ਪੰਜਾਬ ਦੀ ਸਿੱਖ ਨੌਜਵਾਨ ਪਨੀਰੀ ਵੀ ਖਤਮ ਕੀਤੀ ਜਾ ਰਹੀ ਸੀ। ਜਿਵੇਂ ਕਿ ਪਹਿਲਾਂ ਬਿਆਨ ਕੀਤਾ ਜਾ ਚੁੱਕਾ ਹੈ ਕਿ ਪੰਥ ਪ੍ਰਤੀ ਸੁਹਿਰਦ ਨੌਜਵਾਨ ਬੇਸ਼ਕ ਹਥਿਆਰਬੰਦ, ਸੰਘਰਸ਼ ਵਿੱਚ ਕੁੱਦ ਪਏ ਸਨ ਪਰੰਤੂ ਉਹ ਨਿਰਦੋਸ਼ਾਂ ਜਾਂ ਹਿੰਦੂਆਂ ਦੇ ਕਤਲ ਦੇ ਹੱਕ ਵਿੱਚ ਨਹੀਂ ਸਨ। ਇਹ ਸ਼ਾਨਦਾਰ ਖ਼ਾਲਸਈ ਫ਼ਿਤਰਤ ਹੈ ਕਿ ਖ਼ਾਲਸਾ ਪੰਥ ਹਮੇਸ਼ਾ ਦੀਵਾਨ ਟੋਡਰ ਮੱਲ, ਦੀਵਾਨ ਕੌੜਾ ਮੱਲ ਵਰਗੇ ਸੁਹਿਰਦ ਹਿੰਦੂ ਵੀਰਾਂ ਦਾ ਸਤਿਕਾਰ ਕਰਦਾ ਰਿਹਾ ਹੈ ਅਤੇ ਕਰਦਾ ਰਹੇਗਾ। ਵਰਤਮਾਨ ਸੰਘਰਸ਼ ਦੌਰਾਨ ਵੀ ਜਿਨ੍ਹਾਂ ਸੁਹਿਰਦ ਹਿੰਦੂ ਵੀਰਾਂ ਨੇ ਖ਼ਾਲਸਾ ਪੰਥ ਉਪਰ ਕੀਤੇ ਜਾਂਦੇ ਤਸ਼ੱਦਦ ਅਤੇ ਜ਼ੁਲਮ ਖਿਲਾਫ਼ ਆਵਾਜ਼ ਉਠਾਈ ਹੈ ਖ਼ਾਲਸਾ ਹਮੇਸ਼ਾ ਸਤਿਕਾਰ ਦੀ ਨਜ਼ਰ ਨਾਲ ਤੱਕਦਾ ਰਹੇਗਾ।

ਸੋ ਸੰਘਰਸ਼ ਦਾ ਬਹਾਨਾ ਬਣਾ ਕੇ ਬਿਪਰਵਾਦ ਨੇ ਖ਼ਾਲਸਾ ਪੰਥ ਦੀ ਨਸਲਕੁਸ਼ੀ ਦਾ ਕਾਰਜ ਅਰੰਭਿਆ, ਜੋ ਅਨੇਕਾਂ ਪੁਲਿਸ ਮੁਕਾਬਲਿਆਂ ਦੇ ਦੌਰ ਵਿਚੋਂ ਗੁਜ਼ਰਦਾ ਹੋਇਆ ਘੱਲੂਘਾਰਾ ਨੀਲਾ ਤਾਰਾ ਦੇ ਰੂਪ ਵਿੱਚ ਪ੍ਰਤੱਖ ਪ੍ਰਗਟ ਹੋਇਆ। ਆਪਣੀਆਂ ਖ਼ਾਲਸਈ ਸ਼ਾਨਦਾਰ ਰਵਾਇਤਾਂ ਅਨੁਸਾਰ ਸਿੱਖ ਯੋਧਿਆਂ ਨੇ ਸੀਮਤ ਵਸੀਲਿਆਂ ਅਤੇ ਘੱਟ ਹਥਿਆਰਾਂ ਨਾਲ ਹਿੰਦੁਸਤਾਨੀ ਫ਼ੌਜ ਦਾ ਮੁਕਾਬਲਾ ਕੀਤਾ। ਧਰਮਯੁਧ ਮੋਰਚਾ ਜੋ ਸਫਲਤਾ ਵੱਲ ਵੱਧ ਰਿਹਾ ਸੀ, ਨੂੰ ਕੁਚਲ ਦਿੱਤਾ ਗਿਆ। ਬਿਪਰਵਾਦੀ ਨਾਗ ਦੇ ਵਿਤਕਰੇ ਦਾ ਸ਼ਿਕਾਰ ਸ: ਸੁਬੇਗ ਸਿੰਘ ਵਰਗੇ ਜਰਨੈਲ ਵੀ ਇਸ ਸੰਘਰਸ਼ ਦੀ ਭੇਟ ਚੜ੍ਹ ਗਏ। ਹੁਣ ਨਸਲਕੁਸ਼ੀ ਜਾਰੀ ਹੋ ਚੁਕੀ ਸੀ, ਹਰਿਮੰਦਰ ਸਾਹਿਬ ਦਾ ਪਵਿੱਤਰ ਸਰੋਵਰ ਲਹੂ-ਲੁਹਾਨ ਸੀ, ਭਗਤੀ ਤੇ ਸ਼ਕਤੀ ਦਾ ਪ੍ਰਤੀਕ ਅਕਾਲ ਤਖਤ ਸਾਹਿਬ ਢਹਿ-ਢੇਰੀ ਹੋ ਚੁੱਕਾ ਸੀ, ਬਾਬਾ ਜਰਨੈਲ ਸਿੰਘ ਸਮੇਤ ਕਈ ਸੂਰਮੇਂ ਸ਼ਹੀਦੀ ਜਾਮ ਪੀ ਚੁੱਕੇ ਸਨ, ਕੌਮ ਦੀ ਪੱਗ ਸ਼ਰੇਆਮ ਰੁਲ ਚੁੱਕੀ ਸੀ, ਬੀਬੀਆਂ ਨਾਲ ਬਲਾਤਕਾਰ ਹੋ ਚੁੱਕੇ ਸਨ। ਇਸ ਤੋਂ ਵੱਧ ਖੁਸ਼ੀ ਬਿਪਰਵਾਦ ਨੂੰ ਹੋਰ ਕਦੋਂ ਹੋ ਸਕਦੀ ਸੀ ?. ਬਿਪਰਵਾਦ ਖਿੜ-ਖਿੜਾ ਕੇ ਹੱਸਿਆ, ਤੇ ਘਰੋ-ਘਰ ਲੱਡੂ ਵੰਡੇ। ਆਪਣੇ ਹੀ ਦੇਸ਼ ਦੇ ਵਾਸੀਆਂ ਦੇ ਗੁਰਧਾਮ ਢਾਹੁਣ ਵਾਲੇ ਬਲਾਤਕਾਰੀਆਂ ਨੂੰ ਗਲਾਂ ਵਿੱਚ ਹਾਰ ਪਾ ਕੇ ਨਿਵਾਜਿਆ, ਫਿਰ ਬਿਪਰਵਾਦ ਦੀਆਂ ਗੂੰਜਾਂ ਅਰੰਭ ਹੋਈਆਂ। ਕਿਸੇ ਨੇ ਇੰਦਰਾ ਗਾਂਧੀ ਨੂੰ ਦੁਰਗਾ ਕਿਹਾ, ਤੇ ਕਿਸੇ ਨੇ ਇਸ ਕਾਰਵਾਈ ਨੂੰ ਦੇਰ ਨਾਲ ਹੋਈ ਦਰੁਸਤ ਕਾਰਵਾਈ ਕਿਹਾ। ਹੁਣ ਕਈ ਕਿਤਾਬਚਿਆਂ ਦੇ ਪ੍ਰਕਾਸ਼ਕਾਂ ਵਲੋਂ ਬੀਬੀ ਇੰਦਰਾ ਦੀ ਤਸਵੀਰ ਗੁਰੂ ਨਾਨਕ ਸਾਹਿਬ ਨਾਲ ਛਾਪ ਕੇ ਉਸ ਨੂੰ ਹਿੰਦੁਸਤਾਨੀ ਅੰਬਰ ਦਾ ਸਿਤਾਰਾ ਸਥਾਪਤ ਕੀਤਾ ਜਾ ਰਿਹਾ ਹੈ।

ਹੁਣ ਖ਼ਾਲਸਾ ਲਹੂ-ਲੁਹਾਨ ਬੇਸ਼ਕ ਜ਼ਰੂਰ ਸੀ, ਪਰੰਤੂ ਹਰ ਸਮੇਂ ਦਿਲੋ-ਦਿਮਾਗ ਵਿੱਚ ਕਦੀਂ ਮੱਸਾ ਰੰਗੜ ਅਤੇ ਕਦੀਂ ਉਸ ਦਾ ਸਿਰ ਲਈ ਜਾਂਦੇ ਸੂਰਮਿਆਂ ਸੁੱਖਾ ਸਿੰਘ ਅਤੇ ਮਹਿਤਾਬ ਸਿੰਘ ਦਾ ਅਕਸ ਜਨਮ ਲੈਂਦਾ। ਪੰਥ ਭਲੀ ਭਾਂਤ ਜਾਣਦਾ ਸੀ ਅਤੇ ਇਤਿਹਾਸ ਗਵਾਹ ਹੈ ਕਿ ਹਰਿਮੰਦਰ ਸਾਹਿਬ ਦੀ ਬੇਹੁਰਮਤੀ ਅਤੇ ਇਸ ਪਵਿੱਤਰ ਸਰ-ਜ਼ਮੀਨ ਤੇ ਕੁਕਰਮ ਅਤੇ ਅਤਿਆਚਾਰ ਕਰਨ ਅਤੇ ਕਰਾਉਣ ਵਾਲੇ ਅਪਰਾਧੀ ਅੱਜ ਤੱਕ ਕਦੇ ਬਖਸ਼ੇ ਨਹੀਂ ਗਏ। ਜਿਸ ਹਰਿਮੰਦਰ ਦੇ ਅੰਦਰੋਂ ਹਰਿ-ਰਸ ਦੇ ਇਲਾਹੀ ਨਾਦ ਦੀਆਂ ਧੁੰਨਾਂ ਉਠਦੀਆਂ ਸਨ, ਪ੍ਰੇਮ ਰਸ ਦੀ ਅੰਮ੍ਰਿਤ ਵਰਖਾ ਹੁੰਦੀ

ਸੀ ਉਸ ਪਾਵਨ ਹਰਿਮੰਦਰ ਅੰਦਰ ਹਰਿ ਜਸ ਸਰਵਣ ਕਰ ਰਹੇ ਅਤੇ ਕਰਵਾ ਰਹੇ ਗੁਰਸਿੱਖਾਂ ਉਪਰ ਅੰਨ੍ਹੇਵਾਹ ਫਾਇਰਿੰਗ ਤੇ ਤੋਪਾਂ ਦੇ ਗੋਲੇ ਅਕਾਲ ਪੁਰਖ ਨੂੰ ਕਿਥੇ ਮਨਜ਼ੂਰ ਸਨ? ਹਰਿਮੰਦਰ ਦੀ ਰਾਖੀ ਕਰਦਿਆਂ ਸੀਸ ਭੇਟ ਕਰਨ ਵਾਲੇ ਸਿਰਲੱਥ ਯੋਧਿਆਂ ਅਤੇ ਅਣਭੋਲ ਹੀ ਆਪਣੇ ਗੁਰੂ-ਪਿਤਾ ਦੀ ਗੋਦ ਦਾ ਨਿੱਘ ਮਾਨਣ ਆਏ ਸ਼ਰਧਾਲੂਆਂ ਦਾ, ਡੁਲ੍ਹਿਆ ਖ਼ੂਨ ਅਜਾਂਈਂ ਕਿਵੇਂ ਜਾ ਸਕਦਾ ਸੀ? ਅਖੀਰ ਉਸ ਨੁਵੇਂ ਯੁੱਗ ਦੀ ਥਾਪੀ ਗਈ ਦੁਰਗਾ ਦੇ ਅੰਗ ਰੱਖਿਅਕਾਂ ਵਿਚੋਂ ਹੀ ਦੋ ਸੂਰਮਿਆਂ ਦੀ ਅਣਖ ਨੇ ਹੁਲਾਰਾ ਖਾਧਾ ਅਤੇ ਬੀਬੀ ਇੰਦਰਾ ਨੂੰ ਸਦਾ ਦੀ ਨੀਂਦ ਸਵਾ ਦਿੱਤਾ।

ਪਰ ਇਸ ਘਟਨਾ ਤੋਂ ਮਗਰੋਂ ਬਿਪਰਵਾਦ ਨੇ ਜਿਸ ਤਰ੍ਹਾਂ ਹਿੰਦੁਸਤਾਨ ਦੇ ਸ਼ਹਿਰਾਂ ਵਿੱਚ ਪ੍ਰਚੰਡ ਤਾਂਡਵ ਦਾ ਪ੍ਰਗਟਾਅ ਕੀਤਾ ਇਸ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿੱਚ ਕਿਤੇ ਨਹੀਂ ਮਿਲਦੀ। ਬਿਪਰਵਾਦ ਨੂੰ ਹੁਣ ਹਰ ਦਸਤਾਰਧਾਰੀ ਬੀਬੀ ਇੰਦਰਾ ਦਾ ਕਾਤਲ ਹੀ ਨਜ਼ਰ ਆ ਰਿਹਾ ਸੀ। ਬੀਬੀ ਇੰਦਰਾ ਦੀ ਮੌਤ ਤਾਂ ਸ਼ਾਇਦ ਸਿੱਖਾਂ ਦੇ ਕਤਲੇਆਮ ਦਾ ਸੰਕੇਤ ਹੀ ਸੀ, ਜਿਸ ਯੋਜਨਾਬਧ ਤਰੀਕੇ ਨਾਲ ਸਿੱਖਾਂ ਦੀ ਨਸਲਕੁਸ਼ੀ ਕੀਤੀ ਗਈ ਉਸ ਤੋਂ ਲਗਦਾ ਸੀ ਕਿ ਇਹ ਪਹਿਲਾਂ ਕੀਤੀ ਗਈ ਵਿਉਂਤਬੰਦੀ ਦਾ ਹੀ ਸਿੱਟਾ ਸੀ। ਕਾਤਲ ਤੇ ਬਲਾਤਕਾਰੀ ਟੋਲੇ ਪ੍ਰਸ਼ਾਸਨ ਦੀ ਛੱਤਰੀ ਹੇਠ ਸੁਰੱਖਿਆ ਸਹਿਤ ਸਿੱਖਾਂ ਦਾ ਕਤਲੇਆਮ ਕਰ ਰਹੇ ਸਨ। ਕੁਝ ਹੀ ਘੰਟਿਆਂ ਦੇ ਸਮੇਂ ਵਿੱਚ ਬਿਪਰਵਾਦ ਦੇ ਨਾਦਰਸ਼ਾਹੀ ਟੋਲਿਆਂ ਨੇ ਹਜ਼ਾਰਾਂ ਹੀ ਸਿੱਖਾਂ ਨੂੰ ਕਤਲ ਕਰ ਦਿੱਤਾ, ਕੁਝ ਜਿਉਂਦੇ ਹੀ ਤੇਲ ਪਾ ਕੇ ਸਾੜ ਦਿੱਤੇ, ਕਈਆਂ ਦੇ ਗਲਾਂ ਵਿੱਚ ਟਾਇਰ ਪਾ ਕੇ ਅੱਗ ਲਗਾ ਕੇ 'ਪੰਜਾਬੀ ਭੰਗੜਾ' ਵੇਖਿਆ, ਛੋਟੇ-ਛੋਟੇ ਬੱਚੇ ਕੋਹ-ਕੋਹ ਕੇ ਮਾਰੇ, ਸਿੱਖ ਬੀਬੀਆਂ ਦੀਆਂ ਪੱਤਾਂ ਲੁੱਟੀਆਂ, ਕਰੋੜਾਂ ਦੀ ਜਾਇਦਾਦ ਜਾਂ ਤਾਂ ਲੁੱਟ ਲਈ ਜਾਂ ਸਾੜ ਕੇ ਸੁਆਹ ਕਰ ਦਿੱਤੀ। ਜਿਸ ਦਿੱਲੀ ਦੀਆਂ ਸੜਕਾਂ ਨੇ ਜਥੇਦਾਰ ਬਘੇਲ ਸਿੰਘ ਦੇ ਘੋੜੇ ਦੇ ਸੁੰਮ ਚੁੰਮੇ ਸਨ, ਹੁਣ ਉਥੇ ਆਵਾਜ਼ਾਂ ਉਠ ਰਹੀਆਂ ਸਨ:

*ਮਾਰੋ ਸਰਦਾਰੋਂ ਕੋ, ਦੇਸ਼ ਦੇ ਗਦਾਰੋਂ ਕੋ,*
*ਖ਼ੂਨ ਕਾ ਬਦਲਾ ਖ਼ੂਨ, ਯਾਦ ਕਰੇਗਾ ਖ਼ਾਲਸਾ,*
*ਇੰਦਰਾ ਗਾਂਧੀ ਅਮਰ ਰਹੇ।*

ਸਿੱਖ ਬੇਬੱਸ ਸਨ। ਫਾਰੁਖਸੀਆਰ ਦੇ ਸਮੇਂ ਬੰਦਾ ਸਿੰਘ ਬਹਾਦਰ ਅਤੇ ਉਸਦੇ 700 ਤੋਂ ਉਪਰ ਸਾਥੀਆਂ ਦੀ ਸ਼ਹੀਦੀ ਦੇ 268 ਸਾਲ ਬਾਅਦ ਹੁਣ ਫਿਰ ਦਿੱਲੀ ਦੀ ਹਵਾ ਵਿੱਚ ਸਿੱਖਾਂ ਦੀਆਂ ਲਾਸ਼ਾਂ ਗਲਣ-ਸੜਨ ਦੀ ਬਦਬੋ ਸ਼ਾਮਿਲ ਹੋਈ ਸੀ। ਇਸ ਘਿਨਾਉਣੇ ਸਾਕੇ ਨੂੰ ਵੇਖ ਕੇ ਜ਼ਕਰੀਆ ਖਾਨ, ਮੀਰ ਮੰਨੂੰ ਅਤੇ ਫਾਰੁਖਸੀਆਰ ਦੀ ਰੂਹ ਵੀ ਕੰਬ ਉਠੀ ਹੋਵੇਗੀ। ਅਖੀਰ ਬਿਪਰਵਾਦੀਆਂ ਤੋਂ ਇਨਸਾਫ਼ ਦੇ ਵਾਇਦਿਆਂ ਦੀ ਨਗਾਰਾ ਗੂੰਜ ਵਿੱਚ ਵਿਧਵਾਵਾਂ ਦੇ ਵੈਣ ਅਤੇ ਮਾਸੂਮਾਂ ਦੀਆਂ ਸਿਸਕੀਆਂ ਗੁਆਚ ਕੇ ਰਹਿ ਗਈਆਂ। ਦਰਅਸਲ ਸਾਡੇ ਦੇਸ਼ ਅਤੇ ਵਿਦੇਸ਼ਾਂ ਵਿਚ ਵੀ ਅਨੇਕਾਂ ਰਾਜਨੀਤਕ ਵਿਅਕਤੀ ਕਤਲ ਹੋਏ ਹਨ। ਗਾਂਧੀ ਦਾ ਕਾਤਲ ਹਿੰਦੂ ਹੀ ਸੀ ਫਿਰ ਬਾਕੀ ਹਿੰਦੂਆਂ ਨੂੰ ਸਿੱਖਾਂ ਵਰਗੀ ਸਜ਼ਾ ਕਿਉਂ ਨਾ ਦਿੱਤੀ ਗਈ? ਇਹ ਸਵਾਲ ਮੁਰਝਾਈ ਹੋਈ ਅਤੇ ਸਮੇਂ ਦੀ ਮਾਰ ਦਾ ਸ਼ਿਕਾਰ ਸਿੱਖ ਮਾਨਸਿਕ ਸਤਾ ਉਪਰ ਬਾਰ-ਬਾਰ ਜਨਮ ਲੈ ਰਿਹਾ ਸੀ।

ਇਸ ਕਤਲੇਆਮ ਨੇ ਖ਼ਾਲਸਾ ਪੰਥ ਦੀ ਰੂਹ ਨੂੰ ਝੰਜੋੜ ਕੇ ਰੱਖ ਦਿੱਤਾ। ਸਿੱਖ ਮਾਨਸਿਕਤਾ ਲਹੂ ਦੇ ਅੱਥਰੂ ਵਹਾ ਰਹੀ ਸੀ। ਇਸ ਰੋਹ ਦੀ ਪ੍ਰਚੰਡ ਅਗਨੀ ਵਿੱਚੋਂ ਪੈਦਾ ਹੋਏ ਜੁਝਾਰੂਆਂ ਦੇ ਹਥਿਆਰ-ਬੰਦ ਸੰਘਰਸ਼ ਦੇ ਖਾਤਮੇ ਦੀ ਆੜ ਹੇਠ ਨਸਲਕੁਸ਼ੀ ਦਾ ਕਾਰਜ ਬਦਸਤੂਰ ਜਾਰੀ ਸੀ। ਕਦੀ ਰਾਜੀਵ-ਲੌਂਗੋਵਾਲ ਸਮਝੌਤਾ ਤੇ ਕਦੀ ਸਦਭਾਵਨਾ ਯਾਤਰਾਵਾਂ, ਕਈ ਡਰਾਮੇ ਸਿੱਖ ਮਾਨਸਿਕਤਾ ਨਾਲ ਖੇਡੇ ਗਏ। ਹੁਣ ਬਿਪਰਵਾਦ ਆਪਣੀ ਅਗਲੀ ਚਾਲ ਖੇਡਣ ਦੀ ਤਿਆਰੀ ਵਿੱਚ ਸੀ। ਸਰੀਰਕ ਕਸ਼ਟਾਂ ਅਤੇ ਤਸ਼ੱਦਦ ਨਾਲ ਝੰਜੋੜੇ ਖ਼ਾਲਸਾ ਪੰਥ, ਅਤੇ ਕਤਲੇਆਮਾਂ ਵਿੱਚ ਲੁੱਟੀ ਗਈ ਕੌਮੀ ਗ਼ੈਰਤ ਦੇ ਜ਼ਖ਼ਮਾਂ ਨੂੰ ਲੇਪ ਲਗਾਉਣ ਦੇ ਬਹਾਨੇ ਬੌਧਿਕ ਹਮਲਿਆਂ ਦੇ ਦੌਰ ਦਾ ਅਰੰਭ ਹੋਇਆ ਜੋ ਅਕਾਲੀ-ਭਾਜਪਾ ਦੇ ਯਰਾਨੇ ਦੀ ਛਤਰੀ ਹੇਠ ਪ੍ਰਵਾਨ ਚੜ੍ਹਿਆ। ਕਦੀ ਅਖੰਡਤਾ ਸਮਾਗਮ, ਕਿਤੇ ਰਾਸ਼ਟਰੀ ਸਿੱਖ ਸੰਗਤ ਦੀ ਸਥਾਪਨਾ, ਰਮਾਇਣਾਂ ਦੇ ਪਾਠ ਤੇ ਅਖੰਡ ਪਾਠਾ ਦੀਆਂ ਲੜੀਆਂ, ਸਦਭਾਵਨਾ ਯਾਤਰਾਵਾਂ ਅਤੇ 300 ਸਾਲਾ ਖ਼ਾਲਸਾ ਪ੍ਰਗਟ ਦਿਵਸ ਤ੍ਰੈਸ਼ਬਦੀ ਸਮਾਗਮਾਂ ਸਮੇਂ ਵਰਦੀਧਾਰੀ ਸੰਘੀਆਂ ਦੀਆਂ ਸੰਤ ਯਾਤਰਾਵਾਂ, ਇਹ ਸਭ ਕੁਝ ਬੌਧਿਕ ਹਮਲਿਆਂ ਦੀ ਪ੍ਰਕ੍ਰਿਆ ਦਾ ਹੀ ਹਿੱਸਾ ਸਨ। ਦਰਅਸਲ ਬਿਪਰਵਾਦ ਦੀ ਇਹ ਮੁੱਢਲੀ ਨੀਤੀ ਹੈ ਕਿ ਪਹਿਲਾਂ ਸਰੀਰਕ ਹਮਲੇ ਕਰਦਾ ਹੈ, ਫਿਰ ਸਰੀਰਕ ਹਮਲਿਆਂ ਤੋਂ ਨਿਢਾਲ ਹੋਏ ਸ਼ਿਕਾਰ ਉਪਰ ਬੌਧਿਕ ਹਮਲਾ ਕਰਦਾ ਹੈ, ਉਹ ਸ਼ਿਕਾਰ ਭਾਵੇਂ ਬੋਧੀ ਹੋਣ ਜਾਂ ਸਿੱਖ। ਜਦੋਂ ਖ਼ਾਲਸਾ ਰਾਜ ਦਾ ਸੂਰਜ ਅਸਤ ਹੋਇਆ, ਬਿਪਰਵਾਦੀ ਲੋਕਾਂ ਅੰਗਰੇਜ਼ ਸਿੱਖ ਲੜਾਈਆਂ ਵਿੱਚ ਅੰਗਰੇਜ਼ ਦਾ ਸਾਥ ਦਿੱਤਾ। ਜਦੋਂ ਰਾਜ ਭਾਗ ਗਵਾ ਕੇ ਖ਼ਾਲਸਾ ਪੰਥ ਕੱਖੋਂ ਹੌਲਾ ਹੋ ਨਿਢਾਲ ਪਿਆ ਹੋਇਆ ਸੀ ਤਾਂ ਆਰੀਆ ਸਮਾਜੀਆਂ ਦੇ ਨਾਮ ਹੇਠ ਬੌਧਿਕ ਹਮਲੇ ਸ਼ੁਰੂ ਹੋਏ। ਫਿਰ ਜਦੋਂ ਘੱਲੂਘਾਰਾ ਹਰਿਮੰਦਰ ਸਾਹਿਬ ਅਤੇ ਹਿੰਦੁਸਤਾਨ ਵਿੱਚ ਵਾਪਰੇ ਕਤਲੇਆਮ ਤੋਂ ਬਾਅਦ ਸਿੱਖ ਕੌਮ ਝੰਜੋੜੀ ਪਈ ਸੀ ਤਾਂ ਸੰਘ ਵਲੋਂ ਸਿੱਖ ਸੰਗਤ ਦੇ ਨਾਮ ਹੇਠ ਬੌਧਿਕ ਹਮਲਿਆਂ ਦੀ ਪ੍ਰਕ੍ਰਿਆ ਸ਼ੁਰੂ ਹੋਈ ਜੋ ਬਦਸਤੂਰ ਜਾਰੀ ਹੈ, ਜਿਸਦੇ ਹਮਲਿਆਂ ਦੀ ਰੂਪਰੇਖਾ ਬਾਰੇ ਹੱਥਲੀ ਪੁਸਤਕ ਵਿੱਚ ਵਿਸਥਾਰ ਸਹਿਤ ਪੜ੍ਹੋਗੇ।

ਇਹ ਅਟੱਲ ਸਚਾਈ ਹੈ ਕਿ ਗੁਰਮਤਿ ਅਨੁਸਾਰ ਜੀਵਨ ਜਾਚ ਦਾ ਧਾਰਨੀ ਗੁਰਸਿੱਖ ਸੁਰਤ ਦੇ ਜਲਾਲ ਦਾ ਸਿਖ਼ਰ ਹੈ। ਇਸ ਸੁਰਤ ਦੇ ਜਲਾਲ ਦੇ ਸਾਹਮਣੇ ਬਿਪਰਵਾਦੀ ਬੰਧਨ ਦੀਆਂ ਕੜੀਆਂ ਖ਼ੁਦ-ਬ-ਖ਼ੁਦ ਟੁੱਟ ਜਾਂਦੀਆਂ ਹਨ। ਸਿੱਖ ਦੇ ਅਨੰਦਗੜ੍ਹ ਦੀ ਉਸਾਰੀ ਵਿਚੋਂ ਬਿਪਰਵਾਦ ਨੂੰ ਆਪਣਾ ਮੰਨੂਵਾਦੀ ਗੜ੍ਹ ਢੱਠਦਾ ਨਜ਼ਰ ਆਉਂਦਾ ਹੈ। ਬਿਪਰਵਾਦ ਦੀ ਹਰ ਸਮੇਂ ਕੋਸ਼ਿਸ਼ ਇਸ ਅਨੰਦਗੜ੍ਹ ਨੂੰ ਢਹਿ ਢੇਰੀ ਕਰਨ ਦੀ ਹੁੰਦੀ ਹੈ ਉਹ ਚਾਹੇ ਗੰਗੂ ਦਾ ਵੇਸ ਧਾਰਨ ਕਰੇ, ਜਾਂ ਲਖਪਤ ਰਾਏ ਬਣੇ ਜਾਂ ਸੰਘ ਰੂਪ ਵਿੱਚ ਆਣ ਦਸਤਕ ਦੇਵੇ।

*1. ਕਿਉਂ ਕੀਤੋ ਵੇਸਾਹੁ ? ਪੰਨਾ : 20 ਸੰਸਕਰਣ : 1998, ਲੇਖਕ: ਨਰੈਣ ਸਿੰਘ, ਪ੍ਰਕਾਸ਼ਕ: ਸਿੰਘ ਬ੍ਰਦਰਜ਼ ਅੰਮ੍ਰਿਤਸਰ।*

# ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰਿ ਦੇਖੁ॥

ਭਾਰਤ ਦੀ ਬਹੁਗਿਣਤੀ ਹੁਕਮਰਾਨ ਜਨਤਾ ਵਲੋਂ ਸ਼ੁਰੂ ਤੋਂ ਹੀ ਇਕ ਯੋਜਨਾਬਧ ਤਰੀਕੇ ਨਾਲ ਸਿੱਖ ਕੌਮ ਦੀ ਵੱਖਰੀ ਹੋਂਦ ਅਤੇ ਨਿਆਰੇਪਨ ਨੂੰ ਸਦਾ ਵਾਸਤੇ ਖਤਮ ਕਰਨ ਲਈ ਅਨੇਕਾਂ ਹੀ ਘਾੜਤਾਂ ਘੜੀਆਂ ਜਾ ਚੁੱਕੀਆਂ ਹਨ। ਕਦੀ ਸਰੀਰਕ ਹਮਲੇ, ਕਿਤੇ ਕਤਲੇਆਮ ਅਤੇ ਕਿਤੇ ਬੋਧਿਕ ਹਮਲੇ। ਇਸ ਮਕਸਦ ਦੀ ਪੂਰਤੀ ਵਾਸਤੇ ਕਿ ਖ਼ਾਲਸੇ ਦੇ ਨਿਆਰੇਪਨ ਨੂੰ ਹਮੇਸ਼ਾ ਵਾਸਤੇ ਖਤਮ ਕਰਕੇ ਬਿਪਰਨ ਕੀ ਰੀਤ ਦਾ ਧਾਰਨੀ ਬਣਾਇਆ ਜਾਵੇ, ਸੋਇੰਮ ਸੇਵਕ ਸੰਘ ਵਲੋਂ ਜਿਥੇ ਇਹ ਪ੍ਰਚਾਰ ਕੀਤਾ ਜਾ ਰਿਹਾ ਕਿ ਸਿੱਖ ਹਿੰਦੂ ਧਰਮ ਦਾ ਅਭਿੰਨ ਅੰਗ ਹਨ ਅਤੇ ਸੰਘ ਹੀ ਖ਼ਾਲਸਾ ਹੈ ਉਥੇ ਅਨੇਕਾਂ ਤਰੀਕਿਆਂ ਨਾਲ ਸਿੱਖ ਇਤਿਹਾਸ ਦੇ ਤੱਥਾਂ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਜਾਂਦਾ ਹੈ, ਜਿਵੇਂ :-

- ਸਿੱਖ ਗੁਰੂਆਂ ਦੇ ਵਿਆਹ ਹਿੰਦੂ ਰੀਤੀ ਅਨੁਸਾਰ ਹੋਏ।
- ਗੋਲਡਨ ਟੈਂਪਲ-ਇਕ ਸੁਨਿਹਰੀ ਮੰਦਰ ਦਾ ਜਿਉਂਦਾ ਜਾਗਦਾ ਪ੍ਰਚਾਰ ਹੈ।
- ਦਿੱਲੀ ਦੇ ਇਕ ਹਿੰਦੂ ਦੀ ਕੋਠੀ ਗੁਰਦੁਆਰਾ ਬੰਗਲਾ ਸਾਹਿਬ ਬਣੀ।
- ਭਾਈ ਮਤੀਦਾਸ ਅਤੇ ਭਾਈ ਸਤੀਦਾਸ ਬ੍ਰਾਹਮਣ ਸਨ, ਜਿਨ੍ਹਾਂ ਤੇਗ ਬਹਾਦਰ ਜੀ ਤੋਂ ਪਹਿਲਾਂ ਬਲਿਦਾਨ ਦਿੱਤਾ।
- ਗੁਰੂ ਨਾਨਕ ਦੇਵ ਜੀ ਨੇ ਆਪਣੇ ਪਿੱਤਰਾਂ ਦੇ ਸ਼ਰਾਧ ਕਰਨ ਕਰਕੇ ਆਪਣਾ ਅਕਾਲ ਚਲਾਣਾ ਇਕ ਦਿਨ ਅੱਗੇ ਪਾਇਆ।
- ਹਿੰਦੂ ਹੋਣ ਕਰਕੇ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਬ੍ਰਜਭਾਸ਼ਾ ਵਿੱਚ ਬਾਣੀ ਰਚੀ।
- 'ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ' ਵਿੱਚ ਰਘੁਕੁਲ ਦੇ ਵੰਸ਼ਜ ਰਾਮ ਦੀ ਹੀ ਉਸਤਤਿ ਕੀਤੀ ਗਈ ਹੈ।
- ਨੈਣਾ ਦੇਵੀ ਮੰਦਰ ਵਿਖੇ ਯਗ ਕਰਨ ਉਪਰੰਤ ਹੀ ਗੁਰੂ ਗੋਬਿੰਦ ਸਿੰਘ ਜੀ ਨੂੰ ਸਿਧੀ ਪ੍ਰਾਪਤ ਹੋਈ ਅਤੇ ਖ਼ਾਲਸਾ ਪੰਥ ਦੀ ਉਤਪਤੀ ਹੋਈ।
- ਰਾਮਕਲੀ ਸਦ ਅਨੁਸਾਰ, "ਗੁਰੂ ਜੀ ਨੇ ਕਿਹਾ ਕਿ ਮੇਰੇ ਮ੍ਰਿਤਕ ਸੰਸਕਾਰ ਸਮੇਂ ਕੇਸ਼ੋਦਾਸ ਪੰਡਿਤ ਨੂੰ ਬੁਲਾ ਕੇ ਅੰਤਿਮ ਰਸਮਾਂ ਸੰਪੂਰਨ ਕਰਨਾ, ਅਤੇ ਮੇਰੀਆਂ ਅਸਥੀਆਂ ਨੂੰ ਹਰਿਦੁਆਰ ਲੈ ਕੇ ਜਾਣਾ।

- ਸਿੱਖ ਕੈਲੰਡਰ ਪ੍ਰਚੱਲਿਤ ਹਿੰਦੂ ਰਵਾਇਤ ਬਿਕ੍ਰਮੀ ਸੰਮਤ ਉਪਰ ਅਧਾਰਿਤ ਹੈ ਅਤੇ ਹਿੰਦੂ ਸਿੱਖ ਰਿਸ਼ਤੇਦਾਰੀਆਂ ਸਾਂਝੀਆਂ ਹਨ।

ਸਿੱਖਾਂ ਨੂੰ ਹਿੰਦੂ ਧਰਮ ਦਾ ਅੰਗ ਦਰਸਾਉਣ ਲਈ ਤੱਤਪਰ ਐਸੀਆਂ ਫ਼ਿਰਕੂ ਸੰਸਥਾਵਾਂ ਨੂੰ ਆਪਣੇ ਅੰਦਰ ਝਾਤੀ ਜ਼ਰੂਰ ਮਾਰਨੀ ਚਾਹੀਦੀ ਹੈ, ਆਪਣੇ ਪੁਰਖਿਆਂ ਦਾ ਇਤਿਹਾਸ ਜ਼ਰੂਰ ਫਰੋਲ ਕੇ ਵੇਖ ਲੈਣਾ ਚਾਹੀਦਾ ਹੈ ਦੂਜੇ ਸ਼ਬਦਾਂ ਵਿੱਚ ਕਿਸੇ ਦੀ ਪੀੜ੍ਹੀ ਹੇਠਾਂ ਸੋਟਾ ਜ਼ਰੂਰ ਫੇਰਨਾ ਚਾਹੀਦਾ ਹੈ। ਇਤਿਹਾਸ ਗਵਾਹ ਹੈ ਕਿ ਬੇਸ਼ਕ ਚੀਨ ਦੀ ਬਣੀ ਹੋਈ ਸੰਸਾਰ ਦੀ ਸਭ ਤੋਂ ਵੱਡੀ, ਲੰਮੀ ਅਤੇ ਮਜ਼ਬੂਤ ਦੀਵਾਰ ਤਾਂ ਚੀਨ ਨੂੰ ਬਾਹਰੀ ਹਮਲਾਵਰਾਂ ਤੋਂ ਨਾ ਬਚਾ ਸਕੀ, ਹਮਲਾਵਰ ਅਨੇਕਾਂ ਵਾਰ ਉਸ ਦੀਵਾਰ ਨੂੰ ਲੰਘ ਹੋਰਨਾਂ ਖਿੱਤਿਆਂ ਵਿੱਚ ਵੀ ਮਾਰਾਂ ਮਾਰਦੇ ਰਹੇ, ਪ੍ਰੰਤੂ ਜਦੋਂ ਖ਼ਾਲਸੇ ਨੇ ਦੱਰਾ-ਏ-ਖ਼ੈਬਰ ਉਪਰ ਖ਼ਾਲਸਈ ਨਿਸ਼ਾਨ ਝੁਲਾ ਦਿੱਤੇ ਤਾਂ ਉਸ ਉਪਰੰਤ ਕਿਸੇ ਹਮਲਾਵਰ ਦੀ ਹਿੰਮਤ ਨਾ ਪਈ ਕਿ ਹਿੰਦੁਸਤਾਨ ਵੱਲ ਅੱਖ ਚੁਕ ਕੇ ਵੇਖ ਸਕੇ। ਖ਼ਾਲਸਈ ਨਿਸ਼ਾਨਾਂ ਨੇ ਵਿਦੇਸ਼ੀ ਹਮਲਾਵਰਾਂ ਦਾ ਮੂੰਹ ਮੋੜ ਕੇ ਰੱਖ ਦਿੱਤਾ। ਅੱਜ ਸਿੱਖ ਕੌਮ ਨੂੰ ਦੇਸ਼-ਧਰੋਹੀ ਤੇ ਗੁਲਾਮੀ ਦੇ ਕਾਰਨ ਦਰਸਾਇਆ ਜਾ ਰਿਹਾ ਹੈ, ਕਿਤੇ ਇਹ ਦੋਸ਼ ਲਗਦਾ ਹੈ ਕਿ ਸਿੱਖਾਂ ਨੇ ਵਿਦੇਸ਼ੀ ਹੁਕਮਰਾਨਾਂ ਦੀ ਮਦਦ ਕੀਤੀ। ਅੱਜ ਸਿੱਖਾਂ ਨੂੰ ਦੇਸ਼-ਧਰੋਹੀ ਕਹਿਣ ਵਾਲੇ ਬਹੁਗਿਣਤੀ ਹੁਕਮਰਾਨ ਜੇਕਰ ਆਪਣੇ ਗੌਰਵਮਈ ਵਿਰਸੇ ਨੂੰ ਪੜ੍ਹਨ ਤਾਂ ਖ਼ੁਦ ਹੀ ਪਤਾ ਲਗ ਜਾਵੇਗਾ ਕਿ ਦੇਸ਼-ਭਗਤ ਕੌਣ ਹੈ ਅਤੇ ਦੇਸ਼-ਧਰੋਹੀ ਕੌਣ ਹੈ। ਇਕ ਵਿਦਵਾਨ ਦਾ ਕਥਨ ਇਸ ਤਰ੍ਹਾਂ ਹੈ:

''ਅਠਾਰ੍ਹਵੀਂ ਸਦੀ ਵਿੱਚ ਜੇਕਰ ਸਿੱਖ ਕੌਮ ਬੇਮਿਸਾਲ ਕੁਰਬਾਨੀਆਂ ਦੁਆਰਾ ਨਾਦਰ ਸ਼ਾਹ ਅਤੇ ਅਹਿਮਦ ਸ਼ਾਹ ਵਰਗੇ ਜਰਵਾਣਿਆਂ ਦਾ ਡੱਟ ਕੇ ਮੁਕਾਬਲਾ ਨਾ ਕਰਦੀ ਤਾਂ ਸਾਰੇ ਹੀ ਪ੍ਰਸਿੱਧ ਇਤਿਹਾਸਕਾਰਾਂ ਅਨੁਸਾਰ ਜਮਨਾ ਤੱਕ ਦਾ ਸਾਰਾ ਇਲਾਕਾ ਹਮੇਸ਼ਾ-ਹਮੇਸ਼ਾ ਲਈ ਹਿੰਦੁਸਤਾਨ ਤੋਂ ਅਲੱਗ ਹੋ ਕੇ ਅਫ਼ਗਾਨਿਸਤਾਨ ਦਾ ਹਿੱਸਾ ਬਣ ਜਾਣਾ ਸੀ।

(ਖ਼ਾਲਸੇ ਦੀ ਉਤਪਤੀ, ਇੰਦੂ ਭੂਸ਼ਨ ਬੈਨਰਜੀ)

ਨਿਰਾਧ ਚੌਧਰੀ ਅਨੁਸਾਰ, ''ਦੇਸ਼ ਵਿੱਚ ਵਰਤਮਾਨ ਬੇਚੈਨੀ, ਫਿਰਕੂ ਦੰਗਿਆਂ ਅਤੇ ਮੰਦ-ਭਾਵਨਾ ਦਾ ਮੂਲ ਕਾਰਨ ਹਿੰਦੂ ਦਾ ਦੇਸ਼ ਦੀਆਂ ਬਾਕੀ ਜ਼ਾਤੀਆਂ ਪ੍ਰਤੀ ਬਦਲਾ-ਲਊ ਅਤੇ ਆਕ੍ਰਮਣਕਾਰੀ ਵਤੀਰਾ ਹੈ, ਜਿਹੜਾ ਕਿ ਉਨ੍ਹਾਂ ਨੇ ਲੰਮੇ ਸਮੇਂ ਦੀ ਗ਼ੁਲਾਮੀ ਤੋਂ ਬਾਅਦ ਸਹਿਜੇ ਹੀ ਰਾਜ ਸੱਤਾ ਮਿਲਣ ਸਦਕਾ ਅਪਣਾ ਲਿਆ ਹੈ।''

ਅਲਾਉਦੀਨ ਨੇ ਇਕ ਵਾਰ ਆਪਣੇ ਕਾਜ਼ੀ ਨੂੰ ਪੁਛਿਆ, ''ਸ਼ਰੀਅਤ ਮੁਤਾਬਿਕ ਮੁਸਲਮਾਨਾਂ ਨੂੰ ਹਿੰਦੂਆਂ ਨਾਲ ਕਿਹੋ ਜਿਹਾ ਸਲੂਕ ਕਰਨਾ ਚਾਹੀਦਾ ਹੈ?''

ਕਾਜ਼ੀ ਨੇ ਜਵਾਬ ਦਿੱਤਾ, ''ਹਿੰਦੂ ਬਿਲਕੁਲ ਮਿੱਟੀ ਸਮਾਨ ਹਨ, ਜੇ ਮੁਸਲਮਾਨ ਇਸ ਮਿੱਟੀ ਕੋਲੋਂ ਚਾਂਦੀ ਮੰਗਣ ਤਾਂ ਇਸ ਮਿੱਟੀ ਨੂੰ ਨਿਮਰਤਾ ਸਹਿਤ ਸੋਨਾ ਉਗਲਣਾ ਚਾਹੀਦਾ ਹੈ ਅਤੇ ਜੇ ਕੋਈ ਮੁਸਲਮਾਨ ਹਿੰਦੂ ਦੇ ਮੂੰਹ ਵਿੱਚ ਥੁਕਣਾ ਚਾਹੇ ਤਾਂ ਹਿੰਦੂ ਦਾ ਫਰਜ਼ ਹੈ ਕਿ ਉਹ ਆਪਣਾ

ਮੂੰਹ ਚੰਗੀ ਤਰ੍ਹਾਂ ਖੋਲ੍ਹ ਸਕੇ ਤਾਂ ਜੋ ਮੁਸਲਮਾਨ ਅਸਾਨੀ ਨਾਲ ਉਸਦੇ ਮੂੰਹ ਵਿਚ ਥੁੱਕ ਸਕੇ। ਅੱਲ੍ਹਾ-ਤਾਲਾ ਨੇ ਹਿੰਦੂਆਂ ਨੂੰ ਮੁਸਲਮਾਨਾਂ ਦੇ ਗੁਲਾਮਾਂ ਵਜੋਂ ਹੀ ਬਣਾਇਆ ਹੈ ਅਤੇ ਉਸ ਦਾ ਫ਼ੁਰਮਾਨ ਹੈ ਕਿ ਜੇ ਹਿੰਦੂ ਆਪਣੇ ਆਪ ਇਸਲਾਮ ਕਬੂਲ ਨਾ ਕਰੇ ਤਾਂ ਇਸ ਨੂੰ ਬੰਦੀ ਬਣਾ ਕੇ ਤਸੀਹੇ ਦਿਤੇ ਜਾਣ ਅਤੇ ਅੰਤ ਨੂੰ ਮਾਰ ਦਿੱਤਾ ਜਾਵੇ।''

ਇਹ ਜਵਾਬ ਸੁਣ ਕੇ ਅਲਾਉਦੀਨ ਮੁਸਕਰਾਇਆ ਤੇ ਕਹਿਣ ਲੱਗਾ, ''ਤਾਂ ਫਿਰ ਠੀਕ ਹੈ, ਮੈਂ ਤਾਂ ਪਹਿਲਾਂ ਹੀ ਅਜਿਹਾਂ ਕਰ ਰਿਹਾ ਹਾਂ।''

ਪੰਦਰ੍ਹਵੀਂ ਸਦੀ ਵਿੱਚ ਮੁਸਲਮਾਨਾਂ ਵਲੋਂ ਹਿੰਦੂਆਂ ਅਤੇ ਉਨ੍ਹਾਂ ਦੇ ਧਰਮ ਸਥਾਨਾਂ ਦੀ ਕੀਤੀ ਜਾਂਦੀ ਦੁਰਦਸ਼ਾ ਬਾਰੇ, ਸਿਕੰਦਰ ਲੋਧੀ ਦਾ ਜ਼ਿਕਰ ਕਰਦਾ 'ਤਾਰੀਖ਼ੇ ਦਾਊਦੀ' ਦਾ ਕਰਤਾ ਲਿਖਦਾ ਹੈ, ਉਸ (ਸਿਕੰਦਰ ਲੋਧੀ) ਨੇ ਮਥੁਰਾ ਦੇ ਹਿੰਦੂ ਮੰਦਰਾਂ ਨੂੰ ਢਾਹ ਢੇਰੀ ਕਰਕੇ ਕਾਫ਼ਰਾਂ (ਹਿੰਦੂਆਂ) ਦੇ ਇਕ ਵੱਡੇ ਗੜ੍ਹ ਨੂੰ ਮਿੱਟੀ ਵਿੱਚ ਮਿਲਾ ਦਿੱਤਾ ਅਤੇ ਮੰਦਰਾਂ ਦੀਆਂ ਪੱਥਰ ਦੀਆਂ ਮੂਰਤੀਆਂ ਨੂੰ ਕਸਾਈਆਂ ਦੇ ਹਵਾਲੇ ਕਰ ਦਿੱਤਾ, ਤਾਂਕਿ ਉਹ ਮੀਟ ਤੋਲਣ ਲਈ ਤੋਲ ਵੱਟਿਆਂ ਦਾ ਕੰਮ ਲੈ ਸਕਣ, ਅਤੇ ਇਸਤੇਮਾਲ ਕਰ ਸਕਣ। ਇਸ ਤਰ੍ਹਾਂ ਉਸ ਨੇ ਨਗਰ ਕੋਟ ਦੇ ਅਤੇ ਜਵਾਲਾਮੁਖੀ ਦੇ ਮੰਦਰਾਂ ਦੀਆਂ ਮੂਰਤੀਆਂ ਨੂੰ ਵੀ ਤੋੜ ਕੇ ਕਸਾਈਆਂ ਦੇ ਹਵਾਲੇ ਕਰ ਦਿੱਤਾ ਸੀ। ਉਸ ਨੇ ਹਿੰਦੂਆਂ ਦੀ ਹਜ਼ਾਮਤ ਤੱਕ ਕਰਨ ਦੀ ਮਨਾਹੀ ਦੇ ਹੁਕਮ ਦੇ ਰੱਖੇ ਸਨ, ਜਿਸ ਕਾਰਨ ਕੋਈ ਵੀ ਨਾਈ ਉਨ੍ਹਾਂ ਦੀ ਹਜ਼ਾਮਤ ਕਰਨ ਲਈ ਤਿਆਰ ਨਹੀਂ ਸੀ ਹੁੰਦਾ।

ਪਿਛਲੇ ਪੁਰਾਣੇ ਇਤਿਹਾਸ ਤੋਂ ਭਲੀਭਾਂਤ ਸਪੱਸ਼ਟ ਹੁੰਦਾ ਹੈ ਕਿ ਭਾਰਤ ਨੇ ਖ਼ਾਲਸਾ ਪਰਗਟ ਕਰਨ ਤੋਂ ਪਹਿਲੇ ਸਮਿਆਂ ਵਿੱਚ ਕੇਵਲ ਗ਼ੁਲਾਮੀ ਹੀ ਵੇਖੀ ਹੈ। ਯੂਨਾਨੀਆਂ, ਸ਼ੱਕਾ, ਹੂਨਾਂ, ਅਰਬਾਂ, ਤੁਰਕਾਂ, ਪੁਰਤਗਾਲੀਆਂ, ਗ਼ੁਲਾਮਾਂ, ਹਬਸ਼ੀਆਂ ਆਦਿ ਤੋਂ ਵੀ ਹਾਰਦਾ ਰਿਹਾ ਹੈ, ਪਰ ਫਿਰ ਵੀ ਇਥੋਂ ਦੇ ਨਿਵਾਸੀ ਫ਼ਖਰ ਨਾਲ ਇਹ ਡੀਂਗਾਂ ਮਾਰਦੇ ਹਨ ਕਿ ਇੰਨੇ ਕੁਝ ਦੇ ਬਾਵਜੂਦ ਵੀ ਹਿੰਦੂ, ਹਿੰਦੂ ਸਮਾਜ, ਸੰਸਕ੍ਰਿਤੀ ਜੀਉਂਦੀ ਹੈ ਤੇ ਬੜੇ ਫ਼ਖਰ ਨਾਲ ਡਾ: ਮੁਹੰਮਦ ਇਕਬਾਲ ਦਾ ਸ਼ੇਅਰ ਪੜ੍ਹਦੇ ਹਨ:

*ਕੁਝ ਬਾਤ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ,*
*ਸਦੀਓਂ ਰਹਾ ਹੈ ਦੁਸ਼ਮਨ ਦੌਰ-ਏ ਜ਼ਮਾਂ ਹਮਾਰਾ।*
*ਇਰਾਨ ਰੋਮ ਮਿਸ਼ਰ ਸਭ ਮਿਟ ਗਏ ਜਹਾਂ ਸੇ,*
*ਬਾਕੀ ਮਗਰ ਹੈ ਅਬ ਤੱਕ ਨਾਮੋ ਨਿਸ਼ਾਂ ਹਮਾਰਾ।*

ਬਿਪਰਵਾਦੀਆਂ ਦੇ ਇਸ ਅਖੌਤੀ ਅਤੇ ਭਰਮਪਾਊ ਆਤਮ-ਵਿਸ਼ਵਾਸ ਦਾ ਪਾਜ ਉਘੇੜਦੇ ਡਾ: ਬੀ.ਆਰ. ਅੰਬੇਦਕਰ ਲਿਖਦੇ ਹਨ,

''ਹਿੰਦੂ ਇਸੇ ਗੱਲ ਤੇ ਹੀ ਸੰਤੁਸ਼ਟ ਹਨ ਕਿ ਹੁਣ ਤੱਕ ਜਿਉਂਦੇ ਰਹੇ ਅਤੇ ਇਸ ਗੱਲ ਨੂੰ ਹੀ ਉਹ ਆਪਣੇ ਜਿਉਂਦੇ ਰਹਿਣ ਦੀ ਯੋਗਤਾ ਦਾ ਪ੍ਰਮਾਣ ਸਮਝਦੇ ਹਨ।'

(Annihilation of casts)

ਗ਼ੁਲਾਮ ਵੰਸ਼ ਤੋਂ ਮਗਰੋਂ ਖਿਲਜੀ ਵੰਸ਼ ਦਾ ਰਾਜ ਆਰੰਭ ਹੋਇਆ, ਜਿਸ ਨੇ ਲਗਪਗ 30 ਸਾਲ ਹਿੰਦੁਸਤਾਨ ਤੇ ਰਾਜ ਕੀਤਾ। ਇਸ ਵੰਸ਼ ਦੇ ਤਿੰਨ ਬਾਦਸ਼ਾਹ ਹੋਏ। ਫ਼ਿਰੋਜ਼ਸ਼ਾਹ ਇਸ ਵੰਸ਼ ਦਾ ਪਹਿਲਾ ਬਾਦਸ਼ਾਹ ਸੀ। ਉਸ ਨੇ ਜਦੋਂ ਜੈਸਲਮੇਰ ਉਪਰ ਹਮਲਾ ਕੀਤਾ ਤਾਂ ਉਸ ਸਮੇਂ ਆਪਣੇ ਆਪ ਨੂੰ ਰੱਖਿਆ ਤੋਂ ਵਾਂਝੀਆਂ ਸਮਝ ਤਕਰੀਬਨ 2400 ਇਸਤਰੀਆਂ ਅੱਗ ਵਿਚ ਸੜੀਆਂ। ਫ਼ਿਰੋਜ਼ਸ਼ਾਹ ਦਾ ਭਤੀਜਾ ਅਲਾਉਦੀਨ ਇਕ ਵਾਰ ਦੱਖਣ ਗਿਆ ਅਤੇ ਉਥੇ ਦੇਵਗੜ੍ਹ ਦੇ ਰਾਜੇ ਨੂੰ ਜਾ ਕੇ ਕਿਹਾ ਕਿ ਮੈਂ ਆਪਣੇ ਚਾਚੇ ਨਾਲ ਲੜ ਕੇ ਆਇਆ ਹਾਂ ਕਿਰਪਾ ਕਰਕੇ ਮੈਨੂੰ ਸ਼ਰਨ ਦਿੱਤੀ ਜਾਵੇ। ਰਾਜਾ ਉਸ ਦੀ ਨੀਤੀ ਨੂੰ ਸਮਝ ਨਾ ਸਕਿਆ ਅਤੇ ਉਸਨੇ ਅਲਾਉਦੀਨ ਨੂੰ ਸ਼ਰਨ ਦੇ ਦਿੱਤੀ। ਇਕ ਸਮੇਂ ਜਦੋਂ ਦੇਵਗੜ੍ਹ ਦੇ ਰਾਜੇ ਦੀ ਸੈਨਾ ਕਿਤੇ ਹੋਰ ਮੁਹਿੰਮ ਉਪਰ ਗਈ ਹੋਈ ਸੀ ਤਾਂ ਮਗਰੋਂ ਅਲਾਉਦੀਨ ਨੇ ਆਪਣੇ ਸਿਪਾਹੀਆਂ ਦੀ ਮਦਦ ਨਾਲ ਲੁਟਮਾਰ ਮਚਾ ਦਿੱਤੀ। ਕਰੋੜਾਂ ਰੁਪਏ ਦਾ ਸੋਨਾ, ਚਾਂਦੀ, ਹੀਰੇ ਜਵਾਹਰਾਤ ਲੁੱਟ ਕੇ ਅਲਾਉਦੀਨ ਖ਼ਿਲਜੀ ਨੇ ਉਸ ਰਾਜੇ ਦਾ ਮਹਿਲ ਮਿੱਟੀ ਵਿੱਚ ਮਿਲਾ ਦਿੱਤਾ। ਰਾਜੇ ਦੀ ਵੰਸ਼ ਨੂੰ ਖਤਮ ਕਰ ਦਿੱਤਾ ਅਤੇ ਆਪ ਰਾਜਾ ਬਣ ਬੈਠਾ। ਇਸ ਨੇ ਚਿਤੌੜ ਦੀ ਹਿੰਦੂ ਰਾਣੀ ਪਦਮਨੀ ਵਾਸਤੇ ਵੀ ਹਮਲਾ ਕੀਤਾ, ਉਥੇ ਰਾਜਪੂਤੀ ਗੌਰਵ ਅਤੇ ਅਣਖ ਨੇ ਉਨ੍ਹਾਂ ਦਾ ਮੁਕਾਬਲਾ ਤਾਂ ਕੀ ਕਰਨਾ ਸੀ ਰਾਣੀ ਪਦਮਨੀ ਸਮੇਤ ਕਰੀਬ 13 ਹਜ਼ਾਰ ਰਾਜਪੂਤ ਔਰਤਾਂ ਨੇ ਆਤਮਦਾਹ ਕਰ ਲਿਆ। ਅਲਾਉਦੀਨ ਨੇ ਗੁਜਰਾਤ ਦੇ ਰਾਜੇ ਕਰਨ ਦੀ ਹੱਤਿਆ ਕੀਤੀ, ਉਸਦੀ ਸੁੰਦਰ ਰਾਣੀ ਅਤੇ ਨੌਜਵਾਨ ਬੇਟੀ ਨੂੰ ਚੁੱਕ ਕੇ ਲਿਆਂਦਾ। ਇਤਿਹਾਸ ਗਵਾਹ ਹੈ ਕਿ ਅਲਾਉਦੀਨ ਖ਼ਿਲਜੀ ਨੇ ਰਾਣੀ ਨੂੰ ਆਪਣੇ ਘਰ ਰੱਖਿਆ ਤੇ ਰਾਜਾ ਕਰਨ ਦੀ ਬੇਟੀ ਨੂੰ ਆਪਣੇ ਲੜਕੇ ਨੂੰ ਸੌਂਪ ਦਿੱਤਾ।

ਫ਼ਿਰੋਜ਼ਸ਼ਾਹ ਦੇ ਰਾਜਤੰਤਰ ਦਾ ਇਹ ਵਿਧਾਨ ਸੀ ਕਿ ਸ਼ਾਹੀ ਨੌਕਰ ਜੋ ਵੀ ਹਿੰਦੂ ਕੋਲੋਂ ਕਰਵਾਉਣਾ ਚਾਹੁਣ ਹਿੰਦੂ ਉਸੇ ਸਮੇਂ ਹੀ ਹੁਕਮ ਮੰਨ ਲੈਣ ਅਤੇ ਨਿਮਰਤਾ ਸਹਿਤ ਸਿਰ ਝੁਕਾ ਦੇਣ। ਜੇਕਰ ਕੋਈ ਮੁਸਲਮਾਨ ਹਿੰਦੂ ਦੇ ਮੂੰਹ ਵਿੱਚ ਥੁੱਕਣਾ ਚਾਹੇ ਤਾਂ ਹਿੰਦੂ ਨੂੰ ਸਾਵਧਾਨੀ ਨਾਲ ਸਿੱਧੇ ਖੜੇ ਰਹਿਣਾ ਚਾਹੀਦਾ ਹੈ ਤਾਂ ਜੋ ਮੁਸਲਮਾਨ ਆਪਣਾ ਕਾਰਜ ਅਸਾਨੀ ਨਾਲ ਕਰ ਸਕੇ। ਮੁਹੰਮਦ ਤੁਗਲਕ ਹਜ਼ਾਰਾਂ ਹੀ ਇਸਤਰੀਆਂ ਮਰਦਾਂ ਨੂੰ ਇੱਕ ਜਗ੍ਹਾ ਇਕੱਠੇ ਕਰ ਲੈਂਦਾ ਅਤੇ ਫਿਰ ਸ਼ਿਕਾਰੀਆਂ ਵਾਂਗ ਵੱਖ-ਵੱਖ ਤਰੀਕਿਆਂ ਨਾਲ ਹਿੰਦੂ ਮਰਦ ਅਤੇ ਔਰਤਾਂ ਨੂੰ ਕਤਲ ਕਰਦਾ। ਕਿਸੇ ਦਾ ਨੱਕ ਕੱਟ ਦਿੰਦਾ, ਅੱਖਾਂ ਕਢਵਾ ਦਿੰਦਾ, ਸਿਰ ਵਿੱਚ ਲੋਹੇ ਦੇ ਕਿੱਲ ਠੋਕ ਦਿੰਦਾ, ਅੱਗ ਵਿਚ ਸਾੜ ਦਿੰਦਾ, ਸ਼ੇਰਾਂ ਦੇ ਅੱਗੇ ਪਾ ਦਿੰਦਾ ਅਤੇ ਕਈ ਹੋਰ ਤਰੀਕਿਆਂ ਨਾਲ ਹਿੰਦੂਆਂ ਦਾ ਕਤਲ ਕਰਦਾ।

ਉਸ ਤੋਂ ਅੱਗੇ ਜਦੋਂ ਫ਼ਿਰੋਜ਼ਸ਼ਾਹ ਤੁਗਲਕ ਨੇ ਨਗਰਕੋਟ ਨੂੰ ਜਿੱਤਿਆ ਤਾਂ ਗਊਮਾਸ ਟੁਕੜੇ ਪਿਰੋ ਕੇ ਹਿੰਦੂਆਂ ਦੇ ਗਲਾਂ ਵਿੱਚ ਲਟਕਾ ਦਿੱਤੇ ਅਤੇ ਉਨ੍ਹਾਂ ਨੂੰ ਗਲੀਆਂ ਬਜ਼ਾਰਾਂ ਵਿੱਚ ਘੁੰਮ ਕੇ ਖਾਣ ਲਈ ਮਜਬੂਰ ਕੀਤਾ। ਜਿਸ ਨੇ ਵੀ ਇਨਕਾਰ ਕੀਤਾ ਉਸ ਨੂੰ ਕਤਲ ਕਰ ਦਿੱਤਾ। ਇਕ ਵਾਰ ਉਸ ਨੇ ਸੁਣਿਆ ਕਿ ਸ਼ਹਿਰ ਵਿੱਚ ਇਕ ਹਿੰਦੂ ਮੂਰਤੀ ਪੂਜਾ ਕਰਦਾ ਹੈ ਅਤੇ ਬਾਕੀ ਹਿੰਦੂਆਂ ਨੂੰ ਮੂਰਤੀ ਪੂਜਾ ਵਾਸਤੇ ਘਰ ਬੁਲਾਉਂਦਾ ਹੈ। ਉਸਨੇ ਉਸੇ ਵੇਲੇ ਉਸ ਮੂਰਤੀ ਪੂਜਾ ਕਰਨ ਵਾਲੇ

ਬ੍ਰਾਹਮਣ ਅਤੇ ਦਰਸ਼ਕਾਂ ਨੂੰ ਕਤਲ ਕਰਨ ਦਾ ਹੁਕਮ ਦੇ ਦਿੱਤਾ। ਸੈਂਕੜੇ ਮੰਦਰ ਢਾਹ ਦਿੱਤੇ। ਜਦੋਂ ਫਿਰੋਜ਼ਸ਼ਾਹ ਤੁਗਲਕ ਜੰਬੂ ਗਿਆ ਤਾਂ ਪਹਿਲੀ ਮਿਲਣੀ ਸਮੇਂ ਹੀ ਉਸ ਨੇ ਉਥੋਂ ਦੇ ਰਾਜੇ ਦੇ ਮੂੰਹ ਵਿੱਚ ਸਭ ਤੋਂ ਪਹਿਲਾਂ ਗਊਮਾਸ ਪਾਇਆ। ਅਲਾਉਦੀਨ ਖਿਲਜੀ ਨੇ 1297 ਈ: ਵਿੱਚ ਜਦੋਂ ਸੋਮਨਾਥ ਮੰਦਰ ਉਪਰ ਹਮਲਾ ਕੀਤਾ ਤਾਂ ਰਾਜੇ ਕਰਨ ਦੀ ਪਤਨੀ ਕਮਲਦੇਵੀ ਅਤੇ ਉਸ ਦੀ ਬੇਟੀ ਦੇਵਲਦੇਵੀ ਨੂੰ ਆਪਣੇ ਹਰਮ ਵਿੱਚ ਸ਼ਾਮਿਲ ਕਰ ਲਿਆ। ਫਾਰਸੀ ਇਤਿਹਾਸਕਾਰ ਬਰੂਨੀ ਅਨੁਸਾਰ, ''ਬੱਚਿਆਂ ਨੂੰ ਮਾਵਾਂ ਦੇ ਸਿਰ ਤੇ ਰੱਖ ਕੇ ਟੁਕੜੇ-ਟੁਕੜੇ ਕਰ ਦਿੱਤਾ ਜਾਂਦਾ ਸੀ''।

26 ਅਗਸਤ 1303 ਈ: ਨੂੰ ਅਲਾਉਦੀਨ ਖਿਲਜੀ ਦੇ ਪੁੱਤਰ ਖਿਜ਼ਰ ਖਾਨ ਨੇ ਚਿਤੌੜ ਦੇ ਕਿਲ੍ਹੇ ਉਪਰ ਕਬਜ਼ਾ ਕੀਤਾ ਤਾਂ ਤੀਹ ਹਜ਼ਾਰ ਦੇ ਕਰੀਬ ਹਿੰਦੂਆਂ ਦਾ ਕਤਲ ਕੀਤਾ। ਦਰਅਸਲ ਗੁਲਾਮੀ ਵਿੱਚ ਪੈਦਾ ਹੋਏ ਬਿਪਰਵਾਦੀਆਂ ਦਾ ਜੀਵਨ ਸੱਤਰ ਹੀ ਇੰਨਾ ਘਟੀਆ ਅਤੇ ਸਵਾਰਥੀ ਹੋ ਚੁੱਕਾ ਸੀ ਕਿ ਜਿਥੇ ਉਨ੍ਹਾਂ ਨੇ ਜ਼ਾਤ-ਪਾਤ ਦੇ ਸ਼ਿਕੰਜੇ ਵਿੱਚ ਕੱਸ ਕੇ ਗ਼ੈਰਧਰਮੀ ਹਿੰਦੂਆਂ ਦਾ ਕਚੂਮਰ ਕੱਢਿਆ ਉਥੇ ਨਾਲ ਹੀ ਸਮੇਂ-ਸਮੇਂ ਤੇ ਵਿਦੇਸ਼ੀ ਹਮਲਾਵਰਾਂ ਨਾਲ ਮਿਲ ਕੇ ਦੇਸ਼-ਧਰੋਹ ਵੀ ਕੀਤਾ, ਪਰੰਤੂ ਰਹੇ ਅੱਜ ਤੱਕ ਰਾਸ਼ਟਰਵਾਦੀ? ਇਸ ਦੇਸ਼-ਧਰੋਹ ਦੀਆਂ ਅਨੇਕਾਂ ਮਿਸਲਾਂ ਇਤਿਹਾਸ ਆਪਣੇ ਅੰਦਰ ਸਮੋਈ ਬੈਠਾ ਹੈ।

ਜਦੋਂ 711-12 ਈ: ਵਿੱਚ 18-19 ਸਾਲ ਦੇ ਮੁੱਛ ਫੁੱਟ ਗੱਭਰੂ ਮੁਹੰਮਦ ਬਿਨ ਕਾਸਿਮ ਨੇ ਆਪਣੇ ਚਾਚੇ ਇਜ਼ਾਜ ਦੇ ਕਹਿਣ ਤੇ ਕੇਵਲ 5 ਕੁ ਹਜ਼ਾਰ ਸਿਪਾਹੀਆਂ ਨਾਲ ਹਿੰਦ ਤੇ ਹਮਲਾ ਕੀਤਾ ਤਾਂ ਬਿਨਾਂ ਖਾਸ ਮੁਕਾਬਲੇ ਕੀਤੇ ਹੀ ਬਲੋਚਿਸਤਾਨ ਨੂੰ ਪਾਰ ਕਰਦਾ ਹੋਇਆ ਸਿੰਧ ਤੱਕ ਪਹੁੰਚ ਗਿਆ। ਰਾਜਾ ਦਾਹਿਰ ਉਸ ਸਮੇਂ 10 ਹਜ਼ਾਰ ਸਵਾਰ ਅਤੇ 20 ਹਜ਼ਾਰ ਦੇ ਕਰੀਬ ਪੈਦਲ ਫ਼ੌਜ ਲੈ ਕੇ ਕਾਸਿਮ ਸਾਹਮਣੇ ਡੱਟ ਗਿਆ। ਇਤਿਹਾਸਕ ਸਰੋਤ ਦੱਸਦੇ ਹਨ ਕਿ ਪੰਜ ਦਿਨ ਯੁੱਧ ਹੁੰਦਾ ਰਿਹਾ ਅਤੇ ਲਗਾਤਾਰ ਯੁੱਧ ਤੋਂ ਤੰਗ ਆ ਕੇ ਅਤੇ ਸਿਪਾਹੀਆਂ ਦੀ ਘਾਟ ਕਰਕੇ ਮੁਹੰਮਦ ਬਿਨ ਕਾਸਿਮ ਨੇ ਇਰਾਦਾ ਬਣਾ ਲਿਆ ਕਿ ਵਾਪਸ ਮੁੜ ਜਾਣਾ ਚਾਹੀਦਾ ਹੈ, ਪਰੰਤੂ ਐਨ ਮੌਕੇ ਤੇ ਉਸ ਨੂੰ ਇਕ ਬ੍ਰਾਹਮਣ ਨੇ ਆ ਕੇ ਕਿਹਾ ਕਿ ਜੇਕਰ ਕਿਲ੍ਹੇ ਉਪਰ ਲੱਗਾ ਝੰਡਾ ਕਿਸੇ ਤਰ੍ਹਾਂ ਗਿਰਾ ਦੇਵੋ ਤਾਂ ਤੁਸੀ ਜਿੱਤ ਸਕਦੇ ਹੋ, ਕਿਉਂਕਿ ਹਿੰਦੂ ਫ਼ੌਜ ਦਾ ਵਿਸ਼ਵਾਸ ਹੈ ਕਿ ਜਦੋਂ ਤੱਕ ਇਸ ਕਿਲ੍ਹੇ ਉਪਰ ਇਹ ਦੇਵੀ ਦਾ ਝੰਡਾ ਸਥਾਪਤ ਹੈ ਅਸੀਂ ਹਾਰ ਨਹੀਂ ਸਕਦੇ, ਕਿਉਂਕਿ ਦੇਵੀ ਦੀ ਕ੍ਰਿਪਾ ਸਾਡੇ ਨਾਲ ਹੈ, ਜੇ ਇਹ ਝੰਡਾ ਡਿੱਗ ਪਵੇ ਤਾਂ ਇਸ ਨਾਲ ਹੀ ਇਨ੍ਹਾਂ ਦੇ ਹੌਸਲੇ ਡਿੱਗ ਪੈਣਗੇ। ਕਾਸਿਮ ਨੇ ਇੰਜ ਹੀ ਕੀਤਾ, ਇਕ ਨਿਸ਼ਾਨਾ ਦਾਗ ਕੇ ਉਸ ਝੰਡੇ ਨੂੰ ਉੱਡਾ ਦਿੱਤਾ। ਝੰਡਾ ਡਿੱਗਣ ਦੀ ਦੇਰ ਹੀ ਸੀ ਕਿ ਸਾਰੀ ਫ਼ੌਜ ਹੌਸਲਾ ਛੱਡ ਬੈਠੀ ਅਤੇ ਮੈਦਾਨ ਛੱਡ ਕੇ ਭੱਜ ਗਈ ਕਿ ਝੰਡਾ ਡਿੱਗ ਪਿਆ ਹੈ, ਹੁਣ ਅਸੀਂ ਜਿੱਤ ਨਹੀਂ ਸਕਦੇ। ਇਥੋਂ ਤੱਕ ਕਿ ਰਾਜਾ ਦਾਹਿਰ ਵੀ ਇਕ ਤੀਰ ਨਾਲ ਜ਼ਖਮੀ ਹੋ ਕੇ ਡਿੱਗ ਪਿਆ ਅਤੇ ਕਾਸਿਮ ਨੇ ਉਸਦਾ ਸਿਰ ਕੱਟ ਕੇ ਇਕ ਨੇਜ਼ੇ ਉਪਰ ਟੰਗ ਲਿਆ। ਉਸੇ ਹੀ ਬ੍ਰਾਹਮਣ ਨੇ ਮੁਹੰਮਦ ਬਿਨ ਕਾਸਿਮ ਕੋਲੋਂ ਥੋੜ੍ਹਾ ਜਿਹਾ 'ਦਾਨ' ਲੈ ਕੇ ਕਾਸਿਮ ਨੂੰ ਇਕ ਗੁਪਤ ਸ਼ਾਹੀ ਖਜ਼ਾਨੇ ਦਾ ਪਤਾ ਵੀ ਦੱਸਿਆ ਜਿਥੋਂ ਕਿ ਉਸ ਨੂੰ 40 ਦੇ ਕਰੀਬ ਤਾਂਬੇ ਦੀਆਂ ਵੱਡੀਆਂ ਦੇਗਾਂ ਮਿਲੀਆਂ ਜਿਨ੍ਹਾਂ ਵਿੱਚ 17200 ਮਣ ਸੋਨਾ ਸੀ, ਜਿਸ ਦੀ ਕੀਮਤ

ਇਕ ਅਰਬ ਬਹੱਤਰ ਕਰੋੜ ਰੁਪਏ ਬਣਦੀ ਸੀ। ਇਸ ਤੋਂ ਇਲਾਵਾ 6000 ਠੋਸ ਸੋਨੇ ਦੀਆਂ ਬਣੀਆਂ ਮੂਰਤੀਆਂ, ਜਿਨ੍ਹਾਂ ਵਿੱਚੋਂ ਇਕ ਮੂਰਤੀ ਦਾ ਵਜ਼ਨ 30 ਮਣ ਦੇ ਕਰੀਬ ਸੀ, ਵੀ ਪ੍ਰਾਪਤ ਹੋਈਆਂ। ਹੀਰੇ, ਮੋਤੀ ਜਵਾਹਰਾਂ, ਲਾਲਾਂ ਨੂੰ ਊਠਾਂ ਉਪਰ ਲੱਦ ਕੇ ਤੋਰਿਆ ਗਿਆ। ਕਾਸਿਮ ਨੇ ਰਾਜਾ ਦਾਹਿਰ ਦੀਆਂ ਦੋ ਸੁੰਦਰ ਬੇਟੀਆਂ ਨੂੰ ਵੀ ਆਪਣੇ ਕਬਜ਼ੇ ਵਿੱਚ ਕਰ ਲਿਆ ਅਤੇ ਆਪਣੇ ਸਵਾਮੀ ਦੀ ਖਿਦਮਤ ਵਿੱਚ ਪੇਸ਼ ਕੀਤਾ।

ਇਸ ਤੋਂ ਬਾਅਦ 1025-26 ਈ: ਵਿੱਚ ਮਹਿਮੂਦ ਗਜ਼ਨਵੀ ਨੇ ਅਨੇਕਾਂ ਹੀ ਹੋਰ ਸਾਥੀਆਂ ਨੂੰ ਲੈ ਕੇ ਤੀਹ ਸਾਲਾਂ ਵਿੱਚ ਭਾਰਤ ਉਪਰ ਸਤਾਰਾਂ ਵਾਰ ਹਮਲੇ ਕੀਤੇ। ਇਸ ਨੇ ਨਗਰਕੋਟ (ਕਾਂਗੜਾ) ਦੇ ਮੰਦਰ ਨੂੰ ਲੁਟਿਆ, ਅਤੇ ਉਥੋਂ 700 ਮਣ ਸੋਨੇ ਚਾਂਦੀ ਦੇ ਬਰਤਨ, 740 ਮਣ ਸੋਨਾ, 2000 ਮਣ ਚਾਂਦੀ ਅਤੇ 20 ਮਣ ਹੀਰੇ ਜਵਾਹਰਾਤ ਅਤੇ ਮੋਤੀ ਲੁੱਟੇ। ਮਥੁਰਾ ਤੋਂ ਉਸ ਨੇ ਠੋਸ ਸੋਨੇ ਦੀਆਂ ਮੂਰਤੀਆਂ ਪ੍ਰਾਪਤ ਕੀਤੀਆਂ ਜਿਨ੍ਹਾਂ ਉਪਰ ਕਈ ਤਰ੍ਹਾਂ ਦੇ ਕੀਮਤੀ ਹੀਰੇ ਅਤੇ ਲਾਲ ਜੜੇ ਹੋਏ ਸਨ। ਮਥੁਰਾ ਤੋਂ ਗਜ਼ਨਵੀ ਨੇ ਏਨੀਆਂ ਜ਼ਿਆਦਾ ਹਿੰਦੂ ਮਰਦ ਅਤੇ ਔਰਤਾਂ ਨੂੰ ਗੁਲਾਮ ਬਣਾਇਆ ਕਿ ਉਹ ਉਨ੍ਹਾਂ ਨੂੰ ਗਜ਼ਨੀ ਦੇ ਬਜ਼ਾਰਾਂ ਵਿੱਚ ਦੋ ਰੁਪਏ ਪ੍ਰਤੀ ਨਗ (ਮਰਦ/ਔਰਤ) ਦੇ ਹਿਸਾਬ ਨਾਲ ਵੀ ਬੜੀ ਮੁਸ਼ਕਲ ਨਾਲ ਵੇਚ ਸਕਿਆ।

ਇਸ ਤੋਂ ਬਾਅਦ ਉਸ ਨੇ ਸੋਮਨਾਥ ਦਾ ਪ੍ਰਸਿੱਧ ਮੰਦਿਰ ਲੁਟਿਆ। ਇਸ ਮੰਦਰ ਦੇ 56 ਖੰਭੇ ਸਨ, ਜਿਨ੍ਹਾਂ ਉਪਰ ਕੀਤੀ ਗਈ ਮੀਨਾਕਾਰੀ ਵਿੱਚ ਅਨੇਕਾਂ ਹੀ ਵਡਮੁੱਲੇ ਹੀਰੇ ਮੋਤੀ ਜੜੇ ਹੋਏ ਸਨ। 140 ਮਣ ਸੋਨੇ ਦੀ ਬਣੀ ਹੋਈ ਇਕ ਭਾਰੀ ਜ਼ੰਜੀਰ ਅਤੇ ਘੰਟੀ ਸੀ। ਇਕ ਬਹੁਕੀਮਤੀ ਰਤਨਾਂ ਨਾਲ ਜੜੀ ਹੋਈ ਪੰਜ ਗਜ਼ ਉਚੀ ਸ਼ਿਵ ਭਗਵਾਨ ਦੀ ਮੂਰਤੀ ਸੀ ਜਿਸਨੂੰ ਗਜ਼ਨਵੀ ਨੇ ਆਪਣੇ ਹੱਥਾਂ ਨਾਲ ਤੋੜਿਆ ਅਤੇ ਟੁਕੜੇ ਗਜ਼ਨੀ ਲੈ ਗਿਆ। ਇਕ ਟੁਕੜਾ ਤਾਂ ਇਕ ਮਸਜਿਦ ਦੇ ਬਾਹਰ ਨਮਾਜ਼ੀਆਂ ਦੇ ਪੈਰ ਸਾਫ ਕਰਨ ਨੂੰ ਲਗਾ ਦਿੱਤਾ ਅਤੇ ਕੁਝ ਟੁਕੜੇ ਆਪਣੇ ਮਹਿਲ ਦੀਆਂ ਪੌੜੀਆਂ ਵਿੱਚ ਲਗਾ ਦਿੱਤੇ। ਜ਼ਿਕਰਯੋਗ ਹੈ ਕਿ ਇਹ ਉਹੀ ਮੂਰਤੀ ਸੀ ਜਿਸ ਬਾਰੇ ਬ੍ਰਾਹਮਣਾਂ ਨੇ ਇਹ ਅਫਵਾਹ ਫੈਲਾਈ ਹੋਈ ਸੀ ਕਿ ਜਦੋਂ ਗਜ਼ਨਵੀ ਹਮਲਾ ਕਰੇਗਾ ਤਾਂ ਇਹ ਸ਼ਿਵ ਮੂਰਤੀ ਆਪਣਾ ਤੀਸਰਾ ਨੇਤਰ ਖੋਹਲ ਦੇਵੇਗੀ ਜਿਸ ਨਾਲ ਗਜ਼ਨਵੀ ਦੀ ਫ਼ੌਜ ਦਾ ਸਰਵਨਾਸ਼ ਹੋ ਜਾਵੇਗਾ। ਇਸੇ ਨੇਤਰ ਖੁਲ੍ਹਣ ਦੀ ਆਸ ਲਗਾਈ ਬੈਠੇ ਸ਼ਸ਼ਤਰਧਾਰੀ ਯੋਧਿਆਂ ਨੇ ਗਜ਼ਨਵੀ ਦੀ ਫ਼ੌਜ ਦਾ ਮੁਕਾਬਲਾ ਨਾ ਕੀਤਾ। ਗਜ਼ਨਵੀ ਨੇ ਇਸ ਮੂਰਤੀ ਦੇ ਟੁਕੜੇ-ਟੁਕੜੇ ਕਰ ਦਿੱਤੇ ਪਰ ਪਤਾ ਨਹੀਂ ਤੀਸਰਾ ਨੇਤਰ ਕਿਉਂ ਨਾ ਖੁਲ੍ਹਿਆ? ਇਸ ਮਹਿਮੂਦ ਗਜ਼ਨਵੀ ਦਾ ਹਰ ਮੁਹਿੰਮ ਵਿੱਚ ਸਾਥੀ ਕੋਈ ਹੋਰ ਨਹੀਂ ਬਲਕਿ ਤਿਲਕ ਨਾਮ ਦਾ ਇਕ ਭਾਰਤੀ ਬ੍ਰਾਹਮਣ ਸੀ ਜਿਸਨੂੰ ਗਜ਼ਨਵੀ ਨੇ ਆਪਣੀ ਫ਼ੌਜ ਵਿੱਚ ਭਰਤੀ ਕੀਤਾ ਹੋਇਆ ਸੀ। ਪੰਡਿਤ ਜਵਾਹਰ ਲਾਲ ਨਹਿਰੂ ਇਸ ਬਾਰੇ ਲਿਖਦੇ ਹਨ :

**Mahmood (Gaznavi) enrolled an army in India and placed it under one of his noted generals, Tilak by name, who was an Indian, and a Hindu.**

**(The Discovery of India. Pt J.L. Nehru)**

ਮਹਿਮੂਦ ਗਜ਼ਨਵੀ ਤੋਂ ਬਾਅਦ ਮੁਹੰਮਦ ਗੌਰੀ ਨੇ ਰਿਵਾਇਤ ਨਾ ਤੋੜਦਿਆਂ ਹੋਇਆਂ ਭਾਰਤ ਉਪਰ ਹਮਲਿਆਂ ਦੀ ਸ਼ੁਰੂਆਤ ਕਰ ਦਿੱਤੀ। ਉਸ ਨੇ ਤਕਰੀਬਨ 6 ਵਾਰ ਦੇ ਕਰੀਬ ਹਮਲੇ ਕੀਤੇ। ਪ੍ਰਿਥਵੀਰਾਜ ਚੌਹਾਨ ਨੇ ਉਸ ਦਾ ਮੁਕਾਬਲਾ ਵੀ ਕੀਤਾ ਅਤੇ ਬੰਦੀ ਬਣਾ ਲਿਆ ਪਰੰਤੂ ਕੁਝ ਮਾਇਕ ਦੰਡ ਦੇ ਕੇ ਛੱਡ ਦਿੱਤਾ। ਇਸ ਸਮੇਂ ਕਰੀਬ 13ਵੀਂ ਸਦੀ ਵਿੱਚ ਭਾਰਤ ਵਿੱਚ ਰਾਜਪੂਤਾਂ ਦੇ ਚਾਰ ਵੰਸ਼ ਆਪਣੇਂ ਆਪ ਨੂੰ ਸਥਾਪਤ ਕਰੀ ਬੈਠੇ ਸਨ ਉਹ ਅਤੇ ਉਨ੍ਹਾਂ ਦੇ ਰਾਜ-ਖੇਤਰ ਇਸ ਤਰ੍ਹਾਂ ਸਨ :

| | | |
|---|---|---|
| *ਦਿੱਲੀ ਅਤੇ ਅਜਮੇਰ* | - | *ਚੌਹਾਨ ਰਾਜਪੂਤ* |
| *ਕਨੌਜ* | - | *ਗੌਹਰਵਾਰ ਰਾਜਪੂਤ* |
| *ਗੁਜਰਾਤ* | - | *ਸੋਲੰਕੀ ਰਾਜਪੂਤ* |
| *ਚਿਤੌੜ* | - | *ਸੀਸੋਦੀਆ ਰਾਜਪੂਤ* |

ਇਹ ਵੰਸ਼ ਆਪਣੇ ਆਪ ਨੂੰ ਰਾਜਪੂਤ ਹੋਣ ਕਰਕੇ ਸੰਬੰਧੀ ਵੀ ਗਿਣਦੇ ਸਨ, ਪਰੰਤੂ ਇਕ ਦੂਸਰੇ ਦੇ ਕੱਟੜ ਵਿਰੋਧੀ ਵੀ ਸਨ।

ਇਕ ਵਾਰ ਕਿਸੇ ਗੱਲ ਤੋਂ ਨਰਾਜ਼ ਹੋਏ ਗੁਜਰਾਤ ਦੇ ਸੋਲੰਕੀ ਰਾਜਪੂਤ ਚੌਹਾਨਾਂ ਦੀ ਸ਼ਰਨ ਵਿਚ ਅਜਮੇਰ ਆ ਗਏ। ਰਾਜ ਦਰਬਾਰ ਵਿੱਚ ਬੈਠਿਆਂ ਉਨ੍ਹਾਂ ਸੋਲੰਕੀ ਰਾਜਪੂਤਾਂ ਵਿੱਚੋਂ ਇਕ ਰਾਜਪੂਤ ਨੇ ਆਪਣੀ ਮੁੱਛ ਨੂੰ ਵੱਟ ਦਿੱਤਾ ਜਿਸ ਨੂੰ ਵੇਖ ਕੇ ਪ੍ਰਿਥਵੀਰਾਜ ਚੌਹਾਨ ਦੇ ਚਾਚੇ ਕਾਨ੍ਹਾ ਨੇ ਕਿਹਾ ਕਿ ਚੌਹਾਨ ਰਾਜਪੂਤਾਂ ਦੇ ਸਾਂਹਮਣੇ ਕੋਈ ਮੁੱਛ ਨੂੰ ਵੱਟ ਨਹੀਂ ਦੇ ਸਕਦਾ, ਇਹ ਗੱਲ ਏਨੀ ਵੱਧ ਗਈ ਕਿ ਕਾਨ੍ਹਾਂ ਨੇ ਸੋਲੰਕੀ ਰਾਜਪੂਤ ਕਤਲ ਕਰਵਾ ਦਿੱਤੇ। ਪ੍ਰਿਥਵੀ ਰਾਜ ਨੂੰ ਆਪਣੇ ਚਾਚੇ ਦੀ ਇਸ ਗੱਲ ਉਪਰ ਬਹੁਤ ਗੁੱਸਾ ਆਇਆ ਅਤੇ ਉਸਨੇ ਉਸ ਦੀਆਂ ਅੱਖਾਂ ਉਪਰ ਸਦਾ ਵਾਸਤੇ ਚਮੜੇ ਦੀ ਪੱਟੀ ਬੰਨ੍ਹਵਾ ਦਿੱਤੀ। ਪਰ ਦੂਸਰੇ ਪਾਸੇ ਸੋਲੰਕੀ ਰਾਜਪੂਤਾਂ ਦੇ ਕਤਲ ਦਾ ਪਤਾ ਗੁਜਰਾਤ ਤੇ ਸੋਲੰਕੀ ਰਾਜਪੂਤ ਰਾਜੇ ਮੂਲਰਾਜ ਨੂੰ ਲੱਗਾ ਤਾਂ ਉਹ ਸੈਨਾ ਲੈ ਕੇ ਅਜਮੇਰ ਤੇ ਚੜ੍ਹ ਆਇਆ। ਰਾਜਪੂਤਾਂ ਦਾ ਆਪਸੀ ਗ੍ਰਹਿਯੁੱਧ ਹੋਇਆ ਅਤੇ ਸੋਲੰਕੀ ਰਾਜਪੂਤਾਂ ਨੇ ਪ੍ਰਿਥਵੀਰਾਜ ਦੇ ਪਿਤਾ ਸੋਮੇਸ਼ਵਰ ਦਾ ਸਿਰ ਵੱਢ ਲਿਆ ਤੇ ਚੌਹਾਨ ਤੇ ਸੋਲੰਕੀ ਰਾਜਪੂਤ ਹਮੇਸ਼ਾ ਲਈ ਦੁਸ਼ਮਣ ਬਣ ਗਏ।

ਉਸ ਸਮੇਂ ਅਨੰਗਪਾਲ ਦਿੱਲੀ ਦਾ ਰਾਜਾ ਸੀ। ਪ੍ਰਿਥਵੀ ਰਾਜ ਚੌਹਾਨ ਅਤੇ ਜੈ ਚੰਦ ਗੌਹਰਵਾਰ ਦੋਵੇਂ ਹੀ ਅਨੰਗਪਾਲ ਦੇ ਰਿਸ਼ਤੇਦਾਰ ਅਤੇ ਰਾਜਪੂਤ ਸਨ। ਉਸਦੀ ਕੋਈ ਔਲਾਦ ਨਹੀਂ ਸੀ ਅਤੇ ਉਸਨੇ ਆਪਣਾ ਰਾਜ ਪ੍ਰਿਥਵੀ ਰਾਜ ਨੂੰ ਦੇ ਦਿੱਤਾ ਜਿਸ ਕਰਕੇ ਦੂਸਰਾ ਰਿਸ਼ਤੇਦਾਰ ਜੈ ਚੰਦ ਪ੍ਰਿਥਵੀ ਰਾਜ ਨਾਲ ਈਰਖਾ ਕਰਨ ਲੱਗ ਪਿਆ। ਇੰਨੇ ਸਮੇਂ ਵਿੱਚ ਇਕ ਹੋਰ ਘਟਨਾ ਵਾਪਰ ਗਈ ਕਿ ਜੈ ਚੰਦ ਨੇ ਆਪਣੀ ਲੜਕੀ ਸੰਜੋਗਿਤਾ ਦੇ ਵਿਆਹ ਲਈ ਸਵੰਬਰ ਰੱਚਿਆ ਪਰ ਪ੍ਰਿਥਵੀ ਰਾਜ ਨੂੰ ਸੁਨੇਹਾ ਨਾ ਭੇਜਿਆ ਪਰੰਤੂ ਪ੍ਰਿਥਵੀ ਰਾਜ ਨੂੰ ਪਤਾ ਸੀ ਸੰਜੋਗਿਤਾ ਉਸ ਨੂੰ ਚਾਹੁੰਦੀ ਹੈ, ਇਸੇ ਇਸ਼ਕ ਮਿਜ਼ਾਜੀ ਵਿੱਚ ਅੰਨ੍ਹਾ ਹੋਇਆ ਪ੍ਰਿਥਵੀ ਰਾਜ ਸਵੰਬਰ ਵਿੱਚ ਪਹੁੰਚਿਆ ਅਤੇ

ਜ਼ਬਰਦਸਤੀ ਸੰਯੋਗਿਤਾ ਨੂੰ ਉਠਾ ਕੇ ਲੈ ਗਿਆ। ਭਿਆਨਕ ਯੁੱਧ ਹੋਇਆ। ਕਨੌਜ ਤੋਂ ਲੈ ਕੇ ਦਿੱਲੀ ਤੱਕ ਯੁੱਧ ਹੁੰਦਾ ਹੀ ਆਇਆ। ਪ੍ਰਿਥਵੀ ਰਾਜ ਦੇ 108 ਸੈਨਾਪਤੀ ਫੌਜ ਨੂੰ ਲੈ ਕੇ ਦਿੱਲੀ ਤੋਂ ਕਨੌਜ ਤੋਂ ਇਕ-ਇਕ ਕੋਹ ਦੀ ਵਿੱਥ ਤੇ ਖੜੇ ਸਨ। ਸੋ ਇਤਿਹਾਸਕਾਰਾਂ ਅਨੁਸਾਰ ਇਸ ਇਕ ਔਰਤ ਤੋਂ ਹੋਈ ਲੜਾਈ ਜੋ ਕਿ 64 ਦਿਨ ਚਲਦੀ ਰਹੀ ਵਿੱਚ ਪ੍ਰਿਥਵੀ ਰਾਜ ਦੇ 64 ਸੈਨਾਪਤੀ ਮਾਰੇ ਗਏ ਅਤੇ ਨੌਂ ਲੱਖ ਦੇ ਕਰੀਬ ਫ਼ੌਜ ਦਾ ਨੁਕਸਾਨ ਹੋਇਆ।

ਸੋਲੰਕੀਆਂ ਅਤੇ ਗੋਹਰਵਾਰਾਂ ਨੇ ਮੁਹੰਮਦ ਗੌਰੀ ਨੂੰ ਖ਼ੁਦ ਪੱਤਰ ਲਿਖਿਆ ਕਿ ਜੇਕਰ ਤੁਸੀਂ ਇਸ ਮੌਕੇ ਹਿੰਦੁਸਤਾਨ ਉਪਰ (ਪ੍ਰਿਥਵੀ ਰਾਜ) ਹਮਲਾ ਕਰੋ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ। ਮੁਹੰਮਦ ਗੌਰੀ ਇੱਕ ਲੱਖ ਵੀਹ ਹਜ਼ਾਰ ਫ਼ੌਜ ਲੈ ਕੇ ਆ ਹਮਲਾਵਰ ਹੋਇਆ। ਸੋਲੰਕੀਆਂ ਅਤੇ ਗੋਹਰਵਾਰਾਂ ਨੇ ਉਸਦੀ ਮਦਦ ਕੀਤੀ ਪ੍ਰਿਥਵੀ ਰਾਜ ਸੰਯੋਗਿਤਾ ਦੇ ਇਸ਼ਕ ਜਾਲ ਵਿੱਚ ਹੀ ਫਸਿਆ ਰਿਹਾ। ਯੁੱਧ ਵਿੱਚ ਪ੍ਰਿਥਵੀ ਰਾਜ ਫੜਿਆ ਗਿਆ ਅਤੇ ਮੁਹੰਮਦ ਗੌਰੀ ਨੇ ਇਸ ਨੂੰ ਕਤਲ ਕਰਵਾ ਦਿੱਤਾ। ਇਸ ਤਰ੍ਹਾਂ ਆਪ ਹੀ ਵੈਰੀ ਨੂੰ ਸੱਦਾ ਦੇ ਕੇ ਆਪਣੇ ਹੀ ਦੇਸ਼ ਨੂੰ ਸਦਾ ਵਾਸਤੇ ਗੁਲਾਮ ਕਰਵਾ ਦਿੱਤਾ ਇਨ੍ਹਾਂ ਬਿਪਰਵਾਦੀ ਅਣਖ ਦੇ ਪ੍ਰਤੀਕ ਰਾਜਪੂਤਾਂ ਨੇ। ਗੌਰੀ ਨੇ ਹੌਲੀ-ਹੌਲੀ ਸਾਰੇ ਭਾਰਤ ਦੇ ਰਾਜਿਆਂ ਨੂੰ ਹਰਾ ਕੇ ਤਕਰੀਬਨ ਸਾਰੇ ਭਾਰਤ ਨੂੰ ਜਿੱਤ ਲਿਆ ਅਤੇ ਦਿੱਲੀ ਦਾ ਸ਼ਾਸਕ ਕੁਤਬਦੀਨ ਐਬਕ ਨੂੰ ਬਣਾ ਦਿੱਤਾ ਅਤੇ ਫਿਰ ਇਸ ਗੁਲਾਮ ਵੰਸ਼ ਨੇ ਭਾਰਤ ਤੇ ਰਾਜ ਕੀਤਾ। ਤਵਾਰੀਖ ਤਾਜੁਲ ਮੁਆਸਰ ਵਿੱਚ ਲਿਖਿਆ ਹੈ ਕਿ ਸੰਨ 1263 ਬਿ: ਨੂੰ ਜਦ ਕੁਤਬ ਦੀਨ ਐਬਕ ਨੇ ਸਜੰਗ- ਸ਼ਹਿਰ ਰਾਣੇ ਬੰਸ ਪਾਲ ਤੋਂ ਛੁਡਾਯਾ ਤਾਂ 700 ਦਿਵਾਲਾ ਤੋੜ ਕੇ ਮਸੀਤਾਂ ਬਣਾਈਆਂ, ਬੰਸ ਪਾਲ ਤਾਂ ਮਾਰ ਦਿੱਤਾ ਗਿਆ। ਉਸਦੇ ਕੁਟੰਬ ਦਾ ਤਿੰਨ ਹਜ਼ਾਰ ਕਾਫ਼ਰ ਕਤਲ ਕਰਕੇ ਉਨ੍ਹਾਂ ਦੇ ਲਹੂ ਨਾਲ ਮੂਰਤਾਂ ਨੁਲ੍ਹਾਈਆਂ ਤੇ ਚੂਨਾ ਕਰ ਮਸੀਤਾਂ ਨੂੰ ਲਾਇਆ। ਸੰ: 1268 ਬਿ: ਵਿੱਚ ਏਸੇ ਬਾਦਸ਼ਾਹ ਨੇ ਕੋਇਲ ਸ਼ਹਿਰ (ਰਾਣੀ ਜਗਦੇਈ ਤੋਂ) ਛੁਡਾਇਆ, ਸਾਰੇ ਮੰਦਰ ਤੋੜਕੇ 23 ਮਸੀਤਾਂ ਤਿਆਰ ਕਰਵਾਈਆਂ। ਸ਼ਹਿਰ ਕਲੰਜਰ ਦੇ 113 ਮੰਦਰ ਤੁੜਵਾ ਕੇ ਮਸੀਤਾਂ ਬਣੀਆਂ ਤੇ ਤੇਤੀ ਹਜ਼ਾਰ ਹਿੰਦੂ ਉਥੇ ਕਤਲ ਹੋਇਆ, 50 ਹਜ਼ਾਰ ਹਿੰਦੂ ਗੋਲੀਆਂ ਗੋਲੇ ਬਨਾਵਣ ਲਈ ਗਜ਼ਨੀ ਵਿਚ ਭੇਜੇ। ਤਵਾਰੀਖ਼ ਅਲਾਈ ਵਿਚ ਅਮੀਰ ਖ਼ੁਸਰੋ ਲਿਖਦਾ ਹੈ ਕਿ ਸੰਨ 1346 ਬਿ: ਨੂੰ ਫੀਰੋਜ਼ਸ਼ਾਹ ਖ਼ਿਲਜੀ ਨੇ ਦੱਖਣ ਦੇਸ ਦੇ ਰਾਜਾ ਬੀਰ ਸੈਨ ਦਾ ਮੁਲਕ ਫਤਹਿ ਕਰਕੇ ਤਿੰਨ ਵਾਰੀ ਇਸਲਾਮੀਆਂ ਤੋਂ ਐਸਾ ਲੁਟਵਾਇਆ ਜੋ ਅੰਨ, ਬਸਤ੍ਰ ਕੁਛ ਨਾ ਛੱਡਿਆ, ਭਿਲਸਾ ਸ਼ਹਿਰ ਬੀਰਸੈਨ ਦੀ ਰਾਜਧਾਨੀ ਜੋ ਲੱਛਮੀ ਦਾ ਘਰ ਸੀ, ਲੁਟ ਪੁੱਟਕੇ ਉਜਾੜ ਛੱਡਿਆ, ਮੰਦਰ ਤੋੜਕੇ ਮਸਜਦਾਂ ਕੀਤੀਆਂ, ਮੂਰਤਾਂ ਦਾ ਫਰਸ਼ ਕਿਲ੍ਹੇ ਅੱਗੇ ਬਣਵਾ ਕੇ ਉਨ੍ਹਾਂ ਉੱਤੇ ਹਰ ਰੋਜ਼ ਇੱਕ ਹਜ਼ਾਰ ਹਿੰਦੂ ਸਾਰੇ ਰਮਜ਼ਾਨ ਵਿਚ ਕਟਾਂਵਦਾ ਰਿਹਾ। ਅਲਾਉਦੀਨ ਖ਼ਿਲਜੀ ਦਾ ਹਾਲ ਮੀਰ ਅਬਦੁੱਲਾ ਲਿਖਦਾ ਹੈ ਕਿ ਏਹ ਬਾਦਸ਼ਾਹ ਆਪਣੇ ਦੀਨ ਉੱਨਤੀ ਵਾਸਤੇ ਦੂਸਰਾ ਖਲੀਫ਼ਾ ਉਮਰ ਸੀ। ਸ਼ਹਿਰ ਖੰਭਾਤ ਸਮੇਤ ਉਸ ਦੇਸ ਨੂੰ ਦੀਨ ਮਨਾਉਣ ਲਈ ਅਜੇਹੇ ਕਸ਼ਟ ਦਿੱਤੇ ਜਿਨ੍ਹਾਂ ਕਰਕੇ ਕਈ ਹਜ਼ਾਰ ਕਾਫ਼ਰ ਮਾਰੀਦਾ ਮਰ ਗਿਆ, ਓੜਕ ਲਸ਼ਕਰ ਇਸਲਾਮ ਤੋਂ ਲੁਟਵਾ ਕੇ ਕੰਗਾਲ ਕਰ ਛੱਡਿਆ, ਜਿਥੋਂ ਦੋ ਲੱਖ ਸਿਪਾਹੀ ਨੂੰ ਸੋਨਾ, ਚਾਂਦੀ, ਹੀਰੇ ਮੋਤੀ, ਰੇਸ਼ਮੀ ਕੱਪੜੇ ਐਤਨੇ ਲੱਭੇ ਜੋ ਬਾਦਸ਼ਾਹ

ਦੀ ਨੌਕਰੀ ਛੱਡ ਕੇ ਦੋ 2 ਚਾਰ 2 ਲੜਕੇ ਲੜਕੀਆਂ ਲੈ ਕੇ ਆਪਣੇ ਦੇਸ ਨੂੰ ਚਲੇ ਗਏ ਤੇ ਬਾਦਸ਼ਾਹ ਨੂੰ ਹੋਰ ਫ਼ੌਜ ਨੌਕਰ ਰੱਖਣੀ ਪਈ। ਹਦੀਸ ਜ਼ਿਆਉਲਾ ਵਿਚ ਪੈਗੰਬਰ ਸਾਹਿਬ ਫੁਰਮਾਂਦੇ ਹਨ ਕਿ ਕਾਫਰਾਂ ਨੂੰ ਮਾਰੋ, ਲੁੱਟੋ, ਗੁਲਾਮ ਬਣਾ ਕੇ ਰੱਖੋ, ਹਿੰਦੂ ਦਾ ਮਾਲ ਮੁਸਲਮਾਨ ਵਾਸਤੇ ਮਾਂ ਦਾ ਦੁੱਧ ਹੈ, ਕਲਮਾ ਪੜ੍ਹਾਵਣ ਲਈ ਜਿਤਨਾ ਕਸ਼ਟ ਹਿੰਦੂਆਂ ਨੂੰ ਮੋਮਨ ਦੇਣਗੇ ਉਤਨਾ ਬਹਿਸ਼ਤ ਖ਼ੁਦਾ ਦੇਵੇਗਾ। ਤਵਾਰੀਖ਼ ਫਰਿਸ਼ਤਾ ਵਿਚ ਲਿਖਿਆ ਹੈ ਕਿ ਇਸ ਬਾਦਸ਼ਾਹ ਦੇ ਵਕਤ ਹਿੰਦੂਆਂ ਪਰ ਐਡੀ ਸਖ਼ਤੀ ਗੁਜ਼ਰਦੀ ਸੀ ਜੋ ਵੱਡੇ-ਵੱਡੇ ਘਰਾਂ ਦੀਆਂ ਇਸਤ੍ਰੀਆਂ ਤੁਰਕਾਂ ਦੇ ਘਰਾਂ ਵਿਚ ਜਾ ਕੇ ਮਜ਼ਦੂਰੀ ਕਰਦੀਆਂ ਤੇ ਸੈਂਕੜੇ ਹਿੰਦੂ ਭੁੱਖ ਦੇ ਮਾਰੇ ਨਦੀਆਂ ਵਿਚ ਡੁੱਬ ਮਰ ਗਏ, ਅਮੀਰ ਖੁਸਰੋ ਮੁਹੰਮਦ ਤੁਗਲਕ ਬਾਦਸ਼ਾਹ ਦੇ ਬਾਬਤ ਲਿਖਦਾ ਹੈ ਕਿ ਇਸ ਬਾਦਸ਼ਾਹ ਜੈਸਾ ਦਬਦਬਾ ਹੋਰ ਕਿਸੇ ਬਾਦਸ਼ਾਹ ਦਾ ਨਹੀਂ ਹੋਇਆ, ਜਿਸ ਤਰਫ਼ ਇਸ ਦੀ ਚੜ੍ਹਾਈ ਹੁੰਦੀ ਸੌ ਸੌ ਕੋਹ ਅੱਗੇ ਭਾਜੜਾਂ ਪੈ ਕੇ ਮੁਲਕ ਉਜਾੜ ਹੋ ਜਾਂਦਾ। ਇੱਕ ਹਜ਼ਾਰ ਹਿੰਦੂ ਦੀ ਲੋਥ ਤੇ ਦੋ ਸੌ ਜਲਾਦ ਇਸ ਦੇ ਦਰਵਾਜ਼ੇ ਅੱਗੇ ਹਰ ਵਕਤ ਬਣੇ ਰਹਿੰਦੇ, ਚਾਰ ਪਹਿਰ ਤੋਂ ਬਾਅਦ ਅਗਲੇ ਮੁਰਦੇ ਉਠਾਏ ਜਾਂਦੇ ਤੇ ਹੋਰ ਹਿੰਦੂ ਕਤਲ ਕਰਾ ਮਿਟਾਏ ਜਾਂਦੇ।

ਤਾਰੀਖ਼ ਫਰਿਸ਼ਤਾ ਨੇ ਸਿਕੰਦਰ ਲੋਧੀ ਦੇ ਜ਼ਿਕਰ ਵਿੱਚ ਸਫ਼ੇ 12 ਪਰ ਲਿਖਿਆ ਹੈ ਕਿ ਮੁਸਲਮਾਨ (ਤਅੱਸਬ) ਜ਼ਿੱਦ ਬਾਦ ਬਹੁਤ ਕਰਦੇ, ਹਿੰਦੂਆਂ ਤੇ ਬ੍ਰਾਹਮਣਾਂ ਨੂੰ ਖ਼ਾਕ ਜੈਸਾ ਸਮਝਦੇ ਸਨ, ਜਿਸ ਤੀਰਥ ਵਿਚ ਹਿੰਦੂ ਇਸ਼ਨਾਨ ਕਰਦੇ ਓਥੇ ਨਿਗਾਹਵਾਨ ਖੜੇ ਕਰ ਸਰਾਇ ਮਦਰੱਸੇ ਬਣਵਾ ਕੇ ਹੁਕਮ ਦਿਤਾ ਕਿ ਕਿਸੇ ਨੂੰ ਇਸ਼ਨਾਨ ਨਾ ਕਰਨ ਦਿਓ ਤੇ ਮਥਰਾ ਵਿਚ ਸਿਰ ਮੁਨਾਵਣ ਵਾਲੇ ਹਿੰਦੂ ਤੇ ਮੁੰਨਣ ਵਾਲੇ ਹਿੰਦੂ ਨਾਈ ਮਾਰੇ ਜਾਣ ਦਾ ਹੁਕਮ ਹੋਇਆ। ਇਕ ਮਸਊਦ ਨਾਮ ਨਿਗਾਹਵਾਨਾਂ ਦਾ ਸਰਦਾਰ ਸਭਨਾਂ ਤੀਰਥਾਂ ਤਲਾਵਾਂ ਵਿੱਚ ਨ੍ਹਾਵਣੋਂ, ਮੰਦਰ ਵਿੱਚ ਜਾਣੋਂ ਰੋਕਦਾ, ਜੋ ਨਾ ਰੁਕਦਾ ਸੋ ਕਤਲ ਹੁੰਦਾ। ਉਸਨੇ ਥਨੇਸਰ ਤੇ ਕੁਰਖੇਤ੍ਰ ਤੀਰਥ ਦੇ ਧਾਰਮਕ ਮੇਲੇ ਗ੍ਰਹਿਣ ਦੇ ਸਮੇਂ ਮੌਲਵੀਆਂ ਨੂੰ ਪੁੱਛਿਆ ਕਿ ਸ਼ਰ੍ਹਾ ਮੁਹੰਮਦੀ ਵਿੱਚ ਕੀ ਹੁਕਮ ਹੈ ? ਇੱਕ ਬੁੱਢੇ ਮੌਲਵੀ ਨੇ ਆਖਿਆ ਕਿ ਕਦੀਮੀ ਮੰਦਰਾਂ ਵਿੱਚ ਜਾਣੋਂ ਜਾਂ ਤੀਰਥਾਂ ਵਿੱਚ ਨ੍ਹਾਵਣੋਂ ਹਿੰਦੂਆਂ ਨੂੰ ਹਟਾਵਣਾ ਜਾਇਜ਼ ਨਹੀਂ, ਕਿਉਂਕਿ ਇਹ ਕੰਮ ਹਿੰਦੂ ਕਦੀਮ ਤੋਂ ਕਰਦੇ ਹਨ, ਇਨ੍ਹਾਂ ਤੋਂ ਰੋਕਣਾ ਤੇ ਇਨ੍ਹਾਂ ਨੂੰ ਵੈਰਾਨ ਕਰਨਾ ਆਪਨੂੰ ਵਾਜਬ ਨਹੀਂ। ਇਹ ਸੁਣਦੇਸਾਰ ਓਸਨੇ ਖ਼ੰਜਰ ਖਿਚ ਕੇ ਮੌਲਵੀ ਨੂੰ ਆਖਿਆ ਤੂੰ ਕਾਫਰਾਂ ਦੀ ਮਦਦ ਕਰਦਾ ਹੈਂ। ਤਾਰੀਖ਼ ਅਲਾਈ ਵਿੱਚ ਲਿਖਿਆ ਹੈ ਕਿ ਜਦ ਅਲਾਉਦੀਨ ਸਿਕੰਦਰ ਨੇ ਸੰ: 1426 ਬਿ: ਨੂੰ ਪੁਰਾਣੀ ਦਿੱਲੀ ਵਿੱਚ ਨਵਾਂ ਕਿਲ੍ਹਾ ਬਣਾਇਆ ਤਾਂ 11 ਹਜ਼ਾਰ ਮੰਦਰ ਤੁੜਾ ਕੇ ਉਨ੍ਹਾਂ ਦੀਆਂ ਮੂਰਤਾਂ, ਪੱਥਰਾਂ, ਇੱਟਾਂ ਨਾਲ ਚਿਣਵਾਇਆ ਸੀ। ਖੁਸਰੋ ਨੇ ਜਲਾਲਉਦੀਨ ਖਿਲਜੀ ਬਾਦਸ਼ਾਹ ਦੀ ਨਰਮ ਮਿਜਾਜ਼ੀ ਤਾਂ ਐਸੀ ਲਿਖੀ ਹੈ ਕਿ ਉਹ ਚੋਰਾਂ ਨੂੰ ਸਜ਼ਾ ਦੁੱਖ ਨਹੀਂ ਦਿੰਦਾ ਸੀ ਕੇਵਲ ਚੋਰੀ ਨਾ ਕਰਨ ਦੀ ਸੌਂਹ ਕਰਾ ਕੇ ਛੱਡ ਦਿੰਦਾ, ਪਰ ਇਹ ਗੱਲ ਛੁਪਾ ਗਿਆ ਜੋ ਸੰ: 1344 ਬਿ: ਨੂੰ ਓਸਨੇ ਮਾਲਵਾ, ਕਾਠੀਆਵਾੜ, ਮੇਵਾੜ, ਕੱਛ, ਗੁਜਰਾਤ ਆਦਿਕ ਮੁਲਕਾਂ ਵਿੱਚ ਤੁਰਕੀ ਫੌਜ ਲੈ ਜਾ ਕੇ ਹਿੰਦੂ ਅਜਿਹੇ ਲੁਟਵਾਏ ਕਿ ਮਿੱਟੀ ਦੇ ਤਵੇ ਚੜ੍ਹਵਾ ਛੱਡੇ, 30 ਹਜ਼ਾਰ ਹਿੰਦੂਆਂ ਦੇ ਛੋਕਰੇ ਛੋਕਰੀਆਂ ਵਿਰਲਾਪ ਕਰਦੇ ਹੋਏ ਮਾਂ ਬਾਪ

ਤੋਂ ਵਿਛੋੜ ਕੇ ਮੁਸਲਮਾਨਾਂ ਨੂੰ ਗ਼ੁਲਾਮ ਠਹਿਰਾ ਕੇ ਵੰਡ ਦਿੱਤੇ। ਚੋਦਾਂ ਹਜ਼ਾਰ ਸਿਰ ਨਾਮੀ ਹਿੰਦੂਆਂ ਦੇ ਕਿਲ੍ਹੇ ਦੀਆਂ ਕੰਧਾਂ ਉਤੇ ਕਿੰਗਰਿਆਂ ਦੇ ਥਾਉਂ ਧਰਾ ਕੇ ਉਨ੍ਹਾਂ ਉਤੇ ਦੀਵੇ ਜਗਵਾਏ ਤੇ ਜਲਸਾ ਕੀਤਾ। ਇਸਨੇ ਪਰਜਾ ਐਡੀ ਭੁੱਖੀ ਤੰਗ ਰੱਖ ਕੇ ਕਾਬੂ ਕਰ ਛੱਡੀ ਸੀ ਜੋ ਇਕ ਵਾਰੀ ਕਾਲ ਪਿਆ ਸਵਾ ਮਣ ਅੰਨ ਰੁਪਏ ਦਾ ਵਿਕਣ ਲੱਗਾ ਪਰ ਰੁਪਇਆ ਕਿਸੇ ਹਿੰਦੂ ਜੋਗਾ ਨਹੀਂ ਛੱਡਿਆ ਸੀ, ਬੇਅੰਤ ਹਿੰਦੂ ਭੁਖੇ ਮਰ ਗਏ, ਇਨ੍ਹਾਂ ਗੱਲਾਂ ਤੋਂ ਸਹੀ ਹੁੰਦਾ ਹੈ ਕਿ ਜਿਨ੍ਹਾਂ ਚੋਰਾਂ ਨੂੰ ਕਸਮ ਖੁਵਾ ਕੇ ਛੱਡਦਾ ਸੀ ਉਹ ਭੀ ਮੁਸਲਮਾਨ ਹੋਣਗੇ। ਦੇਖੋ ਫੀਰੋਜ਼ਸ਼ਾਹ ਦੀ ਕਰਤੂਤ ਤਾਰੀਖ਼ ਫੀਰੋਜ਼ੀ ਵਿੱਚ ਆਪ ਦਾ ਐਉਂ ਲਿਖਦਾ ਹੈ (ਮੇਰੇ ਤੋਂ ਪਹਿਲੇ ਬਾਦਸ਼ਾਹ ਥੋੜ੍ਹੇ-ਥੋੜ੍ਹੇ ਕਸੂਰ ਪਰ ਬੜੀ-ਬੜੀ ਸਜ਼ਾ ਦਿੰਦੇ ਸਨ ਕਿ ਹੱਥ, ਪੈਰ, ਨੱਕ ਕਟਵਾ ਅੰਧੇ ਕਰਾ ਕੇ ਛੱਡਦੇ ਸੀ ਪਰ ਮੈਂ ਕਿਸੇ ਨੂੰ ਦੁੱਖ ਨਹੀਂ ਦੇਣਾ ਚਾਹੁੰਦਾ, ਹਿੰਦੂ ਮੁਸਲਮਾਨ ਦੋਵੇਂ ਦੀਨ ਮੈਨੂੰ ਇਕੋ ਜੇਹੇ ਹਨ) ਪਰੰਤੂ ਤਾਰੀਖ਼ ਫਰਿਸ਼ਤਾ ਲਿਖਦਾ ਹੈ ਕਿ ਜਦ ਫੀਰੋਜ਼ਸ਼ਾਹ ਨੇ ਨਗਰ ਕੋਟ ਕਾਂਗੜਾ ਫਤਹਿ ਕੀਤਾ ਤਾਂ ਮੰਦਰ ਤੋੜਕੇ ਮੂਰਤਾਂ ਗਊ ਦੇ ਕੱਚੇ ਚੰਮ ਵਿੱਚ ਸਿਵਾ ਕੇ ਬ੍ਰਾਹਮਣਾਂ ਦੇ ਗਲ ਬੰਨ੍ਹਵਾ ਦਿੱਤੀਆਂ, ਦਸ ਹਜ਼ਾਰ ਬ੍ਰਾਹਮਣ ਛੱਤ੍ਰੀ ਨੂੰ ਜ਼ਬਰਨ ਗਊ ਦਾ ਮਾਸ ਖੁਵਾਇਆ, 13 ਹਜ਼ਾਰ ਮੰਦਰਾਂ ਦੇ ਪੁਜਾਰੀ ਬ੍ਰਾਹਮਣ ਕਤਲ ਕਰਾਏ। ਤਾਰੀਖ਼ ਫੀਰੋਜ਼ ਸ਼ਾਹੀ ਵਿਚ ਲਿਖਿਆ ਹੈ ਕਿ ਇਕ ਬ੍ਰਾਹਮਣ ਦਿੱਲੀ ਵਿਚ ਆਪਣੇ ਘਰ ਅੰਦਰ ਬੈਠ ਕੇ ਮੂਰਤੀ ਪੂਜਾ ਕਰਦਾ ਹੋਇਆ ਪਕੜਿਆ ਗਿਆ, ਉਹ ਸ਼ਾਹੀ ਹੁਕਮ ਨਾਲ ਜੀਂਦਾ ਹੀ ਤੰਦੂਰ ਵਿਚ ਸਾੜਿਆ ਗਿਆ ਜੋ ਐਸਾ ਮਕਰੂਹ ਕੰਮ ਫੇਰ ਕੋਈ ਨਾ ਕਰੇ। ਉਹ ਲਿਖਦਾ ਹੈ ਕਿ ਹਿੰਦੂ ਕਾਫਰਾਂ ਨੇ ਜਦੋਂ ਤਕ ਜੱਜ਼ੀਆ ਦੇਣਾ ਨਾ ਮੰਨਿਆ ਤਦੋਂ ਤਕ ਅਮਨ ਨਾ ਹੋਣ ਦਿੱਤਾ, ਚਾਬਕਾਂ ਨਾਲ ਚੰਮ ਉਡਾਂਵਦਾ ਰਿਹਾ, ਪੂਰਬ ਦੇਸ਼ ਦੇ ਬੁੱਤ-ਖਾਨੇ ਤੁੜਾ ਕੇ ਮਸੀਤਾਂ ਖੁਦਾ ਦੇ ਘਰ ਬਣਾਏ, 22 ਹਜ਼ਾਰ ਹਿੰਦੂ ਮੂਰਤਾਂ ਪੂਜਣ ਵਾਲਾ ਕਤਲ ਕਰਾਇਆ। ਇਸ ਬਾਦਸ਼ਾਹ ਨੇ ਢੌਂਡੀ ਫਿਰਾ ਛੱਡੀ ਸੀ ਕਿ ਮੂਰਤੀ ਪੂਜਾ, ਸੰਖ ਦੀ ਅਵਾਜ਼, ਬੇਦ ਸ਼ਾਸਤ੍ਰ ਦੀ ਕਥਾ ਆਦਿਕ (ਮਕਰੂਹ) ਖਰਾਬ ਕੰਮ ਕੋਈ ਨਾ ਕਰੇ। ਇਕ ਵਾਰੀ ਦੋ ਸਰਾਫਾਂ ਨੇ ਅਰਜ਼ੀ ਦਿਤੀ ਕਿ ਬਾਦਸ਼ਾਹ ਸ਼ਸ਼ਗਾਨੀ ਵਿੱਚ (ਜੋ ਦੁਆਨੀ ਬਰਾਬਰ ਹੁੰਦੀ ਸੀ) ਦੋ ਰਤੀ ਚਾਂਦੀ ਘੱਟ ਹੈ, ਟਕਸਾਲ ਵਾਲਿਆਂ ਨੂੰ ਸਜ਼ਾ ਹੋਣੀ ਚਾਹੀਦੀ ਹੈ। ਬਾਦਸ਼ਾਹ ਨੇ ਵਜ਼ੀਰ ਨੂੰ ਪੁੱਛਿਆ, ਵਜ਼ੀਰ ਨੇ ਟਕਸਾਲੀਆਂ ਤੋਂ ਵੱਢੀ ਖਾ ਕੇ ਆਖਿਆ ਸ਼ਸ਼ਗਾਨੀ ਦੇ ਵੱਧ ਘੱਟ ਦੀ ਕੁਛ ਬਾਤ ਨਹੀਂ, ਸਿੱਕਾ ਕੁਆਰੀ ਕੰਨਿਆ ਹੈ, ਏਸ ਦੀ ਬਦਨਾਮੀ ਹੋਈ ਤਾਂ ਫੇਰ ਕੋਈ ਨਾ ਲਵੇਗਾ। ਇਹ ਸੁਣਕੇ ਬਾਦਸ਼ਾਹ ਨੇ ਉਲਟਾ ਉਨ੍ਹਾਂ ਸਰਾਫਾਂ ਨੂੰ ਹੀ ਸਜ਼ਾ ਦੇ ਦਿੱਤੀ, ਇਹ ਤਾਂ ਨਿਆਉਂ ਦਾ ਨਮੂਨਾ ਹੈ।

ਰਾਣਾ ਮੱਲ ਭੱਟੀ ਭਟਨੇਰ ਵਾਲੇ ਦੀ ਬੇਟੀ ਸੁੰਦਰ ਸੁਣਕੇ ਫੀਰੋਜ਼ ਸ਼ਾਹ ਦੇ ਬਾਪ ਗਜਾਸੁੱਦੀਨ ਨੇ ਮੰਗੀ, ਜਾਂ ਉਸਨੇ ਟਾਲਾ ਕੀਤਾ ਤਾਂ ਲਸ਼ਕਰ ਲੈ ਕੇ ਚੜ੍ਹ ਪਿਆ, ਸਖਤੀ ਕਰਨ ਲੱਗਾ, ਉਸ ਕੁੜੀ ਨੇ ਮਾਂ ਬਾਪ ਨੂੰ ਆਖਿਆ ਜੇ ਮੇਰੇ ਦੇਣ ਨਾਲ ਸਾਰਾ ਕੁਟੰਬ ਤੇ ਰਾਜ ਬਚ ਰਹੇ ਤਾਂ ਦੇ ਛੱਡੋ, ਜਾਣੋਂ ਮਰ ਗਈ ਜਾਂ ਜਿਸ ਤਰ੍ਹਾਂ ਹੋਰ ਲੋਕਾਂ ਦੀਆਂ ਧੀਆਂ ਨੂੰ ਤੁਰਕ ਚੱਕ ਕੇ ਲੈ ਜਾਂਦੇ ਹਨ ਮੈਨੂੰ ਭੀ ਲੈ ਗਏ ਸਮਝੋ।

ਰਾਣਾ ਮੱਲ ਨੇ ਬੇਟੀ ਦਾ ਡੋਲਾ ਦੇ ਕੇ ਜਾਨ ਬਚਾਈ, ਜਿਸ ਵਿੱਚੋਂ ਫੀਰੋਜ਼ਸ਼ਾਹ ਪੈਦਾ

ਹੋਇਆ, ਇਨ੍ਹਾਂ ਹੀ ਉਪੱਦ੍ਰਾਂ ਤੋਂ ਡਰਦੇ ਬਹੁਤ ਹਿੰਦੂ ਬੇਟੀਆਂ ਮਾਰਨ ਲੱਗ ਪਏ ਸਨ।

ਮੀਰ ਤਹਮੂਰ (ਤਿਮਰਲੰਗ) ਆਪਣੀ ਤਾਰੀਖ਼ ਵਿੱਚ ਆਪੇ ਲਿਖਦਾ ਹੈ ਕਿ ਮੇਰੇ ਹੁਕਮ ਨਾਲ ਇਲਾਕੇ ਦੀਪਾਲ ਪੁਰ ਵਿਚ ਪੰਜ ਹਜ਼ਾਰ ਤੇ ਆਯੁਧਿਆ ਦੇ ਪਰਗਣੇ ਚੌਦਾਂ ਹਜ਼ਾਰ, ਬਨਾਰਸ ਦੇ ਤੇਤੀ ਹਜ਼ਾਰ ਹਿੰਦੂ ਬ੍ਰਾਹਮਣ ਕਤਲ ਤੇ ਉਨ੍ਹਾਂ ਦੇ ਕੁੜੀਆਂ ਮੁੰਡੇ ਦਾਸ ਦਾਸੀਆਂ ਕੀਤੇ ਗਏ। ਜ਼ਜ਼ੀਆ ਲਾਉਣ ਬਦਲੇ ਭਟਨੇਰ ਵਿੱਚ ਹਾਰ ਹੋਣੇ ਕਰ ਉਨੱਤੀ ਹਜ਼ਾਰ ਹਿੰਦੂ ਕੋਠਿਆਂ ਵਿੱਚ ਬੰਦ ਕਰਕੇ ਸੜਵਾ ਦਿੱਤੇ, ਡੇਢ ਲੱਖ ਤੁਰਕੀ ਸਿਪਾਹੀ ਕੇਵਲ ਹਿੰਦੂਆਂ ਨੂੰ ਲੁੱਟਣ ਵਾਸਤੇ ਛੱਡਿਆ ਹੋਇਆ ਹੈ, ਦਿੱਲੀ ਵਿੱਚ ਪਹੁੰਚ ਕੇ ਮੈਂ ਪੰਦਰਾਂ ਦਿਨ ਚੈਨ ਨਾਲ ਬੈਠਾ, ਫੇਰ ਮੈਨੂੰ ਖਿਆਲ ਫੁਰਿਆ ਕਿ ਮੇਰਾ ਆਉਣਾ ਹਿੰਦੁਸਤਾਨ ਵਿੱਚ ਹਿੰਦੂਆਂ ਦੇ ਨਾਸ ਕਰਨ ਨੂੰ ਤੇ ਉਨ੍ਹਾਂ ਦਾ ਮਾਲ ਮੋਮਨਾਂ ਨੂੰ ਲੁਟਾਵਣ ਵਾਸਤੇ ਹੈ, ਆਰਾਮ ਨਾਲ ਬੈਠਣਾ ਮੇਰੇ ਵਾਸਤੇ ਹਰਾਮ ਹੈ। ਇਹ ਸੋਚ ਕੇ ਗੰਗਾ ਦੇ ਆਰ-ਪਾਰ ਬੇਸ਼ੁਮਾਰ ਹਿੰਦੂ ਲੁੱਟੇ ਮਾਰੇ, ਕੰਗਾਲ ਕਰ ਛੱਡੇ, ਅਨੇਕ ਪਰਬਤੀ ਰਾਜਿਆਂ ਨੂੰ ਜ਼ੋਰ ਜ਼ੁਲਮ ਨਾਲ ਗਾਇ ਦਾ ਗੋਸ਼ਤ ਖੁਵਾਇਆ, ਫੇਰ ਸਮਰਕੰਦ ਪਹੁੰਚਣ ਤੱਕ ਸੱਤ ਲੱਖ ਦੇ ਲਗ-ਪਗ ਹਿੰਦੂ ਕਤਲ ਤੇ ਦੋ ਲੱਖ ਮੋਮਨ ਕੀਤਾ, ਜਿਸ ਤੋਂ ਮੈਂ ਹੁਣ ਆਪ ਨੂੰ ਬਹਿਸ਼ਤ ਦਾ ਅਧਿਕਾਰੀ ਸਮਝਦਾ ਹਾਂ।

ਬਾਬਰ ਸ਼ਾਹ ਤੁਜ਼ਕਿ ਬਾਬਰੀ ਵਿੱਚ ਲਿਖਦਾ ਹੈ ਕਿ ਮੈਂ ਆਪਣੀ ਫ਼ਤਹ ਦੇ ਸ਼ਗਨ ਮਨਾਵਣ ਵਾਸਤੇ ਹਿੰਦੂ ਕਾਫਰਾਂ ਦੇ ਪਿੰਡਾਂ ਤੇ ਸ਼ਹਿਰਾਂ ਨੂੰ ਅੱਗ ਲਵਾ ਕੇ ਖੁਸ਼ ਹੁੰਦਾ ਹਾਂ, ਜੋ ਫੜੇ ਆਂਵਦੇ ਹਨ ਉਨ੍ਹਾਂ ਨੂੰ ਆਪਣੇ ਸਾਮ੍ਹਣੇ ਤੰਬੂ ਪਾਸ ਕਤਲ ਕਰਾਕੇ ਉਮੀਦਵਾਰ ਬਹਿਸ਼ਤ ਦਾ ਹੁੰਦਾ ਹਾਂ, ਇਕ ਵਾਰੀ ਇਤਨੇ ਹਿੰਦੂ ਕਤਲ ਹੋਏ ਜੋ ਤਿੰਨ ਵਾਰੀ ਮੈਨੂੰ ਤੰਬੂ ਬਦਲਾਵਣਾ ਪਿਆ। ਸ਼ਹਿਰ ਜੋ ਪੈਂਤੀ ਕੋਹਾਂ ਵਿੱਚ ਵੱਸਦਾ ਹੁੰਦਾ ਸੀ, ਤਿੰਨ ਹਜ਼ਾਰ ਦੁਕਾਨ ਕੇਵਲ ਪਾਨਵਾੜੀਆਂ ਦੀ ਸੀ, ਸ਼ਹਾਬੁੱਦੀਨ ਗੌਰੀ ਨੇ ਲੁੱਟ-ਮਾਰ ਕਰਕੇ ਉਜਾੜ ਥੇਹ ਕਰ ਛੱਡਿਆ। ਮਥਰਾ ਸ਼ਹਿਰ ਜਿੱਥੇ 22 ਕੋਹ ਵਿੱਚ ਮੰਦਰ ਨਾਲ ਮੰਦਰ ਜੁੜ ਰਹੇ ਸਨ, ਮਹਿਮੂਦ ਗ਼ਜ਼ਨਵੀ ਮਲੀਆਮੇਟ ਕਰ ਗਿਆ, ਮਥਰਾ ਦੇ ਇੱਕ ਬੜੇ ਮੰਦਰ ਦਾ ਹਾਲ ਮਹਿਮੂਦ ਸ਼ਾਹ ਆਪ ਹੀ ਲਿਖਦਾ ਹੈ ਕਿ ਜੇਕਰ ਅੱਸੀ ਕਰੋੜ ਮੋਹਰ ਖਰਚ ਕਰੀਏ ਤੇ ਪੰਜ ਸੌ ਕਾਰੀਗਰ ਸੌ ਬਰਸ ਲੱਗਾ ਰਹੇ ਤਾਂ ਭੀ ਅਜਿਹਾ ਮੰਦਰ ਬਣਨਾ ਮੁਸ਼ਕਿਲ ਹੈ, ਫੇਰ ਓਸੇ ਦਾ ਮੀਰ ਮੁਨਸ਼ੀ ਸ਼ਾਹ ਅਨਾਇਤ ਆਪਣੀ ਤਾਰੀਖ਼ ਵਿੱਚ ਲਿਖਦਾ ਹੈ ਕਿ ਉਸ ਮੰਦਰ ਦੀ ਸੁੰਦਰਤਾਈ ਕਹੀ ਨਹੀਂ ਜਾਂਦੀ, ਦੁਨੀਆਂ ਵਿੱਚ ਐਸਾ ਮੰਦਰ ਨਾ ਹੈ ਨਾ ਹੋਵੇਗਾ। ਮਹਿਮੂਦ ਸ਼ਾਹ ਨੂੰ ਹੀਰੇ, ਪੰਨੇ, ਮੋਤੀ, ਮੂੰਗਾ, ਚੂਨੀ, ਲਾਲ, ਸੋਨੇ ਚਾਂਦੀ ਦੀ ਖਾਣ ਇੱਕ ਸੋਮਨਾਥ ਦਾ ਮੰਦਰ, ਦੂਜਾ ਕੇਸ਼ਵ ਜੀ ਦਾ ਮੰਦਰ, ਇਹ ਦੋ ਐਸੇ ਹੱਥ ਆਏ ਜੋ ਫ਼ੌਜ ਸਮੇਤ ਦੌਲਤ ਨਾਲ ਰੱਜ ਕੇ ਬੈਠ ਗਿਆ। ਏਸੇ ਮੰਦਰ ਦੇ ਤਖਤੇ ਬਾਵਨ ਚੰਦਨ ਦੇ ਸਨ ਜਿਹੜੇ ਮਹਿਮੂਦ ਲੈ ਗਿਆ ਸੀ ਤੇ ਫੇਰ ਅੰਗਰੇਜ਼ਾਂ ਨੇ ਸੰ: 1898 ਬਿ: ਵਿੱਚ ਗਜ਼ਨੀ ਵਿੱਚੋਂ ਲਿਆ ਕੇ ਆਗਰੇ ਦੇ ਕਿਲ੍ਹੇ ਵਿੱਚ ਰੱਖੇ ਸਨ। ਤਵਾਰੀਖ਼ ਨਾਸਰੀ ਵਿੱਚ ਲਿਖਦਾ ਹੈ ਕਿ ਦੱਖਣ ਦੇਸ਼ ਦੇ ਸ਼ਹਿਰ ਭਿਲਸਾ ਦਾ ਮੰਦਰ ਜਦ ਸੰਨ 1266 ਬਿਕ੍ਰਮੀ ਵਿੱਚ ਸ਼ੱਮਸੁਦੀਨ ਗੌਰੀ ਨੇ ਤੋੜਿਆ ਤਾਂ ਬਹੱਤਰ ਕਰੋੜ ਰੁਪਏ ਦਾ ਹੀਰਾ ਮੋਤੀ ਸੋਨਾ ਚਾਂਦੀ ਹੱਥ ਲੱਗਾ, ਇਹ ਮੰਦਰ 105 ਗਜ਼ ਉੱਚਾ ਅੱਧ ਕੋਹ ਲੰਮਾ ਤੇ ਚੌੜਾ,

ਤਿੰਨ ਸੌ ਬਰਸ ਵਿੱਚ 92 ਕਰੋੜ 73 ਲੱਖ 82 ਹਜ਼ਾਰ 7 ਸੌ 65 ਰੁਪਏ ਨੌਂ ਆਨੇ ਖਰਚ ਹੋ ਕੇ ਤਿਆਰ ਹੋਇਆ ਸੀ। ਲੱਖਾਂ ਰੁਪਏ ਇਸਦੇ ਤੋੜਨ ਪਰ ਖਰਚ ਹੋਏ, ਪੰਜਾਹ ਹਜ਼ਾਰ ਹਿੰਦੂ ਇਸਦੇ ਤੋੜਨ ਸਮੇਂ ਕਤਲ ਹੋਏ, ਉਨ੍ਹਾਂ ਉੱਤੇ ਖੜੇ ਹੋ ਕੇ ਮੁਸਲਮਾਨ ਨਿਮਾਜ਼ਾਂ ਪੜ੍ਹਦੇ, ਨੱਚਦੇ, ਖੁਸ਼ੀ ਮਨਾਂਵਦੇ ਸੀ। ਤਵਾਰੀਖ਼ ਅਲਾਈ ਵਿੱਚ ਲਿਖਿਆ ਹੈ ਕਿ ਇਸ ਸ਼ਿਵਾਲੇ ਦੇ ਨਾਲ ਹੋਰ ਭੀ ਕਈ ਹਜ਼ਾਰ ਮੰਦਰ ਮੂਰਤਾਂ ਜਿਨ੍ਹਾਂ ਪਰ ਲੱਖਾਂ ਰੁਪਏ ਲੱਗੇ ਹੋਏ ਸੀ ਤੋੜ ਕੇ ਮਸੀਤਾਂ ਬਣਾ ਛੱਡੀਆਂ। ਇਕ ਸ਼ਿਵਾਲੇ ਦੀ ਛੱਤ ਵਿੱਚੋਂ ਕਰੋੜਾਂ ਰੁਪਏ ਦਾ ਹੀਰਾ, ਪੰਨਾ, ਮਾਣਕ, ਮੋਤੀ ਮੁਸਲਮਾਨਾਂ ਦੇ ਹੱਥ ਆਇਆ। ਤਵਾਰੀਖ਼ ਚੱਚ ਨਾਮੇ ਵਿੱਚ ਲਿਖਿਆ ਹੈ ਕਿ ਜਦ ਮੁਹੰਮਦ ਕਾਸਮ ਨੇ ਸਿੰਧ ਵਿੱਚ ਹਾਰਾਊ ਦਾ ਕਿਲ੍ਹਾ ਫਤੇ ਕਰਕੇ ਅੱਠ ਹਜ਼ਾਰ ਲੜਕਾ ਲੜਕੀ ਪ੍ਰਜਾ ਦਾ ਤੇ ਤਿੰਨ ਹਜ਼ਾਰ ਔਰਤ ਮਰਦ ਰਾਜੇ ਦੇ ਖਾਨਦਾਨ ਦਾ ਫੜ ਕੇ ਬਗ਼ਦਾਦ ਭੇਜਿਆ ਤਾਂ ਖਲੀਫਾ ਵਲੀਦ ਨੇ ਕੁਛ ਇਨਾਮ ਵਿੱਚ ਵੰਡੇ ਤੇ ਕੁਝ ਵੇਚੇ। ਮੁਹੰਮਦ ਕਾਸਮ ਨੂੰ ਲਿਖਿਆ ਕਿ ਹਿੰਦੂਆਂ ਨੂੰ ਅਮਨ ਕਦੇ ਨਹੀ ਦੇਣਾ, ਦੀਨ ਵਿੱਚ ਲਿਆਵਣਾ ਲੁੱਟ ਮਾਰ ਕੇ ਕੰਗਾਲ ਕਰ ਦੇਣਾ ਮੋਮਨਾਂ ਦਾ ਧਰਮ ਹੈ। ਏਸੇ ਮੁਹੰਮਦ ਕਾਸਮ ਨੇ ਪ੍ਰਗਣੇ ਦੀਪਾਲਪੁਰ ਨੂੰ ਲੁੱਟਕੇ ਬਹੁਤ ਮੰਦਰ ਮੂਰਤਾਂ ਤੋੜੇ, ਕਈ ਕਰੋੜ ਰੁਪਿਆ ਨਕਦ ਤੇ ਲੱਖਾਂ ਰੁਪਏ ਦੀ ਜਿਨਸ, 8 ਹਜ਼ਾਰ ਹਿੰਦੂ ਕੈਦੀ ਬਗ਼ਦਾਦ ਵਿੱਚ ਭੇਜਿਆ। ਤਵਾਰੀਖ਼ ਸਿੰਧ ਵਿੱਚ ਮੁਹੰਮਦ ਮੂਸਾ ਲਿਖਦਾ ਹੈ ਕਿ ਜਦ ਮੁਹੰਮਦ ਕਾਸਮ ਨੇ ਬਹਿਮਨਾਵਾਦ ਨੂੰ ਬਰਬਾਦ ਕੀਤਾ ਤਾਂ 16 ਹਜ਼ਾਰ ਹਿੰਦੂ ਕਤਲ ਕੀਤੇ ਅਤੇ 20 ਹਜ਼ਾਰ ਜਵਾਨ ਮੁੰਡੇ ਕੁੜੀਆਂ ਫੜ ਕੇ ਬਗਦਾਦ ਭੇਜੇ, ਉਨ੍ਹਾਂ ਵਿਚੋਂ ਰਾਜੇ ਦੀਆਂ ਦੋ ਬੇਟੀਆਂ ਅਤੀ ਸੁੰਦਰ ਖਲੀਫਾ ਵਲੀਦ ਦੇ ਮਹਿਲ ਵਿਚ ਦਾਖਲ ਕੀਤੀਆਂ ਗਈਆਂ। ਮੀਰ ਮਾਸੂਮ ਤਬਕਾਤ ਨਾਸਰੀ ਵਿਚ ਲਿਖਦਾ ਹੈ ਕਿ ਇਹ ਗੌਰੀ ਬਾਦਸ਼ਾਹ ਸ਼ਰ੍ਹਾ ਦੇ ਬਹੁਤ ਪੱਕੇ ਸੀ, ਕਦੇ ਕਿਸੇ ਹਿੰਦੂ ਨੂੰ ਆਰਾਮ ਨਹੀਂ ਲੈਣ ਦਿੰਦੇ ਸਨ, ਹੁਕਮ ਸੀ ਕੋਈ ਹਿੰਦੂ ਚੰਗਾ ਕੱਪੜਾ ਨਾ ਪਹਿਰੇ, ਕਣਕ ਚਾਵਲ ਮੂੰਗੀ ਘੀ ਦੁੱਧ ਨਾ ਖਾਵੇ, ਦੋ ਮੰਜ਼ਲਾ ਮਕਾਨ ਨਾ ਬਣਾਵੇ, ਸ਼ਾਦੀ ਵਿਚ ਨਗਾਰਾ ਨਾ ਬਜਾਵੇ, ਸੁੰਦਰ ਲੜਕਾ ਲੜਕੀ ਆਪਣੇ ਘਰ ਨਾ ਰਖੇ, ਮੁਸਲਮਾਨਾਂ ਨੂੰ ਗੁਲਾਮ ਕਰਨ ਵਾਸਤੇ ਦੇ ਦੇਵੇ, ਹਿੰਦੂਆਂ ਉਤੇ ਐਸੇ ਸਖ਼ਤ ਜੱਜ਼ੀਏ ਲਾ ਰੱਖੇ ਸੀ ਜਿਸ ਤੋਂ ਤੰਗ ਹੋ ਕੇ ਅਨੇਕ ਹਿੰਦੂ ਮੁਹੰਮਦੀ ਹੋ ਗਏ। ਟਾਡ ਸਾਹਿਬ ਲਿਖਦਾ ਹੈ ਕਿ ਅਕਬਰ ਬਾਦਸ਼ਾਹ ਜੋ ਨਿਹਾਇਤ ਚੰਗਾ ਨੇਕ ਪਾਕ ਇਨਸਾਫ਼ ਆਦਿ ਜਾਣੀਦਾ ਹੈ ਉਸਨੇ ਜ਼ੋਰੋ-ਜ਼ੋਰੀ ਅਬਦੁੱਲੇਸ਼ਾਹ ਦੀ ਔਰਤ ਸੁੰਦਰ ਦੇਖਕੇ ਆਪਣੇ ਘਰ ਰੱਖ ਲਈ ਸੀ ਤੇ ਹੋਰ ਅਨੇਕ ਹਿੰਦੂ ਰਾਜਿਆਂ ਨੂੰ ਧਮਕੀ ਦੇ ਕੇ ਉਨ੍ਹਾਂ ਦੀਆਂ ਧੀਆਂ ਲੈਂਦਾ ਰਿਹਾ, ਪਰਜਾ ਪਾਸੋਂ ਇਕ ਘੁਮਾਉਂ ਜ਼ਮੀਨ ਪਿੱਛੇ ਪੰਜ ਮਣ ਅਨਾਜ ਲੈਂਦਾ ਸੀ। ਜਦ ਰਾਜਾ ਜਸਵੰਤ ਸਿੰਘ ਜੋਧਪੁਰੀਆ ਬੜੇ-ਬੜੇ ਇਸਦੇ ਕੰਮ ਸਵਾਰ ਕੇ ਮੁਲਕ ਫ਼ਤਹ ਕਰ ਕਾਬਲ ਵਿੱਚ ਖਤਮ ਹੋਇਆ ਤਾਂ ਉਸ ਦੇ ਬਾਲ ਬੱਚੇ ਨੂੰ ਜੋ ਦਿੱਲੀ ਵਿਚ ਰਹਿੰਦੇ ਸੀ ਫੜ ਕੇ ਤੁਰਕ ਕਰਨ ਦਾ ਹੁਕਮ ਦੇ ਦਿੱਤਾ। ਉਦੇਪੁਰ ਦੇ ਰਾਣੇ ਜੈਮਲ ਦੀ ਬੇਟੀ ਵਾਸਤੇ ਚਤੌੜ ਦੇ ਕਿਲ੍ਹੇ ਪਰ ਏਸੇ ਅਕਬਰ ਬਾਦਸ਼ਾਹ ਨੇ ਕਈ ਬਰਸ ਲੜਾਈ ਰੱਖੀ, ਜਿਸਨੂੰ ਫ਼ਤਹਿ ਕਰਕੇ 30 ਹਜ਼ਾਰ ਔਰਤ ਮਰਦ ਕਤਲ ਕਰਾਏ, ਭਾਵੇਂ ਕਿ ਇਹੋ ਹਾਲ ਜਹਾਂਗੀਰ ਤੇ ਸ਼ਾਹਜਹਾਂ ਦੇ ਸਮੇਂ ਰਿਹਾ, ਪਰ ਔਰੰਗਜ਼ੇਬ ਦਾ ਜ਼ੁਲਮ ਤਾਂ ਜੇਠ ਮਹੀਨੇ ਦੀ ਦੁਪਹਿਰ ਦਾ ਸੂਰਜ

ਖ਼ਲਕਤ ਨੂੰ ਤੜਫਾ ਰਿਹਾ ਸੀ, ਚੋਰੀ-ਚੋਰੀ ਹਜ਼ਾਰਾਂ ਹਿੰਦੂਆਂ ਨੂੰ ਰੋਜ਼-ਰੋਜ਼ ਮੁਸਲਮਾਨ ਕੀਤਾ ਜਾਂਦਾ।

ਬੇਸ਼ਕ ਅਕਬਰ ਰਾਜੇ ਨੂੰ ਬਿਪਰਵਾਦੀ ਲੋਕ ਉਦਾਰਵਾਦੀ, ਨਿਰਪੱਖ ਅਤੇ ਕੱਟੜਤਾ ਤੋਂ ਰਹਿਤ ਸਮਝਦੇ ਹਨ ਪਰੰਤੂ ਅਕਬਰ ਦੇ ਹਰਮ ਵਿੱਚ ਤਕਰੀਬਨ 5,000 ਔਰਤਾਂ ਸਨ। ਕਈ ਨਾਮੀ ਰਾਜਪੂਤ ਰਾਜਿਆਂ ਨੇ ਅਕਬਰ ਨੂੰ ਬੇਟੀਆਂ ਦੇ ਕੇ ਸੰਬੰਧ ਸਥਾਪਿਤ ਕੀਤੇ। ਰਾਜਾ ਮਾਨ ਸਿੰਘ (ਰਾਜਪੂਤ ਨੇ ਜਿਥੇ ਅਕਬਰ ਦੀ ਹਰ ਲੜਾਈ ਵਿੱਚ ਮਦਦ ਕੀਤੀ ਉਥੇ ਆਪਣੀ ਬੇਟੀ ਵੀ ਅਕਬਰ ਨੂੰ ਦੇ ਦਿੱਤੀ। ਅਕਬਰ ਕੋਲੋਂ ਔਹੁਦੇ ਅਤੇ ਜਗੀਰਾਂ ਹਾਸਲ ਕਰਨ ਲਈ ਹੀ ਕਈ ਰਾਜਪੂਤ ਰਾਜਿਆਂ ਨੇ ਆਪਣੀਆਂ ਬੇਟੀਆਂ ਅਕਬਰ ਦੀ ਸੇਜ ਦਾ ਸ਼ਿੰਗਾਰ ਬਣਾ ਦਿੱਤੀਆਂ। ਰਾਜਪੂਤ ਰਾਜੇ ਭਗਵਾਨ ਦਾਸ ਦੀ ਭਤੀਜੀ ਜੋਧਾਬਾਈ ਦੀ ਮਿਸਾਲ ਪ੍ਰਮੁੱਖ ਹੈ। ਜ਼ਿਕਰ ਯੋਗ ਹੈ ਮਹੇਸ਼ ਦਾਸ (ਜੋ ਬੀਰਬਲ ਦੇ ਨਾਮ ਨਾਲ ਪ੍ਰਸਿੱਧ ਸੀ) ਨਾਮਕ ਚਲਾਕ ਬ੍ਰਾਹਮਣ ਵੀ ਅਕਬਰ ਨੂੰ ਇਕ ਰਾਜੇ ਵਲੋਂ ਆਪਣੀ ਬੇਟੀ ਦੇ ਵਿਆਹ ਅਕਬਰ ਨਾਲ ਕਰਨ ਸਮੇਂ ਦਹੇਜ ਰੂਪ ਵਿੱਚ ਹੀ ਦਿੱਤਾ ਗਿਆ ਸੀ।

ਅਕਬਰ ਨੂੰ ਪ੍ਰਸੰਨ ਕਰਨ ਲਈ ਤਾਂ ਬਿਪਰਵਾਦੀ ਪ੍ਰੋਹਿਤਾਂ ਨੇ ਹਰ ਹੀਲਾ ਵਰਤਿਆ। ਲਾਹੌਰੀ ਰਾਮ ਬਾਲੀ ਤਾਂ ਇਥੋਂ ਤੱਕ ਲਿਖਦੇ ਹਨ :

"ਅਕਬਰ ਨੂੰ ਪ੍ਰਸੰਨ ਕਰਨ ਵਾਸਤੇ ਹਿੰਦੂ ਪਰੋਹਿਤਾਂ ਨੇ 'ਅੱਲਾਹ ਉਪਨਿਸ਼ਦ' ਨਾਮ ਦਾ ਨਵਾਂ ਉਪਨਿਸ਼ਦ ਵੀ ਲਿਖ ਦਿੱਤਾ।"[2]

ਰਾਜਾ ਸ਼ਾਹਜਹਾਨ ਦੇ ਕਿਲ੍ਹੇ ਵਿੱਚ ਸੁੰਦਰਤਾ ਦੀ ਨੁਮਾਇਸ਼ ਲਈ ਮੀਨਾ ਬਜ਼ਾਰ[3] ਲੱਗਦਾ ਸੀ, (ਬਿਲਕੁਲ ਇਸੇ ਨਾਮ ਉਪਰ ਇਕ ਟੀ.ਵੀ. ਚੈਨਲ ਤੇ ਵੀ ਪ੍ਰੋਗਰਾਮ ਚਲਦਾ ਰਿਹਾ ਹੈ) ਜੋ ਤਕਰੀਬਨ ਅੱਠ ਦਿਨ ਮੇਲੇ ਵਾਂਗ ਚਲਦਾ ਸੀ, ਇਸ ਸਮੇਂ ਦੌਰਾਨ ਕੋਈ ਵੀ ਮਰਦ ਕਿਲ੍ਹੇ ਦੇ ਅੰਦਰ ਨਹੀਂ ਸੀ ਆ ਸਕਦਾ, ਮਰਦਾਂ ਵਾਸਤੇ ਫਾਟਕ ਬੰਦ ਰਹਿੰਦਾ ਸੀ। ਕਿਲ੍ਹੇ ਦੇ ਅੰਦਰ ਖ਼ੂਬ ਰੰਗ ਤਮਾਸ਼ੇ ਹੁੰਦੇ ਸਨ, ਔਰਤਾਂ ਦਾ ਹੀ ਆਉਣ ਜਾਣ ਹੀ ਬਣਿਆ ਰਹਿੰਦਾ ਸੀ। ਇਨ੍ਹਾਂ ਜਸ਼ਨਾਂ ਵਿੱਚ ਸ਼ਾਮਲ ਹੋਣ ਵਾਲੀਆਂ ਔਰਤਾਂ ਦਾ ਮਕਸਦ ਕੇਵਲ ਆਪਣੇ ਸਰੀਰ ਦੀ ਨੁਮਾਇਸ਼ ਕਰਨਾ ਅਤੇ ਰਾਜੇ ਦੀਆਂ ਨਜ਼ਰਾਂ ਵਿੱਚ ਪ੍ਰਵਾਨ ਚੜ੍ਹਨਾ ਹੀ ਹੁੰਦਾ ਸੀ। ਦਰਅਸਲ ਨੀਵੀਂ ਜ਼ਾਤ ਦੀਆਂ ਔਰਤਾਂ ਤਾਂ ਇਸ ਮੇਲੇ ਤੋਂ ਦੂਰ ਰਹਿੰਦੀਆਂ ਸਨ ਪਰੰਤੂ ਇਨ੍ਹਾਂ ਰੰਗਰਲੀਆਂ ਦਾ ਸ਼ਿੰਗਾਰ ਵਧੇਰੇ ਕਰਕੇ ਹਿੰਦੂ ਔਰਤਾਂ ਹੀ ਸਨ।

ਦਰਅਸਲ ਇਤਿਹਾਸ ਖਾਸ ਕਰਕੇ ਮੁਗਲਕਾਲ ਦੀ ਘੋਖ ਕੀਤੀ ਜਾਵੇ ਤਾਂ ਸਾਰਾ ਇਤਿਹਾਸ ਹੀ ਐਸੀਆਂ ਘਟਨਾਵਾਂ ਨਾਲ ਭਰਿਆ ਪਿਆ ਹੈ ਜਦੋਂ ਬਹੁਗਿਣਤੀ ਹਿੰਦੂ ਰਜਵਾੜਿਆਂ ਨੇ ਕੇਵਲ ਰਾਜਸੀ ਲਾਭ ਪ੍ਰਾਪਤੀ ਜਾਂ ਜਗੀਰ ਪ੍ਰਾਪਤੀ ਲਈ ਆਪਣੀ ਅਣਖ ਇੱਜ਼ਤ ਤੱਕ ਮੁਗਲਾਂ ਦੇ ਹਵਾਲੇ ਕਰ ਦਿੱਤੀਆਂ। ਟੀਪੂ ਸੁਲਤਾਨ ਜਿਸ ਨੂੰ ਮੈਸੂਰ ਦਾ ਸ਼ੇਰ ਆਖਿਆ ਜਾਂਦਾ ਹੈ ਉਸਨੇ ਹਜ਼ਾਰਾਂ ਹੀ ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਇਆ ਅਤੇ ਗਊ ਮਾਸ ਖਵਾਇਆ ਅਤੇ ਹਿੰਦੂ ਔਰਤ ਮਰਦਾਂ ਨੂੰ ਗੁਲਾਮ ਬਣਾ ਕੇ ਰੱਖਿਆ। ਪਲਾਸੀ ਦੀ ਲੜਾਈ ਵਿੱਚ ਅੰਗਰੇਜ਼ ਸੈਨਾਪਤੀ

ਲਾਰਡ ਕਲਾਈਵ ਨੇ ਸਰਾਜਉਦੌਲਾ ਦੇ ਚਾਰ ਵਿੱਚੋਂ ਤਿੰਨ ਹਿੰਦੂ ਸੈਨਾਪਤੀਆਂ ਰਾਮ ਵੱਲਭ, ਜਗਤਸੇਠ ਅਤੇ ਮਾਨਿਕ ਚੰਦ ਨੂੰ ਖਰੀਦਿਆ ਅਤੇ ਅੰਗਰੇਜ਼ਾਂ ਨੇ ਉਹ ਲੜਾਈ ਜਿੱਤ ਕੇ ਪੂਰੀ ਤਰ੍ਹਾਂ ਬੰਗਾਲ ਤੇ ਕਬਜ਼ਾ ਕੀਤਾ। 1857 ਈ: ਦੀ ਛੋਟੀ ਜਿਹੀ ਬਗਾਵਤ ਵਿੱਚ ਸਰਗਰਮ ਨਾਨਾ ਸਾਹਿਬ ਨੂੰ ਮਹਾਰਾਜਾ ਸਿੰਧੀਆ ਨੇ ਅੰਗਰੇਜ਼ਾਂ ਦੇ ਹਵਾਲੇ ਕੀਤਾ। ਇਥੋਂ ਤੱਕ ਚਰਬੀ ਵਾਲੇ ਕਾਰਤੂਸ ਜਿਨ੍ਹਾਂ ਤੋਂ ਇਸ ਬਗਾਵਤ ਦਾ ਮੁੱਢ ਬੱਝਾ ਸੀ, ਚਰਬੀ ਵੀ ਇਕ ਬ੍ਰਾਹਮਣ ਠੇਕੇਦਾਰ ਨੇ ਸਪਲਾਈ ਕੀਤੀ।

ਸੋ ਇਹ ਕੁੱਝ ਅਖੌਤੀ ਰਾਸ਼ਟਰਵਾਦੀਆਂ ਦੀ ਰਾਸ਼ਟਰ ਪ੍ਰਤੀ ਕੀਤੇ ਕਾਰਜਾਂ ਦਾ ਲੇਖਾ ਜੋਖਾ ਸੀ, ਜਿਹੜੇ ਅੱਜ ਆਪਣੇ ਆਪ ਨੂੰ ਰਾਸ਼ਟਰਵਾਦੀ, ਸਰਵੋਤਮ ਅਖਵਾਉਂਦੇ ਹਨ ਅਤੇ ਅੱਸੀ ਪ੍ਰਤੀਸ਼ਤ ਤੋਂ ਉਪਰ ਕੁਰਬਾਨੀਆਂ ਦੇ ਕੇ ਦੇਸ਼ ਦੇ ਗਲੋਂ ਗੁਲਾਮੀ ਦਾ ਜੂਲਾ ਲਾਹੁਣ ਵਾਲਿਆਂ ਨੂੰ 'ਦੇਸ਼-ਧਰੋਹੀ' ਆਖ ਸਨਮਾਨਦੇ ਹਨ।

❖❖❖

*1. ਤਵਾਰੀਖ ਗੁਰੂ ਖ਼ਾਲਸਾ ਪੰਨਾ : 47, 48, 49 ਸੰਸਕਰਣ : 1983 ਲੇਖਕ : ਗਿਆਨੀ ਗਿਆਨ ਸਿੰਘ ਪ੍ਰਕਾਸ਼ਕ : ਭਾਸ਼ਾ ਵਿਭਾਗ ਪੰਜਾਬ*

*2. ਹਿੰਦੂਇਜ਼ਮ : ਧਰਮ ਜਾਂ ਕਲੰਕ, ਪੰਨਾ 230, 231 ਲੇਖਕ : ਐਲ. ਆਰ ਬਾਲੀ*

*3. ਹਿੰਦੂਇਜ਼ਮ : ਧਰਮ ਜਾਂ ਕਲੰਕ, ਪੰਨਾ 233 ਲੇਖਕ : ਐਲ.ਆਰ ਬਾਲੀ*

# ਸਿੱਖ ਮਾਨਸਿਕਤਾ ਨੂੰ ਸਮਝਣ ਦੀ ਲੋੜ

## ਗਾਂਧੀ ਨੀਤੀ



ਜਦੋਂ ਮੋਹਨਦਾਸ ਕਰਮ ਚੰਦ ਗਾਂਧੀ ਨੂੰ 'ਰਾਸ਼ਟਰ ਪਿਤਾ' ਆਖ ਸੰਬੋਧਿਤ ਕੀਤਾ ਜਾਂਦਾ ਹੈ ਤਾਂ ਮਾਨਸਿਕ ਸਤਹ ਉੱਪਰ ਇਕ ਸਵਾਲ ਜ਼ਰੂਰ ਜਨਮ ਲੈਂਦਾ ਹੈ ਕਿ ਕੀ ਗਾਂਧੀ ਜੀ ਸੱਚਮੁੱਚ ਰਾਸ਼ਟਰ ਪਿਤਾ ਸਨ, ਕਿਉਂਕਿ ਉਨ੍ਹਾਂ ਦੀਆਂ ਨੀਤੀਆਂ ਦੇ ਮੱਦੇ ਨਜ਼ਰ ਗਾਂਧੀ ਨੂੰ ਹਿੰਦੂਤਵ ਦਾ ਪਿਤਾ ਤਾਂ ਕਿਹਾ ਜਾ ਸਕਦਾ ਹੈ ਪਰੰਤੂ ਰਾਸ਼ਟਰ ਪਿਤਾ ਨਹੀਂ, ਕਿਉਂਕਿ ਉਸ ਨੇ ਵਾਪਰ ਰਹੀ ਹਰ ਘਟਨਾ ਅਤੇ ਵਰਤਾਰੇ ਨੂੰ ਹਿੰਦੂਵਾਦੀ ਦ੍ਰਿਸ਼ਟੀਕੋਣ ਤੋਂ ਹੀ ਤੱਕਿਆ ਨਾ ਕਿ ਸਮੁੱਚੇ ਭਾਰਤੀ ਦ੍ਰਿਸ਼ਟੀਕੋਣ ਤੋਂ। ਉਹ ਹਿੰਦੂ ਆਦਰਸ਼ਾਂ ਦਾ ਪੱਕਾ ਧਾਰਨੀ ਸੀ, ਅਤੇ ਉਸਦੇ ਰਾਜਨੀਤਕ ਦਰਸ਼ਨ ਦੇ ਅਧਾਰ ਤਿਆਗ ਅਤੇ ਅਹਿੰਸਾ ਵੀ ਪ੍ਰਾਚੀਨ ਹਿੰਦੂਤਵੀ ਵਿਚਾਰਧਾਰਾ ਦੀ ਨਵੀਂ ਰੰਗਤ ਸੀ। ਇਸ ਵਿੱਚ ਕੋਈ ਸ਼ੱਕ ਨਹੀਂ ਜੇਕਰ ਗਾਂਧੀ ਦਾ ਨਜ਼ਰੀਆ ਹਿੰਦੂਵਾਦੀ ਦੀ ਜਗ੍ਹਾ ਭਾਰਤੀ ਦ੍ਰਿਸ਼ਟੀਕੋਣ ਤੋਂ ਹੁੰਦਾ ਤਾਂ ਭਾਰਤ ਵਿੱਚ ਐਸਾ ਰਾਜਸੀ, ਸਮਾਜੀ ਅਤੇ ਆਰਥਿਕ ਇਨਕਲਾਬ ਆ ਜਾਣਾ ਸੀ ਜਿਸ ਨੇ ਭਾਰਤੀਆਂ ਅੰਦਰ ਚੇਤਨਤਾ ਦਾ ਪ੍ਰਕਾਸ਼ ਕਰਕੇ ਅਗਿਆਨ ਅੰਧੇਰ ਰੂਪੀ ਬਿਪਰਵਾਦ ਦੀਆਂ ਜੜ੍ਹਾਂ ਹਿਲਾ ਦੇਣੀਆਂ ਸਨ, ਪਰੰਤੂ ਗਾਂਧੀ ਨੇ ਐਸਾ ਚੇਤਨਤਾ ਭਰਪੂਰ ਇਨਕਲਾਬ ਲਿਆਉਣ ਦੀ ਜਗ੍ਹਾ ਆਪਣਾ ਸਾਰਾ ਜ਼ੋਰ ਹਿੰਦੂਤਵ ਨੂੰ ਬਚਾਉਣ ਅਤੇ ਚੇਤਨ ਪ੍ਰਕਾਸ਼ੀ ਸ਼ਕਤੀ ਨੂੰ ਦਹਿਸ਼ਤਪਸੰਦ ਦਰਸਾਉਣ ਉਪਰ ਹੀ ਕੇਂਦਰਿਤ ਕਰ ਰੱਖਿਆ।

ਗਾਂਧੀ ਜਨਮ ਤੋਂ ਜ਼ਾਤ ਦੇ ਸਿਧਾਂਤ ਦਾ ਧਾਰਨੀ ਸੀ ਅਤੇ ਇਸ ਕਰਕੇ ਹੀ ਹਿੰਦੂਤਵ ਦੇ ਜ਼ਾਤੀਵਾਦ ਅਧਾਰਿਤ ਗ੍ਰੰਥਾਂ ਅਤੇ ਅਸੂਲਾਂ ਵਿੱਚ ਉਸਦਾ ਅਟੁੱਟ ਵਿਸ਼ਵਾਸ ਸੀ ਉਹ ਬੜੇ ਮਾਣ ਨਾਲ ਆਪਣੇ ਆਪ ਨੂੰ ਸਨਾਤਨੀ ਹਿੰਦੂ ਆਖਿਆ ਕਰਦਾ ਸੀ। ਵੇਦਾਂ, ਉਪਨਿਸ਼ਦਾਂ, ਸਿਮਰਤੀਆਂ ਵਿੱਚ ਗਾਂਧੀ ਦਾ ਪੂਰਨ ਵਿਸ਼ਵਾਸ ਸੀ ਅਤੇ ਇਹ ਕਾਰਨ ਸੀ ਕਰਮ ਚੰਦ ਗਾਂਧੀ ਨੇ ਦੱਖਣੀ ਅਫਰੀਕਾ ਦੇ ਆਪਣੇ ਲੰਬੇ ਅਨੁਭਵ ਨਾਲ ਘੱਟ ਤੋਂ ਘੱਟ 'ਹਿੰਦ ਸਵਰਾਜ' (ਗਾਂਧੀ ਲਿਖਤ ਪੁਸਤਕ) ਪੁਸਤਕ ਲਿਖਣ ਦੇ ਸਮੇਂ ਤੱਕ ਉਸਨੇ ਆਪਣੇ ਲੰਬੇ-ਲੰਬੇ ਰਾਜਨੀਤਕ ਵਿਚਾਰਾਂ ਦੀ

ਧਾਰਮਿਕ ਅੰਧ ਵਿਸ਼ਵਾਸ ਨਾਲ ਪੱਟੀ ਬੰਨ੍ਹਣ ਦੀ ਕਲਾ ਉਸਨੇ ਭਲੀ-ਭਾਂਤ ਸਿਖ ਲਈ ਸੀ ਅਤੇ ਹਿੰਦੁਸਤਾਨ ਨੂੰ ਪ੍ਰਯੋਗਸ਼ਾਲਾ ਸਮਝ ਉਸਨੇ ਇਸ ਨੂੰ ਪਰਖਿਆ ਅਤੇ ਵਿਕਸਤ ਕੀਤਾ। ਬੇਸ਼ਕ ਇਸ ਨੂੰ ਗੁਣ ਹੀ ਸਮਝਿਆ ਜਾਵੇ ਕਿਉਂਕਿ ਇਸ ਕਲਾ ਸਦਕਾ ਹੀ ਉਹ ਇਕ ਨੇਤਾ ਬਣਿਆ।

*ਸਿੱਖਾਂ ਪ੍ਰਤੀ ਗਾਂਧੀ ਜੀ ਦੀ ਨੀਤੀ:-* ਪਹਿਲੀ ਸੰਸਾਰ ਜੰਗ ਤੋਂ ਬਾਅਦ ਗਾਂਧੀ ਕੇਵਲ ਹਿੰਦੁਸਤਾਨ (ਅਫ਼ਰੀਕਾ ਤੋਂ) ਆਪਣੇ ਸਤਿਆਗ੍ਰਹਿ ਅਤੇ ਨਾ-ਮਿਲਵਰਤਣ ਦੇ ਤਜਰਬਿਆਂ ਲਈ ਹੀ ਆਇਆ ਸੀ (ਬੇਸ਼ਕ ਕਿ ਗਾਂਧੀ ਦਾ ਨਾ-ਮਿਲਵਰਤਣ ਬਾਬਾ ਰਾਮ ਸਿੰਘ ਦੇ ਨਾ-ਮਿਲਵਰਤਣ ਦੀ ਹੀ ਨਕਲ ਸੀ, ਸਗੋਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਕਿ ਬਾਬਾ ਰਾਮ ਸਿੰਘ ਦੁਆਰਾ ਸ਼ੁਰੂ ਕੀਤਾ ਨਾ-ਮਿਲਵਰਤਣ ਉੱਚ ਕੋਟੀ ਦਾ ਅੰਦੋਲਨ ਸੀ ਕਿਉਂਕਿ ਉਨ੍ਹਾਂ ਨੇ ਜਿਥੇ ਨਾ-ਮਿਲਵਰਤਣ ਆਰੰਭ ਕੀਤੀ ਨਾਲ ਹੀ ਸਮਰੂਪ ਆਪਣਾ ਇਕ ਵੱਖਰਾ ਤੰਤਰ ਵੀ ਕਾਇਮ ਕੀਤਾ ਸੀ ਜਦੋਂ ਗਾਂਧੀ ਜੀ ਸਰਕਾਰੀ ਤੰਤਰ ਤੇ ਹੀ ਨਿਰਭਰ ਰਹੇ)।

ਸਿੱਖ ਵੀਹਵੀਂ ਸਦੀ ਦੇ ਆਰੰਭ ਵਿੱਚ ਹੀ ਗੁਰਦੁਆਰਾ ਸੁਧਾਰ ਲਹਿਰ ਦੇ ਰੂਪ ਵਿੱਚ ਅੰਦੋਲਨ ਆਰੰਭ ਕਰ ਚੁੱਕੇ ਸਨ ਅਤੇ ਦੂਸਰੇ ਪਾਸੇ ਵਿਦੇਸ਼ਾਂ ਵਿੱਚ (ਅਮਰੀਕਾ ਅਤੇ ਕਨੇਡਾ) ਵੀ ਸਿੱਖਾਂ ਨੇ ਗ਼ਦਰਪਾਰਟੀ ਦੀ ਅਗਵਾਈ ਹੇਠ ਸੰਘਰਸ਼ ਵਿੱਢ ਦਿੱਤਾ ਸੀ। ਗਾਂਧੀ ਸਭ ਤੋਂ ਪਹਿਲਾਂ ਸਿੱਖਾਂ ਨੂੰ ਆਪਣੀ ਨੀਤੀ ਦੇ ਖੰਭਾਂ ਹੇਠ ਲੈਣਾ ਚਾਹੁੰਦਾ ਸੀ, ਭੋਲੇ-ਭਾਲੇ ਸਿੱਖ ਲੀਡਰ ਉਸ ਦੀ ਕੂਟਨੀਤਕ ਚਾਲ ਸਮਝ ਨਾ ਸਕੇ। ਬੇਸ਼ਕ ਕਿ ਗੁ: ਸੁਧਾਰ ਲਹਿਰ ਗਾਂਧੀ ਦੇ ਦਿਮਾਗ਼ ਦੀ ਉਪਜ ਨਹੀਂ ਸੀ ਪਰੰਤੂ ਗਾਂਧੀ ਇਸ ਲਹਿਰ ਨਾਲ ਹਮਦਰਦੀ ਦਿਖਾ ਸਿੱਖਾਂ ਨੂੰ ਆਪਣੇ ਨਾ-ਮਿਲਵਰਤਣ ਅੰਦੋਲਨ (ਭਾਵ ਕਿ ਅੰਗਰੇਜ਼ ਦੀ ਗ਼ੁਲਾਮੀ ਤੋਂ ਬਿਪਰਵਾਦ ਦੀ ਗੁਲਾਮੀ) ਨਾਲ ਜੋੜਨਾ ਚਾਹੁੰਦਾ ਸੀ ਇਹ ਉਸ ਦੀ ਰਾਜਨੀਤਕ ਜਾਦੂਗਰੀ ਸੀ। ਗੁਰਦੁਆਰਾ ਸੁਧਾਰ ਲਹਿਰ ਸਮੇਂ ਜਿਉਂ-ਜਿਉਂ ਹੀ ਉਸਦਾ ਸੰਬੰਧ ਸਿੱਖ ਲੀਡਰਾਂ ਨਾਲ ਬਣਿਆ 'ਸਿੱਖ ਲੀਡਰਾਂ' ਦੀ ਮਿਹਰਬਾਨੀ ਸਦਕਾ ਗੁ: ਸੁਧਾਰ ਲਹਿਰ ਉਸਦੀਆਂ ਨੀਤੀਆਂ ਤੇ ਹੀ ਚੱਲਣ ਲੱਗੀ। ਇਥੋਂ ਤੱਕ ਕਿ ਗੁਰਦੁਆਰਾ ਸੁਧਾਰ ਲਹਿਰ ਵਿੱਚ ਸਿੱਖ ਅਹਿੰਸਕਾਂ ਵਲੋਂ ਚੁੱਕੀ ਜਾਂਦੀ ਸਹੁੰ ਵੀ ਉਸ ਦੇ ਦਿਮਾਗ਼ ਦੀ ਉਪਜ ਸੀ। ਨਨਕਾਣਾ ਸਾਹਿਬ ਦੇ ਸਾਕੇ ਨੂੰ ਗਾਂਧੀ ਨੇ ਸਿੱਖਾਂ ਨੂੰ ਆਪਣੇ ਖੰਭਾਂ ਹੇਠ ਲੈਣ ਲਈ ਵਧੀਆ ਅਵਸਰ ਦੇ ਤੌਰ ਤੇ ਚੁਣਿਆ। ਇਸ ਮਕਸਦ ਵਿੱਚ ਉਹ ਕਾਮਯਾਬ ਵੀ ਹੋਇਆ ਅਤੇ ਸਾਕਾ ਨਨਕਾਣਾ ਸਾਹਿਬ ਉਸ ਨੂੰ ਸਤਿਆਗ੍ਰਹਿ ਅਤੇ ਅਹਿੰਸਾਵਾਦੀ ਅੰਦੋਲਨ ਦੀ ਪ੍ਰਯੋਗਸ਼ਾਲਾ ਹੀ ਨਜ਼ਰ ਆਇਆ। ਉਸ ਦੀ ਕੂਟਨੀਤੀ ਨਾ ਸਮਝਦੇ ਹੋਏ ਸਿੱਖ ਲੀਡਰ ਉਸ ਵੱਲ ਖਿੱਚੇ ਗਏ। ਉਹ ਸਮਝਦੇ ਸਨ ਗਾਂਧੀ ਗੁਰਦੁਆਰਾ ਸੁਧਾਰ ਲਹਿਰ ਵਿੱਚ ਉਨ੍ਹਾਂ ਦਾ ਪੂਰਾ ਸਾਥ ਦੇ ਰਿਹਾ ਹੈ, ਪ੍ਰੰਤੂ ਗਾਂਧੀ ਉਨ੍ਹਾਂ ਨੂੰ ਨਾ-ਮਿਲਵਰਤਣ ਅੰਦੋਲਨ ਲਈ ਵਰਤ ਰਿਹਾ ਸੀ ਕਿਉਂ ਅੰਗਰੇਜ਼ ਗੁਣਵਤਾ ਦੇ ਅਧਾਰ ਤੇ ਸਿੱਖਾਂ ਦੀ ਬੜੀ ਕਦਰ ਕਰਦੇ ਸਨ। ਬਹਾਦਰੀ ਦੇ ਸਦਕਾ ਹੀ ਅੰਗਰੇਜ਼ਾਂ ਨੇ ਸਿੱਖਾਂ ਨੂੰ ਫ਼ੌਜ ਅੰਦਰ ਵਿਸ਼ੇਸ਼ ਜਗ੍ਹਾ ਦਿੱਤੀ ਹੋਈ ਸੀ। ਸਿੱਖਾਂ ਦੀਆਂ ਧਾਰਮਿਕ ਪਰੰਪਰਾਵਾਂ ਦੀ ਅੰਗਰੇਜ਼ ਪੂਰੀ ਕਦਰ ਕਰਦੇ ਸਨ ਇਥੋਂ ਤੱਕ ਕਿ ਸਿੱਖਾਂ ਦੀ ਵੱਖਰੀ ਹੋਂਦ ਨੂੰ ਸਮਰਪਿਤ ਸਿੰਘ ਸਭਾ ਲਹਿਰ ਨੂੰ ਅੰਗਰੇਜ਼ਾਂ ਯੋਗ ਸਹਿਯੋਗ ਦਿੱਤਾ। ਸਿੱਖਾਂ ਦੀ ਬਹਾਦਰੀ ਦਾ ਹੀ ਨਤੀਜਾ ਸੀ ਕਿ ਆਬਾਦੀ ਪੱਖੋਂ 1.5% ਹੁੰਦੇ ਹੋਏ

ਵੀ ਸਿੱਖਾਂ ਦੀ ਫ਼ੌਜ ਵਿੱਚ ਭਰਤੀ ਦਾ ਅਨੁਪਾਤ 30% ਸੀ। ਗਾਂਧੀ ਸਿੱਖਾਂ ਅਤੇ ਅੰਗਰੇਜ਼ਾਂ ਦੇ ਮਿਲਵਰਤਣ ਨੂੰ ਤੋੜਨਾ ਚਾਹੁੰਦਾ ਸੀ। ਸੋ ਗਾਂਧੀ ਨੇ ਹੌਲੀ ਹੌਲੀ ਸਿੱਖਾਂ ਨੂੰ ਨਾ-ਮਿਲਵਰਤਣ ਅੰਦੋਲਨ ਵਿੱਚ ਸ਼ਾਮਲ ਕਰਕੇ ਅੰਗਰੇਜ਼ਾਂ ਨਾਲੋਂ ਤੋੜ ਦਿੱਤਾ ਪ੍ਰੰਤੂ ਖ਼ੁਦ ਸਰਕਾਰ ਦਾ ਚਹੇਤਾ ਬਣਿਆ ਰਿਹਾ। ਡਾ: ਹਰਜਿੰਦਰ ਸਿੰਘ 'ਦਿਲਗੀਰ' ਇਸ ਬਾਰੇ ਲਿਖਦੇ ਹਨ :

'ਸਰਕਾਰ ਨਾਲ ਨਾ-ਮਿਲਵਰਤਣ ਕਰਨ ਦਾ ਮਤਾ ਪਾਸ ਕਰਾਉਣ ਲਈ ਸਿੱਖਾਂ ਨੂੰ ਉਕਸਾਉਣ ਵਿੱਚ ਗਾਂਧੀ ਸਭ ਤੋਂ ਅੱਗੇ ਸੀ। ਪਰ ਇਸ ਗਲਤ ਕਦਮ ਦਾ ਖਮਿਆਜ਼ਾ ਸਿੱਖਾਂ ਨੂੰ ਬਹੁਤ ਭੁਗਤਣਾ ਪਿਆ। ਇਸ ਦਿਨ ਤੋਂ ਲੈ ਕੇ 1947 ਈ: ਤੱਕ ਅੰਗਰੇਜ਼ਾਂ ਨੇ ਸਿੱਖਾਂ ਨਾਲ ਹਮੇਸ਼ਾ ਜ਼ਿਆਦਤੀ ਕੀਤੀ। ਦੂਜੇ ਪਾਸੇ ਮੁਸਲਮਾਨ ਆਗੂਆਂ ਨੇ ਅੰਗਰੇਜ਼ਾਂ ਨਾਲ ਮਿਲਵਰਤਣ ਬਣਾਈ ਰੱਖਿਆ ਅਤੇ ਹਰ ਮੌਕੇ ਦਾ ਫਾਇਦਾ ਉਠਾਇਆ।"

(ਸ਼੍ਰੋਮਣੀ ਅਕਾਲੀ ਦਲ ਪੰਨਾ-੭੦)[1]

ਸੋ ਗਾਂਧੀ ਦੇ ਢਹੇ ਚੜ੍ਹੇ ਸਿੱਖ ਲੀਡਰ ਅੰਗਰੇਜ਼ਾਂ ਨਾਲੋਂ ਮਿਲਵਰਤਣ ਛੱਡ ਕੇ ਕੌਮ ਵਾਸਤੇ ਕੋਈ ਸਹੀ ਸਮੇਂ ਦਾ ਸਹੀ ਫ਼ਾਇਦਾ ਨਾ ਉਠਾ ਸਕੇ।

ਅੰਗਰੇਜ਼ ਤਾਂ ਸਿੱਖਾਂ ਨੂੰ ਹਿੰਦੂ ਅਤੇ ਮੁਸਲਮਾਨਾਂ ਵਾਂਗ ਤੀਸਰੀ ਕੌਮ ਗਿਣਦੇ ਸਨ, ਇਥੋਂ ਤੱਕ ਕਿ ਅੰਗਰੇਜ਼ ਅਧਿਕਾਰੀ ਤਾਂ ਦਿਲੋਂ ਚਾਹੁੰਦੇ ਸਨ ਕਿ ਜੇਕਰ ਦੇਸ਼ ਦਾ ਬਟਵਾਰਾ ਹੋਣਾ ਹੀ ਹੈ ਤਾਂ ਹਿੰਦੂਆਂ ਦੇ ਭਾਰਤ ਅਤੇ ਮੁਸਲਮਾਨਾਂ ਦੇ ਪਾਕਿਸਤਾਨ ਵਿਚਕਾਰ ਸਿੱਖਾਂ ਦੀ ਵੀ ਇਕ ਅੱਡਰੀ ਸਿੱਖ ਸਟੇਟ ਕਾਇਮ ਹੋ ਜਾਵੇ, ਪਰੰਤੂ ਗਾਂਧੀ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਸਿੱਖ ਲੀਡਰ ਇਹ ਮੌਕਾ ਹੱਥੋਂ ਗਵਾ ਬੈਠੇ। ਸਿੱਖਾਂ ਦੀ ਇਸ ਦੁਰਦਸ਼ਾ ਬਾਰੇ ਅੰਗਰੇਜ਼ ਲੋਨਾਰਡ ਮੋਸਲੇ ਲਿਖਦਾ ਹੈ, "is there any such thing as a far-seeing sikh?[2] "ਅਰਥਾਤ" ਕੀ ਕੋਈ ਐਸੀ ਗੱਲ ਹੈ ਕਿ ਸਿੱਖ ਵੀ ਦੂਰ ਅੰਦੇਸ਼ ਹੋ ਸਕਦਾ ਹੈ?"

ਦਰਅਸਲ ਸਿੱਖ ਇਹ ਗੱਲ ਸਮਝਣ ਤੋਂ ਵੀ ਅਸਮਰਥ ਰਹੇ ਕਿ ਗਾਂਧੀ ਦੀ ਨੀਤੀ ਹੀ ਸਿੱਖਾਂ ਦੀ ਵੱਖਰੀ ਹੋਂਦ ਦਾ ਖਾਤਮਾ ਹੈ, ਜੇਕਰ ਡਾ: ਅੰਬੇਦਕਰ ਦੇ ਸਿੱਖ ਸੱਜਣ ਦੇ ਪੱਖ ਨੂੰ ਵੀ ਵੇਖਿਆ ਜਾਵੇ ਤਾਂ ਗਾਂਧੀ ਦੀ ਸਿੱਖਾਂ ਪ੍ਰਤੀ ਨੀਤੀ ਨੂੰ ਸਮਝਣ ਵਿੱਚ ਕਾਫ਼ੀ ਸਹਾਇਕ ਹੈ। ਸਿੱਖ ਧਰਮ ਧਾਰਨ ਕਰਨ ਦੀ ਇੱਛਾ ਜ਼ਾਹਰ ਕਰਦਿਆਂ ਡਾ: ਅੰਬੇਦਕਰ ਨੇ ਕਿਹਾ, "ਜੇਕਰ ਨੀਵੀਆਂ ਜ਼ਾਤੀਆਂ ਸਿੱਖ ਸੱਜ ਜਾਣ ਤਾਂ ਉਹ ਦੇਸ਼ ਦੀ ਕਿਸਮਤ ਵਿਗਾੜਨ ਦੀ ਜਗ੍ਹਾ ਕਿਸਮਤ ਬਨਾਉਣ ਵਿੱਚ ਸਹਾਈ ਹੋਣਗੇ।.......ਸੋ ਇਹ ਦੇਸ਼ ਦੇ ਹਿੱਤ ਵਿੱਚ ਹੈ ਕਿ ਜੇਕਰ ਨੀਵੀਆਂ ਸ਼੍ਰੇਣੀਆਂ ਨੇ ਧਰਮ ਬਦਲਣਾ ਹੀ ਹੈ ਤਾਂ ਉਨ੍ਹਾਂ ਨੂੰ ਸਿੱਖ ਧਰਮ ਵਿੱਚ ਹੀ ਜਾਣਾ ਚਾਹੀਦਾ ਹੈ।

ਪਰੰਤੂ ਗਾਂਧੀ ਨੂੰ ਅਛੂਤਾਂ ਦਾ ਸਿੱਖ ਬਣ ਜਾਣਾ ਵੀ ਪਸੰਦ ਨਹੀਂ ਸੀ, ਸੋ ਉਸਨੇ ਇਸ ਧਰਮ ਪਰਿਵਰਤਨ ਦੀ ਨਿਖੇਧੀ ਕਰਦਿਆਂ ਕਿਹਾ, ਕਿ ਇਹ ਹਿੰਦੂਆਂ ਲਈ ਆਤਮ ਹੱਤਿਅਕ ਹੈ। ਗਾਂਧੀ ਨੇ ਆਪਣੇ ਵਿਸ਼ਵਾਸੀ ਸਾਥੀ ਗੋਬਿੰਦ ਵਲਭ ਪੰਤ ਰਾਹੀਂ ਇਸ ਤਜਵੀਜ਼ ਨੂੰ ਰੋਕਣ ਲਈ ਅਛੂਤਾਂ ਨੂੰ ਧਮਕੀ ਦਿੱਤੀ ਕਿ ਹਰੀਜਨ ਐਸਾ ਕਿਸੇ ਹਾਲਤ ਵਿੱਚ ਨਹੀਂ ਕਰ ਸਕਦੇ। ਗਾਂਧੀ ਨੇ

ਪੰਡਤ ਮਦਨ ਮੋਹਨ ਮਾਲਵੀਆ (ਜੋ ਕਿ ਗਵਰਨਰ ਜਨਰਲ ਦੀ ਕੈਬਨਿਟ ਦਾ ਮੈਂਬਰ ਸੀ) ਰਾਹੀਂ ਸਰਕਾਰ ਤੇ ਜ਼ੋਰ ਪਾਇਆ ਕਿ ਅਛੂਤਾਂ ਨੂੰ ਵਿਸ਼ੇਸ਼ ਹਕੂਕ ਦਿੱਤੇ ਜਾਣ ਅਤੇ ਉਸਨੇ ਮਰਨ ਵਰਤ ਵੀ ਰੱਖ ਦਿੱਤਾ। ਇਕ ਹੋਰ ਚਾਲ ਖੇਡਦਿਆਂ ਗਾਂਧੀ ਨੇ ਅਛੂਤਾਂ ਨੂੰ ਧਮਕੀ ਦਾ ਸੰਕੇਤ ਵੀ ਦਿੱਤਾ ਕਿ ਜੇਕਰ ਉਨ੍ਹਾਂ ਸਿੱਖ ਧਰਮ ਧਾਰਨ ਕੀਤਾ ਤਾਂ ਪੂਨਾ ਸੰਧੀ ਅਧੀਨ ਦਿੱਤੀਆਂ ਖਾਸ ਰਿਆਇਤਾਂ ਉਨ੍ਹਾਂ ਤੋਂ ਵਾਪਸ ਲੈ ਲਈਆਂ ਜਾਣਗੀਆਂ। ਡਾ: ਅੰਬੇਦਕਰ ਦੀ ਇਸ ਧਰਮ ਤਬਦੀਲੀ ਦੀ ਯੋਜਨਾ ਨੂੰ ਖਤਮ ਕਰਨ ਲਈ ਗਾਂਧੀ ਨੇ ਉਕਸਾ ਕੇ ਕਈ ਅੰਬੇਦਕਰ ਦੇ ਹਿਮਾਇਤੀ ਵੀ ਆਪਣੇ ਨਾਲ ਮਿਲਾ ਲਏ, ਸਿੱਟੇ ਵਜੋਂ ਅੰਬੇਦਕਰ ਦੀ ਸਿੱਖ ਧਰਮ ਧਾਰਨ ਕਰਨ ਦੀ ਖਾਹਿਸ਼ ਧਰੀ ਧਰਾਈ ਰਹਿ ਗਈ ਤੇ ਗਾਂਧੀ ਦੇ ਇਸ 'ਮਹਾਂਵਾਕ' ਤੋਂ ਵੀ ਸਿੱਖ ਲੀਡਰਸ਼ਿਪ ਗਾਂਧੀ ਦੀ ਸਿੱਖਾਂ ਪ੍ਰਤੀ ਈਰਖਾ ਵਾਦੀ ਸੋਚ ਦਾ ਅੰਦਾਜ਼ਾ ਨਾ ਲਗਾ ਸਕੀ ਕਿ:

"ਇਹ ਬਹੁਤ ਚੰਗਾ ਹੋਵੇਗਾ ਜੇਕਰ ਕਰੋੜਾਂ ਅਛੂਤ ਸਿੱਖ ਧਰਮ ਦੀ ਥਾਂ ਇਸਲਾਮ ਧਰਮ ਧਾਰਨ ਕਰ ਲੈਣ।"

*"ਜੋ ਜੀਅ ਹੋਵੈ ਸੋ ਉਗਵੈ"*

ਡਾ: ਅੰਬੇਦਕਰ ਦੇ ਸਿੱਖ ਨਾ ਸੱਜਣ ਦੇ ਇਸ ਸਾਰੇ ਘਟਨਾਕ੍ਰਮ ਵਿੱਚ ਸਿੱਖ ਆਗੂਆਂ ਨੂੰ ਬਿਲਕੁਲ ਦੋਸ਼ ਮੁਕਤ ਕਰਨਾ ਵੀ ਅਸਲੀਅਤ ਨੂੰ ਛੁਪਾਉਣ ਦਾ ਕਰਮ ਹੋਵੇਗਾ।

ਜੋ ਜੀਅ ਹੋਵੈ ਸੋ ਉਗਵੈ ਦੇ ਮਹਾਂਵਾਕ ਅਨੁਸਾਰ ਗਾਂਧੀ ਦੇ ਮੂੰਹੋਂ ਹੀ ਉਸ ਦੀ ਸਿੱਖਾਂ ਪ੍ਰਤੀ ਈਰਖਾਲੂ ਨੀਤੀ ਅਨੇਕਾਂ ਵਾਰ ਪ੍ਰਗਟ ਹੋਈ ਪ੍ਰੰਤੂ ਕੌਮੀ ਲੀਡਰਸ਼ਿਪ ਨੇ ਕੋਈ ਸਬਕ ਨਾ ਸਿੱਖਿਆ। ਜਦੋਂ ਭਾਰਤ ਦੇ ਝੰਡੇ ਦੀ ਤਿਆਰੀ ਹੋਈ ਤਾਂ ਸਿੱਖ ਧਰਮ ਦੀ ਪ੍ਰਤੀਨਿਧਤਾ ਵਖਾਉਂਦਾ ਕੋਈ ਰੰਗ ਨਾ ਸ਼ਾਮਲ ਕੀਤਾ ਗਿਆ ਕੇਵਲ ਹਿੰਦੂ ਧਰਮ ਅਤੇ ਇਸਲਾਮ ਦੀ ਪ੍ਰਤੀਨਿਧਤਾ ਕਰਦੇ ਰੰਗ (ਸਫੇਦ ਅਤੇ ਹਰਾ) ਸ਼ਾਮਲ ਕੀਤੇ ਗਏ। ਗਾਂਧੀ ਨੇ ਇਸ ਦਾ ਕਾਰਨ ਦਸਦਿਆਂ ਆਪਣੀ ਮਾਨਸਿਕਤਾ ਨੂੰ ਸਪੱਸ਼ਟ ਰੂਪ ਵਿੱਚ ਪ੍ਰਗਟ ਕੀਤਾ ਕਿ ਸਿੱਖ ਤਾਂ ਹਿੰਦੂ ਹੀ ਹਨ, ਇਨ੍ਹਾਂ ਦਾ ਵੱਖਰਾ ਰੰਗ ਕਿਉਂ? ਅਖੀਰ ਜਦੋਂ ਸਿੱਖਾਂ ਦੀ ਲੀਡਰਸ਼ਿਪ ਨੇ ਇਸ ਦੇ ਖਿਲਾਫ਼ ਵੀ ਸੰਘਰਸ਼ ਆਰੰਭ ਕਰ ਦਿੱਤਾ ਤਾਂ ਕੇਸਰੀ ਰੰਗ ਝੰਡੇ ਵਿੱਚ ਸ਼ਾਮਲ ਕੀਤਾ ਗਿਆ। (ਬੇਸ਼ਕ ਕਿ ਸਿੰਘਾਂ ਦੇ ਨਿਸ਼ਾਨ ਦਾ ਰੰਗ ਸੁਰਮਈ ਜਾਂ ਬਸੰਤੀ ਹੁੰਦਾ ਹੈ ਨਾਕਿ ਭਗਵਾ (ਕੇਸਰੀ) ਜੋ ਕਿ ਹੁਣ ਝੰਡੇ ਦਾ ਅੰਗ ਹੈ)[3]

ਗਾਂਧੀ ਨੇ ਸਿੱਖਾਂ ਪ੍ਰਤੀ ਹਮੇਸ਼ਾ ਹੀ ਦੋ-ਮੂੰਹੀ ਨੀਤੀ ਅਪਨਾਈ ਰੱਖੀ, ਜੇਕਰ ਲੋੜ ਪਈ ਤਾਂ ਕੁੱਟ ਖਾਣ ਲਈ ਸਿੱਖ ਮੰਗਵਾ ਲਏ (ਲੂਣ ਦੇ ਅੰਦੋਲਣ ਵਿੱਚ ਜਦੋਂ ਮਰਹੱਟੇ ਕੁੱਟ ਖਾ ਕੇ ਭੱਜ ਗਏ ਤਾਂ ਅੰਮ੍ਰਿਤਸਰ ਤੋਂ ਜਥੇਦਾਰ ਪ੍ਰਤਾਪ ਸਿੰਘ ਦੀ ਅਗਵਾਈ ਵਿਚ ਸਿੱਖਾਂ ਦਾ ਜਥਾ ਕੁੱਟ ਖਾਣ ਲਈ ਮੰਗਵਾਇਆ ਗਿਆ) ਪਰੰਤੂ ਜੇਕਰ ਸਿੱਖ ਜੁਝਾਰੂਆਂ ਹਥਿਆਰ ਉਠਾ ਲਏ ਤਾਂ ਗਾਂਧੀ ਅੰਗਰੇਜ਼ ਹਿੱਤੂ ਬਣ ਗਿਆ ਤੇ ਭਗਤ ਸਿੰਘ ਦਹਿਸ਼ਤ ਪਸੰਦ।[4]

ਜ਼ਿਕਰਯੋਗ ਹੈ ਕਿ ਇਰਵਨ ਸਮਝੌਤੇ ਦੇ ਦੌਰਾਨ ਵੀ ਭਗਤ ਸਿੰਘ ਨਾਲ ਗਾਂਧੀ ਨੇ ਧਰੋਹ ਕਮਾਇਆ। ਇਰਵਨ ਨਾਲ ਸਮਝੌਤੇ ਦੀ ਗੱਲਬਾਤ ਦੇ ਦੌਰਾਨ ਗਾਂਧੀ ਨੇ ਭਗਤ ਸਿੰਘ ਅਤੇ

ਉਸਦੇ ਸਾਥੀਆਂ ਨੂੰ ਬਚਾਉਣ ਲਈ ਕੋਈ ਉਪਾਅ ਕੀਤਾ ਵੀ ਗਿਆ ਜਾਂ ਨਹੀਂ ਪਰੰਤੂ ਉਸਦੇ ਬਚਾਅ ਦੇ ਯਤਨਾਂ ਬਾਰੇ ਗਾਂਧੀ ਦੀ ਧਿਰ ਵਲੋਂ ਅਨੇਕਾਂ ਤਰ੍ਹਾਂ ਪ੍ਰਚਾਰ ਕੀਤਾ ਗਿਆ ਕਿਉਂਕਿ ਇਹ 'ਮਹਾਤਮਾ ਜੀ' ਦੇ ਹਿੱਤ ਵਿੱਚ ਸੀ। ਪਰੰਤੂ ਜਦੋਂ ਮਨਮੰਥਨਨਾਥ ਗੁਪਤ ਨੇ 'ਨਵਨੀਤ' ਵਿੱਚ ਪ੍ਰਕਾਸ਼ਿਤ ਆਪਣੇ ਲੇਖ ਵਿੱਚ ਰਾਸ਼ਟਰੀ ਲੇਖਾਕਾਰ (ਗ੍ਰਹਿ ਵਿਭਾਗ) ਦੀਆਂ ਫਾਈਲਾਂ ਵਿੱਚੋਂ ਅਸਲ ਤੱਥ ਉਜਾਗਰ ਕੀਤੇ ਤਾਂ 'ਮੂਲੀ ਪੱਤਿਆਂ' ਦੀ ਪਛਾਣ ਹੋ ਗਈ ਜਿਵੇਂ ਕਿ ਲਾਰਡ ਇਰਵਨ ਨੇ ਆਪਣੇ ਰੋਜ਼ਨਾਮਚੇ ਵਿੱਚ ਲਿਖਿਆ ਹੈ :[5]

"ਦਿੱਲੀ ਵਿਚ ਜੋ ਸਮਝੌਤਾ ਹੋਇਆ ਹੈ ਉਸ ਤੋਂ ਅਲੱਗ ਅਤੇ ਅੰਤ ਵਿੱਚ ਮਿਸਟਰ ਗਾਂਧੀ ਨੇ ਭਗਤ ਸਿੰਘ ਦਾ ਉਲੇਖ ਕੀਤਾ, ਉਨ੍ਹਾਂ ਫਾਂਸੀ ਰੱਦ ਕਰਾਉਣ ਲਈ ਕੋਈ ਪੈਰਵੀ ਨਹੀਂ ਕੀਤੀ, ਪਰ ਇਸਦੇ ਨਾਲ ਹੀ ਉਨ੍ਹਾਂ ਨੇ ਵਰਤਮਾਨ ਪਰਿਸਥਿਤੀਆਂ ਵਿੱਚ ਫਾਂਸੀ ਨੂੰ ਰੱਦ ਕਰਨ ਦੇ ਵਿਸ਼ੇ ਬਾਰੇ ਕੁਝ ਵੀ ਨਹੀਂ ਕਿਹਾ।" (ਫਾਈਲ ਨੰ: 5-45/1631 :KW-2 ਗ੍ਰਹਿ ਵਿਭਾਗ) 20 ਮਾਰਚ ਨੂੰ (ਭਗਤ ਸਿੰਘ ਦੀ ਫਾਂਸੀ ਤੋਂ ਠੀਕ ਕੁਝ ਦਿਨ ਪਹਿਲਾਂ) ਗਾਂਧੀ ਵਾਇਸਰਾਏ ਦੇ ਗ੍ਰਹਿ ਵਿਭਾਗ ਦੇ ਮੈਂਬਰ ਹਾਵਰਟ ਐਮਰਸਨ ਨੂੰ ਮਿਲੇ। ਐਮਰਸਨ ਨੇ ਆਪਣੇ ਰੋਜ਼ਨਾਮਚੇ ਦੇ ਵਿੱਚ ਲਿਖਿਆ ਹੈ :

"ਮਿਸਟਰ ਗਾਂਧੀ ਦੀ ਇਸ ਮਾਮਲੇ (ਭਗਤ ਸਿੰਘ ਸੰਬੰਧੀ) ਵਿੱਚ ਅਧਿਕ ਦਿਲਚਸਪੀ ਨਹੀਂ ਪਤਾ ਚੱਲੀ। ਮੈਂ ਉਸਨੂੰ ਇਹ ਕਿਹਾ ਜੇਕਰ ਫਾਂਸੀ ਤੋਂ ਬਾਅਦ ਹਾਲਾਤ ਖਰਾਬ ਨਾ ਹੋਏ ਤਾਂ ਇਹ ਇਕ ਵੱਡੀ ਗੱਲ ਹੋਵੇਗੀ। ਮੈਂ ਉਨ੍ਹਾਂ ਨੂੰ ਕਿਹਾ ਕਿ ਕੁਝ ਕਰੋ ਤਾਂਕਿ ਅਗਲੇ ਦਿਨਾਂ ਵਿੱਚ ਇਕੱਤਰਤਾਵਾਂ ਨਾ ਹੋਣ ਅਤੇ ਗਰਮ ਤਕਰੀਰਾਂ ਨਾ ਹੋਣ। ਇਸ ਤੇ ਉਨ੍ਹਾਂ ਨੇ ਆਪਣੀ ਸਹਿਮਤੀ ਪ੍ਰਗਟ ਕੀਤੀ ਅਤੇ ਕਿਹਾ, "ਜੋ ਵੀ ਮੇਰੇ ਤੋਂ ਹੋ ਸਕਿਆ ਮੈਂ ਕਰਾਂਗਾ"।

(ਫਾਈਲ ਨੰ: 33-1/1631)[6]

ਸਿੱਖਾਂ ਪ੍ਰਤੀ ਗਾਂਧੀ ਦਾ ਨਜ਼ਰੀਆ ਏਨਾ ਪੱਖਪਾਤੀ ਸੀ ਕਿ ਮਾਰਚ 1931 ਈ: ਵਿੱਚ ਉਸ ਨੇ ਸੀਸ ਗੰਜ ਗੁਰਦੁਆਰੇ ਵਿੱਚ ਸਿੱਖਾਂ ਨੂੰ ਕਾਂਗਰਸ ਉਪਰ ਵਿਸ਼ਵਾਸ ਕਰਨ ਦੀ ਤਾਕੀਦ ਕਰਦਿਆਂ ਸਿੰਘਾਂ ਦੇ ਖ਼ਾਲਸਈ ਕਰਤਵ ਅਤੇ ਖ਼ਾਲਸਈ ਸ਼ਮਸ਼ੀਰ ਦੀ ਬਣਾਵਟੀ ਸ਼ਲਾਘਾ ਕਰਦਿਆਂ ਕਿਹਾ, "ਇਸ ਨਾਲ ਹੀ ਮੈਨੂੰ ਇਹ ਕਹਿਣ ਵਿੱਚ ਕੋਈ ਸੰਕੋਚ ਨਹੀਂ ਕਿ ਸਿੱਖ ਬਹਾਦਰ ਲੋਕ ਹਨ ਤੇ ਜੇ ਕਦੀ ਸਮਾਂ ਬਣ ਭੀ ਜਾਏ ਤਾਂ ਉਹ ਆਪਣੇ ਹੱਕਾਂ ਦੀ ਰਾਖੀ ਸ਼ਸ਼ਤਰ ਦੁਆਰਾ ਭੀ ਕਰ ਸਕਦੇ ਹਨ।" **(YOUNG INDIA 19 MARCH 1931)**

ਆਜ਼ਾਦੀ ਦੇ ਫੌਰਨ ਬਾਅਦ ਹੀ ਗਾਂਧੀ ਦਾ ਰਵੱਈਆ ਸਿੱਖਾਂ ਪ੍ਰਤੀ ਇੰਨਾ ਬਦਲ ਗਿਆ ਕਿ ਜਿਸ ਖ਼ਾਲਸਈ ਸ਼ਮਸ਼ੀਰ ਦੀਆਂ ਮੋਮੋਠੱਗਣੀਆਂ ਸਿਫਤਾਂ ਕਰਦਾ ਸੀ ਉਸ ਵਾਸਤੇ ਉਹ ਵਿਹੁ ਬਣ ਗਈ।

"ਜੇਕਰ ਸਿੱਖਾਂ ਨੇ ਆਪਣਾ ਨਾਮ ਰੌਸ਼ਨ ਰੱਖਣਾ ਹੈ ਤਾਂ ਉਹ ਘੱਟ ਗਿਣਤੀ ਹੁੰਦੇ ਹੋਏ ਵੀ ਆਪਣੇ ਅਜੋੜ ਜਾਂ ਬੇਮੇਲ ਹੌਸਲੇ ਅਤੇ ਠੀਕ ਵਿਚਾਰ ਰਾਹੀਂ ਰੱਖ ਸਕਦੇ ਹਨ। ਕਿਰਪਾਨ ਇਕ ਜੰਗਾਲਿਆ ਹੋਇਆ ਸ਼ਸਤਰ ਹੈ, ਇਸ ਦੀ ਥਾਂ ਲੈਣ ਵਾਲੀ ਰਹਿਤ ਅਤੇ ਪ੍ਰਭਾਵਸ਼ਾਲੀ ਸ਼ਕਤੀ

ਆਤਮਿਕ ਸ਼ਕਤੀ ਹੈ ਜੋ ਅਬਨਾਸ਼ੀ ਹੈ।"[7]

6 ਜਨਵਰੀ 1947 ਦੇ ਨੇੜੇ 'ਮਹਾਤਮਾ' ਗਾਂਧੀ ਨੇ ਬੰਗਾਲ ਦੇ ਲਾਗਲੇ ਪਿੰਡਾਂ ਦਾ ਦੌਰਾ ਕਰਦੇ ਕਿਹਾ:

"ਮੇਰੇ ਨਾਲ ਜਿਹੜੇ ਸਿੱਖ ਇਥੇ ਆਏ ਹਨ, ਇਹ ਇਥੇ ਕੋਈ ਦੰਗਾ ਫਸਾਦ ਨਹੀਂ ਕਰਨ ਆਏ। ਇਸ ਦਾ ਸਬੂਤ ਇਹ ਹੈ ਕਿ ਇਹ ਇਥੇ ਬਿਨਾਂ ਕਿਰਪਾਨ ਦੇ ਆਏ ਹਨ।"[8]

ਜ਼ਿਕਰ ਯੋਗ ਹੈ ਕਿ ਗਾਂਧੀ ਦੀਆਂ ਅਜਿਹੀਆਂ ਥੋਥੀਆਂ ਦਲੀਲਾਂ ਤੋਂ ਪ੍ਰਭਾਵਤ ਹੋ ਕੇ ਕਈ ਨਾਮਧਰੀਕ ਸਿੱਖਾਂ ਨੇ ਕਿਰਪਾਨਾਂ ਦਾ ਤਿਆਗ ਕਰ ਦਿੱਤਾ, ਤੇ ਗਾਂਧੀ ਉਨ੍ਹਾਂ ਨੂੰ (ਕ੍ਰਿਪਾਨਹੀਣਾਂ) ਨੂੰ ਲੋਕਾਂ ਸਾਹਮਣੇ ਪੇਸ਼ ਕਰਕੇ ਬੜਾ ਖੁਸ਼ ਹੁੰਦਾ। ਇਸ ਤਰ੍ਹਾਂ ਬੜੀ ਵਿਧੀਪੂਰਵਕ ਦਲੀਲਾਂ ਦੇ ਕੇ ਸਿੱਖਾਂ ਦੇ ਗੌਰਵ ਦੀ ਪ੍ਰਤੀਕ ਸ਼ਮਸ਼ੀਰ ਖਿਲਾਫ਼ ਸੰਘਰਸ਼ ਜਾਰੀ ਰੱਖਿਆ ਪਰ ਖ਼ਾਲਸਾ ਜੀ ਦੇ ਸਿਰ ਤੇ ਜੂੰ ਨਾ ਸਰਕੀ।

ਅਖੀਰ ਗਾਂਧੀ ਦਾ ਹੌਸਲਾ ਇੰਨਾ ਵਧ ਗਿਆ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਨੂੰ 'ਗੁੰਮਰਾਹ ਕਰਨ ਵਾਲਾ ਨੇਤਾ' ਕਹਿਣ ਲੱਗ ਪਿਆ।

ਦਰਅਸਲ ਗਾਂਧੀ ਨੇ ਬੜੀ ਵਿਧੀ ਪੂਰਵਕ ਸਿੱਖ ਵਿਚਾਰਧਾਰਾ ਵਿੱਚ ਘੁਸਪੈਠ ਕੀਤੀ। ਗਾਂਧੀ ਦੀਆਂ ਥੋਥੀਆਂ ਦਲੀਲਾਂ ਤੋਂ ਪ੍ਰਭਾਵਿਤ ਕੌਮੀ ਆਗੂ ਸ਼ਾਂਤਮਈ ਰੋਸਮੁਜ਼ਾਹਰੇ ਕਰਦੇ ਰਹੇ, ਡਾਂਗਾਂ ਖਾਂਦੇ ਰਹੇ ਅਤੇ ਜੇਲ੍ਹਾਂ ਕੱਟਦੇ ਰਹੇ ਜੋ ਕਿ ਸਿੱਖ ਵਿਚਾਰਧਾਰਾ ਦਾ ਹਿੱਸਾ ਹੀ ਨਹੀਂ ਜਦੋਂ ਕਿ ਗੁਰਮਤਿ ਦੀ ਅਟੱਲ ਧਾਰਨਾ ਹੈ,

ਜੇ ਜੀਵੈ ਪਤਿ ਲਥੀ ਜਾਇ॥
ਸਭੁ ਹਰਾਮੁ ਜੇਤਾ ਕਿਛੁ ਖਾਇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੪੨)

ਜੇਕਰ ਸਿੱਖਾਂ ਵਿੱਚ ਜੁਝਾਰੂਵਾਦ ਨੇ ਜਨਮ ਵੀ ਲਿਆ ਤਾਂ ਗਾਂਧੀ ਦੇ ਇਸ਼ਾਰੇ ਤੇ ਰਵਾਇਤੀ ਅਕਾਲੀ ਲੀਡਰਸ਼ਿਪ ਨੇ ਉਸ ਦੀ ਵਿਰੋਧਤਾ ਹੀ ਕੀਤੀ ਭਾਵੇਂ ਕਿ ਅਨੇਕਾਂ ਗੁਰਦੁਆਰਿਆਂ ਦਾ ਕਬਜਾ ਸਿੱਖਾਂ ਨੂੰ ਗਰਮਦਲੀਏ ਸਿੱਖ ਆਗੂਆਂ ਸਦਕਾ ਹੀ ਮਿਲ ਗਿਆ, ਕੋਈ ਖ਼ੂਨ ਨਾ ਡੋਹਲਣਾ ਪਿਆ ਤੇ ਨਾ ਕੁੱਟ ਖਾਣੀ ਪਈ। ਪਰੰਤੂ ਗਾਂਧੀ ਦੇ ਅੜਿੱਕੇ ਚੜ੍ਹੇ ਅਕਾਲੀ ਆਗੂਆਂ ਨੇ ਬੜੀ ਵਿਧੀ ਪੂਰਵਕ ਗਰਮਦਲੀਆਂ (ਬੱਬਰ ਅਕਾਲੀਆਂ) ਖਿਲਾਫ਼ ਪ੍ਰਚਾਰ ਕੀਤਾ। ਅਕਾਲੀ ਦਲ ਦੇ ਬੁਲਾਰੇ 'ਅਕਾਲੀ ਅਤੇ ਪ੍ਰਦੇਸੀ' ਨੇ ਆਪਣੇ 9 ਮਾਰਚ 1925 ਦੇ ਐਡੀਟੋਰੀਅਲ ਵਿੱਚ ਭਾਵੇਂ ਬੱਬਰਾਂ ਨਾਲ ਹਮਦਰਦੀ ਦਾ ਇਜ਼ਹਾਰ ਵੀ ਕੀਤਾ ਪਰ ਇਹ ਵੀ ਸ਼ਰੇਆਮ ਆਖਿਆ ਕਿ ਅਕਾਲੀ ਦਲ 'ਤਸ਼ੱਦਦ ਦੇ ਤਰੀਕੇ' ਨੂੰ ਰੱਦ ਕਰਦਾ ਹੈ ਅਤੇ ਸਿਰਫ਼ ਪੁਰਅਮਨ ਜਦੋਜਹਿਦ ਦਾ ਹਿਮਾਇਤੀ ਹੈ। ਅਕਾਲੀ ਬੁਲਾਰੇ ਨੇ ਇਹ ਵੀ ਆਖਿਆ ਕਿ ਬੱਬਰ ਅਕਾਲੀਆਂ ਨੇ ਹਥਿਆਰ ਚੁਕ ਕੇ ਬੜੀ ਭਾਰੀ ਗ਼ਲਤੀ ਕੀਤੀ ਹੈ।

ਸੋ ਇਸ ਪਰਿਪੇਖ ਵਿੱਚ ਇਤਿਹਾਸ ਦੀ ਡੂੰਘੇਰੀ ਘੋਖ ਕੀਤੀ ਜਾਵੇ ਤਾਂ ਸਹਿਜੇ ਹੀ ਇਸ ਸਿੱਟੇ ਤੇ ਪਹੁੰਚਿਆ ਜਾ ਸਕਦਾ ਹੈ ਕਿ ਵੇਦਾਂ, ਸਿੰਮ੍ਰਤੀਆਂ ਵਰਗੇ ਬਿਪਰਵਾਦੀ ਸੋਮਿਆਂ ਵਿੱਚੋਂ ਉਪਜੀ ਅਖੌਤੀ ਉੱਚ ਜ਼ਾਤੀ ਹੰਕਾਰੀ ਬਿਪਰਸੋਚ ਦੀ ਤਲਵਾਰ ਦਾ ਵਾਰ ਜਿੰਨਾ ਸਿੱਖਾਂ ਵਾਸਤੇ ਘਾਤਕ ਹੈ ਬਿਲਕੁਲ ਓਨਾ ਹੀ ਅਖੌਤੀ ਅਛੂਤਾਂ ਵਾਸਤੇ।

*ਅਖੌਤੀ ਅਛੂਤਾਂ ਪ੍ਰਤੀ ਗਾਂਧੀ ਨੀਤੀ:-* ਦਰਅਸਲ ਜੇਕਰ ਡੂੰਘੇਰੀ ਘੋਖ ਕੀਤੀ ਜਾਵੇ ਤਾਂ ਬੇਸ਼ਕ ਗਾਂਧੀ ਨੇ ਵਿੰਖਾਵੇ ਵਜੋਂ ਤਾਂ ਅਛੂਤ ਹਿਮਾਇਤੀ ਹੋਣ ਦਾ ਕਪਟ ਭਰਿਆ ਵਿਖਾਵਾ ਕੀਤਾ ਹੋਇਆ ਪਰੰਤੂ ਉਸਦੀਆਂ ਨੀਤੀਆਂ ਦਲਿਤਾਂ ਨੂੰ ਜਾਤਵਰਨ ਅਨੁਸਾਰ ਘਟੀਆ ਦਰਜਾ ਦੇਣ ਤੱਕ ਹੀ ਸੀਮਤ ਸਨ ਇਸੇ ਕਰਕੇ ਡਾ: ਅੰਬੇਦਕਰ ਲਿਖਦੇ ਹਨ :

"ਜੇਕਰ ਅਜਿਹੇ ਆਦਮੀ ਨੂੰ, ਜਿਸ ਦੇ ਬਗਲ ਵਿੱਚ ਛੁਰੀ ਹੋਵੇ ਪਰ ਮੂੰਹ 'ਚ ਰਾਮ-ਰਾਮ ਹੋਵੇ, ਮਹਾਤਮਾ ਕਿਹਾ ਜਾ ਸਕਦਾ ਹੈ ਤਾਂ ਮੋਹਨ ਦਾਸ ਕਰਮ ਚੰਦ ਗਾਂਧੀ ਸੱਚ ਮੁੱਚ ਇਕ ਮਹਾਤਮਾ ਹੈ।"

"ਗਾਂਧੀ ਯੁਗ ਭਾਰਤ ਦਾ ਕਾਲਾ ਯੁਗ ਹੈ।"

"ਗਾਂਧੀ ਜੀ ਅਛੂਤਾਂ ਦੇ ਸਭ ਤੋਂ ਵੱਡੇ ਅਤੇ ਭੈੜੇ ਦੁਸ਼ਮਣ ਹਨ।"

"ਗਾਂਧੀ ਤਾਂ ਕਪਟੀ ਹੈ।"

ਅਛੂਤਾਂ ਪ੍ਰਤੀ ਗਾਂਧੀ ਦੇ ਇਸ ਨਕਾਰਾਤਮਕ ਰਵੱਈਏ ਦਾ ਕਾਰਨ ਵੀ ਇਹੀ ਹੈ ਕਿ ਗਾਂਧੀ ਨੇ ਹਰ ਵਰਤਾਰੇ ਨੂੰ ਹਿੰਦੂ ਧਰਮ ਦੀ ਦ੍ਰਿਸ਼ਟੀ ਤੋਂ ਵੇਖਦਾ ਸੀ। ਇਹ ਕੋਈ ਅਤਿਕਥਨੀ ਨਹੀਂ ਕਿ ਜਦੋਂ ਕਿਸੇ ਦਿਮਾਗ ਵਿੱਚ ਮੰਨੂ ਅਧਾਰਿਤ ਬਿਪਰਵਾਦ ਵੜ ਜਾਂਦਾ ਹੈ ਤਾਂ ਮਨੁੱਖ ਅੰਦਰ ਐਸਾ ਪ੍ਰਬਲ ਜ਼ਾਤੀ ਹੰਕਾਰ ਜਨਮ ਲੈਂਦਾ ਹੈ ਕਿ ਦੂਸਰੀਆਂ ਜ਼ਾਤਾਂ ਕੀੜੇ ਮਕੌੜੇ ਨਜ਼ਰ ਆਉਂਦੀਆਂ ਹਨ। ਗਾਂਧੀ ਦਾ ਰਵੱਈਆ ਵੀ ਪੂਰਨ ਹਿੰਦੂਵਾਦੀ ਸੀ। ਇਸੇ ਪਰਿਪੇਖ ਵਿੱਚ ਵਿਚਾਰੀਏ ਤਾਂ ਕਾਂਗਰਸ ਦਾ ਦੇਸ਼ ਆਜ਼ਾਦੀ ਸੰਘਰਸ਼ ਵੀ ਆਪ ਸਾਮਰਾਜ ਹੱਥ ਆਉਣ ਅਤੇ ਆਪਣੀ ਮਰਜ਼ੀ ਦਾ 'ਰਾਮਰਾਜ' ਸਥਾਪਤ ਕਰਨ ਤੱਕ ਹੀ ਸੀਮਤ ਸੀ। ਇਸੇ ਕਰਕੇ ਹੀ ਡਾ: ਆਰ.ਸੀ. ਮਜ਼ੂਮਦਾਰ ਲਿਖਦਾ ਹੈ ਕਿ :

"ਗਾਂਧੀ ਇਤਿਹਾਸ ਦੀ ਸ਼ਾਨਦਾਰ ਹਾਰ ਸੀ।"[9]

ਸਰ ਮਾਈਕਲ ਐਡਵਰਡ ਲਿਖਦੇ ਹਨ, "ਗਾਂਧੀ ਦੀ ਜੀਵਣੀ ਹਿੰਦੂ ਸੀ, ਉਸਦਾ ਸੁਨੇਹਾ ਹਿੰਦੂ, ਉਸ ਦੀ ਸੋਚ ਹਿੰਦੂ ਸੀ।" ਹਿੰਦੂ ਦਾ ਇਖਲਾਕ ਹਿੰਦੂ (ਨਿੱਜੀ) ਹੁੰਦਾ ਹੈ ਉਹ ਕੇਵਲ ਆਪਣੇ ਲਈ ਹੀ ਸੋਚਦਾ ਹੈ ਦੂਸਰਿਆਂ ਦਾ ਇਸ ਨੂੰ ਕੋਈ ਫ਼ਿਕਰ ਨਹੀਂ ਹੁੰਦਾ।

ਸੋ ਉਪਰੋਕਤ ਹਵਾਲਿਆਂ ਤੋਂ ਸਪੱਸ਼ਟ ਹੈ ਕਿ ਗਾਂਧੀ ਜੀ ਦੀ ਨਿੱਜ ਸੋਚ ਮੰਨੂਵਾਦੀ ਵਿਚਾਰਧਾਰਾ, ਬਿਪਰਵਾਦ ਅਤੇ ਸਿੰਮ੍ਰਤੀਆਂ ਆਦਿ ਤੋਂ ਉਪਜੀ ਨਿਰੋਲ ਹਿੰਦੂ ਸੋਚ ਹੀ ਸੀ ਜਿਸ ਵਿੱਚ ਸਿੱਖਾਂ, ਦਲਿਤਾਂ, ਅਤੇ ਘੱਟ ਗਿਣਤੀਆਂ ਲਈ ਕੋਈ ਥਾਂ ਨਹੀਂ ਸੀ।

ਦਰਅਸਲ ਗਾਂਧੀ ਜਿਸਨੂੰ ਭਾਰਤੀ ਰਾਜਨੀਤੀ ਦਾ ਜਾਦੂਗਰ ਵੀ ਕਿਹਾ ਜਾ ਸਕਦਾ ਹੈ ਕਿਉਂਕਿ ਗਾਂਧੀ ਭਲੀਭਾਂਤ ਜਾਣਦਾ ਸੀ ਕਿ ਅਛੂਤਪਨ ਨੂੰ ਮਿਟਾਉਣ ਲਈ ਸਦੀਆਂ ਤੋਂ ਸੈਂਕੜੇ ਗਾਂਧੀ ਤੇ ਉਸ ਤੋਂ ਪਹਿਲਾਂ ਵੀ ਅਨੇਕਾਂ ਸਮਾਜ ਸੁਧਾਰਕ ਕੇਵਲ ਜ਼ਬਾਨੀ ਹਮਦਰਦੀ ਵਿਖਾ ਕੇ ਵਿਖਾਵੇਪਣ ਦੇ ਯਤਨ ਕਰਦੇ ਰਹੇ ਅਤੇ ਅਛੂਤਾਂ ਲਈ ਆਪਣਾ ਬਨਾਵਟੀ ਦਇਆਭਾਵ ਵਿਖਾ ਕੇ ਉਨ੍ਹਾਂ ਤੋਂ ਆਦਰਮਾਣ ਪ੍ਰਾਪਤੀ ਦਾ ਯਤਨ ਕਰਦੇ ਸਨ। ਗਾਂਧੀ ਵੀ ਅਛੂਤਾਂ ਪ੍ਰਤੀ ਆਪਣਾ ਭਾਈਚਾਰਾ ਵਿਖਾਉਣ ਦਾ ਵਿਖਾਵਾ ਹੀ ਕਰਦਾ ਸੀ ਜਿਸ ਦਾ ਨਿਸ਼ਾਨਾ ਕੇਵਲ ਉਨ੍ਹਾਂ ਦਾ ਸਾਥ ਅਤੇ ਵੋਟ ਹੱਥ ਆਉਣਾ ਸੀ। ਗਾਂਧੀ ਅਛੂਤਪੁਣਾ ਖ਼ਤਮ ਕਰਨ ਦੇ ਹੱਕ ਵਿਚ ਨਹੀਂ ਸੀ ਕਿਉਂਕਿ ਉਹ ਜਨਮ ਅਧਾਰਿਤ ਜ਼ਾਤੀ ਬੰਧਨ ਦੇ ਖਿਆਲ ਦਾ ਧਾਰਨੀ ਸੀ ਨਾਕਿ ਕਰਮ ਅਧਾਰਿਤ। ਸਹੀ ਅਰਥਾਂ ਵਿੱਚ ਅਖੌਤੀ ਦਲਿਤਾਂ ਨੂੰ ਇਸ ਹਾਲਤ ਜੋ ਮੌਜੂਦਾ ਹੈ ਵਿਚ ਪਹੁੰਚਾਉਣ ਵਾਲੇ ਗਾਂਧੀ ਅਤੇ ਉਸ ਵਰਗੇ ਸਵਰਨ ਲੋਕ ਹੀ ਹਨ।

ਗਾਂਧੀ ਅਖੌਤੀ ਦਲਿਤਪੁਣਾ ਖਤਮ ਕਰਨ ਦੇ ਹੱਕ ਵਿੱਚ ਨਹੀਂ ਸੀ ਉਸ ਦਾ ਯਕੀਨ ਸੀ ਕਿ ਜ਼ਾਤ-ਪਾਤ ਟੁੱਟਣ ਨੇ ਹੀ ਹਿੰਦੂ ਸਮਾਜ ਨੂੰ ਬਚਾਇਆ ਹੋਇਆ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜਿਸ ਫਿਰਕੇ ਨੇ ਜ਼ਾਤ-ਪਾਤ ਨੂੰ ਜਥੇਬੰਦ (ਵੰਡੀਆਂ ਪਾ ਕੇ) ਪ੍ਰਚਾਰਿਤ ਕੀਤਾ ਇਹ ਉਸ ਦੇ ਜਥੇਬੰਦਕ ਢਾਂਚੇ ਸੰਬੰਧੀ ਮੁਹਾਰਤ ਦਾ ਹੀ ਸਿੱਟਾ ਸੀ। ਗਾਂਧੀ ਹਰ ਤਰੀਕੇ ਨਾਲ ਅਛੂਤਾਂ ਨੂੰ ਕੇਵਲ ਹਿੰਦੂ ਧਰਮ ਨਾਲ ਹੀ ਜੋੜ ਕੇ ਹੀ ਰੱਖਣਾ ਚਾਹੁੰਦਾ ਸੀ। ਗਾਂਧੀ ਦੇ ਆਪਣੇ ਮੂੰਹੋਂ ਨਿਕਲੇ 'ਮਹਾਵਾਕਾਂ' ਵਿੱਚ ਬੜੀ ਕੂਟਨੀਤੀ ਸੀ,

"ਕੀ ਅਛੂਤ ਹਮੇਸ਼ਾ ਅਛੂਤ ਹੀ ਬਣਿਆ ਰਹੇਗਾ? ਮੈਂ ਤਾਂ ਚਾਹੁੰਦਾ ਹਾਂ ਕਿ ਜੇਕਰ ਅਛੂਤਪਨ ਨੇ ਰਹਿਣਾ ਹੈ ਤਾਂ ਹਿੰਦੂ ਧਰਮ ਹੀ ਸਮਾਪਤ ਹੋ ਜਾਵੇ।

ਦਰਅਸਲ ਗਾਂਧੀ ਦੇ ਇਸ ਕਥਨ ਦੇ ਪਰਦੇ ਪਿੱਛੇ ਵੀ ਬੜਾ ਸੂਖਮ ਸਿਧਾਂਤ ਛਿਪਿਆ ਹੋਇਆ ਹੈ ਕਿ ਅਛੂਤਪਨ ਅਤੇ ਹਿੰਦੂਧਰਮ ਦਾ ਆਪਸ ਵਿੱਚ ਗੂੜਾ ਸੰਬੰਧ ਹੈ। ਅਛੂਤਾਂ ਨੂੰ ਹਿੰਦੂਧਰਮ ਨਾਲ ਜੋੜ ਰੱਖਣ ਵਿੱਚ ਉਸਦੀ ਦੁਰਭਾਵਨਾ ਅਤੇ ਮੰਨੂਵਾਦੀ ਪ੍ਰਵਿਰਤੀ ਹੀ ਛੁਪੀ ਹੋਈ ਸੀ ਕਿ ਅਛੂਤਾਂ ਦੇ ਹੋਰ ਧਰਮ ਧਾਰਨ ਕਰਨ ਨਾਲ ਮੰਨੂਵਾਦੀਆਂ ਨੂੰ ਸੇਵਕਵਰਗ ਕਿਥੋਂ ਮਿਲੇਗਾ? ਗਾਂਧੀ ਅਛੂਤਪਨ ਖ਼ਤਮ ਨਹੀਂ ਸੀ ਕਰਨਾ ਚਾਹੁੰਦਾ ਕੇਵਲ ਸੁਧਰੇ ਰੂਪ ਵਿੱਚ ਅਛੂਤ ਪੈਦਾ ਕਰਨਾ ਚਾਹੁੰਦਾ ਸੀ ਇਹ ਇਵੇਂ ਹੈ ਜਿਵੇਂ ਕਿਸੇ ਮਰੀਜ਼ ਦੀ ਬਿਮਾਰੀ ਦਾ ਇਲਾਜ ਤਾਂ ਨਾ ਕੀਤਾ ਜਾਵੇ ਪਰੰਤੂ ਵਧੀਆ ਬਸਤਰ ਪਹਿਨਾ ਦਿੱਤੇ ਜਾਣ। ਸੋ ਗਾਂਧੀ ਨੇ ਅਖੌਤੀ ਅਛੂਤਾਂ ਨੂੰ ਹਰਿਜਨ ਨਾਮ ਤਾਂ ਦੇ ਦਿੱਤਾ ਪਰੰਤੂ ਰੱਖਣ ਦੀ ਨੀਤੀ ਅਛੂਤਾਂ ਨੂੰ ਅਛੂਤ ਹੀ ਸੀ। ਗਾਂਧੀ ਨੇ ਇਸ ਢੋਂਗ ਨੂੰ ਅਮਲੀ ਜਾਮਾ ਪਹਿਨਾਉਣ ਲਈ ਸਤੰਬਰ 1932 ਈ: ਨੂੰ ਬੰਬਈ ਵਿੱਚ 'ਹਰੀਜਨ ਸੇਵਕ ਸੰਘ' ਨਾਮ ਦੀ ਜਥੇਬੰਦੀ ਬਣਾਈ। ਇਕ ਬ੍ਰਾਹਮਣ ਮਦਨ ਮੋਹਨ ਮਾਲਵੀਆ ਨੇ ਇਸ ਦੀ ਪ੍ਰਧਾਨਗੀ ਕੀਤੀ ਤੇ ਪੂੰਜੀਪਤੀ ਜੀ.ਡੀ. ਬਿਰਲਾ ਇਸ ਦਾ ਪ੍ਰਧਾਨ ਬਣਾਇਆ ਗਿਆ। ਸਪੱਸ਼ਟ ਸ਼ਬਦਾਂ ਵਿੱਚ ਕਹਿ ਸਕਦੇ ਹਾਂ ਕਿ ਇਸ ਅਖੌਤੀ ਹਰਿਜਨ ਹਿਮਾਇਤੀ ਸੰਘ ਦੇ ਨੇਤਾ ਬ੍ਰਾਹਮਣਵਾਦੀ, ਪੂੰਜੀਪਤੀ ਅਤੇ ਮੰਨੂਵਾਦੀਏ ਸਨ ਜੋ ਕਿ ਮੂਲੋਂ ਹੀ ਦਲਿਤ ਵਿਰੋਧੀ ਸਨ। ਗਾਂਧੀ ਨੇ ਇਸ ਸੰਘ ਦੇ ਨਾਮ ਹੇਠ ਕੋਈ

9 ਲੱਖ ਦੇ ਕਰੀਬ ਰੁਪਈਆ ਇਕੱਤਰ ਕੀਤਾ ਪਰੰਤੂ ਜਦੋਂ ਇਸ ਪੈਸੇ ਦੇ ਉਪਯੋਗ ਅਤੇ ਦਲਿਤਾਂ ਦੀ ਗੱਲ ਆਈ ਤਾਂ ਗਾਂਧੀ ਨੇ ਕਿਹਾ:

"ਮੈਂ ਹਰੀਜਨ ਸੇਵਕ ਸੰਤਾਂ ਦੀ ਇਕੱਤਰ ਕੀਤੀ ਰਾਸ਼ੀ ਦਾ ਕੰਟਰੋਲਰ ਡਾ: ਅੰਬੇਦਕਰ ਨੂੰ ਨਹੀਂ ਬਣਾ ਸਕਦਾ।"

(ਗਾਂਧੀ ਦੇ ਇਸ ਕਥਨ ਪਿੱਛੇ ਛੁਪਿਆ ਸੱਚ ਪਾਠਕ ਭਲੀਭਾਂਤ ਸਮਝ ਸਕਦੇ ਹਨ)

ਹੋਰ ਵੀ ਅਨੇਕਾਂ ਉਦਾਹਰਨਾਂ ਹਨ— ਜਿਥੋਂ ਪਤਾ ਲੱਗਦਾ ਹੈ ਕਿ ਗਾਂਧੀ ਦੀ ਅਛੂਤਾਂ ਪ੍ਰਤੀ ਨੀਤੀ ਕਿੰਨੀ ਦੀਰਖਾਲੂ ਸੀ। ਜਦੋਂ 19 ਸਤੰਬਰ 1932 ਨੂੰ ਪੂਨਾ ਵਿਖੇ ਗਾਂਧੀ ਨੇ ਅਛੂਤਾਂ ਦੇ ਅਧਿਕਾਰਾਂ ਵਿਰੁੱਧ ਮਰਨ ਵਰਤ ਰੱਖਿਆ ਤਾਂ ਡਾ: ਅੰਬੇਦਕਰ ਨੇ ਖਿਆਲ ਪ੍ਰਗਟ ਕੀਤਾ:

"ਜੇਕਰ ਗਾਂਧੀ ਜੀ ਭਾਰਤ ਦੀ ਆਜ਼ਾਦੀ ਵਾਸਤੇ ਮਰਨ ਵਰਤ ਰੱਖਦੇ ਤਾਂ ਉਹ ਹੱਕੀ ਸੀ। ਪਰ ਇਹ ਦੁਖਦਾਈ ਹੈਰਾਨੀ ਹੈ ਕਿ ਗਾਂਧੀ ਜੀ ਨੇ ਇਕੱਲੇ ਅਛੂਤਾਂ ਨੂੰ ਹੀ ਆਪਣੇ ਵਿਰੋਧ ਲਈ ਚੁਣਿਆ।"

ਬੇਸ਼ਕ ਕਿ ਪੂੰਜੀਪਤੀਆਂ ਦੀ ਯੰਤਰਕਲਾ ਨੇ ਗਾਂਧੀ ਨੂੰ ਅਛੂਤਾਂ ਦਾ ਰਹਿਬਰ ਬਣਾ ਦਿੱਤਾ ਪਰ ਉਹ ਡਾ: ਅੰਬੇਦਕਰ ਅਨੁਸਾਰ ਦਲਿਤਾਂ ਦਾ ਨੰਬਰ ਇਕ ਦੁਸ਼ਮਣ ਸੀ।

ਗਾਂਧੀ ਕੂਟਨੀਤੀ ਦਾ ਏਨਾ ਜਾਦੂਗਰ ਸੀ ਕਿ ਜਦੋਂ ਬੰਬਈ ਸੂਬੇ ਦੇ ਅਛੂਤਾਂ ਨੇ 1929 ਈ: ਵਿੱਚ ਮੰਦਰਾਂ ਵਿੱਚ ਦਾਖਲ ਹੋਣ ਅਤੇ ਜਨਤਕ ਖੂਹਾਂ ਤੋਂ ਪਾਣੀ ਭਰਨ ਦਾ ਹੱਕ ਲੈਣ ਲਈ ਸਤਿਆਗ੍ਰਹਿ ਸ਼ੁਰੂ ਕੀਤਾ ਤਾਂ ਗਾਂਧੀ ਨੇ ਇਹ ਕਹਿ ਕੇ ਇਸ ਸਤਿਆਗ੍ਰਹਿ ਦਾ ਵਿਰੋਧ ਕੀਤਾ ਕਿ ਸਤਿਆਗ੍ਰਹਿ ਦੀ ਵਰਤੋਂ ਤਾਂ ਕੇਵਲ ਬਦੇਸ਼ੀਆਂ ਖਿਲਾਫ਼ ਹੀ ਕੀਤੀ ਜਾ ਸਕਦੀ ਹੈ, ਆਪਣੇ ਹੀ ਦੇਸ਼ ਦੇ ਵਾਸੀਆਂ ਖਿਲਾਫ਼ ਨਹੀਂ। 1635 ਈ: ਵਿੱਚ ਅਹਿਮਦਾਬਾਦ ਦੇ ਇਕ ਪਿੰਡ ਵਿੱਚ (ਪਿੰਡ ਦਾ ਨਾਮ ਕਵਿੱਥਾ ਸੀ) ਦੇ ਅਛੂਤਾਂ ਨੇ ਸਾਂਝੇ ਸਕੂਲ ਵਿੱਚ ਆਪਣੇ ਬੱਚੇ ਪੜ੍ਹਾਉਣ ਦਾ ਪ੍ਰੋਗ੍ਰਾਮ ਬਣਾਇਆ ਤਾਂ ਮੰਨੂਵਾਦੀ ਹਿੰਦੂਆਂ ਨੇ ਉਨ੍ਹਾਂ ਦਾ ਬਾਈਕਾਟ ਕਰ ਦਿੱਤਾ। ਗਾਂਧੀ ਨੇ ਮੰਨੂਵਾਦੀਆਂ ਦੀ ਖ਼ਿਲਾਫ਼ਤ ਕਰਨ ਦੀ ਜਗ੍ਹਾ ਦਲਿਤਾਂ ਨੂੰ ਇਹ ਸਲਾਹ ਦਿੱਤੀ ਕਿ ਉਹ ਪਿੰਡ ਛੱਡ ਕੇ ਕਿਸੇ ਹੋਰ ਜਗ੍ਹਾ ਚਲੇ ਜਾਣ। ਜਦੋਂ 1932 ਈ: ਵਿੱਚ ਗਵਰਨਰ ਜਨਰਲ ਨੇ ਅਛੂਤਾਂ ਦੇ ਹੱਕ ਵਿੱਚ ਮੰਦਰ ਪ੍ਰਵੇਸ਼ ਬਿੱਲ ਪੇਸ਼ ਕਰਨ ਦੀ ਆਗਿਆ ਦਿੱਤੀ ਤਾਂ ਗਾਂਧੀ ਜੀ ਦੀ ਕਾਂਗਰਸ ਨੇ ਇਸ ਦੀ ਡੱਟ ਕੇ ਵਿਰੋਧਤਾ ਕੀਤੀ ਕਿਉਂਕਿ ਮੰਨੂਵਾਦੀ ਹਿੰਦੂਆਂ ਦੀ ਨਾਰਾਜ਼ਗੀ ਸਹਿਣੀ ਬੜੀ ਔਖੀ ਸੀ।

ਗਾਂਧੀ ਇਤਨਾ ਚਾਤੁਰ ਦਿਮਾਗ ਸੀ ਕਿ ਡਾ: ਅੰਬੇਦਕਰ ਆਪਣੀ ਕ੍ਰਿਤ 'ਗਾਂਧੀ ਅਤੇ ਗਾਂਧੀਵਾਦ' ਵਿੱਚ ਲਿਖਦੇ ਹਨ:

"ਗੋਲਮੇਜ ਕਾਨਫਰੰਸ ਵਿੱਚ ਮੁਸਲਮਾਨਾਂ ਦੇ ਨੁਮਾਇੰਦਿਆਂ ਨਾਲ ਗਾਂਧੀ ਨੇ ਸੌਦਾ ਕੀਤਾ ਕਿ ਉਹ ਮੁਸਲਮਾਨਾਂ ਦੀਆਂ 14 ਮੰਗਾਂ ਦੀ ਹਮਾਇਤ ਤਾਂ ਕਰੇਗਾ ਜੇਕਰ ਮੁਸਲਮਾਨ ਵੀ ਅਛੂਤਾਂ ਦੀਆਂ ਮੰਗਾਂ ਦੀ ਵਿਰੋਧਤਾ ਕਰਨ। ਇਸ ਤਰ੍ਹਾਂ ਤਾਂ ਇਕ ਗੁੰਡਾ ਹੀ ਕਰ ਸਕਦਾ ਸੀ।"

ਸੰਨ 1941 ਈ: ਵਿੱਚ ਡਾ: ਐਨ.ਪੀ. ਖਰੇ ਮੁਖ ਮੰਤਰੀ ਸੀ ਤਾਂ ਉਸਨੇ ਇਕ ਅਛੂਤ ਵਿਧਾਨ ਸਭਾ ਮੈਂਬਰ ਅਗਨੀਭੋਜ ਨੂੰ ਵਜ਼ੀਰ ਬਣਾ ਲਿਆ ਪਰ ਵਾਰਧਾ ਵਿਖੇ ਕਾਂਗਰਸ ਨੇ ਵਿਰੋਧਤਾ ਕੀਤੀ। ਗਾਂਧੀ ਨੇ ਤਾਂ ਤਾੜਨਾ ਕੀਤੀ ਕਿ ਅਛੂਤਾਂ ਨੂੰ ਸਿਰੇ ਨਾ ਚੜ੍ਹਾਇਆ ਜਾਵੇ। ਨਤੀਜਾ ਇਹ ਨਿਕਲਿਆ ਕਿ ਉਸ ਅਛੂਤ ਨੂੰ ਮੰਤਰੀ ਮੰਡਲ ਵਿੱਚ ਨਾ ਲਿਆ ਗਿਆ।



ਫਿਰ 'ਅਛੂਤਹਾਮੀ' ਗਾਂਧੀ ਨੇ ਆਪਣੇ ਅਖ਼ਬਾਰਾਂ 'ਯੰਗ ਇੰਡੀਆ ਅਤੇ 'ਹਰੀਜਨ' ਵਿੱਚ ਧੂੰਆਂਧਾਰ ਪ੍ਰਚਾਰ ਕੀਤਾ ਕਿ ਬੰਬਈ ਸੂਬੇ ਵਿੱਚ ਮੰਦਰਾਂ ਨੂੰ ਹਰੀਜਨਾਂ ਦੇ ਦਾਖਲੇ ਲਈ ਖੋਹਲ ਦਿੱਤਾ ਗਿਆ ਹੈ। 17 ਅਗਸਤ 1939 ਨੂੰ ਸਰਕਾਰ ਨੇ ਦੱਸਿਆ ਕਿ ਹਰੀਜਨਾਂ ਦੇ ਦਾਖਲੇ ਵਾਸਤੇ 142 ਮੰਦਰ ਖੋਲ੍ਹ ਦਿੱਤੇ ਗਏ ਹਨ। ਜਦੋਂ ਦਲਿਤਾਂ ਨੇ ਇਸ ਦੀ ਪੜਤਾਲ ਕੀਤੀ ਤਾਂ 121 ਮੰਦਰ ਅਜਿਹੇ ਸਨ ਜੋ ਕੇਵਲ ਸੜਕਾਂ ਦੇ ਕੰਢਿਆਂ ਤੇ ਖੋਖਿਆਂ ਦੇ ਰੂਪ ਵਿੱਚ ਤਿਆਰ ਕੀਤੇ ਹੋਏ ਸਨ, ਇਨ੍ਹਾਂ ਵਿੱਚ ਅਜੇ ਤੱਕ ਕੋਈ ਵੀ ਪੂਜਾ ਵਾਸਤੇ ਨਹੀਂ ਸੀ ਆਇਆ। ਗੁਜਰਾਤ ਵਿੱਚ ਇੱਕ ਵੀ ਮੰਦਰ ਨਾ ਖੋਹਲਿਆ ਗਿਆ। ਡਾ: ਅੰਬੇਦਕਰ ਨੇ ਇਸ ਤੇ ਟਿੱਪਣੀ ਕਰਦਿਆਂ ਬੜਾ ਢੁਕਵਾਂ ਕਿਹਾ ਹੈ ਕਿ-

"ਜਿੰਨਾ ਚਿਰ ਪ੍ਰਮੁੱਖ ਮੰਦਰਾਂ ਦੇ ਪੁਜਾਰੀ ਅਛੂਤ ਨਹੀਂ ਬਣਦੇ ਉਦੋਂ ਤਕ ਦਾਖਲਾ ਮਿਲਣ ਦਾ ਵੀ ਕੋਈ ਲਾਭ ਨਹੀਂ।"

(ਬੇਸ਼ਕ ਕਿ ਮੰਨੂਵਾਦੀਆਂ ਦਾ ਇਹ ਵਿਤਕਰਾ ਦਲਿਤਾਂ ਨਾਲ ਅੱਜ ਤੱਕ ਵੀ ਉਸੇ ਤਰ੍ਹਾਂ ਜਾਰੀ ਹੈ)।

*ਬਾਕੀ ਹੋਰ ਭਾਰਤੀ ਲੀਡਰਾਂ ਦਾ ਸਰਦਾਰ ਗਾਂਧੀ:*-ਕੂਟਨੀਤੀ ਦੇ ਮਹਾਂਰਥੀ ਗਾਂਧੀ ਨੇ ਆਪਣੇ ਬਰਾਬਰ ਦੇ ਕੱਠ ਕਾਠ ਦੇ ਲੀਡਰਾਂ ਨੂੰ ਵੀ ਸਿੱਖ ਲੀਡਰਾਂ ਵਾਂਗ ਆਪਣੇ ਖੰਭਾਂ ਹੇਠ ਹੀ ਰੱਖਿਆ। ਬੇਸ਼ਕ ਕੁਝ ਮੁਦਿਆਂ ਉਪਰ ਪੰਡਤ ਨਹਿਰੂ ਉਸਦਾ ਹਮ ਖ਼ਿਆਲ ਨਹੀਂ ਸੀ, ਪਰੰਤੂ ਗਾਂਧੀ ਦਾ ਸਾਰੀ ਉਮਰ ਸਾਥ ਨਾ ਛੱਡ ਸੱਕਿਆ। ਸਿੱਖ ਲੀਡਰ ਤਾਂ ਆਪਣੇ ਭੋਲੇਪਨ ਸਦਕਾ ਗਾਂਧੀ ਮਾਇਆਜਾਲ ਦਾ ਸ਼ਿਕਾਰ ਬਣੇ ਪਰੰਤੂ ਡਾ: ਅੰਬੇਦਕਰ ਵਰਗੇ ਵੀ ਉਸਦੇ ਜਾਦੂਮਈ ਹਮਾਮ ਤੋਂ ਅਣਭਿਜ ਨਾ ਰਹਿ ਸਕੇ।

ਫਰਵਰੀ 1922 ਵਿੱਚ ਜਦੋਂ ਸਿਵਲ ਨਾ-ਫੁਰਮਾਨੀ ਲਹਿਰ ਪੂਰੇ ਜ਼ੋਰਾਂ ਉਤੇ ਸੀ ਅਤੇ ਅੰਗਰੇਜ਼ੀ ਸਾਮਰਾਜ ਤਕਰੀਬਨ ਪੂਰੀ ਤਰ੍ਹਾਂ ਸਹਿਮ ਚੁੱਕਾ ਸੀ। ਉਸ ਵੇਲੇ ਗਾਂਧੀ ਨੇ ਚੋਰਾ-ਚੋਰੀ ਦੇ ਵਾਕੇ ਦਾ ਬਹਾਨਾ ਬਣਾ ਕੇ ਇਸ ਚਲਦੀ ਲਹਿਰ ਦਾ ਲੱਕ ਤੋੜ ਦਿੱਤਾ। ਚਿਤਰੰਜਨ ਦਾਸ, ਮੋਤੀ ਲਾਲ ਨਹਿਰੂ ਆਦਿ ਲੀਡਰਾਂ ਨੇ ਗਾਂਧੀ ਦੀ ਇਸ ਕਾਹਲੀ ਦਾ ਵਿਰੋਧ ਵੀ ਕੀਤਾ ਪਰੰਤੂ ਸਫ਼ਲ ਨਾ ਹੋ ਸਕੇ ਅਤੇ ਸਫ਼ਲਤਾ ਨਾਲ ਚਲਦੀ ਇਹ ਲਹਿਰ ਦੱਬ ਗਈ। ਮਾਰਵਾੜੀ ਵਪਾਰੀ ਜੋ ਸਾਮਰਾਜ ਪੱਖੀ

ਸਨ ਅਤੇ ਗਾਂਧੀ ਦੇ ਨਜ਼ਦੀਕੀ ਸਨ ਨੇ ਆਪ ਬੜੀ ਨੀਤੀ ਨਾਲ ਸੁਭਾਸ ਚੰਦਰ ਬੋਸ ਨੂੰ ਜੇਲ੍ਹ ਅੰਦਰ ਬੰਦ ਕਰਕੇ ਗਾਂਧੀ-ਇਰਵਨ ਪੈਕਟ ਪਾਸ ਕਰਵਾ ਦਿੱਤਾ ਤੇ ਅੰਗਰੇਜ਼ ਸਾਮਰਾਜ ਦਾ ਸਾਹ ਸੌਖਾ ਹੋ ਗਿਆ। ਹੋਰ ਵੀ ਕਈ ਨੇਤਾ ਭਾਵੇਂ ਗਾਂਧੀ ਦੇ ਹਮਖ਼ਿਆਲੀ ਨਹੀਂ ਸਨ ਪਰੰਤੂ ਉਸਦੀ ਨੀਤੀ ਦੀ ਜਾਦੂਮਈ ਨਗਰੀ ਤੋਂ ਆਜ਼ਾਦ ਨਾ ਹੋ ਸਕੇ। ਜਿਥੇ ਅੰਗਰੇਜ਼ਾਂ ਖਿਲਾਫ਼ ਸਤਿਆਗ੍ਰਹਿ ਉਸਦਾ ਮਨ ਪਸੰਦ ਹਥਿਆਰ ਸੀ ਪਰ ਦੇਸ਼ ਵਾਸੀਆਂ ਖਿਲਾਫ਼ ਮਰਨਵਰਤ ਉਸਦਾ ਪਸੰਦੀ ਦਾ ਸ਼ਾਸਤਰ ਸੀ-

☞ਜੇਕਰ ਅਛੂਤਾਂ ਨੂੰ ਰਾਖਵਾਂ ਕਰਨ ਮਿਲੇ ਤਾਂ ਮਰਨ ਵਰਤ

☞ਜੇਕਰ ਅਛੂਤ ਕੋਈ ਹੋਰ ਧਰਮ ਧਾਰਨ ਕਰਨ ਤਾਂ ਮਰਨ ਵਰਤ

☞ਜੇਕਰ ਅਛੂਤਾਂ ਨੂੰ ਕੋਈ ਅਧਿਕਾਰ ਮਿਲੇ ਤਾਂ ਮਰਨ ਵਰਤ

☞ਜੇਕਰ ਗਰਮਦਲੀਏ ਕਿਸੇ ਅੰਗਰੇਜ਼ ਦਾ ਕਤਲ ਕਰ ਦੇਣ ਤਾਂ ਮਰਨ ਵਰਤ

ਗਾਂਧੀ ਦੀ ਇਸ ਮਰਨਵਰਤ ਦੀ ਨੀਤੀ ਅਤੇ ਸਫ਼ਲਤਾ ਬਾਰੇ ਆਰ.ਡੀ. ਸਿੰਘ ਲਿਖਦੇ ਹਨ ਕਿ ਕਿਸ ਤਰ੍ਹਾਂ ਉਸਨੇ ਡਾ ਅੰਬੇਦਕਰ ਨੂੰ ਵੀ ਆਪਣੇ ਮਾਇਆਜਾਲ ਵਿੱਚ ਫਸਾ ਲਿਆ, "ਗਾਂਧੀ ਜੀ ਨੇ ਹੋਰਾਂ ਦਾ ਤਾਂ ਰਾਖਵਾਂ ਕਰਨ ਸਵਿਕਾਰ ਕਰ ਲਿਆ, ਪਰੰਤੂ ਜਦੋਂ ਦਲਿਤਾਂ ਦੇ ਰਾਖਵਾਂ ਕਰਨ ਦੀ ਗੱਲ ਆਈ ਤਾਂ ਗਾਂਧੀ ਜੀ ਨੇ ਜੀ ਜਾਨ ਨਾਲ ਵਿਰੋਧ ਕੀਤਾ। ਮਰਨ ਵਰਤ ਸ਼ੁਰੂ ਕਰ ਦਿੱਤਾ। ਉਸ ਵੇਲੇ ਭਾਰਤ ਦੇ ਵੱਡੇ-ਵੱਡੇ ਨੇਤਾਵਾਂ ਨੇ ਡਾ: ਅੰਬੇਦਕਰ ਤੇ ਦਬਾਅ ਪਾ ਕੇ ਮਨਾਉਣ ਦਾ ਯਤਨ ਕੀਤਾ, ਅਖੀਰ ਡਾ. ਅੰਬੇਦਕਰ ਨੇ ਸੰਯੁਕਤ ਚੁਣਾਵ ਦੀ ਗੱਲ ਮੰਨ ਲਈ, ਗਾਂਧੀ ਜੀ ਦੀ ਤਾਂ ਪ੍ਰਾਣ ਰੱਖਿਆ ਹੋ ਗਈ ਪਰੰਤੂ ਦਇਆ ਦੇ ਸਾਗਰ ਅੰਬੇਦਕਰ ਨੇ ਸ਼ੰਬੂਕ ਸ੍ਰੇਣੀ ਅਤੇ ਏਕਲਵਿਆ ਦਾ ਅੰਗੂਠਾ ਕਟਵਾਉਣ ਵਾਲੇ ਦ੍ਰੋਣਾਚਾਰਿਆ ਦੇ ਆਚਰਣ ਨੂੰ ਵੀ ਨਜ਼ਰ ਅੰਦਾਜ਼ ਕਰ ਦਿੱਤਾ।"

(ਸਵਿੰਧਾਨ ਤੇ ਮੰਨੂਸਿੰਮਰਤੀ ਪੰਨਾ-12)[10]

ਪੰਡਿਤ ਜਵਾਹਰ ਲਾਲ ਨਹਿਰੂ ਦੇ ਪ੍ਰਧਾਨ ਮੰਤਰੀ ਬਣਨ ਦੇ ਪਿੱਛੇ ਗਾਂਧੀ ਦੀ ਦਲਿਤਾਂ ਪ੍ਰਤੀ ਨੀਤੀ ਦਾ ਖੁਲਾਸਾ ਕਰਦੇ ਆਰ. ਡੀ. ਸਿੰਘ ਲਿਖਦੇ ਹਨ:

"ਇਹ ਹੀ ਨਹੀਂ ਦਲਿਤ ਪ੍ਰੇਮ ਦਾ ਝੂਠਾ ਦਾਅਵਾ ਕਰਨ ਵਾਲੇ ਗਾਂਧੀ ਜੀ ਨੇ ਆਪਣੀ ਪ੍ਰਭਾਵਸ਼ਾਲੀ ਅਗਵਾਈ ਦਾ ਦੁਰਉਪਯੋਗ ਕਰਕੇ ਵਿਦਵਾਨਾਂ ਦੇ ਵਿਦਵਾਨ ਡਾ. ਅੰਬੇਦਕਰ (ਅਨੁਸੂਚਿਤ ਜ਼ਾਤੀ) ਅਤੇ ਸਰਦਾਰ ਵਲਭ ਭਾਈ ਪਟੇਲ (ਪੱਛੜੀ ਜ਼ਾਤੀ) ਨੂੰ ਪ੍ਰਚੰਡ ਬਹੁਮਤ ਹੋਣ ਦੇ ਬਾਵਜੂਦ ਵੀ ਪ੍ਰਧਾਨ ਮੰਤਰੀ ਨਹੀਂ ਬਣਾਇਆ, ਪਰੰਤੂ ਸਵਰਨ ਜ਼ਾਤੀ ਦੇ ਜਵਾਹ ਲਾਲ ਨਹਿਰੂ ਨੂੰ ਅਲਪਮੱਤ ਹੁੰਦਿਆਂ ਵੀ ਦੇਸ਼ ਦਾ ਪ੍ਰਧਾਨ ਮੰਤਰੀ ਬਣਾ ਦਿੱਤਾ ਜੋ ਕਿ ਸਵਤੰਤਰ ਭਾਰਤ ਲਈ ਗਾਂਧੀ ਦੁਆਰਾ ਕੀਤੀ ਗਈ ਪਰਜਾਤੰਤਰ ਦੀ ਹੱਤਿਆ ਹੈ। ਸਿੱਟੇ ਵੱਜੋਂ ਮੰਨੂ, ਸ਼ੰਕਰਾਚਾਰੀਆਂ ਅਤੇ ਤੁਲਸੀਦਾਸ ਦੀ ਤਰ੍ਹਾਂ ਗਾਂਧੀ ਨੇ ਸ਼ੂਦਰਾਂ ਅਤੇ ਅਛੂਤਾਂ ਨੂੰ ਬ੍ਰਾਹਮਣਵਾਦੀ ਸ਼ਾਸ਼ਨ ਅਧੀਨ ਕੈਦ ਕਰ ਦਿੱਤਾ।"

(ਸੰਵਿਧਾਨ ਤੇ ਮੰਨੂਸਿੰਮਰਤੀ ਪੰਨਾ, 20)[11]

ਸੋ ਇਹ ਗਾਂਧੀ ਦੀ ਨੀਤੀ ਦੇ ਜਾਦੂਮਈ ਜਾਲ ਦਾ ਸਿੱਟਾ ਹੀ ਸੀ ਕਿ ਕਈ ਨੇਤਾ ਵਿਰੋਧੀ ਹੁੰਦੇ ਹੋਏ ਵੀ ਉਸਦੇ ਮਾਇਆਜਾਲ ਵਿਚੋਂ ਨਿਕਲ ਨਾ ਸਕੇ, ਜਾਂ ਸ਼ਾਇਦ ਇਹ ਗਾਂਧੀ ਜੀ ਨਾਲ ਅੰਗਰੇਜ਼ਾਂ ਦੇ ਯਰਾਨੇ ਦਾ ਸਿੱਟਾ ਹੀ ਸੀ।

***ਅੰਗਰੇਜ਼ਾਂ ਪ੍ਰਤੀ ਗਾਂਧੀ ਜੀ ਦਾ ਵਿਹਾਰ:***-ਅੰਗਰੇਜ਼ਾਂ ਪ੍ਰਤੀ ਗਾਂਧੀ ਦੀ ਨੀਤੀ ਬੜੀ ਉਦਾਰਵਾਦੀ ਸੀ ਅਤੇ ਸਹੀ ਅਰਥਾਂ ਵਿੱਚ ਅੰਗਰੇਜ਼ਾਂ ਦਾ ਹਿਤੂ ਸੀ। ਜਦੋਂ ਪੰਜਾਬ ਵਿੱਚ 'ਪੱਗੜੀ ਸੰਭਾਲ ਜੱਟਾ' ਲਹਿਰ ਪੂਰੇ ਜੋਬਨ ਉਪਰ ਸੀ ਤਾਂ ਗਾਂਧੀ ਨੇ 1 ਜੂਨ 1907 ਦੇ INDAN OPINION ਵਿੱਚ ਲਿਖਿਆ ਕਿ, "ਅਸੀਂ ਅੰਗਰੇਜ਼ੀ ਸਾਮਰਾਜ ਖਤਮ ਕਰਕੇ ਘਾਟੇ ਵਿੱਚ ਰਹਾਂਗੇ। ਅੰਗਰੇਜ਼ ਬੜੀ ਸ਼ਕਤੀਸ਼ਾਲੀ ਕੌਮ ਹੈ ਅਤੇ ਭਾਰਤ ਮੌਜਾਂ ਮਾਣ ਰਿਹਾ ਹੈ। ਇਸ ਲਈ ਭਾਰਤ ਵਿਚੋਂ ਅੰਗਰੇਜ਼ੀ ਰਾਜ ਖਤਮ ਨਹੀਂ ਹੋਣਾ ਚਾਹੀਦਾ।"

ਬਾਲ ਗੰਗਾਧਰ ਦੇ ਸਵੈਰਾਜ ਦੇ ਵਿਚਾਰਾਂ ਨੂੰ ਰੱਦ ਕਰਦਿਆਂ ਗਾਂਧੀ ਨੇ ਕਿਹਾ, "ਬਾਲ ਗੰਗਾਧਰ ਤਿਲਕ ਦੇ ਵਿਚਾਰਾਂ ਨੂੰ ਰੱਦ ਕੀਤਾ ਜਾਵੇ, ਕਿਉਂਕਿ ਅੰਗਰੇਜ਼ੀ ਰਾਜ ਨੂੰ ਖਤਮ ਕਰਨਾ ਭਾਰਤ ਦੇ ਭਲੇ ਵਿੱਚ ਨਹੀਂ ਹੈ।" **(Indian Opinion 1-8-1908)**

ਜਦੋਂ 1905-06 ਵਿੱਚ ਦੱਖਣੀ ਅਫ਼ਰੀਕਾ ਵਿੱਚ ਗੋਰਿਆਂ ਵਿਰੁੱਧ ਬਗਾਵਤ ਹੋਈ ਤਾਂ ਗਾਂਧੀ ਨੇ ਫ਼ੌਜੀ ਵਲੰਟੀਅਰ ਭਰਤੀ ਕਰਨ ਲਈ ਬੇਨਤੀ ਕੀਤੀ। ਉਸਨੇ ਅੰਗਰੇਜ਼ ਸਰਕਾਰ ਨੂੰ ਲਿਖਿਆ, "ਮੈਨੂੰ ਭਰੋਸਾ ਹੈ ਕਿ ਬਰਤਾਨਵੀ ਸਾਮਰਾਜ ਸੰਸਾਰ ਦੇ ਲੋਕਾਂ ਦੇ ਭਲੇ ਲਈ ਪੈਦਾ ਹੋਇਆ ਹੈ। ਮੇਰੀ ਦਿਲੀ-ਖਾਹਿਸ਼ ਅਨੁਸਾਰ, ਇਕ ਵਫ਼ਾਦਾਰ ਹੁੰਦਿਆਂ ਮੈਂ ਬਰਤਾਨਵੀ ਸਲਤਨਤ ਦਾ ਬੁਰਾ ਨਹੀਂ ਚਾਹ ਸਕਦਾ।"

ਗਾਂਧੀ ਦੁਆਰਾ ਲੜਾਈ ਵਿੱਚ ਸਹਾਇਤਾ ਦੇਣ ਬਦਲੇ, ਅੰਗਰੇਜ਼ੀ ਸਰਕਾਰ ਨੇ 3 ਜੂਨ 1915 ਨੂੰ ਕੇਸਰਿ-ਹਿੰਦ ਦਾ ਸੋਨ ਤਮਗਾ ਦਿੱਤਾ ਤਾਂ ਗਾਂਧੀ ਨੇ ਉਸੇ ਵੇਲੇ ਕਿਹਾ, "ਇਸ ਲਈ ਹੀ ਮੈਂ ਅੰਗਰੇਜ਼ ਰਾਜ ਦੇ ਅਧੀਨ ਰਹਿਣਾ ਪਸੰਦ ਕਰਦਾ ਹਾਂ।" ਫ਼ਰਵਰੀ 1922 ਵਿੱਚ ਸਿਵਲ ਨਾ-ਫੁਰਮਾਨੀ ਲਹਿਰ ਪੂਰੀ ਚੜ੍ਹਤ ਵਿੱਚ ਸੀ ਜਦੋਂ ਗਾਂਧੀ ਨੇ ਬੜੀ ਕੂਟਲਬੁੱਧੀ ਨਾਲ ਇਸ ਲਹਿਰ ਦਾ ਲੱਕ ਤੋੜ ਦਿੱਤਾ।

ਜਦੋਂ ਪਹਿਲਾਂ ਵਿਸ਼ਵ ਯੁੱਧ ਸ਼ੁਰੂ ਹੋਇਆ ਤਾਂ ਗਾਂਧੀ ਦੱਖਣੀ ਅਫ਼ਰੀਕਾ ਤੋਂ ਲੰਡਨ ਪਹੁੰਚਿਆ। ਹੋਟਲ ਸੇਸਿਲ ਵਿੱਚ ਉਸਦਾ ਸ਼ਾਨਦਾਰ ਸਵਾਗਤ ਹੋਇਆ। ਉਸਨੇ ਭਾਰਤੀ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਇਸ ਸੰਕਟ ਦੀ ਘੜੀ ਵਿੱਚ ਅੰਗਰੇਜ਼ ਸਾਮਰਾਜ ਦਾ ਸਾਥ ਦੇਣ। ਉਸਨੇ ਆਪਣੇ ਅਤੇ ਹੋਰ ਭਾਰਤੀਆਂ ਦੇ ਦਸਤਖ਼ਤ ਕਰਵਾ ਕੇ ਇਕ ਪੱਤਰ ਭਾਰਤ ਮੰਤਰੀ ਨੂੰ ਭਿਜਵਾਇਆ, ਜਿਸ ਵਿੱਚ ਯੁੱਧ ਦੇ ਲਈ ਬਰਤਾਨਵੀ ਅਧਿਕਾਰੀਆਂ ਨੂੰ ਆਪਣੀਆਂ ਸੇਵਾਵਾਂ ਅਰਪਤ ਕੀਤੀਆਂ ਸਨ।

ਇਹ ਗੱਲ ਜੱਗ ਜ਼ਾਹਿਰ ਹੈ ਕਿ ਗਾਂਧੀ ਨੇ ਲੰਡਨ ਵਿੱਚ ਭਾਰਤੀਆਂ ਦੀ ਇਕ 'ਵਲੰਟੀਅਰ ਐਂਬੂਲੈਂਸ ਕੋਰ' ਸੰਗਠਿਤ ਕੀਤੀ। ਜਦੋਂ ਇਕ ਸੰਗਠਨ ਦੀ ਅਗਵਾਈ ਇਕ ਅੰਗਰੇਜ਼ ਨੇ ਆਪਣੇ

ਹੱਥਾਂ ਵਿੱਚ ਲੈ ਲਈ ਤਾਂ ਗਾਂਧੀ ਨੇ ਇਕ ਛੋਟਾ ਜਿਹਾ ਸਤਿਆਗ੍ਰਹਿ ਵੀ ਕੀਤਾ, ਜਿਸ ਨੂੰ ਗਾਂਧੀ ਖੁਦ ਖਿਡੌਣਾ ਸਤਿਆਗ੍ਰਹਿ ਕਹਿੰਦਾ ਹੈ।

ਦੂਸਰੇ ਸੰਸਾਰ ਯੁੱਧ ਦੌਰਾਨ ਜਦੋਂ ਇੰਗਲੈਂਡ ਨੇ 3-9-1939 ਨੂੰ ਜਰਮਨੀ ਖਿਲਾਫ਼ ਜੰਗ ਦਾ ਐਲਾਨ ਕਰ ਦਿੱਤਾ ਤਾਂ ਅਗਲੇ ਦਿਨ ਹੀ ਵਾਇਸਰਾਏ ਨੇ ਵੀ ਐਲਾਨ ਕਰ ਦਿੱਤਾ। ਭਾਰਤੀਆਂ ਨੇ ਰੋਲਟ ਐਕਟ ਆਦਿ ਕਾਰਨ ਬੁਰਾ ਮਨਾਇਆ ਪਰ ਅੰਗਰੇਜ਼ੀ ਸਾਮਰਾਜ ਦਾ ਪਿੱਠੂ ਗਾਂਧੀ ਸ਼ਿਮਲੇ ਦੌੜ ਪਿਆ ਅਤੇ ਲਾਰਡ ਲਿਨਲਿਥਗੋ ਨੂੰ ਮਿਲ ਕੇ ਅਖ਼ਬਾਰਾਂ ਵਿੱਚ ਬਿਆਨ ਦੇ ਦਿੱਤਾ ਕਿ ਭਾਵੇਂ ਮਤਭੇਦ ਹਨ ਪਰ ਇਸ ਔਖੀ ਘੜੀ ਵਿੱਚ ਹਿੰਦੁਸਤਾਨ ਬਰਤਾਨੀਆਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜਾ ਹੈ। ਮੈਂ ਭਾਰਤ ਦੀ ਆਜ਼ਾਦੀ ਬਾਰੇ ਅਜੇ ਨਹੀਂ ਸੋਚਦਾ, ਇਹ ਕਿਸ ਕੰਮ ਜੇ ਬਰਤਾਨੀਆ ਤੇ ਫਰਾਂਸ ਹਾਰ ਜਾਣ? (ਟਾਈਮਜ਼ 7-1-1939)

"ਜੋ ਵੀ ਸਹਾਇਤਾ ਬਰਤਾਨੀਆਂ ਨੂੰ ਦੇਣੀ ਹੈ, ਉਹ ਬਿਨਾਂ ਸ਼ਰਤ ਹੋਵੇਗੀ। ਅਸੀਂ ਬਰਤਾਨੀਆਂ ਦੀ ਸਾਰੀ ਬਰਬਾਦੀ ਕਰਵਾ ਕੇ ਆਜ਼ਾਦੀ ਨਹੀਂ ਚਾਹੁੰਦੇ।"

(ਟਾਈਮਜ਼ 14-9-39)

ਅੰਗਰੇਜ਼ੀ ਸਰਕਾਰ ਪ੍ਰਤੀ ਸੁਹਿਰਦਤਾ ਦਾ ਮੁਜ਼ਾਹਿਰਾ ਕਰਦਾ ਗਾਂਧੀ ਖ਼ੁਦ ਆਪਣੀ ਰਚਨਾ 'ਹਿੰਦ ਸਵਰਾਜ' ਵਿੱਚ ਲਿਖਦਾ ਹੈ:

"ਬ੍ਰਿਟਿਸ਼ ਰਾਜ ਤੰਤਰ ਦੇ ਪ੍ਰਤੀ ਜੋ ਮੋਹ ਉਸ ਵੇਲੇ ਮੇਰੇ ਮਨ ਵਿੱਚ ਉਸ ਸਮੇਂ ਸੀ, ਉਸ ਰਾਜਤੰਤਰ ਦੇ ਅਧੀਨ ਰਹਿ ਕੇ ਆਪਣੀ ਆਜ਼ਾਦੀ ਹਾਸਲ ਕਰ ਲੈਣ ਦੀ ਜੋ ਆਸ ਉਸ ਸਮੇਂ ਮੈਨੂੰ ਬੱਝੀ ਸੀ ਜੇਕਰ ਉਹ ਮੋਹ ਅਤੇ ਆਸ ਅੱਜ ਵੀ ਮੇਰੇ ਮਨ ਅੰਦਰ ਬਣੀ ਹੋਵੇ ਤਾਂ ਮੈਂ ਬਿਨਾਂ ਸ਼ੱਕ ਦੱਖਣੀ ਅਫਰੀਕਾ ਨੂੰ ਇਨ੍ਹਾਂ ਪਰਿਸਥਿਤੀਆਂ ਵਿੱਚ ਪੇਸ਼ ਕਰਾਂਗਾ।" (ਪੰਨਾ 96)

ਅੰਗਰੇਜ਼ ਨੂੰ ਜੇਕਰ ਅਸੀਂ ਆਪਣਾ ਦੁਸ਼ਮਣ ਸਮਝਾਂਗੇ ਤਾਂ ਸਵਰਾਜ ਸਾਡੇ ਤੋਂ ਦੂਰ ਚਲਾ ਜਾਵੇਗਾ ਪਰੰਤੂ ਜੇਕਰ ਅੰਗਰੇਜ਼ਾਂ ਨਾਲ ਵੀ ਨਿਆਂਇਕ ਵਰਤਾ ਕੀਤਾ ਜਾਵੇ ਤਾਂ ਸਵਰਾਜ ਪ੍ਰਾਪਤੀ ਵਿੱਚ ਸਾਨੂੰ ਉਨ੍ਹਾਂ ਦੀ ਮਦਦ ਮਿਲੇਗੀ।" (ਹਿੰਦ-ਸਵਰਾਜ ਪੰਨਾ, 97)

ਜਦੋਂ ਅਹਿਮਦਾਬਾਦ ਅਤੇ ਪੰਜਾਬ ਵਿੱਚ ਗਰਮਦਲੀਆਂ ਨੇ ਇਨਕਲਾਬੀ ਕਾਰਵਾਈਆਂ ਕੀਤੀਆਂ ਅਤੇ ਇਕ-ਦੋ ਅੰਗਰੇਜ਼ ਅਧਿਕਾਰੀਆਂ ਨੂੰ ਪਾਰ ਬੁਲਾ ਦਿੱਤਾ ਤਾਂ ਗਾਂਧੀ ਨੇ ਚੌਪਾਟੀ ਵਿਖੇ ਇਕ ਸਭਾ ਨੂੰ ਸੰਬੋਧਨ ਕਰਦਿਆਂ ਕਿਹਾ:

"ਮੈਂ ਅਹਿਮਦਾਬਾਦ ਗਿਆ। ਮੈਨੂੰ ਪਤਾ ਲੱਗਾ ਕਿ ਨਦਿਆਦ ਦੇ ਲਾਗੇ ਰੇਲ ਪੱਟੜੀ ਉਖਾੜਨ ਦੀ ਕੋਸ਼ਿਸ਼ ਕੀਤੀ ਗਈ ਹੈ। ਬੀਰਮਪੁਰ ਵਿੱਚ ਇਕ ਸਰਕਾਰੀ ਅਧਿਕਾਰੀ ਦਾ ਕਤਲ ਕਰ ਦਿੱਤਾ ਗਿਆ ਹੈ। ਅਹਿਮਦਾਬਾਦ ਪਹੁੰਚਿਆ ਤਾਂ ਉਥੇ ਮਾਰਸ਼ਲ ਲਾਅ ਜਾਰੀ ਸੀ। ਲੋਕਾਂ ਵਿੱਚ ਦਹਿਸ਼ਤ ਫੈਲ ਰਹੀ ਹੈ। ਲੋਕਾਂ ਨੇ ਜੋ ਕੀਤਾ ਹੈ, ਸੋ ਪਾਇਆ ਹੈ, ਸਗੋਂ ਵਿਆਜ ਵੀ ਪਾਇਆ ਹੈ।"............... "ਸਟੇਸ਼ਨ ਉਤੇ ਮੈਨੂੰ ਕਮਿਸ਼ਨਰ ਮਿ: ਪ੍ਰੈਂਟ ਦੇ ਪਾਸ ਲੈ ਕੇ ਜਾਣ ਲਈ ਆਦਮੀ ਮੌਜੂਦ ਸੀ। ਮੈਂ ਉਨ੍ਹਾਂ ਪਾਸ ਗਿਆ, ਉਹ ਕਾਫ਼ੀ ਗੁੱਸੇ ਵਿੱਚ ਸਨ। ਮੈਂ ਸ਼ਾਂਤੀ ਨਾਲ ਉਨ੍ਹਾਂ

ਨੂੰ ਉੱਤਰ ਦਿੱਤਾ ਅਤੇ ਅੰਗਰੇਜ਼ਾਂ ਦੀਆਂ ਹੱਤਿਆਵਾਂ ਪ੍ਰਤੀ ਅਫਸੋਸ ਪ੍ਰਗਟ ਕੀਤਾ।''

ਮਤਲਬ ਕਿ ਗਾਂਧੀ ਨੂੰ ਅੰਗਰੇਜ਼ ਕਰਮਚਾਰੀਆਂ ਦੀ ਹੱਤਿਆ ਦਾ ਤਾਂ ਬਹੁਤ ਦੁੱਖ ਹੋਇਆ ਪਰ ਜਦੋਂ ਭਾਰਤੀਆਂ ਤੇ ਤਸ਼ੱਦਦ ਹੋਇਆ ਤਾਂ 'ਜਿਹੋ ਜਿਹਾ ਕੀਤਾ ਵਿਆਜ ਸਹਿਤ ਪਾਇਆ' ਕਹਿ ਕੇ ਪੱਲਾ ਝਾੜ ਦਿੱਤਾ।

ਗਾਂਧੀ ਨੇ ਅੰਗਰੇਜ਼ਾਂ ਦੀਆਂ ਹੱਤਿਆਵਾਂ ਖਿਲਾਫ਼ ਆਪ ਤੇ ਤਿੰਨ ਦਿਨ ਦਾ ਵਰਤ ਰੱਖਿਆ ਤੇ ਨਾਲ ਹੀ ਸਾਰੇ ਭਾਰਤੀਆਂ ਨੂੰ ਅਪੀਲ ਕੀਤੀ ਕਿ ਉਹ ਵੀ ਇਕ-ਇਕ ਦਿਨ ਦਾ ਵਰਤ ਰੱਖਣ।

ਸੋ ਇਹ ਕੁੱਝ ਗਾਂਧੀ ਦੇ ਅੰਗਰੇਜ਼ ਮੋਹ ਦੀਆਂ ਨਾਂ-ਮਾਤਰ ਉਦਾਹਰਨਾਂ ਸਨ। ਗਾਂਧੀ ਜਿਥੇ ਕੂਟਲਿਆ ਨੀਤੀ ਦਾ ਜਾਦੂਗਰ ਸੀ ਉਥੇ ਉਹ ਕਿਸੇ ਵੀ ਜਗ੍ਹਾ ਆਪਣੇ ਪ੍ਰੱਣ ਤੇ ਪੱਕਾ ਨਾ ਰਿਹਾ, ਪਰ ਫਿਰ ਵੀ ਭਾਰਤੀ 'ਰਾਸ਼ਟਰ ਪਿਤਾ' ਕਹਿ ਸਨਮਾਨ ਕਰਨ ਵਿੱਚ ਕੋਈ ਕਮੀਂ ਨਹੀਂ ਰਹਿਣ ਦਿੰਦੇ।

*ਬਚਨੁ ਕਰੇ ਤੈ ਖਿਸਕਿ ਜਾਇ ਬੋਲੇ ਸਭੁ ਕਚਾ:-* ਗਾਂਧੀ ਬੇਸ਼ਕ ਕਿ ਇਹ ਕਿਹਾ ਕਰਦਾ ਸੀ, ''ਜੇਕਰ ਆਜ਼ਾਦੀ ਲਈ ਲੜਦੇ-ਲੜਦੇ ਖਤਮ ਵੀ ਹੋ ਗਏ ਤਾਂ ਖ਼ੁਦ ਤਾਂ ਆਜ਼ਾਦ ਹੋ ਹੀ ਜਾਵਾਂਗੇ।''

ਇਹ ਕਿਥੋਂ ਦੀ ਅਹਿੰਸਾ ਹੈ ਕਿ ਹਿੰਦੁਸਤਾਨੀ ਮਰੇ ਪਰ ਅੰਗਰੇਜ਼ ਨਾ ਮਾਰਿਆ ਜਾਵੇ। ਤੇ ਫਿਰ ਇਹ ਕਹਿਣਾ ਕਿੰਨਾ ਵੱਡੀ ਮੂਰਖਤਾ ਅਤੇ ਨਿਰਦਿਆਤਾ ਹੈ ਕਿ ਜਿਹੜੇ ਆਜ਼ਾਦੀ ਲਈ ਮਰ ਜਾਣਗੇ, ਉਹ ਤਾਂ ਆਜ਼ਾਦ ਹੋ ਹੀ ਜਾਣਗੇ।

ਜੇਕਰ ਮਰ ਜਾਣਾ ਹੀ ਆਜ਼ਾਦ ਹੋ ਜਾਣਾ ਹੁੰਦਾ ਤਾਂ ਖ਼ੁਦ ਗਾਂਧੀ ਮਰਨ ਦਾ ਬਾਰ-ਬਾਰ ਪ੍ਰੱਣ ਕਰਕੇ ਵੀ ਕਿਉਂ ਨਾ ਮਰਿਆ?

1921 ਈ: ਦਾ ਸਤਿਆਗ੍ਰਹਿ ਆਰੰਭ ਕਰਦਿਆਂ ਉਸ ਨੇ ਕਿਹਾ ਕਿ ਜੇਕਰ ਮੈਂ ਇਸ ਸਾਲ ਤੱਕ ਆਜ਼ਾਦ ਹਿੰਦੁਸਤਾਨ ਨਾ ਲਿਆ ਤਾਂ ਮੇਰੀ ਲਾਸ਼ ਸਮੁੰਦਰ ਵਿੱਚ ਤਰਦੀ ਨਜ਼ਰ ਆਵੇਗੀ। ਇਕ ਸਾਲ ਵਿੱਚ ਦੇਸ਼ ਆਜ਼ਾਦ ਤਾਂ ਨਾ ਹੋਇਆ ਪਰ ਗਾਂਧੀ ਜਿਉਂਦਾ ਰਿਹਾ ਅਤੇ ਉਸਦੀ ਲਾਸ਼ ਸਮੁੰਦਰ ਵਿੱਚ ਕਿਤੇ ਤਰਦੀ ਨਜ਼ਰ ਨਾ ਆਈ।

ਲੂਣ ਦੇ ਸਤਿਆਗ੍ਰਹਿ ਦੇ ਡਾਂਡੀ ਮਾਰਚ ਸਮੇਂ ਇਹ ਘੋਸ਼ਣਾ ਕੀਤੀ ਕਿ ਜੇਕਰ ਮੈਂ ਸਫ਼ਲ ਨਾ ਹੋਇਆ ਤਾਂ ਸਾਬਰਮਤੀ ਆਸ਼ਰਮ ਵਿੱਚ ਵਾਪਸ ਨਹੀਂ ਆਵਾਂਗਾ। (ਅਰਥਾਤ ਜਿਉਂਦਾ ਵਾਪਸ ਨਹੀਂ ਆਵਾਂਗਾ)।

ਜਦੋਂ ਅਸਫਲ ਹੋ ਗਿਆ ਤਾਂ ਬੜੀ ਚਲਾਕੀ ਨਾਲ ਸਾਬਰਮਤੀ ਆਸ਼ਰਮ ਵਾਪਸ ਆਉਣ ਦੀ ਜਗ੍ਹਾ ਸੇਵਾਗ੍ਰਾਮ ਨਾਮ ਦਾ ਹੋਰ ਆਸ਼ਰਮ ਰਹਿਣ ਲਈ ਬਣਵਾ ਲਿਆ। ਬਸ, ਉਸ ਤਰ੍ਹਾਂ ਜਿਵੇਂ ਗਊ ਮਾਤਾ ਦਾ ਦੁੱਧ ਤਿਆਗ ਕਰ ਬੱਕਰੀ ਮਾਤਾ ਦਾ ਦੁੱਧ ਸਵੀਕਾਰ ਕੀਤਾ ਸੀ।

ਅੰਤ ਗਾਂਧੀ ਨੇ ਐਲਾਨ ਕੀਤਾ ਕਿ ਜੇਕਰ ਪਾਕਿਸਤਾਨ ਬਣਿਆ ਤਾਂ ਮੇਰੀ ਲਾਸ਼ ਤੇ

ਬਣੇਗਾ। ਪਾਕਿਸਤਾਨ ਬਣ ਗਿਆ ਪਰ ਗਾਂਧੀ ਜੀ ਫਿਰ ਵੀ ਸਹੀ ਸਲਾਮਤ ਜਿਉਂਦੇ ਰਹੇ।

ਦਰਅਸਲ ਗਾਂਧੀ ਤਾਂ ਮੰਨੂਵਾਦ, ਚਾਣਕਿਆ ਨੀਤੀ ਅਧਾਰਿਤ ਤੰਤਰ ਦਾ ਜਿਉਂਦਾ ਜਾਗਦਾ ਬੁੱਤ ਸੀ ਜਿਸ ਦਾ ਅੰਤ ਵੀ ਮੰਨੂਵਾਦੀਆਂ ਵਲੋਂ ਹੀ ਅਧਿਆਇ ਦੇ ਰੂਪ ਵਿੱਚ ਹੋਇਆ ਤੇ ਸੰਘ ਦੇ ਪ੍ਰਚੰਡ ਰੂਪ ਵਿੱਚ ਪ੍ਰਕਾਸ਼ਮਾਨ ਹੋਇਆ।

ਦਰਅਸਲ ਗਾਂਧੀ ਤਾਂ ਮੰਨੂਵਾਦੀ ਵਿਚਾਰਧਾਰਾ ਨੂੰ ਸ਼ੰਕਰਾਚਾਰੀਆ, ਤੁਲਸੀਦਾਸ ਵਾਂਗ ਅਮਲੀ ਜਾਮਾ ਪਹਿਨਾਉਣ ਦਾ ਇਕ ਸਾਧਨ ਸੀ। ਗਾਂਧੀ ਦੀਆਂ ਵੱਖ-ਵੱਖ ਪੱਖਾਂ ਤੋਂ ਨੀਤੀਆਂ ਦਾ ਖੁਲਾਸਾ ਹੀ ਇਸ ਕਰਕੇ ਦਿੱਤਾ ਹੈ ਤਾਂ ਜੋ ਪਾਠਕ ਸੱਜਣ ਬਿਪਰਵਾਦੀ ਨੀਤੀਆਂ ਦੀ ਡੂੰਘਾਈ, ਅਸਰ, ਅਤੇ ਰਹੱਸ ਜਾਣ ਸਕਣ। ਭਾਵੇਂ ਗਾਂਧੀ ਹੋਵੇ ਜਾਂ ਸੰਘ ਜਿਸ ਦਿਮਾਗ ਅੰਦਰ ਬਿਪਰਨੀਤੀ ਘਰ ਕਰ ਜਾਂਦੀ ਹੈ, ਉਸ ਦਾ ਮਾਨਸਿਕ ਸੁਭਾਅ ਹੀ ਨੀਵੀਆਂ ਜ਼ਾਤਾਂ ਜਾਂ ਘੱਟ ਗਿਣਤੀਆਂ ਨੂੰ ਖਤਮ ਕਰਨ ਤੇ ਸੀਮਤ ਹੋ ਜਾਂਦਾ ਹੈ। ਬਿਪਰਵਾਦੀਆਂ ਨੂੰ ਜਦੋਂ ਨੀਵੀਆਂ ਜ਼ਾਤਾਂ ਆਪਣੇ ਜੂਲੇ ਹੇਠੋਂ ਨਿਕਲਦੀਆਂ ਜਾਪਦੀਆਂ ਹਨ ਤਾਂ ਇਕ ਦਿਮਾਗ (ਗਾਂਧੀ) ਮਰਨ ਵਰਤ ਰੱਖਦਾ ਹੈ ਤੇ ਦੂਸਰਾ ਆਧੁਨਿਕ ਦਿਮਾਗ (ਸੰਘ) ਈਸਾਈ ਗ੍ਰਹਿਮ ਸਟੇਨਜ਼ ਵਰਗੇ ਮਿਸ਼ਨਰੀ ਨੂੰ ਮਰਨ ਸੇਜਾ ਤੇ ਲਿਟਾ ਦਿੰਦਾ ਨਿਸ਼ਾਨਾ ਦੋਵਾਂ ਦਾ ਇਕ ਹੀ ਹੈ, ਫਰਕ ਕੇਵਲ ਕਾਰਜ ਵਿਧੀ ਦਾ ਹੈ। ਭਾਵੇਂ ਦਲਿਤ ਹੋਣ ਜਾਂ ਘੱਟਗਿਣਤੀ ਸਿੱਖ ਬਿਪਰਵਾਦ ਦੀ ਤਲਵਾਰ ਦਾ ਫੱਟ ਇਨ੍ਹਾਂ ਵਾਸਤੇ ਹਮੇਸ਼ਾ ਘਾਤਕ ਹੈ। ਦੋਵੇਂ ਹੀ ਬਿਪਰਵਾਦ ਦੇ ਸ਼ਾਖਸਾਤ ਬੁੱਤ ਹਨ। ਗਾਂਧੀ ਦੇ ਨੀਤੀ ਜਾਲ ਵਿੱਚ ਫਸ ਕੇ ਆਪਣੀ ਕਿਸਮਤ ਨੂੰ ਹਿੰਦੁਸਤਾਨ ਨਾਲ ਜੋੜਨ ਜਿਥੇ *'ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥ'* ਦੇ ਤੁੱਲ ਹੈ, ਅਤੇ ਕੌਮ ਦੇ ਆਗੂਆਂ ਦੀ ਭੁੱਲ ਹੈ ਉਥੇ ਡਾ.ਅੰਬੇਦਕਰ ਦੀ ਅਗਵਾਈ ਹੇਠ ਆ ਰਹੇ ਲਾਲੋਆਂ ਨੂੰ ਗਾਂਧੀ ਦੇ ਪ੍ਰਭਾਵ ਹੇਠ ਕੰਠ ਨਾ ਲਗਾਉਣਾ ਵੀ *'ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ'* ਵਾਲੀ ਸਚਾਈ ਹੈ। ਬਿਪਰਵਾਦੀ ਨੀਤੀ ਦਾ ਮੁੱਢਲਾ ਸਿਧਾਂਤ ਹੀ ਇਹ ਹੈ ਕਿ ਦਲਿਤਾਂ ਅਤੇ ਘੱਟ ਗਿਣਤੀਆਂ ਨੂੰ ਸਿੱਖ ਧਰਮ ਤੋਂ ਦੂਰ ਹੀ ਰੱਖਿਆ ਜਾਵੇ। ਭਗਵਾਧਾਰੀ ਇਹ ਹਰਗਿਜ਼ ਬਰਦਾਸ਼ਤ ਨਹੀ ਕਰਦੇ ਕਿ ਇਨ੍ਹਾਂ ਦੀਆਂ ਮੰਨੂਵਾਦੀ ਜ਼ਾਤੀ ਪ੍ਰਥਾਵਾਂ ਦੇ ਸਤਾਏ ਇਹ ਗਰੀਬ ਲੋਕ ਗੁਰੂ ਨਾਨਕ ਦੇ ਦਰ ਦੀ ਮਟਕੀ ਤੋਂ ਮਜੀਠੀ ਰੰਗਤ ਆਜ਼ਾਦੀ ਦਾ ਨਿੱਘ ਮਾਣ ਸਕਣ ਪਰ ਸਿੱਖਾਂ ਨੂੰ ਇਸ ਤੋਂ ਦੋਸ਼ ਮੁਕਤ ਨਹੀਂ ਕੀਤਾ ਜਾ ਸਕਦਾ ਕਿ ਬਿਪਰਵਾਦ ਦੇ ਭਗਵੇਂ ਸਮੁੰਦਰ ਵਿੱਚ ਤਾਰੀਆਂ ਲਗਾ ਕੇ ਅੱਜ ਉਹ ਵੀ ਜ਼ਾਤੀ ਪ੍ਰਥਾ ਦੀ ਭੈੜੀ ਬਿਮਾਰੀ ਤੋਂ ਮੁਕਤ ਨਹੀਂ ਹਨ। ਜ਼ਾਤੀਆਂ ਅਧਾਰਿਤ ਬਣੇ ਗੁਰਦੁਆਰੇ ਇਸ ਦੀ ਜਿਉਂਦੀ ਜਾਗਦੀ ਮਿਸਾਲ ਹਨ। ਗਾਂਧੀ ਦੇ ਮਾਇਆ ਜਾਲ ਤੋਂ ਮੁਕਤ ਹੋਏ ਅਖੌਤੀ ਸਿੱਖ ਹੁਣ ਸੰਘ ਦੇ ਮਾਇਆ ਜਾਲ ਦਾ ਸ਼ਿਕਾਰ ਹਨ ਅਤੇ ਘੋਟ-ਘੋਟ ਕੇ 'ਹਮ ਹਿੰਦੂ ਹੈਂ' ਦੇ ਨਾਅਰੇ ਲਗਾਉਂਦੇ ਹਨ ਜਾਂ ਫਿਰ ਬੜੇ ਫ਼ਖਰ ਨਾਲ ਆਪਣੇ ਆਪ ਨੂੰ ਲਵ-ਕੁਸ਼ ਦੇ ਵੰਸ਼ਜ ਆਖਦੇ ਹਨ। ਭਾਵੇਂ ਗਾਂਧੀ ਹੋਵੇ ਜਾਂ ਸੰਘ ਜਦੋਂ ਬਿਪਰਵਾਦ ਦੀ ਗੱਲ ਆਉਂਦੀ ਹੈ ਤਾਂ ਇਹ ਦੋਵੇਂ ਹੀ ਇਕੋ ਮੰਨੂਵਾਦੀ ਸਿੱਕੇ ਦੇ ਦੋ ਪਹਿਲੂ ਹਨ।

ਕੁਝ ਨਾਮਧਰੀਕ ਤਾਂ ਸੰਘ ਦੀ ਸ਼ਾਖਾ ਅਖੌਤੀ ਸਿੱਖ ਸੰਗਤ ਦੇ ਸ਼ਿਕਾਰ ਹੋ ਚੁੱਕੇ ਹਨ ਤੇ

ਕੁਝ ਉਨ੍ਹਾਂ ਦੇ ਪ੍ਰਭਾਵਅਧੀਨ ਹੀ ਗੁਰਮਤਿ ਵਿਚਾਰਧਾਰਾ ਤੋਂ ਕਿਨਾਰਾਕਸ਼ੀ ਕਰ ਰਹੇ ਹਨ। ਐਸੀਆਂ ਸ਼ਕਤੀਆਂ ਵਲੋਂ ਹੀ ਐਸੀ ਯੋਜਨਾਵਾਂ ਦੀ ਘਾੜਤ ਘੜੀ ਜਾਂਦੀ ਹੈ ਕਿ ਦਲਿਤਾਂ ਅਤੇ ਸਿੱਖਾਂ ਵਿਚਕਾਰ ਐਸੀ ਦੀਵਾਰ ਖੜੀ ਕਰ ਦਿੱਤੀ ਜਾਵੇ ਕਿ ਇਹ ਇਕੱਤਰ ਹੋ ਵਿਸ਼ਾਲ ਜਨ ਚੇਤਨਾ ਦੇ ਪ੍ਰਕਾਸ਼ ਸਤੰਭ ਵਜੋਂ ਨਾ ਉਭਰ ਸਕਣ (ਪੰਜਾਬ ਵਿੱਚ ਦਲਿਤਾਂ ਅਤੇ ਸਿੱਖਾਂ ਵਿੱਚ ਵਾਪਰੀਆਂ ਘਟਨਾਵਾਂ ਇਸ ਦਾ ਅਕੱਟ ਸਬੂਤ ਹਨ)।

ਭਾਵੇਂ ਬਿਪਰਵਾਦੀ ਤਲਵਾਰ ਉਪਰ ਭਗਵਾਂ ਮਿਆਨ ਹੋਵੇ ਜਾਂ ਤਿਰੰਗਾ ਸਿੱਖਾਂ ਨੂੰ ਹਮੇਸ਼ਾਂ ਹੀ ਗਹਿਰੇ ਫੱਟ ਦਿੱਤੇ ਅਤੇ ਦਲਿਤਾਂ ਨਾਲ ਵੀ ਘੱਟ ਨਹੀਂ ਗੁਜ਼ਾਰੀ। ਵੇਦਾਂ, ਸਿੰਮਰਤੀਆਂ ਅਤੇ ਮੰਨੂਵਾਦ ਦੇ ਦਿਮਾਗੀ ਸਰੋਵਰ ਵਿੱਚੋਂ ਉਪਜੀ ਬਿਪਰਵਾਦੀ ਬੁੱਧੀ ਨੂੰ ਕਦੀਂ ਵੀ ਗੁਰੂ ਨਾਨਕ ਸਾਹਿਬ ਦਾ ਚੇਤਨਾ ਪ੍ਰਕਾਸ਼ ਨਹੀਂ ਭਾਉਂਦਾ ਭਾਵੇਂ ਗਾਂਧੀ ਹੋਵੇ ਭਾਵੇਂ ਸੰਘ। ਗਾਂਧੀ ਦੇ ਅੰਤ ਉਪਰੰਤ ਬਿਪਰਵਾਦੀ ਨੀਤੀ ਸੰਘੀਆਂ ਦੇ ਰੂਪ ਵਿਚ ਪ੍ਰਕਾਸ਼ਮਾਨ ਹੈ। ਇਸ ਗੱਲ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਕਿ ਸਿੱਖਾਂ ਅਤੇ ਦਲਿਤਾਂ ਦੀ ਆਪਸੀ ਫੁੱਟ ਦਾ ਫਲ ਹੀ ਗਾਂਧੀ ਦਾ ਰਾਸ਼ਟਰਪਿਤਾ ਹੋਣਾ ਤੇ ਸੰਘੀਆਂ ਦਾ ਗੁਰੂ ਹੋਣਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਅੱਜ ਵੱਖਰੀ ਹੋਂਦ ਅਤੇ ਨਿਆਰੇਪਨ ਲਈ ਜੂਝ ਰਹੀ ਸਿੱਖ ਕੌਮ ਗਾਂਧੀ ਦੇ ਸਮੇਂ ਵੀ ਅਤੇ ਹੁਣ ਵੀ ਬਿਪਰਵਾਦੀ ਨੀਤੀਆਂ ਨੂੰ ਸਮਝਣ ਵਿੱਚ ਨਾਕਾਮ ਰਹੀ ਹੈ। ਸਿੱਖ ਕੌਮ ਨੂੰ ਇਕੱਤਰ ਹੋ ਸੁਹਿਰਦਤਾ ਨਾਲ ਵਿਚਾਰਨਾ ਪਵੇਗਾ ਕਿ ਅਸੀਂ ਬਿਪਰਵਾਦੀ ਮਲਕਭਾਗੋਆਂ ਦੇ ਹੱਥ ਠੋਕੇ ਬਣਨਾ ਹੈ ਜਾਂ ਲਾਲੋਆਂ ਦੇ ਦਰ ਦਸਤਕ ਦੇ ਕੇ ਗੁਰੂ ਨਾਨਕ ਦਾ ਇਹ ਸੰਦੇਸ਼ ਦ੍ਰਿੜ ਕਰਵਾਉਣਾ ਹੈ,

*ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥*
*ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥*
*ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥ ੪॥ ੩॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੫)

ਸਿੱਖਾਂ ਨੂੰ ਗੁਰੂ ਸਾਹਿਬ ਦੀ ਵਿਚਾਰਧਾਰਾ ਦਾ ਚੇਤਨ ਪ੍ਰਕਾਸ਼ ਉਨ੍ਹਾਂ ਦੇ ਦਰ ਲੈ ਕੇ ਜਾਣਾ ਹੈ ਅਤੇ ਅਗਿਆਨ ਹਨੇਰਾ ਦੂਰ ਕਰ ਉਨ੍ਹਾਂ ਦੇ ਘਰੀਂ ਗਿਆਨ ਦਾ ਦੀਪਕ ਜਗਾਉਣਾ ਹੈ। ਗਿਆਨ ਨੇਤ੍ਰ ਦਾ ਦਾਨ ਜੋ ਗੁਰੂ ਨੇ ਦਿੱਤਾ ਵੰਡਣਾ ਹੈ, ਜਦੋਂ ਗੁਰੂ ਦੇ ਦਰ ਤੋਂ ਚੇਤਨ ਪ੍ਰਕਾਸ਼ ਲੈ ਕੇ ਦਲਿਤ ਵੀਰ ਵੀ ਖ਼ਾਲਸਾ ਰੂਪ ਧਾਰਨ ਕਰਨਗੇ ਤਾਂ ਕ੍ਰਾਂਤੀ ਦਾ ਸਮੁੰਦਰ ਠਾਠਾਂ ਮਾਰਦਾ ਪ੍ਰਤੀਤ ਹੋਵੇਗਾ।

ਇਥੇ ਆਰੰਭ ਵਿੱਚ ਗਾਂਧੀ ਨੀਤੀ ਦਾ ਜ਼ਿਕਰ ਦੇਣ ਦਾ ਭਾਵ ਕੇਵਲ ਇਨਾ ਹੈ ਕਿ ਕਿਸ ਤਰ੍ਹਾਂ ਇਹ ਮੰਨੂਵਾਦੀ, ਲੋਕ ਸ਼ੰਕਰਾਚਾਰੀਆ ਅਤੇ ਤੁਲਸੀਦਾਸ ਦੀਆਂ ਯੋਜਨਾਵਾਂ ਨੂੰ ਅਸਲੀ ਰੂਪ ਦਿੰਦੇ ਹਨ, ਲੋਕਾਂ ਦਾ ਖ਼ੂਨ ਚੂਸ, ਦੇਸ਼ਵਾਸੀਆਂ ਦੀਆਂ ਲਾਸ਼ਾਂ ਤੇ ਸਵਰਾਜ ਦਾ ਕਿਲ੍ਹਾ ਉਸਾਰਦੇ ਹਨ ਅਤੇ ਆਪ ਮੁੱਖੀ ਬਣ ਬੈਠਦੇ ਹਨ। ਇਸ ਪ੍ਰਕਰਣ ਵਿੱਚ ਗਾਂਧੀ ਤਾਂ ਮੰਨੂਵਾਦੀ ਨੀਤੀ ਦਾ ਇਕ ਸੰਕੇਤਮਾਤਰ ਪਾਤਰ ਹੈ, ਸਮਝਣ ਵਾਲੀ ਗੱਲ ਤਾਂ ਮੰਨੂ ਸਿੰਮਰਤੀ ਅਧਾਰਿਤ ਸ਼ੰਕਰਾਚਾਰੀਆ

ਅਤੇ ਤੁਲਸੀਦਾਸ ਦੀਆਂ ਨੀਤੀਆਂ ਹਨ ਕਿ ਉਹ ਕਿਸ ਤਰ੍ਹਾਂ ਬੜੀ ਵਿਧੀ ਪੂਰਵਕ ਸਾਰਿਆਂ ਨੂੰ ਮੂਰਖ ਬਣਾ ਆਪ ਰਾਜ ਭਾਗ ਦੇ ਮਾਲਕ ਬਣ ਬੈਠਦੇ ਹਨ, ਜੋ ਆਉਣ ਵਾਲੀਆਂ ਨਸਲਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ।

ਗਾਂਧੀ ਤੋਂ ਉਪਰੰਤ ਜੋ ਸੰਘ ਰੂਪ ਵਿੱਚ ਮੰਨੂਵਾਦ ਦਾ ਅਗਲਾ ਅਧਿਆਇ ਸ਼ੁਰੂ ਹੋਇਆ ਹੈ ਉਹ ਪਹਿਲੇਂ ਤੋਂ ਵਧੇਰੇ ਖ਼ਤਰਨਾਕ ਹੈ ਜਿਸਦਾ ਜ਼ਿਕਰ ਅੱਗੇ ਕਰਾਂਗੇ।

❖❖❖

1. ਸ਼ਿਰੋਮਣੀ ਅਕਾਲੀ ਦਲ ਪੰਨਾ: 70 ਸੰਸਕਰਣ : 2000 ਲੇਖਕ : ਡਾ: ਹਰਜਿੰਦਰ ਸਿੰਘ ਦਿਲਗੀਰ ਪ੍ਰਕਾਸ਼ਕ : ਸਿੱਖ ਯੂਨੀਵਰਸਿਟੀ ਸੈਂਟਰ ਬੈਲਜੀਅਮ
2. ਕਿਉਂ ਕੀਤੋ ਵੇਸਾਹੁ ? ਪੰਨਾ : 15 ਸੰਸਕਰਣ: 1998 ਲੇਖਕ: ਨਰੈਣ ਸਿੰਘ ਪ੍ਰਕਾਸ਼ਕ: ਸਿੰਘ ਬ੍ਰਦਰਜ਼ ਅੰਮ੍ਰਿਤਸਰ।
3. ਸ਼ਿਰੋਮਣੀ ਅਕਾਲੀ ਦਲ ਪੰਨਾ : 150 ਸੰਸਕਰਣ : 2000 ਲੇਖਕ: ਡਾ: ਹਰਜਿੰਦਰ ਸਿੰਘ ਦਿਲਗੀਰ ਪ੍ਰਕਾਸ਼ਕ : ਸਿੱਖ ਯੂਨੀਵਰਸਿਟੀ ਸੈਂਟਰ ਬੈਲਜੀਅਮ
4. ਸ਼ਿਰੋਮਣੀ ਅਕਾਲੀ ਦਲ ਪੰਨਾ: 151 ਸੰਸਕਰਣ : 2000 ਲੇਖਕ : ਡਾ: ਹਰਜਿੰਦਰ ਸਿੰਘ ਦਿਲਗੀਰ ਪ੍ਰਕਾਸ਼ਕ : ਸਿੱਖ ਯੂਨੀਵਰਸਿਟੀ ਸੈਂਟਰ ਬੈਲਜੀਅਮ
5. ਗਾਂਧੀ ਬੇਨਕਾਬ ਪੰਨਾ: 170, ਸੰਸਕਰਣ : 1998 ਲੇਖਕ : ਹੰਸ ਰਾਜ ਰਹਿਬਰ ਪ੍ਰਕਾਸ਼ਕ : ਭਗਤ ਸਿੰਘ ਵਿਚਾਰ ਮੰਚ ਦਿੱਲੀ।
6. ਗਾਂਧੀ ਬੇਨਕਾਬ ਪੰਨਾ : 171, ਸੰਸਕਰਣ : 1998 ਲੇਖਕ : ਹੰਸ ਰਾਜ ਰਹਿਬਰ ਪ੍ਰਕਾਸ਼ਕ : ਭਗਤ ਸਿੰਘ ਵਿਚਾਰ ਮੰਚ ਦਿੱਲੀ।
7. ਗਾਂਧੀ ਤੇ ਸਿੱਖ, ਪੰਨਾ : 50 ਸੰਸਕਰਣ : 1998 ਲੇਖਕ : ਸ: ਗੁਰਮੀਤ ਸਿੰਘ ਪ੍ਰਕਾਸ਼ਕ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ।
8. ਗਾਂਧੀ ਤੇ ਸਿੱਖ, ਪੰਨਾ: 51, ਸੰਸਕਰਣ : 1998 ਲੇਖਕ : ਸ: ਗੁਰਮੀਤ ਸਿੰਘ ਪ੍ਰਕਾਸ਼ਕ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ।
9. ਸੰਤ ਸਿਪਾਹੀ।
10. ਸੰਵਿਧਾਨ ਅਤੇ ਮੰਨੂ ਸਿਮਰਿਤੀ ਪੰਨਾ: 12 ਸੰਸਕਰਣ : 1996 ਲੇਖਕ : ਆਰ. ਡੀ. ਸਿੰਘ ਪ੍ਰਕਾਸ਼ਕ : ਲੇਖਕ ਖ਼ੁਦ।
11. ਸੰਵਿਧਾਨ ਅਤੇ ਮੰਨੂ ਸਿਮਰਿਤੀ ਪੰਨਾ : 20 ਸੰਸਕਰਣ : 1996 ਲੇਖਕ : ਆਰ.ਡੀ.ਸਿੰਘ ਪ੍ਰਕਾਸ਼ਕ : ਲੇਖਕ ਖ਼ੁਦ।

# ਰਾਸ਼ਟਰੀਆ ਸੋਇਮ ਸੇਵਕ ਸੰਘ

ਵੱਖ-ਵੱਖ ਵਿਦਵਾਨਾਂ, ਵਿਚਾਰਵਾਨਾਂ, ਸੂਝਵਾਨਾਂ ਅਤੇ ਨੇਤਾਵਾਂ ਦਾ ਸੰਘ ਦੇ ਬਾਰੇ ਨਜ਼ਰੀਆ ਭਿੰਨ-ਭਿੰਨ ਹੈ, ਕੁਝ ਤਾਂ ਇਸ ਨੂੰ ਇਕ ਸੱਭਿਅਕ ਰਾਸ਼ਟਰਵਾਦੀ ਸੰਸਕ੍ਰਿਤਕ ਸੰਗਠਨ ਮੰਨਦੇ ਹਨ ਅਤੇ ਕੁਝ ਦੀਆਂ ਨਜ਼ਰਾਂ ਵਿਚ ਇਹ ਫ਼ਿਰਕੂ ਅਤੇ ਫ਼ਿਰਕਾਪ੍ਰਸਤੀ ਦੀ ਮਾਂ ਹੈ। 1925 ਈ: ਵਿਚ ਕੇਸ਼ਵ ਬਾਲੀਰਾਮ ਹੈਡਗੇਵਾਰ ਨੇ ਆਪਣੇ ਸਾਥੀਆਂ ਨਾਲ ਇਸ ਜਥੇਬੰਦੀ ਦੀ ਸਥਾਪਨਾ ਇਕ ਸਮਾਜ-ਸੇਵੀ ਜਥੇਬੰਦੀ ਦੇ ਰੂਪ ਵਿਚ ਕੀਤੀ ਪਰੰਤੂ ਹੁਣ ਇਸ ਦਾ ਗੁਪਤ ਏਜੰਡਾ ਇਕ ਨਿਰੋਲ ਹਿੰਦੂਰਾਸ਼ਟਰ ਦੀ ਸਥਾਪਨਾ ਹੈ। ਪੁਰਾਤਨ ਵੇਦਾਂ ਸਿੰਮਰਤੀਆਂ, ਹਿੰਦੂਵਾਦੀ ਸੰਸਕ੍ਰਿਤੀ ਅਧਾਰਿਤ ਰਾਜ ਦੀ ਸਥਾਪਨਾ ਇਸ ਦਾ ਮੰਤਵ ਹੈ, ਜਿਸ ਵਿਚ ਹੋਰ ਘੱਟ ਗਿਣਤੀਆਂ ਹਿੰਦੂ ਧਰਮ ਦਾ ਇਕ ਅੰਗ ਬਣ ਕੇ ਤਾਂ ਰਹਿ ਸਕਦੀਆਂ ਹਨ ਪਰੰਤੂ ਆਪਣੀ ਨਿਵੇਕਲੀ ਅਤੇ ਵੱਖਰੀ ਕੌਮ ਹੋਂਦ ਨੂੰ ਬਰਕਰਾਰ ਨਹੀਂ ਰੱਖ ਸਕਦੀਆਂ। ਇਸੇ ਮੰਤਵ ਦੀ ਪੂਰਤੀ ਲਈ ਇਸ ਨੇ ਕੱਟੜਵਾਦੀ ਹਿੰਦੂ ਜਨਤਾ ਵਿਚ ਕਾਫ਼ੀ ਅਧਾਰ ਬਣਾ ਲਿਆ ਹੈ ਜਦੋਂ ਕਿ ਉਦਾਰਵਾਦੀ ਅਤੇ ਸੂਝਵਾਨ ਹਿੰਦੂ ਵੀਰ ਇਸ ਦੀਆਂ ਜ਼ਹਿਰ ਉਗਲਣ ਵਾਲੀਆਂ ਨੀਤੀਆਂ ਤੋਂ ਕਾਫ਼ੀ ਸੁਚੇਤ ਹਨ। ਇਸ ਦੇ ਬਹੁਤ ਲੰਬੇ ਸਮੇਂ ਵਾਲੇ ਪ੍ਰੋਜੈਕਟ ਦੇ ਪਿੱਛੇ ਇਕ ਹੀ ਦਿਮਾਗ ਅਤੇ ਇਕ ਹੀ ਸੋਚ ਕੰਮ ਕਰਦੀ। ਕੁਝ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ 1920 ਵਿਚ ਕੁਝ ਜਗ੍ਹਾ ਤੇ ਹੋਏ ਹਿੰਦੂ ਮੁਸਲਿਮ ਦੰਗਿਆਂ ਨੇ ਹੀ ਇਸ ਜਥੇਬੰਦੀ ਦੀ ਸਥਾਪਨਾ ਦੀ ਨੀਂਹ ਰੱਖ ਦਿੱਤੀ ਸੀ। ਬੇਸ਼ਕ ਕਿ ਨਹਿਰੂ ਅਤੇ ਕੁਝ ਖੁਲ੍ਹਦਿਲੀ ਵਾਲੇ ਲੀਡਰਾਂ ਨੂੰ ਇਹ ਆਪਣੇ ਦੁਸ਼ਮਣ ਮੰਨਦੀ ਰਹੀ ਹੈ ਕਿਉਂਕਿ ਨਹਿਰੂ ਦਾ ਵਿਚਾਰ ਸੀ:

*ਹਿੰਦੂ ਨਿਸ਼ਚਿਤ ਤੌਰ ਤੇ ਉਦਾਰ ਅਤੇ ਸਹਿਨਸ਼ੀਲ ਨਹੀਂ ਹੈ,*
*ਹਿੰਦੂ ਤੋਂ ਜ਼ਿਆਦਾ ਸੰਕੀਰਨ ਵਿਅਕਤੀ ਦੁਨੀਆਂ ਵਿਚ ਕਿਤੇ ਨਹੀਂ ਹੈ।*

(ਜਵਾਹਰ ਲਾਲ ਨਹਿਰੂ)[1]

ਮਹਾਤਮਾ ਗਾਂਧੀ ਬਾਰੇ ਇਸ ਜਥੇਬੰਦੀ ਦੀ ਵਿਚਾਰਧਾਰਾ ਵਿਰੋਧੀਆਂ ਵਾਲੀ ਸੀ, ਕਿਉਂਕਿ ਬੇਸ਼ਕ ਗਾਂਧੀ ਦੀ ਸੋਚ ਦਾ ਅਧਾਰ ਵੀ ਮੰਨੂਵਾਦ ਅਧਾਰਿਤ ਜਾਤੀ ਪ੍ਰਥਾ ਅਤੇ ਹਿੰਦੂਵਾਦੀ ਹੀ ਸੀ ਅਤੇ ਗਾਂਧੀ ਵੀ ਵਾਪਰ ਰਹੀ ਹਰ ਘਟਨਾ ਨੂੰ ਹਿੰਦੂਵਾਦੀ ਦ੍ਰਿਸ਼ਟੀਕੋਣ ਤੋਂ ਹੀ ਤੱਕਦਾ ਸੀ ਪਰੰਤੂ ਉਸ ਦੀ ਕਾਰਜ ਵਿਧੀ ਸੰਘ ਵਾਂਗ ਸਰਗਰਮ ਨਹੀਂ ਸੀ ਅਤੇ ਹਿੰਦੂ ਮੁਸਲਿਮ ਦੰਗਿਆਂ ਪ੍ਰਤੀ ਉਸ ਦਾ ਨਜ਼ਰੀਆ ਸੰਘ ਤੋਂ ਥੋੜ੍ਹਾ ਭਿੰਨ ਸੀ ਜੋ ਕਿ ਉਸਦੇ ਕਤਲ ਦਾ ਕਾਰਨ ਬਣਿਆ। ਹਰ ਮੁੱਦੇ ਉਪਰ ਸੰਘ ਦੀ ਨੀਤੀ ਦੂਰਅੰਦੇਸ਼, ਸਾਜ਼ਿਸ਼ ਭਰਪੂਰ ਅਤੇ ਦੋ ਮੂੰਹੀ ਹੁੰਦੀ ਹੈ ਮਿਸਾਲ ਦੇ ਤੌਰ

ਤੇ ਇਕ ਪਾਸੇ ਤਾਂ ਇਹ ਸੰਗਠਨ ਜ਼ਾਤਵਰਨ ਤੋਂ ਰਹਿਤ ਪੂਰਨ ਹਿੰਦੂ ਸਮਾਜ ਦੀ ਉਸਾਰੀ ਦੀ ਕਲਪਨਾ ਕਰਦਾ ਹੈ ਅਤੇ ਦੂਸਰੇ ਪਾਸੇ ਘੱਟ ਗਿਣਤੀਆਂ ਦੀ ਵੱਖਰੀ ਹੋਂਦ ਨੂੰ ਖਤਮ ਕਰਕੇ ਆਪਣੇ ਵਿਚ ਸਮਾ ਲੈਣਾ ਚਾਹੁੰਦਾ ਹੈ। ਇਕ ਪਾਸੇ ਤਾਂ ਸਿੱਖਾਂ ਨਾਲ ਹਮਦਰਦੀ ਪ੍ਰਗਟਾਉਣ ਦਾ ਵਿਖਾਵਾ ਕੀਤਾ ਜਾਂਦਾ ਹੈ ਤੇ ਦੂਸਰੇ ਪਾਸੇ ਘੱਲੂਘਾਰਾ ਨੀਲਾ ਤਾਰਾ ਨੂੰ ਦੇਰ ਨਾਲ ਹੋਈ ਦਰੁਸਤ ਕਾਰਵਾਈ ਕਿਹਾ ਜਾਂਦਾ ਹੈ। ਇਕ ਪਾਸੇ ਤਾਂ ਦਿੱਲੀ ਕਤਲੇਆਮ ਦੀ ਨਿਖੇਧੀ ਕੀਤੀ ਜਾਂਦੀ ਹੈ ਤੇ ਦੂਸਰੇ ਪਾਸੇ ਇੰਦਰਾ ਗਾਂਧੀ ਨੂੰ ਇਸ ਸਦੀ ਦੀ ਦੁਰਗਾ ਦੇਵੀ ਆਖ ਕੇ ਨਿਵਾਜਿਆ ਜਾਂਦਾ ਹੈ।

ਦਰਅਸਲ ਇਹ ਐਸੀ ਜਥੇਬੰਦੀ ਹੈ ਜੋ ਬੜੀ ਕੂਟਨੀਤੀ ਨਾਲ ਹਿੰਦੂਕਸ਼ ਪਰਬਤ ਤੋਂ ਹਿੰਦਮਹਾਂਸਾਗਰ ਤੱਕ ਹਿੰਦੂ ਮਹਾਂ ਸਭਾ ਸਥਾਪਤ ਕਰਨ ਦੀ ਗੁਪਤ ਨੀਤੀ ਧਾਰੀ ਬੈਠੀ ਹੈ। ਬੇਸ਼ਕ ਕਿ ਇਸ ਜਥੇਬੰਦੀ ਦੀ ਕਾਰਜਵਿਧੀ ਉਦੇਸ਼ ਪੂਰਤੀ ਦੀ ਨੀਤੀ ਘੜਨ ਪਿਛੇ ਡਾ: ਹੈਡਗੇਵਾਰ ਦੀ ਘਾਲਣਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ ਪਰੰਤੂ ਇਸ ਜਥੇਬੰਦੀ ਦਾ ਸਭ ਤੋਂ ਵੱਧ ਵਿਸਥਾਰ ਐਸ.ਐਸ. ਗੋਲਵਾਰਕਰ ਦੇ ਸਮੇਂ ਹੀ ਹੋਇਆ। 1925 ਤੋਂ ਲੈ ਕੇ ਇਸ ਦੇ ਮੁੱਖੀਆਂ ਦੇ ਨਾਮ, ਮਿਆਦ ਇਸ ਤਰ੍ਹਾਂ ਹਨ।

| | |
|---|---|
| 1925–1940 | ਕੇ.ਬੀ.ਹੈਡਗਵਾਰ |
| 1940–1973 | ਐਮ.ਐਸ. ਗੋਲਵਾਲਕਰ |
| 1973–1994 | ਬਾਲਾ ਸਾਹਿਬ ਦਿਉਰਸ |
| 1994–2000 | ਰਜਿੰਦਰ ਸਿੰਹੁ (ਰਜੂ ਭਈਆ) |
| 2000 | ਕੇ.ਸੁਦਰਸ਼ਨ |

ਸੰਘ ਨਾਲ ਸੰਬੰਧਿਤ ਮੈਂਬਰਾਂ ਦੀਆਂ ਰੋਜ਼ਾਨਾ ਸ਼ਾਖਾਵਾਂ ਲਗਾਈਆਂ ਜਾਂਦੀਆਂ ਹਨ। ਭਾਰਤ ਵਿਚ ਵੱਖ-ਵੱਖ ਸੂਬਿਆਂ ਵਿਚ ਲਗਣ ਵਾਲੀਆਂ ਇਸ ਦੀਆਂ ਸ਼ਾਖਾਵਾਂ ਦੀ ਗਿਣਤੀ ਇਸ ਪ੍ਰਕਾਰ ਹੈ:[2]

| | |
|---|---|
| ਅਸਾਮ | 900 |
| ਆਂਧਰਾ ਪ੍ਰਦੇਸ਼ | 1660 |
| ਬਿਹਾਰ | 2300 |
| ਦਿੱਲੀ | 1500 |
| ਹਰਿਆਣਾ | 600 |
| ਜੰਮੂ ਕਸ਼ਮੀਰ ਤੇ ਹਿਮਾਚਲ | 450 |
| ਗੁਜਰਾਤ | 900 |
| ਕੇਰਲਾ | 4149 |

| | |
|---|---|
| ਕਰਨਾਟਕ | 2305 |
| ਮੱਧ ਪ੍ਰਦੇਸ਼ | 3230 |
| ਮਹਾਂਰਾਸ਼ਟਰ | 4000 |
| ਰਾਜਸਥਾਨ | 3500 |
| ਪੰਜਾਬ | 775 |
| ਤਾਮਿਲਨਾਡੂ | 1051 |
| ਉੜੀਸਾ | 1481 |
| ਉਤਰ ਪ੍ਰਦੇਸ਼ | 9000 |
| ਪੱਛਮੀ ਬੰਗਾਲ | 1500 |
| ਕੁਲ | 39301 |

★ ਪੰਜਾਬ ਵਿਚ – 775 ਰੋਜ਼ਾਨਾ

★ ਸਭ ਤੋਂ ਘੱਟ ਜੰਮੂ ਕਸ਼ਮੀਰ ਤੇ ਹਿਮਾਚਲ ਪ੍ਰਦੇਸ਼ ਵਿਚ 450 ਰੋਜ਼ਾਨਾ

★ ਸਭ ਤੋਂ ਵੱਧ ਉਤਰ ਪ੍ਰਦੇਸ਼ ਵਿਚ 9000 ਰੋਜ਼ਾਨਾ

ਸੰਘ ਦੀਆਂ ਸ਼ਾਖਾਵਾਂ ਅਤੇ ਹੋਰ ਸਿਖਲਾਈ ਅਭਿਆਸ ਕਾਰਜਕਰਮਾਂ ਵਿਚ ਮਾਰਸ਼ਲ ਆਰਟ, ਕੱਟੜਵਾਦ ਆਦਿ ਦੀ ਸਿਖਲਾਈ ਦਿੱਤੀ ਜਾਂਦੀ ਹੈ ਅਤੇ ਇਸ ਕਾਰਜ ਵਾਸਤੇ ਸੇਵਾ ਮੁਕਤ ਸੈਨਿਕ ਅਫ਼ਸਰਾਂ ਦੀਆਂ ਸੇਵਾਵਾਂ ਵੀ ਪ੍ਰਾਪਤ ਕੀਤੀਆਂ ਜਾਂਦੀਆਂ ਹਨ। ਸੰਘ ਦੀ ਵਿਚਾਰਧਾਰਾ ਅਨੁਸਾਰ ਆਤਮ ਰੱਖਿਆ ਨਿੱਜੀ ਹੱਕ ਹੈ ਅਤੇ ਇਸੇ ਦੀ ਆੜ ਵਿਚ ਜਿਥੇ ਸੰਘ ਕਾਰਕੁੰਨਾਂ ਨੂੰ ਲਾਠੀ ਚਲਾਉਣ ਦੀ ਸਿਖਲਾਈ ਦਿੱਤੀ ਜਾਂਦੀ ਹੈ ਉਥੇ ਨਾਲ ਹੀ ਆਧੁਨਿਕ ਹਥਿਆਰਾਂ ਦੀ ਟ੍ਰੇਨਿੰਗ ਵੀ ਦਿੱਤੀ ਜਾਂਦੀ ਹੈ। ਦਰਅਸਲ ਅਨੁਸ਼ਾਸ਼ਨ ਵਿਚ ਪਰਪੱਕਤਾ ਇਸ ਸੰਗਠਨ ਦਾ ਇਕ ਮਹੱਤਵਪੂਰਨ ਗੁਣ ਹੈ ਜਿਸ ਸਦਕਾ ਸਾਬਕਾ ਫ਼ੌਜੀ ਅਧਿਕਾਰੀ ਇਸ ਵੱਲ ਖ਼ੁਦ-ਬ-ਖ਼ੁਦ ਖਿੱਚੇ ਚਲੇ ਆਉਂਦੇ ਹਨ। ਆਪਣੀਆਂ ਐਸੀਆਂ ਕਾਰਵਾਈਆਂ ਵਿਚ ਮਾਹਰ ਇਸ ਸੰਗਠਨ ਉਪਰ ਹੁਣ ਤੱਕ ਦੋ ਵਾਰੀ ਪਾਬੰਦੀ ਲੱਗ ਚੁੱਕੀ ਹੈ।

1. ਮਹਾਤਮਾ ਗਾਂਧੀ ਦੇ ਕਤਲ ਸਮੇਂ

2. ਐਮਰਜੈਂਸੀ ਦੌਰਾਨ

ਇਸ ਦਾ ਆਰਥਿਕ ਸਰੋਤ ਗੁਰੂ ਦੀਖਿਆ ਸਮਾਗਮ ਹੁੰਦੇ ਹਨ, ਇਹਨਾਂ ਸਮਾਗਮਾਂ ਵਿਚ ਜਥੇਬੰਦੀ ਦੀ ਕਾਰਜਵਿਧੀ ਨੂੰ ਨਿਰੰਤਰ ਜਾਰੀ ਰੱਖਣ ਲਈ ਫੰਡ ਇਕੱਤਰ ਕੀਤੇ ਜਾਂਦੇ ਹਨ ਇਸ ਤੋਂ ਇਲਾਵਾ ਕਈ ਲੋਕਲ ਇਕਾਈਆਂ ਵੀ ਆਪਣੇ ਪੱਧਰ ਤੇ ਫੰਡ ਦੇ ਰੂਪ ਵਿਚ ਮਾਇਆ ਇਕੱਤਰ ਕਰਦੀਆਂ ਹਨ।

ਸੰਘ ਨਾਲ ਸੰਬੰਧਿਤ ਸਾਬਕਾ ਫ਼ੌਜੀਆਂ ਦੀ ਸੰਸਥਾ 'ਪੂਰਵ ਸੈਨਿਕ ਸੇਵਾ ਪ੍ਰੀਸ਼ਦ' ਹੁਣ ਤੱਕ 12 ਤੋਂ ਵੱਧ ਸੂਬਿਆਂ ਵਿਚ ਫੈਲ ਚੁੱਕੀ ਹੈ। ਇਸ ਵਿਚ ਭਰਤੀ ਕੀਤੇ ਸੇਵਾ ਮੁਕਤ ਸੈਨਿਕ ਅਫ਼ਸਰਾਂ ਰਾਹੀਂ ਨਵੇਂ ਕਾਰਕੁੰਨਾਂ ਨੂੰ ਯੁੱਧ ਵਿਦਿਆ ਵਿਚ ਨਿਪੁੰਨ ਕੀਤਾ ਜਾਂਦਾ ਹੈ, ਮਿਲਟਰੀ ਸਿਖਲਾਈ ਦਿੱਤੀ ਜਾਂਦੀ ਹੈ। ਸੰਘ ਦੇ ਅਧੀਨ ਇਸ ਸਮੇਂ ਦੋ ਸੈਨਿਕ ਸਿਖਲਾਈ ਕੇਂਦਰ ਚਲ ਰਹੇ ਹਨ। ਪੂਰਵ ਸੈਨਿਕ ਸੇਵਾ ਪ੍ਰੀਸ਼ਦ ਇਕ ਵਧੀਆ ਆਰਥਿਕ ਵਸੀਲਾ ਵੀ ਹੈ। ਬੇ.ਜੀ.ਪੀ. ਸਰਕਾਰ ਵਲੋਂ ਵੀ ਸੈਨਿਕ ਪ੍ਰੀਸ਼ਦ ਨੂੰ ਕਾਫੀ ਮਾਇਕ ਸਹਾਇਤਾ ਮਿਲੀ। ਇਕ ਫ਼ੌਜੀ ਸਿਖਲਾਈ ਸਕੂਲ ਵਾਸਤੇ ਜ਼ਮੀਨ ਵੀ ਦਿੱਤੀ ਗਈ। ਸੈਨਿਕ ਸਿਖਲਾਈ ਲਈ ਵਿਦਿਆਰਥੀਆਂ ਦਾ ਪਹਿਲਾ ਬੈਚ ਸਰਸਵਤੀ ਸ਼ਿਸ਼ੂ ਮੰਦਰ ਨੈਨੀਤਾਲ ਤੋਂ ਸਿਖਲਾਈ ਹਾਸਲ ਕਰ ਚੁੱਕਾ ਹੈ।

ਸੰਘ ਦਾ ਜਿਥੇ ਪ੍ਰਸ਼ਾਸਨ ਅਤੇ ਉੱਚ ਅਧਿਕਾਰੀਆਂ ਉਪਰ ਪੂਰਾ ਨਿਯੰਤਰਣ ਹੈ ਉਥੇ ਭਾਰਤ ਦੀਆਂ ਖੁਫ਼ੀਆ ਏਜੰਸੀਆਂ ਵਿਚ ਵੀ ਇਸ ਦੀ ਪੂਰੀ ਪਹੁੰਚ ਹੈ। ਕਰੀਬ ਦੋ ਦਹਾਕਿਆਂ ਤੋਂ ਸੰਘ ਦਾ ਖੁਫੀਆਂ ਏਜੰਸੀਆਂ ਜਿਵੇਂ ਇੰਟੈਲੀਜੈਂਸ ਬਿਊਰੋ, (ਆਈ.ਬੀ.) ਰਿਸਰਚ ਐਂਡ ਅਨੈਲੇਸਿਸ ਵਿੰਗ (ਰਾਅ) ਅਤੇ ਮਿਲਟਰੀ ਇੰਟੈਲੀਜੈਂਸ (ਐਮ.ਆਈ.) ਦੇ ਤੰਤਰ ਨਾਲ ਨੇੜੇ ਦਾ ਰਿਸ਼ਤਾ ਬਣ ਚੁੱਕਾ ਹੈ।

ਜਿਸ ਦੀ ਪ੍ਰਤੱਖ ਮਿਸਾਲ ਹੈ ਕਿ ਸੰਘ ਨਾਲ ਅਤੇ ਅਖਿਲ ਭਾਰਤੀ ਵਿਦਿਆਰਥੀ ਪਰੀਸ਼ਦ ਨਾਲ ਸੰਬੰਧਤ ਕਸ਼ਮੀਰੀ ਵਿਦਿਆਰਥੀਆਂ ਨੇ ਆਪਣੀਆਂ ਸੇਵਾਵਾਂ ਭਾਰਤੀ ਖੁਫ਼ੀਆ ਏਜੰਸੀਆਂ ਨੂੰ ਸਮਰਪਿਤ ਕੀਤੀਆਂ ਤਾਂ ਜੋ ਵੱਖਵਾਦੀ ਕਸ਼ਮੀਰੀ ਮੁਸਲਮਾਨ ਜਥੇਬੰਦੀਆਂ ਵਿਚ ਘੁਸਪੈਠ ਕੀਤੀ ਜਾਵੇ। ਖੁਫ਼ੀਆ ਏਜੰਸੀਆਂ ਵੱਲੋਂ ਇਨ੍ਹਾਂ ਨੌਜਵਾਨਾਂ ਨੂੰ ਇਸਲਾਮ ਧਰਮ ਦੇ ਸਾਰੇ ਅਸੂਲਾਂ ਦੀ ਜਾਣਕਾਰੀ ਦਿੱਤੀ ਗਈ ਆਊਟਲੁੱਕ ਰਸਾਲੇ ਨਾਲ ਗੱਲਬਾਤ ਕਰਦਿਆਂ ਇਕ ਸੰਘ ਦੇ ਕਸ਼ਮੀਰੀ ਕਾਰਕੁੰਨ ਨੇ ਆਪਣਾ ਨਾਮ ਗੁਪਤ ਰੱਖਦਿਆਂ ਦੱਸਿਆ ਕਿ ਉਹ ਨਮਾਜ਼ ਵੀ ਚੰਗੀ ਤਰ੍ਹਾਂ ਪੜ੍ਹਦਾ ਸੀ ਅਤੇ ਕੁਰਾਨ ਦੀਆਂ ਆਇਤਾਂ ਦਾ ਉਚਾਰਨ ਵੀ ਵਧੀਆ ਤਰੀਕੇ ਨਾਲ ਕਰਦਾ ਸੀ ਪਰ ਫਿਰ ਵੀ ਕਸ਼ਮੀਰੀ ਅਤਿਵਾਦੀਆਂ ਵੱਲੋਂ ਪਹਿਚਾਣ ਲਿਆ ਗਿਆ ਅਤੇ ਉਨ੍ਹਾਂ ਉਸ ਤੇ ਬਹੁਤ ਤਸ਼ੱਦਦ ਕੀਤਾ, ਉਸਦੇ ਸਰੀਰ ਦੇ ਨਾਜ਼ਕ ਹਿੱਸਿਆਂ ਤੇ ਸੁਲਗਦੀ ਸਿਗਰੇਟ ਲਗਾਈ ਗਈ।

ਸੰਘ ਦੇ ਵਿਦੇਸ਼ ਵਿਭਾਗ ਦੇ ਮੁੱਖੀ ਚਮਨ ਲਾਲ ਦੇ ਹਵਾਲੇ ਨਾਲ ਸਪਤਾਹਿਕ ਅਊਟਲੁੱਕ ਨੇ ਲਿਖਿਆ ਹੈ, "ਭਾਰਤ ਦੀਆਂ ਖੁਫ਼ੀਆ ਏਜੰਸੀਆਂ ਨੇ ਸੰਘ ਕੋਲੋਂ ਕੁਝ ਸਮਰਪਿਤ ਕਾਰਕੁੰਨਾਂ ਦੀ ਮੰਗ ਕੀਤੀ ਤਾਂ ਜੋ ਗੁਆਂਢੀ ਦੇਸ਼ਾਂ ਵਿਚ ਉਨ੍ਹਾਂ ਦੀ ਵਰਤੋਂ ਕੀਤੀ ਜਾ ਸਕੇ। ਚਮਨ ਲਾਲ ਨੇ ਦੱਸਿਆ ਕਿ ਸਾਡੀ ਵਿਦੇਸ਼ੀ ਖੁਫ਼ੀਆ ਏਜੰਸੀ (ਰਾਅ) ਨੇ ਸਾਡੇ ਤੱਕ ਪਹੁੰਚ ਕੀਤੀ। ਉਨ੍ਹਾਂ ਨੇ ਸਾਡਾ ਚੰਗਾ ਵਿਹਾਰ ਅਤੇ ਅਨੁਸ਼ਾਸਨ ਤੱਕਿਆ। ਉਹ ਸਾਡੇ ਤੋਂ ਕੁਝ ਨੌਜਵਾਨ ਚਾਹੁੰਦੇ ਸਨ ਜਿਨ੍ਹਾਂ ਨੂੰ ਮੁਸਲਮਾਨਾਂ ਵਾਂਗ ਤਿਆਰ ਕਰਕੇ ਪਾਕਿਸਤਾਨ ਵਿਚ ਜਾਸੂਸੀ ਵਾਸਤੇ ਵਰਤਿਆ ਜਾ ਸਕੇ।"

ਦਰਅਸਲ ਖੁਫ਼ੀਆ ਵਿਭਾਗ ਅਤੇ ਸੰਘ ਦਾ ਇਹ ਸਾਂਝਾ ਯਤਨ ਵਿਦੇਸ਼ੀ ਏਜੰਸੀ

ਆਈ.ਐਸ.ਆਈ. ਨੂੰ ਪਛਾੜਨ ਅਤੇ ਸੁਰੱਖਿਆ ਦੇ ਪਰਦੇ ਹੇਠ ਹਿੰਦੂਤਵ ਦੀ ਭਾਵਨਾ ਪੈਦਾ ਕਰਨ ਲਈ ਕੀਤਾ ਗਿਆ ਸੀ। ਅਊਟਲੁੱਕ ਦੀ ਇਸ ਤੇ ਪ੍ਰਤਿਕ੍ਰਿਆ ਇਸ ਤਰ੍ਹਾਂ ਹੈ :

**That there is a starting similarity between the RSS and IB thought-process came to the force during the IB raid on a Muslim educational institution in Lucknow some time ago. The IB seems to have been convinced with the RSS belief that the ISI has spread its network in every household across western UP and parts of eastern UP bordering Nepal. "The ISI has a presence in every gali and Mohalla". insists a former IB deputy director.**

**(Outlook April 27, 1998)[3]**

## ਸੰਘ ਦਾ ਕਾਰਜਕਾਰੀ ਢਾਂਚਾ ਇਸ ਪ੍ਰਕਾਰ ਹੈ[4]

ਮੁੱਖੀ (ਸਰਸੰਘ ਚਾਲਕ)
ਕੇਂਦਰੀ ਕਾਰਜਕਰਨੀ
**(Central Working Commitee) (11. MEMBERS)**

## ਗਿਆਰਾਂ ਮੈਂਬਰੀ ਕੇਂਦਰੀ ਕਾਰਜਕਰਨੀ ਦੇ ਮੈਂਬਰ

1. ਸਰਕਾਰਿਆਵਾਹ **(General Secretary)**
2. ਸਹਿ-ਸਰਕਾਰਿਆਵਾਹ **(Joint General Secretary)**
3. ਅਖਿਲ ਭਾਰਤੀਆ ਬੋਧਿਕ ਪ੍ਰਮੁੱਖ **(Intellectual)**
4. ਅਖਿਲ ਭਾਰਤੀਆ ਬੋਧਿਕ ਸਹਿ ਪ੍ਰਮੁੱਖ **(Joint Intellectual)**
5. ਅਖਿਲ ਭਾਰਤੀਆਂ ਸਰੀਰਕ ਸ਼ਿਕਸ਼ਨ ਪ੍ਰਮੁੱਖ **(Physical Training)**
6. ਅਖਿਲ ਭਾਰਤੀਆ ਸੰਪਰਕ ਪ੍ਰਮੁੱਖ **(Public Relations)**
7. ਅਖਿਲ ਭਾਰਤੀਆ ਸੇਵਾ ਪ੍ਰਮੁੱਖ **(Relief activities and social works)**
8. ਅਖਿਲ ਭਾਰਤੀਆ ਸੇਵਾ ਸਹਿ ਪ੍ਰਮੁੱਖ **(Deputy Head of Relief)**
9. ਅਖਿਲ ਭਾਰਤੀਆ ਪ੍ਰਚਾਰਕ ਪ੍ਰਮੁੱਖ **(Head of Publicity)**
10. ਅਖਿਲ ਭਾਰਤੀਆ ਪ੍ਰਚਾਰ ਪ੍ਰਮੁੱਖ **(Head of full time activities)**
11. ਅਖਿਲ ਭਾਰਤੀਆ ਵਿਵਸਥਾ ਪ੍ਰਮੁੱਖ **(Head of Maintenance)**

## ਕੇਂਦਰੀ ਕਾਰਜਕਾਰਨੀ ਤੋਂ ਹੇਠਾਂ ਇਸ ਦੀ ਕਾਰਜ ਪ੍ਰਨਾਲੀ ਦੀ ਵੰਡ ਇਸ ਤਰ੍ਹਾਂ ਹੈ :

ਖੇਤਰ
↕
ਪ੍ਰਾਂਤ
↕
ਵਿਭਾਗ
↕
ਜ਼ਿਲ੍ਹਾ
↕
ਨਗਰ
↕
ਮੰਡਲ (ਆਂਢ ਗੁਆਂਢ)
↕
ਸ਼ਾਖਾ

ਸੰਘ ਵਲੋਂ ਕਾਰਕੁੰਨਾਂ ਦੇ ਸ਼ਾਖਾਵਾਂ ਉਪਰੰਤ ਲਗਾਏ ਜਾਣ ਵਾਲੇ ਕੈਂਪਾਂ ਦੀ ਤਰਤੀਬ ਅਤੇ ਮਿਆਦ ਇਸ ਤਰ੍ਹਾਂ ਹੈ,

★ ਈ.ਟੀ.ਸੀ. (ਐਲੀਮੈਂਟਰੀ ਟ੍ਰੇਨਿੰਗ ਕੈਂਪ) - 3 ਦਿਨ

★ ਓ.ਟੀ.ਸੀ. (ਓਰੀਐਂਟੇਸ਼ਨ ਟ੍ਰੇਨਿੰਗ ਕੈਂਪ) - 30 ਦਿਨ

★ ਏ.ਟੀ.ਸੀ. (ਐਡਵਾਂਸਡ ਟ੍ਰੇਨਿੰਗ ਕੈਂਪ) - 90 ਦਿਨ

ਇਨ੍ਹਾਂ ਕੈਂਪਾਂ ਵਿਚ ਸ਼ਮੂਲੀਅਤ ਤੋਂ ਬਾਅਦ 6 ਮਹੀਨੇ ਦੀ ਸਮਰਪਿਤ ਸੇਵਾ।

ਸੰਘ ਦੇ ਕਾਫ਼ੀ ਕਾਰਕੁੰਨ ਜਿਥੇ ਸਮਰਪਣ ਦੀ ਭਾਵਨਾ ਨਾਲ 'ਸੇਵਾ-ਕਾਰਜ' ਕਰਦੇ ਹਨ ਪਰੰਤੂ ਫਿਰ ਵੀ ਇਸ ਦੇ ਵੱਖ-ਵੱਖ ਵਿਭਾਗਾਂ ਵਿਚ ਕੁਲ ਵਕਤੀ ਸੇਵਾਦਾਰਾਂ ਦੀ ਗਿਣਤੀ ਇਸ ਪ੍ਰਕਾਰ ਹੈ ਜੋ ਵੇਤਨ ਉਪਰ ਕਾਰਜ ਕਰਦੇ ਹਨ:

1. ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ - 264 (12 ਬੀਬੀਆਂ ਸਮੇਤ)
2. ਭਾਰਤੀ ਮਜ਼ਦੂਰ ਸੰਘ - 220
3. ਵਿਸ਼ਵ ਹਿੰਦੂ ਪ੍ਰੀਸ਼ਦ - 5000
4. ਵਿਸ਼ਵ ਵਿਭਾਗ - 20

5. ਵਨਵਾਸੀ ਕਲਿਆਣ ਆਸ਼ਰਮ ਪੁਰਸ਼ - 907, ਮਹਿਲਾਵਾਂ - 239
6. ਸੇਵਾ ਭਾਰਤੀ - 500
7. ਸੰਸਕ੍ਰਿਤ ਭਾਰਤੀ - 300

1998 ਵਿਚ ਸੋਇਮ ਸੇਵਕ ਸੰਘ ਦੇ ਵੱਖ-ਵੱਖ ਵਿਭਾਗਾਂ ਦੀ ਮੈਂਬਰਸ਼ਿਪ ਇਸ ਤਰ੍ਹਾਂ ਸੀ ਹੁਣ ਤੱਕ ਕਾਫੀ ਉਪਰ ਪਹੁੰਚ ਚੁੱਕੀ ਹੋਵੇਗੀ।

| | |
|---|---|
| ਭਾਰਤੀ ਜਨਤਾ ਪਾਰਟੀ | 1.7 ਕਰੋੜ |
| ਭਾਰਤੀ ਕਿਸਾਨ ਸੰਘ | 60 ਲੱਖ |
| ਭਾਰਤੀ ਮਜ਼ਦੂਰ ਸਿੰਘ | 45 ਲੱਖ |
| ਆਦਿਵਾਸੀ ਕਲਿਆਣ ਕੇਂਦਰ | 23 ਲੱਖ |
| ਮਛੇਰਿਆਂ ਦੀ ਕੋ-ਆਪਰੇਟਿਵ ਸੋਸਾਇਟੀ | 22 ਲੱਖ |
| ਵਿਵੇਕਾਨੰਦ ਮੈਡੀਕਲ ਮਿਸ਼ਨ | 17 ਲੱਖ |
| ਅਧਿਆਪਕ ਪ੍ਰੀਸ਼ਦ | 16 ਲੱਖ |
| ਭਾਰਤੀ ਵਿਕਾਸ ਪ੍ਰੀਸ਼ਦ | 16 ਲੱਖ |
| ਦੀਨ ਦਿਆਲ ਸ਼ੋਧ ਸੰਸਥਾਨ | 17 ਲੱਖ |
| ਰਾਸ਼ਟਰੀ ਸੇਵਿਕਾ ਸੰਮਤੀ | 18 ਲੱਖ |
| ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ | 18 ਲੱਖ |
| ਵਿਦਿਆ ਭਾਰਤੀ | 21 ਲੱਖ |
| ਵਿਸ਼ਵ ਹਿੰਦੂ ਪ੍ਰੀਸ਼ਦ | 29 ਲੱਖ |

ਸੰਘ ਦੇ ਹੋਰ ਵਿਭਾਗਾਂ ਦਾ ਜ਼ਿਕਰ ਅੱਗੇ ਵਿਸਥਾਰ ਸਹਿਤ ਕੀਤਾ ਹੋਇਆ ਹੈ। ਜਿਸ ਤੋਂ ਭੈਅਭੀਤ ਹੋਣ ਦੀ ਨਹੀਂ ਬਲਕਿ ਸਿੱਖਣ ਦੀ ਜ਼ਰੂਰਤ ਹੈ ਕਿ ਇਹ ਜਥੇਬੰਦੀ ਆਪਣੀਆਂ ਅਨੇਕਾਂ ਤੰਦੂਆ ਰੂਪੀ ਬਾਹਵਾਂ ਨਾਲ ਹਰ ਪੱਖ ਅਤੇ ਖੇਤਰ ਵਿਚ ਹਿੰਦੂ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਕਿਵੇਂ ਯਤਨਸ਼ੀਲ ਹੈ ਅਤੇ ਹਰ ਸੱਤਰ ਉਪਰ ਹਰ ਪੱਖ ਤੋਂ ਇਹ ਲੋਕਾਂ ਨਾਲ ਕਿਵੇਂ ਜੁੜੀ ਹੋਈ ਹੈ।

## ਰਾਸ਼ਟਰੀ ਸੇਵਿਕਾ ਸੰਮਤੀ

ਸਥਾਪਨਾ:-ਸੰਨ 1936 ਨੂੰ ਦੁਸਹਿਰੇ ਵਾਲੇ ਦਿਨ ਰਾਸ਼ਟਰੀ ਸੇਵਿਕਾ ਸੰਮਤੀ ਦੀ ਸਥਾਪਨਾ ਹੋਈ।

ਸੰਚਾਲਕ:-ਲਕਸ਼ਮੀ ਬਾਈ ਕੇਲਕਰ (ਬੰਦਨੀਆ ਮੌਸੀ ਜੀ)

ਉਦੇਸ਼:-(ੳ) ਔਰਤ ਰਾਸ਼ਟਰ ਦੀ ਆਧਾਰ ਸ਼ਕਤੀ ਹੈ।

(ਅ) ਭਾਰਤੀ ਨਾਰੀ ਤੇਜਸਵੀਂ ਹਿੰਦੂ ਰਾਸ਼ਟਰ ਦੀ ਉੱਤਮ ਜਨਨੀ ਬਣਕੇ ਬੇਟੀ, ਭੈਣ, ਪਤਨੀ, ਅਤੇ ਮਾਤਾ ਦੇ ਰੂਪ ਵਿੱਚ ਪਿਤਾ, ਭਰਾ ਅਤੇ ਪੁੱਤਰ ਨੂੰ ਸਹੀ ਰਸਤੇ ਵੱਲ ਪ੍ਰੇਰਿਤ ਕਰਨ ਵਾਲੇ ਬਣੇ।

ਜਥੇਬੰਦਕ ਢਾਂਚਾ:- ਲਗਪਗ 5000 ਸ਼ਾਖਾਵਾਂ ਹਨ। ਸੰਪਤੀ ਦਾ ਕੰਮ ਵਿਦੇਸ਼ਾਂ ਵਿੱਚ ਵੀ 'ਹਿੰਦੂ ਸੇਵਿਕਾ ਸੰਮਤੀ' ਦੇ ਨਾਮ ਨਾਲ ਪਹੁੰਚ ਚੁੱਕਾ ਹੈ। ਇੰਗਲੈਂਡ, ਅਮਰੀਕਾ, ਕਨੇਡਾ, ਕੀਨੀਆ, ਮਾਰੀਸ਼ਸ, ਦੱਖਣੀ ਅਮਰੀਕਾ, ਮਿਆਮਾਰ, ਮਲੇਸ਼ੀਆ ਦੇਸ਼ਾਂ 'ਚ ਕੁੱਲ ਮਿਲਾ ਕੇ ਲਗਪਗ 50 ਸ਼ਾਖਾਵਾਂ ਹਨ।

ਸੰਸਥਾਵਾਂ:- ਨਾਗਪੁਰ ਦੇ ਅਹਿਲਿਆ ਮੰਦਿਰ ਵਿੱਚ ਸਥਿਤ ਜਨਜਾਤੀ ਕੰਨਿਆ ਹੋਸਟਲ, ਦੇਵੀ ਅਹਿਲਿਆ ਮੰਦਿਰ ਟਰੱਸਟ ਦੇ ਦੁਆਰਾ ਚਲਾਏ ਜਾਣ ਵਾਲੇ ਭਜਨ ਮੰਡਲ, ਯੋਗਾਸ਼ਨ-ਮੰਡਲ, ਪੋਰੋਹਿਤ 'ਵਰਗ, ਹਸਪਤਾਲ, ਪੁਸਤਕਾਲੇ, ਵਾਚ ਨਾਲਅ, ਭਾਰਤੀ ਨਿਕੇਤਨ ਦੇ ਨਾਮ ਤੇ ਚਲਣ ਵਾਲੀ ਬਾਲਿਕ-ਸਿੱਖਿਆ।

ਫੁਟਕਲ:-(ੳ) ਸਾਲਾਨਾ, ਛਿਮਾਹੀ ਅਤੇ ਤਿਮਾਹੀ ਪੱਤਰਕਾਵਾਂ (ਲਗਪਗ ਸਾਰੇ ਪ੍ਰਾਂਤਾਂ ਵਿੱਚ)

(ਅ) ਦਿਨਦਰਸ਼ਿਕਾ ਸਾਲਾਨਾ ਪੱਤਰਕਾ।

(ੲ) ਅਕਤੂਬਰ 1996 'ਚ ਦਿੱਲੀ ਵਿੱਚ ਹੋਏ ਸੰਮੇਲਨ ਵਿੱਚ ਵਰਦੀ ਪਾ ਕੇ 10, 000 ਔਰਤਾਂ ਮੈਂਬਰ ਹਾਜ਼ਰ ਹੋਈਆਂ।

(ਸ) 1997 ਨੂੰ ਪੂਨਾ ਵਿੱਚ ਸੰਮਤੀ ਦੇ ਵਿਸ਼ਵ ਵਿਭਾਗ ਦਾ 15 ਦਿਨ ਦਾ ਸਿਖਲਾਈ ਕੈਂਪ ਲੱਗਾ ਜਿਸ ਵਿੱਚ ਸੱਤ ਦੇਸ਼ਾਂ ਦੀਆਂ 40 ਸੇਵਿਕਾਵਾਂ ਨੇ ਭਾਗ ਲਿਆ।

## ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ

ਸਥਾਪਨਾ:- 13 ਜੂਨ 1948

ਸੰਚਾਲਕ:- ਸ੍ਰੀ ਵੇਦ ਪ੍ਰਕਾਸ਼ ਨੰਦਾ, ਡਾ: ਓਮ ਪ੍ਰਕਾਸ਼ ਬਹਿਲ, ਸ੍ਰੀ ਬਲਰਾਜ ਮਧੋਕ,

ਸ੍ਰੀ ਲਾਲਰਾਮ ਗੁਪਤ ਆਦਿ।

ਉਦੇਸ਼:- ਵਿਦਿਆਰਥੀ ਪ੍ਰੀਸ਼ਦ ਅੰਦੋਲਨਾਤਮਕ ਅਤੇ ਪ੍ਰਤੀਨਿਧੀਤਵਪਰਕ ਗਤੀਵਿਧੀਆਂ ਦੇ ਨਾਲ ਰਚਨਾਤਮਕ ਗਤੀਵਿਧੀਆਂ ਵਿੱਚ ਵੀ ਸਰਗਰਮ ਰਹਿੰਦੀ ਹੈ। ਪ੍ਰੀਸ਼ਦ ਦੀ ਮਾਨਤਾ ਹੈ ਕਿ ਉਸਦਾ ਕੰਮ ਰਚਨਾਤਮਕ ਹੈ। ਦਲਗਤ ਰਾਜਨੀਤੀ ਤੋਂ ਉਹ ਅਲੱਗ ਹੈ ਅਤੇ ਉਸਦਾ ਕਹਿਣਾ ਹੈ ਕਿ ਵਿਦਿਆਰਥੀ ਅੱਜ ਦਾ ਨਾਗਰਿਕ ਹੈ।

ਜਥੇਬੰਦਕ ਢਾਂਚਾ:-ਵਰਤਮਾਨ ਵਿੱਚ ਵਿਦਿਆਰਥੀ ਪ੍ਰੀਸ਼ਦ ਦਾ ਕੰਮ ਦੇਸ਼ ਦੇ ਸਾਰੇ ਪ੍ਰਾਂਤਾਂ

ਵਿੱਚ ਅਤੇ ਦੇਸ਼ ਦੇ ਕੁੱਲ 506 ਜ਼ਿਲ੍ਹਿਆਂ ਵਿੱਚੋਂ 442 ਜ਼ਿਲ੍ਹਿਆਂ ਵਿੱਚ ਹੈ। 3000 ਤੋਂ ਅਧਿਕ ਸਥਾਨਾਂ ਤੇ ਇਸ ਦਾ ਕੰਮ ਹੈ ਅਤੇ ਲਗਪਗ 8 ਲੱਖ ਮੈਂਬਰ ਹਨ। ਇਸ ਪ੍ਰਕਾਰ ਇਹ ਦੇਸ਼ ਦਾ ਸਭ ਤੋਂ ਵੱਡਾ ਵਿਦਿਆਰਥੀ ਸੰਗਠਨ ਹੈ। ਪ੍ਰੀਸ਼ਦ ਵਿੱਚ ਕੁੱਲਵਕਤੀ ਕਰਮਚਾਰੀਆਂ ਦੀ ਸੰਖਿਆ 264 ਹੈ ਜਿਨ੍ਹਾਂ ਵਿਚੋਂ 12 ਵਿਦਿਆਰਥਣਾਂ ਹਨ।

ਸੰਸਥਾਵਾਂ:- 1. ਤਕਨੀਕੀ ਸਿਖਿਆ ਵਿਦਿਆਰਥੀ ਪ੍ਰੀਸ਼ਦ।

2. ਵਿਕਾਸਰਥ ਵਿਦਿਆਰਥੀ:- ਸਥਾਨਕ ਸਮੱਸਿਆਵਾਂ ਵਿਚਾਰਨ ਸਬੰਧੀ।

3. ਵਿਸ਼ਵ ਵਿਦਿਆਰਥੀ ਯੁਵਾ ਸੰਘ।

ਫੁਟਕਲ:- ਪੱਤਰਕਾ:- 'ਛਾਤਰ ਸ਼ਕਤੀ' ਨਾਮ ਦੀਆਂ ਦੋ ਮਾਸਿਕ ਪੱਤਰਿਕਾ ਦਾ ਪ੍ਰਕਾਸ਼ਨ ਮੁੰਬਈ ਤੋਂ ਹੁੰਦਾ ਹੈ ਅਤੇ ਇਸ ਤੋਂ ਇਲਾਵਾ ਪ੍ਰਦੇਸ਼ਿਕਾ ਸਤੱਰ ਦੀਆਂ 15 ਪੱਤਰਕਾਵਾਂ ਛੱਪਦੀਆਂ ਹਨ।

## ਭਾਰਤੀ ਮਜ਼ਦੂਰ ਸੰਘ

ਸਥਾਪਨਾ:-23 ਜੁਲਾਈ 1955 ਨੂੰ ਭੋਪਾਲ ਵਿੱਚ ਭਾਰਤੀ ਮਜ਼ਦੂਰ ਸੰਘ ਦੀ ਸਥਾਪਨਾ ਹੋਈ।

ਸੰਚਾਲਕ:-ਸ੍ਰੀ ਦਤੋਪੰਤ ਠੇਂਗੜੀ

ਉਦੇਸ਼:- ਭਾਰਤੀ ਮਜ਼ਦੂਰ ਸੰਘ ਦਾ ਉਦੇਸ਼ ਮਜ਼ਦੂਰਾਂ ਵਿੱਚ ਭਾਰਤੀ ਸੰਸਕ੍ਰਿਤੀ ਦੇ ਪ੍ਰਤੀ ਭਾਵਨਾ ਉਤਪੰਨ ਕਰਕੇ ਉਨ੍ਹਾਂ ਵਿੱਚ ਰਾਸ਼ਟਰੀਅਤਾ ਦਾ ਭਾਵ ਜਾਗਰਿਤ ਕਰਨਾ।

ਜਥੇਬੰਦਕ ਢਾਂਚਾ:- 1967 ਤੱਕ ਭਾਰਤੀ ਮਜ਼ਦੂਰ ਸਿੰਘ ਨਾਲ ਸਬੰਧਿਤ ਪੰਜ ਮਹਾਂ ਸੰਘ ਸਥਾਪਿਤ ਹੋ ਚੁੱਕੇ ਸਨ। ਜਿਨ੍ਹਾਂ ਵਿਚੋਂ 541 ਮਜ਼ਦੂਰ ਸੰਘਾਂ ਦੇ ਕੁੱਲ ਮੈਂਬਰਾਂ ਦੀ ਸੰਖਿਆ 2, 46, 902 ਸੀ। 1996 'ਚ ਅਖਿਲ ਭਾਰਤੀ ਅਧਿਵੇਸ਼ਨ ਭੋਪਾਲ ਵਿੱਚ ਕੀਤਾ ਗਿਆ ਜਿਸ ਵਿੱਚ 3731 ਮਜ਼ਦੂਰ ਸੰਘਾਂ ਦੇ ਕੁੱਲ ਮੈਂਬਰਾਂ ਦੀ ਗਿਣਤੀ 46, 18, 831 ਸੀ। ਇਸਦੇ ਕੁੱਲਵਰਤੀ ਕਰਮਾਚਾਰੀਆਂ ਦੀ ਗਿਣਤੀ 220 ਹੈ।

ਸੰਸਥਾਵਾਂ:-ਕਰਜ਼ਾ ਉਪਲਬਧ ਕਰਵਾਉਣ ਦੇ ਉਦੇਸ਼ ਨਾਲ ਮਜ਼ਦੂਰ ਸੰਘ ਨੇ ਕਰੈਡਿਟ ਕੋਅਪਰੇਟਿਵ ਸੋਸਾਇਟੀ ਦੇ ਨਾਮ ਨਾਲ ਮਜ਼ਦੂਰਾਂ ਦੀ ਸਹਿਕਾਰੀ ਸੰਸਥਾ ਸਥਾਪਿਤ ਕੀਤੀ ਹੈ। ਇਸ ਸਮੇਂ ਦੇਸ਼ ਵਿੱਚ ਇਸ ਤਰ੍ਹਾਂ ਇਸ ਦੀਆਂ 600 ਤੋਂ ਅਧਿਕ ਸੰਸਥਾਵਾਂ ਕੰਮ ਕਰ ਰਹੀਆਂ ਹਨ। 1980 'ਚ ਮਜ਼ਦੂਰ ਸਿੱਖਿਆ ਸੰਸਥਾਨ ਦੀ ਸਥਾਪਨਾ ਕੀਤੀ ਗਈ। 1999 'ਚ ਸਰਵਪੰਥ ਸਮਾਦਰ ਮੰਚ ਦਾ ਗਠਨ ਕੀਤਾ।

ਫੁਟਕਲ:- ਭਾਰਤੀ ਮਜ਼ਦੂਰ ਸੰਘ ਹਿੰਦੀ 'ਚ 'ਵਿਸ਼ਵਕਰਮਾ ਚੇਤਨਾ ਅਤੇ ਅੰਗਰੇਜ਼ੀ 'ਚ **'Vishwakarma Sanket'** ਸਮਾਚਾਰ ਪੱਤਰ ਪ੍ਰਕਾਸ਼ਿਤ ਕਰਦਾ ਹੈ ਅਤੇ ਇਸ ਤੋਂ ਇਲਾਵਾ ਪ੍ਰਾਂਤ ਪੱਧਰ ਦੀਆਂ 15 ਪੱਤਰਕਾਵਾਂ ਛਪਦੀਆਂ ਹਨ।

# ਭਾਰਤੀ ਵਿਕਾਸ ਪ੍ਰੀਸ਼ਦ

ਸਥਾਪਨਾ:- 1963

ਸੰਚਾਲਕ:- ਡਾ: ਸੂਰਜ ਪ੍ਰਕਾਸ਼ ਗੁਪਤ

ਉਦੇਸ਼:- ਸਮਾਜ ਦੇ ਗੰਭੀਰ ਅਤੇ ਸੰਵੇਦਨਸ਼ੀਲ ਆਦਮੀਆਂ ਨਾਲ ਸੰਪਰਕ ਕਰਕੇ ਅਤੇ ਰਾਸ਼ਟਰੀ ਕੰਮ ਲਈ ਉਨ੍ਹਾਂ ਨੂੰ ਪ੍ਰੇਰਨਾ ਕਰਕੇ ਆਪਣੇ ਸਹਿਯੋਗੀ ਮੈਂਬਰ ਬਨਾਉਂਦੀ ਹੈ। ਇਸਦੇ ਪੰਜ ਉਦੇਸ਼ ਹਨ-ਸੰਪਰਕ, ਸਹਿਯੋਗ, ਸੰਸਕਾਰ, ਸੇਵਾ ਅਤੇ ਸਮਰਪਣ।

ਜਥੇਬੰਦਕ ਢਾਂਚਾ:- ਵਰਤਮਾਨ ਵਿੱਚ ਇਸਦੇ ਮੈਂਬਰਾਂ ਦੀ ਸੰਖਿਆਂ ਲਗਪਗ 20,000 ਹੈ। ਦੇਸ਼ ਦੇ 29 ਪ੍ਰਾਂਤਾਂ ਵਿੱਚ ਪ੍ਰੀਸ਼ਦ ਦੀਆਂ 500 ਤੋਂ ਅਧਿਕ ਸ਼ਾਖਾਵਾਂ ਹਨ। ਵਿਦੇਸ਼ਾਂ ਵਿੱਚ ਵੀ 12 ਸ਼ਾਖਾਵਾਂ ਸਥਾਪਿਤ ਹਨ।

ਕਾਰਜ:- ਵਿਕਲਾਂਗ-ਪੁਨਰਵਾਸ ਯੋਜਨਾ, ਵਨਵਾਸੀ-ਕਲਿਆਣ ਯੋਜਨਾ, ਸ਼ੁਧ ਵਾਤਾਵਰਣ ਤੇ ਸਿਹਤ ਯੋਜਨਾ, ਗਰੀਬ ਅਤੇ ਲਾਇਕ ਵਿਦਿਆਰਥੀ ਸਹਾਇਤਾ ਯੋਜਨਾ, ਵਿਕਾਸ-ਸਮਰਪਿਤ।

ਫੁਟਕਲ:- ੳ) ਵਨਵਾਸੀ ਬੱਚਿਆਂ ਦੇ ਸਿੱਖਿਆ ਵਿਕਾਸ ਲਈ ਹਰ ਸਾਲ ਇਕ ਬਾਲਕ ਦੇ ਲਈ 1000 ਰੁ: ਦੇਣ ਦੇ ਮੰਤਵ ਤਹਿਤ ਅੱਜ 1000 ਬੱਚਿਆਂ ਦੀ ਸਹਾਇਤਾ ਹੋ ਰਹੀ ਹੈ।

ਅ) ਗਰੀਬ ਕੰਨਿਆਂ ਸਾਮੂਹਿਕ ਵਿਆਹ ਯੋਜਨਾ ਨੂੰ ਪੰਜਾਬ 'ਚ ਵਿਸ਼ੇਸ ਸਫਲਤਾ ਮਿਲੀ ਹੈ।

ੲ) ਗਰੀਬ ਲਾਇਕ ਬੱਚਿਆਂ ਨੂੰ ਫੀਸ, ਕਿਤਾਬਾਂ, ਵਰਦੀਆ ਆਦਿ ਦੀ ਮਦਦ ਕੀਤੀ ਜਾਂਦੀ ਹੈ।

# ਵਿਸ਼ਵ ਹਿੰਦੂ ਪ੍ਰੀਸ਼ਦ

ਸਥਾਪਨਾ:- 29 ਅਗਸਤ 1964 ਨੂੰ ਮੁੰਬਈ ਵਿਖੇ ਇਸ ਦੀ ਸਥਾਪਨਾ ਹੋਈ।

ਸੰਚਾਲਕ:- ਸ੍ਰੀ ਗੁਰੂ ਜੀ ਅਤੇ ਸਵ: ਸ਼ਿਵਰਾਮ ਸ਼ੰਕਰ (ਦਾਦਾ ਸਾਹਿਬ)

ਉਦੇਸ਼:- ਸਮੂਹ ਸੰਸਾਰ ਦੇ ਹਿੰਦੂਆਂ (ਭਾਰਤ ਅਤੇ ਵਿਦੇਸ਼ 'ਚ ਰਹਿਣ ਵਾਲੇ) ਵਿੱਚ ਭਾਸ਼ਾ, ਖੇਤਰ, ਮਤ ਸੰਪ੍ਰਦਾਇ ਵਰਗ ਦੇ ਕਾਰਨ ਉਤਪੰਨ ਭੇਦਾਂ ਨੂੰ ਮਿਟਾ ਕੇ ਉਨ੍ਹਾਂ ਨੂੰ ਏਕਤਾ ਦਾ ਅਨੁਭਵ ਕਰਾ ਕੇ ਇੱਕ ਦ੍ਰਿੜ੍ਹ ਅਤੇ ਅਖੰਡ ਸਮਾਜ ਦੇ ਰੂਪ 'ਚ ਖੜਾ ਕਰਕੇ ਉਨ੍ਹਾਂ ਵਿੱਚ ਧਰਮ ਅਤੇ ਸੰਸਕ੍ਰਿਤ ਦੇ ਪ੍ਰਤੀ ਗੌਰਵ, ਨਿਸ਼ਠਾ ਤੇ ਭਗਤੀ ਦੀ ਭਾਵਨਾ ਪੈਦਾ ਕਰਨਾ।

ਜਥੇਬੰਦਕ ਢਾਂਚਾ:- ਕੰਮ ਦੀ ਦ੍ਰਿਸ਼ਟੀ ਤੋਂ ਸਾਰੇ ਭਾਰਤ ਨੂੰ 11 ਖੇਤਰਾਂ ਵਿੱਚ ਵੰਡਿਆ ਗਿਆ ਹੈ। ਇਨ੍ਹਾਂ 11 ਖੇਤਰਾਂ ਨੂੰ 30 ਪ੍ਰਾਂਤਾਂ ਵਿੱਚ ਵੰਡਿਆ ਗਿਆ ਹੈ। ਇਨ੍ਹਾਂ 30 ਪ੍ਰਾਂਤਾਂ ਨੂੰ 223 ਵਿਭਾਗਾਂ ਵਿੱਚ ਅਤੇ 770 ਜ਼ਿਲ੍ਹਿਆਂ ਅਤੇ 7423 ਪ੍ਰਖੰਡਾਂ ਵਿੱਚ ਵੰਡਿਆ ਗਿਆ ਹੈ। ਜਿਨ੍ਹਾਂ ਵਿੱਚੋਂ 693 ਜ਼ਿਲ੍ਹਿਆਂ, 4069 ਪ੍ਰਖੰਡਾਂ ਦੇ ਇਲਾਵਾ 16498 ਪਿੰਡਾਂ ਅਤੇ ਹੋਰ ਖੇਤਰਾਂ ਤੇ 23650 ਸੰਮਤੀਆਂ ਕੰਮ ਕਰ ਰਹੀਆਂ ਹਨ। ਸਾਰੇ ਸੰਸਾਰ ਨੂੰ ਕੰਮ ਅਤੇ ਸੰਗਠਨ ਲਈ 5 ਭਾਗਾਂ ਵਿੱਚ ਵੰਡਿਆ ਗਿਆ ਹੈ। ਪੰਜਾਂ ਦੇ ਇੰਚਾਰਜ ਕੰਮ ਕਰ ਰਹੇ ਹਨ। 18 ਦੇਸ਼ਾਂ ਵਿੱਚ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਨਾਮ ਨਾਲ ਅਤੇ ਸੱਤ ਦੇਸ਼ਾਂ ਵਿੱਚ ਹੋਰ ਨਾਵਾਂ ਨਾਲ ਕੰਮ ਚਲ ਰਿਹਾ ਹੈ।

ਕਾਰਜ:- ਸੇਵਾ ਪ੍ਰਕਲਪ:- ਦੇਸ਼ ਦੇ ਭਿੰਨ-ਭਿੰਨ ਖੇਤਰਾਂ 'ਚ 2500 ਸੇਵਾ ਪ੍ਰਕਲਪ ਕੰਮ ਕਰ ਰਹੇ ਹਨ।

ਸੰਸਕਾਰ-ਜਾਗਰਣ:-ਬਾਲ, ਜਵਾਨਾਂ ਤੇ ਅੱਧਖੜ ਸਾਰਿਆਂ ਨੂੰ ਆਪਣੀ ਸੰਸਕ੍ਰਿਤ ਬਾਰੇ ਦੱਸ ਕੇ ਉਨ੍ਹਾਂ 'ਚ ਸੰਸਕਾਰ ਪੈਦਾ ਕਰਨ ਦੀ ਦ੍ਰਿਸ਼ਟੀ ਨਾਲ, 1003 ਬਾਲਵਾੜੀਆਂ, ਸਿੱਖਿਆਂ ਸੰਸਥਾਵਾਂ, ਪੁਸਤਕਾਲੇ ਅਤੇ ਬਾਲ ਸੰਸਕਾਰ ਕੇਂਦਰ ਚਲਾਏ ਜਾ ਰਹੇ ਹਨ।

ਸਿਹਤ ਪ੍ਰਕਲਪ:-ਇਸ ਤਹਿਤ 228 ਦਵਾਈ ਵੰਡ ਕੇਂਦਰ, 14 ਦਵਾਖਾਨੇ, 13 ਚਲਦੇ ਫਿਰਦੇ ਸਿਹਤ ਕੇਂਦਰ ਕੰਮ ਕਰ ਰਹੇ ਹਨ।

ਧਾਰਮਿਕ ਸਦਭਾਵਨਾ:- ਇਸ ਤਹਿਤ 332 ਮੰਦਿਰਾਂ ਦਾ ਨਿਰਮਾਣ ਕੀਤਾ ਗਿਆ ਹੈ।

ਹੋਸਟਲ ਤੇ ਅਨਾਥ ਆਸ਼ਰਮ:- 43 ਹੋਸਟਲ ਵਨਵਾਸੀ ਬਾਲਕਾਂ ਲਈ ਅਤੇ 6 ਹੋਸਟਲ ਔਰਤਾਂ ਦੇ ਲਈ ਚਲ ਰਹੇ ਹਨ।

ਧਰਮ ਸੰਸਦ ਦੇ ਸੰਮੇਲਨ:- ਹੁਣ ਤੱਕ ਇਸ ਦੇ 8 ਸੰਮੇਲਨ ਹੋ ਚੁੱਕੇ ਹਨ।

ਆਰਥਿਕ ਸੁਤੰਤਰਤਾ:-ਘੱਟ ਆਮਦਨ ਵਾਲੇ ਪਰਿਵਾਰਾਂ ਦਾ ਜੀਵਨ ਉੱਚਾ ਚੁੱਕਣ ਲਈ 92 ਸਿਲਾਈ ਸੈਂਟਰ, 17 ਤਕਨੀਕੀ ਟਰੇਨਿੰਗ ਕੇਂਦਰ ਚਲਾਏ ਜਾ ਰਹੇ ਹਨ।

ਸੰਸਥਾਵਾਂ:- ਬਜਰੰਗ ਦਲ:-1000 ਮਿਲਨ ਕੇਂਦਰ ਅਤੇ 3000 ਹਫਤਾਵਰੀ ਸਤਸੰਗ ਚਲਦੇ ਹਨ।

ਦੁਰਗਾ ਵਾਹਨੀ:- 344 ਮਿਲਨ ਕੇਂਦਰ ਅਤੇ 1000 ਹਫਤਾਵਰੀ ਸਤਸੰਗ ਚਲਦੇ ਹਨ। ਇਸ ਵਿੱਚ ਔਰਤਾਂ ਨੂੰ ਹਥਿਆਰਾਂ ਤੱਕ ਦੀ ਸਿਖਲਾਈ ਦਿੱਤੀ ਜਾਂਦੀ ਹੈ।

ਹਿੰਦੂ ਹੈਰੀਟੇਜ ਫਾਊਂਡੇਸ਼ਨ:-ਬਾਹਰਲੇ ਦੇਸ਼ਾਂ ਵਿੱਚ ਸੈਮੀਨਾਰ, ਸੰਮੇਲਨ ਆਦਿ ਕਰਵਾਉਣੇ। ਵਧੇਰੇ ਕਰਕੇ ਇਸ ਅਧੀਨ ਕਰਵਾਏ ਜਾਂਦੇ ਸੰਮੇਲਨਾਂ ਦੀ ਸੁਰ ਤਕਰੀਬਨ ਹਿੰਦੂ ਵਾਦੀ ਤੇ ਗਰਮ ਹੀ ਹੁੰਦੀ ਹੈ।

## ਵਿਸ਼ਵ ਵਿਭਾਗ

ਸਥਾਪਨਾ:- 1947 'ਚ ਕੇਨੀਆ ਦੇ ਨਗਰ ਮੁੰਬਾਸਾ 'ਚ।

ਜਥੇਬੰਦਕ ਢਾਂਚਾ:- 27 ਦੇਸ਼ਾਂ 'ਚ ਸੁਚਾਰੂ ਰੂਪ ਨਾਲ ਚਲ ਰਿਹਾ ਹੈ, ਜਿਥੇ 200 ਉਪ ਸ਼ਾਖਾਵਾਂ ਹਨ। ਇਸ ਤੋਂ ਇਲਾਵਾ 20 ਹੋਰ ਦੇਸ਼ਾਂ ਵਿੱਚ ਸੰਗ ਮੰਡਲੀ ਵਰਗ ਕੰਮ ਚਲਦਾ ਹੈ। ਵਿਸ਼ਵ ਵਿਭਾਗ ਨੂੰ ਦੇਖਣ ਲਈ ਵਰਤਮਾਨ 'ਚ ਕੁੱਲ 20 ਕੁੱਲਵਰਤੀ ਪ੍ਰਚਾਰਕ ਲੱਗੇ ਹੋਏ ਹਨ। ਅਮਰੀਕਾ, ਇੰਗਲੈਂਡ, ਕੇਨੀਆ, ਦੱਖਣੀ ਅਮਰੀਕਾ, ਆਸਟਰੇਲੀਆ, ਬਰਮਾ ਅਤੇ ਮਲੇਸ਼ੀਆ ਵਿੱਚ ਕਰਮਚਾਰੀਆਂ ਦੇ ਲਈ ਸਾਲ ਵਿੱਚ ਇੱਕ ਵਾਰ ਸਿਖਲਾਈ ਕੈਂਪ ਲੱਗਦਾ ਹੈ।

ਕਾਰਜ:- (ੳ) 1984 'ਚ ਅਮਰੀਕਾ ਵਿੱਚ ਹਿੰਦੂ ਸੰਮੇਲਨ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ 25 ਦੇਸ਼ਾਂ ਦੇ 5000 ਪ੍ਰਤੀਨਿਧ ਸ਼ਾਮਿਲ ਹੋਏ।

(ਅ) 1984 'ਚ ਇੰਗਲੈਂਡ ਵਿੱਚ ਹਿੰਦੂ ਮੈਰਾਥਨ (ਦੌੜ) ਆਰੰਭ ਹੋਈ। ਪਹਿਲਾ ਆਯੋਜਨ ਬਰੇਡਫੋਰਡ ਵਿੱਚ ਹੋਇਆ ਜਿਸ ਵਿੱਚ 1200 ਲੋਕਾਂ ਨੇ ਹਿੱਸਾ ਲਿਆ।

(ੲ) 1997 'ਚ ਬਰੇਡਫੋਰਡ 'ਚ ਹੋਈ ਪ੍ਰਤੀਯੋਗਤਾ ਵਿੱਚ 35 ਦੇਸ਼ਾਂ ਦੇ 11,000 ਤੋਂ ਅਧਿਕ ਲੋਕਾਂ ਨੇ ਹਿੱਸਾ ਲਿਆ।

ਸੰਸਥਾਵਾਂ:-ਪੂਰਬੀ ਦੇਸ਼ਾਂ ਵਿੱਚ ਇਹ ਕੰਮ 'ਹਿੰਦੂ ਸੇਵਾ ਸੰਘ' ਅਤੇ ਕਈ ਦੇਸ਼ਾਂ ਵਿੱਚ 'ਸਨਾਤਨ ਧਰਮ ਸਵੈ ਸੇਵਕ ਸੰਘ' ਨਾਮ ਨਾਲ ਚਲਦਾ ਹੈ। ਇੰਗਲੈਂਡ 'ਚ 'Hindu Vigil' ਦੇ ਨਾਮ ਨਾਲ ਕੰਮ ਕਰ ਰਹੀ ਹੈ।

ਫੁਟਕਲ:- ਵਰਤਮਾਨ 'ਚ ਸੱਤ ਦੇਸ਼ਾਂ ਤੋਂ ਨੀਜਤਕਾਲੀਕ ਸੂਚਨਾ-ਸੰਵਾਦ-ਪੱਤਰ-ਪੱਤਰਕਾਵਾਂ ਦਾ ਪ੍ਰਕਾਸ਼ਨ ਕੀਤਾ ਜਾਂਦਾ ਹੈ। 'ਸੰਵਾਦ' ਨਾਮਕ ਇੱਕ ਛਿਮਾਹੀ ਰਸਾਲਾ ਦਿੱਲੀ ਤੋਂ ਪ੍ਰਕਾਸ਼ਿਤ ਹੁੰਦਾ ਹੈ, ਜੋ ਸੰਸਾਰ ਦੇ ਲਗਪਗ 92 ਦੇਸ਼ਾਂ ਦੇ ਪਾਠਕਾਂ ਤੱਕ ਪਹੁੰਚਦਾ ਹੈ।

## ਅਖਿਲ ਭਾਰਤੀ ਸਾਹਿਤ ਪ੍ਰੀਸ਼ਦ

ਸਥਾਪਨਾ:- 1966 'ਚ ਇਸ ਦੀ ਸਥਾਪਨਾ ਹੋਈ।।

ਸੰਚਾਲਕ:- ਸ੍ਰੀ ਜੈਨੇਂਦਰ।

ਉਦੇਸ਼:- 1. ਭਾਰਤੀ ਸੰਸਕ੍ਰਿਤੀ ਦੀ ਉੱਚਤਾ ਨੂੰ ਨਕਾਰਨ ਵਾਲਿਆਂ ਦਾ ਮੁਕਾਬਲਾ।

2. ਸਾਰੀਆਂ ਭਾਰਤੀ ਭਾਸ਼ਾਵਾਂ ਦੇ ਸਾਹਿਤਕਾਰਾਂ ਦਾ ਸਾਂਝਾ ਮੰਚ ਸਥਾਪਿਤ ਕਰਨਾ।

3. ਰਾਸ਼ਟਰ ਦੇ 'ਸਵ' ਦਾ ਸਮਰਨ, ·ਉਸਦੀ ਉੱਨਤੀ ਅਤੇ ਸਮਾਜਿਕ

ਪਰਿਵਰਤਨ ਦੇ ਵਾਹਕ ਦੇ ਰੂਪ 'ਚ ਸਾਹਿਤ ਦੀ ਪ੍ਰਭਾਵੀ ਭੂਮਿਕਾ ਨਿਸ਼ਚਿਤ ਕਰਨਾ।

ਜਥੇਬੰਦਕ ਢਾਂਚਾ:- ਲਗਭਗ ਬਹੁਤੇ ਪ੍ਰਾਂਤਾਂ ਵਿੱਚ ਕੰਮ ਚਲ ਰਿਹਾ ਹੈ।

ਕਾਰਜ:- 1. ਰਚਨਾਤਮਕ:- ਰਾਸ਼ਟਰੀ ਸੰਸਕ੍ਰਿਤਕ ਚੇਤਨਾ ਵਾਲੇ ਸਾਹਿਤ ਦੇ ਨਿਰਮਾਣ ਤੇ ਜਨਰੁਚੀ ਵਧਾਉਣ ਲਈ ਸਾਹਿਤਕਾਰ ਸੰਮੇਲਨ, ਸਾਹਿਤ ਨਿਰਮਾਣ ਪ੍ਰਤੀਯੋਗਿਤਾ ਆਦਿ ਕੰਮ ਕੀਤੇ ਜਾਂਦੇ ਹਨ।

2. ਵਿਚਾਰਤਮਕ:-ਪ੍ਰਸਿੱਧ ਸਾਹਿਤਕਾਰਾਂ ਅਤੇ ਸਾਹਿਤਕ ਵਿਸ਼ਿਆਂ ਤੇ ਵਿਚਾਰ-ਗੋਸ਼ਟੀ, ਪੁਸਤਕ ਸਮੀਖਿਆ-ਗੋਸ਼ਟੀ, ਵਧੀਆ ਸਾਹਿਤਕਾਰਾਂ ਦੇ ਭਾਸ਼ਣ ਆਦਿ ਕੰਮ ਕੀਤੇ ਜਾਂਦੇ ਹਨ।

3. ਖੋਜ ਪੂਰਨ:- ਇਸਦੇ ਅੰਤਰਗਤ ਆਪਣੇ ਖੇਤਰ ਦੇ ਆਧੁਨਿਕ ਅਤੇ ਸਾਹਿਤਕਾਰਾਂ ਦੀ ਸੂਚੀ ਤਿਆਰ ਕਰਕੇ ਸਾਹਿਤਕਾਰ ਕੋਸ਼ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਨਾਲ ਹੀ ਦਰਸ਼ਨ, ਸੰਸਕ੍ਰਿਤ ਅਤੇ ਸਾਹਿਤ ਦੇ ਆਧਾਰ ਤੇ ਭਾਰਤੀਅਤਾ ਤੇ ਸੋਧ ਦਾ ਕੰਮ ਕੀਤਾ ਜਾਂਦਾ ਹੈ।

4. ਸਿਰਜਨਾਤਮਕ:- ਇਸਦੇ ਅੰਤਰਗਤ ਭਾਰਤੀ ਚਿੰਤਨ ਅਤੇ ਸੰਸਕ੍ਰਿਤ ਨਾਲ ਸੰਬੰਧਿਤ ਸਾਹਿਤ ਦਾ ਪ੍ਰਕਾਸ਼ਨ ਕੀਤਾ ਜਾਂਦਾ ਹੈ।

## ਦੀਨਦਿਆਲ ਸ਼ੋਧ ਸੰਸਥਾਨ

ਸਥਾਪਨਾ:- 1972 ਨੂੰ ਦਿੱਲੀ 'ਚ ਸਥਾਪਨਾ ਹੋਈ।

ਸੰਚਾਲਕ:- ਨਾਨਾ ਜੀ ਦੇਸ਼ਮੁਖ।

ਉਦੇਸ਼:- ਦੀਨਦਿਆਲ ਸ਼ੋਧ ਸੰਸਥਾਨ ਕਲ੍ਹ ਦੀ ਸਮਾਜਰਚਨਾ ਵਿੱਚ ਜੋ ਹੋਣਾ ਚਾਹੀਦਾ, ਉਸਦੇ ਪ੍ਰਯੋਗ ਤੇ ਆਧਾਰਿਤ ਪ੍ਰਤੀਮਾਨ (MODEL) ਦਾ ਨਿਰਮਾਣ ਕਰਦਾ ਹੈ। ਇਹ ਸੰਸਥਾਨ 'ਚ ਦੋ ਪ੍ਰਕਾਰ ਦੀਆਂ ਗਤੀਵਿਧੀਆਂ ਹਨ:-

1. ਵਿਚਾਰਿਕ:-ਰਾਸ਼ਟਰੀ ਮਹੱਤਵ ਅਤੇ ਸਮਾਜਿਕ ਵਿਸ਼ਿਆਂ ਤੇ ਕਾਰਜਸ਼ਾਲਾ, ਵਿਚਾਰ ਗੋਸ਼ਟੀਆਂ ਅਤੇ ਭਾਸ਼ਣ ਲੜੀਆਂ।

2. ਕਰਮਸਾਧਨਾ:-ਦੇਸ਼ ਦੇ ਪੁਨਰ ਨਿਰਮਾਣ ਲਈ ਵੱਖ-ਵੱਖ ਕੰਮਾਂ ਲਈ ਯੋਜਨਾਵਾਂ ਤਿਆਰ ਕਰਨੀਆਂ, ਜਿਵੇਂ ਪੇਂਡੂ ਵਿਕਾਸ, ਨਲਕੇ ਲਵਾਉਣੇ, ਖੇਤੀ ਪੈਦਾਵਾਰ ਵਧਾਉਣ ਲਈ ਉਪਰਾਲੇ, ਦਰੱਖਤ ਲਾਉਣੇ ਅਤੇ ਪੇਂਡੂ ਉਦਯੋਗ, ਪਸ਼ੂ ਪਾਲਣ, ਸਿੱਖਿਆ, ਸਿਹਤ, ਸੜਕਾਂ ਬਨਾਉਣਾ, ਗਊ ਰੱਖਿਆ, ਬੁਢਾਪਾ ਪੈਨਸ਼ਨ ਆਦਿ ਵਿਸ਼ਿਆਂ ਤੋਂ

ਖੋਜ। ਨੇਪਾਲ ਸੀਮਾ ਦੇ ਨਾਲ ਸਕੂਲ, ਹੋਸਟਲ, ਮਹਿਲਾ ਉਦਯੋਗਿਕ ਵਿਕਾਸ ਸੰਮਤੀ, ਪੇਂਡੂ ਸਵੈ ਨਿਰਭਰ ਕੇਂਦਰ, ਬਾਲ ਵਿਕਾਸ ਕੇਂਦਰ, ਨੌਜਵਾਨ ਮੰਡਲ, ਸਿਹਤ ਰੱਖਿਆ, ਗਰੀਬ ਵਨਵਾਸੀ, ਬੱਚਿਆਂ ਦੇ ਰਹਿਣ ਪੜ੍ਹਨ ਦਾ ਪ੍ਰਬੰਧ ਆਦਿ।

ਸੰਸਥਾਵਾਂ :- ਨਵੀਂ ਦਿੱਲੀ ਦਫਤਰ ਵਿੱਚ ਰੈਫਰੈਂਸ ਲਾਇਬ੍ਰੇਰੀ ਵਿੱਚ ਲਗਪਗ 30,000 ਪੁਰਾਣੇ ਅਤੇ ਨਵੇਂ ਗ੍ਰੰਥ। ਰਸਾਲਿਆਂ ਅਤੇ ਅਖਬਾਰਾਂ ਵਿੱਚ ਛਪਣ ਵਾਲੀਆਂ ਖ਼ਬਰਾਂ ਨੂੰ ਵਿਸ਼ੇ ਅਨੁਸਾਰ ਇਕੱਠੇ ਕਰਨਾ।

- ਨਾਗਪੁਰ ਵਿੱਚ ਬਾਲ ਜਗਤ ਨਾਮਕ ਵਿਕਾਸ ਕੇਂਦਰ।
- ਚਿਤਰਕੂਟ ਪੇਂਡੂ ਯੂਨੀਵਰਸਿਟੀ 1991 'ਚ ਸਥਾਪਿਤ ਕੀਤੀ। ਇਸ ਵਿੱਚ ਸਿੱਖਿਆ, ਖੋਜ ਵਿਸਥਾਰ, ਟਰੇਨਿੰਗ ਆਦਿ ਵਿਸ਼ਿਆਂ ਤੇ ਕਾਰਜ ਹੁੰਦਾ ਹੈ।

## ਭਾਰਤੀ ਸਿੱਖਿਆ ਮੰਡਲ

ਸਥਾਪਨਾ:- 1969 'ਚ ਇਸ ਦੀ ਸਥਾਪਨਾ ਹੋਈ।

ਸੰਚਾਲਕ:- ਸ੍ਰੀ ਮੁਕੰਦਰਾਏ ਕੁਲਕਰਨੀ।

ਉਦੇਸ਼:-1. ਇਤਿਹਾਸ ਦੀਆਂ ਗਲਤੀਆਂ ਨੂੰ ਦੂਰ ਕਰਕੇ ਰਾਸ਼ਟਰੀ ਇਤਿਹਾਸ ਪੜ੍ਹਾਉਣਾ।

2. ਵਿਗਿਆਨ, ਸਾਹਿਤ ਅਤੇ ਕਲਾ ਦੇ ਖੇਤਰ ਵਿੱਚ ਭਾਰਤੀ ਪ੍ਰਾਪਤੀਆਂ ਨੂੰ ਸਲੇਬਸ ਵਿੱਚ ਸ਼ਾਮਿਲ ਕਰਨਾ।
3. ਭਾਰਤੀ ਸਮਾਜ ਨੂੰ ਸਿੱਖਿਆ ਦੇ ਖੇਤਰ ਵਿੱਚ ਘੱਟ-ਗਿਣਤੀ ਅਤੇ ਬਹੁ-ਗਿਣਤੀ ਵਰਗਾਂ ਨੂੰ ਵੰਡਣ ਵਾਲੇ ਕਨੂੰਨਾਂ ਨੂੰ ਸੰਵਿਧਾਨ ਵਿੱਚੋਂ ਖਤਮ ਕਰਾਉਣਾ।
4. ਸੰਸਕ੍ਰਿਤ ਨੂੰ ਜ਼ਰੂਰੀ ਵਿਸ਼ਾ ਬਨਾਉਣਾ।

ਜਥੇਬੰਦਕ ਢਾਂਚਾ:- ਵਰਤਮਾਨ 'ਚ 22 ਰਾਜਾਂ ਦੇ ਲਗਪਗ 250 ਜ਼ਿਲ੍ਹਿਆਂ ਵਿੱਚ ਸਿੱਖਿਆ ਮੰਡਲ ਦੀਆਂ ਜ਼ਿਲ੍ਹਾ ਪੱਧਰ ਸੰਮਤੀਆਂ ਕੰਮ ਕਰ ਰਹੀਆਂ ਹਨ। ਮੈਂਬਰਾਂ ਦੀ ਸੰਖਿਆ ਲਗਪਗ 50,000 ਹੈ। ਲਗਪਗ 100 ਸੰਸਥਾਵਾਂ ਇਸ ਦੀਆਂ ਮੈਂਬਰ ਬਣ ਚੁੱਕੀਆਂ ਹਨ। ਸਿੱਖਿਆ ਮੰਡਲ ਨੇ ਪ੍ਰਾਥਮਿਕ, ਮਾਧਆਮਿਕ ਅਤੇ ਉੱਚ ਸਿੱਖਿਆ ਦੇ ਲਈ ਅਲੱਗ-ਅਲੱਗ ਤਿੰਨ ਭਾਗ ਬਣਾਏ ਹਨ ਜੋ ਇਨ੍ਹਾਂ ਖੇਤਰਾਂ ਦਾ ਗੰਭੀਰ ਅਧਿਐਨ ਕਰਦੇ ਹਨ।

ਕਾਰਜ:- ਤਨਖਾਹਾਂ ਅਤੇ ਸੇਵਾ ਸ਼ਰਤਾਂ ਨੂੰ ਛੱਡ ਕੇ ਸਿੱਖਿਆ ਨਾਲ ਸਬੰਧਿਤ ਹੋਰ ਸਾਰੇ ਵਿਸ਼ਿਆਂ ਤੇ ਸਿੱਖਿਆ ਮੰਡਲ ਵਿਚਾਰ ਕਰਦਾ ਹੈ।

ਫੁਟਕਲ:- 1986 'ਚ ਨਵੀਂ ਰਾਸ਼ਟਰੀ ਸਿੱਖਿਆ ਨੀਤੀ ਲਈ ਪ੍ਰਾਪਤ ਹੋਏ ਕੁੱਲ 12,000 ਸੁਝਾਆਂ ਵਿੱਚੋਂ 3,000 ਸੁਝਾਅ ਸਿੱਖਿਆ ਮੰਡਲ ਦੀਆਂ ਇਕਾਈਆਂ ਨੇ ਭੇਜੇ ਸਨ।

ਸਿੱਖਿਆ ਮੰਡਲ ਦੇ ਪ੍ਰਕਾਸ਼ਨ ਵਿਭਾਗ ਨੇ ਸਿੱਖਿਆ ਨਾਲ ਜੁੜੇ ਭਿੰਨ-ਭਿੰਨ ਵਿਸ਼ਿਆਂ ਤੇ ਅਨੇਕ ਪੁਸਤਕਾਂ ਦਾ ਪ੍ਰਕਾਸ਼ਨ ਕੀਤਾ ਹੈ। 1970 ਤੋਂ ਛਪਣ ਵਾਲੀ ਮਰਾਠੀ ਪੱਤਰਕਾ 'ਭਾਰਤੀ ਸਿੱਖਿਆ ਨੂੰ ਮਹਾਰਾਸ਼ਟਰ ਸਰਕਾਰ ਨੇ ਵਿਦਿਆ ਕੇਂਦਰ ਦੇ ਪੁਸਤਕਾਲਿਆਂ ਲਈ ਮਾਨਤਾ ਦਿੱਤੀ ਹੈ। ਹਿੰਦੀ, ਅੰਗਰੇਜ਼ੀ ਅਤੇ ਗੁਜਰਾਤੀ ਵਿੱਚ ਵੀ ਮਾਸਿਕ ਪੱਤਰਿਕਾ ਦਾ ਪ੍ਰਕਾਸ਼ਨ ਹੁੰਦਾ ਹੈ।

## ਅਖਿਲ ਭਾਰਤੀ ਗ੍ਰਾਹਕ ਪੰਚਾਇਤ

ਸਥਾਪਨਾ:- 1972 'ਚ ਇਸ ਦੀ ਸਥਾਪਨਾ ਹੋਈ।

ਸੰਚਾਲਕ:- ਸ੍ਰੀ ਬਿੰਦੂਮਾਧਵ ਜੋਸ਼ੀ।

ਉਦੇਸ਼:- ਗ੍ਰਾਹਕਾਂ ਨੂੰ ਸੰਗਠਿਤ ਕਰਕੇ ਉਨ੍ਹਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਦੇ ਪ੍ਰਤੀ ਜਾਗਰੂਕ ਕਰਨਾ, ਜਿਸ ਨਾਲ ਉਨ੍ਹਾਂ ਦਾ ਸੋਸ਼ਣ ਬੰਦ ਹੋ ਕੇ ਸਮਾਜ ਦਾ ਸਹੀ ਵਿਕਾਸ ਹੋ ਸਕੇ। ਗ੍ਰਾਹਕ ਅੰਦੋਲਨ ਦੇ ਪੰਜ ਮੁੱਖ ਤੱਤ ਹਨ :

1. ਨੀਤੀ ਮੁੱਲ, 2. ਵਿਸ਼ਵਾਸ ਭਾਵਨਾ, 3. ਮਜ਼ਦੂਰ ਦੀ ਮਿਹਨਤ, 4. ਦੇਸ਼ ਲਈ ਵਚਨਬੱਧਤਾ, 5. ਸਵਦੇਸ਼ੀ ਪ੍ਰਤੀ ਨਿਸ਼ਠਾ।

ਜਥੇਬੰਦਕ ਢਾਂਚਾ:- ਮਹੱਲੇ ਪੱਧਰ ਤੇ 15 ਤੋਂ 25 ਪਰਿਵਾਰਾਂ ਦੇ ਗ੍ਰਾਹਕ ਸੰਘ ਅਤੇ ਵੱਖ-ਵੱਖ ਸੇਵਾਵਾਂ ਲਈ ਬਿਜਲੀ ਗ੍ਰਾਹਕ ਸੰਘ, ਬੈਂਕ ਗ੍ਰਾਹਕ ਸੰਘ ਬਨਾਉਣਾ। ਗ੍ਰਾਹਕ ਪ੍ਰਬੋਧਨ ਤਹਿਤ ਗ੍ਰਾਹਕਾਂ ਦੇ ਅਧਿਕਾਰ, ਸਹੀ ਮਾਪ ਤੋਲ, ਖਾਦ ਪਦਾਰਥਾਂ ਵਿੱਚ ਮਿਲਾਵਟ ਦੀ ਪਹਿਚਾਣ, ਗਰੰਟੀ/ਵਰੰਟੀ ਦੀ ਜਾਣਕਾਰੀ, ਗ੍ਰਾਹਕ ਰੱਖਿਅਕ ਕਨੂੰਨਾਂ ਦੀ ਜਾਣਕਾਰੀ ਦਿੱਤੀ ਜਾਂਦੀ ਹੈ।

ਫੁਟਕਲ:- 1994 'ਚ ਗ੍ਰਾਹਕ ਜਾਗਰਣ ਪਰਿਕਰਮਾ ਯਾਤਰਾ ਕੱਢੀ ਗਈ।

## ਅਖਿਲ ਭਾਰਤੀ ਇਤਿਹਾਸ ਸੰਕਲਨ ਯੋਜਨਾ

ਸਥਾਪਨਾ:- 1973 'ਚ ਇਸ ਦੀ ਸਥਾਪਨਾ ਨਾਗਪੁਰ 'ਚ ਹੋਈ।

ਸੰਚਾਲਕ:- ਸ੍ਰੀ ਬਾਬਾ ਸਾਹਿਬ ਆਪਟੇ।

ਉਦੇਸ਼:- ਯੋਜਨਾ ਦਾ ਉਦੇਸ਼ ਇਤਿਹਾਸ ਦਾ ਜ਼ਿਲ੍ਹਾ ਪੱਧਰ ਤੱਕ ਠੀਕ ਰੂਪ 'ਚ ਲਿਖਣਾ। ਭਾਰਤੀ ਅਤੇ ਪੱਛਮੀ ਦ੍ਰਿਸ਼ਟੀਕੋਣ ਤੋਂ ਇਤਿਹਾਸ ਦੇ ਵਿਸ਼ੇ ਵਿੱਚ ਜੋ ਅੰਤਰ ਹੈ ਉਸ ਨੂੰ ਸਪੱਸ਼ਟ ਕਰਨਾ।

ਜਥੇਬੰਦਕ ਢਾਂਚਾ:- ਕੁੱਲ ਖੇਤਰ 10 ਕੰਮ ਕਰ ਰਹੇ ਹਨ। ਪ੍ਰਾਂਤ 41-35 ਸੰਮਤੀਆਂ ਕੰਮ ਕਰ ਰਹੀਆਂ ਹਨ। ਯੂਨੀਵਰਸਿਟੀਆਂ 100-44 ਸੰਮਤੀਆਂ ਕੰਮ ਕਰ ਰਹੀਆਂ ਹਨ।

ਸੰਯੋਜਕ 18

ਜ਼ਿਲ੍ਹੇ 683 - ਸੰਮਤੀ ਯੁਕਤ 200

ਸੰਯੋਜਕ 20

ਯੋਜਨਾ ਨਾਲ ਸਾਰੇ ਦੇਸ਼ ਵਿੱਚ ਲਗਭਗ 400 ਵਿਦਵਾਨ ਜੁੜੇ ਹੋਏ ਹਨ।

ਸੰਸਥਾਵਾਂ:- 1. ਵਿਦਵਾਨ ਪ੍ਰਿਸ਼ਦ, 2. ਸ਼ੰਰਖਿਅਕ ਪ੍ਰਿਸ਼ਦ, 3. ਲੇਖਕ ਪ੍ਰਿਸ਼ਦ।

ਕਾਰਜ:- ਕਾਰਜ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ :-

ਪਹਿਲਾ ਭਾਗ:- ਮਹਾਂਭਾਰਤ ਤੋਂ ਲੈ ਕੇ ਵਰਤਮਾਨ ਸਮੇਂ ਤੱਕ 5000 ਸਾਲ ਦੇ ਇਤਿਹਾਸ ਨੂੰ ਲਿਖਣਾ।

ਦੂਸਰਾ ਭਾਗ:- ਸ੍ਰਿਸ਼ਟੀ ਦੀ ਰਚਨਾ ਭਾਵ ਵੇਦਾਂ .ਤੋਂ ਮਹਾਂਭਾਰਤ ਤੱਕ ਦੇ ਇਤਿਹਾਸ ਨੂੰ ਲਿਖਣਾ।

## ਯੋਜਨਾ ਨੂੰ ਦੋ ਪੱਖਾਂ ਵਿੱਚ ਵੰਡਿਆ ਗਿਆ ਹੈ :

ਪਹਿਲਾ ਪੱਖ:- ਸਿਧਾਂਤਕ-ਵਿਚਾਰਿਕ ਮਤਲਬ ਕਿ ਹਿੰਦੂਤਵ ਨੂੰ ਕੇਂਦਰ ਬਿੰਦੂ ਮੰਨ ਕੇ ਇਤਿਹਾਸ ਲਿਖਣਾ।

ਦੂਸਰਾ ਪੱਖ:- ਸੰਗਠਨਾਤਮਕ- ਕਾਰਜ ਕਰਤਾ ਨਿਰਮਾਣ ਕਰਨ ਲਈ ਜ਼ਿਲ੍ਹਾ, ਯੂਨੀਵਰਸਿਟੀ ਅਤੇ ਪ੍ਰਾਂਤ ਪੱਧਰ ਤੇ ਸਮਿਤੀਆਂ ਬਨਾਉਣੀਆਂ।

ਯੋਜਨਾ ਦੇ ਕੰਮ ਨੂੰ ਸੌਖਿਆਂ ਕਰਨ ਲਈ ਇਸ ਨੂੰ 10 ਭਾਗਾਂ ਵਿੱਚ ਵੰਡਿਆ ਗਿਆ ਹੈ:-

1. ਵੈਦਿਕ ਸਰਸਵਤੀ ਸ਼ੋਧ ਅਭਿਆਨ
2. ਆਰੀਆ ਸਮੱਸਿਆ
3. ਕਾਲ ਗਣਨਾ
4. ਮਹਾਂਭਾਰਤ ਯੁੱਧ ਦੀ ਤਾਰੀਖ਼ ਨਿਰਧਾਰਿਤ ਕਰਨਾ
5. ਮਹਾਤਮਾ ਬੁਧ ਦੇ ਜਨਮ ਦੀ ਤਾਰੀਖ਼ ਨਿਰਧਾਰਿਤ ਕਰਨੀ
6. ਕੀ ਯੂਨਾਨੀਆਂ ਦਾ ਸੈਂਡਰਾਕੋਟਸ ਚੰਦਰ ਗੁਪਤ ਮੋਰੀਆ ਹੈ।
7. ਪ੍ਰਮੁੱਖ ਪਰਿਕਲਪ ਇਤਿਹਾਸ ਲੇਖਣ
8. ਵਿਸ਼ਵ ਗੁਰੂ ਭਾਰਤ
9. ਮਹਾਂਭਾਰਤ ਕਾਲੀਨ ਭਾਰਤ
10. ਅਖੰਡ ਭਾਰਤ

ਫੁਟਕਲ: ੳ) ਹੁਣ ਤੱਕ ਇਸ ਦੀਆਂ ਭਿੰਨ-ਭਿੰਨ ਵਿਸ਼ਿਆਂ ਦੇ ਕੁੱਲ 80 ਪੁਸਤਕਾਂ ਪ੍ਰਕਾਸ਼ਿਤ ਹਨ।

ਅ) ਸਰਸਵਤੀ ਨਦੀ ਦਾ ਸਰੋਤ ਨਿਰਧਾਰਿਤ ਕੀਤਾ ਹੈ।

ਸ) ਭਾਰਤ ਆਰੀਆਂ ਦਾ ਮੂਲ ਸਥਾਨ ਸਿੱਧ ਕੀਤਾ ਹੈ।

ਹ) ਹੇਠ ਲਿਖੀਆਂ ਖੋਜ ਭਰਪੂਰ ਕਿਤਾਬਾਂ ਛਾਪੀਆਂ ਹਨ:

1. The days of birth of Budha.
2. Search for the year of Mahabharata war.
3. ਭਾਰਤੀ ਕਾਲ ਗਣਨਾ ਦੀ ਰੂਪ ਰੇਖਾ।
4. 1200 ਸਾਲਾਂ ਦੇ ਹਮਲਿਆਂ ਦੇ ਵਿਰੋਧ ਦੀ ਜਾਣਕਾਰੀ ਲਈ ਕਿਤਾਬ 2 ਭਾਗਾਂ ਵਿੱਚ ਛਪ ਰਹੀ ਹੈ।

## ਵਿਦਿਆ ਭਾਰਤੀ (ਅਖਿਲ ਭਾਰਤੀ ਸਿੱਖਿਆ ਸੰਸਥਾ)'

ਸਥਾਪਨਾ:-1946 ਵਿੱਚ ਗੀਤਾ ਵਿਦਿਆਲਿਆ ਕੁਰਕਸ਼ੇਤਰ ਦਾ ਨੀਂਹ ਪੱਥਰ ਗੁਰੂ ਗੋਲਵਲਕਰ ਦੁਆਰਾ ਰੱਖਣ ਨਾਲ ਹੋਈ।

ਉਦੇਸ਼:- ਵਿਦਿਆ ਭਾਰਤੀ ਦਾ ਉਦੇਸ਼ ਇਸ ਪ੍ਰਕਾਰ ਦੀ ਰਾਸ਼ਟਰੀ ਸਿੱਖਿਆ ਪ੍ਰਣਾਲੀ ਦਾ ਵਿਸਥਾਰ ਕਰਨਾ ਹੈ ਜਿਸਦੇ ਦੁਆਰਾ ਇਸ ਤਰ੍ਹਾਂ ਦੀ ਨੌਜਵਾਨ ਪੀੜ੍ਹੀ ਦਾ ਨਿਰਮਾਣ ਹੋ ਸਕੇ ਜੋ ਹਿੰਦੂਤਵ ਦੇ ਰਾਸ਼ਟਰ ਭਗਤੀ ਨਾਲ ਓਤ-ਪੋਤ ਹੋ ਕੇ ਸਰੀਰਕ, ਮਾਨਸਿਕ, ਬੌਧਿਕ ਤੇ ਅਧਿਆਤਮਕ ਦ੍ਰਿਸ਼ਟੀ ਨਾਲ ਪੂਰਨ ਵਿਕਸਿਤ ਹੋ ਕੇ ਮੌਜੂਦਾ ਚੁਨੌਤੀਆਂ ਦਾ ਸਾਹਮਣਾ ਸਫਲਤਾਪੂਰਕ ਕਰ ਸਕੇ ਅਤੇ ਉਸਦਾ ਜੀਵਨ ਪੇਂਡੂ, ਬਨਵਾਸੀ ਤੇ ਝੁੱਗੀਆਂ 'ਚ ਨਿਵਾਸ ਕਰਨ ਵਾਲੇ ਦੀਨ-ਦੁਖੀਆਂ ਨੂੰ ਸਮਾਜਿਕ ਕੁਰੀਤੀਆਂ, ਸ਼ੋਸ਼ਣ ਤੇ ਅਨਿਆਂ ਤੋਂ ਮੁਕਤ ਕਰਾ ਕੇ ਰਾਸ਼ਟਰ ਜੀਵਨ ਨੂੰ ਬਰਾਬਰ, ਉੱਨਤ ਤੇ ਸਭਿਆਚਰਕ ਬਨਾਉਣ ਲਈ ਸਮਰਪਿਤ ਹੋਣ।

ਜਥੇਬੰਦਕ ਢਾਂਚਾ :

ੳ) 16, 000 ਤੋਂ ਜ਼ਿਆਦਾ ਸਿੱਖਿਆ ਸੰਸਥਾਵਾਂ ਚਲ ਰਹੀਆਂ ਹਨ। ਇਸ ਤੋਂ ਇਲਾਵਾ ਸੇਵਾ ਬਸਤੀਆਂ 'ਚ 4, 000 ਸੰਸਕਾਰ ਕੇਂਦਰ ਅਤੇ ਇਕ ਅਧਿਆਪਕ ਸਿੱਖਿਆ ਸਕੂਲ ਚਲ ਰਹੇ ਹਨ। ਇਨ੍ਹਾਂ ਸਾਰੀਆਂ 16, 000 ਤੋਂ ਜ਼ਿਆਦਾ ਸਿੱਖਿਆ ਸੰਸਥਾਵਾਂ ਵਿੱਚ 90, 999 ਅਧਿਆਪਕਾਂ ਕੋਲ 20 ਲੱਖ ਵਿਦਿਆਰਥੀ ਸਿੱਖਿਆ ਤੇ ਸੰਸਕਾਰ ਪ੍ਰਾਪਤ ਕਰ ਰਹੇ ਹਨ। 70 ਹੋਸਟਲ ਵੀ ਚਲ ਰਹੇ ਹਨ।

ਅ) ਇਸਦਾ ਕੇਂਦਰੀ ਦਫ਼ਤਰ ਲਖਨਊ ਵਿੱਚ, ਮੁੱਖ ਦਫ਼ਤਰ ਕੁਰਕਸ਼ੇਤਰ ਵਿੱਚ ਅਤੇ ਸੰਪਰਕ

ਦਫ਼ਤਰ ਦਿੱਲੀ ਵਿੱਚ ਸਥਿਤ ਹੈ।

ੲ) ਵਿਦਿਆ ਭਾਰਤੀ ਨਾਲ 38 ਪ੍ਰਦੇਸ਼ ਸੰਮਤੀ ਸੰਲਗਨ ਹੈ।

ਸ) ਸਾਰੇ ਦੇਸ਼ ਨੂੰ ਪ੍ਰਬੰਧਕ ਦ੍ਰਿਸ਼ਟੀ ਤੋਂ ਦਸ ਹਿੱਸਿਆਂ 'ਚ ਵੰਡਿਆ ਹੈ।

*ਸੰਸਥਾਵਾਂ :*

ੳ) ਵਿਦਿਆ ਭਾਰਤੀ ਰਾਸ਼ਟਰੀ ਵਿਦਵਾਨ ਪ੍ਰੀਸ਼ਦ ਦੀ 1980 ਵਿੱਚ ਸਥਾਪਨਾ।

ਅ) ਭਾਰਤੀ ਸਿਖਿਆ ਖੋਜ ਸੰਸਥਾਨ, ਲਖਨਊ।

ੲ) ਅਧਿਆਪਕਾਂ ਲਈ ਜੈਪੁਰ ਅਤੇ ਅਹਿਮਦ ਨਗਰ (ਮਹਾਂਰਾਸਟਰ) ਵਿੱਚ ਦੋ ਬੀ.ਐਡ, ਐਮ.ਐਡ ਕਾਲਜ, ਚਾਰ ਅਧਿਆਪਕ ਸਿਖਿਆ ਸਕੂਲ ਉੱਤਰ ਪ੍ਰਦੇਸ਼ ਵਿੱਚ ਅਤੇ ਦੋ ਮੱਧ ਪ੍ਰਦੇਸ਼ ਵਿੱਚ ਚਲਦੇ ਹਨ।

*ਕਾਰਜ:*-ਇਸ ਨੇ ਪੰਜ ਵਿਸ਼ਿਆਂ ਨੂੰ ਸਾਰੇ ਦੇਸ਼ ਦੇ ਸਕੂਲਾਂ ਵਿੱਚ ਲਾਗੂ ਕੀਤਾ ਹੈ:-

ੳ) ਅਖਿਲ ਭਾਰਤੀ ਸੰਸਕ੍ਰਿਤ ਗਿਆਨ ਇਮਤਿਹਾਨ:- ਇਹ ਹਰ ਸਾਲ ਚੌਥੀ ਕਲਾਸ ਤੋਂ ਬਾਰ੍ਹਵੀਂ ਕਲਾਸ ਤੱਕ ਦੇ ਵਿਦਿਆਰਥੀਆਂ ਲਈ ਅਤੇ ਪ੍ਰਾਇਮਰੀ, ਮਿਡਲ ਤੇ ਹਾਈ ਸਕੂਲ ਦੇ ਅਧਿਆਪਕਾਂ ਲਈ ਹੁੰਦਾ ਹੈ।

ਅ) ਲੇਖ ਪ੍ਰਤੀਯੋਗਤਾ, ਪ੍ਰਸ਼ਨ ਮੰਚ, ਸਰਵ ਭਾਰਤੀ, ਖੇਡ ਸਮਾਰੋਹ, ਸਵਦੇਸ਼ੀ ਜਾਗਰਣ ਅਭਿਆਨ, ਰੁੱਖ ਲਗਾਉਣੇ ਆਦਿ ਕਾਰਜ ਕੀਤੇ ਜਾਂਦੇ ਹਨ।

ੲ) 10, 000 ਸਕੂਲ ਪੇਂਡੂ ਖੇਤਰਾਂ ਵਿੱਚ, 600 ਸਕੂਲ ਵਨਵਾਸੀ ਖੇਤਰਾਂ ਵਿੱਚ ਅਤੇ ਸੇਵਾ ਬਸਤੀਆਂ ਵਿੱਚ 4, 000 ਸੰਸਕਾਰ ਕੇਂਦਰ ਚਲ ਰਹੇ ਹਨ। ਇਸ ਤੋਂ ਇਲਾਵਾ 100 ਸਕੂਲ ਸੀਮਾ ਖੇਤਰਾਂ ਵਿੱਚ ਸਥਾਪਿਤ ਕੀਤੇ ਜਾ ਚੁੱਕੇ ਹਨ ਅਤੇ ਇਨ੍ਹਾਂ ਵਿੱਚ ਤੇਜ਼ੀ ਨਾਲ ਵਾਧਾ ਕੀਤਾ ਜਾ ਰਿਹਾ ਹੈ।

## ਵਿਦਿਆ ਭਾਰਤੀ ਦੁਆਰਾ ਆਪਣੇ ਕਾਰਜ ਨੂੰ ਵਧਾਉਣ ਲਈ ਪੰਜ ਸਾਲਾ ਯੋਜਨਾ ਇਸ ਤਰ੍ਹਾਂ ਬਣਾਈ ਗਈ ਹੈ :-

ੳ) ਹਰ ਜ਼ਿਲ੍ਹਾ ਪੱਧਰ ਤੇ ਇੱਕ-ਇੱਕ ਲੜਕਿਆਂ ਅਤੇ ਲੜਕੀਆਂ ਲਈ ਸੀਨੀਅਰ ਸੈਕੰਡਰੀ ਸਕੂਲ ਸਥਾਪਿਤ ਕਰਨਾ।

ਅ) ਹਰ ਤਹਿਸੀਲ ਪੱਧਰ ਅਤੇ ਨਗਰ ਪਾਲਿਕਾ ਕੇਂਦਰ ਤੇ ਘੱਟੋ-ਘੱਟ ਇਕ ਹਾਈ ਸਕੂਲ ਸਥਾਪਿਤ ਕਰਨਾ।

ੲ) 5000 ਤੋਂ ਜ਼ਿਆਦਾ ਜਨ ਸੰਖਿਆ ਵਾਲੇ ਪਿੰਡਾਂ ਅਤੇ 10, 000 ਜਨ ਸੰਖਿਆ ਵਾਲੇ ਪਿੰਡਾਂ ਵਿੱਚ ਘੱਟੋ-ਘੱਟ ਇਕ ਸਰਸਵਤੀ ਸ਼ਿਸ਼ੂ ਮੰਦਰ।

ਸ) ਇਸ ਤੋਂ ਘੱਟ ਜਨ ਸੰਖਿਆ ਵਾਲੇ ਪਿੰਡਾਂ ਵਿੱਚ ਲੋਕ ਸਿਖਿਆ ਕੇਂਦਰ/ਸੰਸਕਾਰ ਕੇਂਦਰ ਸਥਾਪਿਤ ਕਰਨਾ।

*ਫੁਟਕਲ :-*

ੳ) ਵਿਦਿਆ ਭਾਰਤੀ ਦੁਆਰਾ 'ਵਿਦਿਆ ਭਾਰਤੀ ਪ੍ਰਦੀਪਿਕਾ' ਤ੍ਰੈਮਾਸਿਕ ਪੱਤਰਕਾ ਦਿੱਲੀ ਤੋਂ ਪ੍ਰਕਾਸ਼ਿਤ ਕੀਤੀ ਜਾਂਦੀ ਹੈ।

ਅ) 'ਦੇਵ ਪੁੱਤਰ' ਮਾਸਿਕ ਪੱਤਰਿਕਾ ਬਾਲ ਵਿਦਿਆਰਥੀਆਂ ਦੇ ਲਈ ਇੰਦੌਰ ਤੋਂ ਪ੍ਰਕਾਸ਼ਿਤ ਕੀਤੀ ਜਾਂਦੀ ਹੈ।

ੲ) 'ਭਾਰਤੀ ਸਿੱਖਿਆ ਸੋਧ ਪੱਤਰਕਾ' ਲਖਨਊ ਤੋਂ ਪ੍ਰਕਾਸ਼ਿਤ ਕੀਤੀ ਜਾਂਦੀ ਹੈ।

ਸ) ਇਸ ਤੋਂ ਇਲਾਵਾ ਹੋਰ ਸਾਹਿਤਕ ਤੇ ਸੰਸਕ੍ਰਿਤ ਗਿਆਨ ਪਰੀਖਿਆ ਸਬੰਧੀ ਪੁਸਤਕਾਂ ਕੁਰਕਸ਼ੇਤਰ ਤੋਂ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ।

ਹ) ਕੋਹੜੀਆਂ ਦੇ ਤੰਦਰੁਸਤ ਬੱਚਿਆਂ ਲਈ ਸੁਸ਼ੀਲ ਬਾਲਕ ਗ੍ਰਹਿ ਨਾਮਕ ਹੋਸਟਲ ਚੰਪਾ (ਮੱਧ ਪ੍ਰਦੇਸ਼) 'ਚ ਸਥਾਪਿਤ ਕੀਤਾ ਗਿਆ ਹੈ।

## ਅਖਿਲ ਭਾਰਤੀ ਵਨਵਾਸੀ ਕਲਿਆਣ ਆਸ਼ਰਮ :-

ਸਥਾਪਨਾ:- 1952 ਵਿੱਚ ਸਥਾਪਨਾ, 1981 ਤੱਕ ਕਲਿਆਣ ਆਸ਼ਰਮ ਦਾ ਕੰਮ ਅਖਿਲ ਭਾਰਤੀ ਸਤਰ ਤੇ ਸਥਾਪਿਤ ਹੋ ਚੁੱਕਾ ਸੀ, ਇਸ ਲਈ ਇਸਦਾ ਨਾਮ ਬਦਲਣ ਦੀ ਜ਼ਰੂਰਤ ਮਹਿਸੂਸ ਕੀਤੀ ਗਈ ਤੇ ਇਸਦਾ ਨਾਮ ਬਦਲ ਕੇ ਅਖਿਲ ਭਾਰਤੀ ਵਨਵਾਸੀ ਕਲਿਆਣ ਆਸ਼ਰਮ ਕਰ ਦਿੱਤਾ ਗਿਆ।

ਸੰਚਾਲਕ:- ਸ੍ਰੀ ਏ.ਕੇ. ਦੇਸ਼ਪਾਂਡੇ

ਜਥੇਬੰਦਕ ਢਾਂਚਾ:- ਮੌਜੂਦਾ ਸਮੇਂ 'ਚ ਅਖਿਲ ਭਾਰਤੀ ਵਨਵਾਸੀ ਕਲਿਆਣ ਆਸ਼ਰਮ ਦਾ ਕੰਮ ਮਿਜ਼ੋਰਮ ਨੂੰ ਛੱਡ ਕੇ ਸਾਰੇ ਭਾਰਤ ਵਿੱਚ ਚਲ ਰਿਹਾ ਹੈ। ਇਸਦੇ ਲਈ ਹਰ ਪ੍ਰਾਂਤ ਵਿੱਚ ਸੰਮਤੀਆਂ ਹਨ। ਇਨ੍ਹਾਂ ਦੀ ਸੰਖਿਆ 29 ਹੈ। ਇਹ ਸਾਰੀਆਂ ਸੰਮਤੀਆਂ ਅਖਿਲ ਭਾਰਤੀ ਵਨਵਾਸੀ ਕਲਿਆਣ ਆਸ਼ਰਮ ਨਾਲ ਸਬੰਧਿਤ ਹਨ। ਕੁੱਲਵਕਤੀ ਮਰਦ ਕਰਮਚਾਰੀਆਂ ਦੀ ਗਿਣਤੀ 907 ਤੇ ਔਰਤਾਂ ਦੀ ਗਿਣਤੀ 239 ਹੈ।

ਸੰਸਥਾਵਾਂ:-

1. ਆਸ਼ਰਮ ਦੇ ਕਾਰਜਾਂ ਦੀ ਸਿਖਿਆ ਲਈ ਸੂਰਜ ਨਿਕੇਤਨ ਸਿਖਿਆ ਅਤੇ ਸੋਧ ਸੰਸਥਾਨ ਪਿੰਡ ਗੋਟਾ ਰਾਧਾ ਦਾਦਰ ਨਗਰ ਹਵੇਲੀ ਵਿੱਚ 1985 ਵਿੱਚ ਸਥਾਪਿਤ ਕੀਤਾ ਗਿਆ।
2. ਲੰਡਨ ਵਿੱਚ 'ਕਲਿਆਣ ਆਸ਼ਰਮ ਟਰੱਸਟ'।

3. 1984 ਵਿੱਚ 'ਲੋਕ ਕਲਾ ਮੰਚ' ਆਰੰਭ ਕੀਤਾ ਗਿਆ।

4. ਉੱਤਰ ਪੂਰਬ ਖੇਤਰ 'ਚ ਵਨਵਾਸੀ ਕਲਿਆਣ ਆਸ਼ਰਮ ਦਾ ਕੋਈ ਵੀ ਕੰਮ ਸ਼ੁਰੂ ਨਹੀਂ ਹੋ ਪਾਇਆ ਸੀ। ਇਸ ਲਈ ਇਸ ਖੇਤਰ ਵਿੱਚ ਵੀ ਕੰਮ ਸ਼ੁਰੂ ਕਰਨ ਦੀ ਦ੍ਰਿਸ਼ਟੀ ਨਾਲ 'ਭਾਰਤੀ ਜਨਜ਼ਾਤੀ ਸੰਸਕ੍ਰਿਤ ਮੰਚ' ਦੀ ਸਥਾਪਨਾ ਕੀਤੀ ਗਈ।

ਕਾਰਜ:- 1. ਸਿੱਖਿਆ ਵਿਭਾਗ, 2. ਡਾਕਟਰੀ ਵਿਭਾਗ, 3. ਆਰਥਿਕ ਵਿਭਾਗ, 4. ਖੇਲਕੂਦ ਵਿਭਾਗ, 5. ਹਿਤ ਰੱਖਿਆ ਵਿਭਾਗ, 6. ਭਾਰਤੀ ਜਨਜ਼ਾਤੀ ਸੰਸਕ੍ਰਿਤ ਮੰਚ, 7. ਗਰਾਮ ਵਿਕਾਸ, 8. ਕਰਮਚਾਰੀ ਸਿਖਿਆ ਵਿਭਾਗ, 9. ਜਨਜ਼ਾਤੀ ਪਰੰਪਰਿਕ ਕਲਾ ਵਿਭਾਗ, 11. ਜਾਗਰਣ ਤੇ ਸੰਗਠਨ ਵਿਭਾਗ। ਉਪਰ ਲਿਖੇ ਵਿਭਾਗਾਂ ਤਹਿਤ 18279 ਕਾਰਜ ਚਲ ਰਹੇ ਹਨ।

ਫੁਟਕਲ:- ਵਨਵਾਸੀ ਲੋਕਾਂ ਵਿੱਚ ਖੇਡ ਭਾਵਨਾ ਪੈਦਾ ਕਰਨ ਲਈ 'ਏਕ ਲਵਿਆ' ਨਾਮ ਹੇਠ 1984 ਤੋਂ ਖੇਡਾਂ ਸ਼ੁਰੂ ਕੀਤੀਆਂ ਗਈਆਂ ਹਨ।

## ਸਹਿਕਾਰ ਭਾਰਤੀ

ਸਥਾਪਨਾ: 1978 'ਚ ਸਹਿਕਾਰ ਭਾਰਤੀ ਦੀ ਸਥਾਪਨਾ ਹੋਈ।

ਸੰਚਾਲਕ: ਸਵ: ਲਛਮਣਰਾਏ ਇਨਾਮਦਾਰ।

ਉਦੇਸ਼: ਸਹਿਕਾਰੀ ਅੰਦੋਲਨ ਅਤੇ ਅਰਥਵਿਵਸਥਾ ਨੂੰ ਪ੍ਰਭਾਵਸ਼ਾਲੀ ਬਨਾਉਣਾ। ਉਤਪਾਦਕ, ਵਿਤਰਕ ਅਤੇ ਗਾਹਕਾਂ ਦੇ ਆਪਸੀ ਸਬੰਧਾਂ ਵਿੱਚ ਮਿਲਵਰਤਨ ਦੀ ਭਾਵਨਾ ਵਧਾਉਂਦੇ ਹੋਏ ਵਧੀਆ ਸਮਾਜ ਦਾ ਵਿਕਾਸ ਕਰਨਾ।

ਜਥੇਬੰਦਕ ਢਾਂਚਾ:- ਮਹਾਂਰਾਸ਼ਟਰ 'ਚ 1200 ਤੋਂ ਜ਼ਿਆਦਾ ਸਹਿਕਾਰੀ ਸੰਸਥਾਵਾਂ ਸਹਿਕਾਰ ਭਾਰਤੀ ਨਾਲ ਜੁੜ ਚੁੱਕੀਆਂ ਹਨ। ਪੂਨੇ ਦਾ 'ਜਨਤਾ ਸਹਿਕਾਰੀ ਬੈਂਕ' ਸਹਿਕਾਰਤਾ ਖੇਤਰ ਦੇ ਦੇਸ਼ੀਆ ਦੇ ਪਹਿਲੇ ਪੰਜ ਬੈਂਕਾਂ ਵਿੱਚ ਹੈ। ਸਹਿਕਾਰ ਭਾਰਤੀ ਦਾ ਕੰਮ ਹੁਣ ਸਾਰੇ ਪ੍ਰਾਂਤਾਂ 'ਚ ਫੈਲ ਚੁੱਕਾ ਹੈ।

ਕਾਰਜ:- ਸਹਿਕਾਰ ਭਾਰਤੀ ਬੈਂਕ, ਗ੍ਰਾਹਕ ਭੰਡਾਰ, ਦੁੱਧ ਉਤਪਾਦਨ, ਖੰਡ ਕਾਰਖਾਨੇ, ਘਰ ਉਸਾਰੀ, ਖੰਡ ਵਿਕਾਸ, ਪੇਂਡੂ ਸੇਵਾ, ਕਿਸਾਨ ਸਹਿਕਾਰੀ ਸੰਮਤੀਆਂ ਆਦਿ ਸਹਿਕਾਰੀ ਸੰਸਥਾਵਾਂ ਚਲਾਉਂਦੀ ਹੈ। ਸੰਮੇਲਨ, ਭਾਸ਼ਣਮਾਲਾ, ਕਿਸਾਨ ਮੇਲਾ ਆਦਿ ਪ੍ਰੋਗਰਾਮਾਂ ਦੁਆਰਾ ਸਹਿਕਾਰੀ ਭਾਰਤੀ ਦਾ ਕੰਮ ਲੋਕਾਂ ਤੱਕ ਪਹੁੰਚਾਇਆ ਜਾਂਦਾ ਹੈ।

ਫੁਟਕਲ:- 'ਸਹਿਕਾਰ ਸੌਰਭ ਨਾਮਕ ਮਾਸਿਕ ਪੱਤਰਿਕਾ ਦਾ ਪ੍ਰਕਾਸ਼ਨ ਸਹਿਕਾਰ ਭਾਰਤੀ ਦੁਆਰਾ ਕੀਤਾ ਜਾਂਦਾ ਹੈ।

## ਭਾਰਤੀ ਕਿਸਾਨ ਸੰਘ

ਸਥਾਪਨਾ:-4 ਮਾਰਚ 1979 ਨੂੰ ਰਾਜਸਥਾਨ ਦੇ ਇਤਿਹਾਸਿਕ ਨਗਰ ਕੋਟਾ ਵਿੱਚ ਇਸ ਦੀ ਸਥਾਪਨਾ ਹੋਈ।

ਸੰਚਾਲਕ:-ਸ੍ਰੀ ਦਤੋਪੰਤ ਠੇਂਗੜੀ।

ਉਦੇਸ਼:- ਰਾਸ਼ਟਰ ਹਿਤ ਨੂੰ ਧਿਆਨ 'ਚ ਰੱਖਦੇ ਹੋਏ ਭਾਰਤ ਦੇ ਕਿਸਾਨਾਂ ਦਾ ਸੰਗਠਨ ਕਰਕੇ ਉਨ੍ਹਾਂ ਦਾ ਸਰਬਪੱਖੀ ਵਿਕਾਸ ਕਰਨਾ ਅਤੇ ਉਨ੍ਹਾਂ ਦੀ ਆਰਥਿਕ, ਸਮਾਜਿਕ, ਸੰਸਕ੍ਰਿਤ ਅਤੇ ਵਿਦਿਅਕ ਖੇਤਰ 'ਚ ਉੱਨਤੀ ਕਰਨਾ।

-ਕਿਸਾਨਾਂ ਦੀਆਂ ਸਮੱਸਿਆਵਾਂ ਹੱਲ ਕਰਨੀਆ।

-ਗਾਂਵਾਂ ਅਤੇ ਹੋਰ ਖੇਤੀ ਹਿਤ ਉਪਯੋਗੀ ਪਸ਼ੂਆਂ ਅਤੇ ਬਨਸਪਤੀ ਦੀ ਰੱਖਿਆ ਕਰਨੀ।

-ਕਿਸਾਨਾਂ ਨੂੰ ਆਧੁਨਿਕ ਸਾਧਨਾਂ ਬਾਰੇ ਜਾਣਕਾਰੀ ਦੇਣਾ।

-ਪੁਰਾਤਨ ਖੇਤੀ ਸ਼ਾਸਤਰ ਤੇ ਖੋਜ ਕਰਨੀ।

ਜਥੇਬੰਦਕ ਢਾਂਚਾ:- ਭਾਰਤ ਦੇ ਹਰੇਕ ਪ੍ਰਾਂਤ ਵਿੱਚ ਭਰਤੀ ਕਿਸਾਨ ਸੰਘ ਦਾ ਕੰਮ ਸਥਾਪਿਤ ਹੋ ਚੁੱਕਾ ਹੈ। ਇਸਦੀ ਮੈਂਬਰ ਸੰਖਿਆ ਲਗਪਗ 8 ਲੱਖ ਹੈ।

## ਜਨਸੰਘ (ਹੁਣ ਭਾਰਤੀ ਜਨਤਾ ਪਾਰਟੀ)

ਸਥਾਪਨਾ:- 21 ਅਕਤੂਬਰ 1951 ਨੂੰ ਕਾਨਪੁਰ ਵਿੱਚ ਭਾਰਤੀ ਜਨਸੰਘ ਦੀ ਸਥਾਪਨਾ ਹੋਈ। 1980 'ਚ ਬੰਬਈ ਵਿੱਚ ਭਾਰਤੀ ਜਨਤਾ ਪਾਰਟੀ ਦੀ ਸਥਾਪਨਾ ਕੀਤੀ ਗਈ।

ਸੰਚਾਲਕ:- ਪ੍ਰਧਾਨ: ਡਾ: ਸਿਆਮਾ ਪ੍ਰਸ਼ਾਦ ਮੁੱਖਰਜੀ।

ਜਰਨਲ ਸਕੱਤਰ: ਪੰਡਤ ਦੀਨ ਦਿਆਲ।

ਉਦੇਸ਼:- 'ਸੰਸਕ੍ਰਿਤਕ ਰਾਸ਼ਟਰਵਾਦ' ਅਤੇ ਇੱਕ ਰਾਸ਼ਟਰ- ਇੱਕ ਜਨ- ਇੱਕ ਸੰਸਕ੍ਰਿਤੀ ਦੇ ਵਿਚਾਰ ਜਨ ਸੰਘ ਦੇ ਆਧਾਰ ਬਿੰਦੂ ਬਣੇ। ਪ੍ਰਾਚੀਨ ਸਮਾਜ ਰਚਨਾ ਨੂੰ ਮੌਜੂਦਾ ਸਮਾਜਿਕ ਵਿਵਸਥਾ ਦੇ ਅਨੁਸਾਰ ਢਾਲ ਕੇ ਇਕਾਤਮ ਮਾਨਵਵਾਦ ਦੀ ਧਾਰਨਾ 1965 ਵਿੱਚ ਪੰਡਤ ਦੀਨ ਦਿਆਲ ਜੀ ਨੇ ਦਿੱਤੀ। ਜਿਸਨੂੰ ਭਾਰਤੀ ਜਨ ਸੰਘ ਦੇ ਮੂਲ ਸਿਧਾਂਤ ਦੇ ਰੂਪ ਵਿੱਚ ਸਵੀਕਾਰ ਕੀਤਾ।

ਜਥੇਬੰਦਕ ਢਾਂਚਾ:- ਜਥੇਬੰਦਕ ਢਾਂਚੇ ਦੀਆਂ ਹੇਠ ਲਿਖੀਆਂ ਮੁੱਖ ਵਿਸ਼ੇਸ਼ਤਾਵਾਂ ਹਨ:-

ੳ) ਇੱਕ ਹੀ ਆਦਮੀ ਨੂੰ ਲਗਾਤਾਰ ਦੋ ਤੋਂ ਜ਼ਿਆਦਾ ਵਾਰੀ ਪ੍ਰਧਾਨ ਨਾ ਬਨਾਉਣਾ।

ਅ) ਖ਼ੁਦ ਚੋਣਾਂ ਨਾ ਲੜ ਕੇ ਜਥੇਬੰਦਕ ਕੰਮ ਕਰਨ ਵਾਲੇ ਕਾਰਜਕਰਤਾਵਾਂ ਦੀ

ਜ਼ਿਆਦਾ ਗਿਣਤੀ ਅਤੇ ਜਥੇਬੰਦੀ ਵਿੱਚ ਉਨ੍ਹਾਂ ਦਾ ਮਹੱਤਵ।

ਦ) ਸਾਰੇ ਪੱਧਰਾਂ ਤੇ ਨਿਯਮਤ ਰੂਪ ਵਿੱਚ ਪਾਰਟੀ ਦੀਆਂ ਜਥੇਬੰਦਕ ਚੋਣਾਂ ਹੋਣੀਆਂ।

ਹ) ਵੱਖ-ਵੱਖ ਪੱਧਰਾਂ ਤੇ ਕਾਰਜਕਰਤਾਵਾਂ ਲਈ ਸਿਖਿਆ ਕੈਂਪ ਲਗਾਉਣੇ। ਆਮ ਤੌਰ ਤੇ ਜਥੇਬੰਦਕ ਸਕੱਤਰ ਆਰ.ਐਸ.ਐਸ. ਦਾ ਪ੍ਰਚਾਰਕ ਹੁੰਦਾ ਹੈ।

## ਸੇਵਾਂ ਭਾਰਤੀ ਅਤੇ ਤਤਸਮ

ਸਥਾਪਨਾ:- 1980 'ਚ ਦਿੱਲੀ ਵਿੱਚ।

ਸੰਚਾਲਕ:- ਪੰ: ਬਾਲਾ ਸਾਹਿਬ ਦੇਵਰਸ।

ਉਦੇਸ਼:- ਸਮਾਜ ਦੇ ਪੱਛੜੇ ਵਰਗ ਦੀਆਂ ਲੋੜਾਂ ਦੀ ਪੂਰਤੀ ਦੇ ਨਾਲ-ਨਾਲ ਰਾਸ਼ਟਰੀ ਸੰਸਕਾਰ ਦੇ ਕੇ ਰਾਸ਼ਟਰ ਦੇ ਪੁਨਰ ਨਿਰਮਾਣ ਲਈ ਸਹਾਈ ਹੋਣਾ ਅਤੇ ਰਾਸ਼ਟਰੀ ਮੁੱਖ ਧਾਰਾ ਤੋਂ ਵੱਖ ਕਰਨ ਦੀਆਂ ਸਾਜ਼ਿਸ਼ਾਂ ਫੇਲ੍ਹ ਕਰਨੀਆਂ।

ਜਥੇਬੰਦਕ ਢਾਂਚਾ:- ਸੇਵਾ ਭਾਰਤੀ ਦੁਆਰਾ ਦਿੱਲੀ ਦੀ ਕੁੱਲ 700 ਵਿੱਚੋਂ 400 ਤੋਂ ਜ਼ਿਆਦਾ ਬਸਤੀਆਂ ਵਿੱਚ ਲਗਪਗ 1350 ਸੇਵਾ ਕਾਰਜ ਚਲਾਏ ਜਾ ਰਹੇ ਹਨ। ਸੰਘ ਦੇ ਸੰਵਿਧਾਨ 'ਚ ਸੁਧਾਰ ਕਰਦੇ ਹੋਏ 'ਸੇਵਾ ਵਿਭਾਗ' ਨਾਮ ਤੇ ਨਵਾਂ ਵਿਭਾਗ ਸ਼ੁਰੂ ਕੀਤਾ ਗਿਆ। ਜਿਸ ਵਲੋਂ ਸਾਢੇ ਤਿੰਨ ਹਜ਼ਾਰ ਤੋਂ ਜ਼ਿਆਦਾ ਥਾਵਾਂ ਤੇ ਲਗਪਗ 7,000 ਸੇਵਾ ਕਾਰਜ ਚਲਾਏ ਜਾ ਰਹੇ ਹਨ।

ਕਾਰਜ:- 'ਹਿੰਦੂ ਸੇਵਾ ਪ੍ਰਤਿਸ਼ਠਾਨ'-ਇਸ ਦੁਆਰਾ ਅਨੇਕਾਂ ਸੇਵਾ ਕਾਰਜ ਚਲਾਏ ਜਾ ਰਹੇ ਹਨ। ਇੱਕ ਵਿਸ਼ੇਸ ਯੋਜਨਾ ਤਹਿਤ 'ਨੌਜਵਾਨ ਸੇਵਾਵਰਤੀ ਪ੍ਰਕਲਪ' ਅਧੀਨ 500 ਤੋਂ ਜ਼ਿਆਦਾ ਕੁੱਲਵਕਤੀ ਨੌਜਵਾਨ ਸੇਵਾਦਾਰ ਵੱਖ-ਵੱਖ ਖੇਤਰਾਂ 'ਚ ਕੰਮ ਕਰ ਰਹੇ ਹਨ।

- 'ਸਵਾਮੀ ਵਿਵੇਕਾਨੰਦ ਮੈਡੀਕਲ ਮਿਸ਼ਨ' -ਇਸ ਮਿਸ਼ਨ ਦਾ ਕੰਮ 1972 ਤੋਂ ਚਲ ਰਿਹਾ ਹੈ।
- 'ਨੈਸ਼ਨਲ ਮੈਡੀਕੋਜ਼ ਆਰਗੇਨਾਈਜ਼ੇਸ਼ਨ' -ਇਹ 1977 ਵਿੱਚ ਸ਼ੁਰੂ ਹੋਈ, ਜਿਸ ਤਹਿਤ ਸੇਵਾ ਬਸਤੀਆਂ ਅਤੇ ਜੰਗਲੀ ਖੇਤਰਾਂ ਵਿੱਚ ਸਿਹਤ ਸਹੂਲਤਾਂ ਦਿਤੀਆਂ ਜਾਂਦੀਆਂ ਹਨ।
- ਕੇਰਲ ਵਿੱਚ 'ਬਾਲ ਗੋਕੂਲਮ ਅਤੇ ਅੰਮ੍ਰਿਤ ਭਾਰਤੀ ਵਿਦਿਆਪੀਠਮ' ਦੇ ਤਹਿਤ 1,000 ਤੋਂ ਜ਼ਿਆਦਾ ਬਾਲ ਸੰਸਕਾਰ ਕੇਂਦਰ ਚਲਾਏ ਜਾ ਰਹੇ ਹਨ।
- ਨਾਗਪੁਰ ਵਿੱਚ 'ਲੋਕ ਕਲਿਆਣ ਸੰਮਤੀ'-ਇਸਦੇ ਤਹਿਤ ਦੋ ਕਾਰਜ ਚਲ ਰਹੇ ਹਨ:

1. ਡਾ: ਹੇਡਗੇਵਾਰ ਰਕਤਪੇੜੀ।

2. ਮਾਧਵ ਨੇਤਰਪੇੜੀ।

'ਗਿਆਨ ਪ੍ਰਬੋਧਿਨੀ' – ਪੂਨੇ ਵਿੱਚ ਇਸ ਸਹਿਤ 170 ਪਿੰਡਾਂ ਵਿੱਚ ਵਿਕਾਸ ਕਾਰਜ ਚਲਾਏ ਜਾ ਰਹੇ ਹਨ। 'ਉਤਰਾਂਚਲ ਉਤਥਾਨ ਪ੍ਰਿਸ਼ਦ' ਉੱਤਰ ਪ੍ਰਦੇਸ਼ ਦੇ ਹਿਮਾਲਿਆ ਖੇਤਰਾਂ ਵਿੱਚ ਇਸਦੇ ਦੁਆਰਾ ਜਨਜਾਗਰਣ, ਜਨਸੇਵਾ ਅਤੇ ਪੇਂਡੂ ਵਿਕਾਸ ਦੀ ਦ੍ਰਿਸ਼ਟੀ ਤੋਂ ਅਨੇਕਾਂ ਪਿੰਡਾਂ ਵਿੱਚ ਕੰਮ ਕੀਤੇ ਜਾ ਰਹੇ ਹਨ।

– ਭਾਰਤੀ ਕੁਸ਼ਟ ਨਿਵਾਰਕ ਸੰਘ- ਮੱਧ ਪ੍ਰਦੇਸ਼ ਦੇ ਚੰਪਾ ਨਾਮਕ ਸਥਾਨ ਅਤੇ ਕਰਨਾਟਕ ਦੇ ਬੀਜਾਪੁਰ ਵਿੱਚ 1962 ਤੋਂ ਕਾਰਜਸ਼ੀਲ ਹੈ।

– ਡਾਕਟਰ ਆਬਾ ਜੀ ਥਤੇ ਸੇਵਾ ਅਤੇ ਖੋਜ ਸੰਸਥਾ- ਨਾਗਪੁਰ ਵਿੱਚ 1996 ਤੋਂ ਇਸ ਤਹਿਤ ਰੋਗੀ ਅਤੇ ਉਨ੍ਹਾਂ ਦੇ ਸਬੰਧੀਆਂ ਦੀ ਰਿਹਾਇਸ਼ ਅਤੇ ਲੋੜ ਅਨੁਸਾਰ ਦਵਾਈਆਂ, ਖ਼ੂਨ ਨਾਲ ਮਦਦ ਕੀਤੀ ਜਾਂਦੀ ਹੈ।

ਇਸ ਤੋਂ ਇਲਾਵਾ ਸੰਘ ਅਤੇ ਹੋਰ ਅਖਿਲ ਭਾਰਤੀ, ਪ੍ਰਦੇਸ਼ਿਕ ਅਤੇ ਸਥਾਨਕ ਸੰਸਥਾਵਾਂ ਦੁਆਰਾ ਦੇਸ਼ ਵਿੱਚ 20, 000 ਤੋਂ ਜ਼ਿਆਦਾ ਛੋਟੇ ਵੱਡੇ ਸੇਵਾ ਕਾਰਜ ਚਲ ਰਹੇ ਹਨ।

ਫੁਟਕਲ:- 1988 ਵਿੱਚ ਕੰਨਿਆਕੁਮਾਰੀ ਤੋਂ ਗੋਆ ਤੱਕ 100 ਦਿਨ ਦੀ ਪੱਛਮੀ ਘਾਟ ਰੱਖਿਆ ਪੈਦਲ ਯਾਤਰਾ ਦੇ ਤਹਿਤ 2 ਲੱਖ ਤੋਂ ਜ਼ਿਆਦਾ ਪੌਦੇ ਲਗਾਏ ਗਏ।

## ਸੰਸਕਾਰ ਭਾਰਤੀ

ਸਥਾਪਨਾ:- 1981 ਵਿੱਚ ਸਥਾਪਿਤ ਹੋਈ।

ਸੰਚਾਲਕ:- ਸਵ: ਹਰੀਭਾਓ ਵਾਕਣਕਰ।

ਉਦੇਸ਼:- ਸਮਾਜ ਦੇ ਭਿੰਨ-ਭਿੰਨ ਵਰਗਾਂ ਵਿੱਚ ਕਲਾ ਦੇ ਦੁਆਰਾ ਰਾਸ਼ਟਰ ਭਗਤੀ ਤੇ ਚੰਗੇ ਸੰਸਕਾਰ ਜਗਾਉਣਾ।

- ਵੱਖ-ਵੱਖ ਕਲਾਵਾਂ ਦੀ ਸਿਖਿਆ ਅਤੇ ਨਵੇਂ ਕਲਾਕਾਰਾਂ ਨੂੰ ਉਤਸ਼ਾਹਿਤ ਕਰਨਾ।
- ਦੇਸ਼ ਦੇ ਕਲਾਕਾਰਾਂ ਅਤੇ ਵਿਦਵਾਨਾਂ ਵਿੱਚ ਸੰਪਰਕ ਕਰਕੇ ਕਲਾ ਖੇਤਰ ਵਿੱਚੋਂ ਸੰਸਕ੍ਰਿਤਕ ਪ੍ਰਦੂਸ਼ਨ ਰੋਕਣਾ।

ਜਥੇਬੰਦਕ ਢਾਂਚਾ:- ਦੇਸ਼ ਭਰ 'ਚ ਇਸ ਦੀਆਂ 600 ਤੋਂ ਜ਼ਿਆਦਾ ਇਕਾਈਆਂ ਕੰਮ ਕਰ ਰਹੀਆਂ ਹਨ।

ਕਾਰਜ:- ਸੰਸਕਾਰ ਭਾਰਤੀ ਸਥਾਪਿਤ ਕਲਾਕਾਰਾਂ ਨੂੰ ਰਾਸ਼ਟਰ ਪੁਨਰਜਾਗਰਣ ਦੇ ਕੰਮਾਂ ਨਾਲ ਜੋੜਨ ਤੋਂ ਇਲਾਵਾ ਨਾਟਕ, ਸੰਗੀਤ, ਨ੍ਰਿਤ, ਚਿੱਤਰਕਲਾ, ਸਾਹਿਤ ਆਦਿ ਦੇ

ਮਾਧਿਅਮ ਨਾਲ ਲੋਕਾਂ 'ਚ ਭਾਰਤੀ ਸੰਸਕ੍ਰਿਤ ਜਾਗਰੂਕ ਕਰਾਉਣਾ ਚਾਹੁੰਦੀ ਹੈ। ਇਸ ਨਾਲ ਰਾਸ਼ਟਰੀ ਗੀਤ, ਰਾਸ਼ਟਰ ਭਾਵਨਾ ਜਗਾਉਣ ਵਾਲੇ ਨਾਟਕ, ਭਾਰਤੀ ਨ੍ਰਿਤ ਅਤੇ ਰੰਗੋਲੀ, ਮਹਿੰਦੀ, ਚਿੱਤਰਕਲਾ ਆਦਿ ਦੇ ਟਰੇਨਿੰਗ ਵਰਗ, ਕ੍ਰਿਸ਼ਨ-ਰਾਧਾ, ਰੂਪ ਪ੍ਰਤੀਯੋਗਿਤਾ, ਰੰਗ ਭਰੋ ਪ੍ਰਤੀਯੋਗਿਤਾ, ਕਾਵਿ-ਜਾਤਰਾ ਅਤੇ ਸਥਾਨ-ਸਥਾਨ ਤੇ ਰਾਸ਼ਟਰੀ ਕਵੀ ਸੰਮੇਲਨ ਆਦਿ ਪ੍ਰੋਗਰਾਮ ਸੰਸਕਾਰ ਭਾਰਤੀ ਦੁਆਰਾ ਆਯੋਜਿਤ ਕੀਤੇ ਜਾਂਦੇ ਹਨ।

ਫੁਟਕਲ:- ਸੰਸਕਾਰ ਭਾਰਤੀ ਦੁਆਰਾ 'ਕਲਾਂ ਕੁੰਜ' ਪੱਤਰਿਕਾ ਦਾ ਪ੍ਰਕਾਸ਼ਨ ਹੁੰਦਾ ਹੈ।

## ਸਮਾਜਿਕ ਸਮਰਸਤਾ (ਬਰਾਬਰਤਾ) ਮੰਚ

ਸਥਾਪਨਾ:- 14 ਅਪ੍ਰੈਲ 1983 ਨੂੰ ਮਹਾਰਾਸ਼ਟਰ 'ਚ ਇਸਦੀ ਸਥਾਪਨਾ ਹੋਈ।

ਸੰਚਾਲਕ:- ਮਾ: ਦਤੋਪੰਤ ਠੇਗੜੀ।

ਉਦੇਸ਼:- ਉਦੇਸ਼ ਦੇ ਤਿੰਨ ਮੁੱਖ ਅਧਾਰ ਹਨ :-

- ਸਾਰੇ ਸਮਾਜਿਕ ਪ੍ਰਸ਼ਨ ਕਿਸੇ ਇੱਕ ਜ਼ਾਤੀ ਦੇ ਨਾ ਹੋ ਕੇ ਸਾਰੇ ਹਿੰਦੂ ਸਮਾਜ ਦੇ ਹਨ।
- ਇਨ੍ਹਾਂ ਬਾਰੇ ਸਾਰੇ ਹਿੰਦੂ ਸਮਾਜ ਨੂੰ ਵਿਚਾਰ ਕਰਨਾ ਚਾਹੀਦਾ ਹੈ।
- ਇਸ ਕੰਮ ਲਈ ਜੋ ਮੰਚ ਸਥਾਪਿਤ ਹੋਵੇ ਉਹ ਅਰਾਜਨੀਤਿਕ ਹੋਣਾ ਚਾਹੀਦਾ ਹੈ।

ਜਥੇਬੰਦਕ ਢਾਂਚਾ:- ਬਿਹਾਰ, ਗੁਜਰਾਤ, ਕਰਨਾਟਕ ਵਿੱਚ ਕੰਮ ਵਧੀਆ ਚਲ ਰਿਹਾ ਹੈ।

ਸੰਸਥਾਵਾਂ:- ਭਟਕੇ ਵਿਮੁਕਤ ਵਿਕਾਸ ਪ੍ਰਿਸ਼ਦ:- ਇਸ ਦੇ ਤਹਿਤ ਟੱਪਰਵਾਸੀ ਲੋਕਾਂ ਨੂੰ ਕਿਸੇ ਇੱਕ ਥਾਂ ਤੇ ਸਥਾਈ ਰੂਪ ਵਿੱਚ ਰਹਿਣ ਲਈ ਪ੍ਰੇਰਿਤ ਕਰਨਾ।

- ਬੁੱਧ ਪ੍ਰਦਰਸ਼ਨੀ:- ਥਾਂ-ਥਾਂ ਤੇ ਪ੍ਰਦਰਸ਼ਨੀ ਲਗਾ ਕੇ ਬੋਧੀਆਂ ਵਿੱਚ ਹਿੰਦੂ ਅਧਾਰ ਦਰਸਾਉਣਾ।

ਕਾਰਜ:- ਜ਼ਾਤ-ਪਾਤ, ਉਚ-ਨੀਚ, ਛੂਤ-ਛਾਤ ਖਤਮ ਕਰਕੇ ਹਿੰਦੂ ਸਮਾਜ 'ਚ ਬਰਾਬਰਤਾ ਪੈਦਾ ਕਰਨੀ।

## ਪ੍ਰੱਗਿਆ ਭਾਰਤੀ

ਸਥਾਪਨਾ:- ਦਸੰਬਰ 1987 ਨੂੰ ਕਲਕੱਤਾ 'ਚ ਸਥਾਪਨਾ ਹੋਈ।

ਉਦੇਸ਼:- ਭਾਰਤੀ ਮੁਨੀਆਂ ਦੁਆਰਾ ਮਨੁੱਖ, ਉਸ ਦੇ ਵਾਤਾਵਰਨ ਅਤੇ ਸ੍ਰਿਸ਼ਟੀ ਪ੍ਰਕ੍ਰਿਆ ਵਿੱਚ ਮੌਲਿਕ ਏਕਤਾ ਤੇ ਅਧਾਰਿਤ ਜੀਵਨ ਦਰਸ਼ਨ ਅਤੇ ਮਨੁੱਖ ਨੂੰ ਦੇਵਤਾ ਬਨਾਉਣ ਵਾਲੀ ਸਮਾਜ ਰਚਨਾ ਦੇ ਸਿਧਾਂਤਾਂ ਨੂੰ ਆਧੁਨਿਕ ਢੰਗ ਨਾਲ ਪੇਸ਼ ਕਰਨਾ।

- ਵਿਦੇਸ਼ੀ ਹਮਲਿਆਂ ਅਤੇ ਗੁਲਾਮੀ ਦੇ ਵਿਰੁੱਧ ਲੰਬੇ ਘੋਲ ਦੇ ਚਲਦੇ ਸਮਾਜਿਕ-ਵਿਵਸਥਾ ਵਿੱਚ ਪੈਦਾ ਹੋਈਆਂ ਕਮੀਆਂ ਨੂੰ ਦੂਰ ਕਰਨ ਦੀ ਕੋਸ਼ਿਸ ਕਰਨੀ।
- ਲੋਕਾਂ ਵਿੱਚ ਸੌੜੀਆਂ ਸੋਚਾਂ ਤੋਂ ਉੱਪਰ ਉਠ ਕੇ ਰਾਸ਼ਟਰੀਅਤਾ ਪੈਦਾ ਕਰਨੀ।
- ਸਮਾਜ ਦੇ ਬੁੱਧੀਜੀਵੀ ਵਰਗ ਨੂੰ ਭਾਰਤੀ ਜਨ ਜੀਵਨ ਦੀ ਅਸਲੀਅਤ ਨਾਲ ਜੋੜਦੇ ਹੋਏ ਸਮਾਜ ਦੇ ਪੁਨਰ ਉਥਾਨ ਵਿੱਚ ਉਨ੍ਹਾਂ ਦੀ ਭਾਗੀਦਾਰੀ ਯਕੀਨੀ ਬਣਾਉਣਾ।

ਜਥੇਬੰਦਕ ਢਾਂਚਾ:- ਸਭ ਤੋਂ ਪਹਿਲਾਂ ਮੁੱਖ-ਮੁੱਖ ਸ਼ਹਿਰਾਂ ਵਿੱਚ ਇਕਾਈਆਂ ਸਥਾਪਿਤ ਕੀਤੀਆਂ ਗਈਆਂ ਹਨ। ਇਨ੍ਹਾਂ ਨੂੰ ਅਗਵਾਈ ਦੇਣ ਲਈ ਕਲਕੱਤਾ, ਲਖਨਊ, ਦਿੱਲੀ, ਮੁੰਬਈ, ਬੰਗਲੌਰ ਅਤੇ ਤਿਰੂਅਨੰਤਪੁਰਮ ਵਿੱਚ ਵਿਭਾਗ ਸਥਾਪਿਤ ਕੀਤੇ ਗਏ ਹਨ। ਵੱਖ-ਵੱਖ ਥਾਵਾਂ ਤੇ ਵੱਖ-ਵੱਖ ਨਾਂਵਾਂ ਨਾਲ ਚੱਲਣ ਵਾਲੇ ਕੰਮ ਉਨ੍ਹਾਂ ਨਾਂਵਾਂ ਨਾਲ ਹੀ ਚੱਲਣਗੇ ਪਰ ਭਾਰਤੀ ਪੱਧਰ ਤੇ ਸਾਰੇ ਪ੍ਰੱਗਿਆ ਭਾਰਤੀ ਨਾਲ ਜੁੜਨਗੇ।

ਸੰਸਥਾਵਾਂ:- ਮੱਧ ਪ੍ਰਦੇਸ਼ 'ਚ ਪ੍ਰਬੁੱਧ ਭਾਰਤੀ, ਕਰਨਾਟਕਾ ਵਿੱਚ ਮੰਥਨ, ਕੇਰਲ ਵਿੱਚ ਭਾਰਤੀ ਵਿਚਾਰ ਕੇਂਦਰਮ, ਬੰਗਾਲ ਵਿੱਚ ਯੋਗਕਸ਼ੇਮ, ਮਹਾਂਰਾਸ਼ਟਰ ਵਿੱਚ ਰਾਮਭਾਊ ਮਹਾਂਲਗੀ ਪ੍ਰਬੋਧਨੀ, ਆਂਧਰਾ ਪ੍ਰਦੇਸ਼ ਵਿੱਚ ਸਮਾਲੋਚਨਾ, ਤਾਮਿਲਨਾਡੂ ਵਿੱਚ ਵਿਜ਼ਿਲ ਨਾਂਵਾਂ ਨਾਲ ਕੰਮ ਚਲ ਰਿਹਾ ਹੈ।

ਕਾਰਜ:- ਸਥਾਨਿਕ ਇਕਾਈਆਂ ਆਪਣੇ ਸ਼ਹਿਰਾਂ ਦੇ ਪ੍ਰਮੁੱਖ ਲੋਕਾਂ ਦੀ ਸੂਚੀ ਬਣਾ ਕੇ ਉਨ੍ਹਾਂ ਨਾਲ ਸੰਪਰਕ ਕਰਦੀਆਂ ਹਨ। ਹਫ਼ਤਾਵਾਰੀ, ਪੰਦਰਵਾੜਾ ਅਤੇ ਮਾਸਿਕ ਗੋਸ਼ਟੀਆਂ ਕਰਕੇ ਵੱਖ-ਵੱਖ ਵਿਸ਼ਿਆਂ ਤੇ ਵਿਚਾਰ ਵਟਾਂਦਰਾ ਹੁੰਦਾ ਹੈ। ਸਾਲ 'ਚ ਇੱਕ ਵਾਰੀ ਭਾਸ਼ਨ ਮਾਲਾ, ਸੈਮੀਨਾਰ ਆਦਿ ਆਯੋਜਨ ਕੀਤਾ ਜਾਂਦਾ ਹੈ। ਸ਼ਹਿਰ ਦੀਆਂ ਹੋਰ ਬੌਧਿਕ ਸੰਸਥਾਵਾਂ ਨਾਲ ਮਿਲ ਕੇ ਵੀ ਪ੍ਰੋਗਰਾਮ ਕੀਤੇ ਜਾਂਦੇ ਹਨ।

## ਅਖਿਲ ਭਾਰਤੀ ਰਾਸ਼ਟਰੀ ਸਿੱਖਿਅਕ ਮਹਾਂਸੰਘ

ਸਥਾਪਨਾ:-1987 'ਚ ਭੁਪਾਲ ਵਿੱਚ।

ਸੰਚਾਲਕ:-ਸ੍ਰੀ ਮੁਕੰਦਰਾਏ ਕੁਲਕਰਨੀ।

ਉਦੇਸ਼:- "ਰਾਸ਼ਟਰ ਦੇ ਹਿਤ 'ਚ ਸਿੱਖਿਆ, ਸਿੱਖਿਆ ਦੇ ਹਿਤ 'ਚ ਸਿੱਖਿਅਕ ਅਤੇ ਸਿੱਖਿਅਕ ਦੇ ਹਿਤ 'ਚ ਸਮਾਜ"।

ਜਥੇਬੰਦਕ ਢਾਂਚਾ:- ਮੌਜੂਦਾ ਸਮੇਂ ਵਿੱਚ 16 ਪ੍ਰਾਂਤਾਂ ਦੇ 26 ਪ੍ਰਾਂਤਕ ਪੱਧਰ ਦੇ ਸਿੱਖਿਆ ਸੰਗਠਨ ਇਸ ਨਾਲ ਸਬੰਧਤ ਹਨ ਅਤੇ 26 ਯੂਨੀਵਰਸਿਟੀਆਂ ਵਿੱਚ ਇਸਦਾ ਕੰਮ ਚਲ ਰਿਹਾ ਹੈ। ਮੈਂਬਰਾਂ ਦੀ ਕੁੱਲ ਗਿਣਤੀ 6.50 ਲੱਖ ਹੈ।

ਕਾਰਜ:- ਗਿਆਨ ਦੀ ਪੂਜਾ ਕਰਨਾ, ਮਨ ਸਾਫ਼ ਲਈ ਯਤਨ ਕਰਨਾ, ਵਿਦਿਆਰਥੀਆਂ

ਲਈ ਸੇਵਾ ਭਾਵ ਰੱਖ ਕੇ ਉਨ੍ਹਾਂ ਦੇ ਵਿਕਾਸ ਲਈ ਯਤਨ ਕਰਨੇ, ਸਾਰੇ ਸਮਾਜ ਦੀਆਂ ਸਮੱਸਿਆਵਾਂ ਤੇ ਵਿਚਾਰ ਕਰਕੇ ਨਤੀਜੇ ਪੇਸ਼ ਕਰਨੇ ਅਤੇ ਇਸ ਤਰ੍ਹਾਂ ਸਮਾਜ ਨੂੰ ਅਗਵਾਈ ਦਿੰਦੇ ਰਹਿਣਾ ਆਦਿ ਗੁਣ ਅਧਿਆਪਕਾਂ ਵਿੱਚ ਪੈਦਾ ਕਰਕੇ ਲਾਇਕ, ਚਰਿੱਤਰਵਾਨ ਅਤੇ ਕਥਨੀ-ਕਰਨੀ ਵਾਲੇ ਅਧਿਆਪਕ ਬਨਾਉਣੇ।

ਫੁਟਕਲ:- ਕਰਨਾਟਕ ਸ਼ਾਖਾ ਨੇ ਪ੍ਰਾਚੀਨ ਭਾਰਤੀ ਹਿਸਾਬ ਅਤੇ ਵਿਗਿਆਨ ਤੇ ਚਾਰਟ ਬਣਾਏ ਜਿਨ੍ਹਾਂ ਨੂੰ ਕਰਨਾਟਕ ਸਰਕਾਰ ਨੇ 1995 ਵਿੱਚ ਮਾਨਤਾ ਦਿੱਤੀ। ਬੁਢਾਪਾ ਸਿਖਿਆ ਅਤੇ ਸਾਖਰਤਾ ਮੁਹਿੰਮਾਂ ਵਿੱਚ ਵੀ ਸਹਿਯੋਗ।

## ਸਵਦੇਸ਼ੀ ਜਾਗਰਣ ਮੰਚ

ਸਥਾਪਨਾ:- ਨਵੰਬਰ 1991 ਵਿੱਚ ਨਾਗਪੁਰ 'ਚ।

ਸੰਚਾਲਕ:- ਮਾ: ਦਤੋਪੰਤ ਠੇਂਗੜੀ।

ਉਦੇਸ਼:- ਸਵਦੇਸ਼ੀ ਕੇਵਲ ਆਰਥਿਕ ਵਿਚਾਰ ਨਾ ਹੋ ਕੇ ਇੱਕ ਜੀਵਨ ਦ੍ਰਿਸ਼ਟੀ ਹੈ। ਇਸ ਲਈ ਆਰਥਿਕ ਹਮਲਿਆਂ ਦੇ ਨਾਲ ਸੰਸਕ੍ਰਿਤਿਕ ਹਮਲਿਆਂ ਬਾਰੇ ਚੇਤਨਾ ਪੈਦਾ ਕਰਨੀ।

ਸੰਸਥਾਵਾਂ:- ਬੀੜੀ ਰੁਜ਼ਗਾਰ ਰੱਖਿਆ ਅੰਦੋਲਨ।

ਕਾਰਜ:- 1995 ਵਿੱਚ ਪਸ਼ੂ ਸੰਪਦਾ ਸੁਰੱਖਿਆ ਪਦ ਯਾਤਰਾ, 1996 ਵਿੱਚ ਮਤਸਿਆ ਸੰਪਦਾ ਰੱਖਿਆ ਜਨ ਯਾਤਰਾ।

ਫੁਟਕਲ:- ਮਾਸਿਕ ਸਵਦੇਸ਼ੀ ਪੱਤਰਕਾ ਦਾ ਪ੍ਰਕਾਸ਼ਨ।

## ਅਖਿਲ ਭਾਰਤੀ ਅਧਿਵਕਤਾ ਪ੍ਰੀਸ਼ਦ

ਸਥਾਪਨਾ:- 1992

ਉਦੇਸ਼:- ਦੇਸ਼ ਦੀ ਨਿਆਂਇਕ ਪ੍ਰਣਾਲੀ 'ਚ ਭਾਰਤੀ ਸੰਸਕ੍ਰਿਤ ਦੇ ਅਨੁਰੂਪ ਸੁਧਾਰ ਅਤੇ ਖੋਜ ਕਰਦੇ ਹੋਏ ਨਿਆਂ ਪ੍ਰਣਾਲੀ ਨੂੰ ਜ਼ਿਆਦਾ ਤੋਂ ਜ਼ਿਆਦਾ ਪ੍ਰਭਾਵੀ ਬਨਾਉਣਾ। ਭਾਰਤੀ ਸੰਵਿਧਾਨ 'ਚ ਸੁਧਾਈ ਹਿਤ ਸੁਝਾਅ ਦੇਣੇ। ਸਮਾਜ ਦੇ ਸਾਰੇ ਵਰਗਾਂ ਵਿਸ਼ੇਸ਼ ਕਰਕੇ ਗਰੀਬ ਵਰਗ ਨੂੰ ਕਾਨੂੰਨ ਦਾ ਠੀਕ ਲਾਭ ਮਿਲੇ- ਇਸ ਲਈ ਕੋਸ਼ਿਸ਼ ਕਰਨੀ।

ਕਾਰਜ:-- ਵੱਖ-ਵੱਖ ਧਾਰਾਵਾਂ ਦੇ ਅਧਿਐਨ ਗਰੁੱਪ।

- ਸੰਵਿਧਾਨ ਦਾ ਅਧਿਐਨ ਅਤੇ ਸੁਝਾਅ।
- ਵਾਤਾਵਰਨ ਸਬੰਧੀ ਕਾਨੂੰਨਾਂ ਦਾ ਅਧਿਐਨ ਅਤੇ ਸੁਝਾਅ।
- ਸਮਾਜਿਕ ਨਿਆਂ।

ਫੁਟਕਲ:- ਨਵੇਂ ਵਕੀਲਾਂ ਲਈ ਮੀਟਿੰਗਾਂ ਅਤੇ ਅਭਿਆਸ ਵਰਗ ਦਾ ਆਯੋਜਨ। ਹਰ ਸਾਲ ਮੈਂਬਰ ਵਕੀਲਾਂ ਵਲੋਂ ਪੰਜ ਗਰੀਬਾਂ ਦੇ ਮੁਫਤ ਮੁਕੱਦਮੇ ਲੜਨੇ।
ਸਾਲਾਨਾ ਸਮਾਗਮਾਂ ਤੇ 'ਨਿਆਂਪਥ' ਰਸਾਲਾ ਪ੍ਰਕਾਸ਼ਿਤ ਕਰਨਾ।

## ਵਿਗਿਆਨ ਭਾਰਤੀ

ਸਥਾਪਨਾ:- ਮਈ 1992 ਨੂੰ ਜਬਲਪੁਰ ਵਿੱਚ ਸਥਾਪਨਾ ਕੀਤੀ ਗਈ।

ਉਦੇਸ਼:- ਨਵੇਂ ਵਿਗਿਆਨੀਆਂ ਨੂੰ ਮੌਜੂਦਾ ਵਿਗਿਆਨਕ ਪ੍ਰਾਪਤੀਆਂ ਦੀ ਜਾਣਕਾਰੀ ਦੇ ਨਾਲ-ਨਾਲ ਪ੍ਰਾਚੀਨ ਭਾਰਤ ਦੀ ਵਿਗਿਆਨਕ ਉੱਚਤਾ ਤੋਂ ਜਾਣੂ ਕਰਵਾਉਣਾ, ਜੋ ਮੂਲ ਰੂਪ ਵਿੱਚ ਪ੍ਰਕ੍ਰਿਤੀ ਅਤੇ ਉੱਚ ਮਨੁੱਖੀ ਸਿਧਾਂਤਾਂ ਦੇ ਨਾਲ ਮੇਲ ਖਾਂਦਾ ਹੋਵੇ।

ਕਾਰਜ:- ਵਿਗਿਆਨ ਭਾਰਤੀ ਭਿੰਨ-ਭਿੰਨ ਭਾਸ਼ਾਵਾਂ ਵਿੱਚ ਪ੍ਰਾਚੀਨ ਤੇ ਆਧੁਨਿਕ ਵਿਗਿਆਨ ਦੀਆਂ ਪੁਸਤਕਾਂ ਪ੍ਰਕਾਸ਼ਿਤ ਕਰਨ ਦੀ ਕੋਸ਼ਿਸ਼ ਕਰਦੀ ਹੈ ਅਤੇ ਇਹ ਵੀ ਕੋਸ਼ਿਸ਼ ਕਰਦੀ ਹੈ ਕਿ ਪ੍ਰਾਚੀਨ ਭਾਰਤ ਦੀਆਂ ਵਿਗਿਆਨਿਕ ਪ੍ਰਾਪਤੀਆਂ ਨੂੰ ਪੁਸਤਕਾਂ ਵਿੱਚ ਇਕੱਠਾ ਕੀਤਾ ਜਾਵੇ।

ਫੁਟਕਲ:- ਵਿਗਿਆਨ ਭਾਰਤੀ ਦਾ ਕਹਿਣਾ ਹੈ ਕਿ ਸਾਰੇ ਵਿਗਿਆਨਕਾਂ ਲਈ ਸੰਸਕ੍ਰਿਤ ਭਾਸ਼ਾ ਸਿੱਖਣੀ ਜ਼ਰੂਰੀ ਕਰ ਦਿੱਤੀ ਜਾਏ, ਤਾਂਕਿ ਉਹ ਪ੍ਰਾਚੀਨ ਰਿਸ਼ੀਆਂ ਦੁਆਰਾ ਮੂਲ ਖੋਜਾਂ ਅਤੇ ਉਪਯੋਗੀ ਸਿਧਾਂਤਾਂ ਨੂੰ ਸਮਝ ਸਕਣ ਅਤੇ ਭਾਰਤ ਦੇ ਅਨੁਕੂਲ ਆਧੁਨਿਕ ਵਿਗਿਆਨ ਅਤੇ ਉਦਯੋਗ ਦੀ ਮਜ਼ਬੂਤ ਨੀਂਹ ਰੱਖ ਸਕਣ। 1994 ਤੋਂ ਸਾਲ ਵਿੱਚ ਦੋ ਵਾਰੀ 'ਵਿਗਿਆਨ ਭਾਰਤੀ ਪ੍ਰਦੀਪਿਕਾ' ਨਾਮਕ ਖੋਜ ਪੱਤਰਕਾ ਹਿੰਦੀ ਅਤੇ ਅੰਗਰੇਜ਼ੀ ਵਿੱਚ ਪ੍ਰਕਾਸ਼ਿਤ ਕੀਤੀ ਜਾਂਦੀ ਹੈ।

## ਪੂਰਵ-ਸੈਨਿਕ ਸੇਵਾ ਪ੍ਰੀਸ਼ਦ

ਸਥਾਪਨਾ:- 1992

ਉਦੇਸ਼: 1. ਸਾਬਕਾ ਸੈਨਿਕਾਂ ਦੀ ਦੇਸ਼-ਭਗਤੀ ਅਤੇ ਸ਼ਕਤੀ ਦਾ ਉਪਯੋਗ ਦੇਸ਼ ਹਿਤ ਲਈ ਕਰਨਾ।

2. ਸਮਾਜਿਕ ਵਿਸ਼ੇ ਜਿਵੇਂ ਸਿੱਖਿਆ, ਸਿਹਤ, ਸੁਤੰਤਰਤਾ ਤੇ ਬਰਾਬਰਤਾ ਦੇ ਲਈ ਸਾਬਕਾ ਸੈਨਿਕਾਂ ਦੀਆਂ ਯੋਗਤਾਵਾਂ ਅਤੇ ਅਨੁਸ਼ਾਸਨ ਦਾ ਪੂਰਨ ਉਪਯੋਗ।

3. ਸਾਬਕਾ ਸੈਨਿਕਾਂ ਦਾ ਪੁਨਰਵਾਸ, ਸ਼ਹੀਦ ਸੈਨਿਕਾਂ ਦੇ ਪਰਿਵਾਰਾਂ ਦੀ ਦੇਖਭਾਲ, ਅਪੰਗ ਸੈਨਿਕਾਂ ਦੀ ਸੇਵਾ ਸੰਭਾਲ ਆਦਿ ਕੰਮ ਕਰਨੇ।

ਫੁਟਕਲ: ੳ) 16 ਦਸੰਬਰ ਨੂੰ ਜਿੱਤ ਦਿਵਸ (ਬੰਗਲਾ ਦੇਸ਼ ਯੁਧ) ਮਨਾਇਆ ਜਾਂਦਾ ਹੈ। ਇਸ ਪ੍ਰੀਸ਼ਦ ਦੇ ਯਤਨਾਂ ਦੇ ਕਾਰਨ 1996 ਦੇ 'ਜਿੱਤ ਦਿਵਸ' ਦੇ ਮੌਕੇ ਤੇ ਤਿੰਨਾਂ ਸੈਨਾਵਾਂ

ਦੇ ਮੁੱਖੀ ਰਾਸ਼ਟਰਪਤੀ ਜੀ ਪਹਿਲੀ ਵਾਰ ਅਮਰ ਜਵਾਨ ਜਯੋਤੀ ਤੇ ਸ਼ਹੀਦ ਸੈਨਿਕਾਂ ਨੂੰ ਸ਼ਰਧਾਂਜਲੀ ਦੇਣ ਗਏ। ਹੁਣ ਤੱਕ ਕੇਵਲ 26 ਜਨਵਰੀ ਤੇ 15 ਅਗਸਤ ਨੂੰ ਜਾਣ ਦੀ ਹੀ ਪਰੰਪਰਾ ਸੀ।

ਅ) 1996 ਦੀ 'ਜਿੱਤ ਦਿਵਸ' ਪਰੇਡ ਵਿੱਚ ਸੈਨਿਕ ਪ੍ਰੀਸ਼ਦ ਪਹਿਲੀ ਵਾਰ ਸ਼ਾਮਿਲ ਹੋਈ ਤੇ ਉਸ ਵਿੱਚ ਅਫ਼ਸਰ ਤੇ ਸੈਨਿਕ ਇਕੱਠੇ ਸਨ (ਇਸ ਤਰ੍ਹਾਂ ਪਹਿਲੀ ਵਾਰ ਹੋਇਆ)

ੲ) 'ਸ਼ਹੀਦ ਸੈਨਿਕ ਸਮ੍ਰਿਤ ਕੋਸ਼' ਹਿਤ ਧਨ ਇਕੱਠਾ ਕਰਨ ਦੇ ਪ੍ਰੋਗਰਾਮ ਵੀ ਆਯੋਜਿਤ ਕਰਦੀ ਹੈ।

## ਲਘੂ ਉਦਯੋਗ ਭਾਰਤੀ

ਸਥਾਪਨਾ:- 1994 ਨੂੰ ਨਾਗਪੁਰ 'ਚ ਸਥਾਪਨਾ ਹੋਈ।

ਉਦੇਸ਼:- ੳ) ਛੋਟੇ ਉਦਯੋਗਾਂ ਦੇ ਸਾਮੂਹਿਕ ਵਿਚਾਰਾਂ ਨੂੰ ਰਾਜ ਅਤੇ ਕੇਂਦਰ ਸਰਕਾਰਾਂ ਦੇ ਸਾਹਮਣੇ ਠੀਕ ਤਰੀਕੇ ਨਾਲ ਪੇਸ਼ ਕਰਨਾ।

ਅ) ਨਿਰਬਲ, ਛੋਟੇ ਉਦਯੋਗਾਂ ਨੂੰ ਮਾਰਗ ਦਰਸ਼ਨ ਦੇ ਕੇ ਉਨ੍ਹਾਂ ਦੀ ਸਥਿਤੀ ਸੁਧਾਰਨੀ।

ੲ) ਉਤਪਾਦਾਂ ਦੇ ਲਾਭ ਤੇ ਮੁੱਲ ਨਿਰਧਾਰਿਤ ਕਰਦੇ ਸਮੇਂ ਗ੍ਰਾਹਕਾਂ ਦੇ ਹਿਤਾਂ ਦਾ ਵੀ ਧਿਆਨ ਰੱਖਣਾ।

ਸ) ਨਵੇਂ ਉਦਮੀਆਂ ਦੀ ਸਹਾਇਤਾ ਕਰਨੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਹੱਲ ਕਰਨ 'ਚ ਸਹਿਭਾਗੀ ਹੋਣਾ।

ਹ) ਛੋਟੇ ਉਦਯੋਗਾਂ ਦਾ ਕੁੱਲ ਉਤਪਾਦ ਵਧਾਉਂਦੇ ਹੋਏ ਉਨ੍ਹਾਂ ਨੂੰ ਰਾਸ਼ਟਰੀ ਹਿਤਾਂ ਦੀ ਰੱਖਿਆ ਕਰਨ ਲਈ ਪ੍ਰੇਰਨਾ ਕਰਨਾ।

ਜਥੇਬੰਦਕ ਢਾਂਚਾ:- ਵਰਤਮਾਨ 'ਚ ਲਗਪਗ ਸਾਰੇ ਪ੍ਰਾਂਤਾਂ ਵਿੱਚ ਇਸਦਾ ਕੰਮ ਸ਼ੁਰੂ ਹੋ ਚੁੱਕਿਆ ਹੈ ਅਤੇ ਕੁੱਲ ਮੈਂਬਰ ਸੰਖਿਆ 3,000 ਹੈ।

ਕਾਰਜ:- ਨਵੇਂ ਉਦਮੀਆਂ ਦੇ ਲਈ ਟਰੇਨਿੰਗ ਕੇਂਦਰ ਸਥਾਪਿਤ ਕਰਨਾ, ਅਰਥਸ਼ਾਸਤਰੀ-ਬੁੱਧੀਜੀਵੀ-ਉਦਮੀ ਅਤੇ ਵਪਾਰੀਆਂ ਦੇ ਵਿਚਾਰ ਕੇਂਦਰ ਸਥਾਪਿਤ ਕਰਨਾ, ਛੋਟੇ ਉਦਯੋਗਾਂ ਦੀਆਂ ਭਿੰਨ-ਭਿੰਨ ਜ਼ਰੂਰਤਾਂ ਲਈ ਜਾਂਚ-ਪ੍ਰਯੋਗਸ਼ਾਲਾਵਾਂ ਅਤੇ ਖੋਜ ਤੇ ਵਿਕਾਸ ਇਕਾਈਆਂ ਸਥਾਪਿਤ ਕਰਨਾ, ਛੋਟੇ ਉਦਮੀਆਂ ਲਈ ਬਾਜ਼ਾਰ ਸੁਵਿਧਾਵਾਂ ਉਪਲਬਧ ਕਰਵਾਉਣੀਆਂ ਅਤੇ ਵਾਤਾਵਰਣ ਸੰਭਾਲ ਸਬੰਧੀ ਜਾਣੂ ਕਰਵਾਉਣਾ।

## ਸੰਸਕ੍ਰਿਤ ਭਾਰਤੀ

ਸਥਾਪਨਾ:- ਦਿੱਲੀ 'ਚ ਇਸਦੀ ਸਥਾਪਨਾ ਹੋਈ।

ਉਦੇਸ਼:- ਸੰਸਕ੍ਰਿਤ ਦਾ ਪ੍ਰਸਾਰ-ਪ੍ਰਚਾਰ ਕਰਨਾ ਅਤੇ ਸੰਸਕ੍ਰਿਤ ਬੋਲਣਾ ਸਿਖਾ ਕੇ ਇਸਨੂੰ ਫਿਰ ਤੋਂ ਵਿਵਹਾਰ-ਭਾਸ਼ਾ ਬਨਾਉਣਾ।

ਜਥੇਬੰਧਕ ਢਾਂਚਾ:- ਦੇਸ਼ ਦੇ ਸਾਰੇ ਪ੍ਰਾਂਤਾਂ 'ਚ ਸੰਸਕ੍ਰਿਤ ਭਾਰਤੀ ਦਾ ਕੰਮ ਸ਼ੁਰੂ ਹੋ ਚੁੱਕਾ ਹੈ ਅਤੇ ਲਗਪਗ 300 ਕੁੱਲਵਕਤੀ ਕਰਮਚਾਰੀ ਇਸ ਵਿੱਚ ਕੰਮ ਕਰ ਰਹੇ ਹਨ।

ਸੰਸਥਾਵਾਂ:- (1) ਸੰਸਕ੍ਰਿਤ ਪਰਿਵਾਰ ਯੋਜਨਾ, (2) ਸੰਸਕ੍ਰਿਤ ਗਰਾਮ ਯੋਜਨਾ, (3) ਸੰਸਕ੍ਰਿਤ ਬਾਲਕੇਂਦਰ ਯੋਜਨਾ।

ਫੁਟਕਲ: ੳ) ਸੰਸਕ੍ਰਿਤ ਭਾਰਤੀ ਦੁਆਰਾ 'ਸੰਸਕ੍ਰਿਤ ਸੰਭਾਸ਼ਣ' ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ।

ਅ) ਪੱਤਰ ਵਿਹਾਰ ਦੁਆਰਾ ਸੰਸਕ੍ਰਿਤ ਅਧਿਐਨ ਦੀ ਯੋਜਨਾ ਚਾਰ ਭਾਸ਼ਾਵਾਂ ਵਿੱਚ ਸ਼ੁਰੂ ਹੋ ਚੁੱਕੀ ਹੈ ਅਤੇ ਹਜ਼ਾਰਾਂ ਲੋਕ ਇਸਦਾ ਲਾਭ ਲੈ ਚੁੱਕੇ ਹਨ।

ੲ) ਸੰਸਕ੍ਰਿਤ ਭਾਰਤੀ ਦੁਆਰਾ ਹੁਣ ਤੱਕ ਲਗਪਗ 50 ਪੁਸਤਕਾਂ ਦਾ ਪ੍ਰਕਾਸ਼ਨ ਹੋ ਚੁੱਕਿਆ ਹੈ।

ਸ) 'ਸੰਭਾਸ਼ਣ ਸੰਦੇਸ਼' ਨਾਮਕ ਮਾਸਿਕ ਪੱਤਰਿਕਾ ਬੰਗਲੌਰ ਤੋਂ ਪ੍ਰਕਾਸ਼ਿਤ ਹੁੰਦੀ ਹੈ ਅਤੇ ਬਾਲ ਮਾਸਿਕ ਪੱਤਰਿਕਾ 'ਚੰਦਾ ਮਾਮਾ' ਹੋਰ ਭਾਸ਼ਾਵਾਂ ਦੇ ਨਾਲ ਸੰਸਕ੍ਰਿਤ ਵਿੱਚ ਵੀ ਪ੍ਰਕਾਸ਼ਿਤ ਹੁੰਦੀ ਹੈ।

## ਹਿੰਦੂ ਜਾਗਰਣ ਮੰਚ

ਉਦੇਸ਼:- ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਖਤਰੇ ਵਿੱਚ ਪਾਉਣ ਵਾਲੀਆਂ ਘਟਨਾਵਾਂ ਜਿਵੇਂ ਵਿਦੇਸ਼ੀ ਘੁਸਪੈਠ, ਦੰਗੇ, ਹਿੰਦੂਆਂ ਦਾ ਧਰਮ ਪਰਿਵਰਤਨ, ਹਿੰਦੂ ਔਰਤਾਂ ਦਾ ਅਪਹਰਨ, ਹਿੰਦੂ ਔਰਤਾਂ ਦਾ ਕਿਸੇ ਹੋਰ ਵੱਲ ਝੁਕਾਅ ਜਾਂ ਵਿਆਹ, ਧਰਮ ਅਤੇ ਜ਼ਾਤੀਵਾਦ ਨੂੰ ਵਧਾਵਾ, ਸੰਵੇਦਨਸ਼ੀਲ ਥਾਵਾਂ ਤੇ ਮਜ਼ਾਰਾਂ ਦੀ ਸਥਾਪਨਾ ਆਦਿ ਦਾ ਮੁਕਾਬਲਾ ਕਰਨ ਲਈ ਸਥਾਨਕ ਪ੍ਰਾਂਤਿਕ ਪੱਧਰ ਦੇ ਯਤਨਾਂ ਨੂੰ ਰਾਸ਼ਟਰੀ ਪੱਧਰ ਤੇ ਇੱਕ ਕਰਨਾ।

ਜਥੇਬੰਦਕ ਢਾਂਚਾ:- ਹਿੰਦੂ ਜਾਗਰਣ ਦੀ ਦ੍ਰਿਸ਼ਟੀ ਨਾਲ ਇਸ ਤਰ੍ਹਾਂ ਦੇ ਮੰਚ ਇਸ ਸਮੇਂ ਵੱਖ ਵੱਖ ਪ੍ਰਦੇਸ਼ਾਂ ਵਿੱਚ ਭਿੰਨ-ਭਿੰਨ ਨਾਵਾਂ ਤੇ ਕੰਮ ਕਰ ਰਹੇ ਹਨ, ਜਿਵੇਂ ਦਿੱਲੀ 'ਚ 'ਹਿੰਦੂ ਮੰਚ' ਤਾਮਿਲਨਾਡੂ 'ਚ 'ਹਿੰਦੂ ਮੁਨਾਨੀ', ਮਹਾਂਰਾਸ਼ਟਰ 'ਚ 'ਹਿੰਦੂ ਇੱਕਜੁਟ'। ਇਹ ਮੰਚ ਹੈ, ਸੰਸਥਾ ਜਾਂ ਸੰਗਠਨ ਨਹੀਂ, ਇਸ ਲਈ ਇਸ ਵਿੱਚ ਮੈਂਬਰ, ਪੰਜੀਕਰਣ, ਚੋਣ ਆਦਿ ਦੀ ਜ਼ਰੂਰਤ ਨਹੀਂ ਹੈ।

ਕਾਰਜ:- ਹਿੰਦੂ ਜਾਗਰਣ ਮੰਚ ਸਾਲ 'ਚ ਪੰਜ ਪ੍ਰੋਗਰਾਮ ਜ਼ਰੂਰ ਕਰਦਾ ਹੈ:-

1. ਸਾਲ ਪ੍ਰਤੀਪਦਾ ਪਖਵਾੜਾ:- ਡਾ: ਹੈਡਗੇਵਾਰ ਤੇ ਡਾ: ਅੰਬੇਦਕਰ ਦੇ ਜਨਮ ਦਿਨ।

2. ਹਿੰਦਵੀ ਸਵਰਾਜ ਦਿਵਸ:- ਸ਼ਿਵਾ ਜੀ ਦਾ ਰਾਜ ਗੱਦੀ ਦਿਵਸ।
3. ਅਖੰਡ ਭਾਰਤ ਦਿਵਸ:- 15 ਅਗਸਤ ਦੀ ਵੰਡ ਦੀ ਪੀੜਾ ਜਿਉਂਦੀ ਰੱਖਣਾ ਅਤੇ ਅਖੰਡ ਭਾਰਤ ਦਾ ਸੁਪਨਾ ਦੁਹਰਾਨਾ।
4. ਵਿਜੈ ਦਸ਼ਮੀ (ਦੁਸਹਿਰਾ)।
5. ਮਕਰ ਸ਼ਕਰਾਂਤੀ ਹਫਤਾ:- ਦਹੇਜ, ਨਸ਼ੇ ਅਤੇ ਹੋਰ ਕੁਰੀਤੀਆਂ, ਰੂੜੀਵਾਦ ਅਤੇ ਵਿਚਾਰਕ ਮੱਤ-ਭੇਦ ਦੂਰ ਕਰਨ ਦਾ ਯਤਨ ਕਰਨਾ। ਸਵਾਮੀ ਵਿਵੇਕਾਨੰਦ ਜਨਮ ਦਿਨ ਮਨਾਉਣਾ।

ਫੁਟਕਲ:- ਸਰੀਰਕ ਅਤੇ ਬੌਧਿਕ ਸਿਖਿਆ ਦੁਆਰਾ ਨੌਜਵਾਨਾਂ ਦਾ ਆਤਮ-ਵਿਸ਼ਵਾਸ ਵਧਾਉਣਾ, ਖ਼ੂਨ ਦਾਨ ਕੈਂਪ ਅਤੇ ਕੁਦਰਤੀ ਮੁਸ਼ਕਿਲਾਂ ਸਮੇਂ ਸੇਵਾ ਕਾਰਜ ਆਦਿ ਦੇ ਦੁਆਰਾ ਸਮਾਜ ਸੇਵਾ ਭਾਵਨਾ ਜਗਾਉਣਾ, ਧਰਮ ਬਦਲ ਚੁੱਕੇ ਹਿੰਦੂਆਂ ਨੂੰ ਬਦਲਣਾ, ਵਿਦੇਸ਼ੀ ਘੁਸਪੈਠ ਰੋਕਣਾ, ਰਾਸ਼ਟਰ ਵਿਰੋਧੀ ਤੱਤਾਂ ਤੇ ਨਜ਼ਰ ਰੱਖਣਾ ਅਤੇ ਉਨ੍ਹਾਂ ਦੀਆਂ ਗਤੀਵਿਧੀਆਂ ਬਾਰੇ ਚੇਤਨਾ ਅਤੇ ਸੰਗਠਿਤ ਮੁਕਾਬਲਾ, ਦਰੱਖਤ ਲਗਾਉਣੇ ਆਦਿ ਕੰਮ ਕੀਤੇ ਜਾਂਦੇ ਹਨ।

ਇਸ ਤੋਂ ਇਲਾਵਾ ਰਾਸ਼ਟਰਵਾਦੀ ਸਾਹਿਤ ਦਾ ਪ੍ਰਚਾਰ, ਪ੍ਰਭਾਤ ਫੇਰੀ, ਨੁੱਕੜ ਨਾਟਕ, ਵਿਚਾਰ ਗੋਸ਼ਟੀ, ਹਿੰਦੂ ਸੰਮੇਲਨ ਆਦਿ ਆਯੋਜਨ ਕਰਨਾ।

❖❖❖

*1. ਹਿੰਦੂਇਜ਼ਮ : ਧਰਮ ਜਾਂ ਕਲੰਕ, ਪੰਨਾ, ਮੁੱਖ ਪੰਨਾ, ਲੇਖਕ : ਐਲ.ਆਰ ਬਾਲੀ*
*2. ਆਉਟ ਲੁਕ ਵੀਕਲੀ, 27 ਅਪ੍ਰੈਲ 1998, ਪੰਨਾ 17*
*3. ਆਉਟ ਲੁਕ ਵੀਕਲੀ, 27 ਅਪ੍ਰੈਲ 1999, ਪੰਨਾ 18*
*4. ਆਉਟ ਲੁਕ ਵੀਕਲੀ, 27 ਅਪ੍ਰੈਲ 1998, ਪੰਨਾ 19*
*5. ਸਮੱਗਰ ਦ੍ਰਿਸ਼ਟੀ*

# ਸੋਇਮ ਸੇਵਕ ਸੰਘ ਦੀ ਪੰਜਾਬ ਵਿਚ ਕਾਰਜ ਵਿਧੀ ਦੀ ਝਲਕ

ਆਪਣੇ ਆਧਾਰ ਨੂੰ ਮਜ਼ਬੂਤ ਬਣਾਉਣ ਅਤੇ ਰਾਜਨੀਤਕ ਸਤਾ ਪ੍ਰਾਪਤੀ ਦਾ ਲਾਹਾ ਲੈ ਕੇ 1994 ਵਿੱਚ ਆਰ.ਐਸ.ਐਸ. ਨੇ ਭਾਰਤ ਭਰ ਦੇ 56 ਸ਼ਹਿਰਾਂ ਵਿੱਚ ਕੈਂਪ ਲਗਾਏ, ਜਿਥੇ ਇਕੱਤਰ ਕੀਤੇ ਗਏ ਵਿਦਿਆਰਥੀਆਂ ਨੂੰ ਹਿੰਦੂਤਵ, ਕੱਟੜਵਾਦ, ਮਾਰਸ਼ਲ ਆਰਟ ਆਦਿ ਦੀ ਸਿੱਖਿਆ ਦਿੱਤੀ ਗਈ। ਪੰਜਾਬ ਵਿਚ ਪਠਾਣਕੋਟ ਦੇ ਆਦਰਸ਼ ਭਾਰਤੀ ਕਾਲਜ ਵਿੱਚ 1 ਤੋਂ 20 ਜੂਨ 94 ਤੱਕ ਕੈਂਪ ਲੱਗਾ। ਇਸ ਦਾ ਕੈਂਪ ਕਮਾਂਡਰ ਬ੍ਰਿਜਭੂਸ਼ਨ ਸਿੰਘ ਬੇਦੀ ਸੀ ਅਤੇ ਆਦਰਸ਼ ਭਾਰਤੀ ਕਾਲਜ ਦੇ ਪ੍ਰਿੰਸੀਪਲ ਦਵਿੰਦਰ ਗੁਪਤਾ ਸੈਕਟਰੀ ਸਨ। 415 ਦੇ ਕਰੀਬ ਹਿੰਦੂ ਸਿੱਖ ਬੱਚੇ ਸ਼ਾਮਲ ਹੋਏ ਅਤੇ ਉਨ੍ਹਾਂ ਦੇ ਦਿਮਾਗ ਵਿੱਚ ਹਿੰਦੂਤਵ ਦੀ ਭਾਵਨਾ ਭਰਨ ਲਈ 100 ਦੇ ਕਰੀਬ ਅਧਿਆਪਕ ਕਾਰਜਸ਼ੀਲ ਰਹੇ।

ਇਸ ਕੈਂਪ ਦਾ ਮੁੱਖ ਮਕਸਦ ਤਾਂ ਭਾਵੇਂ ਵਿਦਿਆਰਥੀਆਂ ਵਿੱਚ ਕੱਟੜਵਾਦ ਹੀ ਭਰਨਾ ਸੀ ਪਰੰਤੂ ਨਾਲ-ਨਾਲ ਜੂਡੋ ਕਰਾਟੇ ਦੀ ਸਿਖਲਾਈ ਅਤੇ ਡਾਂਗ ਚਲਾਉਣ ਦੇ ਢੰਗ ਵੀ ਦਰਸਾਏ ਗਏ।

ਭੋਲੇ-ਭਾਲੇ ਸਿੱਖ ਅਤੇ ਹਿੰਦੂ ਮੁੰਡੇ ਵੀ ਸੰਘ ਦੀ ਇਸ ਚਾਲ ਦਾ ਸ਼ਿਕਾਰ ਹੋ ਗਏ ਅਤੇ ਕੱਟੜਵਾਦੀਆਂ ਨੇ ਰਾਸ਼ਟਰਵਾਦ ਦੇ ਨਾਮ ਹੇਠ ਹਿੰਦੂਤਵ ਦੀ ਭਾਵਨਾ ਨੂੰ ਉਨ੍ਹਾਂ ਅੰਦਰ ਭਰਿਆ। ਇਸੇ ਹੀ ਤਰ੍ਹਾਂ ਹਰ ਸਾਲ ਤਕਰੀਬਨ 25,000 ਦੇ ਕਰੀਬ ਨੌਜਵਾਨਾਂ ਨੂੰ ਵਰਗਲਾ ਕੇ ਹਿੰਦੂਤਵ ਦੀ ਸਿੱਖਿਆ ਦਿੱਤੀ ਜਾਂਦੀ ਹੈ ਅਤੇ ਇਨ੍ਹਾਂ ਕੈਂਪਾਂ ਦੌਰਾਨ ਹਿੰਦੂ ਧਰਮ ਦੀ ਮਹਾਨਤਾ, ਸਾਰੇ ਧਰਮ ਹਿੰਦੂ ਧਰਮ ਦਾ ਅੰਗ, ਹਿੰਦੂ ਧਰਮ ਹੀ ਸਰਵੋਤਮ ਅਤੇ ਹਿੰਦੂ ਹੋਣ ਤੇ ਗੌਰਵ ਦੀ ਭਾਵਨਾ ਆਦਿ ਵਿਸ਼ਿਆਂ ਉਪਰ ਵਿਖਿਆਨ ਦਿੱਤੇ ਜਾਂਦੇ ਹਨ।

ਕੌਮਾਂਤਰੀ ਪੰਜ ਦਰਿਆ (ਅਪ੍ਰੈਲ 1997) ਨੇ ਸੰਘ ਦੀ ਪੰਜਾਬ ਦੇ ਪਿੰਡਾਂ ਨੂੰ ਮੁਹਾਰ ਸਿਰਲੇਖ ਅਧੀਨ ਪਿੰਡਾਂ ਦੇ ਲੋਕਾਂ ਵਿੱਚ ਇਨ੍ਹਾਂ ਦੀ ਕਾਰਜ ਵਿਧੀ ਦਾ ਪਾਜ ਉਘੇੜਿਆ। 31 ਅਕਤੂਬਰ 1997 ਦੇ ਰਾਸ਼ਟਰੀ ਸਿੱਖ ਸੰਗਤ ਦੇ ਸਮਾਗਮ ਵਿੱਚ ਜੋ ਕਿ ਫਤਹਿਗੜ੍ਹ ਚੂੜੀਆਂ ਵਿਖੇ ਹੋਇਆ, ਵਿੱਚ ਸੰਗਤ ਦੇ ਮੁਖੀ ਚਿਰੰਜੀਵ ਸਿੰਹੁ ਸ਼ਾਮਲ ਹੋਏ ਅਤੇ ਪ੍ਰਧਾਨਗੀ ਸ਼੍ਰੋ: ਗੁ: ਪ੍ਰ: ਕਮੇਟੀ ਦੇ ਇਕ ਮੈਂਬਰ ਨੇ ਕੀਤੀ। 7 ਅਗਸਤ ਨੂੰ ਭਾਨਾ ਮੱਲ ਟਰੱਸਟ ਬਠਿੰਡਾ ਵਿੱਚ ਰਾਸ਼ਟਰੀ ਸੋਇਮ ਸੇਵਕ ਸੰਘ ਵਲੋਂ ਗੁਰੂਦੀਕਸ਼ਾ ਸਮਾਗਮ ਕੀਤਾ ਗਿਆ। ਅਕਾਲੀ-ਭਾਜਪਾ ਯਰਾਨੇ ਦੇ ਪਰਦੇ ਹੇਠ ਕੁਝ

ਅਕਾਲੀ ਵੀ ਇਸ ਵਿੱਚ ਸ਼ਾਮਲ ਹੋਏ। ਕੇਸਰੀ (ਭਗਵੇਂ) ਸੰਘੀ ਝੰਡੇ ਨੂੰ ਸਲਾਮੀ ਵੀ ਦਿੱਤੀ ਅਤੇ ਗੁਰੂ ਦੀਕਸ਼ਾ ਭੇਟ ਕੀਤੀ। ਇਸ ਸਮਾਗਮ ਵਿੱਚ ਕੁਝ ਮੁਦਿਆਂ ਉਪਰ ਵਿਸ਼ੇਸ਼ ਜ਼ੋਰ ਦਿੱਤਾ ਗਿਆ, ਜਿਵੇਂ ਕਿ :

- ਹਿੰਦੂ ਧਰਮ ਸਭ ਤੋਂ ਪੁਰਾਤਨ ਅਤੇ ਸਰਵੋਤਮ ਹੈ।
- ਹਿੰਦੂ ਧਰਮ ਦੀ ਸ਼ਥਾਪਨਾ ਲਈ ਭਾਰਤੀ ਸੰਵਿਧਾਨ ਨੂੰ ਮੂਲੋਂ ਸੋਧਣਾ ਜ਼ਰੂਰੀ ਹੈ।
- ਦੇਸ਼ ਦੀ ਸਿਆਸਤ ਉਪਰ ਹਿੰਦੂਧਰਮੀ ਹੀ ਕਾਬਜ਼ ਹੋਣ।
- ਕੇਸਰੀ (ਭਗਵਾਂ) ਝੰਡਾ ਹੀ ਸਰਵਉਚਤਾ ਦਾ ਚਿੰਨ੍ਹ ਹੋਵੇ।
- ਗਊ ਨੂੰ ਰਾਸ਼ਟਰੀ ਚਿੰਨ੍ਹ ਐਲਾਨਿਆ ਜਾਵੇ।

-ਹਾਈਕੋਰਟ ਵਿੱਚ ਦੇਵਤਿਆਂ ਦੀਆਂ ਮੂਰਤੀਆਂ ਸਥਾਪਤ ਕੀਤੀਆਂ ਜਾਣ।

- ਭਾਰਤੀ ਇਤਿਹਾਸ ਨੂੰ ਹਿੰਦੂ ਸੰਸਕ੍ਰਿਤੀ ਅਨੁਸਾਰ ਲਿਖਿਆ ਜਾਵੇ।
- ਦੂਸਰੇ ਧਰਮ ਆਪਣੇ ਆਪ ਨੂੰ ਹਿੰਦੂ ਧਰਮ ਦਾ ਅੰਗ ਕਬੂਲਣ।
- ਹਿੰਦੂ ਤਿਉਹਾਰਾਂ (ਦਿਵਾਲੀ, ਦੁਸਹਿਰਾ, ਜਨਮ ਅਸ਼ਟਮੀ, ਰਾਮਨਵਮੀ) ਨੂੰ ਰਾਸ਼ਟਰੀ ਤਿਉਹਾਰ ਐਲਾਨਿਆ ਜਾਵੇ।
- ਸੰਸਕ੍ਰਿਤ ਭਾਸ਼ਾ ਸਕੂਲਾਂ ਵਿੱਚ ਲਾਜ਼ਮੀ ਕੀਤੀ ਜਾਵੇ।
- ਕਾਮਰੇਡਾਂ, ਤਰਕਸ਼ੀਲਾਂ ਨੂੰ ਹਿੰਦੂ ਰਾਸ਼ਟਰ ਵਿੱਚ ਕੋਈ ਜਗ੍ਹਾ ਨਹੀਂ ਹੈ।

12 ਅਪ੍ਰੈਲ 1998 ਨੂੰ ਦਿਨ ਐਤਵਾਰ ਗਿਆਨੀ ਪੂਰਨ ਸਿੰਘ (ਸਾਬਕਾ ਜਥੇਦਾਰ ਅਕਾਲ ਤਖਤ ਸਾਹਿਬ) ਨੇ ਰਣਜੀਤ ਐਵੇਨਿਊ ਅੰਮ੍ਰਿਤਸਰ ਦੇ ਮਾਧਵ ਵਿਦਿਆ ਨਿਕੇਤਨ ਸਕੂਲ ਵਿੱਚ ਰਾਸ਼ਟਰੀ ਸਿੱਖ ਸੰਗਤ ਦੇ ਸਮਾਗਮ ਦੀ ਪ੍ਰਧਾਨਗੀ ਕੀਤੀ। ਜ਼ਿਕਰਯੋਗ ਹੈ ਰਾਸ਼ਟਰੀ ਸਿੱਖ ਸੰਗਤ ਦੇ ਸਮਾਗਮਾਂ ਦੀਆਂ ਪ੍ਰਧਾਨਗੀਆਂ ਕਰਨ ਵਾਲੇ ਇਨ੍ਹਾਂ ਅਖੋਤੀ 'ਸਿੰਘ ਸਾਹਿਬਾਂ' ਨੇ ਹੀ ਸਿੱਖ ਕੌਮ ਨੂੰ ਲਵ-ਕੁਸ਼ ਦੀ ਔਲਾਦ ਕਿਹਾ।

ਇਸੇ ਸਮੇਂ ਦੌਰਾਨ ਹੀ ਵਿਸ਼ਵ ਹਿੰਦੂ ਪ੍ਰੀਸ਼ਦ ਨੇ 10000 ਕੁਲ ਵਕਤੀ ਵਲੰਟੀਅਰ ਭਰਤੀ ਕਰਨ ਦਾ ਫੈਸਲਾ ਕੀਤਾ, ਜੋ ਕਿ ਸਾਰਾ ਸਮਾਂ ਹਿੰਦੂਤਵ ਦੇ ਪ੍ਰਚਾਰ ਅਤੇ ਪ੍ਰਸਾਰ ਵਾਸਤੇ ਕੱਢ ਸਕਣ ਅਤੇ ਇਸਾਈ ਮੁਸਲਿਮ ਪ੍ਰਚਾਰ ਦਾ ਢੁਕਵਾਂ ਜਵਾਬ ਦੇ ਸਕਣ। ਫਰਵਰੀ 1998 ਵਿੱਚ 25 ਦੇ ਕਰੀਬ ਸਾਬਕਾ ਉਚ ਅਫਸਰਾਂ ਨੇ ਇਕੱਠਿਆਂ ਹੀ ਸੋਇਮ ਸੇਵਕ ਸੰਘ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਜੋ ਕਿ ਉਨ੍ਹਾਂ ਦੀ ਪਹਿਲਾਂ ਤੋਂ ਦੂਰ-ਅੰਦੇਸ਼ੀ ਨਾਲ ਕੀਤੀ ਤਿਆਰੀ ਦਾ ਸਿੱਟਾ ਸੀ।

ਪੰਜਾਬ ਪੁਲਿਸ ਦੇ ਇਕ ਉਚ ਅਫਸਰ ਅਜੀਤ ਸਿੰਘ ਸੰਧੂ ਦੀ ਹੋਈ ਰਹੱਸਮਈ ਮੌਤ ਉਪਰ ਸੰਘ ਵਲੋਂ ਤਕੜਾ ਸਟੈਂਡ ਲਿਆ ਗਿਆ। ਸੰਘ ਨੇ ਅਕਾਲੀ ਦਲ ਉਪਰ ਦੋਸ਼ ਲਗਾਇਆ ਕਿ ਉਹ ਖਾੜਕੂ ਹਾਲਾਤਾਂ ਵਿੱਚ ਚੰਗੀ ਕਾਰਗੁਜ਼ਾਰੀ ਵਿਖਾਉਣ ਵਾਲੇ ਪੁਲਿਸ ਅਫਸਰਾਂ ਨੂੰ ਤੰਗ ਕਰ

ਰਹੇ ਹਨ। ਰਾਸ਼ਟਰੀ ਸੋਇਮ ਸੰਘ ਦੇ ਬੁਲਾਰੇ (ਪੰਚਜਨ ਪੱਤ੍ਰਿਕਾ) ਨੇ ਕਿਹਾ:

''ਅਕਾਲੀ ਅਤੇ ਸ਼੍ਰੋਮਣੀ ਕਮੇਟੀ ਖਾੜਕੂਆਂ ਦਾ ਪੱਖ ਪੂਰ ਰਹੀ ਹੈ। ਅਕਾਲੀਆਂ ਨੇ ਹੀ ਅਜਿਹੇ ਹਾਲਾਤ ਪੈਦਾ ਕੀਤੇ ਜਿਸ ਕਰਕੇ ਅਜੀਤ ਸਿੰਘ ਸੰਧੂ ਵਰਗੇ ਅਫ਼ਸਰਾਂ ਨੂੰ ਆਤਮ-ਹੱਤਿਆ ਕਰਨੀ ਪਈ। ਸੰਘ ਦੇ ਆਗੂ ਦਵਿੰਦਰ ਸਵਰੂਪ ਨੇ ਕਿਹਾ ਕਿ ਕੋਈ ਵੀ ਅਕਾਲੀ ਲੀਡਰ ਅਜੀਤ ਸਿੰਘ ਸੰਧੂ ਦੇ ਭੋਗ ਉਪਰ ਸ਼ਾਮਲ ਨਹੀਂ ਹੋਇਆ। ਅੰਤਿਮ ਰਸਮਾਂ ਵਿੱਚ ਸ਼ਾਮਲ ਨਾ ਹੋਣਾ ਗੈਰ-ਜ਼ਿੰਮੇਵਾਰੀ ਵਾਲੀ ਗੱਲ ਹੈ।

16 ਨਵੰਬਰ 1997 ਨੂੰ ਗੁਰੂ ਨਾਨਕ ਦੇਵ ਸਟੇਡੀਅਮ ਲੁਧਿਆਣਾ ਵਿਖੇ ਸੰਘ ਵਲੋਂ ਸਵਰਣ ਜਯੰਤੀ ਸੰਘ ਸਮਾਗਮ ਮਨਾਇਆ ਗਿਆ, ਜਿਸ ਦੀਆਂ ਝਲਕੀਆਂ ਹੇਠ ਲਿਖੇ ਅਨੁਸਾਰ ਹਨ:[1]

-ਸਟੇਜ ਉਪਰ ਰਜੂ ਭਈਆ ਦੇ ਨਾਲ ਮੁਖ ਮੰਤਰੀ ਸ੍ਰ: ਪ੍ਰਕਾਸ਼ ਸਿੰਘ ਬਾਦਲ ਅਤੇ ਪ੍ਰਧਾਨ ਸ਼੍ਰੋ: ਗੁ: ਪ੍ਰ: ਕਮੇਟੀ ਜ: ਗੁਰਚਰਨ ਸਿੰਘ ਟੌਹੜਾ ਬਿਰਾਜਮਾਨ ਸਨ।

-ਇਸ ਸਮਾਗਮ ਵਿੱਚ 21 ਹਜ਼ਾਰ ਯੁਵਕ ਸੰਘ ਦੀ ਵਰਦੀ ਵਿੱਚ ਅਤੇ 5 ਹਜ਼ਾਰ ਬੀਬੀਆਂ ਸੰਘ ਦੀ ਵਰਦੀ ਪਾ ਕੇ ਸ਼ਾਮਲ ਹੋਈਆਂ।

-ਭਾਰਤ ਮਾਤਾ ਪੂਜਨ ਦੇ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਸਵੀਰ ਤੋਂ ਪੜਦਾ ਹਟਾਇਆ।

-ਸ: ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਭਾਸ਼ਨ ਵਿੱਚ ਕਿਹਾ, ''ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਸੰਘ ਰਜੂ ਭਈਆ ਦੀ ਅਗਵਾਈ ਵਿੱਚ ਸਾਰੀਆਂ ਘਾਟਾਂ ਨੂੰ ਦੂਰ ਕਰਨ ਲਈ ਤੁਰਿਆ ਹੋਇਆ ਹੈ।''

''ਇਸ ਦੇਸ਼ ਉਤੇ ਜਦੋਂ ਵੀ ਕੋਈ ਅੰਦਰੂਨੀ ਜਾਂ ਬਾਹਰੀ ਖਤਰਾ ਆਇਆ ਤਾਂ ਸੰਘ ਦੇ ਸੇਵਕਾਂ ਨੇ ਮੂਹਰਲੀਆਂ ਸਫਾਂ ਵਿੱਚ ਰਹਿ ਕੇ ਕੰਮ ਕੀਤਾ।''

''ਅੱਜ ਦੇ ਇਸ ਸਮਾਗਮ ਵਿੱਚ ਸ਼ਾਮਲ ਹੋ ਕੇ ਮੈਂ ਆਪਣੇ ਆਪ ਨੂੰ ਕਰਮਾਂ ਵਾਲਾ ਸਮਝਦਾ ਹਾਂ।''

## ਸਮਾਗਮ ਦੌਰਾਨ ਰਜੂਭਈਆ ਦਾ ਭਾਸ਼ਨ ਜੋ 'ਅਕਾਲੀ' ਸ਼ਾਂਤੀ ਨਾਲ ਬੈਠ ਕੇ ਸੁਣਦੇ ਰਹੇ:

''ਅਸਲ ਵਿੱਚ ਜਿਵੇਂ ਹੁਣੇ ਹੀ ਸਾਡੇ ਮੁੱਖ ਮੰਤਰੀ ਬਾਦਲ ਜੀ ਨੇ ਆਖਿਆ ਹੈ ਕਿ ਇਸ ਦੇਸ਼ ਅੰਦਰ ਚੰਗੇ ਲੋਕਾਂ ਦਾ ਨਿਰਮਾਣ ਕਰਨਾ ਹੀ ਸਭ ਤੋਂ ਨੇਕ ਕੰਮ ਹੈ। ਤੁਹਾਨੂੰ ਯਾਦ ਹੋਵੇਗਾ ਕਿ ਅੱਜ ਤੋਂ 300 ਵਰ੍ਹੇ ਪਹਿਲਾਂ ਗੁਰੂ ਗੋਬਿੰਦ ਸਿੰਘ ਨੇ ਖ਼ਾਲਸਾ ਪੰਥ ਦੀ ਸਥਾਪਨਾ ਕੀਤੀ ਸੀ। ਲੋਕ ਤਾਂ ਸਾਰੇ ਹੀ ਉਥੇ ਸਨ ਪਰ ਜਿਹੜੇ ਚੰਗੇ ਸਨ, ਖ਼ਾਲਸੇ ਸਨ, ਚੰਗੇ ਗੁਣਾਂ ਦੇ ਮਾਲਕ ਸਨ, ਖ਼ਾਲਸਾ ਪੰਥ ਵਿੱਚ ਆਏ। ਕਾਹਦੇ ਵਾਸਤੇ ? ਧਰਮ ਦੀ ਰੱਖਿਆ ਵਾਸਤੇ, ਦੇਸ਼ ਦੀ ਰੱਖਿਆ ਲਈ।

ਐਨ ਏਹੋ ਕੰਮ ਹੀ ਸੰਘ ਦਾ ਹੈ। ਚੰਗੇ ਲੋਕਾਂ ਨੂੰ ਇਕੱਠਿਆਂ ਕਰਕੇ ਉਨ੍ਹਾਂ ਦੇ ਮਨਾਂ ਵਿਚ ਜਜ਼ਬਾ ਭਰਨਾ, ਉਨ੍ਹਾਂ ਨੂੰ ਚਰਿੱਤਰਵਾਨ ਬਣਾਉਣਾ, ਧਰਮ ਪ੍ਰਤੀ ਉਨ੍ਹਾਂ ਦੀ ਸ਼ਰਧਾ ਜਗਾਉਣਾ, ਉਨ੍ਹਾਂ ਅੰਦਰ ਦੇਸ਼-ਭਗਤੀ ਜਗਾਉਣਾ, ਮਿਲ ਕੇ ਕੰਮ ਕਰਨਾ। ਅਸੀਂ ਤਾਂ ਬਸ 'ਸਵਯੰ ਸੇਵਕ' ਸ਼ਬਦ ਹੀ ਵਰਤਿਆ ਜਦੋਂ ਕਿ ਗੁਰੂ ਜੀ ਨੇ 'ਖ਼ਾਲਸਾ' ਆਖਿਆ ਹੈ।

ਸਾਰੇ ਹਿੰਦੂ ਸਿੱਖ ਹਨ ਅਤੇ, ਸਿੱਖ ਹਿੰਦੂ, ਅਸੀਂ ਸਾਰੇ ਇਕ ਹੀ ਹਾਂ, ਕਿਸੇ ਨੇ ਕੇਸ ਰੱਖੇ ਹੋਏ ਹਨ ਅਤੇ ਕਿਸੇ ਨੇਂ ਨਹੀਂ ਰੱਖੇ। ਮੈਂ ਤਾਂ ਇਹੋ ਹੀ ਕਹਿੰਦਾ ਹਾਂ ਕਿ "ਸਾਰੇ ਹਿੰਦੂ ਸਿੱਖ ਹਨ ਅਤੇ ਸਾਰੇ ਸਿੱਖ ਹਿੰਦੂ ਹਨ। ਕਿਉਂਕਿ ਸਾਰੇ ਇਕੋ ਜਿਹੇ ਆਦਰਸ਼ਾਂ ਨੂੰ ਲੈ ਕੇ ਚੱਲ ਰਹੇ ਹਾਂ। ਇਸ ਤਰ੍ਹਾਂ ਅਸੀਂ ਏਕੇ ਦੀ ਬਰਕਤ ਨਾਲ ਸ਼ਕਤੀਸ਼ਾਲੀ ਬਣੇ ਹੋਏ ਹਾਂ। ਇਸ ਆਤਮ-ਵਿਸ਼ਵਾਸ ਨਾਲ ਭਰਪੂਰ ਹੋ ਕੇ ਸਮਾਂ ਲੇਖੇ ਲਾਉਣ ਲਈ ਹਰੇਕ ਸਵਯੰ ਸੇਵਕ ਤਿਆਰ ਹੋ ਜਾਵੇ ਤਾਂ ਤੁਸੀਂ ਵੇਖੋਗੇ ਕਿ ਆਉਣ ਵਾਲੇ ਇਕ ਦੋ ਵਰ੍ਹਿਆਂ ਅੰਦਰ ਕਿੰਨੀ ਤੇਜ਼ੀ ਨਾਲ ਕੰਮ ਵਧਦਾ ਹੈ। ਲੋਕ ਸੱਚ ਹੀ ਆਖਦੇ ਹਨ ਕਿ ਹਿੰਦੂ, ਹਿੰਦੁਸਤਾਨ ਨੂੰ ਵਿਸ਼ਵ ਗੁਰੂ ਬਨਾਉਣ ਦੀ ਸ਼ਕਤੀ ਰੱਖਦਾ ਹੈ।..........ਏਨੀ ਦੇਰ ਤੱਕ ਬੈਠ ਕੇ ਸੁਣਨ ਲਈ ਤਹਿ ਦਿਲੋਂ ਸਵਯੰ ਸੇਵਕ ਵੀਰਾਂ ਦਾ, ਮਾਤਾਵਾਂ ਭੈਣਾਂ ਦਾ ਧੰਨਵਾਦ ਕਰਦਿਆਂ ਹੋਇਆਂ ਬੋਲਣਾ ਖਤਮ ਕਰਦਾ ਹਾਂ।

## *ਕੁਝ ਹੋਰ ਝਲਕੀਆਂ (ਅਕਾਲੀ?)*

ਰਾਸ਼ਟਰੀ ਸਵਯੰ ਸੇਵਕ ਸੰਘ ਦੇ ਪੰਜਾਬ ਪ੍ਰਾਂਤ ਦੇ ਸਹਿ ਸੰਘਚਾਲਕ ਸ੍ਰੀ ਲਾਜਪਤ ਰਾਇ ਜੀ ਨੇ ਦੱਸਿਆ ਕਿ ਸਿੱਖਾਂ ਦੀ ਸਭ ਤੋਂ ਵੱਡੀ ਧਾਰਮਿਕ ਸੰਸਥਾ ਦੇ ਪ੍ਰਧਾਨ ਅਤੇ ਪ੍ਰਮੁੱਖ ਅਕਾਲੀ ਆਗੂ ਨੇ, ਜਿਹੜੇ ਕਿ ਉਨ੍ਹਾਂ ਦੇ ਵਿਸ਼ੇਸ਼ ਸੱਦੇ ਉਤੇ ਮੁੱਖ ਮੰਤਰੀ ਸ: ਬਾਦਲ ਅਤੇ ਇਕ ਹੋਰ ਅਕਾਲੀ ਆਗੂ ਨਾਲ ਸੰਘ ਸੰਗਮ ਵਿੱਚ ਪਧਾਰੇ ਸਨ, ਸੰਗਮ ਤੋਂ ਪ੍ਰਭਾਵਿਤ ਹੋ ਕੇ ਵਾਪਸ ਜਾਂਦਿਆਂ ਹੋਇਆਂ ਆਖਿਆ, ਕਿ ਅਸੀਂ ਤਾਂ ਪਜਾਮਾ ਪਾ ਕੇ ਆਏ ਸੀ ਪਰ ਅੱਜ ਅਸੀਂ ਵੀ ਨਿੱਕਰ ਵਾਲੇ ਹੋ ਗਏ। ਇਸ ਤੇ ਸਾਰੇ ਹਾਜ਼ਰ ਵਿਅਕਤੀ ਅਤੇ ਸੰਘ ਨੇਤਾ ਖਿੜਖਿੜਾ ਕੇ ਹੱਸ ਪਏ।

ਇਕ ਖਾਸ ਰਿਪੋਰਟ:- ਸੰਘ ਦੇ ਖੇਤਰੀ ਪ੍ਰਚਾਰਕ ਮਾਨਨੀਯ ਵਿਸ਼ਵਨਾਥ ਜੀ ਨੇ ਪ੍ਰੋਗਰਾਮ ਦੇ ਬਾਅਦ ਬੈਠਕ ਵਿੱਚ ਦੱਸਿਆ ਕਿ ਸੰਘ ਸੰਗਮ ਦੇ ਬਾਰੇ ਵਿੱਚ ਜੋ ਰਿਪੋਰਟ ਤਿਆਰ ਹੋਈ ਹੈ ਉਸ ਦੇ ਮੁਤਾਬਕ ਪਿਛਲੇ ਦੋ ਵਰ੍ਹਿਆਂ ਵਿੱਚ ਪੰਜਾਬ ਵਿਚ 86 ਸਥਾਨਾਂ ਉਤੇ ਸ਼ਾਖਾਵਾਂ ਸਿੱਖ ਬਹੁਗਿਣਤੀ ਵਾਲੇ ਪਿੰਡਾਂ ਵਿੱਚ ਅਤੇ 79 ਦਲਿਤ ਬਹੁਗਿਣਤੀ ਵਾਲੇ ਖੇਤਰਾਂ ਵਿੱਚ ਲਗਣੀਆਂ ਆਰੰਭ ਹੋਈਆਂ ਹਨ, ਜਦੋਂ ਕਿ ਦੋ ਵਰ੍ਹੇ ਪਹਿਲਾਂ ਇਹੋ ਜਿਹੀ ਇਕ ਵੀ ਸ਼ਾਖਾ ਨਹੀਂ ਸੀ। *(ਸਵਰਣ ਜਯੰਤੀ ਸੰਘ ਸਮਾਗਮ ਵਿੱਚੋਂ ਧੰਨਵਾਦ ਸਹਿਤ)*

29 ਮਾਰਚ 1999 ਦੀ ਰੋਜ਼ਾਨਾ ਅਜੀਤ ਅਨੁਸਾਰ ਸੰਤ ਵਿਰਸਾ ਸਿੰਘ ਗੋਬਿੰਦ ਸਦਨ ਵਾਲਿਆਂ ਵਲੋਂ ਪੰਜ ਪਿਆਰਿਆਂ ਦੀ ਹਜ਼ੂਰੀ ਵਿੱਚ ਅੰਮ੍ਰਿਤ ਪ੍ਰਚਾਰ ਕਰਵਾਇਆ ਗਿਆ। ਬਜਰੰਗ ਦਲ, ਹਿੰਦੂ ਪ੍ਰੀਸ਼ਦ, ਗਊ ਰੱਖਿਆ ਸੰਮਤੀ ਦੇ ਕਾਰਕੁੰਨਾਂ ਅਤੇ ਇਕ ਸਾਬਕਾ ਐਮ.ਪੀ. ਨੇ ਅੰਮ੍ਰਿਤ ਛੱਕਿਆ।

## ਅੰਮ੍ਰਿਤ ਛੱਕਣ ਵਾਲੇ ਇਹ ਨੇਤਾ ਇਹ ਸਨ :

1. ਕੇਂਦਰੀ ਮੰਤਰੀ ਬੈਕੁੰਠ ਲਾਲ ਸ਼ਰਮਾ
2. ਬਿਸ਼ਨ ਸਿੰਘ ਬਜਰੰਗ ਦਲ ਸਾਬਕਾ ਮਹਾਂਮੰਤਰੀ
3. ਸ਼ਾਮ ਚੰਦ ਸ਼ਰਮਾ-ਵਿਸ਼ਵ ਹਿੰਦੂ ਪ੍ਰੀਸ਼ਦ
4. ਕਿਰਨ ਤਿਆਗੀ- ਨਵ ਹਿੰਦੁਸਤਾਨ ਅਖੰਡ ਸ਼ਕਤੀ
5. ਪੰਡਿਤ ਮਿਸ਼ਰਾਨੰਦ- ਗਊ ਰੱਖਿਆ ਸੰਮਤੀ

ਅੰਮ੍ਰਿਤ ਪ੍ਰਚਾਰ ਸਮੇਂ ਬੈਕੁੰਠ ਲਾਲ ਸ਼ਰਮਾ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ, "ਖ਼ਾਲਸਾ ਬਣਨ ਦਾ ਅਰਥ ਖ਼ਾਲਸਾ ਰਾਜ ਕਾਇਮ ਕਰਨਾ ਹੈ, ਜਿਹੜਾ ਕਿ ਰਾਮ ਰਾਜ ਵਰਗਾ ਹੋਵੇਗਾ। ਜਿਥੇ ਕੋਈ ਦੁਖੀ ਨਹੀਂ ਹੋਵੇਗਾ।

ਜ਼ਿਕਰਯੋਗ ਹੈ ਕਿ ਇਨ੍ਹਾਂ ਬਿਪਰਵਾਦੀ ਆਗੂਆਂ ਵਲੋਂ ਅੰਮ੍ਰਿਤ ਪਾਨ ਕਰਨ ਦੇ ਪਿੱਛੇ ਵੀ 'ਸੰਘ ਹੀ ਖ਼ਾਲਸਾ ਹੈ' ਦੀ ਗੁਪਤ ਨੀਤੀ ਕਾਰਜ ਕਰ ਰਹੀ ਸੀ, ਕਿਉਂਕਿ ਖ਼ਾਲਸਾ ਰਾਜ ਅਤੇ ਰਾਮ ਰਾਜ ਵਿੱਚ ਜ਼ਮੀਨ ਅਸਮਾਨ ਦਾ ਅੰਤਰ ਹੈ। ਖ਼ਾਲਸਾ ਰਾਜ ਵਿੱਚ ਭਗਤੀ ਕਰਨ ਵਾਲੇ ਦਲਿਤ ਸ਼ੰਬੂਕਾਂ ਨੂੰ ਕਤਲ ਨਹੀਂ ਕੀਤਾ ਜਾਂਦਾ ਸਗੋਂ ਮਲਕ ਭਾਗੋ ਛੱਡ ਲਾਲੋਆਂ ਨੂੰ ਗਲੇ ਲਗਾਇਆ ਜਾਂਦਾ ਹੈ।

---

*1. ਸਵਰਣ ਜਯੰਤੀ ਸੰਘ ਸਮਾਗਮ ਪ੍ਰਕਾਸ਼ਕ : ਅਕਾਸ਼ਬਾਣੀ ਪ੍ਰਕਾਸ਼ਨ (ਪ੍ਰਾ:) ਲਿ: ਜਲੰਧਰ*

# ਸੰਘ ਦਾ ਸਿੱਖਾਂ ਪ੍ਰਤੀ ਨਜ਼ਰੀਆ ਕੁਝ ਅੰਸ਼..

## (ਸੰਘ ਵਲੋਂ ਪ੍ਰਕਾਸ਼ਿਤ ਪੱਤਰਕਾਵਾਂ, ਪ੍ਰਕਾਸ਼ਨਾਵਾਂ ਵਿਚੋਂ)

1. ਗੁਰੂ ਜੀ ਨੇ ਮਨੁੱਖ ਦੀ ਬਲੀ ਦੇਣ ਦੀ ਬਜਾਏ ਬੱਕਰਿਆਂ ਦੀ ਬਲੀ ਦਿੱਤੀ ਸੀ ਅਤੇ ਪੰਜ ਪਿਆਰਿਆਂ ਦੀ ਪ੍ਰਥਾ ਸ਼ੁਰੂ ਕੀਤੀ ਸੀ। ਪੰਜੇ ਹੀ ਪਿਆਰੇ ਹਿੰਦੂ ਧਰਮ ਦੇ ਧਾਰਨੀ ਸਨ।

(ਡਾ: ਹਿੰਮਤ ਸਿੰਘ ਗਾਂਗੁਲੀਆ, ਪੰਨਾ 27, ਰਾਸ਼ਟਰ ਧਰਮ)

2. ਗਵਾਲੀਅਰ ਨਜ਼ਰਬੰਦੀ ਦੌਰਾਨ ਹਿੰਦੂ ਹੋਣ ਦੇ ਨਾਤੇ ਛੇਵੇਂ ਗੁਰੂ ਜੀ ਨੇ ਬਾਕੀ ਹਿੰਦੂ ਰਾਜਿਆਂ ਦੀ ਰਿਹਾਈ ਦੀ ਮੰਗ ਕੀਤੀ। (ਸਿਰਲੇਖ 'ਦੁਰਗ ਦਾ ਬੰਦੀ', ਪੰਨਾ 29, ਰਾਸ਼ਟਰ ਧਰਮ)

3. ਸਿੱਖ ਗੁਰੂਆਂ ਨੇ ਹਿੰਦੂ ਧਰਮ ਵਿੱਚ ਵਿਸ਼ਵਾਸ ਪ੍ਰਗਟ ਕਰਨ ਲਈ ਹਿੰਦੂ ਤੀਰਥ ਅਸਥਾਨਾਂ ਦੀ ਯਾਤਰਾ ਆਰੰਭ ਕੀਤੀ। (ਰਾਸ਼ਟਰ ਧਰਮ, ਪੰਨਾ 31)

4. ਭਾਰਤ ਵਿਚ ਹੋ ਰਹੀ ਗਊ-ਹੱਤਿਆ ਬਾਰੇ ਗੁਰੂ ਨਾਨਕ ਦੇਵ ਜੀ ਨੇ ਆਪਣੇ ਸੇਵਕਾਂ ਨੂੰ ਕਿਹਾ ਕਿ ਦਸਵੇਂ ਜਾਮੇ ਵਿੱਚ ਅਵਤਾਰ ਧਾਰ ਕੇ ਮੈਂ ਅਜਿਹੇ ਮਲੇਸ਼ਾਂ ਦਾ ਨਾਸ਼ ਕਰਾਂਗਾ।

(ਰਾਸ਼ਟਰ ਧਰਮ, ਪੰਨਾ 41)

5. ਸਿੱਖ ਧਰਮ ਦੇ ਗੁਰੂਆਂ ਦੀ ਕੁਲ ਦਾ ਸੰਬੰਧ ਬੇਦੀ, ਜੋ ਕਿ ਰਾਮ ਤੇ ਲਵ ਕੁਸ਼ ਦੀ ਵੰਸ਼ ਦੀ ਨਾਲ ਹੈ। (ਰਾਸ਼ਟਰ ਧਰਮ, ਪੰਨਾ 44)

6. ਗੁਰਮਤਿ ਵਿਰੋਧੀ ਤੱਤਾਂ ਨੂੰ ਖਤਮ ਕਰਨ ਵਾਲਾ ਬੇਅੰਤ ਸਿੰਘ (ਸਵ: ਸਾਬਕਾ ਮੁੱਖ ਮੰਤਰੀ) ਫ਼ਰਜ਼ ਦਾ ਪਰਪੱਕ ਵਿਆਕਤੀ ਸੀ।

(ਸਵਰਗੀਯ ਸ: ਬੇਅੰਤ ਸਿੰਹ ਏਕ ਕਰਤੱਵਯ ਸ਼ਿਸ਼ਠ) (ਰਾਸ਼ਟਰ ਧਰਮ, ਪੰਨਾ 75)

7. ਇਸ ਸਮੇਂ ਜਦ ਗੁਰੂ ਅਰਜਨ ਦੇਵ ਜੀ ਜੋ ਹਰਿਮੰਦਰ ਦੀ ਕਾਰਸੇਵਾ ਅਰੰਭ ਕਰਵਾਉਣ ਲੱਗੇ ਤਾਂ ਭਗਵਾਨ ਵਿਸ਼ਨੂੰ ਨੇ ਮਨ ਵਿੱਚ ਵਿਚਾਰ ਕੀਤਾ ਅਤੇ ਕਿਹਾ, 'ਹੇ ਲਕਸ਼ਮੀ, ਗੁਰੂ ਮੇਰਾ ਸਰੂਪ ਹੈ। ਉਸ ਮੇਂ ਔਰ ਮੁਝ ਮੇਂ ਕੋਈ ਭੇਦ ਨਹੀਂ ਹੈ, ਵਹ ਮੇਰਾ ਮੰਦਰ ਬਨਾਨੇ ਲਗਾ ਹੈ। ਚਲੋਂ ਵਹਾਂ ਚਲ ਕਰ ਆਪਨੇ ਹੋ ਰਹੇ ਮੰਦਰ ਕਾ ਨਵ-ਨਿਰਮਾਨ ਦੇਖੇ।'' (ਰਾਸ਼ਟਰ ਧਰਮ, ਪੰਨਾ 90)

8. ਹਿੰਦੂ ਸਿੱਖ ਭੇਦਭਾਵ ਅੰਗਰੇਜ਼ ਲੋਕਾਂ ਦੇ ਦਿਮਾਗ਼ ਦੀ ਉਪਜ ਹੈ।

(ਰਾਸ਼ਟਰ ਧਰਮ, ਪੰਨਾ 98)

9. ਸਿੱਖਾਂ ਦਾ ਕੈਲੰਡਰ ਪ੍ਰਚੱਲਿਤ ਹਿੰਦੂ ਰਵਾਇਤਾਂ ਬਿਕ੍ਰਮੀ ਸੰਮਤ ਆਦਿ ਉਪਰ

ਆਧਾਰਿਤ ਹੈ, ਸਿੱਖਾਂ ਹਿੰਦੂਆਂ ਦੀਆਂ ਰਿਸ਼ਤੇਦਾਰੀਆਂ ਸਾਂਝੀਆਂ ਹਨ।

Sikh are the part and parcel of Hindu Society

(Sanyasi art Press, Bathinda)

10. ਜੇਕਰ ਅੱਜ ਕੋਈ ਗੁਰੂ ਨਾਨਕ ਦੀ ਦਾੜ੍ਹੀ ਅਤੇ ਦਸਤਾਰ ਤੋਂ ਬਿਨਾਂ ਤਸਵੀਰ ਬਣਾ ਦੇਵੇ ਤਾਂ ਉਸਦੀ ਜਾਨ ਨੂੰ ਖਤਰਾ ਸ਼ੁਰੂ ਹੋ ਜਾਵੇਗਾ, ਹਲਾਂਕਿ ਕੇਸ ਦਾਹੜੀ ਦਾ ਰਿਵਾਜ 20ਵੀਂ ਸਦੀ ਵਿੱਚ ਅਰੰਭ ਹੋਇਆ। (ਮਧੂ ਕਿਸ਼ਵਰਾ)

(Hindustan Times 21 Aug. 1999)

11. ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੇਵੀ ਦੇ ਚਰਨਾਂ ਵਿਚ ਹਾਜ਼ਰੀ ਲਵਾਉਣ ਆਇਆ ਕਰਦੇ ਸਨ। (ਸੁਰਿੰਦਰ ਕੁਮਾਰ, ਜੱਗ ਬਾਣੀ)

12. ਸਿੱਖ ਹਿੰਦੂ ਹਨ ਅਤੇ ਜਨਮ ਤੋਂ ਬਾਅਦ ਅੰਮ੍ਰਿਤ ਸੰਸਕਾਰ ਉਪਰੰਤ ਸਿੱਖ ਧਰਮ ਦੇ ਧਾਰਨੀ ਬਣਾਇਆ ਜਾਂਦਾ ਹੈ।

13. ਗੁਰਬਾਣੀ ਵੇਦਾਂ ਦੇ ਕਲਪ ਬ੍ਰਿਖ ਦਾ ਅੰਮ੍ਰਿਤ ਫਲ ਹੈ। (ਰਵਾਨੀ 4, 1998)

14. ਗੁਰੂ ਗੋਬਿੰਦ ਸਿੰਘ ਦਾ ਆਦਰਸ਼ ਸ੍ਰੀ ਰਾਮ, ਕ੍ਰਿਸ਼ਨ, ਭੀਮ ਅਤੇ ਅਰਜਨ ਵਾਲਾ ਸੀ। ਉਨ੍ਹਾਂ ਦੇ ਪ੍ਰੇਰਨਾ ਗ੍ਰੰਥ ਵੇਦ ਅਤੇ ਉਪਨਿਸ਼ਦ ਸਨ। ਅੰਮ੍ਰਿਤ ਸੰਸਕਾਰ ਸਮੇਂ ਗੁਰੂ ਜੀ ਨੇ ਬਾਟੇ ਵਿੱਚ ਗਊ ਦਾ ਦੁੱਧ ਪਾਇਆ। ਗੁਰੂ ਜੀ ਮਰਾਠਿਆਂ ਅਤੇ ਸਿੱਖਾਂ ਨੂੰ ਇਕੱਤਰ ਕਰਕੇ ਮੁਗਲ ਸਾਮਰਾਜ ਵਿਰੁੱਧ ਸੰਘਰਸ਼ ਛੇੜਨਾ ਚਾਹੁੰਦੇ ਸਨ। ਗੁਰੂ ਸਾਹਿਬ ਨੇ ਇੱਕ ਸਾਲ ਚੱਲਣ ਵਾਲਾ ਚੰਡੀ ਦਾ ਯੱਗ ਕੀਤਾ। (300 ਸਾਲਾ ਖ਼ਾਲਸਾ ਸਿਰਜਣਾ ਸੰਤ ਯਾਤਰਾ ਦੀ ਇਕ ਪੱਤ੍ਰਿਕਾ ਵਿੱਚੋਂ)

15. ਸਿੱਖ ਇਤਿਹਾਸ ਨੂੰ ਕੇਵਲ ਮੁਸਲਮਾਨਾਂ ਨੇ ਨਸ਼ਟ ਕੀਤਾ। (ਰਵਾਨੀ 11, 1997)

16. ਦੀਵਾਲੀ ਸਿੱਖਾਂ ਦਾ ਪ੍ਰਮੁੱਖ ਤਿਉਹਾਰ ਹੈ। (ਰਵਾਨੀ 11, 1997)

17. ਧਰਮ ਬਦਲਿਆਂ ਨਾ ਮਾਂ ਪਿਉ ਬਦਲਦਾ ਹੈ ਨਾ ਹੀ ਰਾਸ਼ਟਰੀਅਤਾ।

(ਰਵਾਨੀ 11, 1997)

18. ਗੁਰੂ ਗੋਬਿੰਦ ਸਿੰਘ ਨੇ ਅਵਤਾਰਾਂ (ਬ੍ਰਹਮਾ ਵਿਸ਼ਨੂੰ ਸ਼ਿਵ) ਦੀ ਕ੍ਰਿਪਾ ਨਾਲ ਖ਼ਾਲਸਾ ਪੰਥ ਦੀ ਸਥਾਪਨਾ ਕੀਤੀ (ਸੰਖੇਪ ਰੂਪ ਸਿੱਖ ਪੰਥ ਦਾ ਰਾਸ਼ਟਰੀ ਸਵਰੂਪ ਗਊ ਪੂਜ, ਹਿੰਦੂ, ਦੇਵੀ ਪੂਜਕ ਹੈ। (ਸੰਗਤ ਸੰਦੇਸ਼, ਸਤੰਬਰ 1998)

ਬਿਨਾਂ ਕਿਸੇ ਹੀਲ ਹੁਜਤ ਦੇ ਆਯੁਧਿਆ, ਕਾਸ਼ੀ ਅਤੇ ਮਥੁਰਾ ਦੇ ਮੰਦਰ ਮੁਸਲਮਾਨ ਹਿੰਦੂਆਂ ਦੇ ਹਵਾਲੇ ਕਰ ਦੇਣ-ਰਜੂ ਭਈਆ (15 ਸਤੰਬਰ 1999 ਦੇਸ਼ ਸੇਵਕ)

ਮਹਾਰਾਣਾ ਪ੍ਰਤਾਪ, ਰਾਣੀ ਝਾਂਸੀ, ਸ਼ਿਵਾ ਜੀ ਅਤੇ ਗੁਰੂ ਗੋਬਿੰਦ ਸਿੰਘ ਰਾਸ਼ਟਰ ਪੁਰਸ਼ ਸਨ।

(ਰਾਸ਼ਟਰ ਧਰਮ)

ਸੰਘ ਹੀ ਖ਼ਾਲਸਾ ਹੈ। (ਦਸੰਬਰ 1997, ਰਵਾਨੀ)

## ਫ਼ਿਰਕਾਪ੍ਰਸਤ ਜਥੇਬੰਦੀਆਂ ਦੀ ਮਾਤਾ ਸੋਇਮ ਸੰਘ ਦੇ ਬਾਰੇ ਕੁਝ ਆਗੂਆਂ, ਵਿਚਾਰਵਾਨਾਂ ਦੇ ਵਿਚਾਰ

ਰਾਸ਼ਟਰੀ ਸੋਇਮ ਸੇਵਕ ਸੰਘ ਵਲੋਂ ਸਿੱਖਾਂ ਰਾਹੀਂ ਸਿੱਖਾਂ ਵਿੱਚ ਸਮਾਜਿਕ ਘੁਸਪੈਠ ਅਤੇ ਸਿਆਸੀ ਘੁਸਪੈਠ ਕਰਨਾ ਸੌਖਾ ਨਹੀਂ, ਸਿੱਖ ਅਜਿਹਾ ਧੋਖਾ ਨਹੀਂ ਖਾ ਸਕਦੇ।

(ਤਿੰਨ ਵਾਰ ਵਿਧਾਇਕ ਰਹੇ ਕਾਂਗਰਸੀ ਲੀਡਰ ਓਮ ਪ੍ਰਕਾਸ਼ ਗੁਪਤਾ)

ਸੰਘ ਸਿੱਖਾਂ ਨੂੰ ਆਪਣੇ ਵੱਲ ਨਹੀਂ ਖਿੱਚ ਸਕੇਗਾ, ਅਨਜਾਣ ਉਨ੍ਹਾਂ ਦੇ ਝਾਂਸੇ ਵਿੱਚ ਸ਼ਾਇਦ ਆ ਜਾਣ ਪਰ ਜਿਹੜੇ ਸਿੱਖ ਨਿੱਘਰ ਸੋਚ ਨੂੰ ਲੈ ਕੇ ਤੁਰੇ ਹਨ ਉਹ ਇਨ੍ਹਾਂ ਦੇ ਝਾਂਸੇ ਵਿਚ ਨਹੀਂ ਆ ਸਕਦੇ। (ਬਸਪਾ ਆਗੂ ਸ੍ਰੀ ਮਨਹੇੜਾ)

ਰਾਸ਼ਟਰੀ ਸੋਇਮ ਸੇਵਕ ਸੰਘ ਵਾਲੇ ਪਿੰਡਾ ਵਿੱਚ ਜਾ ਤਾਂ ਸਕਦੇ ਹਨ, ਲੋਕ ਆਪਣੀਆਂ ਰਵਾਇਤਾਂ ਅਨੁਸਾਰ ਸਵਾਗਤ ਵੀ ਕਰਨਗੇ, ਪਰ ਲੋਕਾਂ ਨੂੰ ਮੂਰਖ ਬਣਾਉਣ ਵਿਚ ਸਫ਼ਲ ਨਹੀਂ ਹੋਣਗੇ। (ਅਕਾਲੀ ਆਗੂ ਡਾ: ਨਛੱਤਰ ਸਿੰਘ)

ਭਾਜਪਾ ਆਰ.ਐਸ.ਐਸ. ਦੇ ਆਦੇਸ਼ ਵਿਚ ਹੈ। ਭਾਜਪਾ ਦਾ ਕੁੰਡਾ ਆਰ.ਐਸ.ਐਸ. ਹੈ। ਸੰਘ ਆਗੂਆਂ ਦਾ ਜੀਵਨ ਸਮਰਪਿਤ ਭਾਵਨਾ ਵਾਲਾ ਹੈ। ਜੇਕਰ ਸੰਘ ਦਾ ਡਰ ਨਾ ਹੋਵੇ ਤਾਂ ਭਾਜਪਾ ਲਾਲਚ ਅਤੇ ਮੌਕਾਪ੍ਰਸਤੀ ਵਿੱਚ ਸਭ ਤੋਂ ਅੱਗੇ ਲੰਘ ਜਾਵੇ। ਭਾਜਪਾ ਗ਼ੈਰ-ਬ੍ਰਾਹਮਣ ਨੂੰ ਆਪਣਾ ਆਗੂ ਮੰਨਣ ਨੂੰ ਤਿਆਰ ਨਹੀਂ ਹੈ। ਪਿਛੜੇ ਭਾਈਚਾਰੇ ਨਾਲ ਸੰਬੰਧਿਤ ਮੁਖ ਮੰਤਰੀ ਕਲਿਆਨ ਸਿੰਘ ਯਾਦਵ ਨੂੰ ਵੀ ਇਸੇ ਕਰਕੇ ਸਿਆਸੀ ਧੱਕੇ ਦਾ ਸ਼ਿਕਾਰ ਹੋਣਾ ਪਿਆ। ਭਾਜਪਾ ਆਰ.ਐਸ.ਐਸ. ਦੇ ਪ੍ਰਭਾਵ ਹੇਠ ਜ਼ਾਤ-ਪਾਤ ਵਿੱਚ ਪੂਰਨ ਵਿਸ਼ਵਾਸ ਰੱਖਦੀ ਹੈ। ਉਤਰ ਪ੍ਰਦੇਸ਼ ਦੀਆਂ ਘਟਨਾਵਾਂ ਨੇ ਭਾਜਪਾ ਦੀ ਜ਼ਾਤ-ਪਾਤ ਦੀ ਨੀਤੀ ਨੂੰ ਹੀ ਨੰਗਾ ਕੀਤਾ ਹੈ।

(ਅੱਜ ਦੀ ਅਵਾਜ਼, 6 ਅਕਤੂਬਰ 1999)

ਜ਼ਿਕਰਯੋਗ ਹੈ ਕਿ ਕਲਿਆਨ ਸਿੰਘ ਯਾਦਵ ਨਾਲ ਹੋਏ ਇਸ ਵਿਤਕਰੇ ਬਾਰੇ ਲਾਲ ਕਿਸ਼ਨ ਅਡਵਾਨੀ ਨੇ ਕਿਹਾ :

ਕਲਿਆਨ ਸਿੰਘ ਯਾਦਵ ਦਿਮਾਗੀ ਸੰਤੁਲਨ ਗਵਾ ਬੈਠਾ ਹੈ। ਜਦੋਂ ਦੇ ਉਹ ਮੁੱਖ ਮੰਤਰੀ ਪਦ ਤੋਂ ਹਟਾਏ ਗਏ ਹਨ ਗ਼ੈਰ-ਜ਼ਿੰਮੇਵਾਰਾਨਾ ਬਿਆਨ ਦਾਗ ਰਹੇ ਹਨ।

(ਦੈਨਿਕ ਜਾਗਰਨ, 17/12/99)

ਆਰ. ਐਸ. ਐਸ. ਦੇ 'ਸਿੱਖ' ਖ਼ਾਲਸਾ ਪੰਥ ਦੀ ਸਾਜਨਾ ਤ੍ਰਿਸ਼ਤਾਬਦੀ ਮਨਾਉਣ ਲਈ ਪੰਜਾਬ ਦੇ ਕੋਨੇ-ਕੋਨੇ ਵਿਚ 'ਸਿੱਖ' ਰੂਪ ਵਿਚ ਘੁੰਮਦੇ ਰਹੇ ਅਤੇ ਪ੍ਰਚਾਰ ਇਹੀ ਕਰਦੇ ਰਹੇ ਕਿ ਸਿੱਖ ਧਰਮ ਵਿਸ਼ਾਲ ਹਿੰਦੂ ਧਰਮ ਦਾ ਹੀ ਅੰਗ ਹੈ, ਹੋਰ ਕੁਝ ਨਹੀਂ। ਬਾਦਲ ਸਰਕਾਰ ਨੇ ਇਨ੍ਹਾਂ ਸਰਗਰਮੀਆਂ ਨੂੰ ਹੱਲਾਸ਼ੇਰੀ ਹੀ ਨਹੀਂ ਦਿੱਤੀ ਸਗੋਂ ਇਸ ਦੇ ਇਕ ਮੰਤਰੀ ਨੇ (ਜੋ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਦਾ ਦਾਅਵੇਦਾਰ ਵੀ ਸੀ) ਸੈਂਕੜੇ ਪੰਡਤ ਇਕੱਠੇ ਕਰ ਕੇ 501 ਰਾਮਾਇਣ ਪਾਠ ਕਰਵਾਏ। (ਸਪਕੋਸਮੈਨ ਬਿਊਰੋ)

ਅਕਾਲੀ-ਭਾਜਪਾ ਗਠਜੋੜ ਉਪਰੋਂ ਤਾਂ ਠੀਕ-ਠਾਕ ਲਗਦਾ ਹੈ ਪਰ ਸਿੱਖਾਂ ਅੰਦਰ ਇਸ ਗਠਜੋੜ ਪ੍ਰਤੀ ਗੁੱਸਾ ਬਹੁਤ ਵਧਦਾ ਜਾ ਰਿਹਾ ਹੈ ਅਤੇ ਉਨ੍ਹਾਂ ਅੰਦਰ ਇਹ ਭਾਵਨਾ ਫ਼ੈਲ ਰਹੀ ਹੈ ਕਿ ਬਾਦਲ ਨੇ ਆਪਣੇ ਨਿੱਜੀ ਲਾਭ ਨੂੰ ਸਾਹਮਣੇ ਰੱਖ, ਆਰ. ਐਸ. ਐਸ. ਦੇ ਸਿੱਖ-ਵਿਰੋਧੀ ਅਭਿਆਨ ਨੂੰ ਨੱਥ ਪਾਉਣ ਲਈ ਕੱਖ ਭੰਨ ਕੇ ਦੋਹਰਾ ਵੀ ਨਹੀਂ ਕੀਤਾ।

ਹੁਣ ਤਕ ਹਿੰਦੂਤਵ ਸ਼ਕਤੀਆਂ ਸਿੱਖਾਂ ਨੂੰ ਆਪਣੇ ਅੰਦਰ ਜਜ਼ਬ ਕਰ ਲੈਣ ਦੀ ਭਾਵਨਾ ਅਧੀਨ ਸਿੱਖਾਂ ਦੇ ਹੱਕਾਂ ਤੇ ਛਾਪਾ ਮਾਰਦੀਆਂ ਰਹੀਆਂ ਹਨ, ਤਾਂਕਿ ਸਿੱਖ ਇਕ ਵੱਖਰੇ ਧਰਮ ਵਜੋਂ, ਖ਼ਾਲਸਾ ਕੌਮ ਤਾਕਤ ਨਾ ਫੜ ਲਵੇ। (ਪ੍ਰੋ: ਗੁਰਦਰਸ਼ਨ ਸਿੰਘ ਢਿਲੋਂ)

ਹਿੰਦੂ ਸਿੱਖ ਪਿਆਰ ਅਤੇ ਏਕਤਾ ਦਾ ਮਤਲਬ ਇਕ ਦੂਜੇ ਦੀ ਇਜ਼ਤ ਕਰਨਾ ਹੈ। ਇਕ ਦੂਜੇ ਨੂੰ ਖਾ ਜਾਣ ਜਾਂ ਜਜ਼ਬ ਕਰ ਲੈਣ ਦੀ ਔਰੰਗਜ਼ੇਬੀ ਨੀਤੀ ਦਾ ਵਿਰੋਧ ਕਰੋ।

(ਸਵਿੰਦਰ ਸਿੰਘ, ਧਰਮ ਪ੍ਰਚਾਰ ਕਮੇਟੀ ਮੁੰਬਈ)

ਸਭ ਤੋਂ ਪਹਿਲਾਂ ਰਾਸ਼ਟਰੀਆ ਸਿੱਖ ਸੰਗਤ ਖਤਮ ਕੀਤੀ ਜਾਵੇ। ਸ਼੍ਰੋਮਣੀ ਕਮੇਟੀ ਅਤੇ ਹੋਰ ਗੁਰਦੁਆਰਿਆਂ ਲਈ ਸਹਿਜਧਾਰੀ ਵੋਟਰਾਂ ਦਾ ਰੇੜਕਾ ਮੁਕਾਇਆ ਜਾਵੇ। ਦਸਮ ਗ੍ਰੰਥ ਨੂੰ ਗੁਰੂ ਗ੍ਰੰਥ ਸਾਹਿਬ ਦੇ ਸ਼ਰੀਕ ਵਜੋਂ ਖੜਾ ਕਰਨ ਦੀਆਂ ਕੋਸ਼ਿਸ਼ਾਂ ਨਕਾਰੀਆਂ ਜਾਣ। ਟੈਲੀਵੀਜ਼ਨ, ਸਿਨੇਮਾ ਅਤੇ ਅਖਬਾਰ ਰਾਹੀਂ ਸਿੱਖਾਂ ਵਿਰੁੱਧ ਵਿਉਂਤਬਧ ਭੰਡੀ ਪ੍ਰਚਾਰ ਬੰਦ ਕੀਤਾ ਜਾਵੇ।

(ਸ: ਗੁਰਤੇਜ ਸਿੰਘ, ਸਾਬਕਾ ਆਈ.ਏ.ਐਸ.)

ਇਕ "ਗ਼ੈਰ ਧਰਮ" (ਸਿੱਖੀ) ਦਾ ਸਰੂਪ ਵਿਗਾੜਣ ਲਈ ਆਰ.ਐਸ.ਐਸ ਜ਼ਿੰਮੇਵਾਰ ਹੈ। ਇਸ ਨੂੰ ਤੋੜ ਦਿਉ। (ਸਪੋਕਸਮੈਨ, ਫਰਵਰੀ 2001)

# ਰਾਸ਼ਟਰੀ ਸਿੱਖ ਸੰਗਤ

ਸਥਾਪਨਾ:- 23 ਨਵੰਬਰ 1986 'ਚ ਅੰਮ੍ਰਿਤਸਰ ਵਿਖੇ ਇਸਦੀ ਸਥਾਪਨਾ ਹੋਈ।

ਸੰਚਾਲਕ:- ਸ੍ਰੀ ਸਮਸ਼ੇਰ ਸਿੰਹ

ਉਦੇਸ਼:- ਸਿੱਖਾਂ ਅਤੇ ਹਿੰਦੂ ਸਮਾਜ ਦੇ ਵਿੱਚ ਪੈਦਾ ਹੋਵੇ ਪਰੰਪਰਾਗਤ ਸੰਸਕ੍ਰਿਤਿਕ ਅਤੇ ਸਮਾਜਿਕ ਏਕਤਾ ਅਤੇ ਭਾਈਚਾਰੇ ਨੂੰ ਸੁਦ੍ਰਿੜ ਕਰਨਾ।

- ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਉਚਾਰਿਤ 'ਹਿੰਦੁਸਤਾਨ ਸਮਾਲਸੀ ਬੋਲਾ ਨੂੰ ਮੁੱਖ ਅਧਾਰ ਬਣਾ ਕੇ ਰਾਸ਼ਟਰੀ ਭਾਵਨਾ ਤੇ ਅਖੰਡਤਾ ਜਾਗਰੂਕ ਕਰਨਾ।
- ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਗੁਰੂ ਬਾਣੀ ਦਾ ਪ੍ਰਚਾਰ-ਪ੍ਰਸਾਰ ਕਰਨਾ।
- 'ਸਰਬੱਤ ਦਾ ਭਲਾ' ਦੀ ਭਾਵਨਾ ਨੂੰ ਸਾਹਮਣੇ ਰੱਖ ਕੇ ਸੇਵਾ ਕਾਰਜ ਕਰਨਾ।

ਜਥੇਬੰਦਕ ਢਾਂਚਾ:- ਵਰਤਮਾਨ ਵਿੱਚ 500 ਤੋਂ ਅਧਿਕ ਸਥਾਨਾਂ ਤੇ ਸਿੱਖ ਸੰਗਤ ਦੀਆਂ ਗਤੀਵਿਧੀਆਂ ਚਲ ਰਹੀਆਂ ਹਨ।

ਫੁਟਕਲ:-ੳ) 'ਸੰਗਤ ਸੰਦੇਸ਼' ਪੱਤਰਿਕਾ ਦਾ ਪ੍ਰਕਾਸ਼ਨ ਸਿੱਖ ਸੰਗਤ ਦੁਆਰਾ ਕੀਤਾ ਜਾਂਦਾ ਹੈ।

ਅ) ਦਸਾਂ ਗੁਰੂਆਂ ਦੇ ਪੂਰਵਜ ਮਰਿਜਾਦਾ ਪੁਰਸ਼ੋਤਮ ਸ੍ਰੀ ਰਾਮ ਦੀ ਜਨਮਭੂਮੀ ਤੇ ਮੰਦਿਰ ਦਾ ਨਿਰਮਾਣ ਹੋਵੇ ਅਤੇ ਗੁਰੂ ਨਾਨਕ ਦੇਵ ਜੀ, ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਆਯੁਧਿਆ ਯਾਤਰਾ ਨਾਲ ਜੁੜੇ ਬ੍ਰਹਮਾਕੁੰਡ ਗੁਰਦੁਆਰੇ ਦਾ ਨਿਰਮਾਣ ਹੋਵੇ।

ੲ) 1992 ਤੋਂ ਹਰ ਸਾਲ ਅਭਿਆਸ ਵਰਗ ਆਯੋਜਿਤ ਕੀਤੇ ਜਾਂਦੇ ਹਨ। ਇਨ੍ਹਾਂ ਵਿੱਚ ਗਿਆਨੀ ਜ਼ੈਲ ਸਿੰਘ, ਡਾ: ਮਹਾਂਵੀਰ, ਜੋ ਆਪਣੇ ਆਪ ਨੂੰ ਭਾਈ ਮਤੀ ਦਾਸ ਦਾ ਵੰਸ਼ਜ਼ ਕਹਿੰਦਾ ਹੈ (ਪਰ ਹੈ ਨਹੀਂ), ਵਿਸ਼ਵ ਏਕਤਾ ਮਿਸ਼ਨ ਤੇ ਸੰਤ ਸਵਾਮੀ ਅਰਵਿੰਦਾਨੰਦ ਜੀ, ਗੁਰਦੁਆਰਾ ਬੰਦੀ ਛੋੜ ਦੇ ਬਾਬਾ ਪ੍ਰੀਤਮ ਸਿੰਘ ਜੀ, ਜਸਟਿਸ ਆਰ.ਐਸ.ਨਰੂਲਾ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਪ ਪ੍ਰਧਾਨ ਸ.ਅਜੀਤ ਸਿੰਘ ਜੀ ਖੁਰਾਣਾ, ਬਾਬਾ ਨਿਰੰਜਨ ਸਿੰਘ ਜੀ ਆਦਿ ਆ ਚੁੱਕੇ ਹਨ।

ਸ) 1995 ਵਿੱਚ ਜੈਪੁਰ ਵਿੱਚ ਹੋਵੇ ਸੰਮੇਲਨ ਵਿੱਚ ਦੇਸ਼ ਭਰ ਵਿਚੋਂ ਲਗਭਗ 800 ਪ੍ਰਤੀਨਿਧੀਆਂ ਨੇ ਹਿੱਸਾ ਲਿਆ। ਨਵੰਬਰ 1996 ਵਿੱਚ ਉੱਤਰ ਪ੍ਰਦੇਸ਼ ਦੇ ਰੁਦਰਪੁਰ ਨਗਰ ਵਿੱਚ ਆਯੋਜਿਤ ਅਭਿਆਸ ਵਰਗ ਵਿੱਚ ਦਿੱਲੀ ਗੁ: ਪ੍ਰਬੰਧਕ ਕਮੇਟੀ ਨੇ ਇੱਕ ਪ੍ਰਦਰਸ਼ਨੀ ਦਾ ਆਯੋਜਨ ਕੀਤਾ।

# ਰਾਸ਼ਟਰੀ ਸਿੱਖ ਸੰਗਤ ਸਾਜਣ ਦਾ ਉਦੇਸ਼ ਸੰਘ ਦੀ ਜ਼ਬਾਨੀ

ਇਤਿਹਾਸ ਗਵਾਹ ਹੈ ਕਿ ਮੁਸਲਿਮ ਹਮਲਾਵਰਾਂ ਤੋਂ ਹਿੰਦੂ ਸਮਾਜ ਦੀ ਰੱਖਿਆ ਲਈ ਹੀ ਸਿੱਖ ਪੰਥ ਦੀ ਸਥਾਪਨਾ ਕੀਤੀ ਗਈ। ਪਰੰਤੂ ਰਾਜਨੀਤਕ ਸਵਾਰਥ ਸਿੱਧ ਕਰਨ ਵਿੱਚ ਮਾਹਿਰ ਤੱਤਾਂ ਵਲੋਂ ਆਪਣੇ ਸਵਾਰਥ ਨੂੰ ਸਿੱਧ ਕਰਨ ਲਈ ਹਿੰਦੂ ਅਤੇ ਸਿੱਖਾਂ ਵਿੱਚ ਵਿਰੋਧ ਪ੍ਰਗਟ ਕਰਨ ਲਈ ਇਕ ਛੜਯੰਤਰ ਰੱਚਿਆ ਗਿਆ। ਖਾਲਿਸਤਾਨ ਅੰਦੋਲਨ ਅਤੇ ਸ੍ਰੀ ਮਤੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਸਿੱਖ ਵਿਰੋਧੀ ਦੰਗਿਆਂ ਤੋਂ ਬਾਅਦ ਇਹ ਚਾਲ ਬੜਾ ਹੀ ਘਾਤਕ ਰੂਪ ਧਾਰਨ ਕਰਨ ਲੱਗੀ। ਇਸ ਸਥਿਤੀ ਨੂੰ ਵੇਖ ਕੇ 31 ਅਗਸਤ 1986 ਵਿੰਚ ਦਿੱਲੀ ਵਿਖੇ ਦੇਸ਼ ਦੇ ਪ੍ਰਮੁੱਖ ਵਿਚਾਰਕ ਅਤੇ ਸਮਾਜ ਸੇਵੀ ਇਕੱਤਰ ਹੋਏ, ਜਿਸ ਵਿੱਚ ਕਾਫੀ ਵਿਚਾਰ ਵਟਾਂਦਰੇ ਉਪਰੰਤ ਲਏ ਗਏ ਫੈਸਲੇ ਅਨੁਸਾਰ ਸਵ: ਸ਼ਮਸ਼ੇਰ ਸਿੰਹ ਜੀ ਦੀ ਪ੍ਰਧਾਨਗੀ ਵਿਚ ਅੰਮ੍ਰਿਤਸਰ ਵਿਖੇ 28 ਨਵੰਬਰ 1986 ਨੂੰ 'ਰਾਸ਼ਟਰੀ ਸਿੱਖ ਸੰਗਤ' ਦੀ ਸਥਾਪਨਾ ਕੀਤੀ ਗਈ।

*ਇਹ ਇਕ ਸਮਾਜਿਕ ਸੰਸਕ੍ਰਿਤ ਸਮਰਸੱਤਾ ਮੰਚ ਹੈ,*
*ਇਸ ਦੇ ਮੁੱਖ ਉਦੇਸ਼ ਹਨ:*

1. ਸਿੱਖਾਂ ਅਤੇ ਬਾਕੀ ਹਿੰਦੂ ਸਮਾਜ ਦੇ ਵਿਚਕਾਰ ਪਰੰਪਰਾਗਤ ਸੰਸਕ੍ਰਿਤਕ ਅਤੇ ਸਮਾਜਿਕ ਏਕਤਾ ਤੇ ਭਾਈਚਾਰੇ ਨੂੰ ਦ੍ਰਿੜ ਕਰਨਾ।
2. ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਉਚਾਰਿਤ 'ਹਿੰਦਸਤਾਨ ਸਮਾਲਸੀ ਬੋਲਾ' ਦੇ ਮੁੱਖ ਅਧਾਰ ਤੇ ਰਾਸ਼ਟਰੀ ਭਾਵਨਾ ਅਤੇ ਦੇਸ਼ ਦੀ ਅਖੰਡਤਾ ਦੀ ਬਹਾਲੀ ਦਾ ਯਤਨ ਕਰਨਾ।
3. ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਗੁਰਬਾਣੀ ਦਾ ਪ੍ਰਚਾਰ-ਪ੍ਰਸਾਰ ਕਰਨਾ।
4. ਸਰਬੱਤ ਦੇ ਭਲੇ ਨੂੰ ਮੁੱਖ ਰੱਖ ਕੇ ਅਨੇਕਾਂ ਸੇਵਾ ਕਾਰਜ ਕਰਨੇ।

(ਵਰਤਮਾਨ ਸਮੇਂ 500 ਤੋਂ ਵੱਧ ਥਾਵਾਂ ਤੇ ਸਿੱਖ ਸੰਗਤ ਦੀਆਂ ਗਤੀਵਿਧੀਆਂ ਚਲ ਰਹੀਆਂ ਹਨ। ਇਨ੍ਹਾਂ ਦੁਆਰਾ ਆਯੋਜਿਤ ਮਾਸਕ, ਪੰਦਰਵਾੜੇ ਅਤੇ ਹਫਤਾਵਾਰੀ ਮਿਲਾਪ ਕਾਰਜਕ੍ਰਮਾਂ ਅਤੇ ਗੋਸ਼ਟੀਆਂ ਦੁਆਰਾ ਸੰਗਤ ਆਪਣੇ ਵਿਚਾਰ ਲੋਕਾਂ ਤੱਕ ਪਹੁੰਚਾਉਂਦੀ ਹੈ। 1-2 ਸਾਲਾਂ ਦੇ ਸਮੇਂ ਵਿੱਚ ਰਾਸ਼ਟਰੀ ਅਧਿਵੇਸ਼ਨ ਅਤੇ 1992 ਤੋਂ ਹਰ ਸਾਲ ਸਿਖਲਾਈ ਅਭਿਆਸ ਵਰਗ

ਆਯੋਜਿਤ ਕੀਤੇ ਜਾਂਦੇ ਹਨ। ਇਨ੍ਹਾਂ ਵਿੱਚ ਗਿਆਨੀ ਜ਼ੈਲ ਸਿੰਘ, ਭਾਈ ਮਤੀ ਦਾਸ ਦੇ ਵੰਸ਼ਜ ਡਾ: ਭਾਈ ਮਹਾਂਵੀਰ ਜੀ, ਵਿਸ਼ਵ ਏਕਤਾ ਮਿਸ਼ਨ ਦੇ ਸੰਤ ਸੁਵਾਮੀ ਅਰਵਿੰਦਾਨੰਦ ਜੀ, ਗੁਰਦੁਆਰਾ ਬੰਦੀਛੋੜ ਦੇ ਬਾਬਾ ਪ੍ਰੀਤਮ ਸਿੰਘ ਜੀ, ਜਸਟਿਸ ਆਰ.ਐਸ. ਨਰੂਲਾ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਪ-ਪ੍ਰਧਾਨ ਸਰਦਾਰ ਅਜੀਤ ਸਿੰਘ ਜੀ ਖੁਰਾਣਾ, ਬਾਬਾ ਨਿਰੰਜਣ ਸਿੰਘ ਜੀ ਆਦਿ ਪਧਾਰ ਚੁੱਕੇ ਹਨ।)

## ਸੰਗਤ ਦੇ ਸਮਾਗਮਾਂ ਦੇ ਮੁੱਖ ਵਿਸ਼ੇ ਹੇਠ ਲਿਖੇ ਹਨ :

- ਜ਼ਾਤੀਵਾਦ ਦੇ ਅਧਾਰ ਤੇ ਪੈਦਾ ਹੋ ਰਹੇ ਭੇਦ-ਭਾਵ ਨੂੰ ਖਤਮ ਕਰਕੇ ਸਮਾਜਿਕ ਏਕਤਾ ਵਧਾਈ ਜਾਵੇ।
- 1984 ਦੇ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾਵੇ।
- ਪਾਕਿਸਤਾਨ ਅਤੇ ਬੰਗਲਾ ਦੇਸ਼ ਸਥਿਤ ਗੁਰਦੁਆਰਿਆਂ ਅਤੇ ਹੋਰ ਮਹੱਤਵਪੂਰਨ ਧਾਰਮਿਕ ਇਤਿਹਾਸਕ ਸਥਾਨਾਂ ਦੀ ਸਥਿਤੀ ਸੁਧਾਰਨ ਅਤੇ ਉਨ੍ਹਾਂ ਦੇ ਦਰਸ਼ਨਾਂ ਲਈ ਵੀਜ਼ਾ ਅਤੇ ਪਾਸਪੋਰਟ ਦੀ ਪ੍ਰਕ੍ਰਿਆ ਸੌਖੀ ਬਣਾਈ ਜਾਵੇ।

ਦਸ ਗੁਰੂਆਂ ਦੇ ਮਰਿਆਂਦਾ ਪੁਰਸ਼ੋਤਮ ਸ੍ਰੀ ਰਾਮ ਮੰਦਰ ਦੀ ਜਨਮ ਭੂਮੀ ਉਪਰ ਸੁੰਦਰ ਮੰਦਰ ਦਾ ਨਿਰਮਾਣ ਹੋਵੇ ਅਤੇ ਗੁਰੂ ਨਾਨਕ ਦੇਵ ਜੀ, ਗੁਰੂ ਤੇਗ਼ ਬਹਾਦਰ ਜੀ, ਗੁਰੂ ਗੋਬਿੰਦ ਸਿੰਘ ਜੀ ਦੀ ਆਯੁਧਿਆ ਯਾਤਰਾ ਨਾਲ ਜੁੜੇ ਬ੍ਰਹਮਕੁੰਡ ਗੁਰਦੁਆਰੇ ਦਾ ਨਿਰਮਾਣ ਹੋਵੇ।

ਰਾਸ਼ਟਰੀ ਸੋਇਮ ਸੇਵਕ ਸੰਘ ਨਾਲ ਈਰਖਾ ਰੱਖਣ ਵਾਲੇ ਕੁਝ ਖੇਤਰਾਂ ਵਿੱਚ ਸ਼ੁਰੂ ਵਿੱਚ ਤਾਂ ਰਾਸ਼ਟਰੀ ਸਿੱਖ ਸੰਗਤ ਨੂੰ ਵੀ ਕਾਫੀ ਵਿਰੋਧ ਦਾ ਸਾਹਮਣਾ ਕਰਨਾ ਪਿਆ, ਪਰੰਤੂ ਹੁਣ ਹੌਲੀ-ਹੌਲੀ ਪਰਿਵਰਤਨ ਹੋ ਰਿਹਾ ਹੈ। ਲੋਕ ਸ਼ੁੱਧ ਹਿਰਦੇ ਨਾਲ ਇਸ ਨਾਲ ਜੁੜ ਗਏ ਹਨ। ਇਸ ਦਾ ਪ੍ਰਤੱਖ ਪ੍ਰਮਾਣ 1995 ਦੇ ਜੈਪੁਰ ਵਿਖੇ ਸਮਾਪਤ ਹੋਏ ਸਿੱਖ ਸੰਗਤ ਦੇ ਪੰਜਵੇਂ ਅਧਿਵੇਸ਼ਨ ਤੋਂ ਮਿਲਦਾ ਹੈ। ਜਿਸ ਵਿੱਚ ਦੇਸ਼ ਭਰ ਤੋਂ ਆਏ ਲਗਭਗ 800 ਪ੍ਰਤੀਨਿਧੀਆਂ ਨੇ ਭਾਗ ਲਿਆ। ਨਵੰਬਰ 1996 ਵਿੱਚ ਉਤਰ ਪ੍ਰਦੇਸ਼ ਦੇ ਰੁਦਰਪੁਰ ਨਗਰ ਵਿੱਚ ਆਯੋਜਿਤ ਅਭਿਆਸ ਵਰਗ ਵਿਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਕ ਸੁੰਦਰ ਤਸਵੀਰ ਪ੍ਰਦਰਸ਼ਨੀ ਦਾ ਇੰਤਜ਼ਾਮ ਕੀਤਾ। 'ਸੰਗਤ ਸੰਦੇਸ਼' ਪਤਿਰਕਾ ਦਾ ਲਗਾਤਾਰ ਪ੍ਰਕਾਸ਼ਨ ਸਿੱਖ ਸੰਗਤ ਵਲੋਂ ਕੀਤਾ ਜਾਂਦਾ ਹੈ। ਜਿਸ ਤੋਂ ਸਮੁੱਚੇ ਸਮਾਜ ਨੂੰ ਨਾ ਕੇਵਲ ਸਿੱਖ ਸੰਗਤ ਦੀਆਂ ਗਤੀਵਿਧੀਆਂ ਦੀ ਜਾਣਕਾਰੀ ਮਿਲਦੀ ਹੈ ਬਲਕਿ ਹਿੰਦੂ-ਸਿੱਖ ਇਕ ਹਨ ਦਾ ਸੰਦੇਸ਼ ਵੀ ਲੋਕਾਂ ਨੂੰ ਮਿਲਦਾ ਹੈ।

('ਸਮੱਗਰ ਦ੍ਰਿਸ਼ਟੀ' ਵਿੱਚੋਂ)

## ਰਾਸ਼ਟਰੀ ਸਿੱਖ ਸੰਗਤ ਦੀ ਮਾਸਿਕ ਇਕੱਤਰਤਾ ਦੀ ਸ਼ੁਰੂਆਤ ਕਿਵੇਂ ਹੁੰਦੀ ਹੈ?

ਇਸ ਮਾਸਿਕ ਇਕੱਤਰਤਾ ਵਿੱਚ ਕਈ ਵਾਰ ਤਾਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ

ਜਾਂਦਾ ਹੈ ਪਰੰਤੂ ਵਧੇਰੇ ਕਰਕੇ ਪ੍ਰਕਾਸ਼ ਨਹੀਂ ਕੀਤਾ ਜਾਂਦਾ ਹੈ ਅਤੇ ਗੁਰੂ ਨਾਨਕ ਦੇਵ ਜੀ, ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਤਸਵੀਰਾਂ ਨਾਲ ਭਗਵਾਨ ਰਾਮ ਜਾਂ ਕ੍ਰਿਸ਼ਨ ਦੀਆਂ ਤਸਵੀਰਾਂ ਰੱਖੀਆਂ ਜਾਂਦੀਆਂ ਹਨ। ਕਈ ਵਾਰ ਅਵਤਾਰਾਂ ਦੀਆਂ ਮੂਰਤੀਆਂ ਵੀ ਰੱਖੀਆਂ ਜਾਂਦੀਆਂ ਹਨ ਅਤੇ ਗਲਾਂ ਵਿੱਚ ਹਾਰ ਪਾ ਕੇ ਜਾਂ ਤਸਵੀਰਾਂ ਉਪਰ ਹਾਰ ਪਾ ਕੇ ਅੱਗੇ ਦੀਵੇ ਜਗਾਏ ਜਾਂਦੇ ਹਨ। ਆਰੰਭ ਵਿੱਚ ਪੰਜ ਵਾਰੀ ਮੂਲਮੰਤਰ ਦਾ ਪਾਠ ਕੀਤਾ ਜਾਂਦਾ ਹੈ।

ਕੀਰਤਨ:- 20 ਮਿੰਟ ਕੁ ਦੇ ਕਰੀਬ ਕੀਰਤਨ ਕੀਤਾ ਜਾਂਦਾ ਹੈ (ਜਥੇ ਦਾ ਸੰਬੰਧ ਤਕਰੀਬਨ ਆਰ.ਐਸ.ਐਸ. ਨਾਲ ਹੀ ਹੁੰਦਾ ਹੈ।

ਉਪਰੰਤ:- ਸੁਖਮਨੀ ਸਾਹਿਬ, ਰਾਮ ਅਵਤਾਰ, ਕ੍ਰਿਸ਼ਨ ਅਵਤਾਰ ਆਦਿ ਦਾ ਪਾਠ ਕੀਤਾ ਜਾਂਦਾ ਹੈ।

ਉਸ ਤੋਂ ਉਪਰੰਤ ਵੰਦੇ ਮਾਤਰਮ ਦਾ ਗਾਇਣ ਕੀਤਾ ਜਾਂਦਾ ਹੈ।

ਵਿਖਿਆਨ:- ਸਤਿਸੰਗ ਵਿੱਚ 20 ਮਿੰਟ ਲਈ ਗੁਰੂਵਰ (ਗੋਲਵਾਰਕਰ) ਦਾ ਇਤਿਹਾਸ, ਇਤਿਹਾਸ ਦੇ ਪ੍ਰੇਰਕ ਪ੍ਰਸੰਗ, ਗੁਰਬਾਣੀ ਦੀ ਵਿਆਖਿਆ, ਪ੍ਰਾਚੀਨ ਸੰਸਕ੍ਰਿਤੀ ਦੇ ਪ੍ਰਸੰਗ ਜਿਨ੍ਹਾਂ ਦਾ ਪ੍ਰਸੰਗ ਗੁਰਬਾਣੀ ਵਿੱਚ ਆਉਂਦਾ ਹੋਵੇ ਭਾਵ ਕਿ ਏਕਾਤਮਿਕਤਾ ਨਿਰਮਾਣ ਕਰਨ ਵਿੱਚ ਸਹਾਇਕ ਵਿਸ਼ਿਆਂ ਉਪਰ ਪ੍ਰਸੰਗ।

ਵਧੀਆ ਸਰਗਰਮ ਇਕਾਈ:- ਜਿਹੜੀ ਇਕਾਈ ਮਾਸਿਕ ਬੈਠਕ ਦਾ ਸਤਿਸੰਗ ਬਕਾਇਦਗੀ ਨਾਲ ਕਰੇ ਅਤੇ ਸਾਲ ਵਿੱਚ ਇਕ ਗੁਰਪੁਰਬ ਜ਼ਰੂਰ ਮਨਾਵੇ।

# ਸੰਘ ਦੇ ਵਰਤਮਾਨ
# ਸਿੱਖ ਸੰਘਰਸ਼ ਬਾਰੇ ਵਿਚਾਰ

31 ਅਗਸਤ 1995 ਈ: ਦੇ ਦਿਨ ਚੰਡੀਗੜ੍ਹ ਵਿੱਚ ਆਤੰਕਵਾਦੀ ਤੱਤਾਂ ਦੁਆਰਾ ਰਚੇ ਗਏ ਸਾਜ਼ਿਸ਼ ਪੂਰਨ ਬੰਬ ਹੱਤਿਆਕਾਂਡ ਵਿੱਚ ਪੰਜਾਬ ਦੇ ਮੁੱਖਮੰਤਰੀ ਸਰਦਾਰ ਬੇਅੰਤ ਸਿੰਘ ਅਕਾਲ ਮ੍ਰਿਤੂ ਨੂੰ ਪ੍ਰਾਪਤ ਹੋ ਗਏ। ਇਸ ਸਮੇਂ ਇਹਨਾਂ ਦੀ ਅਵਸਥਾ 73 ਸਾਲ ਦੀ ਸੀ। ਜਿਨ੍ਹਾਂ ਲੋਕਾਂ ਨੇ ਉਹਨਾਂ ਦੀ ਹੱਤਿਆ ਦੀ ਜ਼ਿੰਮੇਵਾਰੀ ਆਪਣੇ ਉਪਰ ਲਈ ਹੈ ਉਹ ਆਪਣੇ ਆਪ ਨੂੰ ਪੱਕਾ ਸਿੱਖ ਅਤੇ ਸੱਚਾ ਗੁਰਸਿੱਖ ਸਮਝਦੇ ਹਨ। ਅਤੇ ਅਤਿਵਾਦੀ ਦੀ ਜਗ੍ਹਾ ਤੇ ਖਾੜਕੂ ਅਖਵਾਉਣ ਤੇ ਬੜਾ ਮਾਣ ਮਹਿਸੂਸ ਕਰਦੇ ਹਨ, ਪਰੰਤੂ ਗੁਰਬਾਣੀ ਅਨੁਸਾਰ ਖਾੜਕੂ ਗੁਰਸਿੱਖ ਨਹੀਂ, ਮਨਮੁੱਖ ਕਹਾਉਣ ਯੋਗ ਹਨ। ਅਸਲ ਵਿਚ ਖਾੜਕੂ ਅਤਿਵਾਦੀ ਦਾ ਹੀ ਸਮਅਰਥੀ ਸ਼ਬਦ ਹੈ।

(ਇਸ ਤੋਂ ਅੱਗੇ ਕੁਝ ਗੁਰਬਾਣੀ ਦੀਆਂ ਤੁਕਾਂ ਅਤੇ ਮਹਾਨਕੋਸ਼ ਦੀ ਵਰਤੋਂ ਕਰਕੇ ਖੜਕ ਅਤੇ ਖੜਕਾ ਸ਼ਬਦ ਨੂੰ ਖਾੜਕੂ ਸ਼ਬਦ ਦੇ ਤੌਰ ਤੇ ਪੇਸ਼ ਕੀਤਾ ਹੈ)

ਅਸਲ ਵਿੱਚ ਖਾੜਕੂ ਮਨਮੁੱਖ ਹੁੰਦਾ ਹੈ, ਗੁਰਸਿੱਖ ਨਹੀਂ। ਮਨਮੁਖ ਦੀ ਜੀਵਨ ਜਾਚ ਬਾਰੇ ਗੁਰੂ ਅਮਰਦਾਸ ਜੀ ਦੱਸਦੇ ਹਨ:

*ਮਨਮੁਖ ਮੂਲਹੁ ਭੁਲਿਆ ਵਿਚਿ ਲਬੁ ਲੋਭੁ ਅਹੰਕਾਰੁ॥*
*ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰਹਿ ਵੀਚਾਰੁ॥*
*ਸੁਧਿ ਮਤਿ ਕਰਤੈ ਸਭ ਹਿਰਿ ਲਈ ਬੋਲਨਿ ਸਭੁ ਵਿਕਾਰੁ॥*
*ਦਿਤੈ ਕਿਤੈ ਨ ਸੰਤੋਖੀਅਹਿ ਅੰਤਰਿ ਤਿਸਨਾ ਬਹੁ ਅਗਿਆਨੁ ਅੰਧਾਰੁ॥*
*ਨਾਨਕ ਮਨਮੁਖਾ ਨਾਲੋ ਤੁਟੀ ਭਲੀ ਜਿਨ ਮਾਇਆ ਮੋਹ ਪਿਆਰੁ॥ ੧॥*

(ਪੰਨਾ ੩੧੬)

ਐਸੀ ਗੁਰਮਤਿ ਵਿਰੋਧੀ ਜੀਵਨ-ਜਾਚ ਵਾਲੇ ਅਤਿਵਾਦੀ ਤੱਤਾਂ ਨੇ ਵਿਗਤ 1½ ਦਹਾਕੇ ਤੋਂ ਪੰਜਾਬ ਵਿੱਚ ਅਸ਼ਾਂਤੀ ਅਤੇ ਆਤੰਕ ਦਾ ਮਾਹੌਲ ਬਣਾ ਰੱਖਿਆ ਸੀ, ਫਰਵਰੀ 1992 ਵਿੱਚ ਜਦ ਸਰਦਾਰ ਬੇਅੰਤ ਸਿੰਘ ਮੁਖ ਮੰਤਰੀ ਪਦ ਉਪਰ ਬਿਰਾਜਮਾਨ ਹੋਏ, ਉਸ ਸਮੇਂ ਪੰਜਾਬ ਬਹੁਤ ਹੀ ਅਸ਼ਾਂਤ ਸੀ। ਇਸ ਦੁਬਿਧਾ ਵਾਲੀ ਪਰਿਸਥਿਤੀ ਵਿੱਚ ਸਰਦਾਰ ਜੀ ਨੇ ਆਪਣੇ ਮਨ ਦੀ

ਦ੍ਰਿੜ੍ਹਤਾ ਅਤੇ ਨੀਤੀ-ਕੁਸ਼ਲਤਾ ਦਾ ਸਬੂਤ ਦਿੱਤਾ। ਉਹਨਾਂ ਪੰਜਾਬ ਪੁਲਸ ਦੇ ਮੁਖੀ ਸਰਦਾਰ ਕੰਵਰਪਾਲ ਸਿੰਘ ਗਿੱਲ ਅਤੇ ਪੁਲਿਸ ਅਧਿਕਾਰੀਆਂ ਦੇ ਸਹਿਯੋਗ ਨਾਲ ਕੇਵਲ ਸਾਢੇ ਤਿੰਨ ਸਾਲ ਦੇ ਕਾਰਜਕਾਲ ਵਿੱਚ ਅਸ਼ਾਂਤ ਹੋਏ ਪੰਜਾਬ ਨੂੰ ਅਤਿਵਾਦ ਤੋਂ ਉਭਾਰ ਕੇ ਜਿਸ ਤੇਜ਼ੀ ਨਾਲ ਉਥੇ ਦੁਬਾਰਾ ਸ਼ਾਂਤੀ ਸਥਾਪਤ ਕਰਨ ਵਿੱਚ ਕਾਫੀ ਹੱਦ ਤੱਕ ਸਫ਼ਲਤਾ ਪ੍ਰਾਪਤ ਕੀਤੀ ਹੈ, ਇਸ ਲਈ ਉਹ ਨਿਸ਼ਚਿਤ ਤੌਰ ਤੇ ਪ੍ਰਸੰਸਾ ਦੇ ਪਾਤਰ ਹਨ। ਭਾਰਤ ਰਾਸ਼ਟਰ ਦੇ ਸਾਰੇ ਰਾਸ਼ਟਰ ਭਗਤ ਅਤੇ ਸ਼ਾਂਤੀ ਪ੍ਰੇਮੀ ਨਾਗਰਿਕਾਂ ਨੂੰ ਉਹਨਾਂ ਦਾ ਇਹ ਸਲਾਹੁਣਯੋਗ ਕਾਰਜ ਹਮੇਸ਼ਾ ਯਾਦ ਰਹੇਗਾ।

ਹਿੰਦੂ-ਸਿੱਖ ਦੀ ਪਰੰਪਰਾਗਤ ਏਕਤਾ ਨੂੰ ਸਮਰਪਿਤ ਸਵਰਗੀ ਸਰਦਾਰ ਬੇਅੰਤ ਸਿੰਘ ਨੇ ਆਪਣੇ ਕਾਰਜਕਾਲ ਵਿੱਚ ਅਨੇਕਾਂ ਵਾਰ ਬੜੀ ਦ੍ਰਿੜ੍ਹਤਾ ਨਾਲ ਕਿਹਾ ਸੀ, ਸਿੱਖ ਵੱਡੇ ਹਿੰਦੂ ਸਮਾਜ ਦਾ ਅਤੁੱਟ ਅੰਗ ਹਨ।

(ਸੰਪਾਦਕ, ਸੰਗਤ ਸੰਦੇਸ਼)

# "ਸਿੱਖ ਹਿੰਦੂ ਹਨ"

## ਸੰਗਤ ਮੁਖੀ ਚਿਰੰਜੀਵ ਸਿੰਘ

ਨਾਸਿਕ ਦੇ ਇਕ ਮਸ਼ਹੂਰ ਪੱਤਰਕਾਰ ਸ੍ਰੀ ਮੋਰੇਸ਼ਵਰ ਤਪੱਸਵੀ ਦੁਆਰਾ ਰਾਸ਼ਟਰੀ ਸਿੱਖ ਸੰਗਤ ਦੇ ਮੁੱਖੀ ਚਿਰੰਜੀਵ ਸਿੰਘ ਨਾਲ 1994 ਵਿੱਚ ਨਾਸਿਕ ਵਿਖੇ ਕੀਤੀ ਗੱਲਬਾਤ ਦੇ ਕੁਝ ਅੰਸ਼ :

☞ *ਅਤਿਵਾਦ ਦੇ ਚਲਦੇ ਪੰਜਾਬ ਦੀ ਅਸਲੀ ਹਾਲਤ ਬਾਕੀ ਦੇਸ਼ ਨੂੰ ਪੂਰੀ ਤਰ੍ਹਾਂ ਨਾਲ ਪਤਾ ਨਹੀਂ ਲੱਗਦੀ ਸੀ। ਅੱਜ ਵੀ ਸਾਰੇ ਮਾਧਿਅਮਾਂ ਦੁਆਰਾ ਇਹ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਪੰਜਾਬ ਹੁਣ ਸ਼ਾਂਤ ਹੋ ਚੁੱਕਾ ਹੈ। ਲਗਭਗ ਦਸ ਸਾਲ ਤੱਕ ਆਤੰਕਵਾਦ ਦਾ ਸ਼ਿਕਾਰ ਪੰਜਾਬ ਇਕਦਮ ਸ਼ਾਂਤ ਕਿਵੇਂ ਹੋ ਗਿਆ? ਹਕੀਕਤ ਕੀ ਹੈ?*

—ਤੁਸੀਂ ਜਿਸ ਸ਼ਾਂਤੀ ਦੀ ਗੱਲ ਕਰ ਰਹੇ ਹੋ, ਉਸ ਦੀ ਵਜ੍ਹਾ ਕੀ ਹੈ, ਮੈਂ ਨਹੀਂ ਜਾਣਦਾ। ਰਾਜਨੀਤੀ ਉਸ ਦਾ ਇਕ ਕਾਰਨ ਹੋ ਸਕਦਾ ਹੈ। ਪਰੰਤੂ ਪੰਜਾਬ ਦਾ ਆਮ ਆਦਮੀ ਅਤਿਵਾਦ ਤੋਂ ਅੱਕ ਚੁੱਕਾ ਸੀ। ਬੱਸ, ਇਹ ਬਹੁਤ ਹੋ ਗਿਆ, ਐਸੀ ਆਮ ਭਾਵਨਾ ਪਿੰਡ-ਪਿੰਡ ਵਿੱਚ ਵੀ ਫ਼ੈਲ ਚੁੱਕੀ ਸੀ। ਖ਼ਾਲਿਸਤਾਨ ਦੀ ਮੰਗ ਕਰਨ ਵਾਲੇ ਭਿੰਡਰਾਂਵਾਲੇ ਦਾ ਕੀ ਹਸ਼ਰ ਹੋਇਆ, ਸਾਰੇ ਵੇਖ ਚੁੱਕੇ ਸਨ। ਪੰਜਾਬ ਦੇ ਆਮ ਲੋਕਾਂ ਦਾ ਸਮਰਥਨ ਅਤਿਵਾਦੀਆਂ ਨੂੰ ਮਿਲਦਾ ਵਿਖਾਈ ਤਾਂ ਦਿੰਦਾ ਸੀ ਪਰ ਉਹ ਸਮਰਥਨ ਉਹਨਾਂ ਦੇ ਡਰ ਦੇ ਕਾਰਨ ਸੀ। ਵੱਖਵਾਦ ਦੇ ਲਈ ਸਮਰਥਨ ਦੀ ਭਾਵਨਾ ਨਾਲ ਨਹੀਂ ਸੀ। ਮੁਖਮੰਤਰੀ ਸਰਦਾਰ ਬੇਅੰਤ ਸਿੰਘ ਦੀਆਂ ਨੀਤੀਆਂ ਅਤੇ ਕੇਂਦਰ ਦੁਆਰਾ ਉਹਨਾਂ ਨੂੰ ਦਿੱਤਾ ਗਿਆ ਸਮਰਥਨ ਪੰਜਾਬ ਵਿੱਚ ਸ਼ਾਂਤੀ ਲਿਆਉਣ ਵਿਚ ਸਹਾਈ ਹੋਇਆ ਹੈ। ਇਸ ਵਿੱਚ ਕੋਈ ਸ਼ੱਕ ਨਹੀਂ। ਪਰ ਸੱਚੇ ਅਰਥਾਂ ਵਿੱਚ ਪੰਜਾਬ ਸ਼ਾਂਤ ਹੋਇਆ ਹੈ, ਇਹ ਅਜੇ ਨਹੀਂ ਕਿਹਾ ਜਾ ਸਕਦਾ। ਪੰਜਾਬ ਦੇ ਵਿੱਚ ਆਈ ਅਸ਼ਾਂਤੀ ਅਤਿਵਾਦ ਦੇ ਕਾਰਨ ਏਨੀ ਨਹੀਂ ਸੀ, ਜਿੰਨੀ ਕਿ ਸਮਾਜ ਵਿੱਚ ਉਤਪੰਨ ਕਟੂਤਾ ਦੇ ਕਾਰਨ ਸੀ। ਉਸ ਕਟੂਤਾ ਦਾ ਨਤੀਜਾ ਅਤਿਵਾਦ ਸੀ। ਅੰਤ ਜਦੋਂ ਤੱਕ ਇਹ ਕਟੂਤਾ ਸਮਾਪਤ ਨਹੀਂ ਹੁੰਦੀ, ਪੰਜਾਬ ਅਸ਼ਾਂਤ ਹੀ ਰਹੇਗਾ।

ਪੰਜਾਬ ਦੀ ਸਮੱਸਿਆ ਦੇ ਦੋ ਪਹਿਲੂ ਹਨ। ਇਕ ਰਾਜਨੀਤਕ ਅਤੇ ਦੂਸਰਾ ਸਮਾਜਿਕ ਹੈ। ਰਾਜਨੀਤਕ ਕਾਰਨ ਬਾਰੇ ਕੀ ਕਿਹਾ ਜਾ ਸਕਦਾ ਹੈ? ਉਹਨਾਂ ਆਪੇ ਹੀ ਅਤਿਵਾਦ ਪੈਦਾ ਕੀਤਾ ਸੀ, ਆਪੇ ਹੀ ਖਤਮ ਕੀਤਾ ਹੈ। ਪੰਜਾਬ ਵਿੱਚ ਅਤਿਵਾਦ ਦੀ ਸਮਾਪਤੀ ਹੋ ਗਈ ਹੈ, ਇਹ ਮੂਲ ਸਮੱਸਿਆ ਦਾ ਹੱਲ ਨਹੀਂ ਹੈ। ਸਮਾਜਿਕ ਭਾਵਨਾ ਇਸ ਸਮੱਸਿਆ ਦਾ ਦੂਸਰਾ ਪਹਿਲੂ ਹੈ, ਜਿਸਦੇ ਕਾਰਨ ਕੇਸਧਾਰੀ ਅਤੇ ਸਹਿਜਧਾਰੀ ਭਰਾਵਾਂ ਵਿੱਚ ਇਕ ਦੂਸਰੇ ਪ੍ਰਤੀ ਅਵਿਸ਼ਵਾਸ ਪੈਦਾ ਹੋ ਗਿਆ ਹੈ। ਇਹ ਦੂਰੀਆਂ ਅਜੇ ਮਿਟੀਆਂ ਨਹੀਂ ਹਨ, ਅਤੇ ਜਦੋਂ ਤੱਕ ਖਤਮ ਨਹੀਂ ਹੁੰਦੀਆਂ, ਉਦੋਂ ਤੱਕ ਪੰਜਾਬ ਵਿੱਚ ਸੱਚੇ ਅਰਥਾਂ ਵਿੱਚ ਸ਼ਾਂਤੀ ਸਥਾਪਤ ਨਹੀਂ ਹੋ ਸਕਦੀ। ਪੰਜਾਬ ਦੀ ਸਮੱਸਿਆ

ਰਾਜਨੀਤਕ ਹੈ। ਮਾਨਸਿਕਤਾ ਵਿੱਚ ਸਹਿਰੀ ਵੜੀ ਹੋਈ ਹੈ ਅਤੇ ਇਸ ਦੇ ਨਾਲ-ਨਾਲ ਹੀ ਇਹ ਸਮਾਜਿਕ ਵੀ ਹੈ। ਇਸ ਲਈ ਮੇਰਾ ਵਿਚਾਰ ਹੈ ਕਿ ਪੰਜਾਬ ਦੀ ਸਮੱਸਿਆ ਜਿਵੇਂ ਦੀ ਤਿਵੇਂ ਬਣੀ ਹੋਈ ਹੈ। ਹਾਂ! ਅਤਿਵਾਦ ਜ਼ਰੂਰ ਸਮਾਪਤ ਹੋਇਆ ਹੈ।

*ਫਿਰ ਤੁਹਾਡੇ ਅਨੁਸਾਰ ਪੰਜਾਬ ਦੀ ਸਮੱਸਿਆ ਦਾਂ ਸਥਾਈ ਹੱਲ ਕੀ ਹੈ?*

—ਅਤਿਵਾਦ ਖਤਮ ਹੋਇਆ ਹੈ। ਇਸ ਸਥਿਤੀ ਦਾ ਲਾਭ ਉਠਾਉਂਦੇ ਹੋਏ ਨਰਸਿਹੂੰ ਰਾਉ ਸਰਕਾਰ ਨੂੰ ਰਾਜਨੀਤਕ ਪਹਿਲ ਕਰਨੀ ਚਾਹੀਦੀ ਹੈ। ਬੇਅੰਤ ਸਿੰਘ ਸਰਕਾਰ ਨੂੰ ਵੀ ਸਮਾਜਿਕ ਪਹਿਲ ਕਰਨੀ ਚਾਹੀਦੀ ਹੈ ਤਾਂ ਜੋ ਸਿੱਖ ਅਤੇ ਬਾਕੀ ਹਿੰਦੂ ਸਮਾਜ ਵਿੱਚ ਘਿਰਣਾ ਪੈਦਾ ਹੋ ਗਈ ਹੈ, ਭਾਵੇਂ ਹੌਲੀ-ਹੌਲੀ ਹੀ ਸਹੀ ਦੂਰ ਹੋ ਜਾਵੇ। ਜੇਕਰ ਇਹ ਪਹਿਲ ਨਾ ਕੀਤੀ ਗਈ ਤਾਂ ਮੈਨੂੰ ਡਰ ਹੈ ਕਿ ਅਤਿਵਾਦ ਫਿਰ ਪੈਦਾ ਹੋ ਜਾਵੇਗਾ।

ਪਰੰਤੂ ਕਾਂਗਰਸ ਇਵੇਂ ਕਰੇਗੀ, ਨਜ਼ਰ ਨਹੀਂ ਆਉਂਦਾ। ਇਸ ਦਾ ਨਤੀਜਾ ਵੀ ਉਹ ਹੋਵੇਗਾ ਜੋ ਪਹਿਲਾਂ ਹੁੰਦਾ ਰਿਹਾ ਹੈ। ਅਕਾਲੀ ਕਮਜ਼ੋਰ ਹੋ ਰਹੇ ਸੀ ਇਸ ਕਰਕੇ ਭਿੰਡਰਾਂਵਾਲੇ ਨੂੰ ਕਾਂਗਰਸ ਨੇ ਅਤਿਵਾਦੀ ਨਹੀਂ, ਧਾਰਮਿਕ ਸੰਤ ਕਹਿਣ ਦੀ ਭੁੱਲ ਕੀਤੀ। ਅੱਜ ਵੀ ਅਕਾਲੀਆਂ ਨੂੰ ਅਲੱਗ-ਅਲੱਗ ਧੜਿਆਂ ਵਿੱਚ ਵੰਡਣ ਲਈ, ਭਾਵ ਕਿ ਉਹਨਾਂ ਨੂੰ ਕਮਜ਼ੋਰ ਕਰਨ ਲਈ ਕਾਂਗਰਸ ਹਵਾ ਦੇ ਰਹੀ ਹੈ। ਪੰਜਾਬ ਦੇ ਹਿੰਦੂਆਂ ਦੇ ਮਨ ਵਿਚ ਅਕਾਲੀਆਂ ਪ੍ਰਤੀ ਨਫ਼ਰਤ ਪੈਦਾ ਕਰਕੇ ਅਤੇ ਸਿੱਖਾਂ ਦੇ ਮਨ ਵਿੱਚ ਹਿੰਦੂਆਂ ਨੂੰ ਆਪਣਾ ਪੁਸ਼ਤੈਨੀ ਦੁਸ਼ਮਣ ਮੰਨਣ ਦੀ ਭਾਵਨਾ ਨਾਲ ਪੰਜਾਬ ਵਿੱਚ ਫਿਰ ਅਤਿਵਾਦ ਪੈਦਾ ਹੋ ਸਕਦਾ ਹੈ।

*ਇਸ ਵਿੱਚ ਰਾਸ਼ਟਰੀ ਸਿੱਖ ਸੰਗਤ ਨੇ ਕੀ ਕੀਤਾ ਹੈ? ਪੰਜਾਬ ਦੀ ਜਨਤਾ ਵਿੱਚ ਅਤਿਵਾਦ ਪ੍ਰਤੀ ਉਕਤਾਹਟ ਪੈਦਾ ਕਰਨ ਵਿੱਚ ਉਸਦਾ ਕੀ ਯੋਗਦਾਨ ਰਿਹਾ ਹੈ?*

—ਰਾਸ਼ਟਰੀ ਸਿੱਖ ਸੰਗਤ ਬਣੀ ਹੀ ਇਸ ਲਈ ਹੈ ਕਿ ਸਮਾਜ ਵਿੱਚ ਹਿੰਦੂ ਸਿੱਖ ਵੱਖਵਾਦ ਦੀ ਭਾਵਨਾ ਨੂੰ ਖਤਮ ਕਰੇ। *ਸੰਗਤ ਹਿੰਦੂ ਅਤੇ ਸਿੱਖ ਨੂੰ ਦੋ ਅਲੱਗ-ਅਲੱਗ ਕੌਮਾਂ ਨਹੀਂ ਮੰਨਦੀ।* ਗੋਲੀਆਂ ਚਲਦੀਆਂ ਸਨ ਤਾਂ ਵੀ ਸਿੱਖ ਸੰਗਤ ਇਹੀ ਕਹਿੰਦੀ ਸੀ ਕਿ ਕਿ ਨਫ਼ਰਤ ਦੀ ਹਨੇਰੀ ਵਿੱਚ ਵੀ ਸਮਝਾਉਂਦੀ ਰਹੀ ਅਸੀਂ ਇਕ ਹਾਂ ਅਤੇ ਅਤਿਵਾਦ ਜਾਂ ਖਾਲਿਸਤਾਨ ਜਾਂ ਵੱਖਵਾਦ ਪੰਜਾਬ ਦੀ ਸਮੱਸਿਆ ਦਾ ਸਥਾਈ ਹੱਲ ਨਹੀਂ ਹੈ। ਗੱਲ ਜਦੋਂ ਆਮ ਜਨਤਾ ਦੀ ਸਮਝ ਵਿੱਚ ਆਈ, ਆਮ ਜਨਤਾ ਅਤਿਵਾਦ ਦੇ ਨਾ ਕੇਵਲ ਵਿਰੁੱਧ ਹੋਈ, ਬਲਕਿ ਇਹ ਵੀ ਮੰਨਣ ਲੱਗੀ ਕਿ ਹਿੰਦੂ ਅਤੇ ਸਿੱਖ ਦੋ ਸਮਾਜ ਨਹੀਂ, ਇਕ ਸਮਾਜ ਹੈ। ਸਿੱਖ ਸੰਗਤ ਦਾ ਕਾਰਜਖੇਤਰ ਕੇਸਧਾਰੀ ਅਤੇ ਸਹਿਜਧਾਰੀ ਹਿੰਦੂਆਂ ਵਿੱਚ ਏਕਤਾ ਦੀ ਭਾਵਨਾ ਪੈਦਾ ਕਰਨਾ ਹੈ। ਪਹਿਲਾਂ ਵਿਦੇਸ਼ੀ ਅਤੇ ਬਾਅਦ ਵਿੱਚ ਸਵਦੇਸੀ ਦੁਰ ਪ੍ਰਚਾਰ ਦੇ ਕਾਰਨ ਦੋਵਾਂ ਅੰਗਾਂ ਦੀ ਮਾਨਸਿਕਤਾ ਵਿੱਚ ਜੋ ਰਾਸ਼ਟਰੀ ਘਾਤਕ ਭਰਮ ਪੈਦਾ ਕੀਤਾ ਗਿਆ ਹੈ, ਉਸਦਾ ਨਿਵਾਰਨ ਕਰਦੇ ਹੋਏ ਨਾ ਕੇਵਲ ਪੰਜਾਬ ਦੇ ਬਲਕਿ ਸਾਰੇ ਭਾਰਤਵਰਸ਼ ਵਿੱਚ ਫੈਲੇ ਸਿੱਖ ਭਰਾਵਾਂ ਨੂੰ ਗੁਰਬਾਨੀ ਦੇ ਅਧਾਰ ਤੇ ਵੱਖਵਾਦੀ ਮਾਨਸਿਕਤਾ ਵਿੱਚੋਂ ਕੱਢਣਾ ਅਤੇ ਉਹਨਾਂ ਵਿੱਚ ਸਹਿਜਧਾਰੀਆਂ ਨਾਲ ਖ਼ੂਨ ਦੇ ਰਿਸ਼ਤੇ ਦਾ ਭਰਾਤਰੀ ਭਾਵ ਜਗਾਉਣਾ ਹੀ ਸਿੱਖ ਸੰਗਤ ਦਾ ਕਾਰਜ ਹੈ।

# ਸੰਘ ਵਲੋਂ ਸਿੱਖ ਸੰਗਤ ਦੇ ਨਾਮ ਹੇਠ ਸਿੱਖ ਵਿਚਾਰਧਾਰਾ ਅਤੇ ਇਤਿਹਾਸ ਦਾ ਭਗਵਾਕਰਨ

ਪਿਛਲੇ ਸਮੇਂ ਤੋਂ ਕੱਟੜ ਹਿੰਦੂਵਾਦੀ ਸੰਗਠਨ ਰਾਸ਼ਟਰੀ ਸ੍ਵੈਯਮ-ਸੰਘ ਨੇ ਘੱਟ-ਗਿਣਤੀਆਂ ਖਿਲਾਫ਼ ਇਕ ਜ਼ੋਰਦਾਰ ਮੁਹਿੰਮ ਸ਼ੁਰੂ ਕਰਕੇ ਜਹਾਦ ਛੇੜਿਆ ਹੋਇਆ ਹੈ। ਆਪਣੇ ਖ਼ਤਰਨਾਕ ਮਨਸੂਬਿਆਂ ਨੂੰ ਸਿਰੇ ਚੜ੍ਹਾਉਣ ਲਈ ਘੱਟ-ਗਿਣਤੀਆਂ ਖਿਲਾਫ਼ ਹਿੰਸਾ (ਦੰਗਿਆਂ) ਦਾ ਹਥਿਆਰ 'ਬਾਖੂਬੀ' ਵਰਤਿਆ ਜਾ ਰਿਹਾ ਹੈ। ਭਾਵੇਂ ਬਾਬਰੀ ਮਸਜਿਦ ਢਾਹੁਣ ਦਾ ਘਾਤਕ ਕਾਰਨਾਮਾ ਹੋਵੇ, ਈਸਾਈ ਔਰਤਾਂ ਨਾਲ ਜਬਰ-ਜਿਨਾਹ ਅਤੇ ਬਲਾਤਕਾਰ ਦੀ ਘਟਨਾ ਹੋਵੇ ਤੇ ਭਾਵੇਂ ਉੜੀਸਾ ਦੇ ਈਸਾਈ ਪਾਦਰੀ ਅਤੇ ਉਸ ਦੇ ਬੱਚਿਆਂ ਦਾ ਬੇਰਹਿਮ ਕਤਲ ਹੋਵੇ, ਸੰਘ ਅਤੇ ਇਸ ਦੀਆਂ ਸਹਿਯੋਗੀ ਸ਼ਾਖਾਵਾਂ ਦੇ ਹੱਥ ਹੋਣ ਦੀ ਚਰਚਾ ਸਭ ਨੇ ਪੜ੍ਹੀ-ਸੁਣੀ ਹੋਵੇਗੀ। ਬੇਸ਼ੱਕ ਸਰਕਾਰੀ ਅਦਾਰਿਆਂ ਅਤੇ ਰਾਜਨੀਤਕ ਸੱਤਾ 'ਤੇ ਬਿਰਾਜਮਾਨ ਭਗਵਾਂਧਾਰੀ ਬਹੁਰੂਪੀਏ ਇਸ ਨੂੰ ਭਾਰਤ ਦਾ ਆਦਰਨੀਯ ਸੰਗਠਨ ਆਖਦੇ ਹਨ ਪਰੰਤੂ ਇਸ ਫਿਰਕਾਪ੍ਰਸਤ ਜੁੰਡਲੀ ਦਾ ਨਿਸ਼ਾਨਾ ਬਹੁਧਰਮੀ, ਬਹੁਭਾਸ਼ਾਈ ਅਤੇ ਬਹੁਸਭਿਆਚਾਰਕ ਦੇਸ਼ ਨੂੰ ਕੇਵਲ ਤੇ ਕੇਵਲ ਭਗਵੇਂ ਰੰਗ ਦੀ ਰੰਗਤ ਦੇਣੀ ਹੈ। ਹਿੰਦੂ, ਹਿੰਦੀ, ਹਿੰਦੂਤਵ ਦਾ ਸੰਕਲਪ ਮਨ ਵਿਚ ਲੈ ਕੇ ਇਹ 'ਹਿੰਦੂ ਰਾਸ਼ਟਰ' ਦਾ ਸੁਪਨਾ ਵੇਖ ਰਹੇ ਹਨ।

ਜਿਥੇ ਕਿਤੇ ਵੀ ਇਸ ਦੀ ਸਹਿਯੋਗੀ ਰਾਜਸੀ ਸ਼ਾਖਾ ਸੱਤਾ 'ਤੇ ਬਿਰਾਜਮਾਨ ਹੈ, ਉਥੇ ਹਰ ਹੀਲਾ ਅਤੇ ਸਰਕਾਰੀ ਤਾਕਤ ਦੀ ਵਰਤੋਂ ਕਰਕੇ ਭਗਵੇਂਕਰਨ ਦੇ ਕਾਰਜ ਨੂੰ ਸਿਰੇ ਚੜ੍ਹਾਇਆ ਜਾ ਰਿਹਾ ਹੈ। ਕੁਝ ਪ੍ਰਾਂਤਾਂ ਵਿਚ ਤਾਂ ਦੂਸਰੇ ਘੱਟ-ਗਿਣਤੀ ਫਿਰਕਿਆਂ ਦੇ ਧਾਰਮਕ ਸਮਾਗਮਾਂ ਨੂੰ ਸਰਕਾਰੀ ਵਖਰੇਵੇਂ ਅਤੇ ਤਸ਼ੱਦਦ ਦਾ ਸ਼ਿਕਾਰ ਹੋਣਾ ਪੈਂਦਾ ਹੈ। ਅੰਤਰਰਾਸ਼ਟਰੀ ਮੁੱਦਿਆਂ ਜਿਵੇਂ ਆਰਥਕ ਨੀਤੀ, ਨਿੱਜੀਕਰਨ, ਵਿਦੇਸ਼ੀ ਨਿਵੇਸ਼, ਧਾਰਾ 370 (ਜੋ ਕਸ਼ਮੀਰ ਨੂੰ ਵਿਸ਼ੇਸ਼ ਅਧਿਕਾਰ ਦਿਵਾਉਂਦੀ ਹੈ, ਦਾ ਵਿਰੋਧ ਕੀਤਾ ਜਾਂਦਾ ਹੈ, ਕਿਉਂਕਿ ਸੰਘ ਦਾ ਵਿਚਾਰ ਹੈ ਕਿ ਖ਼ੁਦ-ਮੁਖ਼ਤਿਆਰੀ ਨਾਲ ਕਸ਼ਮੀਰ ਦੇ ਵੱਖ ਹੋਣ ਦਾ ਦਰਵਾਜ਼ਾ ਖੁੱਲ੍ਹਦਾ ਹੈ) ਨੂੰ ਹਿੰਦੂਵਾਦੀ ਐਨਕਾਂ ਲਗਾ ਕੇ, ਫ਼ਿਰਕਾਪ੍ਰਸਤ ਨਜ਼ਰੀਏ ਤੋਂ ਹੀ ਵੇਖਿਆ ਜਾਂਦਾ ਹੈ ਤੇ ਦੂਸਰੇ ਪਾਸੇ ਹੋਰ ਘੱਟ-ਗਿਣਤੀ ਹਿੰਦੁਸਤਾਨੀਆਂ ਨੂੰ ਚੇਤਾਵਨੀ ਵੀ ਦਿੱਤੀ ਜਾਂਦੀ ਹੈ।

**ਈਸਾਈ:**-ਸੇਵਾ ਕਾਰਜਾਂ ਦੇ ਪਰਦੇ ਹੇਠ ਧਰਮ ਪਰਿਵਰਤਨ ਦੀ ਪ੍ਰਕਿਰਿਆ ਬੰਦ ਕਰਨ ਤੇ ਵਿਦੇਸ਼ੀ ਈਸਾਈ ਮਿਸ਼ਨਰੀ ਵਾਪਸ ਜਾਣ।

**ਮੁਸਲਮਾਨ:**- ਮੁਸਲਮਾਨਾਂ ਲਈ ਆਖਰੀ ਰਾਹ ਇਹ ਹੀ ਹੈ ਕਿ ਉਹ ਬਾਬਰੀ ਮਸਜਿਦ ਦੇ

ਸਥਾਨ ਤੋਂ ਆਪਣਾ ਦਾਅਵਾ ਤਿਆਗ ਦੇਣ।

ਸਿੱਖ:-ਹਿੰਦੂ ਧਰਮ ਦਾ ਅਭਿੰਨ ਅੰਗ ਹਨ, ਜੋ ਇਸ ਨੂੰ ਪ੍ਰਵਾਨ ਨਹੀਂ ਕਰਦੇ, ਉਹ ਦੇਸ਼-ਧਰੋਹੀ ਤੇ ਅੱਤਵਾਦੀ ਹਨ।

ਦਰਅਸਲ ਸੰਘ ਦਾ ਹਰ ਮਨਸੂਬਾ ਦੇਸ਼ ਦੀਆਂ ਸਾਰੀਆਂ ਘੱਟ-ਗਿਣਤੀਆਂ ਪ੍ਰਤੀ ਬਹੁਤ ਹੀ ਘਾਤਕ ਹੈ। ਇਕ ਪਾਸੇ ਤਾਂ (ਕਾਗਜ਼ਾਂ ਵਿਚ) ਜ਼ਾਤ-ਪਾਤ ਤੋਂ ਰਹਿਤ ਪੂਰਨ ਸਭਿਅਕ ਸਮਾਜ ਦੀ ਸਿਰਜਣਾ ਦੇ ਖੋਖਲੇ ਦਾਅਵੇ ਕਰਦੀ ਹੈ ਤੇ ਦੂਸਰੇ ਪਾਸੇ (ਅਸਲੀਅਤ ਵਿਚ) ਦੇਸ਼ ਦੀਆਂ ਘੱਟ-ਗਿਣਤੀਆਂ ਨੂੰ ਜਾਂ ਤਾਂ ਖਤਮ ਕਰਨਾ ਚਾਹੁੰਦੀ ਹੈ ਜਾਂ ਆਪਣੀ ਆਗੋਸ਼ (ਬੁੱਕਲ) ਵਿਚ ਲੈ ਕੇ ਖਤਮ ਕਰਨਾ ਚਾਹੁੰਦੀ ਹੈ। ਬਿਨਾਂ ਸ਼ੱਕ ਕਿ ਸੰਘ ਦੇ ਸਾਰੇ ਮਨਸੂਬੇ ਇਕ ਹੀ ਤਰਜ਼ ਦੇ ਹੁੰਦੇ ਹਨ, ਪਰੰਤੂ ਸਿੱਖ ਪੰਥ 'ਤੇ ਇਨ੍ਹਾਂ ਦਾ ਹਮਲਾ ਬੌਧਿਕ ਪੱਧਰ 'ਤੇ ਵੀ ਹੈ ਅਤੇ ਇਕ ਖਾਸ ਕਾਰਜਵਿਧੀ ਨਾਲ ਘੁਸਪੈਠ ਵੀ ਹੈ। ਇਤਿਹਾਸ ਗਵਾਹ ਹੈ ਕਿ ਐਸੇ ਫ਼ਿਰਕਾਪ੍ਰਸਤ ਸੰਗਠਨ ਜਦੋਂ ਸਿੱਖਾਂ ਦੀ ਨਿਆਰੀ ਹੋਂਦ 'ਤੇ ਬੌਧਿਕ ਹਮਲੇ ਕਰਦੇ ਹਨ ਤਾਂ ਸਿੱਖ ਇਸ ਮਾਰੂ ਹਮਲੇ ਦੀ ਗਹਿਰੀ ਤੇ ਦੂਰਅੰਦੇਸ਼ ਮਾਰ ਨਾ ਸਮਝਦੇ ਹੋਏ ਇਸ ਦੇ ਮੋਹਰੇ ਬਣ ਜਾਂਦੇ ਹਨ ਤੇ ਫਿਰ ਝੂਰਦੇ ਰਹਿੰਦੇ ਹਨ, ਜਦੋਂ ਵਕਤ ਹੱਥੋਂ ਨਿਕਲ ਜਾਂਦਾ ਹੈ।

*ਵੋਹ ਵਕਤ ਭੀ ਦੇਖੇ ਹੈਂ ਤਾਰੀਖ ਕੀ ਰਾਹੋਂ ਨੇ,*
*ਲਮਹੋਂ ਨੇ ਖ਼ਤਾ ਕੀ, ਸਦੀਓਂ ਨੇ ਸਜ਼ਾ ਪਾਈ।*

ਇਹ ਕੌੜੀ ਹਕੀਕਤ ਸਾਡੇ ਸਾਹਮਣੇ ਹੈ ਕਿ ਸਿੱਖ ਕੌਮ ਹਥਿਆਰਬੰਦ ਹਮਲੇ ਦੇ ਟਾਕਰੇ ਲਈ ਤਾਂ ਬਹੁਤ ਜਲਦੀ ਤਿਆਰ ਹੋ ਜਾਂਦੀ ਹੈ ਪਰੰਤੂ ਬੌਧਿਕ ਹਮਲੇ ਦੀ ਮਾਰ ਅਤੇ ਰੂਪ-ਰੇਖਾ ਨੂੰ ਸਮਝਣ ਤੋਂ ਕਿਨਾਰਾਕਸ਼ੀ ਕਰ ਜਾਂਦੀ ਹੈ, ਜੋ ਕਿ ਅਸਲ ਵਿਚ ਪਹਿਲੇ ਤੋਂ ਵਧੇਰੇ ਖ਼ਤਰਨਾਕ ਹੁੰਦਾ ਹੈ। ਇਸ ਖ਼ਤਰਨਾਕ ਹਮਲੇ ਦਾ ਜੁਆਬ ਦੇਣ ਲਈ ਜਿਥੇ ਇਕਮੁੱਠ ਹੋ ਕੇ ਇਸ ਬਿਪਰਵਾਦੀ ਹੱਲੇ ਨੂੰ ਖਦੇੜਨਾ ਪਵੇਗਾ, ਉਥੇ ਉਨ੍ਹਾਂ ਖ਼ਤਰਨਾਕ ਨਕਾਬਪੋਸ਼ਾਂ ਨੂੰ ਵੀ ਨੰਗਿਆਂ ਕਰਨਾ ਪਵੇਗਾ, ਜਿਨ੍ਹਾਂ ਨੇ ਆਪਣੇ ਅੰਦਰ ਖ਼ਤਰਨਾਕ ਮਨਸੂਬੇ ਛੁਪਾਏ ਹੋਏ ਹਨ। ਅਜ਼ਾਦੀ ਤੋਂ ਬਾਅਦ ਸਿੱਖਾਂ ਲਈ ਇਹ ਕੌੜਾ ਤਜਰਬਾ ਹੈ ਕਿ ਮਿਆਨ ਭਾਵੇਂ ਤਿਰੰਗਾ ਹੋਵੇ ਜਾਂ ਭਗਵਾਂ, ਬਹੁਗਿਣਤੀ ਦੀ ਤਲਵਾਰ ਸਿੱਖਾਂ ਦੀ ਗਰਦਨ ਉੱਪਰ ਜ਼ਰੂਰ ਲਟਕਦੀ ਹੈ।

ਸਿੱਖ ਪੰਥ ਦੇ ਵੱਖਰੇ ਤੇ ਨਿਆਰੇ ਇਤਿਹਾਸ ਨੂੰ ਵੀ ਭਗਵਾਂਨੀਤੀ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਸੰਘ ਦੀ ਪ੍ਰਮੁੱਖ ਇਕਾਈ 'ਭਾਰਤੀ ਇਤਿਹਾਸ ਸੰਕਲਨ ਬੋਰਡ' ਜਿਥੇ ਇਸ ਦੇਸ਼ ਦੇ 5000 ਸਾਲਾ ਇਤਿਹਾਸ ਨੂੰ ਦੁਬਾਰਾ ਲਿਖ ਕੇ ਵੈਦਿਕ ਸੰਸਕ੍ਰਿਤੀ ਦੀ ਰੰਗਤ ਚੜ੍ਹਾ ਕੇ ਘੱਟ-ਗਿਣਤੀਆਂ ਦੇ ਇਤਿਹਾਸ ਨਾਲ ਖਿਲਵਾੜ ਕਰ ਰਹੀ ਹੈ, ਉਥੇ ਸੰਘ-ਪੱਖੀ ਤੇ ਪੰਥ-ਵਿਰੋਧੀ ਲੇਖਕ ਸਿੱਖ ਇਤਿਹਾਸ ਅਤੇ ਸਿੱਖਾਂ ਦੇ ਸੁਨਹਿਰੀ ਸਿਧਾਂਤਾਂ ਨੂੰ ਮਲੀਆਮੇਟ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਹੇ ਹਨ। ਪੰਥ-ਵਿਰੋਧੀ ਲੇਖਕਾਂ ਦੀਆਂ ਲਿਖਤਾਂ ਵਿਚ ਗਿਣਨਯੋਗ ਵਾਧਾ ਹੋਇਆ ਹੈ। ਸਾਹਿਤ ਅਤੇ ਬਾਲ ਸਾਹਿਤ ਖੇਤਰ ਵਿਚ ਇਸ ਦੀਆਂ ਕੁਝ ਮਿਸਾਲਾਂ ਕੁਝ ਪੁਸਤਕਾਂ

ਵਿਚੋਂ ਇਸ ਤਰ੍ਹਾਂ ਹਨ:

[1]'ਸੁਕੰਨਿਆ': ਗੁਰੂ ਨਾਨਕ ਨੇ ਮੁਸਲਮਾਨ ਫ਼ਕੀਰ ਨੂੰ ਗੁਰੂ ਧਾਰਨ ਕੀਤਾ।

[2]'ਹਮਾਰੀ ਦੁਨੀਆਂ ਹਮਾਰਾ ਸਮਾਜ' : ਮੁਸਲਮਾਨਾਂ ਦੇ ਕਰਮਕਾਂਡੀ ਜੀਵਨ ਨੂੰ ਤਿਆਗ ਕੇ ਗੁਰੂ ਨਾਨਕ ਨੇ ਹਿੰਦੂ ਧਰਮ ਧਾਰਨ ਕੀਤਾ।

'ਮੱਧ ਕਾਲੀਨ ਭਾਰਤ' : ਗੁਰੂ ਤੇਗ ਬਹਾਦਰ ਨੇ ਇਕ ਪਠਾਣ ਹਾਫ਼ਿਜ਼ ਆਦਾਮ ਨਾਲ ਮਿਲ ਕੇ ਪੂਰੇ ਪੰਜਾਬ ਪ੍ਰਾਂਤ ਵਿਚ ਲੁੱਟ ਮਚਾ ਰੱਖੀ ਸੀ..... ਗੁਰੂ (ਤੇਗ ਬਹਾਦਰ ਜੀ) ਨੂੰ ਫਾਂਸੀ ਉਸ ਦੇ ਆਪਣੇ ਪਰਿਵਾਰ ਦੀ ਸਾਜ਼ਿਸ਼ ਦਾ ਨਤੀਜਾ ਸੀ।

**'ਔਰੰਗਜ਼ੇਬ ਔਰ ਹਿੰਦੂਆਂ ਦੇ ਸਾਥ ਸੰਬੰਧ':** ਸ਼ਾਇਦ (ਗੁਰੂ ਗੋਬਿੰਦ ਸਿੰਘ ਜੀ) ਇਹ ਚਾਹੁੰਦਾ ਸੀ ਕਿ ਔਰੰਗਜ਼ੇਬ ਉਸ ਨੂੰ ਆਨੰਦਪੁਰ ਵਾਪਸ ਦਿਵਾ ਦੇਵੇ। ਔਰੰਗਜ਼ੇਬ ਦੇ ਮਰਨ ਉਪਰੰਤ ਬਹਾਦਰ ਸ਼ਾਹ ਨੇ ਗੋਬਿੰਦ ਸਿੰਘ ਨੂੰ ਆਪਣੀ ਸੇਵਾ ਵਿਚ ਰੱਖ ਲਿਆ।....ਬਿਨਾਂ ਸ਼ੱਕ ਔਰੰਗਜ਼ੇਬ ਮੁਗ਼ਲ-ਸਿੱਖ ਸੰਘਰਸ਼ ਦਾ ਦੋਸ਼ੀ ਨਹੀਂ ਸੀ ਅਤੇ ਨਾ ਹੀ ਉਸ ਨੇ ਗੁਰੂ ਤੇਗ ਬਹਾਦਰ ਸਾਹਿਬ ਦੀ ਹੱਤਿਆ ਕਰਵਾਈ ਸੀ।....ਗੁਰੂ ਗੋਬਿੰਦ ਸਿੰਘ ਨੇ ਇਕ ਅਜ਼ਾਦ ਰਾਜ ਦੀ ਕਲਪਨਾ ਕੀਤੀ। ਕੋਈ ਵੀ ਸਮਰਾਟ ਆਪਣੀ ਹੱਦ 'ਤੇ ਨਵੇਂ ਰਾਜ ਦੀ ਹੋਂਦ ਸਵੀਕਾਰ ਨਹੀਂ ਕਰ ਸਕਦਾ।....ਇਸ ਸਥਿਤੀ ਵਿਚ ਉਸਨੂੰ ਦੋਸ਼ੀ ਠਹਿਰਾਉਣਾ ਔਰੰਗਜ਼ੇਬ ਵਰਗੇ ਉਦਾਰ ਅਤੇ ਧਰਮ ਨਿਰਪੱਖ ਸ਼ਾਸਕ ਲਈ ਘੋਰ ਨਾ-ਇਨਸਾਫ਼ੀ ਹੋਵੇਗੀ।.....ਜੇਕਰ ਔਰੰਗਜ਼ੇਬ ਦੋਸ਼ੀ ਹੁੰਦਾ ਤਾਂ ਗੁਰੂ ਗੋਬਿੰਦ ਸਿੰਘ ਆਪਣੇ ਪੁੱਤਰਾਂ ਦੇ ਹਤਿਆਰੇ ਦੀ ਸੇਵਾ ਨਾ ਕਰਦਾ। ਦਰਅਸਲ ਮੁਗ਼ਲ-ਸਿੱਖ ਸੰਘਰਸ਼ ਦੇ ਕਾਰਨ ਸਨ :

(ੳ) ਸਿੱਖ ਗੁਰੂ ਨਾਨਕ ਦਾ ਮਾਰਗ ਛੱਡ ਕੇ ਸੈਨਿਕ ਸ਼ਕਤੀ ਵਿਚ ਯਕੀਨ ਰੱਖਣ ਲੱਗੇ।

(ਅ) ਸਿੱਖ ਗੁਰੂਆਂ ਨੇ ਵਿਦਰੋਹੀਆਂ ਨੂੰ ਆਸਰਾ ਪ੍ਰਦਾਨ ਕੀਤਾ ਅਤੇ ਰਾਜਨੀਤੀ ਵਿਚ ਪ੍ਰਮੁੱਖ ਭੂਮਿਕਾ ਨਿਭਾਉਣ ਲੱਗੇ ਤੇ ਵਿਦਰੋਹੀਆਂ ਦੀ ਸਹਾਇਤਾ ਨਾਲ ਵੱਡੇ ਪੈਮਾਨੇ 'ਤੇ ਲੁੱਟਮਾਰ ਕਰਵਾਉਣ ਲੱਗੇ।

(ੲ) ਸਿੱਖਾਂ ਦੀਆਂ ਅੱਤਵਾਦੀ ਕਾਰਵਾਈਆਂ ਤੋਂ ਤੰਗ ਆ ਕੇ ਔਰੰਗਜ਼ੇਬ ਨੇ ਦਮਨਕਾਰੀ ਨੀਤੀ ਅਪਣਾਈ।

(ਸ) ਮੁੱਖ ਕਾਰਨ (ਮੁਗ਼ਲ ਸਿੱਖ ਸੰਘਰਸ਼) ਸਿੱਖਾਂ ਦੀ ਬਦਲਦੀ ਹੋਈ ਮਨੋਬਿਰਤੀ ਸੀ।

(ਸਫ਼ਾ 103, 104, 105)

...ਅੰਤ ਗੁਰੂ (ਤੇਗ ਬਹਾਦਰ ਜੀ) ਨੇ ਇਕ ਤਾਵੀਜ਼ ਬੰਨ੍ਹਿਆ ਤੇ ਗਰਦਨ 'ਤੇ ਤਲਵਾਰ ਚਲਾਉਣ ਲਈ ਕਿਹਾ, ਤਲਵਾਰ ਚਲਾਈ ਗਈ ਤੇ ਗੁਰੂ ਮਰ ਗਿਆ। (ਸਫ਼ਾ 102)

'ਮੱਧ ਕਾਲੀਨ ਭਾਰਤ': ਗੁਰੂ ਮੁਗ਼ਲ ਸ਼ਕਤੀ ਦਾ ਬਹੁਤ ਲੰਮਾ ਸਮਾਂ ਮੁਕਾਬਲਾ ਨਾ ਕਰ ਸਕਿਆ ਅਤੇ ਇਕ ਵੱਖਰਾ ਸਿੱਖ ਰਾਜ ਕਾਇਮ ਕਰਨ ਵਿਚ ਸਫਲ ਨਾ ਹੋਇਆ। (ਸਫ਼ਾ 330)

ਇਲਾਹਾਬਾਦ ਯੂਨੀਵਰਸਿਟੀ ਦੀ ਲੇਖਿਕਾ ਰੀਤਾ ਜੋਸ਼ੀ ਲਿਖਦੀ ਹੈ:

''ਅਸਲ ਵਿਚ ਸਿੱਖ ਧਰਮ, ਧਰਮ ਨਹੀਂ ਬਲਕਿ ਇਕ ਸੰਪਰਦਾ ਸੀ ਜੋ ਹਿੰਦੂ ਧਰਮ ਦੇ ਆਧਾਰਭੂਤ ਸਿਧਾਂਤਾਂ ਅਨੁਸਾਰ ਸੀ। ....ਕੈਸੀ ਵਿਡੰਬਨਾ ਹੈ ਕਿ ਜਿਸ ਗੁਰੂ ਨੇ ਸਾਰਾ ਜੀਵਨ ਹਿੰਸਾ, ਰਾਜਨੀਤੀ ਤੇ ਗੈਰਮਨੁੱਖੀਅਤ ਦੇ ਖਿਲਾਫ਼ ਸੰਘਰਸ਼ ਕੀਤਾ ਉਸ ਦੇ ਉਤਰਾਧਿਕਾਰੀਆਂ ਨੇ ਹਿੰਸਾ, ਰਾਜਨੀਤੀ ਤੇ ਅਣਮਨੁੱਖੀ ਵਤੀਰੇ ਨੂੰ ਆਪਣਾ ਅਸਤਰ ਬਣਾ ਲਿਆ.....ਗੁਰੂ ਨਾਨਕ ਤੋਂ ਬਾਅਦ ਗੁਰੂ ਅਧਿਆਤਮਿਕ ਸੰਸਾਰ ਨੂੰ ਛੱਡ ਕੇ ਲੋਕਾਚਾਰੀ ਵਿਚ ਆ ਗਏ, ਰਾਜਨੀਤਕ ਹੋ ਗਏ ਤੇ ਧਾਰਮਕ ਟੈਕਸ ਵਸੂਲਣ ਲੱਗੇ''। (ਸਫਾ 101, ਔਰੰਗਜ਼ੇਬ ਔਰ ਹਿੰਦੂਓਂ ਕੇ ਸਾਥ ਸੰਬੰਧ)

ਉਪਰੋਕਤ ਕੁਝ ਟੂਕ ਮਾਤਰ ਹਵਾਲੇ ਅਜਿਹੀਆਂ ਪੰਥ ਵਿਰੋਧੀ ਸੋਚ ਰੱਖਣ ਵਾਲੇ ਅਖੌਤੀ ਵਿਦਵਾਨਾਂ ਦੀਆਂ ਪੁਸਤਕਾਂ ਵਿਚੋਂ ਹਨ ਜੋ ਸਿੱਖਾਂ ਦੇ ਸੁਨਹਿਰੀ ਇਤਿਹਾਸ ਤੇ ਸਿੱਖੀ ਸਿਧਾਂਤਾਂ ਨੂੰ ਖੋਰਾ ਲਾਉਣ ਲਈ ਜਤਨਸ਼ੀਲ ਹਨ, ਜੋ ਸ਼ਾਇਦ ਇਹ ਗੱਲ ਭੁੱਲ ਚੁਕੇ ਹਨ ਕਿ ਜੇਕਰ ਗੁਰੂ ਸਾਹਿਬ ਐਸੀਆਂ ਮਹਾਨ ਕੁਰਬਾਨੀਆਂ ਨਾ ਕਰਦੇ ਤਾਂ ਸ਼ਾਇਦ ਅੱਜ ਇਸ ਦੇਸ਼ ਦੀ ਸੰਸਕ੍ਰਿਤੀ, ਆਕਾਰ ਆਦਿ ਕੁਝ ਹੋਰ ਹੀ ਹੁੰਦਾ। 'ਨਾ ਰਹਿੰਦਾ ਬਾਂਸ ਤੇ ਨਾ ਵੱਜਦੀ ਬੰਸਰੀ।'

ਸਿੱਖਾਂ ਵਿਚ ਸਿੱਧੇ ਤੌਰ 'ਤੇ ਬਿਪਰਵਾਦੀ ਘੁਸਪੈਠ ਕਰਨ ਲਈ ਆਰ.ਐੱਸ. ਐੱਸ. ਵੱਲੋਂ 23 ਨਵੰਬਰ 1986 ਨੂੰ ਅੰਮ੍ਰਿਤਸਰ ਵਿਖੇ ਗੁਰੂ ਨਾਨਕ ਸਾਹਿਬ ਦੇ ਜਨਮ ਪੁਰਬ ਦੇ ਮੌਕੇ 'ਰਾਸ਼ਟਰੀ ਸਿੱਖ ਸੰਗਤ' ਨਾਮ ਦੀ ਜਥੇਬੰਦੀ ਖੜੀ ਕਰਕੇ ਸ਼ਮਸ਼ੇਰ ਸਿਹੁੰ ਨੂੰ ਇਸ ਦਾ ਮੁਖੀ ਥਾਪਿਆ ਗਿਆ। ਸੰਘ ਵੱਲੋਂ ਸਥਾਪਤ ਇਹ ਸਿੱਖ ਵਿਰੋਧੀ ਜਥੇਬੰਦੀ ਆਪਣੀ ਹੋਂਦ ਵਿਚ ਆਉਣ ਦਾ ਕਾਰਨ ਦੱਸਦੀ ਹੈ:

''ਪੰਜਾਬ ਵਿਚ ਵਾਪਰੇ ਨਿਰੰਕਾਰੀ ਕਾਂਡ 78, ਅਪ੍ਰੇਸ਼ਨ ਬਲਿਊ ਸਟਾਰ, ਇੰਦਰਾ ਗਾਂਧੀ ਦੇ ਕਤਲ, ਅੱਤਵਾਦ ਅਤੇ ਸਿੱਖ ਵਿਰੋਧੀ ਦੰਗਿਆਂ ਵਿਚ ਸਿੱਖਾਂ ਦੀ ਮਨੋਦਸ਼ਾ ਸਮਝਦਿਆਂ ਸਾਨੂੰ ਆਪਣਾ ਫਰਜ਼ ਪਹਿਚਾਣ ਕੇ ਅੱਗੇ ਆਉਣਾ ਚਾਹੀਦਾ ਹੈ।'' ਹੁਣ ਤਕ ਇਸ ਪੰਥ ਵਿਰੋਧੀ ਬਿਪਰਵਾਦੀ ਸੰਸਥਾ ਦੇ ਸੱਤ ਮੁੱਖ ਸਮਾਗਮ ਹੋ ਚੁਕੇ ਹਨ:

1. ਨਾਗਪੁਰ 1987
2. ਹਜ਼ੂਰ ਸਾਹਿਬ 1988
3. ਪਟਨਾ ਸਾਹਿਬ 1990
4. ਦਿੱਲੀ 1992
5. ਜੈਪੁਰ 1995
6. ਦਿੱਲੀ 1998-99
7. ਕਾਨਪੁਰ 2002

ਇਸ ਦੀਆਂ 18 ਸੂਬਾ ਕਮੇਟੀਆਂ ਹਨ ਅਤੇ 500 ਥਾਂਵਾਂ 'ਤੇ ਗਤੀਵਿਧੀਆਂ ਚੱਲ ਰਹੀਆਂ

ਹਨ। ਇਸ ਦੇ 20000 ਮੈਂਬਰ (1999 ਤਕ) ਹਨ ਅਤੇ 6 ਅਭਿਆਸ ਵਰਗ (Training Camp) ਲੱਗ ਚੁਕੇ ਹਨ।

'ਰਾਸ਼ਟਰੀ ਸਿੱਖ ਸੰਗਤ' ਦੇ ਮਨੋਰਥਾਂ ਦੇ ਪਰਦੇ ਹੇਠ ਇਕ ਅਤਿ-ਘਾਤਕ ਗੁਪਤ ਮਨੋਰਥ ਛੁਪਿਆ ਹੋਇਆ ਹੈ। 'ਰਾਸ਼ਟਰੀ ਸਿੱਖ ਸੰਗਤ' ਦਾ ਮੁੱਖ ਮਨੋਰਥ ਸਿੱਖ ਧਰਮ ਨੂੰ ਹਿੰਦੂਵਾਦੀ ਵਿਚਾਰਧਾਰਾ ਅਧੀਨ ਲਿਆਉਣਾ ਹੈ। ਇਸ ਵਿਚ ਸ਼ਾਮਲ ਸਿੱਖ ਕੁਝ ਤਾਂ ਵਿਚਾਰੇ ਅਣਭੋਲ ਹਨ, ਜੋ ਇਨ੍ਹਾਂ ਵੱਲੋਂ ਵਰਗਲਾਏ ਗਏ ਹਨ ਅਤੇ ਕੁਝ ਚਾਤਰ ਦਿਮਾਗ ਕੇਵਲ ਸੂਰਤ ਦੇ ਸਿੱਖ ਹਨ ਅਤੇ ਸੀਰਤ ਪੱਖੋਂ ਪੂਰੇ ਮੰਨੂਵਾਦੀ ਹਨ। ਅਜਿਹੇ ਚਾਤਰ ਦਿਮਾਗਾਂ ਦਾ ਅਸਲੀ ਮੰਤਵ ਕੁਝ ਹੋਰ ਹੈ (ਲਾਲਚ ਜਾਂ ਰਾਜਸੀ ਸੱਤਾ) ਨਾ ਕਿ ਪੰਥ-ਪ੍ਰਸਤੀ।

ਦਰਅਸਲ ਖ਼ਾਲਸਾ ਪ੍ਰਗਟ ਪ੍ਰਕਿਰਿਆ ਐਸਾ ਕ੍ਰਾਂਤੀਕਾਰੀ ਮੀਲ-ਪੱਥਰ ਹੈ, ਜੋ ਬਿਪਰਵਾਦੀਆਂ ਦੇ ਗਲੇ ਰਾਹੀਂ ਹਜ਼ਮ ਨਹੀਂ ਹੁੰਦਾ ਤੇ ਨਿਆਰੀ ਵਿਲੱਖਣ ਹਸਤੀ ਦਾ ਆਲੰਬਰਦਾਰ ਖ਼ਾਲਸਾ ਇਨ੍ਹਾਂ ਦੀਆਂ ਅੱਖਾਂ ਵਿਚ ਰੜਕਦਾ ਹੈ। ਅੱਡਰੀ ਹਸਤੀ ਦੀ ਗੱਲ ਕਰਨ ਵਾਲੇ ਸਿੱਖ ਅਜਿਹੇ ਭਗਵਾਂਧਾਰੀਆਂ ਦੀਆਂ ਨਜ਼ਰਾਂ ਵਿਚ ਅੱਤਵਾਦੀ, ਆਤੰਕੀ ਤੇ ਦੇਸ਼-ਧਰੋਹੀ ਹਨ। ਇਹ ਬਿਪਰਵਾਦੀ ਕੇਵਲ ਖ਼ਾਲਸਾ ਪੰਥ ਵਿਚ ਹਿੰਦੂ ਧਰਮ ਦੀ ਤਲਵਾਰ ਜਾਂ ਸੈਨਿਕ ਸੰਗਠਨ ਵਜੋਂ ਵੇਖਣਾ ਹੀ ਪਸੰਦ ਕਰਦੇ ਹਨ।

ਸਿੱਖ ਵਿਚ ਪੈਦਾ ਹੋਏ ਡੇਰਾਵਾਦ, ਸੰਤ ਸਮਾਜ ਨੇ ਜਿਥੇ ਅਜਿਹੀਆਂ ਪੰਥ ਵਿਰੋਧੀ ਜਥੇਬੰਦੀਆਂ ਨੂੰ ਫਲਣ-ਫੂਲਣ ਲਈ ਮਦਦ ਕੀਤੀ, ਉਥੇ ਸਿੱਖਾਂ ਦੀ ਰਾਜਸੀ ਉੱਥਲ-ਪੁੱਥਲ ਨੇ ਵੀ ਅਜਿਹੀਆਂ ਫਿਰਕਾਪ੍ਰਸਤ ਜਥੇਬੰਦੀਆਂ ਨੂੰ ਢੁਕਵਾਂ ਵਾਤਾਵਰਨ ਤਿਆਰ ਕਰਕੇ ਦਿੱਤਾ। 'ਰਾਸ਼ਟਰੀ ਸਿੱਖ ਸੰਗਤ' ਵੱਲੋਂ ਪ੍ਰਕਾਸ਼ਤ ਮਾਸਕ ਪੱਤਰ, ਕਿਤਾਬਚਿਆਂ ਦੀ ਜੇਕਰ ਡੂੰਘੇਰੀ ਘੋਖ ਕੀਤੀ ਜਾਵੇ ਤਾਂ ਆਪਣੇ ਘਟੀਆ ਮਨਸੂਬਿਆਂ ਰਾਹੀਂ ਰਾਸ਼ਟਰੀ ਸਿੱਖ ਸੰਗਤ ਜਿਸ ਪ੍ਰੋਗਰਾਮ ਨੂੰ ਸਿਰੇ ਚੜ੍ਹਾਉਣਾ ਚਾਹੁੰਦੀ ਹੈ, ਉਸ ਵਿਚ ਸਿੱਖ ਸਿਧਾਂਤਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਜਾਂਦਾ ਹੈ। ਮਸਲਨ-

1. ਸਿੱਖ ਹਿੰਦੂ ਸਮਾਜ ਦੀ ਨਾ ਵੰਡੀ ਜਾਣ ਵਾਲੀ ਇਕਾਈ ਹੈ।
2. ਹਿੰਦੂ ਕਲਪ ਬ੍ਰਿਛ ਦਾ ਅੰਮ੍ਰਿਤ ਫਲ ਹੈ 'ਖ਼ਾਲਸਾ ਪੰਥ'।
3. ਗੁਰਬਾਣੀ ਐਸੀ ਗਿਆਨ ਗੰਗਾ ਹੈ, ਜੋ ਵੇਦਾਂ ਦੀ ਗੰਗੋਤਰੀ ਵਿਚੋਂ ਫੁੱਟਦੀ ਹੈ।
4. ਸਿੱਖ ਤੇ ਖ਼ਾਲਸਾ ਪੰਥ ਦੀ ਸਥਾਪਨਾ ਦੇਸ਼ ਅਤੇ ਹਿੰਦੂ ਧਰਮ ਦੀ ਰੱਖਿਆ ਲਈ ਹੋਈ ਸੀ।
5. 'ਜਪੁਜੀ' 'ਗੀਤਾ ਦਾ ਸਾਰ' ਹੈ।
6. 1857 ਦੇ ਗ਼ਦਰ ਦੀ ਅਸਫਲਤਾ ਦਾ ਕਾਰਨ ਸਿੱਖ ਸਿਪਾਹੀ ਸਨ।
7. ਬੰਦਾ ਸਿੰਘ ਬਹਾਦਰ ਨੂੰ 'ਬੀਰ ਬੈਰਾਗੀ' ਲਿਖਣਾ।

8. ਸਿੱਖ ਗੁਰੂ ਸਾਹਿਬਾਨ ਨੂੰ ਗਊ-ਪੂਜਕ ਪ੍ਰਚਾਰਨਾ।
9. ਇਨ੍ਹਾਂ ਦੀਆਂ ਲਿਖਤਾਂ ਵਿਚ ਭਾਈ ਵੀਰ ਸਿੰਘ ਅਤੇ ਕਾਨ੍ਹ ਸਿੰਘ 'ਨਾਭਾ ਆਦਿ ਦੀ ਵਿਰੋਧਤਾ ਕੀਤੀ ਜਾਂਦੀ ਹੈ।
10. ਕਿਤਾਬਚਿਆਂ ਵਿਚ ਸਿੱਖ ਵਿਰੋਧੀ ਲੇਖਕਾਂ, ਮੈਕਲੌਡ, ਐਰਨਸਟ ਟਰੰਪ ਆਦਿ ਦੇ ਹਵਾਲਿਆਂ ਦੀ ਵਰਤੋਂ ਕੀਤੀ ਜਾਂਦੀ ਹੈ।
11. ਗੁਰੂ ਸਾਹਿਬ ਨੂੰ ਵੈਦਿਕ ਸੰਸਕਾਰਾਂ ਦੇ ਧਾਰਨੀ ਦਰਸਾਇਆ ਜਾਂਦਾ ਹੈ।
12. ਗੁਰੂ ਗੋਬਿੰਦ ਸਿੰਘ ਜੀ ਦੇਵੀ-ਪੂਜਕ ਸਨ।
13. ਰਘੂਵੰਸ਼ ਨਾਲ ਸੰਬੰਧਤ ਹੋਣ ਕਰਕੇ, ਗੁਰੂ ਸਾਹਿਬ ਰਾਮ ਦੇ ਉਪਾਸ਼ਕ ਸਨ।
14. ਸਿੱਖ, ਲਵ-ਕੁਸ਼ ਦੇ ਵੰਸ਼ਜ ਹਨ।
15. ਬਾਬਾ (ਗੁਰੂ) ਰਾਮ ਸਿੰਘ ਨਾਮਧਾਰੀ ਸਿੱਖਾਂ ਦੇ 12ਵੇਂ ਗੁਰੂ।
16. ਸਿੱਖ ਇਤਿਹਾਸ ਅਤੇ ਸਿਧਾਂਤ ਵਿਰੋਧੀ ਪੋਸਟਰਾਂ ਦੀ ਛਪਾਈ।
17. ਸਿੱਖ-ਹਿੰਦੂ ਧਰਮ ਦਾ ਅਭਿੰਨ ਅੰਗ ਹੋਣ ਕਰਕੇ ਹੀ ਬਿਕ੍ਰਮੀ ਕੈਲੰਡਰ ਦੀ ਵਰਤੋਂ ਕਰਦੇ ਹਨ।
18. ਸਰਦਾਰ ਹਕੀਕਤ ਸਿੰਘ ਨੂੰ ਹਕੀਕਤ ਰਾਏ ਦੇ ਰੂਪ ਵਿੱਚ ਕੇਸ-ਰਹਿਤ ਪੇਸ਼ ਕਰਨਾ ਅਤੇ ਉਸਦੀ ਯਾਦ ਵਿੱਚ ਉਤਸਵ ਮਨਾਉਣੇ ਅਤੇ ਉਸ ਅਧੀਨ ਹੀ ਸਿੱਖਾਂ ਦੀ ਵੰਡ ਸਹਿਜਧਾਰੀਆਂ ਵਿੱਚ ਕਰਨੀ।
19. ਇਹ ਪ੍ਰਚਾਰਨਾ ਕਿ ਗੁਰੂ ਸਾਹਿਬਾਨ ਆਪਣੇ ਪਿਤਰ ਰਾਮ ਦੀ ਜਨਮ ਭੂਮੀ ਆਯੁਧਿਆ ਵਿਖੇ ਯਾਤਰਾ ਕਰਨ ਜਾਂਦੇ ਰਹੇ ਹਨ ਅਤੇ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਇਕ ਵਾਰ ਖ਼ਾਲਸਾ ਫ਼ੌਜ ਲੈ ਕੇ ਆਯੁਧਿਆ ਨੂੰ ਮੁਗਲਾਂ ਤੋਂ ਆਜ਼ਾਦ ਕਰਵਾਉਣ ਲਈ ਗਏ ਹਨ।
20. ਖ਼ਾਲਸਾ ਪ੍ਰਗਟ ਸਮੇ ਗੁਰੂ ਸਾਹਿਬ ਨੇ ਅਨੇਕਾਂ ਹਿੰਦੂ ਅਵਤਾਰਾਂ ਤੋਂ ਵੱਖ-ਵੱਖ ਕਕਾਰ, ਜੰਤ੍ਰ ਮੰਤ੍ਰ ਤੰਤ੍ਰ ਆਦਿ ਵਸਤਾਂ ਪ੍ਰਾਪਤ ਕੀਤੀਆਂ।
21. ੧ਓ ਅਤੇ ਓਁ ਦੇ ਸਮਅਰਥ ਅਤੇ ਇਸੇ ਹੀ ਗੁਰਮਤਿ ਵਿਰੋਧੀ ਸਿਧਾਂਤ ਦੇ ਪੋਸਟਰਾਂ ਦੀ ਛਪਵਾਈ।
22. ਭਾਈ ਮਤੀ ਦਾਸ ਜੀ ਨੂੰ ਸ੍ਰੀ ਗੁਰੂ ਮਤੀ ਦਾਸ ਸ਼ਰਮਾ ਲਿਖਣਾ ਅਤੇ ਉਨ੍ਹਾਂ ਦੀ ਸਿੱਖੀ ਸਰੂਪ ਦੇ ਉਲਟ ਤਸਵੀਰ ਪ੍ਰਕਾਸ਼ਿਤ ਕਰਨੀ।
24. ਮੰਦਰਾਂ ਵਿੱਚ ਗੁਰੂ ਸਾਹਿਬ ਦਾ ਪ੍ਰਕਾਸ਼ ਕਰਨ ਅਤੇ ਗੁਰਧਾਮਾਂ ਵਿੱਚ ਹਿੰਦੂ ਅਵਤਾਰਾਂ ਦੀਆਂ ਮੂਰਤੀਆਂ ਸਥਾਪਤ ਕਰਨ ਦੀਆਂ ਵਿਉਂਤਾਂ ਘੜਨੀਆਂ।
25. ਨਾਨਕਸ਼ਾਹੀ ਜੰਤਰੀ ਦੀ ਵਿਰੋਧਤਾ ਕਰਨੀ ਅਤੇ ਬਿਕ੍ਰਮੀ ਅਧਾਰਿਤ ਜੰਤਰੀ ਨੂੰ

ਪ੍ਰਵਾਨਿਤ ਮੰਨਣਾ।

26. ਸਿੱਖ ਇਤਿਹਾਸ ਦਾ ਹਿੰਦੂਵਾਦੀ ਦ੍ਰਿਸ਼ਟੀਕੋਣ ਤੋਂ ਭਗਵਾਂਕਰਨ ਕਰਨਾ।

ਸੋ ਇਨ੍ਹਾਂ ਦੀਆਂ ਕਿਤਾਬਾਂ ਅਤੇ ਹੋਰ ਸਮੱਗਰੀ ਵਿਚੋਂ ਜਿਹੜੇ ਤੱਥ ਪ੍ਰਕਾਸ਼ਮਾਨ ਹੁੰਦੇ ਹਨ, ਕੁਝ ਟੂਕ ਮਾਤਰ ਦਿੱਤੇ ਗਏ ਹਨ। ਮੂਲ ਰੂਪ ਵਿਚ ਰਾਸ਼ਟਰੀ ਸਿੱਖ ਸੰਗਤ ਨੇ ਖ਼ਾਲਸਾ ਪੰਥ ਦੀ ਵੱਖਰੀ ਹੋਂਦ ਨੂੰ ਵੰਗਾਰ ਦਿੱਤੀ ਹੈ ਅਤੇ ਲੰਬੇ ਮਨਸੂਬੇ ਅਧੀਨ ਵੱਖਰੀ ਨਿਆਰੀ ਹਸਤੀ ਲਈ ਜੂਝ ਰਹੇ ਸਿੱਖ ਪੰਥ ਦੀ ਧਾਰਮਕ ਪਛਾਣ ਉੱਪਰ ਖੁੱਲ੍ਹਮ-ਖੁੱਲ੍ਹਾ ਹਮਲਾ ਕੀਤਾ ਹੈ।

ਜਿਸ ਦਾ ਵਿਸਥਾਰ-ਸਹਿਤ ਜ਼ਿਕਰ ਅੱਗੇ ਕੀਤਾ ਗਿਆ ਹੈ।

❖❖❖

1. *ਸ਼ੁਕਨਿਆ ਪੰਨਾ : ਪ੍ਰਕਾਸ਼ਕ :*

2. *ਉਦਭਾਵਨਾ ਮੈਗਜ਼ੀਨ*

# ਕੀ ਅੰਮ੍ਰਿਤ ਸੰਸਕਾਰ ਸਮੇਂ ਗੁਰੂ ਜੀ ਨੇ ਜੰਤ੍ਰ ਮੰਤ੍ਰ ਤੰਤ੍ਰ ਦੀ ਵਰਤੋਂ ਕੀਤੀ ?

ਪੰਥ ਵਿਰੋਧੀ ਸੰਸਥਾ ਨੇ ਆਪਣੇ ਮੈਗਜ਼ੀਨ 'ਰਾਸ਼ਟਰ ਧਰਮ' ਵਿਚ 'ਜਬ ਦੇਵੀ ਪ੍ਰਗਟ ਹੂਈ' ਦੇ ਸਿਰਲੇਖ ਅਧੀਨ ਅੰਮ੍ਰਿਤ ਸੰਸਕਾਰ ਦਾ ਚਿੱਤਰਣ ਇਸ ਤਰ੍ਹਾਂ ਕੀਤਾ ਹੈ, "ਜਬ ਦੇਵੀ ਪ੍ਰਗਟ ਭਈ ਔਰ ਪਾਂਚ ਪਿਆਰੇ ਸਾਵਧਾਨ ਹੂਏ, ਤਬ ਸਭ ਦੇਵਤਾ ਆਏ। '੧ਓ ਸਤਿਨਾਮ' ਉਪਦੇਸ਼ ਮੰਤ੍ਰ ਸ੍ਰੀ ਗੁਰੂ ਨਾਨਕ ਜੀ ਸ਼ਕਤੀ ਨੇ ਦੀਆ, ਔਰ ਜੰਤ੍ਰ ਵਾਹਿਗੁਰੂ ਮੋਹਨ ਬਸੀਕਰਨ ਨੇ ਦੀਆ, ਤੰਤ੍ਰ ਜਲ ਅਮਰ ਵਰੁਣ ਨੇ ਚਿਤ ਦ੍ਰਿੜ੍ਹਤਾ ਵਾਸਤੇ ਦੀਆ, ਮਿਸ਼ਟਾਨ ਇੰਦ੍ਰ ਨੇ ਦੀਆ ਬੁਧੀ ਮੀਠੀ ਰਹਿਣ ਨਿਮਿਤ, ਲੋਹ ਪਾਤਰ ਯਮਰਾਜ ਅੰਮ੍ਰਿਤ ਪਾਵਣੇ ਨਿਮਿਤ ਦੀਆ, ਸਰਬ ਲੋਹ ਕੀ ਕਰਦ ਕਾਲ ਜੀ ਨੇ ਦਈ ਯੁੱਧ ਕੇ ਵਾਸਤੇ, ਕੇਸ ਚੰਡੀ ਜੀ ਨੇ ਦੀਏ, ਬਾਹਨੀ ਕੱਛ ਹਨੂ ਜੀ ਨੇ ਦਈ, ਜਪੁ ਜੀ ਮੁਕਤ ਕੋ ਪਾਠ ਦੀਆ, ਅਨੰਦ ਚਿਤ ਸ਼ਾਂਤ ਲੀਏ ਗੁਰੂ ਅਮਰ ਜੀ ਦੀਨਾ, ਚੋਪਈ ਸ੍ਵੈਯੇ ਸ੍ਰੀ ਮੁਖ ਦ੍ਰਿੜ ਚਿਤ ਜੁੱਧ ਨਿਮਿਤ। ਚਾਰ ਪਦਾਰਥ ਖੰਡੇ ਕੀ ਪਾਹੁਲ ਤੇ ਦੀਏ, ਸਿਖੋਂ ਕੋ ਸ਼ੱਕਰ ਵਿਸ਼ਨੂੰ ਜੀ ਦੀਨੀ, ਮੈਦਾ ਮਹਾਂਦੇਵ ਜੀ ਦੀਨਾ, ਘੀਵ ਬ੍ਰਹਮੇ ਨੇ ਦੀਆ, ਤ੍ਰਿਭਾਵ ਕਾ ਕੜਾਹ ਪ੍ਰਸ਼ਾਦਿ ਕੀਆ।"

ਇਸ ਰਸਾਲੇ ਵਿੱਚ ਉਪਰੋਕਤ ਸਾਰੀ ਕਪੋਲ ਕਲਪਨਾ ਦਾ ਆਧਾਰ ਭਾਈ ਦਯਾ ਸਿੰਘ ਰਚਿਤ ਰਹਿਤਨਾਮਾ ਦੱਸਿਆ ਹੈ, ਪਰੰਤੂ ਇਹ ਰਹਿਤਨਾਮੇ ਕਦੋਂ ਲਿਖੇ ਗਏ ਅਤੇ ਕਿਸ ਨੇ ਲਿਖੇ, ਇਹ ਸਾਰੀ ਵਿਥਿਆ ਸ਼ੱਕ ਦੇ ਘੇਰੇ ਵਿੱਚ ਹੈ, ਅਤੇ ਡੂੰਘੇਰੀ ਖੋਜ ਪੜਤਾਲ ਦੀ ਮੁਥਾਜ ਹੈ। ਰਚਨਾਵਾਂ ਅਤੇ ਖਰੜਿਆਂ ਦੀ ਲਿਖਤ ਅਤੇ ਜੁਗਤ ਤੋਂ ਤਾਂ ਇਹ ਗੱਲ ਸਾਫ਼ ਜ਼ਾਹਿਰ ਹੈ ਕਿ ਕੋਈ ਵੀ ਰਹਿਤਨਾਮਾ ਗੁਰੂ ਗੋਬਿੰਦ ਸਿੰਘ ਜੀ ਦੀ ਲਿਖਤ ਨਹੀਂ ਹੈ, ਨਾ ਹੀ ਕਿਸੇ ਨਾਲ ਮੁਖਵਾਕ ਪਾਤਸ਼ਾਹੀ 10 ਹੈ ਔਰ ਨਾ ਹੀ ਦਸਮ ਗ੍ਰੰਥ ਵਿੱਚ ਮਿਲਦਾ ਹੈ।

### *ਪ੍ਰੋ: ਪਿਆਰਾ ਸਿੰਘ 'ਪਦਮ' ਲਿਖਦੇ ਹਨ:*[2]

"ਮਾਲੂਮ ਹੁੰਦਾ ਹੈ ਕਿ ਅਠਾਰਵੀਂ ਸਦੀ ਵਿੱਚ ਇਨ੍ਹਾਂ ਦੀ ਰਚਨਾ ਹੋਈ ਤੇ ਲਿਖਣ ਵਾਲੇ ਬੁਧੀਮਾਨ ਸਿੱਖ ਸਨ, ਪ੍ਰੰਤੂ ਇਨ੍ਹਾਂ ਰਚਨਾਵਾਂ ਨੂੰ ਪ੍ਰਮਾਣੀਕ ਬਣਾਉਣ ਲਈ ਇਨ੍ਹਾਂ ਦਾ ਸੰਬੰਧ ਗੁਰੂ ਸਾਹਿਬ ਦੇ ਨਿਕਟਵਰਤੀ ਸਿੱਖਾਂ ਨਾਲ ਜੋੜਿਆ ਗਿਆ।"

ਜੋ ਵੇਰਵਾ, ਵਿਸਥਾਰ ਅਤੇ ਸ਼ੈਲੀ ਹੁਣ ਸਾਡੇ ਪਾਸ ਮੌਜੂਦ ਹੈ ਜਾਂ ਮਿਲਦੀ ਹੈ, ਉਸ ਤੋਂ

ਇਉਂ ਪ੍ਰਤੀਤ ਹੁੰਦਾ ਹੈ ਕਿ ਰਹਿਤਨਾਮਿਆਂ ਦਾ ਹੁਣ ਵਾਲਾ ਸਰੂਪ ਅਠਾਰ੍ਹਵੀਂ ਸਦੀ ਵਿੱਚ ਹੀ ਤਿਆਰ ਹੋਇਆ।

## ਪ੍ਰੋ: ਪਿਆਰਾ ਸਿੰਘ 'ਪਦਮ' ਦਾ ਵਿਚਾਰ ਹੈ :

"ਭਾਈ ਦੇਸਾ ਸਿੰਘ ਦਾ ਰਹਿਤਨਾਮਾ ਜ਼ਰੂਰ ਆਪਣਾ ਹੈ, ਬਾਕੀਆਂ ਬਾਰੇ ਨਿਸ਼ਚੇ ਨਾਲ ਕੁਝ ਕਹਿਣਾ ਔਖਾ ਹੈ।"

(ਜ਼ਿਕਰ ਯੋਗ ਹੈ ਕਿ ਬੇਸ਼ਕ ਪ੍ਰੋ: ਪਿਆਰਾ ਸਿੰਘ 'ਪਦਮ' ਜੀ ਨੇ ਦੇਸਾ ਸਿੰਘ ਦੇ ਰਹਿਤਨਾਮੇ ਉਸ ਦੇ ਹੋਣ ਦੀ ਪੁਸ਼ਟੀ ਕੀਤੀ ਹੈ ਪਰ ਉਸ ਵਿੱਚ ਵੀ ਕੁਝ ਐਸੇ ਅੰਸ਼ ਹਨ ਜੋ ਗੁਰਮਤਿ ਅਨੁਸਾਰੀ ਨਹੀਂ ਹਨ)

ਕੁਝ ਰਹਿਤਨਾਮਿਆਂ ਵਿੱਚ ਕੁਝ ਕੁ ਗੱਲਾਂ ਅਜਿਹੀਆਂ ਅੰਕਤ ਹਨ, ਜੋ ਗੁਰਮਤਿ ਅਨੁਸਾਰੀ ਨਹੀਂ ਹਨ। ਇੰਝ ਲਗਦਾ ਹੈ ਲੇਖਕ ਬ੍ਰਾਹਮਣਵਾਦੀ ਵਿਚਾਰਧਾਰਾ ਦੇ ਮਾਲਕ ਹੋਣਗੇ, ਇਸ ਕਰਕੇ ਹੀ ਤੁਰਕਾਂ (ਮੁਸਲਮਾਨਾਂ) ਆਦਿ ਦੀ ਜਗ੍ਹਾ-ਜਗ੍ਹਾ ਨਿੰਦਾ ਕੀਤੀ ਗਈ ਹੈ, ਦੀਰਘਾਲੂ ਸ਼ਬਦਾਵਲੀ ਵਰਤੀ ਗਈ ਹੈ, ਦੂਸਰੇ ਪਾਸੇ ਬ੍ਰਾਹਮਣ ਜੀ ਦੇ ਉਪਰ ਭਰਪੂਰ ਕ੍ਰਿਪਾ-ਦ੍ਰਿਸ਼ਟੀ ਦਰਸਾਈ ਹੈ।

ਭਾਈ ਦਯਾ ਸਿੰਘ (ਪੰਜ ਪਿਆਰਿਆਂ ਵਿਚੋਂ) ਜੀ ਦੁਆਰਾ ਲਿਖਤ ਜਿਸ ਰਹਿਤਨਾਮੇ ਦਾ ਜ਼ਿਕਰ ਸਿੱਖ ਧਰਮ ਨੂੰ ਹਿੰਦੂ ਧਰਮ ਦਾ ਅੰਗ ਸਾਬਤ ਕਰਨ ਲਈ ਅਤੇ ਅੰਮ੍ਰਿਤ ਸੰਸਕਾਰ ਨੂੰ ਬਿਪਰਵਾਦੀ ਦੇਵਤਿਆਂ ਸਦਕਾ ਸੰਪੂਰਨ ਹੋਇਆ ਸਿੱਧ ਕਰਨ ਲਈ, ਬਿਪਰਵਾਦੀ ਵਿਚਾਰਧਾਰਾ ਦੇ ਲੇਖਕਾਂ ਵਲੋਂ 'ਰਾਸ਼ਟਰ ਧਰਮ' ਨਾਮਕ ਮੈਗਜ਼ੀਨ ਵਿੱਚ ਕੀਤਾ ਗਿਆ ਹੈ, ਕਦਾਚਿਤ ਵੀ ਭਾਈ ਦਯਾ ਸਿੰਘ ਜੀ ਦੀ ਲਿਖਤ ਨਹੀਂ ਮੰਨੀ ਜਾ ਸਕਦੀ। ਕਿਉਂਕਿ ਭਾਈ ਦਯਾ ਸਿੰਘ ਜੀ ਤਾਂ 1765 ਬਿ: ਨੂੰ ਨੰਦੇੜ ਵਿਖੇ ਚਲਾਣਾ ਕਰ ਚੁੱਕੇ ਸਨ, ਪਰੰਤੂ ਭਾਈ ਦਯਾ ਸਿੰਘ ਜੀ ਦੇ ਨਾਮ ਨਾਲ ਜੋੜੇ ਜਾਂਦੇ ਇਸ ਰਹਿਤਨਾਮੇ ਵਿੱਚ ਕਈ ਐਸੀਆਂ ਗੱਲਾਂ ਦਰਜ ਹਨ ਜੋ ਸਿੱਖਾਂ ਵਿਚ ਕਾਫੀ ਸਮਾਂ ਬਾਅਦ ਵਿੱਚ ਪ੍ਰਚੱਲਿਤ ਹੋਈਆਂ, ਜਿਵੇਂ :

'ਅਗਰ ਸਿੰਘ ਪ੍ਰਿਥਮੇ ਔਰ ਦੁਆਰੇ ਜਾਇ ਜਗਨਨਾਥਿ ਆਦਿ,
*ਪਿਛੈ ਅਬਚਲ ਨਗਰ ਜਾਵੈ ਉਥੇ ਪੱਚੀਸ ਰੁਪਏ ਤਨਖਾਹ ਲਗਾਵੈ।*

ਇਥੇ ਜ਼ਿਕਰ-ਯੋਗ ਹੈ ਕਿ ਅਬਚਲ ਨਗਰ ਸ਼ਬਦ ਨੰਦੇੜ ਸਾਹਿਬ ਬਾਰੇ ਕਾਫੀ ਸਮਾਂ ਬਾਅਦ ਵਿੱਚ ਪ੍ਰਚੱਲਿਤ ਹੋਇਆ।

ਇਸ ਤਰ੍ਹਾਂ ਹੀ ਇਸ ਰਹਿਤਨਾਮੇ ਵਿੱਚ ਦਰਜ ਹੈ :

*ਜੋ ਮੁਕਤਸਰ ਨ੍ਹਾਵੈ ਤੋ ਮੁਕਤ ਹੋ।*

ਸੋ ਮੁਕਤਸਰ (ਮਾਘੀ ਦੇ ਸਮੇਂ) ਇਸ਼ਨਾਨ ਸਮੇਂ ਮੁਕਤੀ ਦਾ ਅੰਧਵਿਸ਼ਵਾਸ ਘੜਿਆ ਹੈ, ਉਹ ਵੀ ਅਠਾਰ੍ਹਵੀਂ ਸਦੀ ਦੇ ਅੰਤ ਸਮੇਂ ਤਕਰੀਬਨ ਪ੍ਰਚੱਲਿਤ ਹੋਇਆ ਹੈ ਔਰ ਵੈਸੇ ਵੀ ਗੁਰਮਤਿ ਕੇਵਲ ਤੀਰਥ ਇਸ਼ਨਾਨ ਨੂੰ ਮੁਕਤੀ ਨਹੀਂ ਮੰਨਦੀ, ਗੁਰਮਤਿ ਅਨੁਸਾਰ ਤਾਂ :

ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ॥
ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ॥ ੨॥ (ਪੰਨਾ ੪੮੪)

ਗੁਰੂ ਗੋਬਿੰਦ ਸਿੰਘ ਜੀ ਫੁਰਮਾਉਂਦੇ ਹਨ:

ਨ੍ਹਾਤ ਫਿਰਿਓ ਲੀਏ ਸਾਤ ਸਮੁੰਦ੍ਰਨ ਲੋਕ ਗਇਓ ਪਰਲੋਕ ਗਵਾਇਓ॥
(ਤ੍ਵ ਪ੍ਰਸਾਦਿ ਸਵੈਯੇ ਪਾਤ: ੧੦)

ਸੋ ਉਪਰੋਕਤ ਰਲੇਵਿਆਂ ਤੋਂ ਸਪੱਸ਼ਟ ਹੈ, ਕਿ ਵਧੇਰੇ ਕਰਕੇ ਰਹਿਤਨਾਮੇ ਗੁਰੂ ਸਾਹਿਬ ਦੇ ਨਿਕਟਵਰਤੀ ਸਿੱਖਾਂ ਦੀਆਂ ਲਿਖਤਾਂ ਨਹੀਂ ਹਨ, ਬਲਕਿ ਅਠਾਰਵੀਂ ਸਦੀ ਵਿੱਚ ਕੁਝ ਲਿਖਾਰੀਆਂ ਨੇ ਜਾਂ ਤਾਂ ਰਹਿਤਨਾਮਿਆਂ ਦੀ ਪ੍ਰਮਾਣਿਕਤਾ ਪ੍ਰਗਟ ਕਰਨ ਲਈ ਜਾਂ ਫਿਰ ਕੁਝ ਲਿਖਤਾਂ ਜੋ ਪਹਿਲਾਂ ਲਿਖੀਆਂ ਜਾ ਚੁੱਕੀਆਂ ਸਨ, ਵਿੱਚ ਗੁਰਮਤਿ ਵਿਰੋਧੀ ਰਲੇਵਾਂ ਪੈਦਾ ਕਰਨ ਲਈ, ਬਿਪਰਵਾਦੀ ਮਿਥਿਹਾਸਕ ਕਥਾਵਾਂ, ਅਤੇ ਕਰਮਕਾਂਡਾਂ ਦੀ ਘੁਸਪੈਠ ਕੀਤੀ।

ਸੋ ਸਾਡੇ ਪਾਸ ਗੁਰਬਾਣੀ ਰੂਪ ਐਸੀ ਕਸਵੱਟੀ ਹੈ ਕਿ ਅਸੀਂ ਕੱਚ ਅਤੇ ਸੱਚ ਦਾ ਨਿਬੇੜਾ ਕਰ ਸਕਦੇ ਹਾਂ। ਉਹੀ ਗੱਲ, ਸਾਖੀ ਜਾਂ ਪ੍ਰਮਾਣ ਮੰਨਣਯੋਗ ਹੈ, ਜੋ ਗੁਰਮਤਿ ਅਨੁਸਾਰ ਹੈ, ਜੋ ਗੁਰਬਾਣੀ ਵਿਰੋਧੀ ਧਾਰਨਾ ਦਾ ਪ੍ਰਗਟਾਵਾ ਕਰਦਾ ਹੈ ਉਸ ਨੂੰ ਸਤਿ ਕਰਕੇ ਜਾਨਣਾ ਅਵੱਗਿਆ ਹੈ। 'ਰਹਿਤਨਾਮੇ' ਦੇ ਸੰਪਾਦਕ ਪ੍ਰੋ: ਪਿਆਰਾ ਸਿੰਘ 'ਪਦਮ' ਇਸ ਬਾਬਤ ਭੂਮਿਕਾ ਵਿੱਚ ਹੀ ਲਿਖਦੇ ਹਨ:

"ਬਾਕੀ ਜੋ ਕਥਨ ਗੁਰਬਾਣੀ ਆਸ਼ੇ ਦੇ ਪ੍ਰਤਿਕੂਲ (ਅਨੁਸਾਰ ਨਹੀਂ) ਹੈ, ਉਸ ਨੂੰ ਕਿਸੇ ਰਹਿਤਨਾਮੇ ਵਿੱਚ ਲਿਖਿਆ ਹੈ ਤਾਂ ਜ਼ਰੂਰੀ ਨਹੀਂ ਕਿ ਸਿੱਖ ਉਸ ਨੂੰ ਪ੍ਰਵਾਨ ਕਰੇ।"

ਸਿੱਖ ਸੰਗਤ ਨਾਲ ਸੰਬੰਧਿਤ ਕੂਟਨੀਤਕ ਲਿਖਾਰੀਆਂ ਨੇ ਬੜੀ ਚਾਤੁਰਬੁਧੀ ਨਾਲ ਅੰਮ੍ਰਿਤ ਸੰਸਕਾਰ, ਖ਼ਾਲਸਾ ਪ੍ਰਗਟ ਕਰਨ ਦੀ ਪਰਕ੍ਰਿਆ ਦਾ ਬ੍ਰਾਹਮਣੀਕਰਨ ਕੀਤਾ ਹੈ, ਔਰ ਇਨ੍ਹਾਂ ਵਲੋਂ ਅੰਮ੍ਰਿਤ ਸੰਸਕਾਰ ਸਮੇਂ ਕੀਤੀ ਬਿਪਰਵਾਦੀ ਘੁਸਪੈਠ ਦੀ ਕ੍ਰਮਵਾਰ ਵਿਚਾਰ ਅਤਿ ਜ਼ਰੂਰੀ ਹੈ। ਇਨ੍ਹਾਂ ਭਗਵਾਧਾਰੀ ਤੁਅੱਸਬੀ ਅਖੌਤੀ ਵਿਦਵਾਨਾਂ ਨੇ ਬੜੀ ਚਾਤੁਰਬੁਧੀ ਨਾਲ ਸਭ ਤੋਂ ਪਹਿਲਾਂ ਖ਼ਾਲਸਾ ਪ੍ਰਗਟ ਕਰਨ ਦੇ ਕੌਤਕ ਸਮੇਂ ਗੁਰਮਤਿ ਅਨੁਸਾਰ ਨਿਸ਼ੇਧ ਕਰਮ (ਜੰਤ੍ਰ ਮੰਤ੍ਰ ਤੰਤ੍ਰ) ਨੂੰ ਸ਼ਾਮਲ ਕੀਤਾ ਹੈ:

ਮੰਤਰ:- ੧ਓ ਸਤਿਨਾਮ ਉਪਦੇਸ਼ ਮੰਤਰ ਗੁਰੂ ਨਾਨਕ ਦੇਵ ਜੀ ਨੇ ਦੀਆ।

ਜੰਤ੍ਰ:- ਵਾਹਿਗੁਰੂ ਜੰਤ੍ਰ ਮੋਹਨ ਬਸੀਕਰਨ ਨੇ ਦੀਆ।

ਤੰਤ੍ਰ:- ਤੰਤ੍ਰ ਜਲ ਵਰੁਣ ਨੇ ਚਿੱਤ ਦ੍ਰਿੜਤਾ ਕੇ ਵਾਸਤੇ ਦੀਆ।

***ਮੰਤਰ (ਮੰਤ੍ਰ):***-ਸਭ ਤੋਂ ਪਹਿਲਾਂ ਮੰਤਰ ਸ਼ਬਦ ਤੇ ਵਿਚਾਰ ਕਰਦੇ ਹਾਂ। ਸਹੀ ਅਰਥਾਂ ਵਿੱਚ ਮੰਤ੍ਰ ਦਾ ਅਰਥ ਸਲਾਹ ਮਸ਼ਵਰਾ, ਅਥਵਾ ਜਾਪ ਕਰਨਾ ਹੈ, ਪਰੰਤੂ ਤਾਂਤ੍ਰਿਕਾਂ (ਜਾਦੂ ਟੂਣੇ ਕਰਨ ਵਾਲਿਆਂ ਨੇ) ਕਿਸੇ ਲਾਭ ਜਾਂ ਹਾਨੀ ਵਾਸਤੇ ਤਿਆਰ ਕੀਤੀ ਤੁਕਬੰਦੀ (ਕਦੀ ਵਾਰ

ਗੁਰਬਾਣੀ ਦਾ ਕੋਈ ਸ਼ਬਦ ਜਾਂ ਕਿਸੇ ਹੋਰ ਧਰਮ ਗ੍ਰੰਥ ਵਿਚੋਂ) ਦੇ ਬਾਰ-ਬਾਰ ਰਟਨ ਦਾ ਨਾਮਕਰਣ ਮੰਤਰ ਕੀਤਾ ਹੈ। ਤੰਤ੍ਰ ਸ਼ਾਸਤ੍ਰ ਦੇ ਅਨੁਸਾਰ ਕਿਸੇ ਦੇਵਤੇ ਨੂੰ ਰਿਝਾਉਣ ਲਈ ਜਾਂ ਕਾਰਜ ਸਿੱਧੀ ਲਈ ਜਪਣ ਯੋਗ ਸ਼ਬਦ ਹੀ ਮੰਤਰ ਹੈ। ਸੰਸਕ੍ਰਿਤ ਵਿੱਚ ਕੰਨ ਵਿੱਚ ਕੀਤੀ ਗੁਪਤ ਬਾਤ ਜਾਂ ਵਿਚਾਰ ਨੂੰ ਵੀ ਮੰਤ੍ਰ ਦਾ ਨਾਮ ਦਿੱਤਾ ਜਾਂਦਾ ਹੈ। ਤੰਤ੍ਰ ਸ਼ਾਸ਼ਤ੍ਰ ਅਨੁਸਾਰ, "ਮੰਤ੍ਰ ਸਿੱਧੀ ਵਾਸਤੇ ਜੋ ਕਰਮ ਕੀਤਾ ਜਾਵੇ, ਉਸ ਦਾ ਨਾਮ 'ਪੁਰਸ਼ਚਰਣ' ਹੈ, ਜਿਸ ਦੇ ਕਿ ਅੱਗੇ ਪੰਜ ਅੰਗ ਹਨ :

1. ਜਪ (ਵਿਸ਼ੇਸ਼ ਮੰਤਰ ਦਾ ਬਾਰ-ਬਾਰ ਰਟਨ)
2. ਹੋਮ (ਘੀ ਆਦਿਕ ਸਮੱਗਰੀ ਅਗਨ ਵਿੱਚ ਪਾ ਕੇ ਹਵਨ ਕਰਨਾ)
3. ਤਰਪਣ (ਪਿਤ੍ਰਾਂ ਦੀ ਤ੍ਰਿਪਤੀ ਲਈ ਮੰਤ੍ਰਪਾਠ ਕਰਕੇ ਜਲ ਅਰਪਣ ਕਰਨਾ)
4. ਅਭਿਖੇਕ (ਕੁਸ਼ਾ ਨਾਲ ਜਲ ਛਿੜਕਣ ਦੀ ਕ੍ਰਿਆ)
5. ਬ੍ਰਾਹਮਣ ਭੋਜਨ (ਯੱਗ ਉਪਰੰਤ ਭੋਜਨ ਕਰਾਉਣਾ)

ਅਜੋਕੇ ਸਮੇਂ ਤਾਂਤ੍ਰਿਕਾਂ ਵਲੋਂ ਕਾਰਜ ਸਿੱਧੀ, ਕਿਸੇ ਦੇ ਲਾਭ ਹਾਨ ਵਾਸਤੇ ਰਟਨ ਕਰਨ ਨੂੰ ਦਿੱਤੇ ਜਾਂਦੇ ਮਨਘੜਤ ਸ਼ਬਦਾਂ ਨੂੰ ਮੰਤ੍ਰ ਕਿਹਾ ਜਾਂਦਾ ਹੈ। ਤਾਂਤ੍ਰਿਕਾਂ ਵਿੱਚ ਵੀ ਧਰਮ ਅਧਾਰਿਤ ਤੁਅੱਸਬੀ ਜਨੂੰਨ ਹੈ। ਮਿਸਾਲ ਦੇ ਤੌਰ ਤੇ ਯਕੀਨ ਕੀਤਾ ਜਾਂਦਾ ਹੈ ਕਿ ਮੁਸਲਮਾਨੀ ਮੰਤ੍ਰਾਂ ਤੋਂ ਹਿੰਦੂਆਂ ਦੇ ਦੇਵੀ ਦੇਵਤੇ ਅਤੇ ਭੂਤ ਪ੍ਰੇਤ ਬਹੁਤ ਡਰਦੇ ਹਨ, ਐਸੀ ਕੋਈ ਸ਼ੈਅ ਨਹੀਂ ਜਿਹੜੀ ਮੁਸਲਮਾਨੀ ਮੰਤ੍ਰ ਤੋਂ ਨਾ ਡਰੇ।

ਇਸ ਗੋਰਖਧੰਦੇ (ਮੰਤ੍ਰ ਕ੍ਰਿਆ) ਉਪਰ ਟਿੱਪਣੀ ਕਰਦਾ ਅਨੰਤਰਾਮ ਦੂਬੇ [4](ਜੋ ਕਿ ਖੁਦ ਇਹ ਧੰਦਾ ਕਰਦਾ ਰਿਹਾ ਹੈ) ਲਿਖਦਾ ਹੈ, 'ਅਗਰ ਮੰਤ੍ਰ ਵਿੱਚ ਕਿਸੇ ਦੇ ਘਰ ਅੱਗ ਲਗਾਉਣ ਦੀ ਸ਼ਕਤੀ ਹੁੰਦੀ ਤਾਂ ਪਹਿਲਾਂ ਅੱਗ ਉਸ ਜ਼ਬਾਨ ਨੂੰ ਨਾ ਲੱਗਦੀ ਜੋ ਮੰਤ੍ਰਾਂ ਦਾ ਉਚਾਰਣ ਕਰ ਰਹੀ ਹੈ, ਲੋਕ ਕਹਿੰਦੇ ਹਨ ਕਿ ਫਲਾਣਾ ਮੰਤਰ ਪੜ੍ਹ ਲੈਣ ਨਾਲ ਹੀ ਦੁਸ਼ਮਣ ਦਾ ਨਾਸ਼ ਹੋ ਜਾਂਦਾ ਹੈ, ਮੈਨੂੰ ਕੋਈ ਤਾਂਤ੍ਰਿਕ ਮੰਤਰ ਨਾਲ ਦਾਣਾ ਚੁਗ ਰਹੀ ਮੁਰਗੀ ਹੀ ਮਾਰ ਕੇ ਦਿਖਾ ਦੇਵੇ। ਭਾਰਤ ਦਾ ਕੋਈ ਐਸਾ ਮਾਈ ਦਾ ਲਾਲ ਨਹੀਂ ਜੋ ਭਾਰਤ ਦੇਸ਼ ਦੇ ਦੁਸ਼ਮਣਾਂ ਨੂੰ ਹੀ ਖਤਮ ਕਰ ਸਕੇ।"

ਕੂਟਨੀਤਕ ਲਿਖਾਰੀ ਨੇ ਗੁਰੂ ਨਾਨਕ ਸਾਹਿਬ ਦੁਆਰਾ ਬਖਸ਼ਿਸ਼ ਮੂਲ ਮੰਤ੍ਰ ਅਤੇ ਗੁਰਮੰਤ੍ਰ ਨੂੰ ਤਾਂਤ੍ਰਿਕ ਮਤਿ ਦੇ ਕਾਰਜ ਸਿੱਧੀ ਮੰਤਰ ਰਟਨ ਨਾਲ ਜੋੜਨ ਦਾ ਯਤਨ ਕੀਤਾ ਹੈ। ਸਿੱਖ ਮਤਿ ਅਨੁਸਾਰ ਮੂਲ ਮੰਤ੍ਰ ਅਤੇ ਗੁਰਮੰਤ੍ਰ ਗੁਰ ਦੀਖਿਆ ਹੈ। ਅੰਮ੍ਰਿਤ ਸੰਸਕਾਰ ਸਮੇਂ ਜੋ ਗੁਰੂ ਮੰਤ੍ਰ ਅਤੇ ਮੂਲ ਮੰਤ੍ਰ ਬਖਸ਼ਿਆ ਜਾਂਦਾ ਹੈ ਉਹ ਗੁਰ ਦੀਖਿਆ ਹੈ, ਔਰ ਵਿਸ਼ੇਸ਼ਤਾ ਇਹ ਹੈ ਕਿ ਇਸ ਦਾ ਪ੍ਰਯੋਜਨ ਉਪਕਾਰ ਹੈ, ਕੋਈ ਮਾਇਕ ਦਕਸ਼ਨਾ ਨਹੀਂ ਲਈ ਜਾਂਦੀ, ਪਰੰਤੂ ਇਹ ਲਾਜ਼ਮੀ ਹੈ,

*ਬਿਨੁ ਗੁਰ ਦੀਖਿਆ ਕੈਸੇ ਗਿਆਨੁ॥* (ਭੈਰਉ ਮ: ੫, ਪੰਨਾ ੧੧੪੦)

ਗੁਰੂ ਦੀਖਿਆ ਦਾ ਕੋਈ ਮੁੱਲ ਨਹੀਂ :

*ਇਹੁ ਧਨੁ ਮੇਰੇ ਹਰਿ ਕੋ ਨਾਉ॥*

ਗਾਂਠਿ ਨ ਬਾਧਉ ਬੇਚਿ ਨ ਖਾਉ॥

(ਭੈਰਉ ਕਬੀਰ ਜੀਉ, ਪੰਨਾ ੧੧੫੮)

ਗੁਰਮੰਤ੍ਰ ਗੁਰਮਤਿ ਫਲਸਫ਼ੇ ਅਨੁਸਾਰ ਬਾਰੇ ਹੋਰ ਹਵਾਲੇ (ਗੁਰਬਾਣੀ ਅਤੇ ਰਚਨਾ ਭਾਈ ਗੁਰਦਾਸ ਅਧਾਰਿਤ) ਦਿੰਦੇ ਭਾਈ ਕਾਹਨ ਸਿੰਘ ਜੀ 'ਨਾਭਾ' 'ਗੁਰਮਤਿ ਮਾਰਤੰਡ ਪੰਨਾ 379 ਉਪਰ ਲਿਖਦੇ ਹਨ :

ਸਾਧੂ ਕੀ ਮਨ ਓਟ ਗਹੁ ਉਕਤਿ ਸਿਆਨਪ ਤਿਆਗੁ॥
ਗੁਰ ਦੀਖਿਆ ਜਿਹ ਮਨਿ ਬਸੈ ਨਾਨਕ ਮਸਤਕਿ ਭਾਗੁ॥ ੪੮॥

(ਗਉੜੀ ਬਾਵਨ ਅੱਖਰੀ ਮਹਲਾ ੫, ਪੰਨਾ ੨੬੦)

ਪੂਰੇ ਗੁਰ ਕੀ ਪੂਰੀ ਦੀਖਿਆ॥ ਜਿਸੁ ਮਨਿ ਬਸੈ ਤਿਸੁ ਸਾਚੁ ਪਰੀਖਿਆ॥

(ਗਉੜੀ ਸੁਖਮਨੀ ਮਹਲਾ ੫, ਪੰਨਾ ੨੯੩)

ਏ ਮਨ ਗੁਰ ਕੀ ਸਿਖ ਸੁਣਿ ਹਰਿ ਪਾਵਹਿ ਗੁਣੀ ਨਿਧਾਨੁ॥
ਹਰਿ ਸੁਖਦਾਤਾ ਮਨਿ ਵਸੈ ਹਉਮੈ ਜਾਇ ਗੁਮਾਨੁ॥

(ਮਹਲਾ ੩, ਵਾਰ ਗੂਜਰੀ ੧, ਪੰਨਾ ੫੧੧)

ਦੂਖੁ ਕਲੇਸੁ ਨ ਭਉ ਬਿਆਪੈ ਗੁਰ ਮੰਤ੍ਰੁ ਹਿਰਦੈ ਹੋਇ॥

(ਸਿਰੀਰਾਗ ਮਹਲਾ ੫, ਪੰਨਾ ੫੧)

ਪਾਪੜਿਆ ਪਛਾੜਿ ਬਾਣੁ ਸਚਾਵਾ ਸੰਨਿ੍ ਕੈ॥
ਗੁਰ ਮੰਤ੍ਰੜਾ ਚਿਤਾਰਿ ਨਾਨਕ ਦੁਖੁ ਨ ਥੀਵਈ॥ ੨॥

(ਮਹਲਾ ੫, ਵਾਰ ਗੂਜਰੀ ੨, ਪੰਨਾ ੫੨੧)

ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ॥ ੫॥

(ਮਾਰੂ ਮਹਲਾ ੧, ਸੋਲਹੇ, ਪੰਨਾ ੧੦੪੦)

ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥
ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥ ੩੩॥

(ਸਲੋਕ ਸਹਸਕ੍ਰਿਤੀ ਮ: ੫, ਪੰਨਾ ੧੩੫੬)

ਸਤਿਗੁਰੁ ਸਤਿ ਸਰੂਪੁ ਹੈ ਧਿਆਨ ਮੂਲੁ ਗੁਰ ਮੂਰਤਿ ਜਾਣੈ।

(ਭਾਈ ਗੁਰਦਾਸ ਜੀ, ਵਾਰ ੬/੧੯)

ਤਾਂਤ੍ਰਿਕ ਮਤਿ ਨਾਲ ਸੰਬੰਧਿਕ ਲੋਕਾਂ ਨੇ ਮੰਤ੍ਰ ਸ਼ਾਸਤ੍ਰਾਂ ਵਿੱਚ ਅਨੰਤ ਜਪੁ ਕਾਮਨਾ ਪੂਰਕ ਲਿਖੇ ਹਨ, ਇਨ੍ਹਾਂ ਦੇ ਭੇਦ ਇਸ ਤਰ੍ਹਾਂ ਹਨ:

**ਕਾਮਨਾ ਪੂਰਕ ਮੰਤ੍ਰ ਜਾਪ:**-ਕਾਰਜਸਿਧੀ ਵਾਸਤੇ ਕਿਸੇ ਵਿਸ਼ੇਸ਼ ਮੰਤ੍ਰ ਦਾ ਜਾਪ। ਕੁਝ ਸਿੱਖ ਅਗਿਆਨੀ ਵੀਰਾਂ ਨੇ ਜੋ ਗੁਰਮਤਿ ਫਲਸਫ਼ੇ ਦੇ ਜਾਣਕਾਰ ਨਹੀਂ ਹਨ ਇਸ ਦੀ ਨਕਲ ਕਰਕੇ, ਗੁਰਬਾਣੀ ਦੇ ਕੁਝ ਸ਼ਬਦ ਲੈ ਕੇ 'ਸ਼ਰਧਾਪੂਰਨਾ' ਗ੍ਰੰਥ ਲਿਖੇ ਹਨ, ਜੋ ਕਿ ਨਿਰੋਲ ਮਨਮਤਿ ਹੈ।

*ਸੰਪੁਟ:*-ਕਿਸੇ ਇਕ ਮੰਤ੍ਰ ਨੂੰ ਕਿਸੇ ਹੋਰ ਮੰਤਰ ਦਾ ਆਦਿ ਅੰਤ ਦੇ ਕੇ ਉਸ ਦਾ ਜਾਪ ਕਰਨਾ, ਉਦਾਹਰਨ ਵਜੋਂ :

ਓਮ-ਰਾਮ-ਓਮ

ਓਮ-ਸ਼ਾਮ-ਓਮ

ਉਪਰੋਕਤ ਤੁਕਾਂ ਵਿੱਚ ਰਾਮ ਅਤੇ ਸ਼ਾਮ ਸ਼ਬਦ ਨੂੰ ਓਮ ਦਾ ਸੰਪੁਟ ਦਿੱਤਾ ਗਿਆ ਹੈ। ਸਾਡੇ ਕਈ ਅਗਿਆਨੀ ਵੀਰ ਤਾਂ ਕਿਸੇ ਵਿਸ਼ੇਸ਼ ਗੁਰਬਾਣੀ ਸ਼ਬਦ ਦਾ ਸੰਪੁਟ ਲਗਾ ਕੇ ਪੂਰਾ-ਪੂਰਾ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦੇ ਹਨ, ਜੋ ਕਿ ਮਨਮਤਿ ਅਤੇ ਮੰਤ੍ਰ ਵਿਧੀ ਦੀ ਨਕਲ ਹੈ।

*ਅਨੁਲੋਮ:*-ਲਿਖੇ ਅਨੁਸਾਰ ਹੀ ਇਕ ਤੁੱਕ (ਮਨਘੜਤ ਜਾਂ ਕਿਸੇ ਗ੍ਰੰਥ ਵਿਚੋਂ) ਦਾ ਬਾਰ-ਬਾਰ ਸਿੱਧਾ ਹੀ ਰਟਨ ਕਰਦੇ ਰਹਿਣਾ, ਉਦਹਾਰਨ ਵਜੋਂ, ਰਾਮ ਦਿੱਲੀ ਜਾਵੇਗਾ।

*ਵਿਲੋਮ:*- ਇਹ ਅਨੁਲੋਮ ਦਾ ਉਲਟਕ੍ਰਮ ਹੁੰਦਾ ਹੈ ਇਸ ਵਿੱਚ ਵੀ ਰਟਨ ਤਾਂ ਇਕ ਮੰਤਰ ਦਾ ਹੀ ਕੀਤਾ ਜਾਂਦਾ ਹੈ ਪਰੰਤੂ ਆਦਿ ਅਨੁਲੋਮ ਦੇ ਅੰਤ ਤੋਂ ਸ਼ੁਰੂ ਹੁੰਦਾ ਹੈ, ਉਦਾਹਰਨ ਵਜੋਂ:

ਅਨੁਲੋਮ:-ਰਾਮ ਦਿੱਲੀ ਜਾਵੇਗਾ॥

ਵਿਲੋਮ:-ਜਾਵੇਗਾ ਦਿੱਲੀ ਰਾਮ॥

ਇਨ੍ਹਾਂ ਉਪਰੋਕਤ ਭੇਦਾਂ ਦੇ ਬਹੁਪ੍ਰਕਾਰੀ ਜਪਾਂ ਦੇ ਨਾਲ ਉਨ੍ਹਾਂ ਦੇ ਭਿੰਨ-ਭਿੰਨ ਫਲ ਵੀ ਮੰਤ੍ਰ ਗ੍ਰੰਥਾਂ ਵਿੱਚ ਵਰਣਿਤ ਕੀਤੇ ਹਨ, ਜਿਵੇਂ ਭੈਰਵ, ਕਾਲੀ, ਲੱਛਮੀ ਆਦਿਕ ਦੇਵੀ ਦੇਵਤਿਆਂ ਦੇ ਮੰਤ੍ਰ ਜਪ ਨਾਲ ਅਨੇਕਾਂ ਸ਼ਕਤੀਆਂ ਦੀ ਪ੍ਰਾਪਤੀ ਦਾ ਜ਼ਿਕਰ ਹੈ।

ਐਸੇ ਤੋਤਾ ਰੂਪੀ ਮੰਤ੍ਰ ਰਟਨਾਂ ਦਾ ਗੁਰਮਤਿ ਵਿਚਾਰਧਾਰਾ ਨੇ ਪੁਰਜ਼ੋਰ ਖੰਡਨ ਕੀਤਾ ਹੈ:

*ਜਿਨੀ ਨਾਮੁ ਵਿਸਾਰਿਆ ਕਿਆ ਜਪੁ ਜਾਪਹਿ ਹੋਰਿ॥*
*ਬਿਸਟਾ ਅੰਦਰਿ ਕੀਟ ਸੇ ਮੁਠੇ ਧੰਧੈ ਚੋਰਿ॥*

(ਸਾਰੰਗ ਮਹਲਾ ੩, ਪੰਨਾ ੧੨੪੭)

ਮੰਤ੍ਰ ਵਿਧੀਆਂ ਦੇ ਰਚਨਹਾਰਿਆਂ ਅਤੇ ਮੰਤ੍ਰ ਜਾਪਕਾਂ ਨੇ ਤਾਂ ਜੰਗਾਂ ਯੁੱਧਾਂ ਵਿੱਚ ਭੈਅ-ਰਹਿਤ ਹੋਣ, ਜਿੱਤਣ ਲਈ ਅਤੇ ਸ਼ਸ਼ਤ੍ਰ ਵਾਰ ਤੋਂ ਬਚਣ ਲਈ ਕਈ ਐਸੇ ਮੰਤ੍ਰ ਵੀ ਪ੍ਰਚੱਲਿਤ ਕੀਤੇ ਹੋਏ ਹਨ ਜੋ ਕਿ ਉਨ੍ਹਾਂ ਦੀ ਕਲਪਨਾ ਅਨੁਸਾਰ ਕਵਚ (ਸੰਜੋਅ) ਦਾ ਕਾਰਜ ਕਰਦੇ ਹਨ, ਅਤੇ ਮਨੁੱਖੀ ਸਰੀਰ ਦੁਆਲੇ ਇਹ ਕਵਚ ਲੋਹ ਕਿਲ੍ਹੇ ਦਾ ਕੰਮ ਕਰਦਾ ਹੈ। ਮੰਤ੍ਰ ਵਿਧੀ ਅਨੁਸਾਰ ਉਨ੍ਹਾਂ ਦੇ ਰਚੇ ਕਾਲਪਨਿਕ ਕਵਚ (ਲੋਹ-ਕਿਲ੍ਹੇ) ਸੰਜੋਆਂ ਵੀ ਵੱਖ-ਵੱਖ ਮੰਤ੍ਰਾਂ ਅਨੁਸਾਰ ਹਨ, ਜਿਵੇਂ :

1. ਦੁਰਗਾ ਕਵਚ, 2. ਭੈਰਵ ਕਵਚ

3. ਕਾਲ ਕਵਚ, 4. ਬ੍ਰਹਮ ਕਵਚ

ਗੁਰੂ ਜੀ ਨੇ ਐਸੇ ਕਰਮਕਾਂਡੀ ਮੰਤ੍ਰ ਰਟਨ ਰੱਖਿਆ ਕਵਚਾਂ ਦਾ ਨਿਸ਼ੇਧ ਕੀਤਾ ਹੈ :

*ਰਾਮ ਕਵਚੁ ਦਾਸ ਕਾ ਸੰਨਾਹੁ॥*
*ਦੂਤ ਦੁਸਟ ਤਿਸੁ ਪੋਹਤ ਨਾਹਿ॥*

(ਸ੍ਰੀ ਗੁਰੂ ਗ੍ਰੰਥ ਜੀ, ਪੰਨਾ ੮੬੮)

ਕਈ ਮੰਤ੍ਰ ਜਾਪਕ ਤਾਂ ਐਸਾ ਖਿਆਲ ਵੀ ਕਰਦੇ ਹਨ ਕਿ ਭੋਜ-ਪੱਤਰ ਉਪਰ ਦਿੱਤਾ ਮੰਤ੍ਰ ਵੀ ਸਰੀਰ ਦੀ ਜਾਂ ਸਾਧਕ ਦੀ ਰੱਖਿਆ ਕਰਦਾ ਹੈ, ਪਰੰਤੂ ਗੁਰਮਤਿ ਅਨੁਸਾਰ ਤਾਂ :

*ਰਾਖਾ ਏਕੁ ਹਮਾਰਾ ਸੁਆਮੀ॥ ਸਗਲ ਘਟਾ ਕਾ ਅੰਤਰਜਾਮੀ॥ ੧॥*

(ਭੈਰਉ ਮਹਲਾ ੫, ਪੰਨਾ ੧੧੩੬)

ਸੋ ਉਪਰੋਕਤ ਵਿਚਾਰ ਅਤੇ ਗੁਰਮਤਿ ਵਿਚਾਰਧਾਰਾ ਤੋਂ ਸਪੱਸ਼ਟ ਹੈ ਕਿ ਅੰਮ੍ਰਿਤ ਸੰਸਕਾਰ ਵੇਲੇ ਤੰਤਰ ਸ਼ਾਸਤ੍ਰ ਅਧਾਰਿਤ ਮੰਤ੍ਰ ਰਟਨ ਖ਼ਾਲਸੇ ਨੂੰ ਨਹੀਂ ਦਿੱਤਾ ਗਿਆ, ਸਗੋਂ ਗੁਰੂ ਮੰਤਰ ਰੂਪ ਵਿੱਚ 'ਵਾਹਿਗੁਰੂ' ਗੁਰਮੰਤ੍ਰ ਦਿੱਤਾ ਗਿਆ :

*ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ।*

(ਭਾਈ ਗੁਰਦਾਸ ਜੀ, ਵਾਰ ੧੩/੨)

ਖ਼ਾਲਸਾ ਪੰਥ ਨੂੰ ਸੰਸਾਰ ਮੰਚ ਉਪਰ ਪ੍ਰਗਟ ਕਰਦਿਆਂ, ਅੰਮ੍ਰਿਤ ਸੰਸਕਾਰ ਸਮੇਂ ਖ਼ਾਲਸਾ ਪੰਥ ਨੂੰ ਮੂਲ ਮੰਤ੍ਰ ਦਿੱਤਾ :

*ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥*

ਭਾਈ ਸਾਹਿਬ ਭਾਈ ਗੁਰਦਾਸ ਜੀ ਮੂਲ ਮੰਤ੍ਰ (ਗੁਰੂ ਦੀਖਿਆ ਰੂਪ) ਬਾਬਤ ਫਰਮਾਉਂਦੇ ਹਨ :

*ਸਤਿਗੁਰੁ ਸਤਿ ਸਰੂਪੁ ਹੈ ਧਿਆਨ ਮੂਲੁ ਗੁਰ ਮੂਰਤਿ ਜਾਣੈ।*
*ਸਤਿ ਨਾਮੁ ਕਰਤਾ ਪੁਰਖੁ ਮੂਲ ਮੰਤ੍ਰ ਸਿਮਰਣੁ ਪਰਵਾਣੈ।*
*ਚਰਣ ਕਵਲ ਮਕਰੰਦ ਰਸੁ ਪੂਜਾ ਮੂਲੁ ਪਿਰਮ ਰਸੁ ਮਾਣੈ।*
*ਸਬਦ ਸੁਰਤਿ ਲਿਵ ਸਾਧਸੰਗਿ ਗੁਰ ਕਿਰਪਾ ਤੇ ਅੰਦਰਿ ਆਣੈ।*

(ਭਾਈ ਗੁਰਦਾਸ ਜੀ, ਵਾਰ ੬/੧੯)

ਸੋ ਕੂਟਨੀਤੀ ਅਨੁਸਾਰ ਇਨ੍ਹਾਂ ਭਗਵਾਂਧਾਰੀਆਂ ਦੁਆਰਾ ਐਸੇ ਗੁਰਮਤਿ ਵਿਚਾਰਧਾਰਾ ਵਿਰੋਧੀ ਹਵਾਲੇ ਆਪਣੀਆਂ ਪ੍ਰਕਾਸ਼ਨਾਵਾਂ ਵਿੱਚ ਅੰਕਿਤ ਕਰਨੇ ਗੁਰ-ਸਿਧਾਂਤਾਂ ਅਤੇ ਸਿੱਖ ਮਰਿਆਦਾ ਅਤੇ ਸੰਸਕਾਰਾਂ ਦੀ ਘੋਰ ਉਲੰਘਣਾ ਹੈ। ਇਨ੍ਹਾਂ ਅਨੁਸਾਰ ਕਿ ਗੁਰੂ ਨਾਨਕ ਸਾਹਿਬ ਨੇ ਆਪ ਪ੍ਰਗਟ ਹੋ ਕੇ ਮੰਤ੍ਰ, ਅਤੇ ਗੁਰੂ ਅਮਰਦਾਸ ਜੀ ਨੇ ਮਨ ਦੀ ਸ਼ਾਂਤੀ ਹਿੱਤ ਅਨੰਦ ਸਾਹਿਬ ਬਖਸ਼ਿਸ਼ ਕੀਤਾ ਜੋ ਗੁਰਮਤਿ ਸਿਧਾਂਤਾਂ ਦੀ ਕਸਵੱਟੀ ਉਪਰ ਪੂਰਾ ਨਹੀਂ ਉਤਰਦਾ, ਅਨੇਕਾਂ ਸ਼ੰਕੇ ਪੈਦਾ ਕਰਦਾ ਹੈ :

- ਗੁਰੂ ਸਾਹਿਬ ਨੇ ਤਾਂ ਅੰਮ੍ਰਿਤ ਸੰਸਕਾਰ ਸਮੇਂ ੧ੴ ਸਤਿਨਾਮ ਨੂੰ ਗੁਰਮੰਤ੍ਰ ਰੂਪ ਬਖਸ਼ਿਸ਼ ਹੀ ਨਹੀਂ ਕੀਤਾ।
- ਅਨੰਦ ਸਾਹਿਬ ਤਾਂ ਦਸਵੇਂ ਜਾਮੇ ਵਿੱਚ ਵੀ (ਕਿਉਂਕਿ ਸਾਰੀ ਪਹਿਲਿਆਂ ਜਾਮਿਆਂ ਵਾਲੀ ਬਾਣੀ ਦੇ ਗਿਆਨ ਰਤਨ ਭੰਡਾਰ ਦੀ ਮਾਲਕ ਤਾਂ ਇਕੋ ਜੋਤਿ ਹੀ ਸੀ) ਅੰਤਰ ਪ੍ਰਕਾਸ਼ਮਾਨ ਸੀ, ਕਿਉਂਕਿ ਇਕ ਹੀ ਜੋਤਿ ਸਭ ਜਾਮਿਆਂ ਵਿੱਚ ਵਰਤ ਰਹੀ ਸੀ। ਫਿਰ ਤੀਸਰੇ ਜਾਮੇ ਨੂੰ ਦੇਹ ਸਰੂਪ ਵਿੱਚ ਪ੍ਰਗਟ ਹੋਣ ਦੀ ਜ਼ਰੂਰਤ ਕਿਉਂ?
- ਕੀ ਗੁਰੂ ਸਾਹਿਬ (ਪਹਿਲੇ ਅਤੇ ਤੀਸਰੇ ਜਾਮੇ) ਦਾ ਦਸਵੇਂ ਜਾਮੇ ਸਨਮੁੱਖ ਦੇਹ ਸਰੂਪ ਵਿੱਚ ਪ੍ਰਗਟ ਹੋਣਾ 'ਦਸ ਜਾਮੇ ਏਕ ਜੋਤਿ' ਸਿਧਾਂਤ ਦੀ ਉਲੰਘਣਾ ਨਹੀਂ, ਜਿਹਾ ਕਿ ਗੁਰੂ ਬਾਣੀ ਵਿੱਚ ਦਰਜ ਹੈ :

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੯੬੬)

ਭਾਈ ਨੰਦ ਲਾਲ ਜੀ ਬਿਆਨ ਕਰਦੇ ਹਨ :

ਹਮੁ ਗੁਰੂ ਗੋਬਿੰਦ ਸਿੰਘ ਹਮੁ ਨਾਨਕ ਅਸਤੁ॥
ਹਮਾ ਸ਼ਬਦਿ ਊ ਜ਼ੌਹਰੋ ਮਾਣਕ ਅਸਤੁ॥ (ਜੋਤਿ ਬਿਗਾਸ)

ਸੋ ਗੁਰੂ ਸਾਹਿਬ ਦੁਆਰਾ ਬਖਸ਼ਿਸ਼ ਕੀਤੇ ਹੋਏ ਮੂਲਮੰਤਰ ਅਤੇ ਗੁਰਮੰਤਰ ਨੂੰ ਯੰਤ੍ਰ, ਮੰਤਰ, ਤੰਤ੍ਰ ਆਦਿਕ ਮਤਾਂ ਨਾਲ ਜੋੜਨਾ ਗੁਰਮਤਿ ਦੀ ਘੋਰ ਅਵੱਗਿਆ ਹੈ।

ਜੰਤ੍ਰ (ਯੰਤ੍ਰ, ਜੰਤਰ):- ਮੂਲ ਰੂਪ ਵਿੱਚ ਯੰਤ੍ਰ (ਜੰਤ੍ਰ) ਦਾ ਅਰਥ ਹੁੰਦਾ ਹੈ ਕਲਾ (Machine), ਪਰੰਤੂ ਤਾਂਤ੍ਰਿਕ ਸ਼ਾਸ਼ਤਰ ਵਿੱਚ ਕਿਸੇ ਕਾਰਜ ਵਿਧੀ ਵਾਸਤੇ, ਲਾਭ ਜਾਂ ਕਿਸੇ ਦੀ ਹਾਨੀ ਵਾਸਤੇ ਜੋ ਲੇਖ ਜਾਂ ਵਿਸ਼ੇਸ਼ ਸ਼ਬਦ ਭੋਜ ਪੱਤਰਾਂ, ਜਾਂ ਕਾਗਜ਼ਾਂ ਉਪਰ ਲਿਖ ਕੇ ਤਾਵੀਜ਼ ਰੂਪ ਵਿੱਚ ਪਾਸ ਰੱਖਣ ਲਈ ਦਿੱਤਾ ਜਾਂਦਾ ਹੈ ਉਸਨੂੰ ਜੰਤ੍ਰ ਕਿਹਾ ਜਾਂਦਾ ਹੈ। ਜੰਤ੍ਰ ਵੀ ਅਨੇਕਾਂ ਪ੍ਰਕਾਰ ਦੇ ਕਲਪਿਤ ਕੀਤੇ ਹੋਏ ਹਨ ਅਤੇ ਅਨੇਕਾਂ ਪ੍ਰਕਾਰ ਦੀਆਂ ਹੀ ਵਿਧੀਆਂ ਹਨ, ਜੰਤ੍ਰਾਂ ਦੇ ਕੁਝ ਭੇਦ ਇਸ ਤਰ੍ਹਾਂ ਹਨ :

1. ਮਿਰਗੀ ਆਦਿ ਦਾ ਜੰਤਰ, (ਇਹ ਕਿਸੇ ਵੀ ਸਿਆਹੀ ਨਾਲ ਲਿਖ ਲਵੋ)
2. ਮਿੱਤਰ ਮਿਲਾਉਣ ਦਾ ਜੰਤਰ (ਪੋਸਤ ਦੀ ਕਲਮ ਨਾਲ ਲਿਖਣਾ)
3. ਭਗਵਤੀ ਜੰਤਰ (ਇਹ ਕੇਵਲ ਐਤਵਾਰ ਲਿਖਣਾ)
4. ਲੜਾਕੀ ਇਸਤਰੀ ਵਸੀਕਰਣ ਜੰਤਰ (ਇਹ ਉੱਲੂ ਦੇ ਖੂਨ ਨਾਲ ਲਿਖਣਾ)
5. ਸਿਰ ਦਰਦ ਜੰਤਰ (ਇਸ ਜੰਤਰ ਦੀ ਅੱਗ ਬਾਲ ਕੇ ਧੂਣੀ ਲੈਣੀ)
6. ਪੁਰਸ਼ ਵਸੀਕਰਣ ਜੰਤਰ (ਇਸ ਨੂੰ ਪਾਨ ਦੇ ਰਸ ਨਾਲ ਲਿਖਣਾ)

7. ਫ਼ਤਹਿ ਦਾ ਯੰਤਰ (ਭੋਜ ਪੱਤਰ ਉਪਰ ਲਿਖ ਕੇ ਡੌਲੇ (ਸੱਜੇ) ਤੇ ਬੰਨ੍ਹਣਾ)

8. ਸੱਪ ਭਜਾਊ ਜੰਤਰ (ਇਹ ਕਵਾਰਗੰਦਲ ਦੇ ਰਸ ਨਾਲ ਲਿਖਣਾ)

9. ਕਿਸੇ ਨੂੰ ਖਤਮ ਕਰਨ ਦਾ ਜੰਤਰ (ਪਿੱਪਲ ਦੇ ਪੱਤੇ ਉਪਰ ਲਿਖਣਾ)

ਸੋ ਉਪਰੋਕਤ ਤੋਂ ਇਲਾਵਾ ਯੰਤਰ ਲਿਖਣ ਦੇ ਹੋਰ ਵੀ ਅਨੇਕਾਂ ਭੇਦ ਹਨ, ਪਰੰਤੂ ਸਾਡਾ ਪ੍ਰਯੋਜਨ ਤਾਂ ਅੰਮ੍ਰਿਤ ਸੰਸਕਾਰ ਸਮੇਂ ਜੈਸੇ ਗੁਰਮਤਿ ਵਿਰੋਧੀ ਕਰਮ ਭਗਵਾਂਧਾਰੀਆਂ ਨੇ ਅੰਕਤ ਕੀਤੇ ਹਨ ਉਨ੍ਹਾਂ ਦਾ ਪਾਜ ਉਘੇੜਨਾ ਹੈ। ਇਹ ਭਗਵਾਂਧਾਰੀ 'ਜਬ ਦੇਵੀ ਪ੍ਰਗਟ ਹੁਈ' ਸਿਰਲੇਖ ਅਧੀਨ ਲਿਖਦੇ ਹਨ, 'ਜੰਤ੍ਰ ਵਾਹਿਗੁਰੂ ਮੋਹਨ ਬਸੀਕਰਣ ਨੇ ਦੀਆ' ਅਰਥਾਤ ਮੋਹਨ ਨੇ ਖ਼ਾਲਸੇ ਨੂੰ ਵਾਹਿਗੁਰੂ ਰੂਪੀ ਵਸੀਕਰਣ ਯੰਤ੍ਰ ਦਿੱਤਾ।' 'ਵਾਹਿਗੁਰੂ' ਜੰਤ੍ਰ ਨਹੀਂ ਹੈ ਬਲਕਿ ਗੁਰ ਮੰਤ੍ਰ ਹੈ, ਜਿਸ ਬਾਰੇ ਮੰਤ੍ਰ ਸਿਰਲੇਖ ਅਧੀਨ ਸਪੱਸ਼ਟ ਕੀਤਾ ਜਾ ਚੁਕਾ ਹੈ। ਹੁਣ ਵਿਚਾਰ ਕਰਨੀ ਬਣਦੀ ਹੈ ਕਿ ਮੋਹਨ ਕੌਣ ਹੈ ? ਜਿਸਨੇ ਗੁਰੂ ਸਾਹਿਬ ਨੂੰ ਵਸੀਕਰਣ ਜੰਤ੍ਰ ਦਿੱਤਾ ਅਤੇ ਵਸੀਕਰਣ ਯੰਤ੍ਰ ਕੀ ਹੈ ?

*ਮੋਹਨ (ਮੋਹਿਨੀ):*-ਇਸ ਦਾ ਭਾਵ ਹੈ ਮੋਹ ਲੈਣ ਵਾਲੀ, ਸੁਰਗ ਦੀ ਅਪੱਛਰਾ, ਮਾਯਾ, ਵਿਸ਼ਨੂੰ ਦਾ ਇਕ ਅਵਤਾਰ।

ਵਸੀਕਰਣ ਜੰਤ੍ਰ ਨਾਲ ਵਿਸ਼ਨੂੰ ਦੇ ਅਵਤਾਰ ਦਾ ਸੰਬੰਧ ਹੈ ਜੋ ਗਾਥਾ ਇਸ ਤਰ੍ਹਾਂ ਹੈ, ਖੀਰ ਸਮੁੰਦਰ ਰਿੜਕਣ ਉਪਰੰਤ ਜਦੋਂ ਅੰਮ੍ਰਿਤ ਦੀ ਵੰਡ ਨੂੰ ਲੈ ਕੇ ਦੇਵਤਿਆਂ ਅਤੇ ਦੈਂਤਾਂ ਵਿਚਕਾਰ ਝਗੜਾ ਹੋ ਗਿਆ ਤਾਂ ਵਿਸ਼ਨੂੰ ਨੇ ਦੇਵਤਿਆਂ ਦੀ ਮਦਦ ਕਰਨ ਵਾਸਤੇ ਅਤੇ ਦੈਂਤਾਂ ਨੂੰ ਮੋਹਣ ਲਈ ਸੁੰਦਰ ਸਰੂਪ ਇਸਤਰੀ ਦਾ ਰੂਪ ਧਾਰਿਆ ਅਤੇ ਸ਼ਰਾਬ ਪਿਲਾਈ। ਵਿਸ਼ਨੂੰ ਦੇ ਇਸ ਅਤਿ ਮੋਹਨੀ ਸਰੂਪ ਨੇ ਸਭ ਨੂੰ ਵਸੀਕਰਣ ਕਰ ਲਿਆ। ਵਿਸ਼ਨੂੰ ਦੇ ਇਸ ਇਸਤਰੀ ਰੂਪ ਅਤਿ ਸੁੰਦਰ ਸਰੂਪ ਨੂੰ ਮਿਥਿਹਾਸ ਘਾੜਿਆਂ ਨੇ ਵਿਸ਼ਨੂੰ ਦੇ ਚੌਵੀ ਅਵਤਾਰਾਂ ਵਿੱਚ ਵਰਨਣ ਕੀਤਾ ਹੈ। ਸੋ ਕੂਟਨੀਤਕਾਂ ਦੀ ਲਿਖਤ ਦਾ ਪ੍ਰਯੋਜਨ ਸਿਧਾਂਤ ਦਾ ਵਿਗਾੜ ਹੈ ਕਿ ਮੋਹਨ (ਮੋਹਿਨੀ ਰੂਪ ਵਿਸ਼ਨੂੰ) ਨੇ ਗੁਰੂ ਸਾਹਿਬ ਨੂੰ ਵਾਹਿਗੁਰੂ ਰੂਪ ਵਸੀਕਰਣ ਯੰਤਰ ਦਿੱਤਾ। ਅਗਲੀ ਵਿਚਾਰ ਹੈ ਕਿ ਵਸੀਕਰਣ ਯੰਤਰ ਕੀ ਹੈ ?

ਤਾਂਤ੍ਰਿਕ ਸ਼ਾਸ਼ਤਰੀਆਂ ਨੇ ਯੰਤਰ ਨੂੰ ਅਨੇਕਾਂ ਭੇਦਾਂ (ਕੁਲ ਪਿੱਛੇ ਦਿੱਤੇ ਜਾ ਚੁੱਕੇ ਹਨ) ਵਿਚ ਵੰਡਿਆ ਹੈ। ਵਿਸ਼ਨੂੰ ਦੇ ਸੁੰਦਰ ਸਰੂਪ ਮੋਹਨੀ ਦੇ ਪ੍ਰਭਾਵ ਤੋਂ ਇਨ੍ਹਾਂ ਨੇ ਇਸਤਰੀ ਵਸੀਕਰਣ ਯੰਤਰ ਦਾ ਨਾਮ ਵੀ ਮੋਹਿਨੀ ਵਸੀਕਰਣ ਯੰਤਰ ਰੱਖਿਆ ਹੈ। (ਯਾਦ ਰਹੇ ਮੁਸਲਮਾਨ ਅਤੇ ਹਿੰਦੂ ਦੋਹਾਂ ਧਰਮਾਂ ਦੇ ਤਾਂਤ੍ਰਿਕਾਂ ਪਾਸ ਇਹ ਕਲਪਿਤ ਮੰਤਰ ਅਹਿਮ ਸਥਾਨ ਰੱਖਦਾ ਹੈ, ਕਿਉਂਕਿ ਅਗਿਆਨੀਆਂ ਨੂੰ ਭਰਮਾਉਣ ਅਤੇ ਮਾਇਆ ਠੱਗਣ ਦਾ ਵਧੀਆ ਸਾਧਨ ਹੈ, ਪਰੰਤੂ ਇਬਾਰਤ, ਉਚਾਰਣ, ਅਤੇ ਬਣਤਰ ਅਲੱਗ-ਅਲੱਗ ਹੈ)।

ਮੋਹਿਨੀ ਵਸੀਕਰਣ ਯੰਤਰ ਦੇ ਨਾਲ ਮੰਤਰ (ਮੋਹਿਨੀ ਵਸੀਕਰਣ ਮੰਤਰ) [5]ਦਾ 41 ਵਾਰੀ 21 ਦਿਨ ਜਾਪ ਕਰਨ ਦੀ ਤਾਕੀਦ ਅਗਿਆਨੀਆਂ ਨੂੰ ਇਹ ਠੱਗ ਤਾਂਤ੍ਰਿਕ ਕਰਦੇ ਹਨ ਜੋ ਇਸ ਤਰ੍ਹਾਂ ਹੈ:

ਮੰਗਲ ਮੋਹਣੀ ਬ੍ਰਾਹਮਣੀ ਕੰਨਿਆ ਕੰਵਾਰੀ ਆਪ।
ਮੈਂ ਵੀ ਤੈਨੂੰ ਸਿਮਰਦਾ ਕਰ ਹਮਾਰਾ ਕਾਜ, ਰੱਖ ਹਮਾਰੀ ਲਾਜ।
ਜਹਾਂ ਕੋ ਭੇਜੂੰ ਵਹਾਂ ਕੋ ਜਾਓ ਮੇਰੀ ਭੇਜੀ ਜਾਓ, ਮੇਰੇ ਗੁਰੂ ਕੀ ਭੇਜੀ ਜਾਓ।
ਫਲਾਨੀ (ਇਥੇ ਨਾਮ ਵੀ ਵਰਤਦੇ ਹਨ) ਕੋ ਸੁਤੀ ਕੋ ਜਗਾ ਕੇ ਲਿਆਓ।
ਬੈਠੀ ਕੋ ਉਠਾ ਕੇ ਲਿਆਊ, ਹਾਜ਼ਰ ਕਰੋ, ਹਾਜ਼ਰ ਕਰੋ।
ਲੌਂਗ ਤੇ ਇਲੈਚੀ ਤੇ ਚੱਲੋ, ਫੂਲ ਪਾਨ ਤੇ ਚਲੋ।
ਜੇ ਹਾਜ਼ੁਰ ਨਾ ਕਰੇ ਤਾਂ ਨੂੰਨਾ ਚਮਾਰੀ ਦੇ ਕੁੰਡ ਵਿੱਚ ਡਿੱਗ ਕੇ ਮਰੇ।
ਦੁਹਾਈ ਖਵਾਜ਼ੇ ਖਿਜ਼ਰ, ਬਲੀ ਪਰੀ ਦੀ ਦੁਹਾਈ।

ਉਪਰੋਕਤ ਮੰਤਰ ਦੇ ਨਾਲ ਮੋਹਣੀ ਵਸੀਕਰਣ ਜੰਤਰ ਵੀ ਅਗਿਆਨੀਆਂ ਨੂੰ ਦੇ ਕੇ ਇਸ਼ਕ ਮਿਜ਼ਾਜੀ ਦੀ ਕਾਰਜ ਸਿੱਧੀ ਦਾ ਵਿਸ਼ਵਾਸ ਦਿਵਾਇਆ ਜਾਂਦਾ ਹੈ, ਕਿ ਇਸ ਨਿਮਨ ਲਿਖਤ ਜੰਤਰ ਨੂੰ ਪਾਨ ਦੇ ਰਸ ਨਾਲ ਲਿਖਣਾ ਹੈ, ਅਤੇ ਪਾਸ ਰੱਖਣਾ ਹੈ, ਇਸਤਰੀ ਪੁਰਸ਼ ਵੇਖ ਕੇ ਹੀ ਵੱਸ ਹੋ ਜਾਵੇਗੀ।

| | | | |
|---|---|---|---|
| ੨੩ | ੩੦ | ੨੬ | ੮ |
| ੨੭ | ੩ | ੨੬ | ੨੬ |
| ੨੯ | ੨੪ | ੯ | ੧ |
| ੪ | ੬ | ੨੪ | ੨੮ |

ਵਸੀਕਰਣ ਯੰਤਰ

ਇਸਲਾਮੀ ਤਾਂਤ੍ਰਿਕ ਆਪਣਾ ਵੱਖਰਾ ਵਸੀਕਰਣ ਜੰਤ੍ਰ ਇਸਤੇਮਾਲ ਕਰਦੇ ਹਨ, ਜਿਸ ਦਾ ਪ੍ਰਯੋਜਨ ਤਾਂ ਪਹਿਲੇ ਵਾਲਾ ਹੈ ਪ੍ਰੰਤੂ ਉਚਾਰਣ ਅਲੱਗ ਹੈ, ਉਹ ਇਸ ਤਰ੍ਹਾਂ ਹੈ:

ਬਿਸਮਿੱਲਾ ਹਜ਼ਰਤ ਬੀਵੀ ਫ਼ਾਤਿਮਾ, ਮਦਦ ਐਲੀ ਸ਼ੇਰ ਲਿਆਵੇ, ਇਸ ਨੂੰ ਘੇਰਨ ਵਾਸਤੇ ਹਸਨ ਹੁਸੈਨ ਦੇਰੂ ਸਾਡੇ ਵਲ ਫੇਰ, ਯਾ ਰਹੀਮਾ ਰਹਿਮ ਕਰ, ਯਾ ਕਰੀਮਾ ਕਰਮ ਕਰ, ਮੇਰੀ ਇਹਦੀ ਸੁਲ੍ਹਾ ਕਰ, ਪੰਜਾਂ ਪੀਰਾਂ ਨੂੰ ਜਦਦ ਕਰ।

ਉਪਰੋਕਤ ਵਸੀਕਰਣ ਮੰਤਰ ਦਾ ਜੰਤਰ ਅਲੱਗ ਹੈ ਅਤੇ ਵਿਧੀ ਨਿਮਨ ਲਿਖਤ ਹੈ:

ਵਿਧੀ:-6 ਮਾਲਾ ਜਾਪ ਕਰੇ 21 ਦਿਨ। ਇਕੀਵੇਂ ਦਿਨ ਕਣਕ ਦੇ ਦਾਣੇ ਭੁਨਾ ਕੇ ਗੁੜ ਪਾ ਕੇ ਵੰਡਣੇ।

ਜੋ ਇਹ ਪ੍ਰਚਲਿਤ ਮੋਹਿਨੀ ਵਸੀਕਰਣ ਯੰਤਰ ਹਨ ਜੋ ਸਾਡੇ ਦੇਸ਼ ਦੇ ਤਾਂਤ੍ਰਿਕ ਸ਼ਾਸਤ੍ਰ ਨਾਲ ਸੰਬੰਧਿਤ ਲੋਕ ਅਗਿਆਨੀ ਲੋਕਾਂ ਨੂੰ ਠੱਗਣ ਲਈ ਵਰਤਦੇ ਹਨ। ਕੂਟਨੀਤਕ ਬਿਪਰਵਾਦੀਆਂ ਨੇ

ਵਾਹਿਗੁਰੂ ਨੂੰ ਜੰਤਰ ਰੂਪ ਦਰਸਾ ਕੇ, ਮੋਹਨ (ਮੋਹਿਨੀ ਵਸੀਕਰਣ) ਦੁਆਰਾ ਅੰਮ੍ਰਿਤ ਸੰਸਕਾਰ ਸਮੇਂ ਦਸਮ ਪਿਤਾ ਨੂੰ 'ਬਖਸ਼ਿਸ਼' ਕਰਨ ਦਾ ਪਾਖੰਡ ਰੱਚਿਆ ਹੈ, ਗੁਰਮਤਿ ਸਿਧਾਂਤਾਂ ਦੀ ਘੋਰ ਅਵੱਗਿਆ ਹੈ, ਗੁਰੂ ਸਾਹਿਬ ਨੇ ਖ਼ਾਲਸੇ ਨੂੰ ਅੰਮ੍ਰਿਤ ਦੀ ਬਖਸ਼ਿਸ਼ ਕੀਤੀ ਹੈ, ਨਾ ਕਿ ਮੋਹਨੀ ਵਸੀਕਰਣ ਜੰਤਰਾਂ ਦੀ। ਵੈਸੇ ਵੀ ਐਸੇ ਮੋਹਨੀ ਮੰਤਰ ਅਗਿਆਨੀ ਲੋਕਾਂ ਨੂੰ ਭਰਮਾ ਕੇ ਭਰਮਜਾਲ ਵਿੱਚ ਫਸਾਉਣ ਵਾਲਿਆਂ ਲਈ ਤਾਂ ਲਾਹੇਵੰਦ ਹੋ ਸਕਦੇ ਹਨ ਪਰ ਉਸ ਖ਼ਾਲਸੇ ਵਾਸਤੇ ਨਹੀਂ ਜਿਸਦੀ ਪਹਿਲੀ ਸ਼ਰਤ ਹੀ ਭਰਮ ਤੋਂ ਰਹਿਤ ਹੋਣਾ ਹੈ:

*ਭਰਮ ਭੇਖ ਤੇ ਰਹੇ ਨਿਆਰਾ। ਸੋ ਖ਼ਾਲਸ ਸਤਿਗੁਰੂ ਹਮਾਰਾ।*

ਅਜਿਹੇ ਵਸੀਕਰਣ ਯੰਤਰ ਨਾਲ ਜਾਂ ਤਾਂ ਔਰਤਾਂ ਨੂੰ ਭਰਮਾਉਣ ਦੀ ਕਲਪਨਾ ਦਰਸਾਈ ਜਾਂਦੀ ਹੈ ਜਾਂ ਫਿਰ ਵੈਰੀ ਨੂੰ ਵਸੀਕਰਣ ਕਰਨ ਦੀਆਂ ਮਿਥਿਹਾਸਕ ਗਥਾਵਾਂ ਜੋ ਇਤਿਹਾਸਕ ਕਸਵੱਟੀ ਉਪਰ ਪੂਰੀਆਂ ਨਹੀਂ ਉਤਰਦੀਆਂ ਹਨ। ਇਹ ਕਰਮ ਖ਼ਾਲਸਾ ਜੀਵਨ ਜਾਚ ਦਾ ਅੰਗ ਨਹੀਂ ਹਨ, ਕਿਉਂਕਿ ਖ਼ਾਲਸੇ ਦਾ ਮੈਦਾਨ-ਏ-ਜੰਗ ਦਾ ਕਰਤਬ ਤਾਂ ਦੁਰਜਨ ਕੋ ਨਾਸ ਤੇ ਗਿਆਨ ਦਾ ਪ੍ਰਕਾਸ਼ ਹੈ, ਪਤਿ ਲਾਹ ਕੇ ਜਿਉਣਾ ਤੇ ਯੰਤ੍ਰ ਕ੍ਰਿਆਵਾਂ ਤੇ ਯਕੀਨ ਕਰਨਾ ਸਿੱਖ ਜੀਵਨ ਜਾਚ ਨਾਲ ਸੰਬੰਧ ਨਹੀ ਰੱਖਦੇ:

*ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥*

(ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੧੪੨)

ਪਰ ਇਸਤਰੀ ਵਸੀਕਰਣ ਯੰਤਰਾਂ ਨਾਲ ਤਾਂ ਸੰਬੰਧ ਖ਼ਾਲਸੇ ਵਾਸਤੇ ਬੱਜਰ ਕੁਰਹਿਤ ਦਾ ਅੰਗ ਹੈ, ਕਿਉਂਕਿ ਗੁਰਮਤਿ ਦਾ ਸੱਚ ਆਚਾਰ ਬਾਰੇ ਸਪੱਸ਼ਟ ਸਿਧਾਂਤ ਹੈ:

*ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥*

(ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੨੭੪)

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜਿਨ੍ਹਾਂ ਬਾਰੇ ਇਹ ਦਰਸਾਇਆ ਗਿਆ ਹੈ ਕਿ ਖ਼ਾਲਸਾ ਪ੍ਰਗਟ ਦੇ ਕੌਤਕ ਸਮੇਂ ਮੋਹਨ ਤੋਂ ਵਸੀਕਰਣ ਯੰਤਰ ਲਿਆ, ਅਤੇ ਖ਼ਾਲਸੇ ਨੂੰ ਬਖਸ਼ਿਸ਼ ਕੀਤਾ, ਆਪ ਐਸੇ ਜੰਤ੍ਰਾਂ ਨੂੰ ਨਖਿੱਧ ਕਰਮ ਦੱਸਦੇ ਹੋਏ ਲਿਖਦੇ ਹਨ:

*੧. ਬਿਨਾ ਸਰਨਿ ਤਾ ਕੀ ਨਹੀ ਔਰ ਓਟੰ॥*
*ਲਿਖੇ ਜੰਤ੍ਰ ਕੇਤੇ ਪੜੇ ਮੰਤ੍ਰ ਕੋਟੰ॥ ੭੭॥*

(ਬਚਿਤ੍ਰ ਨਾਟਕ)

*੨. ਨ ਜੰਤ੍ਰ ਮੈ ਨ ਤੰਤ੍ਰ ਮੈਂ ਨ ਮੰਤ੍ਰ ਬਸਿ ਆਵਈ॥*
*ਪੁਰਾਨ ਔ ਕੁਰਾਨ ਨੇਤਿ ਨੇਤਿ ਕੈ ਬਤਾਵਈ॥*

(ਅਕਾਲ ਉਸਤਤਿ)

*ਜੰਤ੍ਰ ਮੰਤ੍ਰ ਤੰਤ੍ਰ ਨ ਰਿਝਾਯਾ॥ ਭੇਖ ਕਰਤ ਕਿਨਹੂ ਨਹਿ ਪਾਯਾ॥*

(ਭੂਮਿਕਾ ੨੪ ਅਵਤਾਰ)

*ਤੰਤ੍ਰ:*-ਤੰਤ੍ਰ ਸ਼ਬਦ ਦੇ ਅਨੇਕਾਂ ਭੇਦ ਹਨ, ਕਰਤਾ ਮਹਾਨ ਕੋਸ਼ ਨੇ ਇਸ ਦੇ 20 ਦੇ ਕਰੀਬ ਭੇਦ ਦੱਸੇ ਹਨ। ਮੰਤ੍ਰ ਅਤੇ ਜੰਤ੍ਰ ਦੇ ਜਾਣਕਾਰਾਂ ਵਲੋਂ ਰਚੀਆਂ ਆਪਣੀਆਂ ਰਚਨਾਵਾਂ ਦਾ ਨਾਮ ਵੀ ਤੰਤ੍ਰ ਸ਼ਾਸਤਰ ਹੈ ਪਰੰਤੂ ਇਸ ਤਾਂਤ੍ਰਿਕ ਮਤਿ ਦੇ ਸੰਦਰਭ ਵਿੱਚ ਇਸ ਦਾ ਅਰਥ ਬੇਸ਼ਕ ਅਰਥ ਜਾਦੂ ਟੂਣਾ ਹੈ ਜੋ ਮੂਲ ਧਾਤੂ 'ਪਦਾਰਥਾਂ ਦੇ ਮਿਲਾਪ' ਤੋਂ ਨਿਕਲਿਆ ਹੈ। ਉਦਾਹਰਨ ਦੇ ਤੌਰ ਤੇ ਕੁਝ ਖਾਸ ਪਦਾਰਥਾਂ ਦਾ ਮਿਲਾਪ, ਕਿਸੇ ਖਾਸ ਕਾਰਜ ਸਿੱਧੀ ਵਾਸਤੇ ਕਰਕੇ ਕਿਸੇ ਜਗ੍ਹਾ ਸਥਾਪਤ ਕਰਨਾ ਹੀ ਤੰਤ੍ਰ ਕ੍ਰਿਆ (ਜਾਦੂ ਟੂਣਾ) ਹੈ। ਜਿਵੇਂ, ਲਾਲ ਕੱਪੜੇ ਵਿੱਚ ਹਲਦੀ, ਚਾਵਲ, ਦਾਲ ਤੇ ਲਾਲ ਧਾਗੇ ਦੀ ਵਰਤੋਂ।

ਅੰਮ੍ਰਿਤ ਸੰਸਕਾਰ ਦੇ ਕੌਤਕ ਦਾ ਚਿਤਰਣ ਕਰਦਿਆਂ ਇਨ੍ਹਾਂ ਦੰਭੀਆਂ ਵਲੋਂ ਇਹ ਦਰਸਾਇਆ ਗਿਆ ਹੈ ਕਿ ਤੰਤ੍ਰ ਜਲ ਵਰੁਣ ਦੇਵਤੇ ਨੇ ਚਿੱਤ ਦ੍ਰਿੜ੍ਹਤਾ ਵਾਸਤੇ ਦਿੱਤਾ। ਯਾਦ ਰਹੇ ਇਹ ਉਸ ਜਲ ਦੀ ਗੱਲ ਕੀਤੀ ਜਾ ਰਹੀ ਹੈ ਜੋ ਅੰਮ੍ਰਿਤ ਸੰਸਕਾਰ ਸਮੇਂ ਸਰਬ ਲੋਹ ਦੇ ਬਾਟੇ ਵਿੱਚ ਅੰਮ੍ਰਿਤ ਤਿਆਰੀ ਵਾਸਤੇ ਪਾਇਆ ਜਾਂਦਾ ਹੈ।

ਤੰਤ੍ਰ ਸ਼ਾਸ਼ਤਰ ਨੂੰ ਗੁਰਮਤਿ ਕਸਵੱਟੀ ਉਪਰ ਪਰਖਣ ਤੋਂ ਪਹਿਲਾਂ ਤੰਤ੍ਰ ਜਲ ਭੇਟਾ ਕਰਨ ਵਾਲੇ ਵਰੁਣ ਦੇਵਤਾ ਜੀ ਬਾਰੇ ਜਾਨਣਾ ਅਤਿ ਜ਼ਰੂਰੀ ਹੈ, ਕਿਉਂਕਿ ਜਿਸ ਵਰੁਣ ਨਾਮੀ ਦੇਵਤਾ ਜੀ ਨੇ ਤੰਤ੍ਰ ਜਲ ਰੂਪ ਵਿੱਚ ਖ਼ਾਲਸਾ ਜੀ ਨੂੰ ਚਿੱਤ ਦ੍ਰਿੜ੍ਹਤਾ ਦਿੱਤੀ, ਉਸ ਦੇਵਤੇ ਦੀ ਚਿੱਤ ਦ੍ਰਿੜ੍ਹਤਾ, ਅਤੇ ਜਲ ਨਾਲ ਪ੍ਰੇਮ ਮਹਾਂਰਿਸ਼ੀ ਬਾਲਮੀਕ ਜੀ ਨੇ ਰਾਮਾਇਣ ਦੇ ਉਤਰਖੰਡ ਵਿੱਚ ਦਿੱਤਾ ਹੈ, ਜੋ ਪਾਠਕਾਂ ਨਾਲ ਸਾਂਝਾ ਕਰਨਾ ਜ਼ਰੂਰੀ ਹੈ, ਇਹ ਮਿਥਿਹਾਸਕ ਕਥਾ ਰਾਮਾਇਣਾ (ਬਾਲਮੀਕੀ) ਵਿੱਚ ਰਾਮ, ਲਛਮਣ ਨੂੰ ਸੁਣਾਉਂਦੇ ਹਨ:

ਰਾਜਾ ਨਿਮੀ, ਰਾਜਾ ਇਕਸ਼ਵਾਕੂ ਦਾ ਪੁੱਤਰ ਸੀ, ਨਿਮੀ ਨੇ ਆਪਣੇ ਪਿਤਾ ਇਕਸ਼ਵਾਕੂ (ਪੁੱਤਰ ਮਨੂੰ) ਤੋਂ ਆਗਿਆ ਲੈ ਕੇ ਇਕ ਜੱਗ ਕਰਵਾਉਣਾ ਚਾਹਿਆ ਅਤੇ ਮਹਾਂਰਿਸ਼ੀ ਵਿਸ਼ਿਸ਼ਟ ਨੂੰ ਬੇਨਤੀ ਕੀਤੀ, ਪਰੰਤੂ ਵਿਸ਼ਿਸ਼ਟ ਨੇ ਕਿਹਾ ਕਿ ਮੈਂ ਪਹਿਲਾਂ ਇੰਦਰ ਦੇਵਤਾ ਵਾਸਤੇ ਜੱਗ ਕਰਨ ਜਾ ਰਿਹਾ ਹਾਂ, ਕਿਉਂਕਿ ਮੈਂ ਤੁਹਾਡੇ ਤੋਂ ਪਹਿਲਾਂ ਉਨ੍ਹਾਂ ਨੂੰ ਸਹਿਮਤੀ ਦੇ ਚੁੱਕਾ ਹਾਂ। ਇਹ ਕਹਿ ਕੇ ਵਿਸ਼ਿਸ਼ਟ ਤਾਂ ਇੰਦਰ ਪਾਸ ਚਲੇ ਗਏ ਅਤੇ ਪੰਜ ਹਜ਼ਾਰ ਜੱਗ ਲਗਾਤਾਰ ਚਲਦਾ ਰਿਹਾ ਤੇ ਦੂਸਰੇ ਪਾਸੇ ਰਾਜੇ ਨਿਮੀ ਨੇ ਰਿਸ਼ੀ ਗੌਤਮ ਪਾਸੋਂ ਆਪਣਾ ਜੱਗ ਸੰਪੂਰਨ ਕਰਵਾ ਲਿਆ।

ਜਦੋਂ ਇੰਦਰ ਦਾ ਜੱਗ ਸੰਪੂਰਨ ਕਰਨ ਉਪਰੰਤ ਵਿਸ਼ਿਸ਼ਟ ਜੀ ਨਿਮੀ ਪਾਸ ਆਏ ਤਾਂ ਪਤਾ ਲੱਗਾ ਯੱਗ ਤਾਂ ਰਿਸ਼ੀ ਗੌਤਮ ਨੇ ਸੰਪੂਰਨ ਕਰ ਦਿੱਤਾ ਹੈ, ਦੂਸਰਾ ਉਸ ਸਮੇਂ ਰਾਜਾ ਨਿਮੀ ਸੁੱਤਾ ਹੋਇਆ ਸੀ, ਵਿਸ਼ਿਸ਼ਟ ਨੂੰ ਮਿਲ ਨਾ ਸਕਿਆ ਤੇ ਵਿਸ਼ਿਸ਼ਟ ਨੇ ਉਸ ਨੂੰ ਮੌਤ ਦਾ ਸਰਾਪ ਦੇ ਦਿੱਤਾ। ਜਦੋਂ ਨਿਮੀ ਸੌਂ ਕੇ ਉਠਿਆ ਤਾਂ ਉਸਨੂੰ ਵਿਸ਼ਿਸ਼ਟ ਦੇ ਸਰਾਪ ਦਾ ਪਤਾ ਲੱਗਾ ਤਾਂ ਉਸਨੇ ਵਿਸ਼ਿਸ਼ਟ ਨੂੰ ਵੀ ਮ੍ਰਿਤੂ ਦਾ ਸਰਾਪ ਦੇ ਦਿੱਤਾ। ਇਕ ਦੂਸਰੇ ਦੇ ਸਰਾਪ ਨਾਲ ਦੋਵੇਂ ਹੀ ਜਹਾਨੋਂ ਕੂਚ ਕਰ ਗਏ।

ਇਸ ਤੋਂ ਅੱਗੇ ਵਿਸ਼ਿਸ਼ਟ ਦੇ ਪੁਨਰ ਜਨਮ ਅਤੇ ਦੇਵਤਾ ਵਰੁਣ ਜੀ ਦੀ ਚਿੱਤ ਦ੍ਰਿੜ੍ਹਤਾ ਦਾ ਜ਼ਿਕਰ ਇਵੇਂ ਹੈ, ਉਰਵਸ਼ੀ ਨਾਮ ਦੀ ਅਪੱਛਰਾ ਸਮੁੰਦਰ ਦੇ ਕਿਨਾਰੇ ਸਹੇਲੀਆਂ ਨਾਲ ਜਲਕ੍ਰੀੜਾ ਕਰ ਰਹੀ ਸੀ, ਵਰੁਣ ਦੇਵਤਾ ਜੀ ਵੀ ਜਲ ਕਿਨਾਰੇ ਪਹੁੰਚੇ, ਕਿਉਂਕਿ ਦੇਵਤਾ ਜੀ ਨੂੰ ਜਲ ਨਾਲ ਬਹੁਤ ਪ੍ਰੇਮ ਸੀ, ਇਸੇ ਕਰਕੇ ਤਾਂ ਖ਼ਾਲਸਾ ਪ੍ਰਗਟ ਕਰਨ ਦੇ ਕੌਤਕ ਸਮੇਂ ਤੰਤ੍ਰ ਯੁਕਤ ਜਲ ਦਿੱਤਾ। ਖ਼ੈਰ! ਜਲ ਅਤੇ ਸੁੰਦਰਤਾ ਦੇ ਪ੍ਰੇਮੀ ਵਰੁਣ ਜੀ ਸਮੁੰਦਰ ਕਿਨਾਰੇ ਪਹੁੰਚ ਗਏ ਅਤੇ ਨਹਾ ਰਹੀ ਉਰਵਸ਼ੀ ਨੂੰ ਵੇਖਿਆ ਤਾਂ ਮਨ ਲਲਚਾ ਗਿਆ, ਕਾਮੁਕਤਾ ਜਾਗ ਪਈ, ਕਾਬੂ ਨਾ ਰਿਹਾ ਅਤੇ ਉਰਵਸ਼ੀ ਨੂੰ ਸੰਭੋਗ ਵਾਸਤੇ ਮਜਬੂਰ ਕੀਤਾ। ਜਦੋਂ ਉਰਵਸ਼ੀ ਨੇ ਇਨਕਾਰ ਕੀਤਾ ਤਾਂ ਵਰੁਣ ਜੀ ਨੇ ਇਕ ਘੜੇ ਦੇ ਵਿੱਚ ਵੀਰਜ ਪਾਤ ਕੀਤਾ। ਵਰੁਣ ਜੀ ਦੁਆਰਾ ਘੜੇ ਵਿੱਚ ਕੀਤੇ ਵੀਰਜ ਪਾਤ ਤੋਂ ਰਿਸ਼ੀ ਅਗਸਤ ਅਤੇ ਰਾਮ ਜੀ ਦੇ ਕੁਲ ਗੁਰੂ ਵਿਸ਼ਿਸ਼ਟ ਜੀ ਪੈਦਾ ਹੋਏ। ਸੋ ਇਹ ਸੀ ਦੇਵਤਾ ਵਰੁਣ ਜੀ ਦੀ ਚਿੱਤ ਦ੍ਰਿੜ੍ਹਤਾ ਜੋ ਉਨ੍ਹਾਂ ਦੁਆਰਾ ਗੁਰੂ ਸਾਹਿਬ ਨੂੰ ਤੰਤ੍ਰ ਜਲ ਰੂਪ ਵਿੱਚ ਅਰਪਣ ਕੀਤੀ ਦਰਸਾਈ ਗਈ ਹੈ, ਜੋ ਕੇਵਲ ਕਪੋਲ ਕਲਪਨਾ ਮਾਤਰ ਹੀ ਹੈ। ਸੋ ਇਹ ਮਿਥਿਹਾਸਕ ਕਾਲਪਨਿਕ ਅਧਾਰ ਨੂੰ ਲੈ ਕੇ ਘੜੀ ਗਈ ਕੂੜ ਰਚਨਾ, ਗੁਰਮਤਿ ਸਿਧਾਂਤਾਂ ਦੀ ਕਸਵੱਟੀ ਉਪਰ ਖਰੀ ਨਹੀਂ ਉਤਰਦੀ ਕਿ ਅੰਮ੍ਰਿਤ ਸੰਸਕਾਰ ਸਮੇਂ ਗੁਰੂ ਸਾਹਿਬ ਨੇ ਤੰਤ੍ਰ ਸ਼ਾਸਤਰ ਨਾਲ ਸੰਬੰਧਿਤ ਕੂੜ ਕ੍ਰਿਆ (ਜੰਤ੍ਰ, ਮੰਤ੍ਰ, ਤੰਤ੍ਰ) ਦਾ ਆਸਰਾ ਲਿਆ ਹੋਵੇ। ਗੁਰੂ ਗ੍ਰੰਥ ਸਾਹਿਬ, ਗੁਰੂ ਗੋਬਿੰਦ ਸਿੰਘ ਰਚਨਾਵਲੀ ਅਤੇ ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਵਿੱਚ ਇਸ ਅੰਧਵਿਸ਼ਵਾਸੀ ਕਰਮਕਾਂਡ ਦੇ ਖੰਡਨ ਪ੍ਰਤੀ ਅਨੇਕਾਂ ਪ੍ਰਮਾਣ ਮੌਜੂਦ ਹਨ:

*ਤੰਤੁ ਮੰਤੁ ਪਾਖੰਡੁ ਨ ਜਾਣਾ ਰਾਮੁ ਰਿਦੈ ਮਨੁ ਮਾਨਿਆ॥*

(ਸੂਹੀ ਮ: ੧, ਪੰਨਾ ੭੬੬)

*ਆਨ ਤੰਤ੍ਰ ਮੰਤ੍ਰ ਕੀ ਨ ਸਿਖਨ ਪ੍ਰਤੀਤ ਹੈ॥*

(ਭਾਈ ਗੁਰਦਾਸ ਜੀ, ਕਬਿੱਤ)[7]

*ਤੰਤ੍ਰ ਮੰਤ੍ਰ ਪਾਖੰਡ ਕਰਿ ਕਲਹਿ ਕ੍ਰੋਧੁ ਬਹੁ ਵਾਦਿ ਵਧਾਵੈ।*
*ਆਪੋ ਧਾਪੀ ਹੋਇ ਕੈ ਨਿਆਰੇ ਨਿਆਰੇ ਧਰਮ ਚਲਾਵੈ॥ ੧੮॥*

(ਭਾਈ ਗੁਰਦਾਸ ਜੀ, ਵਾਰ ੧/੧੮)[8]

*ਸੂਰਜ ਜੋਤਿ ਉਦੋਤਿ ਕਰਿ ਤਾਰੇ ਚੰਦ ਨ ਰੈਣਿ ਅੰਧਾਰੇ।*
*ਦੇਵੀ ਦੇਵ ਨ ਸੇਵਕਾਂ ਤੰਤ ਨ ਮੰਤ ਨ ਫੁਰਨਿ ਵਿਚਾਰੇ।*

(ਭਾਈ ਗੁਰਦਾਸ ਜੀ, ਵਾਰ ੪੦/੬)

*ਸਉਣ ਸਗੁਨ ਵੀਚਾਰਣੇ ਨਉ ਗ੍ਰਿਹ ਬਾਰਹ ਰਾਸਿ ਵੀਚਾਰਾ।*
*ਕਾਮਣ ਟੂਣੇ ਅਉਸੀਆ ਕਣਸੋਈ ਪਾਸਾਰ ਪਸਾਰਾ।*

(ਭਾਈ ਗੁਰਦਾਸ ਜੀ, ਵਾਰ ੫/੮)

ਸੋ ਜੰਤ੍ਰ, ਮੰਤ੍ਰ ਅਤੇ ਤੰਤ੍ਰ ਆਦਿਕ ਕ੍ਰਿਆਵਾਂ ਵਿੱਚ ਨਿਸ਼ਚਾ ਰੱਖਣਾ ਜਾਂ ਉਨ੍ਹਾਂ ਕ੍ਰਿਆਵਾਂ ਅਨੁਸਾਰ ਕਰਮ ਕਰਨੇ ਗੁਰਮਤਿ ਵਿਚਾਰਧਾਰਾ ਦੀ ਅਵੱਗਿਆ ਹੈ, ਵਾਹਿਗੁਰੂ ਨਾਮ ਮੰਤ੍ਰ ਨਾਲ ਜੁੜਨਾ ਹੀ ਗੁਰਮਤਿ ਦਾ ਗਾਡੀ ਰਾਹ ਹੈ:

*ਸੁਨਤ ਜਪਤ ਹਰਿ ਨਾਮ ਜਸੁ ਤਾ ਕੀ ਦੂਰਿ ਬਲਾਈ॥*
*ਮਹਾ ਮੰਤ੍ਰੁ ਨਾਨਕੁ ਕਥੈ ਹਰਿ ਕੇ ਗੁਣ ਗਾਈ॥*

(ਬਿਲਾਵਲ ਮ: ੫, ਪੰਨਾ ੮੧੪)

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੁਆਰਾ ਰਚਿਤ ਬਾਣੀਆਂ (ਜਾਪੁ ਸਾਹਿਬ, ਅਕਾਲ ਉਸਤਤਿ) ਵਿੱਚ ਅਨੇਕਾਂ ਐਸੇ ਪ੍ਰਮਾਣ ਹਨ ਜਿਨ੍ਹਾਂ ਵਿੱਚ ਜੰਤ੍ਰ, ਮੰਤ੍ਰ, ਤੰਤ੍ਰ ਆਦਿਕ ਕ੍ਰਿਆਵਾਂ ਨੂੰ ਨਖਿੱਧ ਵਰਨਣ ਕੀਤਾ ਗਿਆ ਹੈ ਔਰ ਅਕਾਲ ਪੁਰਖ ਦੇ ਪਾਵਨ ਨਾਮ ਨੂੰ ਮੰਤ੍ਰਾਂ ਦਾ ਮੰਤ੍ਰ ਅਤੇ ਤੰਤ੍ਰਾਂ ਦਾ ਤੰਤ੍ਰ ਜਾਣ ਨਮਸਕਾਰ ਕੀਤਾ ਹੈ:

*ਨਮੋ ਮੰਤ੍ਰ ਮੰਤ੍ਰੇ॥ ਨਮੋ ਜੰਤ੍ਰ ਜੰਤ੍ਰੇ॥*
*ਨਮੋ ਇਸਟ ਇਸਟੇ॥ ਨਮੋ ਤੰਤ੍ਰ ਤੰਤ੍ਰੇ॥*

(ਜਾਪੁ ਸਾਹਿਬ)

ਗੁਰੂ ਪਾਤਸ਼ਾਹ ਨੇ ਐਸੇ ਨਖਿੱਧ ਕਰਮਾਂ (ਜੰਤ੍ਰ, ਮੰਤ੍ਰ, ਤੰਤ੍ਰ ਆਦਿਕ) ਨੂੰ ਆਦਿ ਪੁਰਖ ਆਪਾਰ ਦੇ ਮਿਲਾਪ ਦਾ ਸਾਧਨ ਨਹੀਂ ਮੰਨਿਆ:

੧. *ਨੰ ਜੰਤ੍ਰ ਹੈ ਨ ਮੰਤ੍ਰ ਹੈ ਨ ਤੰਤ੍ਰ ਕੋ ਬਨਾਉ ਹੈ॥*
*ਨ ਛਲ ਹੈ ਨ ਛਿਦ੍ਰ ਹੈ ਨ ਛਾਇਆ ਕੋ ਮਿਲਾਉ ਹੈ॥*

(ਅਕਾਲ ਉਸਤਤਿ)

੨. *ਨ ਜੰਤ੍ਰ ਹੈ ਨ ਤੰਤ੍ਰ ਹੈ ਨ ਮੰਤ੍ਰ ਕੋ ਰਲਾਉ ਹੈ॥*

(ਅਕਾਲ ਉਸਤਤਿ)

੩. *ਜੰਤ੍ਰ ਮੰਤ੍ਰ ਨ ਤੰਤ੍ਰ ਜਾ ਕੋ ਆਦਿ ਪੁਰਖ ਅਪਾਰ॥*
*ਹਸਤ ਕੀਟ ਬਿਖੈ ਬਸੈ ਸਭ ਠਉਰ ਮੈਂ ਨਿਰਧਾਰ॥੧॥੧੮੧॥*

(ਅਕਾਲ ਉਸਤਤਿ)

ਗੁਰੂ ਪਾਤਸ਼ਾਹ ਫਰਮਾਉਂਦੇ ਹਨ ਕਿ ਅਕਾਲ ਪੁਰਖ ਤੂੰ ਹੀ ਤੇਜ ਪ੍ਰਕਾਸ਼ ਦਾ ਘਰ (ਤੰਤ੍ਰ) ਹੈਂ, ਤੂੰ ਹੀ ਹਰ ਨੀਤੀ ਦਾ ਚਲਾਉਣ ਵਾਲਾ ਯੰਤ੍ਰ ਹੈਂ ਅਤੇ ਤੂੰ ਹਰੇਕ ਨੂੰ ਮੋਹ ਲੈਣ ਵਾਲਾ ਮੰਤਰ ਹੈ ਅਤੇ ਪੂਰਨ ਰੂਪ ਵਿੱਚ ਪ੍ਰਕਾਸ਼ਮਾਨ ਹੈਂ, ਹੋਰ ਕਿਸੇ ਦੁਨਿਆਵੀ ਮੰਤ੍ਰ, ਤੰਤ੍ਰ, ਜੰਤ੍ਰ ਦੀ ਤੇਰੇ ਅੱਗੇ ਕੋਈ ਹਸਤੀ ਨਹੀਂ ਹੈ:

੧. *ਤੇਜ ਹੂੰ ਕੋ ਤੰਤ੍ਰ ਹੈਂ ਕਿ ਰਾਜਸੀ ਕੋ ਜੰਤ੍ਰ ਹੈਂ,*
*ਕਿ ਮੋਹਨੀ ਕੋ ਮੰਤ੍ਰ ਹੈ ਨਿਜੰਤ੍ਰ ਕੈ ਕੈ ਜਾਨੀਐ॥ ੬॥*

*੨. ਜੋਗ ਹੂੰ ਕੋ ਜੰਤ੍ਰ ਹੈਂ ਕਿ ਤੇਜ ਹੂੰ ਕੋ ਤੰਤ੍ਰ ਹੈਂ,*
*ਕਿ ਮੋਹਨੀ ਕੋ ਮੰਤ੍ਰ ਹੈਂ ਕਿ ਪੂਰਨ ਪ੍ਰਕਾਸੀ ਹੈਂ॥ ੮॥*

(ਅਕਾਲ ਉਸਤਤਿ)

ਤੰਤ੍ਰ ਮਤਿ ਸ਼ਾਸਤ੍ਰ ਅੰਦਰਲੀ ਅਸ਼ਲੀਲਤਾ ਅਤੇ ਅਨੈਤਿਕਤਾ ਦਾ ਪਾਜ ਉਘੇੜਦੇ ਹੋਏ, ਸਵਾਮੀ ਰਾਮ ਤੀਰਥ 'ਦੰਢੀ ਸੰਨਿਆਸੀ' ਆਪਣੀ ਪੁਸਤਕ ''ਸਰਵੋਤਮ ਗ੍ਰੰਥ ਗੁਰੂ ਗ੍ਰੰਥ ਸਾਹਿਬ ਜੀ'' ਵਿੱਚ 'ਤੰਤਰ' ਸਿਰਲੇਖ ਅਧੀਨ ਲਿਖਦੇ ਹਨ:

ਸ਼ੈਵ ਤੇ ਸ਼ਾਕਤ ਤੰਤਰਾਂ ਅਨੁਸਾਰ ਤੰਤਰ-ਵਿਸ਼ਵਾਸੀ ਲੋਕਾਂ ਦਾ ਭਰੋਸਾ ਹੈ ਕਿ ਸ਼ਿਵ ਤੇ ਸ਼ਕਤੀ ਦੋਵੇਂ ਬਿਨ ਮਾਸ ਤੇ ਮਦਿਰਾ ਪ੍ਰਸੰਨ ਨਹੀਂ ਹੋ ਸਕਦੇ। ਇਸੇ ਕਰ ਕੇ ਇਹਨਾਂ ਦੇ ਮੰਦਰਾਂ ਵਿਚ ਸ਼ਰਾਬ ਤੇ ਮਾਸ ਦਾ ਭੋਗ ਲੱਗਦਾ ਹੈ। ਪਰ ਮੈਨੂੰ ਤਾਂ ਇਉਂ ਲੱਗਦਾ ਹੈ ਕਿ ਬਾਮ-ਮਾਰਗੀ ਬਾਹਮਣਾਂ ਨੇ ਆਪਣੇ ਖਾਣ-ਪੀਣ ਲਈ ਹੀ ਇਹ ਢੰਗ ਘੜੇ ਹਨ। ਆਪਣੇ ਸੁਆਰਥ ਲਈ ਹੀ ਉਹਨਾਂ ਨੇ ਭਾਰਤੀ ਸੰਸਕ੍ਰਿਤੀ 'ਚ ਸਤਿਕਾਰੇ ਜਾਂਦੇ ਪੁਰਖਾਂ ਨੂੰ ਕੇਵਲ ਮਹਾਂ ਤਾਮਸੀ ਭੋਜਨ ਦੇ ਸ਼ੌਕੀਨ ਸਿੱਧ ਕਰ ਦਿੱਤਾ ਹੈ।

ਉੜੀਸਾ 'ਚ ਤੰਤਰਾਂ ਦੇ ਆਧਾਰ ਤੇ ਬਣਾਏ ਗਏ ਜਗਨਨਾਥ, ਭੁਵਨੇਸ਼ਵਰ ਤੇ ਕੋਨਾਰਕ ਦੇ ਪ੍ਰਸਿੱਧ ਮੰਦਰ ਹਨ। ਇਹਨਾਂ ਮੰਦਰਾਂ ਦੇ ਉਪਰਲੇ ਤੇ ਹੇਠਲੇ ਹਿੱਸਿਆਂ ਵਿਚ ਭਰ-ਜੁਆਨ ਮਰਦ ਔਰਤਾਂ ਦੀਆਂ ਪੱਥਰ-ਮੂਰਤੀਆਂ ਹਨ, ਜਿਹੜੀਆਂ ਅਨੇਕ ਆਸਣਾਂ ਰਾਹੀਂ ਕਾਮ ਕ੍ਰੀੜਾ ਕਰਦੀਆਂ ਦਿਖਾਈਆਂ ਗਈਆਂ ਹਨ। ਅਜਿਹੇ ਧਰਮ-ਅਸਥਾਨ ਕਿਸ ਕਿਸਮ ਦੀ ਰੌਸ਼ਨੀ ਦੇਣਗੇ, ਕਿਹੋ ਜਿਹੇ ਭਾਵ ਉਤੇਜਿਤ ਕਰਨਗੇ, ਇਹ ਹਰ ਆਮ-ਬੁੱਧੀ ਮਨੁੱਖ ਸੋਚ ਸਕਦਾ ਹੈ? ਕੀ 'ਕੋਕ ਸ਼ਾਸਤਰ' ਦਾ ਨੰਗਾ ਸਥੂਲ ਚਿੱਤਰਣ ਮਾਨਵ ਧਰਮ ਅਖਵਾ ਸਕਦਾ ਹੈ? ਕੀ ਅਜਿਹੇ ਅਸੁਰੀ ਮੰਦਰ ਭਾਰਤ ਦੀ ਅਧਿਆਤਮਕਤਾ ਦੇ ਮੱਥੇ ਤੇ ਕਲੰਕ ਨਹੀਂ? ਕੀ ਅਜਿਹੇ ਰਾਖਸ਼ਸ਼ੀ ਅਸਥਾਨਾਂ ਵਿਚ ਉਹ ਦੇਵਤੇ ਵਾਸ ਕਰਦੇ ਰਹਿ ਸਕਦੇ ਹਨ, ਜਿਹਨਾਂ ਦੇ ਨਾਵਾਂ ਉਤੇ ਇਹ ਮੰਦਰ ਉਸਾਰੇ ਗਏ ਹਨ? ਜੇ ਉੱਤਰ ਹਾਂ ਵਿਚ ਹੈ, ਤਾਂ ਕੀ ਉਹ ਦੇਵਤਾ ਅਖਵਾਉਣ ਦੇ ਅਧਿਕਾਰੀ ਹਨ?

ਤੰਤਰਾਂ ਦੇ ਆਧਾਰ ਤੇ ਚਾਲੂ ਕੀਤੀ ਗਈ ਦੇਵੀ ਦੀ ਪੂਜਾ-ਵਿਧੀ ਵੀ ਅਮਾਨਵੀ ਹੈ, ਜੜ੍ਹਵਾਦੀ ਹੈ। ਮਿਸਾਲ ਵਜੋਂ ਮਨੁੱਖ-ਪੁਜਾਰੀ ਇਸਤਰੀ-ਰੂਪ ਦੇਵੀਆਂ ਨੂੰ ਨ੍ਹਾਉਂਦੇ ਧੁਆਉਂਦੇ ਹਨ ਤੇ ਉਹਨਾਂ ਦਾ ਹਾਰ ਸ਼ਿੰਗਾਰ ਲਾਉਂਦੇ ਹਨ। ਕੀ ਕੋਈ ਜਿਊਂਦੀ-ਜਾਗਦੀ ਕੁਸ਼ਲ-ਬੁੱਧੀ ਇਸਤਰੀ ਇਸ ਤਰ੍ਹਾਂ ਜਨਤਾ ਸਾਹਵੇਂ ਕਰਵਾਉਣਾ ਬਰਦਾਸ਼ਤ ਕਰੇਗੀ? ਸੋ ਜੇ ਇਹ ਦੇਵੀਆਂ ਉਹਨਾਂ ਮੰਦਰਾਂ ਵਿਚ ਹੁੰਦੀਆਂ ਤਾਂ ਆਪਣੇ ਸਾਹਮਣੇ ਇਸ ਬਾਮਮਾਰਗੀ-ਭ੍ਰਿਸ਼ਟਾਚਾਰ ਨੂੰ ਉੱਕਾ ਹੀ ਹੋਣ ਨਾ ਦਿੰਦੀਆਂ।

ਇਸੇ ਤਰ੍ਹਾਂ ਨੌਂ ਗ੍ਰਹਿਆਂ ਦੀ ਪੂਜਾ ਨੂੰ ਵੀ ਸਿਰਫ ਤੰਤਰਾਂ ਨੇ ਹੀ ਗ੍ਰਹਿ-ਸ਼ਾਂਤੀ ਲਈ ਪ੍ਰਚੌਲਿਤ ਕੀਤਾ ਹੈ, ਕਿਉਂਕਿ ਵੈਦਿਕ ਕਰਮ ਤੇ ਸਮਾਰਤ ਕਰਮ ਵਿਚ ਇਹਨਾਂ ਦੀ ਪੂਜਾ ਦਾ ਕੋਈ ਵਿਧਾਨ ਨਹੀਂ ਮਿਲਦਾ, ਕਿਤੇ ਜ਼ਿਕਰ ਨਹੀਂ ਆਉਂਦਾ। ਇਨ੍ਹਾਂ ਗ੍ਰਹਿਆਂ ਵਿਚ ਕੁਝ ਦੇਵਤੇ ਮੰਨੇ ਜਾਂਦੇ ਹਨ

ਤੇ ਕੁਝ ਰਾਖਸ਼ਸ਼। ਪਰ ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਜਿਸ ਘਰ ਵਿਚ ਰਾਹੂ, ਕੇਤੂ ਤੇ ਸ਼ਨੀ ਆਦਿ ਦੈਂਤਾਂ ਦੀ ਇੰਦਰ, ਬ੍ਰਿਹਸਪਤੀ ਤੇ ਅਗਨੀ ਆਦਿ ਦੇਵਤਿਆਂ ਨਾਲ ਇਕੱਠੀ ਪੂਜਾ ਕੀਤੀ ਜਾਂਦੀ ਹੋਵੇ, ਉਥੇ ਸੁਖ ਸ਼ਾਂਤੀ ਕਿਵੇਂ ਰਹਿ ਸਕਦੀ ਹੈ?

ਭਾਵ ਇਹ ਕਿ ਦੇਵਤਿਆਂ ਤੇ ਰਾਖਸ਼ਸ਼ਾਂ ਦਾ ਕਦੇ ਵੀ ਮੇਲ ਨਹੀਂ ਹੋ ਸਕਦਾ, ਉਹ ਤਾਂ ਪੂਰਬ ਤੇ ਪੱਛਮ ਹਨ: ਜੇ ਇਕ ਧਿਰ ਸੁਖ ਦੇਣਾ ਚਾਹੇਗੀ ਤਾਂ ਦੂਜੀ ਅਵੱਸ਼ ਉਪੱਦਰ ਮਚਾਏਗੀ- ਵਿਰੋਧੀ ਧਿਰ ਜੋ ਹੋਈ।

❖❖❖

1. ਰਾਸ਼ਟਰ ਧਰਮ ਖ਼ਾਲਸਾ ਸਾਜਨਾ ਵਿਸ਼ੇਸ਼ ਅੰਕ, ਅਪ੍ਰੈਲ 1999, ਪੰਨਾ 102
2. ਰਹਿਤਨਾਮੇ : ਪੰਨਾ 43, 44, 48, ਸੰਸਕਰਣ : 1991, ਸੰਪਾਦਕ : ਪਿਆਰਾ ਸਿੰਘ ਪਦਮ, ਪ੍ਰਕਾਸ਼ਕ : ਭਾਈ ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ
3. ਗੁਰ ਸ਼ਬਦ ਰਤਨਾਕਰ ਮਹਾਂਕੋਸ਼, ਰਚਿਤ : ਭਾਈ ਕਾਹਨ ਸਿੰਘ ਨਾਭਾ
4. ਸਰਿਤਾ ਮੁਕਤਾ ਰੀਪ੍ਰਿੰਟਸ ਭਾਗ : ਲੇਖ : ਪੰਨਾ ਪ੍ਰਕਾਸ਼ਕ: ਦਿੱਲੀ ਪ੍ਰੈਸ ਨਵੀਂ ਦਿੱਲੀ
5. ਜਨਮਸਾਖੀ ਬਾਬਾ ਵਡਭਾਗ ਸਿੰਘ, ਪੰਨਾ 119, ਪ੍ਰਕਾਸ਼ਕ : ਭਾਈ ਬੂਟਾ ਸਿੰਘ ਪ੍ਰਤਾਪ ਸਿੰਘ ਅੰਮ੍ਰਿਤਸਰ
6. ਬਾਲਮੀਕੀ ਰਮਾਇਣ, ਪੰਨਾ 2007, 8, 9, 10, ਉਤਰਕਾਂਡ, ਅਧਿਆਇ 57, ਸੰਸਕਰਣ : 1989, ਪ੍ਰਕਾਸ਼ਕ : ਭਾਸ਼ਾ ਵਿਭਾਗ ਪੰਜਾਬ
7. ਕਬਿੱਤ ਭਾਈ ਗੁਰਦਾਸ ਜੀ, 183
8. ਵਾਰਾਂ ਭਾਈ ਗੁਰਦਾਸ, ਪੰਨਾ 14, ਟੀਕਾਕਾਰ : ਤੇਜਾ ਸਿੰਘ ਐਮ.ਏ., ਪ੍ਰਕਾਸ਼ਕ : ਸਿੱਖ ਬੁੱਕ ਕੰਪਨੀ ਅੰਮ੍ਰਿਤਸਰ
9. ਵਾਰਾਂ ਭਾਈ ਗੁਰਦਾਸ, ਪੰਨਾ 203, ਟੀਕਾਕਾਰ: ਤੇਜਾ ਸਿੰਘ ਐਮ.ਏ, ਪ੍ਰਕਾਸ਼ਕ : ਸਿੱਖ ਬੁੱਕ ਕੰਪਨੀ ਅੰਮ੍ਰਿਤਸਰ
10. ਸਰਵੋਤਮ ਗ੍ਰੰਥ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 20, 21, ਸੰਸਕਰਣ : 1995, ਲੇਖਕ: ਸਵਾਮੀ ਰਾਮ ਤੀਰਥ ਜੀ ਦੰਡੀ ਸੰਨਿਆਸੀ, ਪ੍ਰਕਾਸ਼ਕ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ।

# ਕੀ ਅੰਮ੍ਰਿਤ ਵਿਚ ਪਾਉਣ ਲਈ ਪਤਾਸੇ ਜਾਂ ਮਿਸ਼ਰੀ 'ਇੰਦ੍ਰ ਜੀ' ਨੇ ਗੁਰੂ ਜੀ ਨੂੰ ਭੇਟਾ ਕੀਤੀ?

ਖ਼ਾਲਸਾ ਪੰਥ ਦੇ ਅੰਮ੍ਰਿਤ ਸੰਸਕਾਰ ਦੇ ਮਹਾਨ ਸਿਧਾਂਤ ਤੇ ਚੋਟ ਕਰਦਿਆਂ, ਆਰ.ਐਸ.ਐਸ. ਦੇ ਇਕ ਮੈਗਜ਼ੀਨ ਵਿੱਚ ਇਹ ਅੰਕਿਤ ਹੈ :

*''ਮਿਸਟਾਨ ਇੰਦ੍ਰ ਨੇ ਦੀਆ ਬੁਧੀ ਮੀਠੀ ਰਹਿਨੇ ਨਮਿਤ''*[1]

ਅਰਥਾਤ, ਖ਼ਾਲਸਾ ਪ੍ਰਗਟ ਕਰਨ ਦੇ ਕੌਤਕ ਸਮੇਂ ਗੁਰੂ ਸਾਹਿਬ ਨੇ ਜਿਥੇ ਵੱਖ-ਵੱਖ ਅਵਤਾਰਾਂ ਪਾਸੋਂ ਜੰਤ੍ਰ ਮੰਤ੍ਰ ਅਤੇ ਤੰਤ੍ਰ ਆਦਿਕ ਲਏ ਉਥੇ 'ਦੇਵਰਾਜ ਇੰਦ੍ਰ' ਪਾਸੋਂ ਜਲ ਵਿੱਚ ਪਾਉਣ ਲਈ ਮਿਸ਼ਟਾਨ (ਮਿਠਾਈ:-ਭਾਵ, ਚੀਨੀ ਖੰਡ, ਪਤਾਸੇ, ਮਿਸ਼ਰੀ, ਗੁੜ ਆਦਿਕ) ਪ੍ਰਾਪਤ ਕੀਤੇ, ਤਾਂ ਜੋ ਅੰਮ੍ਰਿਤ ਤਿਆਰ ਕੀਤਾ ਜਾ ਸਕੇ ਅਤੇ ਖ਼ਾਲਸਾ ਜੀ ਦੀ ਬੁੱਧੀ ਮਿੱਠੀ ਅਥਵਾ ਨਿਰਮਲ ਰਹੇ, ਭਾਵ ਕਿ ਖ਼ਾਲਸਾ ਸੱਚ ਆਚਾਰ ਦਾ ਧਾਰਨੀ ਹੋ ਸਕੇ।

ਖ਼ਾਲਸਾ ਜੀ ਨੂੰ ਬੁੱਧੀ ਮਿੱਠੀ ਕਰਨ ਹਿੱਤ ਮਿਸ਼ਟਾਨ ਭੇਟਾ ਕਰਨ ਵਾਲੇ 'ਦੇਵਰਾਜ' ਇੰਦ੍ਰ ਜੀ ਦੇ ਖਾਣ-ਪੀਣ ਦੀ ਵਿਚਾਰ ਅਤਿ ਜ਼ਰੂਰੀ ਹੈ, ਜੋ ਕਿ ਰਿਗਵੇਦ ਵਿੱਚ ਦਰਜ ਹੈ।

ਵਿਸਥਾਰ ਲਈ ਜ਼ਰੂਰੀ ਹੈ ਕਿ ਰਿਗਵੇਦ[2] ਦੇ ਮੰਡਲ 10, ਸੂਕਤ 86 ਦੇ ਮੰਤਰ ਨੰ: 13, 14 ਨੂੰ ਘੋਖਿਆ ਜਾਵੇ, ਜਿਸ ਵਿੱਚ ਬ੍ਰਿਖਾ ਕਪਾਇ, ਦੇਵਰਾਜ ਇੰਦਰ ਅਤੇ ਉਸਦੀ ਪਤਨੀ ਇੰਦ੍ਰਾਣੀ ਦਾ ਸੰਵਾਦ ਦਰਜ ਹੈ, ਜੋ ਇਸ ਪ੍ਰਕਾਰ ਹੈ-

*ਵਰਿਖਾ ਕਪਾਇ! ਰੇਵਤਿ! ਸਪੁਤਰੇ! ਆਦੁ ਸੁਸਨਖੇ! ਘਸਤੁ ਇੰਦ੍ਰ॥*
*ਉਕਸ਼ਣਾ: ਪ੍ਰਿਅੰ ਕਾਚਿਤਕਰੰ ਹਵਿ: ਵਿਸ਼ਵਸਮਾਇੰਦ੍ਰ ਉੱਤਰ:॥*

(ਮੰਤਰ: ੧੩)

*ਉਕਸਣੋ ਹਿ ਮੇਂ ਪੰਚਦਸ਼ ਸਾਕੰ ਪਚੰਤਿ ਵਿਸ਼ਤਿਮ॥*
*ਉਤਾਹਮਦਯ ਪੀਵ ਇਦੁਭਾ ਕੁਕਸ਼ੀ ਪ੍ਰਣੰਤਿ ਮੇਂ, ਵਿਸ਼ਵਸਮਾਇੰਦ੍ਰ ਉੱਤਰ:॥*

(ਮੰਤਰ: ੧੪)

ਅਰਥਾਤ, ਬਿਰਖਾ ਕਪਾਇ ਨੇ ਕਿਹਾ, ''ਹੇ ਧਨਵਾਨ, ਸੁੰਦਰ ਪੁੱਤਾਂ ਅਤੇ ਨੂੰਹਾਂ ਵਾਲੀ ਇੰਦਰਾਣੀ! ਤੇਰਾ ਪਤੀ ਦੇਵ ਇੰਦਰ ਸਾਂਢਾਂ ਦਾ ਮਾਸ ਛੇਤੀ ਖਾਵੇ, ਜਿਹੜਾ ਸੁਖਦਾਇਕ ਹੈ ਅਤੇ ਉਸ ਨੂੰ ਬਹੁਤ ਪਸੰਦ ਹੈ ਤੇ ਤੁਸੀਂ ਉਸ ਮਾਸ ਨੂੰ ਰਿੰਨ੍ਹੋ।''

ਇੰਦਰਾਣੀ (ਇੰਦਰ ਦੀ ਪਤਨੀ) ਨੇ ਉੱਤਰ ਦਿੱਤਾ, "ਇਸੇ ਕਰਕੇ ਹੀ ਮੇਰਾ ਪਤੀ ਦੇਵਰਾਜ ਇੰਦਰ ਸਾਰੇ ਪੁਰਸ਼ਾਂ ਤੋਂ ਬਲ, ਬੁੱਧ ਤੇ ਰੂਪ ਵਿੱਚ ਉੱਚਾ ਹੈ।"

(ਮੰਤਰ: ੧੩ ਦਾ ਅਨੁਵਾਦ)

ਇੰਦਰ ਨੇ ਕਿਹਾ, "ਮੇਰੀ ਪਤਨੀ ਮੇਰੇ ਲਈ ਪੰਦਰਾਂ ਵੀਹ ਸਾਂਢਾਂ ਦਾ ਮਾਸ ਰਿੰਨ੍ਹਦੀ ਹੈ। ਮੈਂ ਉਹ ਮਾਸ ਖਾਂਦਾ ਹਾਂ, ਤਾਹੀਓਂ ਮੈਂ ਸਾਂਢ ਜਿਹਾ ਨਿੱਗਰ, ਨਰੋਆ ਅਤੇ ਦਰਸ਼ਨੀ ਹੋ ਗਿਆ ਹਾਂ। ਮੇਰੀਆਂ ਦੋਵੇਂ ਕੁੱਖਾਂ ਮਾਸ ਤੇ ਸ਼ਰਾਬ ਨਾਲ ਡੱਕੀਆਂ ਰਹਿੰਦੀਆਂ ਹਨ।

(ਮੰਤਰ: ੧੪ ਦਾ ਅਨੁਵਾਦ)

'ਇੰਦਰ ਵਿਜਯ ਕਾਵਯ'[3] ਵਿੱਚ ਪੰਡਤ ਮਧੂਸੂਦਨ ਨੇ 'ਦੇਵਰਾਜ' ਇੰਦਰ ਨੂੰ ਗਊ ਮਾਸ ਖਾਣ ਵਾਲਾ ਅਤੇ ਸ਼ਰਾਬ ਦਾ ਪ੍ਰੇਮੀ ਦੱਸਿਆ ਹੈ।

ਇੰਦਰ ਦੇ ਦੇਵਤਾਪਨ ਅਤੇ ਉਸਦੇ ਵੇਦਾਂ ਵਿੱਚ ਦਿੱਤੇ ਆਹਾਰ (ਜਲ-ਪਾਨ) ਤੇ ਟਿੱਪਣੀ ਕਰਦੇ ਸਵਾਮੀ ਰਾਮਤੀਰਥ ਜੀ ਆਖਦੇ ਹਨ:

"ਮਾਸ ਤੇ ਮਦਿਰਾ ਨੂੰ ਚੰਗਾ ਮੰਨਣਾ ਤਾਂ ਉਨ੍ਹਾਂ ਦੇ ਮਨ ਦੀ ਕ੍ਰਿਆ ਹੀ ਨਹੀਂ, ਅਜਿਹੀਆਂ ਸ਼ੈਆਂ ਦਾ ਹੇਜ ਕੀ ਆਖੇ ਤੇ ਦੇਵਤਾਪਨ ਕੀ ਆਖੇ.....।"[4]

'ਚਤੁਰ ਵਰਣਯ ਭਾਰਤ ਸਮੀਕਸ਼ਾਂ'[5] ਦੇ ਕਰਤਾ ਸੁਆਮੀ ਮਹੇਸ਼ਰਾਨੰਦ ਜੀ ਲਿਖਦੇ ਹਨ:

"ਇਹ ਇੰਦਰ ਤਾਂ ਕੋਈ ਤਿੱਬਤ ਨਿਵਾਸੀ ਦੈਂਤਾਂ ਦਾ ਰਾਜਾ ਲਗਦਾ ਹੈ, ਦੇਵਤਾ ਨਹੀਂ।"

ਸੋ ਇਸ ਵੇਦ ਅਨੁਸਾਰ 'ਇੰਦਰ (ਦੇਵਰਾਜ) ਜੀ' ਦਾ ਆਮ ਆਹਾਰ ਤਾਂ ਮਾਸ ਸ਼ਰਾਬ ਸੀ ਪਰ ਖ਼ਾਲਸਾ ਜੀ ਦੀ ਨਿਰਮਲ ਅਤੇ ਮਿੱਠੀ ਬੁੱਧੀ ਕਰਨ ਹਿੱਤ ਮਿਸ਼ਟਾਨ ਲੈ ਕੇ ਆਏ, ਆਉ ਹੁਣ ਵੱਖ-ਵੱਖ ਸ੍ਰੋਤਾਂ ਤੋਂ 'ਇੰਦਰ ਜੀ' ਦੀ ਨਿਰਮਲ ਬੁਧਿ ਅਤੇ ਸੱਚ ਆਚਾਰ ਦਾ ਵਿਸ਼ਲੇਸ਼ਣ ਕਰੀਏ।

'ਇੰਦਰ ਮਹਾਰਾਜ' ਜੀ ਦੀ ਸੱਚੀ ਨਿਰਮਲ ਬੁੱਧਿ ਤੇ ਆਚਾਰ ਦੇ ਬਾਰੇ ਰਾਮਾਇਣ ਦੇ ਬਾਲ ਕਾਂਡ ਦੇ ਸਰਗ: 48 [6]ਵਿੱਚ ਇਸ ਤਰ੍ਹਾਂ ਦਰਜ ਹੈ:

*ਤਸਿਆਂਤਰ ਵਿਦਿਤਵਾ ਚ ਸਹਸਸ਼ੜ੍ਰਾਕਸ਼: ਸ਼ਚੀ ਪਤੀ:॥*
*ਮੁਨੀ ਵੇਸ਼ ਧਰੋ ਭੂਤਵਾ ਅਹਿਲਿਆਮਿਦਮ ਬ੍ਰਵੀਤ॥ ੧੭॥*
*ਰਿਤੂਕਾਲ ਪ੍ਰਤੀਕਸ਼ਾਂ ਤੇ, ਨਾਥ੍ਰਿਨ: ਸੁਸਮਾਹਿਤੇ।*

ਅਰਥਾਤ:-ਸ਼ਚੀ (ਸ਼ਸ਼ੀ) ਦੇ ਪਤੀ ਦੇਵਰਾਜ ਇੰਦਰ ਨੇ ਗੌਤਮ ਰਿਸ਼ੀ ਦੇ ਆਸ਼ਰਮ ਜਾ ਕੇ ਮੁਨੀ ਦਾ ਵੇਸ਼ ਧਾਰਨ ਕੀਤਾ ਅਤੇ ਰਿਖੀ ਗੌਤਮ ਦੀ ਪਤਨੀ ਅਹਿਲਿਆ ਪਾਸ ਚਲਾ ਗਿਆ। ਅਹਿਲਿਆ ਨੂੰ ਜਦੋਂ ਕਾਮਕ੍ਰੀੜਾ ਲਈ ਮਜਬੂਰ ਕੀਤਾ ਤਾਂ ਉਸ ਨੇ ਰਿਤੂਕਾਲ (ਮਾਸਿਕ ਧਰਮ) ਦੀ ਮਜਬੂਰੀ ਦੱਸੀ ਜਿਸ ਤੇ ਦੇਵਰਾਜ ਇੰਦਰ ਨੇ ਕਿਹਾ ਕਿ, ਹੇ ਸੁੰਦਰੀ! ਕਾਮ ਕ੍ਰੀੜਾ ਅਤੇ ਭੋਗ ਵਿਲਾਸ ਦੇ ਵਾਸਤੇ ਇਸ ਸਮੇਂ ਦਾ ਇੰਤਜ਼ਾਰ ਨਹੀਂ ਕਰੀਦਾ ਕਿ ਜਦੋਂ ਮਾਸਿਕ ਧਰਮ ਸਮਾਪਤ ਹੋਵੇ ਅਤੇ ਉਪਰੰਤ ਹੀ ਸਹਿਵਾਸ ਕੀਤਾ ਜਾਵੇ।

ਸੰਗ ਮੰਤਵਾਹਮਿਛਾਮਿ ਤਵਯਾ ਸਹ ਸੁਮਧੁਮਾਏ॥ ੧੮॥

ਹੇ ਸੁੰਦਰੀ! ਮੈਂ ਤੇਰੇ ਨਾਲ ਮਧੁਰ ਸਹਿਵਾਸ ਕਰਨਾ ਚਾਹੁੰਦਾ ਹਾਂ।

ਮੁਨੀਵੇਸ਼ ਸਹਸਸ਼ਤ੍ਰਾਕਸ਼ ਵਿਗਿਯਾ ਰਘੁਨੰਦਨ॥
ਮਤਿ ਚਕਾਰਦੁਰ ਮੇਧਾ ਦੇਵਰਾਜ ਕੁਤੁਹਲਾਤੁ॥ ੧੯॥

ਵਿਸ਼ਵਾਮਿੱਤਰ ਜੀ, ਰਾਮ ਚੰਦਰ ਨੂੰ ਦੱਸਦੇ ਹਨ ਕਿ ਉਹ ਮੂਰਖ (ਅਹਿਲਿਆ) ਮੁਨੀ ਵੇਸ਼ਧਾਰੀ ਇੰਦਰ ਨੂੰ ਪਹਿਚਾਣ ਕੇ ਵੀ ਸਹਿਵਾਸ ਲਈ ਸਹਿਮਤ ਹੋ ਗਈ, ਸਿਰਫ ਇਸ ਕਰਕੇ ਕਿ ਵੇਖਾਂ ਤਾਂ ਸਹੀ ਦੇਵਰਾਜ ਇੰਦਰ ਦੇ ਨਾਲ ਸਹਿਵਾਸ ਦਾ ਅਨੰਦ ਕਿੰਨਾ ਮਧੁਰ ਹੈ।

ਅਥਾਵਥੀਤ ਸੁਰੇਸ਼ਠ ਕ੍ਰਿਤਾਰਥਨਾਂਤ ਰਾਤਮਨਾ।
ਕ੍ਰਿਤਾਰਥ ਸਿਮਸੁਰੇਸ਼ਠ ਗੱਛਸ਼ੀਘਰਮਿਤ: ਪ੍ਰਭੂ॥ ੨੦॥

ਅਰਥਾਤ, ਅਹਿਲਿਆ ਨੇ ਦੇਵਰਾਜ ਇੰਦਰ ਨੂੰ ਕਿਹਾ ਕਿ ਤੁਹਾਡੇ ਨਾਲ ਸਹਿਵਾਸ ਕਰਕੇ ਮੈਂ ਕ੍ਰਿਤਾਰਥ ਹੋ ਗਈ ਹਾਂ, ਸਰੇਸ਼ਠ ਇੰਦਰ ਜੀ, ਤੁਹਾਡੇ ਨਾਲ ਅਨੰਦ ਭੋਗ ਕਰਕੇ ਮੈਨੂੰ ਮੇਰੀ ਤਪੱਸਿਆ ਦਾ ਫਲ ਮਿਲ ਗਿਆ ਹੈ।

ਆਤਮਾਨ ਮਾਂ ਚਿ ਦਿਵੇਸ਼ ਸਰਵਥਾ ਰਕਸ਼ ਗੌਤਮਾਤ॥
ਇੰਦਰਸਤੂ ਪਰਹਸਨ ਵਾਕਿ ਅਹਿਲਿਆ ਮਿਦਬ੍ਰਾਵੀਤ॥ ੨੧॥

ਇਸ ਤੋਂ ਉਪਰੰਤ ਅਹਿਲਿਆ ਨੇ ਕਿਹਾ, ਹੇ ਇੰਦਰ ਤੁਸੀਂ ਸਭ ਤਰ੍ਹਾਂ ਨਾਲ ਮੇਰੀ, ਆਪਣੀ ਅਤੇ ਗੌਤਮ ਦੀ ਰੱਖਿਆ ਕਰੋ। (ਅਰਥਾਤ ਸਭ ਕੁਝ ਪਰਦੇ ਵਿੱਚ ਰਹੇ।) ਇਹ ਸੁਣ ਕੇ ਇੰਦਰ ਹੱਸਣ ਲੱਗਾ ਤੇ ਹੱਸ ਕੇ, ਪ੍ਰਸੰਨਚਿੱਤ ਹੋ ਕਹਿਣ ਲੱਗਾ:

ਸੁਸ੍ਰੋਣ ਪਰਿਤੁਸ਼ਟੋ ਆਸਿਮ ਗਮਿਛਆਮੋ ਯਥਾਗਤਮ॥
ਇਵਮ ਸੰਗਮਯ ਤੁਤਦਾ ਨਿਸ਼ਚਕ੍ਰਾਮੋਟਜਾਤੱਤ:॥ ੨੨॥

ਹੇ, ਸੁੰਦਰ ਨਿਤੰਬਾਂ ਵਾਲੀ ਸੁੰਦਰੀ! ਮੈਂ ਪੂਰਨ ਤੌਰ ਤੇ ਸੰਤੁਸ਼ਟ ਹਾਂ ਤੇ ਹੁਣ ਜਿਥੋਂ ਆਇਆ ਸੀ ਉਥੇ ਹੀ ਚਲਾ ਜਾਵਾਂਗਾ। ਇਸ ਤਰ੍ਹਾਂ ਅਹਿਲਿਆ ਨਾਲ ਸੰਭੋਗ ਕਰਕੇ ਇੰਦਰ ਚਲਾ ਗਿਆ। ਇਸ ਤੋਂ ਅੱਗੇ ਇਹ ਕਥਾ ਇੰਜ ਚਲਦੀ ਹੈ:

ਜਦੋਂ ਇੰਦਰ ਨਿਕਲ ਕੇ ਜਾ ਹੀ ਰਿਹਾ ਸੀ ਤਾਂ ਗੌਤਮ ਰਿਸ਼ੀ ਜੀ ਆ ਗਏ, ਉਨ੍ਹਾਂ ਇੰਦਰ ਦੇ ਕੀਤੇ ਕੁਕਰਮ ਪ੍ਰਤੀ ਸਰਾਪ ਦਿੱਤਾ ਕਿ ਤੂੰ ਇਕ ਭਗ (ਇਸਤਰੀ ਯੋਨੀ) ਦੀ ਖਾਤਰ ਇਥੇ ਕੁਕਰਮ ਕਰਨ ਆਇਆ ਹੈਂ, ਇਸ ਲਈ ਤੂੰ ਸਹਸ ਭਗ ਗਾਮੀ ਹੋਵੇਂਗਾ। ਇਸ ਸਰਾਪ ਦੇ ਕਾਰਨ ਇੰਦਰ ਦੇ ਸਰੀਰ ਤੇ ਅਨੇਕਾਂ ਹੀ ਭਗਾਂ ਦੇ ਚਿੰਨ੍ਹ ਉਭਰ ਆਏ, ਸਰੀਰ ਫੱਟ ਗਿਆ ਅਤੇ ਸ਼ਰਮ ਦਾ ਮਾਰਿਆ ਇੰਦਰ ਪੰਪਾਸਰ ਸਰੋਵਰ ਵਿੱਚ ਜਾ ਲੁਕਿਆ। ਗੌਤਮ ਰਿਖੀ ਨੇ ਆਪਣੀ ਪਤਨੀ ਨੂੰ ਵੀ ਪੱਥਰ ਦੀ ਸਿਲ ਬਣਨ ਦਾ ਸਰਾਪ ਦਿੱਤਾ ਅਤੇ ਆਪਣੀ ਬੇਟੀ ਅੰਜੁਲੀ ਨੂੰ ਕੁਆਰੀ ਮਾਂ ਬਣਨ ਦਾ (ਅੰਜੁਲੀ ਦੀ ਕੁਖੋਂ ਹੀ ਹਨੂਮਾਨ ਦਾ ਜਨਮ ਹੋਇਆ)। ਪੱਥਰ ਦੀ ਸਿੱਲ ਬਣੀ ਅਹਿਲਿਆ

ਤ੍ਰੇਤੇ ਯੁੱਗ ਵਿੱਚ ਰਾਮ ਚੰਦਰ ਦੀ ਚਰਨਛੋਹ ਸਦਕਾ ਸੰਜੀਵ ਹੋਈ।

ਗੌਤਮ ਰਿਖੀ ਦੀ ਪਤਨੀ ਅਹਿਲਿਆ ਨਾਲ 'ਦੇਵਰਾਜ ਇੰਦਰ' ਵਲੋਂ ਕੀਤੇ ਇਸ ਕੁਕਰਮ ਦਾ ਜ਼ਿਕਰ ਕਰਦੇ ਭਾਈ ਗੁਰਦਾਸ ਜੀ ਲਿਖਦੇ ਹਨ:

*ਗੌਤਮ ਨਾਰਿ ਅਹਿਲਿਆ ਤਿਸਨੋ ਦੇਖਿ ਇੰਦ੍ਰ ਲੋਭਾਣਾ॥*
*ਪਰ ਘਰ ਜਾਇ ਸਰਾਪ ਲੈ, ਹੋਇ ਸਹਸ ਭਗ ਪਛੋਤਾਣਾ॥*

ਜਦੋਂ ਇੰਦਰ ਪੁਰੀ ਇੰਦਰ ਤੋਂ ਬਿਨਾਂ ਖਾਲੀ ਹੋ ਗਈ ਤਾਂ ਇੰਦ੍ਰਪੁਰੀ ਦੇ ਦੇਵਤੇ ਮਾਯੂਸ ਹੋ ਕੇ ਵਿਸ਼ਨੂੰ ਪਾਸ ਗਏ। ਵਿਸ਼ਨੂੰ ਨੇ ਇੰਦਰ ਨੂੰ ਪੰਪਾਸੁਰ ਤਾਲਾਬ ਵਿਚੋਂ ਜਾ ਕੇ ਕੱਢਿਆ ਅਤੇ ਸਹਸ ਭਗ ਦੀ ਜਗ੍ਹਾ ਸਹਸ ਨੇਤ੍ਰ ਬਖਸ਼ਿਸ਼ ਕੀਤੇ (ਇਹ ਹੈ ਵਿਸ਼ਨੂੰ ਜੀ ਦਾ ਇਨਸਾਫ਼, ਕਾਮੀ ਨੂੰ ਸੈਂਕੜੇ ਨੇਤਰ ਬਖਸ਼ ਦਿੱਤੇ, ਤਾਂ ਜੋ ਹੋਰ ਸਤੀਆਂ ਦੇ ਦਰਸ਼ਨ ਕਰ, ਸਤਿ ਭੰਗ ਕਰ ਸਕੇ) ਭਾਈ ਗੁਰਦਾਸ ਜੀ ਅੱਗੇ ਜ਼ਿਕਰ ਕਰਦੇ ਹਨ:

*ਸੁੰਞਾ ਹੋਆ ਇੰਦ੍ਰ ਲੋਕੁ ਲੁਕਿਆ ਸਰਵਰਿ ਮਨਿ ਸਰਮਾਣਾ।*
*ਸਹਸ ਭਗਹੁ ਲੋਇਣ ਸਹਸ ਲੈਦੋਈ ਇੰਦ੍ਰ ਪੁਰੀ ਸਿਧਾਣਾ।*
*ਸਤੀ ਸਤਹੁ ਟਲਿ ਸਿਲਾ ਹੋਇ ਨਦੀ ਕਿਨਾਰੈ ਬਾਝੁ ਪਰਾਣਾ।*
*ਰਘੁਪਤਿ ਚਰਣਿ ਛੁਹੰਦਿਆ ਚਲੀ ਸੁਰਗ ਪੁਰਿ ਬਣੇ ਬਿਬਾਣਾ।*
*ਭਗਤਿ ਵਛਲੁ ਭਲਿਆਈਅਹੁ ਪਤਿਤ ਉਧਾਰਣੁ ਪਾਪ ਕਮਾਣਾ।*
*ਗੁਣ ਨੋ ਗੁਣ ਸਭ ਕੋ ਕਰੈ ਅਉਗੁਣ ਕੀਤੇ ਗੁਣ ਤਿਸੁ ਜਾਣਾ।*
*ਅਬਿਗਤਿ ਗਤਿ ਕਿਆ ਆਖਿ ਵਖਾਣਾ॥ ੧੮ ॥*

(ਭਾਈ ਗੁਰਦਾਸ ਜੀ, ਵਾਰ ੧੦/੧੮)

ਇਥੇ ਵੀ ਮਾਨਸਿਕ ਸਤਾ ਉਪਰ ਅਜੀਬ ਸਵਾਲ ਜਨਮ ਲੈਂਦਾ ਹੈ ਕਿ ਜੇਕਰ ਇੰਦ੍ਰ ਨਾਲ ਕੁਕਰਮ ਦੀ ਪਾਤਰ ਦੋਸ਼ੀ ਅਹਿਲਿਆ ਰਾਮ ਦੀ ਚਰਣ ਛੋਹ ਨਾਲ ਪਵਿੱਤਰ ਹੋ ਕੇ ਸਵਰਗ ਪ੍ਰਾਪਤੀ ਕਰ ਸਕਦੀ ਹੈ ਤਾਂ ਮਰਿਆਦਾ ਪਰਸ਼ੋਤਮ ਰਾਮ ਜੀ ਨੇ ਵਿਚਾਰੀ ਸੀਤਾ ਨੂੰ ਅਗਨੀ ਪ੍ਰੀਖਿਆ ਉਪਰੰਤ ਵੀ ਦੁਬਾਰਾ ਬਨਵਾਸ ਲਈ ਮਜਬੂਰ ਕਿਉਂ ਕੀਤਾ? ਜਦੋਂ ਕਿ ਉਸ ਨੇ ਰਾਵਣ ਨਾਲ ਕੋਈ ਕੁਕਰਮ ਨਹੀਂ ਕੀਤਾ ਸੀ ਅਤੇ ਨਾ ਹੀ ਰਾਵਣ ਨੇ ਐਸਾ ਮਜਬੂਰ ਕੀਤਾ ਸੀ, ਰਾਵਣ ਤਾਂ ਸੀਤਾ ਨੂੰ ਕਹਿੰਦਾ ਹੈ:

"ਜਨਕ ਨੰਦਨੀ, ਇੱਛ ਹੋਣ ਤੇ ਵੀ ਮੈਂ ਉਸ ਵੇਲੇ ਤੱਕ ਤੈਨੂੰ ਨਹੀਂ ਛੋਹਾਂਗਾ ਜਦ ਤੱਕ ਤੂੰ ਆਪ ਮੈਨੂੰ ਨਹੀਂ ਚਾਹੇਂਗੀ। ਇਸ ਲਈ ਹੇ ਪਿਆਰੀ! ਤੈਨੂੰ ਭੈਅ ਨਹੀਂ ਕਰਨਾ ਚਾਹੀਦਾ। ਮੇਰੇ ਤੇ ਭਰੋਸਾ ਰੱਖ ਅਤੇ ਵਿਅਰਥ ਰੋਣ ਦੀ ਲੋੜ ਨਹੀਂ।"[੧]

(ਵਾਲਮੀਕੀ ਰਾਮਾਇਣ ੧੧੨੯: (੫-੬)

ਹੈਰਾਨੀ ਦੀ ਬਾਤ ਹੈ ਕਿ ਚਰਨ ਛੂਹ ਦੇ ਨਾਲ ਹੀ ਅਪਵਿੱਤਰ ਅਹਿਲਿਆ ਨੂੰ ਪਵਿੱਤਰ ਕਰਨ ਵਾਲੇ ਮਰਿਆਦਾ ਪਰਸ਼ੋਤਮ ਰਾਮ ਚੰਦਰ ਨੂੰ ਸੀਤਾ ਜੀ ਦੀ ਪਵਿੱਤਰਤਾ ਤੇ ਯਕੀਨ ਕਿਉਂ ਨਾ ਆਇਆ ?

ਇੰਦ੍ਰ ਨੂੰ ਗੌਤਮ ਰਿਖੀ ਦੁਆਰਾ ਦਿੱਤੇ ਸਰਾਪ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ:

*ਗੋਤਮੁ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ॥*
*ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ॥ ੧॥*

(ਪ੍ਰਭਾਤੀ ਮਹਲਾ ੧, ਪੰਨਾ ੧੩੪੪)

ਇੰਦ੍ਰ ਬਾਰੇ ਤਾਂ ਇਕ ਵਿਦਵਾਨ ਸੱਜਣ ਲਿਖਦੇ ਹਨ :

"ਲੱਛਮੀ ਵਿਸ਼ਨੂੰ ਦੀ ਪਤਨੀ ਸੀ। ਇਸ ਲੱਛਮੀ ਦਾ ਨਾਜਾਇਜ਼ ਸੰਬੰਧ ਇੰਦ੍ਰ ਨਾਲ ਵੀ ਸੀ।"

ਪਾਂਡਵਾਂ ਦੀ ਉਤਪਤੀ ਵਿੱਚ, ਖਾਸ ਕਰਕੇ ਅਰਜੁਨ ਦੀ ਉਤਪਤੀ ਵਿੱਚ 'ਇੰਦਰ ਦੇਵਤਾ' ਜੀ ਦਾ ਖਾਸ ਯੋਗਦਾਨ ਸੀ :

"ਕੁੰਤੀ ਜੋ ਕ੍ਰਿਸ਼ਨ ਦੀ ਭੂਆ ਅਤੇ ਪਾਂਡੂ ਦੀ ਇਸਤਰੀ ਸੀ, ਨੇ ਨਿਯੋਗ ਪ੍ਰਥਾ ਦੁਆਰਾ ਧਰਮ-ਰਾਜ ਤੋਂ ਯੁਧਿਸ਼ਟਰ, ਇੰਦਰ ਦੁਆਰਾ ਅਰਜਨ, ਪਵਨ ਦੁਆਰਾ ਭੀਮ ਅਤੇ ਅਸ਼ਵਨੀ ਕੁਮਾਰਾਂ ਦੁਆਰਾ ਨਕੁਲ ਅਤੇ ਸਹਿਦੇਵ ਨੂੰ ਜਨਮ ਦਿੱਤਾ।"

(ਆਰੀਆ ਦਾ ਨੈਤਿਕ ਪੋਲ ਪ੍ਰਕਾਸ਼, ੪੮)[10]

<u>ਨਿਯੋਗ:-</u>[11] ਵੇਦਾਂ ਵਿੱਚ ਨਿਯੋਗ ਦੇ ਆਧਾਰ ਉਪਰ ਇਕ ਇਸਤਰੀ ਨੂੰ ਗਿਆਰਾਂ ਤੱਕ ਪਤੀ ਰੱਖਣ ਅਤੇ ਉਨ੍ਹਾਂ ਤੋਂ ਦਸ ਸੰਤਾਨਾਂ ਪੈਦਾ ਕਰਨ ਦੀ ਛੋਟ ਦਿੱਤੀ ਗਈ ਹੈ। ਮੰਨੂ ਨੇ ਹੇਠ ਲਿਖੀਆਂ ਹਾਲਤਾਂ ਵਿੱਚ ਨਿਯੋਗ ਪ੍ਰਥਾ (ਕਿਸੇ ਪਰਾਏ ਮਰਦ ਨਾਲ ਸਹਿਵਾਸ) ਨੂੰ ਜਾਇਜ਼ ਕਰਾਰ ਦਿੱਤਾ ਹੈ।

1. ਜੇ ਵਿਆਹੁਤਾ ਇਸਤਰੀ ਦਾ ਪਤੀ ਧਰਮ ਦੇ ਅਰਥ ਲਈ ਪਰਦੇਸ ਗਿਆ ਹੋਵੇ ਤਾਂ ਇਸਤਰੀ ਅੱਠ ਸਾਲ ਉਡੀਕਣ ਉਪਰੰਤ ਕਿਸੇ ਗ਼ੈਰ ਮਰਦ ਨਾਲ ਸਹਿਵਾਸ ਕਰਕੇ ਸੰਤਾਨ ਉਤਪਤੀ ਕਰ ਸਕਦੀ ਹੈ। ਇਸੇ ਤਰ੍ਹਾਂ ਹੀ,
2. ਜੇ ਵਿਦਿਆ ਪ੍ਰਾਪਤੀ ਲਈ ਗਿਆ ਹੋਵੇ ਤਾਂ ਛੇ ਸਾਲ ਬਾਅਦ......
3. ਜੇ ਧਨ ਕਮਾਉਣ ਗਿਆ ਹੋਵੇ ਤਾਂ ਤਿੰਨ ਸਾਲ ਉਡੀਕਣ ਉਪਰੰਤ.....

ਉਪਰੋਕਤ ਹਾਲਤਾਂ ਵਿੱਚ ਇਕ ਸ਼ਰਤ ਹੈ ਕਿ ਜਦੋਂ ਪਤੀ ਵਾਪਸ ਆ ਜਾਵੇ ਤਾਂ ਔਰਤ ਨਿਯੋਗੀ ਗੈਰ ਮਰਦ ਦਾ ਸਾਥ ਛੱਡ ਦੇਵੇ।

ਪੁੱਤਰ ਨਾ ਹੋਣ ਦੀ ਹਾਲਤ ਅਤੇ ਮਰਦ ਦੇ ਨਾ ਕਾਬਿਲ ਹੋਣ ਸਦਕਾ ਵੀ ਨਿਯੋਗ ਪ੍ਰਥਾ ਦੁਆਰਾ ਸੰਤਾਨ ਉਤਪਤੀ ਕੀਤੀ ਜਾ ਸਕਦੀ ਹੈ।

ਨਿਯੋਗ ਪ੍ਰਥਾ ਵਿੱਚ ਜ਼ਾਤਿ ਅਤੇ ਕੁਲ ਦੀ ਉੱਚਤਾ ਦਾ ਧਿਆਨ ਰੱਖਣਾ ਅਤਿ ਜ਼ਰੂਰੀ ਹੈ,

*ਨਾਨਯਸਿਮਨਿਵਧ ਵਾਨਾਰੀ ਨਿਯੋਗਤਵਯਾ ਦ੍ਵਿਜਾਤਿਭਿ:॥*
*ਅਨਯਸਿਮਨਹ . ਨਿਯੋਗਜਾਨਾ ਧਰਮ ਹਨਯੁ: ਸਨਾਤਨਮੁ॥*

(ਮੰਨੂ ਸਿਮਰਤੀ ੯-੬੪)

ਅਰਥਾਤ, ਦਿਜਾਂ (ਬ੍ਰਾਹਮਣਾਂ) ਨੂੰ ਚਾਹੀਦਾ ਹੈ ਕਿ ਵਿਧਵਾ ਇਸਤਰੀ ਦਾ ਨਿਯੋਗ ਕਿਸੀ ਹੋਰ ਜ਼ਾਤਿ ਦੇ ਪੁਰਸ਼ ਤੋਂ ਨਾ ਕਰਾਉਣ। ਦੂਸਰੀ ਜ਼ਾਤੀ ਦਾ ਨਿਯੋਗੀ ਪੁਰਸ਼ ਇਸਤਰੀ ਦੇ ਸਨਾਤਨ ਧਰਮ ਨੂੰ ਨਾਸ਼ ਕਰ ਦੇਵੇਗਾ:

*ਵਿਧਵਾਯਾਂ ਨਿਯੋਗਸਤੁ ਘ੍ਰਿਤਕਾਤੋ ਵਾਗਯਾਤੋ ਨਿਸ਼ਿ॥*

(ਮੰਨੂ ਸਿਮਰਤੀ ੯-੬੦)

ਅਰਥਾਤ, "ਵਿਧਵਾ ਨਾਲ ਨਿਯੋਗ ਕਰਨ ਵਾਲੇ ਪੁਰਸ਼ ਨੂੰ ਚਾਹੀਦਾ ਹੈ ਕਿ ਉਹ ਨਿਯੋਗ ਤੋਂ ਪਹਿਲਾਂ ਪੂਰੇ ਸਰੀਰ ਤੇ ਘਿਉ ਦਾ ਲੇਪ ਕਰੇ।"

ਸੋ ਇਸ ਨਿਯੋਗ ਪ੍ਰਥਾ ਅਨੁਸਾਰ 'ਇੰਦ੍ਰ ਦੇਵਤਾ' ਜੀ ਨੇ ਕੁੰਤੀ ਨਾਲ ਸਹਿਵਾਸ ਕਰ ਅਰਜੁਨ ਨੂੰ ਸੰਸਾਰ ਮੰਚ ਤੇ ਪ੍ਰਗਟ ਕੀਤਾ।

'ਇੰਦਰ ਜੀ' ਦੀਆਂ ਐਸੀਆਂ ਹਰਕਤਾਂ ਅਤੇ ਕਾਮਪੂਰਵਕ ਕਾਰਨਾਮਿਆਂ ਸਦਕਾ ਹੀ ਭਗਤ ਕਬੀਰ ਜੀ ਨੇ ਫੁਰਮਾਇਆ ਹੈ:

*ਮੈਲਾ ਬ੍ਰਹਮਾ ਮੈਲਾ ਇੰਦੁ॥ ਰਵਿ ਮੈਲਾ ਮੈਲਾ ਹੈ ਚੰਦੁ॥*

(ਰਾਗ ਭੈਰਉ, ਪੰਨਾ ੧੧੫੮)

ਭਗਤ ਰਵਿਦਾਸ ਜੀ ਨੇ ਇੰਦ੍ਰ ਨੂੰ ਮਹਾਂਕਾਮੀ ਦਾ ਦਰਜਾ ਦਿੱਤਾ ਹੈ :

*ਗੋਤਮ ਨਾਰਿ ਉਮਾਪਤਿ ਸ੍ਵਾਮੀ॥ ਸੀਸੁ ਧਰਨਿ ਸਹਸ ਭਗ ਗਾਂਮੀ॥ ੪॥*

(ਜੈਤਸਰੀ ਰਵਿਦਾਸ, ਪੰਨਾ ੭੧੦)

ਗੁਰਮਤਿ ਵਿਚਾਰਧਾਰਾ ਅਨੁਸਾਰ ਇਨ੍ਹਾਂ ਅਖੌਤੀ ਦੇਵਤਿਆਂ ਨੂੰ ਪਰਮੇਸ਼ਰ ਕਰ ਪਰਵਾਣ ਨਹੀਂ ਕੀਤਾ ਗਿਆ ਹੈ, ਸਗੋਂ ਪ੍ਰਮੇਸ਼ਰ ਦੇ ਭੈਅ ਅਧੀਨ ਵਿਚਰਦੇ ਅਤੇ ਕਾਲ ਅਧੀਨ ਦੱਸਿਆ ਹੈ।

*ਭੈ ਵਿਚਿ ਇੰਦੁ ਫਿਰੈ ਸਿਰ ਭਾਰਿ॥ ਭੈ ਵਿਚਿ ਰਾਜਾ ਧਰਮ ਦੁਆਰੁ॥*

(ਆਸਾ ਮ: ੧, ਪੰਨਾ ੪੬੪)

ਇੰਦ੍ਰ ਵਰਗੇ ਦੇਵਤੇ ਵੀ ਆਪਣੇ ਆਸਣੁ ਤੇ ਬੈਠੇ ਅੰਤਕਾਲ ਤੋਂ ਭੈਅਭੀਤ ਹਨ ਅਤੇ ਕੁਦਰਤ ਦੇ ਕਾਦਰ ਦੀ ਰਜ਼ਾ ਅਧੀਨ ਹਨ :

*ਇੰਦ੍ਰ ਇੰਦ੍ਰਾਸਣਿ ਬੈਠੇ ਜਮ ਕਾ ਭਉ ਪਾਵਹਿ॥ ਜਮੁ ਨ ਛੋਡੈ ਬਹੁ ਕਰਮ ਕਮਾਵਹਿ॥*
*ਸਤਿਗੁਰੁ ਭੇਟੈ ਤਾ ਮੁਕਤਿ ਪਾਈਐ ਹਰਿ ਹਰਿ ਰਸਨਾ ਪੀਜੈ ਹੇ॥*
(ਮਾਰੂ ਮ: ੩, ਪੰਨਾ ੧੦੫੯)

ਸੰਘ ਦੀ 'ਸਿੱਖ ਸੰਗਤ' ਵਲੋਂ ਪ੍ਰਕਾਸ਼ਿਤ ਕਿਤਾਬਚੇ 'ਰਾਸ਼ਟਰ ਧਰਮ' ਵਿੱਚ ਦਰਸਾਇਆ ਹੈ ਕਿ ਅੰਮ੍ਰਿਤ ਸੰਸਕਾਰ ਸਮੇਂ 'ਇੰਦ੍ਰ ਜੀ' ਨੇ ਖ਼ਾਲਸੇ ਦੀ ਨਿਰਮਲ ਬੁਧੀ ਨਮਿਤ ਅੰਮ੍ਰਿਤ ਵਿੱਚ ਪਾਉਣ ਲਈ ਪਤਾਸੇ ਭੇਟਾ ਕੀਤੇ, ਪਰੰਤੂ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਜੋ ਇਸ ਮਨੋਕਲਪਿਤ ਗਾਥਾ ਦੀ ਪਰਖ ਦੀ ਕਸਵੱਟੀ ਵਜੋਂ ਅਹਿਮ ਭੂਮਿਕਾ ਨਿਭਾਉਂਦੀਆਂ ਹਨ, ਵਿੱਚ ਕਿਤੇ ਵੀ ਇੰਦਰ ਜਾਂ ਕਿਸੇ ਹੋਰ ਦੇਵਤਾ ਪ੍ਰਤੀ ਕੋਈ ਸ਼ਰਧਾ ਨਹੀਂ ਦਰਸਾਈ ਗਈ, ਸਗੋਂ ਸਪੱਸ਼ਟ ਕੀਤਾ ਹੈ :

*ਬਿਨ ਕਰਤਾਰ ਨ ਕਿਰਤਮ ਮਾਨੋ॥*
*ਆਦਿ ਅਜੋਨਿ ਅਜੈ ਅਬਿਨਾਸੀ ਤਿਹ ਪਰਮੇਸਰ ਜਾਨੋ॥ ੧॥ ਰਹਾਉ॥*
(ਕਲਿਆਣ ਪਾਤ: ੧੦)

ਗੁਰੂ ਪਾਤਸ਼ਾਹ ਜੀ ਨੇ ਜਿਥੇ ਆਪਣੇ ਇਸ਼ਟ ਨੂੰ ਆਦਿ, ਅਜੋਨਿ ਅਬਿਨਾਸੀ ਕਿਹਾ ਹੈ, ਉਥੇ ਰੂਪ ਰੇਖ, ਵਰਣ ਚਿੰਨ੍ਹ, ਰੰਗ ਅਕਾਰ, ਜਾਤਿ-ਪਾਤਿ ਤੋਂ ਬਾਹਰਾ ਬਿਆਨ ਕੀਤਾ ਹੈ। ਉਸ 'ਤ੍ਰਿਭਵਣ ਮਹੀਪ' ਦੇ ਦਰ ਬੈਠ ਕੇ ਅਨੇਕਾਂ ਹੀ ਸੁਰ ਅਤੇ ਅਸੁਰ ਬੇਅੰਤ-ਬੇਅੰਤ ਆਖਦੇ ਹਨ। ਅਨੇਕਾਂ ਹੀ, ਕਰੋੜਾਂ ਹੀ ਇੰਦ੍ਰ ਉਸ ਨੂੰ ਸ਼ਾਹਿਨਸ਼ਾਹਾਂ ਦਾ ਸ਼ਾਹਿਨਸ਼ਾਹ ਵਿਖਿਆਨ ਕਰਦੇ ਹਨ। ਅਰਥਾਤ ਉਹ ਅਨਭਉ ਪ੍ਰਕਾਸ਼ ਸਰੂਪ ਪਾਰਬ੍ਰਹਮ ਕਰੋੜਾਂ ਹੀ ਇੰਦਰਾਂ ਦਾ ਇੰਦਰ ਹੈ ਅਤੇ ਕਰੋੜਾਂ ਹੀ ਸ਼ਾਹਾਂ ਦਾ ਸ਼ਾਹ ਹੈ :

*ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥*
*ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ॥*
*ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜਿ ਕਹਿੱਜੈ॥*
*ਕੋਟਿ ਇੰਦ੍ਰ ਇੰਦ੍ਰਾਣਿ ਸਾਹੁ ਸਾਹਾਣਿ ਗਣਿੱਜੈ॥*
*ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਨ ਤ੍ਰਿਣ ਕਹਤ॥*
*ਤ੍ਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤਿ॥ ੧॥*
(ਜਾਪੁ ਸਾਹਿਬ)

ਉਹ ਅਕਾਲ ਪੁਰਖ ਅਨੇਕਾਂ ਇੰਦਰਾਂ ਦਾ ਇੰਦਰ ਹੈ, ਉਚਿਆਂ ਤੋਂ ਉੱਚਾ ਹੈ। ਕੰਗਾਲਾਂ ਤੋਂ ਵੀ ਕੰਗਾਲ ਹੈ (ਅਰਥਾਤ ਰੰਕ ਵੀ ਉਸ ਦੇ ਵਾਸੇ ਵਿੱਚ ਹਨ) ਅਤੇ ਕਾਲਾਂ ਦਾ ਕਾਲ ਹੈ (ਅਰਥਾਤ ਮੌਤ ਵੀ ਉਸਦੇ ਅਧੀਨ ਹੈ।

*ਇੰਦ੍ਰਾਨ ਇੰਦ੍ਰ॥ ਬਾਲਾਨ ਬਾਲ॥ ਰੰਕਾਨ ਰੰਕ॥ ਕਾਲਾਨ ਕਾਲ॥ ੯੦॥*

(ਜਾਪੁ ਸਾਹਿਬ)

ਇੰਦਰ ਵਰਗਿਆਂ ਦੇ ਮੱਥੇ ਤਾਂ ਬਲਾਤਕਾਰ ਵਰਗੇ ਕੁਕਰਮ ਦਾ ਕਲੰਕ ਹੈ, ਪਰੰਤੂ ਗੁਰੂ ਪਿਤਾ ਦਾ ਅਕਾਲ 'ਅਜੈ ਅਬਿਨਾਸੀ' ਤਾਂ ਕਲੰਕੰ ਪ੍ਰਣਾਸ ਹੈ।

*ਕਲੰਕੰ ਪ੍ਰਣਾਸ ਹੈਂ॥ ਸਮਸਤੁਲ ਨਿਵਾਸ ਹੈਂ॥ ੧੫੪॥*

(ਜਾਪੁ ਸਾਹਿਬ)

ਉਸ ਅਨੇਕਾਂ ਹੀ ਰਾਜਿਆਂ ਦੇ ਰਾਜੇ ਅਤੇ ਅਨੇਕਾਂ ਇੰਦਰਾਂ ਦੇ ਇੰਦਰ ਅਜੋਨਿ ਅਬਿਨਾਸ਼ੀ ਨੂੰ ਨਮਸਕਾਰ ਹੈ:

*੧. ਨਮੋ ਰਾਜ ਰਾਜੇ ਨਮੋ ਇੰਦ੍ਰ ਇੰਦ੍ਰੇ॥*
*੨. ਨਮੋ ਇੰਦ੍ਰ ਇੰਦ੍ਰੇ ਅਨਾਦੰ ਬਿਭੂਤੇ॥੧੯੭॥*

(ਜਾਪੁ ਸਾਹਿਬ)

ਉਹ ਨਿਹਕਲੰਕ ਕਲੰਕੰ ਪ੍ਰਣਾਸ ਅਕਾਲ ਪੁਰਖ ਤਾਂ ਕੁਕਰਮਾਂ ਦਾ ਨਾਸ਼ ਕਰਨ ਵਾਲਾ ਹੈ:

*ਕੁਕਰਮੰ ਪ੍ਰਣਾਸੀ ਸੁਧਰਮੰ ਬਿਭੂਤੇ॥ ੧੯੭॥* (ਜਾਪੁ ਸਾਹਿਬ)

ਇੰਦਰ ਵਰਗੇ ਤਾਂ ਅਨੇਕਾਂ ਹੀ ਉਸ ਦੇ ਅਧੀਨ ਹਨ। ਕਈ ਇੰਦਰ, ਕਈ ਬ੍ਰਹਮੇ, ਕਈ ਵਿਸ਼ਨੂੰ, ਕਈ ਰਾਮ, ਕਈ ਕ੍ਰਿਸ਼ਨ, ਕਈ ਰਸੂਲ ਉਸ ਦੇ ਅਧੀਨ ਹਨ, ਪਰੰਤੂ ਉਸ ਦੇ ਦਰ ਉਹੀ ਪਰਵਾਨ ਹਨ ਜੋ ਉਸ ਦਰਬਾਰ ਦੇ ਭਗਤ ਹਨ ਜਾਂ ਜਿਨ੍ਹਾਂ ਉਪਰ ਕਿਰਪਾ ਕਰਕੇ ਉਹ ਭਗਤੀ ਦੇ ਮਾਰਗ ਉਪਰ ਤੋਰਦਾ ਹੈ:

*ਜਿਹ ਕੋਟਿ ਇੰਦ੍ਰ ਨ੍ਰਿਪਾਰ॥ ਕਈ ਬ੍ਰਹਮ ਬਿਸ਼ਨ ਬਿਚਾਰ॥*
*ਕਈ ਰਾਮ ਕ੍ਰਿਸ਼ਨ ਰਸੂਲ॥ ਬਿਨੁ ਭਗਤ ਕੋ ਨ ਕਬੂਲ॥ ੮॥ ੨੮॥*

(ਅਕਾਲ ਉਸਤਤਿ)

ਉਸ ਦੇ ਦਰ ਉਪਰ ਬੈਠੇ ਅਨੇਕਾਂ ਇੰਦਰ, ਬ੍ਰਹਮੇ, ਕ੍ਰਿਸ਼ਨ ਉਸ ਦੇ ਗੁਣ ਗਾਉਂਦੇ ਹੋਏ ਬੇਅੰਤ ਬੇਅੰਤ ਉਚਾਰਦੇ ਹਨ ਭਾਵ ਕਿ ਉਸ ਦਾ ਥਾਹ ਪਾਉਣ ਦੇ ਸਮਰੱਥ ਨਹੀਂ ਹਨ:

*ਕੇਤੇ ਇੰਦ੍ਰ ਦੁਆਰ ਕੇਤੇ ਬ੍ਰਹਮਾ ਮੁਖ ਚਾਰ*
*ਕੇਤੇ ਕ੍ਰਿਸ਼ਨਾਵਤਾਰ ਕੇਤੇ ਰਾਮ ਕਹੀਅਤੁ ਹੈ॥*

(ਅਕਾਲ ਉਸਤਤਿ)

ਜਿਥੇ ਅਨੇਕਾਂ ਹੀ ਦੇਵਤੇ, ਅਵਤਾਰ ਉਸ ਦੇ ਦਰ ਤੇ ਬੈਠ ਕੇ ਉਸ ਆਦਿ ਪੁਰਖ ਅਪਾਰ

ਦੀ ਸਿਫ਼ਤ ਸਲਾਹੁਤ ਕਰਦੇ ਹਨ ਉਥੇ ਕਈ ਕਰੋੜਾਂ ਇੰਦਰ ਵਰਗੇ ਉਸ ਦੇ ਦੁਆਰ ਖੜੇ ਪਾਣੀ ਭਰਦੇ ਹਨ:

*ਕਈ ਕੋਟਿ ਇੰਦ੍ਰ ਜਿਹ ਪਾਨਹਾਰ॥ ਕਈ ਕੋਟ ਰੁਦ੍ਰ ਜੁਗੀਆ ਦੁਆਰ॥*
*ਕਈ ਬੇਦ ਬਿਆਸ ਬ੍ਰਹਮਾ ਅਨੰਤ॥ ਜਿਹ ਨੇਤਿ ਨੇਤਿ ਨਿਸ ਦਿਨ ਉਚਰੰਤ॥ ੧੨॥ ੨੪੨॥*

(ਅਕਾਲ ਉਸਤਤਿ)

ਇਹ ਅਨੇਕਾਂ ਹੀ ਦੇਵ ਉਸ ਦੇ ਅਧੀਨ ਹਨ, ਉਸ ਦੇ ਚਾਕਰ ਹਨ: ਉਸ ਦਾ ਅੰਤ ਨਹੀਂ ਪਾ ਸਕੇ, ਸਗੋਂ ਉਹ ਬੇਅੰਤ ਸੁਆਮੀ ਤਾਂ ਕਰੋੜਾਂ ਇੰਦਰ ਪੈਦਾ ਕਰਦਾ ਹੈ ਅਤੇ ਮਰਜ਼ੀ ਨਾਲ ਖਪਾ ਦਿੰਦਾ ਹੈ, ਅਰਥਾਤ ਖ਼ਤਮ ਕਰ ਦਿੰਦਾ ਹੈ:

*ਬ੍ਰਹਮਾ ਬਿਸਨੁ ਅੰਤੁ ਨਹੀਂ ਪਾਇਓ॥ ਨੇਤਿ ਨੇਤਿ ਮੁਖਚਾਰ ਬਤਾਇਓ॥ ੧॥*
*ਕੋਟਿ ਇੰਦ੍ਰ ਉਪਇੰਦ੍ਰ ਬਨਾਏ॥ ਬ੍ਰਹਮ ਰੁਦ੍ਰ ਉਪਾਇ ਖਪਾਇ॥*

(ਅਕਾਲ ਉਸਤਤਿ)

ਉਸ ਕਾਦਰ ਦੀਆਂ ਬਣਾਈਆਂ ਇਨ੍ਹਾਂ ਕ੍ਰਿਤਾਂ ਦੀ ਉਪਾਸ਼ਨਾ ਕਰਨੀ, ਕਰਤਾਰ ਛੱਡ ਕੇ ਕਿਰਤਮਾਂ ਦੇ ਪਿਛਲੱਗ ਬਨਣਾ ਤਾਂ ਠਾਕੁਰ ਨੂੰ ਛੱਡ ਕੇ ਦਾਸੀ ਨੂੰ ਸਿਮਰਣ ਵਾਲੀ ਬਾਤ ਹੈ, ਕਿਉਂਕਿ ਇੰਦ੍ਰ ਵਰਗੇ 'ਦੇਵਰਾਜਾ' ਤਾਂ ਉਸ ਦੇ ਦਰ ਦੇ ਝਾੜੂ ਬਰਦਾਰਾਂ ਵਰਗੇ ਹਨ:

*ਕਈ ਇੰਦ੍ਰ ਬਾਰ ਬੁਹਾਰ॥ ਕਈ ਬੇਦ ਅਉ ਮੁਖ ਚਾਰ॥*
*ਕਈ ਰੁੱਦ੍ਰ ਛੁੱਦ੍ਰ ਸਰੂਪ॥ ਕਈ ਰਾਮ ਕ੍ਰਿਸ਼ਨ ਅਨੂਪ॥ ੧੦॥ ੪੦॥*

(ਅਕਾਲ ਉਸਤਤਿ)

ਉਹ ਰੰਕਾਂ ਨੂੰ ਤਖਤ ਨਿਵਾਜਣ ਵਾਲਾ ਅਕਾਲ ਪੁਰਖ ਜੇ ਚਾਹੇ ਤਾਂ ਅੱਖ ਦੇ ਫੋਰ ਵਿੱਚ ਇੰਦਰ ਵਰਗਿਆਂ ਨੂੰ ਰਾਜ ਪਦਵੀ ਬਖਸ਼ਦਾ ਹੈ ਤਾਂ ਜਦੋਂ ਚਾਹੇ ਉਨ੍ਹਾਂ ਦੇ ਕੁਕਰਮਾਂ ਨੂੰ ਵੇਖ ਕੇ ਪਲਕ ਝੱਪਕਦਿਆਂ ਹੀ ਉਹਨਾਂ ਨੂੰ ਪਦਵੀ ਤੋਂ ਮੁਕਤ ਕਰ ਦਿੰਦਾ ਹੈ (ਭਾਵ ਕਿ ਆਪਣੇ ਆਪ ਨੂੰ ਦੇਵਰਾਜ ਸਮਝਣ ਵਾਲੇ ਇੰਦਰ ਵਰਗੇ ਰਾਜੇ, ਗੌਤਮ ਰਿਖੀ ਵਰਗਿਆਂ ਪਾਸੋਂ ਸਰਾਪ ਲੈ ਕੇ ਰਾਜ ਪੱਦਵੀ ਤਿਆਗ ਤਲਾਬਾਂ ਵਿੱਚ ਜਾ ਲੁਕਦੇ ਹਨ)।

*ਕਹੂੰ ਇੰਦ੍ਰ ਰਾਜਾ ਕੋ ਮਿਲਤ ਇੰਦ੍ਰ ਪਦਵੀ ਸੀ*
*ਕਹੂੰ ਇੰਦ੍ਰ ਪਦਵੀ ਛਪਾਇ ਛੀਨ ਲੇਤ ਹੋ॥*

(ਅਕਾਲ ਉਸਤਤਿ)

ਸੋ ਦਿੱਤੇ ਗਏ ਗੁਰਮਤਿ ਪ੍ਰਮਾਣਾਂ ਅਤੇ ਦਸਮ ਪਾਤਸ਼ਾਹ ਦੁਆਰਾ ਰਚਿਤ ਬਾਣੀਆਂ ਤੋਂ ਸਪੱਸ਼ਟ ਹੈ ਕਿ ਗੁਰੂ ਪਾਤਸ਼ਾਹ ਕਿਰਤਮ ਦੇ ਨਹੀਂ ਬਲਕਿ ਕਰਤਾਰ ਦੇ ਉਪਾਸ਼ਕ ਸਨ ਤੇ ਬ੍ਰਾਹਮਣ ਵਾਦੀਆਂ ਵਲੋਂ ਘੜੀ ਇਹ ਗਾਥਾ ਕਿ ਇੰਦਰ ਨੇ ਅੰਮ੍ਰਿਤ ਸੰਸਕਾਰ ਸਮੇਂ ਪਤਾਸੇ ਜਾਂ ਕੋਈ ਮਿੱਠੀ ਵਸਤ ਭੇਟਾ ਕੀਤੀ ਦਾ ਮਨਸ਼ਾ ਕੇਵਲ ਗੁਰਮਤਿ ਵਿਚਾਰਧਾਰਾ ਉਪਰ ਚੋਟ ਕਰਨਾ ਹੈ। ਇਹ

ਮਿਥਿਹਾਸਕ ਗਾਥਾ ਗੁਰਮਤਿ ਵਿਚਾਰਧਾਰਾ ਦੀ ਕਸਵੱਟੀ ਉਪਰ ਪੂਰੀ ਨਹੀਂ ਉਤਰਦੀ, ਅਤੇ ਨਿਰਮੂਲ ਹੈ।

---

1. ਧਰਮ ਰਾਸ਼ਟਰ ਧਰਮ ਖ਼ਾਲਸਾ ਸਾਜਨਾ ਵਿਸ਼ੇਸ਼ ਅੰਕ, ਅਪ੍ਰੈਲ 1999, ਪੰਨਾ 102
2. ਰਿਗਵੇਦ ਮੰਡਲ : 10 ਸੂਕਤ 86-87, ਪੰਨਾ 709, ਸੰਸਕਰਣ : 1991
ਪ੍ਰਕਾਸ਼ਕ : ਸੰਸਕ੍ਰਿਤੀ ਸਾਹਿਤ ਪ੍ਰਕਾਸ਼ਨ ਨਵੀਂ ਦਿੱਲੀ
3. ਸਰਵੋਤਮ ਗ੍ਰੰਥ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 16, ਸੰਸਕਰਣ : 1995,
ਪ੍ਰਕਾਸ਼ਕ : ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ
4. ਸਰਵੋਤਮ ਗ੍ਰੰਥ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 16, ਸੰਸਕਰਣ : 1995, ਲੇਖਕ- ਸਵਾਮੀ ਰਾਮ ਤੀਰਥ ਜੀ ਦੰਡੀ ਸੰਨਿਆਸੀ, ਪ੍ਰਕਾਸ਼ਕ : ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ
5. ਹਿੰਦੂਇਜ਼ਮ : ਧਰਮ ਜਾਂ ਕਲੰਕ, ਪੰਨਾ 99, ਲੇਖਕ : ਐਲ.ਆਰ. ਬਾਲੀ
6. ਵਾਰਾਂ ਭਾਈ ਗੁਰਦਾਸ, ਪੰਨਾ 130, ਟੀਕਾਕਾਰ ਤੇਜਾ ਸਿੰਘ ਐਮ.ਏ.,
ਪ੍ਰਕਾਸ਼ਕ : ਸਿੱਖ ਬੁੱਕ ਕੰਪਨੀ ਅੰਮ੍ਰਿਤਸਰ
7. ਵਾਰਾਂ ਭਾਈ ਗੁਰਦਾਸ, ਪੰਨਾ 130, ਟੀਕਾਕਾਰ : ਤੇਜਾ ਸਿੰਘ ਐਮ.ਏ.,
ਪ੍ਰਕਾਸ਼ਕ : ਸਿੱਖ ਬੁੱਕ ਕੰਪਨੀ ਅੰਮ੍ਰਿਤਸਰ
8. ਭਾਰਤੀ ਲੋਕ ਨੀਚ ਕਿਵੇਂ ਬਣੇ? ਪੰਨਾ 130, ਸੰਸਕਰਣ : 1994, ਲੇਖਕ : ਗੁਰਨਾਮ ਸਿੰਘ,
ਪ੍ਰਕਾਸ਼ਕ : ਬਹੁਜਨ ਸਮਾਜ ਪ੍ਰਕਾਸ਼ਨ
9. ਭਾਰਤੀ ਲੋਕ ਨੀਚ ਕਿਵੇਂ ਬਣੇ ? ਪੰਨਾ 147, ਸੰਸਕਰਣ : 1994, ਲੇਖਕ : ਗੁਰਨਾਮ ਸਿੰਘ,
ਪ੍ਰਕਾਸ਼ਕ : ਬਹੁਜਨ ਸਮਾਜ ਪ੍ਰਕਾਸ਼ਨ
10. ਮੰਨੂ ਸਿਮਰਿਤੀ, ਪੰਨਾ 436-437, ਟੀਕਾਕਾਰ : ਪੰ: ਤੁਲਸੀਰਾਮ ਸਵਾਮੀ,
ਪ੍ਰਕਾਸ਼ਕ: ਸਰਵਦੇਸ਼ਿਕ ਆਰਿਆ ਪ੍ਰਤੀਨਿਧੀ ਸਭਾ ਨਵੀਂ ਦਿੱਲੀ।

# ਕੀ ਹਨੂਮਾਨ ਜੀ ਨੇ ਗੁਰੂ ਸਾਹਿਬ ਨੂੰ ਕਛਹਿਰਾ ਭੇਂਟ ਕੀਤਾ ?

ਸਿੱਖ ਸੰਗਤ ਨੂੰ ਖੰਡੇ ਦੀ ਪਾਹੁਲ ਦੇਣ ਸਮੇਂ ਦਾ ਬਿਪਰਵਾਦੀ ਚਿਤਰਣ ਕਰਦਿਆਂ, ਕਕਾਰਾਂ ਦੀ ਅਹਿਮੀਅਤ ਨੂੰ ਨਜ਼ਰ-ਅੰਦਾਜ਼ ਕਰਦਿਆਂ, ਗੁਰਮਤਿ ਵਿਚਾਰਧਾਰਾ ਵਿੱਚ ਬਿਪਰਵਾਦੀ ਕਰਮਕਾਂਡ ਦੀ ਘੁਸਪੈਠ ਕਰਨ ਲਈ, ਰਾਸ਼ਟਰੀ ਸਿੱਖ ਸੰਗਤ ਵਲੋਂ ਪ੍ਰਕਾਸ਼ਿਤ ਕਿਤਾਬਚੇ 'ਰਾਸ਼ਟਰ ਧਰਮ'[1] ਦੇ ਵਿੱਚ 'ਜਬ ਦੇਵੀ ਪ੍ਰਗਟ ਹੂਈ' ਦੇ ਸਿਰਲੇਖ ਅਧੀਨ ਇਹ ਸ਼ਬਦ ਸਿੱਖ ਧਰਮ ਦੇ ਕਕਾਰ ਕਛਹਿਰੇ ਬਾਰੇ ਲਿਖੇ ਹਨ :

*''ਬਾਹਨੀ ਕਛ ਹਨੂ ਜੀ ਦਈ''*

ਅਰਥਾਤ : ਖ਼ਾਲਸਾ ਪ੍ਰਗਟ ਕਰਨ ਸਮੇਂ ਖ਼ਾਲਸੇ ਵਾਸਤੇ ਕਛਹਿਰਾ ਗੁਰੂ ਗੋਬਿੰਦ ਸਿੰਘ ਨੂੰ ਹਨੂਮਾਨ ਦੁਆਰਾ ਭੇਂਟ ਕੀਤਾ ਗਿਆ ਅਤੇ ਗੁਰੂ ਸਾਹਿਬ ਨੇ ਉਹ ਕਛਹਿਰਾ ਖ਼ਾਲਸੇ ਨੂੰ ਜਤ ਸਤ ਵਿੱਚ ਪ੍ਰਪੱਕ ਰਹਿਣ ਦੇ ਪ੍ਰਤੀਕ ਵਜੋਂ ਭੇਂਟ ਕੀਤਾ।

ਇਸ ਤਰ੍ਹਾਂ ਹੀ ਕਈ ਐਸੇ ਸਿੱਖ ਇਤਿਹਾਸ ਦੇ ਸਰੋਤ ਜਿਨ੍ਹਾਂ ਵਿਚ ਬੜੇ ਸੂਖਮ ਤੇ ਘਾਤਕ ਹੀਲੇ ਵਰਤ ਕੇ ਬਿਪਰਵਾਦੀ ਕਰਮ-ਕਾਂਡਾਂ ਦੀ ਘੁਸਪੈਠ ਕੂਟਲਨੀਤਕ ਬਿਪਰਵਾਦੀ ਲਿਖਾਰੀਆਂ ਵਲੋਂ ਕੀਤੀ ਗਈ ਹੈ ਦੇ ਗੁਰਮਤਿ ਵਿਚਾਰਧਾਰਾ ਵਿਰੋਧੀ ਹਵਾਲੇ ਲੈ ਕੇ ਰਾਸ਼ਟਰੀ ਸੋਇਮ ਸੰਘ ਦੀ ਪ੍ਰਕਾਸ਼ਨਾ ਭਾਰਤ ਭਾਰਤੀ ਵਲੋਂ ਇਕ ਅਖੌਤੀ ਸੰਘੀ ਵਿਦਵਾਨ ਰਜਿੰਦਰ ਸਿੰਹੁ ਦੇ ਨਾਮ ਹੇਠ ਪ੍ਰਕਾਸ਼ਤ ਕੀਤੀ ਗਈ ਸੀ। ਇਸ ਕਿਤਾਬ ਦਾ ਨਾਮ ਹੈ 'ਸਿੱਖ ਇਤਿਹਾਸ ਮੇਂ ਸ੍ਰੀ ਰਾਮ ਜਨਮ ਭੂਮੀ'[2] (ਜ਼ਿਕਰਯੋਗ ਹੈ ਕਿ 'ਹਮ ਹਿੰਦੂ ਹੈਂ' ਨਾਮੀ ਕਿਤਾਬ ਜੋ ਰਜਿੰਦਰ ਸਿੰਹੁ 'ਨਿਰਾਲਾ' ਨੇ ਲਿਖੀ ਸੀ ਅਤੇ ਜਿਸ ਦਾ ਵਿਸਥਾਰਪੂਰਵਕ ਉੱਤਰ ਸ: ਕਾਹਨ ਸਿੰਘ 'ਨਾਭਾ' ਨੇ 'ਹਮ ਹਿੰਦੂ ਨਹੀਂ' ਰਾਹੀਂ ਦਿੱਤਾ ਸੀ, ਵੀ ਇਸੇ ਹੀ ਪ੍ਰਕਾਸ਼ਨ ਕੇਂਦਰ ਦੁਆਰਾ ਅਜੇ ਤੱਕ ਪ੍ਰਕਾਸ਼ਿਤ ਕੀਤੀ ਜਾਂਦੀ ਹੈ) ਇਸ **'ਸਿੱਖ ਇਤਿਹਾਸ ਮੇਂ ਰਾਮ ਜਨਮ ਭੂਮੀ'** ਨਾਮਕ ਕਿਤਾਬ ਵਿੱਚ ਵੀ ਇਸ ਬਿਪਰਵਾਦੀ ਹੁਜਤ ਨੂੰ ਅਮਲੀਜਾਮਾ ਪਹਿਨਾਉਣ ਲਈ ਕਿ ਹਨੂਮਾਨ ਨੇ ਗੁਰੂ ਸਾਹਿਬ ਨੂੰ ਖ਼ਾਲਸਾ ਪ੍ਰਗਟ ਕਰਨ ਦੇ ਕੋਤਕ ਸਮੇਂ ਕਛਹਿਰਾ ਬਖਸ਼ਿਸ਼ ਕੀਤਾ, ਕਈ ਤਰ੍ਹਾਂ ਦੇ ਬਿਪਰਵਾਦੀ ਘੁਸਪੈਠ ਨਾਲ ਗਲਤਾਨ ਸਰੋਤਾਂ ਦੀ ਵਰਤੋਂ ਕੀਤੀ ਗਈ ਹੈ ਜੋ ਇਸ ਪ੍ਰਕਾਰ ਹੈ :

ਨਯਨਾ ਦੇਵੀ ਮੰਦਰ ਵਿੱਚ ਦੇਵੀ ਭਵਾਨੀ ਕੋਲੋਂ ਧਰਮ ਰਖਿਅਕ ਖੜਗ ਪ੍ਰਾਪਤ ਹੋ ਜਾਣ ਤੇ ਸ੍ਰੀ ਦਸਮ ਗੁਰੂ ਦਾ 'ਲਾਲ-ਗੁਲਾਲ ਭਯੋ ਬਪੁ ਯਾ ਵਿਧਿ, ਜਿਉਂ ਰਵਿ ਕੋਟ ਸੁ ਬਿੰਦਰਮ ਵਾਰੀ'

ਅਰਥਾਤ ਉਨ੍ਹਾਂ ਦੀ ਦੇਹ ਇਸ ਤਰ੍ਹਾਂ ਪ੍ਰਕਾਸ਼ਮਾਨ ਹੋ ਗਈ ਜਿਵੇਂ ਕਰੋੜਾਂ ਸੂਰਜਾਂ ਦਾ ਸਮੂਹਿਕ ਪ੍ਰਕਾਸ਼ ਹੋ ਗਿਆ ਹੋਵੇ। ਭਾਈ ਕੋਇਰ ਸਿੰਘ ਗੁਰਬਿਲਾਸ ਪਾਤਸ਼ਾਹੀ 10 8/53[3] ਵਿੱਚ ਦੱਸਦੇ ਹਨ:

*ਬ੍ਰਹਮ ਮਹੇਸ਼ ਸਬੈ ਸਸਿ ਸੂਰਜ, ਆ ਗੁਰ ਕੀ ਤਬ ਕੀਰਤਿ ਗਾਈ॥*
*ਅਪਨੋ ਅਪਨੋ ਬਲ ਦੈ ਕਰਕੈ, ਹਨੂਵੰਤ ਦੀਓ ਕਛਰਾ ਸੁਖਦਾਈ॥*
*ਕੇਸਨ ਮੂਰਤਿ ਬਿਸਨ ਦਈ, ਤਬ ਆਯੁਧ ਆਪ ਦਏ ਜਗ ਮਾਈ॥*
*ਐਸ ਸਰੂਪ ਭਯੋ ਗੁਰ ਕੋ ਤਬ, ਜਾ ਲਖ ਕੈ ਰਵਿ ਚੰਦ ਰਿਹਾਈ॥*

ਅਰਥਾਤ, ਬ੍ਰਹਮਾ, ਮਹੇਸ਼, ਚੰਦ, ਸੂਰਜ ਆਦਿ ਸਾਰੇ ਦੇਵਤਿਆਂ ਨੇ ਪ੍ਰਗਟ ਹੋ ਕੇ ਸ੍ਰੀ ਦਸਮ ਗੁਰੂ ਜੀ ਦੀ ਕੀਰਤੀ ਗਾਈ। ਹਨੂਮਾਨ ਨੇ ਸੁਖਦਾਈ ਕਛਹਿਰਾ ਦਿੱਤਾ। ਕੇਸ ਮੂਰਤਿ ਵਿਸ਼ਨੂ ਨੇ ਦਿੱਤੇ। ਹੋਰ ਆਯੁਧ ਸਵਯੰ ਆਪ ਜਗਮਾਤਾ ਨੇ ਦਿਤੇ। ਤਦ ਗੁਰੂ ਜ਼ੀ ਦਾ ਐਸਾ ਰੂਪ ਬਣਿਆ ਕਿ ਜਿਸਦੇ ਸਾਹਮਣੇ ਸੂਰਜ ਅਤੇ ਚੰਦਰਮਾਂ ਵੀ ਸ਼ਰਮਾ ਗਏ।

ਸਾਹਿਬ ਸਿੰਘ ਕ੍ਰਿਤ ਗੁਰ ਰਤਨਮਾਲ ਅਰਥਾਤ ਸੌ ਸਾਖੀ 17ਵੀਂ ਦੇ ਅਨੁਸਾਰ ਪਵਨ ਪੁਤਰ ਹਨੂਮਾਨ ਨੇ ਕੱਛਾ ਦਿੰਦੇ ਹੋਇ ਕਿਹਾ, "ਭੇਟਾ ਲਉ ! ਤੁਮਰੀ ਸਹਾਇ ਯੁੱਧ ਮੈ ਆਊਂ॥ ਪੰਥ ਲਾਜ ਕੋ ਪਤਿਤ ਨ ਪਾਊਂ॥ ਅਰਥਾਤ ਇਹ ਭੇਟ (ਕਛਾ) ਲਉ। ਹੇ ਗੁਰੂ! ਯੁੱਧ ਹੋਣ ਤੇ ਤੁਹਾਡੀ ਸਹਾਇਤਾ ਲਈ ਮੈਂ ਆਪ ਆਵਾਂਗਾ। ਤੁਹਾਡੇ ਪੰਥ ਦੀ ਲਾਜ ਪਤਿਤ ਨਹੀਂ ਹੋਣ ਦੇਵਾਂਗਾ।"

(ਪੰਨਾ ੧੯੬-੯੭)

ਉਪਰੋਕਤ ਜਿਹੜੇ ਹਵਾਲੇ ਰਜਿੰਦਰ ਸਿੰਹੁ ਨਾਮੀ ਲੇਖਕ ਨੇ ਆਪਣੀ ਪੁਸਤਕ ਵਿੱਚ ਦਿੱਤੇ, ਇਨ੍ਹਾਂ ਵਿੱਚ ਬਿਪਰਵਾਦ ਦੀ ਰੀਤ ਅਤੇ ਕਰਮਕਾਂਡਾਂ ਦਾ ਵਧੇਰੇ ਜ਼ਿਕਰ ਹੈ, ਜਦੋਂ ਭਾਈ ਸੰਤੋਖ ਸਿੰਘ ਨੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਰਚਨਾ ਕੀਤੀ ਤਾਂ ਉਨ੍ਹਾਂ ਪਾਸ ਮਸਾਲੇ ਦੀ ਕੋਈ ਬਹੁਤਾਤ ਨਹੀਂ ਸੀ, ਸੋ ਗੁਰਪ੍ਰਤਾਪ ਸੂਰਜ ਗ੍ਰੰਥ ਦੀ ਰਚਨਾ ਸਮੇਂ ਉਨ੍ਹਾਂ ਨੇ ਜਨਮ ਸਾਖੀ, ਗੁਰਬਿਲਾਸ ਪਾਤ: ੧੦ ਅਤੇ ਸੌ ਸਾਖੀ ਨੂੰ ਅਧਾਰ ਮੰਨ ਕੇ ਆਪਣਾ ਕਾਰਜ ਸੰਪੂਰਨ ਕੀਤਾ। ਬਿਨਾਂ ਸ਼ੱਕ ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵੀ ਬਿਪਰਵਾਦੀ ਕਰਮਕਾਂਡਾ ਅਤੇ ਅਵਤਾਰ ਉਸਤਤਿ ਤੋਂ ਮੁਕਤ ਨਹੀਂ ਹੈ ਪਰੰਤੂ ਵਿਚਲੀ ਇਤਿਹਾਸਕ ਸਮੱਗਰੀ ਨੂੰ ਰੱਦ ਕਰਨਾ ਵੀ ਯੋਗ ਨਹੀਂ। ਭਾਈ ਸੰਤੋਖ ਸਿੰਘ ਦੀ ਰਚਨਾ ਤੋਂ ਹਵਾਲੇ ਲੈ ਕੇ ਬਿਨਾਂ ਗੁਰਮਤਿ ਵਿਚਾਰਧਾਰਾ ਨੂੰ ਸਮਝਿਆਂ ਕਈ ਅਗਿਆਨੀ ਕਥਾਵਾਚਕਾਂ ਅਤੇ ਲਿਖਾਰੀਆਂ ਵੀ ਇਸਦਾ ਖੂਬ ਇਸਤੇਮਾਲ ਕੀਤਾ, ਕਿਉਂਕਿ ਸੰਪਰਦਾਈ ਪ੍ਰਣਾਲੀਆਂ ਵਿੱਚ ਇਸ ਗ੍ਰੰਥ ਦੀ ਕਥਾ ਪਹਿਲਾਂ ਵੀ ਪ੍ਰਚੱਲਿਤ ਸੀ ਤੇ ਹੁਣ ਵੀ ਇਸ ਗ੍ਰੰਥ ਦੀ ਕਥਾ ਬਦਸਤੂਰ ਜਾਰੀ।

ਰਾਸ਼ਟਰੀ ਸੋਇਮ ਸੰਘ ਦੀ ਪੰਥ ਵਿਰੋਧੀ ਸ਼ਾਖਾ ਰਾਸ਼ਟਰੀ ਸਿੱਖ ਸੰਗਤ ਵਲੋਂ ਪ੍ਰਕਾਸ਼ਿਤ ਕਿਤਾਬਚੇ ਵਿੱਚ ਦਰਜ ਕੂੜ-ਕੁਸੱਤ ਦੀ ਵਿਸਥਾਰ ਸਹਿਤ ਘੋਖ ਅਤਿ ਜ਼ਰੂਰੀ ਹੈ।

ਮਿਥਿਆਸਕ ਗ੍ਰੰਥਾਂ ਵਿੱਚ ਇਹ ਕਥਾ ਪ੍ਰਚੱਲਿਤ ਹੈ ਕਿ ਜਦੋਂ ਇੰਦਰ ਨੇ ਅਹਿਲਿਆ ਨਾਲ

ਬਲਾਤਕਾਰ ਕੀਤਾ ਤਾਂ ਗੌਤਮ ਰਿਖੀ ਜੋ ਅਹਿਲਿਆ ਦਾ ਪਤੀ ਸੀ ਨੇ ਜਿਥੇ ਆਪਣੀ ਪਤੀ ਨੂੰ ਸਿਲ ਰੂਪ ਹੋਣ ਦਾ ਸਰਾਪ ਦਿੱਤਾ, ਉਥੇ ਨਾਲ ਹੀ ਆਪਣੀ ਲੜਕੀ ਅੰਜਲੀ ਨੂੰ ਵੀ ਸਰਾਪ ਦਿੱਤਾ ਕਿ ਤੂੰ ਕੁਆਰੀ ਮਾਂ ਬਣੇਂਗੀ। ਸੋ ਉਸ ਕੁਆਰੀ ਤੋਂ ਹਨੂਮਾਨ ਨੇ ਜਨਮ ਲਿਆ।

ਸ਼ਿਵ ਪੁਰਾਣ ਅਨੁਸਾਰ ਹਨੂਮਾਨ ਦੇ ਜਨਮ ਦਾ ਜ਼ਿਕਰ ਇਸ ਤਰ੍ਹਾਂ ਹੈ :

"ਇਹ ਹਨੂਮਾਨ ਬੀਰ ਕਪਿਨਾਥ ਸ਼ਿਵ ਜੀ ਦੇ ਅਵਤਾਰ ਹਨ। ਜਦੋਂ ਸ਼ਿਵ ਜੀ ਨੇ ਮੋਹਨੀ ਰੂਪ (ਵਿਸ਼ਨੂੰ) ਨੂੰ ਵੇਖਿਆ-------ਸ਼ਿਵ ਜੀ ਮੋਹਿਤ ਹੋ ਕੇ ਮੋਹਨੀ ਰੂਪ ਨੂੰ ਚੰਬੜ ਗਏ। ਸੋ ਸ਼ਿਵ ਜੀ ਦਾ ਮਦ ਅਰਥਾਤ ਵੀਰਜ ਧਰਤੀ ਉਪਰ ਡਿੱਗ ਪਿਆ, ਜਿਸ ਨੂੰ ਸ਼ਿਵ ਜੀ ਦੇ ਇਸ਼ਾਰੇ ਤੇ ਨਗ ਮੁਨੀ ਨੇ ਰੱਖ ਲਿਆ। ਇਹ ਇੱਛਾ ਬਣਾਈ ਕਿ ਇਸ ਵੀਰਜ ਨਾਲ ਸ਼ਿਵ ਜੀ ਦਾ ਕਾਰਜ ਕਰਾਂਗੇ।---------ਸੋ ਅੰਜਲੀ ਤੋਂ ਹਨੂਮਾਨ ਉਤਪੰਨ ਹੋਏ---------ਹਨੂਮਾਨ ਨੇ ਜਨਮ ਲੈਂਦਿਆਂ ਹੀ ਸੂਰਜ ਨੂੰ ਮੂੰਹ ਵਿੱਚ ਪਾ ਲਿਆ ਜਿਸ ਤੋਂ ਦੇਵਤਿਆਂ ਨੇ ਸਮਝਿਆ ਕਿ ਇਹ ਬਾਲਕ ਸ਼ਿਵ ਜੀ ਦਾ ਹੀ ਅਵਤਾਰ ਹੈ।"

(ਅਧਿਆਇ: ੩੩ ਪੰਨਾ ੪੭੦, ਖੰਡ-ਸਤਵਾਂ ਸ਼ਿਵ ਪੁਰਾਣ)

ਦੇਵਤਿਆਂ ਦੀਆਂ ਬੇਨਤੀਆਂ ਕਰਨ ਤੇ ਕਿ ਸੂਰਜ ਦੀ ਅਣਹੋਂਦ ਸਦਕਾ ਸਾਰੇ ਸੰਸਾਰ ਤੇ ਹਨੇਰਾ ਹੋ ਗਿਆ ਹੈ, ਹਨੂਮਾਨ ਨੇ ਸੂਰਜ ਨੂੰ ਫਿਰ ਮੂੰਹ ਵਿੱਚੋਂ ਬਾਹਰ ਕੱਢ ਦਿੱਤਾ। ਬਾਲਮੀਕ ਰਮਾਇਣ ਇਸ ਕਥਾ ਨੂੰ ਜ਼ਰਾ ਵੱਖਰੇ ਤਰੀਕੇ ਨਾਲ ਬਿਆਨ ਕਰਦੀ ਹੈ:

ਅੰਜਨਾ (ਅੰਜਲੀ) ਰੂਪ ਸੁੰਦਰਤਾ ਵਿੱਚ ਅਦੁੱਤੀ ਸੀ ਤੇ ਤਿੰਨਾਂ ਲੋਕਾਂ ਵਿਚ ਪ੍ਰਸਿੱਧ ਸੀ। ਉਹ ਵਾਨਰਪਤੀ ਕੇਸਰੀਨ ਦੀ ਪਤਨੀ ਬਣੀ। (ਜ਼ਿਕਰਯੋਗ ਹੈ ਕਿ ਆਧੁਨਿਕ ਵਿਦਵਾਨ ਕੇਸਰੀਨਾਂ ਦਾ ਸੰਬੰਧ ਦ੍ਰਾਵਿੜ ਜ਼ਾਤੀ ਨਾਲ ਦੱਸਦੇ ਹਨ)

ਇਕ ਸਮੇਂ ਦੀ ਗੱਲ ਹੈ ਕਿ ਸੁਹੱਪਣ ਅਤੇ ਜਵਾਨੀ ਨਾਲ ਭਰਪੂਰ ਅੰਜਨਾ ਮਨੁੱਖੀ ਇਸਤਰੀ ਦਾ ਰੂਪ ਧਾਰ ਕੇ ਵਰਖਾ ਦੇ ਬੱਦਲ ਵਾਂਗ ਆਭਾ ਵਾਲੀ ਪਹਾੜ ਦੀ ਚੋਟੀ ਤੇ ਘੁੰਮ ਫਿਰ ਰਹੀ ਸੀ। ਉਸ ਦੀ ਦੇਹ ਰੇਸ਼ਮੀ ਸਾੜ੍ਹੀ ਨਾਲ ਕੱਸੀ ਹੋਈ ਸੀ ਤੇ ਉਸਦਾ ਸਰੀਰ ਫੁੱਲਾਂ ਵਰਗੇ ਗਹਿਣਿਆਂ ਨਾਲ ਢੱਕਿਆ ਹੋਇਆ ਸੀ। ਵੱਡੀਆਂ-ਵੱਡੀਆਂ ਅੱਖਾਂ ਵਾਲੀ ਉਸ ਮੁਟਿਆਰ ਦੀ ਸਾੜ੍ਹੀ ਪੀਲੇ ਰੰਗ ਦੀ ਸੀ ਅਤੇ ਕਿਨਾਰੀ ਦਾ ਰੰਗ ਲਾਲ ਸੀ। ਉਹ ਪਹਾੜ ਦੀ ਚੋਟੀ ਉਪਰ ਖਲੋਤੀ ਸੀ। ਉਸ ਵੇਲੇ ਵਾਯੂ ਦੇਵਤਾ ਨੇ ਉਸ ਦੇ ਸਰੀਰ ਦੇ ਕੱਪੜੇ ਨੂੰ ਹਰ ਲਿਆ। ਤਦ ਉਸ ਵਾਯੂ ਦੇਵਤਾ ਨੇ ਉਸ ਮੁਟਿਆਰ ਦੇ---------ਨੂੰ ਵੇਖਿਆ----ਉਸਦੇ-------ਅਤੇ ਉਸਦਾ ਲੱਕ ਪਤਲਾ ਸੀ। ਉਸ ਦੇ ਸਾਰੇ ਅੰਗ ਬਹੁਤ ਸੁਹਣੇ ਸਨ। ਅਜਿਹੀ ਜਸਵੰਤੀ ਅੰਜਨਾ ਨੂੰ ਵੇਖ ਕੇ ਵਾਯੂ ਦੇਵਤਾ ਕਾਮ-ਵੱਸ ਹੋ ਗਿਆ।

(ਬਾਲਮੀਕ ਰਮਾਇਣ 1090/8 ਭਾਸ਼ਾ ਵਿਭਾਗ ਪੰਜਾਬ)[6]

ਵਾਯੂ ਦੇਵਤਾ ਨੇ ਉਸ ਸ਼ਲਾਘਾਯੋਗ ਸੁਹੱਪਣ ਮੁਟਿਆਰ ਨੂੰ ਆਪਣੀਆਂ ਲੰਮੀਆਂ ਬਾਹਾਂ ਵਿੱਚ ਭਰ ਲਿਆ। ਉਸ ਦੇ ਸਭ ਅੰਗ ਪੂਰਨ ਭਾਂਤ ਕਾਮਵਾਸਨਾ ਦੇ ਅਧੀਨ ਹੋ ਗਏ ਸਨ। ਇਸ ਲਈ ਉਹ ਇਸ ਹਾਲਤ ਵਿੱਚ ਪੈ ਕੇ ਇਕਦਮ ਘਬਰਾ ਗਈ। ਉਸ ਨੇ ਕਿਹਾ ਇਹ ਕੌਣ ਹੈ, ਜੋ

ਮੇਰੇ ਪਤੀਵਰਤਾ ਧਰਮ ਦਾ ਨਾਸ਼ ਕਰਨਾ ਚਾਹੁੰਦਾ ਹੈ? (1091/14-16)[7]

ਅੰਜਨਾ ਦੀ ਗੱਲ ਸੁਣ ਕੇ ਵਾਯੂ ਦੇਵਤਾ ਨੇ ਉੱਤਰ ਦਿੱਤਾ, 'ਹੇ ਸੁੰਦਰੀ, ਮੈਂ ਤੇਰੇ ਪਤੀਵਰਤਾ ਧਰਮ ਦਾ ਨਾਸ਼ ਨਹੀਂ ਕੀਤਾ। ਤੈਨੂੰ ਮੈਥੋਂ ਡਰਨਾ ਨਹੀਂ ਚਾਹੀਦਾ। ਹੇ ਜਸਵੰਤੀ! ਮੈਂ ਅਪ੍ਰਗਟ ਰੂਪ ਵਿੱਚ ਤੈਨੂੰ ਜੱਫੀ ਵਿੱਚ ਲਿਆ ਹੈ ਅਤੇ ਮਾਨਸਿਕ ਸੰਕਲਪ ਰਾਹੀਂ ਤੇਰੇ ਨਾਲ ਭੋਗ ਕੀਤਾ ਹੈ। ਇਸ ਲਈ ਤੈਨੂੰ ਬੁੱਧੀ ਅਤੇ ਸ਼ਕਤੀ ਨਾਲ ਸੰਪੰਨ ਪੁੱਤਰ ਪੈਦਾ ਹੋਵੇਗਾ। ਤੇਰਾ ਪੁੱਤਰ ਧੀਰਜ ਵਾਲਾ, ਤੇਜੱਸਵੀ, ਮਹਾਂਬਲੀ ਤੇ ਸਾਹਸੀ ਹੋਵੇਗਾ। ਉਹ ਛਾਲ ਮਾਰਨ ਅਤੇ ਤੈਰਨ ਵਿੱਚ ਮੇਰੇ ਤੁੱਲ ਹੀ ਹੋਵੇਗਾ।

ਹੇ ਵੱਡੀਆਂ ਬਾਹਾਂ ਵਾਲੇ ਸ੍ਰੇਸ਼ਠ ਵਾਨਰ, ਉਸ ਉਪਰੰਤ ਉਸਨੇ (ਅੰਜਨਾ) ਤੈਨੂੰ ਇਕ ਗੁਫਾ ਅੰਦਰ ਜਨਮ ਦਿੱਤਾ।"

(ਬਾਲਮੀਕੀ ਰਮਾਇਣ 1091/16-19 ਪ੍ਰਕਾਸ਼ਿਤ ਭਾਸ਼ਾ ਵਿਭਾਗ)[8]

ਵਾਯੂ (ਪਵਨ) ਦੇਵਤਾ ਦੁਆਰਾ ਕੀਤੇ ਸੰਭੋਗ ਤੋਂ ਹੋਈ ਉਤਪਤੀ ਸਦਕਾ ਹੀ ਹਨੂਮਾਨ ਨੂੰ ਪਵਨ ਪੁੱਤਰ ਕਿਹਾ ਜਾਂਦਾ ਹੈ। ਇਸ ਪਵਨ ਪੁੱਤਰ ਨੇ ਬਿਪਤਾ ਵਿੱਚ ਫਸੇ ਰਾਮ ਦੀ ਹਰ ਪੱਖੋਂ ਮਦਦ ਕੀਤੀ। ਸੰਘ ਵਲੋਂ ਪ੍ਰਕਾਸ਼ਿਤ ਕਿਤਾਬ ਵਿੱਚ ਪੁਰਾਤਨ ਬਿਪਰਵਾਦੀ ਮਿਲਗੋਭੇ ਨਾਲ ਭਰਪੂਰ ਰਚਨਾਵਾਂ ਵਿਚੋਂ ਮਨਪਸੰਦ ਹਵਾਲੇ ਲੈ ਕੇ ਇਸੇ ਹੀ ਪਵਨ ਪੁੱਤਰ ਦੁਆਰਾ ਖ਼ਾਲਸਾ ਪ੍ਰਗਟ ਕਰਨ ਸਮੇਂ ਕਛ (ਕਛਹਿਰਾ) ਦੇਣ ਦੀ ਕੂੜ ਵਾਰਤਾ ਪ੍ਰਕਾਸ਼ਿਤ ਕੀਤੀ। ਕੁਝ ਸ੍ਰੋਤਾਂ ਦਾ ਮਤਿ ਹੈ ਕਿ ਰੂਪ ਦੀ ਮਾਨਣ ਹੋਣ ਕਰਕੇ ਕੇਸਰੀਨ (ਅੰਜਲੀ ਦੇ ਪਤੀ) ਨੇ ਅੰਜਲੀ (ਅੰਜਨਾ) ਨੂੰ ਸਰਾਪ ਦੇ ਦਿੱਤਾ ਸੀ ਕਿ ਤੇਰਾ ਪੁੱਤਰ ਕਰੂਪ ਹੋ ਜਾਵੇ।

## *ਗਿਆਨੀ ਲਾਲ ਸਿੰਘ[8] ਇਸ ਦੀ ਕਛ (ਜਾਂਘੀਆ) ਬਾਰੇ ਲਿਖਦੇ ਹਨ:*

"ਇਕ ਕਥਾ ਹੈ ਕਿ ਹਨੂਮਾਨ ਨੇ ਰਾਹ ਵਿੱਚ ਮਹਾਤਮਾ ਲੋਕ ਲੁੱਟ ਲਏ ਸਨ। (ਉਨ੍ਹਾਂ ਦਾ ਸਭ ਕੁਝ ਲੁੱਟ ਲਿਆ ਤੇ ਕੇਵਲ ਤੇੜ ਜਾਂਘੀਆ ਹੀ ਰਹਿਣ ਦਿੱਤਾ) ਤਦੇ ਇਸ ਪਾਸ ਇਕ ਜਾਂਘੀਆ ਤੇ ਇਕ ਗੁਰਜ ਰਹਿਣ ਦਾ ਸਰਾਪ ਦਿੱਤਾ ਸੀ, ਕਿਉਂਕਿ ਇਸ ਨੇ ਜਾਂਘੀਏ ਤੋਂ ਬਿਨਾਂ ਸਭ ਕੁੱਝ ਲੁੱਟ ਲਿਆ ਸੀ। ਇਸ ਦੀ ਸੂਰਮਤਾ ਬਾਬਤ ਇਕ ਕਥਾ ਹੈ ਕਿ ਰਾਮਚੰਦਰ ਦੇ ਮਤ੍ਰੇਏ ਭਰਾ ਲਛਮਣ ਦੀ ਜੰਗ ਵਿੱਚ ਮੂਰਛਤਾ (ਫੱਟਾਂ ਨਾਲ ਬੇਹੋਸ਼ੀ) ਸਮੇਂ ਬਿਸਲ ਨਾਮੀ ਬੂਟੀ ਸਣੇ ਦਰੋਣਾਗਿਰ ਦੇ ਚੁੱਕ ਲਿਆਇਆ ਸੀ। ਇਸ ਸੇਵਾ ਪਿੱਛੋਂ ਰਾਮ ਚੰਦ੍ਰ ਨੇ ਵੀ ਆਪਣਾ ਜਾਂਘੀਆ ਹੀ ਸਿਰੋਪਾਉ ਦਿੱਤਾ। ਇਹ ਵੀ ਉਸੇ ਸਰਾਪ ਦਾ ਫਲ ਕਹੀਦਾ ਹੈ।"

ਹਨੂਮਾਨ ਦੇ ਇਸ ਕਰਮ ਫਲ ਅਧੀਨ ਬੱਧੇ ਹੋਣ ਬਾਰੇ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਇਸ ਸ਼ਬਦ ਵਿੱਚ ਭਗਤ ਤ੍ਰਿਲੋਚਨ ਜੀ ਨੇ ਜਿਥੇ ਬ੍ਰਾਹਮਣਵਾਦ ਦੇ ਭਰਮ ਜਾਲ ਦਾ ਪਾਜ ਉਘੇੜਿਆ ਉਥੇ ਰਾਮਚੰਦ੍ਰ ਦੁਆਰਾ ਹਨੂੰਮਾਨ ਦੀ ਦਿੱਤੀ ਕਛ ਦਾ ਵੀ ਵਿਸਥਾਰ ਸਹਿਤ ਜ਼ਿਕਰ ਕੀਤਾ ਹੈ।

## ਧਨਾਸਰੀ ਬਾਣੀ ਭਗਤਾਂ ਕੀ ਤ੍ਰਿਲੋਚਨ

## ੧ੳ ਸਤਿਗੁਰ ਪ੍ਰਸਾਦਿ॥

*ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ॥ ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ॥ ੧॥ ਰਹਾਉ॥*

*ਸੰਕਰਾ ਮਸਤਕਿ ਬਸਤਾ ਸੁਰਸਰੀ ਇਸਨਾਨ ਰੇ॥ ਕੁਲ ਜਨ ਮਧੇ ਮਿਲ੍ਯ੍ਯਿੋ ਸਾਰਗ ਪਾਨ ਰੇ॥*

*ਕਰਮ ਕਰਿ ਕਲੰਕੁ ਮਫੀਟਸਿ ਰੀ॥ ੧॥*

*ਬਿਸ੍ਵ ਕਾ ਦੀਪਕੁ ਸ੍ਵਾਮੀ ਤਾ ਚੇ ਰੇ ਸੁਆਰਥੀ ਪੰਖੀ ਰਾਇ ਗਰੁੜ ਤਾ ਚੇ ਬਾਧਵਾ॥*

*ਕਰਮ ਕਰਿ ਅਰੁਣ ਪਿੰਗੁਲਾ ਰੀ॥ ੨॥*

*ਅਨਿਕ ਪਾਤਿਕ ਹਰਤਾ ਤ੍ਰਿਭਵਣ ਨਾਥੁ ਰੀ ਤੀਰਥਿ ਤੀਰਥਿ ਭ੍ਰਮਤਾ ਲਹੈ ਨ ਪਾਰੁ ਰੀ॥*

*ਕਰਮ ਕਰਿ ਕਪਾਲੁ ਮਫੀਟਸਿ ਰੀ॥ ੩॥*

*ਅੰਮ੍ਰਿਤ ਸਸੀਅ ਧੇਨ ਲਛਿਮੀ ਕਲਪਤਰ ਸਿਖਰਿ ਸੁਨਾਗਰ ਨਦੀ ਚੇ ਨਾਥੰ॥*

*ਕਰਮ ਕਰਿ ਖਾਰੁ ਮਫੀਟਸਿ ਰੀ॥ ੪॥*

*ਦਾਧੀਲੇ ਲੰਕਾ ਗੜੁ ਉਪਾੜੀਲੇ ਰਾਵਣ ਬਣੁ ਸਲਿ ਬਿਸਲਿ ਆਣਿ ਤੋਖੀਲੇ ਹਰੀ॥*

*ਕਰਮ ਕਰਿ ਕਛਉਟੀ ਮਫੀਟਸਿ ਰੀ॥ ੫॥*

*ਪੂਰਬਲੋ ਕ੍ਰਿਤ ਕਰਮੁ ਨ ਮਿਟੈ ਰੀ ਘਰ ਗੇਹਣਿ ਤਾ ਚੇ ਮੋਹਿ ਜਾਪੀਅਲੇ ਰਾਮ ਚੇ ਨਾਮੰ॥*

*ਬਦਤਿ ਤ੍ਰਿਲੋਚਨ ਰਾਮ ਜੀ॥ ੬॥ ੧॥* (ਪੰਨਾ ੬੯੫)

ਪਦ ਅਰਥ:-ਨਿੰਦਸਿ ਕਾਇ-ਤੂੰ ਕਿਉਂ ਨਿੰਦਦੀ ਹੈਂ? ਭੂਲੀ ਗਵਾਰੀ-ਹੇ ਭੁੱਲੀ ਹੋਈ ਮੂਰਖ ਜੀਵ-ਇਸਤ੍ਰੀ! ਦੁਕ੍ਰਿਤੁ-ਪਾਪ। ਸੁਕ੍ਰਿਤੁ-ਕੀਤਾ ਹੋਇਆ ਭਲਾ ਕੰਮ। ਥਾਰੋ-ਤੇਰਾ (ਆਪਣਾ) ਰੀ-ਹੇ (ਜੀਵ-ਇਸਤ੍ਰੀ) ! ਰਹਾਉ॥

ਸੰਕਰਾ ਮਸਤਕਿ-ਸ਼ਿਵ ਦੇ ਮੱਥੇ ਉਤੇ। ਸੁਰਸਰੀ-ਗੰਗਾ। ਰੇ-ਹੇ ਭਾਈ! ਮਧੇ-ਵਿਚ। ਮਿਲ੍ਯ੍ਯਿ-ਆ ਕੇ ਮਿਲਿਆ, ਜੰਮਿਆ। ਸਾਰਗਪਾਨ-ਵਿਸ਼ਨੂੰ। ਕਰਮ ਕਰਿ-ਕੀਤੇ ਕਰਮਾਂ ਦੇ ਕਾਰਨ। ਮਫੀਟਸਿ-ਨਾਹ ਫਿੱਟਿਆ, ਨਾਹ ਹਟਿਆ॥ ੧॥

ਬਿਸ੍ਵ-ਸਾਰਾ ਜਗਤ। ਦੀਪਕੁ-ਦੀਵਾ, ਚਾਨਣ ਦੇਣ ਵਾਲਾ। ਰੇ-ਹੇ ਭਾਈ! ਸੁਆਰਥੀ-ਸਾਰਥੀ, ਰਥਵਾਹੀ, ਰਥ ਚਲਾਣ ਵਾਲਾ। ਪੰਖੀ ਰਾਇ-ਪੰਛੀਆਂ ਦਾ ਰਾਜਾ। ਚੇ-ਦੇ। ਬਾਧਵਾ-ਰਿਸ਼ਤੇਦਾਰ। ਅਰੁਣ-ਪ੍ਰਭਾਤ, ਪਹੁ-ਫੁਟਾਲਾ, ਪ੍ਰਭਾਤ ਦੀ ਲਾਲੀ। ਪੁਰਾਣਕ ਕਥਾ ਅਨੁਸਾਰ 'ਅਰੁਣ' ਗਰੁੜ ਦਾ ਵੱਡਾ ਭਰਾ ਸੀ, ਸੂਰਜ ਦਾ ਰਥਵਾਹੀ ਮਿਥਿਆ ਗਿਆ ਹੈ। ਇਹ ਜਮਾਂਦਰੂ ਹੀ ਪਿੰਗਲਾ ਸੀ॥ ੨॥

ਪਾਤਿਕ-ਪਾਪ। ਹਰਤਾ-ਨਾਸ ਕਰਨ ਵਾਲਾ। ਨਾਥੁ-ਖਸਮ। ਤੀਰਥਿ ਤੀਰਥਿ-ਹਰੇਕ ਤੀਰਥ ਉੱਤੇ। ਪਾਰੁ-ਪਾਰਲਾ ਬੰਨਾ, ਖ਼ਲਾਸੀ। ਕਪਾਲੁ-ਖੋਪਰੀ। ਨੋਟ:-ਪੁਰਾਣਕ ਕਥਾ ਅਨੁਸਾਰ ਬ੍ਰਹਮਾ

ਆਪਣੀ ਲੜਕੀ ਸਰਸ੍ਵਤੀ ਉਤੇ ਮੋਹਿਤ ਹੋ ਗਿਆ, ਸ਼ਿਵ ਜੀ ਨੇ ਉਸ ਦਾ ਪੰਜਵਾਂ ਸਿਰ ਕੱਟ ਦਿੱਤਾ; ਸ਼ਿਵ ਜੀ ਤੋਂ ਇਹ ਬ੍ਰਹਮ-ਹੱਤਿਆ ਹੋ ਗਈ, ਉਹ ਖੋਪਰੀ ਹੱਥ ਦੇ ਨਾਲ ਚੰਬੜ ਗਈ। ਕਈ ਤੀਰਥਾਂ ਤੇ ਗਏ, ਆਖ਼ਰ ਕਪਾਲ-ਮੋਚਨ ਤੀਰਥ ਉਤੇ ਜਾ ਕੇ ਲੱਥੀ॥ ੩॥

ਸਸੀਆ-ਚੰਦ੍ਰਮਾ। ਧੇਨ-ਗਾਂ। ਕਲਪ ਤਰ-ਕਲਪ ਰੁੱਖ, ਮਨੋ-ਕਾਮਨਾ ਪੂਰੀ ਕਰਨ ਵਾਲਾ ਰੁੱਖ। ਸਿਖਰਿ- ਸ਼ਿਖ੍ਰਿਨ ਭਾਵ, ਲੰਮੇ ਕੰਨਾਂ ਵਾਲਾ (Long-eared) ਲੰਮੇ ਕੰਨਾਂ ਵਾਲਾ ਸਤ-ਮੂੰਹਾਂ ਘੋੜਾ, ਜੋ ਸਮੁੰਦਰ ਵਿਚੋਂ ਨਿਕਲਿਆ, ਜਦੋਂ ਸਮੁੰਦਰ ਨੂੰ ਦੇਵਤਿਆਂ ਨੇ ਰਿੜਕਿਆ। ਸੁਨਾਗਰ-ਬੜਾ ਸਿਆਣਾ ਧਨੰਤਰ ਵੈਦ ਨਦੀ ਚੇ-ਨਦੀਆਂ ਦੇ। ਖਾਰੁ-ਖਾਰਾ-ਪਨ॥ ੪॥

ਦਾਧੀਲੇ-ਸਾੜ ਦਿੱਤਾ। ਉਪਾੜੀਲੇ-ਪੁੱਟ ਦਿੱਤਾ। ਬਣੁ-ਬਾਗ਼। ਸਲਿ ਬਿਸਲਿ-ਸੱਲ ਬਿਸੱਲ। ਸਲਿ-ਸੱਲ, ਪੀੜ। ਬਿਸਲਿ-ਵਿਸ਼ੱਲ, ਦੂਰ ਕਰਨ ਵਾਲੀ। ਆਣਿ-ਲਿਆ ਕੇ। ਤੋਖੀਲੇ-ਖ਼ੁਸ਼ ਕੀਤਾ॥ ੫॥

ਕ੍ਰਿਤ-ਕੀਤਾ ਹੋਇਆ। ਪੂਰਬਲੇ-ਪਹਿਲਾ, ਪਹਿਲੇ ਜਨਮ ਦਾ। ਘਰ ਗੇਹਣਿ-ਹੇ (ਸਰੀਰ) ਘਰ ਦੀ ਕਾਲਕ! ਹੇ ਮੇਰੀ ਜਿੰਦੇ! ਤਾ ਚੇ-ਤਾਂ ਤੇ। ਮੋਹਿ-ਮੈਂ॥ ੬॥

ਅਰਥ:-ਹੇ ਭੁੱਲੜ ਮੂਰਖ ਜਿੰਦੇ! ਤੂੰ ਪਰਮਾਤਮਾ ਨੂੰ ਕਿਉਂ ਦੋਸ਼ ਦੇਂਦੀ ਹੈਂ? ਪਾਪ ਪੁੰਨ ਤੇਰਾ ਆਪਣਾ ਕੀਤਾ ਹੋਇਆ ਕੰਮ ਹੈ (ਜਿਸ ਦੇ ਕਾਰਨ ਦੁੱਖ ਸੁਖ ਸਹਾਰਨਾ ਪੈਂਦਾ ਹੈ)॥ ਰਹਾਉ॥

(ਹੇ ਮੇਰੀ ਜਿੰਦੇ!) ਆਪਣੇ ਕੀਤੇ ਕਰਮਾਂ ਦੇ ਕਾਰਨ (ਚੰਦ੍ਰਮਾ ਦਾ) ਦਾਗ਼ ਨਾ ਹਟ ਸਕਿਆ; ਭਾਵੇਂ ਉਹ ਸ਼ਿਵ ਜੀ ਦੇ ਮੱਥੇ ਉੱਤੇ ਵੱਸਦਾ ਹੈ, ਨਿੱਤ ਗੰਗਾ ਵਿਚ ਇਸ਼ਨਾਨ ਕਰਦਾ ਹੈ, ਤੇ ਉਸੇ ਦੀ ਕੁਲ ਵਿਚ ਵਿਸ਼ਨੂੰ ਜੀ ਨੇ (ਕ੍ਰਿਸ਼ਨ-ਰੂਪ ਧਾਰ ਕੇ) ਜਨਮ ਲਿਆ॥ ੧॥

(ਹੇ ਘਰ-ਗੇਹਣਿ!) ਆਪਣੇ ਕਰਮਾਂ ਕਰਕੇ ਅਰੁਣ ਪਿੰਗਲਾ ਹੀ ਰਿਹਾ, ਭਾਵੇਂ ਸਾਰੇ ਜਗਤ ਨੂੰ ਚਾਨਣ ਦੇਣ ਵਾਲਾ ਸੂਰਜ ਉਸ ਦਾ ਸੁਆਮੀ ਹੈ, ਉਸ ਸੂਰਜ ਦਾ ਉਹ ਰਥਵਾਹੀ ਹੈ, ਤੇ ਪੰਛੀਆਂ ਦਾ ਰਾਜਾ ਗਰੁੜ ਉਸ ਦਾ ਰਿਸ਼ਤੇਦਾਰ ਹੈ॥ ੨॥

(ਬ੍ਰਹਮ-ਹੱਤਿਆ ਦੇ) ਕੀਤੇ ਕਰਮ ਅਨੁਸਾਰ (ਸ਼ਿਵ ਜੀ ਦੇ ਹੱਥ ਨਾਲੋਂ) ਖੋਪਰੀ ਨਾ ਲਹਿ ਸਕੀ, ਭਾਵੇਂ (ਸ਼ਿਵ ਜੀ) ਸਾਰੇ ਜਗਤ ਦਾ ਨਾਥ (ਸਮਝਿਆ ਜਾਂਦਾ) ਹੈ, (ਹੋਰ ਜੀਵਾਂ ਦੇ) ਅਨੇਕਾਂ ਪਾਪਾਂ ਦਾ ਨਾਸ ਕਰਨ ਵਾਲਾ ਹੈ, ਪਰ ਉਹ ਹਰੇਕ ਤੀਰਥ ਉੱਤੇ ਭਟਕਦਾ ਫਿਰਿਆ, ਤਾਂ ਭੀ (ਉਸ ਖੋਪਰੀ ਤੋਂ) ਖ਼ਲਾਸੀ ਨਹੀਂ ਸੀ ਹੁੰਦੀ॥ ੩॥

(ਹੇ ਮੇਰੀ ਜਿੰਦੇ!) ਆਪਣੇ ਕੀਤੇ (ਮੰਦ-ਕਰਮ) ਅਨੁਸਾਰ (ਸਮੁੰਦਰ ਦਾ) ਖਾਰਾ-ਪਨ ਨਹੀਂ ਹਟ ਸਕਿਆ, ਭਾਵੇਂ ਉਹ ਸਾਰੀਆਂ ਨਦੀਆਂ ਦਾ ਨਾਥ ਹੈ ਤੇ ਉਸ ਵਿਚੋਂ ਅੰਮ੍ਰਿਤ, ਚੰਦ੍ਰਮਾ, ਕਾਮਧੇਨ, ਲੱਛਮੀ, ਕਲਪ-ਰੁੱਖ, ਸੱਤ-ਮੂੰਹਾ ਘੋੜਾ, ਧਨੰਤਰੀ ਵੈਦ (ਆਦਿਕ ਚੌਦਾਂ ਰਤਨ) ਨਿਕਲੇ ਸਨ॥ ੪॥

(ਹੇ ਘਰ-ਗੇਹਣ!) ਆਪਣੇ ਕੀਤੇ ਕਰਮਾਂ ਦੇ ਅਧੀਨ (ਹਨੂਮਾਨ ਦੇ ਭਾਗਾਂ ਵਿਚੋਂ) ਉਸ

ਦੀ ਨਿੱਕੀ ਜਹੀ ਕੱਛ ਨਾ ਹਟ ਸਕੀ, ਭਾਵੇਂ ਉਸ ਨੇ (ਸ੍ਰੀ ਰਾਮ ਚੰਦ੍ਰ ਜੀ ਦੀ ਖ਼ਾਤਰ) ਲੰਕਾ ਦਾ ਕਿਲ੍ਹਾ ਸਾੜਿਆ, ਰਾਵਣ ਦਾ ਬਾਗ ਉਜਾੜ ਦਿੱਤਾ, ਸੱਲ ਦੂਰ ਕਰਨ ਵਾਲੀ ਬੂਟੀ ਲਿਆ ਕੇ ਰਾਮ ਚੰਦ੍ਰ ਜੀ ਨੂੰ ਪ੍ਰਸੰਨ ਹੀ ਕੀਤਾ॥ ੫॥

ਹੇ ਮੇਰੀ ਜਿੰਦੇ! ਪਿਛਲਾ ਕੀਤਾ ਕੋਈ ਭੀ ਕਰਮ (ਅਵਤਾਰ-ਪੂਜਾ, ਤੀਰਥ-ਇਸ਼ਨਾਨ ਆਦਿਕ ਦੀ ਰਾਹੀਂ) ਮਿਟਦਾ ਨਹੀਂ ਹੈ; ਤਾਹੀਏਂ ਮੈਂ ਤਾਂ ਪਰਮਾਤਮਾ ਦਾ ਨਾਮ ਹੀ ਸਿਮਰਦਾ ਹਾਂ। ਤ੍ਰਿਲੋਚਨ ਆਖਦਾ ਹੈ ਕਿ ਮੈਂ ਤਾਂ 'ਰਾਮ ਰਾਮ' ਹੀ ਜਪਦਾ ਹਾਂ (ਭਾਵ, ਪਰਮਾਤਮਾ ਦੀ ਓਟ ਹੀ ਲੈਂਦਾ ਹਾਂ ਤੇ ਆਪਣੇ ਕਿਸੇ ਕੀਤੇ ਕਰਮ ਕਰ ਕੇ ਆਏ ਦੁੱਖ ਤੋਂ ਪ੍ਰਭੂ ਨੂੰ ਦੋਸ਼ ਨਹੀਂ ਦੇਂਦਾ)॥ ੬॥ ੧॥

ਜ਼ਰੂਰੀ ਨੋਟ- ਭਗਤ ਤ੍ਰਿਲੋਚਨ ਜੀ ਜਾਤਿ ਦੇ ਬ੍ਰਾਹਮਣ ਸਨ। ਬ੍ਰਾਹਮਣ-ਆਗੂਆਂ ਦੀ ਚੱਲੀ ਹੋਈ ਪਰਪਾਟੀ ਅਨੁਸਾਰ ਲੋਕ ਅਵਤਾਰ-ਪੂਜਾ ਨੂੰ ਹੀ ਸ੍ਰੇਸ਼ਟ ਭਗਤੀ ਮੰਨ ਰਹੇ ਸਨ, ਅਤੇ ਦਾਨ-ਪੁੰਨ ਤੀਰਥ-ਇਸ਼ਨਾਨ ਆਦਿਕ ਕੰਮਾਂ ਨੂੰ ਪਾਪਾਂ ਦੀ ਨਿਵਿਰਤੀ ਤੇ ਸੁਰਗ ਆਦਿਕ ਸੁਖਾਂ ਦੀ ਪ੍ਰਾਪਤੀ ਦਾ ਸਾਧਨ ਸਮਝਦੇ ਸਨ।

ਪਰ ਇਸ ਸ਼ਬਦ ਦੇ ਰਾਹੀਂ ਭਗਤ ਜੀ ਨੇ ਇਹਨਾਂ ਦੋਹਾਂ ਕੰਮਾਂ ਦਾ ਖੰਡਨ ਕੀਤਾ ਹੈ। ਜਿਨ੍ਹਾਂ ਦੇਵਤਿਆਂ ਤੇ ਅਵਤਾਰਾਂ ਦੀ ਪੂਜਾ ਖਾਸ ਪ੍ਰਚੱਲਤ ਹੈ, ਉਹਨਾਂ ਦਾ ਜ਼ਿਕਰ ਸ਼ਬਦ ਦੇ ਚਹੁੰਆਂ ਬੰਦਾਂ ਵਿਚ ਕਰ ਕੇ ਆਖਦੇ ਹਨ:-

1. ਤੁਸੀਂ ਵਿਸ਼ਨੂੰ ਦੀ (ਕ੍ਰਿਸ਼ਨ-ਮੂਰਤੀ ਦੀ) ਪੂਜਾ ਕਰਦੇ ਹੋ ਤੇ ਗੰਗਾ ਵਿਚ ਇਸ਼ਨਾਨ ਕਰਨ ਨੂੰ ਪੁੰਨ-ਕਰਮ ਸਮਝਦੇ ਹੋ। ਪਰ ਤੁਸੀ ਇਹ ਭੀ ਦੱਸਦੇ ਹੋ ਕਿ ਆਪਣੀ ਇਸਤ੍ਰੀ ਅਹਿਲਿਆ ਦੇ ਸੰਬੰਧ ਵਿਚ ਗੋਤਮ ਨੇ ਚੰਦ੍ਰਮਾ ਨੂੰ ਦਾਗ਼ ਲਾ ਦਿੱਤਾ ਸੀ, ਇਹ ਦਾਗ਼ ਚੰਦ੍ਰਮਾ ਦੇ ਮੱਥੇ ਉਤੇ ਉਸ ਦੇ ਕੁਕਰਮ ਦਾ ਕਲੰਕ ਹੈ। ਨਿੱਤ ਦਾ ਗੰਗਾ ਦਾ ਇਸ਼ਨਾਨ ਤੇ ਵਿਸ਼ਨੂੰ ਜੀ ਦਾ (ਕ੍ਰਿਸ਼ਨ ਰੂਪ ਧਾਰ ਕੇ) ਚੰਦ੍ਰਮਾ ਦੀ ਕੁਲ ਵਿੱਚ ਜੰਮਣਾ ਭੀ ਚੰਦ੍ਰਮਾ ਦੇ ਉਸ ਕਲੰਕ ਨੂੰ ਅਜੇ ਤਕ ਦੂਰ ਨਹੀਂ ਕਰ ਸਕੇ। ਦੱਸੋ; ਗੰਗਾ ਦੇ ਇਸ਼ਨਾਨ ਨਾਲ ਤੇ ਕ੍ਰਿਸ਼ਨ-ਮੂਰਤੀ ਦੀ ਪੂਜਾ ਕਰ ਕੇ ਤੁਹਾਡੇ ਪਾਪ ਤੇ ਕੁਕਰਮ ਕਿਵੇਂ ਧੁਪ ਜਾਣਗੇ?

2. ਤੁਸੀ ਗਰੁੜ ਨੂੰ ਪੰਛੀਆਂ ਦਾ ਰਾਜਾ ਮੰਨਦੇ ਹੋ, ਤੇ ਦੁਸਹਿਰੇ ਵਾਲੇ ਦਿਨ ਉਸ ਦਾ ਦਰਸ਼ਨ ਕਰਨ ਲਈ ਦੌੜਦੇ ਫਿਰਦੇ ਹੋ, ਸੂਰਜ ਨੂੰ ਦੇਵਤਾ ਜਾਣ ਕੇ ਹਰ ਸੰਗ੍ਰਾਂਦ ਨੂੰ ਉਸ ਦੀ ਪੂਜਾ ਕਰਦੇ ਹੋ। ਵੇਖੋ, ਤੁਸੀਂ ਪਿੰਗੁਲੇ ਅਰੁਣ ਨੂੰ ਸੂਰਜ ਦਾ ਰਥਵਾਹੀ ਮੰਨਦੇ ਹੋ, ਤੇ ਗਰੁੜ ਦਾ ਰਿਸ਼ਤੇਦਾਰ ਸਮਝਦੇ ਹੋ। ਜੇ ਗਰੁੜ ਆਪਣੇ ਰਿਸ਼ਤੇਦਾਰ ਦਾ; ਤੇ ਸੂਰਜ ਆਪਣੇ ਰਥਵਾਹੀ ਦਾ ਅਜੇ ਤਕ ਪਿੰਗੁਲਾ-ਪਨ ਦੂਰ ਨਹੀਂ ਕਰ ਸਕੇ, ਤਾਂ ਇਹ ਦੋਵੇਂ ਤੁਹਾਡਾ ਕੀ ਸਵਾਰਨਗੇ?

3. ਤੁਸੀਂ ਇਕ ਟਟੀਹਰੀ ਦੇ ਬੱਚਿਆਂ ਦੀ ਕਹਾਣੀ ਸੁਣ ਕੇ ਦੱਸਦੇ ਹੋ ਕਿ ਟਟੀਹਰੀ ਦੇ ਬੱਚਿਆਂ ਨੂੰ ਰੋੜ੍ਹ ਲੈ ਜਾਣ ਦੇ ਅਪਰਾਧ ਵਿਚ ਸਮੁੰਦਰ ਅੱਜ ਤਕ ਖਾਰਾ ਚਲਿਆ ਆਉਂਦਾ ਹੈ। ਪਰ ਨਾਲ ਹੀ ਤੁਸੀਂ ਇਹ ਭੀ ਆਖਦੇ ਹੋ ਕਿ ਸਮੁੰਦਰ ਵਿਚੋਂ ਚੌਦਾਂ ਰਤਨ ਨਿਕਲੇ ਸਨ, ਜਿਨ੍ਹਾਂ ਵਿਚ ਕਾਮਧੇਨ ਤੇ ਕਲਪ ਰੁੱਖ ਭੀ ਸਨ, ਤੇ, ਸਮੁੰਦਰ ਵਿਚ ਹੀ ਤੁਸੀਂ ਵਿਸ਼ਨੂੰ ਜੀ ਦਾ ਨਿਵਾਸ

ਭੀ ਦੱਸਦੇ ਹੋ। ਪਰ ਜੇ ਇਹ ਵਿਸ਼ਨੂੰ ਜੀ ਕਾਮਧੇਨ ਤੇ ਕਲਪ ਰੁੱਖ ਅਜੇ ਤਕ ਸਮੁੰਦਰ ਦੇ ਅਪਰਾਧ ਦਾ ਅਸਰ ਨਹੀਂ ਮਿਟਾ ਸਕੇ, ਸਮੁੰਦਰ ਦਾ ਖਾਰਾਪਨ ਨਹੀਂ ਦੂਰ ਕਰ ਸਕੇ, ਤਾਂ ਤੁਸੀਂ ਇਸੇ ਵਿਸ਼ਨੂੰ ਜੀ ਦੀ ਪੂਜਾ ਵਿਚੋਂ ਕਿਸ ਲਾਭ ਦੀ ਆਸ ਰੱਖਦੇ ਹੋ ? ਤੁਸੀਂ ਪੁੰਨ-ਦਾਨ ਦੇ ਆਸਰੇ ਸੁਰਗ ਵਿਚ ਅੱਪੜ ਕੇ ਇਸੇ ਕਾਮਧੇਨ ਤੇ ਕਲਪ ਰੁੱਖ ਤੋਂ ਮਨ ਦੀਆਂ ਮੁਰਾਦਾਂ ਕਿਵੇਂ ਪੂਰੀਆਂ ਕਰਾ ਲਵੋਗੇ ?

4. ਤੁਸੀ ਸ੍ਰੀ ਰਾਮ ਚੰਦ੍ਰ ਜੀ ਦੀ ਮੂਰਤੀ ਪੂਜਦੇ ਹੋ, ਤੇ ਆਪ ਹੀ ਆਖਦੇ ਹੋ ਕਿ ਹਨੂਮਾਨ ਨੂੰ ਇਹਨਾਂ ਦੀ ਅਤੁੱਟ ਸੇਵਾ ਕਰਨ ਤੇ ਭੀ ਇਕ ਨਿੱਕ ਜਹੀ ਕੱਛ ਹੀ ਮਿਲੀ। ਕੀ ਤੁਸੀਂ ਸ੍ਰੀ ਰਾਮ ਚੰਦ੍ਰ ਜੀ ਨੂੰ ਹਨੂਮਾਨ ਨਾਲੋਂ ਵਧੀਕ ਪ੍ਰਸੰਨ ਕਰ ਲਵੋਗੇ ?

5. ਜਿਸ ਸ਼ਿਵ ਜੀ ਨੂੰ ਬਲੀ ਦੇਵ ਸਮਝ ਕੇ ਮੰਦਰਾਂ ਵਿਚ ਟਿਕਾਏ ਸ਼ਿਵ ਦੀ ਪੂਜਾ ਕਰਦੇ ਹੋ, ਉਸੇ ਬਾਬਤ ਇਹ ਭੀ ਆਖਦੇ ਹੋ ਕਿ ਜਦੋਂ ਬ੍ਰਹਮਾ ਆਪਣੀ ਹੀ ਲੜਕੀ ਉਤੇ ਮੋਹਿਤ ਹੋ ਗਿਆ, ਤਾਂ ਸ਼ਿਵ ਜੀ ਨੇ ਉਸ ਦਾ ਇਕ ਸਿਰ ਕੱਟ ਦਿੱਤਾ, ਤੇ, ਇਹ ਸਿਰ ਸ਼ਿਵ ਜੀ ਦੇ ਹੱਥ ਨਾਲ ਜੁੜ ਗਿਆ। ਕਈ ਤੀਰਥਾਂ ਤੇ ਭਟਕਦੇ ਫਿਰੇ, ਸਿਰ ਸ਼ਿਵ ਜੀ ਦੇ ਹੱਥ ਨਾਲੋਂ ਲਹਿੰਦਾ ਹੀ ਨਹੀਂ ਸੀ। ਦੱਸੋ, ਜੋ ਸ਼ਿਵ ਜੀ ਆਪ ਇਤਨੇ ਆਤੁਰ ਤੇ ਦੁਖੀ ਹੋਏ, ਤੁਹਾਡਾ ਕੀ ਸਵਾਰਨਗੇ ?

ਆਪਣੀ ਘਰ-ਗੇਹਣਿ ਨੂੰ, ਜਿੰਦ ਨੂੰ ਸੰਬੋਧਨ ਕਰ ਕੇ ਅਵਤਾਰ-ਪੂਜਾ ਨੂੰ ਸਮਝਾਂਦੇ ਹੋਏ ਤ੍ਰਿਲੋਚਨ ਜੀ ਅਖ਼ੀਰ ਤੇ ਆਖਦੇ ਹਨ ਕਿ ਇੱਕ ਪਰਮਾਤਮਾ ਦੀ ਭਗਤੀ ਹੀ ਪਿਛਲੇ ਕੁਕਰਮਾਂ ਦੇ ਸੰਸਕਾਰ ਮਿਟਾਣ ਦੇ ਸਮਰੱਥ ਹੈ।

ਤ੍ਰਿਲੋਚਨ ਜੀ ਦੇ ਇਸ ਸ਼ਬਦ ਨੂੰ ਗੁਰਮਤਿ ਨਾਲ ਅਜੁੜਵਾਂ ਸਮਝ ਕੇ ਭਗਤ ਬਾਣੀ ਦੇ ਵਿਰੋਧੀ ਸੱਜਣ ਇਸ ਬਾਰੇ ਇਉਂ ਲਿਖਦੇ ਹਨ- "ਇਸ ਸ਼ਬਦ ਵਿਚ ਪੁਰਾਣਕ ਗੱਲਾਂ ਲਿਖ ਕੇ ਕਰਮਾਂ ਨੂੰ ਪ੍ਰਬਲ ਮੰਨਿਆ ਹੈ, ਪਰੰਤੂ ਸ਼ਿਵ ਜੀ ਦੀਆਂ ਜਟਾਂ ਵਿਚ ਦੀ ਗੰਗਾ ਦਾ ਆਉਣਾ ਅਤੇ ਚੰਦ੍ਰਮਾ ਦਾ ਮੱਥੇ ਤੇ ਹੋਣਾ ਅਤੇ ਗਰੁੜ ਉਤੇ ਵਿਸ਼ਨੂੰ ਦੀ ਸਵਾਰੀ ਹੋਣੀ ਆਦਿ ਦੱਸਿਆ ਹੈ। ਇਹ ਸਭ ਖ਼ਿਆਲ ਸ੍ਰਿਸ਼ਟੀ-ਨਿਯਮ ਤੋਂ ਬਿਲਕੁਲ ਉਲਟ ਹੈ।"

ਅਤੇ

"ਇਹ ਝਗੜਾ ਭਗਤ ਜੀ ਅਤੇ ਉਹਨਾਂ ਦੀ ਇਸਤ੍ਰੀ ਦਾ ਹੈ ਜੋ ਨਾਰਾਇਣ ਦੀ ਨਿੰਦਿਆ ਕਰਦੀ ਹੈ। ਇਸ ਸ਼ਬਦ ਨਾਲ ਲੋਕਾਂ ਨੇ ਰੱਬ ਨੂੰ ਇਹਨਾਂ ਦੇ ਘਰ ਰਸੋਈਆ ਬਣ ਕੇ ਰਹਿਣ ਦੀ ਸਾਖੀ ਘੜੀ ਹੈ।"

ਅਤੇ

"ਇਹਨਾਂ ਦੇ ਨਾਮ ਨਾਲ ਬਹੁਤ ਸਾਰੀਆਂ ਕਥਾਵਾਂ ਭੀ ਲਾਈਆਂ ਹੋਈਆਂ ਹਨ। ਕਹਿੰਦੇ ਹਨ ਕਿ ਇਹਨਾਂ ਦੇ ਘਰ ਰੱਬ ਰਸੋਈਆ ਬਣ ਕੇ ਰੋਟੀਆਂ ਪਕਾਉਂਦਾ ਰਿਹਾ। ਪਰ ਇਹ ਪੁਰਾਣੇ ਮਨ-ਘੜਤ ਮਸਲੇ ਹਨ।"

ਉਪਰ ਦਿੱਤੀ ਲਿਖਤ ਵਿਚੋਂ ਤਿੰਨ ਇਤਰਾਜ਼ ਮਿਲਦੇ ਹਨ-

(1) ਭਗਤ ਜੀ ਨੇ ਕਰਮਾਂ ਨੂੰ ਪ੍ਰਬਲ ਮੰਨਿਆ ਹੈ।

(2) ਸ਼ਬਦ ਵਿਚ ਦਿੱਤੀਆਂ ਗੱਲਾਂ ਦਾ ਖ਼ਿਆਲ ਸ੍ਰਿਸ਼ਟੀ-ਨਿਯਮਾਂ ਦੇ ਬਿਲਕੁਲ ਉਲਟ ਹੈ।

(3) ਰੱਬ ਦੇ ਰਸੋਈਆ ਬਣ ਕੇ ਭਗਤ ਜੀ ਦੇ ਘਰ ਰੋਟੀਆਂ ਪਕਾਣ ਵਾਲੀ ਕਹਾਣੀ ਇਕ ਮਨ-ਘੜਤ ਮਸਲਾ ਹੈ।

ਇਹਨਾਂ ਇਤਰਾਜ਼ਾਂ ਨੂੰ ਰਤਾ ਧੀਰਜ ਨਾਲ ਵਿਚਾਰੀਏ। ਰੱਬ ਦੇ ਰਸੋਈਆ ਬਣਨ ਵਾਲੀ ਕਹਾਣੀ ਬਿਲਕੁਲ ਮਨ-ਘੜਤ ਹੈ। ਨਾ ਹੀ ਇਸ ਦਾ ਇਸ ਸ਼ਬਦ ਨਾਲ ਕੋਈ ਜੋੜ ਦਿੱਸਦਾ ਹੈ। ਸ਼ਬਦ ਵਿਚ ਇਸ ਘੜੀ ਕਹਾਣੀ ਦਾ ਕੋਈ ਰਤਾ ਭੀ ਜ਼ਿਕਰ ਨਹੀਂ ਹੈ, ਲੋਕਾਂ ਨੇ ਇਹ ਕਹਾਣੀ ਘੜ ਲਈ ਹੈ। ਇਹ ਕਹਾਣੀ ਮੰਨੀ ਨਹੀਂ ਜਾ ਸਕਦੀ। ਬੱਸ ! ਇਸ ਕਹਾਣੀ ਨੂੰ ਨਾ ਮੰਨੀਏ। ਸ਼ਬਦ ਨਾਲ ਰੁੱਸਣ ਦਾ ਕੋਈ ਕਾਰਨ ਨਹੀਂ ਦਿੱਸਦਾ। ਸ਼ਬਦ ਦੇ ਅਰਥ ਦੇ ਹੇਠ ਦਿੱਤੇ ਜ਼ਰੂਰੀ ਨੋਟ ਨੂੰ ਮੁੜ ਗਹੁ ਨਾਲ ਪੜ੍ਹੋ। ਧਾਰਮਿਕ ਆਗੂ ਬ੍ਰਾਹਮਣ ਦੀਆਂ ਚਲਾਈਆਂ ਹੋਈਆਂ ਪੁਰਾਣਕ ਕਹਾਣੀਆਂ ਦਾ ਹਵਾਲਾ ਦੇ ਕੇ ਭਗਤ ਜੀ (ਜੋ ਆਪ ਭੀ ਜਾਤਿ ਦੇ ਬ੍ਰਾਹਮਣ ਹੀ ਹਨ) ਉਹਨਾਂ ਕਹਾਣੀਆਂ ਦੇ ਮੰਨਣ ਵਾਲਿਆਂ ਨੂੰ ਸਮਝਾ ਰਹੇ ਹਨ ਕਿ ਇਸ ਅਵਤਾਰ-ਪੂਜਾ, ਮੂਰਤੀ-ਪੂਜਾ ਤੇ ਗੰਗਾ-ਇਸ਼ਨਾਨ ਨੇ ਪਿਛਲੇ ਕੀਤੇ ਕਰਮਾਂ ਦੇ ਸੰਸਕਾਰ ਨਹੀਂ ਮਿਟਾ ਸਕਣੇ। ਜੇ ਪਿਛਲੇ ਬੰਧਨਾਂ ਵਿਚੋਂ ਖ਼ਲਾਸੀ ਦੀ ਲੋੜ ਹੈ ਤਾਂ ਇਕ ਪਰਮਾਤਮਾ ਦਾ ਨਾਮ ਜਪੋ।

ਇਹ ਖ਼ਿਆਲ ਨਿਰੋਲ ਗੁਰਮਤਿ ਨਾਲ ਰਲਦਾ ਹੈ। ਪੁਰਾਣਕ ਕਹਾਣੀਆਂ ਮੰਨਣ ਵਾਲਿਆਂ ਨੂੰ ਉਹਨਾਂ ਹੀ ਕਹਾਣੀਆਂ ਦਾ ਹਵਾਲਾ ਦੇ ਕੇ ਸਮਝਾਣਾ ਕੋਈ ਮਾੜੀ ਗੱਲ ਨਹੀਂ ਹੈ। ਸਤਿਗੁਰੂ ਜੀ ਨੇ ਆਪ ਭੀ ਸੈਂਕੜੇ ਥਾਈਂ ਅਜਿਹੇ ਹਵਾਲੇ ਦੱਤੇ ਹਨ।

ਮਿਸਾਲ ਦੇ ਤੌਰ ਤੇ ਵੇਖੋ :

*ਸਹੰਸਰ ਦਾਨ ਦੇ ਇੰਦ੍ਰੁ ਰੋਆਇਆ॥ ਪਰਸ ਰਾਮੁ ਰੋਵੈ ਘਰਿ ਆਇਆ॥*
*ਅਜੈ ਸੁ ਰੋਵੈ ਭੀਖਿਆ ਖਾਇ॥ ਐਸੀ ਦਰਗਹ ਮਿਲੈ ਸਜਾਇ॥.....*

(ਰਾਮਕਲੀ ਕੀ ਵਾਰ ਮਹਲਾ ੩, ਸਲੋਕ ਮਹਲਾ ੧, ਪੰਨਾ ੯੫੩)

*ਰੋਵੈ ਜਨਮੇਜਾ ਖੁਇ ਗਇਆ॥ ਏਕੀ ਕਾਰਣਿ ਪਾਪੀ ਭਇਆ॥.....*
*ਨਾਨਕ ਦੁਖੀਆ ਸਭੁ ਸੰਸਾਰੁ॥*
*ਮੰਨੇ ਨਾਉ ਸੋਈ ਜਿਣਿ ਜਾਇ॥ ਅਉਰੀ ਕਰਮ ਨ ਲੇਖੈ ਲਾਇ॥ ੧॥ ੧੪॥*

(ਪੰਨਾ ੯੫੩)

ਇਥੇ ਕਈ ਪੁਰਾਤਨ ਕਹਾਣੀਆਂ ਦਿੱਤੀਆਂ ਗਈਆਂ ਹਨ। ਇਹਨਾਂ ਕਹਾਣੀਆਂ ਦੇ ਮੰਨਣ ਵਾਲਿਆਂ ਨੂੰ ਇਹਨਾਂ ਕਹਾਣੀਆਂ ਦੇ ਰਾਹੀਂ ਹੀ ਸਮਝਾਂਦੇ ਹਨ ਕਿ "ਮੰਨੇ ਨਾਉ ਸੋਈ ਜਿਣਿ ਜਾਇ"। ਹੂ-ਬ-ਹੂ ਇਹੀ ਤਰੀਕਾ ਭਗਤ ਤ੍ਰਿਲੋਚਨ ਜੀ ਨੇ ਵਰਤਿਆ ਹੈ।

ਬਾਕੀ ਰਿਹਾ ਇਤਰਾਜ਼ ਕਰਮਾਂ ਦੀ ਪ੍ਰਬਲਤਾ ਦਾ। ਇਸ ਬਾਰੇ ਭੀ ਇੱਕ ਨਹੀਂ, ਸੈਂਕੜੇ

ਪ੍ਰਮਾਣ ਗੁਰਬਾਣੀ ਵਿਚ ਮਿਲਦੇ ਹਨ ਕਿ ਕੀਤੇ ਕਰਮਾਂ ਦੇ ਸੰਸਕਾਰ ਮਿਟਾਣ ਲਈ ਇਕੋ ਇੱਕ ਵਸੀਲਾ ਹੈ, ਤੇ ਉਹ ਹੈ ਪਰਮਾਤਮਾ ਦਾ ਨਾਮ ਸਿਮਰਨਾ। ਮਿਸਾਲ ਦੇ ਤੌਰ ਤੇ ਵੇਖੋ-

*(੧) ਨਾਨਕ ਪਇਐ ਕਿਰਤਿ ਕਮਾਵਣਾ ਕੋਇ ਨ ਮੇਟਣਹਾਰੁ॥ ੨॥*

(ਸਲੋਕ ਮ: ੧, ਸੂਹੀ ਕੀ ਵਾਰ ਮ: ੩, ਪੰਨਾ ੭੯੧)

*(੨) ਨਾਨਕ ਪਇਐ ਕਿਰਤਿ ਕਮਾਵਦੇ ਮਨਮੁਖਿ ਦੁਖੁ ਪਾਇਆ॥ ੧੭॥*

(ਪਾਉੜੀ ੧੭, ਸਾਰੰਗ ਕੀ ਵਾਰ, ਪੰਨਾ ੧੨੪੪)

*(੩) ਪਇਐ ਕਿਰਤਿ ਕਮਾਵਣਾ ਕੋਇ ਨ ਮੇਟਣਹਾਰ॥ ੧੯॥*

(ਸੂਹੀ ਮ: ੩, ਘਰੁ ੧੦)

*(੪) ਪਇਐ ਕਿਰਤਿ ਕਮਾਵਦੇ ਜਿਵ ਰਾਖਹਿ ਤਿਵੈ ਰਹੰਨਿ॥*

(ਪੰਨਾ ੮੫੪)

ਘੜੀ ਹੋਈ ਕਹਾਣੀ ਦੇ ਕਾਰਨ ਅਸਾਂ ਸੱਚਾਈ ਤੋਂ ਨਹੀਂ ਰੁੱਸਣਾ। ਭਗਤ ਤ੍ਰਿਲੋਚਨ ਜੀ ਬ੍ਰਾਹਮਣ ਦੇ ਬਣਾਏ ਧਰਮ-ਜਾਲ ਦਾ ਪਾਜ ਖੋਲ੍ਹ ਰਹੇ ਹਨ। ਉਹਨਾਂ ਦੀ ਅਵਾਜ਼ ਨੂੰ ਕਮਜ਼ੋਰ ਕਰਨ ਵਾਸਤੇ ਉਹਨਾਂ ਦੇ ਜੀਵਨ ਨਾਲ ਬਿਅਰਥ ਤੇ ਵਿਰੋਧੀ ਕਹਾਣੀਆਂ ਘੜੀਆਂ ਜਾ ਸਕਦੀਆਂ ਸਨ।

ਗਿਆਨੀ ਲਾਲ ਸਿੰਘ ਜੀ[10] ਇਸ ਸ਼ਬਦ ਦੀ ਵਿਆਖਿਆ ਕਰਕੇ ਫੁਰਮਾਨ ਕਰਦੇ ਹਨ,

*"ਦਾਧੀਲੇ ਲੰਕਾ ਗੜੁ ਉਪਾੜੀਲੇ ਰਾਵਣ ਬਣੁ ਸਲਿ ਬਿਸਲਿ ਆਣਿ ਤੋਖੀਲੇ ਹਰੀ॥*

*ਕਰਮ ਕਰ ਕਛਉਟੀ ਮਫੀਟਸ ਰੀ॥ ੫॥* (ਪੰਨਾ ੬੯੫)

ਭਾਵ ਹਨੂਮਾਨ ਨੇ ਰਾਵਣ ਦੇ ਬਾਗ ਪੁਟੇ ਅਤੇ ਲੰਕਾ ਨੂੰ ਅੱਗ ਲਾਈ ਤੇ ਸੀਤਾ ਭਾਲੀ। ਪਹਾੜੀ ਬੂਟੀ (ਬਿਸਲ) ਲਿਆ ਕੇ ਸੁਖਦੇਵ ਵੈਦ ਪਾਸੋਂ ਜ਼ਖਮ (ਫੱਟ) ਰਾਜ਼ੀ ਕਰਵਾਏ। ਸਿੱਟਾ ਕੀ ਜੰਗ ਵਿੱਚ ਰਾਮ ਚੰਦਰ ਦੀ ਬਹੁਤ ਮਦਦ ਕੀਤੀ, ਪਰੰਤੂ ਰਾਮ ਚੰਦ੍ਰ (ਰੱਬ ਦਾ ਅਵਤਾਰ) ਵਲੋਂ ਵੀ ਕਰਮ ਬੰਧਨ ਕੱਟਣ ਦੀ ਥਾਂ ਉਹੀ ਜਾਂਘੀਆ ਹੀ ਪ੍ਰਾਪਤ ਹੋਇਆ ਜੋ ਸਰਾਪ ਕਰਕੇ ਮਿਲਦਾ ਸੀ। ਗੱਲ ਕੀ ! ਰਾਮ ਚੰਦਰ ਪਾਸੋਂ ਹਨੂਮਾਨ ਜੀ ਕਰਮ ਬੰਧਨਾਂ ਤੋਂ ਅਜ਼ਾਦ ਨਾ ਹੋ ਸਕੇ, ਤੇ ਹਿੰਦੂ ਲੋਕ ਇਸ ਹਨੂਮਾਨ ਦੀ ਪੂਜਾ ਕਰਦੇ ਹਨ, ਕਿਉਂਕਿ ਉਹ ਤਾਂ ਖੁਦ ਹੀ ਸਰਾਪ (ਕਰਮ ਫਲ) ਵਿੱਚ ਫਸੇ ਨਹੀ ਨਿਕਲੇ ਅਰ ਨਾ ਹੀ ਤਿੰਨਾਂ ਨੂੰ ਸ੍ਰੀ ਰਾਮ ਚੰਦਰ ਜੀ ਛੁਡਾ ਸਕੇ।

ਸੋ ਜਦ ਸ੍ਰੀ ਰਾਮ ਚੰਦਰ ਜੀ ਆਪਣੇ ਇਤਨੇ ਪ੍ਰੇਮੀ ਸੇਵਕ ਵਿਚਾਰੇ ਹਨੂਮਾਨ ਨੂੰ ਵੀ ਕਰਮ ਬੰਧਨਾਂ ਤੋਂ ਅਜ਼ਾਦ ਨਾ ਕਰਾ ਸਕੇ ਤਾਂ ਹੋਰਨਾਂ ਨੂੰ ਕੀ ਤਾਰ ਸਕਦੇ ਹਨ?"

ਗੁਰੂ ਗ੍ਰੰਥ ਸਾਹਿਬ ਵਿੱਚ ਜ਼ਿਕਰ ਆਉਂਦਾ ਹੈ ਕਿ ਰਾਮ ਚੰਦਰ ਨੇ ਹਨੂਮਾਨ ਨੂੰ ਮਦਦ ਵਾਸਤੇ ਅਰਾਧਿਆ ਅਰਥਾਤ ਜੋਦੜੀ ਕੀਤੀ ਤਾਂ ਹੀ ਉਸਨੇ ਰਾਮ ਚੰਦਰ ਦੀ ਮਦਦ ਕੀਤੀ :

ਮਨ ਮਹਿ ਝੂਰੈ ਰਾਮਚੰਦੁ ਸੀਤਾ ਲਛਮਣ ਜੋਗੁ॥
ਹਣਵੰਤਰੁ ਆਰਾਧਿਆ ਆਇਆ ਕਰਿ ਸੰਜੋਗੁ॥

(ਸਲੋਕ ਵਾਰਾਂ ਤੇ ਵਧੀਕ॥ ਮਹਲਾ ੧, ਪੰਨਾ ੧੪੧੨)

ਗੁਰੂ ਗ੍ਰੰਥ ਸਾਹਿਬ ਵਿੱਚ ਜ਼ਿਕਰ ਆਉਂਦਾ ਹੈ ਅਨੇਕਾਂ ਹੀ ਦੇਵੀ-ਦੇਵਤੇ, ਮਹਾਂਬਲੀ ਅਤੇ ਹਨੂਮਾਨ ਵਰਗੇ ਵੀ ਉਸ ਅਕਾਲ ਪੁਰਖ ਦੀ ਅਰਾਧਨਾ ਕਰਦੇ ਹਨ, ਪਰੰਤੂ ਉਸ ਦਾ ਅੰਤ ਨਹੀਂ ਪਾ ਸਕਦੇ,

ਸਨਕ ਸਨੰਦ ਮਹੇਸ ਸਮਾਨਾਂ॥
ਸੇਖਨਾਗਿ ਤੇਰੋ ਮਰਮੁ ਨ ਜਾਨਾਂ॥ ੨॥
ਸੰਤਸੰਗਤਿ ਰਾਮੁ ਰਿਦੈ ਬਸਾਈ॥ ੧॥ ਰਹਾਉ॥
ਹਨੂਮਾਨ ਸਰਿ ਗਰੁੜ ਸਮਾਨਾਂ॥
ਸੁਰਪਤਿ ਨਰਪਤਿ ਨਹੀ ਗੁਨ ਜਾਨਾਂ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੯੧)

ਸੋ ਇਹ ਸੀ ਸਰਾਪ ਤੋਂ ਪੀੜਤ ਹਨੂਮਾਨ ਨੂੰ ਰਾਮ ਵਲੋਂ ਭੇਟਾ ਕੀਤੇ ਗਏ ਕੱਛ (ਜਾਂਘੀਏ) ਦਾ ਵਿਸਥਾਰ। ਸੰਘ ਵਲੋਂ ਪ੍ਰਕਾਸ਼ਿਤ ਕਿਤਾਬਾਂ ਵਿੱਚ ਇਸੇ ਹੀ ਜਾਂਘੀਏ ਨੂੰ ਹਨੂਮਾਨ ਵਲੋਂ ਗੁਰੂ ਸਾਹਿਬ ਨੂੰ ਭੇਟਾ ਕੀਤੇ ਜਾਣ ਦਾ ਵਰਨਣ ਹੈ।

ਸੁੱਖਾ ਸਿੰਘ ਦੁਆਰਾ ਰਚਿਤ 'ਗੁਰ ਬਿਲਾਸ ਪਾਤ: ੧੦' ਅਤੇ ਉਸ ਤੋਂ ਹਵਾਲਾ ਲੈ ਕੇ ਭਾਈ ਸੰਤੋਖ ਸਿੰਘ ਜੀ ਵਲੋਂ ਇਸ ਕੂੜ ਰਚਨਾ ਨੂੰ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚ ਦਰਜ ਕਰਨ ਬਾਰੇ ਗਿਆਨੀ ਦਿੱਤ ਸਿੰਘ ਜੀ ਲਿਖਦੇ ਹਨ :

ਅਰ ਨਾ ਸੁਖਾ, ਸਿੰਘ ਬਤਾਵੇ ਫਿਰ ਸੂਰਜ ਪ੍ਰਕਾਸ਼ੀ॥
ਕਿਥੋਂ ਕੱਢ ਲਿਆਇਆ ਸੀ ਇਹ ਮਨੋ ਚੌਧਵੀ ਰਾਸੀ॥ ੧੫੧॥
ਇਸ ਤੋਂ ਅੱਗੇ ਹੋਰ ਵਧਾਇਕੇ ਇਹ ਸੰਤੋਖ ਮ੍ਰਿਗਿੰਦਾ॥
ਆਪਨੇ ਗ੍ਰੰਥ ਵਿੱਚ ਕਰਦਾ ਹੈ ਇਹ ਸਤਿਗੁਰ ਕੀ ਨਿੰਦਾ॥
ਲੰਕੜੀਏ ਕਛੂ ਲਿਆ ਕੇ ਗੁਰੂ ਜੀ ਨੂੰ ਸੀ ਦਿੱਤੀ॥
ਅਰ ਮਨ ਅੰਦਰ ਖੁਸ਼ੀ ਧਾਰ ਕੇ ਕਲਗੀਧਰ ਨੇ ਲਿੱਤੀ॥ ੧੫੨॥

(ਦੁਰਗਾ ਪ੍ਰਬੋਧ)[11]

ਗਿਆਨੀ ਦਿੱਤ ਸਿੰਘ ਜੀ ਜਿਥੇ ਦੇਵੀ ਪੂਜਨ ਦਾ ਖੰਡਨ ਕਰਦੇ ਹਨ ਉਥੇ ਬੜੇ ਵਿਅੰਗਮਈ ਕਾਵਿਕ ਲਹਿਜੇ ਵਿੱਚ ਬਿਆਨ ਕਰਦੇ ਹਨ ਕਿ ਭਾਈ ਸੁੱਖਾ ਸਿੰਘ ਜੀ ਜੋ ਕਿ ਦੇਵੀ ਪੂਜਾ ਦਾ ਮੰਡਨ ਕਰਦੇ ਹਨ ਅਤੇ ਭਾਈ ਸੰਤੋਖ ਸਿੰਘ ਜੋ ਇਹ ਬਿਆਨ ਕਰਦਾ ਕਿ ਲੰਕੜੀਏ (ਹਨੂਮਾਨ) ਨੇ ਗੁਰੂ ਜੀ ਨੂੰ ਕਛੂ ਲਿਆ ਕੇ ਦਿੱਤੀ ਅਤੇ ਗੁਰੂ ਜੀ ਬੜੇ ਪ੍ਰਸੰਨ ਹੋਏ। ਇਸ ਵਾਰਤਾ ਦਾ ਜੋ ਕਿ ਗਲਤ ਬਿਆਨੀ ਅਤੇ ਗੁਰ ਨਿੰਦਾ ਹੈ ਇਸ ਦਾ ਆਧਾਰ ਕੀ ਹੈ ?

ਅੱਗੇ ਜਾ ਕੇ ਬਿਪਰਵਾਦੀ ਕੂੜ ਕੁਸੱਤ ਦੇ ਘਾੜਿਆਂ ਨੂੰ ਗਿਆਨੀ ਦਿੱਤ ਸਿੰਘ ਜੀ ਸਵਾਲ ਕਰਦੇ ਹਨ:

*ਇਸ ਪਰ ਮੈਂ ਇਕ ਪੂਛਾਂ ਤੈਨੂੰ॥ ਸੱਚਾ ਪਤਾ ਬਤਾ ਦੇ ਮੈਨੂੰ॥*
*ਕਿਹੜੀ ਕੱਛ ਓਸ ਨੇ ਦੀਨੀ॥ ਜੋ ਕਰ ਪ੍ਰੇਮ ਗੁਰੂ ਨੇ ਲੀਨੀ॥*
*ਕਿਆ ਜੋ ਤੇੜ ਉਸ ਦੇ ਪਾਈ॥ ਓਸੇ ਵੇਲੇ ਸੀ ਉਤਰਾਈ॥*
*ਆਪ ਹੋ ਗਿਆ ਨੰਗ ਮਲੰਗ॥ ਮੂਲ ਨ ਕੀਤੀ ਮਨ ਵਿਚਿ ਸੰਗ॥*

(ਦੁਰਗਾ ਪ੍ਰਬੋਧ)[12]

ਅਰਥਾਤ, ਮੈਂ ਤੁਹਾਨੂੰ (ਪੁਰਾਤਨ ਲਿਖਾਰੀਆਂ) ਪੁੱਛਦਾ ਹਾਂ ਜੋ ਮੈਨੂੰ ਕ੍ਰਿਪਾ ਕਰਕੇ ਸੱਚ-ਸੱਚ ਦੱਸ ਦੇਵੋ। ਜਿਹੜੀ ਕੱਛ (ਕਛਹਿਰਾ) ਹਨੂਮਾਨ ਨੇ ਗੁਰੂ ਜੀ ਨੂੰ ਦਿੱਤੀ ਸੀ ਅਤੇ ਗੁਰੂ ਜੀ ਨੇ ਪ੍ਰੇਮ ਸਹਿਤ ਅੰਗੀਕਾਰ ਕੀਤੀ ਸੀ ਉਹ ਉਹੀ ਸੀ ਜੋ ਉਸਨੇ ਤੇੜ ਪਾਈ ਹੋਈ ਸੀ, ਤੇ ਤੇੜ ਪਾਈ ਕੱਛ ਹੀ ਉਤਾਰ ਕੇ ਦੇ ਦਿੱਤੀ। ਜੇਕਰ ਉਸਨੇ ਤੇੜ ਪਾਈ ਕੱਛ ਹੀ ਉਤਾਰ ਕੇ ਦਿੱਤੀ ਤਾਂ ਫਿਰ ਹਨੂਮਾਨ ਆਪ ਤਾਂ ਨੰਗਾ ਹੋ ਗਿਆ ਹੋਵੇਗਾ ਅਤੇ ਇੰਨੇ ਲੋਕਾਂ ਦੇ ਸਾਹਮਣੇ ਉਸਨੂੰ ਰਤਾ ਵੀ ਸੰਗ-ਸ਼ਰਮ ਨਾ ਆਈ?

*ਫਿਰ ਉਸਦਾ ਜੋ ਹੁਤਾ ਉਤਾਰ॥ ਸੋ ਪਹਿਰਿਆ ਗੁਰ ਜੀ ਅਵਤਾਰ॥*
*ਕੈਸੀ ਸ਼ਰਮ ਨਾਕ ਹੈ ਬਾਤ॥ ਜੋ ਗੁਰ ਜੀ ਪਰ ਦੋਖ ਲਗਾਤ॥*
*ਬਾਂਦਰ ਦੀ ਕਛਨੀ ਉਤਰਾਈ॥ ਹੋਇ ਪ੍ਰਸੰਨ ਆਪ ਗੁਰ ਪਾਈ॥*
*ਹਾਇ ਗੁਰੂ ਪਰ ਦੋਸ਼ ਲਗਾਂਦੇ॥ ਨਹਿ ਸੰਤੋਖ ਹੋਰੀਂ ਸ਼ਰਮਾਂਦੇ॥*

(ਦੁਰਗਾ ਪ੍ਰਬੋਧ)[13]

ਅਰਥਾਤ, ਫਿਰ ਕੀ ਉਸਦੀ ਉਤਾਰੀ ਹੋਈ ਕੱਛ ਗੁਰੂ ਜੀ ਨੇ ਪਹਿਨ ਲਈ ਹੋਵੇਗੀ? ਕਿੰਨੀ ਸ਼ਰਮਨਾਕ ਬਾਤ ਹੈ, ਗੁਰੂ ਜੀ ਪਰ ਕੈਸਾ ਘਟੀਆ ਦੋਖ ਲਗਾਇਆ ਜਾ ਰਿਹਾ ਹੈ ਕਿ ਗੁਰੂ ਜੀ ਨੇ ਇਕ ਬਾਂਦਰ ਦੀ ਕੱਛੀ ਉਤਾਰ ਕੇ, ਖੁਸ਼ੀ ਨਾਲ ਆਪ ਪਹਿਨ ਲਈ! ਪਤਾ ਨਹੀਂ ਐਸੇ ਲਿਖਾਰੀ ਗੁਰੂ ਜੀ ਪਰ ਐਸੇ ਘਟੀਆ ਦੋਸ਼ ਲਗਾਉਂਦੇ ਕਿਉਂ, ਸ਼ਰਮਾਉਂਦੇ ਨਹੀਂ?

*ਰਾਮ ਚੰਦ ਦੇ ਜਦ ਸਾ ਪਾਸ॥ ਰਹਿੰਦਾ ਹਨੂਮਾਨ ਹੋ ਦਾਸ॥*
*ਉਸ ਵੇਲੇ ਰਘੁਬਰ ਨੇ ਭਾਈ॥ ਲੈ ਕੇ ਕੱਛ ਨ ਆਪਨੇ ਪਾਈ॥*
*ਜਿਸਦੇ ਬਲ ਤੇ ਮਰਦਾ ਰਾਵਨ॥ ਛੇਤੀ ਸੀਤਾ ਨੂੰ ਲੈ ਜਾਵਨ॥*
*ਪਰ ਉਸ ਵੇਲੇ ਰਾਮ ਵਿਚਾਰੇ॥ ਰੱਖੀ ਧੋਤੀ ਜੰਗ ਮਝਾਰੇ॥*
*ਨਾ ਹਨੂਮਾਨ ਉਨਾਂ ਨੂੰ ਦਿੱਤੀ॥ ਅਰ ਨ ਲਛਮਣ ਨੇ ਹੀ ਲਿਤੀ॥*
*ਫਿਰ ਗੁਰੂ ਨੂੰ ਸੀ ਕਿਉਂ ਇਹ ਦੀਨੀ॥ ਅਰੁ ਧਰ ਪ੍ਰੇਮ ਉਸ ਤੇ ਲੀਨੀ॥*

(ਦੁਰਗਾ ਪ੍ਰਬੋਧ)

ਜਦੋਂ ਰਾਮ ਚੰਦਰ ਦਾ ਸਮਾਂ ਸੀ ਹਨੂਮਾਨ ਉਸਦਾ ਦਾਸ ਭਾਵ ਚਾਕਰ ਬਣ ਕੇ ਰਹਿੰਦਾ ਸੀ। ਜਦੋਂ ਰਾਵਣ ਸੀਤਾ ਨੂੰ ਉਠਾ ਕੇ ਲੈ ਗਿਆ, ਤੇ ਜੇਕਰ ਹਨੂਮਾਨ ਦੀ ਕਛਨੀ ਵਿੱਚ ਹੀ ਇਤਨਾ ਬਲ ਸੀ ਤਾਂ ਰਾਮ ਨੇ ਉਸ ਤੋਂ ਲੈ ਕੇ ਕਿਉਂ ਨਾ ਪਹਿਨੀ ? ਜਿਸਦੇ ਬਲ ਨਾਲ ਰਾਮ ਰਾਵਣ ਨੂੰ ਛੇਤੀ ਮਾਰ-ਮੁਕਾਉਂਦਾ ਅਤੇ ਸੀਤਾ ਨੂੰ ਲੈ ਕੇ ਛੇਤੀ ਘਰ ਆ ਜਾਂਦਾ। ਪਰ ਉਸ ਵੇਲੇ ਤਾਂ ਰਾਵਣ ਨਾਲ ਹੋਈ ਜੰਗ ਸਮੇਂ ਰਾਮ ਨੇ ਧੋਤੀ ਹੀ ਪਹਿਨ ਰੱਖੀ, ਪਤਾ ਨਹੀਂ ਕਿਉਂ ਹਨੂਮਾਨ ਦੀ ਬਲ ਭਰਪੂਰ ਕੱਛਨੀ ਉਤਾਰ ਕੇ ਕਿਉਂ ਨਾ ਪਾਈ ? ਜਾਂ ਫਿਰ ਹਨੂਮਾਨ ਨੇ ਉਸਨੂੰ ਦਿੱਤੀ ਨਹੀਂ, ਲਛਮਣ ਨੇ ਵੀ ਪਤਾ ਨਹੀਂ ਕਿਉਂ ਇਹ ਕੱਛੀ ਹਨੂਮਾਨ ਕੋਲੋਂ ਮੰਗ ਕੇ ਨਾ ਪਹਿਨੀ। ਪਰ ਪਤਾ ਨਹੀਂ ਕਿਉਂ ਹਨੂਮਾਨ ਨੇ ਗੁਰੂ ਜੀ ਨੂੰ ਹੀ ਉਹ ਕੱਛਨੀ ਦਿੱਤੀ ?

*ਅਰ ਜੋ ਕਹੋ ਹਨੂ ਦੇ ਪਾਸ॥ ਜੋ ਸੀ ਕਛ ਵਡੋ ਬਲ ਜਾਸ॥*
*ਸੋ ਰਘੁਬਰ ਤੇ ਸੀ ਤਿਨ ਪਾਈ॥ ਨਾਸੀ ਹਨੂੰ ਦੀ ਆਪਨੀ ਕਾਈ॥*
*ਫਿਰ ਭੀ ਮਨ ਵਿੱਚ ਦੇਖ ਵਿਚਾਰ॥ ਨਹੀਂ ਗੁਰੂ ਜੀ ਦਾ ਅਧਿਕਾਰ॥*
*ਜੋ ਰਘੁਬਰ ਦਾ ਅਹੇ ਉਤਾਰਾ॥ ਲੈ ਕੇ ਅਪਨਾ ਕਰਨ ਗੁਜਾਰਾ॥*
*ਮੰਗਤਿਆਂ ਤੇ ਮੰਗਨ ਜਾਹੀਂ॥ ਨਹਿ ਸ਼ੋਭਾ ਪਾਵਤ ਜਗ ਮਾਹੀਂ॥*
*ਭਲਾ ਦੱਸ ਬਸਤਰ ਗੱਜ ਢਾਈ॥ ਨਹੀ ਗੁਰੂ ਜੀ ਦੇ ਢਿਗ ਭਾਈ॥*
*ਯਾ ਦਰਜੀ ਨਾ ਸੀ ਕੋ ਪਾਸ॥ ਫਿਰ ਕਿਉਂ ਕੀਤਾ ਇਹ ਬਿਲਾਸ॥*

(ਦੁਰਗਾ ਪ੍ਰਬੋਧ)[14]

ਅਰਥਾਤ, ਜੇਕਰ ਹਨੂਮਾਨ ਦੀ ਕਛਨੀ ਦੇ ਦੂਸਰੇ ਪੱਖ ਨੂੰ ਵਿਚਾਰਿਆ ਜਾਵੇ ਕਿ ਇਹ ਬਲ ਵਾਲੀ ਕੱਛਨੀ ਹਨੂਮਾਨ ਦੀ ਆਪਣੀ ਨਹੀਂ ਸੀ ਅਤੇ ਰਾਮ ਚੰਦਰ ਨੇ ਸਿਰੋਪਾਉ ਵਜੋਂ ਬਖਸ਼ਿਸ਼ ਕੀਤੀ ਸੀ ਤਾਂ ਇਸ ਬਾਰੇ ਵੀ ਮਨ ਅੰਦਰ ਡੂੰਘੀ ਵਿਚਾਰ ਕਰਨੀ ਬਣਦੀ ਹੈ।

ਜਿਹੜੀ ਰਘੁਬਰ (ਰਾਮ) ਨੇ ਆਪਣੀ ਕੱਛਨੀ ਉਤਾਰ ਕੇ ਹਨੂਮਾਨ ਨੂੰ ਦਿੱਤੀ, ਗੁਰੂ ਜੀ ਉਹੋ ਕੱਛਨੀ ਹਨੂਮਾਨ ਤੋਂ ਮੰਗ ਕੇ ਆਪਣਾ ਗੁਜ਼ਾਰਾ ਕਰਨ, ਮੰਗਤਿਆਂ ਤੋਂ ਮੰਗਣਾ ਤਾਂ ਕੋਈ ਜੱਗ ਵਿਚ ਸ਼ੋਭਾ ਪਾਉਣ ਵਾਲਾ ਕੰਮ ਨਹੀਂ, ਸੋ ਗੁਰੂ ਜੀ ਇਸ ਤਰ੍ਹਾਂ ਨਹੀਂ ਕਰ ਸਕਦੇ। ਗੁਰੂ ਸਾਹਿਬ ਦੇ ਪਾਸ ਕਿਹੜੀ ਢਾਈ ਗਜ਼ ਕੱਪੜੇ ਦੀ ਘਾਟ ਸੀ ਕਿ ਉਹ ਆਪ ਕਛਹਿਰੇ ਤਿਆਰ ਨਹੀਂ ਕਰਵਾ ਸਕਦੇ ਸਨ, ਜਿਸ ਕਰਕੇ ਰਾਮ ਤੋਂ ਲਈ ਕੱਛਨੀ ਹਨੂਮਾਨ ਤੋਂ ਮੰਗਣੀ ਪਈ। ਉਥੇ ਕਿਹੜਾ ਕੋਈ ਕੱਪੜੇ ਸਿਊਣ ਵਾਲਾ ਦਰਜ਼ੀ ਨਹੀਂ ਸੀ ਜਿਸ ਕਰਕੇ ਗੁਰੂ ਸਾਹਿਬ ਨੂੰ ਇਹ ਕੱਛ ਮੰਗਣ ਦਾ ਉਚੇਚ ਕਰਨਾ ਪਿਆ।

*ਹੋਰ ਬਾਤ ਸੁਨ ਦੇ ਕੇ ਚਿੱਤ॥ ਏਸ ਕਵੀ ਦੀ ਮੇਰੇ ਮਿਤ॥*
*ਕਹਤ ਗੁਰੂ ਕੋ ਹੈ ਅਵਤਾਰ॥ ਰਾਮ ਕ੍ਰਿਸ਼ਨ ਸਮ ਮੁਖੋਂ ਉਚਾਰ॥*
*ਜਿਨ ਕਾ ਦਾਸ ਹਨੂੰ ਥਾ ਭਾਰਾ॥ ਜਾਨਤ ਹੈ ਜਿਸ ਕੋ ਜਗ ਸਾਰਾ॥*

ਉਹੋ ਗੁਰੂ ਰਾਮਾ ਅਵਤਾਰੀ॥ ਮੰਗਨ ਕੱਛ ਆਪ ਬਲਿਹਾਰੀ॥
ਧੰਨਜ ਭਾਗ ਅਰ ਬੁੱਧਿ ਏਹ॥ ਹੇ ਪਰਮੇਸ਼ਵਰ ਕਿਸੇ ਨਾ ਦੇਹ॥
ਸੋ ਸੰਤੋਖ ਹਰੀ ਨੇ ਪਾਈ॥ ਕਥਾ ਬਨਾਈ ਜੋ ਮਨ ਆਈ॥

(ਦੁਰਗਾ ਪ੍ਰਬੋਧ)[15]

ਅਰਥਾਤ, ਇਕ ਹੋਰ ਮੋਟੀ ਗੱਲ ਜੋ ਕਿ ਧਿਆਨ ਦੇਣ ਜੋਗ ਹੈ ਕਿ ਗਿਆਨੀ ਦਿੱਤ ਸਿੰਘ ਜੀ ਬਿਪਰਵਾਦੀ ਵਿਚਾਰਧਾਰਾ ਵਾਲੇ ਕਵੀਆਂ ਨੂੰ ਸੰਬੋਧਿਤ ਕਰਕੇ ਆਖਦੇ ਹਨ ਕਿ ਇਕ ਪਾਸੇ ਤਾਂ ਇਹ ਲਿਖਾਰੀ ਗੁਰੂ ਸਾਹਿਬ ਨੂੰ ਰਾਮ ਅਤੇ ਕ੍ਰਿਸ਼ਨ ਦੇ ਅਵਤਾਰ ਆਖਦੇ ਹਨ ਅਤੇ ਜੇਕਰ ਗੁਰੂ ਜੀ ਰਾਮ ਦੇ ਹੀ ਅਵਤਾਰ ਸਨ ਤਾਂ ਆਪਣੀ ਹੀ ਬਖਸ਼ੀ ਹੋਈ ਕੱਛਨੀ ਗੁਰੂ ਜੀ ਨੇ ਹਨੂਮਾਨ ਤੋਂ ਦੁਬਾਰਾ ਕਿਉਂ ਮੰਗੀ? ਹੇ ਵਾਹਿਗੁਰੂ! ਐਸੀ ਬਿਪਰਵਾਦੀ ਬੁੱਧੀ ਤੋਂ ਬਚਾ ਕੇ ਰੱਖੀਂ, ਜੈਸੀ ਇਨ੍ਹਾਂ ਬਿਪਰਵਾਦੀ ਲਿਖਾਰੀਆਂ ਨੂੰ ਬਖਸ਼ੀ ਹੈ।

## ॥ ਦੋਹਿਰਾ ॥

ਹਨੂਮਾਨ ਦੀ ਕੱਛ ਵਿੱਚ ਸੀ ਸ਼ਕਤੀ ਵਡਭਾਰ॥
ਸੋ ਸ਼ਕਤੀ ਗੁਰ ਪੈ ਨ ਸੀ ਦੇਖੋ ਰਿਦੈ ਵਿਚਾਰ॥ ੧੫੪॥
ਜੋ ਗੁਰ ਪੂਰਨ ਪੁਰਖ ਥੇ ਧਰਮ ਪੁਜਾ ਜਗ ਮਾਂਹਿ॥
ਬੰਦਰ ਕੀ ਕਛਨੀ ਬਿਨਾਂ ਤਿਨ ਕੀ ਭੁਜ ਬਲ ਨਾਂਹਿ॥ ੧੫੫॥[16]

ਗਿਆਨੀ ਦਿੱਤ ਸਿੰਘ ਜੀ ਅੱਗੇ ਆਪਣੀ ਕਾਵਿ ਰਚਨਾ ਵਿੱਚ ਸਵਾਲ ਪੁੱਛਦੇ ਹਨ ਕਿ ਜੇਕਰ ਹਨੂਮਾਨ ਦੀ ਕੱਛ ਹੀ ਸਾਰੀ ਸ਼ਕਤੀ ਦਾ ਸੋਮਾ ਸੀ ਤਾਂ ਜ਼ਰਾ ਹਿਰਦੇ ਵਿੱਚ ਵਿਚਾਰ ਕੇ ਦੇਖੋ ਕਿ ਕੀ ਗੁਰੂ ਸਾਹਿਬ ਬਲ ਵਜੋਂ ਸਮਰੱਥ ਨਹੀਂ ਸਨ?

ਜਿਨ੍ਹਾਂ ਦੀ ਭੁਜਾ ਬਲ ਦੇ ਜ਼ੋਰ ਤੋਂ ਵੈਰੀ ਥਰ-ਥਰ ਕੰਬਦਾ ਸੀ, ਕੀ ਹਨੂ ਜੀ ਦੀ ਕੱਛੀ ਤੋਂ ਬਿਨਾਂ ਗੁਰੂ ਨੇ ਬਲਹੀਨ ਹੋਣਾ ਸੀ?

ਜੋ ਸਮਰੱਥ ਗੁਰੂ ਜਗਰਾਈ॥ ਨਵ ਨਿਧਿ ਜਿਨਕੇ ਹਾਥ ਬਤਾਈ॥
ਫਿਰ ਕਿਉਂ ਮੰਗਨ ਕੱਛ ਬਿਗਾਨੀ॥ ਸਮਝ ਦੇਖ ਮਨ ਮਹਿ ਅਗਿਆਨੀ॥
ਜੋ ਤੂੰ ਕਹੇਂ ਦੇਸ ਪਰ ਏਹੁ॥ ਲੰਕੜੀਏ ਦਾ ਰੱਖ ਸਨੇਹ॥
ਸੀ ਉਹ ਕੱਛ ਦੂਸਰੀ ਲਿਆਇਆ॥ ਕਿਆ ਸੀ ਦਰਜੀ ਪਾਸ ਬਿਨਾਇਆ॥
ਤਾਂਤੇ ਯਹ ਸਭ ਮੰਨਦੇ ਢੰਗੇ॥ ਸਾਰੇ ਕਵੀਅਨ ਚੰਗੇ ਮੰਦੇ॥
ਅਰੁ ਗੁਰਮਤਿ ਤੇ ਹਨ ਸਭ ਦੂਰ॥ ਸ਼ੋਭਾ ਪਾਵਨ ਨਹਿ ਦਰਬਾਰ॥
ਉਸਤੇ ਉਲਟ ਬਾਤ ਹੈ ਜੋਈ॥ ਸ਼ਰਧਾ ਲਾਇਕ ਅਹੈ ਨ ਸੋਈ॥[17]

ਇਕ ਪਾਸੇ ਤਾਂ ਇਹ ਬਿਪਰਵਾਦੀ ਕਵੀ ਇਹ ਸਿੱਧ ਕਰਦੇ ਹਨ ਕਿ ਗੁਰੂ ਸਾਹਿਬ ਰਿਧੀਆਂ

ਸਿਧੀਆਂ ਦੇ ਮਾਲਕ ਸਨ ਤੇ ਜੇਕਰ ਉਹ ਖ਼ੁਦ ਹੀ ਮੰਨਦੇ ਹਨ ਕਿ ਗੁਰੂ ਸਾਹਿਬ ਸਰਬ ਕਲਾ ਸਮਰੱਥ ਸਨ ਤਾਂ ਫਿਰ ਉਨ੍ਹਾਂ ਨੂੰ ਹਨੂਮਾਨ ਤੋਂ ਕੱਛਨੀ ਮੰਗਣ ਦੀ ਲੋੜ ਕਿਉਂ ਪਈ?

ਪਰੰਤੂ ਜੇਕਰ ਇਨ੍ਹਾਂ ਬਿਪਰਵਾਦੀ ਲਿਖਾਰੀਆਂ ਦੀ ਸ਼ਰਧਾ ਹਨੂਮਾਨ ਨਾਲ ਜੁੜੀ ਹੈ ਤਾਂ ਕਿਰਪਾ ਕਰਕੇ ਜਵਾਬ ਦੇਣ ਕਿ ਕੀ ਹਨੂਮਾਨ ਆਪਣੇ ਵਰਗੀ ਕੱਛਨੀ ਸਿਊਣ ਲਈ ਦਰਜ਼ੀ ਵੀ ਨਾਲ ਹੀ ਲੈ ਕੇ ਆਇਆ ਸੀ ਜਾਂ ਫਿਰ ਇਕ ਹੋਰ ਕੱਛਨੀ ਸਵਾਂ ਕੇ ਲੈ ਕੇ ਆਇਆ ਸੀ, ਕਿਉਂਕਿ ਜੇਕਰ ਉਹ ਆਪਣੀ ਹੀ ਉਤਾਰ ਕੇ ਦੇ ਜਾਂਦਾ ਤਾਂ ਉਸਨੂੰ ਖ਼ੁਦ ਨੰਗੇ ਹੀ ਜਾਣਾ ਪੈਣਾ ਸੀ ਜੋ ਬੜੀ ਸ਼ਰਮਨਾਕ ਬਾਤ ਹੈ। ਗਿਆਨੀ ਦਿੱਤ ਸਿੰਘ ਜੀ ਉਪਰੋਕਤ ਬਿਪਰ ਲਿਖਾਰੀਆਂ ਦੀਆਂ ਗੁਰਮਤਿ ਵਿਚਾਰਧਾਰਾਂ ਤੋਂ ਦੂਰ ਲਿਖਤਾਂ ਬਾਰੇ ਸਪੱਸ਼ਟ ਕਰਦੇ ਹਨ ਕਿ ਅਨੇਕਾਂ ਹੀ ਕਵੀਆਂ ਨੇ ਬ੍ਰਾਹਮਣਵਾਦ ਦੇ ਪ੍ਰਭਾਵ ਹੇਠ ਕਈ ਵਾਧੇ ਘਾਟੇ ਇਤਿਹਾਸ ਵਿਚ ਲਿਖ ਛੱਡੇ ਹਨ ਅਤੇ ਜੋ ਇਤਿਹਾਸਕ ਸ੍ਰੋਤ ਗੁਰਮਤਿ ਵਿਚਾਰਧਾਰਾ ਤੋਂ ਦੂਰ ਹਨ, ਪ੍ਰਵਾਨਿਤ ਨਹੀਂ ਹਨ। ਸੋ ਐਸੀਆਂ ਬਿਪਰਵਾਦੀਆਂ ਘੁਸਪੈਠ ਨਾਲ ਭਰਪੂਰ ਰਚਨਾਵਾਂ ਨੂੰ ਖ਼ਾਲਸਈ ਸਿਧਾਂਤਾਂ ਅਤੇ ਗੁਰਮਤਿ ਵਿਚਾਰਧਾਰਾ ਅਨੁਸਾਰ ਜ਼ਰੂਰ ਪਰਖ ਲਿਆ ਜਾਵੇ।

ਹਨੂਮਾਨ ਦੇ ਅੰਮ੍ਰਿਤ ਸੰਸਕਾਰ ਸਮੇਂ ਗੁਰੂ ਸਾਹਿਬ ਨੂੰ ਕਛਹਿਰਾ ਦੇਣ ਦੀ ਵਾਰਤਾ ਹੱਥਲੀ ਪੁਸਤਕ ਦੇ ਲੇਖਕ ਨਾਲ ਵੀ ਬੜੇ ਅਜੀਬੋ-ਗਰੀਬ ਢੰਗ ਨਾਲ ਵਾਪਰੀ, ਜੋ ਕਿ ਲੇਖਕ ਦੇ ਜੀਵਨ ਦੀ ਇਕ ਯਾਦਗਾਰੀ ਘਟਨਾ ਹੈ:

ਮੈਂ ਪੰਜਾਬ ਤੋਂ ਬਾਹਰ ਇਕ ਬੱਚਿਆਂ ਦੇ ਗੁਰਮਤਿ ਸਿਖਲਾਈ ਕੈਂਪ ਵਿਚ ਵਿਦਿਆਰਥੀਆਂ ਨਾਲ ਵਿਚਾਰ ਸਾਂਝੇ ਕਰਨ ਵਾਸਤੇ ਗਿਆ। ਮੇਰੇ ਤੋਂ ਪਹਿਲਾਂ ਇਕ ਹੋਰ ਸੱਜਣ ਵਿਦਿਆਰਥੀਆਂ ਨਾਲ ਵਿਚਾਰ ਸਾਂਝੇ ਕਰ ਰਹੇ ਸਨ। ਉਨ੍ਹਾਂ ਉਪਰੰਤ ਜਦੋਂ ਮੈਂ ਆਪਣੇ ਵਿਚਾਰ ਦੇਣ ਵਾਸਤੇ ਮੰਚ ਉਪਰ ਚੜ੍ਹਿਆ ਤਾਂ ਇਕ ਬੱਚੇ ਨੇ ਉਠ ਕੇ ਕਿਹਾ ਕਿ ਤੁਸੀਂ ਆਪਣਾ ਵਿਖਿਆਨ ਸ਼ੁਰੂ ਕਰਨ ਤੋਂ ਪਹਿਲਾਂ ਕ੍ਰਿਪਾ ਕਰਕੇ ਮੇਰੇ ਸਵਾਲ ਦਾ ਜਵਾਬ ਜ਼ਰੂਰ ਦਿਉ।

ਮੈਂ ਕਿਹਾ, "ਜੀ ਜ਼ਰੂਰ, ਤੁਹਾਡਾ ਕੀ ਸਵਾਲ ਹੈ?"

ਬੱਚੇ ਨੇ ਕਿਹਾ, "ਜੀ ਮੈਂ ਪਿਛਲੇ ਸਾਲ ਇਸੇ ਹੀ ਗੁਰਮਤਿ ਟ੍ਰੇਨਿੰਗ ਕੈਂਪ ਵਿਚੋਂ ਅੰਮ੍ਰਿਤਪਾਨ ਕੀਤਾ ਸੀ, ਮੈਂ ਇਕ ਗ਼ੈਰ-ਸਿੱਖਾਂ ਦੇ ਸਕੂਲ ਵਿੱਚ ਪੜ੍ਹਦਾ ਹਾਂ। ਜਦੋਂ ਕ੍ਰਿਪਾਨ ਪਾ ਕੇ ਕਲਾਸ ਵਿੱਚ ਜਾਂਦਾ ਹਾਂ ਤਾਂ ਮੇਰੀ ਗ਼ੈਰ-ਸਿੱਖ ਅਧਿਆਪਿਕਾ ਮੇਰੇ ਗਲ ਪਈ ਕ੍ਰਿਪਾਨ ਵੇਖਕੇ ਆਖਦੀ ਹੈ ਕਿ ਤੁਸੀਂ ਸਰਦਾਰ ਲੋਕ ਜਿਹੜਾ ਕਛਹਿਰਾ ਪਹਿਨਦੇ ਹੋ, ਉਹ ਸਾਡੇ ਹਨੂਮਾਨ ਜੀ ਨੇ ਹੀ ਦਿੱਤਾ ਸੀ, ਇਸ ਤੇ ਸਾਰੇ ਵਿਦਿਆਰਥੀ ਹੱਸ ਪੈਂਦੇ ਹਨ ਅਤੇ ਮੈਨੂੰ ਬਹੁਤ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪੈਂਦਾ ਹੈ। ਕਿਰਪਾ ਕਰਕੇ ਮੇਰਾ ਇਹ ਸ਼ੰਕਾ ਨਿਵਿਰਤ ਕਰੋ।"

ਮੈਂ ਅਜੇ ਬੱਚੇ ਦੀ ਗੱਲ ਦਾ ਜੁਆਬ ਦੇਣ ਬਾਰੇ ਸੋਚ ਹੀ ਰਿਹਾ ਸੀ ਕਿ ਇਕ ਹੋਰ ਬੱਚੀ ਦਾ ਹੱਥ ਖੜ੍ਹਾ ਹੋਇਆ, ਮੈਂ ਉਸ ਵੱਲ ਤੱਕਿਆ ਤਾਂ ਉਸ ਬੱਚੀ ਨੇ ਖੜੀ ਹੋ ਕੇ ਕਿਹਾ, "ਵੀਰ ਜੀ, ਕੀ ਇਸ ਛੋਟੇ ਵੀਰ ਦਾ ਸ਼ੰਕਾ ਮੈਂ ਨਿਵਿਰਤ ਕਰ ਸਕਦੀ ਹਾਂ?" ਮੈਂ ਕਿਹਾ, "ਹਾਂ, ਬਿਲਕੁਲ।"

ਬੱਚੀ ਨੇ ਕਿਹਾ, "ਮੈਂ ਨੌਵੀਂ ਕਲਾਸ ਦੀ ਵਿਦਿਆਰਥਣ ਹਾਂ ਅਤੇ ਮੈਂ ਵੀ ਜਦੋਂ ਪਹਿਲੀ ਵਾਰ ਅੰਮ੍ਰਿਤਧਾਰੀ ਹੋ ਕੇ ਆਪਣੀ ਕਲਾਸ ਵਿੱਚ ਗਈ ਤਾਂ ਮੇਰੀ ਗ਼ੈਰ-ਸਿੱਖ ਕਲਾਸ ਇੰਚਾਰਜ ਨੇ ਮੇਰੇ ਤੇ ਵੀ ਇਹੀ ਵਿਅੰਗ ਕੀਤਾ ਸੀ ਮੈਂ ਬੜੇ ਸਹਿਜ ਨਾਲ ਉਸ ਦਾ ਜਵਾਬ ਦਿੱਤਾ ਕਿ ਮੈਡਮ ਜੀ, ਜੇਕਰ ਆਪਦਾ ਹਨੂਮਾਨ ਕਛਹਿਰਾ ਪਾ ਸਕਦਾ ਹੈ ਤਾਂ ਤੁਸੀਂ ਤੇ ਇਨਸਾਨ ਹੋ, ਤੁਹਾਨੂੰ ਕਛਹਿਰਾ ਪਾਉਣ ਤੋਂ ਸ਼ਰਮ ਕਿਉਂ ਆਉਂਦੀ ਹੈ ? ਦੂਸਰੀ ਗੱਲ ਇਹ ਹੈ ਕਿ ਤੁਸੀਂ ਵੀ ਜਾਣਦੇ ਹੋ ਤੁਹਾਡਾ ਅਵਤਾਰ ਹਨੂਮਾਨ ਪੂਛ ਵਾਲਾ ਸੀ, ਜੇਕਰ ਸਾਡਾ ਸਿੱਖਾਂ ਦਾ ਕਛਹਿਰਾ ਉਸ ਵਲੋਂ ਦਿੱਤਾ ਹੁੰਦਾ ਤਾਂ ਉਸ ਦੇ ਪਿੱਛੇ ਪੂਛ ਕੱਢਣ ਨੂੰ ਛੇਕ ਜ਼ਰੂਰ ਹੋਣਾ ਸੀ।"

ਇਸ ਬੱਚੀ ਦੀ ਗੱਲ ਸੁਣ ਕੇ ਸਾਰੇ ਬੱਚੇ ਹੱਸ ਪਏ ਤੇ ਸਵਾਲ ਪੁੱਛਣ ਵਾਲੇ ਬੱਚੇ ਦੀ ਖ਼ੁਸ਼ੀ ਦੀ ਤਾਂ ਮਾਨੋਂ ਕੋਈ ਹੱਦ ਹੀ ਨਾ ਰਹੀ। ਮੈਨੂੰ ਵੀ ਉਸ ਬੱਚੀ ਦੇ ਤਰਕਵਾਦੀ ਜੁਆਬ ਤੇ ਹਾਜ਼ਰ-ਜੁਆਬੀ ਤੋਂ ਗਿਆਨੀ ਦਿੱਤ ਸਿੰਘ ਜੀ ਦੀ ਮਿੱਠੜੀ ਯਾਦ ਆ ਗਈ।

❖❖❖

1. *ਰਾਸ਼ਟਰ ਧਰਮ ਖ਼ਾਲਸਾ ਸਾਜਨਾ ਵਿਸ਼ੇਸ਼ ਅੰਕ, ਅਪ੍ਰੈਲ 1999, ਪੰਨਾ 102*
2. *ਸਿੱਖ ਇਤਿਹਾਸ ਮੇਂ ਸ਼੍ਰੀ ਰਾਮ ਜਨਮ ਭੂਮੀ, ਲੇਖਕ : ਰਾਜਿੰਦਰ ਸਿੰਹ*
   *ਪ੍ਰਕਾਸ਼ਕ: ਭਾਰਤ ਭਾਰਤੀ ਨਵੀ ਦਿੱਲੀ*
3. *ਗੁਰਬਿਲਾਸ ਪਾਤ: 10 ਅਧਿਆਇ : 10 : 53, ਲੇਖਕ : ਭਾਈ ਕੋਇਰ ਸਿੰਘ*
4. *ਸ਼ਿਵ ਪੁਰਾਣ, ਪੰਨਾ 470, ਅਨੁਵਾਦਕ : ਗਿਆਨੀ ਗੁਰਬਚਨ ਸਿੰਘ*
   *ਪ੍ਰਕਾਸ਼ਕ : ਭਾਈ ਚਤਰ ਸਿੰਘ ਜੀਵਨ ਸਿੰਘ*
5. *ਭਾਰਤੀ ਲੋਕ ਨੀਚ ਕਿਵੇਂ ਬਣੇ ? ਪੰਨਾ 126, ਸੰਸਕਰਣ : 1994, ਲੇਖਕ: ਗੁਰਨਾਮ ਸਿੰਘ*
   *ਪ੍ਰਕਾਸ਼ਕ : ਬਹੁਜਨ ਸਮਾਜ ਪ੍ਰਕਾਸ਼ਨ*
6. *ਭਾਰਤੀ ਲੋਕ ਨੀਚ ਕਿਵੇਂ ਬਣੇ ? ਪੰਨਾ 126, ਸੰਸਕਰਣ : 1994, ਲੇਖਕ : ਗੁਰਨਾਮ ਸਿੰਘ*
   *ਪ੍ਰਕਾਸ਼ਕ : ਬਹੁਜਨ ਸਮਾਜ ਪ੍ਰਕਾਸ਼ਨ*
7. *ਭਾਰਤੀ ਲੋਕ ਨੀਚ ਕਿਵੇਂ ਬਣੇ? ਪੰਨਾ 126-27 ਸੰਸਕਰਣ : 1994 ਲੇਖਕ ਗੁਰਨਾਮ ਸਿੰਘ*
   *ਪ੍ਰਕਾਸ਼ਕ: ਬਹੁਜਨ ਸਮਾਜ ਪ੍ਰਕਾਸ਼ਨ*
8. *ਭਾਰਤੀ ਲੋਕ ਨੀਚ ਕਿਵੇਂ ਬਣੇ? ਪੰਨਾ 127, ਸੰਸਕਰਣ : 1994, ਲੇਖਕ ਗੁਰਨਾਮ ਸਿੰਘ*
   *ਪ੍ਰਕਾਸ਼ਕ : ਬਹੁਜਨ ਸਮਾਜ ਪ੍ਰਕਾਸ਼ਨ*
9. *ਸਿੱਖ ਧਰਮ ਅਤੇ ਅਨਿਆ-ਮਤ, ਪੰਨਾ 37, ਸੰਸਕਰਣ : 2002, ਲੇਖਕ : ਗਿਆਨੀ ਲਾਲ ਸਿੰਘ*
   *ਪ੍ਰਕਾਸ਼ਕ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ*

10. ਸਿਖ ਧਰਮ ਅਤੇ ਅਨਿਆ-ਮਤ, ਪੰਨਾ 38, ਸੰਸਕਰਣ : 2002, ਲੇਖਕ : ਗਿਆਨੀ ਲਾਲ ਸਿੰਘ
ਪ੍ਰਕਾਸ਼ਕ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ

11. ਦੁਰਗਾ ਪ੍ਰਬੋਧ, ਪੰਨਾ 71, ਸੰਸਕਰਣ : 2001, ਲੇਖਕ : ਗਿਆਨੀ ਦਿੱਤ ਸਿੰਘ ਜੀ
ਪ੍ਰਕਾਸ਼ਕ : ਸਿੱਖ ਲਹਿਰ ਨਿਊ ਜਰਸੀ (ਯੂ.ਐਸ.ਏ)

12. ਦੁਰਗਾ ਪ੍ਰਬੋਧ, ਪੰਨਾ 71, ਸੰਸਕਰਣ : 2001, ਲੇਖਕ : ਗਿਆਨੀ ਦਿੱਤ ਸਿੰਘ ਜੀ
ਪ੍ਰਕਾਸ਼ਕ : ਸਿੱਖ ਲਹਿਰ ਨਿਊ ਜਰਸੀ (ਯੂ.ਐਸ.ਏ)

13. ਦੁਰਗਾ ਪ੍ਰਬੋਧ, ਪੰਨਾ 71, ਸੰਸਕਰਣ : 2001, ਲੇਖਕ : ਗਿਆਨੀ ਦਿੱਤ ਸਿੰਘ ਜੀ
ਪ੍ਰਕਾਸ਼ਕ : ਸਿੱਖ ਲਹਿਰ ਨਿਊ ਜਰਸੀ (ਯੂ.ਐਸ.ਏ)

14. ਦੁਰਗਾ ਪ੍ਰਬੋਧ, ਪੰਨਾ 71, ਸੰਸਕਰਣ : 2001, ਲੇਖਕ : ਗਿਆਨੀ ਦਿੱਤ ਸਿੰਘ ਜੀ
ਪ੍ਰਕਾਸ਼ਕ : ਸਿੱਖ ਲਹਿਰ ਨਿਊ ਜਰਸੀ (ਯੂ.ਐਸ.ਏ)

15. ਦੁਰਗਾ ਪ੍ਰਬੋਧ, ਪੰਨਾ 71, ਸੰਸਕਰਣ : 2001, ਲੇਖਕ : ਗਿਆਨੀ ਦਿੱਤ ਸਿੰਘ ਜੀ
ਪ੍ਰਕਾਸ਼ਕ : ਸਿੱਖ ਲਹਿਰ ਨਿਊ ਜਰਸੀ (ਯੂ.ਐਸ.ਏ)

16. ਦੁਰਗਾ ਪ੍ਰਬੋਧ, ਪੰਨਾ 72, ਸੰਸਕਰਣ : 2001, ਲੇਖਕ : ਗਿਆਨੀ ਦਿੱਤ ਸਿੰਘ ਜੀ
ਪ੍ਰਕਾਸ਼ਕ : ਸਿੱਖ ਲਹਿਰ ਨਿਊ ਜਰਸੀ (ਯੂ.ਐਸ.ਏ)

17. ਦੁਰਗਾ ਪ੍ਰਬੋਧ, ਪੰਨਾ 72 ਸੰਸਕਰਣ : 2001, ਲੇਖਕ : ਗਿਆਨੀ ਦਿੱਤ ਸਿੰਘ ਜੀ
ਪ੍ਰਕਾਸ਼ਕ : ਸਿੱਖ ਲਹਿਰ ਨਿਊ ਜਰਸੀ (ਯੂ.ਐਸ.ਏ)

# ਕੀ ਖ਼ਾਲਸਾ ਪ੍ਰਗਟ ਕਰਨ ਸਮੇਂ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਦਾ ਯੋਗਦਾਨ ਸੀ ?

ਰਾਸ਼ਟਰੀ ਸੋਇਮ ਸੰਘ ਵਲੋਂ ਪ੍ਰਕਾਸ਼ਿਤ ਕਿਤਾਬੇ 'ਰਾਸ਼ਟਰ ਧਰਮ'[1] ਵਿੱਚ ਅੰਮ੍ਰਿਤ ਸੰਚਾਰ ਸਮੇਂ ਦਾ ਚਿਤਰਣ ਕਰਦਿਆਂ ਜਿਥੇ ਅੰਮ੍ਰਿਤ ਦੀ ਤਿਆਰੀ ਸਮੇਂ ਬਿਪਰਵਾਦੀ ਕਰਮਕਾਂਡਾਂ ਦਾ ਮਰਜ਼ੀ ਅਨੁਸਾਰ ਚਿਤਰਣ ਕਰਦਿਆਂ ਸਿੱਖ ਹਿਰਦਿਆਂ ਨੂੰ ਵਲੂੰਧਰਿਆ ਹੈ, ਉਥੇ ਸਿੱਖ ਧਰਮ ਵਿੱਚ ਵਰਤਾਏ ਜਾਂਦੇ ਪੰਚਾਮ੍ਰਿਤ ਕੜਾਹ ਪ੍ਰਸ਼ਾਦ ਨੂੰ ਵੀ ਅਖੌਤੀ ਦੇਵਤਿਆਂ ਨਾਲ ਇੰਝ ਜੋੜਿਆ ਹੈ :

*ਸ਼ੱਕਰ ਵਿਸ਼ਨੂੰ ਜੀ ਦੀਨੀ, ਮੈਦਾ ਮਹਾਂਦੇਵ ਜੀ ਦੀਨੀ, ਘੀਵ ਬ੍ਰਹਮੇ ਨੇ ਦੀਆ।*

*ਤ੍ਰਿਭਾਵ ਕਾ ਕੜਾਹ ਪ੍ਰਸ਼ਾਦ ਕੀਆ-------*

*ਸੋ ਇਸ ਵਿਧੀ ਸਿਉਂ ਸਭ ਦੇਵਤਾ ਅੰਸ ਦੇਤ ਭਏ।*

(ਰਾਸ਼ਟਰ ਧਰਮ, ਅਪ੍ਰੈਲ ੧੯੯੯, ਪੰਨਾ ੧੦੨)

ਦਰਅਸਲ ਸੰਘ ਵਲੋਂ ਪ੍ਰਕਾਸ਼ਿਤ ਇਸ ਰਚਨਾ ਵਿੱਚ ਜਿਥੇ ਭਾਈ ਦਇਆ ਸਿੰਘ (ਪਿਆਰਾ) ਦੇ ਨਾਮ ਹੇਠ ਲਿਖੀ ਕਿਸੇ ਬਿਪਰਵਾਦੀ ਦੀ ਰਚਨਾ, ਜਿਸ ਦਾ ਜ਼ਿਕਰ ਪਿਛੇ ਕੀਤਾ ਜਾ ਚੁੱਕਾ ਹੈ, ਨੂੰ ਪ੍ਰਮਾਣਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਉਥੇ ਸਿੱਖ ਮਰਿਆਦਾ ਨਾਲ ਵੀ ਘਿਨਾਉਣਾ ਮਜ਼ਾਕ ਕੀਤਾ ਗਿਆ ਹੈ। ਕੜਾਹ ਪ੍ਰਸ਼ਾਦ ਵੰਡਣ ਦੀ ਰੀਤ ਸਿੱਖ ਮਰਿਆਦਾ ਅਤੇ ਗੁਰੂ ਸਾਹਿਬ ਦੀ ਪਰੰਪਰਾ ਦਾ ਅਟੁੱਟ ਅੰਗ ਹੈ। ਬਿਪਰਵਾਦੀਆਂ ਨੇ ਉਪਰੋਕਤ ਸਤਰਾਂ ਵਿੱਚ ਜਿਥੇ ਕੜਾਹ ਪ੍ਰਸ਼ਾਦ ਬਨਾਉਣ ਦੀ ਵਿਧੀ ਅਖੌਤੀ ਦੇਵਤਿਆਂ ਵਲੋਂ ਗੁਰੂ ਸਾਹਿਬ ਨੂੰ ਦੱਸੀ ਦਰਸਾਈ ਹੈ, ਉਥੇ ਨਾਲ ਹੀ ਸਿੱਖਾਂ ਨੂੰ ਅਵਤਾਰ ਪਰੰਪਰਾਂ ਦੇ ਧਾਰਨੀ ਦਰਸਾਉਣ ਦੀ ਅਵੱਗਿਆ ਵੀ ਕੀਤੀ ਹੈ। ਇਨ੍ਹਾਂ ਤ੍ਰਿਦੇਵ (ਬ੍ਰਹਮਾ, ਵਿਸ਼ਨੂੰ, ਮਹੇਸ਼) ਅਵਤਾਰਾਂ ਦੇ ਅਤਿ ਅਸ਼ਲੀਲ ਆਚਰਣ ਅਤੇ ਗੁਰਬਾਣੀ ਵਿੱਚ ਅਵਤਾਰ-ਵਾਦ ਦੇ ਖੰਡਨ ਦਾ ਵੇਰਵਾ ਦੇਣ ਤੋਂ ਪਹਿਲਾਂ, ਇਹ ਜ਼ਰੂਰੀ ਹੈ ਕਿ ਬਿਪਰਵਾਦੀਆਂ ਨੇ ਜਿਹੜਾ ਕੜਾਹ ਪ੍ਰਸ਼ਾਦਿ ਬਾਰੇ ਸ਼ੰਕਾ ਪੈਦਾ ਕੀਤਾ ਹੈ ਉਸ ਦੀ ਨਵਿਰਤੀ ਵੀ ਇਸ ਪ੍ਰਕਰਣ ਦਾ ਲਾਜ਼ਮੀ ਹਿੱਸਾ ਹੈ।

*ਕੜਾਹ ਪ੍ਰਸ਼ਾਦਿ:*-ਸੰਗਤ ਵਿੱਚ ਕੜਾਹ ਪ੍ਰਸ਼ਾਦਿ ਦੀ ਦੇਗ ਤਿਆਰ ਦੀ ਵਿਧੀ ਦਸਮ ਪਾਤਸ਼ਾਹ ਨੇ ਕਿਸੇ ਅਵਤਾਰ, ਜਾਂ ਅਖੌਤੀ ਦੇਵ-ਦੇਵੀ ਪਾਸੋਂ ਨਹੀਂ ਲਈ ਸਗੋਂ ਇਹ ਤਾਂ ਪਹਿਲੀਆਂ ਪਾਤਸ਼ਾਹੀਆਂ ਸਮੇਂ ਹੀ ਸਿੱਖ ਰੀਤ ਦਾ ਅਟੁੱਟ ਅੰਗ ਬਣ ਚੁੱਕੀ ਸੀ। ਭਾਈ ਗੁਰਦਾਸ ਜੀ ਪੰਚਾਮ੍ਰਿਤ

ਕੜਾਹ ਪ੍ਰਸ਼ਾਦਿ ਦੀ ਵਿਧੀ ਦਾ ਜ਼ਿਕਰ ਕਰਦੇ ਲਿਖਦੇ ਹਨ:

*ਖਾਂਡ ਘ੍ਰਿਤ ਚੂਨ ਜਲ ਪਾਵਕ ਇਕਤ੍ਰ ਭਏ*
*ਪੰਚ ਮਿਲ ਪ੍ਰਗਟ ਪੰਚਾਮ੍ਰਿਤ ਪ੍ਰਗਾਸ ਹੈ॥*

(ਕਬਿੱਤ ਭਾਈ ਗੁਰਦਾਸ ਜੀ)

ਇਸੇ ਹੀ ਪੰਚ ਵਸਤਾਂ (ਖੰਡ, ਘਿਉ, ਮੈਦਾ, ਪਾਣੀ, ਅੱਗ) ਦੇ ਸੁਮੇਲ ਤੋਂ ਬਣੇ ਪੰਚਾਮ੍ਰਿਤ ਨੂੰ ਕੜਾਹ ਪ੍ਰਸ਼ਾਦਿ ਰੂਪ ਵਿੱਚ ਪ੍ਰਵਾਨ ਕੀਤਾ ਗਿਆ ਹੈ।

ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਇਸ ਬਾਰੇ ਅਤੇ ਤਿਆਰ ਕਰਨ ਦੀ ਵਿਧੀ ਬਾਰੇ ਬਿਆਨ ਕਰਦੇ ਹਨ :

*ਪਾਵਨ ਤਨ ਪਾਵਨ ਕਰ ਥਾਨ॥*
*ਘ੍ਰਿਤ ਮੈਦਾ ਲੇ ਖੰਡ ਸਮਾਨ॥*
*ਕਰ ਕੜਾਹ ਜਪੁ ਪਾਠ ਸੁ ਠਾਨੈ॥*
*ਗੁਰਪ੍ਰਸਾਦਿ ਅਰਦਾਸ ਬਖਾਨੈ॥*

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ)

ਪੁਰਾਤਨ ਸ੍ਰੋਤਾਂ ਵਿੱਚ (ਜਿਵੇਂ ਵਾਰਾਂ ਭਾਈ ਗੁਰਦਾਸ, ਗੁ: ਪ੍ਰ: ਸੂ: ਗ੍ਰੰਥ) ਵਿੱਚ ਕੜਾਹ ਪ੍ਰਸ਼ਾਦਿ ਨੂੰ ਪੰਚਾਮ੍ਰਿਤ ਕਰਕੇ ਹੀ ਜ਼ਿਕਰ ਮਿਲਦਾ ਹੈ:

*ਸਗਲ ਦੇਗ ਪਰ ਦੇਹੁ ਲਗਾਈ॥ ਪੰਚਾਂਮ੍ਰਿਤ ਆਦਿਕ ਕਰਵਾਈ॥*

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ)

ਕਈ ਅਗਿਆਨੀ ਪੁਰਸ਼ਾਂ ਨੇ ਮਹਾਂ ਪ੍ਰਸ਼ਾਦ ਦੇ ਅਰਥ ਮਾਸ ਵਜੋਂ ਕੀਤੇ ਹਨ ਜੋ ਉਚਿਤ ਨਹੀਂ ਹਨ, ਪੁਰਾਤਨ ਸ੍ਰੋਤਾਂ ਵਿੱਚ ਮਹਾਂ ਪ੍ਰਸ਼ਾਦ ਵੀ ਕੜਾਹ ਪ੍ਰਸ਼ਾਦਿ ਨੂੰ ਕਿਹਾ ਗਿਆ ਹੈ। ਭਾਈ ਸਾਹਿਬ ਭਾਈ ਗੁਰਦਾਸ ਲਿਖਦੇ ਹਨ :

*ਆਣਿ ਮਹਾ ਪਰਸਾਦੁ ਵੰਡਿ ਖੁਆਇਆ॥ ੧੦॥*

(ਭਾਈ ਗੁਰਦਾਸ ਜੀ, ਵਾਰ ੨੦/੧੦)

ਹੈਰਾਨੀ ਦੀ ਗੱਲ ਹੈ, ਬਿਪਰਵਾਦੀ ਗ੍ਰੰਥਾਂ ਵਿੱਚ ਜਿਨ੍ਹਾਂ ਵਸਤਾਂ ਨੂੰ ਪੰਚਾਮ੍ਰਿਤ ਕਿਹਾ ਜਾਂਦਾ ਹੈ, ਉਨ੍ਹਾਂ ਵਿਚਲੀਆਂ ਵਸਤਾਂ ਦਾ ਪੰਚਾਮ੍ਰਿਤ ਕੜਾਹ ਪ੍ਰਸ਼ਾਦਿ ਨਾਲ ਕੋਈ ਸੰਬੰਧ ਨਹੀਂ ਹੈ।

*ਸਿਮਰਤੀਆਂ ਅਨੁਸਾਰ:*-ਪੰਚਾਮ੍ਰਿਤ ਦੇ ਜੋ ਤੱਤ ਸਿਮਰਤੀਆਂ ਵਿੱਚ ਦਿੱਤੇ ਗਏ ਹਨ, ਉਹ ਇਹ ਹਨ, ਦੁੱਧ, ਦਹੀ, ਘਿਉ, ਖੰਡ, ਸ਼ਹਿਦ।

*ਵੇਦਾਂ ਅਨੁਸਾਰ:*- ਗਿਲੋਯ, ਗੋਖਰੂ, ਮੁਸ਼ਲੀ, ਗੋਰਖਮੁੰਡੀ, ਸ਼ਤਾਵਰੀ।

ਬਿਪਰਵਾਦੀ ਸ੍ਰੋਤਾਂ ਵਿੱਚ ਪੰਚਾਮ੍ਰਿਤ ਦੇ ਤੱਤਾਂ ਦਾ ਕੜਾਹ ਪ੍ਰਸ਼ਾਦਿ ਨਾਲ ਕੋਈ ਸੰਬੰਧ ਨਹੀਂ ਇਥੇ ਸਵਾਲ ਪੈਦਾ ਹੈ ਕਿ ਵੇਦਾਂ ਦੇ ਰਚੇਤੇ ਬ੍ਰਹਮਾ ਜੀ ਨੇ ਆਪਣੇ ਧਰਮ ਅਨੁਸਾਰੀ ਪੰਚਾਮ੍ਰਿਤ

ਦੀ ਜਗ੍ਹਾ, ਕੜਾਹ ਪ੍ਰਸ਼ਾਦਿ ਦੀ ਵਿਧੀ ਦਾ ਤ੍ਰਿਭਾਵ ਹੀ ਦਸਮ ਪਿਤਾ ਨੂੰ ਕਿਉਂ ਦਿੱਤਾ?

ਦਰਅਸਲ ਕਿਸੇ ਬਿਪਰਵਾਦੀ ਰਚਣਹਾਰ ਦੀ ਇਸ ਕਪੋਲ ਕਲਪਨਾ ਦਾ ਆਸਰਾ ਲੈ ਕੇ ਅੰਮ੍ਰਿਤ ਸੰਸਕਾਰ ਨੂੰ ਇਕ ਬਿਪਰਵਾਦੀ ਕਰਮਕਾਂਡ ਸਿੱਧ ਕਰਨ ਲਈ ਸੰਘ ਨੇ ਆਪਣੇ ਕਿਤਾਬਚੇ ਵਿੱਚ ਜ਼ਿਕਰ ਕੀਤਾ ਹੈ। ਦੂਸਰਾ ਗੁਝਾ ਮੰਤਵ ਇਹ ਸਿੱਧ ਕਰਨਾ ਹੈ ਕਿ ਅੰਮ੍ਰਿਤ ਸੰਸਕਾਰ ਉਨ੍ਹਾਂ ਦੇ ਅਵਤਾਰਾਂ ਅਤੇ ਵੇਦਾਂ ਦੀ ਕ੍ਰਿਪਾ ਸਦਕਾ ਹੀ ਹੋਇਆ। ਇਹ ਬੜੀ ਵਿਧੀ ਪੂਰਵਕ ਸਾਜ਼ਿਸ਼ ਹੈ ਨਿਆਰੇ ਖ਼ਾਲਸੇ ਨੂੰ ਅਡੰਬਰੀ ਅਵਤਾਰਾਂ ਨਾਲ ਜੋੜਨ ਦੀ, ਜਿਸ ਨੂੰ ਗੁਰਮਤਿ ਵਿੱਚ ਨਿਖਿਧ ਕਰਮ ਦਰਸਾਇਆ ਗਿਆ ਹੈ।

*ਅਵਤਾਰਵਾਦ ਅਤੇ ਗੁਰਮਤਿ:*-ਹਿੰਦੂ ਧਰਮ ਵਿੱਚ ਵਿਸ਼ਨੂੰ ਨੂੰ ਵੱਖ-ਵੱਖ ਅਵਤਾਰਾਂ ਦੇ ਰੂਪ ਵਿੱਚ ਚਿਤਰਣ ਕੀਤਾ ਹੈ। ਇਹ ਅਵਤਾਰ ਵੀ ਅੱਗੇ ਜਾ ਕੇ ਤਿੰਨ ਭਾਗਾਂ ਵਿੱਚ ਵੰਡੇ ਹੋਏ ਹਨ, ਪੂਰਨ ਅਵਤਾਰ ਜੋ ਸੋਲ੍ਹਾਂ ਕਲਾ ਸੰਪੂਰਨ ਅਤੇ ਸ੍ਰੇਸ਼ਟ ਮੰਨੇ ਜਾਂਦੇ ਹਨ। ਅੰਸ਼ਾ ਅਵਤਾਰ ਪੂਰਨ ਅਵਤਾਰ ਤੋਂ ਥੋੜ੍ਹਾ ਘੱਟ ਸ਼ਕਤੀਮਾਨ ਹੁੰਦੇ ਹਨ ਅਤੇ ਸਭ ਤੋਂ ਹਲਕੇ ਵਿਚਾਰੇ ਅਵੇਸ਼ ਅਵਤਾਰ ਹੁੰਦੇ ਹਨ।

*ਵਿਸ਼ਨੂੰ ਦੇ ਮੰਨੇ ਜਾਂਦੇ 24 ਅਵਤਾਰ ਇਸ ਤਰ੍ਹਾਂ ਹਨ :*

1. ਮੱਛ, 2. ਕੱਛ, 3. ਮੋਹਣੀ, 4. ਨਰ, 5. ਨਾਰਾਇਣ, 6. ਵੈਰਾਹ, 7. ਨਰਸਿੰਘ, 8. ਬਾਵਨ, 9. ਪਰਸਰਾਮ, 10. ਧਨੰਤਰ, 11. ਰਾਮ, 12. ਬੋਧ ਅਵਤਾਰ, 13. ਕਲਕੀ, 14. ਕ੍ਰਿਸ਼ਨ, 15. ਦੱਤਾਤ੍ਰੇਯ, 16. ਨਾਰਦ, 17. ਕਪਿਲ, 18. ਵਿਆਸ, 19. ਪ੍ਰਿਥੁ, 20. ਰਿਸ਼ਭਦੇਵ, 21. ਹਯਗ੍ਰੀਵ, 22. ਵੈਵਸ੍ਵਤਮਨੁ, 23. ਹੰਸ, 24. ਬਲਰਾਮ।

ਵਿਸ਼ਨੂੰ ਦੀ ਉਪਮਾ ਵਧਾਉਣ ਖ਼ਾਤਰ ਹੀ ਉਸ ਨੇ ਅਨੁਆਈਆਂ ਵਲੋਂ ਭਾਗਵਤ ਪੁਰਾਣ, ਗਰੁੜ ਪੁਰਾਣ, ਪਦਮ ਪੁਰਾਣ, ਨਾਰਦ ਪੁਰਾਣ ਆਦਿ ਰਚੇ ਹਨ, ਇਸ ਦੇ ਉਲਟ ਸ਼ਿਵ ਭਗਤਾਂ ਵਲੋਂ ਸ਼ਿਵ ਦੀ ਉਸਤਤਿ ਵਿੱਚ ਵੀ ਗ੍ਰੰਥ ਰਚੇ ਹਨ, ਜਿਵੇਂ ਸ਼ਿਵ ਪੁਰਾਣ, ਮਾਰਕੰਡੇਯ ਪੁਰਾਣ ਅਤੇ ਲਿੰਗ ਪੁਰਾਣ, ਜਿਨ੍ਹਾਂ ਵਿੱਚ ਸ਼ਿਵ ਨੂੰ ਹੀ ਸਭ ਤੋਂ ਸਰਵੋਤਮ ਵਿਖਾਇਆ ਗਿਆ ਹੈ। ਦੂਸਰੇ ਸ਼ਬਦਾਂ ਵਿੱਚ ਵਿਸ਼ਨੂੰ ਭਗਤਾਂ, ਵੈਸ਼ਨਵਾਂ ਅਤੇ ਸ਼ਿਵ ਭਗਤ ਸ਼ੈਵਾ ਵਲੋਂ ਇਕ ਦੂਸਰੇ ਨੂੰ ਨੀਵਾਂ ਵਿਖਾਉਣ ਅਤੇ ਆਪਣੇ ਦੇਵਤੇ ਨੂੰ ਸਭ ਤੋਂ ਸਰਵੋਤਮ ਦੱਸਣ ਲਈ ਹੀ ਇਨ੍ਹਾਂ ਗ੍ਰੰਥਾਂ ਦੀ ਰਚਨਾ ਕੀਤੀ ਗਈ ਹੈ। ਵੈਸ਼ਨਵ ਗ੍ਰੰਥਾਂ ਵਿੱਚ ਤਾਂ ਕਿਤੇ-ਕਿਤੇ ਸ਼ਿਵ ਅਤੇ ਬ੍ਰਹਮਾ ਨੂੰ ਵਿਸ਼ਨੂੰ ਦੇ ਅਵਤਾਰ ਦਰਸਾਇਆ ਗਿਆ ਹੈ ਅਤੇ ਸ਼ਿਵ ਪੁਰਾਣ ਸਿੱਧ ਕਰਦਾ ਹੈ ਕਿ ਬ੍ਰਹਮਾ ਅਤੇ ਵਿਸ਼ਨੂੰ ਦੋਹਾਂ ਦੀ ਉਤਪਤੀ ਸ਼ਿਵ ਨੇ ਕੀਤੀ।

ਬ੍ਰਹਮਾ ਦੇ ਅਨੁਆਈਆਂ ਦਾ ਵਿਚਾਰ ਭਿੰਨ ਹੈ, ਉਹ ਚਾਰ ਵੇਦਾਂ ਦਾ ਰਚੇਤਾ ਬ੍ਰਹਮਾ ਨੂੰ ਮਨ ਆਖਦੇ ਹਨ, ਸ਼ਿਵ ਦੀ ਉਤਪਤੀ ਬ੍ਰਹਮਾ ਨੇ ਕੀਤੀ ਅਤੇ ਬੜੀ ਮਸਾਲੇਦਾਰ ਗਾਥਾ ਘੜੀ ਹੈ ਕਿ ਇੱਕ ਦਿਨ ਬ੍ਰਹਮਾ ਬੜੇ ਗੁੱਸੇ ਨਾਲ ਆਪਣੇ ਪੁੱਤਰਾਂ ਨੂੰ ਉਪਦੇਸ਼ ਦੇ ਰਿਹਾ ਸੀ ਕਿ ਉਸ ਦੇ ਭਰਵੱਟੇ ਵਿਚੋਂ ਭੋਲੇ ਨਾਥ (ਸ਼ਿਵ) ਪ੍ਰਗਟ ਹੋਏ ਤੇ ਰੋਣ ਲੱਗੇ। ਇਸੇ ਕਰਕੇ ਹੀ ਇਨ੍ਹਾਂ ਨੂੰ ਰੁਦ੍ਰ

(ਰੋਣ ਵਾਲਾ, ਗੁਸੈਲਾ) ਵੀ ਆਖਿਆ ਜਾਂਦਾ ਹੈ। ਕਿਤੇ-ਕਿਤੇ ਸ਼ਿਵ ਦੀ ਉਤਪਤੀ ਜਯੋਤਿ ਲਿੰਗ ਤੋਂ ਭੀ ਦਰਸਾਈ ਹੈ।

ਸੋ ਬੇਸ਼ਕ ਉਪਰੋਕਤ ਸ੍ਰੋਤਾਂ ਵਿੱਚ ਇਨ੍ਹਾਂ ਅਵਤਾਰਾਂ ਅਤੇ ਸਰੋਤਾਂ ਬਾਰੇ ਵਿਰੋਧਾਭਾਸ ਹੈ, ਪਰੰਤੂ ਮੂਲ ਮੁੱਦਾ ਇਹ ਤਿੰਨ ਅਵਤਾਰ (ਵਿਸ਼ਨੂੰ, ਬ੍ਰਹਮਾ, ਅਤੇ ਸ਼ਿਵ) ਹੀ ਹਨ, ਜਿਨ੍ਹਾਂ ਅਨੁਸਾਰ ਸ੍ਰਿਸ਼ਟੀ ਦੀ ਸਾਰੀ ਕਾਰ ਚਲਦੀ ਦਰਸਾਈ ਜਾਂਦੀ ਹੈ।

ਇਨ੍ਹਾਂ ਅਵਤਾਰਾਂ ਬਾਰੇ ਗੁਰਮਤਿ ਦਾ ਨਜ਼ਰੀਆ ਇਸ ਤਰ੍ਹਾਂ ਹੈ:

*ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ॥*
*ਤਿਨ ਭੀ ਅੰਤੁ ਨ ਪਾਇਆ ਤਾ ਕਾ ਕਿਆ ਕਰਿ ਆਖਿ ਵੀਚਾਰੀ॥*

(ਆਸਾ ਮ: ੩, ਪੰਨਾ ੪੨੩)

*ਐਸਾ ਅਉਤਾਰੁ ਉਪਾਇਓਨੁ ਭਾਉ ਦੂਜਾ ਕੀਆ॥*
*ਜਿਉ ਰਾਜੇ ਰਾਜੁ ਕਮਾਵਦੇ ਦੁਖ ਸੁਖ ਭਿੜੀਆ॥*
*ਈਸਰੁ ਬ੍ਰਹਮਾ ਸੇਵਦੇ ਅੰਤੁ ਤਿਨ੍ਹੀ ਨ ਲਹੀਆ॥*

(ਗੂਜਰੀ ਵਾਰ ਮ: ੩, ਪੰਨਾ ੫੧੬)

*ਦਸ ਅਉਤਾਰ ਰਾਜੇ ਹੋਇ ਵਰਤੇ ਮਹਾਦੇਵ ਅਉਧੂਤਾ॥*
*ਤਿਨ੍ ਭੀ ਅੰਤੁ ਨ ਪਾਇਓ ਤੇਰਾ ਲਾਇ ਥਕੇ ਬਿਭੂਤਾ॥ ੩॥*

(ਸੂਹੀ ਮ: ੫, ਪੰਨਾ ੭੪੭)

*ਬ੍ਰਹਮਾ ਬਿਸਨੁ ਮਹੇਸੁ ਦੇਵ ਉਪਾਇਆ॥ ਬ੍ਰਹਮੇ ਦਿਤੇ ਬੇਦ ਪੂਜਾ ਲਾਇਆ॥*
*ਦਸ ਅਵਤਾਰੀ ਰਾਮੁ ਰਾਜਾ ਆਇਆ॥ ਦੈਤਾ ਮਾਰੇ ਧਾਇ ਹੁਕਮਿ ਸਬਾਇਆ॥*
*ਈਸ ਮਹੇਸੁਰੁ ਸੇਵ ਤਿਨ੍ਹੀ ਅੰਤੁ ਨ ਪਾਇਆ॥*

(ਮਲਾਰ ਵਾਰ ਮ: ੧, ਪੰਨਾ ੧੨੭੯)

ਇਹ ਅਖੌਤੀ ਅਵਤਾਰ ਵੀ ਅਕਾਲ ਪੁਰਖ ਦਾ ਅੰਤ ਨਹੀਂ ਪਾ ਸਕੇ ਅਤੇ ਉਸ ਸਰਬ ਵਿਆਪਕ ਦੀ ਅਲੌਕਿਕ ਖੇਡ ਅਤੇ ਕ੍ਰਿਪਾ ਨਿਧਾਨ ਨਿਰੰਕਾਰ ਦੀ ਕਰਤਾਰ ਗਤੀ ਸਮਝਣ ਤੋਂ ਅਸਮਰੱਥ ਹਨ:

*ਮਹਿਮਾ ਨ ਜਾਨਹਿ ਬੇਦ॥ ਬ੍ਰਹਮੇ ਨਹੀ ਜਾਨਹਿ ਭੇਦ॥*
*ਅਵਤਾਰ ਨ ਜਾਨਹਿ ਅੰਤੁ॥ ਪਰਮੇਸਰੁ ਪਾਰਬ੍ਰਹਮ ਬੇਅੰਤੁ॥*

(ਰਾਮਕਲੀ ਮ: ੫ਪੰਨਾ ੮੯੪)

ਜਨਮ-ਮਰਨ ਦੇ ਗੇੜ ਵਿੱਚ ਫਸੇ ਹੋਏ ਇਹ ਅਵਤਾਰ ਜਦੋਂ ਖ਼ੁਦ ਹੀ ਕਾਲ ਚੱਕਰ ਦੇ ਭੈਅ ਤੋਂ ਮੁਕਤ ਨਹੀਂ ਤਾਂ ਇਨ੍ਹਾਂ ਦੇ ਉਪਾਸ਼ਕਾਂ ਦਾ ਪਾਰ-ਨਿਸਤਾਰਾ ਕਿਵੇਂ ਹੋ ਸਕਦਾ ਹੈ?

ਕਿਸਨੁ ਸਦਾ ਅਵਤਾਰੀ ਰੂਧਾ ਕਿਤੁ ਲਗਿ ਤਰੈ ਸੰਸਾਰਾ॥
ਗੁਰਮੁਖਿ ਗਿਆਨਿ ਰਤੇ ਜੁਗ ਅੰਤਰਿ ਚੂਕੈ ਮੋਹ ਗੁਬਾਰਾ॥ ੩॥

(ਵਡਹੰਸੁ ਮ: ੩, ਪੰਨਾ ੫੫੯)

ਅਕਾਲ ਪੁਰਖ ਦੇ ਰਚਾਏ ਹੋਏ ਬੇਅੰਤ ਖੰਡਾਂ ਅਤੇ ਬ੍ਰਹਿਮੰਡਾਂ ਵਿੱਚ ਅਨੇਕਾਂ ਹੀ ਕ੍ਰੋੜਾਂ ਹੀ ਐਸੇ ਬ੍ਰਹਮਾ ਵਿਸ਼ਨ ਮਹੇਸ਼ ਵਰਗੇ ਅਵਤਾਰ ਘੁੰਮਦੇ ਹਨ,

ਕੋਟਿ ਬਿਸਨ ਕੀਨੇ ਅਵਤਾਰ॥ ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ॥
ਕੋਟਿ ਮਹੇਸ ਉਪਾਇ ਸਮਾਏ॥ ਕੋਟਿ ਬ੍ਰਹਮੇ ਜਗੁ ਸਾਜਣ ਲਾਏ॥ ੧॥
ਐਸੋ ਧਣੀ ਗੁਵਿੰਦੁ ਹਮਾਰਾ॥ ਬਰਨਿ ਨ ਸਾਕਉ ਗੁਣ ਬਿਸਥਾਰਾ॥

(ਭੈਰਉ ਮ: ੫, ਪੰਨਾ ੧੧੫੬)

ਅਨਿਕ ਪੁਰਖ ਅੰਸਾ ਅਵਤਾਰ॥ ਅਨਿਕ ਇੰਦ੍ਰ ਊਭੇ ਦਰਬਾਰ॥ ੩॥

(ਸਾਰੰਗ ਮ: ੫, ਪੰਨਾ ੧੨੩੬)

ਭਾਈ ਗੁਰਦਾਸ ਜੀ ਬਿਆਨ ਕਰਦੇ ਹਨ ਕਿ ਇਨ੍ਹਾਂ ਅਵਤਾਰਾਂ ਨੇ ਸੰਸਾਰ ਦੇ ਭਲੇ ਮਾਤਰ ਕੋਈ ਕਾਰਜ ਨਹੀਂ ਕੀਤਾ ਸਗੋਂ ਸ੍ਰਿਸ਼ਟੀ ਅੰਦਰ ਝਗੜੇ ਅਤੇ ਵਿਵਾਦ ਹੀ ਪੈਦਾ ਕੀਤੇ ਹਨ। ਤਮੋ ਗੁਣੀ ਬਿਰਤੀ ਦਾ ਹੀ ਵਿਖਾਵਾ ਕੀਤਾ ਹੈ। ਮਨ ਅੰਦਰ ਅਹੰਕਾਰ ਭਰ ਜਗਤ ਲੋਕਾਈ ਨੂੰ ਸ਼ਾਂਤੀ ਦੀ ਬਖਸ਼ਿਸ਼ ਨਹੀਂ ਕੀਤੀ,

ਬਿਸਨੈ ਦਸ ਅਵਤਾਰ ਨਾਵ ਗਣਾਇਆ॥ ਕਰਿ ਕਰਿ ਅਸੁਰ ਸੰਘਾਰ ਵਾਦੁ ਵਧਾਇਆ॥
ਬ੍ਰਹਮੇ ਵੇਦ ਵੀਚਾਰਿ ਆਖਿ ਸੁਣਾਇਆ॥ ਮਨ ਅੰਦਰਿ ਅਹੰਕਾਰੁ ਜਗਤੁ ਉਪਾਇਆ॥
ਮਹਾਦੇਉ ਲਾਇ ਤਾਰ ਤਾਮਸੁ ਤਾਇਆ॥ ਗੁਰਮੁਖਿ ਮੋਖ ਦੁਆਰ ਆਪੁ ਗਵਾਇਆ॥ ੪॥

(ਭਾਈ ਗੁਰਦਾਸ ਜੀ, ਵਾਰ ੧੪/੪)

ਗੁਰੂ ਗੋਬਿੰਦ ਸਿੰਘ ਜੀ ਬਿਆਨ ਕਰਦੇ ਹਨ ਕਿ ਆਪਣੇ ਆਪ ਨੂੰ ਅਵਤਾਰ ਕਹਾਉਣ ਵਾਲੇ ਕਰੋੜਾਂ ਹੀ ਕਾਲ ਦੀ ਚੱਕੀ ਵਿੱਚ ਪੀਸੇ ਗਏ। ਸਰਬ ਕਲਾ ਸਮਰੱਥ ਅਕਾਲ ਪੁਰਖ ਦਾ ਇਕ ਲੈਅ ਅਧੀਨ ਚਲ ਰਿਹਾ ਕਾਲ ਚੱਕਰ ਹਰੇਕ ਦੀ ਹੋਂਦ ਹੱਸਤੀ ਨੂੰ ਮਿਟਾਉਣ ਦੇ ਸਮਰੱਥ ਹੈ।

ਜਾਲ ਬਧੇ ਸਭ ਹੀ ਮ੍ਰਿਤ ਕੇ ਕੋਊ ਰਾਮ ਰਸੂਲ ਨ ਬਾਚਨ ਪਾਏ॥
ਦਾਨਵ ਦੇਵ ਫਨਿੰਦ ਧਰਾਧਰ ਭੂਤ ਭਵਿੱਖ ਉਪਾਇ ਮਿਟਾਏ॥
ਅੰਤ ਮਰੇ ਪਛੁਤਾਇ ਪ੍ਰਿਥੀ ਪਰ ਜੇ ਜਗ ਮੈ ਅਵਤਾਰ ਕਹਾਏ॥
ਰੇ ਮਨ ਲੈਲ ਇਕੇਲ ਹੀ ਕਾਲ ਕੇ ਲਾਗਤ ਕਾਹੇ ਨ ਪਾਇਨ ਧਾਏ॥ (ਪਾਤ: ੧੦)

## ਕੜਾਹ ਪ੍ਰਸ਼ਾਦਿ ਲਈ ਸ਼ੱਕਰ ਭੇਟ ਕਰਨ ਵਾਲੇ ਵਿਸ਼ਨੂੰ ਜੀ ਦੀ ਅਵਤਾਰ ਲੀਲਾ:-

ਸਰਵਸ੍ਰੇਸ਼ਠ ਅਵਤਾਰ ਵਿਸ਼ਨੂੰ ਜੀ ਨੇ ਸਭ ਤੋ ਉਤਮ ਕਾਰਨਾਮਾ ਜਲੰਧਰ ਦੈਂਤ ਦੀ

ਪਤੀਬਰਤਾ ਵਰਿੰਦਾ ਦਾ ਧੋਖੇ ਨਾਲ ਸਤਿ-ਭੰਗ ਕਰਕੇ ਕੀਤਾ। ਜਲੰਧਰ ਨਾਮੀ ਇਸ ਦੈਂਤ ਤੋਂ ਹਾਰ ਖਾ ਕੇ ਇੰਦਰਪੁਰੀ ਦੇ ਸਾਰੇ ਦੇਵਤੇ ਭੱਜ ਗਏ। (ਇਸ ਜਲੰਧਰ ਦੈਂਤ ਦਾ ਸ਼ਿਵਜੀ ਨਾਲ ਵੀ ਘਨਘੋਰ ਜੰਗ ਹੋਇਆ ਸੀ)

ਫ਼ਰੇਬ ਵਿੱਚ ਮਾਹਰ ਦੇਵਤਿਆਂ ਨੂੰ ਜਦੋਂ ਪਤਾ ਲੱਗਾ ਕਿ ਜਲੰਧਰ ਦੇ ਅਜਿੱਤ ਹੋਣ ਦਾ ਮੁੱਖ ਕਾਰਨ ਉਸ ਦੀ ਪਤੀਬ੍ਰਤਾ ਇਸਤਰੀ ਵਰਿੰਦਾ ਹੈ ਤਾਂ ਉਸ ਵੇਲੇ ਭੇਸ ਵਟਾ ਕੇ ਇੱਜ਼ਤ ਲੁੱਟਣ ਵਿੱਚ ਮਾਹਰ ਵਿਸ਼ਨੂੰ ਪਾਸ ਜਾ ਹਾਜ਼ਰ ਹੋਏ ਅਤੇ ਦੱਸਿਆ ਕਿ ਜਲੰਧਰ ਨੂੰ ਵਰਦਾਨ ਮਿਲਿਆ ਹੋਇਆ ਹੈ ਜਦੋਂ ਤਕ ਉਸਦੀ ਪਤਨੀ ਦਾ ਸਤਿਭੰਗ ਨਹੀਂ ਹੁੰਦਾ, ਉਸਨੂੰ ਹਰਾਇਆ ਨਹੀਂ ਜਾ ਸਕਦਾ। ਵਿਸ਼ਨੂੰ ਜੀ ਉਸੇ ਸਮੇਂ ਹੀ ਤਿਆਰ ਹੋ ਗਏ। 'ਰੁਦ੍ਰ ਸਹਿੰਤਾ' ਦੇ 'ਯੁੱਧ ਕਾਂਡ' ਦੇ ਅਧਿਆਇ 24 ਵਿੱਚ ਜ਼ਿਕਰ ਹੈ।

*ਵਿਸ਼ਨੂੰ ਜਾਲੰਧਰੰ ਗਤਵਾ ਦੈਤਯਸਯ ਪੁਟਭੇਦਨਮ॥*[2]

(ਅਧਿਆਇ ੨੪)

ਬ਼ਾਹਰ ਜਲੰਧਰ ਦੇਵਤਿਆਂ ਨਾਲ ਸੂਰਬੀਰਤਾ ਨਾਲ ਯੁੱਧ ਮਚਾਈ ਬੈਠਾ ਸੀ ਤੇ ਵਿਸ਼ਨੂੰ ਜੀ ਜਲੰਧਰ ਦਾ ਭੇਸ ਵਟਾ ਜਲੰਧਰ ਦੇ ਘਰ ਵੜ ਗਏ। ਜਲੰਧਰ ਦੀ ਪਤਨੀ ਵਰਿੰਦਾ ਰੂਪ ਵਟਾਈ ਖੜ੍ਹੇ ਭੇਖੀ ਨੂੰ ਪਹਿਚਾਣ ਨਾ ਸਕੀ।

ਜਲੰਧਰ ਦਾ ਭੇਸ ਵਟਾ ਕੇ ਉਸਦੇ ਘਰ ਦਾਖਲ ਹੋਏ ਵਿਸ਼ਨੂੰ ਜੀ ਨੇ ਵਰਿੰਦਾ ਦਾ ਸਤਿ ਭੰਗ ਕਰ ਦਿੱਤਾ। ਸਤਿ ਭੰਗ ਹੁੰਦਿਆਂ ਹੀ ਜਲੰਧਰ ਦੈਂਤ ਵੀ ਦੇਵਤਿਆਂ ਹੱਥੋਂ ਖਤਮ ਹੋ ਗਿਆ। ਪਰ ਜਦੋਂ ਜਾਣ ਲੱਗੇ ਤਾਂ ਨਿਰਵਸਤਰ ਰੂਪ ਵਿੱਚ ਵਰਿੰਦਾ ਨੇ ਵਿਸ਼ਨੂੰ ਨੂੰ ਪਛਾਣ ਲਿਆ ਕਿਉਂ ਕਿ ਵਿਸ਼ਨੂੰ ਦੇ ਸਰੀਰ ਤੇ ਭ੍ਰਿਗੂ ਰਿਖੀ ਦੀ ਵਜੀ ਲੱਤ ਦਾ ਨਿਸ਼ਾਨ ਸੀ। ਵਰਿੰਦਾ ਨੇ ਵਿਸ਼ਨੂੰ ਨੂੰ ਪਹਿਚਾਣਦੇ ਹੋਏ ਕਿਹਾ:

*ਧ੍ਰਿਗ ਤੈਦੇਵੰ ਹਰੇ ਸ਼ੀਲੰ ਪਰਦਾਰਾ ਭਿਗਾਮਿਨ:॥*
*ਗਿਆਤੋ ਸਤਿਵੰ ਮਯਾਸਮਯਾਂ ਮਾਯੀ ਪ੍ਰਤਕਸ਼ ਤਾਪਸ:॥*[3]

"ਹੇ ਵਿਸ਼ਨੂੰ, ਧਿਰਕਾਰ ਹੈ ਤੇਰੇ ਆਚਰਣ ਤੇ ਤੂੰ ਪਰਾਈ ਔਰਤ ਦੇ ਨਾਲ ਧੋਖੇ ਨਾਲ ਵਿਭਚਾਰ ਕੀਤਾ ਹੈ। ਮੈਂ ਹੁਣ ਤੈਨੂੰ ਚੰਗੀ ਤਰ੍ਹਾਂ ਪਹਿਚਾਣ ਚੁੱਕੀ ਹਾਂ ਤੂੰ ਵੇਖਣ ਨੂੰ ਤਾਂ ਸਾਧੂ ਲਗਦਾ ਹੈਂ (ਗਿਆਤੋ ਸਤਿਵੰ) ਪਰ ਹੈਂ ਅਸਲ ਵਿੱਚ ਮਹਾਂ ਭੇਖੀ (ਮਯਾਸਮਯਾਂ ਮਾਈ)" ਵਰਿੰਦਾ ਨੇ ਵਿਸ਼ਨੂੰ ਨੂੰ ਸਰਾਪ ਦੇ ਦਿੱਤਾ ਕਿ ਤੂੰ ਪੱਥਰ ਰੂਪ ਹੋ ਜਾਵੇਂ, ਤੇ ਉਸ ਸਮੇਂ ਵਿਸ਼ਨੂੰ ਨੇ ਵਰਿੰਦਾ ਨੂੰ ਸਰਾਪ ਦਿੱਤਾ ਕਿ ਤੂੰ ਤੁਲਸੀ ਬਣ ਜਾਵੇ ਤੇ ਸਾਡਾ ਇਸੇ ਤਰ੍ਹਾਂ ਮਿਲਾਪ ਹੁੰਦਾ ਰਹੇ। (ਬਿਪਰਵਾਦੀ ਲੇਖਕ ਅੱਗੇ ਬਿਆਨ ਕਰਦੇ ਹਨ ਕਿ ਵਿਸ਼ਨੂੰ ਸਾਲਗ੍ਰਾਮ ਰੂਪੀ ਪੱਥਰ ਬਣ ਗਿਆ ਤੇ ਵਰਿੰਦਾ ਤੁਲਸੀ ਰੂਪ ਹੋ ਗਈ, ਅਗਿਆਨੀ ਲੋਕ ਅੱਜ ਵੀ ਧਰਮ ਕਾਰਜ ਵਜੋਂ ਤੁਲਸੀ ਅਤੇ ਸਾਲਗ੍ਰਾਮ ਦਾ ਵਿਆਹ ਰਚਾਉਂਦੇ ਹਨ ਅਤੇ ਵਿਸ਼ਨੂੰ ਨੂੰ ਬਲਾਤਕਾਰੀ ਨਹੀਂ ਬਲਕਿ ਜਲੰਧਰ ਅਵਤਾਰ ਵਜੋਂ ਯਾਦ ਕਰਦੇ ਹਨ)

ਵਿਸ਼ਨੂੰ ਜੀ ਇਸ ਤਰ੍ਹਾਂ ਦੀ ਅਸ਼ਲੀਲ ਅਤੇ ਧੋਖੇਬਾਜ ਲੀਲਾ ਦੇਵਤਿਆਂ ਅਤੇ ਦੈਂਤਾਂ ਵਿੱਚ ਅੰਮ੍ਰਿਤ ਦੀ ਵੰਡ ਤੋਂ ਲੈ ਕੇ ਹੋਏ ਝਗੜੇ ਵਿੱਚ ਵੀ ਰਚਾਈ ਸੀ ਜੋ ਇਵੇਂ ਹੈ :

ਖੀਰ ਸਮੁੰਦਰ ਨੂੰ ਰਿੜਕਣ ਤੋਂ ਬਾਅਦ ਜੋ ਜੋ ਵਸਤਾਂ ਨਿਕਲੀਆਂ ਦੇਵਤਿਆਂ ਨੇ ਆਪਸ ਵਿੱਚ ਵੰਡ ਲਈਆਂ, ਚੰਦਰਮਾਂ ਨੂੰ ਸ਼ਿਵ ਨੇ ਆਪਣੇ ਮੱਥੇ ਤੇ ਸਜਾ ਲਿਆ, ਰੰਭਾ ਨਾਮੀ ਅਪੱਛਰਾ ਨੂੰ ਖ਼ੂਬਸੂਰਤੀ ਦਾ ਪੁਜਾਰੀ ਇੰਦਰ ਕੱਢ ਕੇ ਲੈ ਗਿਆ, ਲਕਸ਼ਮੀ ਦੇਵੀ ਵਿਸ਼ਨੂੰ ਨੇ ਆਪਣੇ ਘਰ ਰੱਖ ਲਈ, ਤੇ ਸ਼ਰਾਬ ਦੈਂਤ ਪੀ ਗਏ।

## (ਖੀਰ ਸਮੁੰਦਰ ਰਿੜਕਣ ਸਮੇਂ ਨਿਕਲੇ 14 ਰਤਨ ਇਹ ਹਨ)

1. ਸੁਵਾ ਘੋੜਾ, 2. ਕਾਮਧੇਨ ਗਾਂ, 3. ਕਲਪ ਬ੍ਰਿਖ, 4. ਰੰਭਾ ਅਪੱਛਰਾ, 5. ਲਕਸ਼ਮੀ ਦੇਵੀ, 6. ਅੰਮ੍ਰਿਤ, 7. ਸ਼ਰਾਬ, 8. ਚੰਦ੍ਰਮਾ, 9. ਧਨੰਤਰ ਵੈਦ, 10. ਪੰਚਜਨਯ ਸੰਖ, 11. ਕੌਸਟ ਭਮਣਿ, 12. ਸਾਰੰਗ ਧਨੁੱਖ, 13. ਐਰਾਵਤ ਹਾਥੀ, 14. ਕਾਲਕੂਟ (ਜ਼ਹਿਰ)।

ਅੰਮ੍ਰਿਤ ਦੀ ਵੰਡ ਨੂੰ ਲੈ ਕੇ ਦੈਂਤਾਂ ਅਤੇ ਦੇਵਤਿਆਂ ਵਿੱਚ ਝਗੜਾ ਵੱਧਦਾ ਵੱਧਦਾ ਯੁੱਧ ਦਾ ਰੂਪ ਧਾਰਨ ਕਰ ਗਿਆ ਤੇ ਵਿਸ਼ਨੂੰ ਜੀ ਮੌਕਾ ਤਾੜ ਕੇ ਬਹੁਤ ਹੀ ਸੁੰਦਰ ਇਸਤਰੀ ਦਾ ਰੂਪ ਵਟਾ ਦੈਂਤਾਂ ਵਿੱਚ ਜਾ ਹਾਜ਼ਰ ਹੋਏ। ਸਾਰੇ ਦੈਂਤ ਜੋ ਪਹਿਲਾਂ ਹੀ ਸ਼ਰਾਬ ਨਾਲ ਮਸਤ ਸਨ, ਹੁਣ ਘਰ ਚੱਲ ਕੇ ਆਏ ਸ਼ਬਾਬ ਨੂੰ ਤੱਕ ਮਦਮਸਤ ਹੋ ਗਏ। ਮੋਹਿਨੀ ਰੂਪੀ ਵਿਸ਼ਨੂੰ ਨੇ ਦੈਂਤਾਂ ਨੂੰ ਇਨੀ ਸ਼ਰਾਬ ਪਿਆਈ ਕਿ ਸਾਰੇ ਬੇਹੋਸ਼ ਹੋ ਗਏ ਤੇ ਸਾਰਾ ਅੰਮ੍ਰਿਤ ਦੇਵਤਿਆਂ ਨੂੰ ਪਿਆ ਦਿੱਤਾ। ਵਿਸ਼ਨੂੰ ਜੀ ਦਾ ਧੋਖੇ ਭਰਿਆ ਕਾਰਾ ਮੋਹਨੀ ਅਵਤਾਰ ਦੇ ਰੂਪ ਵਿੱਚ ਪ੍ਰਸਿੱਧ ਹੈ।

(ਸ੍ਰੀ ਮਦਭਾਗਵਤ, ਸਕੰਦ 8 ਦੇ 12 ਅਧਿਆਇ ਵਿੱਚ ਮੋਹਿਨੀ ਬੀਬੀ ਜੀ ਦਾ ਇਕ ਹੋਰ ਕਾਰਨਾਮਾ ਹੈ, ਜਿਸਨੂੰ ਮਹਾਂਦੇਵ ਸਿਰਲੇਖ ਅਧੀਨ ਵੇਖਾਂਗੇ)।

ਵੈਸੇ ਕ੍ਰਿਸ਼ਨ ਜੀ ਵੀ ਵਿਸ਼ਨੂੰ ਦੇ ਹੀ ਅਵਤਾਰ ਮੰਨੇ ਜਾਂਦੇ ਹਨ ਜਿਨ੍ਹਾਂ ਦੀਆਂ 16, 108 ਰਾਣੀਆਂ ਅਤੇ 1, 77, 88 ਬੱਚੇ ਸਨ (ਕਿਹਾ ਜਾਂਦਾ ਹੈ ਕਿ ਹਰ ਰਾਣੀ ਦੇ 11 ਬੱਚੇ ਸਨ, ਇਸ ਹਿਸਾਬ ਨਾਲ 16108 X 11 = 1, 77, 188), ਪਰ ਫਿਰ ਵੀ ਸਾਰੀ ਉਮਰ ਕਾਮ ਕ੍ਰੀੜਾ ਵਿੱਚ ਹੀ ਵਿਅਸਤ ਰਹੇ।

ਰਾਜੇ ਬਲਿ ਨੂੰ ਬ੍ਰਾਹਮਣ ਬਣ ਕੇ ਧੋਖੇ ਨਾਲ ਠੱਗਣ ਵਾਲੇ ਤੇ ਉਸਦੀ ਸਾਰੀ ਜਾਇਦਾਦ ਤੇ ਕਾਬਜ਼ ਹੋਣ ਵਾਲੇ ਵਿਸ਼ਨੂੰ ਜੀ ਹੀ ਸਨ।

ਪਰ ਜੇਕਰ ਗੁਰਮਤਿ ਅਨੁਸਾਰ ਵਿਸ਼ਨੂੰ (ਬਿਸੰਨ ਜਾਂ ਬਿਸਨੁ) ਦੀ ਹੋਂਦ ਨੂੰ, ਜਾਂ ਉਸ ਦੇ ਅਸਲ ਅਵਤਾਰਵਾਦੀ ਰੂਪ ਨੂੰ ਜਾਣੀਏ ਤਾਂ ਭਰਮ ਦਾ ਪਰਦਾ ਲੁਪਤ ਹੋ ਜਾਂਦਾ ਹੈ।

ਗੁਰਬਾਣੀ ਵਿੱਚ ਇਹ ਨਾਮ ਬਿਸਨੁ, ਵਿਸਨ, ਬਿਸਨ, ਆਦਿ ਰੂਪ ਵਿੱਚ ਆਇਆ ਹੈ ਅਤੇ ਇਸ ਦੇ ਅਨੇਕਾਂ ਹੀ ਅਰਥ ਗੁਰਬਾਣੀ ਅਨੁਸਾਰ ਹਨ।

*ਬਿਸਨ:*-ਇਹ ਸ਼ਬਦ ਗੁਰਬਾਣੀ ਵਿੱਚ ਅਕਾਲ ਪੁਰਖ ਦੇ ਲਖਾਇਕ ਵਜੋਂ ਵੀ ਆਇਆ ਹੈ ਜਿਵੇਂ :

*ਭਗਵੰਤ ਕੀ ਟਹਲ ਕਰੈ ਨਿਤ ਨੀਤਿ॥ ਮਨੁ ਤਨੁ ਅਰਪੈ ਬਿਸਨ ਪਰੀਤਿ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੨੭੪)

*ਵਿਸਨ ਮਿਲੇ ਸਭ ਹੀ ਸਚੁ ਪਾਵੈ॥*

(ਗਉੜੀ ਬਾਵਨ ਅੱਖਰੀ, ਪੰਨਾ ੩੪੨)

*ਬੈਸਨੋ ਸੋ ਜਿਸੁ ਊਪਰਿ ਸੁਪ੍ਰਸੰਨ॥ ਬਿਸਨ ਕੀ ਮਾਇਆ ਤੇ ਹੋਇ ਭਿੰਨ॥*

(ਪੰਨਾ ੨੭੪)

*ਬਿਸਨੁ:*- ਵਿਸ਼ੇ ਵਿਕਾਰਾਂ ਵਿੱਚ ਲੱਗਣ ਦੀ ਭੈੜੀ ਆਦਤ,

*ਜਿਉ ਜੂਆਰ ਬਿਸਨੁ ਨ ਜਾਇ॥* (ਗੁਰੂ ਗ੍ਰੰਥ ਸਾਹਿਬ, ਪੰਨਾ ੬੩੯)

ਅਰਥਾਤ, ਜਿਸ ਤਰਾਂ ਜੂਆ ਖੇਡਣ ਵਾਲੇ ਦੀਆਂ ਵਿਸ਼ਾ ਵਿਕਾਰ ਰੂਪੀ ਭੈੜੀਆਂ ਆਦਤਾਂ ਨਹੀਂ ਜਾਂਦੀਆਂ।

*ਬਿਸਨਪਦ:*-ਇਥੇ ਬਿਸਨਪਦ ਕਾਵਿ ਦੀ ਇਕ ਚਾਲ ਦੇ ਰੂਪ ਵਿੱਚ ਵਰਨਣ ਕੀਤਾ ਹੈ, ਨਾਕਿ ਬਿਸਨੁ ਦੀ ਪਦਵੀ ਤੋਂ, ਮੁਖਵਾਕ ਇਸ ਤਰਾਂ ਹੈ:

*ਕਹਾ ਬਿਸਨਪਦ ਗਾਵੈ ਗੁੰਗ॥ ਜਤਨ ਕਰੈ ਤਉ ਭੀ ਸੁਰ ਭੰਗ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੨੬੧)

ਅਰਥਾਤ, ਗੁੰਗਾ ਮਨੁੱਖ ਕਦੀਂ ਬਿਸਨਪਦ (ਇਕ ਤਰ੍ਹਾਂ ਦੀ ਰਚਨਾ) ਨਹੀਂ ਗਾ ਸਕਦਾ, ਜੇ ਉਹ ਜਤਨ ਵੀ ਕਰੇ ਤਾਂ ਵੀ ਸੁਰ ਭੰਗ ਹੋ ਜਾਵੇਗਾ, ਭਾਵ ਕਿ ਉਹ ਗਾ ਨਹੀਂ ਸਕੇਗਾ।

ਬਿਸਨ ਪਦੇ ਦੀ ਰਚਨਾ ਨਿਮਨ ਲਿਖਤ ਅਨੁਸਾਰ ਹੁੰਦੀ ਹੈ:

*ਦੇਗ ਤੇਗ ਕੋ ਧਨੀ ਖ਼ਾਲਸਾ ਨਿਤ ਉਪਕਾਰ ਕਰੈ॥*
*ਸਰਣਾਗਤ ਕੀ ਬਾਹ ਗਹੈ, ਦ੍ਰਿੜ ਦਾਰਿਦ ਦੁੱਖ ਹਰੈ॥*

(ਗੁਰਸ਼ਬਦ ਰਤਨਾਕਰ ਮਹਾਨ ਕੋਸ਼)

(ਵੈਸੇ ਬੀਬੜਾ ਜ਼ਾਤੀ ਨਾਲ ਸੰਬੰਧਿਤ ਗੁਰੂ ਅਰਜਨ ਸਾਹਿਬ ਦੇ ਇਕ ਸਿੱਖ ਦਾ ਨਾਮ ਭੀ ਬਿਸਨ ਸੀ)

*ਬਿਸਨੁ:*-ਜਿਥੇ ਗੁਰਬਾਣੀ ਵਿੱਚ ਅਵਤਾਰ ਦੀ ਪ੍ਰਥਾਇ ਬਿਸਨੁ ਸ਼ਬਦ ਆਇਆ ਹੈ ਉਥੇ ਬਾਕੀ ਦੋ ਹੋਰ ਅਵਤਾਰਾਂ (ਬ੍ਰਹਮਾ, ਸ਼ੰਕਰ) ਨਾਲ ਇਕੱਠਾ ਹੀ ਆਇਆ ਹੈ, ਇਨ੍ਹਾਂ ਨੂੰ ਤ੍ਰੈ ਗੁਣ ਰੋਗੀ, ਵਾਦ-ਵਿਵਾਦ ਵਾਲੇ, ਕਾਲ ਚੱਕਰ ਦੇ ਅਧੀਨ ਅਤੇ ਮਾਇਆ ਵਿੱਚ ਫਸ ਕੇ ਗਲਤਾਨ ਹੋਏ ਹੀ ਦਰਸਾਇਆ ਹੈ, ਉਦਾਹਾਰਨ ਵਜੋਂ:

*ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੭੩੫)

ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ॥

(ਗੁਰੂ ਗ੍ਰੰਥ ਸਾਹਿਬ, ਪੰਨਾ ੯੦੯)

ਗੁਰੂ ਗੋਬਿੰਦ ਸਿੰਘ ਜੀ ਅਕਾਲ ਉਸਤਤਿ ਵਿੱਚ ਫੁਰਮਾਉਂਦੇ ਹਨ ਕਿ ਬ੍ਰਹਮੇ ਅਤੇ ਵਿਸ਼ਨੂੰ ਵਰਗੇ ਕਈ ਅਵਤਾਰ, ਵੇਦ ਅਤੇ ਪੁਰਾਨਾਂ ਵਰਗੀਆਂ ਅਨੇਕਾਂ ਪੁਸਤਕਾਂ, ਕਈ ਸਿਮਰਤੀਆਂ ਇਸ ਜਗਤ ਅੰਦਰ ਪੈਦਾ ਹੋਈਆਂ ਤੇ ਖਤਮ ਹੋ ਗਈਆਂ ਹਨ :

ਬ੍ਰਹਮਾ ਅਰੁ ਬਿਸਨ ਕੇਤੇ ਬੇਦ ਔ ਪੁਰਾਨ ਕੇਤੇ
ਸਿੰਮ੍ਰਿਤ ਸਮੂਹਨ ਕੈ ਹੁਇ ਹੁਇ ਬਿਤਏ ਹੈਂ॥

(ਅਕਾਲ ਉਸਤਤਿ)

ਜ਼ਿਕਰਯੋਗ ਹੈ ਕਿ ਅਨੇਕਾਂ ਵਾਰ ਖੱਤਰੀਆਂ ਦੇ ਲਹੂ ਨਾਲ ਹੱਥ ਰੰਗਣ ਵਾਲਾ ਪਰਸਰਾਮ ਵੀ ਇਹ ਵਿਸ਼ਨੂੰ ਹੀ ਸੀ।

ਬ੍ਰਹਮਾ, ਵਿਸ਼ਨੂੰ ਵਰਗੇ ਅਵਤਾਰਾਂ ਦੀ ਤੁੱਛ ਹਸਤੀ ਅਤੇ ਅਕਾਲ ਪੁਰਖ ਦੇ ਬੇਅੰਤ ਸੁੰਦਰ ਸਰੂਪ ਦੀ ਮਹਿਮਾ ਕਰਦੇ ਭਾਈ ਗੁਰਦਾਸ ਬਿਆਨ ਕਰਦੇ ਹਨ,

ਬ੍ਰਹਮੇ ਬਿਸਨ ਮਹੇਸ ਲਖ ਧਿਆਇਦੇ।
ਨਾਰਦ ਸਾਰਦ ਸੇਸ ਕੀਰਤਿ ਗਾਇਦੇ।
ਗਣ ਗੰਧਰਬ ਗਣੇਸ ਨਾਦ ਵਜਾਇਦੇ।
ਛਿਅ ਦਰਸਨ ਕਰਿ ਵੇਸ ਸਾਂਗ ਬਣਾਇਦੇ।
ਗੁਰ ਚੇਲੇ ਉਪਦੇਸ ਕਰਮ ਕਮਾਇਦੇ।
ਆਦਿ ਪੁਰਖੁ ਆਦੇਸੁ ਪਾਰੁ ਨ ਪਾਇਦੇ॥ ੨॥

(ਭਾਈ ਗੁਰਦਾਸ ਜੀ, ਵਾਰ ੨੧/੨)

**ਕੜਾਹ ਪ੍ਰਸ਼ਾਦਿ ਵਾਸਤੇ ਮੈਦਾ ਦੇਣ ਵਾਲੇ ਮਹਾਂਦੇਵ ਜੀ:-** ਇਕ ਦਿਨ ਮਹਾਂਦੇਵ ਨੇ ਵਿਸ਼ਨੂੰ ਨੂੰ ਬੇਨਤੀ ਕੀਤੀ, ਤੁਸੀਂ ਮੈਨੂੰ ਆਪਣਾ ਉਹ ਸੁੰਦਰ ਸਰੂਪ ਦਿਖਾਉ ਜਿਸ ਦੇ ਸਦਕਾ ਤੁਸੀਂ ਦੇਵਤਿਆਂ ਨੂੰ ਅੰਮ੍ਰਿਤ ਲੈ ਕੇ ਦਿੱਤਾ ਸੀ ਤੇ ਉਸ ਸੁੰਦਰ ਰੂਪ ਨਾਲ ਦੈਂਤਾਂ ਨੂੰ ਧੋਖਾ ਦਿੱਤਾ ਸੀ। ਸ਼ਿਵ ਜੀ ਦੀ ਬੇਨਤੀ ਮੰਨ ਵਿਸ਼ਨੂੰ ਨੇ ਮੋਹਣੀ ਰੂਪ ਧਾਰਨ ਕਰ ਲਿਆ ਤੇ ਟਹਿਲਣ ਲੱਗੇ। ਸ਼ਿਵ ਨੇ ਜਦੋਂ ਸੁੰਦਰ ਸੂਰਤ ਮੋਹਣੀ ਬਣੇ ਵਿਸ਼ਨੂੰ ਨੂੰ ਵੇਖਿਆ ਤਾਂ ਆਪੇ ਤੋਂ ਬਾਹਰ ਹੋ ਗਏ, ਮਨ ਤੇ ਕਾਬੂ ਨਾ ਰਿਹਾ, ਆਪ ਜਾ ਕੇ ਮੋਹਣੀ ਬਣੇ ਵਿਸ਼ਨੂੰ ਨੂੰ ਘੁੱਟ ਕੇ ਫੜ ਲਿਆ ਅਤੇ ਗਲੇ ਨਾਲ ਲਗਾ ਲਿਆ। ਸ੍ਰੀ ਮਦਭਾਗਵਤ ਸਕੰਦ 8 ਅਧਿਆਇ 12 ਵਿਚ ਇਹ ਘਟਨਾ ਇਵੇਂ ਦਰਜ ਹੈ:

ਆਤਮਾਨੰ ਮੋਚਯਿਤਵ੍ਹਾਂਗ ਸੁਰਸ਼ਰਭਜਾਂਤਰਾਤੁ॥
ਪ੍ਰਾਦਵਤਸਾਪ੍ਰਥੁ ਸ਼੍ਰੋਣੀ ਮਾਯਾ ਦੇਵਵਿਨਿਮਰਤਾ॥ ੩੦॥

*ਤਸਿਆ ਸੋ ਪਦਵੀਂ ਰੁਦ੍ਰੋ ਵਿਸ਼ਨੂ ਰਦਭੂਤ ਕਰਮਨ॥*
*ਪ੍ਰਤਿਆਪਦ ਵੈਦਿਨੇਵ ਨਿਨਿਰਜਿਤ॥ ੩੧॥*
*ਤਸਿਆਨੋ ਪਾਵਤੀ ਰੇਤ ਸ਼ਚਲਕੰਦਾ ਮਾਰਗਰੇਤਸ:॥*
*ਸ਼ਸ਼ਿਮਨੋ ਯੁਥਪਸਏਵ ਵਾਸਿਤਾਮਨੁ ਪਾਵਤ॥ ੩੨॥*

*ਅਰਥਾਤ:*–''ਦੇਵਾਂ ਦੇ ਦੇਵ ਮਹਾਂਦੇਵ ਸ਼ੰਕਰ ਦੀਆਂ ਦੋਹਾਂ ਬਾਹਾਂ ਵਿਚੋਂ ਛੁੱਟ ਕੇ ਉਹ ਮੋਹਨੀ (ਵਿਸ਼ਨੂ) ਭੱਜ ਪਈ॥ 30॥ ਆਪਣੇ ਪ੍ਰਗਟ ਹੋਏ ਕਾਮਦੇਵ ਤੋਂ ਹਾਰ ਕੇ ਮਹਾਂਦੇਵ ਜੀ ਵੀ ਵਿਚਿੱਤਰ ਚਰਿੱਤਰ ਵਾਲੇ ਵਿਸ਼ਨੂੰ ਦੇ ਮੋਹਿਨੀ ਸਰੂਪ ਦੇ ਪਿੱਛੇ-ਪਿੱਛੇ ਭੱਜ ਪਏ॥ 31॥ ਕਾਮੀ ਹਾਥੀ ਦੀ ਤਰ੍ਹਾਂ ਮਹਾਂਦੇਵ ਨੇ ਵਿਸ਼ਨੂੰ ਦਾ ਪਿੱਛਾ ਕੀਤਾ ਅਤੇ ਉਨ੍ਹਾਂ ਦਾ ਵੀਰਜ ਖਲਾਸ ਹੋਣ ਲੱਗਾ॥ 32॥

ਸਵਾਮੀ ਰਾਮਤੀਰਥ ਜੀ ਆਪਣੀ ਰਚਨਾ 'ਸਰਵੋਤਮ ਗ੍ਰੰਥ ਗੁਰੂ ਗ੍ਰੰਥ ਸਾਹਿਬ' ਵਿੱਚ ਸ਼ਿਵਪੁਰਾਣ, ਕੋਟਿ ਰੁਦ੍ਰ ਸਹਿੰਤਾ 8 ਆਧਿਆਇ 12 ਦਾ ਹਵਾਲਾ ਦੇ ਕੇ ਲਿਖਦੇ ਹਨ, ਇਸ ਵਿੱਚ ਸ਼ਿਵ ਅਤੇ ਪਾਰਵਤੀ ਬਾਰੇ ਅਜਿਹੀ ਅਸ਼ਲੀਲ ਕਥਾ ਹੈ ਜਿਸ ਨੂੰ ਨਾ ਲਿਖ ਸਕਦੇ ਹਾਂ, ਨਾ ਬੋਲ ਕੇ ਦੱਸ ਸਕਦੇ ਹਾਂ, ਨਾ ਹੀ ਕੰਨ ਸੁਣ ਸਕਦੇ ਹਨ।

ਮੈਂ ਕਾਫ਼ੀ ਜਿਗਰਾ ਕਰਕੇ ਕਥਾ ਦਾ ਸੰਖੇਪ ਲਿਖ ਰਿਹਾ ਹਾਂ ਜੋ ਇਹ ਹੈ, ''ਦਾਰੂ ਨਾਮ ਦਾ ਜੰਗਲ ਹੈ ਜਿਥੇ ਸ਼ਿਵ ਅਲਫ਼ ਨੰਗੇ ਘੁੰਮ ਰਹੇ ਹਨ, ਰਿਸ਼ੀ ਪਤਨੀਆਂ ਦੀ ਪਰਵਾਹ ਨਾ ਕਰਦਿਆਂ ਅਤੇ ਕਾਮ ਤ੍ਰਿਪਤੀ ਦੇ ਚਾਹਵਾਨ। ਏਧਰ ਰਿਸ਼ੀ ਪਤਨੀਆਂ ਵੀ ਸ਼ਿਵ ਨੂੰ ਇਸ ਹਾਲਤ ਵਿੱਚ ਵੇਖ ਕੇ ਉਤੇਜਤ ਹੋਈਆਂ ਫਿਰਨ। ਰਿਸ਼ੀ ਵਾਪਸ ਆਏ ਤਾਂ ਇਹ ਕੁ-ਦ੍ਰਿਸ਼ ਦੇਖ ਕੇ ਰੋਹਵਾਨ ਹੋਏ ਅਤੇ ਸ਼ਿਵ ਨੂੰ ਬੇਹਯਾਈ ਦੇ ਬਦਲੇ ਨਰ-ਅੰਗ ਟੁਟਣ ਦਾ ਸਰਾਪ ਦੇ ਦਿੱਤਾ। ਨਰ-ਅੰਗ ਧਰਤੀ ਤੇ ਡਿੱਗ ਪਿਆ, ਤੇ ਉਸ ਵਿਚੋਂ ਅੱਗ ਭੜਕ ਉਠੀ ਤੇ ਤ੍ਰਿਲੋਕੀ ਸੜਨ ਲੱਗੀ। ਸਾਰੇ ਹਾਹਾਕਾਰ ਮੱਚ ਗਈ। ਦੇਵਤੇ ਅਤੇ ਰਿਸ਼ੀ ਭੈ-ਭੀਤ ਹੋਏ ਬ੍ਰਹਮਾ ਪਾਸ ਗਏ ਅਤੇ ਉਸਦੀ ਸਲਾਹ ਨਾਲ ਸ਼ਿਵਜੀ ਨੂੰ ਮਿਲੇ ਜੋ ਕਿ ਬਹੁਤ ਕ੍ਰੋਧ ਵਿੱਚ ਸਨ। ਆਖਿਰ ਸਾਰੇ ਮਿਲ ਕੇ ਪਾਰਵਤੀ ਦੀਆਂ ਮਿੰਨਤਾਂ ਕਰਨ ਲਗੇ। ਜਿਨ੍ਹਾਂ ਦੀ ਅਰਜ਼ੋਈ ਮੰਨ ਕੇ ਲਟਲਟਾਂਦੇ ਨਰ-ਅੰਗ ਨੂੰ ਪਾਰਵਤੀ ਨੇ ਯੋਨੀ ਰੂਪ ਹੋ ਕੇ ਸਦਾ ਲਈ ਧਾਰਨ ਕਰ ਲਿਆ। ਏਥੋਂ ਹੀ ਪੱਥਰ ਦੇ ਲਿੰਗ ਦੀ ਪੂਜਾ ਪ੍ਰਚੱਲਿਤ ਹੋਈ ਦੱਸੀ ਜਾਂਦੀ ਹੈ।''

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਇਸੇ ਹੀ ਪੱਥਰ ਅਤੇ ਲਿੰਗ ਦੀ ਪੂਜਾ ਦਾ ਖੰਡਨ ਕਰਦੇ ਹੋਏ ਫੁਰਮਾਉਂਦੇ ਹਨ :

*ਕਾਹੂ ਲੈ ਪਾਹਨ ਪੂਜ ਧਰਯੋ ਸਿਰ, ਕਾਹੂ ਲੈ ਲਿੰਗ ਗਰੇ ਲਟਕਾਇਓ॥*

ਇਹ ਸ਼ਿਵ ਜੀ ਹੀ ਸਨ ਜਿਨ੍ਹਾਂ ਨੂੰ ਮੋਦੀ ਨਾਮ ਦੇ ਇਕ ਭਗਤ ਨੇ ਆਪਣੇ ਘਰ ਖਾਣੇ ਵਾਸਤੇ ਬੁਲਾਇਆ। ਉਸ ਮੋਦੀ ਦੇ ਛੋਟੇ ਜਿਹੇ ਲੜਕੇ ਨੇ ਸ਼ਿਵ ਅੱਗੇ ਰੱਖੇ ਖਾਣੇ ਵਾਲੇ ਥਾਲ ਨੂੰ ਹੱਥ ਲਗਾ ਦਿੱਤਾ। ਹੱਥ ਲਗਣ ਨਾਲ ਖਾਣਾ ਭਿੱਟੇ ਜਾਣ ਤੋਂ ਕ੍ਰੋਧਵਾਨ ਹੋ ਕੇ ਸ਼ਿਵ ਨੇ ਮੋਦੀ ਦੇ ਉਸ ਛੋਟੇ ਜਿਹੇ

ਬਾਲਕ ਦਾ ਕਤਲ ਕਰ ਦਿੱਤਾ। ਗੁਰਬਾਣੀ ਵਿੱਚ ਇਸ ਦਾ ਜ਼ਿਕਰ ਇਸ ਤਰ੍ਹਾਂ ਮਿਲਦਾ ਹੈ:

ਪਾਂਡੇ ਤੁਮਰਾ ਮਹਾਦੇਉ ਧਉਲੇ ਬਲਦ ਚੜਿਆ ਆਵਤੁ ਦੇਖਿਆ ਥਾ॥
ਮੋਦੀ ਕੇ ਘਰ ਖਾਣਾ ਪਾਕਾ ਵਾ ਕਾ ਲੜਕਾ ਮਾਰਿਆ ਥਾ॥ ੨॥

(ਗੋਂਡ ਨਾਮਦੇਉ ਜੀ, ਪੰਨਾ ੮੭੪)

ਗੁਰਬਾਣੀ ਵਿੱਚ ਇਸ ਮਹਾਂਦੇਵ ਨੂੰ ਕੋਈ ਵੱਖਰਾ ਜਾਂ ਸ੍ਰੇਸ਼ਟ ਅਵਤਾਰ ਕਰਿ ਨਹੀਂ ਜਾਣਿਆ ਸਗੋਂ ਬਾਕੀ ਦੋ ਅਵਤਾਰਾਂ (ਬ੍ਰਹਮਾ, ਵਿਸ਼ਨੂੰ) ਵਾਂਗ ਕਾਲ ਚੱਕਰ ਵਿੱਚ ਫਾਹਿਆ ਹੋਇਆ ਅਤੇ ਬੇਅੰਤ ਪ੍ਰਮਾਤਮਾ ਦਾ ਅੰਤ ਲੈਣ ਤੋਂ ਅਸਮਰੱਥ ਹੀ ਵਿਖਾਇਆ ਹੈ:

ਬ੍ਰਹਮਾ ਬਿਸਨੁ ਮਹੇਸੁ ਦੇਵ ਉਪਾਇਆ॥
ਬ੍ਰਹਮੇ ਦਿਤੇ ਬੇਦ ਪੂਜਾ ਲਾਇਆ॥
ਦਸ ਅਵਤਾਰੀ ਰਾਮੁ ਰਾਜਾ ਆਇਆ॥
ਦੈਤਾ ਮਾਰੇ ਧਾਇ ਹੁਕਮਿ ਸਬਾਇਆ॥
ਈਸ ਮਹੇਸੁਰੁ ਸੇਵ ਤਿਨੀ ਅੰਤੁ ਨ ਪਾਇਆ॥

(ਮਲਾਰ ਵਾਰ ਮ: ੧, ਪੰਨਾ ੧੨੭੯)

ਹਿੰਦੂਆਂ ਦੇ ਧਾਰਮਿਕ ਗ੍ਰੰਥਾਂ ਅਨੁਸਾਰ ਸ਼ਿਵ ਤਮੋ ਗੁਣੀ ਸ਼ਕਤੀਆਂ ਦਾ ਮਾਲਕ ਹੈ। ਭਾਈ ਗੁਰਦਾਸ ਜੀ ਇਸ ਬਾਰੇ ਬਿਆਨ ਕਰਦੇ ਹਨ :

ਮਹਾਂਦੇਉ ਅਉਧੂਤੁ ਹੋਇ ਤਾਮਸ ਅੰਦਰਿ ਜੋਗੁ ਨ ਜਾਣੈ।
ਭੈਰੋ ਭੂਤ ਕਸੂਤ ਵਿਚਿ ਖੇਤ੍ਰਪਾਲ ਬੇਤਾਲ ਪਿਛਾਣੈ।
ਅਕੁ ਧਤੂਰਾ ਖਾਵਣਾ ਰਾਤੀ ਵਾਸਾ ਮੜੀ ਮਸਾਣੈ।
ਪੈਨੈ ਹਾਥੀ ਸੀਹ ਖਲ ਡਉਰੂ ਵਾਇ ਕਰੈ ਹੈਰਾਣੈ।
ਨਾਥਾ ਨਾਥੁ ਸਦਾਇਦਾ ਹੋਇ ਅਨਾਥੁ ਨ ਹਰਿ ਰੰਗੁ ਮਾਣੈ।
ਸਿਰਠਿ ਸੰਘਾਰੈ ਤਾਮਸੀ ਜੋਗੁ ਨ ਭੋਗੁ ਨ ਜੁਗਤਿ ਪਛਾਣੈ।
ਗੁਰਮੁਖਿ ਸੁਖ ਫਲੁ ਸਾਧ ਸੰਗਾਣੈ॥ ੯॥

(ਭਾਈ ਗੁਰਦਾਸ, ਵਾਰ ੧੨/੯)

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਫੁਰਮਾਉਂਦੇ ਹਨ ਕਿ ਇਨ੍ਹਾਂ ਅਖੌਤੀ ਅਵਤਾਰਾਂ ਦੀ ਕੋਈ ਹੋਂਦ ਨਹੀਂ ਹੈ, ਬਲਕਿ ਅੰਤ ਇਨ੍ਹਾਂ ਨੇ ਵੀ ਕਾਲ-ਵੱਸ ਹੋਣਾ ਹੈ, ਇਨ੍ਹਾਂ ਦੀ ਪੂਜਾ ਅਰਚਾ ਨਿਰਮੂਲ ਹੈ:

ਬ੍ਰਹਮ ਮਹੇਸਰ ਬਿਸਨ ਸਚੀਪਤਿ ਅੰਤ ਫਸੇ ਜਮ ਫਾਸ ਪਰੈਂਗੇ॥

(ਤ੍ਵੈਪ੍ਰਸਾਦਿ ਸਵੈਯੇ)

ਸ਼ਿਵ ਵਰਗੇ ਤਾਂ ਅਨੇਕਾਂ ਅਵਤਾਰ ਰੂਪ ਵਿੱਚ ਇਸ ਬ੍ਰਹਿਮੰਡ ਉਪਰ ਪੈਦਾ ਹੋਏ ਅਤੇ ਫਿਰ

ਕਾਲ-ਵੱਸ ਹੋ ਗਏ,

*ਏਕ ਸਿਵ ਭਏ ਏਕ ਗਏ ਫੇਰ ਏਕ ਭਏ,*
*ਰਾਮਚੰਦ੍ਰ ਕ੍ਰਿਸਨ ਕੇ ਅਵਤਾਰ ਭੀ ਅਨੇਕ ਹੈਂ॥*

(ਅਕਾਲ ਉਸਤਤਿ)

ਮਹਾਂਦੇਵ ਦੀ ਕੋਈ ਆਪਣੀ ਨਿਵੇਕਲੀ ਹਸਤੀ ਨਹੀਂ ਬਲਕਿ ਦੇਵਾਂ ਦਾ ਦੇਵ ਮਹਾਂਦੇਵ ਕੇਵਲ ਇਕ ਸਤਿਸਰੂਪ ਅਕਾਲ ਪੁਰਖ ਹੀ ਹੈ:

*ਦੇਵਨ ਕੇ ਦੇਵ ਮਹਾਦੇਵ ਹੂੰ ਕੇ ਦੇਵ ਨਾਥ*
*ਭੂਮ ਕੇ ਭੁਜੱਯਾ ਹੈਂ ਮੁਹੱਯਾ ਮਹਾਬਾਲ ਕੇ॥*

(ਅਕਾਲ ਉਸਤਿਤ ਪਾਤ: ੧੦)

*ਕੜਾਹ ਪ੍ਰਸ਼ਾਦਿ ਲਈ ਘਿਉ ਭੇਟ ਕਰਨ ਵਾਲੇ ਬ੍ਰਹਮਾ ਜੀ:*-ਪੁਰਾਣਾਂ ਦੇ ਅਨੁਸਾਰ ਬ੍ਰਹਮਾ ਦੀ ਉਤਪਤੀ ਵਿਸ਼ਨੂੰ ਜੀ ਦੀ ਨਾਭੀ (ਧੁੰਨੀ) ਤੋਂ ਨਿਕਲੇ ਕਮਲ ਫੁੱਲ ਤੋ ਹੋਈ। ਕੁਝ ਸਰੋਤਾਂ ਅਨੁਸਾਰ ਬ੍ਰਹਮਾ ਨੇ ਆਪਣੀ ਹੀ ਸਪੁਤਰੀ ਸਰਸਵਤੀ ਨਾਲ ਸੰਭੋਗ ਕਰ ਜਗਤ ਰਚਨਾ ਕੀਤੀ। ਕੁਝ ਸਰੋਤ ਦਸਦੇ ਹਨ ਕਿ ਆਪਣੀ ਸੁੰਦਰ ਪੁਤਰੀ ਸਰਸਵਤੀ ਦਾ ਸੁੰਦਰ ਰੂਪ ਤੱਕ ਕੇ ਕਾਮ ਉਤੇਜਿਤ ਹੋ ਗਏ ਅਤੇ ਸਾਰੇ ਰਿਸ਼ੀਆਂ ਨੇ ਉਸਨੂੰ ਸਮਝਾਇਆ ਕਿ ਐਸਾ ਦੁਸ਼ਕਰਮ ਨਾ ਕਰਨ।

ਇਕ ਸਰੋਤ ਵਿੱਚ ਇਸਦਾ ਜ਼ਿਕਰ ਇਵੇਂ ਹੈ:

*ਵਾਚੰ ਦੁਹਿਤਰੰ ਤਨਵੀਂ ਸਵਯ ਭੂਰ ਹਰਤੀ ਮਨ:॥*
*ਅਕਾਮਾ ਚਕਮੇਂ ਕਸ਼ਤ੍ਰ: ਸਕਾਮ ਇਤੀ ਨ: ਸ਼ਰੁਤਮ॥ ੨੮॥*
*ਤਮਧਰਮੇ ਕ੍ਰਿਤ ਮਤ ਵਿਲੋਕਯ ਪਿਤਰ ਸੁਤਾ॥*
*ਮਰੀਚ ਮੁਖਿਆ ਮਨੁਯੋ ਵਿਸ਼ਰੰਭਤ ਪ੍ਰਤਿਆਬੋਧਨ॥ ੨੯॥*

(ਸ੍ਰੀ ਮਦਭਾਗਵਤ, ਤੀਸਰਾ ਸਕੰਦ ਅਧਿਆਇ ੧੨)[5]

*ਅਰਥਾਤ:*-ਮੈਤ੍ਰੇਯਾ ਆਖਦੇ ਹਨ ਕਿ ਅਸੀਂ ਲੋਕਾਂ ਨੇ ਸੁਣਿਆ ਕਿ ਬ੍ਰਹਮਾ ਨੇ ਆਪਣੀ ਕਾਮ ਰਹਿਤ ਮਨੋਹਰ ਕੰਨਿਆ ਸਰਸਵਤੀ ਦੀ ਕਾਮਨਾ ਕਾਮਉਤੇਜਿਤ ਹੋ ਕੇ ਕੀਤੀ॥ 28॥

ਪਿਤਾ ਬ੍ਰਹਮਾ ਦੀ ਇਸ ਅਧਰਮੀ ਬੁਧੀ ਨੂੰ ਵੇਖ ਕੇ ਮੁਨੀਆਂ ਦੇ ਮੁਖੀ ਮਰੀਚ ਆਦਿ ਨੇ ਸਮਝਾਇਆ ਕਿ ਪਿਤਾ-ਪੁਤਰੀ (ਪਿਤਰ-ਸੁਤਾ) ਸੰਭੋਗ ਧਰਮ ਅਨੁਸਾਰ ਨਹੀਂ ਹੈ॥ 29॥

ਕੁਝ ਸਰੋਤਾਂ ਅਨੁਸਾਰ ਬ੍ਰਹਮਾ ਜੀ ਦੀਆਂ ਦੋ ਸਪੁਤਰੀਆਂ ਸੁਰਸਤੀ (ਸਰਸਵਤੀ) ਅਤੇ ਤਲੋਤਮਾ ਸਨ। ਸਰਸਵਤੀ ਨੇ ਆਪਣੇ ਆਪ ਨੂੰ ਛੁਪਾਉਣਾ ਚਾਹਿਆ, ਖੱਬੇ ਸੱਜੇ ਹੋਈ ਤਾਂ ਬ੍ਰਹਮਾ ਜੀ ਨੇ ਆਪਣੀ ਸ਼ਕਤੀ ਨਾਲ ਚਾਰ ਮੁੱਖ ਬਣਾ ਲਏ (ਇਸੇ ਕਰਕੇ ਹੀ ਬ੍ਰਹਮਾ ਜੀ ਨੂੰ ਚਤਰਮੁੱਖੀ ਜਾਂ ਚਤੁਰਾਨਨ ਵੀ ਕਿਹਾ ਜਾਂਦਾ ਹੈ, ਮੁਖਚਾਰ ਭੀ ਆਖਿਆ ਜਾਂਦਾ ਹੈ) ਅਖੀਰ ਤੰਗ ਆ ਕੇ ਸੁਰਸਵਤੀ ਅਕਾਸ਼ ਨੂੰ ਉਡਣ ਲੱਗੀ ਤਾਂ ਬ੍ਰਹਮਾ ਜੀ ਨੇ ਸਿਰ ਉਪਰ ਪੰਜਵਾਂ ਮੁੱਖ ਬਣਾ ਕੇ ਉਸ

ਨੂੰ ਕਾਮਵਾਸ਼ਨਾਂ ਅਧੀਨ ਤੱਕਣਾ ਸ਼ੁਰੂ ਕੀਤਾ। ਜਦੋਂ ਸ਼ਿਵ ਜੀ ਨੂੰ ਇਸ ਬਾਬਤ ਪਤਾ ਲੱਗਾ ਤਾਂ ਉਨ੍ਹਾਂ ਗੁੱਸੇ ਨਾਲ ਬ੍ਰਹਮਾ ਦੇ ਉਪਰਲੇ ਸਿਰ ਤੇ ਚਪੇੜ ਕੱਢ ਮਾਰੀ ਪਰ ਬ੍ਰਹਮਾ ਜੀ ਦੀ ਸ਼ਕਤੀ ਦੇ ਨਾਲ ਸ਼ਿਵ ਦਾ ਹੱਥ ਬ੍ਰਹਮਾ ਦੇ ਮੂੰਹ ਨਾਲ ਹੀ ਜੁੜ ਗਿਆ। ਇਸ ਤੋਂ ਅਗਲਾ ਵਾਰ ਕਰਦਿਆਂ ਸ਼ਿਵ ਨੇ ਤ੍ਰਿਸ਼ੂਲ ਨਾਲ ਬ੍ਰਹਮਾ ਦਾ ਸਿਰ ਹੀ ਕੱਟ ਦਿੱਤਾ, ਪਰੰਤੂ ਉਹ ਸਿਰ ਹੱਥ ਨਾਲੋਂ ਵੱਖ ਨਾ ਹੋਇਆ। ਸ਼ਿਵ ਕਿੰਨਾ ਸਮਾਂ ਉਸ ਨੂੰ ਹੱਥ ਨਾਲ ਹੀ ਲਈ ਫਿਰਦਾ ਰਿਹਾ, ਅਖੀਰ ਕਪਾਲ ਮੋਚਨ ਤੀਰਥ ਤੇ ਇਸ਼ਨਾਨ ਕਰਨ ਨਾਲ ਉਹ ਸਿਰ ਹੱਥ ਨਾਲੋਂ ਵੱਖ ਹੋਇਆ। ਬ੍ਰਹਮਾ ਜੀ ਵਲੋਂ ਆਪਣੀ ਬੇਟੀ ਸੁਰਸਤੀ (ਸਰਸਵਤੀ) ਉਪਰ ਮੋਹਿਤ ਹੋ ਜਾਣ ਦਾ ਜ਼ਿਕਰ ਕਰਕੇ ਭਾਈ ਗੁਰਦਾਸ ਜੀ ਲਿਖਦੇ ਹਨ:

ਬ੍ਰਹਮਾ ਵਡਾ ਅਖਾਇਦਾ ਨਾਭਿ ਕੰਵਲ ਦੀ ਨਾਲਿ ਸਮਾਣਾ।  
ਆਵਾ ਗਵਣੁ ਅਨੇਕ ਜੁਗ ਓੜਕ ਵਿਚਿ ਹੋਆ ਹੈਰਾਣਾ।  
ਓੜਕੁ ਕੀਤੁਸੁ ਆਪਣਾ ਆਪ ਗਣਾਇਐ ਭਰਮਿ ਭੁਲਾਣਾ।  
ਚਾਰੇ ਵੇਦ ਵਖਾਣਦਾ ਚਤੁਰਮੁਖੀ ਹੋਇ ਖਰਾ ਸਿਆਣਾ।  
ਲੋਕਾਂ ਨੂੰ ਸਮਝਾਇੰਦਾ ਵੇਖਿ ਸੁਰਸਤੀ ਰੂਪ ਲੋਭਾਣਾ।  
ਚਾਰੇ ਵੇਦ ਗਵਾਇ ਕੈ ਗਰਬੁ ਗਰੂਰੀ ਕਰਿ ਪਛਤਾਣਾ।  
ਅਕਥ ਕਥਾ ਨੇਤ ਨੇਤ ਵਖਾਣਾ॥ ੭॥

(ਭਾਈ ਗੁਰਦਾਸ ਜੀ, ਵਾਰ ੧੨/੭)

ਐਸੀਆਂ ਅਵਤਾਰਾਂ ਲੀਲਾਵਾਂ ਵਿੱਚ ਤਾਂ ਬੇਸ਼ਕ ਮਹਾਂਦੇਵ ਵੀ ਘੱਟ ਨਹੀਂ ਸਨ ਪਰੰਤੂ ਬ੍ਰਹਮਾ ਦਾ ਸਿਰ ਵੱਢ ਕੇ ਤਾਂ ਉਹ ਆਪਣੇ ਵਿਆਹ ਸਮੇਂ ਦਾ ਇਕ ਬਦਲਾ ਵੀ ਸ਼ਾਇਦ ਲੈਣਾ ਚਾਹੁੰਦੇ ਹੋਣਗੇ। ਜੋ ਇਸ ਤਰ੍ਹਾਂ ਹੈ ਕਿ ਸ਼ਿਵ ਪੁਰਾਣ ਦੇ ਪੂਰਬਾਰਧ, ਖੰਡ ਦੂਜਾ ਅਧਿਆਇ 14 ਦੇ ਉਪਰ ਬ੍ਰਹਮਾ ਜੀ ਆਪਣੇ ਪੁੱਤਰ ਨਾਰਦ ਨੂੰ ਆਪਣੀ ਹੱਡਬੀਤੀ ਦੱਸਦੇ ਆਖਦੇ ਹਨ'

''ਜਦੋਂ ਸ਼ਿਵ ਅਤੇ ਪਾਰਵਤੀ ਦੀਆਂ ਵੇਦ ਰੀਤੀ ਅਨੁਸਾਰ ਲਾਵਾਂ ਹੋਣ ਲੱਗੀਆਂ। ਉਸ ਸਮੇਂ ਇਕ ਬੜੀ ਭਿਆਨਕ ਘਟਨਾ ਵਾਪਰੀ। ਜਦੋਂ ਸ਼ਿਵ ਜੀ ਅਤੇ ਪਾਰਵਤੀ ਦੀਆਂ ਲਾਵਾਂ ਹੋ ਰਹੀਆਂ ਸਨ ਤਾਂ ਉਸ ਸਮੇਂ ਸਤੀ (ਪਾਰਵਤੀ) ਜੀ ਦਾ ਇਕ ਪੈਰ ਮੇਰੇ ਨਜ਼ਰੀਂ ਪਿਆ ਜਿਸ ਨੂੰ ਵੇਖ ਕੇ ਮੈਂ ਮੋਹਿਤ ਹੋ ਗਿਆ ਅਤੇ ਮੇਰੀ ਬੁੱਧੀ ਭ੍ਰਿਸ਼ਟ ਹੋ ਗਈ। ਮੈਂ ਕਾਮ ਦੇ ਜਾਲ ਵਿੱਚ ਸ਼ਿਵ ਜੀ ਨੂੰ ਫਸਾਂਦਾ-ਫਸਾਂਦਾ ਆਪ ਹੀ ਫਸ ਗਿਆ। ਇਸ ਦਸ਼ਾ ਵਿੱਚ ਸਤੀ ਦਾ ਰੂਪ ਦੇਖਣ ਲਈ ਇਕ ਐਸੀ ਵਿਉਂਤ ਸੋਚੀ। ਮੈਂ ਇਕ ਗਿੱਲੀ ਲੱਕੜ ਅੱਗ ਵਿੱਚ ਪਾ ਦਿੱਤੀ ਜਿਸ ਨਾਲ ਸਾਰੇ ਪਾਸੇ ਧੂੰਆਂ ਹੀ ਧੂੰਆਂ ਫੈਲ ਗਿਆ। ਸ਼ਿਵ ਜੀ ਦੀਆਂ ਅੱਖਾਂ ਵਿੱਚ ਧੂੰਆਂ ਲੱਗਣ ਨਾਲ ਪਾਣੀ ਵੱਗਣ ਲੱਗ ਪਿਆ। ਉਹ ਹੰਝੂ ਪੂੰਝਣ ਲਗ ਪਏ ਤਾਂ ਮੈਂ ਸਤੀ ਦਾ ਘੁੰਡ ਚੁੱਕ ਕੇ ਉਸ ਦਾ ਰੂਪ ਵੇਖ ਲਿਆ। ਐਸਾ ਸੁੰਦਰ ਸਰੂਪ ਵੇਖ ਕੇ ਮੈਂ ਕਾਮ ਅਧੀਨ ਹੋ ਗਿਆ ਅਤੇ ਆਪਣਾ ਧਰਮ ਕਰਮ ਸਭ ਕੁਝ ਭੁੱਲ ਗਿਆ। ਉਸ ਸਮੇਂ ਮੇਰਾ ਵੀਰਜ ਧਰਤੀ ਤੇ ਡਿੱਗ ਪਿਆ। ਮੈਂ ਬੜਾ ਯਤਨ ਕਰਕੇ ਇਸ ਦਸ਼ਾ ਨੂੰ ਬਹੁਤ

ਛੁਪਾਇਆ, ਪਰ ਸ਼ਿਵ ਜੀ ਨੇ ਆਪਣੀ ਦਿਬਦ੍ਰਿਸ਼ਟੀ ਨਾਲ ਸਭ ਕੁਝ ਵੇਖ ਲਿਆ। ਮੈਨੂੰ ਬਹੁਤ ਧ੍ਰਿਕਾਰ ਪਾਈ। ਸ਼ਿਵ ਜੀ ਨੇ ਬੜੇ ਕਰੋਧ ਵਿੱਚ ਆ ਕੇ ਕਿਹਾ ਕਿ ਤੂੰ ਵੇਦ ਰੀਤ ਭੁਲਾ ਕੇ ਐਸਾ ਨੀਚ ਕਰਮ ਕੀਤਾ ਹੈ। ਗੁੱਸੇ ਵਿਚ ਆ ਕੇ ਸ਼ਿਵ ਨੇ ਆਪਣਾ ਤ੍ਰਿਸ਼ੂਲ ਚੁਕ ਲਿਆ............ਸ਼ਿਵ ਨੇ ਬੜੇ ਕ੍ਰੋਧ ਨਾਲ ਕਿਹਾ ਅੱਜ ਅਸਾਂ ਇਸ ਬ੍ਰਹਮਾ ਨੂੰ ਜ਼ਰੂਰ ਮਾਰ ਦੇਣਾ ਹੈ...........ਵਿਸ਼ਨੂੰ ਜੀ ਨੇ ਮੈਨੂੰ ਸ਼ਿਵ ਜੀ ਦੇ ਚਰਨਾਂ ਤੇ ਪਾ ਦਿੱਤਾ.........ਸਤੀ ਨੇ ਤਰਸ ਖਾ ਕੇ ਆਪਣਾ ਹੱਥ ਮੇਰੇ ਸਿਰ ਤੇ ਰੱਖਿਆ ਤੇ ਮੈਨੂੰ ਖਿਮਾਂ ਕਰ ਦਿੱਤਾ। ਫਿਰ ਸ਼ਿਵ ਜੀ ਦਾ ਕ੍ਰੋਧ ਸ਼ਾਂਤ ਹੋ ਗਿਆ।

(ਸ਼ਿਵ ਪੁਰਾਣ ਪੰਨਾ-੬੬)

(ਇਥੇ ਹੈਰਾਨਗੀ ਦੀ ਗੱਲ ਹੈ ਕਿ ਪਾਰਵਤੀ ਜੀ ਨੇ ਉਸ ਸਮੇਂ ਬ੍ਰਹਮਾ ਜੀ ਨੂੰ ਖ਼ੁਦ ਕਿਉਂ ਨਾ ਝਿੜਕਿਆ ਜਦੋਂ ਬ੍ਰਹਮਾ ਜੀ ਨੇ ਘੁੰਢ ਚੁੱਕ ਉਸ ਦਾ ਮੁੱਖੜਾ ਤੱਕਿਆ ਸੀ)।

ਵੈਸੇ ਬ੍ਰਹਮਾ ਜੀ ਨੂੰ ਚੋਰੀ ਦੀ ਆਦਤ ਵੀ ਸੀ ਭਾਗਵਤ ਪੁਰਾਣ ਵਿੱਚ ਜ਼ਿਕਰ ਆਉਂਦਾ ਹੈ ਕਿ ਕਈ ਵਾਰ ਬ੍ਰਹਮਾ ਜੀ ਨੇ ਕ੍ਰਿਸ਼ਨ ਜੀ ਦੇ ਵੱਛੇ ਚੁਰਾਏ ਸਨ ਤੇ ਰਮਾਇਣ ਵਿੱਚ ਜ਼ਿਕਰ ਮਿਲਦਾ ਹੈ ਕਿ ਬ੍ਰਹਮਾ ਜੀ ਕਈ ਵਾਰ ਰਾਮ ਦੀ ਉਸਤਤਿ ਕਰਨ ਰਾਮ ਦਰਬਾਰ ਵੀ ਕਈ ਵਾਰ ਆਇਆ ਸੀ।

ਐਸੇ ਕਾਲ ਚੱਕਰ ਵਿੱਚ ਫਸੇ ਹੋਏ ਬ੍ਰਹਮਾ ਵਰਗੇ (ਮੁਖਚਾਰ) ਅਵਤਾਰਾਂ ਬਾਰੇ ਗੁਰੂ ਗੋਬਿੰਦ ਸਿੰਘ ਜੀ ਫੁਰਮਾਉਂਦੇ ਹਨ ਕਿ ਉਸ ਅਕਾਲ ਪੁਰਖ ਦੇ ਦਰਬਾਰ ਤੇ ਅਨੇਕਾਂ ਇੰਦ੍ਰ, ਕਈ ਚੌਹ ਮੂੰਹਾਂ ਵਾਲੇ ਬ੍ਰਹਮੇ ਅਤੇ ਕਈ ਰਾਮ ਤੇ ਕਈ ਕ੍ਰਿਸ਼ਨ ਬੈਠੇ ਹਨ, ਪਰੰਤੂ ਉਸ ਦਾ ਅੰਤ ਨਹੀਂ ਪਾ ਸਕਦੇ:

*ਕੇਤੇ ਇੰਦ੍ਰ ਦੁਆਰ ਕੇਤੇ ਬ੍ਰਹਮਾ ਮੁਖਚਾਰ*
*ਕੇਤੇ ਕ੍ਰਿਸਨਾ ਅਵਤਾਰ ਕੇਤੇ ਰਾਮ ਕਹੀਅਤੁ ਹੈਂ॥*

(ਅਕਾਲ ਉਸਤਤਿ, ਪਾਤ: ੧੦)

*ਕਈ ਬੇਦ ਬਿਆਸ ਬ੍ਰਹਮਾ ਅਨੰਤ॥*
*ਜਿਹ ਨੇਤਿ ਨੇਤਿ ਨਿਸ ਦਿਨ ਉਚਰੰਤ॥ ੧੨॥ ੨੮੨॥*

(ਅਕਾਲ ਉਸਤਤਿ, ਪਾਤ: ੧੦)

*ਬ੍ਰਹਮਾ ਅਰੁ ਬਿਸਨ ਕੇਤੇ ਬੇਦ ਔ ਪੁਰਾਨ ਕੇਤੇ*
*ਸਿੰਮ੍ਰਿਤ ਸਮੂਹਨ ਕੈ ਹੁਇ ਹੁਇ ਬਿਤਏ ਹੈਂ॥*

(ਅਕਾਲ ਉਸਤਤਿ, ਪਾਤ: ੧੦)

ਗੁਰੂ ਗ੍ਰੰਥ ਸਾਹਿਬ ਵਿੱਚ ਇਸ ਅਵਤਾਰਵਾਦ ਦਾ ਪੂਰਨ ਖੰਡਨ ਕੀਤਾ ਗਿਆ ਹੈ ਅਤੇ ਕੇਵਲ ਅਕਾਲ ਪੁਰਖ ਦੀ ਸਤਿ-ਸਰੂਪ ਹੋਂਦ ਨੂੰ ਸਵੀਕਾਰਿਆ ਗਿਆ ਹੈ:

ਬ੍ਰਹਮਾ ਬਿਸਨੁ ਮਹੇਸੁ ਨ ਕੋਈ॥ ਅਵਰੁ ਨ ਦੀਸੈ ਏਕੋ ਸੋਈ॥

(ਗੁਰੂ ਗ੍ਰੰਥ ਸਾਹਿਬ, ਪੰਨਾ ੧੦੩੫)

## ਸਮੁੱਚੇ ਰੂਪ ਵਿੱਚ ਗੁਰਬਾਣੀ ਵਿੱਚ ਤ੍ਰਿਮੂਰਤੀ ਅਵਤਾਰਾਂ ਬਾਰੇ ਫੈਸਲਾ:-

ਪਾਵਨ ਗੁਰਬਾਣੀ ਵਿੱਚ ਗੁਰੂ ਸਹਿਬਾਨ ਨੇ ਇਨ੍ਹਾਂ ਤ੍ਰਿਮੂਰਤ ਅਵਤਾਰਾਂ ਨੂੰ ਰੱਬ ਸਰੂਪ ਨਹੀਂ ਮੰਨਿਆ ਬਲਕਿ ਮ੍ਰਿਤ ਮੰਡਲ ਅਧੀਨ ਸੰਚਾਲਿਤ, ਕਾਲ ਚੱਕਰ ਵਿੱਚ ਫਸੇ ਤ੍ਰੈਗੁਣੀ ਸ਼ਕਤੀਆਂ (ਰਜੋ ਤਮੋ ਸਤੋ) ਦੇ ਉਪਾਸ਼ਕ ਹੀ ਦੱਸੇ ਹਨ। ਇਹ ਸਾਰੇ ਹੀ ਕਾਲ ਦੀ ਫਾਹੀ ਤੋਂ ਮੁਕਤ ਨਹੀਂ ਹਨ। ਇਹ ਅਵਤਾਰ ਖ਼ੁਦ ਅਕਾਲ ਪੁਰਖ ਦੀ ਰਜ਼ਾ ਅਧੀਨ ਚੱਲ ਰਹੇ ਕਾਲ ਚੱਕ੍ਰ ਤੋਂ ਮੁਕਤ ਨਹੀਂ ਹਨ:

ਪ੍ਰਥਮੇ ਬ੍ਰਹਮਾ ਕਾਲੈ ਘਰਿ ਆਇਆ॥
ਬ੍ਰਹਮ ਕਮਲੁ ਪਇਆਲਿ ਨ ਪਾਇਆ॥
ਆਗਿਆ ਨਹੀਂ ਲੀਨੀ ਭਰਮਿ ਭੁਲਾਇਆ॥ ੧॥
ਜੋ ਉਪਜੈ ਸੋ ਕਾਲਿ ਸੰਘਾਰਿਆ॥
ਹਮ ਹਰਿ ਰਾਖੇ ਗੁਰ ਸਬਦੁ ਬੀਚਾਰਿਆ॥

(ਗੁਰੂ ਗ੍ਰੰਥ ਸਾਹਿਬ, ਪੰਨਾ ੨੨੭)

ਸਨਕ ਸਨੰਦਨ ਸਿਵ ਸੁਕਾਦਿ॥ ਨਾਭਿ ਕਮਲ ਜਾਨੇ ਬ੍ਰਹਮਾਦਿ॥
ਕਬਿ ਜਨ ਜੋਗੀ ਜਟਾਧਾਰਿ॥ ਸਭ ਆਪਨ ਅਉਸਰ ਚਲੇ ਸਾਰਿ॥

(ਬਸੰਤ ਕਬੀਰ ਜੀ, ਪੰਨਾ ੧੧੯੪)

ਗੁਰੂ ਗੋਬਿੰਦ ਸਿੰਘ ਮਹਾਰਾਜ ਇਨ੍ਹਾਂ ਅਵਤਾਰਾਂ ਦੇ ਕਾਲ ਅਧੀਨ ਹੋਣ ਬਾਬਤ ਲਿਖਦੇ ਹਨ:

ਕਾਲ ਪਾਇ ਬ੍ਰਹਮਾ ਬਪੁ ਧਰਾ॥ ਕਾਲ ਪਾਇ ਸਿਵਜੂ ਅਵਤਰਾ॥
ਕਾਲਿ ਪਾਇ ਕਰਿ ਬਿਸਨ ਪ੍ਰਕਾਸਾ॥ ਸਕਲ ਕਾਲ ਕਾ ਕੀਆ ਤਮਾਸਾ॥੭॥

(ਚੌਪਈ ਪਾਤ: ੧੦)

ਕਾਲ ਹੀ ਪਾਇ ਭਯਿਓ ਬ੍ਰਹਮਾ ਗਹਿ ਦੰਡ ਕਮੰਡਲ ਭੂਮ ਭ੍ਰਮਾਨਜੋ॥
ਕਾਲ ਹੀ ਪਾਇ ਸਦਾ ਸ਼ਿਵਜੂ ਸਭ ਦੇਸ ਬਿਦੇਸੁ ਭਇਆ ਹਮ ਜਾਨਜੋ॥
ਕਾਲ ਹੀ ਪਾਇ ਭਯੋ ਮਿਟ ਗਯੋ ਜਗ ਯਾਂਹੀ ਤੇ ਤਾਹਿ ਸਭੋ ਪਹਿਚਾਨਜੋ॥
ਬੇਦ ਕਤੇਬ ਕੇ ਭੇਦ ਸਭੈ ਤਜਿ ਕੇਵਲ ਕਾਲ ਕ੍ਰਿਪਾਨਿਧਿ ਮਾਨਜੋ॥

(ਤੇਤੀ ਸਵੱਯੇ ਪਾਤ: ੧੦)

ਬਿਨ ਹਰਿ ਨਾਮ ਨ ਬਾਚਨ ਪੈਹੈ॥
ਚੌਦਹਿ ਲੋਕ ਜਾਹਿ ਬਸ ਕੀਨੇ ਤਾਂਤੇ ਕਹਾ ਪਲੈ ਹੈ॥ ੧॥ ਰਹਾਉ॥
ਰਾਮ ਰਹੀਮ ਉਬਾਰ ਨ ਸਾਕਹਿ ਜਾਕਰ ਨਾਮ ਰਟੈ ਹੈ॥
ਬ੍ਰਹਮਾ ਬਿਸਨ ਰੁਦ੍ਰ ਸੂਰਜ ਸਸਿ ਤੇ ਬਸਿ ਕਾਲ ਸਬੈ ਹੈ॥ ੨॥
ਬੇਦ ਪੁਰਾਨ ਕੁਰਾਨ ਸਭੈ ਮਤ ਜਾਕਰ ਨੇਤਿ ਕਹੈ ਹੈ॥

ਇੰਦ੍ਰ ਫਨਿੰਦ੍ਰ ਮੁਨਿੰਦ੍ਰ ਕਲਪ ਬਹੁ ਧਯਾਵਤ ਧਯਾਨ ਨ ਐਹੈ॥ ੩॥
ਜਾਕਰ ਰੂਪ ਰੰਗ ਨਹਿ ਜਾਨਿਯਤ ਸੋ ਕਿਮੁ ਸਯਾਮ ਕਹੈ ਹੈ॥
ਛੂਟ ਹੋ ਕਾਲ ਜਾਲ ਤੇ ਤਬਹੀ ਤਾਹਿ ਚਰਨ ਲਪਟੈ ਹੈ॥
(ਰਾਗ ਦੇਵ ਗੰਧਾਰੀ ਪਾ: ੧੦)

ਬ੍ਰਹਮਾ, ਬਿਸਨੁ, ਸ਼ਿਵ ਆਦਿ ਕਾਲਿ ਵੱਸ ਹੋਣ ਕਾਰਨ ਸਰਬੱਤ ਸ਼ਕਤੀਆਂ ਦੇ ਮਾਲਕ ਨਹੀਂ ਹਨ, ਇਹ ਸਭ ਅਕਾਲ ਪੁਰਖ ਦੇ ਬਣਾਏ ਹੋਏ ਹਨ, ਉਹ ਕਰਤਾਰ ਹੀ ਇਨ੍ਹਾਂ ਨੂੰ ਘੜਦਾ ਅਤੇ ਫਿਰ ਇੱਛਾ ਅਨੁਸਾਰ ਤੋੜ ਦਿੰਦਾ ਅਰਥਾਤ ਖਤਮ ਕਰ ਦਿੰਦਾ ਹੈ:

ਕਾਲੁ ਬਿਕਾਲੁ ਕਹੇ ਕਹਿ ਬਪੁਰੇ ਜੀਵਤ ਮੂਆ ਮਨੁ ਮਾਰੀ॥ ੧॥
ਬ੍ਰਹਮਾ ਬਿਸਨੁ ਮਹੇਸ ਇਕ ਮੂਰਤਿ ਆਪੇ ਕਰਤਾ ਕਾਰੀ॥
(ਰਾਮਕਲੀ ਮ: ੧, ਪੰਨਾ ੯੦੭)

ਬ੍ਰਹਮਾ ਬਿਸਨੁ ਮਹੇਸੁ ਉਪਾਇਅਨੁ ਹੁਕਮਿ ਕਮਾਵਨਿ ਕਾਰਾ॥
(ਗੁਰੂ ਗ੍ਰੰਥ ਸਾਹਿਬ, ਪੰਨਾ ੯੪੮)

ਏਕਸੁ ਕੀ ਸਿਰਿ ਕਾਰ ਏਕ ਜਿਨਿ ਬ੍ਰਹਮਾ ਬਿਸਨੁ ਰੁਦ੍ਰੁ ਉਪਾਇਆ॥
ਨਾਨਕ ਨਿਹਚਲੁ ਸਾਚਾ ਏਕੋ ਨਾ ਓਹੁ ਮਰੈ ਨਾ ਜਾਇਆ॥
(ਗੁਰੂ ਗ੍ਰੰਥ ਸਾਹਿਬ, ਪੰਨਾ ੧੧੩੦)

ਤ੍ਰਿਤੀਆ ਬ੍ਰਹਮਾ ਬਿਸਨੁ ਮਹੇਸਾ॥ ਦੇਵੀ ਦੇਵ ਉਪਾਏ ਵੇਸਾ॥
(ਗੁਰੂ ਗ੍ਰੰਥ ਸਾਹਿਬ, ਪੰਨਾ ੮੩੯)

ਪਵਣੁ ਪਾਣੀ ਅਗਨਿ ਤਿਨਿ ਕੀਆ ਬ੍ਰਹਮਾ ਬਿਸਨੁ ਮਹੇਸ ਅਕਾਰ॥
(ਗੁਰੂ ਗ੍ਰੰਥ ਸਾਹਿਬ, ਪੰਨਾ ੫੦੪)

ਕੋਟਿ ਬਿਸਨ ਕੀਨੇ ਅਵਤਾਰ॥ (ਗੁਰੂ ਸਾਹਿਬ, ਪੰਨਾ ੧੧੫੬)
ਕੋਟਿ ਬਿਸਨ ਅਵਤਾਰ ਸੰਕਰ ਜਟਾਧਾਰ॥ (ਗੁਰੂ ਗ੍ਰੰਥ ਸਾਹਿਬ, ਪੰਨਾ ੪੫੫)
ਸੁੰਨਹੁ ਬ੍ਰਹਮਾ ਬਿਸਨੁ ਮਹੇਸੁ ਉਪਾਏ॥ (ਗੁਰੂ ਗ੍ਰੰਥ ਸਾਹਿਬ, ਪੰਨਾ ੧੦੩੭)

ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ (ਸ਼ਿਵ) ਜਿਨ੍ਹਾਂ ਨੂੰ ਅਗਿਆਨੀ ਲੋਕਾਂ ਨੇ ਕਰਤਾਰ ਵਾਂਗ ਹੀ ਸਤਿ ਕਰ ਕੇ ਮੰਨਿਆ ਹੈ, ਉਹ ਭੁਲੇ ਹੋਏ ਲੋਕ ਹਨ। ਗੁਰੂ ਸਾਹਿਬ ਤਾਂ ਫੁਰਮਾਨ ਕਰਦੇ ਹਨ ਕਿ ਇਹ ਤ੍ਰਿਮੂਰਤੀ ਅਵਤਾਰ ਵੀ ਮਾਇਆ ਮੋਹ ਰੂਪੀ ਰਜੋ, ਤਮੋ, ਸਤੋ ਗੁਣ ਵਿੱਚ ਫਸ ਕੇ ਕਾਲ ਚੱਕ੍ਰ ਦੀ ਫਾਹੀ ਦਾ ਸ਼ਿਕਾਰ ਰਹੇ :

ਬ੍ਰਹਮਾ ਬਿਸਨੁ ਮਹੇਸੁ ਵੀਚਾਰੀ॥ ਤ੍ਰੈ ਗੁਣ ਬਧਕ ਮੁਕਤਿ ਨਿਰਾਰੀ॥
ਗੁਰਮੁਖਿ ਗਿਆਨੁ ਏਕੋ ਹੈ ਜਾਤਾ ਅਨਦਿਨੁ ਨਾਮੁ ਰਵੀਜੈ ਹੇ॥
(ਗੁਰੂ ਗ੍ਰੰਥ ਸਾਹਿਬ, ਪੰਨਾ 1049)

ਦੂਜਾ ਭਾਉ ਰਚਾਇਓਨੁ ਤ੍ਰੈ ਗੁਣ ਵਰਤਾਰਾ॥

ਬ੍ਰਹਮਾ ਬਿਸਨੁ ਮਹੇਸੁ ਉਪਾਇਅਨੁ ਹੁਕਮਿ ਕਮਾਵਨਿ ਕਾਰਾ॥

(ਗੁਰੂ ਗ੍ਰੰਥ ਸਾਹਿਬ, ਪੰਨਾ ੯੪੮)

ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ॥

(ਗੁਰੂ ਗ੍ਰੰਥ ਸਾਹਿਬ, ਪੰਨਾ ੮੫੨)

ਮਾਇਆ ਮੋਹਿ ਸਭੁ ਜਗਤੁ ਉਪਾਇਆ॥

ਬ੍ਰਹਮਾ ਬਿਸਨੁ ਦੇਵ ਸਬਾਇਆ॥

(ਗੁਰੂ ਗ੍ਰੰਥ ਸਾਹਿਬ, ਪੰਨਾ ੧੦੫੨)

ਬ੍ਰਹਮਾ ਬਿਸਨੁ ਮਹਾਦੇਉ ਮੋਹਿਆ॥ ਗੁਰਮੁਖਿ ਨਾਮ ਲਗੇ ਸੋ ਸੋਹਿਆ॥

(ਗੁਰੂ ਗ੍ਰੰਥ ਸਾਹਿਬ, ਪੰਨਾ ੩੯੪)

ਰੋਗੀ ਬ੍ਰਹਮਾ ਬਿਸਨੁ ਸਰੁਦ੍ਰਾ ਰੋਗੀ ਸਗਲ ਸੰਸਾਰਾ॥

ਹਰਿ ਪਦੁ ਚੀਨਿ ਭਏ ਸੇ ਮੁਕਤੇ ਗੁਰ ਕਾ ਸਬਦੁ ਵੀਚਾਰਾ॥

(ਗੁਰੂ ਗ੍ਰੰਥ ਸਾਹਿਬ, ਪੰਨਾ ੧੧੫੩)

ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਬਿਸਥਾਰਿਆ॥ (ਪੰਨਾ ੧੦੯੪)

ਬ੍ਰਹਮਾ ਬਿਸਨੁ ਸਿਰੇ ਤੈ ਅਗਨਤ ਤਿਨ ਕਉ ਮੋਹ ਭਯਾ ਮਨ ਮਦ ਕਾ॥

(ਗੁਰੂ ਗ੍ਰੰਥ ਸਾਹਿਬ, ਪੰਨਾ ੧੪੦੩)

ਸੋ ਦਰਸਾਏ ਗੁਰ ਫੁਰਮਾਨਾਂ ਤੋਂ ਸਪੱਸ਼ਟ ਹੈ ਕਿ ਇਹ ਤ੍ਰੈਮੂਰਤੀ ਅਵਤਾਰ (ਬ੍ਰਹਮਾ, ਮਹਾਂਦੇਉ, ਵਿਸ਼ਨੂੰ) ਖ਼ੁਦ ਹੀ ਤ੍ਰੈ ਗੁਣ ਦੇ ਰੋਗੀ ਅਤੇ ਉਚ ਆਤਮਿਕ ਗਿਆਨ ਅਰਥਾਤ ਚੌਥਾ ਪਦ (ਤੁਰੀਆ ਅਵਸਥਾ) ਤੋਂ ਸੱਖਣੇ ਸਨ, ਇਸ ਕਰਕੇ ਹੀ ਇਨ੍ਹਾਂ ਦੇ ਜੀਵਨ ਚਰਿੱਤਰ ਵਿੱਚ ਰਜੋ, ਤਮੋ ਅਤੇ ਸਤੋ ਗੁਣ ਬਿਰਤੀਆਂ ਦਾ ਹੀ ਪ੍ਰਭਾਵ ਮਿਲਦਾ ਹੈ। ਇਹ ਅਵਤਾਰ ਤਾਂ ਉਸ ਅਕਾਲ ਪੁਰਖ ਦੇ ਝਾੜੂ-ਬਰਦਾਰ ਹਨ:

ਬ੍ਰਹਮਾ ਬਿਸਨੁ ਰੁਦ੍ਰੁ ਤਿਸ ਕੀ ਸੇਵਾ॥ ਅੰਤੁ ਨ ਪਾਵਹਿ ਅਲਖ ਅਭੇਵਾ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੫੩)

ਬ੍ਰਹਮਾ ਬਿਸਨੁ ਮਹੇਸੁ ਦੁਆਰੈ॥ ਊਭੇ ਸੇਵਹਿ ਅਲਖ ਅਪਾਰੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੨੨)

ਬਿਸਨ ਮਹੇਸ ਸਿਧ ਮੁਨਿ ਇੰਦ੍ਰਾ ਕੈ ਦਰਿ ਸਰਨਿ ਪਰਉ॥ ੫॥

(ਗੁਰੂ ਗ੍ਰੰਥ ਸਾਹਿਬ, ਪੰਨਾ ੧੩੨੨)

ਸਿਮਰਹਿ ਬ੍ਰਹਮੇ ਬਿਸਨ ਮਹੇਸਾ॥

ਸੋ ਸਪੱਸ਼ਟ ਹੈ ਕਿ ਗੁਰਮਤਿ ਵਿੱਚ ਇਨ੍ਹਾਂ ਅਵਤਾਰਾਂ ਦੀ ਪੂਜਾ ਅਰਚਾ ਜਾਂ ਇਨ੍ਹਾਂ ਪ੍ਰਤੀ ਸ਼ਰਧਾ ਦਾ ਕੋਈ ਵਿਧਾਨ ਨਹੀਂ ਹੈ। ਕੂਟਨੀਤੀ ਦੇ ਮਾਹਰ ਬਿਪਰਵਾਦੀ ਲੇਖਕਾਂ ਨੇ ਜਿਥੇ 'ਭਾਈ ਦਇਆ ਸਿੰਘ ਦੇ ਰਹਿਤਨਾਮੇ' ਦੇ ਨਾਮ ਹੇਠ ਉਪਰੋਕਤ ਕਪੋਲ ਕਲਪਨਾ ਘੜੀ ਹੈ, ਉਥੇ ਨਾਲ ਹੀ ਗੁਰੂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਨਿਮਨ ਲਿਖਤ ਵਿਚਾਰਾਂ ਨੂੰ ਵੀ ਵਿਸਾਰਿਆ ਹੈ

ਜਿਨ੍ਹਾਂ ਤੋਂ ਉਨ੍ਹਾਂ ਵਲੋਂ ਕੀਤਾ ਅਵਤਾਰਵਾਦ ਦਾ ਖੰਡਨ ਅਤੇ ਇਕ 'ਪੂਜਾ ਅਕਾਲ ਕੀ' ਦਾ ਸਿਧਾਂਤ ਸਪੱਸ਼ਟ ਹੁੰਦਾ ਹੈ:

*ਕੋਊ ਦਿਜੇਸ਼ ਕੋ ਮਾਨਤ ਹੈ ਅਰ ਕੋਊ ਮਹੇਸ਼ ਕੋ ਏਸ਼ ਬਤੈ ਹੈ॥*
*ਕੋਊ ਕਹੈ ਬਿਸ਼ਨੋ ਬਿਸ਼ਨਾਯਕ ਜਾਂਹਿ ਭਜੇ ਅਘ ਓਘ ਕਟੈ ਹੈ॥*
*ਬਾਰ ਹਜ਼ਾਰ ਬਿਚਾਰ ਅਰੇ ਜੜ ਅੰਤ ਸਮੈ ਸਭ ਹੀ ਤਜਿ ਜੈ ਹੈ॥*
*ਤਾਹੀ ਕੋ ਧਯਾਨ ਪ੍ਰਮਾਨਿ ਹੀਏ ਜੋਊ ਥੋ ਅਬ ਹੈ ਅਰੁ ਆਗੇਊ ਹ੍ਵੈ ਹੈ॥*

(ਤੇਤੀ ਸਵੱਯੇ ਪਾਤ: ੧੦)

ਇਨ੍ਹਾਂ ਅਵਤਾਰਾਂ ਦੇ ਧਾਰਨ ਕੀਤੇ ਚਿੰਨ੍ਹ ਉਸ ਬੇਅੰਤ ਸੁਆਮੀ ਦੇ ਲਖਾਇਕ ਨਹੀਂ ਹਨ, ਸਗੋਂ ਉਹ ਤਾਂ ਬਰਨਾਂ, ਚਿੰਨ੍ਹਾਂ, ਨਿਸ਼ਾਨਾਂ ਤੋਂ ਉਪਰ ਹੈ:

*ਨ ਸੰਖੰ ਨ ਚਕ੍ਰੰ ਨ ਗਦਾ ਨ ਸਿਆਮੰ॥ ਅਸ੍ਚਰਜ ਰੂਪੰ ਰਹੰਤ ਜਨਮੰ॥*
*ਨੇਤ ਨੇਤ ਕਥੰਤਿ ਬੇਦਾ॥ ਊਚ ਮੂਚ ਅਪਾਰ ਗੋਬਿੰਦਹ॥*
*ਬਸੰਤਿ ਸਾਧ ਰਿਦਯੰ ਅਚੁਤ ਬੁਝੰਤਿ ਨਾਨਕ ਬਡਭਾਗੀਅਹ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੫੯)

ਗੁਰਮਤਿ ਅਤੇ ਅਵਤਾਰ ਬਾਰੇ ਇਕ ਦੋ ਅਹਿਮ ਨੁਕਤਿਆਂ ਦਾ ਵਿਸ਼ਲੇਸ਼ਣ, ਗੁਰਮਤਿ ਵਿਚਾਰਧਾਰਾ ਦੀ ਰੌਸ਼ਨੀ ਵਿੱਚ ਕਰਨਾ ਵੀ ਜ਼ਰੂਰੀ ਹੈ, ਕਿਉਂਕਿ ਜਿਥੇ ਗੁਰਮਤਿ ਅਵਤਾਰਵਾਦ ਦਾ ਖੰਡਨ ਕਰਦੀ ਹੈ ਉਥੇ ਕੁਝ ਵੀਰ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਭੱਟਾਂ ਦੇ ਸਵੱਯਾਂ ਨੂੰ ਗੁਰਮਤਿ ਵਿਚਾਰਧਾਰਾ ਦੇ ਵਿਰੋਧਾਭਸ ਵਜੋਂ ਲੈਂਦੇ ਹਨ, ਕਿਉਂਕਿ ਭੱਟਾਂ ਨੇ ਆਪਣੀਆਂ ਰਚਨਾਵਾਂ ਵਿੱਚ ਗੁਰੂ ਸਾਹਿਬ ਨੂੰ ਅਵਤਾਰ ਰੂਪ ਆਗਮਨ ਚਿੱਤਰਣ ਕੀਤਾ ਅਤੇ ਸੰਬੰਧ ਬਿਪਰਪੂਜ ਅਵਤਾਰਾਂ ਨਾਲ ਜੋੜਿਆ ਹੈ। ਇਸ ਸੰਬੰਧ ਵਿੱਚ ਇਸ ਨੁਕਤਾ-ਨਿਗਾਹ ਤੇ ਵਿਚਾਰ ਅਤਿ ਜ਼ਰੂਰੀ ਹੈ ਕਿ ਭੱਟਾਂ ਦਾ ਵਿਕਾਸ ਜਿਸ ਮਾਹੌਲ ਵਿੱਚ ਹੋਇਆ ਉਹ ਨਿਰੋਲ ਬ੍ਰਾਹਮਣਵਾਦੀ ਸੀ। ਗੁਰੂ ਸ਼ਰਨ ਆਉਣ ਤੋਂ ਪਹਿਲਾਂ ਇਹ ਅਵਤਾਰ ਹੀ ਉਨ੍ਹਾਂ ਦੀਆਂ ਧਾਰਮਿਕ ਆਸਥਾਵਾਂ ਅਤੇ ਕਾਵਿ ਛੰਦਾਂ ਦੇ ਮੁੱਖ ਪਾਤਰ ਸਨ, ਅਤੇ ਉਹ ਇਨ੍ਹਾਂ ਅਵਤਾਰਾਂ ਦੇ ਯੁੱਧ ਸੰਗ੍ਰਾਮਾਂ ਨੂੰ ਨੇਕ ਅਤੇ ਬਦੀ ਦੇ ਪ੍ਰਤੀਕ ਵਜੋਂ ਵਰਤਦੇ ਸਨ।

ਇਨ੍ਹਾਂ ਭੱਟਾਂ ਨੇ ਆਪਣੀ ਆਸਥਾ ਅਵਤਾਰਾਂ ਨਾਲ ਜੁੜੀ ਹੋਣ ਕਰਕੇ ਗੁਰੂ ਸਾਹਿਬ ਦੀ ਉਸਤਤਿ ਕਰਦਿਆਂ, ਮਿਥਿਹਾਸਕ ਪਾਤਰਾਂ ਨਾਲ ਜੁੜੀ ਸ਼ਰਧਾ ਨੂੰ ਹੀ ਬਿੰਬ ਰੂਪ ਲੈ ਕੇ ਚਿਤਰਣ ਕੀਤਾ ਹੈ:

*ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ॥*
*ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ॥*
*ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ॥*
*ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ॥*

*ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ॥*
*ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ॥*

(ਸਵੈਯੇ ਮਹਲੇ ਪਹਿਲੇ ਕੇ, ਪੰਨਾ ੧੩੯੦)

ਦਿੱਤੇ ਹੋਏ ਗੁਰਮਤਿ ਪ੍ਰਮਾਣ ਵਿਚ ਭੱਟਾਂ ਦਾ ਦ੍ਰਿਸ਼ਟੀਕੋਣ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਸਾਡੇ ਲਈ ਤਾਂ ਗੁਰੂ ਨਾਨਕ ਪਾਤਸ਼ਾਹ ਹੀ ਰਾਮ ਚੰਦਰ ਹੈ, ਗੁਰੂ ਪਾਤਸ਼ਾਹ ਹੀ ਕ੍ਰਿਸ਼ਨ ਹੈ, ਠੀਕ ਉਸੇ ਤਰ੍ਹਾਂ ਜਿਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਆਗਮਨ ਨੂੰ ਮਹਿਸੂਸ ਕਰਕੇ ਪੀਰ ਭੀਖਨ ਮੱਕੇ (ਪੱਛਮ) ਵੱਲ ਮੂੰਹ ਕਰਕੇ ਨਮਾਜ਼ ਪੜ੍ਹਨ ਦੀ ਬਜਾਏ ਪਟਨੇ ਵੱਲ ਮੂੰਹ ਕਰਕੇ ਨਮਾਜ਼ ਅਦਾ ਕੀਤੀ ਅਤੇ ਆਪਣੇ ਚੇਲਿਆਂ ਦੇ ਪੁਛਣ ਤੇ ਸਮਝਾਇਆ ਕਿ ਮੇਰੇ ਵਾਸਤੇ ਤਾਂ ਗੁਰੂ ਹੀ ਮੱਕਾ ਮਦੀਨਾ ਹੈ। ਕੁਝ ਏਸੇ ਤਰ੍ਹਾਂ ਦੀ ਘਟਨਾ ਹੀ ਸਾਂਈਂ ਮੀਆਂ ਮੀਰ ਜੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਬਾਰੇ ਵੀ ਪ੍ਰਸਿੱਧ ਹੈ।

❖❖❖

---

*1. ਰਾਸ਼ਟਰ ਧਰਮ ਖ਼ਾਲਸਾ ਸਾਜਨਾ ਵਿਸ਼ੇਸ਼ ਅੰਕ, ਅਪ੍ਰੈਲ 1999, ਪੰਨਾ 102*
*2. ਹਿੰਦੂਇਜ਼ਮ : ਧਰਮ ਜਾਂ ਕਲੰਕ, ਪੰਨਾ 157, ਲੇਖਕ : ਐਲ. ਆਰ. ਬਾਲੀ*
*3. ਹਿੰਦੂਇਜ਼ਮ : ਧਰਮ ਜਾਂ ਕਲੰਕ, ਪੰਨਾ 157, ਲੇਖਕ : ਐਲ. ਆਰ. ਬਾਲੀ*
*4. ਹਿੰਦੂਇਜ਼ਮ : ਧਰਮ ਜਾਂ ਕਲੰਕ, ਪੰਨਾ 158, ਲੇਖਕ : ਐਲ. ਆਰ. ਬਾਲੀ*
*5. ਹਿੰਦੂਇਜ਼ਮ : ਧਰਮ ਜਾਂ ਕਲੰਕ, ਪੰਨਾ 159, ਲੇਖਕ : ਐਲ. ਆਰ. ਬਾਲੀ*
*6. ਸ਼ਿਵ ਪੁਰਾਣ, ਪੰਨਾ 66, 67, ਅਨੁਵਾਦਕ : ਗਿਆਨੀ ਗੁਰਬਚਨ ਸਿੰਘ, ਪ੍ਰਕਾਸ਼ਕ : ਭਾਈ ਚਤਰ ਸਿੰਘ ਜੀਵਨ ਸਿੰਘ*

# ਕੀ ਗੁਰਬਾਣੀ ਵੇਦਾਂ ਦਾ ਸਾਰ ਹੈ ?

ਸਮੁੱਚੇ ਭਾਰਤ ਦੇਸ਼ ਦੇ ਭਗਵੇਂਕਰਨ ਦੀ ਮੁਹਿੰਮ ਨੂੰ ਸਾਕਾਰ ਰੂਪ ਦੇਣ ਵਾਸਤੇ ਯਤਨਸ਼ੀਲ, ਦੇਸ਼ ਦੀ ਅਖੰਡਤਾ, ਰਾਸ਼ਟਰਵਾਦ ਅਤੇ ਦੇਸ਼-ਭਗਤੀ ਦਾ ਨਕਾਬ ਧਾਰਨ ਕਰਕੇ ਦੇਸ਼ ਨੂੰ ਤਬਾਹੀ ਦੇ ਕਿਨਾਰੇ ਖੜਾ ਕਰਨ ਵਾਲੀ ਸੰਸਥਾ ਆਰ.ਐੱਸ.ਐੱਸ. ਦੀ ਅਖੌਤੀ ਸਿੱਖ ਸ਼ਾਖਾ ਜਿਸ ਨੇ ਸਿੱਖਾਂ ਦੇ ਸੁਨਹਿਰੀ ਅਤੇ ਗੌਰਵਮਈ ਇਤਿਹਾਸ ਨੂੰ ਹਰ ਪੱਖ ਤੋਂ ਵਿਗਾੜਨ ਦਾ ਤਹੱਈਆ ਕੀਤਾ ਹੈ ਤੇ ਹਰ ਹੀਲਾ ਵਰਤ ਕੇ ਭੋਲੇ-ਭਾਲੇ ਸਿੱਖਾਂ ਅੰਦਰ ਇਹ ਭਾਵਨਾ ਪੈਦਾ ਕਰਨ ਲਈ ਯਤਨਸ਼ੀਲ ਹੈ ਕਿ ਸਿੱਖ ਇਕ ਵੱਖਰੀ ਕੌਮ ਨਹੀਂ ਬਲਕਿ ਵਕਤੀ ਲੋੜ ਅਨੁਸਾਰ ਤਿਆਰ ਕੀਤੇ ਗਏ ਸਨ ਤੇ ਇਹ ਬਹੁ-ਗਿਣਤੀ ਹਿੰਦੂ ਕੌਮ ਦਾ ਇਕ ਹਿੱਸਾ ਹਨ। ਇਸ ਸਿੱਖ-ਵਿਰੋਧੀ ਜਥੇਬੰਦੀ (ਰਾਸ਼ਟਰੀ ਸਿੱਖ ਸੰਗਤ) ਦੀ ਫ਼ਿਰਕੂ ਅਤੇ ਪੰਥ-ਵਿਰੋਧੀ ਵਿਚਾਰਧਾਰਾ ਦਾ ਪ੍ਰਸਾਰ ਕਰਨ ਵਾਲੇ ਮਾਸਕ ਪੱਤਰ 'ਰਵਾਨੀ' ਸੰਪਾਦਕ ਸੁਰਿੰਦਰ ਸਿੰਘ ਦਰਵੇਸ਼ ਨੇ ਆਪਣੇ ਖ਼ਾਲਸਾ ਸਿਰਜਣਾ ਸਪਲੀਮੈਂਟ ਵਿਚ ਪੰਨਾ 2 ਉਪਰ ਪ੍ਰਕਾਸ਼ਿਤ ਲੇਖ (ਲੇਖਕ-ਸੰਪਾਦਕ) 'ਵੇਦਾਂ ਮਹਿ ਨਾਮ ਉਤਮ' ਵਿਚ ਗੁਰਬਾਣੀ ਅਤੇ ਗੁਰਮਤਿ ਸਿਧਾਂਤਾਂ ਦੀ ਚਤਰ ਬੁੱਧੀ ਨਾਲ ਗਲਤ ਵਿਆਖਿਆ ਕਰਕੇ ਇਹ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ "ਮਲੇਸ਼ ਜ਼ਾਤੀਆਂ (ਮੁਗਲ/ਤੁਰਕ) ਨੇ ਸਾਡੇ ਵੈਦਿਕ ਸਭਿਆਚਾਰ ਦਾ ਵਿਨਾਸ਼ ਕਰ ਦਿੱਤਾ ਸੀ, ਗੁਰੂ ਸਾਹਿਬਾਨ ਨੇ ਲੋਕਾਂ ਨੂੰ ਵੈਦਿਕ ਸਿਧਾਂਤਾਂ ਨਾਲ ਜੋੜਿਆ। ਵੈਦਿਕ ਸਿਧਾਂਤ ਦਾ ਤਿਆਗ ਮਾਰੂਥਲ ਦੀ ਭਟਕਣਾ ਵਾਂਗ ਹੈ, ਵੇਦਾਂ ਦਾ ਉਤਮ ਗਿਆਨ ਦਾ ਮਾਰਗ ਹੀ ਸੱਚ ਦਾ ਮਾਰਗ ਹੈ।" ਦੂਸਰੇ ਸ਼ਬਦਾਂ ਵਿਚ ਆਰ.ਐਸ.ਐਸ. ਦੇ ਇਸ ਕਥਨ ਦੀ ਪ੍ਰੋੜ੍ਹਤਾ ਕਰਨ ਦਾ ਯਤਨ ਕੀਤਾ ਹੈ ਕਿ ਗੁਰਬਾਣੀ ਵੈਦਿਕ ਬ੍ਰਿਛ ਦਾ ਅੰਮ੍ਰਿਤ ਫਲ ਹੈ ਜਾਂ ਗੁਰਬਾਣੀ ਵੈਦਿਕ ਗੰਗੋਤਰੀ ਤੋਂ ਫੁਟਿਆ ਚਸ਼ਮਾ ਹੈ। ਸਿੱਧੇ ਤੌਰ 'ਤੇ ਇਹ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ ਗੁਰਬਾਣੀ ਵੇਦਾਂ ਦਾ ਸਾਰ ਹੈ। "ਰਾਸ਼ਟਰੀ ਸਿੱਖ ਸੰਗਤ" ਵਿਚ ਸ਼ਾਮਿਲ ਦਾਹੜੀ ਕੇਸਾਂ ਵਾਲੇ ਹਿੰਦੂ (ਭੇਖੀ ਸਿੱਖ) ਸ਼ਾਇਦ ਰਹਿਰਾਸ ਸਾਹਿਬ ਦਾ ਪਾਠ ਨਹੀਂ ਕਰਦੇ, ਜਿਥੇ ਸਪੱਸ਼ਟ ਅੰਕਿਤ ਹੈ ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈ ਮਤ ਏਕ ਨ ਮਾਨਯੋ। ਸਿੰਮ੍ਰਿਤ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈ ਹਮ ਏਕ ਨਾ ਜਾਨਯੋ। ਇਸ ਤੋਂ ਜ਼ਿਆਦਾ ਹੋਰ ਸਪੱਸ਼ਟ ਕੀ ਹੋ ਸਕਦਾ ਹੈ ਕਿ ਗੁਰੂ ਸਾਹਿਬਾਨ ਨੇ ਸਿੱਖ ਨੂੰ ਕਿਸੇ ਰਾਮ ਰਹੀਮ..... ਦੇ ਮੱਤ ਨੂੰ ਨਾ ਮੰਨਣ ਅਤੇ ਵੇਦ ਆਦਿ 'ਤੇ ਭਰੋਸਾ ਨਾ ਰੱਖਣ ਦੀ ਸਿੱਖਿਆ ਗੁਰਬਾਣੀ ਰਾਹੀਂ ਦਿੱਤੀ ਹੈ। ਫਿਰ ਜਿਸ ਨੂੰ ਗੁਰੂ ਸਾਹਿਬਾਨ ਨੇ ਸਵੀਕਾਰ ਹੀ ਨਹੀਂ ਕੀਤਾ ਗੁਰਬਾਣੀ ਉਸ ਦਾ ਸਾਰ ਕਿਵੇਂ ਹੋ ਸਕਦੀ ਹੈ ? ਅਸਲ ਵਿਚ ਗੁਰਬਾਣੀ ਦਾ ਵੇਦਾਂ ਨਾਲ ਕੋਈ ਸੰਬੰਧ ਨਹੀਂ ਹੈ।

ਵੇਦ ਪ੍ਰਾਚੀਨ ਭਾਰਤੀ ਸਭਿਆਚਾਰ ਦੀਆਂ ਵਿਸ਼ਾਲ ਰਚਨਾਵਾਂ ਹਨ, ਭਾਵੇਂ ਕਿ ਇਤਿਹਾਸਕਾਰ ਇਨ੍ਹਾਂ ਦੇ ਰਚਨਾ ਕਾਲ ਪ੍ਰਤੀ ਇਕ ਮੱਤ ਨਹੀਂ ਹਨ ਅਤੇ ਪੂਰਨ ਸਪੱਸ਼ਟਤਾ ਤਕ ਨਾ ਹੀ ਕਿਸੇ ਸਿੱਟੇ ਉਪਰ ਅੱਪੜ ਸਕੇ ਹਨ, ਪਰੰਤੂ ਫਿਰ ਵੀ ਇਨ੍ਹਾਂ ਨੂੰ ਸਦੀਆਂ ਪਹਿਲਾਂ ਲਿਖੀਆਂ (1000-500 B.C.) ਰਚਨਾਵਾਂ ਮੰਨਿਆ ਜਾਂਦਾ ਹੈ। ਬੁੱਧ ਧਰਮ ਦੇ ਵਿਕਾਸ ਤੋਂ ਪਹਿਲਾਂ ਦੇ ਕਾਫੀ ਵਾਕਿਆਤ ਅਤੇ ਭਾਰਤੀ ਸਭਿਆਚਾਰ ਅਤੇ ਰੀਤੀ ਰਿਵਾਜਾਂ ਦੇ ਪੱਖ ਇਨ੍ਹਾਂ ਵਿਚ ਅੰਕਿਤ ਹਨ। ਇਤਿਹਾਸ ਖੋਜੀਆਂ ਅਨੁਸਾਰ ਵੇਦ ਉਨ੍ਹਾਂ ਆਰੀਆ ਹਮਲਾਵਰਾਂ ਦੀਆਂ ਲਿਖਤਾਂ ਹਨ ਜੋ ਆਰੀਅਨ ਖਿੱਤੇ ਤੋਂ ਹਮਲਾਵਰ ਹੋ ਕੇ ਆਏ ਅਤੇ ਮੂਲ ਭਾਰਤੀ ਨਿਵਾਸੀਆਂ (ਦ੍ਰਾਵਿੜਾਂ) ਉਪਰ ਕਾਬਜ਼ ਹੋਏ। ਜੇਤੂ ਹਾਕਮਾਂ ਦੀਆਂ ਲਿਖਤਾਂ ਹੋਣ ਕਰਕੇ ਇਨ੍ਹਾਂ ਵਿਚ ਮੂਲ ਨਿਵਾਸੀਆਂ ਵਾਸਤੇ ਅਪਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ; ਉਸ ਸਮੇਂ ਦੇ ਆਰੀਆ ਦ੍ਰਾਵਿੜ ਯੁੱਧਾਂ ਦਾ, ਜਾਤ ਪ੍ਰਣਾਲੀ ਅਤੇ ਕਰਮ-ਕਾਂਡਾਂ ਦਾ ਵੀ ਭਰਵਾਂ ਜ਼ਿਕਰ ਹੈ।

## ਵੇਦ ਸ਼ਬਦ ਦਾ ਅਰਥ

ਵੇਦ ਸ਼ਬਦ ਦਾ ਸੰਬੰਧ ਸੰਸਕ੍ਰਿਤ ਭਾਸ਼ਾ ਨਾਲ ਹੈ ਅਤੇ ਮੂਲ ਭਾਸ਼ਾ ਅਨੁਸਾਰ ਇਸ ਸ਼ਬਦ ਦਾ ਅਰਥ ਹੈ 'ਗਿਆਨ'। ਸਵਾਮੀ ਦਿਆਨੰਦ ਨੇ ਇਸ ਦਾ ਅਰਥ (ਜਾਨਣਾ) ਕੀਤਾ ਹੈ।

ਡਾ: ਵਿਸ਼ਵ ਬੰਧੂ ਅਨੁਸਾਰ "ਵੇਦ ਸ਼ਬਦ ਦਾ ਸੰਬੰਧ 'ਵੇਧ' ਨਾਲ ਹੈ ਜਿਸ ਦਾ ਅਰਥ ਹੈ 'ਇਕੱਤਰ ਕੀਤੇ ਹੋਏ', ਇਸ ਕਰਕੇ ਵੇਦ ਇਕੱਤਰ ਕੀਤੇ ਹੋਏ ਮੰਤਰਾਂ ਦਾ ਸੰਗ੍ਰਹਿ ਹਨ।"

ਬ੍ਰਹਮ ਪਰਾਸ਼ਰ ਸੰਹਿਤਾ ਅਨੁਸਾਰ, "ਵੇਦ ਨਾਮਕ ਪੋਥੀਆਂ ਦਾ ਨਾਮ ਵੇਦ ਨਹੀਂ, ਵੇਦ ਦਾ ਅਰਥ ਪਰਮ ਗਿਆਨ ਹੈ।"

(ਅਧਿਆਏ ੪)

## ਗੁਰਮਤਿ ਅਨੁਸਾਰ

ਬੇਦ ਕਤੇਬ ਇਫਤਰਾ ਭਾਈ
ਦਿਲ ਕਾ ਫਿਕਰੁ ਨ ਜਾਇ॥

(ਗੁਰੂ ਗ੍ਰੰਥ ਸਾਹਿਬ, ਪੰਨਾ ੭੨੭)

ਵੈਦਿਕ ਧਰਮ ਬਾਰੇ ਡਾ: ਰਾਧਾ ਕ੍ਰਿਸ਼ਨਨ ਦਾ ਵਿਚਾਰ ਹੈ : "ਹਿੰਦੂ ਧਰਮ ਨੂੰ ਵਿਸ਼ਵਾਸ ਦੀ ਚਿੱਤਰਮਾਲਾ ਅਤੇ ਰਸਮਾਂ ਰੀਤਾਂ ਦਾ ਗੋਰਖਧੰਦਾ ਕਹਿ ਸਕਦੇ ਹਾਂ।"

## ਵੇਦਾਂ ਦਾ ਰਚਣਹਾਰ

ਵੇਦਾਂ ਦੇ ਰਚਣਹਾਰ ਸੰਬੰਧੀ ਵੀ ਇਤਿਹਾਸਕਾਰ ਇਕ ਮੱਤ ਨਹੀਂ ਹਨ। ਕੁਝ ਇਤਿਹਾਸ ਖੋਜੀਆਂ ਦਾ ਵਿਚਾਰ ਹੈ ਕਿ ਇਹ ਵੇਦ ਕੁਝ ਰਿਸ਼ੀਆਂ (ਅਤ੍ਰੀ, ਵਿਸ਼ਵਾਮਿੱਤਰ, ਵਸ਼ਿਸ਼ਟ, ਗੌਤਮ, ਭਾਰਦਵਾਜ ਤੇ ਹੋਰਨਾਂ) ਦੀ ਸਾਂਝੀ ਲਿਖਤ ਹੈ, ਪਰੰਤੂ ਨਵੀਨਤਮ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਪੁਰਾਤਨ ਸਮਿਆਂ ਦੌਰਾਨ ਕਈ ਨਦੀਆਂ ਦੇ ਕੰਢਿਆਂ ਉਪਰ ਸਮੇਂ ਸਮੇਂ ਰਿਸ਼ੀ

ਮੁਨੀ ਇਕੱਤਰ ਹੋ ਕੇ ਗਿਆਨ ਗੋਸ਼ਟਿ ਅਤੇ ਵਿਚਾਰਾਂ ਕਰਿਆ ਕਰਦੇ ਸਨ। ਉਸ ਸਮੇਂ ਕੀਤੀਆਂ ਵਿਚਾਰਾਂ ਅਤੇ ਗਿਆਨ ਨੂੰ ਇਕੱਤਰ ਕਰਕੇ ਵੇਦਾਂ ਦਾ ਨਾਮ ਦਿੱਤਾ ਗਿਆ ਹੈ।

ਆਰੀਆਂ ਸਮਾਜੀ ਵੇਦਾਂ ਨੂੰ ਅਨਾਦੀ, ਅਰਥਾਤ ਪ੍ਰਮਾਤਮਾ ਦੀ ਕਿਰਤ ਮੰਨਦੇ ਹਨ। ਪਰੰਤੂ ਕੱਟੜਵਾਦੀ ਸਭਿਆਚਾਰ ਦੇ ਅਲੰਬਰਦਾਰ ਵੇਦਾਂ ਨੂੰ 'ਬ੍ਰਹਮਾ' ਨਾਮਕ ਦੇਵਤਾ ਦੀ ਕ੍ਰਿਤ ਮੰਨਦੇ ਹਨ।

## ਵੇਦਾਂ ਵਿਚ ਕੀ ਹੈ ?

ਡਾ: ਭੀਮ ਰਾਓ ਅੰਬੇਦਕਰ ਦੇ ਅਨੁਸਾਰ "ਵੇਦਾਂ ਵਿਚ ਮੂਰਖਤਾ ਤੋਂ ਬਿਨਾਂ ਕੁਝ ਹੋਰ ਨਹੀਂ ਹੈ।"

ਵੇਦਾਂ ਵਿਚ ਅਨੇਕਾਂ ਤਰ੍ਹਾਂ ਦੀਆਂ ਪ੍ਰਾਰਥਨਾਵਾਂ ਦਾ ਜ਼ਿਕਰ ਹੈ, ਜਿਨ੍ਹਾਂ ਵਿਚੋਂ ਵਧੇਰੇ ਕਰਕੇ ਦੁਸ਼ਮਣਾਂ ਉਪਰ ਜਿੱਤ ਪ੍ਰਾਪਤ ਕਰਨ ਅਤੇ ਧਨ ਦੀ ਪ੍ਰਾਪਤੀ ਦੇ ਵਾਸਤੇ ਹਨ। ਬ੍ਰਾਹਮਣਾਂ ਵੱਲੋਂ ਜਜਮਾਨਾਂ ਪਾਸੋਂ ਭੋਜਨ, ਮਾਸ ਅਤੇ ਸ਼ਰਾਬ ਦੀ ਭੇਟਾ ਸਵਿਕਾਰ ਕਰਨ ਦੀਆਂ ਵਿਧੀਆਂ ਦੱਸੀਆਂ ਹੋਈਆਂ ਹਨ। ਵੇਦਾਂ ਵਿਚ ਦਰਜ ਕੁਝ ਕੁ ਪ੍ਰਾਰਥਨਾਵਾਂ ਇੰਝ ਹਨ:

1. ਪੁੱਤਰ, ਪਸ਼ੂ, ਧਨ, ਇਸਤਰੀ ਅਤੇ ਅੱਯਾਸ਼ੀ ਦੇ ਹੋਰ ਸਾਧਨਾਂ ਦੀ ਪ੍ਰਾਪਤੀ ਵਾਸਤੇ।
2. ਦੁਸ਼ਮਣ ਨੂੰ ਨਸ਼ਟ ਕਰਨ ਦੇ ਉਪਾਅ।
3. ਯੁੱਧ ਵਿਚ ਜਿੱਤ ਪ੍ਰਾਪਤ ਕਰਨ ਬਾਰੇ ਪ੍ਰਾਰਥਨਾਵਾਂ।
4. ਯੁੱਧ ਵਿਚ ਹਾਰ ਜਾਂ ਜਿੱਤ ਦੀ ਭਵਿੱਖਬਾਣੀ ਵਾਸਤੇ।
5. ਆਪਣੀ ਸੈਨਾ ਦਾ ਉਤਸ਼ਾਹ ਵਧਾਉਣ ਵਾਸਤੇ।
6. ਅਕਲ ਦੀ ਪ੍ਰਾਪਤੀ ਵਾਸਤੇ।

ਇਸ ਤੋਂ ਇਲਾਵਾ ਹੋਰ ਵੀ ਅਨੇਕਾਂ ਤਰ੍ਹਾਂ ਦੀਆਂ ਪ੍ਰਾਥਨਾਵਾਂ ਦੀ ਯੁਕਤੀ ਵੇਦਾਂ ਵਿਚ ਦੱਸੀ ਹੋਈ ਹੈ।

## ਅਸ਼ਲੀਲਤਾ

ਵੇਦਾਂ ਵਿਚ ਮਣਾਂ ਮੂੰਹੀ ਅਸ਼ਲੀਲਤਾ ਵੀ ਭਰੀ ਪਈ ਹੈ, ਜਿਸ ਦੀਆਂ ਕੁਝ ਉਦਹਾਰਣਾਂ ਨਿਮਨ-ਲਿਖਤ ਹਨ :

*ਯਾਂ ਤਵਾ ਗੰਧਵੋ ਅਖਨਦੰ ਵਰੁਨਾਯ ਮ੍ਰਿਤਮੁਜੇ॥*
*ਤਾਂ ਤਵਾ ਵਯੰ ਖਨਾਮਸੋਸ਼ਧੀ ਸ਼ੇਪਹਰਸ਼ਨੀਯਮ॥*

ਅਰਥਾਤ : ਹੇ ਜੜ੍ਹੀ ਬੂਟੀ ਮੈਂ ਤੇਰੀ ਖੋਜ ਕਰ ਰਿਹਾ ਹਾਂ ਤਾਂ ਜੋ ਤੂੰ ਮੇਰੇ ਲਿੰਗ ਨੂੰ ਨਿਪੁੰਸਕ ਹੋ ਚੁੱਕੇ ਵਰੁਣ ਨੂੰ ਜਿਹੋ ਜਿਹੀ ਉਤੇਜਨਾ ਦਿੱਤੀ ਸੀ, ਉਹ ਮੈਨੂੰ ਵੀ ਦੇਹ।

ਇਸ ਤੋਂ ਇਲਾਵਾ ਯਮ ਅਤੇ ਯਮੀ ਨਾਮਕ ਦੋ ਭੈਣ-ਭਰਾਵਾਂ ਵਿਚ ਹੋਈ ਅਸ਼ਲੀਲ ਵਾਰਤਾਲਾਪ ਵੀ ਕਾਫ਼ੀ ਵਿਸਥਾਰ ਵਿਚ ਦਿੱਤੀ ਹੋਈ ਹੈ। ਜਦੋਂ ਕਿ ਗੁਰਮਤਿ ਵਿਚ ਤਾਂ 'ਸੱਚ ਅਚਾਰ' ਦੇ ਧਾਰਨੀ ਹੋਣ ਦੀ ਤਾਕੀਦ ਕੀਤੀ ਹੋਈ ਹੈ :

-ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥ ੫॥

(ਗੁਰੂ ਗ੍ਰੰਥ ਸਾਹਿਬ, ਪੰਨਾ ੬੨)

-ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥

(ਗੁਰੂ ਗ੍ਰੰਥ ਸਾਹਿਬ, ਪੰਨਾ ੨੭੪)

ਨਿਜ ਨਾਰ ਕੇ ਸਾਥ ਨੇਹ ਤੁਮ ਨਿਤ ਬਢਈਓ॥
ਪਰ ਨਾਰੀ ਕੀ ਸੇਜ ਭੂਲ ਸੁਪਨੇ ਨਹਿ ਜਈਓ॥ (ਪਾਤ: ੧੦)
ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ।

(ਭਾਈ ਗੁਰਦਾਸ ਜੀ, ਵਾਰ ੨੯/੧੧)

## ਵੇਦਾਂ ਦੇ ਰਚਣਹਾਰ ਦਾ ਕਿਰਦਾਰ

ਬਹੁਗਿਣਤੀ ਲੋਕ ਜੋ ਵੇਦਾਂ ਨੂੰ ਬ੍ਰਹਮਾ ਦੇ ਮੁੱਖ ਤੋਂ ਉਚਾਰੇ ਹੋਏ ਮੰਨਦੇ ਹਨ ਬ੍ਰਹਮਾ ਨੂੰ ਸਰਵੋਤਮ ਦੇਵਤਾ ਸਮਝਦੇ ਹਨ। ਸ੍ਰੀ ਮਦ ਭਾਗਵਤ ਨਾਮਕ ਗ੍ਰੰਥ ਵਿਚ ਜ਼ਿਕਰ ਹੈ:

ਵਾਂਚ ਦੁਹਿਤਰੰ ਤੰਨਵੀ ਸਵਯਭੂਰਹਰਤੀ ਮਨ॥ ੧॥
ਅਕਾਮਾਂ ਚਕਮੇ ਖਭਰ : ਸਕਾਮ ਇਤਿ ਨ : ਸ਼ੁਠਤਮ॥ ੨੮॥

(ਅਧਿਆਇ ੧੨)

ਅਰਥਾਤ : ਬ੍ਰਹਮਾ (ਜਗਤ ਦਾ ਰਚਣਹਾਰ) ਆਪਣੀ ਸੁੰਦਰ ਲੜਕੀ ਸਰਸਵਤੀ ਨੂੰ ਤੱਕ ਕੇ ਕਾਮੀ ਹੋ ਗਿਆ।

ਭਾਈ ਗੁਰਦਾਸ ਜੀ ਇਸ ਦੀ ਗਵਾਹੀ ਭਰਦੇ ਆਖਦੇ ਹਨ :

ਚਾਰੇ ਵੇਦ ਵਖਾਣਦਾ ਚਤੁਰਮੁਖੀ ਹੋਇ ਖਰਾ ਸਿਆਣਾ।
ਲੋਕਾਂ ਨੋ ਸਮਝਾਇੰਦਾ ਵੇਖਿ ਸੁਰਸਤੀ ਰੂਪ ਲੋਭਾਣਾ।

(ਭਾਈ ਗੁਰਦਾਸ ਜੀ, ਵਾਰ ੧੨/੭)

## ਵੇਦਾਂ ਦੀ ਗਿਣਤੀ

(1) ਰਿਗ ਵੇਦ : 'ਰਿਗ' ਸ਼ਬਦ ਦਾ ਅਰਥ 'ਉਸਤਤਿ' ਹੈ। ਇਸ ਦੇ ਮੰਤਰਾਂ ਦੀ ਸੰਖਿਆ 10, 518 ਹੈ, ਇਸ ਵਿਚ ਇੰਦ੍ਰ, ਵਿਸ਼ਨੂੰ, ਵਾਯੁ, ਅਗਨੀ, ਸੂਰਜ, ਚੰਦ ਆਦਿ ਦੇਵਤਿਆਂ ਦੀ ਉਸਤਤਿ ਕੀਤੀ ਗਈ ਹੈ। ਇਸ ਨੂੰ ਸਭ ਤੋਂ ਪ੍ਰਾਚੀਨ ਮੰਨਿਆ ਜਾਂਦਾ ਹੈ।

(2) ਯਜੁਰ ਵੇਦ : ਯਜੁਰ ਦਾ ਅਰਥ 'ਜੱਗ (ਹੋਮ) ਕਰਨਾ' ਹੈ। ਇਸ ਦੇ ਮੰਤਰਾਂ ਦੀ ਸੰਖਿਆ 1975 ਹੈ। ਇਸ ਵਿਚ ਦੇਵਤਿਆਂ ਨੂੰ ਪ੍ਰਸੰਨ ਕਰਨ ਦੀਆਂ ਵਿਧੀਆਂ ਦਾ ਵਰਨਣ ਹੈ।

(3) ਸਾਮ ਵੇਦ : ਸਾਮ ਦਾ ਅਰਥ 'ਤੁਲ (ਸਮਾਨ) ਹੈ। ਇਸ ਦੇ ਮੰਤਰਾਂ ਦੀ ਗਿਣਤੀ 1364 ਹੈ। ਇਸ ਵਿਚ ਕਰਮ-ਕਾਂਡੀ ਮੰਤਰਾਂ ਦੇ ਉਚਾਰਣ ਦੀਆਂ ਵਿਧੀਆਂ ਦਰਜ ਹਨ।

(4) ਅਥਰਵ ਵੇਦ :- ਅਥਰਵ ਦਾ ਸ਼ਬਦੀ ਅਰਥ ਬ੍ਰਾਹਮਣ (ਪਰੋਹਿਤ) ਹੈ। ਇਸ ਦੇ ਮੰਤਰਾਂ ਦੀ ਸੰਖਿਆ 5847 ਹੈ। ਇਸ ਵਿਚ ਜਾਦੂ ਟੂਣੇ ਆਦਿ ਕਰਨ ਦੀਆਂ ਵਿਧੀਆਂ ਦਾ ਵਰਨਣ ਹੈ। ਇਸ ਵਿਚ ਮੁੱਖ ਤੌਰ 'ਤੇ ਰੋਗ ਨਾਸ਼ਕ, ਦੁਸ਼ਮਣ ਨਾਸ਼ਕ, ਆਫਤ ਨਾਸ਼ਕ ਤੇ ਹੋਰ ਕਈ ਤਰ੍ਹਾਂ ਦੇ ਅਖੌਤੀ ਜਾਦੂ-ਟੂਣਿਆਂ ਦਾ ਜ਼ਿਕਰ ਹੈ।

## *ਗੁਰਮਤਿ (ਗੁਰਬਾਣੀ) ਤੇ ਵੇਦ*

ਤੀਸਰੇ ਪਾਤਸ਼ਾਹ ਗੁਰੂ ਅਮਰਦਾਸ ਦੁਆਰਾ ਰਾਮਕਲੀ ਰਾਗ ਵਿਚ ਦਰਜ ਪੰਕਤੀ 'ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ॥' (ਪੰਨਾ ੯੧੯) ਜਿਸ ਦੇ ਅਰਥ ਇਨ੍ਹਾਂ 'ਵਿਦਵਾਨਾਂ' ਨੇ ਆਪਣੀ ਤੀਖਣ ਬੁੱਧੀ ਅਨੁਸਾਰ ਕੀਤੇ ਹਨ, ਉਹ ਗੁਰਮਤਿ ਅਨੁਸਾਰ ਨਹੀਂ ਹਨ। ਸੁਹਿਰਦ ਵਿਦਵਾਨਾਂ ਨੇ ਇਸ ਦੇ ਅਰਥ ਕਰਦਿਆਂ ਲਿਖਿਆ ਹੈ :

"ਵੇਦ ਅਰਥਾਤ ਧਰਮ ਪੁਸਤਕਾਂ ਵਿਚ ਨਾਮ ਦੀ ਗੱਲ ਤਾਂ ਕੀਤੀ ਪਰੰਤੂ ਕਰਮ-ਕਾਂਡਾਂ ਦੀ ਬਹੁਤਾਤ ਹੋਣ ਸਦਕਾ, ਆਮ ਲੋਕ ਨਾਮ ਤੋਂ ਦੂਰ ਜਾ ਕੇ ਸਿਰਫ ਕਰਮ-ਕਾਂਡਾਂ ਵਿਚ ਹੀ ਗਲਤਾਨ ਹੋ ਜਾਂਦੇ ਹਨ।"

ਰਾਮ ਤੀਰਥ ਦੰਢੀ ਸੰਨਿਆਸੀ ਇਸ ਦੇ ਅਰਥ ਕਰਦੇ ਆਖਦੇ ਹਨ : "ਉਪਰੋਕਤ ਮੰਤਰ ਰਾਹੀਂ ਭਟਕੇ ਹੋਏ ਜੀਵਾਂ (ਬੇਤਾਲਿਆਂ) ਨੂੰ ਵੇਦਾਂ (ਗਿਆਨ ਪੁਸਤਕਾਂ) 'ਚੋਂ ਪ੍ਰਭੂ ਦਾ ਕੇਵਲ ਉਤਮ ਨਾਮ ਨਾ ਸੁਣਨ ਕਰਕੇ ਫਿਟਕਾਰਿਆ ਹੈ।"

(ਸਰਵੋਤਮ ਧਰਮ ਗ੍ਰੰਥ, ਪੰਨਾ ੪੭)

ਹਿੰਦੂ ਧਰਮੀ ਵੇਦਾਂ ਨੂੰ ਅਤੇ ਹੋਰ ਵੇਦਾਂਤਿਕ ਪੁਸਤਕਾਂ ਨੂੰ ਧਰਮ ਦਾ ਅਧਾਰ ਮੰਨਦੇ ਹਨ, ਪਰੰਤੂ ਗੁਰਮਤਿ ਅਨੁਸਾਰ ਸ਼ਬਦ (ਗੁਰੂ ਗ੍ਰੰਥ ਸਾਹਿਬ) ਹੀ ਇਸ਼ਟ ਹਨ, ਅਤੇ ਗੁਰੂ ਸਾਹਿਬ ਦੁਆਰਾ ਦਰਸਾਏ ਮਾਰਗ ਉਪਰ ਚਲ ਕੇ ਗੁਰਸਿੱਖ ਸੁਖਮਈ ਜੀਵਨ ਬਤੀਤ ਕਰਦੇ ਹਨ। ਪਾਵਨ ਮੁਖਵਾਕ ਹੈ :

*ਸਤਿਗੁਰ ਕੀ ਬਾਣੀ ਸਤਿ ਸਤਿ*
*ਕਰਿ ਜਾਣਹੁ ਗੁਰਸਿਖਹੁ*
*ਹਰਿ ਕਰਤਾ ਆਪਿ ਮੁਹਹੁ ਕਢਾਏ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੩੦੮)

ਕਰਮ-ਕਾਂਡ ਤੇ ਜਾਦੂ-ਟੂਣੇ ਸਿੱਖ ਦੇ ਜੀਵਨ ਦਾ ਹਿੱਸਾ ਨਹੀਂ ਹਨ ਸਗੋਂ ਗੁਰ ਸ਼ਬਦ ਦੀ ਵਿਚਾਰ ਉਤਮ ਹੈ:

*ਸਭਸੈ ਊਪਰਿ ਗੁਰ ਸਬਦੁ ਬੀਚਾਰੁ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੯੦੪)

ਸਿਰਫ ਵੇਦ ਜਾਂ ਗਿਆਨ ਪੁਸਤਕ ਨਾਲ ਕੋਈ ਫਾਇਦਾ ਨਹੀਂ ਪਹੁੰਚਦਾ ਜਿੰਨਾ ਚਿਰ ਤਕ ਹਿਰਦੇ ਤੋਂ ਭਰਮ ਦਾ ਨਾਸ਼ ਨਾ ਹੋਵੇ :

੧. ਪੰਡਿਤ ਮੈਲੁ ਨ ਚੁਕਈ
ਜੇ ਵੇਦ ਪੜੈ ਜੁਗ ਚਾਰਿ॥

(ਗੁਰੂ ਗ੍ਰੰਥ ਸਾਹਿਬ, ਪੰਨਾ ੬੪੭)

੨. ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ
ਇਨ੍ ਪੜਿਆ ਮੁਕਤਿ ਨ ਹੋਈ॥

(ਗੁਰੂ ਗ੍ਰੰਥ ਸਾਹਿਬ, ਪੰਨਾ ੭੪੭)

ਸਿਮ੍ਰਿਤ, ਸ਼ਾਸ਼ਤਰ, ਉਪਨਿਸ਼ਦ, ਵੇਦ ਆਦਿ ਚੰਗੇ ਮਾੜੇ ਕਰਮਾਂ ਅਤੇ ਮਰਨ ਉਪਰੰਤ ਉਨ੍ਹਾਂ ਦੇ ਨਤੀਜਿਆਂ ਜੋ ਜੀਵ ਨੂੰ ਭੁਗਤਣੇ ਪੈਂਦੇ ਹਨ, ਦੀ ਗੱਲ ਤਾਂ ਕਰਦੇ ਹਨ, ਕਰਮ-ਕਾਂਡਾਂ ਅਤੇ ਰਸਮਾਂ ਰਿਵਾਜਾਂ ਦਾ ਵਰਨਣ ਤਾਂ ਕਰਦੇ ਹਨ ਪਰੰਤੂ ਸੱਚ ਦੇ ਮਾਰਗ ਦਾ ਗਿਆਨ ਉਨ੍ਹਾਂ ਵਿਚ ਨਹੀਂ, ਇਸ ਕਰਕੇ ਸਿਰਫ਼ ਇਕ ਕਪੋਲ ਕਲਪਨਾ ਹੀ ਜਾਪਦੇ ਹਨ, ਬ੍ਰਾਹਮਣ ਲੋਕਾਂ ਵਾਸਤੇ ਸਿਰਫ ਮਾਇਕ ਸਾਧਨ ਹੀ ਹਨ :

ਬੇਦ ਪਾਠ ਸੰਸਾਰ ਕੀ ਕਾਰ॥
ਪੜ੍ਹਿ ਪੜ੍ਹਿ ਪੰਡਿਤ ਕਰਹਿ ਬੀਚਾਰ॥
ਬਿਨੁ ਬੂਝੇ ਸਭ ਹੋਇ ਖੁਆਰ॥

(ਗੁਰੂ ਗ੍ਰੰਥ ਸਾਹਿਬ, ਪੰਨਾ ੭੯੧)

ਗੁਰਮਤਿ ਦੇ ਮਾਰਗ ਦੇ ਪਾਂਧੀ ਗੁਰ ਸਿਖਿਆ ਅਨੁਸਾਰ ਜੀਵਨ ਬਿਤੀਤ ਕਰਕੇ ਪਰਮ-ਪਦ ਦੇ ਅਧਿਕਾਰੀ ਬਣਦੇ ਹਨ, 'ਗੁਰੂ ਮਾਨਿਓ ਗ੍ਰੰਥ' ਦਾ ਮਹਾਨ ਸੰਕਲਪ ਦ੍ਰਿੜ੍ਹ ਕਰਵਾਉਣ ਵਾਲੇ ਦਸਮ ਨਾਨਕ ਦਾ ਮਹਾਨ ਸੰਦੇਸ਼ ਹੈ:

ਸਿੰਮ੍ਰਿਤ ਸਾਸਤ੍ਰ ਬੇਦ ਸਭੈ
ਬਹੁ ਭੇਦ ਕਹੈਂ ਹਮ ਏਕ ਨ ਜਾਨਯੋ॥ (ਚੌਪਈ ਸਾਹਿਬ)

## ਜਾਤ-ਪਾਤ ਅਤੇ ਵੇਦ

ਹਿੰਦੁਸਤਾਨ ਦੇ ਲੋਕਾਂ ਨੂੰ ਜਾਤ-ਪਾਤ ਦੇ ਜ਼ਹਿਰੀਲੇ ਬੰਧਨ ਵਿਚ ਬੰਨ੍ਹਣ ਦਾ 'ਕਾਰਜ' ਵੀ ਸਭ ਤੋਂ ਪਹਿਲਾਂ ਵੇਦਾਂ ਨੇ ਹੀ ਕੀਤਾ ਹੈ। ਰਿਗਵੇਦ ਅਨੁਸਾਰ :

ਬ੍ਰਾਹਮਣ ਸਯ ਮੁਖਮਾਸੀਦ੍ਰ ਬਾਹੂ ਰਾਜਨਯ : ਕ੍ਰਿਤ:॥
ਉਰੂ ਤਦਸਯ ਯਦਵੈਸ਼ਯ: ਪਦਮਭਯੰ ਸ਼ੂਦਰੋ ਅਜਾਯਤ॥

(੧੦-੯੦-੧੨

ਅਰਥਾਤ : ਪ੍ਰਮਾਤਮਾ ਦੇ ਦੇਹ ਸਰੂਪ (ਬ੍ਰਹਮ) ਦੇ ਮੁਖ ਤੋਂ ਬ੍ਰਾਹਮਣਾਂ, ਬਾਜ਼ੂਆਂ ਤੋਂ ਖੱਤਰੀ, ਜੰਘਾਂ ਤੋਂ ਵੈਸ਼ ਅਤੇ ਪੈਰਾਂ ਤੋਂ ਸ਼ੂਦਰਾਂ ਦੀ ਉਤਪਤੀ ਹੋਈ। ਮਨੂ ਨੇ ਵੀ ਇਸੇ ਸਿਧਾਂਤ ਦਾ ਆਸਰ

ਲੈ ਕੇ ਹੀ ਅਖੌਤੀ ਵਰਣ ਵੰਡ ਉਪਰ ਅਧਾਰਿਤ 'ਮਨੁ ਸਿਮ੍ਰਤੀ' ਦੀ ਰਚਨਾ ਕੀਤੀ।

ਇਸ ਤੋਂ ਇਲਾਵਾ ਮਲੇਛ ਭਾਸ਼ਾ (ਅਰਬੀ/ਫ਼ਾਰਸੀ) ਦੀ ਵਰਤੋਂ ਨਾ ਕਰਨ ਦੀ ਤਾਕੀਦ ਕੀਤੀ ਹੈ।

(ਵੇਖੋ : ਪਰਾਸਰ ਸਹਿੰਤਾ, ਅਧਿਆਇ ੪)

ਭਾਵੇਂ ਕਿ ਵੈਦਿਕ ਸਭਿਆਚਾਰ ਤੇ ਸਿਧਾਂਤਾਂ ਦੇ ਪ੍ਰਚਾਰਕ ਵੀਰ ਗੁਰਬਾਣੀ ਨੂੰ ਵੇਦਾਂ ਦਾ ਸਾਰ ਮੰਨਦੇ ਹਨ, ਪਰੰਤੂ ਗੁਰੂ ਸਾਹਿਬਾਨ ਨੇ ਅਖੌਤੀ ਨੀਚਾਂ ਨੂੰ ਗਲ ਨਾਲ ਲਗਾ ਕੇ ਵਰਣ ਵੰਡ ਦੇ ਜ਼ਹਿਰੀਲੇ ਬੰਧਨਾਂ ਨੂੰ ਤੋੜਿਆ। 'ਜਾਣਹੁ ਜੋਤਿ ਨ ਪੂਛਹੁ ਜਾਤੀ' ਦੇ ਪਾਵਨ ਸਿਧਾਂਤ ਦੀਆਂ ਬਖਸ਼ਿਸ਼ਾਂ ਕੀਤੀਆਂ, ਵੱਖ-ਵੱਖ ਜਾਤੀਆਂ ਨਾਲ ਸੰਬੰਧਿਤ ਭਗਤਾਂ, ਭੱਟਾਂ, ਆਦਿ ਦੀ ਪ੍ਰਵਾਨਿਤ ਬਾਣੀ ਨੂੰ ਗੁਰੂ ਸਾਹਿਬਾਨ ਦੇ ਤੁਲ ਸਨਮਾਨ ਸਿਰਫ ਗੁਰੂ ਗ੍ਰੰਥ ਸਾਹਿਬ ਵਿਚ ਦਿੱਤਾ ਗਿਆ ਹੈ। ਮੁਖਵਾਕ ਹੈ :

*ਨਾਮਾ ਛੀਬਾ ਕਬੀਰੁ ਜੋੁਲਾਹਾ*
*ਪੂਰੇ ਗੁਰ ਤੇ ਗਤਿ ਪਾਈ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੬੭)

ਦਸਵੇਂ ਨਾਨਕ ਨੇ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਦੇ ਗੁਰਮਤਿ ਸਿਧਾਂਤ ਨੂੰ ਅਮਲੀਜਾਮਾ ਪਹਿਨਾਉਂਦਿਆਂ, ਪੰਜ ਵੱਖ-ਵੱਖ ਅਖੌਤੀ ਜ਼ਾਤਾਂ ਵਿਚੋਂ ਨਿੱਤਰੇ ਮਰਜੀਵੜਿਆਂ ਨੂੰ ਖੰਡੇ ਦੀ ਪਾਹੁਲ ਬਖਸ਼ਿਸ਼ ਕਰਕੇ, ਖ਼ਾਲਸੇ ਸਜਾ ਕੇ, ਆਪ ਅੰਮ੍ਰਿਤ ਦੀ ਦਾਤ ਲਈ ਤੇ ਪੰਜਾਂ ਨੂੰ 'ਗੁਰੂ ਪੰਥ' ਦੇ ਰੁਤਬੇ ਨਾਲ ਸਨਮਾਨਿਆ, ਰਣਜੀਤ ਨਗਾਰੇ ਦੀ ਚੋਟ ਨਾਲ ਇਹ ਸੰਦੇਸ਼ ਦਿੱਤਾ :

*ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥*

## *ਸ਼ਰਾਬਨੋਸ਼ੀ*

ਵੈਦਿਕ ਪੁਸਤਕਾਂ ਵਿਚ ਵਿਤਰਤ ਅਖੌਤੀ ਦੇਵਤਿਆਂ ਨੂੰ ਸ਼ਰਾਬੀ ਅਤੇ ਅੱਯਾਸ਼ ਦਰਸਾਇਆ ਗਿਆ ਹੈ। ਰਿਗਵੇਦ ਅਨੁਸਾਰ ਇੰਦਰ ਦੇ ਬਲਵਾਨ ਹੋਣ ਦਾ ਕਾਰਨ ਇਹ ਹੈ ਕਿ ਉਹ ਰੋਜ਼ਾਨਾ ਸ਼ਰਾਬ ਅਤੇ ਸਾਂਢਾਂ ਦੇ ਮਾਸ ਦਾ ਸੇਵਨ ਕਰਦਾ ਹੈ। (ਵੇਖੋ ਰਿਗਵੇਦ)

ਸਾਮਵੇਦ ਅਨੁਸਾਰ, 'ਹੇ, ਕਾਮਵਰਧਕ ਇੰਦਰ! ਇਹ ਸ਼ਰਾਬ ਅਤਿਅੰਤ ਮੁਕਤੀਦਾਇਕ ਹੈ, ਤੁਸੀਂ ਇਸ ਦਾ ਰੁਚੀ ਪੂਰਵਕ ਪਾਨ ਕਰੋ!' (ਸਾਮਵੇਦ 2 (2)-3.5)

ਦੂਸਰੇ ਪਾਸੇ ਗੁਰਮਤਿ ਸਿਧਾਂਤ ਵਿਚ ਸ਼ਰਾਬ ਆਦਿਕ ਨਸ਼ਿਆਂ ਦੀ ਵਰਤੋਂ ਦੀ ਭਰਪੂਰ ਨਿਖੇਧੀ ਕੀਤੀ ਗਈ ਹੈ, ਕਿਉਂਕਿ ਨਸ਼ਿਆਂ ਵਿਚ ਗਲਤਾਨ ਲੋਕਾਂ ਦੇ ਆਸਰੇ ਨਿਰੋਏ ਅਤੇ ਸਭਿਅਕ ਸਮਾਜ ਦੀ ਸਿਰਜਨਾ ਨਹੀਂ ਕੀਤੀ ਜਾ ਸਕਦੀ। ਗੁਰੂ ਸਾਹਿਬ ਦੇ ਮੁਖਵਾਕ ਹਨ :

੧. *ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿ ਕਮਲੀ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੩੯੯)

੨. ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ॥

(ਗੁਰੂ ਗ੍ਰੰਥ ਸਾਹਿਬ, ਪੰਨਾ ੫੫੩)

੩. ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥

ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥

(ਗੁਰੂ ਗ੍ਰੰਥ ਸਾਹਿਬ, ਪੰਨਾ ੫੫੪)

## ਵੈਦਿਕ ਦੇਵਤੇ

ਵੇਦਾਂ ਵਿਚ ਇੰਦਰ, ਸ਼ਿਵ, ਅਗਨੀ, ਵਾਯੂ, ਚੰਦ, ਸੂਰਜ ਅਤੇ ਹੋਰ ਦੇਵਤਿਆਂ ਦੀ ਉਸਤਤਿ ਅਤੇ ਪੂਜਨ ਸੰਬੰਧੀ ਵੱਖ-ਵੱਖ ਵਿਧੀਆਂ ਦਾ ਜ਼ਿਕਰ ਹੈ। ਬਲਵਾਨ ਹੋਣ ਸਦਕਾ ਇੰਦਰ ਨੂੰ ਮੁੱਖ ਦੇਵ ਮੰਨਿਆ ਗਿਆ ਹੈ। ਪਰੰਤੂ ਉਨ੍ਹਾਂ ਦੇ ਚਰਿੱਤਰ ਅਤੇ ਇਖ਼ਲਾਕ ਦਾ ਵਰਨਣ ਬੜਾ ਘਟੀਆ ਕੀਤਾ ਗਿਆ ਹੈ। ਵੈਦਿਕ ਸਮਾਜ ਨੇ ਇਨ੍ਹਾਂ ਦੇਵਤਿਆਂ ਵਿਚ ਪਿਤਾ-ਪੁੱਤਰੀ (ਵਸ਼ਿਸ਼ਟ ਤੇ ਸ਼ੁਤਰੂਪਾ) (ਮਨੂ ਤੇ ਇਲਾ) (ਬ੍ਰਹਮਾ-ਸਰਵਵਤੀ) ਅਤੇ ਭੈਣ ਭਰਾ (ਯਮ ਤੇ ਯਮੀ) ਨੂੰ ਕਾਮਾਤੁਰ ਵਿਖਾਇਆ ਹੈ। ਮੁੱਖ ਦੇਵ ਇੰਦਰ ਦੇ 'ਚਰਿੱਤਰ' ਦੀ ਸਾਖੀ ਭਰਦਾ ਰਿਸ਼ੀ ਬਾਲਮੀਕ ਲਿਖਦਾ ਹੈ, "ਇੰਦਰ ਨੇ ਗੌਤਮ ਰਿਖੀ ਦੀ ਪਤਨੀ ਅਹਿਲਿਆ ਦਾ ਸਤ-ਭੰਗ ਕੀਤਾ।"

(ਬਾਲ ਕਾਂਡ ਸਰਗ ੪੮)

(ਸ਼ਬਦਾਵਲੀ ਅਸ਼ਲੀਲ ਹੋਣ ਸਦਕਾ ਪੂਰੀ ਤਰ੍ਹਾਂ ਲਿਖੀ ਨਹੀਂ ਜਾ ਸਕਦੀ)

ਅਕਾਲ ਤਖ਼ਤ ਦੇ ਪ੍ਰਥਮ ਸੇਵਾਦਾਰ ਭਾਈ ਗੁਰਦਾਸ, ਇੰਦਰ ਦੇ ਕਿਰਦਾਰ ਦਾ ਜ਼ਿਕਰ ਕਰਦੇ ਫ਼ੁਰਮਾਉਂਦੇ ਹਨ :

ਗੋਤਮ ਨਾਰਿ ਅਹਿਲਿਆ ਤਿਸਨੋ ਦੇਖਿ ਇੰਦ੍ਰ ਲੋਭਾਣਾ।

ਪਰ ਘਰਿ ਜਾਇ ਸਰਾਪੁ ਲੈ ਹੋਇ ਸਹਸ ਭਗ ਪਛੋਤਾਣਾ॥

(ਭਾਈ ਗੁਰਦਾਸ ਜੀ, ਵਾਰ ੧੦/੧੮)

ਵੈਦਿਕ ਦੇਵਤਾ ਤੇ ਵੇਦਾਂ ਦੇ ਰਚਨਹਾਰ ਬ੍ਰਹਮਾ ਦੇ ਆਚਰਣ ਪ੍ਰਤੀ ਲਿਖਦੇ ਹਨ :

ਚਾਰੇ ਵੇਦ ਵਖਾਣਦਾ ਚਤੁਰਮੁਖੀ ਹੋਇ ਖਰਾ ਸਿਆਣਾ।

ਲੋਕਾਂ ਨੋ ਸਮਝਾਇੰਦਾ ਵੇਖਿ ਸੁਰਸਤੀ ਰੂਪ ਲੋਭਾਣਾ।

(ਭਾਈ ਗੁਰਦਾਸ ਜੀ, ਵਾਰ ੧੨/੧੧)

ਮਹਾਂਦੇਵ (ਸ਼ਿਵ) ਦਾ ਜ਼ਿਕਰ ਕਰਦੇ ਹਨ:

ਮਹਾਦੇਉ ਅਉਧੂਤੁ ਹੋਇ

ਤਾਮਸ ਅੰਦਰਿ ਜੋਗੁ ਨ ਜਾਣੈ।

ਭੈਰੋ ਭੂਤ ਕਸੂਤ ਵਿਚਿ

ਖੇਤ੍ਰਪਾਲ ਬੇਤਾਲ ਧਿਙਾਣੈ।

(ਭਾਈ ਗੁਰਦਾਸ ਜੀ, ਵਾਰ ੧੨/੯)

'ਸ਼ਿਵ ਪੁਰਾਣ' ਨਾਮਕ ਗ੍ਰੰਥ ਵਿਚ ਇਸ ਵੈਦਿਕ ਦੇਵਤੇ ਸ਼ਿਵ ਦੇ ਕਿਰਦਾਰ ਦਾ ਜੋ ਜ਼ਿਕਰ ਕੀਤਾ ਗਿਆ ਹੈ, ਅਸ਼ਲੀਲ ਸ਼ਬਦਾਵਲੀ ਸਦਕਾ ਲਿਖਣ ਤੋਂ ਅਸਮਰਥ ਹਾਂ।

ਇਨ੍ਹਾਂ ਮੁੱਖ ਦੇਵਤਿਆਂ ਤੋਂ ਇਲਾਵਾ ਸੂਰਜ, ਕੁੰਤੀ ਨਾਲ ਕੁਕਰਮ ਸਦਕਾ ਅਤੇ ਚੰਦ, ਅਹਿਲਿਆ ਦਾ ਸਤਿ ਭੰਗ ਕਰਨ ਸਮੇਂ ਇੰਦਰ ਦੀ ਸਹਾਇਤਾ ਕਰਨ ਸਦਕਾ ਦੋਸ਼ੀ ਹੈ। ਭਗਤ ਕਬੀਰ ਇਸ ਦਾ ਜ਼ਿਕਰ ਕਰਦੇ ਹਨ :

*ਮੈਲਾ ਬ੍ਰਹਮਾ ਮੈਲਾ ਇੰਦੁ॥*
*ਰਵਿ ਮੈਲਾ ਮੈਲਾ ਹੈ ਚੰਦੁ॥ ੧॥*

(ਗੁਰੂ ਗ੍ਰੰਥ ਸਾਹਿਬ, ਪੰਨਾ ੧੧੫੮)

ਵੇਦਾਂ ਵਿਚ ਵਰਣਿਤ ਉਪਰੋਕਤ ਦੇਵਤਿਆਂ ਅਤੇ ਉਨ੍ਹਾਂ ਦੇ ਕਿਰਦਾਰ ਦਾ ਵਰਨਣ ਗੁਰਬਾਣੀ ਵਿਚ ਭਲੀ ਭਾਂਤ ਕੀਤਾ ਗਿਆ ਹੈ :

੧. *ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੭੩੫)

੨. *ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੬੩੭)

## *ਜਾਦੂ-ਟੂਣਾ*

ਅਥਰਵ ਵੇਦ ਵਿਚ ਜਾਦੂ-ਟੂਣੇ ਅਤੇ ਉਨ੍ਹਾਂ ਦੇ ਕਰਨ ਦੀਆਂ ਵਿਧੀਆਂ ਦਾ ਵਰਨਣ ਹੈ। ਇਹ ਜਾਦੂ-ਟੂਣੇ ਸ਼ਤਰੂ ਨਾਸ਼ਕ, ਰੋਗ ਨਾਸ਼ਕ, ਭੈ ਨਾਸ਼ਕ ਤੇ ਹੋਰ ਭਾਗਾਂ ਅਨੁਸਾਰ ਵਰਣਿਤ ਹਨ। ਉਦਾਹਰਣ ਦੇ ਤੌਰ 'ਤੇ :

*ਯਾ ਤੇ ਚੱਕਰ ਅਮੇ ਪਾਤਰੇ ਚੱਕਰ, ਨੀਲ ਲੋਹਿਤੇ।*
*ਆਮੇ ਮਾਂਸੇ ਕਰਤਿਆ ਯਾ ਚੱਕਰ ਸੱਤਯਾ ਕਰਿਤਆਕਤੋ ਜਾਹਿ॥*

(ਅਥਰਵ ਵੇਦ)

ਅਰਥਾਤ : ਹੇ ਦੇਵ, ਜਿਨ੍ਹਾਂ ਸ਼ਤਰੂਆਂ ਨੇ ਮੇਰੇ 'ਤੇ ਕੱਚਾ ਟੂਣਾ ਕੀਤਾ ਹੈ, ਤੂੰ ਪੱਕੇ ਟੂਣੇ ਨਾਲ ਉਨ੍ਹਾਂ ਦਾ ਵਿਨਾਸ਼ ਕਰ ਦੇਹ।

ਜਿਸ ਸਮੇਂ ਗੁਰੂ ਨਾਨਕ ਸਾਹਿਬ ਨੇ ਸੰਸਾਰ ਮੰਚ ਉਪਰ ਕਦਮ ਰੱਖਿਆ ਉਸ ਘੋਰ ਕਲਯੁਗੀ ਸਮੇਂ ਅਥਰਵ ਵੇਦ ਦਾ ਬਹੁਤ ਬੋਲ-ਬਾਲਾ ਸੀ।

*ਮੁਖਵਾਕ :*

*ਕਲਿ ਮਹਿ ਬੇਦੁ ਅਥਰਬਣੁ ਹੂਆ....॥*

(ਆਸਾ ਕੀ ਵਾਰ ਮ: ੧, ਪੰਨਾ ੪੭੦)

ਬਾਬਰ ਹਮਲਾਵਾਰ ਹੋ ਕੇ ਆਇਆ ਤਾਂ ਹਿੰਦੁਸਤਾਨੀ ਰਾਜਿਆਂ ਨੇ ਮੈਦਾਨ-ਏ-ਜੰਗ ਵਿਚ

ਜੂਝਣ ਦੀ ਜਗ੍ਹਾ ਜਾਦੂ-ਟੂਣਿਆਂ ਨਾਲ ਦੁਸ਼ਮਣ ਦਾ ਨਾਸ਼ ਕਰਨ ਦਾ ਇਰਾਦਾ ਕੀਤਾ। ਰਾਜ ਪ੍ਰੋਹਿਤਾਂ ਅਤੇ ਮੌਲਾਣਿਆਂ ਨੇ ਕਈ ਮੰਤਰਾਂ ਦਾ ਰਟਨ ਕੀਤਾ :

*ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ॥*

(ਆਸਾ ਮ: ੧, ਪੰਨਾ ੪੧੭)

ਅਣਗਿਣਤ ਯੱਗ ਹਵਨ ਕੀਤੇ ਗਏ ਅਤੇ ਰਾਜਿਆਂ ਨੂੰ ਦਿਲਾਸੇ ਦਿਤੇ ਗਏ ਕਿ ਸਾਡੇ ਜਾਦੂ ਟੂਣਿਆਂ ਨਾਲ ਹਮਲਾਵਰ ਹੋ ਕੇ ਆਏ ਦੁਸ਼ਮਣਾਂ ਦਾ ਨਾਸ਼ ਹੋ ਜਾਵੇਗਾ: ਸਾਡੇ ਮੰਤਰਾਂ ਨਾਲ ਉਹ ਅੰਨ੍ਹੇ ਹੋ ਜਾਣਗੇ ਅਤੇ ਤੁਹਾਡੀ ਸਲਤਨਤ ਦਾ ਕੋਈ ਨੁਕਸਾਨ ਨਹੀਂ ਕਰ ਸਕਣਗੇ। ਪਰ :

*ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ॥ ੪॥*

(ਗੁਰੂ ਗ੍ਰੰਥ ਸਾਹਿਬ, ਪੰਨਾ ੪੧੮)

ਕੋਈ ਵੀ ਮੁਗਲ ਅੰਨ੍ਹਾ ਨਾ ਹੋਇਆ, ਪੰਡਤਾਂ ਤੇ ਮੌਲਾਣਿਆਂ ਦੀ ਆਸ 'ਤੇ, ਹੱਥ 'ਤੇ ਹੱਥ ਧਰ ਕੇ ਹਥਿਆਰ ਤਿਆਗ ਕੇ ਬੈਠੇ ਹਿੰਦੁਸਤਾਨੀ ਸ਼ਾਸਕ ਹਮੇਸ਼ਾ ਲਈ ਗੁਲਾਮ ਹੋ ਗਏ ਤੇ ਉਨ੍ਹਾਂ ਆਪਣੀ ਬੇਪੱਤੀ ਦਾ ਨਜ਼ਾਰਾ ਮੂਕ ਦਰਸ਼ਕ ਬਣ ਕੇ ਵੇਖਿਆ।

ਗੁਰਮਤਿ ਅਨੁਸਾਰ ਜਾਦੂ-ਟੂਣਿਆਂ ਅਤੇ ਜੰਤਰ-ਮੰਤਰ ਨੂੰ ਨਖਿੱਧ ਕਰਮ ਕਰਾਰ ਦਿੱਤਾ ਗਿਆ ਹੈ :

੧. *ਤੰਤੁ ਮੰਤੁ ਪਾਖੰਡੁ ਨ ਜਾਣਾ ਰਾਮੁ ਰਿਦੈ ਮਨੁ ਮਾਨਿਆ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੭੬੬)

੨. *ਆਨ ਤੰਤ੍ਰ ਮੰਤ੍ਰ ਕੀ ਨਾ ਸਿਖਨ ਪ੍ਰਤੀਤ ਹੈ॥*

(ਕਬਿੱਤ ਭਾਈ ਗੁਰਦਾਸ)

੩. *ਤੰਤ੍ਰ ਮੰਤ੍ਰ ਪਾਖੰਡ ਕਰ ਕਲਿਹ ਕ੍ਰੋਧ ਬਹੁ ਵਾਦ ਵਧਾਵੈ॥*

(ਕਬਿੱਤ ਭਾਈ ਗੁਰਦਾਸ ਜੀ)

## ਯੱਗ ਤੇ ਬਲੀ

ਯਜੁਰ ਵੇਦ ਵਿਚ ਮੁੱਖ ਤੌਰ 'ਤੇ ਯੱਗਾਂ, ਹੋਮਾਂ ਅਤੇ ਬਲੀਆਂ ਦੇਣ ਦੀਆਂ ਵਿਧੀਆਂ ਅਤੇ ਮੰਤਰਾਂ ਆਦਿ ਦਾ ਜ਼ਿਕਰ ਹੈ। ਇਸ ਵਿਚ ਮੁੱਖ ਤੌਰ 'ਤੇ ਗਊ ਮੇਧ (ਗਊ ਦੀ ਬਲੀ) ਅਸ਼ਵ ਮੇਧ (ਘੋੜਾ) ਗੈਂਡਾ ਮੇਧ, ਅਤੇ ਨਰ ਮੇਧ (ਮਨੁੱਖੀ ਬਲੀ) ਆਦਿ ਯੱਗਾਂ ਦਾ ਵਰਨਣ ਹੈ। ਅਜਿਹੇ ਅਖੌਤੀ ਪਰੋਹਿਤਾਂ ਦੁਆਰਾ ਕੀਤੀ ਜਾਂਦੀ ਜੀਵ-ਹਿੰਸਾ ਪ੍ਰਤੀ ਗੁਰਬਾਣੀ ਵਿਚ ਫੁਰਮਾਨ ਹੈ :

*ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ॥*
*ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੧੨੮੯)

ਇਨ੍ਹਾਂ ਵਿਚ ਨਰ-ਮੇਧ (ਮਨੁੱਖੀ ਬਲੀ) ਨਾਮਕ ਯੱਗ ਨੂੰ ਪ੍ਰਵਾਨ ਕੀਤਾ ਗਿਆ ਪ੍ਰੰਤੂ ਸੰਨ 1845 ਈ: ਨੂੰ ਅੰਗਰੇਜ਼ੀ ਸਰਕਾਰ ਨੇ ਦੰਡ ਅਪਰਾਧ ਦੀ ਧਾਰਾ 21 ਅਨੁਸਾਰ ਇਸ ਹੋਮ (ਯੱਗ)

ਨੂੰ ਸਜ਼ਾ ਯੁਕਤ ਘੋਸ਼ਿਤ ਕੀਤਾ (ਪਰੰਤੂ ਆਪਣੇ ਆਪ ਨੂੰ ਲੋਕ ਹਿਤੈਸ਼ੀ ਹੋਣ ਦਾ ਦਾਅਵਾ ਕਰਨ ਵਾਲੀ ਭਗਵਾਂਧਾਰੀ ਸਰਕਾਰ ਦੇ ਸ਼ਾਸਨ ਅੰਦਰ 22 ਦਸੰਬਰ 1999 ਨੂੰ ਪੀਲੀਭੀਤ ਦੇ ਨੇੜੇ ਅਮਰੀਆ ਥਾਣੇ ਦੇ ਪਿੰਡ ਫਰਦੀਆ ਵਿਖੇ, ਇਕ ਦੇਵ ਭਗਤ ਚੂਨੀ ਲਾਲ ਨੇ ਦੇਵ-ਇਸ਼ਟਾਂ ਨੂੰ ਪ੍ਰਸੰਨ ਕਰਨ ਵਾਸਤੇ ਪਿੰਡ ਦੀ ਲੀਲਾਵਤੀ ਨਾਮਕ ਪੰਜ ਸਾਲ ਦੀ ਬੱਚੀ ਦੀ ਬਲੀ ਦਿੱਤੀ ਜੋ ਵੈਦਿਕ ਸਮਾਜ ਦੇ ਮੁਦੱਈਆਂ 'ਤੇ ਅਮਿਟ ਕਲੰਕ ਹੈ।)

ਕਰਮ-ਕਾਂਡਾਂ ਅਤੇ ਬ੍ਰਾਹਮਣਵਾਦ ਦੇ ਜਾਲ ਦੀ ਤਿੱਖੀ ਆਲੋਚਨਾ ਕਰਨ ਵਾਲੇ ਭਗਤ ਕਬੀਰ ਜੀ ਫੁਰਮਾਉਂਦੇ ਹਨ :

*ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ॥*
*ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ॥ ੨॥*

(ਮਾਰੂ ਕਬੀਰ, ਪੰਨਾ ੧੧੦੩)

ਅਰਥਾਤ : ਹੇ ਪੰਡਤ ਜੀ, ਜੀਆਂ ਦਾ ਕਤਲ ਕਰਨਾ, ਧਰਮ ਦੇ ਨਾਮ ਹੇਠ ਉਨ੍ਹਾਂ ਦੀਆਂ ਬਲੀਆਂ ਦੇਣੀਆਂ, ਦੁੱਖ ਪਹੁੰਚਾਉਣਾ ਤੇ ਜੀਵ-ਹਿੰਸਾ ਕਰਨੀ ਜੇ ਧਰਮ ਹੈ ਤਾਂ ਕ੍ਰਿਪਾ ਕਰਕੇ ਦੱਸੋ, ਅਧਰਮ ਕੀ ਹੈ ?

ਤੇ ਜੇਕਰ ਧਰਮ ਦੇ ਨਾਮ ਉਪਰ ਜੀਵ-ਬੱਧ (ਜੀਵ-ਹਿੰਸਾ) ਕਰਨ ਵਾਲੇ ਪਰੋਹਿਤ ਹਨ, ਪੰਡਤ ਹਨ, ਰਿਸ਼ੀ-ਮੁਨੀ ਹਨ ਤਾਂ ਕਿਰਪਾ ਕਰਕੇ ਦੱਸੋ, ਕਸਾਈ ਕਿਸ ਨੂੰ ਆਖਦੇ ਹਨ ?

ਸੋ ਭਾਵੇਂ ਕਿ ਇਹ ਪ੍ਰਕਰਣ ਬਹੁਤ ਲੰਬਾ ਹੈ ਪਰੰਤੂ ਸਹਿਜੇ ਹੀ ਇਸ ਸਿੱਟੇ ਉਪਰ ਪਹੁੰਚਿਆ ਜਾ ਸਕਦਾ ਹੈ ਕਿ ਇਹ ਵੇਦ ਆਦਿਕ ਸਿਰਫ ਹਿੰਦੂ ਧਰਮ ਦੇ ਅਨੁਆਈਆਂ ਅਨੁਸਾਰੀ ਤਾਂ ਹੋ ਸਕਦੇ ਹਨ, ਪਰੰਤੂ ਗੁਰੂ ਗ੍ਰੰਥ ਸਾਹਿਬ ਦਾ ਫਲਸਫ਼ਾ ਵਿਸ਼ਵ ਵਿਆਪੀ ਹੈ, 'ਸਰਬੱਤ ਦੇ ਭਲੇ' ਦਾ ਮਹਾਨ ਸੰਦੇਸ਼ ਹਰ ਪ੍ਰਾਣੀ-ਮਾਤਰ ਵਾਸਤੇ ਸਰਬ-ਸਾਂਝਾ ਉਪਦੇਸ਼ ਹੈ:

*ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥*

(ਗੁਰੂ ਗ੍ਰੰਥ ਸਾਹਿਬ, ਪੰਨਾ 1299)

ਸਿੱਖ ਧਰਮ ਇਕ ਨਿਆਰਾ ਤੇ ਹਿੰਦੂ ਮੁਸਲਮਾਨ ਤੋਂ ਵੱਖਰਾ ਧਰਮ ਹੈ। ਪੰਡਿਤ ਤੇ ਮੁੱਲਾਂ ਦੇ ਝਗੜੇ ਤੋਂ ਲਾਂਭੇ ਹੋ ਕੇ ਅਸੀਂ ਸਮੁੱਚੇ ਬ੍ਰਹਿਮੰਡ ਵਿਚ ਵਿਚਰ ਰਹੀ ਅਕਾਲੀ ਜੋਤਿ ਦੇ ਲੜ ਲੱਗੇ ਹਾਂ :

*ਹਮਰਾ ਝਗਰਾ ਰਹਾ ਨ ਕੋਊ॥*
*ਪੰਡਿਤ ਮੁਲਾਂ ਛਾਡੇ ਦੋਊ॥*

(ਗੁਰੂ ਗ੍ਰੰਥ ਸਾਹਿਬ, ਪੰਨਾ 1158)

ਮਹਾਨ ਵਿਦਵਾਨ ਸਵਾਮੀ ਰਾਮ ਤੀਰਥ ਦਾ ਵਿਚਾਰ ਹੈ:

"ਜੇਕਰ ਹਿੰਦੂ ਹੋਏ ਭੀ ਅਸਲੀ ਧਰਮ ਦੀ ਰੱਖਿਆ ਹੋ ਸਕਦੀ ਤਾਂ ਗੁਰੂ ਜੀ ਹਿੰਦੂ ਅਤੇ ਮੁਸਲਮਾਨ ਤੋਂ ਵੱਖਰੇ ਤੀਸਰੇ ਸਿੱਖ ਪੰਥ ਦਾ ਨਿਰਮਾਣ ਨਾ ਕਰਦੇ। ਇਸ ਲਈ ਹਿੰਦੂ ਧਰਮ ਤੋਂ

ਵੱਖਰੇ ਧਰਮ ਵਾਲੇ ਸਿੱਖਾਂ ਨੂੰ ਹਿੰਦੂ ਮੰਨਣਾ ਮਹਾਂ ਮੂਰਖਤਾ ਹੈ।''

(ਸਰਵੋਤਮ ਧਰਮ, ਪੰਨਾ ੯੪)

ਵੇਦਾਂ ਅਤੇ ਗੁਰਬਾਣੀ ਵਿਚੋਂ ਦਿੱਤੇ ਕੁਝ ਪ੍ਰਮਾਣਾਂ ਤੋਂ ਸਪੱਸ਼ਟ ਹੈ ਕਿ ''ਗੁਰਬਾਣੀ ਵੇਦਾਂ ਦਾ ਸਾਰ'' ਨਹੀਂ ਹੈ ਜੋ ਆਰ.ਐਸ.ਐਸ. ਵਾਲੇ ਸਿੱਖਾਂ ਨੂੰ ਗੁੰਮਰਾਹ ਕਰਨ ਲਈ ਪ੍ਰਚਾਰ ਕਰ ਰਹੇ ਹਨ। ਗੁਰਬਾਣੀ ਵਿਚ ਵੇਦਾਂ ਦੇ ਖੰਡਨ ਦੇ ਅਨੇਕਾਂ ਪ੍ਰਮਾਣ ਦਰਜ ਹਨ :

ਵੇਦ ਸਿਮ੍ਰਿਤ ਸ਼ਾਂਸਤ੍ਰਾਦਿ (ਹਿੰਦੂ ਮੱਤ ਦੇ ਗ੍ਰੰਥ) ਤੁਰੀਆ ਅਵਸਥਾ ਦੇ ਗਿਆਨ ਤੋਂ ਸੱਖਣੇ ਭਾਵ ਤ੍ਰੈਗੁਣੀ ਪ੍ਰਚਾਰਕ ਹਨ।

*ਜਨਮਿ ਮਰੈ ਤ੍ਰੈਗੁਣ ਹਿਤਕਾਰੁ॥*
*ਚਾਰੇ ਬੇਦ ਕਥਹਿ ਆਕਾਰੁ॥*
*ਤੀਨਿ ਅਵਸਥਾ ਕਹਹਿ ਵਖਿਆਨੁ॥*
*ਤੁਰੀਆਵਸਥਾ ਸਤਿਗੁਰ ਤੇ ਹਰਿ ਜਾਨੁ॥*

(ਗਉੜੀ ਮਹਲਾ ੧, ਪੰਨਾ ੧੫੪)

*ਤ੍ਰੈ ਗੁਣ ਬਿਖਿਆ ਅੰਧੁ ਹੈ ਮਾਇਆ ਮੋਹੁ ਗੁਬਾਰ॥*
*ਲੋਭੀ ਅਨ ਕਉ ਸੇਵਦੇ ਪੜਿ ਵੇਦਾ ਕਰੈ ਪੂਕਾਰ॥*
*ਬਿਖਿਆ ਅੰਦਰਿ ਪਚਿ ਮੁਏ ਨਾ ਉਰਵਾਰੁ ਨ ਪਾਰੁ॥ ੩॥*

(ਸਿਰੀ ਰਾਗ ਮਹਲਾ ੩, ਪੰਨਾ ੩੦)

*ਵੇਦੁ ਪੁਕਾਰੈ ਤ੍ਰਿਬਿਧਿ ਮਾਇਆ॥ ਮਨਮੁਖ ਨ ਬੂਝਹਿ ਦੂਜੈ ਭਾਇਆ॥*
*ਤ੍ਰੈ ਗੁਣ ਪੜਹਿ ਹਰਿ ਏਕੁ ਨ ਜਾਣਹਿ ਬਿਨੁ ਬੂਝੇ ਦੁਖੁ ਪਾਵਣਿਆ॥*

(ਮਾਝ ਮਹਲਾ ੩, ਪੰਨਾ ੧੨੮)

*ਤ੍ਰੈ ਗੁਣ ਬਾਣੀ ਬ੍ਰਹਮ ਜੰਜਾਲਾ॥ ਪੜਿ ਵਾਦੁ ਵਖਾਣਹਿ ਸਿਰਿ ਮਾਰੇ ਜਮਕਾਲਾ॥*
*ਤਤੁ ਨ ਚੀਨਹਿ ਬੰਨਹਿ ਪੰਡ ਪਰਾਲਾ॥ ੨॥ ਮਨਮੁਖ ਅਗਿਆਨਿ ਕੁਮਾਰਗਿ ਪਾਏ॥*
*ਹਰਿ ਨਾਮੁ ਬਿਸਾਰਿਆ ਬਹੁ ਕਰਮ ਦ੍ਰਿੜਾਏ॥ ਭਵਜਲਿ ਡੂਬੇ ਦੂਜੈ ਭਾਏ॥ ੩॥*

(ਗਉੜੀ ਮਹਲਾ ੩, ਪੰਨਾ ੨੩੦)

*ਸਿਮ੍ਰਿਤਿ ਸਾਸਤ੍ਰ ਪੜਹਿ ਮੁਨਿ ਕੇਤੇ ਬਿਨੁ ਸਬਦੈ ਸੁਰਤਿ ਨ ਪਾਈ॥*

(ਭੈਰਉ ਮਹਲਾ ੩, ਪੰਨਾ ੧੧੩੦)

*ਬ੍ਰਹਮੈ ਬੇਦ ਬਾਣੀ ਪਰਗਾਸੀ ਮਾਇਆ ਮੋਹ ਪਸਾਰਾ॥*
*ਮਹਾਦੇਉ ਗਿਆਨੀ ਵਰਤੈ ਘਰਿ ਆਪਣੈ ਤਾਮਸੁ ਬਹੁਤੁ ਅਹੰਕਾਰਾ॥ ੨॥*

(ਵਡਹੰਸ ਮਹਲਾ ੩, ਪੰਨਾ ੫੫੯)

ਜਦ ਵੇਦਾਂ ਦਾ ਮੁਖੀਆ ਬ੍ਰਹਮਾਂ ਹੀ ਵੇਦ ਬਿਪਤਾ ਵਿਚ ਫਸ ਗਿਆ ਫਿਰ ਹੋਰਾਂ ਦਾ ਕੀ ਹਾਲ ?

ਬ੍ਰਹਮੈ ਗਰਬੁ ਕੀਆ ਨਹੀ ਜਾਨਿਆ॥
ਬੇਦ ਕੀ ਬਿਪਤਿ ਪੜੀ ਪਛੁਤਾਨਿਆ॥
ਜਹ ਪ੍ਰਭ ਸਿਮਰੇ ਤਹੀ ਮਨੁ ਮਾਨਿਆ॥ ੧॥

(ਗਉੜੀ ਮਹਲਾ ੧, ਪੰਨਾ ੨੨੪)

ਚਾਰ ਵੇਦ ਬ੍ਰਹਮੇ ਕਉ ਦੀਏ ਪੜਿ ਪੜਿ ਕਰੇ ਵੀਚਾਰੀ॥
ਤਾ ਕਾ ਹੁਕਮੁ ਨ ਬੂਝੈ ਬਪੁੜਾ ਨਰਕਿ ਸੁਰਗਿ ਅਵਤਾਰੀ॥ ੬॥

(ਆਸਾ ਮਹਲਾ ੩, ਪੰਨਾ ੪੨੩)

ਸਨਕ ਸਨੰਦ ਅੰਤੁ ਨਹੀ ਪਾਇਆ॥
ਬੇਦ ਪੜੇ ਪੜਿ ਬ੍ਰਹਮੇ ਜਨਮੁ ਗਵਾਇਆ॥ (ਆਸਾ ਕਬੀਰ, ਪੰਨਾ ੪੭੮)

ਭਾਵ - ਬ੍ਰਹਮਾ ਔਰ ਉਸ ਦੇ ਪੁਤ੍ਰਾਂ ਨੂੰ ਵੇਦ ਪਾਠ ਤੋਂ ਅਕਾਲ ਪ੍ਰਾਪਤੀ ਨਾ ਹੋਈ ਇਸ ਲਈ ਵੇਦ ਪੜ੍ਹਨੇ ਸੇ ਬੇ-ਅਰਥ ਹੀ ਮਨੁਸ਼ਾ ਜਨਮ ਗਵਾ ਦਿੱਤਾ।

## ਵੇਦ ਸਿੰਮ੍ਰਿਤਿ ਸਾਸਤ੍ਰ ਗੁਰਮਤਿ (ਅਕਾਲੀ ਗਯਾਨ) ਤੇ ਸੱਖਣੇ ਹਨ

ਅਸਟ ਦਸੀ ਚਹੁ ਭੇਦੁ ਨ ਪਾਇਆ॥ ਨਾਨਕ ਸਤਿਗੁਰਿ ਬ੍ਰਹਮੁ ਦਿਖਾਇਆ॥

(ਆਸਾ ਮਹਲਾ ੧, ਪੰਨਾ ੩੫੫)

ਪੜੇ ਰੇ ਸਗਲ ਬੇਦ ਨਹ ਚੂਕੈ ਮਨ ਭੇਦ ਇਕੁ ਖਿਨੁ ਨ ਧੀਰਹਿ ਮੇਰੇ ਘਰ ਕੇ ਪੰਚਾ॥
ਕੋਈ ਐਸੋ ਰੇ ਭਗਤੁ ਜੁ ਮਾਇਆ ਤੇ ਰਹਤੁ ਇਕੁ ਅੰਮ੍ਰਿਤ ਨਾਮੁ ਮੇਰੈ ਰਿਦੈ ਸਿੰਚਾ॥

(ਧਨਾਸਰੀ ਮਹਲਾ ੫, ੬੮੭)

ਬੇਦ ਕਤੇਬ ਨ ਭੇਦ ਲਖਯੋ ਜਿਹ ਸੋਊ ਗੁਰੂ ਗੁਰ ਮੋਹਿ ਬਤਾਯੋ॥

(ਤੇਤੀਸ ਸਵਯੇ ਪਾ: ੧੦)

ਬੇਦ ਕਤੇਬ ਨ ਭੇਦ ਲਹਯੋ ਤਿਹ ਸਿੱਧ ਸਮਾਧਿ ਸਭੈ ਕਰਿ ਹਾਰੇ॥
ਸਿੰਮ੍ਰਿਤਿ ਸਾਸਤ੍ਰ ਬੇਦ ਸਭੈ ਬਹੁ ਭਾਂਤਿ ਪੁਰਾਨ ਵਿਚਾਰ ਬੀਚਾਰੇ॥

(ਤੇਤੀਸ ਸਵਯੇ ਪਾ: ੧੦)

ਬੇਦ ਪੁਰਾਨ ਕਤੇਬ ਕੁਰਾਨ ਅਭੇਦ ਨ੍ਰਿਪਾਨ ਸਭੈ ਪਚ ਹਾਰੇ॥
ਭੇਦ ਨ ਪਾਇ ਸਕੈਂ ਅਨਭੇਦ ਕੋ ਖੇਦਤ ਹੈ ਅਨ ਛੇਦ ਪੁਕਾਰੇ॥
(ਅਕਾਲ ਉਸਤਤਿ ਪਾ: ੧੦)

## ਵੇਦ ਸ਼ਾਸਤ੍ਰ ਨਾਮ ਤੋਂ ਸੁੰਞੇ ਹਨ

ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ ਪੜਿਆ ਮੁਕਤਿ ਨ ਹੋਈ॥

ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ॥ ੩॥

(ਸੂਹੀ ਮ: ੫, ਪੰਨਾ ੭੪੭)

ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ॥
ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ॥ ੧॥

(ਸੁਖਮਨੀ ਮ: ੫, ਪੰਨਾ ੨੬੫)

ਚਾਰਿ ਬੇਦ ਜਿਹਵ ਭਨੇ॥
ਦਸ ਅਸਟ ਖਸਟ ਸ੍ਰਵਨ ਸੁਨੇ॥
ਨਹੀ ਤੁਲਿ ਗੋਬਿੰਦ ਨਾਮ ਧੁਨੇ॥

ਸਾਰੰਗ ਮ: ੫, ਪੰਨਾ ੧੨੨੯

ਨਵ ਛਿਅ ਖਟ ਕਾ ਕਰੇ ਬੀਚਾਰੁ॥ ਨਿਸ ਦਿਨ ਉਚਰੈ ਭਾਰ ਅਠਾਰ॥
ਤਿਨਿ ਭੀ ਅੰਤੁ ਨ ਪਾਇਆ ਤੋਹਿ॥ ਨਾਮ ਬਿਹੂਣ ਮੁਕਤਿ ਕਿਉ ਹੋਇ॥

(ਸਾਰੰਗ ਕੀ ਵਾਰ ਮ: ੪, ਪੰਨਾ ੧੨੩੭)

ਚਤੁਰ ਬੇਦ ਮੁਖ ਬਚਨੀ ਉਚਰੈ ਆਗੈ ਮਹਲੁ ਨ ਪਾਈਐ॥
ਬੂਝੈ ਨਾਹੀ ਏਕੁ ਸੁਧਾਖਰੁ ਓਹੁ ਸਗਲੀ ਝਾਖ ਝਖਾਈਐ॥ ੩॥

(ਗਉੜੀ ਮ: ੫, ਪੰਨਾ ੨੧੬)

## ਵੇਦ ਸ਼ਾਸਤ੍ਰ ਕਰਮ ਕਾਂਡੀ ਪੁਸਤਕ ਹਨ

ਸਿੰਮ੍ਰਿਤਿ ਸਾਸਤ੍ਰ ਬਹੁ ਕਰਮ ਕਮਾਏ ਪ੍ਰਭ ਤੁਮਰੇ ਦਰਸ ਬਿਨੁ ਸੁਖੁ ਨਾਹੀ॥ ੧॥

(ਆਸਾ ਮ: ੫, ਪੰਨਾ ੪੦੮)

ਸਾਸਤ੍ਰ ਬੇਦ ਪਾਪ ਪੁੰਨ ਵੀਚਾਰ॥ ਨਰਕਿ ਸੁਰਗਿ ਫਿਰਿ ਫਿਰਿ ਅਉਤਾਰ॥ ੨॥

(ਆਸਾ ਮ: ੫, ਪੰਨਾ ੩੯੫)

ਬੇਦ ਸਾਸਤ੍ਰ ਜਨ ਧਿਆਵਹਿ ਤਰਣ ਕਉ ਸੰਸਾਰੁ॥
ਕਰਮ ਧਰਮ ਅਨੇਕ ਕਿਰਿਆ ਸਭ ਊਪਰਿ ਨਾਮੁ ਅਚਾਰੁ॥ ੨॥

(ਆਸਾ ਮ: ੫, ਪੰਨਾ ੪੦੫)

ਸਾਸਤ ਬੇਦ ਪੁਰਾਣ ਪੁਕਾਰਹਿ ਧਰਮੁ ਕਰਹੁ ਖਟੁ ਕਰਮ ਦ੍ਰਿੜਈਆ॥
ਮਨਮੁਖ ਪਾਖੰਡਿ ਭਰਮਿ ਵਿਗੂਤੇ ਲੋਭ ਲਹਰਿ ਨਾਵ ਭਾਰਿ ਬੁਡਈਆ॥ ੬॥

(ਬਿਲਾਵਲ ਮ: ੪, ਪੰਨਾ ੮੩੫)

ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ॥ ਸਾਂਕਲ ਜੇਵਰੀ ਲੈ ਹੈ ਆਈ॥ ੧॥
ਆਪਨ ਨਗਰੁ ਆਪ ਤੇ ਬਾਧਿਆ॥ ਮੋਹ ਕੈ ਫਾਧਿ ਕਾਲ ਸਰੁ ਸਾਂਧਿਆ॥ ੧॥ ਰਹਾਉ॥

ਕਟੀ ਨ ਕਟੈ ਤੂਟਿ ਨਹ ਜਾਈ॥ ਸਾ ਸਾਪਨਿ ਹੋਇ ਜਗ ਕਉ ਖਾਈ॥ ੨॥
ਹਮ ਦੇਖਤ ਜਿਨਿ ਸਭੁ ਜਗੁ ਲੂਟਿਆ॥ ਕਹੁ ਕਬੀਰ ਮੈ ਰਾਮ ਕਹਿ ਛੂਟਿਆ॥ ੩॥ ੩੦॥

(ਗਉੜੀ ਕਬੀਰ, ਪੰਨਾ ੩੨੯)

## ਅਸਲ ਬੇਦ ਬ੍ਰਹਮ ਗਿਆਨ ਗੁਰਬਾਣੀ ਹੈ

ਗੁਰਮੁਖਿ ਨਾਦ ਬੇਦ ਬੀਚਾਰੁ॥ ਗੁਰਮੁਖਿ ਮਜਨੁ ਚਜੁ ਆਚਾਰੁ॥

(ਰਾਮਕਲੀ ਮ: ੧, ਪੰਨਾ ੯੩੨)

ਸਭਿ ਨਾਦ ਬੇਦ ਗੁਰਬਾਣੀ॥ ਮਨੁ ਰਾਤਾ ਸਾਰਿਗਪਾਣੀ॥
ਤਹ ਤੀਰਥ ਵਰਤ ਤਪ ਸਾਰੇ॥ ਗੁਰ ਮਿਲਿਆ ਹਰਿ ਨਿਸਤਾਰੇ॥ ੩॥

(ਰਾਮਕਲਿ ਮ: ੧, ਪੰਨਾ ੮੭੯)

ਗੁਰਮੁਖਿ ਨਾਦੁ ਬੇਦੁ ਹੈ ਗੁਰਮੁਖਿ ਗੁਰ ਪਰਚੈ ਨਾਮੁ ਧਿਆਵੈਗੋ॥

(ਕਾਨੜਾ ਮ: ੪, ਪੰਨਾ ੧੩੧੧)

ਨਾਮੁ ਹਮਾਰੈ ਬੇਦ ਅਰੁ ਨਾਦ॥

(ਭੈਰਉ ਮ: ੫, ਪੰਨਾ ੧੧੪੫)

ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ॥ ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ॥

(ਆਸਾ ਮ: ੫, ਪੰਨਾ ੩੯੭)

## ਵੇਦਾਂ ਸ਼ਾਸਤ੍ਰਾਂ ਮਗਰ ਲੱਗਣ ਵਾਲੇ

ਕੇਤੇ ਪੰਡਿਤ ਜੋਤਕੀ ਬੇਦਾ ਕਰਹਿ ਬੀਚਾਰੁ॥
ਵਾਦਿ ਵਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ॥
ਬਿਨੁ ਗੁਰ ਕਰਮ ਨ ਛੁਟਸੀ ਕਹਿ ਸੁਣਿ ਆਖਿ ਵਖਾਣੁ॥ ੭॥

(ਸਿਰੀ ਰਾਗ ਮਹਲਾ ੧, ਪੰਨਾ ੫੬)

ਪੜਿ ਪੜਿ ਪੰਡਿਤ ਮੋਨੀ ਥਕੇ ਬੇਦਾਂ ਕਾ ਅਭਿਆਸੁ॥
ਹਰਿ ਨਾਮੁ ਚਿਤਿ ਨ ਆਵਈ ਨਹ ਨਿਜ ਘਰਿ ਹੋਵੈ ਵਾਸੁ॥

(ਮਲਾਰ ਮਹਲਾ ੩, ਪੰਨਾ ੧੨੭੭)

ਪਡੀਆ ਕਵਨ ਕੁਮਤਿ ਤੁਮ ਲਾਗੇ॥
ਬੂਡਹੁਗੇ ਪਰਵਾਰ ਸਕਲ ਸਿਉ ਰਾਮੁ ਨ ਜਪਹੁ ਅਭਾਗੇ॥ ੧॥ ਰਹਾਉ॥
ਬੇਦ ਪੁਰਾਨ ਪੜੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ॥
ਰਾਮ ਨਾਮ ਕੀ ਗਤਿ ਨਹੀ ਜਾਨੀ ਕੈਸੇ ਉਤਰਸਿ ਪਾਰਾ॥ ੧॥
ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ॥
ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ॥ ੨॥

ਮਨ ਕੇ ਅੰਧੇ ਆਪਿ ਨ ਬੂਝਹੁ ਕਾਹਿ ਬੁਝਾਵਹੁ ਭਾਈ॥
ਮਾਇਆ ਕਾਰਨ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ॥ ੩॥
ਨਾਰਦ ਬਚਨ ਬਿਆਸੁ ਕਹਤ ਹੈ ਸੁਕ ਕਉ ਪੂਛਹੁ ਜਾਈ॥
ਕਹਿ ਕਬੀਰ ਰਾਮੈ ਰਮਿ ਛੂਟਹੁ ਨਾਹਿ ਤ ਬੂਡੇ ਭਾਈ॥ ੪॥ ੧॥

(ਪੰਨਾ ੧੧੦੨)

# ਕੀ ਜਪੁਜੀ ਗੀਤਾ ਦਾ ਸਾਰ ਹੈ ?

ਪਿਛਲੇ ਕੁਝ ਸਮੇਂ ਤੋਂ ਕੁਝ ਪੰਥ ਵਿਰੋਧੀ ਸ਼ਕਤੀਆਂ ਜਿਥੇ ਗੁਰਮਤਿ ਵਿਚਾਰਧਾਰਾ ਵਿੱਚ ਘੁਸਪੈਠ ਕਰਕੇ, ਸਿਧਾਂਤਾਂ ਦੇ ਵਿਗਾੜ ਵਾਸਤੇ ਤੱਤਪਰ ਹਨ, ਉਥੇ ਉਹ ਗੁਰਬਾਣੀ ਦੇ ਅਰਥ ਵੀ ਮਨਮਰਜ਼ੀ ਨਾਲ ਕਰਕੇ ਗੁਰਬਾਣੀ ਵਿਚਾਰਧਾਰਾ ਬਾਰੇ ਵੀ ਸ਼ੰਕੇ ਖੜੇ ਕਰਨੇ ਚਾਹੁੰਦੀਆਂ ਹਨ। ਗੁਰਬਾਣੀ ਵਿੱਚ ਸਿੱਧੇ ਤੌਰ ਤੇ ਘੁਸਪੈਠ ਤਾਂ ਅਸੰਭਵ ਸੀ ਜਿਵੇਂ ਕਿ ਬਿਪਰਵਾਦ ਨੇ ਇਤਿਹਾਸਕ ਸਰੋਤਾਂ ਵਿਚ ਕੀਤੀ ਹੈ ਪਰੰਤੂ ਗੁਰਬਾਣੀ ਨੂੰ ਬਿਪਰਵਾਦੀ ਰੰਗਤ ਦੇਣ ਵਾਸਤੇ ਕਦੀ ਤਾਂ ਸਮੁੱਚੀ ਧੁਰ ਕੀ ਬਾਣੀ ਨੂੰ ਵੇਦਾਂ ਦੀ ਗੰਗੋਤਰੀ ਵਿੱਚੋਂ ਫੁੱਟਿਆ ਇਕ ਚਸ਼ਮਾ ਦੱਸਿਆ ਜਾਂਦਾ ਹੈ ਅਤੇ ਕਿਤੇ ਜਪੁਜੀ ਸਾਹਿਬ ਨੂੰ ਗੀਤਾ ਦੇ ਕਲਪ ਬ੍ਰਿਛ ਦਾ ਫਲ ਅਰਥਾਤ ਗੀਤਾ ਦਾ ਸਾਰ ਕਿਹਾ ਜਾਂਦਾ ਹੈ। ਜਪੁਜੀ ਸਾਹਿਬ ਦੀ ਅਧਿਆਤਮਿਕ ਵਿਸ਼ਾਲਤਾ ਅਤੇ ਆਤਮਿਕ ਉਡਾਰੀ ਦਾ ਜ਼ਿਕਰ ਕਰਨ ਤੋਂ ਪਹਿਲਾਂ ਸ੍ਰੀ ਮਦ ਭਗਵਤ ਗੀਤਾ ਦੇ ਵਿਸ਼ੇ ਵਸਤੂ ਬਾਰੇ ਵਿਸਥਾਰ ਸਹਿਤ ਜਾਨਣਾ ਬਹੁਤ ਜ਼ਰੂਰੀ ਹੈ, ਕਿਉਂਕਿ ਜਪੁਜੀ ਅਤੇ ਗੀਤਾ ਵਿੱਚ ਕਿਤੇ ਵੀ ਸਮਾਨਤਾ ਨਹੀਂ ਹੈ।

ਹਿੰਦੂ ਧਰਮ ਵਿੱਚ ਗੀਤਾ ਦਾ ਸਥਾਨ ਤਕਰੀਬਨ ਸਰਵਉੱਚ ਹੈ। ਇਸ ਧਰਮ ਨਾਲ ਸੰਬੰਧਿਤ ਤਕਰੀਬਨ ਸਾਰੀਆਂ ਹੀ ਸੰਪਰਦਾਵਾਂ ਦੇ ਲੋਕ ਕਿਸੇ ਨਾ ਕਿਸੇ ਰੂਪ ਵਿੱਚ ਇਸ ਦਾ ਅਧਿਐਨ ਕਰਦੇ ਹਨ ਅਤੇ ਭਾਰਤੀ ਦਰਸ਼ਨ ਦਾ ਮਹਾਂ ਗਰੰਥ ਗੀਤਾ ਨੂੰ ਹੀ ਮੰਨਦੇ ਹਨ। ਇਸੇ ਕਰਕੇ ਹੀ ਹਿੰਦੂ ਧਰਮ ਦੇ ਬਾਕੀ ਗਰੰਥਾਂ ਇਥੋਂ ਤੱਕ ਕਿ ਵੇਦਾਂ ਤੋਂ ਵੀ ਵੱਧ ਸਨਮਾਨ ਅਤੇ ਮਹਾਨਤਾ ਗੀਤਾ ਨੂੰ ਪ੍ਰਾਪਤ ਹੈ। ਤਕਰੀਬਨ ਸਾਰੀਆਂ ਭਾਸ਼ਾਵਾਂ ਵਿੱਚ ਇਸ ਦੇ ਅਨੁਵਾਦ ਹੋਏ ਹਨ, ਅਤੇ ਗੀਤਾ ਭਗਤ ਇਸ ਨੂੰ ਭਾਰਤੀ ਦਰਸ਼ਨ ਦੇ ਗ੍ਰੰਥਾਂ ਦਾ ਨਿਚੋੜ ਸਮਝਦੇ ਹਨ। ਕਈ ਗੀਤਾਵਾਦੀ ਤਾਂ ਗੀਤਾ ਨੂੰ ਵੇਦਾਂ ਰੂਪੀ ਗਊ ਦਾ ਦੁੱਧ ਆਖਦੇ ਹਨ। ਪਰੰਤੂ ਜੇਕਰ ਡੂੰਘੇਰੀ ਘੋਖ ਕੀਤੀ ਜਾਵੇ ਤਾਂ ਇੰਝ ਲਗਦਾ ਜਿਵੇਂ ਦਰਸ਼ਨ ਦੇ ਨਾਮ ਹੇਠ ਗੀਤਾ ਦਾ ਕਰਤਾ ਲੋਕਾਂ ਨੂੰ ਗੁੰਮਰਾਹ ਕਰ ਰਿਹਾ ਹੋਵੇ। ਅੰਧਵਿਸ਼ਵਾਸ ਨੂੰ ਗਿਣੀ ਮਿਥੀ ਸਾਜ਼ਿਸ ਅਧੀਨ ਪੱਕਿਆਂ ਕੀਤਾ ਜਾਂਦਾ ਹੈ। ਸਹੀ ਅਰਥਾਂ ਵਿੱਚ ਇਹ ਸਮੁੱਚੀ ਮਨੁੱਖਤਾ ਨੂੰ ਕੋਈ ਨਿੱਗਰ ਸੇਧ ਨਹੀਂ ਦਿੰਦੀ ਪਰ ਇਕ ਗੱਲ ਜ਼ਰੂਰ ਹੈ ਕਿ ਜ਼ਾਤ ਪਾਤ ਅਧਾਰਿਤ ਕਿਸੇ ਇਕ ਵਰਗ ਦੀ ਪ੍ਰੋੜ੍ਹਤਾ ਜ਼ਰੂਰ ਕਰਦੀ ਹੈ। ਇਸ ਗ੍ਰੰਥ ਦਾ ਉਤਪਤੀ ਸਥਾਨ (ਜੋ ਕੇਵਲ ਮਨੌਤ ਹੈ) ਕੁਰੂਕਸ਼ੇਤਰ ਮੰਨਿਆ ਗਿਆ ਹੈ ਅਤੇ ਉਥੇ ਹੋਇਆ ਮਹਾਂਭਾਰਤ ਦਾ ਯੁੱਧ ਇਕ ਪਰਿਵਾਰ ਦੇ ਮੈਂਬਰ ਦੀ ਖ਼ੂਨੀ ਲੜਾਈ ਹੈ, ਗੀਤਾ ਵਿੱਚ ਜ਼ਿਕਰ ਹੈ:

*ਧ੍ਰਿਤਰਾਸ਼ਟਰੋ ਵਾਚ॥*

ਧਰਮਕਸ਼ੇਤਰੇ ਕੁਰੁਕਸ਼ੇਤਰੇ ਸਮਵੇਤਾ ਯੁਧੁਸਤਵ॥ ੧॥ (ਅਧਿਆਇ ੧)

ਅਰਥਾਤ:-ਧ੍ਰਿਤਰਾਸ਼ਟਰ ਨੇ ਸੰਜੇਜ ਨੂੰ ਪੁੱਛਿਆ ਕਿ ਧਰਮ ਖੇਤਰ ਵਿੱਚ ਯੁੱਧ ਦਾ ਹਾਲ ਕੀ ਹੈ? ਇਤਿਹਾਸਕਾਰਾਂ ਅਨੁਸਾਰ ਇਸ ਯੁੱਧ ਵਿੱਚ ਕੋਈ 50 ਲੱਖ ਦੇ ਕਰੀਬ ਵਿਅਕਤੀ ਖਤਮ ਹੋਏ। ਯੁੱਧ ਦੇ ਅੰਤ ਵਿੱਚ ਕੇਵਲ ਦਸ ਵਿਅਕਤੀ ਬਚੇ। ਦੋ ਪਰਿਵਾਰਾਂ ਦਾ ਖੂਨੀ ਯੁੱਧ ਜੋ ਇੰਨੇ ਵੱਡੇ ਵਿਨਾਸ਼ ਦਾ ਕਾਰਨ ਬਣਿਆ ਅਤੇ ਭਾਰਤ ਦੀ ਕਲਾ ਅਤੇ ਵਿਗਿਆਨ ਜੋ ਉਸ ਸਮੇਂ ਤਰੱਕੀ ਦੇ ਸਿਖਰ ਉਪਰ ਸੀ, ਦੀ ਸਦੀਆਂ ਤੱਕ ਨਾ ਪੂਰੀ ਹੋਣ ਵਾਲੀ ਹਾਨੀ ਹੋਈ, ਅਨੇਕਾਂ ਵਿਦਿਆਵਾਂ ਦਾ ਸਦੀਵੀ ਅੰਤ ਹੋ ਗਿਆ, ਦੇਸ਼ ਅੰਧਕਾਰ ਦੇ ਰਾਹ ਉਪਰ ਤੁਰ ਪਿਆ। ਇਸ ਵਿਨਾਸ਼ਕਾਰੀ ਪਰਿਵਾਰਕ ਯੁੱਧ ਧਰਮ ਯੁੱਧ ਦੀ ਸੰਗਿਆ ਦੇਣੀ ਹੀ ਮੂਲ ਗਲਤੀ ਹੈ ਅਤੇ ਨਾ ਹੀ ਉਸ ਯੁੱਧ ਖੇਤਰ ਨੂੰ ਧਰਮਖੇਤਰ ਕਿਹਾ ਜਾ ਸਕਦਾ ਹੈ, ਕਿਉਂਕਿ ਧਰਮ ਦੇ ਅਧਾਰ ਦਾ ਤਾਂ ਇਸ ਯੁੱਧ ਵਿੱਚ ਦੂਰ ਤੱਕ ਦਾ ਵਾਸਤਾ ਵੀ ਨਹੀਂ ਸੀ।

ਗੀਤਾ ਦੇ ਅਨੁਵਾਦ ਅਨੇਕਾਂ ਹੀ ਵਿਦਵਾਨਾਂ ਅਤੇ ਵਿਅਕਤੀਆਂ ਨੇ ਕੀਤੇ ਹਨ, ਪਰੰਤੂ ਸਾਰੇ ਅਨੁਵਾਦਾਂ ਵਿੱਚ ਕੋਈ ਖਾਸ ਸਮਾਨਤਾ ਨਹੀਂ ਹੈ, ਭਿੰਨਤਾਵਾਂ ਵਧੇਰੇ ਹਨ, ਇਸ ਕਰਕੇ ਹੀ ਵੱਖ-ਵੱਖ ਟੀਕਿਆਂ ਦਾ ਅਧਿਐਨ ਕਰਕੇ ਵੀ ਪਾਠਕ ਕਿਸੇ ਇਕ ਮੂਲ ਸਿੱਟੇ ਉਪਰ ਨਹੀਂ ਪਹੁੰਚ ਸਕਦਾ। ਬੇਸ਼ਕ ਕਿ ਹਰ ਟੀਕਾਕਾਰ ਦਾ ਅਧਾਰ ਸ਼ਰਧਾ ਹੈ ਪਰੰਤੂ ਭਿੰਨਤਾ ਬਹੁਤ ਹੈ ਅਤੇ ਅਲੋਚਨਾਤਮਕ ਅਧਿਐਨ ਤੋਂ ਤਾਂ ਦੂਰ ਹੀ ਰਿਹਾ ਗਿਆ ਹੈ, ਇਥੋਂ ਤੱਕ ਕਿ ਯੁੱਧ ਦੇ ਮੂਲਕਾਰਨਾਂ ਅਤੇ ਕ੍ਰਿਸ਼ਨ ਨੀਤੀ ਨੂੰ ਵੀ ਇਸ ਦ੍ਰਿਸ਼ਟੀ ਤੋਂ ਅਧਿਐਨ ਦੇ ਖੇਤਰ ਦੇ ਤੌਰ ਤੇ ਨਹੀਂ ਲਿਆ ਗਿਆ। ਮਿਸਾਲ ਦੇ ਤੌਰ ਤੇ ਇਸ ਦੇ ਯੁੱਧ ਵਿੱਚ ਭਗਵਾਨ ਕ੍ਰਿਸ਼ਨ ਦੀ ਆਪਣੀ ਸਥਿਤੀ ਵੀ ਸਪੱਸ਼ਟ ਨਹੀਂ ਹੈ, ਦੋਗਲੀ ਹੈ। ਉਹ ਆਪ ਤਾਂ ਅਰਜਨ ਦੀ ਮਦਦ ਕਰਦੇ ਹਨ ਪਰੰਤੂ ਸਾਰੀ ਫ਼ੌਜੀ ਸਹਾਇਤਾ ਦੁਰਯੋਧਨ ਨੂੰ ਦਿੰਦੇ ਹਨ। ਇਥੇ ਇਕ ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਦੁਰਯੋਧਨ ਬੁਰਾ ਹੀ ਹੈ ਤਾਂ ਉਸ ਦੇ ਪੱਖ ਵਿੱਚ ਵਧੇਰੇ ਲੋਕ ਅਤੇ ਫ਼ੌਜ ਕਿਉਂ ਹੈ? ਜੇਕਰ ਭਗਵਾਨ ਕ੍ਰਿਸ਼ਨ ਵੀ ਉਸ ਨੂੰ ਅਨਿਆਂਕਾਰੀ ਅਤੇ ਬੁਰਾ ਸਮਝਦੇ ਹਨ ਤਾਂ ਨਿੱਤਰ ਕੇ ਆਪਣੀ ਫ਼ੌਜ ਸਹਿਤ ਉਸ ਦੀ ਵਿਰੋਧਤਾ ਕਿਉਂ ਨਹੀਂ ਕਰਦੇ? ਜੇਕਰ ਯੁੱਧ ਦਾ ਮੂਲ ਕਾਰਨ ਹੀ ਜੂਏ ਵਿੱਚ ਔਰਤ ਦੀ ਹਾਰ ਹੈ ਤਾਂ ਇਹ ਯੁੱਧ ਧਰਮ ਯੁੱਧ ਕਿਵੇਂ ਹੈ? ਕੀ ਜੂਏ ਵਰਗੀ ਲਾਹਨਤ ਤੋਂ ਸ਼ੁਰੂ ਹੋਏ ਇਸ ਗ੍ਰਹਿਯੁੱਗ ਵਿੱਚ ਇੰਨੇ ਭਿਆਨਕ ਵਿਨਾਸ਼ ਨੂੰ ਜਨਮ ਦੇਣਾ ਜਾਇਜ਼ ਹੈ? ਦੂਸਰਾ ਪੱਖ ਹੈ ਜਿਹੜੀ ਚੀਜ਼ ਜੂਏ ਵਿੱਚ ਹਾਰ ਦਿੱਤੀ ਜਾਵੇ ਉਸ ਦਾ ਮਾਲਿਕ ਜਿੱਤਿਆ ਜੁਆਰੀਆ ਹੁੰਦਾ ਹੈ, ਪਰੰਤੂ ਪਾਂਡਵ ਕਿਸ ਕਿਰਦਾਰ ਦੇ ਮਾਲਕ ਸਨ ਜਿਨ੍ਹਾਂ ਨੇ ਇਕ ਅਬਲਾ ਵੀ ਦਾਅ ਉਪਰ ਲਗਾ ਦਿੱਤੀ? ਕੀ ਇਹ ਔਰਤ ਦੇ ਹੱਕਾਂ ਦਾ ਘਾਤ ਨਹੀਂ? ਫਿਰ ਭਗਵਾਨ ਕ੍ਰਿਸ਼ਨ ਦੇ ਗੀਤਾ ਵਿੱਚ ਦਿੱਤੇ ਉਪਦੇਸ਼ ਵੀ ਆਪਸ ਵਿੱਚ ਵਿਰੋਧਾਭਾਵ ਰੱਖਦੇ ਹਨ। ਗੀਤਾ ਵਿੱਚ ਜ਼ਿਕਰ ਹੈ:

ਪਾਂਚਜਨਯ ਹਰਸ਼ੀਕੇਸ਼ੋਂ ਦੇਵਦਤੰ ਧਨੰਜਯ॥ ੧੫॥[2] (ਅਧਿਆਇ ੧)

ਅਰਥਾਤ ਯੁੱਧ ਤੋਂ ਪਹਿਲਾਂ ਸ੍ਰੀ ਕ੍ਰਿਸ਼ਨ ਨੇ ਪੰਚਜਨਯ ਨਾਮ ਸ਼ੰਖ ਵਜਾ ਕੇ ਅਤੇ ਅਰਜੁਨ ਦੇ ਪਾਸਿਓਂ ਦੇਵਦਤੰ ਨਾਮਕ ਸ਼ੰਖ ਵਜਾ ਕੇ ਯੁੱਧ ਅਰੰਭ ਦੀ ਘੋਸ਼ਣਾ ਕੀਤੀ।

ਇਥੇ ਇਕ ਸਵਾਲ ਪੈਦਾ ਹੁੰਦਾ ਹੈ ਕਿ ਭਗਵਾਨ ਕ੍ਰਿਸ਼ਨ ਨਾ ਤਾਂ ਇਸ ਯੁੱਧ ਵਿੱਚ ਜਰਨੈਲ ਸਨ ਅਤੇ ਨਾ ਹੀ ਸਿਪਾਹੀ, ਉਹ ਤਾਂ ਅਰਜਨ ਦੀ ਇੱਛਾ ਅਨੁਸਾਰ ਕੇਵਲ ਉਸ ਦੇ ਰਥਵਾਨ ਸਨ ਪਰੰਤੂ ਜਦੋਂ ਕੌਰਵਾਂ ਵਲੋਂ ਭੀਸ਼ਮ ਪਿਤਾਮਾ ਨੇ ਸ਼ੰਖਨਾਦ ਕੀਤਾ ਤਾਂ ਉਸਦੇ ਜਵਾਬ ਵਿੱਚ ਸ੍ਰੀ ਕ੍ਰਿਸ਼ਨ ਨੇ ਸੈਨਾਪਤੀ ਵਾਂਗ ਸ਼ੰਖਨਾਦ ਕਿਉਂ ਕੀਤਾ? ਇਹ ਰਥਵਾਨ ਦਾ ਨਹੀਂ ਸੈਨਾਪਤੀ ਦਾ ਕਾਰਜ ਹੈ, ਭਗਵਾਨ ਕ੍ਰਿਸ਼ਨ ਦੀ ਇਥੇ ਵੀ ਭੂਮਿਕਾ ਪ੍ਰਸ਼ਨ-ਚਿੰਨ੍ਹ ਵਾਲੀ ਹੈ ਕਿ ਉਹਨਾਂ ਦੀ ਠੀਕ ਸਥਿਤੀ ਕੀ ਹੈ, ਉਹ ਰਥਵਾਨ ਹਨ ਜਾਂ ਸੈਨਾਪਤੀ? ਇਸ ਤਰ੍ਹਾਂ ਸ਼ੰਖ ਦੇ ਨਾਦ ਦਾ ਵਾਪਸੀ ਜਵਾਬ ਦੇਣ ਤੋਂ ਤਾਂ ਸਿੱਧ ਹੁੰਦਾ ਹੈ ਕਿ ਭਗਵਾਨ ਯੁੱਧ ਨੂੰ ਟਾਲਣ ਵਿੱਚ ਨਹੀਂ ਬਲਕਿ ਹੋਣ ਵਿੱਚ ਪ੍ਰਸੰਨ ਸਨ। ਇਥੋਂ ਤੱਕ ਕਿ ਅਰਜਨ ਪਹਿਲਾਂ ਯੁੱਧ ਦੇ ਹੱਕ ਵਿੱਚ ਨਹੀਂ ਸੀ, ਅਰਜਨ ਕਹਿੰਦਾ ਹੈ ਕਿ:

"ਮੇਰਾ ਸਾਰਾ ਸਰੀਰ ਕੰਬ ਰਿਹਾ ਹੈ, ਮੇਰੀ ਚਮੜੀ ਇੰਝ ਹੈ ਜਿਵੇ ਸੜ ਰਹੀ ਹੋਵੇ, ਮੇਰਾ ਧਨੁਖ-ਬਾਣ ਵੀ ਮੇਰੇ ਹੱਥੋਂ ਛੁੱਟਦਾ ਜਾ ਰਿਹਾ ਹੈ।" (ਸਲੋਕ ਕਣ ਅਧਿਆਇ 1 ਦਾ ਅਨੁਵਾਦ) "ਮੈਂ ਜ਼ਿਆਦਾ ਚਿਰ ਖੜ੍ਹੇ ਰਹਿਣ ਦੇ ਸਮਰੱਥ ਵੀ ਨਹੀਂ ਹਾਂ, ਮੈਂ ਸਭ ਕੁਝ ਭੁਲਦਾ ਜਾ ਰਿਹਾ ਹਾਂ, ਮੇਰਾ ਮਨ ਤਨ ਭਰਮ-ਭਰਪੂਰ ਹੁੰਦਾ ਜਾ ਰਿਹਾ ਹੈ। ਹੇ ਕੇਸ਼ਵ! ਮੈਨੂੰ ਭਵਿੱਖ ਵਿੱਚ ਸਾਰੇ ਬੁਰੇ ਕਾਰਜ ਹੀ ਨਜ਼ਰ ਆ ਰਹੇ ਹਨ।" (ਸਲੋਕ 30 ਅਧਿ: 1 ਦਾ ਅਨੁਵਾਦ) "ਦੁਰਯੋਧਨ ਤਾਂ ਲੋਭ ਵਿੱਚ ਆਪਣੀ ਅਕਲ-ਭ੍ਰਿਸ਼ਟ ਕਰ ਚੁੱਕਾ ਹੈ, ਇਸ ਕਰਕੇ ਉਹ ਸੋਚ ਹੀ ਨਹੀਂ ਰਿਹਾ ਕਿ ਇਸ ਕੁਲਘਾਤੀ ਗ੍ਰਹਿਯੁੱਧ ਦੇ ਨਤੀਜੇ ਕਿੰਨੇ ਭਿਆਨਕ ਹੋਣਗੇ, ਪਰੰਤੂ ਅਸੀਂ ਤਾਂ ਸਭ ਕੁਝ ਸਮਝਦੇ ਹਾਂ ਪਰ ਫਿਰ ਅਸੀਂ ਵੀ ਕਿਉਂ ਦੁਰਯੋਧਨ ਵਾਲੇ ਰਸਤੇ ਉਪਰ ਚਲੇ ਹੋਏ ਹਾਂ? ਜਿਹੜਾ ਪਾਪ ਦੁਰਯੋਧਨ ਕਰ ਰਿਹਾ ਹੈ, ਬਿਲਕੁਲ ਅਸੀਂ ਵੀ ਉਹੋ ਕਰ ਰਹੇ ਹਾਂ। ਸਾਨੂੰ ਵਿਚਾਰ ਕਰਕੇ ਇਸ ਨੂੰ ਟਾਲਣਾ ਚਾਹੀਦਾ ਹੈ।"

(ਸਲੋਕ ੩੯ ਅਧਿ: ੧ ਦਾ ਅਨੁਵਾਦ)

ਭਗਵਾਨ ਕ੍ਰਿਸ਼ਨ ਨੂੰ ਅਰਜਨ ਦੀਆਂ ਉਪਰੋਕਤ ਤਰਕਭਰਪੂਰ ਗੱਲਾਂ ਬਿਲਕੁਲ ਚੰਗੀਆਂ ਨਹੀਂ ਲਗਦੀਆਂ, ਕਿਉਕਿ ਉਹ ਯੁੱਧ ਨੂੰ ਟਾਲਣ ਦੇ ਹੱਕ ਵਿੱਚ ਨਹੀਂ ਹਨ। ਇਸ ਕਰਕੇ ਅਰਜਨ ਦੀਆਂ ਸਿਆਣੀਆਂ ਗੱਲਾਂ ਵੀ ਭਗਵਾਨ ਜੀ ਨੂੰ ਅਗਿਆਨ ਦੀਆਂ ਪੰਡਾਂ ਲਗਦੀਆਂ ਹਨ। ਕ੍ਰਿਸ਼ਨ ਜੀ ਕਹਿੰਦੇ ਹਨ:

"ਹੇ ਅਰਜਨ! ਤੈਨੂੰ ਸੰਘਰਸ਼ ਦੀ ਇਸ ਔਖੀ ਸਥਿਤੀ ਵਿੱਚ ਇਹ ਅਗਿਆਨ ਵਾਲੀਆ ਗੱਲਾਂ ਕਿਥੋਂ ਸੁਝ ਰਹੀਆਂ ਹਨ? ਉਹ ਗੱਲਾਂ ਉਚੇ ਲੋਕਾਂ ਦੇ ਯੋਗ ਨਹੀਂ ਹਨ ਅਤੇ ਨਾ ਹੀ ਇਸ ਅਗਿਆਨ ਨਾਲ ਉਚੇ ਲੋਕਾਂ ਦੀ ਪ੍ਰਾਪਤੀ ਹੁੰਦੀ ਹੈ। ਇਹ ਤਾਂ ਅਪਜਸ ਦਾ ਕਾਰਨ ਹਨ।"

(ਸਲੋਕ ੨ ਅਧਿ: ੨ ਦਾ ਅਨੁਵਾਦ)

"ਆਪਣੇ ਕਸ਼ੱਤਰੀ ਧਰਮ ਉਪਰ ਵਿਚਾਰ ਕਰਕੇ ਤੂੰ ਇਹ ਜਾਣ ਲੈ ਕਿ ਤੇਰੇ ਲਈ ਧਰਮ ਯੁੱਧ ਤੋਂ ਬਿਨਾਂ ਹੋਰ ਕੋਈ ਕਲਿਆਣ ਦਾ ਸਾਧਨ ਨਹੀਂ ਹੈ। ਇਸ ਕਰਕੇ ਇਸ ਯੁੱਧ ਰੂਪੀ ਸਵੈਧਰਮ ਤੋਂ ਸੰਕੋਚ ਕਰਨ ਦਾ ਕੋਈ ਕਾਰਨ ਨਹੀਂ ਹੈ।" (ਸਲੋਕ ੩੧ ਅਧਿ: ੨ ਦਾ ਅਨੁਵਾਦ)

ਜ਼ਿਕਰ ਯੋਗ ਹੈ ਕਿ ਪਹਿਲੇ ਅਧਿਆਇ ਵਿੱਚ ਅਰਜਨ ਕ੍ਰਿਸ਼ਨ ਜੀ ਨੂੰ ਯੁੱਧ ਤੋਂ ਹੋਣ ਵਾਲੇ ਨੁਕਸਾਨ ਤੋਂ ਜਾਣੂ ਕਰਵਾ ਕੇ ਯੁੱਧ ਟਾਲਣ ਦੀ ਕੋਸ਼ਿਸ਼ ਕਰਦਾ ਹੈ, ਪਰੰਤੂ ਕ੍ਰਿਸ਼ਨ ਜੀ ਧਰਮ ਦਾ ਵਾਸਤਾ ਦੇ ਕੇ ਫਿਰ ਅਰਜਨ ਨੂੰ ਯੁੱਧ ਲਈ ਉਕਸਾ ਰਹੇ ਹਨ। ਜਿਸ ਤਰ੍ਹਾਂ ਕ੍ਰਿਸ਼ਨ ਜੀ ਬਾਰ-ਬਾਰ ਧਰਮ ਦਾ ਵਾਸਤਾ ਦੇ ਕੇ ਅਰਜਨ ਨੂੰ ਯੁੱਧ ਵਾਸਤੇ ਉਕਸਾਉਂਦੇ, ਉਸ ਤੋਂ ਇੰਝ ਲਗਦਾ ਹੈ ਜਿਵੇਂ ਖੱਤਰੀ ਦਾ ਕੰਮ ਕੇਵਲ ਯੁੱਧ ਕਰਨਾ ਹੀ ਹੈ। ਪਰੰਤੂ ਧਰਮ ਕੀ ਹੈ ? ਸਾਰੀ ਰਚਨਾ ਵਿੱਚ ਕ੍ਰਿਸ਼ਨ ਜੀ ਕੋਈ ਚਾਨਣਾ ਨਹੀਂ ਪਾਉਂਦੇ। ਮੇਘ ਰਾਜ ਮਿੱਤਰ ਇਸ ਉਪਰ ਟਿੱਪਣੀ ਕਰਦੇ ਲਿਖਦੇ ਹਨ :

ਗੀਤਾ ਦੇ ਪਾਠਕ ਨੂੰ ਸਭ ਤੋਂ ਪਹਿਲੀ ਗੱਲ ਜੋ ਚੁਭਦੀ ਹੈ ਉਹ ਹੈ ਇਹ ਕਿ ਇਸ ਕਿਤਾਬ ਵਿਚ ਆਦਿ ਤੋਂ ਅੰਤ ਤਕ ਧਰਮ ਦੀ ਭਾਵੇਂ ਦੁਹਾਈ ਮਚਾਈ ਗਈ ਹੈ ਪਰੰਤੂ ਕਿਧਰੇ ਵੀ ਧਰਮ ਦੀ ਪਰਿਭਾਸ਼ਾ ਨਹੀਂ ਦਿੱਤੀ ਗਈ ਕਿ ਧਰਮ ਹੁੰਦਾ ਕੀ ਹੈ। ਗੀਤਾ ਵਿਚ ਧਰਮ ਦੀ ਪ੍ਰਸ਼ੰਸਾ ਥਾਂ ਥਾਂ ਮਿਲਦੀ ਹੈ। ਗੀਤਾ ਵਿਚ ਉਲੇਖ ਹੈ, "ਧਰਮ ਨਸ਼ਟ ਹੋ ਜਾਣ ਤੇ ਸਾਰੀ ਕੁੱਲ ਨੂੰ ਅਧਰਮ ਦਬਾ ਲੈਂਦਾ ਹੈ। ਇਸ ਨਾਲ ਕੁੱਲ ਦੀਆਂ ਨਾਰੀਆਂ ਦੂਸ਼ਿਤ ਹੋ ਜਾਂਦੀਆਂ ਹਨ। ਅਜਿਹੀਆਂ ਔਰਤਾਂ ਨੂੰ ਬੇਰੜੇ ਬੱਚੇ ਪੈਦਾ ਹੁੰਦੇ ਹਨ। ਅਜਿਹੀ ਹਰਾਮੀ ਸੰਤਾਨ ਕੁੱਲ ਨਾਸ਼ਕਾਂ ਅਤੇ ਕੁੱਲ ਨੂੰ ਨਰਕ ਵਿਚ ਲੈ ਜਾਂਦੀ ਹੈ।"

ਇੰਝ ਹੀ ਅੱਗੇ ਆਖਿਆ ਗਿਆ ਹੈ, "ਜਦੋਂ ਜਦੋਂ ਧਰਮ ਦੀ ਹਾਨੀ ਅਤੇ ਅਧਰਮ ਦੀ ਉੱਨਤੀ ਹੁੰਦੀ ਹੈ ਤਾਂ ਉਸ ਸਮੇਂ ਮੈਂ ਜਨਮ ਲੈਂਦਾ ਹਾਂ। ਮੈਂ ਸੱਜਣਾਂ ਦੀ ਰਾਖੀ ਕਰਨ ਅਤੇ ਦੁਸ਼ਟਾਂ ਦੇ ਨਾਸ਼ ਦੇ ਲਈ ਹਰ ਇਕ ਯੁੱਗ ਵਿਚ ਪੈਦਾ ਹੁੰਦਾ ਹਾਂ।" ਜਿਵੇਂ ਗੀਤਾ ਵਿਚ ਹੋਰ ਸਿਧਾਂਤ ਉਲਝੇ ਹੋਏ ਹਨ ਅਤੇ ਕੁੱਝ ਵੀ ਸਪੱਸ਼ਟ ਨਹੀਂ ਹੈ ਇਸੀ ਤਰ੍ਹਾਂ ਧਰਮ ਭੀ ਅਜਿਹਾ ਹੀ ਇਕ ਮਸਲਾ ਹੈ ਜਿਸਨੂੰ ਗੀਤਾ ਸੁਲਝਾ ਨਹੀਂ ਸਕੀ। ਇਕ ਪਾਸੇ ਤਾਂ ਧਰਮ ਬਹੁਤ ਮਹਾਨ ਹੈ ਪਰੰਤੂ ਜਦੋਂ ਉਸਦੀ ਹਾਨੀ ਹੁੰਦੀ ਹੈ ਤਾਂ ਕ੍ਰਿਸ਼ਨ ਅਰਜਨ ਨੂੰ ਉਪਦੇਸ਼ ਦਿੰਦੇ ਹਨ, "ਹੇ ਅਰਜਨ, ਸਾਰੇ ਧਰਮਾਂ ਨੂੰ ਛੱਡ ਕੇ ਮੇਰੀ ਸ਼ਰਨ ਵਿਚ ਆ। ਮੈਂ ਤੈਨੂੰ ਸਾਰੇ ਪਾਪਾਂ ਤੋਂ ਛੁਡਾ ਦੇਵਾਂਗਾ। ਤੂੰ ਅਫ਼ਸੋਸ ਮੱਤ ਕਰ।" ਸਾਰੇ ਧਰਮਾਂ ਨੂੰ ਤਿਆਗ ਕੇ ਜਿਹਨਾਂ ਦੀ ਮਹਾਨਤਾ ਅਤੇ ਪਰਸੰਸਾ ਗੀਤਾ ਵਿਚ ਖ਼ੁਦ ਕ੍ਰਿਸ਼ਨ ਕਰਦਾ ਹੈ ਅਰਜਨ ਨੂੰ ਸਿੱਖਿਆ ਦਿੰਦਾ ਹੈ ਕਿ ਮੈਂ ਹੀ ਮਹਾਨ ਹਾਂ, ਕਿਸੇ ਧਰਮ ਦੀ ਜ਼ਰੂਰਤ ਨਹੀਂ ਹੈ। ਕ੍ਰਿਸ਼ਨ ਦੀ ਇਹੋ ਹੀ ਧਾਰਨਾ ਸੀ ਕਿ ਕਿਵੇਂ ਨਾ ਕਿਵੇਂ ਉਹ ਆਪਣੀ ਮਹਾਨਤਾ ਨੂੰ ਦਰਸਾਵੇ ਅਤੇ ਇਹੋ ਹੀ ਉਸਨੇ ਕੀਤਾ।

ਗੀਤਾ ਦੀ ਗਹੁ ਨਾਲ ਘੋਖ ਕਰੀਏ ਤਾਂ ਸਪੱਸ਼ਟ ਹੁੰਦਾ ਹੈ ਕਿ ਗੀਤਾ ਦਾ ਦਾਰਸ਼ਨਿਕ ਸਿਧਾਂਤ ਕੋਈ ਨਹੀਂ ਹੈ ਬਲਕਿ ਕ੍ਰਿਸ਼ਨ ਜੀ ਨੇ ਜਗ੍ਹਾ-ਜਗ੍ਹਾ ਆਪਣੀ ਹੀ ਸਵੈ-ਪ੍ਰਸ਼ੰਸਾ ਕੀਤੀ ਹੈ। ਗੀਤਾ ਦੇ ਸਲੋਕਾਂ ਦੀ ਗਿਣਤੀ 700 ਹੈ। ਪਰੰਤੂ ਮਹਾਂਭਾਰਤ ਸੰਪੂਰਨ ਗ੍ਰੰਥ ਵਿੱਚ ਇਨ੍ਹਾਂ ਸਲੋਕਾਂ ਦੀ ਗਿਣਤੀ 745 ਹੋਣ ਦਾ ਜ਼ਿਕਰ ਮਿਲਦਾ ਹੈ। ਪਰੰਤੂ ਜਿਹੜੀਆਂ ਪ੍ਰਕਾਸ਼ਨਾਵਾਂ ਸਾਨੂੰ ਹੁਣ ਮਿਲਦੀਆਂ ਹਨ ਉਹਨਾਂ ਅਨੁਸਾਰ ਗੀਤਾ ਦੇ 18 ਅਧਿਆਇ ਅਤੇ 700 ਸਲੋਕ ਹਨ। ਇਹਨਾਂ ਵਿੱਚੋਂ 620 ਸਲੋਕ ਕ੍ਰਿਸ਼ਨ ਨੇ ਆਖੇ ਹਨ। ਆਪਣੇ ਆਪ ਨੂੰ ਸੰਸਾਰ ਦਾ ਕਰਤਾ ਘੋਸ਼ਿਤ ਕਰਨ

ਲਈ ਕ੍ਰਿਸ਼ਨ ਜੀ ਤਕਰੀਬਨ ਸ੍ਰਿਸ਼ਟੀ ਦੀ ਹਰ ਕਾਰ ਨੂੰ ਆਪਣੇ ਨਾਲ ਜੋੜਦੇ ਹੋਏ ਮੈਂ, ਮੈਨੂੰ, ਮੇਰਾ, ਮੇਰੇ ਵਾਸਤੇ ਆਦਿ ਸ਼ਬਦਾਂ ਦੀ ਵਰਤੋਂ ਸਵੈ ਪ੍ਰਚਾਰ ਵਾਸਤੇ ਕਰਦੇ ਹਨ। ਉਦਾਹਰਣ ਵਜੋਂ:-

"ਸੱਚਾ ਯੋਗੀ ਸਾਰੇ ਜੀਵਾਂ ਵਿੱਚ ਮੈਨੂੰ ਹੀ ਵੇਖਦਾ ਹੈ ਅਤੇ ਹਰ ਪ੍ਰਾਣੀ ਨੂੰ ਮੇਰੇ ਵਿੱਚ ਸਥਿਤ ਵੇਖਦਾ ਹੈ। ਹਰ ਆਤਮ ਗਿਆਨੀ ਮਹਾਂਪੁਰਸ਼ ਨੂੰ ਅਸਲ ਵਿੱਚ ਸਾਰਿਆਂ ਵਿੱਚ ਮੇਰਾ ਦਰਸ਼ਨ ਹੁੰਦਾ ਹੈ।" (ਸਲੋਕ ੨੯ ਅਧਿ: ੬ ਦਾ ਅਨੁਵਾਦ)

"ਜੋ ਪ੍ਰਾਣੀ ਮੈਨੂੰ ਅਤੇ ਸਾਰੇ ਪ੍ਰਾਣੀਆਂ ਦੇ ਅੰਤਰਜਾਮੀ ਪਰਮਾਤਮਾ ਵਿਸ਼ਨੂੰ ਨੂੰ ਇਕ ਸਮਝ ਕੇ ਮੇਰਾ ਭਜਨ ਕਰਦਾ ਹੈ, ਉਹ ਸਦਾ ਮੇਰੇ ਵਿੱਚ ਨਿਵਾਸ ਕਰਦਾ ਹੈ।"

(ਸਲੋਕ ੩੨ ਅਧਿ: ੬ ਦਾ ਅਨੁਵਾਦ)

"ਪ੍ਰਿਥਵੀ, ਜਲ, ਅਗਨੀ, ਵਾਯੂ, ਅਕਾਸ਼, ਮਨ ਬੁੱਧੀ ਅਤੇ ਅਹੰਕਾਰ ਇਹ ਸਭ ਪ੍ਰਕਾਰ ਤੋਂ ਮੇਰਾ ਹੀ ਰੂਪ ਹਨ।" (ਸਲੋਕ ੪ ਅਧਿ: ੮ ਦਾ ਅਨੁਵਾਦ)

"ਇਸ ਜਗਤ ਵਿੱਚ ਜੜ੍ਹ-ਚੇਤਨ ਜੋ ਕੁਝ ਵੀ ਹੈ ਉਹ ਸਭ ਇਹਨਾਂ ਦੋ ਪ੍ਰਕਿਰਤੀਆਂ ਤੋਂ ਪੈਦਾ ਹੁੰਦਾ ਹੈ। ਇਸ ਕਰਕੇ ਅਸਲ ਵਿੱਚ ਮੈਂ ਹੀ ਸੰਪੂਰਨ ਜਗਤ ਨੂੰ ਪੈਦਾ ਕਰਨ ਵਾਲਾ ਅਤੇ ਖਤਮ ਕਰਨ ਵਾਲਾ ਹਾਂ।" (ਸਲੋਕ ੬ ਅਧਿ: ੮ ਦਾ ਅਨੁਵਾਦ)

"ਹੇ ਅਰਜਨ! ਮੇਰੇ ਤੋਂ ਉੱਤਮ ਕੋਈ ਤੱਤ ਨਹੀਂ ਹੈ। ਇਕ ਮਾਲਾ ਵਿੱਚ ਪਰੋਏ ਮਣਕਿਆਂ ਦੀ ਤਰ੍ਹਾਂ, ਸਭ ਕੁਝ ਮੇਰੇ ਕਰਕੇ ਹੀ ਹੈ।" (ਸਲੋਕ ੭ ਅਧਿ: ੧ ਦਾ ਅਨੁਵਾਦ)

"ਅਰਜਨ! ਮੈਂ ਜਲ ਵਿੱਚ ਰਸ ਹਾਂ, ਸੂਰਜ ਅਤੇ ਚੰਦ ਦੀ ਰੋਸ਼ਨੀ ਹਾਂ, ਵੈਦਿਕ ਮੰਤਰਾਂ ਵਿੱਚ ਓਅੰਕਾਰ ਹਾਂ, ਅਕਾਸ਼ ਵਿੱਚ ਸ਼ਬਦ ਹਾਂ ਅਤੇ ਸਭ ਤੋਂ ਸਰਵੋਤਮ ਹਾਂ।"

(ਸਲੋਕ ੮ ਅਧਿ: ੮ ਦਾ ਅਨੁਵਾਦ)

" ਮੈਂ ਹੀ ਧਰਤੀ ਦਾ ਸੌਰਭ ਹਾਂ, ਮੈਂ ਹੀ ਅੱਗ ਦਾ ਤੇਜ ਹਾਂ। ਮੈਂ ਸਾਰੇ ਪ੍ਰਾਣੀਆਂ ਵਿੱਚ ਉਹਨਾਂ ਦਾ ਜੀਵਨ ਅਤੇ ਤਪੱਸਵੀਆਂ ਦਾ ਤਪ ਹਾਂ।" (ਸਲੋਕ: ੯ ਅਧਿ: ੮ ਦਾ ਅਨੁਵਾਦ)

"ਸੰਪੂਰਨ ਸ੍ਰਿਸ਼ਟੀ ਮੇਰੇ ਅਧੀਨ ਹੈ। ਮੇਰੇ ਸੰਕਲਪ ਤੋਂ ਹੀ ਇਹ ਵਾਰ-ਵਾਰ ਪ੍ਰਗਟ ਹੁੰਦੀ ਹੈ ਅਤੇ ਮੇਰੇ ਸੰਕਲਪ ਨਾਲ ਹੀ ਇਸ ਦਾ ਹਮੇਸ਼ਾ ਲਈ ਨਾਸ਼ ਹੋ ਜਾਂਦਾ ਹੈ।"

(ਸਲੋਕ) ਅਧਿ: ੯ ਦਾ ਅਨੁਵਾਦ)

"ਮੈਂ ਇਸ ਜਗਤ ਦਾ ਪਿਤਾ, ਮਾਤਾ ਅਤੇ ਪੋਸ਼ਣ ਕਰਨ ਵਾਲਾ ਪਿਤਾਮਾਹ ਹਾਂ। ਮੈਂ ਹੀ ਜਾਨਣ ਯੋਗ ਧਰਮ ਪਾਵਨ ਓਅੰਕਾਰ ਹਾਂ ਅਤੇ ਰਿਗਵੇਦ, ਸਾਮਵੇਦ ਅਤੇ ਯਜੁਰਵੇਦ ਵੀ ਮੈਂ ਹੀ ਹਾਂ।" (ਸਲੋਕ ੧੭ ਅਧਿ: ੯ ਦਾ ਅਨੁਵਾਦ)

"ਹੇ ਕੁੰਤੀਪੁਤਰ ਅਰਜਨ! ਤੂੰ ਜੋ ਕਰਮ ਕਰਦਾ ਹੈਂ, ਜੋ ਹਵਨ ਕਰਦਾ ਹੈਂ, ਜੋ ਕੁਝ ਦਾਨ ਦਿੰਦਾ ਅਤੇ ਤਪੱਸਿਆ ਕਰਦਾ ਹੈਂ, ਉਹ ਸਭ ਮੈਨੂੰ ਅਰਪਣ ਕਰ ਦੇਹ, ਅਰਥਾਤ ਮੇਰੀ ਪੂਜਾ ਕਰ।" (ਸਲੋਕ ੨੭ ਅਧਿ: ੯ ਦਾ ਅਨੁਵਾਦ)

"ਮਨ ਵਿੱਚ ਹਰ ਸਮੇਂ ਮੇਰਾ ਚਿੰਤਨ ਕਰ, ਮੇਰਾ ਭਗਤ ਬਣ ਅਤੇ ਮੇਰੀ ਹੀ ਪੂਜਾ ਕਰ ਅਤੇ ਪ੍ਰੇਮ ਸਹਿਤ ਮੈਨੂੰ ਨਮਸਕਾਰ ਕਰ। ਇਸ ਤਰ੍ਹਾਂ ਪੂਰਨ ਰੂਪ ਵਿੱਚ ਮੇਰੇ ਨਾਲ ਮਿਲ, ਤੂੰ ਮੈਨੂੰ ਪ੍ਰਾਪਤ ਹੋਵੇਂਗਾ।" (ਸਲੋਕ ੩੪ ਅਧਿ: ੯ ਦਾ ਅਨੁਵਾਦ)

ਕ੍ਰਿਸ਼ਨ ਜੀ ਦੁਆਰਾ ਗੀਤਾ ਵਿੱਚ ਦਰਜ ਦੋ ਸਲੋਕਾਂ ਨੰ: 27 ਅਤੇ 34 ਨੂੰ ਡੂੰਘੇਰੀ ਘੋਖ ਨਾਲ ਅਧਿਐਨ ਕਰਨ ਦੀ ਲੋੜ ਹੈ। ਜੇਕਰ ਸਾਰੇ ਕਰਮ ਹੀ ਕ੍ਰਿਸ਼ਨ ਰੂਪੀ ਭਗਵਾਨ ਨੂੰ ਹੀ ਅਰਪਣ ਕਰਨੇ ਹਨ ਤਾਂ ਮਨੁੱਖ ਦੇ ਜੀਵਨ ਦਾ ਕੀ ਪ੍ਰਯੋਜਨ ? ਬਿਲਕੁਲ ਵਿਅਰਥ ਹੈ। ਜੇਕਰ ਸਾਰੇ ਕਰਮ ਅਰਜਨ ਨੇ ਕ੍ਰਿਸ਼ਨ ਜੀ ਨੂੰ ਹੀ ਅਰਪਣ ਕਰਨੇ ਹਨ ਤਾਂ ਜਿਸ ਰਾਜ ਭਾਗ ਲਈ ਵਿਨਾਸ਼ਕਾਰੀ ਗ੍ਰਹਿਯੁਧ ਲੜਿਆ ਜਾ ਰਿਹਾ ਹੈ ਉਹ ਵੀ ਕ੍ਰਿਸ਼ਨ ਨੂੰ ਅਰਪਣ ਕਰਨਾ ਪਵੇਗਾ, ਫਿਰ ਅਰਜਨ ਨੂੰ ਕੀ ਲਾਭ ਇਸ ਭਿਅੰਕਰ ਯੁੱਧ ਦਾ ? ਇਸ ਤੋਂ ਅੱਗੇ ਦਸਵਾਂ ਅਧਿਆਇ (ਸ੍ਰੀ ਭਗਵਾਨ ਕਾ ਏਸ਼ਵਰਜ) ਸ਼ੁਰੂ ਹੁੰਦਾ ਹੈ। ਉਸ ਵਿੱਚ ਵੀ ਕ੍ਰਿਸ਼ਨ ਜੀ ਸਾਰੀ ਸ੍ਰਿਸ਼ਟੀ ਦਾ ਕਰਤਾ ਆਪਣੇ ਆਪ ਨੂੰ ਖੁਦ ਹੀ ਸਥਾਪਤ ਕਰਦੇ ਹਨ। ਮਿਸਾਲ ਵਜੋਂ "ਮੈਂ ਪ੍ਰਕਿਰਤੀ-ਜਗਤ ਅਤੇ ਬੈਕੁੰਠ ਦੋਵਾਂ ਦਾ ਹੀ ਕਾਰਨ ਹਾਂ, ਮੇਰੇ ਤੋਂ ਹੀ ਸਭ ਕੁਝ ਉਤਪੰਨ ਹੁੰਦਾ ਹੈ ਅਤੇ ਮੇਰੀ ਹੀ ਚੇਸ਼ਟਾ ਕਰਦਾ ਹੈ। ਇਸ ਤਰ੍ਹਾਂ ਭਗਤਜਨ ਸ਼ਰਧਾ ਅਤੇ ਪ੍ਰੇਮ ਨਾਲ ਨਿਰੰਤਰ ਮੇਰਾ ਭਜਨ ਕਰਦੇ ਹਨ।"

(ਸਲੋਕ ਅਧਿ: ੧੦ ਦਾ ਅਨੁਵਾਦ)

"ਅਦਿਤੀ ਦੇ ਬਾਰਾਂ ਪੁੱਤਰਾਂ ਵਿਚੋਂ ਮੈਂ ਵਿਸ਼ਨੂੰ ਹਾਂ, ਪ੍ਰਕਾਸ਼ਾਂ ਵਿਚੋਂ ਸੂਰਜ ਹਾਂ, ਹਿਰਨਾਂ ਵਿਚੋਂ ਸਰੀਰ ਹਾਂ ਅਤੇ ਨਖੱਤਰਾਂ ਵਿਚੋਂ ਚੰਦਰਮਾਂ ਹਾਂ।" (ਸਲੋਕ ੨੧ ਅਧਿ: ੧੦ ਦਾ ਅਨੁਵਾਦ)

"ਵੇਦਾਂ ਵਿੱਚ ਮੈਂ ਸਾਮਵੇਦ ਹਾਂ, ਦੇਵਤਿਆਂ ਵਿੱਚ ਇੰਦਰ ਹਾਂ, ਇੰਦਰੀਆਂ ਵਿੱਚ ਮਨ ਹਾਂ, ਜੀਵਾਂ ਵਿੱਚ ਚੇਤਨਾ ਹਾਂ।" (ਸਲੋਕ ੨੨ ਅਧਿ: ੧੦ ਦਾ ਅਨੁਵਾਦ)

"ਮੈਂ ਸਾਰੇ ਰੁਦਰਾਂ ਵਿਚੋਂ ਸ਼ਿਵ ਹਾਂ, ਯੱਖ ਰਾਕਸ਼ੱਸਾਂ ਵਿੱਚੋਂ ਧਨ ਦਾ ਦੇਵਤਾ ਕੁਬੇਰ ਹਾਂ, ਵਸੂਆਂ ਵਿਚੋਂ ਮੈਂ ਅਗਨੀ ਹਾਂ, ਸਿਖਰਾਂ ਵਿਚੋਂ ਮੇਰੂ ਹਾਂ।" (ਸਲੋਕ ੨੩ ਅਧਿ: ੧੦ ਦਾ ਅਨੁਵਾਦ)

ਉਪਰੋਕਤ ਸਲੋਕ ਨੰ: 23 ਤੋਂ ਸਪੱਸ਼ਟ ਹੈ ਕਿ ਸ੍ਰੀ ਕ੍ਰਿਸ਼ਨ ਨੇ ਆਪਣੇ ਆਪ ਨੂੰ ਯੱਖ-ਰਾਖਸ਼ਾਂ ਵਿਚੋਂ ਕੁਬੇਰ ਦੱਸਿਆ ਹੈ, ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਸ੍ਰੀ ਕ੍ਰਿਸ਼ਨ ਜੀ ਦੀ ਸੋਚ ਸਮਾਜਵਾਦੀ ਨਹੀਂ ਬਲਕਿ ਪੂੰਜੀਵਾਦੀ ਸੀ। ਇਸ ਬਾਰੇ ਵਿਸਥਾਰ ਨਾਲ ਚਾਨਣਾ ਪਾਉਂਦੇ ਮੇਘਰਾਜ ਮਿੱਤਰ ਲਿਖਦੇ ਹਨ:

***ਲੋਟੂ ਵਰਗ ਦੀ ਹਮਾਇਤ ਕਰਦੀ ਹੈ ਗੀਤਾ***[3]—ਗੀਤਾ ਵਿਚੋਂ ਸਭ ਤੋਂ ਵੱਧ ਪ੍ਰਚਾਰੀ ਜਾਂਦੀ ਤੁੱਕ ਜਿਸਨੂੰ ਹਿੰਦੂ ਦਾਰਸ਼ਕਿਕ ਬਹੁਤ ਹੀ ਪਵਿੱਤਰ ਅਤੇ ਮਹਾਨ ਮੰਨਦੇ ਹਨ ਇਹ ਹੈ ਜਿਸ ਦੇ ਗਿਰਦ ਉਹ ਸਾਰੀ ਸਮਾਜਕ ਫਿਲਾਸਫੀ ਇਕੱਠੀ ਕਰਦੇ ਹਨ, "ਤੁਹਾਨੂੰ ਕੇਵਲ ਕੰਮ ਕਰਨ ਦਾ ਹੱਕ ਹੈ ਅਤੇ ਇਸ ਦੇ ਫਲ ਦਾ ਨਹੀਂ, ਕੰਮ ਦਾ ਫਲ ਤੁਹਾਡਾ ਉਦੇਸ਼ ਨਹੀਂ ਹੋਣਾ

ਚਾਹੀਦਾ ਅਤੇ ਨਾ ਹੀ ਕੰਮ ਨਾ ਕਰਨ ਲਈ ਤੁਹਾਨੂੰ ਮੋਹ ਹੋਣਾ ਚਾਹੀਦਾ ਹੈ।" ਇਸ ਸਿਧਾਂਤ ਨੂੰ "ਇੱਛਾ ਰਹਿਤ ਕਰਮ" ਆਖਿਆ ਜਾਂਦਾ ਹੈ। ਤੁਸੀਂ ਸਿਰਫ ਕੰਮ ਕਰਦੇ ਰਹੋ ਉਸਦਾ ਫਲ ਭੋਗਣ ਦਾ ਤੁਹਾਨੂੰ ਕੋਈ ਹੱਕ ਨਹੀਂ ਹੈ, ਨਾ ਹੀ ਤੁਹਾਨੂੰ ਅਜਿਹੀ ਇੱਛਾ ਕਰਨੀ ਚਾਹੀਦੀ ਹੈ। ਇਹੋ ਹੀ ਅੱਜ ਲੋਟੂ ਵਰਗ ਚੀਕ-ਚੀਕ ਕੇ ਪੁਕਾਰ ਰਿਹਾ ਹੈ। ਇਹੋ ਹੀ ਕਾਰਨ ਹੈ ਕਿ ਇਸ ਵਰਗ ਲਈ ਗੀਤਾ ਅੱਜ ਵੀ ਉਤਨੀ ਮਹਾਨ ਹੈ ਜਿੰਨੀ ਇਸ ਦੇ ਕਰਤਾ ਦੇ ਸਮੇਂ ਵਿਚ ਸੀ। ਇਸ ਸਿਧਾਂਤ ਦੀ ਲੋਟੂ ਵਰਗ ਨੂੰ ਅੱਜ ਭੀ ਉਨੀ ਹੀ ਜ਼ਰੂਰਤ ਹੈ ਜਿੰਨੀ ਇਸ ਕਿਤਾਬ ਦੇ ਲਿਖੇ ਜਾਣ ਸਮੇਂ ਸੀ। ਕ੍ਰਿਸ਼ਨ ਉਪਦੇਸ਼ ਦਿੰਦਾ ਹੈ ਕਿ ਤੁਸੀਂ ਕਮਾਉਂਦੇ ਜਾਓ, ਕੰਮ ਕਰਦੇ ਜਾਓ, ਇਹੋ ਤੁਹਾਡਾ ਧਰਮ ਹੈ, ਇਸੇ ਵਿਚ ਤੁਹਾਡਾ ਭਲਾ ਹੈ। ਤੁਹਾਡੀ ਕਮਾਈ ਤੇ ਐਸ਼ ਕੋਈ ਹੋਰ ਕਰੂਗਾ। ਤੁਹਾਨੂੰ ਇਸ ਕੰਮ ਦਾ ਫਲ ਅਗਲੇ ਜਨਮ ਵਿਚ ਮਿਲ ਜਾਵੇਗਾ, ਤੁਸੀਂ ਸਵਰਗ ਵਿਚ ਜਾਵੋਗੇ, ਇਹ ਫਿਲਾਸਫੀ ਲੋਟੂ ਵਰਗ ਦੀ ਫਿਲਾਸਫੀ ਹੈ। ਜੋ ਮਿਹਨਤ ਕਰਨ ਵਾਲਿਆਂ ਤੋਂ ਉਹਨਾਂ ਦੀ ਮਿਹਨਤ ਦੀ ਕਮਾਈ ਦੀ ਲੁੱਟ ਕਰਕੇ ਖੁਦ ਐਸ਼ ਕਰਦਾ ਹੈ 'ਤੇ ਮਿਹਨਤਕਸ਼ਾਂ ਨੂੰ ਭੁੱਖੇ ਮਾਰ ਰਿਹਾ ਹੈ। ਕ੍ਰਿਸ਼ਨ ਨੇ ਗੀਤਾ ਰਾਹੀਂ 'ਇੱਛਾ ਰਹਿਤ ਕਰਮ' ਦਾ ਉਪਦੇਸ਼ ਦੇ ਕੇ ਲੋਟੂ ਵਰਗ ਦੇ ਹਿੱਤ ਹੀ ਪਾਲੇ ਹਨ। ਇਹ ਕੋਈ ਲੁਕੀ ਹੋਈ ਗੱਲ ਨਹੀਂ ਹੈ। ਇਸੇ ਸਿਧਾਂਤ ਨੂੰ ਅੱਜ ਦੇ ਵਿਦਵਾਨਾਂ, ਦਾਰਸ਼ਨਿਕਾਂ ਅਤੇ ਸਿਆਸਤਦਾਨਾਂ ਨੇ ਵੀ ਬਹੁਤ ਪਰਚਾਇਆ ਹੈ। ਇਹਨਾਂ ਵਿਚ ਵਿਨੋਬਾ ਭਾਵੇ, ਰਾਧਾ ਕ੍ਰਿਸ਼ਨਨ, ਮਹਾਤਮਾ ਗਾਂਧੀ ਆਦਿ ਦੇ ਨਾਂ ਵਰਨਣ-ਯੋਗ ਹਨ।

ਅੱਗੇ ਸ੍ਰੀ ਕ੍ਰਿਸ਼ਨ ਜੀ ਬਿਆਨ ਕਰਦੇ ਹਨ:

"ਮੈਂ ਛੱਲ ਕਰਨ ਵਾਲਿਆਂ ਵਿੱਚ ਜੂਆ ਹਾਂ, ਪ੍ਰਭਾਵਸ਼ਾਲੀਆਂ ਦਾ ਪ੍ਰਭਾਵ ਹਾਂ, ਜੇਤੂਆਂ ਦਾ ਸਾਹਸ, ਅਤੇ ਬਲਵਾਨਾਂ ਦਾ ਬੱਲ ਹਾਂ।" (ਸਲੋਕ ੩੬ ਅਧਿ: ੧੦ ਦਾ ਅਨੁਵਾਦ)

ਉਪਰੋਕਤ ਸਲੋਕ ਤੇ ਟਿੱਪਣੀ ਕਰਦੇ ਉੱਤਮ ਪ੍ਰਕਾਸ਼ ਬਾਂਸਲ ਲਿਖਦੇ ਹਨ:

"ਸ੍ਰੀ ਕ੍ਰਿਸ਼ਨ ਕਹਿੰਦੇ ਹਨ ਕਿ ਛਲ ਕਰਨ ਵਾਲਿਆਂ ਵਿੱਚ ਮੈਂ ਜੂਆ ਹਾਂ।" ਇਸ ਤੋਂ ਤਾਂ ਇਹ ਸਪੱਸ਼ਟ ਹੁੰਦਾ ਹੈ ਕਿ ਜੂਆ ਵੀ ਬੜੀ ਉਤਮ ਚੀਜ਼ ਹੈ ਅਤੇ ਇਸ ਨੂੰ ਖੇਡਣਾ ਚਾਹੀਦਾ ਹੈ- ----------ਇਸ ਤਰ੍ਹਾਂ ਗੀਤਾ ਸ੍ਰੀ ਕ੍ਰਿਸ਼ਨ ਦੇ ਪਰਸਪਰ ਵਿਰੋਧੀ ਵਿਚਾਰਾਂ ਦਾ ਸੰਗ੍ਰਹਿ ਹੈ। ਦਸਵੇਂ ਅਧਿਆਇ ਵਿੱਚ ਸ੍ਰੀ ਕ੍ਰਿਸ਼ਨ ਆਪਣੇ ਆਪ ਨੂੰ ਸਭ ਤੋਂ ਉੱਤਮ ਸਥਾਪਿਤ ਕਰਨ ਲਈ ਸਾਰਾ ਟਿੱਲ ਲਗਾਉਂਦੇ ਹਨ। ਕਦੀਂ ਆਪਣੇ ਆਪ ਨੂੰ ਰੁੱਖਾਂ ਵਿਚੋਂ ਪਿੱਪਲ ਤੇ ਅਤੇ ਕਦੀ ਨਾਗਾਂ ਵਿੱਚ ਸ਼ੇਸ਼ਨਾਗ ਬਿਆਨ ਕਰਦੇ ਹਨ। ਗੀਤਾ ਵਿੱਚ ਸ੍ਰੀ ਕ੍ਰਿਸ਼ਨ ਦੁਆਰਾ ਇਸ ਤਰ੍ਹਾਂ ਦੇ ਕੀਤੇ ਸਵੈ ਪ੍ਰਚਾਰ ਅਤੇ ਤੁਲਨਾ ਬਾਰੇ ਉਤਮ ਪ੍ਰਕਾਸ਼ ਬਾਂਸਲ ਆਪਣੀ ਰਚਨਾ ਸ੍ਰੀ ਮਦਭਗਵਤ ਗੀਤਾ ਵਿਵੇਚਨੀ ਦੇ ਪੰਨਾ 296 ਉਪਰ ਦਸਵੇਂ ਅਧਿਆਇ ਦੇ ਆਖਰੀ ਸਲੋਕ ਦਾ ਅਰਥ ਕਰਦੇ ਲਿਖਦੇ ਹਨ:

"ਅਥਵਾ ਬਹੁਨੇਤੇਨ ਕਿ ਗਿਆਤੇਨ ਤਵਾਰਜੁਨ॥
ਵਿਸ਼ਟ ਭਯਾਮਿਦੰ ਕ੍ਰਿਤਸਨਮੇਕਾਂ ਸ਼ੇਨ ਸਿਥਿਤੋ ਜਗਤ॥ ੪੨॥

ਅਰਥਾਤ:- ਹੇ ਅਰਜਨ, ਤੈਨੂੰ ਮੇਰੀਆਂ ਵਿਭੂਤੀਆਂ ਬਾਰੇ ਵਿਸਥਾਰ ਸਹਿਤ ਜਾਨਣ ਦਾ ਕੀ ਪ੍ਰਯੋਜਨ ਹੈ ? ਬੱਸ ਇਹ ਅਰਜਨ ਸਮਝ ਲੈ ਕਿ ਇਸ ਸਾਰੇ ਜਗਤ ਨੂੰ ਮੈਂ ਆਪਣੇ ਇਕ ਅੰਸ਼ ਦੁਆਰਾ ਧਾਰਨ ਕਰਕੇ ਅਟੱਲ ਸਥਿਤ ਹਾਂ।

ਜੇਕਰ ਸ੍ਰੀ ਕ੍ਰਿਸ਼ਨ ਵਰਤਮਾਨ ਕਾਲ ਵਿੱਚ ਅਰਜਨ ਨੂੰ ਆਪਣੀਆਂ ਸਾਰੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਨ ਤਾਂ ਇਸ ਤਰ੍ਹਾਂ ਕਰਨਗੇ, "ਅਰਜਨ ਤੇਜ਼ ਦੌੜਨ ਵਾਲਿਆਂ ਵਿੱਚ ਮੈਂ ਕਾਰਲ ਲੁਇਸ ਹਾਂ, ਮੁੱਕੇਬਾਜ਼ਾਂ ਵਿੱਚ ਮੈਂ ਮੁਹੰਮਦ ਅਲੀ ਹਾਂ। ਪਹਿਲਵਾਨਾਂ ਵਿੱਚ ਮੈਂ ਚੰਦਗੀਰਾਮ ਹਾਂ। ਕ੍ਰਿਕਟ ਖਿਡਾਰੀਆਂ ਵਿੱਚ ਮੈਂ ਗਵਾਸਕਰ ਹਾਂ। ਹਿਮਾਲਿਆ ਦੀ ਚੋਟੀ ਤੇ ਚੜ੍ਹਨ ਵਾਲਿਆਂ ਵਿੱਚ ਮੈਂ ਤੇਨਜ਼ਿੰਗ ਹਾਂ। ਮਹਾਤਮਾਵਾਂ ਵਿੱਚ ਮੈਂ ਕਰਮਚੰਦ ਗਾਂਧੀ ਹਾਂ। ਬੈਡਮਿੰਟਨ ਖਿਡਾਰੀਆਂ ਵਿੱਚ ਮੈਂ ਪ੍ਰਕਾਸ਼ ਪਾਦੂਕੋਨ ਹਾਂ। ਹਵਾਈ ਜਹਾਜ਼ਾਂ ਵਿੱਚ ਮੈਂ ਐਫ-16 ਹਾਂ। ਕਾਰਾਂ ਵਿੱਚ ਮੈਂ ਰਾਲਸ ਰਾਇਸ ਹਾਂ। ਸਰਵਨਾਸ਼ ਕਰਨ ਵਾਲਿਆਂ ਵਿੱਚ ਮੈਂ ਹਿਟਲਰ ਹਾਂ। ਜਿੱਤ ਪ੍ਰਾਪਤ ਕਰਨ ਵਾਲਿਆਂ ਵਿੱਚ ਮੈਂ ਆਈਸਨ ਹੋਵਰ ਹਾਂ। ਲੇਖਕਾਂ ਵਿੱਚ ਮੈਂ ਬਰਨਾਰਡ ਸ਼ਾਅ ਹਾਂ। ਕਵੀਆਂ ਵਿੱਚ ਮੈਂ ਰਵਿੰਦਰ ਨਾਥ ਟੈਗੋਰ ਹਾਂ। ਬਦਮਾਸ਼ਾਂ ਵਿੱਚ ਮੈਂ ਚਾਰਲਸ ਸ਼ੋਭਰਾਜ ਹਾਂ। ਐਕਟਰਾਂ ਵਿੰਚ ਅਮਿਤਾਬ ਬੱਚਨ ਹਾਂ। ਸ਼ਹੀਦਾਂ ਵਿੱਚ ਭਗਤ ਸਿੰਘ ਹਾਂ। ਬੰਬਾਂ ਵਿੱਚ ਐਟਮ ਬੰਬ ਹਾਂ। ਟੈਂਕਾਂ ਵਿੱਚ ਸ਼ੇਰਮਨ ਟੈਂਕ ਹਾਂ-- ----------ਸ਼ਰਾਬਾਂ ਵਿੱਚ ਸ਼ੈਮਪੀਅਨ ਹਾਂ। ਜ਼ਹਿਰਾਂ ਵਿੱਚ ਪੋਟਾਸ਼ੀਅਮ ਸਾਈਨਾਈਡ ਹਾਂ, ਦਵਾਈਆਂ ਵਿੱਚ ਪੈਨੇਸਲੀਨ ਹਾਂ।---------ਇਹ ਸਭ ਕਹਿ ਕੇ ਸ੍ਰੀ ਕ੍ਰਿਸ਼ਨ ਅਰਜਨ ਨੂੰ ਜਗਤ ਵਿਖਿਆਤ ਪੁਸਤਕ ਗਿਨੀਜ ਬੁੱਕ ਆੱਫ ਵਰਲਡ ਰਿਕਾਰਡ ਭੇਟ ਕਰ ਦੇਣਗੇ ਕਿ ਮੈਂ ਇਹ ਸਭ ਹਾਂ ਜਿਨ੍ਹਾਂ ਨੇ ਕਿਸੇ ਵੀ ਖੇਤਰ ਵਿੱਚ ਰਿਕਾਰਡ ਕਾਇਮ ਕੀਤਾ ਹੈ। ਇਹ ਸਭ ਮੇਰੀਆਂ ਪ੍ਰਾਪਤੀਆਂ ਹਨ, ਅਤੇ ਮੇਰਾ ਸਵਰੂਪ ਹਨ।" (ਪੰਨਾ 296-297)

ਦਰਅਸਲ ਗੀਤਾ ਦੇ ਉਪਰੋਕਤ ਅਧਿਆਵਾਂ ਵਿੱਚ ਸ੍ਰੀ ਕ੍ਰਿਸ਼ਨ ਨੇ ਆਪਣੇ ਆਪ ਨੂੰ ਸਰਵੋਤਮ ਦੱਸ ਕੇ ਸਵੈ ਪ੍ਰਚਾਰ ਦਾ ਹੀ ਯਤਨ ਕੀਤਾ ਹੈ। ਗੀਤਾ ਦੇ 700 ਸਲੋਕਾਂ ਵਿੱਚੋਂ ਕ੍ਰਿਸ਼ਨ ਦੁਆਰਾ ਆਖੇ 620 ਸਲੋਕਾਂ ਵਿੱਚ ਸਵੈ ਪ੍ਰਚਾਰਿਤ ਸ਼ਬਦਾਂ ਦੀ ਵਰਤੋਂ ਇਸ ਤਰ੍ਹਾਂ ਹੋਈ ਹੈ:

| | | |
|---|---|---|
| ਮੈਂ | - | 77 ਵਾਰੀ |
| ਮੈਨੂੰ | - | 76 ਵਾਰੀ |
| ਮੇਰੇ ਵਾਸਤੇ | - | 43 ਵਾਰੀ |
| ਮੇਰਾ | - | 19 ਵਾਰੀ |
| ਮੇਰੇ ਵਿਚ | - | 18 ਵਾਰੀ |
| ਮੈਂਨੇ | - | 12 ਵਾਰੀ |
| ਕੁਲ ਸਵੈ ਪ੍ਰਚਾਰਿਤ ਸ਼ਬਦ- | | 245-00 |

ਗੀਤਾ ਵਿੱਚ ਸ੍ਰੀ ਕ੍ਰਿਸ਼ਨ ਨੇ ਔਰਤ ਅਤੇ ਦਲਿਤ ਜ਼ਾਤੀਆਂ ਨੂੰ ਪਾਪ ਜੋਨਿ ਕਹਿ ਕੇ ਜ਼ਾਤ-

ਪਾਤ ਦਾ ਸਮਰਥਨ ਕੀਤਾ ਹੈ, ਅਧਿਆਇ: 9 ਵਿੱਚ ਜ਼ਿਕਰ ਹੈ:

*ਮਾਂ ਹਿ ਪਾਰਥ ਵਿਆਪਾਸ਼੍ਰਿਤਯ ਯੇਪਿ ਸਯੁ: ਪਾਪਯੋਨਿਯ:॥*

*ਇਸਤਰੀਓ ਵੈਸ਼ਯਾਸ ਤਥਾ ਸ਼ੂਦਰੋਸਤ ਯਾਂਤਿ ਪਰਾ ਗਤਿਮ॥ ੩੨॥*

ਅਰਥਾਤ, ਹੇ ਅਰਜੁਨ! ਮੇਰੀ ਸ਼ਰਨ ਆ ਕੇ ਤਾਂ ਪਾਪ ਜੂਨੀ ਵਾਲੇ ਇਸਤਰੀ, ਵੈਸ਼ ਅਤੇ ਸ਼ੂਦਰ ਵੀ ਧਰਮ ਗਤੀ ਨੂੰ ਪ੍ਰਾਪਤ ਹੋ ਜਾਂਦੇ ਹਨ।

ਉਪਰੋਕਤ ਸਲੋਕ ਉਪਰ ਟਿੱਪਣੀ ਕਰਦੇ ਹੋਏ, ਉੱਤਮ ਪ੍ਰਕਾਸ਼ ਬਾਂਸਲ ਲਿਖਦੇ ਹਨ, "ਇਹ ਸਲੋਕ ਅਤਿਅੰਤ ਇਤਰਾਜ਼ਯੋਗ ਹੈ ਅਤੇ ਸ੍ਰੀ ਕ੍ਰਿਸ਼ਨ ਦੀ ਹੀਣ ਮਨੋਬਿਰਤੀ ਦਾ ਸੂਚਕ ਹੈ। ਇਸ ਵਿੱਚ ਇਸਤਰੀਆਂ, ਸ਼ੂਦਰਾਂ ਅਤੇ ਵੈਸ਼ਾਂ ਨੂੰ ਪਾਪ ਜੂਨੀ ਕਿਹਾ ਗਿਆ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਜੇਕਰ ਇਸਤਰੀ ਪਾਪ ਜੂਨੀ ਵਾਲੀ ਹੈ ਤਾਂ ਦੇਵਕੀ ਪੁੱਤਰ ਸ੍ਰੀ ਕ੍ਰਿਸ਼ਨ ਵੀ ਪਾਪ ਜੂਨੀ ਵਾਲੇ ਹਨ। ਫਿਰ ਚਾਰ ਵਰਨਾਂ ਦੀ ਉਤਪਤੀ ਵੀ ਤਾਂ ਸ੍ਰੀ ਕ੍ਰਿਸ਼ਨ ਨੇ ਹੀ ਕੀਤੀ ਹੈ ਤਾਂ ਉਹਨਾਂ ਨੇ ਵੈਸ਼ਾਂ ਅਤੇ ਸ਼ੂਦਰਾਂ ਦੀ ਉਤਪਤੀ ਵੀ ਤਾਂ ਸ੍ਰੀ ਕ੍ਰਿਸ਼ਨ ਨੇ ਹੀ ਕੀਤੀ ਹੈ ਤਾਂ ਉਹਨਾਂ ਨੇ ਵੈਸ਼ਾਂ ਅਤੇ ਸ਼ੂਦਰਾਂ ਦੀ ਉਤਪਤੀ ਪਾਪ ਜੂਨੀ ਵਿੱਚ ਕਿਉਂ ਕੀਤੀ? ਟੀਕਾਕਾਰਾਂ ਨੇ ਯਤਨ ਕੀਤਾ ਹੈ ਕਿ ਪਾਪ ਜੂਨੀ ਸ਼ਬਦ ਨੂੰ ਔਰਤਾਂ ਅਤੇ ਵੈਸ਼ਾਂ ਸ਼ੂਦਰਾਂ ਦਾ ਵਿਸ਼ੇਸ਼ਣ ਨਾ ਮੰਨਿਆ ਜਾਵੇ, ਪਰੰਤੂ ਉਹਨਾਂ ਦਾ ਇਹ ਯਤਨ ਅਸਲ ਅਰਥ ਦੇ ਉਲਟ ਹੈ, ਕਿਉਂਕਿ ਇਸ ਵਿੱਚ ਰੱਤੀ ਭਰ ਵੀ ਸ਼ੱਕ ਨਹੀਂ ਕਿ ਗੀਤਾ ਦੇ ਰਚਨਾ ਕਾਲ ਸਮੇਂ ਇਸਤਰੀਆਂ ਵੈਸ਼ਾਂ ਅਤੇ ਸ਼ੂਦਰਾਂ ਦੀ ਸਮਾਜਿਕ ਹਾਲਤ ਬ੍ਰਾਹਮਣਾਂ ਅਤੇ ਖੱਤਰੀਆਂ ਤੋਂ ਨੀਵੀਂ ਸੀ। ਪ੍ਰਾਚੀਨ ਕਾਲ ਵਿੱਚ ਵੈਸ਼ਾਂ, ਸ਼ੂਦਰਾਂ ਅਤੇ ਇਸਤਰੀ ਤਿੰਨਾਂ ਨੂੰ ਵੇਦ ਅਧਿਐਨ ਦਾ ਅਧਿਕਾਰ ਨਹੀਂ ਸੀ। ਇਸ ਕਰਕੇ ਇਹ ਤਿੰਨੇ ਹੀ ਮੋਖ ਦੇ ਅਧਿਕਾਰੀ ਨਹੀਂ ਮੰਨੇ ਜਾਂਦੇ। ਪਰੰਤੂ ਸ੍ਰੀ ਕ੍ਰਿਸ਼ਨ ਦੇ ਅਨੁਸਾਰ ਇਹ ਪਾਪ ਜੂਨੀ ਵਾਲੇ ਵੀ ਉਸਦੀ ਭਗਤੀ ਦੁਆਰਾ ਮੋਖ ਪ੍ਰਾਪਤ ਕਰ ਸਕਦੇ ਸੀ, ਪਰ ਸ੍ਰੀ ਕ੍ਰਿਸ਼ਨ ਦਾ ਸਮੂਹ ਇਸਤਰੀ ਜ਼ਾਤੀ ਅਤੇ ਸ਼ੂਦਰ ਜ਼ਾਤੀ ਨੂੰ ਪਾਪ ਜੂਨੀ ਦੀ ਸੰਗਿਆ ਦੇਣਾ ਉਚਿਤ ਨਹੀਂ। ਇਸ ਅਨੁਸਾਰ ਤਾਂ ਸ੍ਰੀ ਕ੍ਰਿਸ਼ਨ ਦੀ ਮਾਤਾ, ਪ੍ਰੇਮਿਕਾਵਾਂ ਅਤੇ ਪਤਨੀਆਂ ਸਭ ਹੀ ਪਾਪ ਜੂਨੀ ਵਾਲੀਆਂ ਹੀ ਮੰਨੀਆਂ ਜਾਣਗੀਆਂ। ਜਾਤ-ਪਾਤ ਦੇ ਮਾਰੂ ਪ੍ਰਭਾਵਾਂ ਨਾਲ ਗਲਤਾਨ ਇਸ ਗ੍ਰੰਥ ਬਾਰੇ ਮੇਘਰਾਜ ਮਿੱਤਰ ਲਿਖਦੇ ਹਨ:

*ਜ਼ਾਤ ਪਾਤ ਦੇ ਕੋਹੜ ਨੂੰ ਜਾਇਜ਼ ਠਹਿਰਾਉਂਦੀ ਹੈ ਗੀਤਾ*- ਅੱਜ ਜਦੋਂ ਸਮੁੱਚਾ ਸੰਸਾਰ ਜ਼ਾਤਪਾਤ ਦੇ ਕੋਹੜ ਦੇ ਖਿਲਾਫ ਸੰਘਰਸ਼ਸ਼ੀਲ ਹੈ ਅਤੇ ਹਰ ਹੀਲੇ ਇਸ ਲਾਹਨਤ ਨੂੰ ਖਤਮ ਕਰਨ ਲਈ ਰਾਹ ਪੱਧਰਾ ਕਰ ਰਿਹਾ ਹੈ। ਇਸ ਕਲੰਕ ਨੂੰ ਧੋਣ ਲਈ ਸਾਰਾ ਸਮਾਜ ਯਤਨਸ਼ੀਲ ਹੈ ਤਾਂ ਇਸ ਯੁੱਗ ਵਿਚ ਵੀ ਗੀਤਾ ਦਾ ਉਪਦੇਸ਼ ਹੈ, "ਉਹ ਮੈਂ ਹੀ ਹਾਂ ਜਿਸਨੇ ਚਾਰ ਵਰਣ ਜਾਂ ਚਾਰ ਜ਼ਾਤਾਂ ਪੈਦਾ ਕੀਤੀਆਂ ਹਨ।" ਇਸੇ ਤਰ੍ਹਾਂ ਗੀਤਾ ਸਮੁੱਚੇ ਧਾਰਮਿਕ ਗਰੰਥਾਂ ਵਿਚ ਚਾਹੇ ਉਹ ਕਿਹੋ ਜਿਹੀ ਭੀ ਫ਼ਿਲਾਸਫ਼ੀ ਪੇਸ਼ ਕਰਦੇ ਹੋਣ ਚੁੱਪ-ਚਾਪ ਬਿਨਾਂ ਕਿਸੇ ਤਰਕ ਅਤੇ ਦਲੀਲ ਦੇ ਵਿਸ਼ਵਾਸ ਕਰਨ ਲਈ ਪ੍ਰੇਰਦੀ ਹੈ ਅਤੇ ਅਵਿਸ਼ਵਾਸ ਕਰਨ ਦੀ ਸੂਰਤ ਵਿਚ ਵਿਨਾਸ਼ ਦਾ ਡਰਾਵਾ ਵੀ ਦਿੰਦੀ ਹੈ। ਇੰਝ ਕ੍ਰਿਸ਼ਨ ਨੇ ਔਰਤਾਂ, ਵੈਸ਼ਯ ਅਤੇ ਸੂਦਰਾਂ ਦਾ ਨੀਵਾਂ ਦਰਜਾ ਅਤੇ ਗੁਲਾਮੀ

ਨੂੰ ਜਾਇਜ਼ ਕਰਾਰ ਦਿੱਤਾ ਹੈ ਅਤੇ ਨਵ-ਬ੍ਰਾਹਮਣਵਾਦ ਨੂੰ ਠੁੰਮਣਾ ਦੇਣ ਦੀ ਕੋਸ਼ਿਸ਼ ਕੀਤੀ ਹੈ।

ਗੀਤਾ ਵਿੱਚ ਆਪਾ-ਵਿਰੋਧੀ ਕਥਨਾਂ ਦਾ ਜ਼ਿਕਰ ਬਹੁਤ ਹੈ। ਇੰਝ ਲਗਦਾ ਹੈ ਜਿਵੇਂ ਗੀਤਾ ਦਾ ਕਰਤਾ ਸਵੈਪ੍ਰਸੰਸਾ ਵਿੱਚ ਏਨਾ ਮਸਤ ਹੋ ਜਾਂਦਾ ਹੈ ਕਿ ਪਤਾ ਹੀ ਨਹੀਂ ਚਲਦਾ ਕਿ ਕਿਹੜਾ ਕਥਨ ਹੋ ਰਿਹਾ ਅਤੇ ਪਹਿਲਾਂ ਕਿਹੜਾ ਕਥਨ ਹੋ ਚੁੱਕਾ ਹੈ, ਇੰਝ ਮਹਿਸੂਸ ਹੁੰਦਾ ਹੈ ਜਿਵੇਂ ਗੀਤਾ ਦੇ ਕਰਤੇ ਦਾ ਇਸ ਰਚਨਾ ਰਾਹੀਂ ਆਪਣੇ ਆਪ ਨੂੰ ਸਭ ਤੋਂ ਸ੍ਰੇਸ਼ਟ ਪੁਰਖ ਸਾਬਿਤ ਕਰਨਾ ਹੀ ਮੁੱਖ ਪ੍ਰਯੋਜਨ ਹੈ, ਇਸੇ ਕਰਕੇ ਹੀ ਕਾਫੀ ਦਲੀਲਾਂ ਆਪਾ-ਵਿਰੋਧੀ ਹਨ। ਇਕ ਪਾਸੇ ਤਾਂ ਸ੍ਰੀ ਕ੍ਰਿਸ਼ਨ ਆਖਦੇ ਹਨ ਕਿ ਈਸ਼ਵਰ ਨਾ ਤਾਂ ਸੰਸਾਰ ਨੂੰ ਬਣਾਉਂਦਾ ਹੈ, ਨਾ ਹੀ ਕਰਮ ਬਣਾਉਂਦਾ ਹੈ, ਨਾ ਹੀ ਕਰਤਾ ਨੂੰ ਕਰਮ ਦਾ ਫਲ ਦਵਾਉਂਦਾ ਹੈ। ਇਸ ਤੋਂ ਤਾਂ ਇਹ ਭਾਵ ਹੋਇਆ ਕਿ ਈਸ਼ਵਰ ਨੇ ਕਿਸੇ ਨੂੰ ਵੀ ਕਰਮ ਕਰਨ ਦੀ ਸ਼ਕਤੀ ਨਹੀਂ ਦਿੱਤੀ ਅਤੇ ਨਾ ਹੀ ਕਿਸੇ ਕਰਮ ਦੇ ਫਲ ਦਾ ਕੋਈ ਇੰਤਜ਼ਾਮ ਕੀਤਾ ਹੈ। ਅੱਗੇ ਜਾ ਕੇ ਸ਼ਾਇਦ ਗੀਤਾ ਦਾ ਕਰਤਾ ਆਪਣੀ ਕਹੀ ਗੱਲ ਭੁੱਲ ਜਾਂਦਾ ਹੈ ਅਤੇ ਮਸ਼ਵਰਾ ਦਿੰਦਾ ਹੈ ਕਿ ਸੰਸਾਰ ਦੇ ਜੀਵ ਆਪਣੀ ਇੱਛਾ ਨਾਲ ਨਹੀਂ ਬਲਕਿ ਈਸ਼ਵਰ ਦੇ ਇਸ਼ਾਰੇ ਤੇ ਹੀ ਚਲਦੇ ਹਨ। ਅਧਿਆਇ ਦੂਸਰੇ ਦੇ ਸਲੋਕ 23 ਵਿੱਚ ਆਖਦੇ ਹਨ:

"ਇਸ ਆਤਮਾ ਨੂੰ ਸ਼ਸਤਰ ਕੱਟ ਨਹੀਂ ਸਕਦਾ, ਅਗਨੀ ਜਲਾ ਨਹੀਂ ਸਕਦੀ, ਜਲ ਗਿੱਲਾ ਨਹੀਂ ਕਰ ਸਕਦਾ ਅਤੇ ਹਵਾ ਸੁਕਾ ਨਹੀਂ ਸਕਦੀ।" (ਸਲੋਕ ੨੩ ਅਧਿ: ੨ ਦਾ ਅਨੁਵਾਦ)

"ਇਹ ਆਤਮਾ ਅਛੇਦ (ਕੱਟਿਆ ਨਹੀਂ ਜਾ ਸਕਦਾ) ਹੈ, ਅਕਲੇਧ (ਪਾਣੀ ਵਿੱਚ ਘੁਲਣਯੋਗ ਨਹੀਂ) ਹੈ, ਨਿਤਯ, ਅਮਰ, ਅੱਚਲ ਅਤੇ ਸਨਾਤਨ ਹੈ।"

(ਸਲੋਕ ੨੪ ਅਧਿ: ੨ ਦਾ ਅਨੁਵਾਦ)

ਪਰੰਤੂ ਅੱਗੇ ਜਾ ਕੇ ਐਸਾ ਜ਼ਿਕਰ ਕਰਨੋਂ ਤੋਂ ਪਹਿਲਾਂ ਸਲੋਕ ਨੰ: 22 ਵਿੱਚ ਕ੍ਰਿਸ਼ਨ ਬਿਆਨ ਕਰ ਚੁੱਕੇ ਹਨ:

"ਜਿਸ ਪ੍ਰਕਾਰ ਮਨੁੱਖ ਪੁਰਾਣੇ ਵਸਤਰਾਂ ਦਾ ਤਿਆਗ ਕਰਕੇ ਨਵੇਂ ਵਸਤਰ ਧਾਰਨ ਕਰਦਾ ਉਸ ਤਰ੍ਹਾਂ ਪੁਰਾਣੇ ਸਰੀਰਾਂ ਦਾ ਤਿਆਗ ਕਰਕੇ ਆਤਮਾ ਨਵੇਂ ਸਰੀਰ ਧਾਰਨ ਕਰਦੀ ਹੈ।"

(ਸਲੋਕ ਨੰ ੨੨ ਅਧਿ: ੨ ਦਾ ਅਨੁਵਾਦ)

ਉਪਰੋਕਤ ਤਿੰਨਾਂ ਹੀ ਸਲੋਕਾਂ ਵਿੱਚ ਆਪਸੀ ਵਿਰੋਧਾ ਭਾਸ ਹੈ, ਅਤੇ ਪ੍ਰਸਪਰ ਵਿਰੋਧੀ ਕਥਨਾਂ ਦੀ ਬਰਸਾਤ ਕੀਤੀ ਗਈ ਹੈ, ਜੇਕਰ ਆਤਮਾ ਨਿਤਯ ਹੈ ਤਾਂ ਪਰਮਾਤਮਾ ਵਿੱਚ ਮੁਕਤੀ ਸਮੇਂ ਵਿਲੀਨ ਹੋ ਜਾਂਦੀ ਹੈ, ਫਿਰ ਇਹ ਨਿਤਯ ਕਿਵੇਂ ਹੈ? ਜੇਕਰ ਅਚੱਲ ਅਤੇ ਸਥਿਰ ਹੈ ਤਾਂ ਇਸ ਦਾ ਪ੍ਰਵੇਸ਼ ਨਵੇਂ ਸਰੀਰਾਂ ਵਿੱਚ ਪ੍ਰਵੇਸ਼ ਕਿਸ ਤਰ੍ਹਾਂ ਕਰ ਸਕਦੀ ਹੈ?

ਅੱਗੇ ਜਾ ਕੇ ਸ੍ਰੀ ਕ੍ਰਿਸ਼ਨ ਆਖਦੇ ਹਨ:

"ਜੋ ਆਤਮ ਸਵਰੂਪ ਵਿੱਚ ਸਥਿਤ ਧੀਰਪੁਰਸ਼ ਨਿੰਦਾ-ਉਸਤਤਿ, ਆਪਣਾ ਪਰਾਇਆ ਇਕ ਸਮ ਜਾਣਦਾ ਹੈ, ਜੋ ਮਾਨ-ਸਨਮਾਨ ਵਿੱਚ ਇਕੋ ਜਿਹਾ ਹੈ, ਵੈਰੀ-ਮਿੱਤਰ ਨਾਲ ਇਕੋ ਜਿਹਾ ਵਰਤਾ ਕਰਦਾ ਹੈ, ਉਹ ਗੁਣਵਾਨ ਸਮਝਿਆ ਜਾਂਦਾ ਹੈ।"

(ਸਲੋਕ ੨੪ ਅਧਿ: ੧੪ ਦਾ ਅਨੁਵਾਦ)

ਇਸ ਸਲੋਕ ਵਿੱਚ ਪੂਰਨ-ਪੁਰਸ਼ ਦੇ ਲੱਛਣ ਦੱਸਦੇ ਹਨ ਕਿ ਉਸ ਲਈ ਨਿੰਦਾ ਉਸਤਤਿ ਇਕ ਸਮਾਨ ਹੁੰਦੀ ਹੈ, ਪਰੰਤੂ ਇਸ ਤੋਂ ਪਹਿਲਾਂ ਕਹਿ ਚੁੱਕੇ ਹਨ ਕਿ:

"ਹੇ ਅਰਜਨ! (ਜੇਕਰ ਤੂੰ ਨਹੀਂ ਲੜਦਾ) ਸਾਰੇ ਲੋਕ ਤੇਰੀ ਨਿੰਦਾ ਕਰਨਗੇ ਅਤੇ ਇਕ ਆਮ ਵਿਅਕਤੀ ਲਈ ਨਿੰਦਾ ਮੌਤ ਤੋਂ ਵੀ ਮਾੜੀ ਹੁੰਦੀ ਹੈ।" (ਸਲੋਕ ੩੪ ਅਧਿ: ੨ ਦਾ ਅਨੁਵਾਦ)

ਇਕ ਪਾਸੇ ਤਾਂ ਕਹਿੰਦੇ ਹਨ:

"ਸੁੱਖ-ਦੁੱਖ, ਹਾਨੀ-ਲਾਭ ਅਤੇ ਜਿੱਤ ਹਾਰ ਨੂੰ ਇਕ ਸਮਾਨ ਸਮਝ ਕੇ ਨਿਸ਼ਕਾਮ ਭਾਵ ਨਾਲ ਯੁੱਧ ਕਰ। ਐਸਾ ਕਰਨ ਨਾਲ ਤੂੰ ਪਾਪ ਦਾ ਕਲੰਕੀ ਨਹੀਂ ਹੋਵੇਂਗਾ।"

(ਸਲੋਕ ੩੭ ਅਧਿ: ੨ ਦਾ ਅਨੁਵਾਦ)

ਤੇ ਅੱਗੇ ਜਾ ਕੇ ਅਰਜੁਨ ਨੂੰ ਸਿੱਖਿਆ ਦਿੰਦੇ ਹਨ:

"ਹੇ ਅਰਜਨ! ਉਠ, ਯਸ਼ ਪ੍ਰਾਪਤ ਕਰ ਅਤੇ ਵੈਰੀ ਨੂੰ ਖਤਮ ਕਰਕੇ ਰਾਜ-ਭਾਗ ਨੂੰ ਭੋਗ।"

(ਸਲੋਕ ੩੩ ਅਧਿ: ੧੧ ਦਾ ਅਨੁਵਾਦ)

ਇਕ ਸਲੋਕ ਵਿੱਚ ਕਥਨ ਕਰਦੇ ਹਨ:

"ਹੇ ਕੁੰਤੀ ਪੁੱਤਰ! ਜੇਕਰ ਤੂੰ ਯੁੱਧ ਵਿੱਚ ਮਾਰਿਆ ਗਿਆ ਤਾਂ ਸਵਰਗ ਦੀ ਪ੍ਰਾਪਤੀ ਹੋਵੇਗੀ, ਜੇਕਰ ਜਿੱਤ ਗਿਆ ਤਾਂ ਪ੍ਰਿਥਵੀ ਦੇ ਰਾਜ ਦਾ ਅਧਿਕਾਰੀ ਬਣੇਂਗਾ।"

(ਸਲੋਕ ੩੭ ਅਧਿ: ੨ ਦਾ ਅਨੁਵਾਦ)

ਉਪਰੋਕਤ ਤਿੰਨਾਂ ਸਲੋਕਾਂ ਨੂੰ ਡੂੰਘੇਰੀ ਘੋਖ ਦੀ ਜ਼ਰੂਰਤ ਹੈ, ਕਿਉਂਕਿ ਜੇਕਰ ਸੁਖ-ਦੁੱਖ, ਹਾਨੀ-ਲਾਭ ਅਤੇ ਜਿੱਤ ਹਾਰ ਸਭ ਸਮਾਨ ਹਨ ਤਾਂ ਸ੍ਰੀ ਕ੍ਰਿਸ਼ਨ ਅਰਜਨ ਨੂੰ ਜਿੱਤ ਅਤੇ ਯਸ਼ ਪ੍ਰਾਪਤ ਕਰਨ ਲਈ ਕਿਉਂ ਉਕਸਾਉਂਦੇ ਹਨ? ਇਕ ਪਾਸੇ ਤਾਂ ਅਰਜਨ ਨੂੰ ਆਖਦੇ ਹਨ ਕਿ ਜੇਕਰ ਮਾਰਿਆ ਗਿਆ ਤਾਂ ਸਵਰਗ ਦੀ ਪ੍ਰਾਪਤੀ ਹੋਵੇਗੀ, ਜੇ ਜਿੱਤ ਗਿਆ ਤਾਂ ਧਰਤੀ ਦਾ ਰਾਜ ਮਿਲੇਗਾ, ਪਰੰਤੂ ਕਿਸੇ ਕਾਰਨ ਜੇ ਅਰਜਨ ਜੇਕਰ ਕੌਰਵਾਂ ਨੇ ਫੜ ਕੇ ਬੰਦੀ ਬਣਾ ਲਿਆ ਤਾਂ ਫਿਰ ਕੀ ਹਸ਼ਰ ਹੋਵੇਗਾ? ਇਸ ਬਾਰੇ ਕੋਈ ਰਾਹ ਨਹੀਂ ਦਰਸਾਉਂਦੇ। ਸੋ ਜੇਕਰ ਡੂੰਘੇਰੀ ਘੋਖ ਕੀਤੀ ਜਾਵੇ ਤਾਂ ਸਮੁੱਚੀ ਕ੍ਰਿਸ਼ਨ ਰਚਨਾ ਗੀਤਾ ਵਿੱਚ ਜਿਥੇ ਕਿਸੇ ਆਤਮਿਕ ਸੇਧ ਦਾ ਅਭਾਵ ਹੈ ਉਥੇ ਨਾਲ ਹੀ ਆਪਸੀ ਵਿਰੋਧਾਭਾਵ ਦੀ ਬਹੁਤਾਤ ਬਹੁਤ ਹੈ।

ਜਿਹੜੇ ਲੋਕ ਤੁਅੱਸਬੀ ਜਨੂੰਨ ਤਹਿਤ ਗੁਰੂ ਬਾਣੀ ਜਪੁਜੀ ਸਾਹਿਬ ਨੂੰ ਗੀਤਾ ਦਾ ਸਾਰ ਰੂਪ ਕਹਿ ਕੇ ਵਰਨਣ ਕਰਦੇ ਹਨ ਉਹਨਾਂ ਨੇ ਜਾਂ ਫਿਰ ਗੀਤਾ ਦਾ ਡੂੰਘੇਰਾ ਅਧਿਐਨ ਨਹੀਂ ਕੀਤਾ ਅਤੇ ਜਾਂ ਫਿਰ ਜਪੁਜੀ ਸਾਹਿਬ ਦੀ ਆਤਮਿਕ ਉਡਾਰੀ, ਗਿਆਨ ਸਮੁੰਦਰ ਤੋਂ ਅਨਜਾਣ ਹਨ। ਦਰਅਸਲ ਜਪੁਜੀ ਦਾ ਅੰਤਰੀਵ ਭਾਵੀ ਅਧਿਐਨ ਜਗਿਆਸੂ ਵਾਸਤੇ ਅਹਿਮੀਅਤ ਰਖਦਾ ਹੈ। ਇਹ ਆਦਿ-ਜੁਗਾਦੀ ਅਕਾਲਪੁਰਖ ਦਾ ਵਿਆਖਿਕ ਮੂਲਮੰਤਰ ਅਤੇ ਗੁਰਮਤਿ ਫ਼ਲਸਫੇ ਦੀ ਕੁੰਜੀ ਹੈ। ਜਪੁਜੀ ਦੀ ਸਮੁੱਚੀ ਰਚਨਾ ਅਬਿਨਾਸੀ ਕਰਤਾਰ ਦੀ ਮਨੁੱਖਤਾ ਨੂੰ ਅਮੋਲਕ ਦੇਣ ਹੈ। ਜਗਿਆਸੂ ਵਾਸਤੇ ਆਤਮਿਕ ਅਨੰਦ ਦਾ ਚਾਨਣ-ਮੁਨਾਰਾ ਹੈ। ਜਪੁਜੀ ਗੁਰਸ਼ਬਦਾਂ ਨਾਲ ਭਰਪੂਰ

ਐਸਾ ਰਤਨ ਸਮੁੰਦ ਹੈ ਕਿ ਜਿਵੇਂ ਜਿਵੇਂ ਜਗਿਆਸੂ ਨਿਰਮਲ ਮਨ ਨਾਲ ਇਸ ਦੀਆਂ ਗਹਿਰਾਈਆਂ ਵਿੱਚ ਆਤਮਿਕ ਮੰਜਨ ਕਰਦਾ ਹੈ, ਤਿਵੇਂ-ਤਿਵੇਂ ਕਾਦਰ ਦੀ ਕੁਦਰਤ, ਖੰਡਾਂ-ਵਰਭੰਡਾਂ ਦੀ ਰਚਨਾ, ਅਤੇ ਆਪਾ ਚੀਨਣ ਵਰਗੇ ਗੂੜ੍ਹ ਗਿਆਨ ਦੀਆਂ ਤੰਦਾਂ ਖੁਲ੍ਹਣੀਆਂ ਸ਼ੁਰੂ ਹੋ ਜਾਂਦੀਆਂ ਹਨ। ਸ਼ਬਦ-ਬਾਣ ਨਾਲ ਬਜਰ ਕਪਾਟ ਖੁਲ੍ਹ ਜਾਂਦੇ ਹਨ। 'ਸੁਣਿਐ' ਅਤੇ 'ਮੰਨੈ' ਇਕ ਐਸਾ ਬ੍ਰਹਿਮੰਡੀ ਫ਼ਲਸਫ਼ਾ ਹੈ ਕਿ ਮਾਤਰ ਅਧਿਐਨ ਨਾਲ ਹੀ ਜਗਿਆਸੂ ਦੇ ਕਿਰਦਾਰ, ਆਚਾਰ, ਵਿਹਾਰ, ਮਿਆਰ ਵਿੱਚ ਨਾ ਲਿਖਣ-ਯੋਗ ਤਬਦੀਲੀ ਆਉਂਦੀ ਹੈ।

ਜਗਿਆਸੂ ਜਿਵੇਂ ਜਿਵੇਂ ਜਪੁ ਦਾ ਅਧਿਐਨ ਕਰਦਾ ਹੈ ਮਾਨਸਿਕ ਸਤਾ ਉਪਰ ਅਜੀਬ ਜਿਹੇ ਨਿੱਕੇ-ਨਿੱਕੇ ਪਰ ਗੰਭੀਰ ਜਿਹੇ ਸਵਾਲ ਜਨਮ ਲੈਂਦੇ ਹਨ, ਜਿਵੇਂ:

"ਅੰਕਾਲ ਪੁਰਖ ਦਾ ਅਗੰਮੀ ਨੂਰ ਪ੍ਰਾਪਤ ਕਰਨ, ਅਤੇ ਸੱਚ ਦੀ ਸੋਝੀ ਪ੍ਰਾਪਤ ਕਰਨ ਲਈ, ਕਿਸ ਸਾਧਨ ਦੀ ਲੋੜ ਹੈ ਕਿ ਕੂੜ ਦੀ ਕੰਧ ਢਹਿ ਜਾਵੇ ?"

ਅੱਗੋ ਜਵਾਬ ਮਿਲਦਾ ਹੈ:

"ਕੁਦਰਤ ਦੇ ਕਾਦਰ ਦੀ ਰਜ਼ਾ ਦੇ ਹੁਕਮ ਵਿੱਚ ਤੁਰਨਾ ਹੀ ਇਸ ਪ੍ਰਾਪਤੀ ਦੀ ਵਿਧੀ ਹੈ ਜੋ ਕਿ ਜੁਗਾਂ ਜੁਗਾਂਤਰਾਂ ਤੋਂ ਚੱਲੀ ਆ ਰਹੀ ਹੈ।"

ਮਨ ਦੀ ਸਤਾ ਉਪਰ ਪੈਦਾ ਹੋਏ ਹਰ ਸਵਾਲ ਦਾ ਜਵਾਬ ਮੌਜੂਦ ਹੈ, ਬਸ਼ਰਤੇ ਬੁੱਧੀ ਦੇ ਘੇਰੇ ਦੀ ਵਿਸ਼ਾਲਤਾ ਸੁਹਿਰਦ ਹੋਵੇ। ਇਹ ਵੀ ਗੁਰੂ ਪਾਤਸ਼ਾਹ ਦੀ ਅਪਾਰ ਬਖਸ਼ਿਸ਼ ਹੈ ਕਿ ਜਗਿਆਸੂ ਦੇ ਅਧਿਐਨ ਕਰਨ ਨਾਲ ਸਵਾਲ ਪ੍ਰਗਟ ਹੁੰਦੇ ਹਨ, ਪਰੰਤੂ ਨਾਲ ਹੀ ਮਿਲਦੇ ਜਵਾਬ ਇਹ ਸਹੀ ਦਿਸ਼ਾ ਵੱਲ ਪ੍ਰੇਰਿਤ ਕਰਦੇ ਹਨ।

ਜਪੁਜੀ ਸਾਹਿਬ ਦੀ ਵਡਿਆਈ, ਮਹਾਨਤਾ, ਗੁਣਾਂ ਨੂੰ ਲਫ਼ਜ਼ਾਂ ਵਿੱਚ ਕੈਦ ਕਰਨਾ ਅਸੰਭਵ ਹੈ। ਇਸ ਦੇ ਸਮੁੱਚੇ ਅੰਤਰੀਵ ਭਾਵ ਦਾ ਅਧਿਐਨ ਕਰਨਾ ਮਨੁੱਖੀ ਯੋਗਤਾ ਦੇ ਵੱਸ ਦੀ ਗੱਲ ਨਹੀਂ ਹੈ। ਕੋਈ ਅਤਿਕਥਨੀ ਨਹੀਂ ਕਿ ਜੇਕਰ ਵਿਸ਼ਵ ਦੇ ਸਾਰੇ ਵਿਦਵਾਨ ਬੁੱਧੀਜੀਵੀ, ਰਿਸ਼ੀ-ਮੁਨੀ ਵੀ ਸਭ ਮਿਲ ਬੈਠ ਕੇ ਇਸ ਦੀ ਵਡਿਆਈ ਕਰਨ ਜਾਂ ਗੁਣਾਂ ਨੂੰ ਵਰਣਨ ਕਰਨ ਤਾਂ ਵੀ ਇਸ ਦੀ ਤਿਲ ਮਾਤਰ ਵਡਿਆਈ ਦੇ ਤੁੱਲ ਨਹੀਂ ਪਹੁੰਚਦੇ। ਜਪੁਜੀ ਦਾ ਅੰਤਰੀਵ ਭਾਵੀ ਅਧਿਐਨ ਇਸ ਨੂੰ ਨਿਰੰਕਾਰ ਰੂਪ ਪ੍ਰਸਤੁਤ ਕਰਦਾ ਹੈ। ਇਸ ਦੀ ਮਹਿਮਾ ਅਪਰੰਪਾਰ ਅਤੇ ਬੇਅੰਤ ਹੈ।

ਜਪੁ ਜੀ, ਗੁਰੂ ਨਾਨਕ ਸਾਹਿਬ ਦੀ ਪ੍ਰਥਮ ਰਚਨਾ ਹੈ। ਇਹ ਅਗੰਮੀ ਬਾਣੀ ਇਕ ਅਕਾਲ ਪੁਰਖ ਦੀ ਹੋਂਦ, ਉਸ ਸਚਿਆਰ ਨਿਰੰਕਾਰ ਦੀ ਸਿਫ਼ਤ ਸਲਾਹ ਤੋਂ ਆਰੰਭ ਹੋ ਕੇ ਸਚਿਆਰ ਪ੍ਰਭੂ ਦੇ ਪ੍ਰਕਾਸ਼ ਧਾਰਨੀ ਹੋਣ, ਅਤੇ ਉਸ ਦੇ ਬੇਅੰਤ ਗੁਣਾਂ ਨੂੰ ਗ੍ਰਹਿਣ ਕਰਨ ਦੇ ਯੋਗ ਹੋਣ ਲਈ, ਕੂੜ ਦੀ ਪਾਲ ਤੋੜਨ ਉਸ ਦੇ 'ਸੋਦਰ' ਦਰਬਾਰ ਦੇ ਦਰਸ਼ਨ ਕਰਨ ਦੀ ਵਿਧੀ ਦਰਸਾਉਂਦੀ ਹੋਈ ਧਰਮ ਖੰਡ, ਗਿਆਨ ਖੰਡ, ਅਤੇ ਸਰਮ ਖੰਡ-ਨਿਰਮਲ ਕਰਨੀ ਅਤੇ ਨਾਮ ਦੀ ਘਾਲਣਾ ਰਾਹੀਂ ਸੁਰਤ, ਮਤ, ਮਨ ਅਤੇ ਬੁੱਧ ਨੂੰ ਘੜ ਕੇ ਵਾਹਿਗੁਰੂ ਦੀ ਬਖਸ਼ਿਸ਼ ਪ੍ਰਾਪਤ ਕਰਕੇ, ਸੱਚਖੰਡ ਦੀ ਅਵਸਥਾ ਪ੍ਰਾਪਤ ਕਰਕੇ ਪ੍ਰਭੂ ਨਾਲ ਇਕ-ਮਿਕ ਹੋਣ ਦੀ ਜੁਗਤੀ ਪ੍ਰਗਟਾਉਂਦੀ ਹੈ। ਡਾ: ਹਰਨਾਮ

ਸਿੰਘ ਸ਼ਾਨ ਜਪੁਜੀ ਦੇ ਅਗਾਧਬੋਧ ਗਿਆਨ ਬਾਰੇ ਲਿਖਦੇ ਹਨ:

'ਜਪੁ' 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਆਦਿ ਬਾਣੀ, ਸਿੱਖੀ ਦਾ 'ਮਾਲਾ ਮੰਤ੍ਰ' ਨਿਤਨੇਮ ਦਾ ਮੁੱਢ-ਮੂਲ ਅਤੇ ਗੁਰੂ ਨਾਨਕ ਸਾਹਿਬ ਦੀ ਸਰਵੋਤਮ ਕਿਰਤ ਹੈ।

ਗੁਰੂਦੇਵ ਨੇ ਹੋਰ ਵੀ ਬਹੁਤ ਕੁਝ ਰਚਿਆ ਤੇ ਬਖ਼ਸ਼ਿਆ ਹੈ ਜੋ ਹਰ ਪੱਖੋਂ ਮਹਾਨ ਤੇ ਕਲਿਆਣਕਾਰੀ ਹੈ ਪਰ ਉਸ ਸਭ ਕੁਝ ਵਿਚੋਂ ਜੋ ਮਾਣ ਤੇ ਮਹੱਤਾ, ਮਾਨਤਾ ਤੇ ਗੌਰਵਤਾ, ਪ੍ਰਸਿੱਧੀ ਤੇ ਪ੍ਰਵਾਨਗੀ 'ਜਪੁ' ਨੂੰ ਪ੍ਰਾਪਤ ਹੈ, ਉਹ ਅਦੁੱਤੀ ਤੇ ਨਿਵੇਕਲੀ ਹੈ। ਇਸ ਨੂੰ ਜਾਣਨ, ਮਾਣਨ, ਪਰਖਣ ਜਾਂ ਵਿਆਖਣ ਵਾਲੇ ਸਭ ਵਿਦਵਾਨਾਂ ਤੇ ਵਿਚਾਰਵਾਨਾਂ ਨੇ ਇਸ ਦੀ ਅਜਿਹੀ ਵਡਿਆਈ ਤੇ ਵਿਲੱਖਣਤਾ ਨੂੰ ਸਵੀਕਾਰ ਕੀਤਾ ਹੈ। ਜੇ ਪ੍ਰਸਿੱਧ ਭਾਰਤੀ ਵਿਚਾਰਵਾਨ, ਰਾਧਾ ਕ੍ਰਿਸ਼ਨਨ ਨੇ ਇਸ ਨੂੰ ਉਨ੍ਹਾਂ ਦੀ "ਸਭ ਤੋਂ ਮਸ਼ਹੂਰ ਤੇ ਮਕਬੂਲ ਰਚਨਾ" ਮੰਨਿਆ ਹੈ, ਤਾਂ ਉੱਘੇ ਵਿਦੇਸ਼ੀ ਵਿਦਵਾਨ, ਡੰਕਨ ਗਰੀਨਲੀਜ਼, ਨੇ ਇਸ ਨੂੰ ਉਨ੍ਹਾਂ ਦੀ "ਸਭ ਤੋਂ ਪਿਆਰੀ ਤੇ ਸਤਿਕਾਰੀ ਜਾਣ ਵਾਲੀ ਕਿਰਤ" ਸਮਝਿਆ ਹੈ।

'ਜਪੁ' ਨਿਸਚੇ ਹੀ, ਗੁਰਦੇਵ ਦੀ ਸਭ ਤੋਂ ਵਿਸ਼ੇਸ਼ ਤੇ ਅਮੋਲਕ ਦਾਤ ਹੈ, ਸਭ ਤੋਂ ਅਹਿਮ ਤੇ ਸਿਰਕੱਢ ਰਚਨਾ ਹੈ, ਸਭ ਤੋਂ ਅਨੂਠੀ ਤੇ ਅਮੋਲਕ ਦਾਤ ਹੈ, ਸਭ ਤੋਂ ਵਧ ਉਤਸ਼ਾਹ-ਜਨਕ ਤੇ ਜੀਵਨ-ਉਸਾਰੂ ਗੀਤ ਹੈ। ਮੁਨਸ਼ੀ ਜੀ ਅਨੁਸਾਰ ਵੀ-

"ਜਪੁ" ਜੀ ਗੁਰੂਦੇਵ ਦੀ ਸਮੂਹ ਰਚਨਾ ਵਿੱਚੋਂ, ਸਭ ਤੋਂ ਵੱਧ ਪ੍ਰਸਿਧ ਤੇ ਪ੍ਰੇਰਨਾ-ਜਨਕ ਹੈ। ਇਹ ਮਗਰਲੇ ਗੁਰੂਆਂ ਤੇ ਉਨ੍ਹਾਂ ਦੇ ਲੱਖਾਂ ਨਾਮ-ਲੇਵਿਆਂ ਲਈ ਸ਼ਕਤੀ ਦਾ ਸੋਮਾ ਬਣੀ ਰਹੀ ਹੈ।" ਇਹ ਤਾਂ ਉਨ੍ਹਾਂ ਦੀ ਵਿਚਾਰਧਾਰਾ ਦੀ ਕੁੰਜੀ ਅਤੇ ਉਨ੍ਹਾਂ ਦੀ ਕਲਾ-ਕੁਸ਼ਲਤਾ ਦਾ ਸ੍ਰੇਸ਼ਟ ਨਮੂਨਾ ਹੈ। ਇਸ ਦੇ ਵਿਸ਼ੇ ਦੀ ਮਹਾਨਤਾ ਤੇ ਸਦੀਵਤਾ, ਇਸ ਦੀ ਪਕੜ ਦੀ ਵਿਸ਼ਾਲਤਾ ਤੇ ਸਾਂਝੀਵਾਲਤਾ, ਇਸ ਦੇ ਰੂਪ ਦੀ ਵਿਲੱਖਣਤਾ ਤੇ ਕਲਾ-ਨਿਪੁੰਨਤਾ, ਇਸ ਦੀ ਬੋਲੀ ਦੀ ਆਭਾ ਤੇ ਸਮਰੱਥਾ, ਇਸ ਦੇ ਬਿਆਨ ਦੀ ਸਰਲਤਾ ਤੇ ਸਾਰਥਿਕਤਾ ਨੇ ਇਸ ਨੂੰ, ਨਿਰਸੰਦੇਹ, ਇਕ ਅਮਰ ਸ਼ਾਹਕਾਰ ਬਣਾ ਦਿੱਤਾ ਹੈ, ਇਕ ਅਜਿਹਾ ਸ਼ਾਹਕਾਰ ਜਿਸ ਦੀ ਰਚਨਾ ਨੇ, ਪੂਰਨ ਸਿੰਘ ਦੇ ਸ਼ਬਦਾਂ ਵਿੱਚ:

**His one song, Japji, marks him a creator whose genius puts its seal on the ages.**

"ਉਨ੍ਹਾਂ ਨੂੰ ਇਕ ਅਜਿਹਾ 'ਰਚਨਾਹਾਰ' ਸਿੱਧ ਕਰ ਦਿੱਤਾ ਹੈ, ਜਿਸ ਦੀ ਪ੍ਰਤਿਭਾ ਆਪਣੀ ਮੁਹਰ-ਛਾਪ ਜੁਗਾਂ-ਜੁਗਾਂਤਰ ਉਤੇ ਲਾ ਜਾਂਦੀ ਹੈ।"

ਇਹ ਸ਼ਾਹਕਾਰ ਉਨ੍ਹਾਂ ਦੇ ਧਾਰਮਕ ਤੇ ਅਧਿਆਤਮਕ, ਸਦਾਚਾਰਕ ਤੇ ਸਮਾਜਕ, ਦਾਰਸ਼ਨਿਕ ਤੇ ਸਭਿਆਚਾਰਕ ਵਿਚਾਰਾਂ, ਭਾਵਾਂ ਤੇ ਅਨੁਭਵਾਂ ਦਾ ਨਿਚੋੜ ਹੈ, ਉਨ੍ਹਾਂ ਦੇ ਚਲਾਏ ਧਰਮ ਦੇ ਨੇਮਾਂ ਤੇ ਮੂਲ-ਸਿਧਾਂਤਾਂ ਦਾ ਸਾਰ ਹੈ। ਆਰਚਰ ਅਨੁਸਾਰ ਇਸ ਵਿੱਚ "ਉਨ੍ਹਾਂ ਦੇ ਸੰਦੇਸ਼ ਦੇ ਬੁਨਿਆਦੀ ਤੱਤ ਸੁਰੱਖਿਅਤ ਹਨ।" ਗਰੀਨਲੀਜ਼ ਨੇ ਵੀ ਇਸੇ ਵਿਚਾਰ ਦੀ ਹਾਮੀ ਭਰਦਿਆਂ

ਲਿਖਿਆ ਹੈ ਕਿ ਇਸ ਵਿਚ "ਗੁਰੂਦੇਵ ਦੀ ਸਮੁੱਚੀ ਸਿੱਖਿਆ ਦਾ ਤੱਤ-ਸਾਰ ਸੰਚਿਤ ਹੈ।"

**This hymn contains the essence of the whole teaching of the Guru.**

ਸ਼ੇਸ਼ਾਦਰੀ ਵੀ ਇਸੇ ਵਿਚਾਰ ਨਾਲ ਸਹਿਮਤ ਹਨ ਅਤੇ ਮੰਨਦੇ ਹਨ ਕਿ "ਜਪੁ ਜੀ' ਗੁਰੂ ਨਾਨਕ ਸਾਹਿਬ ਦੀ ਸਿੱਖਿਆ ਦਾ ਖ਼ੁਲਾਸਾ ਜਾਂ ਸਾਰਾਂਸ਼ ਹੈ।"

ਜਿਥੋਂ ਤਕ ਸਿੱਖ ਵਿਦਵਾਨਾਂ ਦਾ ਸੰਬੰਧ ਹੈ, ਉਨ੍ਹਾਂ ਦਾ ਤਾਂ ਇਹ ਇਕ ਪਰਪੱਕ ਨਿਸਚਾ ਹੈ।

ਜੇ ਕਦੇ ਕਿਸੇ ਧਰਮ ਦੇ ਸੰਚਾਲਕ ਨੇ ਆਪਣੀ ਸਮੁੱਚੀ ਸਿੱਖਿਆ ਤੇ ਸਿਧਾਂਤ ਨੂੰ ਗਾਗਰ-ਵਿੱਚ-ਸਾਗਰ ਸਮਾਨ ਇਉਂ ਕਿਸੇ ਇੱਕੋ ਸੰਖਿਪਤ ਤੇ ਸਾਰ-ਗਰਭਿਤ ਕਾਵਿ ਰਚਨਾ ਵਿੱਚ ਆਪੇ ਕਾਨੀ ਬੰਦ ਕਰ ਵਿਖਾਇਆ ਹੈ ਤਾਂ ਉਸ ਮਾਣ ਦੇ ਹੱਕਦਾਰ ਸਿੱਖੀ ਦੇ ਸੰਚਾਲਕ, ਗੁਰੂ ਨਾਨਕ ਅਤੇ ਉਨ੍ਹਾਂ ਦੀ ਇਹ ਮਹਾਨ ਕਿਰਤ "ਜਪੁ" ਹੀ ਹੈ। ਸਟਰੂਪ ਦਾ ਇਹ ਵਿਚਾਰ ਉਨ੍ਹਾਂ ਦੀ ਅਜਿਹੀ ਮਹਾਨਤਾ ਤੇ ਵਿਲੱਖਣਤਾ ਦੀ ਹੀ ਸਾਖ ਭਰਦਾ ਹੈ:

**In this respect, he is distinctive. The other founders of religions originating in India, Mahavira and the Budha, so far as is known, did not write any part of the sacred scriptures of their faiths.**

ਅਰਥਾਤ: "ਇਸ ਗੱਲੋਂ ਉਹ ਵਿਸ਼ੇਸ਼ ਤੇ ਵਿਲੱਖਣ ਹਨ। ਹਿੰਦੁਸਤਾਨ ਵਿੱਚੋਂ ਉਗਮੇ ਹੋਰ ਧਰਮਾਂ ਦੇ ਸੰਚਾਲਕਾਂ, ਮਹਾਤਮਾ ਮਹਾਵੀਰ ਤੇ ਮਹਾਤਮਾ ਬੁੱਧ, ਨੇ (ਜਿਥੋਂ ਤੱਕ ਪਤਾ ਲੱਗ ਸਕਿਆ ਹੈ) ਆਪੋ ਆਪਣੇ ਧਰਮਾਂ ਦੇ ਪਵਿੱਤਰ ਗਰੰਥਾਂ ਦਾ ਕੋਈ ਵੀ ਹਿੱਸਾ ਨਹੀਂ ਲਿਖਿਆ"। ਮੈਕਾਲਿਫ ਦਾ ਅੱਗੇ ਲਿਖਿਆ ਕਥਨ ਵੀ ਇਸੇ ਵਿਸ਼ੇਸ਼ਤਾ ਤੇ ਵਿਲੱਖਣਤਾ ਦੀ ਪੁਸ਼ਟੀ ਕਰਦਾ ਹੈ: **The Sikh Religion differs as regards the authenticity of its dogmas from most other theological systems. Many of the great teachers the world has known, have not left a line of their composition and we only know what they taught through tradition or second-hand information. But the compositions of the Sikh Gurus are preserved and we know at first-hand what they taught**

ਇਸੇ 'ਜਪੁ' ਦੀਆਂ ਹੀ ਕੇਵਲ 383 ਤੁੱਕਾਂ ਵਿੱਚ ਸਿੱਖੀ ਦਾ ਉਦੇਸ਼ ਤੇ ਸੰਦੇਸ਼, ਸਿੱਖਿਆ ਤੇ ਸਿਧਾਂਤ, ਆਪਣੇ ਸੰਪੂਰਨ ਤੇ ਸਰਬ-ਪੱਖੀ ਰੂਪ ਵਿੱਚ, ਉਨ੍ਹਾਂ ਦੇ ਆਪਣੇ ਹੱਥੀਂ ਲਿੱਪੀ-ਬਧ ਹੈ ਅਤੇ ਇਉਂ ਪੇਨ ਦੇ ਸ਼ਬਦਾਂ ਵਿਚ, ਸਿੱਖ ਧਰਮ ਦਾ "ਆਪਣੇ ਆਪ ਵਿੱਚ, ਇਕ ਸੰਪੂਰਨ ਭਾਸ਼ਾ ਜਾਂ ਵਿਆਖਿਆ ਹੈ:

**The Japji is in itself, a complete exposition of the Sikh faith.**

ਨਾਲੇ ਇਹ ਤਾਂ ਇਕ ਅਜਿਹੀ ਆਦਰਸ਼ਕ ਕਿਰਤ ਹੈ, ਜਿਸ ਦੇ ਗਿਣਵੇਂ 2090 ਲਫ਼ਜ਼ਾਂ ਵਿੱਚੋਂ ਉਸ ਦੇ ਅਮਰ ਕਰਤਾ ਦੀ ਮਹਾਨ ਸ਼ਖਸੀਅਤ ਅਤੇ ਮਨੋਹਰ ਸਿੱਖਿਆ ਨੂੰ ਸਹਿਜੇ ਹੀ

ਜਾਣਿਆ ਤੇ ਪਛਾਣਿਆ ਜਾ ਸਕਦਾ ਹੈ। ਇਹ ਜੋ ਉਨ੍ਹਾਂ ਦੀ ਚੌਥੀ ਜੋਤ, ਗੁਰੂ ਰਾਮਦਾਸ ਜੀ (1534-1581), ਨੇ ਫੁਰਮਾਇਆ ਹੈ:

ਬਾਣੀ ਗੁਰੂ ਗੁਰੂ ਹੈ ਬਾਣੀ.....

ਇਸ ਦੀ ਵਿਆਪਕ ਸੱਚਾਈ ਤੋਂ ਉਨ੍ਹਾਂ ਦਾ ਕੋਈ ਵੀ ਸਿਦਕੀ ਸਿੱਖ ਨਾਬਰ ਨਹੀਂ। ਇਸ ਦੀ ਜੋ ਪ੍ਰੋੜ੍ਹਤਾ ਖ਼ੁਦ 'ਜਪੁ' ਵਿੱਚੋਂ ਮਿਲਦੀ ਹੈ, ਉਹ ਆਪਣੀ ਮਿਸਾਲ ਆਪ ਹੈ। ਆਰਚਰ ਦਾ ਇਹ ਕਥਨ ਇਸੇ ਗੱਲ ਦੀ ਗਵਾਹੀ ਦੇਂਦਾ ਹੈ:

**Nanak, both the factual and the formless, lives mostly in his message which the Sikhs have dutifully and fondly cherished and the fundamental substance of his message has been preserved in a book of psalms, the Japji or Japji Sahib.**

ਅਰਥਾਤ: "ਵਾਸਤਵਿਕ ਤੇ ਨਿਰਾਕਾਰ ਨਾਨਕ ਜੀ, ਵਧੇਰੇ ਤਾਂ, ਆਪਣੇ ਉਸ ਸੰਦੇਸ਼ ਵਿੱਚ ਜੀਵਤ ਹਨ ਜੋ ਉਨ੍ਹਾਂ ਦੇ ਸਿੱਖਾਂ ਨੇ ਬੜੇ ਸ਼ੌਕ ਤੇ ਸਿਦਕ ਨਾਲ ਸੰਭਾਲਿਆ ਹੋਇਆ ਹੈ ਅਤੇ ਜਿਸ ਦਾ ਬੁਨਿਆਦੀ ਤੱਤ ਧਾਰਮਕ ਗੀਤਾ ਦੀ ਇਕ ਪੁਸਤਕ, 'ਜਪੁ' ਜਾਂ 'ਜਪੁ ਜੀ ਸਾਹਿਬ' ਵਿੱਚ ਸੁਰੱਖਿਅਤ ਹੈ।" ਇਸੇ ਲਈ ਜੇ ਮਾਣ ਨਾਲ ਇਹ ਕਹਿ ਦਈਏ ਕਿ 'ਜਪੁ' ਹੀ 'ਗੁਰੂ ਨਾਨਕ' ਅਤੇ 'ਗੁਰੂ ਨਾਨਕ' ਹੀ 'ਜਪੁ' ਹਨ ਤਾਂ ਇਹ ਕੋਈ ਭੁੱਲ, ਕੁਫ਼ਰ ਜਾਂ ਅਤਿ-ਕਥਨੀ ਨਹੀਂ ਹੋਵੇਗੀ। ਪੂਰਨ ਸਿੰਘ ਜੀ ਨੇ ਠੀਕ ਹੀ ਆਖਿਆ ਸੀ:

**It is wonderful that Guru Nanak resumes his personality in this one hymn of his. we meet the master in its sound.**

ਕਿ "ਇਹ ਕਿੰਨੀ ਅਸਚਰਜ ਤੇ ਅਦਭੁਤ ਗੱਲ ਹੈ ਕਿ ਗੁਰੂ ਨਾਨਕ ਸਾਹਿਬ ਨੇ ਆਪਣੇ ਇਸ ਅਗੰਮੀ ਗੀਤ ਵਿੱਚ ਆਪਣਾ ਆਪਾ ਭਰ ਕੇ ਆਪਣੀ ਮੁਬਾਰਕ ਜ਼ਾਤ ਨੂੰ ਸੁਰਜੀਤ ਰੱਖਿਆ ਹੈ! ਸਾਨੂੰ ਤਾਂ ਇਸ ਦੀ ਆਵਾਜ਼ ਵਿੱਚੋਂ ਨਿੱਤ ਉਨ੍ਹਾਂ ਦੇ ਦੀਦਾਰ ਹੁੰਦੇ ਹਨ। 'ਜਪੁ' ਦੀ ਇਸ ਅਦੁੱਤੀ ਮਹੱਤਤਾ ਤੇ ਮਾਨਤਾ ਦਾ ਮੁੱਖ ਕਾਰਨ ਵੀ ਤਾਂ ਇਹੋ ਹੈ।

ਇਸ ਦੀ ਗੌਰਵਤਾ ਦਾ ਅਨੁਮਾਨ ਇਸ ਗੱਲੋਂ ਵੀ ਲਾਇਆ ਜਾ ਸਕਦਾ ਹੈ ਕਿ ਸਾਰਾ ਸਿੱਖ ਸੰਸਾਰ ਇਸ ਨੂੰ ਗੁਰੂ ਨਾਨਕ ਜੀ ਦੀ ਸਰਵੋਤਮ ਅਤੇ ਸਿੱਖ-ਸਾਹਿੱਤ ਦੀ ਬੁਨਿਆਦੀ ਤੇ ਸਰਬ-ਸ਼੍ਰੋਮਣੀ ਬਾਣੀ ਮੰਨਦਾ ਹੈ। ਗ਼ੈਰ-ਸਿੱਖ ਵਿਦਵਾਨ ਵੀ ਇਸ ਸਬੰਧ ਵਿੱਚ ਇਕ-ਰਾਏ ਹਨ। ਰਾਧਾ ਕ੍ਰਿਸ਼ਨਨ ਅਨੁਸਾਰ:

ਅਰਥਾਤ: "ਇਹ ਸਿੱਖਾਂ ਦੀ ਮੁੱਢਲੀ ਧਰਮ-ਪੁਸਤਕ ਹੈ"। ਇਸ ਦਾ ਪ੍ਰਤੱਖ ਕਾਰਨ ਇਹ ਹੈ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ' ਸਿੱਖੀ ਦੇ 'ਇਸ਼ਟ' ਹਨ ਅਤੇ 'ਜਪੁ' ਉਨ੍ਹਾਂ ਦੀ ਵਿਚਾਰਧਾਰਾ ਦਾ ਤੱਤ-ਸਾਰ ਹੋਣ ਕਰਕੇ, ਸਿੱਖ-ਸਿਧਾਂਤ ਦਾ ਧੁਰਾ ਹੈ। ਇਸੇ ਲਈ ਗਰੀਨਲੀਜ਼ ਦੇ ਸ਼ਬਦਾਂ ਵਿੱਚ "ਇਹਨੂੰ ਸਾਰੇ ਸਿੱਖ ਦਰਸ਼ਨ ਦਾ ਸਾਰਾਂਸ਼ ਮੰਨਿਆ ਜਾਂਦਾ ਹੈ" : **It is held to give an outline**

of all Sikh philosophy.

ਇਸ ਦੇ ਮੰਗਲਾਚਰਣ ਵਜੋਂ ਅੰਕਿਤ ਮਹਾਂ-ਵਾਕ ਦੇ ਪਹਿਲੇ ਸ਼ਬਦ, ੧ਓ (ਇਕ ਓਅੰਕਾਰ), ਨੂੰ ਜਿਵੇਂ 'ਬੀਜ-ਮੰਤਰ' ਤੇ ਸਾਰੇ ਮਹਾਂ-ਵਾਕ ਦਾ 'ਨਿਚੋੜ' ਮੰਨਿਆ ਜਾਂਦਾ ਹੈ, ਇਸ ਮਹਾਂ-ਵਾਕ ਨੂੰ ਜਿਵੇਂ 'ਮੂਲ-ਮੰਤਰ' ਅਤੇ ਸੰਪੂਰਨ 'ਜਪੁ' ਦਾ 'ਤੱਤ-ਸਾਰ' ਸਮਝਿਆ ਜਾਂਦਾ ਹੈ, ਤਿਵੇਂ ਹੀ 'ਜਪੁ' ਨੂੰ ਸਮੁੱਚੇ 'ਗੁਰੂ ਗ੍ਰੰਥ ਸਾਹਿਬ' ਦਾ 'ਖ਼ੁਲਾਸਾ' ਜਾਂ 'ਸਾਰਾਂਸ਼' ਪ੍ਰਵਾਨਿਆ ਗਿਆ ਹੈ। ਇਸ ਦੇ ਵਿਚਾਰਾਤਮਕ ਤੇ ਕਲਾਤਮਕ ਗੁਣਾਂ ਨੂੰ ਮੁੱਖ ਰੱਖਦਿਆਂ, ਇਸ ਨੂੰ ਸਮੁੱਚੀ ਬਾਣੀ ਦਾ 'ਸਰੋਤ' ਤੇ 'ਸਿਰਮੌਰ' ਵੀ ਮੰਨਿਆ ਗਿਆ ਹੈ। ਇਥੋਂ ਤਕ ਕਿ ਕੇਵਲ ਗੁਰੂ ਨਾਨਕ ਸਾਹਿਬ ਦੀ ਹੀ ਨਹੀਂ, 'ਗੁਰੂ ਗ੍ਰੰਥ ਸਾਹਿਬ' ਦੀ ਸਮੁੱਚੀ ਬਾਣੀ ਵੀ ਇਸੇ ਦਾ ਸਵਿਸਥਾਰ ਨਿਰੂਪਣ ਤੇ ਵਿਚਾਰਾਤਮਕ ਵਿਆਖਿਆ ਮੰਨੀ ਗਈ ਹੈ।

ਇਸੇ ਦੀ ਵਿਚਾਰਧਾਰਾ ਤੇ ਕਲਾ-ਕੁਸ਼ਲਤਾ ਸਮੁੱਚੀ ਬਾਣੀ ਦੀ ਕੇਵਲ ਚੂਲ ਹੀ ਨਹੀਂ, ਉਸ ਦੇ 'ਆਦਰਸ਼' ਤੇ ਮਾਡਲ ਵਜੋਂ ਵੀ ਸਲਾਹੀ ਤੇ ਅਪਣਾਈ ਗਈ ਹੈ। ਪੂਰਨ ਸਿੰਘ ਵਰਗੇ ਕਈ ਸਿੱਖ ਵਿਦਵਾਨ ਤਾਂ ਇਸ ਨੂੰ ਸੂਤਰ-ਰੂਪ ਵਿੱਚ ਸਿੱਖ-ਦਰਸ਼ਨ ਅਤੇ ਗੁਰੂ 'ਗ੍ਰੰਥ ਸਾਹਿਬ' ਦੀ 'ਟੇਕ' ਜਾਂ 'ਬੀਜ-ਰੂਪ' ਮੰਨਦੇ ਹਨ। ਜਿਵੇਂ:

The hymn Japji is the resort of the Guru Granth.

ਜਸਟਿਸ ਹਰਨਾਮ ਸਿੰਘ ਅਨੁਸਾਰ:

From the days of the Guru, the Japji has been considered to be an epitome of all Sikh philosophy.

"ਜਪੁ ਜੀ" ਨੂੰ ਗੁਰੂਦੇਵ ਦੇ ਆਪਣੇ ਸਮੇਂ ਤੋਂ ਹੀ, ਸਮੁੱਚੇ ਸਿੱਖ-ਦਰਸ਼ਨ ਦਾ 'ਖ਼ੁਲਾਸਾ' ਮੰਨਿਆ ਗਿਆ ਹੈ"। ਕੁਝ ਅਜਿਹੇ ਵਿਚਾਰਾਂ ਤੇ ਕਾਰਨਾਂ ਕਰਕੇ ਹੀ, 'ਗੁਰੂ ਗ੍ਰੰਥ ਸਾਹਿਬ' ਦੇ ਮਹਾਨ ਸੰਪਾਦਿਕ, ਗੁਰੂ ਅਰਜਨ ਦੇਵ ਜੀ (1563-1606) ਨੇ ਇਸ ਨੂੰ ਪਾਵਨ 'ਆਦਿ ਬੀੜ' ਦੇ ਐਨ ਆਰੰਭ ਵਿੱਚ ਰੱਖ ਕੇ, ਇਸ ਨੂੰ ਉਸ ਦੀ ਮਾਨੋਂ 'ਭੂਮਿਕਾ' ਜਾਂ 'ਉਥਾਨਿਕਾ' ਵੀ ਬਣਾ ਦਿੱਤਾ ਹੈ। ਇਸੇ ਲਈ ਇਸ ਨੂੰ 'ਆਦਿ ਗ੍ਰੰਥ' ਸਾਹਿਬ ਦੀ 'ਆਦਿ ਬਾਣੀ' ਵੀ ਆਖਿਆ ਜਾਂਦਾ ਹੈ।

ਇਸੇ ਕਰਕੇ ਇਹ ਸਿੱਖ-ਨਿਤਨੇਮ ਦਾ ਮੁੱਢ-ਮੂਲ ਹੈ, ਉਸ ਦੀ ਪ੍ਰਮੁੱਖ ਬਾਣੀ ਹੈ। ਲੱਖਾਂ ਲੋਕਾਂ ਨੂੰ ਇਹ, ਅਜੇ ਤਕ ਜ਼ਬਾਨੀ ਯਾਦ ਹੈ ਤੇ ਉਹ ਆਪਣੀ ਨਿੱਤ-ਕਿਰਿਆ ਇਸ ਦੇ ਪਾਠ ਨਾਲ ਆਰੰਭ ਕਰਦੇ ਹਨ। ਇਸ ਦੀ ਅਜਿਹੀ ਮਹਿਮਾ ਤੇ ਮਾਨਤਾ ਬਿਦੇਸੀ ਤੇ ਗ਼ੈਰ-ਸਿੱਖ ਵਿਦਵਾਨਾਂ, ਇਤਿਹਾਸਕਾਰਾਂ ਤੇ ਸ਼ਰਧਾਲੂਆਂ ਨੇ ਵੀ ਮੰਨੀ ਹੈ। ਪੇਨ ਅਨੁਸਾਰ:

Every orthodox Sikh has it by heart and repeats it each morning.

ਅਰਥਾਤ : "ਇਹ ਹਰ ਸਿਦਕੀ ਸਿੱਖ ਨੂੰ ਜ਼ਬਾਨੀ ਚੇਤੇ ਹੈ ਅਤੇ ਉਹ ਇਸ ਦਾ ਪਾਠ ਹਰ ਰੋਜ਼ ਸਵੇਰੇ ਕਰਦਾ ਹੈ।"

ਭਾਵ : "ਇਹ ਜਾਗਦਿਆਂ ਸਾਰ ਕਰਨ ਵਾਲੀ ਸਵੇਰ ਦੀ ਪ੍ਰਾਰਥਨਾ ਹੈ।" ਇਉਂ ਹੀ ਦਾਦਾ ਚੇਲਾ ਰਾਮ ਅਨੁਸਾਰ, "ਸਭ ਸਿੱਖ ਤੇ ਹੋਰ ਸ਼ਰਧਾਲੂ ਇਸ ਨੂੰ ਮੂੰਹ-ਜ਼ਬਾਨੀ ਯਾਦ ਕਰਦੇ ਹਨ ਅਤੇ ਇਸ ਦਾ ਨਿੱਤ ਸਵੇਰੇ ਪਾਠ ਕਰਨਾ ਜ਼ਰੂਰੀ ਸਮਝਦੇ ਹਨ। ਉਨ੍ਹਾਂ ਦੇ ਆਪਣੇ ਲਫ਼ਜ਼ਾਂ ਵਿੱਚ :

**It is remembered by heart by every Sikh and others devoted to the Guru its recital is enjoined for their daily morning prayer.**

ਇਸ ਦੇ ਅਜਿਹੇ ਨਿੱਤ-ਪਾਠ ਦੀ ਇਹ ਪ੍ਰਥਾ ਇਸ ਦੇ ਕਰਤਾ ਜੀ ਨੇ ਆਪੇ ਪਾ ਦਿੱਤੀ ਸੀ। ਉਨ੍ਹਾਂ ਦੇ ਪ੍ਰਿਥਮ ਜੀਵਨੀਕਾਰ ਭਾਈ ਗੁਰਦਾਸ ਜੀ (1551-1629) ਦੀ ਗਵਾਹੀ ਅਨੁਸਾਰ, ਜਦੋਂ ਉਹ 'ਉਦਾਸੀਆਂ' (ਪ੍ਰਚਾਰ-ਦੌਰੇ/ Preaching-tours) ਮੁਕਾ ਕੇ, ਕਰਤਾਰਪੁਰ (ਰਾਵੀ) ਆ ਬਿਰਾਜੇ ਅਤੇ ਜਦੋਂ ਉਨ੍ਹਾਂ ਧਰਮ-ਕਰਮ ਦੀ ਰੀਤ ਬੰਨ੍ਹਣੀ ਆਰੰਭੀ ਤਾਂ ਆਪਣੇ ਪ੍ਰੋਗਰਾਮ ਦੀ ਸਭ ਤੋਂ ਪਹਿਲੀ ਮਦ ਉਨ੍ਹਾਂ ਨੇ ਇਸੇ ਦਾ ਪਾਠ ਰੱਖੀ :

ਫਿਰਿ ਬਾਬਾ ਆਇਆ ਕਰਤਾਰਪੁਰਿ ਭੇਖੁ ਉਦਾਸੀ ਸਗਲ ਉਤਾਰਾ।
ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ।......
ਬਾਣੀ ਮੁਖਹੁ ਉਚਾਰੀਐ ਹੁਇ ਰੁਸਨਾਈ ਮਿਟੈ ਅੰਧਾਰਾ।.....
'ਸੋ ਦਰੁ' 'ਆਰਤੀ' ਗਾਵੀਐ ਅੰਮ੍ਰਿਤ ਵੇਲੇ 'ਜਾਪੁ' ਉਚਾਰਾ।

ਉਨ੍ਹਾਂ ਨੇ ਅਜਿਹੇ ਸਾਂਝੇ ਤੇ ਸੰਗਤੀ ਪ੍ਰੋਗਰਾਮ ਤੋਂ ਇਲਾਵਾ, ਆਪਣੇ ਹਰ ਸਿੱਖ ਤੇ ਨਾਮ-ਲੇਵੇ ਨੂੰ ਇਸ ਦਾ ਨਿੱਤ-ਪਾਠ, ਨਿਜੀ ਜਾਂ ਸ਼ਖ਼ਸੀ ਤੌਰ 'ਤੇ ਵੀ ਕਰਨ-ਸੁਣਨ ਦੀ ਹਦਾਇਤ ਕੀਤੀ। ਉਸ ਦਾ ਸਿੱਟਾ ਇਹ ਨਿਕਲਿਆ ਕਿ ਭਾਈ ਸਾਹਿਬ ਦੇ ਹੀ ਕਥਨ ਅਨੁਸਾਰ, ਇਸ ਦਾ ਪਾਠ ਛੇਤੀ ਹੀ ਹਰ ਗੁਰਸਿੱਖ ਗੁਰਮੁਖ ਦੀ ਨਿੱਤ-ਕਿਰਿਆ ਦਾ ਪ੍ਰਥਮ ਤੇ ਅਨਿੱਖੜ ਅੰਗ ਬਣ ਗਿਆ :

*ਅੰਮ੍ਰਿਤ ਵੇਲੇ ਉਠਿ ਕੈ ਜਾਇ ਅੰਦਰਿ ਦਰੀਆਉ ਨ੍ਹਵੰਦੇ।*
*ਸਹਜਿਸਮਾਧਿ ਅਗਾਧਿ ਵਿਚਿ ਇਕ ਮਨਿ ਹੋਇ ਗੁਰ 'ਜਾਪੁ' ਜਪੰਦੇ।*
*ਮਥੈ ਟਿਕੇ ਲਾਲ ਲਾਇ ਸਾਧਸੰਗਤਿ ਚਲਿ ਜਾਇ ਬਹੰਦੇ।*
*ਸਬਦੁ ਸੁਰਤਿ ਲਿਵ ਲੀਣੁ ਹੋਇ ਸਤਿਗੁਰ ਬਾਣੀ ਗਾਇ ਸੁਣੰਦੇ।*

(ਭਾ: ਗੁਰਦਾਸ ਜੀ, ਵਾਰ ੬/੩)

ਅਜਿਹੇ ਨਿਤਨੇਮੀ ਗੁਰਸਿੱਖਾਂ ਦੀ ਮਹਿਮਾਂ ਗਾਉਂਦਿਆਂ ਅਤੇ ਉਨ੍ਹਾਂ ਦੀ ਸ਼ਰਧਾ ਤੇ ਸਿਦਕ ਤੋਂ ਵਾਰਨੇ ਜਾਂਦਿਆਂ, ਆਪ ਨੇ ਇਕ ਹੋਰ ਥਾਂ ਲਿਖਿਆ ਹੈ :

ਕੁਰਬਾਣੀ ਤਿਨ੍ਹਾਂ ਗੁਰਸਿਖਾਂ ਪਿਛਲ ਰਾਤੀ ਉਠਿ ਬਹੰਦੇ।
ਕੁਰਬਾਣੀ ਤਿਨ੍ਹਾਂ ਗੁਰਸਿਖਾਂ ਅੰਮ੍ਰਿਤੁ ਵੇਲੈ ਸਰਿ ਨ੍ਹਾਵੰਦੇ।
ਕੁਰਬਾਣੀ ਤਿਨ੍ਹਾਂ ਗੁਰਸਿਖਾਂ ਹੋਇ ਇਕ ਮਨਿ ਗੁਰ 'ਜਾਪੁ' ਜਪੰਦੇ।
ਕੁਰਬਾਣੀ ਤਿਨ੍ਹਾਂ ਗੁਰਸਿੱਖਾਂ, ਸਾਧਸੰਗਤਿ ਚਲਿ ਜਾਇ ਜੁੜੰਦੇ।

(ਭਾ: ਗੁਰਦਾਸ ਜੀ, ਵਾਰ ੧੨/੨)

ਉਪਰੋਕਤ ਕਥਨ ਇਕ ਅਜਿਹੇ ਮਹਾਨ ਗੁਰਸਿੱਖ ਤੇ ਪ੍ਰਸਿੱਧ ਵਿਦਵਾਨ ਦੇ ਹਨ ਜਿਸ ਨੂੰ ਤੀਜੀ ਪਾਤਸ਼ਾਹੀ ਦੇ ਸਬੰਧੀ, ਚੌਥੀ ਦੇ ਨਿਕਟਵਰਤੀ, ਪੰਜਵੀਂ ਦੇ ਪ੍ਰਤਿਨਿਧ ਅਤੇ ਕੇਵਲ ਵਰਤਮਾਨ ਹੀ ਨਹੀਂ ਸਗੋਂ 'ਜੁਗੋ-ਜੁਗ ਅਟੱਲ' ਨਾਨਕ-ਜੋਤਿ, 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਆਦਿ ਬੀੜ ਦਾ ਲਿਖਾਰੀ ਹੋਣ ਦਾ ਮਾਣ ਵੀ ਪ੍ਰਾਪਤ ਹੈ।

ਉਨ੍ਹਾਂ ਦੇ ਅਜਿਹੇ ਕਥਨਾਂ ਤੋਂ ਛੁੱਟ, ਗੁਰਾਂ ਦੀਆਂ ਜਨਮ-ਸਾਖੀਆਂ ਤੇ ਜੀਵਨ-ਸਮਾਚਾਰਾਂ ਤੋਂ ਵੀ ਵਿੱਦਤ ਹੈ ਕਿ ਸਾਰੇ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਨਿਕਟਵਰਤੀ ਤੇ ਨਾਮ-ਲੇਵੇ ਇਸ ਨੂੰ ਆਪਣੇ ਜੀਵਨ ਦਾ ਮੁੱਖ-ਆਧਾਰ ਮੰਨਦੇ ਰਹੇ ਹਨ ਅਤੇ ਅੰਮ੍ਰਿਤ ਵੇਲੇ, ਸੌਚ-ਇਸ਼ਨਾਨ ਤੋਂ ਵਿਹਲੇ ਹੁੰਦਿਆਂ ਹੀ, ਇਸ ਨੂੰ ਜਪਦੇ ਜਾਂ ਉਚਾਰਦੇ ਰਹੇ ਹਨ ਅਤੇ ਇਸ ਦੀ ਲੁੜੀਂਦੀ ਪ੍ਰੇਰਨਾ ਤੇ ਅਗਵਾਈ, ਸ਼ਾਂਤੀ ਤੇ ਸ਼ਕਤੀ ਪ੍ਰਾਪਤ ਕਰਦੇ ਰਹੇ ਹਨ। ਇਹ ਪ੍ਰਥਾ ਹੁਣ ਤੱਕ ਉਸੇ ਤਰ੍ਹਾਂ ਜਾਰੀ ਹੈ, ਇਥੋਂ ਤਕ ਕਿ ਗਰੀਨਲੀਜ਼ ਨੇ ਲਿਖਿਆ ਹੈ ਕਿ:

**It is the pious practice of all Sikhs to start each day with its recitation.**

ਅਰਥਾਤ: "ਸਭ ਸਿੱਖਾਂ ਦੀ ਇਹ ਪਵਿੱਤਰ ਰੀਤ ਹੈ ਕਿ ਉਹ ਆਪਣਾ ਹਰ ਦਿਨ ਇਸੇ ਦੇ ਪਾਠ ਨਾਲ ਆਰੰਭ ਕਰਦੇ ਹਨ।"

ਪਰ ਇਸ ਦੀ ਅਜਿਹੀ ਮਹਿਮਾ ਤੇ ਮਹੱਤਾ ਕੇਵਲ ਇਥੋਂ ਤੱਕ ਹੀ ਸੀਮਿਤ ਨਹੀਂ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਸ ਦੇ ਪਾਵਨ ਪਾਠ ਦੀ ਸਮਾਪਤੀ 'ਤੇ ਹੀ:

ਗੁਰੂ ਨਾਨਕ ਸਾਹਿਬ ਜੋਤੀ-ਜੋਤਿ ਸਮਾਏ, ਗੁਰੂ ਅਰਜਨ ਦੇਵ ਜੀ ਸ਼ਹੀਦ ਹੋਏ ਅਤੇ ਗੁਰੂ ਤੇਗ਼ ਬਹਾਦਰ ਜੀ ਨੇ ਸੀਸ ਭੇਟ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ 'ਖ਼ਾਲਸਾ' ਸਾਜਣ ਵੇਲੇ 'ਅੰਮ੍ਰਿਤ' ਦਾ ਬਾਟਾ ਤਿਆਰ ਕਰਦਿਆਂ, ਸਭ ਤੋਂ ਪਹਿਲਾਂ ਇਸੇ ਦਾ ਪਾਠ ਕੀਤਾ ਅਤੇ ਇਹ ਮਾਣ ਤੇ ਮਹੱਤਾ ਇਸ ਨੂੰ ਹੁਣ ਤੱਕ ਉਸੇ ਤਰ੍ਹਾਂ ਪ੍ਰਾਪਤ ਹੈ। 'ਰਹਿਤਨਾਮਿਆਂ ਤੇ 'ਹੁਕਮਨਾਮਿਆਂ' ਨੇ ਇਸ ਮਰਯਾਦਾ ਉਤੇ ਮੁਹਰ ਲਾਉਂਦਿਆਂ ਇਥੋਂ ਤਕ ਲਿਖ ਦਿੱਤਾ ਹੈ ਕਿ:

ਠੰਢੇ ਪਾਣੀ ਜੋ ਨਹੀਂ ਨ੍ਹਾਵੇ,
ਬਿਨ 'ਜਪੁ' ਪੜ੍ਹੇ, ਪ੍ਰਸਾਦਿ ਜੁ ਖਾਵੈ।
ਬਿਨ 'ਰਹਿਰਾਸ' ਸੰਧਿਆ ਜੋ ਖੋਵਹਿ,
'ਕੀਰਤਨ' ਪੜ੍ਹੇ, ਬਿਨ ਰੈਣਿ ਜੁ ਸੋਵਹਿ।

ਚੁਗਲੀ ਕਰਿ ਜੋ ਕਾਜ ਬਿਗਾਰਹਿ,
ਧ੍ਰਿਗ ਤਿਸ ਜਨਮ, ਜੋ ਧਰਮ ਬਿਸਾਰਹਿ।'

ਇਸੇ ਮਰਯਾਦਾ ਦੇ ਪਾਬੰਦ ਕਈ ਸਿਦਕੀ ਤੇ ਸ਼ਰਧਾਲੂ ਸਿੱਖਾਂ ਨੇ ਇਸੇ ਦੇ ਉਚਾਰਨ ਉਪਰੰਤ ਖੋਪਰੀਆਂ ਉਤਰਵਾਈਆਂ, ਖੱਲਾਂ ਲੁਹਾਈਆਂ, ਤਨ ਚਿਰਵਾਏ, ਬੰਦ-ਬੰਦ ਕਟਵਾਏ, ਪਰ ਮੁੱਖੋਂ 'ਸੀ' ਨਹੀਂ ਉਚਾਰੀ। ਵੇਖੀਆਂ ਭਾਣੇ ਤਾਂ ਉਹ ਭਾਵੇਂ ਮਰ-ਮੁੱਕ ਗਏ, ਪਰ ਲੋਕਾਂ ਭਾਣੇ ਉਹ ਅਮਰ ਹੋ ਗਏ ਅਤੇ ਗੁਰਾਂ ਭਾਣੇ ਉਹ ਇਸ ਦੀ ਅੰਤਿਮ ਤੁਕ ਅਨੁਸਾਰ, ਸਫਲ ਤੇ ਸੁਰਖ਼ਰੂ ਹੋ ਗਏ:

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥ (ਜਪੁਜੀ ਸਾਹਿਬ)

ਇਉਂ ਇਸ ਪਾਵਨ ਬਾਣੀ ਨੂੰ ਸਿੱਖ-ਨਿਤਨੇਮ ਦੀ ਪਹਿਲੀ ਮਦ, ਸਿੱਖ-ਸਾਹਿਤ ਦੀ ਆਦਿ ਰਚਨਾ, ਸਿੱਖ- ਮਰਯਾਦਾ ਦਾ ਪ੍ਰਥਮ ਅੰਗ ਅਤੇ ਸਿੱਖੀ-ਇਤਿਹਾਸ ਵਿੱਚ ਅਜਿਹਾ ਅਦੁੱਤੀ ਸਥਾਨ ਪ੍ਰਾਪਤ ਹੋਣਾ, ਇਸ ਦੀ ਮਹੱਤਤਾ, ਮਾਨਤਾ ਤੇ ਗੌਰਵਤਾ ਦੀ ਪ੍ਰਤੱਖ ਤੇ ਪ੍ਰਮਾਣੀਕ ਗਵਾਹੀ ਹੈ।

ਜਿਥੋਂ ਤੱਕ ਇਸ ਦੇ ਪਾਠ, ਵਿਚਾਰ ਦੇ ਪੁੰਨ-ਪ੍ਰਤਾਪ ਦਾ ਸਬੰਧ ਹੈ, ਮਹਾਂ-ਕਵੀ ਭਾਈ ਸੰਤੋਖ ਸਿੰਘ (1788-1843) ਦੇ ਵਿਚਾਰ ਅਨੁਸਾਰ, ਇਹ ਜਨਮ-ਜਨਮਾਂਤਰ ਦੇ ਰੋਗ ਤੇ ਪਾਪ ਕੱਟਣ ਦੀ ਸਮਰੱਥ ਵੀ ਰੱਖਦੀ ਹੈ:

'ਜਪੁ ਜੀ' ਕੰਠ ਨਿਤਾਪ੍ਰਤਿ ਰਟੈ।
ਜਨਮ ਜਨਮ ਕੇ ਕਲਮਲ ਕਟੈ।'

ਇਕ ਅਨੋਖੀ ਪ੍ਰਤਿਭਾ ਤੇ ਪ੍ਰਸਿੱਧੀ ਦੇ ਮਾਲਕ, ਪ੍ਰੋ: ਪੂਰਨ ਸਿੰਘ ਨੇ ਤਾਂ ਖ਼ੁਦ ਆਪਣੇ ਨਿੱਜੀ ਤਜਰਬੇ ਦੇ ਆਧਾਰ 'ਤੇ ਇਥੋਂ ਤੱਕ ਦੱਸਿਆ ਤੇ ਲਿਖਿਆ ਹੈ ਕਿ-

**I have been saved from death by the love of the maker of Japji. I have doubted frequently with others of the age of the merit of repeating the Psalms of the Guru,, but by actual experiments conducted by myself on my self, I find that without Japji one dies, that the personal love for the Guru falls into the dust and dirt of daily life and that without Japji one is famished.**

ਭਾਵ, "ਮੈਂ ਤਾਂ ਜਪੁ-ਕਰਤਾ ਦੇ ਪਿਆਰ ਰਾਹੀਂ ਹੀ ਮੌਤ ਤੋਂ ਬਚਿਆ ਰਿਹਾ ਹਾਂ। ਮੈਂ ਆਪਣੇ ਹੋਰ ਹਾਣੀਆਂ ਨਾਲ ਵਿਚਾਰ-ਵਟਾਂਦਰਾ ਕਰਦਿਆਂ, ਗੁਰਬਾਣੀ ਦੇ ਪਾਠ ਦੇ ਗੁਣ-ਲਾਭ ਬਾਰੇ ਅਕਸਰ ਸ਼ੱਕ-ਸ਼ੁਬ੍ਹਾ ਕਰਦਾ ਰਿਹਾ ਹਾਂ, ਪਰ ਮਗਰੋਂ ਖ਼ੁਦ ਆਪ ਆਪਣੇ ਉਤੇ ਵਾਸਤਵਿਕ ਤਜਰਬੇ ਕਰ ਕੇ ਇਸ ਨਤੀਜੇ ਤੇ ਪਹੁੰਚਿਆ ਹਾਂ ਕਿ ਬੰਦਾ 'ਜਪੁ ਜੀ' ਬਿਨਾਂ ਮਰ ਜਾਂਦਾ ਹੈ, ਗੁਰੂ ਲਈ ਨਿਜੀ ਪਿਆਰ ਨਿਤਾਪ੍ਰਤ ਜੀਵਨ ਦੇ ਗਰਦੇ ਤੇ ਗੰਦਗੀ ਵਿੱਚ ਡਿੱਗ ਪੈਂਦਾ ਹੈ ਅਤੇ 'ਜਪੁ ਜੀ' ਬਿਨਾਂ ਬੰਦਾ ਭੁੱਖਾ ਮਰ ਜਾਂਦਾ ਹੈ।"

ਇਹ ਇਸ ਲਈ ਕਿ 'ਜਪੁ ਜੀ' ਵਿੱਚ ਉਸ ਪ੍ਰਭੂ ਦਾ ਸਰੂਪ ਤੇ ਉਸਤਤ ਵਰਣਤ ਹੈ, ਜਿਸ ਦਾ 'ਨਾਮ' ਗਾਵੇ ਤੇ ਧਿਆਵੇ ਬਿਨਾਂ, ਗੁਰੂਦੇਵ ਦੇ ਆਪਣੇ ਸ਼ਬਦਾਂ ਵਿੱਚ, ਮਨੁੱਖ ਇਕ 'ਪੱਕੇ ਰੋਗੀ' ਵਾਂਗ ਵਿਲਲਾਉਂਦਾ ਹੈ:

*ਜੈ ਤਨਿ ਬਾਣੀ ਵਿਸਰਿ ਜਾਇ॥*
*ਜਿਉ ਪਕਾ ਰੋਗੀ ਵਿਲਲਾਇ॥ ੧॥* (ਪੰਨਾ ੬੬੧)

ਇਥੋਂ ਤੱਕ ਕਿ ਜੇ ਜਪਦਾ ਰਹੇ ਤਾਂ ਜੀਉਂਦਾ ਹੈ, ਜੇ ਵਿਸਾਰ ਦਏ ਤਾਂ ਮਰ ਜਾਂਦਾ ਹੈ:

*ਆਖਾ ਜੀਵਾ ਵਿਸਰੈ ਮਰਿ ਜਾਉ॥* (ਪੰਨਾ ੩੪੯)

ਇਹ ਇਸ ਲਈ ਵੀ ਕਿ ਇਹ ਜਿਥੇ ਧਰਮ ਦੇ ਪਾਂਧੀਆਂ ਤੇ ਪ੍ਰਮਾਰਥ ਦੇ ਜਗਿਆਸੂਆਂ ਲਈ ਇਕ ਅਦੁੱਤੀ ਗਾਡੀ-ਰਾਹ ਹੈ, ਉਥੇ ਜਨ-ਸਾਧਾਰਨ ਲਈ ਇਕ ਅਟੱਲ ਚਾਨਣ-ਮੁਨਾਰਾ ਵੀ ਹੈ। ਇਹ ਤਾਂ ਇਕ ਅਜਿਹੀ ਮਨੋਹਰ, ਰਾਹ-ਦਰਸਾਊ ਤੇ ਜੀਵਨ-ਉਸਾਰੂ ਕਿਰਤ ਹੈ ਜੋ ਹਰ ਜਾਤ ਤੇ ਸ਼੍ਰੇਣੀ, ਦੇਸ਼ ਤੇ ਕੌਮ ਦੇ ਪ੍ਰਾਣੀਆਂ ਲਈ ਹਰ ਥਾਂ, ਹਰ ਸਮੇਂ ਲਈ ਸੁਖ-ਸ਼ਾਂਤੀ ਦਾ ਸਰੋਤ, ਸੁਚੱਜੀ ਜੀਵਨ-ਜਾਚ ਦਾ ਸਾਧਨ, ਆਤਮਕ ਆਨੰਦ ਦਾ ਸੋਮਾ ਅਤੇ ਦੈਵੀ ਕਲਿਆਨ ਦਾ ਵਸੀਲਾ ਸਮਝੀ ਗਈ ਹੈ। ਸੱਯਦ ਅਥਰ ਅਬਾਸ ਰਿਜ਼ਵੀ ਤਾਂ ਇਥੋਂ ਤੱਕ ਮੰਨਦੇ ਹਨ ਕਿ:

**Guru Nanak's Japji is a most outstanding devotional hymn and the reader who understands it, finds him-self transported to a strange world of bliss.**

ਅਰਥਾਤ: "ਗੁਰੂ ਨਾਨਕ ਦਾ 'ਜਪੁ ਜੀ' ਇਕ ਪ੍ਰਮੁੱਖ ਤੇ ਅਸਾਧਾਰਣ ਧਾਰਮਕ ਗੀਤ ਹੈ ਅਤੇ ਜਿਹੜਾ ਪਾਠਕ ਇਸ ਦੇ ਭਾਵ ਨੂੰ ਸਮਝ ਲੈਂਦਾ ਹੈ, ਉਹ ਆਪਣੇ ਆਪ ਨੂੰ ਇਕ ਅਗੰਮੀ ਤੇ ਆਨੰਦਮਈ ਅਵਸਥਾ ਵਿੱਚ ਵਿਚਰਦਾ ਮਹਿਸੂਸ ਕਰਦਾ ਹੈ।"

ਪ੍ਰੋ: ਸ਼ੇਸ਼ਾਧਰੀ ਅਨੁਸਾਰ-

**The Japji is an authentic revelation of Reality——the Japji is no less a gospel of action than a manual of meditation.**

ਇਹ "ਪਰਮ-ਸੱਚਾਈ ਦਾ ਇਕ ਪ੍ਰਮਾਣੀਕ ਪ੍ਰਕਾਸ਼ ਹੈ ਅਤੇ ਜਿਥੇ ਇਹ ਸਿਮਰਨ-ਧਿਆਨ ਦਾ ਇਕ ਸੁੰਦਰ ਗੁਟਕਾ ਹੈ, ਉਥੇ ਅਮਲੀ ਜੀਵਨ ਲਈ ਪ੍ਰੇਰਦੀ ਇਕ ਧਰਮ-ਸਿਧਾਂਤਕ ਪੁਸਤਕ ਵੀ ਹੈ।" 'ਜਪੁ' ਨਿਰਸੰਦੇਹ, ਇਸ ਪੱਖੋਂ ਵੀ ਇਕ ਅਜਿਹੀ ਅਮਰ ਤੇ ਅਲੌਕਿਕ ਰਚਨਾ ਹੈ, ਜਿਸ ਉਤੇ ਸਮੁੱਚੀ ਮਨੁੱਖਤਾ ਸਦਾ ਮਾਣ ਕਰਦੀ ਰਹੇਗੀ।

'ਜਪੁ' ਦੀ ਅਜਿਹੀ ਮਹੱਤਤਾ ਤੇ ਮਹਾਨਤਾ, ਵਿਸ਼ੇਸ਼ਤਾ ਤੇ ਵਿਲੱਖਣਤਾ ਇਸ ਗੱਲੋਂ ਵੀ ਪ੍ਰਗਟ ਹੈ ਕਿ ਇਹ ਕੇਵਲ ਸਿੱਖ ਜਾਂ ਪੰਜਾਬ ਦੀ ਹੀ ਨਹੀਂ, ਸਗੋਂ ਸਮੁੱਚੇ ਉਪ-ਦੀਪ (Sub-continent) ਦੀ ਕਿਸੇ ਵੀ ਲੋਕ-ਬੋਲੀ ਦੀ ਸ਼ਾਇਦ ਇਕੋ-ਇਕ ਅਜਿਹੀ ਰਚਨਾ ਹੈ, ਜਿਸ ਨੂੰ

ਜਦੋਂ ਦੀ ਇਹ ਰਚੀ ਗਈ ਹੈ, ਕਈ ਬੋਲੀਆਂ ਤੇ ਲਿਪੀਆਂ, ਰੂਪਾਂ ਤੇ ਢੰਗਾਂ ਰਾਹੀਂ ਇੰਨੀ ਭਾਰੀ ਗਿਣਤੀ ਵਿੱਚ ਸੁਣੇ ਸੁਣਾਏ, ਲਿਖੇ ਲਿਖਵਾਏ, ਪੜ੍ਹੇ-ਪੜ੍ਹਾਏ, ਛਾਪੇ-ਪ੍ਰਕਾਸ਼ੇ, ਚਿਤਾਰੇ ਵਿਚਾਰੇ ਅਤੇ ਅਨੁਵਾਦੇ-ਵਿਆਖੇ ਜਾਣ ਦਾ ਅਦੁੱਤੀ ਮਾਣ ਪ੍ਰਾਪਤ ਹੋਇਆ ਹੈ। ਪੰਜ-ਦਰਿਆ ਦੀ ਧਰਤੀ ਨੇ ਇਸ ਤੋਂ ਪਹਿਲਾਂ ਜਾਂ ਮਗਰੋਂ ਸ਼ਾਇਦ ਹੀ ਕੋਈ ਹੋਰ ਅਜਿਹੀ ਲੋਕ-ਪ੍ਰਿਯ ਰਚਨਾ ਉਪਜਾਈ ਹੋਵੇ, ਜਿਸ ਨੂੰ ਇਸ ਦੇ ਜਾਇਆਂ ਦੀ ਇੰਨੀ ਭਾਰੀ ਗਿਣਤੀ ਨੇ ਕਿਸੇ-ਨਾ-ਕਿਸੇ ਰੂਪ ਵਿੱਚ ਇੰਨਾ ਤੇ ਇਉਂ ਪਿਆਰਿਆ ਅਤੇ ਸਤਿਕਾਰਿਆ ਹੋਵੇ। ਆਰਚਰ ਦਾ ਇਹ ਕਹਿਣਾ, ਇਸ ਦੀ ਅਜਿਹੀ ਦੇਣ ਦੀ ਹੀ ਸ਼ਾਖ ਭਰਦਾ ਹੈ:

**It is Nanak's own peculiar contribution and a worthy one at that, to the altogether vast and miscellaneous literature of Indian religion.**

ਅਰਥਾਤ: "ਇਹ ਹਿੰਦੁਸਤਾਨ ਦੇ ਫੁਟਕਲ ਤੇ ਵਿਸ਼ਾਲ ਧਾਰਮਕ ਸਾਹਿੱਤ ਨੂੰ ਗੁਰੂ ਨਾਨਕ ਸਾਹਿਬ ਦੀ ਵਿਸ਼ੇਸ਼, ਵਿਲੱਖਣ ਤੇ ਮਾਣ ਕਰਨ-ਯੋਗ ਦੇਣ ਹੈ।"

ਇਥੇ ਇਹ ਕਹਿਣਾ ਵੀ ਸ਼ਾਇਦ ਕੁਥਾਂ ਜਾਂ ਅਤਿ-ਕਥਿਤ ਨਹੀ ਹੋਵੇਗਾ ਕਿ ਸੰਸਾਰ ਦੇ ਧਾਰਮਕ ਸਾਹਿੱਤ ਵਿੱਚ ਸ਼ਾਇਦ ਹੀ ਕੋਈ ਹੋਰ ਅਜਿਹੀ ਕਿਰਤ ਹੋਵੇ, ਜਿਸ ਵਿੱਚ ਰੱਬ ਦੇ ਸਰੂਪ ਤੇ ਮਨੁੱਖ ਦੇ ਮਨੋਰਥ ਨੂੰ ਇੰਨੀ ਸਿਆਣਪ, ਸੰਜਮ ਤੇ ਸਫ਼ਾਈ ਨਾਲ ਇਉਂ ਨਿਰੂਪਿਆ ਗਿਆ ਹੈ ਅਤੇ ਜੀਵਨ ਦੀਆਂ ਗੁੰਝਲਾਂ ਨੂੰ ਇੰਨੇ ਸੰਖੇਪ ਤੇ ਸੁਚੱਜੇ ਢੰਗ ਨਾਲ ਸੁਲਝਾਇਆ ਗਿਆ ਹੈ।

ਫਿਰ ਖੂਬੀ ਇਹ ਕਿ ਇਸ ਸਭ ਕੁਝ ਉਤੇ ਸਬੰਧਤ ਕਰਤਾ ਜੀ ਦੀ ਆਪਣੀ ਛਾਪ ਵੀ ਲੱਗੀ ਹੋਈ ਹੈ ਅਤੇ ਬਾਕੀ ਸਾਰੀ ਬਾਣੀ ਵਿੱਚ ਉਸੇ ਦੀ ਤਸਦੀਕ ਵੀ ਕੀਤੀ ਹੈ।

ਇਉਂ ਇਹ ਕੇਵਲ ਸਿੱਖਾਂ, ਪੰਜਾਬੀਆਂ ਜਾਂ ਹਿੰਦੁਸਤਾਨੀਆਂ ਦਾ ਹੀ ਨਹੀਂ, ਸਮੁੱਚੀ ਮਨੁੱਖਤਾ ਦਾ ਵੀ ਇਕ ਅਤਿ ਪਿਆਰਾ ਤੇ ਮਾਣ-ਕਰਨ ਯੋਗ ਵਿਰਸਾ ਹੈ। ਇਹ ਇਕ ਅਜਿਹੀ ਵੱਡਮੁਲੀ ਤੇ ਆਦਰਸ਼ਕ ਕਾਵਿ-ਕਿਰਤ ਹੈ ਕਿ ਕੇਵਲ ਪੰਜਾਬੀ ਵਿੱਚ ਤਾਂ ਕੀ, ਸ਼ਾਇਦ ਹੀ ਕਿਸੇ ਹੋਰ ਦੇਸੀ ਬੋਲੀ ਵਿੱਚ ਵੀ ਇਸ ਦੇ ਪਾਏ ਦੀ ਕੋਈ ਅਜਿਹੀ ਰਚਨਾ ਮੌਜੂਦ ਹੋਵੇ ਜੋ ਕਿਸੇ ਅਜਿਹੇ ਅਹਿਮ ਤੇ ਗੰਭੀਰ, ਮੂਲਿਕ ਤੇ ਸਾਰਥਕ, ਸਦੀਵੀ ਤੇ ਸਰਬ-ਸਾਂਝੇ ਵਿਸ਼ੇ ਨੂੰ ਅਜਿਹੇ ਵਿਗਿਆਨਕ ਤੇ ਕਲਾਤਮਕ ਢੰਗ ਨਾਲ ਨਿਭਾਉਣ ਵਿੱਚ ਇੰਨੀ ਸਫ਼ਲ ਤੇ ਲੋਕ-ਪ੍ਰਵਾਨ ਹੋਈ ਹੋਵੇ।

ਇਸ ਲਈ ਇਹ ਕੇਵਲ ਨਾਨਕ-ਰਚਨਾਵਲੀ ਦਾ ਹੀ ਨਹੀਂ, ਸਮੁੱਚੀ ਪੰਜਾਬੀ ਰਚਨਾ ਦਾ ਵੀ ਸ਼ਾਹਕਾਰ ਹੈ, ਕੇਵਲ ਭਾਰਤੀ ਸਾਹਿੱਤ ਦੀ ਹੀ ਨਹੀਂ, ਸਮੁੱਚੇ ਸੰਸਾਰ-ਸਾਹਿੱਤ ਦੀ ਇਕ ਸ਼੍ਰੋਮਣੀ ਤੇ ਅਤਿ-ਸ੍ਰੇਸ਼ਟ ਕਿਰਤ ਹੈ, ਇਕ ਅਮਰ ਤੇ ਯਾਦਗਾਰੀ ਰਚਨਾ ਹੈ। ਗਰੀਨਲੀਜ਼ ਦੇ ਹੇਠ-ਲਿਖੇ ਸ਼ਬਦਾਂ ਵਿੱਚ ਵੀ:

**It is one of the world's noblest religious and devotinal writings.**

"ਇਹ ਦੁਨੀਆਂ ਦੇ ਧਾਰਮਕ ਤੇ ਉਪਾਸ਼ਨਕ ਸਾਹਿੱਤ ਦੀ ਇਕ ਉੱਚਤਮ ਕਿਰਤ ਹੈ"।

ਮੁਨਸ਼ੀ ਅਨੁਸਾਰ ਵੀ ਇਹ:

**One of the finest hymns in the world.**

"ਸੰਸਾਰ ਦਾ ਇਕ ਅਤਿ ਸ੍ਰੇਸ਼ਟ ਭਜਨ ਹੈ।"

ਮੇਰਾ ਨਿਸ਼ਚਾ ਹੈ ਕਿ ਜਿਉਂ-ਜਿਉਂ ਸਮਾਂ ਬੀਤਦਾ ਜਾਏਗਾ, ਜਿਉਂ-ਜਿਉਂ ਇਹਦਾ ਪਾਠ ਭਿੰਨ-ਭਿੰਨ ਬੋਲੀਆਂ ਤੇ ਲਿਪੀਆਂ ਦੇ ਵਾਰਸਾਂ ਤੱਕ ਪਹੁੰਚਦਾ ਜਾਏਗਾ, ਇਸ ਦੇ ਮਾਣ ਤੇ ਮਹੱਤਤਾ, ਮਹਾਨਤਾ ਤੇ ਗ਼ੌਰਵਤਾ ਵਿੱਚ ਵਾਧਾ ਹੁੰਦਾ ਜਾਏਗਾ ਅਤੇ ਪੂਰਬ ਤੇ ਪੱਛਮ ਦੇ ਕਰੋੜਾਂ ਹੋਰ ਜੀਵਨ ਇਸ ਦੇ ਸਦੀਵੀ ਸੰਦੇਸ਼, ਕਲਿਆਣਕਾਰੀ ਉਪਦੇਸ਼ ਤੇ ਵਿਸ਼ਵਾਰਥੀ ਅਪੀਲ ਤੋਂ ਲਾਭ ਅਤੇ ਪ੍ਰੇਰਨਾ ਪ੍ਰਾਪਤ ਕਰਦੇ ਰਹਿਣਗੇ। ਇਹ ਇਸ ਲਈ ਕਿ ਬਾਬਾ ਸਾਹਿਬ ਸਿੰਘ ਬੇਦੀ ਦੇ ਹੇਠ-ਲਿਖੇ ਸ਼ਬਦਾਂ ਵਿੱਚ:

*ਇਹੁ 'ਜਪੁ' ਕਰਤੇ ਪੁਰਖ ਕਾ*
*ਸਚੁ ਨਾਨਕ ਕੀਆ ਬਖਾਨ।*

ਇਹ ਕਿਸੇ ਸਾਧਾਰਨ ਪੁਰਖ ਦਾ ਨਹੀਂ, 'ਅਕਾਲ ਪੁਰਖ' ਦਾ 'ਜਪੁ' ਹੈ। ਇਸ ਵਿੱਚ ਉਸ ਦਾ ਸਰੂਪ ਤੇ ਸਿਫਤ-ਸਲਾਹ ਵਰਣਤ ਹੈ, ਉਸ ਦੀ ਪ੍ਰਵਾਨਗੀ ਤੇ ਪ੍ਰਾਪਤੀ ਦਾ ਰਾਹ ਵਿੱਦਤ ਹੈ, ਸੰਸਾਰ-ਧਰਮ ਦਾ 'ਬੀਜ' ਅੰਕਿਤ ਹੈ। ਵਿਸ਼ਵ-ਸ਼ਾਂਤੀ ਤੇ ਸਰਬ-ਵਿਆਪੀ ਦਾ ਸੰਦੇਸ਼ ਸੰਚਿਤ ਹੈ। ਦਾਦਾ ਚੇਲਾ ਰਾਮ ਦੇ ਲਫ਼ਜ਼ਾਂ ਵਿੱਚ-

**It is belived to hold the philosophy and essence of the universal or world religion.**

"ਇਹ ਤਾਂ ਵਿਸ਼ਵ ਜਾਂ ਸੰਸਾਰ-ਧਰਮ ਦੇ ਦਰਸ਼ਨ ਤੇ ਸਾਰੰਸ਼ ਦਾ ਧਾਰਨੀ ਹੈ।"

ਇਸ ਵਿੱਚ ਆਦਰਸ਼ ਜੀਵਨ ਜੀਣ ਦਾ ਰਾਹ ਦੱਸਿਆ ਹੋਇਆ ਹੇ, ਮੁਕਤ ਹੋਣ ਦੀ ਵਿਧੀ ਦੱਸੀ ਗਈ ਹੈ। ਇਸ ਵਿੱਚ ਨਿਰੂਪੇ ਗਏ 'ਨਾਮੀ' ਦੇ 'ਨਾਮ' ਨੂੰ ਜਿਨ੍ਹਾਂ ਨੇ ਜਦੋਂ ਕਦੇ ਸੁਣਿਆ ਤੇ ਸਿਮਰਿਆ, ਇਸ ਵਿੱਚ ਦੱਸੀ ਹੋਈ ਜੀਵਨ-ਜਾਚ ਅਨੁਸਾਰ ਜਿਨ੍ਹਾਂ ਨੇ ਜਦੋਂ ਕਦੇ ਆਪਣੇ ਆਪ ਨੂੰ ਢਾਲਿਆ ਤੇ ਸੰਵਾਰਿਆ, ਉਹ ਇਸ ਦੀਆਂ ਅੰਤਿਮ ਤੁੱਕਾਂ ਵਿੱਚ ਕੀਤੇ ਹੋਏ ਇਸ ਦਾਅਵੇ ਅਨੁਸਾਰ ਨਾ ਕੇਵਲ ਆਪ ਮੁਕਤ ਹੋ ਗਏ, ਸਗੋਂ ਕਿਤਨੇ ਹੀ ਹੋਰ ਜੀਆਂ ਦੀ ਮੁਕਤੀ ਦਾ ਹੀਲਾ ਤੇ ਵਸੀਲਾ ਵੀ ਬਣ ਗਏ:

*ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥*
*ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥*

(ਜਪੁਜੀ ਸਾਹਿਬ)

1. *ਸ੍ਰੀ ਮਦ ਭਗਵਤ ਗੀਤਾ, ਗੀਤਾ ਪ੍ਰੈਸ ਸਹਾਰਨਪੁਰ*

2. ਸ੍ਰੀ ਮਦ ਭਗਵਤ ਗੀਤਾ ਵਿਵੇਚਨੀ, ਟਿੱਪਣੀਕਾਰ :- ਸ੍ਰੀ ਉਤਮ ਪ੍ਰਕਾਸ਼ ਬਾਂਸਲ,
ਪ੍ਰਕਾਸ਼ਕ : ਉਤਮ ਵਿਸ਼ਵ ਸਾਹਿਤ ਪ੍ਰਕਾਸ਼ਨ ਨਵੀਂ ਦਿੱਲੀ।

3. ਵਿਗਿਆਨ ਜੋਤੀ, ਸੰਸਕਰਣ : 1990, ਸੰਪਾਦਕ : ਮੇਘ ਰਾਜ ਮਿੱਤਰ,
ਪ੍ਰਕਾਸ਼ਕ : ਲੋਕਗੀਤ ਪ੍ਰਕਾਸ਼ਨ ਸਰਹਿੰਦ ਮੰਡੀ

4. ਸ੍ਰੀ ਮਦ ਭਗਵਤ ਗੀਤਾ ਵਿਵੇਚਨੀ, ਟਿੱਪਣੀਕਾਰ : ਸ੍ਰੀ ਉੱਤਮ ਪ੍ਰਕਾਸ਼ ਬਾਂਸਲ,
ਪ੍ਰਕਾਸ਼ਕ : ਉਤਮ ਵਿਸ਼ਵ ਸਾਹਿਤ ਪ੍ਰਕਾਸ਼ਨ ਨਵੀਂ ਦਿੱਲੀ

5. ਗੁਰੂ ਬਾਬੇ ਦੀ ਬਾਣੀ (ਭਾਗ : ਪਹਿਲਾ) ਅਧਿਆਇ-4, ਪੰਨਾ 61, ਲੇਖਕ ਤੇ ਸੰਪਾਦਕ : ਡਾ: ਹਰਨਾਮ ਸਿੰਘ ਸ਼ਾਨ, ਪ੍ਰਕਾਸ਼ਕ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ।

# ਕੀ ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਰਾਮ ਸਿੰਘ ਜੀ ਨੂੰ ਗੁਰਗੱਦੀ ਦਿੱਤੀ ?

ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐਸ.ਐਸ.) ਦੀ ਕਾਰਜ ਵਿਧੀ ਅਧੀਨ ਸਰਗਰਮ ਬਹੁਰੂਪੀਏ ਸਿੱਖਾਂ ਦੀ ਸੰਸਥਾ *ਰਾਸ਼ਟਰੀ ਸਿੱਖ ਸੰਗਤ* ਨੇ 1999 ਈ: ਵਿਸਾਖੀ ਦੇ ਮੌਕੇ ਤੇ ਆਪਣੇ ਆਪ ਨੂੰ ਪੰਥ ਹਿਤੈਸ਼ੀ ਗਰਦਾਨਣ ਵਾਸਤੇ ਅਤੇ ਆਪਣਾ ਭਗਵਾਂ ਮੁਖੌਟਾ ਛਿਪਾਉਣ ਵਾਸਤੇ ਆਪਣੇ ਮਾਸਿਕ ਪੱਤਰ (ਰਾਸ਼ਟਰ ਧਰਮ)[1] ਨੂੰ *ਖ਼ਾਲਸਾ ਪੰਥ ਸਥਾਪਨਾ ਵਿਸ਼ੇਸ਼ ਅੰਕ* ਦੇ ਤੌਰ ਤੇ ਪੇਸ਼ ਕੀਤਾ, ਪਰੰਤੂ ਅੰਦਰੂਨੀ ਸਮੱਗਰੀ ਪੂਰਨ ਤੌਰ ਤੇ ਪੰਥ ਵਿਰੋਧੀ ਸੀ। ਸੰਘ ਦੇ ਜ਼ਰਖਰੀਦ ਕਲਮਜ਼ਾਰਾਂ ਨੇ ਆਪਣੀਆਂ ਲਿਖਤਾਂ ਵਿੱਚ ਕਿਸੇ ਵੀ ਪੱਖ ਤੋਂ ਇਨਸਾਫ ਨਹੀਂ ਕੀਤਾ, ਅਤੇ ਸਿੱਖ ਵਿਚਾਰਧਾਰਾ ਨੂੰ ਪੂਰੀ ਤਰ੍ਹਾਂ ਮਲੀਆਮੇਟ ਕੀਤਾ।

ਇਸ ਮਾਸਿਕ ਪੱਤਰ ਦੇ ਪੰਨਾ 19 ਉਪਰ ਇਕ ਵਿਸ਼ੇਸ਼ ਲੇਖ ਪ੍ਰਕਾਸ਼ਿਤ ਕੀਤਾ ਗਿਆ, ਜਿਸ ਦਾ ਸਿਰਲੇਖ ਸੀ *'ਅਪੂਰਵ ਬਲਿਦਾਨ 68 ਨਾਮਧਾਰੀ ਸਿੱਖੋਂ ਕਾ'* ਅਤੇ ਇਸ ਕੂੜ ਭਰਪੂਰ ਰਚਨਾ ਦਾ ਲੇਖਕ ਸੀ ਵਚਨੇਸ਼ ਤ੍ਰਿਪਾਠੀ। ਇਸ ਲੇਖ ਵਿੱਚ ਇਸ ਲਿਖਾਰੀ ਨੇ ਬਾਬਾ ਰਾਮ ਸਿੰਘ ਨੂੰ ਸਿੱਖਾਂ ਦਾ ਬਾਹਰਵਾਂ ਗੁਰੂ ਸਾਬਿਤ ਕਰਨ ਦੇ ਨਾਲ-ਨਾਲ ਅੰਮ੍ਰਿਤ ਸੰਸਕਾਰ ਬਾਰੇ ਵੀ ਅਪਮਾਨਜਨਕ ਸ਼ਬਦਾਵਲੀ ਵਰਤੀ, ਇਸ ਲੇਖ ਦੀਆਂ ਕੁਝ ਟੂਕਾਂ ਇਸ ਤਰ੍ਹਾਂ ਹਨ:

(1) "ਏਕ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਬਾਲਕ ਸਿੰਘ ਕੋ ਸਪਨੇ ਮੇਂ ਦਰਸ਼ਨ ਦੀਏ ਔਰ ਯਹ ਬਾਨੀ ਮੁਖਰਿਤ ਕੀ, ਕਿ:

*ਮੇਰੋ ਅਵਤਾਰ ਅੰਸ ਰਾਮ ਸਿੰਘ ਹੈ ਭਏ॥*

ਅਨਯ ਗ੍ਰੰਥ "ਸੌ ਸਾਖੀ" ਮੇਂ ਭੀ ਪ੍ਰਮਾਣ ਪ੍ਰਾਪਤ ਹੈ ਕਿ ਗੁਰੂ ਨਾਨਕ ਦੇਵ ਕੇ 12ਵੇਂ ਅਵਤਾਰ ਗੁਰੂ ਰਾਮ ਸਿੰਘ ਥੇ,

*ਰਾਮ ਸਿੰਘ ਮੇਰੋ ਹੋਈ ਨਾਮਾ, ਬਾੜੀ ਸੁਤ ਭੈਣੀ ਕੋ ਧਾਮਾ॥*
*ਕਲਯੁਗ ਮੇਂ ਸਤਿਯੁਗ ਬਰਤਾਊਂ, ਤਬੈ ਬਾਹਰਵਾਂ ਰੂਪ ਕਹਾਊਂ॥*

(ਪੰਨਾ ੧੯)

(2) "ਏਕ ਬਾਰ ਉਨਹੋਂ ਅਕਾਸ਼ ਬਾਣੀ ਸੁਨਾਈ ਦੀ:

*ਪੰਥ ਗੁਰੂ ਦਸਮ ਕੀ ਰਸਮ ਬੜਾਓ ਜੱਗ॥*

ਖਸਮ ਕਾ ਖ਼ਾਲਸਾ ਹੈ, ਖਾਸ ਮੋ ਲਖਾਏ ਕੇ॥''

(ਪੰਨਾ ੨੦)

(3) ''ਰਾਮ ਸਿੰਘ ਨੇ ਕਿਸੀ ਵਿਦਿਆਲਯ ਮੇਂ ਸ਼ਿਕਸ਼ਾ ਪ੍ਰਾਪਤ ਨਹੀਂ ਕੀ, ਐਸਾ ਹੀ ਜੀਵਨ ਪੂਰਨ ਸਿੱਖ ਗੁਰੂਆਂ ਕਾ ਰਹਾ ਹੈ।'' (ਪੰਨਾ: ੨੧)

(4) ''ਗੁਰੂ ਰਾਮ ਸਿੰਘ ਨੇ ਵਿਸਾਖੀ ਕੇ ਦਿਨ ਪਾਂਚ ਨਾਮਧਾਰੀਓਂ ਕਾ ਚੁਨਾਵ ਕੀਆ, ਉਨਹੇਂ ਖਾਂਡੇ ਕਾ ਅੰਮ੍ਰਿਤ ਛਕਾ ਕਰ, ਗੁਰੂ ਮੰਤਰ ਦੀਆ ਤਥਾ ਇਸ ਪ੍ਰਕਾਰ ਸੰਤ ਸੈਨਿਕ ਖ਼ਾਲਸਾ ਕੀ ਪ੍ਰਤਿਸ਼ਠਾ ਕੀ।'' (ਪੰਨਾ: ੨੨)

ਸੰਘ ਦੀ ਰਾਜਨੀਤਕ ਸ਼ਾਖਾ ਭਾਜਪਾ ਨਾਲ ਸਾਂਝੀ ਰਾਜਸੀ ਸੱਤਾ ਤੇ ਬਿਰਾਜਮਾਨ ਹੋ ਕੇ ਪੰਜਾਬ ਦੇ ਮੁੱਖ ਮੰਤਰੀ ਸ੍ਰ: ਪ੍ਰਕਾਸ਼ ਸਿੰਘ ਬਾਦਲ ਨੇ 16 ਅਕਤੂਬਰ 1999 ਨੂੰ ਪਿੰਡ ਭੈਣੀ ਵਿਖੇ ਨਾਮਧਾਰੀ ਸੰਪਰਦਾ ਵੱਲੋਂ ਆਯੋਜਿਤ 'ਜਪੁ ਪ੍ਰਜਾਗ' ਸਮਾਗਮ ਦੇ ਮੌਕੇ 'ਤੇ ਐਲਾਨ ਕੀਤਾ ਕਿ ਗੁਰੂ ਨਾਨਕ ਦੇਵ ਯੂਨੀ: ਵਿੱਚ ਸਤਿਗੁਰੂ ਰਾਮ ਸਿੰਘ ਚੇਅਰ ਸਥਾਪਿਤ ਕੀਤੀ ਜਾਵੇਗੀ। ਅਤੇ ਫਿਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਮੁੱਖ ਮੰਤਰੀ ਸਾਹਿਬ ਨੇ ਆ ਕੇ ਚੇਅਰ ਦੀ ਸਥਾਪਨਾ ਦਾ ਕੰਮ ਅਰੰਭ ਕਰਵਾ ਦਿੱਤਾ।[2]

ਸਿੱਖ ਧਰਮ ਦੇ ਉਪਾਸ਼ਕ ਹੀ ਨਹੀਂ ਬਲਕਿ ਸਾਰਾ ਜਗਤ ਜਾਣਦਾ ਹੈ ਕਿ ਸਿੱਖ ਗੁਰੂ ਸਾਹਿਬਾਨ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਜੁਗੋ ਜੁਗ ਅਟੱਲ ਸਤਿਗੁਰੂ ਅਸਥਾਪਨ ਕੀਤਾ ਹੈ। ਸਿੱਖਾਂ ਨੂੰ ਸ਼ਬਦ ਗੁਰੂ ਨਾਲ ਜੋੜਿਆ ਹੈ। ਭਾਵੇਂ ਸਮੇਂ ਸਮੇਂ ਅਨੁਸਾਰ ਸਿੱਖ ਧਰਮ ਵਿੱਚ ਕਈ ਭਗਤ, ਗੁਰਸਿੱਖ, ਗੁਰਮੁਖ ਹੋਏ ਹਨ ਅਤੇ ਹੁਣ ਵੀ ਹਨ ਪਰੰਤੂ ਸਾਰੇ ਹੀ ਗੁਰੂ ਕੇ ਸਿੱਖ ਹਨ। ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਧਾਰਨ ਕਰਨ ਉਪਰੰਤ ਭਾਵੇਂ ਕੋਈ ਵਿਅਕਤੀ ਕਿੰਨੀ ਵੀ ਉਚੇਰੀ ਆਤਮਿਕ ਅਵਸਥਾ ਵਾਲਾ ਹੋਵੇ, ਉਸ ਵਾਸਤੇ 'ਸਤਿਗੁਰੂ' ਸ਼ਬਦ ਨਹੀਂ ਵਰਤਿਆ ਜਾ ਸਕਦਾ। ਬਾਬਾ ਰਾਮ ਸਿੰਘ ਜੀ ਦੀਆਂ ਦੇਸ਼ ਕੌਮ ਪ੍ਰਤੀ ਸੇਵਾਵਾਂ ਦੇ ਮੱਦੇ-ਨਜ਼ਰ ਇਕ ਢੁਕਵੀਂ ਯਾਦਗਾਰ ਸਥਾਪਤ ਕਰਨਾ ਇੱਕ ਸ਼ਲਾਘਾ-ਯੋਗ ਕਦਮ ਹੈ ਪਰ ਬਾਬਾ ਜੀ ਲਈ 'ਸਤਿਗੁਰੂ' ਪਦ ਦੀ ਵਰਤੋਂ ਕਰਨੀ, ਅਤੇ ਉਹ ਵੀ ਗੁਰੂ ਨਾਨਕ ਸਾਹਿਬ ਦੇ ਨਾਂ ਨਾਲ ਜੋੜੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਹੀ ਚੇਅਰ ਸਥਾਪਿਤ ਕਰਕੇ ਬਾਬਾ ਜੀ ਨੂੰ ਗੁਰੂ ਨਾਨਕ ਸਾਹਿਬ ਤੋਂ ਵੀ ਉਚਾ ਵਿਖਾਉਣ ਲਈ ਮਨਘੜਤ ''ਸਤਿਗੁਰੂ'' ਪਦ ਜੋੜਨਾ ਗੁਰੂ ਨਾਨਕ ਸਾਹਿਬ-ਗੁਰੂ ਗ੍ਰੰਥ ਸਾਹਿਬ ਦਾ ਘੋਰ ਅਪਮਾਨ ਹੈ।

ਚੌਥੇ ਪਾਤਸ਼ਾਹ ਗੁਰੂ ਰਾਮਦਾਸ ਸਾਹਿਬ ਜੀ ਅੰਮ੍ਰਿਤਮਈ ਧੁਰ ਕੀ ਬਾਣੀ ਨੂੰ ਮਹਾਨਤਾ ਦਿੰਦੇ ਫੁਰਮਾਉਂਦੇ ਹਨ ਕਿ ਬਾਣੀ ਹੀ ਗੁਰੂ ਹੈ, ਅਤੇ ਗੁਰੂ ਬਾਣੀ ਸਦਕਾ ਗਿਆਨ ਰੂਪੀ ਰਤਨਾਂ ਨੂੰ ਸਿੱਖ ਦੇ ਹਿਰਦੇ ਅੰਦਰ ਟਿਕਾ ਕੇ ਭਰਮ ਦੇ ਗੜ੍ਹ ਤੋੜ ਦਿੰਦਾ ਅਤੇ ਹਿਰਦੇ ਅੰਦਰ ਗੁਰਮਤਿ ਦਾ ਪ੍ਰਕਾਸ਼ ਹੋ ਜਾਂਦਾ ਹੈ ਅਤੇ ਇਸ ਬਾਣੀ ਨੂੰ ਹਿਰਦੇ ਵਿੱਚ ਵਸਾਉਣ ਸਦਕਾ ਸਿੱਖ ਪਰਮਪਦ ਦਾ ਅਧਿਕਾਰੀ ਬਣ ਜਾਂਦਾ ਹੈ, ਭਵਸਾਗਰ ਤੋਂ ਨਿਸਤਾਰਾ ਹੋ ਜਾਂਦਾ ਹੈ। ਆਪ ਜੀ ਦਾ ਫੁਰਮਾਨ ਹੈ:-

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥

*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥*

(ਨਟ ਮਹਲਾ ੪, ਪੰਨਾ ੯੮੨)

'ਬਾਣੀ ਗੁਰੂ' ਦਾ ਇਹ ਅਤਿ ਸੂਖਮ ਅਤੇ ਸਰਵ-ਉਚ ਸਿਧਾਂਤ ਹੈ ਕਿ ਬਾਣੀ ਹੀ ਸਾਰੇ ਅਧਿਆਤਮਕ ਰਸਾਂ ਦਾ ਭੰਡਾਰ ਹੈ ਅਤੇ ਗੁਰਸਿੱਖ ਗੁਰਮਤਿ ਮਾਰਗ ਉਪਰ ਚਲਦੇ ਹੋਏ ਪਰਮ ਹੰਸ ਬਣ ਕੇ ਸ਼ਬਦ ਦਾਂ ਚੋਗ ਚੁਣ ਕੇ ਵਡਭਾਗੀ ਪਦ ਪ੍ਰਾਪਤ ਕਰਦੇ ਹਨ। ਗੁਰਮਤਿ ਅਨੁਸਾਰ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਇਕ ਹੀ ਪਰਮ ਜੋਤਿ ਵਿਚਰਦੀ ਰਹੀ, ਭਾਵੇਂ ਕਿ ਕਾਇਆਂ ਤਬਦੀਲ ਹੁੰਦੀ ਰਹੀ। ਸੱਚ ਦੀ ਬਾਣੀ ਨੂੰ ਲੋਕਾਈ ਦੇ ਹਿਰਦਿਆਂ ਤੱਕ ਲੈ ਜਾਣ ਵਾਲਾ, ਪ੍ਰਗਟ ਕਰਨ ਵਾਲਾ ਹੀ ਪੂਰਨ ਗੁਰੂ ਹੈ ਅਤੇ ਗੁਰਬਾਣੀ ਦੇ ਅਰਥ ਕਰਨ ਵਾਲਾ ਗੁਰੂ ਨਹੀਂ ਹੋ ਸਕਦਾ। ਜਿਵੇਂ ਚਿੱਠੀ ਪੜ੍ਹਨ ਵਾਲਾ ਡਾਕੀਆ ਜਾਂ ਕੋਈ ਹੋਰ ਚਿੱਠੀ ਵਿਚਲੀ ਸਮੱਗਰੀ ਦਾ ਕਰਤਾ ਨਹੀਂ ਹੈ। ਅਪਾਣੇ ਆਪ ਨੂੰ ਦੇਹਧਾਰੀ ਅਖਵਾਉਣ ਵਾਲਿਆਂ ਨੂੰ ਵੀ ਆਖਿਰ ਬੋਲ (ਬੈਖਰੀ) ਦਾ ਹੀ ਆਸਰਾ ਲੈਣਾ ਪੈਂਦਾ ਹੈ, ਕਿਉਂਕਿ ਅੱਖਰਾਂ (ਬਾਣੀ) ਤੋਂ ਬਿਨਾਂ ਕੋਈ ਵੀ ਆਪਣੇ ਵਿਚਾਰ ਅੱਗੇ ਆਪਣੇ ਅਨੁਯਾਈ ਸਨਮੁੱਖ ਪ੍ਰਵਾਹ ਨਹੀਂ ਕਰ ਸਕਦਾ ਹੈ। ਗੁਰਬਾਣੀ ਉਨ੍ਹਾਂ ਪਰਮ ਤੱਤ ਨਾਲ ਗੂੜ੍ਹ ਅਭੇਦ ਹੂਏ ਹੋਏ ਪਰਮ ਮਹਾਂਪੁਰਸ਼ਾਂ ਦੀ ਅਣਮੁੱਲੀ ਰਚਨਾ ਹੈ, ਜਿਨ੍ਹਾਂ ਨੇ ਸੱਚ ਨੂੰ ਹਿਰਦਿਓ ਮੰਨ ਕੇ ਅਮਲੀ ਜੀਵਨ ਵਿੱਚ ਵਰਤਾਅ ਵਿਖਾਇਆ ਹੈ, ਪ੍ਰਗਟ ਕਰ ਦਿਖਾਇਆ ਹੈ। ਦਸਾਂ ਸਤਿਗੁਰਾਂ ਦਾ ਇਕ ਜੋਤਿ ਤੇ ਜੁਗਤਿ ਵਿੱਚ ਵਰਤਣ ਦਾ ਸਿਧਾਂਤ ਵੀ ਤਾਂ ਹੀ ਸਿੱਧ ਹੁੰਦਾ ਹੈ ਜੇਕਰ 'ਸ਼ਬਦ' ਨੂੰ ਗੁਰੂ ਕਰਕੇ ਮੰਨਿਆ ਜਾਵੇ।

ਅਸਲ ਗੱਲ ਇਹ ਹੈ ਕਿ ਗੁਰੂ ਅਤੇ ਸਿੱਖ ਦਾ ਆਪਸ ਵਿੱਚ ਪਰਮ-ਮਿਲਾਪ ਗੁਰੂ ਸ਼ਬਦ ਦੀ ਵਿਚਾਰ ਦੁਆਰਾ ਹੀ ਸੰਪੂਰਨ ਹੁੰਦਾ ਹੈ। ਦੋਹਾਂ ਦਾ ਦੇਹ ਮਿਲਾਪ ਨਾ ਤਾਂ ਨਿਭ ਸਕਦਾ ਹੈ ਨਾ ਹੀ ਹਰ ਸਮੇਂ ਸੰਭਵ ਹੈ। ਸ਼ਬਦ ਦੁਆਰਾ ਹੀ ਸਤਿਗੁਰੂ ਅਤੇ ਸਿੱਖ ਦਾ ਮਿਲਾਪ ਸੰਭਵ ਹੈ, ਨਾ ਕਿ ਕੇਵਲ ਦੇਹ ਸਰੂਪ ਦਰਸ਼ਨ ਸਦਕਾ, ਗੁਰੂ ਪਾਤਸ਼ਾਹ ਇਸ ਬਾਰੇ ਫੁਰਮਾਉਂਦੇ ਹਨ:

*ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥*
*ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥*
*ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ॥*

(ਮਹਲਾ ੩, ਪੰਨਾ ੫੯੪)

ਗੁਰਬਾਣੀ ਵਿੱਚ ਆਏ ਪ੍ਰਮਾਣਾਂ ਅਤੇ ਗੁਰਮਤਿ ਸਿਧਾਂਤਾਂ ਤੋਂ ਇਹ ਭਾਵਨਾ ਭਲੀ ਭਾਂਤ ਸਪੱਸ਼ਟ ਹੋ ਜਾਂਦੀ ਹੈ ਕਿ ਗੁਰੂ ਸਾਹਿਬ ਦਾ ਗੁਰੂ 'ਸ਼ਬਦ' ਹੀ ਹੈ। ਇਸ ਮਹਾਨ ਹਕੀਕਤ ਨੂੰ ਗੁਰਬਾਣੀ ਸਪੱਸ਼ਟ ਕਰਦੀ ਹੈ:

*(ੳ) ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ॥*
*ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ॥*

(ਸੋਰਠਿ ਮ: ੧, ਪੰਨਾ ੫੯੯)

(ਅ) ਹਰਿ ਗੁਰ ਮੂਰਤਿ ਏਕਾ ਵਰਤੈ ਨਾਨਕ ਹਰਿ ਗੁਰ ਭਾਇਆ॥

(ਮਾਰੂ ਮ: ੧, ਪੰਨਾ ੧੦੪੩)

(ੲ) ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ॥
ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥

(ਸੂਹੀ ਮ: ੪, ਪੰਨਾ ੭੫੯)

(ਸ) ਆਦਿ ਅੰਤਿ ਏਕੈ ਅਵਤਾਰਾ॥ ਸੋਈ ਗੁਰੂ ਸਮਝਿਯਹੁ ਹਮਾਰਾ॥

(ਚੌਪਈ ਪਾਤ:੧੦)

ਗੁਰੂ ਨਾਨਕ ਸਾਹਿਬ ਦਾ 'ਸ਼ਬਦ ਗੁਰੂ' ਦਾ ਸਿਧਾਂਤ ਹੀ ਦਸਮ ਪਿਤਾ ਨੇ 'ਗੁਰੂ ਮਾਨਿਓ ਗ੍ਰੰਥ' ਦੇ ਰੂਪ ਵਿਚ ਪ੍ਰਕਾਸ਼ਮਾਨ ਕੀਤਾ ਅਤੇ ਪਹਿਲੇ ਜਾਮੇ ਵਿੱਚ ਕੀਤੇ ਕਥਨ 'ਸਿਰਿ ਧਰਿ ਤਲੀ...' ਦੇ ਮਾਰਗ ਉਪਰ ਸੀਸ ਭੇਟ ਕਰਨ ਵਾਲੇ 'ਪਿਆਰਿਆਂ' ਨੂੰ ਪ੍ਰਗਟ ਕਰਨ ਉਪਰੰਤ ਜਿਥੇ 'ਗੁਰੂ ਪੰਥ' ਦਾ ਮਹਾਨ ਫ਼ਲਸਫ਼ਾ ਦਿੱਤਾ ਉਥੇ 'ਆਤਮਾ ਗ੍ਰੰਥ ਵਿੱਚ' ਆਖ ਕੇ ਪ੍ਰਗਟਾਏ ਖ਼ਾਲਸੇ ਨੂੰ ਸਦੀਵੀ ਤੌਰ 'ਤੇ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਲੜ ਲਗਾ ਦਿੱਤਾ। 'ਪੰਥ ਪ੍ਰਕਾਸ਼' ਦੇ ਕਰਤਾ ਨੇ ਇਸ ਨੂੰ ਬੜਾ ਸੁੰਦਰ ਕਾਵਿ ਬੰਦ ਕੀਤਾ ਹੈ:

ਆਗਿਆ ਭਈ ਅਕਾਲ ਕੀ, ਤਬਹਿ ਚਲਾਇਓ ਪੰਥ।
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ।

(ਪੰਥ ਪ੍ਰਕਾਸ਼)

'ਜੋਤਿ ਓਹਾ ਜੁਗਤਿ ਸਾਇ, ਸਹਿ ਕਾਇਆ ਫੇਰ ਪਲਟੀਏ' ਦੇ ਇਸ ਮਹਾਨ ਸਿਧਾਂਤ ਨੂੰ ਪ੍ਰਗਟਾਉਂਦੇ ਹੋਏ ਭਾਈ ਨੰਦ ਲਾਲ ਜੀ ਬਿਆਨ ਕਰਦੇ ਹਨ:

ਹਮੂ ਗੁਰੂ ਗੋਬਿੰਦ ਸਿੰਘ ਹਮੂ ਨਾਨਕ ਅਸਤੁ॥
ਹਮਾਂ ਸ਼ਬਦਿ ਊ ਜੋਹਰੋ, ਮਾਨਕ ਅਸਤੁ॥ ੨੯॥

(ਭਾਈ ਨੰਦ ਲਾਲ ਜੀ, 'ਜੋਤ ਬਿਗਾਸ')

ਦਸਮ ਗੁਰੂ ਨਾਨਕ ਨੇ ਜਿਥੇ ਪ੍ਰਗਟਾਏ 'ਤੀਸਰ ਮਜ਼ਹਬ' ਖ਼ਾਲਸਾ ਪੰਥ ਨੂੰ ਸੰਸਾਰ ਤੋਂ ਵਿਲੱਖਣ ਜੀਵਨ ਮਿਆਰ ਤੇ ਸਰਵ-ਉੱਚ ਸਿਧਾਂਤਾਂ ਨਾਲ ਭਰਪੂਰ ਜੀਵਨ ਬਖਸ਼ਿਸ਼ ਕੀਤਾ, ਉਥੇ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਪ੍ਰਗਟ ਗੁਰਾਂ ਕੀ ਦੇਹ' ਆਖ ਕੇ ਗੁਰ-ਗੱਦੀ ਬਖਸ਼ਿਸ਼ ਕਰਕੇ ਦੇਹ ਸਰੂਪ ਗੁਰੂ ਪ੍ਰਣਾਲੀ ਨੂੰ ਖਤਮ ਕਰ ਦਿੱਤਾ। ਇਥੇ ਇਕ ਗੱਲ ਹੋਰ ਜ਼ਿਕਰਯੋਗ ਹੈ ਕਿ ਇਹ ਮੰਨਣਾ ਨਿਰਮੂਲ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਦੇਹਧਾਰੀ ਗੁਰੂ ਮੰਨਣ ਦੀ ਮਰਿਆਦਾ ਖਤਮ ਕਰਨ ਉਪਰੰਤ ਹੀ ਗੁਰਬਾਣੀ ਅਥਵਾ ਸ਼ਬਦ ਗੁਰੂ ਹੋਇਆ, ਸਗੋਂ ਗੁਰਬਾਣੀ ਦੇ ਅਨੇਕਾਂ ਪਾਵਨ ਪ੍ਰਮਾਣਾਂ ਤੋਂ ਸਪੱਸ਼ਟ ਹੈ ਕਿ ਗੁਰੂ ਨਾਨਕ ਸਾਹਿਬ ਸਮੇਂ ਤੋਂ ਹੀ ਗੁਰਬਾਣੀ ਨੂੰ, ਜੋ ਕਿ ਸਤਿਗੁਰਾਂ ਦੀ ਆਤਮਿਕ ਜੋਤਿ, ਨਿਹਚਲ ਅਥਵਾ ਥਿਰ ਰਹਿਣ ਵਾਲੀ ਹੈ, ਗੁਰੂ ਦੀ ਪਦਵੀ ਅਤੇ ਸਤਿਕਾਰ ਪ੍ਰਾਪਤ ਸੀ। ਦੇਹਾਂ ਤਾਂ ਬਣਦੀਆਂ ਹਨ, ਬਿਨਸਦੀਆਂ ਹਨ, ਬਿਨਸਣਹਾਰ ਹਨ, ਪ੍ਰੰਤੂ ਗੁਰੂ ਦਾ ਸ਼ਬਦ, ਗੁਰੂ ਦੀ ਜੋਤਿ, ਅਟੱਲ ਮੂਰਤਿ ਸਰੂਪ ਹੈ:

(ੳ) ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥
(ਨਟ ਮ: ੪, ਪੰਨਾ ੯੮੨)

(ਅ) ਸ਼ਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥
(ਸੋਰਠਿ ਮ: ੧, ਪੰਨਾ ੬੩੫)

(ੲ) ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ॥
(ਕਾਨੜਾ ਮ: ੪, ਪੰਨਾ ੧੩੦੯)

ਅਜੋਕੇ ਸਮੇਂ ਵਿਚ ਕੁਝ ਲੋਕ ਗੁਰਮਤਿ ਦੇ ਇਸ ਮਹਾਨ 'ਸ਼ਬਦ ਗੁਰੂ' ਦੇ ਸਿਧਾਂਤ ਨੂੰ ਨਕਾਰ ਕੇ ਜਿਥੇ ਦੇਹਧਾਰੀ ਗੁਰੂ ਬਣੇ ਬੈਠੇ ਅਤੇ ਐਸ਼ੋ-ਇਸ਼ਰਤ ਭਰਪੂਰ ਜੀਵਨ ਬਤੀਤ ਕਰ ਰਹੇ ਹਨ, ਉਥੇ ਗੁਰਮਤਿ ਤੋਂ ਅਨਜਾਣ ਲੋਕ 'ਕਸੁੰਭੜੇ' ਦੀ ਚਮਕ ਨੂੰ ਹੀ ਮਜੀਠੀ ਰੰਗ ਸਮਝ ਰਹੇ ਹਨ, ਪਰੰਤੂ ਕਸੁੰਭੜੇ ਦੀ ਇਹ ਥੋੜ੍ਹਚਿਰੀ ਚਮਕ ਕਦੀ ਵੀ ਸਦੀਵੀ ਰੰਗਤ ਅਦਾ ਕਰਨ ਵਾਲੇ ਮਜੀਠੀ ਰੰਗ ਦੀ ਬਰਾਬਰੀ ਨਹੀਂ ਕਰ ਸਕਦੀ। ਗੁਰੂ ਪਾਤਸ਼ਾਹ ਦਾ ਫੁਰਮਾਨ ਹੈ:

ਕਚਾ ਰੰਗੁ ਕਸੁੰਭ ਕਾ ਥੋੜੜਿਆ ਦਿਨ ਚਾਰਿ ਜੀਉ॥
(ਸੂਹੀ ਮ: ੧ ਅਸਟਪਦੀਆਂ, ਪੰਨਾ ੭੫੧)

ਵੈਸੇ ਤਾਂ ਅਨੇਕਾਂ ਹੀ ਪਾਖੰਡੀ ਅਤੇ ਦੰਭੀ ਲੋਕ ਆਪਣੇ ਆਪ ਨੂੰ 'ਗੁਰੂ ਪਦਾ' ਲਗਾ ਕੇ 'ਬਨਾਰਸ ਕੇ ਠੱਗਾਂ' ਵਾਲਾ ਕਰਮ ਕਰ ਰਹੇ ਹਨ, ਪਰੰਤੂ ਨਾਮਧਾਰੀ ਸੰਪਰਦਾ ਇਕ ਅਜਿਹੀ ਸੰਪਰਦਾ ਹੈ ਜਿਹੜੀ ਵੱਖਰਾ ਗੁਰੂ ਡੰਮ ਤਾਂ ਚਲਾ ਹੀ ਰਹੀ ਹੈ ਪਰੰਤੂ ਨਾਲ ਹੀ 'ਸ਼ਬਦ ਗੁਰੂ' ਦੇ ਸਿਧਾਂਤ ਨੂੰ ਨਕਾਰ ਕੇ ਆਪਣੇ ਦੇਹਧਾਰੀਆਂ ਨੂੰ ਗੁਰੂ ਨਾਨਕ ਗੋਬਿੰਦ ਸਿੰਘ ਜੀ ਦੀ ਗੁਰੂ ਪ੍ਰਣਾਲੀ ਨਾਲ ਜੋੜ ਕੇ ਗਿਆਰ੍ਹਵਾਂ ਤੇ ਇਸ ਤੋਂ ਅੱਗੇ ਗੁਰੂ ਪ੍ਰਚਾਰੀ ਜਾ ਰਹੀ ਹੈ। ਅਜਿਹੀ ਮਾਨਸਿਕ ਅਵਸਥਾ ਵਾਲਿਆਂ ਪ੍ਰਤੀ ਗੁਰੂ ਪਾਤਸ਼ਾਹ ਦਾ ਫੁਰਮਾਨ ਹੈ:

ਖਸਮੈ ਕਰੇ ਬਰਾਬਰੀ ਫਿਰਿ ਗੈਰਤਿ ਅੰਦਰਿ ਪਾਇ॥
ਵਜਹੁ ਗਵਾਏ ਅਗਲਾ ਮੂਹੇ ਮੁਹਿ ਪਾਣਾ ਖਾਇ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੪੭੪)

ਨਾਮਧਾਰੀ ਮਤਿ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਦੀ ਬਖਸ਼ਿਸ਼ ਨਹੀਂ ਕੀਤੀ ਸਗੋਂ ਦੇਹਧਾਰੀ ਗੁਰੂ ਪਰੰਪਰਾ ਜਾਰੀ ਰੱਖੀ ਅਤੇ ਅਜੇ ਵੀ ਇਸ ਸੰਪਰਦਾ ਦੇ ਮੌਜੂਦਾ ਗੱਦੀ-ਨਸ਼ੀਨ ਆਪਣੇ ਗੁਰੂ ਨਾਨਕ ਸਾਹਿਬ ਦਾ 14ਵਾਂ ਉਤਰਾਧਿਕਾਰੀ ਅਖਵਾ ਰਹੇ ਹਨ। ਇਸ ਸੰਪਰਦਾ ਦੇ ਗੱਦੀ-ਨਸ਼ੀਨ ਆਗੂ ਇਕ ਪਾਸੇ ਤਾਂ ਆਪਣੇ ਆਪ ਨੂੰ 'ਸਤਿਗੁਰੂ' ਅਖਵਾ ਰਹੇ ਹਨ ਪਰ ਦੂਸਰੇ ਪਾਸੇ ਇਹਨਾਂ ਵੱਲੋਂ ਚਲਾਈਆਂ ਜਾ ਰਹੀਆਂ 'ਗੁਰਗੱਦੀ' ਸੰਪਰਦਾਵਾਂ ਵਿੱਚ ਅਗਨੀ ਪੂਜਾ, ਵਰਨੀਆਂ, ਕੰਨ ਵਿੱਚ ਮੰਤਰ ਆਦਿ ਮਨਮਤਿ ਭਰਪੂਰ ਕਰਮ ਹੋ ਰਹੇ ਹਨ। ਧਰਮ ਦੇ ਠੇਕੇਦਾਰ ਅਖਵਾਉਣ ਵਾਲੇ, 'ਧਰਮ ਅਧੀਨ ਰਾਜਨੀਤੀ' ਦੇ ਮੁੱਦਈ ਅਖਵਾਉਣ ਵਾਲੇ, ਸਿੱਖ ਆਗੂ ਰਾਜਨੀਤਕ ਸੱਤਾ ਦੀ ਮਦਹੋਸ਼ੀ ਵਿੱਚ ਅਜਿਹੇ ਡੇਰੇਦਾਰਾਂ ਨੂੰ 'ਸਤਿਗੁਰੂ' ਆਖ ਕੇ ਸਤਿਕਾਰ

ਰਹੇ ਹਨ। ਨਾਮਧਾਰੀ ਲਹਿਰ ਦੇ ਮੋਢੀ ਬਾਬਾ ਰਾਮ ਸਿੰਘ ਜੀ ਦੀ ਸ਼ਹਾਦਤ ਉਪਰ ਸਾਰੇ ਗੁਰੂ ਪੰਥ ਨੂੰ ਮਾਣ ਹੈ ਅਤੇ ਕਿਸੇ ਵੀ ਤਰ੍ਹਾਂ ਉਨ੍ਹਾਂ ਵੱਲੋਂ ਮਾਤ-ਭੂਮੀ ਦੀ ਅਜ਼ਾਦੀ ਵਾਸਤੇ ਕੀਤੀ ਕੁਰਬਾਨੀ ਨੂੰ ਛੁਟਿਆਇਆ ਨਹੀਂ ਜਾ ਸਕਦਾ ਹੈ।

ਬਾਬਾ ਰਾਮ ਸਿੰਘ ਜੀ ਦਾ ਜਨਮ 3 ਫਰਵਰੀ 1816 ਨੂੰ ਪਿੰਡ ਭੈਣੀ ਰਾਈਆਂ ਵਿਖੇ ਹੋਇਆ। ਪਰਿਵਾਰਕ ਮਾਹੌਲ ਗੁਰਸਿੱਖ ਸਿਧਾਂਤਾਂ ਨਾਲ ਗੜੁੰਦ ਸੀ। 1837 ਵਿੱਚ ਲਾਹੌਰ ਆ ਗਏ ਅਤੇ ਆਪਣੇ ਇਕ ਨਜ਼ਦੀਕੀ ਰਿਸ਼ਤੇਦਾਰ (ਰਿਸ਼ਤੇ ਵਿਚੋਂ ਮਾਮਾ ਜੀ ਲਗਦੇ ਸਨ) ਭਾਈ ਕਾਬਲ ਸਿੰਘ ਰਾਹੀਂ ਕੰਵਰ ਨੌਨਿਹਾਲ ਸਿੰਘ ਦੀ ਅਗਵਾਈ ਹੇਠ ਸਿੱਖ ਫ਼ੌਜ ਵਿਚ ਭਰਤੀ ਹੋ ਗਏ। ਆਪ ਨੇ ਭਾਈ ਮਹਿਰਾਜ ਸਿੰਘ ਪਾਸੋਂ ਅੰਮ੍ਰਿਤਪਾਨ ਕੀਤਾ। ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਸਿੱਖ ਰਾਜ ਅੰਗਰੇਜ਼ਾਂ ਅਤੇ ਡੋਗਰਿਆਂ ਦੀਆਂ ਕੂਟਨੀਤਕ ਸਰਗਰਮੀਆਂ ਦਾ ਕੇਂਦਰ ਬਣ ਗਿਆ। ਲਾਹੌਰ ਦਰਬਾਰ ਵਿਚ ਫੈਲੀ ਬੁਰਛਾਗਰਦੀ ਤੋਂ ਆਪ ਬੜੇ ਪ੍ਰੇਸ਼ਾਨ ਹੋਏ ਅਤੇ ਫ਼ੌਜ ਦੀ ਨੌਕਰੀ ਦਾ ਤਿਆਗ ਕਰਕੇ ਆਪਣੇ ਜੱਦੀ ਪਿੰਡ ਭੈਣੀ ਆ ਗਏ। ਪਿੰਡ ਆ ਕੇ ਆਪ ਨੇ ਗੁਰਸਿੱਖੀ ਦਾ ਪ੍ਰਚਾਰ ਆਰੰਭ ਕੀਤਾ। ਇਸੇ ਸਮੇਂ ਤਕ ਅੰਗਰੇਜ਼ਾਂ ਦਾ ਪੰਜਾਬ ਉਪਰ ਪੂਰੀ ਤਰ੍ਹਾਂ ਕਬਜ਼ਾ ਹੋ ਚੁੱਕਾ ਸੀ। ਆਪ ਨੇ ਅੰਗਰੇਜ਼ਾਂ ਵਿਰੁੱਧ ਨਾਮਿਲਵਰਤਨ ਲਹਿਰ ਸ਼ੁਰੂ ਕੀਤੀ, ਅੰਗਰੇਜ਼ੀ ਬਸਤਰਾਂ, ਸਿੱਖਿਆ, ਅਦਾਲਤਾਂ ਅਤੇ ਆਵਾਜਾਈ ਸਾਧਨਾਂ ਦਾ ਬਾਈਕਾਟ ਕੀਤਾ। ਮਹਾਤਮਾ ਗਾਂਧੀ ਵੱਲੋਂ ਸ਼ੁਰੂ ਕੀਤਾ ਅਸਹਿਯੋਗ ਅੰਦੋਲਨ ਬਾਬਾ ਰਾਮ ਸਿੰਘ ਵੱਲੋਂ ਚਲਾਏ ਸੰਘਰਸ਼ ਦੀ ਨਕਲ ਹੀ ਸੀ, ਕੋਈ ਨਵਾਂ ਪ੍ਰੋਗਰਾਮ ਨਹੀਂ ਸੀ। ਇਸ ਸਮੇਂ ਦੌਰਾਨ ਜਦੋਂ ਆਪ ਜੀ ਵੱਲੋਂ ਅੰਗਰੇਜ਼ਾਂ ਵਿਰੁੱਧ ਅਰੰਭਿਆ ਸੰਘਰਸ਼ ਪੂਰੇ ਜੋਬਨ 'ਤੇ ਸੀ ਉਸ ਸਮੇਂ ਅੰਗਰੇਜ਼ੀ ਕੂਟਨੀਤਕ ਚਾਲਾਂ ਦੇ ਮੋਹਰਿਆਂ ਨੇ ਆਪ ਨੂੰ 'ਗੁਰੂ' ਘੋਸ਼ਿਤ ਕਰਨਾ ਸ਼ੁਰੂ ਕੀਤਾ। ਇਥੇ ਇਕ ਗੱਲ ਹੋਰ ਜ਼ਿਕਰਯੋਗ ਹੈ ਕਿ ਕੂਕਿਆਂ ਨੇ ਬਾਬਾ ਰਾਮ ਸਿੰਘ ਦੇ ਜੀਵਨ ਕਾਲ ਸਮੇਂ ਹੀ ਗੁਰੂ ਕਹਿਣਾ ਆਰੰਭ ਕਰ ਦਿੱਤਾ ਸੀ ਅਤੇ ਪੰਥਕ ਧਾਰਾ ਤੋਂ ਨਿਖੇੜਨਾ ਆਰੰਭ ਕਰ ਦਿੱਤਾ ਸੀ। ਇਸ ਦਾ ਜ਼ਿਕਰ ਕਰਦੇ ਡਾ: ਗੰਡਾ ਸਿੰਘ ਲਿਖਦੇ ਹਨ :[3]

"ਕੂਕਿਆਂ ਨੇ ਆਰੰਭ ਵਿੱਚ ਕਿਧਰੇ-ਕਿਧਰੇ ਆਪ ਨੂੰ ਗੁਰੂ ਅਤੇ ਅਵਤਾਰ ਕਹਿਣਾ ਆਰੰਭ ਕਰ ਦਿੱਤਾ ਸੀ ਅਤੇ ਅੰਮ੍ਰਿਤ ਛਕਾਉਣ ਵੇਲੇ ਉਲਟਾ ਇਹ ਗੱਲ ਉਲਟਾ ਕੇ ਵਧਾ ਦਿੱਤੀ ਸੀ ਕਿ "ਜਨਮ ਗੁਰੂ ਹਜ਼ਰੋਂ, ਅਰ ਬਾਸੀ ਗੁਰੂ ਭੈਣੀ' ਜਿਸ ਤੋਂ ਇਹ ਝਲਕ ਪੈਂਦੀ ਹੈ ਕਿ ਕੂਕਿਆਂ ਵਿੱਚ ਗੁਰੂ ਗੋਬਿੰਦ ਸਿੰਘ ਨੂੰ ਹਟਾ ਕੇ ਉਨ੍ਹਾਂ ਦੀ ਥਾਂ ਤੇ ਭਾਈ ਬਾਲਕ ਸਿੰਘ ਅਤੇ ਭਾਈ ਰਾਮ ਸਿੰਘ ਨੂੰ ਲਿਆ ਖੜਾ ਕਰਨ ਦੀ ਨੀਅਤ ਪੈਦਾ ਹੋ ਗਈ ਸੀ ਜਿਸ ਨੂੰ ਕਿ ਭਾਈ ਰਾਮ ਸਿੰਘ ਨੇ ਖੁਲ੍ਹ ਕੇ ਨਹੀਂ ਸੀ ਵਰਜਿਆ। ਇਸ ਦੇ ਨਾਲ ਹੀ ਕਈ ਮਸਤਾਨੇ ਕੂਕਿਆਂ ਦੀਆਂ ਸ਼ੁਤ੍ਰ ਦੇ ਲੋਰ ਵਿੱਚ ਕੁਝ ਕੁ ਕੋਝੀਆਂ ਹਰਕਤਾਂ ਸਨ ਜਿਨ੍ਹਾਂ ਨੇ ਕਿ ਆਮ ਸਿੱਖ ਸੰਗਤਾਂ ਵਿੱਚ ਭਾਈ ਰਾਮ ਸਿੰਘ ਤੇ ਕੂਕਿਆਂ ਵਿਰੁੱਧ ਨਰਾਜ਼ਗੀ ਪੈਦਾ ਕਰ ਦਿੱਤੀ ਜੋ ਹੌਲੀ-ਹੌਲੀ ਸਖਤ ਵਿਰੋਧ ਵਿੱਚ ਬਦਲ ਗਈ। ਕੂਕਿਆਂ ਦੀਆਂ ਹਰਕਤਾਂ ਚੂੰਕਿ ਗੁਰੂ ਅਤੇ ਗੁਰਸਿੱਖੀ ਦੇ ਵਿਰੁੱਧ ਸਨ, ਇਸ ਲਈ ਚੌਹਾਂ ਤਖ਼ਤਾਂ ਤੇ ਇਨ੍ਹਾਂ ਦੀ ਅਰਦਾਸ ਬੰਦ ਕਰ ਦਿੱਤੀ ਗਈ। ਮਾਰਚ 1867 ਈ: ਵਿੱਚ ਜਦ ਭਾਈ ਰਾਮ ਸਿੰਘ

ਆਨੰਦਪੁਰ ਸਾਹਿਬ ਗਏ ਤਾਂ ਆਪ ਨੇ ਕਿਹਾ, "ਤੁਸੀਂ ਮੇਰਾ ਅਰਦਾਸਾ ਜੁ ਨਹੀਂ ਕੀਤਾ, ਤੁਸੀਂ ਮੈਨੂੰ ਗੁਰੂ ਕਾ ਸਿੰਘ ਨਹੀਂ ਸਮਝਦੇ।"

ਪੁਜਾਰੀ ਸਿੰਘਾਂ ਨੇ ਇਸ ਦਾ ਕਾਰਨ ਦੱਸਿਆ:

1. ਤੂੰ ਆਪਣੇ ਆਪ ਨੂੰ ਅਵਤਾਰ ਕਹਾਉਂਦਾ ਹੈਂ।
2. ਕੂਕਾ ਬਣਾਉਣ ਵੇਲੇਂ ਸਿੱਖੀ ਦੀ ਰੀਤ ਵਿਰੁਧ ਕੰਨ ਵਿੱਚ ਮੰਤ੍ਰ ਫੂਕਦਾ ਹੈਂ।
3. ਨਵੇਂ ਕੂਕੇ ਨੂੰ ਆਖਦਾ ਹੈਂ "ਜਨਮ ਗੁਰੂ ਹਜ਼ਰੋਂ, ਅਰੁ ਵਾਸੀ ਗੁਰੂ ਭੈਣੀ" ਹਲਾਕਿ ਸਿੱਖ ਮੰਨਦੇ ਹਨ, "ਜਨਮ ਗੁਰੂ ਪਟਨਾ, ਵਾਸੀ ਗੁਰੂ ਆਨੰਦਪੁਰ"।
4. ਸਿੱਖ ਰਹੁ-ਰੀਤ ਦੇ ਉਲਟ ਕੂਕੇ ਗੁਰਦਵਾਰੇ ਵਿੱਚ ਪੱਗਾਂ ਲਾਹ ਲੈਂਦੇ ਹਨ ਅਤੇ ਕੇਸ ਖਿਲਾਰ ਲੈਂਦੇ ਹਨ।
5. ਕੂਕੇ ਇਸ ਹੱਦ ਤੱਕ ਮਸਤਾਨੇ ਹੋ ਜਾਂਦੇ ਹਨ ਕਿ ਮੁਸਲਮਾਨ ਫਕੀਰਾਂ ਤੋਂ ਵੀ ਅੱਗੇ ਨਿਕਲ ਜਾਂਦੇ ਹਨ।

ਇਨ੍ਹਾਂ ਸਵਾਲਾਂ ਦਾ ਜੋ ਉੱਤਰ ਭਾਈ ਰਾਮ ਸਿੰਘ ਵਲੋਂ ਦਿੱਤਾ ਗਿਆ, ਤਸੱਲੀ-ਬਖਸ਼ ਨਾ ਹੋਣ ਕਰਕੇ ਆਪਸ ਵਿੱਚ ਸਮਾਈ ਨਾ ਹੋ ਸਕੀ ਤੇ ਵਿਰੋਧਤਾ ਵਧਦੀ ਗਈ। ਪਰ ਹੋ ਸਕਦਾ ਹੈ ਕਿ ਭਾਈ ਰਾਮ ਸਿੰਘ ਇਸ ਵੇਲੇ ਆਪਣੇ ਸਾਥੀਆਂ ਤੇ ਹੋਰ ਸਲਾਹਕਾਰਾਂ ਦੇ ਹੱਥਾਂ ਵਿੱਚ ਉਸੀ ਤਰ੍ਹਾਂ ਬੇਬਸ ਹੋਣ ਜਿਵੇਂ ਅੱਜ-ਕੱਲ੍ਹ ਕਈ ਰਾਜਸੀ ਆਗੂ ਆਪਣੇ ਸਹਿਕਾਰੀਆਂ ਅਤੇ ਲਾਕੜੀਆਂ ਦੇ ਹੱਥਾਂ ਵਿੱਚ ਬੇਬਸ ਹੁੰਦੇ ਹਨ..........

......ਭਾਈ ਰਾਮ ਸਿੰਘ ਜੀ ਦੀਆਂ ਜੋ ਚਿੱਠੀਆਂ ਮੌਜੂਦ ਹਨ ਉਨ੍ਹਾਂ ਤੋਂ ਸਪੱਸ਼ਟ ਪ੍ਰਤੀਤ ਹੁੰਦਾ ਹੈ ਕਿ ਆਪ ਦੇ ਹਿਰਦੇ ਵਿੱਚ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਅਤੇ ਗੁਰੂ ਗ੍ਰੰਥ ਸਾਹਿਬ ਲਈ ਅਪਾਰ ਸ਼ਰਧਾ ਭਗਤੀ ਕੁਟ ਕੁਟ ਕੇ ਭਰੀ ਹੋਈ ਸੀ, ਬਲਕਿ ਆਪ ਆਪਣੇ ਆਪ ਨੂੰ ਗੁਰੂ ਕਹਿਣ ਦੇ ਵੀ ਸਖ਼ਤ ਵਿਰੁੱਧ ਸਨ।.......................................।

ਇਕ ਖਿਆਲ ਇਹ ਵੀ ਹੈ ਕਿ ਸ਼ੁਰੂ-ਸ਼ੁਰੂ ਵਿੱਚ ਆਪਣੀ ਪ੍ਰਭੁਤਾ ਵਧਦੀ ਜਾਣ ਕੇ ਜਾਂ ਕੋਈ ਹੋਰ ਕਾਰਣਾਂ ਕਰਕੇ ਆਪਣੇ ਆਪਣੇ ਸ਼ਰਧਾਲੂਆਂ ਨੂੰ ਗੁਰੂ ਕਹਿਣੋ ਨਾ ਹਟਕਿਆ ਹੋਵੇ, ਪਰ ਪਿਛੋਂ ਜਲਾਵਤਨੀ ਦੇ ਇਕਾਂਤ ਵਿੱਚ ਹੋਰ ਕੋਈ ਦੂਸਰੇ ਪ੍ਰਭਾਵ ਨਾ ਪੈਣ ਕਰਕੇ ਗੁਰਬਾਣੀ ਦੇ ਪਾਠ ਵਿਚਾਰ ਅਤੇ ਭਜਨ-ਬੰਦਗੀ ਨੇ ਆਪ ਦੇ ਮਨ ਨੂੰ ਨਿਰੋਲ ਕੁੰਦਨ ਕਰਕੇ ਇਤਨਾ ਮਜ਼ਬੂਤ ਕਰ ਦਿੱਤਾ ਕਿ ਆਪ ਵਿੱਚ ਆਪਣੀ ਭੁੱਲ ਪ੍ਰਵਾਨ ਕਰ ਲੈਣ ਦੀ ਅਥਾਹ (ਬੇਮਿਸਾਲ) ਤਾਕਤ ਪੈਦਾ ਹੋ ਗਈ ਅਤੇ ਆਪ ਨੇ ਆਪਣੇ ਸ਼ਰਧਾਲੂਆਂ ਨੂੰ ਬਿਨਾਂ ਝਿਜਕ ਖੁਲ੍ਹ ਕੇ ਵਰਜ ਦਿੱਤਾ। ਆਪ ਦੀਆਂ ਚਿੱਠੀਆਂ ਵਿੱਚ ਅੰਕਿਤ ਹੈ:

(1) ਮੈਨੂੰ ਨਾ ਤਾਂ ਗੁਰੂ ਬਣਨ ਦੀ ਲੋੜ ਹੈ, ਨਾ ਬ੍ਰਹਮ ਬਣਨ ਦੀ ਲੋੜ ਹੈ, ਮੈਨੂੰ ਤਾਂ ਗੁਰਸਿੱਖੀ ਦੀ ਲੋੜ ਹੈ। ਇਹ ਤਾਂ ਐਵੇਂ ਬਰਲ ਗਏ ਹਨ। (ਪੱਤਰ ਨੰ: 40)

(2) ਗੁਰੂਆਂ ਗੁਰੂ, ਗ੍ਰੰਥ ਸਾਹਿਬ ਗੁਰੂ ਹੈ, ਸੋ ਸ਼ਬਦ ਗੁਰੂ॥ ਜਿਥੇ ਕੋਈ ਮੰਨੂ ਉਹਦਾ ਉਥੇ ਹੀ ਭਲਾ ਹੋਇ ਜਾਇਗਾ॥ ਸਤਿ ਮੰਨਣੀ ਇਹ ਬਾਤ॥ (ਪੱਤਰ ਨੰ: 95)

(3) ਮੈਂ ਤਾਂ ਜੋ ਬਾਤ ਆਖਦਾ ਹਾਂ, ਸੋ ਗੁਰੂ ਦਾ ਹੁਕਮ ਹੀ ਸਣਾਉਂਦਾ ਹਾਂ, ਮੈਂ ਤਾਂ ਬੁਰੇਵਾਲ ਦਾ ਮਾਫਕ ਹਾਂ॥ ਰਪਟੀਆ ਕੋਈ ਵੱਡਾ ਆਦਮੀ ਨਹੀਂ ਹੁੰਦਾ। (ਪੱਤਰ ਨੰ: 2)

(4) ਕੋਈ ਬੇਹਲਾ ਨਾ ਰਹੇ ਡੇਰੇ, ਕੰਮ ਕਰੇ, ਨਹੀਂ ਤਾਂ ਪਾਠ ਕਰੇ ਸਾਰਾ ਦਿਨ ਗੁਰੂ ਗ੍ਰੰਥ ਸਾਹਿਬ ਜੀ ਦਾ॥ (ਪੱਤਰ ਨੰ: 5)

(5) ਗੁਰੂ ਦੇ ਅੱਗੇ ਅਰਦਾਸ ਕਰਨੀ ਹੱਥ ਜੋੜ ਕੇ, ਬਾਣੀ ਪੜ ਕੇ॥ ਖ਼ਾਲਸਾ ਜੀ, ਗੁਰੂ ਕਹਾ ਹੈ "ਭਜਹੁ ਗੋਬਿੰਦ ਭੂਲ ਮਤ ਜਾਹੁ॥ ਫਿਰ ਗੁਰੂ ਜੀ ਨੇ ਅਨੇਕਾਂ ਬਾਰ ਇਹ ਗੱਲ ਲਿਖੀ ਹੈ ਸਾਰੇ ਗੁਰੂ ਗ੍ਰੰਥ ਸਾਹਿਬ ਮੇਂ॥ (ਪੱਤਰ ਨੰ: 6)

(6) ਬਿਨਾ ਗੁਰਮਤਿ ਜੋ ਮੂੰਹ ਨਾਲ ਚਾਹੇ ਬਾਣੀ ਭੀ ਪੜ੍ਹੇ ਤਾਂ ਭੀ ਕੁਝ ਫਾਇਦਾ ਨਹੀਂ ਹੁੰਦਾ ਹੈ। (ਪੱਤਰ ਨੰ: 12)

(7) ਮੈਂ ਗੁਰੂ ਨਹੀਂ, ਗੁਰੂ ਦਰ ਦਾ ਕੂਕਰ ਹਾਂ॥ (ਪੱਤਰ ਨੰ: 50)

(8) ਹੋਰ ਭਾਈ ਦਸਾਂ ਪਾਤਸ਼ਾਹੀਆਂ ਤੇ ਪਿੱਛੇ ਗੁਰੂ ਤਾਂ ਮਹਾਰਾਜ ਜੀ ਗੁਰੂ ਗ੍ਰੰਥ ਨੂੰ ਇਸਥਾਪਨ ਕਰ ਗਏ ਹਨ, ਸੋ ਸਦਾ ਹੀ ਇਸਥਿਤ ਹੈ, ਹੋਰ ਗੁਰੂ ਕੋਈ ਨਹੀਂ॥ (ਪੱਤਰ ਨੰ: 55)

(9) ਕਲਾ ਤਾਂ ਨਾਮ ਤੇ ਗੁਰੂ ਵਿੱਚ ਹੈ, ਸੋ ਜਪੋ॥ (ਪੱਤਰ ਨੰ: 10)

(10) ਮੇਰੇ ਕਿਸੇ ਖੋਟੇ ਕਰਮ ਨੇ ਤਾਂ ਏਥੇ ਲੈ ਆਂਦਾ ਹੈ, ਪਰ ਭਜਨ ਬਾਣੀ ਨੇ ਏਥੇ ਭੀ ਮੈਨੂੰ ਦੁਖ ਮੇਂ ਸੁਖ ਦੇ ਛੋੜਾ ਹੈ।-----------------ਤੁਸੀਂ ਗੁਰੂ ਜੀ ਦੇ ਬਚਨਾਂ ਵੱਲ ਧਿਆਨ ਦੇਣਾ, ਗ੍ਰੰਥ ਸਾਹਿਬ, ਗੁਰੂ ਜੀ ਦੀ ਦੇਹ ਹੈ ਪ੍ਰਤੱਖ॥ (ਪੱਤਰ ਨੰ: 57)

ਆਪਣੀ ਬਰਮਾ ਵਿਖੇ ਨਜ਼ਰਬੰਦੀ ਦੌਰਾਨ ਅਨੇਕਾਂ ਤੰਗੀਆਂ ਨੂੰ ਝੱਲਦੇ ਹੋਏ ਆਪ ਇਸ ਸੰਸਾਰ ਤੋਂ ਵਿਦਾ ਹੋ ਗਏ, ਪਰੰਤੂ ਇਸ ਸਮੇਂ ਤਕ ਨਾਮਧਾਰੀ ਸੰਪਰਦਾ ਇਕ ਵੱਖਰੀ ਗੱਦੀ-ਨਸ਼ੀਨ ਸੰਸਥਾ ਦੇ ਤੌਰ 'ਤੇ ਸਥਾਪਤ ਹੋ ਚੁੱਕੀ ਸੀ। ਭਾਵੇਂ ਕਿ ਗੁਰੂ ਪੰਥ ਬਾਬਾ ਰਾਮ ਸਿੰਘ ਦਾ ਪੂਰਨ ਸਤਿਕਾਰ ਕਰਦਾ ਹੈ ਪਰੰਤੂ ਨਾਮਧਾਰੀ ਸੰਪਰਦਾ ਗੁਰੂ ਪੰਥ ਤੋਂ ਵਖਰੇਵੇਂ ਦਾ ਸ਼ਿਕਾਰ ਹੋ ਚੁੱਕੀ ਹੈ। ਬਾਬਾ ਰਾਮ ਸਿੰਘ ਤੋਂ ਬਾਅਦ ਬਾਬਾ ਪ੍ਰਤਾਪ ਸਿੰਘ ਸੰਪਰਦਾ ਦੇ ਮੁਖੀ ਬਣੇ। ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾ ਨੂੰ ਨਕਾਰ ਕੇ ਪੂਰਨ ਤੌਰ 'ਤੇ ਦੇਹਧਾਰੀ ਪਰੰਪਰਾ ਸ਼ੁਰੂ ਕੀਤੀ। ਪੰਥ ਪ੍ਰਵਾਨਿਤ ਅਰਦਾਸ ਵਿਚ ਵੀ 13 ਪਾਤਸ਼ਾਹੀਆਂ ਦੀ ਅਰਦਾਸ ਕੀਤੀ ਜਾਣ ਲੱਗੀ।

ਇਸ ਹੀ ਸੰਪਰਦਾ ਵੱਲੋਂ 1932 ਵਿਚ 'ਗੁਰੂਪਦ ਪ੍ਰਕਾਸ਼' (ਲੇਖਕ ਨਿਧਾਨ ਸਿੰਘ ਆਲਮ) ਪ੍ਰਕਾਸ਼ਿਤ ਕੀਤੀ ਗਈ ਜਿਸ ਵਿੱਚ ਇਹ ਕਲਪਿਤ ਕਹਾਣੀ ਪਹਿਲੀ ਵਾਰ ਘੜੀ ਗਈ। ਇਸ ਦੇ ਅਨੁਸਾਰ ਗੁਰੂ ਗੋਬਿੰਦ ਸਿੰਘ ਨੰਦੇੜ ਵਿਖੇ ਜੋਤੀ ਜੋਤਿ ਨਹੀਂ ਸਮਾਏ ਸਗੋਂ ਬਾਬਾ ਅਜਾਪਾਲ ਸਿੰਘ

ਦੇ ਨਾਮ ਹੇਠ ਨਾਭੇ ਵਿਖੇ ਛੁਪੇ ਰਹੇ, ਅਤੇ 131 ਸਾਲ ਦੀ ਉਮਰ ਵਿੱਚ ਹਜਰੋਂ ਦੇ ਵਸਨੀਕ ਬਾਬਾ ਬਾਲਕ ਸਿੰਘ ਨੂੰ ਗੁਰਗੱਦੀ ਦਿੱਤੀ। ਇਕ ਫ਼ੌਜੀ ਮੁਹਿੰਮ ਦੇ ਦੌਰਾਨ ਬਾਬਾ ਰਾਮ ਸਿੰਘ ਹਜਰੋਂ ਗਏ ਜਿਥੇ ਬਾਬਾ ਬਾਲਕ ਸਿੰਘ ਨੇ ਆਪ ਨੂੰ ਗੁਰਗੱਦੀ ਦਿੱਤੀ।

ਉਪਰੋਕਤ ਕਪੋਲ ਕਲਪਨਾ ਦੀ ਰਚਨਾ ਤੋਂ ਬਾਅਦ ਕੂਕੇ ਵੀਰਾਂ ਨੇ ਜਿਥੇ ਆਪਣੇ ਆਪ ਨੂੰ ਦੇਹਧਾਰੀ ਸੰਪਰਦਾ ਨਾਲ ਜੋੜ ਕੇ ਗੁਰੂ ਪੰਥ ਨਾਲੋਂ ਤੋੜ ਗਿਆ ਉਥੇ ਬਾਬਾ ਰਾਮ ਸਿੰਘ ਨੂੰ 'ਗੁਰੂ' ਸ਼ਬਦ ਲਗਾ ਕੇ ਗੁਰੂ ਪੰਥ ਦੀ ਵਿਚਾਰਧਾਰਾ ਤੋਂ ਲਾਂਭੇ ਕਰ ਦਿੱਤਾ।

ਇਸੇ ਹੀ ਨਾਮਧਾਰੀ ਸੰਪਰਦਾ ਵੱਲੋਂ 1935 ਈ: ਵਿੱਚ ਭੈਣੀ ਵਿਖੇ ਇਕ ਸਰਬ ਸਿੱਖ ਧਰਮ ਸੰਪਰਦਾਇ ਕਾਨਫਰੰਸ ਕੀਤੀ ਗਈ। ਇਸ ਕਾਨਫਰੰਸ ਵਿੱਚ ਪੰਥ ਰਤਨ ਮਾਸਟਰ ਤਾਰਾ ਸਿੰਘ ਜੀ ਉਚੇਚੇ ਤੌਰ 'ਤੇ ਪਹੁੰਚੇ ਅਤੇ ਨਾਮਧਾਰੀ ਆਗੂ ਬਾਬਾ ਪ੍ਰਤਾਪ ਸਿੰਘ ਨੂੰ ਮਿਲ ਕੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣ ਅਤੇ ਪੰਥ ਪ੍ਰਵਾਨਿਤ ਅਰਦਾਸ ਕਰਨ ਸੰਬੰਧੀ ਵਿਚਾਰਾਂ ਕੀਤੀਆਂ। ਮਾਸਟਰ ਤਾਰਾ ਸਿੰਘ ਜੀ ਦੇ ਗੁਰੂ ਗ੍ਰੰਥ ਸਾਹਿਬ ਪ੍ਰਤੀ ਦ੍ਰਿੜ੍ਹ ਵਿਸ਼ਵਾਸ ਅਤੇ ਠੋਸ ਅਕੀਦੇ ਤੋਂ ਪ੍ਰਭਾਵਿਤ ਹੋ ਕੇ ਇਸ ਕਾਨਫਰੰਸ ਵਿਚ ਨਾਮਧਾਰੀ ਮੁੱਖੀ ਵੱਲੋਂ ਦਸ ਗੁਰੂਆਂ ਤਕ ਅਰਦਾਸ ਕੀਤੀ। ਸਾਰੇ ਪੰਥ ਨੇ ਸਮਝਿਆ ਕਿ ਸ਼ਾਇਦ ਨਾਮਧਾਰੀ ਸੰਸਥਾ ਨੇ 'ਸ਼ਬਦ ਗੁਰੂ' ਸਿਧਾਂਤ ਨੂੰ ਅਪਨਾ ਲਿਆ ਹੈ, ਪਰੰਤੂ ਪਰਨਾਲਾ ਉਥੇ ਦਾ ਉਥੇ ਹੀ ਰਿਹਾ।

ਇਸ ਸਮੇਂ ਹੀ ਇਸ ਨਾਮਧਾਰੀ ਸੰਪਰਦਾਇ ਵੱਲੋਂ ਤਾਰਨ ਸਿੰਘ 'ਵਹਿਮੀ'[4] ਦੇ ਨਾਮ ਹੇਠ 'ਨੰਦੇੜ ਤੋਂ ਦਸਮ ਗੁਰ ਦਰਸ਼ਨ ਨਾਮਕ ਕਿਤਾਬ ਪ੍ਰਕਾਸ਼ਿਤ ਕੀਤੀ ਗਈ ਜਿਸ ਵਿਚ ਦੁਬਾਰਾ ਫਿਰ ਦੇਹਧਾਰੀ ਗੁਰੂ ਪਰੰਪਰਾ ਦੀ ਕਪੋਲ ਕਲਪਨਾ ਨੂੰ ਉਘਾੜਿਆ ਗਿਆ ਅਤੇ ਇਸ ਵਿਚ ਇਕ ਤਸਵੀਰ ਵੀ ਪ੍ਰਕਾਸ਼ਿਤ ਕੀਤੀ ਗਈ ਜਿਸ ਵਿੱਚ ਗੁਰੂ ਗੋਬਿੰਦ ਜੀ ਨੂੰ ਬਾਬਾ ਬਾਲਕ ਸਿੰਘ ਨੂੰ ਗੁਰਗੱਦੀ ਦਿੰਦੇ ਹੋਏ ਵਿਖਾਇਆ ਗਿਆ, ਜਦੋਂ ਕਿ ਪੁਰਾਤਨ ਇਤਿਹਾਸਕ ਹਵਾਲੇ, ਅਤੇ ਹੁਣ ਤਕ ਦੇ ਸਾਰੇ ਸਿੱਖ ਅਤੇ ਗ਼ੈਰਸਿੱਖ ਲਿਖਾਰੀ ਇਸ ਗੱਲ ਦੀ ਤਾਕੀਦ ਕਰਦੇ ਹਨ ਕਿ ਗੁਰੂ ਗੋਬਿੰਦ ਸਿੰਘ ਨੇ ਗ੍ਰੰਥ ਸਾਹਿਬ ਨੂੰ ਗੁਰੂ ਪਦ ਬਖਸ਼ਿਸ਼ ਕੀਤਾ। ਕੋਈ ਵੀ ਅਜਿਹਾ ਲਿਖਾਰੀ ਨਹੀਂ (ਨਾਮਧਾਰੀਆਂ ਤੋਂ ਬਿਨਾਂ) ਜੋ ਇਨ੍ਹਾਂ ਕਪੋਲ ਕਲਪਨਾ ਦੇ ਰਚਨਹਾਰਿਆਂ ਦੇ ਕੂੜ ਦੀ ਪੂਰਤੀ ਕਰਦਾ ਹੋਵੇ। ਪੁਰਾਤਨ ਭੱਟ ਵਹੀਆਂ ਜਿਨ੍ਹਾਂ ਵਿਚ ਲਿਖਤ ਇਤਿਹਾਸਕ ਸਮੱਗਰੀ ਨੂੰ ਨਕਾਰਿਆ ਨਹੀਂ ਜਾ ਸਕਦਾ, ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਗੱਦੀ ਸੰਬੰਧੀ ਇੰਦਰਾਜ ਦਰਜ ਹੈ:

"ਗੁਰੂ ਗੋਬਿੰਦ ਸਿੰਘ ਮਹਲ ਦਸਮਾਂ, ਬੇਟਾ ਗੁਰੂ ਤੇਗ ਬਹਾਦਰ ਜੀ ਕਾ, ਮੁਕਾਮ ਨੰਦੇੜ ਤਟ ਗੋਦਾਵਰੀ ਦੇਸ਼ ਦੱਖਣ ਸਤਰਾਂ ਸੈ ਪੈਂਸਠ ਕਾਰਤਕ ਮਾਸੇ ਸੁਦੀ ਚਾਉਥ ਸ਼ੁਕਲਾ ਪਖੇ ਬੁਧਵਾਰ ਕੇ ਦਿਹੁੰ ਭਾਈ ਦਇਆ ਸਿੰਘ ਸੇ ਬਚਨ ਹੂਆ-ਸ੍ਰੀ ਗ੍ਰੰਥ ਸਾਹਿਬ ਲੇ ਆਉ, ਬਚਨ ਪਾਇ ਭਾਈ ਦਇਆ ਸਿੰਘ ਸ੍ਰੀ ਗ੍ਰੰਥ ਸਾਹਿਬ ਲੇ ਆਏ। ਗੁਰੂ ਜੀ ਨੇ ਪਾਂਚ ਪੈਸੇ ਏਕ ਨਲੀਏਰ ਆਗੇ ਭੇਟ ਰਾਖਿ ਮਾਥਾ ਟੇਕਾ। ਸਰਬਤ ਸੰਗਤ ਸੇ ਕਹਾ-ਮੇਰਾ ਹੁਕਮ ਹੈ, ਮੇਰੀ ਜਗਹ ਗੁਰੂ-ਸ੍ਰੀ ਗੁਰੂ ਗ੍ਰੰਥ ਜੀ ਕੋ ਜਾਨਨਾ। ਜੋ ਸਿੱਖ ਜਾਨੇਗਾ, ਤਿਸਕੀ ਘਾਲਿ ਥਾਇ ਪਏਗੀ, ਗੁਰੂ ਤਿਸਕੀ ਬਾਹੁੜੀ ਕਰੇਗਾ। ਸਤਿ ਕਰ ਮਾਨਨਾ।"[5]

(ਭੱਟ ਵਹੀ ਭਲਾਉਂਦਾ, ਪਰਗਣਾ ਜੀਂਦ)

ਇੰਦਰ ਸਿੰਘ 'ਚੱਕਰਵਰਤੀ' ਵੱਲੋਂ ਕਾਵਿ ਰੂਪ ਵਿਚ ਪ੍ਰਕਾਸ਼ਿਤ 'ਮਾਲਵੇਂਦਰ ਪ੍ਰਕਾਸ਼' ਵਿੱਚ ਜਿਥੇ ਸਿੱਖ ਸਿਧਾਂਤਾਂ ਦੀ ਖੁੱਲ੍ਹੇ ਆਮ ਵਿਰੋਧਤਾ ਕਰਨ ਦੀ ਜੁਅਰਤ ਕੀਤੀ ਉਥੇ ਇਸ ਗ੍ਰੰਥ ਦੇ ਰਚਨਹਾਰੇ ਨੇ ਬਾਬਾ ਰਾਮ ਸਿੰਘ ਜੀ ਦੀ ਸ਼ਖਸੀਅਤ ਨਾਲ ਵੀ ਇਨਸਾਫ਼ ਨਹੀਂ ਕੀਤਾ। ਇਕ ਪਾਸੇ ਤਾਂ ਬਾਬਾ ਰਾਮ ਸਿੰਘ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਗੁਰਗੱਦੀ ਦੇ ਅਧਿਕਾਰੀ ਬਣਾਉਣ ਦੀ ਕੋਸ਼ਿਸ਼ ਕੀਤੀ ਅਤੇ ਦੂਸਰੇ ਪਾਸੇ ਸਿੱਖ ਸਿਧਾਂਤਾਂ ਦੀ ਉਲੰਘਣਾ ਕੀਤੀ ਗਈ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜਿਹੜੇ ਸ਼ਸਤਰਾਂ ਨੂੰ "ਯਹੈ ਹਮਾਰੇ ਪੀਰ' ਆਖ ਕੇ ਵਡਿਆਉਂਦੇ ਸਨ ਉਥੇ ਇਸ ਲਿਖਾਰੀ ਨੇ ਸ਼ਸ਼ਤਰਾਂ ਨੂੰ ਕਲੰਕ ਲਿਖਿਆ ਹੈ। ਬਾਬਾ ਰਾਮ ਸਿੰਘ ਵੱਲੋਂ ਫ਼ੌਜੀ ਨੌਕਰੀ ਤਿਆਗ ਕੇ ਆਪਣੇ ਜੱਦੀ ਪਿੰਡ ਆਉਣ ਦਾ ਜ਼ਿਕਰ ਕਰਦਾ ਇਹ ਲਿਖਾਰੀ ਲਿਖਦਾ ਹੈ:

*ਰਫਲ ਸੁੱਟੀ ਦਰਿਆ ਵਿੱਚ, ਬੈਠੇ ਹੋ ਅਟੰਕ।*
*ਕਿਹਾ ਇਹ ਵੀ ਸੀ ਪਿਆ ਸਾਡੇ ਗਲ ਕਲੰਕ।*

(ਮਾਲਵੇਂਦਰ ਪ੍ਰਕਾਸ਼)

ਬਾਬਾ ਰਾਮ ਸਿੰਘ ਜਿਹੜੇ ਸਾਰੀ ਆਯੂ ਆਪਣੇ ਆਪ ਨੂੰ ਗੁਰੂ ਪੰਥ ਦਾ ਟਹਿਲੂਆ ਸਮਝਦੇ ਰਹੇ, ਆਪਣੇ ਸੰਗੀਆਂ ਨੂੰ ਪੰਚ ਕਕਾਰੀ ਰਹਿਤ ਵਿਚ ਪ੍ਰਪੱਕ ਰਹਿਣ ਅਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣ ਦਾ ਉਪਦੇਸ਼ ਦਿੰਦੇ ਸਨ। ਆਪਣੇ ਇਕ ਸਾਥੀ ਭਾਈ ਰਾਇ ਸਿੰਘ ਵਾਸੀ ਪਿੰਡ ਮਦੀਹਰ ਨੂੰ ਆਪ ਨੇ ਉਪਦੇਸ਼ ਦਿੱਤਾ ਸੀ:

*ਪਾਂਚ ਕੱਕਾ ਵਾ ਨਾਮ ਇਸ਼ਨਾਨ, ਦਾਨ ਕ੍ਰਿਆ ਸਤਿਗੁਰੂ ਸੁਖ ਨਾਨਾ।*
*ਗੁਰੂ ਗ੍ਰੰਥ ਮੇਂ ਜੋਈ ਲਿਖਿਆ, ਸੋਈ ਮਨ ਮਹਿ ਧਾਰੋ ਸਿਖਿਆ।*

ਪਰੰਤੂ ਬਾਬਾ ਰਾਮ ਸਿੰਘ ਜੀ ਦੇ ਬਾਰੇ ਵਰਨਣ ਕਰਦਾ ਇਹ ਕਵੀ ਲਿਖਦਾ ਹੈ ਕਿ ਨੌਕਰੀ ਛੱਡਣ ਉਪਰੰਤ ਪਿੰਡ ਭੈਣੀ ਆ ਕੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਸਭ ਤੋਂ ਪਹਿਲਾਂ ਅਗਨ ਭੇਟ ਕੀਤਾ:

*ਲੈ ਕੇ ਬੀੜ ਦਰਬਾਰ ਦੀ, ਉਪਰ ਬਾਲਣ ਪਾਇ।*
*ਸਫਾਂ ਫੂਹੜੀਆਂ ਵਿੱਚ ਪਰ ਤੀਲੀ ਦਿਤੀ ਲਾਇ।*

(ਮਾਲਵੇਂਦਰ ਪ੍ਰਕਾਸ਼, ਪੰਨਾ ੨੭)

ਇਸ ਤੋਂ ਬਾਅਦ ਕਾਨਪੁਰ ਨਿਵਾਸੀ ਨਾਮਧਾਰੀ ਵੀਰ ਮਿਹਰ ਸਿੰਘ 'ਚਾਵਲਾ' ਵੱਲੋਂ 'ਪੁਰਖ ਗੁਰੂ' ਨਾਮਕ ਕਿਤਾਬ 1984-85 ਵਿੱਚ ਪ੍ਰਕਾਸ਼ਿਤ ਕੀਤੀ ਗਈ। ਇਸ ਕਿਤਾਬ ਦੇ ਵਿੱਚ ਦੇਹਧਾਰੀ ਗੁਰੂ-ਡੰਮ ਦੀ ਪ੍ਰੋੜ੍ਹਤਾ ਕੀਤੀ ਗਈ ਅਤੇ ਗੁਰੂ ਪੰਥ ਅਤੇ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਘਟੀਆ ਸ਼ਬਦਾਵਲੀ ਵਰਤੀ ਗਈ ਹੈ। ਇਸ ਕਿਤਾਬ ਵਿੱਚ ਜਿਥੇ ਦੇਹਧਾਰੀ ਗੁਰੂ-ਡੰਮ ਦੀ ਸਲਾਹੁਤਾ ਕੀਤੀ ਹੈ ਉਥੇ ਲਿਖਤ ਦੇ ਮਿਆਰ ਤੋਂ ਇਸ ਲੇਖਕ ਦੀ ਪੰਥ-ਵਿਰੋਧੀ ਸੋਚ ਦਾ ਪਰਦਾ ਫਾਸ਼ ਹੁੰਦਾ ਹੈ।

ਭਾਈ ਸਾਹਿਬ ਭਾਈ ਗੁਰਦਾਸ ਜੀ ਫੁਰਮਾਉਂਦੇ ਹਨ:

*ਆਪਨੁ ਬਨਜੁ ਬੁਰੋ ਲਾਗਤਿ ਨ ਕਾਹੂ ਰਿਦੈ,*

ਜਾਹਿ ਜਗੁ ਭਲੋ ਕਹੈ ਸੋਈ ਤਉ ਬਿਸਾਹੀਏ॥

(ਕਬਿੱਤ ਭਾਈ ਗੁਰਦਾਸ)[7]

ਇਸ ਕਿਤਾਬ ਵਿੱਚ ਸਪੱਸ਼ਟ ਤੌਰ 'ਤੇ ਜਿਥੇ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ ਦਾ ਖੰਡਨ ਅਤੇ ਦੇਹਧਾਰੀ ਗੁਰੂ-ਡੰਮ ਦਾ ਮੰਡਨ ਕੀਤਾ ਹੈ ਉਥੇ 'ਸ਼ਬਦ ਗੁਰੂ' ਨੂੰ ਸਮਰਪਿਤ ਸਿੱਖ ਸੰਪਰਦਾਵਾਂ ਦੀ ਘੋਰ ਵਿਰੋਧਤਾ ਕੀਤੀ ਗਈ ਹੈ। ਇਸ ਲਿਖਾਰੀ ਅਨੁਸਾਰ ਗ੍ਰੰਥ ਸਾਹਿਬ ਨਾਲ ਗੁਰੂ ਸ਼ਬਦ ਵਰਤਣ ਵਾਲੇ ਸਿੱਖ ਅਨਜਾਣ ਹਨ, ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਗੱਦੀ ਸਬੰਧੀ ਸਿਰਫ ਮਨੋਕਲਪਿਤ ਕਹਾਣੀ ਹੀ ਘੜੀ ਗਈ ਹੈ। ਲੇਖਕ ਅਨੁਸਾਰ ਗਿਆਨੀ ਗਿਆਨ ਸਿੰਘ ਨੇ 'ਪੰਥ ਪ੍ਰਕਾਸ਼' ਵਿਚ ਇਹ ਦੋਹਰਾ 'ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ' ਲਿਖ ਕੇ ਬੜਾ ਭਾਰੀ ਕੁਕਰਮ ਕੀਤਾ ਹੈ।

ਇਸ ਕਿਤਾਬ ਵਿੱਚ ਕਿਤੇ ਵੀ ਗ੍ਰੰਥ ਸਾਹਿਬ ਸ਼ਬਦ ਨਾਲ ਗੁਰੂ ਸ਼ਬਦ ਦੀ ਵਰਤੋਂ ਨਹੀਂ ਕੀਤੀ ਗਈ ਅਤੇ 'ਸ਼ਬਦ ਗੁਰੂ' ਸਿਧਾਂਤ ਦੇ ਉਪਾਸ਼ਕ ਸਿੱਖਾਂ ਵਾਸਤੇ ਗ੍ਰੰਥ ਦੇ ਸਿੱਖ ਸ਼ਬਦ ਵਰਤਿਆ ਗਿਆ ਹੈ। ਲੇਖਕ ਵੱਲੋਂ ਇਹ 'ਸੁਚੱਜਾ' ਵਿਚਾਰ ਵੀ ਪੇਸ਼ ਕੀਤਾ ਗਿਆ ਕਿ ਗ੍ਰੰਥ ਸਾਹਿਬ ਨਾਲ ਗੁਰੂ ਸ਼ਬਦ ਵਰਤਣ ਦੀ ਭੁੱਲ ਨਹੀਂ ਕਰਨੀ ਚਾਹੀਦੀ ਹੈ। ਮਨਮੁਖ ਅਤੇ ਗੁਰਮੁਖ ਦੀ ਵਿਆਖਿਆ ਕਰਦਾ ਹੋਇਆ ਇਹ ਕਵੀ ਲਿਖਦਾ ਹੈ ਕਿ ਗ੍ਰੰਥ ਨੂੰ ਗੁਰੂ ਆਖਣ ਵਾਲੇ ਲੋਕ ਮਨਮੁਖ ਹਨ ਅਤੇ ਦੇਹਧਾਰੀ ਗੁਰੂ ਦੇ ਮੰਨਣਹਾਰੇ ਗੁਰਮੁਖ ਹਨ।

ਸਰਬ ਹਿੰਦ ਨਾਮਧਾਰੀ ਦਰਬਾਰ, ਪਿੰਡ ਭੈਣੀ, ਜ਼ਿਲ੍ਹਾ ਲੁਧਿਆਣਾ ਵੱਲੋਂ ਛਪੀ ਪੁਸਤਕ 'ਪੁਰਖ ਗੁਰੂ' ਦੇ ਚੋਣਵੇਂ ਅੰਸ਼ ਇਸ ਤਰ੍ਹਾਂ ਹਨ:[8]

"ਇਸ ਵਿਚ ਝੂਠ ਨਹੀਂ ਕਿ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਵਾਲਿਆਂ ਪਾਸ ਧਨ ਅਤੇ ਲਿਖਤੀ ਸਾਧਨ ਬੜੇ ਤਕੜੇ ਹਨ। ਪ੍ਰਚਾਰ ਸੱਚਾ ਹੋਵੇ ਜਾਂ ਝੂਠਾ, ਪਰ ਜ਼ਬਾਨੀ ਅਤੇ ਕਲਮੀ ਪ੍ਰਚਾਰ ਰਾਹੀਂ ਕਿਸੇ ਤੇ ਪ੍ਰਭਾਵ ਪਾਉਣਾ ਵੀ ਵਰਤਮਾਨ ਯੁਗ ਦੀ ਇਕ ਕਲਾ ਹੈ। ਸੋ ਅਖ਼ਬਾਰਾਂ, ਕਿਤਾਬਾਂ ਅਤੇ ਜ਼ਬਾਨੀ ਪ੍ਰਚਾਰ ਰਾਹੀਂ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਗੱਦੀ ਦਿਵਸ ਮਨਾ ਲੈਣਾ ਅਤੇ ਭੋਲੇ ਭਾਲੇ ਲੋਕਾਂ ਨੂੰ ਮਗਰ ਲਾ ਲੈਣਾ ਇਹਨਾਂ ਨੂੰ ਕਠਿਨ ਨਹੀਂ। ਇਸ ਕੰਮ ਵਿਚ ਗੁਰਦੁਆਰਿਆਂ ਦਾ ਧਨ ਸਹਾਇਕ ਹੈ ਹੀ ਅਤੇ ਇਸੇ ਧਨ ਦੇ ਆਸਰੇ ਪ੍ਰਾਪਤ ਕੀਤੀ ਹੋਈ ਰਾਜਨੀਤਿਕ ਸੱਤਾ ਵੀ ਇਕ ਵੱਡਾ ਸਾਧਨ ਹੈ।.......

(ਪੁਰਖ ਗੁਰੂ, ਪੰਨਾ: 6)

.............ਗੁਰੂ ਕੋਈ ਇਕ ਵਿਅਕਤੀ ਹੀ ਹੋ ਸਕਦਾ ਹੈ। ਗ੍ਰੰਥ ਸਾਹਿਬ ਜਾਂ ਪੰਥ ਨਹੀਂ।

(ਪੁਰਖ ਗੁਰੂ, ਪੰਨਾ: ੭)

..............ਬਜਾਏ ਇਸ ਦੇ ਕਿ ਇਹ ਪਖੰਡ ਖ਼ਤਮ ਹੋ ਜਾਏ, ਇਹ ਦਿਨੋਂ ਦਿਨ ਵਧਣ ਦੀ ਆਸ ਕਰਨੀ ਚਾਹੀਦੀ ਹੈ।...ਇਸ ਲੇਖੇ "ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ' ਵਾਲੀ ਪੰਗਤੀ ਦੁਵਾਰਾ ਪਖੰਡ ਦਾ ਬੀਜ ਬੀਜਿਆ ਗਿਆ ਹੈ। ਜਿਸ ਨੂੰ ਅਜੇ ਅੰਕੁਰ ਹੀ ਨਿਕਲੇ ਹਨ

ਅਤੇ ਇਸ ਤੇ ਵਧਣ ਫੁਲਣ ਦੀ ਪੂਰੀ ਸੰਭਾਵਨਾ ਹੈ। ਇਹ ਸਮਾਂ ਹੀ ਦੱਸੇਗਾ ਕਿ ਸਿੱਖ ਪੰਥ ਦੇ ਹਿਤੈਸ਼ੀ ਵਿਦਵਾਨ ਇਸ ਪੰਗਤੀ ਦਵਾਰਾ ਵੱਧ ਰਹੇ ਪਾਖੰਡ ਨੂੰ ਵੇਖਣਾ ਪਸੰਦ ਕਰਨਗੇ ਜਾਂ ਇਸ ਪੰਗਤੀ ਦੇ ਪ੍ਰਚਾਰ ਨੂੰ ਸਮਾਪਤ ਕਰ ਦੇਣਗੇ। (ਪੁਰਖ ਗੁਰੂ, ਪੰਨਾ: ੮੬)

..............ਇਹ ਸਭ ਪਰਚਾਰ ਦੀ ਕਰਾਮਾਤ ਹੈ ਕਿ ਝੂਠ ਨੂੰ ਵੀ ਸੱਚ ਕਰ ਵਿਖਾਂਦਾ ਹੈ।'

(ਪੁਰਖ ਗੁਰੂ, ਪੰਨਾ: ੨੪੬)

..............''ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ'' ਆਦਿਕ ਵਾਕਾਂ ਤੋਂ ਸੰਗਤ ਵਿਚ ਬੜੇ ਅਜੀਬ ਸ਼ਬਦਾਂ ਨਾਲ ਪਰਚਾਰ ਕੀਤਾ ਜਾਂਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਣ ਉਪਰੰਤ ਗੋਡੇ ਟੇਕ ਕੇ ਬੜੀ ਅਧੀਨਗੀ ਨਾਲ ਉਹਨਾਂ ਪਾਸੋਂ ਅੰਮ੍ਰਿਤ ਦੀ ਯਾਚਨਾ ਕੀਤੀ ਤੇ ਅੰਮ੍ਰਿਤ ਛਕ ਕੇ ਚੇਲੇ ਬਣ ਗਏ ਤੇ ਪੰਜ ਪਿਆਰੇ ਉਹਨਾਂ ਦੇ ਗੁਰੂ ਬਣ ਗਏ। ਆਪਣੇ ਪ੍ਰਚਾਰ ਦੇ ਬਲ ਨਾਲ ਇਸ ਨੂੰ ਪ੍ਰਚੱਲਤ ਕਰ ਦਿੱਤਾ ਗਿਆ ਹੈ, ਨਹੀਂ ਤੇ ਇਤਿਹਾਸ ਇਸ ਤੋਂ ਉੱਕਾ ਹੀ ਉਲਟ ਹੈ।

(ਪੁਰਖ ਗੁਰੂ, ਪੰਨਾ: ੨੪੫)

..............ਸ੍ਰੀ ਦਸਮੇਸ਼ ਜੀ ਨੇ ਗੁਰਗੱਦੀ ਕਦੀ ਵੀ ਸ੍ਰੀ ਗ੍ਰੰਥ ਸਾਹਿਬ ਨੂੰ ਨਹੀਂ ਦਿਤੀ, ਨਾ ਹੀ ਕਦੀ ਪੰਜ ਪਿਆਰਿਆਂ ਨੂੰ ਹੀ ਗੁਰੂ ਮੰਨਿਆ ਹੈ।'' (ਪੁਰਖ ਗੁਰੂ, ਪੰਨਾ ੧੨੯)

..............ਸਿੱਖਾਂ ਅੰਦਰ ''ਗ੍ਰੰਥ ਗੁਰੂ' ਵਾਲਾ ਸਿਧਾਂਤ ਅੰਗਰੇਜ਼ ਦੇ ਮੇਲ-ਮਿਲਾਪ ਵਿਚੋਂ ਹੀ ਪਰਗਟ ਹੋਇਆ ਸੀ ਤੇ ਉਸੇ ਦੀ ਸਰਪਰਸਤੀ ਹੇਠ ਉਸੇ ਦੀ ਸਹਾਇਤਾ ਨਾਲ ਕਾਫੀ ਪਰਚੱਲਤ ਹੋ ਚੁਕਾ ਸੀ। (ਪੁਰਖ ਗੁਰੂ, ਪੰਨਾ ੧੯੩)

..............ਕਹਿੰਦੇ ਹਨ ਕਿ ਇਕ ਝੂਠ ਨੂੰ ਛੁਪਾਉਣ ਵਾਸਤੇ ਹੋਰ ਕਈ ਝੂਠ ਬੋਲਣੇ ਪੈਂਦੇ ਹਨ। ਕੇਵਲ ਸ੍ਰੀ ਗ੍ਰੰਥ ਸਾਹਿਬ ਨੂੰ ਗੁਰਿਆਈ ਮਿਲਣੀ ਸਿੱਧ ਕਰਨ ਵਾਸਤੇ ਹੀ ਇਸ ਸਿਧਾਂਤ ਦੇ ਮੰਨਣ ਵਾਲੇ ਵਿਦਵਾਨ ਮਜਬੂਰ ਹਨ ਇਹੋ ਜਿਹੀਆਂ ਘੜਤਾਂ ਘੜਣ ਵਾਸਤੇ ਤੇ ਪਰਚਾਰਨ ਵਾਸਤੇ।..... (ਪੁਰਖ ਗੁਰੂ, ਪੰਨਾ ੫੫)

..............ਜਿਸ ਕਿਸੇ ਨੇ ਵੀ ਇਤਿਹਾਸ ਨੂੰ ਨਿਰਪੱਖ ਹੋ ਕੇ ਖੋਜਿਆ ਹੈ ਇਸ ਨਤੀਜੇ ਤੇ ਪੁਜਾ ਹੈ ਕਿ... ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਛਕਣੇ ਤੇ ਪੰਜਾਂ ਪਿਆਰਿਆਂ ਨੂੰ ਗੁਰੂ ਮੰਨ ਕੇ ਆਪ ਉਹਨਾਂ ਦਾ ਚੇਲਾ ਬਣਨਾ ਇਹ ਬਾਅਦ ਵਿਚ ਹੀ ਪਰਚੱਲਤ ਕੀਤੀ ਹੋਈ ਕਹਾਣੀ ਹੈ। (ਪੁਰਖ ਗੁਰੂ, ਪੰਨਾ ੧੪)

..............ਗ੍ਰੰਥ ਗੁਰੂ ਦੇ ਹੱਕ ਵਿਚ ਪ੍ਰਾਪੇਗੰਡਾ ਕਰਨ ਵਾਲੇ ਟੋਲੇ ਦੇ ਲੀਡਰ ਜਾਂ ਮੁਹਰੀ ਹਨ ਡਾ.ਗੰਡਾ ਸਿੰਘ ਐਮ. ਏ., ਪੀ. ਐਚ. ਡੀ., ਡੀ. ਲਿਟ. ਪਟਿਆਲਾ। (ਪੰਨਾ ੫੧)

..............ਪਾਠਕ ਜਾਣ ਗਏ ਹੋਣਗੇ ਕਿ ਇਸ ਸਿਧਾਂਤ ਤੇ ਪ੍ਰਚਾਰ ਕਰਨ ਵਿਚ ਡਾ. ਗੰਡਾ ਸਿੰਘ ਜੀ ਆਪਣੇ ਪਿਛਲੱਗੂਆਂ ਨੂੰ ਕਿਹੋ ਜਿਹੀ ਅਗਵਾਈ ਦੇ ਰਹੇ ਹਨ। (ਪੰਨਾ ੧੨੬)

...............ਪਰ ਡਾ. ਗੰਡਾ ਸਿੰਘ ਜੀ ਤੇ ਉਨ੍ਹਾਂ ਦੇ ਪਿਛਲੱਗੂਆਂ ਦੇ "ਬੰਦਾ ਸਿੰਘ" ਹੀ ਚਾਲੂ ਕਰ ਦਿੱਤਾ ਹੈ। ਪ੍ਰਾਚੀਨ ਇਤਿਹਾਸ ਤਾਂ ਇਹ ਦੱਸਦਾ ਹੈ ਕਿ ਉਹ ਸਿੰਘ ਸਜਿਆ ਹੀ ਨਹੀਂ ਸੀ ਤੇ ਉਹ ਹਿੰਦੂ ਬੈਰਾਗੀ ਹੀ ਸੀ ਅਤੇ ਪੱਕਾ ਵੈਸ਼ਨਵ ਸੀ। (ਪੰਨਾ ੨੧੨)

ਭਾਵੇਂ ਕਿ ਬਾਬਾ ਰਾਮ ਸਿੰਘ ਨੇ ਗੁਰੂ ਦਸਮ ਪਿਤਾ ਦੇ ਲਾਡਲੇ ਸਪੂਤਾਂ ਵਾਂਗ ਜ਼ੁਲਮ ਵਿਰੁੱਧ ਸੰਘਰਸ਼ ਅਰੰਭਿਆ ਅਤੇ ਅਨੇਕਾਂ ਕਸ਼ਟ ਸਹਿੰਦਿਆਂ ਹੋਇਆਂ ਪ੍ਰਾਣ ਤਿਆਗੇ, ਆਜ਼ਾਦੀ ਲਹਿਰ ਵਿਚ ਸਰਗਰਮੀ ਨਾਲ ਹਿੱਸਾ ਲਿਆ। ਪੰਥ ਵਿਚ ਆਈਆਂ ਕੁਰੀਤੀਆਂ ਨੂੰ ਦੂਰ ਕਰਨ ਲਈ ਯਤਨ ਕੀਤੇ ਜਿਨ੍ਹਾਂ ਦੀ ਕੁਰਬਾਨੀ ਉਪਰ ਪੰਥ ਨੂੰ ਮਾਣ ਹੈ, ਬਾਬਾ ਰਾਮ ਸਿੰਘ ਆਪਣੇ ਆਪ ਨੂੰ ਗੁਰੂ ਪੰਥ ਦਾ ਦਾਸ ਹੀ ਸਮਝਦੇ ਰਹੇ ਪਰ ਉਹਨਾਂ ਨੂੰ ਦੇਹਧਾਰੀ ਗੁਰੂ ਡੰਮ ਦੇ ਨਾਲ ਜੋੜ ਕੇ ਗੁਰੂ ਪੰਥ ਤੋਂ ਅਲਹਿਦਾ ਵੱਖਰੇ ਮੱਤ ਦੇ ਧਾਰਨੀ ਪ੍ਰਚਾਰਿਆ ਜਾ ਰਿਹਾ ਹੈ।

ਨਾਮਧਾਰੀ ਵੀਰਾਂ ਨੂੰ ਸ਼ਖਸੀ ਪੂਜਾ ਦਾ ਤਿਆਗ ਕਰਕੇ 'ਸ਼ਬਦ ਗੁਰੂ' ਦੇ ਲੜ ਲੱਗਣਾ ਚਾਹੀਦਾ ਹੈ ਅਤੇ ਦਸਮ ਪਿਤਾ ਦੇ ਮਹਾਨ ਮੁਖਵਾਕ ਗੁਰੂ ਪੰਥ ਅਤੇ ਗੁਰੂ ਗ੍ਰੰਥ ਦੇ ਸਿਧਾਂਤ ਨੂੰ ਹਿਰਦੇ ਵਿੱਚ ਵਸਾ ਕੇ ਗੁਰੂ ਪੰਥ ਦਾ ਅੰਗ ਬਣਨਾ ਚਾਹੀਦਾ ਹੈ।

---

1. ਰਾਸ਼ਟਰ ਧਰਮ ਖ਼ਾਲਸਾ ਸਾਜਨਾ ਵਿਸ਼ੇਸ਼ ਅੰਕ ਅਪ੍ਰੈਲ 1999, ਪੰਨਾ 19
2. ਮਾਸਿਕ ਸੰਤ ਸਿਪਾਹੀ
3. ਕੂਕਿਆਂ ਦੀ ਵਿਥਿਆ ਪੰਨਾ 40-41, ਸੰਸਕਰਣ : 2000, ਲੇਖਕ: ਡਾ: ਗੰਡਾ ਸਿੰਘ, ਪ੍ਰਕਾਸ਼ਕ: ਪੰਜਾਬੀ ਯੂਨੀਵਰਸਿਟੀ, ਪਟਿਆਲਾ
4. ਸ਼ਬਦ ਗੁਰੂ ਤੇ ਦੇਹਧਾਰੀ ਗੁਰੂ ਡੰਮ, ਪੰਨਾ 46, ਪ੍ਰਕਾਸ਼ਕ : ਸਿੱਖ ਮਿਸ਼ਨਰੀ ਕਾਲਜ ਲੁਧਿਆਣਾ
5. ਗੁਰੂ ਕੀਆਂ ਸਾਖੀਆਂ, ਪੰਨਾ 17, ਸੰਸਕਰਣ : 1995, ਸੰਪਾਦਕ : ਪਿਆਰਾ ਸਿੰਘ ਪਦਮ, ਪ੍ਰਕਾਸ਼ਕ: ਸਿੰਘ ਬ੍ਰਦਰਜ਼ ਅੰਮ੍ਰਿਤਸਰ
6. ਸ਼ਬਦ ਗੁਰੂ ਤੇ ਦੇਹਧਾਰੀ ਗੁਰੂ ਡੰਮ, ਪੰਨਾ 46, ਪ੍ਰਕਾਸ਼ਕ : ਸਿੱਖ ਮਿਸ਼ਨਰੀ ਕਾਲਜ ਲੁਧਿਆਣਾ
7. ਕਬਿੱਤ ਭਾਈ ਗੁਰਦਾਸ ਜੀ, 553
8. ਪੁਰਖ ਗੁਰੂ, ਲੇਖਕ : ਮਿਹਰ ਸਿੰਘ ਚਾਵਲਾ, ਪ੍ਰਕਾਸ਼ਕ: ਸਰਬ ਹਿੰਦ ਨਾਮਧਾਰੀ ਦਰਬਾਰ ਭੈਣੀ ਸਾਹਿਬ

# ਸੰਘ ਵਲੋਂ ਟਰੰਪ ਦੇ ਹਵਾਲਿਆਂ ਦੀ ਵਰਤੋਂ ਕਿਉਂ ?

ਜ਼ਾਤ ਵਰਨ ਮਿਟਾਉਣ ਦੇ ਨਕਾਬ ਹੇਠ ਕੱਟੜਵਾਦੀ ਹਿੰਦੂ ਜਥੇਬੰਦੀ ਆਰ.ਐਸ.ਐਸ. ਵੱਲੋਂ ਸਿੱਖ ਧਰਮ ਉਪਰ ਬੌਧਿਕ ਪੱਧਰ ਤੇ ਹਮਲਾ ਕੀਤਾ ਜਾ ਰਿਹਾ ਹੈ, ਤਾਂ ਜੋ ਖ਼ਾਲਸੇ ਦੀ ਵਿਲੱਖਣ ਹਸਤੀ ਮਿੱਟ ਜਾਵੇ। ਇਨ੍ਹਾਂ ਅਖੌਤੀ ਰਾਸ਼ਟਰਵਾਦੀਆਂ ਵਲੋਂ ਆਪਣੀਆਂ ਰਚਨਾਵਾਂ ਵਿਚ ਅੰਗਰੇਜ਼ 'ਵਿਦਵਾਨ' ਟਰੰਪ ਦੀ ਸਲਾਹੁਤਾ ਕੀਤੀ ਜਾਂਦੀ ਹੈ ਜਿਹੜੇ ਸਿੱਖਾਂ ਨੂੰ ਹਿੰਦੂ ਧਰਮ ਦਾ ਇਕ ਅੰਗ ਮੰਨਦੇ ਹਨ। ਇਸ ਦੇ ਉਲਟ ਜਿਹੜੇ ਸਿੱਖ ਪੰਥ ਨੂੰ ਇਕ ਨਿਆਰੀ ਅਤੇ ਵੱਖਰੀ ਕੌਮ ਮੰਨਦੇ ਹਨ (ਭਾਈ ਵੀਰ ਸਿੰਘ, ਕਾਹਨ ਸਿੰਘ ਨਾਭਾ ਆਦਿ) ਨੂੰ ਦੁਰਾਚਾਰੀ ਲਿਖਿਆ ਜਾ ਰਿਹਾ ਹੈ।

(ਵੇਖੋ ਮਾਸਿਕ ਪੱਤਰ ਰਵਾਨੀ, ਅਪ੍ਰੈਲ ੧੯੯੮, ਪੰਨਾ ੧੦.)[1]

ਗੁਰੂ ਪਾਤਸ਼ਾਹ ਨੇ ਸਿੱਖੀ ਦੇ ਮਾਰਗ ਨੂੰ ਨਿਰਮਲ ਮਾਰਗ ਦੱਸਿਆ ਹੈ, ਗੁਰੂ ਪਾਤਸ਼ਾਹ ਵੱਲੋਂ ਬਖਸ਼ਿਸ਼ ਕੀਤੇ ਗਏ ਗੁਰਮਤਿ ਸਿਧਾਂਤ ਸਿੱਖ ਧਰਮ ਦੇ ਧਾਰਨੀਆਂ ਦੀ ਜੀਵਨ ਜੁਗਤ ਹਨ। ਸਿੱਖ ਧਰਮ ਜਿਥੇ ਆਪਣੇ ਬੇਮਿਸਾਲ ਕੁਰਬਾਨੀਆਂ ਭਰੇ ਇਤਿਹਾਸ ਸਦਕਾ ਸੰਸਾਰ ਦੇ ਹੋਰਨਾਂ ਮੱਤਾਂ ਤੋਂ ਵਿਲੱਖਣ ਹੈ ਉਥੇ ਖ਼ਾਲਸੇ ਦੀ ਵਿਲੱਖਣ ਹਸਤੀ ਹੀ ਪੰਥ ਵਿਰੋਧੀਆਂ ਦੀਆਂ ਅੱਖਾਂ ਵਿੱਚ ਹਮੇਸ਼ਾ ਰੜਕਦੀ ਰਹੀ ਹੈ। ਖ਼ਾਲਸਾ ਕਿਸੇ ਦਾ ਬੁਰਾ ਨਹੀਂ ਚਿਤਵਦਾ ਪਰੰਤੂ ਆਪਣੇ ਧਾਰਮਿਕ ਸਿਧਾਂਤਾਂ, ਗੁਰ ਇਤਿਹਾਸ ਉਪਰ ਹੋਏ ਹਮਲਿਆਂ ਨੂੰ ਪਛਾੜਨ ਦਾ ਬਲ ਰੱਖਦਾ ਹੈ।

ਹਿੰਦੁਸਤਾਨ ਦੀ ਅਜੋਕੀ ਸੰਸਕ੍ਰਿਤੀ ਅਤੇ ਅਜੋਕਾ ਨਕਸ਼ਾ ਖ਼ਾਲਸਾ ਪੰਥ ਦੀਆਂ ਅਥਾਹ ਕੁਰਬਾਨੀਆਂ ਦੀ ਦੇਣ ਹੈ। ਅਹਿਮਦਸ਼ਾਹ, ਨਾਦਰਸ਼ਾਹ, ਮੀਰ ਮਨੂੰ, ਜ਼ਕਰੀਆ ਖ਼ਾਨ, ਜਸਪਤ ਰਾਏ, ਲਖਪਤ ਰਾਏ ਵਰਗੇ ਖ਼ਾਲਸੇ ਦੀ ਹਸਤੀ ਨੂੰ ਮਿਟਾਉਣ ਦੇ ਖ਼ਾਬ ਸੀਨੇ ਵਿਚ ਹੀ ਲੈ ਕੇ ਜਾਂ ਤਾਂ ਦਫ਼ਨ ਹੋ ਗਏ ਜਾਂ 'ਬੈਸੰਤਰ ਦੇਵਤਾ' ਦੀ ਭੇਟ ਚੜ੍ਹ ਗਏ, ਪਰੰਤੂ ਗੁਰੂ ਦਾ ਖ਼ਾਲਸਾ ਹਰੇਕ ਮੁਸ਼ਕਿਲ ਵਿਚੋਂ ਸੁਰਖ਼ਰੂ ਹੋ ਕੇ ਨਿੱਤਰਿਆ। ਗੁਰੂ ਦੀ ਮੰਗ ਤੇ ਸੀਸ ਭੇਟ ਕਰਨ ਵਾਲੇ ਖ਼ਾਲਸੇ ਦਾ, ਧਰਮ ਦਾ ਰਾਜ ਅਤੇ ਸਵੈਮਾਨ, ਗੈਰਤ, ਅਣਖ ਦੀ ਰਾਖੀ ਕਰਦਿਆਂ ਖ਼ੂਨ ਡੋਲ੍ਹਣ ਵਾਲੇ ਖ਼ਾਲਸੇ ਦਾ, ਐਸ਼ੋ ਇਸ਼ਰਤ ਵਿਚ ਗ਼ਲਤਾਨ ਅਤੇ ਧਰਮ ਤੋਂ ਹੀਣੇ ਲੋਕ ਕੀ ਵਿਗਾੜ ਸਕਦੇ ਸਨ। ਜਦੋਂ ਸਿੱਧੇ ਹਮਲੇ, ਵਿਸਾਹਘਾਤਾਂ ਜਿਹੀਆਂ ਚਾਲਾਂ ਅਦੁੱਤੀ ਵਿਰਸੇ ਦੇ ਵਾਰਿਸ ਖ਼ਾਲਸੇ ਦਾ ਕੁਝ ਨਾ ਵਿਗਾੜ ਸਕੀਆਂ ਤਾਂ ਪੰਥ ਦੋਖੀਆਂ ਨੇ ਬੌਧਿਕ ਪੱਧਰ ਉਪਰ ਹਮਲਿਆਂ ਦਾ ਸਿਲਸਿਲਾ ਸ਼ੁਰੂ ਕੀਤਾ, ਤਾਂ ਜੋ ਖ਼ਾਲਸਾ ਪੰਥ ਦੇ ਗੌਰਵਮਈ ਵਿਰਸੇ ਦੇ ਅਦੁੱਤੀ ਕਾਰਨਾਮੇ ਜੋ ਕਾਗਜ਼ ਦੀ ਛਾਤੀ

ਤੇ ਖੂਨ ਨਾਲ ਲਿਖੇ ਗਏ ਹਨ, ਉਹਨਾਂ ਵਿੱਚ ਮਿਲਾਵਟ ਕਰਕੇ ਉਹਨਾਂ ਨੂੰ ਆਪਣਾ ਨਿਸ਼ਾਨਾ ਬਣਾਇਆ ਜਾ ਸਕੇ, ਗੁਰ ਇਤਿਹਾਸ ਪ੍ਰਤੀ 'ਖੋਜਾਂ' ਦੇ ਨਾਮ ਹੇਠ ਗੁਰ ਇਤਿਹਾਸ ਨੂੰ ਵਿਗਾੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ 'ਧੁਰ ਕੀ ਬਾਣੀ' ਪ੍ਰਤੀ ਕਈ ਤਰ੍ਹਾਂ ਦੇ ਸ਼ੰਕੇ ਪ੍ਰਗਟ ਕੀਤੇ ਜਾ ਰਹੇ ਹਨ।

ਪੰਥ ਦੋਖੀਆਂ ਵਲੋਂ ਗੁਰ ਇਤਿਹਾਸ ਨੂੰ ਵਿਗਾੜਨ ਅਤੇ ਕਰਮ-ਕਾਂਡਾਂ ਨਾਲ ਪ੍ਰਭਾਵਿਤ ਦਰਸਾਉਣ ਦਾ ਸਿਲਸਿਲਾ ਤਕਰੀਬਨ ਅਠਾਰ੍ਹਵੀਂ ਸਦੀ ਤੋਂ ਸ਼ੁਰੂ ਹੋ ਗਿਆ ਅਤੇ ਬਦਸਤੂਰ ਅੱਜ ਤੱਕ ਜਾਰੀ ਹੈ। ਅੱਜ ਵੀ ਕਈ ਅਜਿਹੇ ਅਖੌਤੀ ਵਿਦਵਾਨ ਅਤੇ ਜਥੇਬੰਦੀਆਂ ਸਰਗਰਮ ਹਨ ਜਿਨ੍ਹਾਂ ਦਾ ਮਕਸਦ ਕੇਵਲ ਖ਼ਾਲਸੇ ਦੇ ਰਵਾਇਤੀ ਗੌਰਵਮਈ ਵਿਰਸੇ ਅਤੇ ਗੁਰ ਇਤਹਾਸ ਨੂੰ ਖੋਰਾ ਲਗਾਉਣਾ ਹੈ। ਆਰ.ਐਸ.ਐਸ ਅਤੇ ਇਸਦੀ ਅਖੌਤੀ 'ਪੰਥ ਪ੍ਰਸਤ' ਸ਼ਾਖਾ ਰਾਸ਼ਟਰੀ ਸਿੱਖ ਸੰਗਤ (R.S.S) ਇਹਨਾਂ ਵਿਚੋਂ ਪ੍ਰਮੁੱਖ ਹੈ। ਇਨ੍ਹਾਂ ਵਲੋਂ ਪ੍ਰਕਾਸ਼ਿਤ ਕਿਤਾਬਚਿਆਂ, ਟ੍ਰੈਕਟਾਂ ਅਤੇ ਮਾਸਿਕ ਪੱਤਰਕਾਵਾਂ (ਰਵਾਨੀ, ਸੰਗਤ ਸੰਦੇਸ਼) ਆਦਿ ਵਿਚ ਅਜਿਹੀਆਂ ਹੀ ਕੂਟਨੀਤਕ ਚਾਲਾਂ ਦੀ ਭਰਮਾਰ ਹੁੰਦੀ ਹੈ। ਇਸ ਸੰਸਥਾ ਨਾਲ ਸੰਬੰਧਿਤ ਵਿੱਚ 'ਅਖੌਤੀ ਸਿੱਖ' ਭਾਵੇਂ ਕਿ ਬਾਹਰੀ ਪਹਿਰਾਵੇ ਅਤੇ ਸਾਬਤ ਸੂਰਤ ਤੋਂ ਆਪਣੇ ਸੁਹਿਰਦ ਸਿੱਖ ਹੋਣ ਦਾ ਵਿਖਾਵਾ ਕਰਦੇ ਹਨ ਪਰ ਮਾਨਸਿਕ ਸੱਤਾ ਉਪਰ ਪੂਰੀ ਤਰ੍ਹਾਂ ਹਿੰਦੂਤਵ ਛਾਇਆ ਹੋਇਆ ਹੈ, ਨਿਆਰੇ ਖ਼ਾਲਸੇ ਦੇ ਤੀਸਰ ਮਜ਼ਹਬ ਦੇ ਸੰਕਲਪ ਤੋਂ ਕੋਹਾਂ ਦੂਰ ਹਨ ਅਤੇ ਆਪਣੇ ਆਪ ਨੂੰ ਸਿੱਖ ਹੋਣ ਤੋਂ ਪਹਿਲਾਂ ਨਿਰੋਲ ਹਿੰਦੂ ਹੋਣ ਦਾ ਸੰਕਲਪ ਪੂਰਨ ਤੌਰ ਤੇ ਦਿਮਾਗ ਅੰਦਰ ਵਸਾਈ ਬੈਠੇ ਹਨ। ਪੂਰੀ ਤਰ੍ਹਾਂ ਨਾਲ 'ਬਿਪਰਨ ਦੀ ਰੀਤ' ਦੇ ਧਾਰਨੀ ਹੋ ਚੁਕੇ ਹਨ ਅਤੇ ਗੁਰੂ ਦੀ ਪਰਤੀਤ ਤੋਂ ਨਿਖੜ ਚੁੱਕੇ ਹਨ। ਭਰਮ ਭੇਖ ਤੋਂ ਰਹਿਤ ਹੋਣ ਦੀ ਬਜਾਏ ਕਰਮ-ਕਾਂਡਾਂ ਦੇ ਸ਼ਿਕਾਰ ਹੋ ਚੁੱਕੇ ਹਨ ਅਤੇ ਗੁਰੂ ਜੀ ਦਾ ਇਹ ਬਚਨ ਵਿਸਾਰ ਚੁੱਕੇ ਹਨ ਕਿ :

*ਭਰਮ ਭੇਖ ਤੇ ਰਹੇ ਨਿਆਰਾ॥ ਸੋ ਖ਼ਾਲਸ ਸਤਿਗੁਰੂ ਹਮਾਰਾ॥*

ਸਿੱਖ ਸਰੂਪ ਵਿੱਚ ਇਨ੍ਹਾਂ ਬਹੁਰੂਪੀਆਂ ਵਲੋਂ ਪ੍ਰਕਾਸ਼ਿਤ ਰਚਨਾਵਾਂ ਵਿੱਚ ਭਾਸ਼ਾ ਵਿਗਿਆਨੀ (Ernest Trumpp) ਐਰਨਸਟ ਟਰੰਪ ਜੋ ਕਿ ਜਰਮਨ ਦਾ ਵਸਨੀਕ ਸੀ, ਦੇ ਹਵਾਲੇ ਦੇ ਕੇ ਇਹ ਸਿੱਧ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ ਕਿ ਸਿੱਖ ਹਿੰਦੂ ਹਨ, ਅਤੇ ਵਕਤੀ ਜ਼ਰੂਰਤ ਸਦਕਾ ਇਹ ਸ਼ਸ਼ਤਰਧਾਰੀ ਸ਼ਾਖਾ ਦੇ ਤੌਰ ਤੇ ਹਿੰਦੂ ਧਰਮ ਦੀ ਰੱਖਿਆ ਵਾਸਤੇ ਤਿਆਰ ਕੀਤੇ ਗਏ ਸਨ, ਸੋ ਹੁਣ ਇਨ੍ਹਾਂ ਦੀ ਕੋਈ ਜ਼ਰੂਰਤ ਨਹੀਂ, ਕਿਉਂਕਿ ਹੁਣ ਹਿੰਦੂ ਕੌਮ ਨੂੰ ਕਿਸੇ ਕਿਸਮ ਦਾ ਖਤਰਾ ਨਹੀਂ ਅਤੇ ਰਾਜਨੀਤਕ ਸੱਤਾ ਪ੍ਰਾਪਤੀ ਸਦਕਾ ਆਪਣੀ ਰੱਖਿਆ ਕਰਨ ਦੇ ਸਮਰੱਥ ਹੈ। ਡਾ: ਹਰਜਿੰਦਰ ਸਿੰਘ 'ਦਿਲਗੀਰ' ਨੇ ਆਪਣੀ ਰਚਿਤ ਪੁਸਤਕ 'ਸਿੱਖ ਕੌਣ ਹਨ' (Who are the Sikhs) ਵਿਚ ਇਸ ਨੂੰ ਪ੍ਰਮੁੱਖ ਸਿੱਖ ਵਿਰੋਧੀ ਲੇਖਕ ਦੇ ਤੌਰ ਤੇ ਅੰਕਿਤ ਕੀਤਾ ਹੈ।

ਐਰਨਸਟ ਟਰੰਪ ਜਿਸ ਵੇਲੇ 1870 ਈ: ਵਿਚ ਪੰਜਾਬ ਆਇਆ ਸਿੱਖ ਕੌਮ ਮਾਨਸਿਕ ਤੌਰ ਤੇ ਦੁਬਿਧਾ ਦਾ ਸ਼ਿਕਾਰ ਸੀ। ਗ਼ੈਰ-ਸਿਖਾਂ ਦੀ ਗਦਾਰੀ ਸਦਕਾ ਖ਼ੂਨ ਨਾਲ ਸਿੰਝ ਕੇ ਜੋਬਨ ਤੇ ਕੀਤਾ ਸਿੱਖ ਰਾਜ ਦਾ ਬੂਟਾ ਹੱਥੋਂ ਖੁਸ ਚੁੱਕਾ ਸੀ। ਕੁਝ ਵਿਦਵਾਨ ਜੋ ਪੰਥ ਪ੍ਰਤੀ ਸੁਹਿਰਦ ਰਵੱਈਆ

ਰੱਖਦੇ ਸਨ, ਦਾ ਵਿਚਾਰ ਸੀ ਕਿ ਜੇਕਰ ਸਿੱਖ ਮਹਾਰਾਜਾ ਗੈਰ ਸਿੱਖਾਂ ਨੂੰ ਰਾਜਨੀਤਕ ਪਦਵੀਆਂ ਵਿੱਚ ਦੇਣਾ ਭਾਗੀਦਾਰ ਨਾ ਬਣਾਉਂਦਾ ਤਾਂ ਸ਼ਾਇਦ ਅੱਜ ਤੱਕ ਖ਼ਾਲਸਾ ਰਾਜ ਇਕ ਵੱਖਰੇ ਸਿੱਖ ਹੋਮਲੈਂਡ ਵਾਂਗ ਸੰਸਾਰ ਦੇ ਨਕਸ਼ੇ ਉਪਰ ਹੁੰਦਾ, ਪਰ ਮਹਾਰਾਜੇ ਦੀ ਉਦਾਰਵਾਦੀ ਨੀਤੀ ਸਦਕਾ ਖ਼ਾਲਸਾ ਰਾਜ ਡੋਗਰਿਆਂ ਅਤੇ ਗੈਰ-ਸਿੱਖਾਂ ਦੀਆਂ ਕੂਟਨੀਤਕ ਚਾਲਾਂ ਦੀ ਭੇਂਟ ਚੜ੍ਹ ਗਿਆ। ਅੰਗਰੇਜ਼ਾਂ ਨਾਲ ਸ਼ਾਮ ਸਿੰਘ ਅਟਾਰੀ ਦੀ ਕਮਾਂਡ ਹੇਠ ਖ਼ਾਲਸਾ ਫ਼ੌਜ ਵਲੋਂ ਲੜੀ ਲੜਾਈ ਤੇਜਾ ਸਿੰਹੁ ਤੇ ਲਾਲ ਸਿੰਹੁ ਦੀ ਗਦਾਰੀ ਸਦਕਾ ਹਾਰ ਦੀ ਗਾਥਾ ਬਣ ਚੁਕੀ ਸੀ ਅਤੇ ਅੰਗਰੇਜ਼ ਅਫ਼ਸਰ ਖ਼ੁਦ ਇਸ ਗੱਲ ਨੂੰ ਸਵੀਕਾਰ ਕਰਦੇ ਸਨ ਕਿ ਜੇ ਖ਼ਾਲਸਾ ਫ਼ੌਜਾਂ ਅੰਦਰ ਅੰਦਰੂਨੀ ਗਦਾਰੀ ਨਾ ਹੁੰਦੀ ਤਾਂ ਅੰਗਰੇਜ਼ ਫ਼ੌਜਾਂ ਮੈਦਾਨ ਛੱਡਣ ਦੀ ਤਿਆਰੀ ਕਰ ਚੁਕੀਆਂ ਸਨ।

ਜਿਥੇ ਰਾਜਨੀਤਕ ਤੌਰ ਤੇ ਖ਼ਾਲਸਾ ਅੰਗਰੇਜ਼ੀ ਰਾਜ ਦਾ ਗੁਲਾਮ ਹੋ ਚੁੱਕਾ ਸੀ, ਭਾਈ ਮਹਿਰਾਜ ਸਿੰਘ ਅਤੇ ਅਟਾਰੀ ਵਾਲੇ ਸਰਦਾਰਾਂ ਦੇ ਵੰਸ਼ਜਾਂ ਵਲੋਂ ਕੀਤੀਆਂ ਆਜ਼ਾਦੀ ਦੀਆਂ ਕੋਸ਼ਿਸ਼ਾਂ ਗਦਾਰੀ ਸਦਕਾ ਨਾਕਾਮ ਹੋ ਚੁੱਕੀਆਂ ਸਨ ਉਥੇ ਪੰਥ ਵਿਰੋਧੀਆਂ ਵਲੋਂ ਧਾਰਮਿਕ ਤੌਰ ਤੇ ਹਮਲਿਆਂ ਦੀ ਸ਼ੁਰੂਆਤ ਸਰਗਰਮੀ ਨਾਲ ਹੋ ਚੁੱਕੀ ਸੀ। ਭਾਵੇਂ ਕਿ ਅੰਗਰੇਜ਼ ਹਾਕਮ ਖ਼ੁਦ ਸਿੱਖ ਕੌਮ ਨੂੰ ਇਕ ਵੱਖਰੀ ਕੌਮ ਵੱਜੋਂ ਮਾਨਤਾ ਦਿੰਦੇ ਸਨ ਪਰ ਹਿੰਦੂਵਾਦੀ ਲੋਕ ਸਿੱਖਾਂ ਨੂੰ ਹਿੰਦੂ ਸਾਬਤ ਕਰਨ ਲਈ ਸਿਰਤੋੜ ਯਤਨ ਕਰ ਰਹੇ ਸਨ।

ਸਿੱਖ ਮਾਨਸਿਕ ਤੌਰ ਤੇ ਦੁਬਿਧਾ ਦੇ ਸ਼ਿਕਾਰ ਸਨ, ਕਿਉਂਕਿ ਕਈ ਸਿੱਖ ਵੀ ਆਪਣੇ ਆਪ ਨੂੰ ਹਿੰਦੂ ਧਰਮ ਦਾ ਹਿੱਸਾ ਹੋਣ ਦਾ ਪ੍ਰਚਾਰ ਕਰ ਰਹੇ ਸਨ। ਬਿਪਰ ਧਰਮੀਆਂ ਵਲੋਂ ਦਿਨ-ਬ-ਦਿਨ ਸਰਗਰਮੀ ਨਾਲ ਇਹ ਪ੍ਰਚਾਰ ਕੀਤਾ ਜਾ ਰਿਹਾ ਸੀ ਕਿ ਖ਼ਾਲਸਾ ਹਿੰਦੂ ਧਰਮ ਦਾ ਅਟੁੱਟ ਅੰਗ ਹੈ, ਇਸ ਨੂੰ ਕਰਮ-ਕਾਂਡਾਂ, ਦੇਵੀ ਪੂਜਾ, ਬੁੱਤਪੂਜਾ ਆਦਿ ਤੋਂ ਮੁਕਤ ਕਰਕੇ ਸਿਰਫ਼ ਤੇ ਸਿਰਫ਼ ਹਿੰਦੂ ਧਰਮ ਦੀ ਰੱਖਿਆ ਵਾਸਤੇ ਥਾਪਿਆ ਗਿਆ ਹੈ। ਸੰਤ ਨਿਹਾਲ ਸਿੰਘ ਵਰਗੇ ਅਖੌਤੀ ਸਿੱਖ ਤਾਂ ਇਥੋਂ ਤੱਕ ਪ੍ਰਚਾਰ ਕਰ ਰਹੇ ਸਨ ਕਿ ਹੁਣ ਖ਼ਾਲਸਾ ਪੰਥ ਦੀ ਕੋਈ ਜ਼ਰੂਰਤ ਨਹੀਂ, ਕਿਉਂਕਿ ਹੁਣ ਹਿੰਦੂ ਧਰਮ ਨੂੰ ਕਿਸੇ ਕਿਸਮ ਦਾ ਕੋਈ ਖ਼ਤਰਾ ਨਹੀਂ ਹੈ।

ਸੰਨ 1870 ਵਿੱਚ ਇੰਡੀਆ ਔਫਿਸ (INDIA OFFICE) ਵਲੋਂ ਡਾ. ਐਰਨਸਟ ਟਰੰਪ (DR. ERNEST TRUMPP.) ਜੋ ਭਾਸ਼ਾ ਵਿਗਿਆਨੀ ਸੀ ਅਤੇ ਜਰਮਨ ਦਾ ਮੂਲ ਵਸਨੀਕ ਸੀ, ਨੂੰ ਗੁਰੂ ਗ੍ਰੰਥ ਸਾਹਿਬ ਦਾ ਅਨੁਵਾਦ ਕਰਨ ਵਾਸਤੇ ਨਿਯੁਕਤ ਕੀਤਾ ਗਿਆ। ਜਿਸ ਵੇਲੇ ਇਹ ਭਾਸ਼ਾ ਵਿਗਿਆਨੀ ਲਾਹੌਰ ਪਹੁੰਚਿਆ ਇਸ ਨੇ ਵੇਖਿਆ ਕਿ ਸਿੱਖ ਧਰਮ ਸਵੈ ਵਿਰੋਧੀ ਭਾਵਨਾਵਾਂ ਦਾ ਸ਼ਿਕਾਰ ਹੈ, ਸਿੱਖ ਧਰਮ ਦੇ ਜ਼ਿਆਦਾਤਰ ਪ੍ਰਚਾਰਕਾਂ ਉਪਰ ਵੀ ਬ੍ਰਾਹਮਣਵਾਦੀ ਕਰਮ ਕਾਂਡ ਹਾਵੀ ਹੋ ਚੁੱਕੇ ਹਨ ਅਤੇ ਉਸਦਾ ਅਨੁਵਾਦ ਵਿੱਚ ਮਦਦ ਕਰਨ ਤੋਂ ਅਸਮਰੱਥ ਹਨ। ਉਹ ਲਾਹੌਰ ਤੋਂ ਅੰਮ੍ਰਿਤਸਰ ਹਰਿਮੰਦਰ ਸਾਹਿਬ ਪਹੁੰਚਿਆ ਅਤੇ ਪ੍ਰਬੰਧਕਾਂ ਨੂੰ ਮਿਲ ਕੇ ਅਨੁਵਾਦ ਵਿੱਚ ਸਹਾਇਤਾ ਕਰਨ ਦੀ ਬੇਨਤੀ ਕੀਤੀ। ਪ੍ਰਬੰਧਕਾਂ ਨੇ ਖਿੜੇ ਮੱਥੇ ਪ੍ਰਵਾਨ ਕੀਤਾ, ਪਰੰਤੂ ਉਸ ਸਮੇਂ ਹਲਾਤ ਬਦਲ ਗਏ ਜਦੋਂ ਅਨੁਵਾਦ ਕਾਰਜ ਕਰਦਿਆਂ ਹੋਇਆਂ ਉਸਨੇ ਸਿਗਾਰ (ਤੰਮਾਕੂ ਦੀ ਚਿਲਮ) ਦਾ ਇਸਤੇਮਾਲ ਕੀਤਾ ਅਤੇ ਗੁਰੂ ਸਰੂਪ ਉਪਰ ਧੂੰਆਂ ਛੱਡਿਆ।

ਸੁਹਿਰਦ ਸਿੱਖਾਂ ਨੇ ਉਸਦੀ ਇਸ ਕਰਤੂਤ ਦੀ ਡੱਟ ਕੇ ਵਿਰੋਧਤਾ ਕੀਤੀ ਕਿਉਂਕਿ ਉਸਨੇ ਗੁਰੂ ਸਰੂਪ ਦਾ ਅਨਾਦਰ ਕੀਤਾ ਸੀ, ਜਗਤ ਜੂਠ ਤੰਮਾਕੂ ਜੋ ਖ਼ਾਲਸੇ ਦੀ ਜੀਵਨ ਜਾਚ ਵਿੱਚ ਕੁਰਹਿਤ ਹੈ, ਦਾ ਇਸਤੇਮਾਲ ਸਿੱਖਾਂ ਦੇ ਇਸ਼ਟ ਦੀ ਹਜ਼ੂਰੀ ਵਿਚ ਕੀਤਾ ਸੀ। ਸਿੱਖਾਂ ਨੇ ਉਸਦੇ ਅਨੁਵਾਦ ਦਾ ਵਿਰੋਧ ਕੀਤਾ ਅਤੇ ਅਨੁਵਾਦ ਕਰਨ ਦੀ ਇਜਾਜ਼ਤ ਰੱਦ ਕਰ ਦਿੱਤੀ, ਪਰੰਤੂ ਇਸਾਈ ਮੱਤ ਦਾ ਪੁਰਾਣਾ ਪ੍ਰਚਾਰਕ, ਕੂਟਨੀਤਕ ਚਾਲਾਂ ਦਾ ਮਾਹਿਰ ਅਤੇ ਤਜਰਬੇਕਾਰ ਭਾਸ਼ਾ ਵਿਗਿਆਨੀ ਹੋਣ ਸਦਕਾ ਟਰੰਪ ਇਹ ਸਮਝਦਾ ਸੀ ਕਿ ਸ਼ਾਇਦ ਉਹ ਹੀ ਸਿੱਖਾਂ ਦੇ ਗੁਰੂ ਗ੍ਰੰਥ ਦਾ ਅਨੁਵਾਦ ਉੱਚ ਕੋਟੀ ਦਾ ਕਰ ਸਕਦਾ ਹੈ।

ਹਿੰਦੂਵਾਦੀ ਲੋਕ ਜੋ ਉਸ ਸਮੇਂ ਪੰਜਾਬ ਵਿੱਚ ਸਿੱਖਾਂ ਦੀ ਮਾਨਸਿਕ ਅਤੇ ਰਾਜਸੀ ਸਥਿਤੀ ਦਾ ਲਾਭ ਲੈਂਦਿਆਂ ਹੋਇਆਂ ਹਿੰਦੂਤਵ ਦਾ ਪ੍ਰਚਾਰ ਕਰ ਰਹੇ ਸਨ ਤਾਂ ਜੋ ਖ਼ਾਲਸਾ ਪੰਥ ਨੂੰ ਆਪਣੀ ਆਗੋਸ਼ ਵਿੱਚ ਸਦਾ ਲਈ ਲਿਆ ਜਾ ਸਕੇ। ਉਹਨਾਂ ਵਾਸਤੇ ਇਹ ਸੁਨਿਹਰੀ ਮੌਕਾ ਸੀ, ਕਿ ਟਰੰਪ ਜਿਸ ਤੋਂ ਸੁਹਿਰਦ ਸਿੱਖ ਨਿਰਾਸ਼ ਹੋ ਚੁਕੇ ਹਨ ਪਰ ਇੰਡੀਆ ਔਫ਼ਿਸ ਵਲੋਂ ਗੁਰੂ ਗ੍ਰੰਥ ਸਾਹਿਬ ਦੇ ਅਨੁਵਾਦ ਦੀ ਆਗਿਆ ਮਿਲੀ ਹੋਈ ਹੈ, ਕਿਉਂ ਨਾ ਇਸ ਕੋਲੋਂ ਮਨਮਰਜ਼ੀ ਸਹਿਤ ਵਿਆਖਿਆ ਕਰਵਾਈ ਜਾਵੇ। ਖ਼ਾਲਸਾ ਪੰਥ ਦੇ ਵਿਰੋਧੀਆਂ ਨੇ ਉਸਦਾ ਸਾਥ ਬੜੀ 'ਸੁਹਿਰਦਤਾ' ਨਾਲ ਦਿੱਤਾ। ਕੱਟੜਵਾਦੀ ਹਿੰਦੂਵਾਦੀ ਜਥੇਬੰਦੀਆਂ ਓਰੀਐਂਟਲ ਸੁਸਾਇਟੀ, (ORIENTAL SOCIETY) ਅਤੇ ਅੰਜੁਮਨ-ਏ-ਪੰਜਾਬ ਦੀ ਸਰਪ੍ਰਸਤੀ ਹੇਠ 18 ਮਹੀਨਿਆਂ ਦੇ ਸਮੇਂ ਉਪਰੰਤ ਮਿ: ਟਰੰਪ ਨੇ ਅਨੁਵਾਦ ਪ੍ਰਕਾਸ਼ਿਤ ਕੀਤਾ। ਜਿਸ ਵੇਲੇ ਇਹ 'ਵਿਦਵਾਨ' ਅਜੇ ਅਨੁਵਾਦ ਕਰ ਹੀ ਰਿਹਾ ਸੀ ਠੀਕ ਉਸ ਸਮੇਂ ਹੀ ਸਿੱਖ ਵਿਰੋਧੀਆਂ ਨੇ ਇਸ ਦੀ ਆੜ ਹੇਠ ਪੰਥ-ਵਿਰੋਧੀ ਪ੍ਰਚਾਰ ਪ੍ਰਚੰਡਤਾ ਨਾਲ ਆਰੰਭ ਕਰ ਦਿੱਤਾ। ਸ਼ਰਧਾ ਰਾਮ 'ਫ਼ਿਲੌਰੀ' ਵਰਗੇ ਅਖੌਤੀ ਪੰਜਾਬੀ ਹਿਤੈਸ਼ੀਆਂ ਨੇ ਗੁਰੂ ਸਹਿਬਾਨ ਪ੍ਰਤੀ ਘਟੀਆ ਸ਼ਬਦਾਵਲੀ ਸਟੇਜਾਂ ਉਪਰ ਵਰਤਣੀ ਆਰੰਭ ਕਰ ਦਿੱਤੀ। ਆਰੀਆ ਸਮਾਜੀਆਂ ਨੇ ਸੁਨਹਿਰੀ ਮੌਕਾ ਜਾਣ ਕੇ ਪਿੰਡ ਪਿੰਡ ਜਾ ਕੇ ਪ੍ਰਚਾਰ ਆਰੰਭਿਆ ਤਾਂ ਜੋ ਸਿੱਧ ਕੀਤਾ ਜਾ ਸਕੇ ਕਿ ਸਿੱਖ ਹਿੰਦੂ ਹਨ, ਗੁਰਬਾਣੀ ਵੇਦਾਂ ਦਾ ਸਾਰ ਹੈ, ਜਪੁਜੀ ਗੀਤਾ ਦਾ ਰੂਪ ਹੈ, ਅਤੇ ਗੁਰੂ ਸਹਿਬਾਨ ਅਨਪੜ੍ਹ ਵਿਅਕਤੀ ਸਨ।

ਟਰੰਪ ਦੇ ਇਸ ਸਿੱਖ ਵਿਰੋਧੀ ਅਨੁਵਾਦ ਨੇ ਜਿਹੜੀਆਂ ਘਾੜਤਾਂ ਘੜੀਆਂ ਉਸ ਨੂੰ ਅੱਜ ਵੀ ਪੰਥ ਵਿਰੋਧੀ ਹਵਾਲਿਆਂ ਦੇ ਤੌਰ ਤੇ ਵਰਤ ਰਹੇ ਹਨ। ਹੋਰ ਵੀ ਕਈ ਵਿਦੇਸ਼ੀ ਵਿਦਵਾਨਾਂ ਜਿਵੇਂ ਮੈਕਾਲਿਫ਼, ਅਰਨਾਲਡ ਟਿਆਨਬੀ, ਡੰਕਨ ਗ੍ਰੀਨਲੀਜ਼ ਆਦਿ ਨੇ ਗੁਰਬਾਣੀ ਦਾ ਅਨੁਵਾਦ ਕੀਤਾ ਅਤੇ ਇਕ ਚੰਗੇ ਵਿਦਵਾਨ ਹੋਣ ਦਾ ਸਬੂਤ ਦਿੰਦਿਆਂ ਸਿੱਖਾਂ ਦੇ ਗੁਰੂ ਗ੍ਰੰਥ ਸਾਹਿਬ ਪ੍ਰਤੀ ਸ਼ਰਧਾਵਾਨ ਹੋਣ ਦਾ ਪੂਰਨ ਖਿਆਲ ਰੱਖਿਆ। ਪਰੰਤੂ ਟਰੰਪ ਨੇ ਗੁਰੂ ਗ੍ਰੰਥ ਸਾਹਿਬ ਦਾ ਅਨੁਵਾਦ ਕਰਦਿਆਂ ਸਿੱਖਾਂ ਦੀਆਂ ਭਾਵਨਾਵਾਂ ਦਾ ਜ਼ਰਾ ਵੀ ਖਿਆਲ ਨਾ ਰੱਖਿਆ ਸਗੋਂ ਗੁਰੂ ਪਾਤਸ਼ਾਹ ਪ੍ਰਤੀ ਮੰਦੀ ਸ਼ਬਦਾਵਲੀ ਦੀ ਵਰਤੋਂ ਵੀ ਕੀਤੀ।

ਵਿਚਾਰ ਕਰਨ ਯੋਗ ਤੱਥ ਇਹ ਹੈ ਕਿ ਇਹਨਾਂ ਪ੍ਰਕਾਸ਼ਨਾਵਾਂ ਦੇ ਅਖੌਤੀ ਲੇਖਕ ਜੋ ਆਪਣੇ ਆਪ ਨੂੰ ਪੰਥਪ੍ਰਸਤ ਹੋਣ ਦਾ ਦਾਅਵਾ ਕਰਦੇ ਹਨ ਅਤੇ ਆਪਣੀਆਂ ਲਿਖਤਾਂ ਵਿਚ ਟਰੰਪ

ਦੁਆਰਾ ਰਚਿਤ ਕਿਤਾਬ The adi granth or The Holy scripture of the Sikhs ਵਿਚੋਂ ਹੀ ਕਿਉਂ ਹਵਾਲੇ ਦਿੰਦੇ ਹਨ ਜਦੋਂ ਕਿ ਮੈਕਾਲਿਫ਼, ਟਿਆਨਬੀ ਅਤੇ ਡੰਕਨ ਗ੍ਰੀਨਲੀਜ਼ ਜਿਨ੍ਹਾਂ ਨੇ ਸਿੱਖ ਭਾਵਨਾਵਾਂ ਦੀ ਕਦਰ ਕਰਦੇ ਹੋਏ ਗੁਰਬਾਣੀ ਅਨੁਵਾਦ ਕੀਤਾ ਉਨ੍ਹਾਂ ਨੂੰ ਕਿਉਂ ਭੰਡਦੇ ਹਨ? ਕਾਰਨ ਸਪੱਸ਼ਟ ਹੈ ਕਿ ਟਰੰਪ ਨੂੰ ਛੱਡ ਕੇ ਬਾਕੀ ਵਿਦਵਾਨਾਂ ਨੇ ਸਿੱਖਾਂ ਦੀ ਨਿਆਰੀ ਅਤੇ ਵੱਖਰੀ ਹਸਤੀ ਦੀ ਤਰਜਮਾਨੀ ਕੀਤੀ, ਜਦੋਂ ਕਿ ਡਾ. ਟਰੰਪ ਨੇ ਸਿੱਖ ਸਿਧਾਂਤਾਂ ਨੂੰ ਛਿੱਕੇ ਤੇ ਟੰਗ ਕੇ ਸਿੱਖਾਂ ਅਤੇ ਗੁਰੂ ਪਾਤਸ਼ਾਹ ਦੇ ਅਕਸ ਨੂੰ ਵਿਗਾੜਨ ਦੀ ਕੋਸ਼ਿਸ਼ ਕੀਤੀ। ਟਰੰਪ ਦੀਆਂ ਨਿਮਨਲਿਖਤ ਘਾਲਣਾਵਾਂ ਸਦਕਾ ਹੀ ਇਹ ਅਖੌਤੀ 'ਪੰਥਪ੍ਰਸਤ' ਵੀਰ ਉਸ ਦੀ ਸਲਾਹੁਤਾ ਕਰਦੇ ਹਨ,

1. ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਤੰਮਾਕੂ ਦੀ ਵਰਤੋਂ ਕੀਤੀ ਜਦੋਂ ਕਿ ਤੰਮਾਕੂ ਨੂੰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਜਗਤ ਜੂਠ ਦਾ ਦਰਜਾ ਦੇ ਕੇ ਬਜਰ ਕੁਰਹਿਤਾਂ ਵਿਚ ਸ਼ਾਮਲ ਕੀਤਾ ਹੋਇਆ ਹੈ। ਐਡਮੈਂਡ ਕੈਂਡਲਰ, ਟਿਆਨਬੀ, ਆਦਿ ਨੇ ਇਸ ਦੀ ਭਰਪੂਰ ਸਲਾਹੁਤਾ ਕੀਤੀ। LOS ANGLES UNIVERSITY CALIFORNIA ਦੇ ਵਿਗਿਆਨੀਆਂ ਨੇ ਤੰਮਾਕੂ ਉਪਰ ਖੋਜਾਂ ਉਪਰੰਤ ਸਿੱਧ ਕੀਤਾ ਕਿ ਤੰਮਾਕੂ ਪੀਣ ਵਾਲਾ ਵਿਅਕਤੀ ਬੁੱਧੂ ਹੋ ਜਾਂਦਾ ਹੈ, ਪਰੰਤੂ ਸਿੱਖ ਵਿਰੋਧੀ ਹੋਣ ਕਰਕੇ ਹੀ ਇਕ 'ਬੁੱਧੂ ਵਿਅਕਤੀ' ਦੁਆਰਾ ਅਨੁਵਾਦ ਦੇ ਹਵਾਲੇ R.S.S ਦੀਆਂ ਲਿਖਤਾਂ ਵਿੱਚ ਦਿੱਤੇ ਗਏ ਹਨ।
2. ਗੁਰੂ ਅਰਜਨ ਪਹਿਲਾ ਸਿੱਖ ਗੁਰੂ ਸੀ ਜਿਸ ਨੇ ਫ਼ਕੀਰੀ ਬਾਣਾ ਲਾਹਿਆ ਸੀ ਅਤੇ ਰਾਈਸਾਂ ਦੀ ਤਰ੍ਹਾਂ ਨੌਕਰ ਚਾਕਰ ਰੱਖ ਕੇ ਰਹਿਣ ਲੱਗ ਪਿਆ ਸੀ।
3. ਇਹ ਸਪੱਸ਼ਟ ਹੈ ਕਿ ਸਿੱਖ ਪਰੰਪਰਾ ਅਨੁਸਾਰ ਗੁਰਿਆਈ ਲਈ ਅਨਿਵਾਰੀ ਯੋਗਤਾ ਜਾਂ ਦੂਜੇ ਸ਼ਬਦਾਂ ਵਿੱਚ ਇਕ ਆਦਰਸ਼ ਸਿੱਖ ਦਾ ਆਵੱਸ਼ਕ ਗੁਣਾਂ ਅੱਗੇ ਨਿਸ਼ਚਿਤ ਤੌਰ ਤੇ ਆਪਾ ਸਮਰਪਣ ਕਰਨਾ ਹੈ, ਜਿਸ ਨੂੰ ਟਰੰਪ 'ਬੌਧਿਕ ਤਿਆਗ' ਕਹਿੰਦਾ ਹੈ।
4. ਇਕ ਮਿਥਿਹਾਸਕ ਜਨਮਸਾਖੀ ਦਾ ਹਵਾਲਾ ਦਿੰਦਾ ਟਰੰਪ ਲਿਖਦਾ ਹੈ, "ਇਕ ਵਾਰੀ ਯੋਗੀ ਮੱਤ ਦਾ ਮੋਢੀ ਗੋਰਖਨਾਥ (ਜੋ ਸਦੀਆਂ ਪਹਿਲਾਂ ਮਰ ਚੁੱਕਾ ਸੀ) ਗੁਰੂ ਨਾਨਕ ਪਾਸ ਆਇਆ ਅਤੇ ਕੀਤੇ ਜਾ ਰਹੇ ਪ੍ਰਚਾਰ ਦੀ ਵਧਾਈ ਦਿੱਤੀ। ਗੁਰੂ ਨਾਨਕ ਦੇਵ ਜੀ ਨੇ ਗੁਰੂ ਗੋਰਖ ਤੋਂ ਪੁਛਿਆ, "ਕੀ ਤੂੰ ਇਹ ਦੱਸ ਸਕਦਾ ਹੈਂ ਕਿ ਇਨ੍ਹਾਂ ਨਾਮਧਰੀਕ ਸ਼ਿਸ਼ਾਂ ਵਿਚੋਂ ਮੇਰਾ ਸੱਚਾ ਸਿੱਖ ਕਿਹੜਾ ਹੈ?

   ਗੁਰੂ ਗੋਰਖ ਨੇ ਕਹਿਆ, "ਨਾਨਕ ਤੇਰਾ ਗੁਰੂ (ਸੱਚਾ ਸਿੱਖ) ਸੋਈ ਜੋ ਤੇਰੇ ਅੰਗ ਤੋਂ ਪੈਦਾ ਹੋਵੇਗਾ।"

   ਸੋ ਗੁਰੂ ਗੋਰਖ ਦੀ ਸਲਾਹ ਮੰਨ ਕੇ ਗੁਰੂ ਨਾਨਕ ਨੇ ਲਹਿਣਾ ਦਾ ਨਾਮ ਅੰਗਦ ਰੱਖਿਆ।
5. ਗੁਰੂ ਨਾਨਕ ਦੀ ਮੱਕੇ ਦੀ ਯਾਤਰਾ ਆਦਿ ਤੋਂ ਅੰਤ ਤੱਕ ਮਨਘੜਤ ਹੈ।

6. ਗੁਰੂ ਨਾਨਕ ਦੀ ਦੱਖਣੀ ਭਾਰਤ ਅਤੇ ਲੰਕਾ ਦੀ ਯਾਤਰਾ ਇਤਨੀ ਕਰਾਮਾਤਾਂ ਨਾਲ ਭਰੀ ਹੋਈ ਹੈ, ਬਿਲਕੁਲ ਕਾਲਪਨਿਕ ਲੱਗਦੀ ਹੈ।

7. ਜੇਕਰ ਗੁਰੂ ਨਾਨਕ ਦੇ ਦੋ ਸੱਪੁਤਰ ਸਨ ਤਾਂ ਸੰਭਵ ਹੈ ਕਿ ਧੀਆਂ ਵੀ ਸਨ।

8. ਸਿੱਖ ਗ੍ਰੰਥ ਅਤਿ ਅਸੰਗਤ ਅਤੇ ਅਤਿ ਪੇਤਲਾ ਹੈ। (ਇਸ ਦਾ ਕਾਰਨ ਟਰੰਪ ਬੜਾ ਹਾਸੋਹੀਣਾ ਲਿਖ਼ਦਾ ਹੈ ਕਿ ਆਤਮਾ ਅਤੇ ਪ੍ਰਮਾਤਮਾ ਦੇ ਮੇਲ ਦੇ ਜ਼ਿਕਰ ਦਾ ਦੁਹਰਾਉ ਬਾਰ-ਬਾਰ ਹੈ)

9. ਗੁਰੂ ਅਰਜਨ ਜੀ ਦੀ ਮ੍ਰਿਤੂ ਭਾਈਚਾਰੇ ਦੀ ਉੱਨਤੀ ਵਿੱਚ ਮਹੱਤਵਪੂਰਨ ਮੋੜ ਹੈ, ਕਿਉਂਕਿ ਇਸ ਸਮੇਂ ਸੰਘਰਸ਼ ਸ਼ੁਰੂ ਹੋ ਗਿਆ, ਜਿਸ ਨੇ ਸੁਧਾਰਵਾਦੀ ਧਾਰਮਿਕ ਲਹਿਰ ਦਾ ਸਮੁੱਚਾ ਸੁਭਾਅ ਹੀ ਬਦਲ ਦਿੱਤਾ।

10. ਗੁਰੂ ਜੀ ਵਲੋਂ ਉਨ੍ਹਾਂ ਦੇ ਅਨੁਆਈਆਂ ਨੂੰ ਗਾਂ ਦੇ ਮਾਸ ਦੇ ਸਿਵਾਏ ਹਰ ਤਰ੍ਹਾਂ ਦੇ ਮਾਸ ਖਾਣ ਦੀ ਖੁਲ੍ਹ ਮਿਲਣ ਨਾਲ ਹਰ ਤਰ੍ਹਾਂ ਦੇ ਲੋਕ ਇਸ ਲਹਿਰ ਵਿਚ ਆ ਗਏ। ਗੁਰੂ ਜੀ ਨੇ ਆਪਣੀ ਸੇਵਾ ਵਿੱਚ ਚੋਰਾਂ ਲੁਟੇਰਿਆਂ ਠੱਗਾਂ ਨੂੰ ਸ਼ਾਮਲ ਕਰ ਲਿਆ।

11. ਹਰਿਗੋਬਿੰਦ ਨੂੰ ਰਾਜਨੀਤੀ ਦੀ ਲਾਲਸਾ ਅਤੇ ਹਥਿਆਰਾਂ ਦੀ ਠਾਠ, ਉਨ੍ਹਾਂ ਨੂੰ ਧਾਰਮਿਕ ਅਤੇ ਆਤਮਿਕ ਨੇਤਾ ਦੇ ਸੱਚੇ ਰਾਹ ਤੋਂ ਭਟਕਾ ਰਹੀ ਸੀ।

12. ਗੁਰੂ ਸਾਹਿਬ ਦੀ ਫ਼ੌਜੀ ਸ਼ਕਤੀ ਨੂੰ ਰੋਕਣ ਤੋਂ ਅਸਮਰੱਥ ਮੁਗਲ ਹਕੂਮਤ ਬਾਰੇ ਵਿਸ਼ਲੇਸ਼ਣ ਕਰਦਾ ਟਰੰਪ ਲਿਖਦਾ ਹੈ,

'ਮੁਗਲ ਅਫਸਰ ਜਾਂ ਤਾਂ ਉੱਕਾ ਦੂਰ-ਦਰਸ਼ੀ ਨਹੀਂ ਸਨ ਜਾਂ ਆਲਸੀ ਸਨ ਜਾਂ ਇੰਨੇ ਨਿਰਬਲ ਸਨ ਕਿ ਅਜੇਹੀ ਫਸਾਦੀ ਅਤੇ ਖ਼ਤਰਨਾਕ ਵਹੀਰ ਨੂੰ ਰੋਕ ਨਹੀਂ ਸਕਦੇ ਸਨ।'

13. ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ ਕਾਰਨ, ਕਸ਼ਮੀਰੀ ਬ੍ਰਾਹਮਣਾਂ ਦੀ ਫਰਿਆਦ ਦੀ ਸੱਚਾਈ ਨੂੰ ਰੱਦ ਕਰਦਾ ਅਤੇ ਸਰਕਾਰੀ ਸਿੱਖ ਵਿਰੋਧੀ ਸ੍ਰੋਤਾਂ ਉਪਰ ਪ੍ਰਮਾਣਿਕਤਾ ਦੀ ਮੋਹਰ ਲਗਾਉਣ ਦੀ ਕੋਸ਼ਿਸ਼ ਕਰਦਾ ਲਿਖਦਾ ਹੈ :

''ਮੁਸਲਮਾਨਾਂ ਦੀਆਂ ਰਿਪੋਰਟਾਂ ਜੋ ਗੁਰੂ ਦੀ ਗ੍ਰਿਫਤਾਰੀ ਅਤੇ ਕਤਲ ਨੂੰ ਰਾਜਨੀਤਕ ਦੱਸਦੀਆਂ ਹਨ, ਪੂਰੀ ਤਰ੍ਹਾਂ ਇਤਬਾਰਯੋਗ ਹਨ।''

14. ਦਮਦਮਾ ਸਾਹਿਬ ਨੂੰ ਹਿੰਦੂ ਧਰਮ ਦੀ ਧਾਰਨਾ ਅਨੁਸਾਰ (ਜਿਵੇਂ ਉਹ ਬਨਾਰਸ ਵਿਖੇ ਸਰੀਰ ਤਿਆਗਣ ਨੂੰ ਮੁਕਤੀ ਦਾ ਮਾਰਗ ਮੰਨਦੇ ਹਨ) ਜੋੜਦਾ ਲਿਖਦਾ ਹੈ, 'ਦਮਦਮਾ ਸਾਹਿਬ ਸਿੱਖਾਂ ਦਾ ਬਨਾਰਸ ਬਣ ਗਿਆ ਅਤੇ ਬਹੁਤ ਸਾਰੇ ਲੋਕ ਉਥੇ ਜਾ ਵੱਸੇ।''

15. ਸਿੱਖ ਧਰਮ ਹਿੰਦੂ ਧਰਮ ਦਾ ਹੀ ਅੰਗ ਹਨ ਅਤੇ ਕੋਈ ਵੱਖਰਾ ਮੱਤ ਨਹੀਂ।

16. ਸਿੱਖ ਧਰਮ ਇਕ ਮਰ ਰਿਹਾ ਧਰਮ ਹੈ ਅਤੇ ਜਲਦੀ ਹੀ ਇਤਿਹਾਸ ਦੇ ਪੰਨਿਆਂ ਵਿਚ ਗੁਆਚ ਕੇ ਰਹਿ ਜਾਵੇਗਾ।

17. ਗੁਰੂ ਗ੍ਰੰਥ ਸਾਹਿਬ ਜੀ ਸਿਰਫ਼ ਇਕ ਕਾਵਿ ਕਿਆਰੀ ਹੈ ਅਤੇ ਧਾਰਮਿਕ ਰਚਨਾ ਦੇ ਤੌਰ ਤੇ ਕੌਡੀ ਮੁੱਲ ਨਹੀਂ ਹੈ।

18. ਜਨਮਸਾਖੀਆਂ ਅਤੇ ਹੋਰ ਸ੍ਰੋਤਾਂ ਵਿਚ ਦਰਜ ਸਿੱਖ ਇਤਿਹਾਸ, ਮਿਥਿਹਾਸ ਤੋਂ ਵੱਧ ਕੁਝ ਵੀ ਨਹੀਂ ਹੈ।

19. ਗੁਰੂ ਗੋਬਿੰਦ ਸਿੰਘ ਜੀ ਦੁਰਗਾ ਦੇ ਉਪਾਸ਼ਕ ਸਨ।

ਸੋ ਉਪਰੋਕਤ ਹਵਾਲਿਆਂ ਤੋਂ ਸਪੱਸ਼ਟ ਹੈ ਕਿ ਪੰਥ-ਪ੍ਰਸਤੀ ਦੇ ਨਕਾਬ ਹੇਠ ਚਿਹਰਾ ਛੁਪਾਈ ਇਹ ਪੰਥ-ਵਿਰੋਧੀ ਲੋਕ ਸਿੱਖ ਧਰਮ ਉਪਰ ਬੌਧਿਕ ਹਮਲੇ ਦਾ ਆਸ਼ਾ ਲੈ ਕੇ ਗੁਰ ਇਤਿਹਾਸ ਨੂੰ ਵਿਗਾੜਨ ਦਾ ਯਤਨ ਕਰ ਰਹੇ ਹਨ, ਕਿਉਂਕਿ ਇਹ ਲੋਕ ਇਸ ਗੱਲ ਤੋਂ ਜਾਣੂ ਹਨ ਕਿ ਜਹਾਂਗੀਰ ਤੋਂ ਲੈ ਕੇ 84 ਦੇ ਕਤਲੇਆਮ ਤੱਕ ਪੰਥ ਦੀ ਹਸਤੀ ਨੂੰ ਮਿਟਾਉਣ ਵਾਲੇ ਸਿੱਧੇ ਹਮਲੇ ਗੁਰੂ ਕੇ ਸਾਜੇ ਨਿਵਾਜੇ ਖ਼ਾਲਸੇ ਦਾ ਵਾਲ ਵੀ ਵਿੰਗਾ ਨਹੀਂ ਕਰ ਸਕੇ। ਇਸ ਕਰਕੇ ਬੌਧਿਕ ਪੱਧਰ ਉਪਰ ਹਮਲਿਆਂ ਦੀ ਯੋਜਨਾ ਘੜੀ ਹੈ, ਤਾਂ ਜੋ ਮਾਨਸਿਕ ਗੁਲਾਮੀ ਦਾ ਸ਼ਿਕਾਰ ਬਣਾਇਆ ਜਾ ਸਕੇ। ਹਰ ਸਿੱਖ ਦਾ ਫ਼ਰਜ ਹੈ ਅਜਿਹੀਆਂ ਕੂਟਨੀਤਕ ਚਾਲਾਂ ਦੇ ਮਾਹਿਰਾਂ ਨੂੰ ਗੁਰੂ ਦੀ ਬਖਸ਼ੀ ਮੱਤ ਅਨੁਸਾਰ ਯੋਗ ਜਵਾਬ ਦਿੱਤਾ ਜਾਵੇ, ਤਾਂ ਜੋ ਗੁਰੂ ਪਿਤਾ ਦਾ ਇਹ ਮੁਖਵਾਕ ਰਣਜੀਤ ਨਗਾਰੇ ਦੀ ਗੂੰਜ ਵਾਂਗ ਬ੍ਰਹਿਮੰਡ ਅੰਦਰ ਗੂੰਜਦਾ ਰਹੇ :

*ਖ਼ਾਲਸਾ ਅਕਾਲ ਪੁਰਖ ਕੀ ਫ਼ੌਜ॥ ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ॥*

---

*1. ਰਵਾਨੀ ਮਾਸਿਕ, ਅਪ੍ਰੈਲ 1999*

# ਸੰਘ ਵਲੋਂ ਛਿੱਬਰ ਦੇ ਹਵਾਲਿਆਂ ਦੀ ਵਰਤੋਂ ਕਿਉਂ ?

ਖ਼ਾਲਸਾ ਪੰਥ ਦਾ 300 ਸਾਲਾ ਪ੍ਰਗਟ ਦਿਹਾੜਾ ਮਨਾਉਣ ਵਾਸਤੇ ਸਮੂਹ ਜਥੇਬੰਦੀਆਂ ਨੇ ਵੱਡੇ ਤੋਂ ਵੱਡੇ ਕਾਰਜ ਉਲੀਕੇ। ਸੰਤ ਯਾਤਰਾਵਾਂ ਤੇ ਚੇਤਨਾ ਮਾਰਚਾਂ ਵਿੱਚ ਕੌਮ ਦਾ ਸਰਮਾਇਆ ਅੰਨ੍ਹੇਵਾਹ ਰੋੜ੍ਹਿਆ ਗਿਆ। ਸਮੁੱਚੀ ਕੌਮ ਅੰਮ੍ਰਿਤਧਾਰੀ ਬਣਾਉਣ ਦੇ ਨਾਅਰੇ ਕੇਵਲ ਬੈਨਰਾਂ ਅਤੇ ਸਟਿੱਕਰਾਂ ਦਾ ਸ਼ਿੰਗਾਰ ਬਣ ਕੇ ਰਹਿ ਗਏ। ਅਕਾਲ ਤਖ਼ਤ ਸਾਹਿਬ ਤੋਂ ਪੰਥ ਖ਼ਾਲਸਾ ਜ਼ਿੰਦਾਬਾਦ ਦੀਆਂ ਆਵਾਜ਼ਾਂ ਨਾਲ ਕਿਸੇ ਦੇ ਕੰਨ ਉਪਰ ਜੂੰ ਤਕ ਨਾ ਸਰਕੀ। ਅਖੌਤੀ ਡੇਰੇਦਾਰਾਂ ਨੇ ਜਿਥੇ ਅਕਾਲ ਤਖ਼ਤ ਦੀ ਪ੍ਰਵਾਨਿਤ ਸਿੱਖ ਮਰਿਆਦਾ ਦੀਆਂ ਧੱਜੀਆਂ ਉਡਾਈਆਂ ਉਥੇ ਰਾਜਨੀਤਕ ਮਹਾਂਰਥੀਆਂ ਨੇ ਅਕਾਲ ਤਖ਼ਤ ਦੇ ਸਿਧਾਂਤਾਂ ਨੂੰ ਖੋਰਾ ਲਾਉਣ ਵਿਚ ਕੋਈ ਕਸਰ ਬਾਕੀ ਨਾ ਛੱਡੀ।

ਸ਼ੇਰਾਂ ਦੀ ਕੌਮ ਦੀ ਇਸ ਨਿਘਰੀ ਹੋਈ ਹਾਲਤ ਦਾ ਫਾਇਦਾ ਫਿਰਕੂ ਜਥੇਬੰਦੀਆਂ ਨੇ ਖ਼ੂਬ ਉਠਾਇਆ। ਖ਼ਾਲਸਾ ਸਾਜਨਾ ਦਿਵਸ ਦੇ ਜਸ਼ਨ ਮਨਾਉਣ ਦੇ ਪਰਦੇ ਹੇਠ ਇਨ੍ਹਾਂ ਫਿਰਕੂ ਜਥੇਬੰਦੀਆਂ ਨੇ ਖ਼ੂਬ ਫਾਇਦਾ ਉਠਾਇਆ। ਪੰਥਕ ਪਾਰਟੀ ਨੂੰ ਪੰਜਾਬੀ ਪਾਰਟੀ ਦਾ ਪਹਿਰਾਵਾ ਪਾਉਣ ਉਪਰੰਤ ਹਿੰਦੂ ਸਿੱਖ ਏਕਤਾ ਦੇ ਖੋਖਲੇ ਨਾਅਰਿਆਂ ਦੀ ਛੱਤਰੀ ਤਾਣ ਕੇ ਆਰ.ਐੱਸ.ਐੱਸ. ਵਰਗੀਆਂ ਜਥੇਬੰਦੀਆਂ ਨੇ ਬੜੀ ਵਿਉਂਤ ਨਾਲ ਸਿੱਖ ਧਰਮ ਉਪਰ ਹਮਲੇ ਆਰੰਭ ਕੀਤੇ। ਖ਼ਾਲਸਾ ਸਾਜਨਾ ਦਿਵਸ ਦੇ ਜਸ਼ਨ ਮਨਾਉਣ ਦੇ ਪਰਦੇ ਹੇਠ ਇਨ੍ਹਾਂ ਫਿਰਕੂ ਜਥੇਬੰਦੀਆਂ ਨੇ ਅਜਿਹਾ ਸਾਹਿਤ ਵੰਡਿਆ, ਜਿਸ ਵਿਚੋਂ ਸਿੱਖ ਸਿਧਾਂਤਾਂ ਦੀ ਸਿੱਧੀ ਵਿਰੋਧਤਾ ਦੀ ਝਲਕ ਸੌਖੀ ਹੀ ਪੈਂਦੀ ਸੀ। ਘਟੀਆ ਮਨਸੂਬਿਆਂ ਨੂੰ ਅਮਲੀਜਾਮਾ ਪਹਿਨਾਉਣ ਵਾਸਤੇ ਖੜ੍ਹੀ ਕੀਤੀ ਅਖੌਤੀ ਪੰਥਕ ਜਥੇਬੰਦੀ "ਰਾਸ਼ਟਰੀ ਸਿੱਖ ਸੰਗਤ" ਨੇ ਸਿੱਖਾਂ ਨੂੰ 'ਵਿਸ਼ਾਲ ਹਿੰਦੂ ਧਰਮ' ਦੀ ਇਕ ਸੰਪਰਦਾ ਪ੍ਰਚਾਰਨਾ ਆਰੰਭ ਕੀਤਾ।

ਪੰਥ ਦਰਦ ਰੱਖਣ ਵਾਲੇ ਵੀਰਾਂ ਨੇ ਇਨ੍ਹਾਂ ਅਖੌਤੀ 'ਪੰਥ-ਪ੍ਰਸਤਾਂ' ਦੇ ਮਨਸੂਬਿਆਂ ਨੂੰ ਨੰਗਾ ਕਰਨਾ ਆਰੰਭ ਕੀਤਾ ਪ੍ਰੰਤੂ ਪੰਥਕ ਪਾਰਟੀ ਤੋਂ ਪੰਜਾਬੀ ਪਾਰਟੀ ਬਣੇ ਅਕਾਲੀ ਦਲ ਨੇ ਕੋਈ ਨਿੱਗਰ ਕਦਮ ਨਾ ਚੁੱਕਿਆ। ਰਾਸ਼ਟਰੀ ਸਿੱਖ ਸੰਗਤ ਵੱਲੋਂ ਸਿੱਖਾਂ ਦੇ ਸੁਨਹਿਰੀ ਇਤਿਹਾਸ ਨੂੰ ਵਿਗਾੜਨ ਤੇ ਮਨਪਸੰਦ ਰੱਦੋਬਦਲ ਕਰਨ ਲਈ ਪ੍ਰਕਾਸ਼ਿਤ ਵੱਖ-ਵੱਖ ਟਰੈਕਟਾਂ ਅਤੇ ਮਾਸਿਕ ਪੱਤਰਾਂ (ਸੰਗਤ ਸੰਦੇਸ਼, ਰਵਾਨੀ)[1] ਵਿਚ ਜਿਥੇ ਕਾਹਨ ਸਿੰਘ ਨਾਭਾ, ਭਾਈ ਵੀਰ ਸਿੰਘ ਜੀ ਦੀ ਡਟ ਕੇ ਵਿਰੋਧਤਾ ਕੀਤੀ ਗਈ ਉਥੇ ਅਜਿਹੇ ਲੇਖਕਾਂ (ਕੇਸਰ ਸਿੰਘ ਛਿੱਬਰ, ਮੈਕਲੋਡ, ਟਰੰਪ) ਦੇ ਹਵਾਲੇ

ਦਿੱਤੇ ਗਏ ਜਿਨ੍ਹਾਂ ਨੇ ਆਪਣੀਆਂ ਲਿਖਤਾਂ ਵਿਚ ਸਿੱਖ ਸਿਧਾਂਤਾਂ ਦਾ ਘਾਣ ਕੀਤਾ।

ਗੁਰੂ ਗੋਬਿੰਦ ਸਿੰਘ ਜੀ ਨੂੰ ਸਨਾਤਨ ਰੀਤੀ ਦੇ ਧਾਰਨੀ ਦੇਵੀ ਪੂਜ ਦਰਸਾਉਣ ਲਈ ਇਨ੍ਹਾਂ ਵੱਲੋਂ ਕੇਸਰ ਸਿੰਘ ਛਿੱਬਰ ਦੀਆਂ ਲਿਖਤਾਂ ਦਾ ਆਸਰਾ ਲਿਆ ਗਿਆ। ਖ਼ਾਲਸੇ ਦੇ ਪ੍ਰਗਟ ਕ੍ਰਿਆ ਦੇ ਸਮੇਂ ਦੇ ਨਜ਼ਾਰੇ ਦਾ ਜੋ ਵਰਣਨ 'ਬੰਸਾਵਲੀਨਾਮੇ' ਵਿਚ ਛਿੱਬਰ ਨੇ ਕੀਤਾ ਹੈ, ਕੋਈ ਵੀ ਸੂਝਵਾਨ ਪਾਠਕ ਇਸ ਰਚਨਾ ਨੂੰ ਵਾਚਣ ਉਪਰੰਤ ਸਹਿਜੇ ਹੀ ਅੰਦਾਜ਼ਾ ਲਗਾ ਸਕਦਾ ਹੈ ਕਿ ਇਸ ਅਖੌਤੀ ਵਿਦਵਾਨ ਦੀ ਰਚਨਾ 'ਬੰਸਾਵਲੀਨਾਮਾ' ਜਿਥੇ ਕਰਮਕਾਂਡਾਂ ਨਾਲ ਭਰਪੂਰ ਹੈ ਉਥੇ ਗੁਰਮਤਿ ਸਿਧਾਂਤਾਂ ਤੋਂ ਕੋਹਾਂ ਦੂਰ ਹੈ (ਭਾਵੇਂ ਕਿ ਇਸ ਪੁਸਤਕ ਵਿਚ ਪੁਰਾਤਨ ਇਤਿਹਾਸਕ ਮਿਤੀਆਂ Chronology ਦਾ ਵੇਰਵਾ ਸੰਤੁਸ਼ਟੀਜਨਕ ਮਿਲਦਾ ਹੈ) ਰਾਸ਼ਟਰੀ ਸੋਇਮ ਸੰਘ ਦੀ ਅਖੌਤੀ ਪੰਥਕ ਜਥੇਬੰਦੀ ਰਾਸ਼ਟਰੀ ਸਿੱਖ ਸੰਗਤ ਵਲੋਂ ਪ੍ਰਕਾਸ਼ਿਤ ਵੱਖ-ਵੱਖ ਲਿਖਤਾਂ ਵਿੱਚ (ਜਿਵੇਂ ਸੰਗਤ ਸੰਦੇਸ਼, ਰਵਾਨੀ, ਰਾਸ਼ਟਰ ਧਰਮ) ਆਦਿ ਵਿਚ 'ਖ਼ਾਲਸਾ ਦੀ ਸਿਰਜਨਾ' ਸਮੇ ਦਾ ਉਲੇਖ 'ਬੰਸਾਵਲੀਨਾਮੇ' ਕ੍ਰਿਤ ਭਾਈ ਕੇਸਰ ਸਿੰਘ ਛਿੱਬਰ ਦਾ ਹਵਾਲਾ ਲੈ ਕੇ ਭਰਪੂਰ ਵਰਨਣ ਕੀਤਾ ਗਿਆ ਹੈ।

ਖ਼ਾਲਸੇ ਦੀ ਪ੍ਰਗਟ ਕ੍ਰਿਆ ਸਮੇਂ ਦਾ ਜੋ ਖਾਕਾ ਇਸ ਨੇ ਚਿੱਤਰਿਆ ਉਸ ਦਾ ਵਿਸਥਾਰ-ਪੂਰਵਕ ਵਰਨਣ, ਅਤੇ ਗੁਰਮਤਿ ਕਸਵੱਟੀ ਉਪਰ ਪਰਖਣ ਤੋਂ ਪਹਿਲਾਂ ਕੇਸਰ ਸਿੰਘ ਦੇ ਪੂਰਵਜਾਂ ਦਾ ਜ਼ਿਕਰ ਜ਼ਰੂਰੀ ਹੈ, ਕਿਉਂਕਿ ਇਸ ਘਰਾਣੇ ਦਾ ਪੁਸ਼ਤ-ਦਰ-ਪੁਸ਼ਤ ਸੰਬੰਧ ਗੁਰ-ਘਰਾਣੇ ਨਾਲ ਰਿਹਾ ਹੈ।

ਛਿੱਬਰ ਜ਼ਾਤੀ ਮੁਹਯਾਲ (ਮੁਝਾਲ) ਨਾਮਕ ਬ੍ਰਾਹਮਣ ਜ਼ਾਤੀ ਦੀ ਉਪਜ਼ਾਤੀ ਹੈ, ਅਤੇ ਬ੍ਰਾਹਮਣੀ ਨਸਲਾਂ ਵਿੱਚ ਜੰਗਜੂ ਕੌਮ ਹੋਣ ਸਦਕਾ ਪ੍ਰਸਿੱਧ ਹੈ। ਇਸ ਜ਼ਾਤੀ ਦਾ ਮੂਲ ਨਿਵਾਸ ਅਸਥਾਨ ਮੱਧ ਏਸ਼ੀਆ, (ਰਾਵਲਪਿੰਡੀ, ਅਫ਼ਗਾਨਿਸਤਾਨ, ਜੇਹਲਮ, ਜੰਮੂ) ਸੀ।

ਪੁਰਾਤਨ ਇਤਿਹਾਸਕ ਸੋਮਿਆਂ ਤੋਂ ਪਤਾ ਲਗਦਾ ਹੈ ਕਿ ਇਸ ਜ਼ਾਤੀ ਨਾਲ ਸੰਬੰਧਤ ਲੋਕਾਂ ਨੇ ਮੁਹੰਮਦ ਬਿਨ ਕਾਸਮ ਦਾ ਵੀ ਵੀਰਤਾ ਨਾਲ ਮੁਕਾਬਲਾ ਕੀਤਾ। ਬਾਬਰ ਦੇ ਹਮਲੇ ਸਮੇਂ ਬਾਬਾ ਗੌਤਮ ਇਨ੍ਹਾਂ ਦਾ ਵਡੇਰਾ ਹੋਇਆ ਹੈ ਜੋ ਕਿ ਗੁਰੂ ਨਾਨਕ ਦੇਵ ਜੀ ਦਾ ਸੇਵਕ ਬਣਿਆ।

ਬਾਬੇ ਗੌਤਮ ਤੋਂ ਬਾਅਦ ਇਹ ਪਰਿਵਾਰ ਗੁਰਸਿੱਖੀ ਨਾਲ ਜੁੜਿਆ ਰਿਹਾ। ਬਾਬੇ ਗੌਤਮ ਦੇ ਸਪੁੱਤਰ ਭਾਈ ਪਰਾਗਦਾਸ (ਬਾਵਾ ਪਰਾਗਾ) ਜੀ 3 ਅਕਤੂਬਰ 1621 ਦੇ ਦਿਨ ਭਗਵਾਨ ਦਾਸ ਘੇਰੜ ਅਤੇ ਚੰਦੂ ਦੇ ਪੁੱਤਰ ਕਰਮ ਚੰਦ ਵਲੋਂ ਲਿਆਂਦੀ ਫ਼ੌਜ ਨਾਲ ਲੜ ਕੇ ਰੁਹੀਲਾ (ਹੁਣ ਹਰਿਗੋਬਿੰਦਪੁਰ) ਵਿਖੇ ਸ਼ਹੀਦ ਹੋਏ, ਭੱਟ ਵਹੀ ਵਿੱਚ ਇੰਦਰਾਜ ਦਰਜ ਹੈ:

*"ਪਰਾਗਾ ਬੇਟਾ ਗੌਤਮ ਕਾ, ਭਾਰਗਵ ਗੋਤਰ, ਛਿੱਬਰ ਬ੍ਰਾਹਮਣ,*
*ਹੋਰ ਰਣ ਜੂਝੰਤੇ, ਗੁਰੂ ਕੇ ਜੋਧੇ ਸਾਹਮੇ ਮਾਥੇ ਜੂਝ ਕਰ ਮਰੇ।"*


(ਭੱਟ ਵਹੀ ਮੁਲਤਾਨੀ ਸਿੰਧੀ)[2]

ਇਸ ਦੇ ਸਪੁੱਤਰ ਦਵਾਰਕਾ ਦਾਸ ਅਤੇ ਦਰਗਾਹ ਮੱਲ ਕਰਮਵਾਰ ਗੁਰੂ ਹਰਿ ਰਾਏ ਸਾਹਿਬ

ਅਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਦੀਵਾਨ ਸਨ। ਦਰਗਾਹ ਮੱਲ ਦਾ ਸਪੁੱਤਰ ਧਰਮ ਚੰਦ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਖ਼ਜ਼ਾਨਚੀ ਸੀ। ਕੇਸਰ ਸਿੰਘ ਛਿੱਬਰ ਧਰਮ ਚੰਦ ਦਾ ਪੋਤਰਾ ਅਤੇ ਗੁਰਬਖ਼ਸ਼ ਸਿੰਘ ਦਾ ਪੁੱਤਰ ਸੀ।

ਭਾਵੇਂ ਕਿ ਉਪਰੋਕਤ ਬੰਸ ਪਰੰਪਰਾ ਤੋਂ ਸਹਿਜੇ ਹੀ ਸਿੱਧ ਹੈ ਕਿ ਕੇਸਰ ਸਿੰਘ ਛਿੱਬਰ ਦਾ ਘਰਾਣਾ ਗੁਰੂ ਘਰ ਦਾ ਸ਼ਰਧਾਲੂ ਰਿਹਾ, ਪਰੰਤੂ ਇਹ ਜ਼ਰੂਰੀ ਨਹੀਂ ਕਿ ਕੇਸਰ ਸਿੰਘ ਵੀ ਗੁਰਮਤਿ ਸਿਧਾਂਤਾਂ ਦਾ ਪੂਰਾ ਜਾਣਕਾਰ ਅਤੇ ਸਿੱਖ ਫ਼ਲਸਫੇ ਦਾ ਗਿਆਤਾ ਹੋਵੇ। ਕੇਸਰ ਸਿੰਘ ਛਿੱਬਰ ਨੇ 12 ਦੇ ਕਰੀਬ ਰਚਨਾਵਾਂ ਰਚੀਆਂ ਜਿਨ੍ਹਾਂ ਵਿੱਚੋਂ ਕੋਈ ਵੀ ਰਚਨਾ ਬ੍ਰਾਹਮਣੀ ਕਰਮ-ਕਾਂਡ, ਕਰਮ ਸਿਧਾਂਤ ਤੋਂ ਮੁਕਤ ਨਹੀਂ ਹੈ।

ਕੁਰਸੀਨਾਮਾ ਕੇਸਰ ਸਿੰਘ ਛਿੱਬਰ[3]




ਸੰਖੇਪਿਤ ਲਿਖਤ ਨਾਲ ਕੋਈ ਵਿਸ਼ੇਸ਼ ਸੰਬੰਧ ਨਾ ਹੋਣ ਕਰਕੇ ਬਾਵਾ ਪੈੜਾ ਅਤੇ ਬਾਵਾ ਕਬੂਲਾ ਦੀ ਬੰਸਾਵਲੀ ਨਹੀਂ ਦਿੱਤੀ ਗਈ।

ਕੇਸਰ ਸਿੰਘ ਛਿੱਬਰ ਨੇ 1769 ਈ: ਵਿੱਚ ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ[4] ਨਾਮਕ ਰਚਨਾ ਲਿਖੀ। ਇਸ ਲੇਖਕ ਦਾ ਮਨ ਬ੍ਰਾਹਮਣਵਾਦੀ ਬਿਰਤੀ ਦਾ ਗ਼ੁਲਾਮ ਹੋਣ ਸਦਕਾ ਸਾਰੀ ਰਚਨਾ ਉਪਰ ਹੀ ਹਿੰਦੂ ਮਿਥਿਹਾਸ ਦੇ ਪਾਤਰ ਅਤੇ ਘਟਨਾਵਾਂ ਭਾਰੂ ਹਨ, ਇਤਿਹਾਸਕ ਤੱਥ ਵਰਨਣ ਕਰਦਾ ਹੋਇਆ ਮਹਾਂਭਾਰਤ, ਅਤੇ ਪੁਰਾਣਾਂ ਦੇ ਵਿਖਿਆਨਾਂ ਦੀ

ਅਜਿਹੀ ਵਰਖਾ ਕਰਦਾ ਹੈ ਕਿ ਇਤਿਹਾਸ ਵੀ ਮਿਥਿਹਾਸ ਹੋ ਨਿਬੜਦਾ ਹੈ। ਸਾਰੀ ਉਮਰ ਜੰਮੂ ਅਤੇ ਗੁਜਰਾਤ ਵਿਖੇ ਬ੍ਰਾਹਮਣਾਂ ਦੀ ਸੰਗਤ ਵਿਚ ਰਹਿਣ ਸਦਕਾ ਲਿਖਤਾਂ ਉਪਰ ਵੀ ਬ੍ਰਾਹਮਣਵਾਦੀ ਰੰਗਤ ਦਾ ਗੂੜ੍ਹਾ ਪ੍ਰਭਾਵ ਹੈ। ਹਿੰਦੂ ਬਿਰਤੀ ਦਾ ਮਾਲਕ ਹੋਣ ਕਰਕੇ ਗੰਗਾ ਆਦਿਕ ਹਿੰਦੂ ਤੀਰਥ ਅਸਥਾਨਾਂ ਪ੍ਰਤੀ ਅਸੀਮ ਸ਼ਰਧਾ ਰੱਖਦਾ ਸੀ। ਪੰਡਾ ਵਹੀਆਂ ਜੋ ਕਿ ਪੁਰਾਤਨ ਇਤਿਹਾਸ ਦਾ ਪ੍ਰਮਾਣੀਕ ਸੋਮਾ ਹਨ 'ਛਿੱਬਰ' ਦੀ ਹਰਿਦੁਆਰ ਯਾਤਰਾ ਅਤੇ ਗੰਗਾ ਇਸ਼ਨਾਨ ਬਾਰੇ ਤੱਥ ਦ੍ਰਿਸ਼ਟੀਗੋਚਰ ਕਰਦੀਆਂ ਹਨ :

"ਕੇਸਰ ਸਿੰਘ ਗੰਗਾ ਜੀ ਆਇਆ ਸੰਬਤ 1801 ਮੇਂ, ਸੁਖ ਕੇ ਇਸ਼ਨਾਨ, ਸਾਥ ਬਾਵਾ ਚਰਨ ਸਿੰਘ ਆਇਆ।"

(ਪੰਡਾ ਵਹੀ ਪੰਡਿਤ ਗੋਬਿੰਦ ਰਾਮ ਛਿੱਬਰ ਬ੍ਰਾਹਮਣ)[5]
(ਹਰਿਦੁਆਰ)

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਖ਼ਾਲਸਾ ਪ੍ਰਗਟਾਉਣ ਦੇ ਕੌਤਕ ਦਾ ਜ਼ਿਕਰ ਕਰਦਿਆਂ ਜਿਸ ਤਰ੍ਹਾਂ ਇਸ ਨੇ ਬ੍ਰਾਹਮਣਵਾਦੀ ਕਰਮ-ਕਾਂਡਾਂ ਦੀ ਕਪੋਲ ਕਲਪਨਾ ਦਾ ਸਹਾਰਾ ਲਿਆ ਹੈ, ਉਸ ਤੋਂ ਜ਼ਾਹਿਰ ਹੁੰਦਾ ਹੈ ਕਿ ਬਿਨਾਂ ਕਿਸੇ ਸਮਕਾਲੀ ਲਿਖਤ ਦਾ ਹਵਾਲਾ ਦਿੱਤਿਆਂ ਮਨਘੜਤ ਘਟਨਾਵਾਂ ਦਾ ਆਸਰਾ ਲੈ ਕੇ ਇਸ ਨੇ ਮਹਾਨ ਗੁਰ ਇਤਿਹਾਸ ਨੂੰ ਵਿਗਾੜਨ ਵਿੱਚ ਕੋਈ ਕਸਰ ਨਹੀਂ ਛੱਡੀ। ਇਸ ਨੇ ਖ਼ਾਲਸੇ ਦੀਆਂ ਪ੍ਰਾਪਤੀਆਂ ਅਤੇ ਸਿੱਖਾਂ ਦੇ ਸੁਨਹਿਰੀ ਇਤਿਹਾਸ ਵਿਚ ਮਨੋਕਲਪਿਤ ਘਟਨਾਵਾਂ ਦਾ ਵਿਤਰਣ ਕਰਕੇ ਇਤਿਹਾਸ ਉਪਰ ਗ਼ੈਰ ਪ੍ਰਮਾਣਿਤ ਮਿਥਿਹਾਸਕ ਤੱਥਾਂ ਨੂੰ ਭਾਰੂ ਕਰਨ ਦੀ ਕੋਸ਼ਿਸ਼ ਕੀਤੀ ਹੈ।

'ਪਿਆਰਾ ਸਿੰਘ ਪਦਮ' ਮਹਾਨ ਵਿਦਵਾਨ ਜਿਨ੍ਹਾਂ ਨੇ ਇਸ ਬੰਸਾਵਲੀਨਾਮੇ ਨੂੰ ਸੰਪਾਦਿਤ ਕੀਤਾ ਹੈ, ਇਸ ਦੇ ਇਤਿਹਾਸਕ ਪੱਖ ਤੋਂ ਵਿਸ਼ਲੇਸ਼ਣ ਕਰਦਿਆਂ ਇਸ ਦੀਆਂ ਊਣਤਾਈਆਂ ਸੰਬੰਧੀ ਲਿਖਦੇ ਹਨ :

(ੳ) 'ਛਿੱਬਰ' ਨੇ ਸਿੱਖੀ ਦੀ ਧਾਰਮਿਕ ਲਹਿਰ ਦੇ ਵਿਕਾਸ ਵੱਲ ਉਕਾ ਧਿਆਨ ਨਹੀਂ ਦਿੱਤਾ, ਸਗੋਂ ਗੁਰੂਆਂ ਦੇ ਪਿਤਾ ਪਿਤਾਮਾ ਅਤੇ ਪੁੱਤਰ ਪੋਤਰਿਆਂ ਦੇ ਜਨਮ-ਮਰਨ ਦੇ ਸੰਮਤਾਂ ਦੀ ਤਸਵੀਰ ਜ਼ਿਆਦਾ ਖਿੱਚੀ ਹੈ।

(ਅ) ਇਹ ਗੱਲ ਦ੍ਰਿਸ਼ਟੀਗੋਚਰ ਹੈ ਕਿ ਇਤਿਹਾਸਕਾਰ ਨੇ ਖ਼ਾਹਮਖ਼ਾਹ ਇਤਿਹਾਸਕਾਰੀ ਦੀ ਚਿੱਟੀ ਚਾਦਰ ਉਪਰ ਪੁਰਾਣਕ ਗੱਪਾਂ ਦਾ ਕਲੰਕ ਲਾ ਛੱਡਿਆ ਹੈ ਅਤੇ ਇਤਿਹਾਸ ਨੂੰ ਠੇਸ ਪਹੁੰਚਾਈ ਹੈ।

(ੲ) ਕਰਮ ਸਿਧਾਂਤ ਵੀ ਭੈੜੀ ਤਰ੍ਹਾਂ ਛਾਇਆ ਹੋਇਆ ਹੈ। ਹਰ ਘਟਨਾ ਦਾ ਪਿਛੋਕੜ ਕਰਮਫਲ ਨਾਲ ਜੁੜਿਆ ਹੈ। ਕਈ ਅਜਿਹੀਆਂ ਘਟਨਾਵਾਂ ਦਾ ਜ਼ਿਕਰ ਹੈ ਜੋ ਲੇਖਕ ਦੇ ਗੁਆਚੇ ਮਾਨਸਿਕ ਸੰਤੁਲਨ ਦਾ ਵਿਖਾਵਾ ਕਰਦੀਆਂ ਹਨ।

(ਸ) ਮਾਨਸਿਕ ਤਵਾਜ਼ਨ ਤੋਂ ਉਖੜਿਆ ਇਹ ਇਤਿਹਾਸਕਾਰ ਆਪਣੀ ਰਚਨਾ ਵਿਚ ਬੇਦੀ, ਸੋਢੀ, ਭੱਲਿਆਂ ਆਦਿ ਦੀਆਂ ਅੰਗਲੀਆਂ-ਸੰਗਲੀਆਂ ਜੋੜਦਾ ਗੁਰਮਤਿ ਸਿਧਾਤਾਂ ਤੋਂ ਲਾਂਭੇ ਚਲਾ ਜਾਂਦਾ ਹੈ।

(ਹ) ਬ੍ਰਾਹਮਣ ਹੋਣ ਕਰਕੇ ਜ਼ਾਤੀ ਵਰਨ ਵਾਲੀ ਬਿਰਤੀ ਦਾ ਸ਼ਿਕਾਰ ਹੈ ਭਾਵੇਂ ਕਿ ਇਹ ਗੁਰਮਤਿ ਅਨੁਸਾਰ ਨਹੀਂ ਪਰ ਜਿਥੇ ਵੀ ਇਸ ਨੂੰ ਸਮਾਂ ਮਿਲਦਾ ਹੈ ਬ੍ਰਾਹਮਣ ਦੀ ਤਾਰੀਫ ਦੇ ਪੁੱਲ ਬੰਨ੍ਹਦਾ ਹੈ।

(ਕ) ਗੁਰੂ ਗੋਬਿੰਦ ਸਿੰਘ ਮਹਾਰਾਜ ਨੂੰ ਕਰਮਕਾਂਡਾਂ, ਯੱਗਾਂ, ਹਵਨਾਂ ਦਾ ਸ਼ਰਧਕ ਅਤੇ ਦੇਵੀ ਪੂਜਕ ਸਿੱਧ ਕਰਨ ਲਈ ਇਸਨੇ ਪੂਰਾ ਟਿੱਲ ਲਾਇਆ ਹੈ।

(ਖ) ਬ੍ਰਾਹਮਣੀ ਜਨੂੰਨ ਹੇਠ ਖ਼ਾਲਸੇ ਦੀ ਉਪਮਾ ਪ੍ਰਥਾਇ ਸ਼ਬਦਾਂ ਜਿਵੇਂ 'ਸੇਵ ਕਰੀ ਇਨ ਹੀ ਕੀ ਭਾਵਤ ਅਤੇ 'ਜੁੱਧ ਜਿਤੇ ਇਨ ਹੀ ਕੇ ਪ੍ਰਸਾਦਿ' ਨੂੰ ਬ੍ਰਾਹਮਣਾਂ ਪ੍ਰਤੀ ਉਚਾਰੇ ਦੱਸਿਆ ਹੈ।

ਕੇਸਰ ਸਿੰਘ 'ਛਿਬਰ' ਪ੍ਰਤੀ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਡਾ: ਸੰਗਤ ਸਿੰਘ "ਲਿਖਦੇ ਹਨ, ਭਾਵੇਂ ਕਿ ਇਸਦੇ ਵਡੇਰੇ ਗੁਰੂ ਸਹਿਬਾਨ ਹੇਠ ਉੱਚਪਦਵੀਆਂ ਤੇ ਨਿਯੁਕਤ ਸਨ ਪਰ ਇਸ ਦਾ ਇਹ ਮਤਲਬ ਨਹੀਂ ਕਿ ਉਨ੍ਹਾਂ ਦਾ ਵੰਸ਼ਜ ਕੇਸਰ ਸਿੰਘ ਆਪਣੇ ਪਿਤਾ-ਪੁਰਖਾਂ ਦੇ ਰਾਹ ਤੇ ਚਲ ਸਕਣ ਵਾਲਾ ਹੋਵੇ।

"ਛਿੱਬਰ ਨੂੰ ਉਸ ਸਮੇਂ (ਸਿੱਖ ਰਾਜ ਸਮੇਂ) ਦੀਆਂ ਆਪਣਾ ਰਾਜ ਸਥਾਪਤ ਕਰਨ ਦੀਆਂ ਕੋਸ਼ਿਸ਼ਾਂ ਕੁਝ ਨਹੀਂ, ਬਲਕਿ ਇਕ ਰੌਲਾ ਤੇ ਕਲਯੁੱਗ ਦੀ ਰਾਜਗਰਦੀ ਹੀ ਜਾਪਦੀਆਂ ਹਨ।".......

"ਉਹ ਸ਼ੇਖ ਫਰੀਦ ਅਤੇ ਭਗਤ ਰਵਿਦਾਸ ਬਾਰੇ ਕਮੀਨੀਆਂ ਕਹਾਣੀਆਂ ਘੜਨ ਦੀ ਹੱਦ ਤੱਕ ਚਲਾ ਗਿਆ।"

"ਉਸ ਨੇ ਦੇਵੀ ਪੂਜਾ ਦੀ ਮਿੱਥ ਨੂੰ ਹੋਰ ਵਿਸਥਾਰਿਆ, ਕਿ ਦੇਵੀ ਨੇ ਖ਼ਾਲਸੇ ਦੀ ਸਾਜਨਾ ਸਮੇਂ ਗੁਰੂ ਜੀ ਨੂੰ ਸਲਾਹ ਦਿੱਤੀ ਕਿ ਦੈਂਤਾਂ ਨਾਲ ਲੜਨ ਅਤੇ ਰਾਜ ਕਾਇਮ ਕਰਨ ਲਈ ਆਪਣਾ ਪੰਥ ਬਣਾਉਣ।"

"ਅੱਖਾਂ ਉਪਰ ਇਹੋ ਜਿਹੇ ਖੋਪੇ ਪਾ ਕੇ, ਉਹ ਸਿੱਖ ਮੂਲ ਸਿਧਾਂਤਾਂ ਅਤੇ ਆਦਰਸ਼ਾਂ ਨੂੰ ਅੰਦਰੋ-ਅੰਦਰ ਨੁਕਸਾਨ ਪਹੁੰਚਾਉਣ ਲੱਗਾ ਰਿਹਾ।" (SIKHS IN HISTORY Page 107)

ਉਪਰੋਕਤ ਪੰਥ ਪ੍ਰਸਿੱਧ ਵਿਦਵਾਨਾਂ ਦੀਆਂ 'ਬੰਸਾਵਲੀਨਾਮੇ' ਨਾਲ ਸੰਬੰਧਿਤ ਟਿੱਪਣੀਆਂ ਤੋਂ ਪੰਥ ਪ੍ਰਤੀ ਸੁਹਿਰਦ ਪਾਠਕ ਸਹਿਜੇ ਹੀ ਅੰਦਾਜ਼ਾ ਲਗਾ ਸਕਦੇ ਹਨ ਕਿ ਇਸ ਰਚਨਾ ਦੇ ਲਿਖਾਰੀ ਨੇ ਗੁਰਮਤਿ ਸਿਧਾਂਤਾਂ ਨੂੰ ਠੇਸ ਪਹੁੰਚਾਈ ਹੈ। ਸ਼ੇਖ ਫਰੀਦ ਅਤੇ ਭਗਤ ਰਵਿਦਾਸ ਜੀ ਪ੍ਰਤੀ ਅਪਮਾਨ ਜਨਕ ਟਿੱਪਣੀਆਂ ਕਸੀਆਂ ਹਨ। ਅਕਾਲ ਤਖ਼ਤ ਸਾਹਿਬ ਦੇ ਪ੍ਰਥਮ ਸੇਵਾਦਾਰ, ਮਹਾਨ ਵਿਦਵਾਨ ਅਤੇ ਗੁਰਪਾਤਸ਼ਾਹ ਜੀ ਦੀ ਨਜ਼ਰ-ਏ-ਕਰਮ ਦੇ ਪਾਤਰ ਭਾਈ ਗੁਰਦਾਸ ਪ੍ਰਤੀ ਲਿਖਦਾ ਹੈ ਕਿ ਪ੍ਰਿਥੀਚੰਦ 'ਮੀਣੇ' ਨੇ ਭਾਈ ਸਾਹਿਬ ਨੂੰ ਬੇਔਲਾਦ ਰਹਿਣ ਦਾ ਸਰਾਪ ਦਿੱਤਾ। ਜਦੋਂ ਕਿ ਵਰ ਅਤੇ ਸਰਾਪ ਗੁਰਮਤਿ ਫ਼ਲਸਫੇ ਦੇ ਅਨੁਸਾਰੀ ਨਹੀਂ ਹਨ। ਗੁਰਇਤਿਹਾਸ ਅਤੇ ਖ਼ਾਲਸਾ ਪ੍ਰਗਟ ਕਰਨ ਸਮੇਂ ਦੇ ਹਲਾਤਾਂ ਬਾਰੇ ਜੋ ਇਸਨੇ ਕਪੋਲ ਕਲਪਣਾ ਘੜੀ ਹੈ ਉਸਦਾ ਵੇਰਵਾ ਸਿਲਸਿਲੇਵਾਰ ਦਿੱਤਾ ਜਾ ਰਿਹਾ ਹੈ ਅਤੇ ਨਾਲ ਹੀ ਇਸ ਰਚਨਾ ਵਿੱਚ ਵਰਤੇ ਕਰਮ ਕਾਂਡਾਂ

ਪ੍ਰਤੀ ਗੁਰ ਜੀ ਦਾ ਨਜ਼ਰੀਆ ਸੀ, ਜ਼ਿਕਰ ਕੀਤਾ ਗਿਆ ਹੈ। ਰਚਨਾ ਵਿਚ ਵਰ-ਸਰਾਪ ਦੇ ਡਰਾਵੇ ਵੀ ਭਾਰੂ ਹਨ। ਦਸਮ ਪਿਤਾ ਦੇ ਗੁਰਗੱਦੀ ਸੰਭਾਲਣ ਤੋਂ ਲੈ ਕੇ ਪੰਥ ਪ੍ਰਗਟ ਕਰਨ ਦਾ ਜੋ ਕਪੋਲ-ਕਲਪਣਾ 'ਤੇ ਅਧਾਰਿਤ, ਗੈਰ ਪ੍ਰਮਾਣਿਤ ਚਿਤਰਨ ਇਸ ਨੇ ਕੀਤਾ ਹੈ, ਇਸ ਪ੍ਰਕਾਰ ਹੈ-

(ੳ) ਇਸ ਨੇ ਮਿਤੀਆਂ (ਤਾਰੀਖਾਂ) ਪ੍ਰਤੀ ਭਾਵੇਂ ਖੋਜ ਭਰਪੂਰ ਕਾਰਜ ਕੀਤਾ ਹੈ, ਪ੍ਰੰਤੂ ਗ੍ਰਹਿਆਂ, ਨਛੱਤਰਾਂ ਦੇ ਮੱਕੜੀ ਜਾਲ ਤੋਂ ਮੁਕਤ ਨਹੀਂ ਹੋ ਸਕਿਆ। ਗੁਰੂ ਸਾਹਿਬ ਦੇ ਆਗਮਨ ਬਾਬਤ ਲਿਖਦਾ ਹੈ:

*ਧਨੇਸ਼ਟਾ ਨਿਛੱਤ੍ਰ ਤੀਜੇ ਚਰਨ। ਰਵਿਵਾਰ ਮਹੀਨੇ ਮਾਹ ਥਿਤ ਅਸ਼ਟਮੀ ਦੇਵੀ ਸ਼ਰਨ॥ ੨॥*

*ਸ਼ੁਕਲਾ ਪੱਖ ਪਿਛਲੀ ਰੈਨ। ਅਨਹਦ ਧੁਨਿ ਹੋਈ ਮਧ ਗੈਨ॥ ੩॥*

(ਅ) ਇਸ ਅਨੁਸਾਰ ਗੁਰੂ ਸਾਹਿਬ ਦਾ ਨਾਮਕਰਨ ਵੀ ਪੰਡਿਤ ਜੀ ਨੇ ਆ ਕੇ ਕੀਤਾ।

*ਗੋਬਿੰਦ ਰਾਏ ਜੀ ਦਿਜਨ ਨਾਮ ਬਤਾਇਆ। ਸੋਈ ਨਾਮ ਵਿਚ ਜਗਤ ਕਹਾਇਆ॥ ੪॥*

(ੲ) ਦੇਵੀ ਦਿੱਤਾ ਨਾਮ ਬ੍ਰਾਹਮਣ ਨੇ ਸ਼ੁਭ ਨਛੱਤਰ, ਅਤੇ ਮਹੂਰਤ ਬਾਰੇ ਵਿਚਾਰ ਕੇ ਗੁਰੂ ਸਾਹਿਬ ਗੁਰਗੱਦੀ 'ਤੇ ਬੈਠਣ ਦਾ ਤਿਲਕ ਲਗਾਇਆ।

*ਦੇਵੀ ਦਿੱਤਾ ਬ੍ਰਾਹਮਣ ਸੱਦਿਆ। ਸ਼ੁਭ ਨਿਛੱਤਰ ਦਸਣ ਉਪਰੰਤ।*
*ਗੁਰਗੱਦੀ 'ਤੇ ਬੈਠਣ ਦੀ ਆਗਿਆ ਕੀਤੀ। ਤਿਲਕ ਲਗਾਇਆ ਗਿਆ॥ ੨੪॥*

(ਸ) ਲੇਖਕ ਅਨੁਸਾਰ ਪੰਡਤ ਦੇਵੀਦਿੱਤਾ ਨੇ ਮਹਾਂਭਾਰਤ ਦੀ ਕਥਾ ਸੁਣਾ ਕੇ ਗੁਰੂ ਸਾਹਿਬ ਵਿਚ ਬੀਰ-ਰਸ ਭਰਿਆ, ਗੁਰੂ ਸਾਹਿਬ ਦੇ ਪੁੱਛਣ 'ਤੇ ਕਿ ਬਲ ਕਿਵੇਂ ਪ੍ਰਾਪਤ ਹੋ ਸਕਦਾ ਹੈ, ਪੰਡਤ ਨੇ ਕਿਹਾ:

*ਜੀ ਬੇਦ ਪੁਰਾਣ ਸ਼ਾਸਤ੍ਰ ਵਿਚਿ ਇਹ ਪਾਈਦਾ ਹੈ॥ ੩੩॥*

ਬੇਸ਼ਕ ਛਿੱਬਰ ਦਸਮ ਗ੍ਰੰਥ ਵਿਚਲੀ ਬਾਣੀ ਦਾ ਗਿਆਤਾ ਪ੍ਰਤੀਤ ਹੁੰਦਾ ਹੈ। ਪ੍ਰੰਤੂ ਬ੍ਰਾਹਮਣਵਾਦੀ ਤੇ ਵੇਦਾਂਤਿਕ ਲੇਪਣ ਕਰਨ ਲਈ ਗੁਰਮਤਿ ਸਿਧਾਂਤਾਂ ਅਤੇ ਦਸਮ ਪਿਤਾ ਦੇ ਦਾਰਸ਼ਨਿਕ ਵਿਚਾਰਾਂ ਨੂੰ ਵੀ ਨਜ਼ਰ-ਅੰਦਾਜ਼ ਕਰਦਾ ਹੈ।

ਤਕਰੀਬਨ ਸਾਰੇ ਹੀ ਗੁਰੂ ਸਾਹਿਬਾਨ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਇਸ ਨੇ ਆਪਣੀ ਰਚਨਾ ਵਿੱਚ ਬਿਪਰਵਾਦੀ ਕਰਮਕਾਂਡਾਂ ਦੀ ਰੰਗਤ ਭਰੀ ਹੈ, ਉਦਾਹਾਰਨ ਦੇ ਤੌਰ ਤੇ, ਗੁਰੂ ਨਾਨਕ ਸਾਹਿਬ ਜੀ ਦੇ ਜੋਤੀ ਜੋਤਿ ਸਮਾਉਣ ਉਪਰੰਤ ਹੋਈਆਂ ਰਸਮਾਂ ਨੂੰ ਇਸ ਨੇ ਇਸ ਤਰ੍ਹਾਂ ਬ੍ਰਾਹਮਣਵਾਦ ਦੀ ਰੰਗਤ ਦਿੱਤੀ ਹੈ,

*ਕਰਿ ਸਸਕਾਰ ਕ੍ਰਿਆ ਪਰ ਬੈਠੇ॥ ਦਿਨ ਤੇਰਾਂ ਸਭ ਰਹੇ ਇਕੱਠੇ॥*
*ਗਰੜ ਪੁਰਾਣ ਕੀ ਕਥਾ ਨਿਤ ਹੋਵੈ॥ ਜੋ ਕੋਈ ਸੁਣੇ ਸੋਈ ਰੋਵੈ॥ ੧੩੯॥*
*ਧਰਮਸਾਂਤਿ ਕੀਨੀ ਦੱਛਨਾ ਦਿਜ ਦਈ॥ ੧੪੧॥*

ਕਿਰਿਆ ਕਰਮ ਸਭ 'ਧਰਮ ਚੰਦ ਜੀ' ਕਰਵਾਏ॥
ਸ਼ਾਸਤ੍ਰ ਅਨੁਸਾਰ ਜੋ ਦਿਜੋਂ ਬਤਾਏ॥ ੧੫੨॥

**ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਸਮਾਉਣ ਬਾਰੇ ਲਿਖਦਾ ਹੈ:**

ਸੋਲਾਂ ਸੈ ਇਕੱਤੀ ਗੁਰੂ ਅਮਰਦਾਸ ਜੀ ਸਵਾਰਾ ਕਰ ਗਏ॥
ਬਿਆਸਾ ਨਦੀ ਕੇ ਕਿਨਾਰੇ ਸਸਕਾਰ ਕਰਤੇ ਭਏ॥
ਮੋਹਰੀ ਜੀ ਕਰਮਾਂ ਪਰ ਬੈਠੇ॥ ਦਿਨ ਤੇਰਾਂ ਸਭ ਰਹੇ ਇਕੱਠੇ॥ ੧੬॥ ੪॥
ਫੂਲ 'ਹਰਿਸਰ' ਕੋ ਦੀਏ ਪਠਾਈ॥ 'ਧਰਮਸਾਂਤਿ'* ਕਰ ਸਿਹਜਾ ਦਿਵਾਈ॥ ੧੭॥ ੪॥

**ਗੁਰੂ ਰਾਮਦਾਸ ਜੀ ਬਾਰੇ ਲਿਖਦਾ ਹੈ:**

ਭਾਦ੍ਰੋਂ ਸੁਦੀ ਤ੍ਰਿਤੀਆ ਕੀਤਾ ਸਿਸਕਾਰੁ॥ ਨਦੀ ਕਿਨਾਰੇ ਸ਼ੁਕਰਵਾਰ॥
ਕਿਰਿਆ ਕਰਮ ਸਭੋ ਕਰਵਾਇ॥ ਕਰਮਾਂ ਉਪਰਿ ਪ੍ਰਿਥੀਆ ਜੀ ਬੈਠਾਏ॥ ੩੪॥ ੪॥

**ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੋਤੀ ਜੋਤਿ ਸਮਾਉਣ ਦਾ ਜ਼ਿਕਰ ਕਰਦਾ ਲਿਖਦਾ ਹੈ:**

ਕਰਮਾਂ ਉਪਰਿ ਬੈਠੇ ਸੂਰਤਿ ਸਿੰਘ ਜੀ ਆਪ॥
ਗੁਰੂ ਹਰਿਗੋਬਿੰਦ ਦਾ ਕੀਆ ਸਿਸਕਾਰ, ਜੋ ਤੀਨ ਸੁਤੋਂ ਕਾ ਬਾਪ॥
ਨਦੀ ਕਿਨਾਰੇ, ਜਹਾਂ ਜਲ ਕਾ ਵਹੇ ਪ੍ਰਵਾਹ॥ ਪਤਾਲ ਪੁਰੀ ਨਾਉ ਅਬ ਹੈ ਤਾਂਹ॥
ਫੂਲ ਹਰਿਸਰ ਭੇਜ ਪਾਲਕੀ ਪਾਇ॥ ਕਰਿ ਧਰਮ ਸਾਂਤਿ** ਦਿਜ ਦਿਤੇ ਜਿਵਾਇ॥ ੧੬੭॥ ੬॥

**ਸੱਤਵੀਂ ਪਾਤਸ਼ਾਹੀ ਗੁਰੂ ਹਰਿ ਰਾਇ ਜੀ ਦੇ ਜੋਤਿ ਜੋਤਿ ਸਮਾਉਣ ਬਾਰੇ ਜ਼ਿਕਰ ਕਰਦਾ ਹੈ:**

ਕਰਮ ਕਿਰਿਆ ਧਰਮ-ਸਾਂਤਿ ਕੀਨੀ॥ ਜਿਵਾਏ ਬ੍ਰਹਮਨ ਹੱਛੀ ਦੱਛਨਾ ਦੀਨੀ॥ ੧੭॥ ੭॥

**ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਉਪਰੰਤ ਬਿਪਰਵਾਦੀ ਰਹੁਰੀਤਾਂ ਦਾ ਨਕਸ਼ਾ ਖਿੱਚਦਾ ਇਹ ਲਿਖਾਰੀ ਬਿਆਨ ਕਰਦਾ ਹੈ:**

ਕਿਰਿਆ ਕਰਮ ਸ਼ਾਸਤ੍ਰੋਕਤ ਸਭ ਕਰਵਾਏ॥ ਫੂਲ ਹਰਿਸਰ ਗੰਗਾ ਦਏ ਪਠਾਏ॥
ਸਿਹਜਾ ਧਰਮ-ਸ਼ਾਂਤਿ ਸਭ ਕੀਨੀ॥ ਭੋਜਨ ਦੱਛਨਾ ਦਿਜਨ ਕੋ ਅਤਿ ਦੀਨੀ॥ ੧੬੧॥ ੯॥

ਕੇਸਰ ਸਿੰਘ ਦੀ ਸੰਪੂਰਨ ਰਚਨਾ ਇਤਿਹਾਸਕ ਕਸਵੱਟੀ ਤੇ ਪੂਰੀ ਤਰ੍ਹਾਂ ਪ੍ਰਮਾਣਿਕ ਨਹੀਂ ਮੰਨੀ ਜਾ ਸਕਦੀ, ਬੇਸ਼ਕ ਕਿ ਪੰਜਵੀਂ ਪਾਤਸ਼ਾਹੀ ਤੱਕ ਇਸ ਦੀ ਦਿੱਤੀ ਤਾਰੀਖ਼ਾਵਲੀ ਕਾਫੀ ਪ੍ਰਮਾਣਿਕ ਮੰਨ ਕੇ ਵਿਦਵਾਨਾਂ ਵਲੋਂ ਵਰਤੀ ਜਾਂਦੀ ਹੈ। ਕੇਸਰ ਸਿੰਘ 'ਛਿੱਬਰ' ਖੁਦ ਹੀ ਮੰਨਦਾ

*ਗੁਰੂ ਗੋਬਿੰਦ ਸਿੰਘ ਜੀ **ਸਥਾਨ ਜਿਥੇ ਹਰਿਮੰਦਰ ਸਾਹਿਬ ਬਣਾਇਆ ਗਿਆ।

ਹੈ ਕਿ ਸੁਣਿਆ-ਸੁਣਾਇਆ ਜੋ ਕੁਝ ਉਸ ਨੂੰ ਯਾਦ ਰਿਹਾ ਉਹ ਕੁਝ ਹੀ ਲਿਖਿਆ ਹੈ:

*ਪ੍ਰਿਥਮ ਚਰਨ ਮੈਂ ਅਬ ਕਹੌਂ ਸਤਿਗੁਰ ਕੇ ਪ੍ਰਸਾਦਿ।*
*ਸੁਨੀ ਸੁਨਈ ਸੋਧਕੇ, ਜੋਇ ਰਹੀ ਹੈ ਯਾਦ॥ ੬॥*

ਰਚਨਾ ਦੇ ਆਰੰਭ ਵਿੱਚ ਹੀ ਲੇਖਕ ਵਲੋਂ ਗੌਰੀ ਪੁੱਤਰ ਗਨੇਸ਼ ਦੀ ਪੂਜਾ ਤੋਂ ਉਸ ਦੀ ਮਿਥਿਹਾਸ ਪ੍ਰਤੀ ਆਸਥਾ ਦਾ ਪਤਾ ਚਲ ਜਾਂਦਾ ਹੈ:

*ਗਉਰੀ ਪੂਤ ਗਨੇਸ ਜੀ ਬਿਨਤੀ ਸੁਨੀਐ ਏਹੁ।*
*ਭੂਲ ਚੂਕ ਮਮ ਖ਼ਿਮਾ ਕਰ ਬੁਧਿ ਉਜਲ ਦੇਹ॥ ੩॥*

ਜਨਮ ਮਰਨ, ਦਿਨ ਰਾਤ, ਵਿਆਹ ਮੌਤ, ਦਿਵਾਲੀ ਵਿਸਾਖੀ ਦੀ ਗ੍ਰਹਿਆਂ ਵਿਚ ਵੰਡ ਕਰਦਾ ਲਿਖਦਾ ਹੈ:

*ਰੈਨ ਚੰਦ੍ਰਮਾਂ ਕੀ, ਦਿਨ ਸੂਰਜ ਲੀਆ॥*
*ਦਿਵਾਲੀ ਚੰਦ੍ਰਮੇ ਕੀ ਵਿਸਾਖੀ ਮੇਲਾ ਸੂਰਜ ਥੀਆ॥*
*ਉਤਪਤ ਸੂਰਜ ਕੀ ਸੀਉ ਚੰਦ੍ਰਮਾਂ ਵਿੱਚ ਪਾਇ॥*
*ਸ਼ਰਾਧ ਚੰਦ੍ਰਮੇਂ ਕੀ ਵੀਆਹ ਸੂਰਜ ਠਹਿਰਾਏ॥ ੫੮॥*

ਸਿੱਖ ਗੁਰੂ ਸਾਹਿਬ ਦੀ ਜ਼ਾਤ-ਵੰਡ ਕਰਕੇ ਜਿਥੇ ਸਾਰਿਆਂ ਨੂੰ ਰਘੂਕੁਲ ਨਾਲ ਜੋੜਿਆ ਹੈ ਉਥੇ ਜ਼ਾਤੀ ਪ੍ਰਥਾ ਨੂੰ ਉਘਾੜਿਆ ਹੈ:

*ਵੇਦੀ ਸੋਢੀ ਤ੍ਰਿਹਨ ਤੇ ਭੱਲੇ। ਚਾਰੇ ਜ਼ਾਤੀ ਰਾਜਾ ਦਸਰਥ ਕੀ ਅੰਸੁ ਆਏ ਰਲੇ ਮਿਲੇ।*
*ਸੋ ਚਿਰੰਕਾਲ ਰਹੇ ਦੱਖਣ ਦੇਸ। ਨਗਰੀ ਆਯੁਧਿਆ ਕੇ ਆਸ ਪਾਸ ਬਹੁ ਵੇਸ॥ ੨੦੭॥*

ਗੁਰੂ ਪਾਤਸ਼ਾਹ ਜੀ ਦੇ ਸਤਿਕਾਰ ਯੋਗ ਨਾਮ ਲਿਖਣ ਦੀ ਬਜਾਏ ਜ਼ਾਤੀ ਅਧਾਰਿਤ ਸ਼ਬਦਾਂ ਦੀ ਵਰਤੋਂ ਕੀਤੀ ਹੈ:

*'ਬਚਿੱਤਰ ਨਾਟਕ' ਵਿੱਚ ਸੋਢੀ ਸਾਹਿਬ* ਸਭ ਆਖ ਸੁਨਾਇਆ॥ ੧੧੦॥*

ਬਾਬਾ ਸ੍ਰੀ ਚੰਦ ਬਾਰੇ ਲਿਖਦਾ ਹੈ:

*ਸ੍ਰੀ ਚੰਦ ਜੀ ਗੋਰਖ ਕੇ ਅਵਤਾਰ॥ ਆੜਬੰਦ ਲੰਗੋਟ ਕਟਿ ਆਏ ਧਾਰਿ॥* (੧੨੫)

ਗੁਰੂ ਨਾਨਕ ਸਾਹਿਬ ਜੀ ਦੇ ਦੋਨਾਂ ਸਪੁੱਤਰਾਂ ਦੇ ਜਨਮ ਬਾਰੇ ਲਿਖਦਾ ਹੈ:

*ਸਾਹਿਬ ਗੁਰੂ ਨਾਨਕ ਜੀ ਦੁਇ ਲੌਂਗ ਦਿਤੇ ਤਬ ਦੋਨੋ ਸੁਤ ਭਏ॥*
*ਆਪ ਸਾਹਿਬ ਉਠ ਪਰਦੇਸ ਸੈਲ ਕਰਨ ਨੂੰ ਗਏ॥ ੧੨੬॥*

ਗੁਰੂ ਅੰਗਦ ਦੇਵ ਜੀ ਗੁਰੂ ਅਮਰਦਾਸ ਜੀ ਨੂੰ **ਹਰਿਮੰਦਰ ਸਾਹਿਬ ਦੀ 'ਮਹਾਨਤਾ' ਬਾਰੇ ਦੱਸਦੇ ਹਨ:

''ਭਈ ਅਮਰਿਆ! ਸੰਭੂ ਮੁਨਿ ਜੀ ਇਥੇ ਤਪ ਹੈ ਕਰਦਾ ਰਹਿਆ॥ ੯੦॥

ਚਰਣ-੨

ਰਾਜੇ ਇਖਵਾਕ ਇਥੇ ਹੈਸੀ ਜੱਗ ਕਰਵਾਇਆ॥
ਇਹ ਸੀ ਬਣਿਆ ਕੁੰਡ ਹੋਮ ਦਾ, ਆਹੂਤੀ ਇਥੇ ਪਾਇਆ॥
ਲੱਖ ਬ੍ਰਹਮਣ ਇਥੇ ਭੋਜਨ ਕਰਿ ਗਏ॥
ਤਾਂ ਤੇ ਇਹ ਅਸਥਾਨ ਪਵਿੱਤ੍ਰ ਅਤਿ ਭਏ॥ ੯੧॥ ੨॥

ਬਾਣੀ ਅਨੰਦ ਸਾਹਿਬ ਦੀ ਰਚਨਾ ਦਾ ਸੰਬੰਧ ਬਾਬੇ ਨੰਦ ਜੀ ਨਾਲ ਜੋੜਦਾ ਲਿਖਦਾ ਹੈ,

ਬਾਬਾ ਨੰਦ ਜੀ ਜਨਮੇਂ ਤਾਂ 'ਅਨੰਦ' ਸੀ ਬਣਿਆ॥
ਪਉੜੀਆਂ ਚਾਲੀ ਗੁਰੂ ਅਮਰਦਾਸ ਜੀ ਹੈ ਸੀ ਭਣਿਆ॥ ੭੩॥੩॥

ਜਦੋਂ ਗੁਰੂ ਰਾਮਦਾਸ ਜੀ ਨੇ ਹਰਿਮੰਦਰ ਸਾਹਿਬ ਦੀ ਸਥਾਪਨਾ ਕੀਤੀ ਤਾਂ ਸੰਗਤਾਂ ਨੇ ਬੇਨਤੀ ਕੀਤੀ ਕਿ ਅਸੀਂ ਤਾਂ ਬ੍ਰਾਹਮਣ ਨਹੀਂ ਹਾਂ, ਇਸ ਕਰਕੇ ਇਸ ਦੀ ਸੇਵਾ ਨਹੀਂ ਕਰ ਸਕਦੇ ਸੋ ਕਿਸੇ ਬ੍ਰਾਹਮਣ ਨੂੰ ਸੇਵਾ ਬਖਸ਼ੋ, ਜਾਂ ਕਿਸੇ ਫ਼ਕੀਰ ਨੂੰ:

ਕ੍ਰਿਪਾ ਕਰਕੈ ਇਥੇ ਕੋਈ ਆਪ ਬਿਠਾਈਐ॥
ਇਕੇ ਕੋਈ ਬ੍ਰਾਹਮਨ, ਇਕੇ ਕੋਈ ਫਕੀਰ ਠਹਿਰਾਈਐ॥ ੨੩॥ ੪॥

ਗੁਰੂ ਅਰਜਨ ਸਾਹਿਬ ਜੀ ਨੂੰ ਬਾਣੀ ਲਿਖਣ ਦਾ ਵਰ ਦੇਵੀ ਨੇ ਦਿੱਤਾ,

ਸਾਹਿਬ ਵਰੁ ਦਿਤਾ ਮਾਤਾ ਸਾਰਦਾ ਭਵਾਨੀ॥
ਸਾਹਿਬ ਲਗੇ ਉਚਾਰਨ ਰਸਨਾ ਤੇ ਸ਼ਬਦ-ਬਾਨੀ॥ ੨੨॥੫॥

ਇਸ ਲਿਖਾਰੀ ਨੇ ਕਾਫ਼ੀ ਸਾਰੀ ਬਾਣੀ ਦੇ ਸ਼ਬਦ ਪ੍ਰਿਥੀ ਚੰਦ ਨੂੰ ਸੰਬੋਧਿਤ ਦਰਸਾਏ ਹਨ,

ਜਦਿ ਪ੍ਰਿਥੀਆ *ਦੁਸਟੀ ਕਰਨ ਗਿਆ ਲਾਹੌਰ॥
ਰਾਗੁ ਸੋਰਠਿ ਵਿਚਿ ਲਿਖ ਦਿੱਤਾ ਆਦਮੀ ਟੋਰ॥ ੪੦॥ ੫॥
ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥

ਭਾਈ ਗੁਰਦਾਸ ਜੀ ਨੂੰ ਸਰਾਪ ਦਿੰਦਾ ਪ੍ਰਿਥੀ ਚੰਦ ਕਹਿੰਦਾ ਹੈ -

ਭਾਈ ਗੁਰਦਾਸ! ਤੂ ਅਸਾਡਿਆਂ ਭਰਾਵਾਂ ਦੀ ਕੀਤੀ ਹੈ ਨਿੰਦ॥
ਤੂ ਹੋਸੈਂ ਨਿਰਅੰਸ, ਸੁਤ ਨ ਰਹਿਸੀ ਬਿੰਦ**॥ ੯੬॥ ੫॥

ਪ੍ਰਿਥੀ ਚੰਦ ਦੀ ਗੁਰੂ ਅਰਜਨ ਸਾਹਿਬ ਨਾਲ ਈਰਖਾ ਨੂੰ ਇਹ ਕਰਮ-ਸਿਧਾਂਤ ਅਨੁਸਾਰ

---

*(ਧੁਰਿਆਈ ਚੁਗਲੀ) **(ਇਹ ਸਰਾਪ ਅਨੁਚਿਤ ਹੈ, ਨਾ ਹੀ ਐਸਾ ਹੋਇਆ ਸੀ। ਜੇਕਰ ਪ੍ਰਿਥੀ ਚੰਦ ਵਰਗੇ ਮੰਦ ਆਚਰਣ ਵਾਲਾ ਵੀ ਸਰਾਪ (ਜੋ ਗੁਰਮਤਿ ਅਨੁਸਾਰੀ ਨਹੀ) ਦੇਣ ਦੀ ਸ਼ਕਤੀ ਰੱਖਦਾ ਸੀ ਤਾਂ ਅਜਿਹੀ ਸ਼ਕਤੀ ਉਸ ਨੂੰ ਕਿਹੜੇ ਨੇਕ ਕਰਮ ਕਰਕੇ ਹਾਸਲ ਸੀ)।

ਪਿਛਲੇ ਜਨਮ ਦਾ ਵੈਰ ਦੱਸਦਾ ਹੈ ਜਦੋਂ ਅਰਜਨ (ਪਾਂਡਵ) ਨੇ ਤੀਰ ਨਾਲ ਨਿਰਦੋਸ਼ ਸਹੇ (ਖਰਗੋਸ਼) ਨੂੰ ਮਾਰ ਦਿੱਤਾ। ਸੋ ਹੁਣ ਇਸ ਜਨਮ ਵਿੱਚ ਅਰਜਨ (ਪਾਂਡਵ) ਗੁਰੂ ਅਰਜਨ ਸਾਹਿਬ ਰੂਪ ਵਿੱਚ ਆਇਆ ਅਤੇ ਆਪਣਾ ਬਦਲਾ ਲੈਣ ਲਈ ਪ੍ਰਿਥੀ ਚੰਦ ਦੇ ਰੂਪ ਵਿੱਚ ਖਰਗੋਸ਼ ਆਇਆ-

*ਸੋ ਅਰਜੁਨ, ਅਉਤਾਰ ਗੁਰੂ ਅਰਜਨ ਦਾ ਧਰਿਆ॥*
*ਅਤੇ ਸਸੇ (ਸਹੇ) ਅਉਤਾਰ ਪ੍ਰਿਥੀਏ ਦਾ ਕਰਿਆ॥ ੧੨੨॥*

ਗੁਰੂ ਹਰਿਗੋਬਿੰਦ ਸਾਹਿਬ ਨੂੰ ਪਿਹੋਵੇ ਜਾ ਕੇ ਬ੍ਰਾਹਮਣੀ ਕਰਮ ਕਰਵਾਉਂਦਾ ਹੋਇਆ ਇਹ ਕਵੀ ਦਰਸਾਉਂਦਾ ਹੈ,

*ਸੋਲਾਂ ਬਰਸ ਦੇ ਆਹਿ ਸਾਹਿਬ ਹਰਿਗੋਬਿੰਦ॥*
*ਸ਼ਾਸਤ੍ਰੋਕਤ ਕਰਮ ਪਹੋਏ ਜਾਏ ਕਰਾਏ ਸਤਿਗੁਰੂ ਨਰਿੰਦ॥*
**ਪੁਤਲਾ ਬਣਵਾਇ ਜਲਾਇਆ ਪਹੋਏ॥ ਦੂਬ ਅਤਿ ਲਾਇਆ, ਕਰਮ ਹੱਛੇ ਹੋਇ॥*
*ਨਿਉਤੇ ਦੱਛਨਾ ਬਹੁਤ ਦਿਜਨ ਦੀਨੀ॥ ਅੱਠਵੇਂ ਮਹੀਨੇ ਮਾਹ ਦੇ ਸਭ ਕਿਰਿਆ ਕੀਨੀ॥ਪ੩॥੬॥*

ਰਾਮਰਾਇ ਦੀ ਗੁਰੂ ਹਰਿਕ੍ਰਿਸ਼ਨ ਸਾਹਿਬ ਨਾਲ ਈਰਖਾ ਦਾ ਕਾਰਨ ਇਹ ਗੁਰੂ ਹਰਿਕ੍ਰਿਸ਼ਨ ਜੀ ਦੇ ਮੂੰਹੋਂ ਕਢਵਾਉਂਦਾ ਲਿਖਦਾ ਹੈ, ਕਿ ਸਾਡਾ ਨਾਮ ਕਰਨਪਾਲ ਸੀ ਅਤੇ ਸਾਡਾ ਪਿਤਾ ਰਾਜਾ ਤਿਲਕਧੁਜ ਸੀ। ਇਕ ਵਾਰੀ ਮੈਂ ਐਸੇ ਬੱਕਰੇ ਦੀ ਬਲੀ ਦੇ ਦਿੱਤੀ ਜੋ ਦੇਵੀ ਜੀ ਨੂੰ ਚੜ੍ਹਾਇਆ ਹੋਇਆ ਸੀ, ਸੋ ਬੱਕਰਾ ਹੁਣ ਰਾਮਰਾਇ ਜੀ ਦੇ ਰੂਪ ਹੈ, ਮੈਂ ਕਰਨਪਾਲ ਦਾ ਅਉਤਾਰ ਹਾਂ ਤੇ ਰਾਮਰਾਇ ਜੀ ਮੈਥੋਂ ਬਦਲਾ ਲੈਣਾ ਚਾਹੁੰਦਾ ਹੈ:

*ਤਿਲਕ ਧੁਜ ਅਸਾਡਾ ਪਿਤਾ ਸੀ ਰਾਜਾ॥ ਅਤੇ ਕਰਨਪਾਲ ਸੀ ਨਾਉਂ ਅਸਾਡਾ॥*
*ਸੋ ਪਿਤਾ ਅਸਾਡਾ ਦੇਵੀ ਦੇ ਅਸਥਾਨ ਤੇ ਆਇਆ॥*
*ਬਲਿ ਦੇਵਨ ਨੂੰ ਏਕ ਬੱਕਰਾ ਸੀ ਮੰਗਾਇਆ ॥ ੨੫॥ ੮॥*
*ਸੋ ਬੱਕਰੇ ਬਹੁਤ ਲੈ ਆਏ॥ ਇਕ ਬੱਕਰਾ ਬਲਿ ਵਾਸਤੇ ਵਿਚੋਂ ਕੱਢਿਆ ਜਾਏ॥*
*ਜਿਹੜਾ ਬੱਕਰਾ ਮੈਂ ਸੀ ਚੁਣ ਆਂਦਾ॥ ਉਹੁ ਮੇਰੇ ਮੂੰਹ ਨੂੰ ਦੇਖੇ ਖੜੋਤਾ ਵਾਂਦਾ॥*
*ਅਸਾਂ ਨੂੰ ਉਸ ਵਖਤ ਕੁਛ ਸਮਝ ਨ ਆਈ॥ ਅਸਾਂ ਕਿਉਂ ਪਕੜਨਾ ਸੀ ਉਹ ਜਾਈ॥ ੨੭॥*
*ਉਹੁ ਪਿਤਾ ਅਸਾਡੇ ਦੇਵੀ ਨੂੰ ਬਲਿ ਸੀ ਦਿਤਾ॥*
*ਤਿਸ ਦੇ ਅਉਤਾਰ ਭਾਈ ਰਾਮਰਾਇ ਜੀ ਹੋਇ॥ ੨੮॥ ੮॥*

ਆਪਣੀ ਬ੍ਰਾਹਮਣਵਾਦੀ ਵਿਚਾਰਧਾਰਾ ਨੂੰ ਅਮਲੀ ਜਾਮਾ ਪਹਿਨਾਉਣ ਲਈ, ਇਸ ਨੇ ਕਸ਼ਮੀਰ ਦੇ ਬ੍ਰਾਹਮਣਾਂ ਦਾ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਰਨ ਵਿਚ ਆਉਣ ਅਤੇ ਬੇਨਤੀ ਕਰਨ ਦਾ ਕੋਈ ਜ਼ਿਕਰ ਨਹੀਂ ਕੀਤਾ ਸਗੋਂ ਇਕ ਮਨਘੜਤ ਕਹਾਣੀ ਘੜੀ ਹੈ ਜਿਹੜੀ ਕਿ ਤਕਰੀਬਨ

**(ਨੋਟ:-ਚੰਗੇ ਭਾਗ ਕਰਨ ਲਈ ਉਪਰੋਕਤ ਰਸਮਾਂ ਪਿਹੋਵੇ ਜਾ ਕੇ ਕੀਤੀਆਂ ਗਈਆਂ)।*

ਥੋੜ੍ਹੀ ਜਿਹੀ ਗੁਲਾਮ ਹੁਸੈਨ (ਕਰਤਾ ਸਿਆਰੁਲ-ਮੁਤਾਖ਼ਰੀਨ) ਨਾਲ ਮਿਲਦੀ ਹੈ। ਉਹ ਇਸ ਤਰ੍ਹਾਂ ਹੈ ਕਿ ਇਕ ਮੁਸਲਮਾਨ ਸੱਯਦ ਔਰੰਗਜ਼ੇਬ ਤੋਂ ਕਿਸੇ ਗੱਲੋਂ ਡਰ ਕੇ ਪਹਾੜਾਂ ਵਿੱਚ ਜਾ ਲੁਕਿਆ।

ਔਰੰਗਜ਼ੇਬ ਨੇ ਸਿਪਾਹੀ ਭੇਜ ਕੇ ਉਸ ਨੂੰ ਫੜ ਲਿਆਂਦਾ, ਉਸ ਸੱਯਦ ਨਾਲ ਇਕ ਖੱਤਰੀ ਵੀ ਸੀ ਜਿਹੜਾ ਗੁਰੂ ਘਰ ਦਾ ਪੱਕਾ ਦੋਖੀ ਸੀ ਉਸ ਨੇ ਸੱਯਦ ਨੂੰ ਸਲਾਹ ਦਿੱਤੀ ਕਿ ਜੇਕਰ ਤੁਸੀਂ ਬਚਣਾ ਚਾਹੁੰਦੇ ਹੋ, ਤਾਂ ਤੁਸੀਂ ਔਰੰਗਜ਼ੇਬ ਨੂੰ ਜਾ ਕੇ ਕਹਿਣਾ ਕਿ, ਰੱਬ ਕੇਵਲ ਮੁਸਲਮਾਨਾਂ ਦਾ ਹੈ ਜਾਂ ਸਾਰੇ ਸੰਸਾਰ ਦਾ? ਔਰੰਗਜ਼ੇਬ ਜਵਾਬ ਦੇਵੇਗਾ ਕਿ ਰੱਬ ਸਾਰਿਆਂ ਦਾ ਹੈ। ਤੁਸੀਂ ਕਹਿਣਾ ਕਿ ਹੁਣ ਤਾਂ ਖ਼ੁਦਾ ਦੇ ਦਰ ਤੇ ਕੇਵਲ ਗੁਰੂ ਨਾਨਕ ਸ਼ਾਹ ਦੀ ਬੰਦਗੀ ਪ੍ਰਵਾਨ ਹੈ, ਜੋ ਗੁਰੂ ਨਾਨਕ ਕਹਿੰਦਾ ਹੈ, ਖ਼ੁਦਾ ਦੇ ਦਰ ਉਹੀ ਹੁੰਦਾ ਹੈ।

ਗੁਰੂ ਨਾਨਕ ਸਾਹਿਬ ਦੀ ਮਹਾਨਤਾ ਤੋਂ ਔਰੰਗਜ਼ੇਬ ਖਿੱਝ ਗਿਆ, ਉਸਨੇ ਕਿਹਾ,"

*ਨਾਨਕ ਸ਼ਾਹ ਮੁਆ ਹੈ, ਕਿ ਹੈ ਅਬ ਜੀਤਾ?" ॥ ੬੪ ॥ ੯ ॥*

*ਸਭਨਾਂ ਕਹਿਆ, "ਜੀ ਵਹੁ ਤੋ ਚਿਰੋਕੇ ਹੱਕ ਭਏ॥*

*ਪਾਛੇ ਉਨ ਕੀ ਗਾਦੀ ਦੇ ਭੀ ਹੱਕ ਹੋਇ ਗਏ॥"*

*(ਔਰੰਗਜ਼ੇਬ) ਕਹੇ: "ਅਰੇ ਉਨ ਕਾ ਕੋਈ ਅਬ ਹੈ ਜੀਤਾ?"*

ਸਭਨਾ ਕਹਿਆ,

*"ਜੀ ਤੇਗ ਬਹਾਦੁਰ ਨਾਨਕ ਸ਼ਾਹੀ ਗੱਦੀ ਦਾ ਵਾਰਸ ਹੈ ਕੀਤਾ॥" ੬੫ ॥ ੯ ॥*

(ਔਰੰਗਜ਼ੇਬ) ਕਹਿਆ, *"ਤਿਸ ਨੂੰ ਜਾਇ ਕੇ ਪਕੜਿ ਲਿਆਵੋ।"*

ਇਹ ਲਿਖਾਰੀ ਇੰਨਾ ਕੂਟਲਨੀਤਕ ਹੈ ਕਿ ਗੁਰੂ ਸਾਹਿਬ ਨੂੰ ਹਿੰਦੂ ਧਰਮ ਦੇ ਰੱਖਿਅਕ ਨਹੀਂ ਬਲਕਿ ਹਿੰਦੂ ਸਾਬਤ ਕਰਨਾ ਚਾਹੁੰਦਾ ਹੈ, ਇਹ ਲਿਖਾਰੀ ਔਰੰਗਜ਼ੇਬ ਦੇ ਮੂੰਹੋਂ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਉਪਰੰਤ ਕਢਵਾਉਂਦਾ ਹੈ-

*ਬਹੁੜ ਮੁਖ ਤੇ ਕੀਆ ਬਖਾਨੁ॥*

*ਕਰਿ ਗਿਆ ਛਲੁ ਹਿੰਦੂ ਮੈਂ ਕਰਨਾ ਸੀ ਮੁਸਲਮਾਨ॥ ੧੨੯॥ ੯॥*

ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਤੋਂ ਬਾਅਦ ਗੁਰੂ (ਬਾਲ) ਗੋਬਿੰਦ ਰਾਇ ਜੀ, ਬਿਲਕੁਲ ਉਦਾਸ ਹੋ ਗਏ, ਮਨੋਦਸ਼ਾ ਐਸੀ ਹੋ ਗਈ ਕਿ ਅੰਦਰੋਂ ਬਾਹਰ ਹੀ ਨਾ ਨਿਕਲਣ।

*ਸਾਹਿਬਜ਼ਾਦਾ ਜਾਇ ਭੀਤਰ ਵੜਿਆ॥ ਗਹੀ ਮੋਨ ਕਛੁ ਬਚਨ ਨ ਕਰਿਆ॥*

ਮਾਤਾ ਗੁਜਰੀ ਜੀ ਨੂੰ ਸਿੱਖਾਂ ਜਾ ਕੇ ਬੇਨਤੀ ਕੀਤੀ:

*ਤੁਸੀਂ ਕਹੋ ਤਾਂ ਬਾਹਰਿ ਆਵੈ॥ ਸਭ ਸੰਗਤਿ ਕੋ ਚਰਨ ਲਗਾਵੈ॥ ੧੬੧॥ ੯॥*

ਦਸਵੇਂ ਚਰਣ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਕਰਣ ਬਾਰੇ ਇਸ ਤਰ੍ਹਾਂ ਲਿਖਦਾ ਹੈ

ਸਾਲ ਦੁਇ ਤਹਾਂ ਬਸਤੇ ਭਏ॥

ਧਾਮ ਦਿਜਨ ਕੌ ਅਤਿ ਧਨ ਦਏ॥
ਗੋਬਿੰਦ ਰਾਇ ਜੀ ਦਿਜਨ ਨਾਮ ਬਤਾਇਆ॥
ਸੋਈ ਨਾਮ ਫਿਰ ਜਗਤ ਕਹਾਇਆ॥ ੪॥੧੦॥

ਗੁਰੂ ਤੇਗ ਬਹਾਦਰ ਸਾਹਿਬ ਦਾ ਸੀਸ ਅਨੰਦਪੁਰ ਸਾਹਿਬ ਪਹੁੰਚਣ ਉਪਰੰਤ, ਗੁਰੂ ਗੋਬਿੰਦ ਰਾਏ ਜੀ ਨੇ ਜਿਥੇ ਬਿਪਰਵਾਦੀ ਕਰਮ ਕਾਂਡਾਂ ਨਾਲ ਅੰਤਿਮ ਕ੍ਰਿਆ ਕੀਤੀ ਉਥੇ ਨਾਲ ਹੀ ਉਦਾਸ ਅਤੇ ਚਿੰਤਤ ਹੋ ਕੇ ਸਮਾਧੀ ਲਗਾ ਕੇ ਬੈਠ ਗਏ ਕਿ ਤੁਰਕਾਂ ਦਾ ਨਾਸ਼ ਹੋ ਜਾਵੇ।

ਜਬ ਸਾਹਿਬ ਪਾਸ ਸਿਖ ਸੀਸੁ ਲੈ ਆਏ॥
ਤਬ ਸਾਹਿਬ ਸ਼ਾਸ਼ਤ੍ਰੋਕਤ ਕਿਰਿਆ ਕਰਮ ਸਭ ਕਰਾਏ॥
ਪਾਛੇ ਬੈਠੇ ਅੰਦਰ ਸਮਾਧ ਲਗਾਏ॥
ਲਗੇ ਕਰਨ ਤਪੁ ਜੋ ਤੁਰਕ ਦਾ ਮੂਲ ਨਾਸ ਹੋਇ ਜਾਏ॥ ੨੨॥ ੧੦॥

ਗੁਰੂ ਸਾਹਿਬ ਨੇ ਤੁਰਕਾਂ ਦਾ ਨਾਸ ਕਰਨ ਹੇਤ, ਅਨੇਕਾਂ ਹੀ ਬ੍ਰਾਹਮਣਾਂ ਨੂੰ ਯੱਗ ਕਰਨ ਲਈ ਸੱਦਿਆ। ਹਜ਼ਾਰਾਂ ਹੀ ਪੰਡਤ ਆਏ ਤਾਂ ਗੁਰੂ ਸਾਹਿਬ ਨੇ ਸਾਰਿਆਂ ਨੂੰ ਬ੍ਰਹਮ ਭੋਜ ਵਿਚ ਮੀਟ ਖਾਣ ਲਈ ਮਜ਼ਬੂਰ ਕੀਤਾ, ਜਿਹੜਾ ਮੀਟ ਖਾਏ ਉਸ ਨੂੰ ਧਨ ਰੂਪ ਵਿਚ ਵੱਖਰੀ ਦੱਛਣਾ (ਪੂਜਾ-ਭੇਟ) ਦਿੱਤੀ ਗਈ-

ਜੋ ਬ੍ਰਹਮਨ ਹੋਇ ਕੇ ਮਾਸ ਖਾਏ, ਸੋ ਰੁਪਯਾ ਸਉ ਦੱਖਣਾ ਪਾਏ॥

ਤਿੰਨ ਬ੍ਰਾਹਮਣ ਨਿਕਲੇ ਜਿਨ੍ਹਾਂ ਮਾਸ ਨਾ ਖਾਧਾ, ਕਈ ਤਰ੍ਹਾਂ ਦੇ ਲਾਲਚ ਦਿੱਤੇ ਗਏ ਪਰ ਉਨ੍ਹਾਂ ਤਿੰਨਾਂ ਮਾਸ ਨਾ ਖਾਧਾ:

ਇਕ ਹਰਿਦਾਸ, ਦੂਜਾ ਹਰਿਭਗਵਾਨ,
ਇਨ੍ਹਾਂ ਮਾਸ ਨ ਖਾਇਆ, ਤੀਜਾ ਲਛਮੀ ਰਾਮ॥ ੪੨॥ ੧੦॥

ਇਨ੍ਹਾਂ ਮਾਸ ਨਾ ਖਾਧਾ ਤਾਂ ਗੁਰੂ ਜੀ ਵਲੋਂ ਧਮਕੀ ਦਿੱਤੀ ਗਈ-

ਬਚਨ ਕੀਤਾ, "ਇਕੇ ਤਾਂ ਮਾਸ ਖਾਓ ਨਹੀਂ ਤਾਂ ਪ੍ਰਾਣ ਗਵਾਉ॥ ੪੧॥ ੧੦॥

ਅਖੀਰ ਜਦੋਂ ਇਹ ਮਰਨ ਤੋਂ ਵੀ ਨਾ ਡਰੇ ਤਾਂ ਇਨ੍ਹਾਂ ਨੂੰ ਗੁਰੂ ਸਾਹਿਬ ਨੇ ਕਿਹਾ:

"ਕਿਉਂ ਬੇਅਨਕ ਹੋ ਜਾਨ ਗਵਾਂਦੇ।
ਲਖ ਬ੍ਰਾਹਮਨ ਖਾਇ ਗਏ, ਤੁਸੀਂ ਕਿਉਂ ਨਹੀਂ ਖਾਂਦੇ॥ ੪੮॥ ੧੦॥

ਉਕਤ ਤਿੰਨਾਂ ਬ੍ਰਾਹਮਣਾਂ ਨੇ ਮੀਟ ਨਾ ਖਾਣ ਦਾ ਕਾਰਨ ਦੱਸਦਿਆਂ ਕਿਹਾ:

ਤਿਨ ਕਹਿਆ, "ਜੀ ਅਸੀਂ ਧਰਮ ਨਹੀਂ ਗਵਾਣਾ॥

ਬ੍ਰਾਹਮਣਾਂ ਦੀ ਅਡੋਲਤਾ ਵੇਖ ਕੇ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਧਮਕੀ ਅਨੁਸਾਰ ਮਰਵਾਇਆ ਨਾ, ਸਗੋਂ ਉਨ੍ਹਾਂ ਦੇ ਚਰਨ ਧੋ ਕੇ ਚਰਨਾਮ੍ਰਿਤ ਪੀਤਾ।

ਸੋ ਮਰਨ ਨਾ ਦਿਤੇ ਮੌੜ ਮੰਗਾਏ॥
ਡੇਰੇ ਜਾਇ ਤਿਨਾ ਦੇ ਚਰਨ ਧੁਆਏ॥
ਚਰਨ ਧੁਆਇ ਚਰਨਾਮ੍ਰਿਤ ਲੀਤਾ॥ ੫੦॥ ੧੦॥

ਸਾਰੇ ਉਤਮ ਬ੍ਰਾਹਮਣਾਂ ਨੇ ਦੱਸਿਆ ਕਿ ਕਾਲਕਾ ਦਾਸ ਨਾਮ ਦਾ ਇਕ ਬ੍ਰਾਹਮਣ ਜੋ ਗੁਜਰਾਤ ਰਹਿੰਦਾ ਹੈ, ਜੇ ਤੁਸੀਂ ਮਾਤਾ (ਚੰਡੀ ਜੀ) ਨੂੰ ਛੇਤੀ ਪ੍ਰਗਟ ਕਰਨਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ,

ਤਿਸ ਨੂੰ ਸੱਦੋ ਤੇ ਦਰਸ਼ਨ ਮਾਤਾ ਦਾ ਪਾਓ॥
ਕਾਲਕਾ ਦਾਸ ਨੂੰ ਬੇਗ ਬੁਲਾਓ॥
ਲਿਖਿ ਹੁਕਮ ਨਾਵੇਂ ਤਹਾਂ ਪਠਾਏ॥
ਨਾਲੇ ਲਿਖ ਕਾਗਦ ਬ੍ਰਾਹਮਨਾਂ ਭਿਜਵਾਏ॥ ੮੩॥ ੮॥ ੧੦॥

ਜਦੋਂ ਕਾਲਕਾ ਦਾਸ ਆ ਗਿਆ ਤਾਂ ਉਸ ਨੇ ਗੁਰੂ ਸਾਹਿਬ ਨੂੰ ਦੇਵੀ ਪੂਜਾ ਦੀ ਵਿਧੀ ਸਮਝਾਉਂਦਿਆਂ ਕਿਹਾ-

ਤਿਨ ਕਹਿਆ, "ਬਰਤ ਚਾਲੀ ਦਿਨ ਰੱਖਣ ਨਿਰਾਹਾਰੁ॥
ਬੈਠਣਾ ਇਕ ਆਸਨ, ਨ ਉਠਣਾ ਅੰਦਰ ਬਾਹਰਵਾਰ॥
ਨ ਝਾੜੇ, ਨ ਪਿਸ਼ਾਬ, ਨ ਅਗੇ ਪਿਛੇ ਸਿਰੁ ਫੇਰਨਾ॥
ਅਹੂਤੀਆਂ ਪਾਂਦੇ ਰਹਿਣਾ, ਨ ਬਚਨ ਕਿਸੇ ਨਾਲ ਟੇਰਨਾ॥ ੮੭॥ ੧੦॥

ਜਦੋਂ ਦੇਵੀ ਪ੍ਰਗਟ ਹੋਈ ਤਾਂ ਗੁਰੂ ਜੀ ਦੇ ਡਰ ਦੇ ਮਾਰਿਆਂ ਹਵਾਸ ਉੱਡ ਗਏ ਕਿਉਂਕਿ ਦੇਵੀ ਨੇ ਸੀਸ ਦੀ ਮੰਗ ਕੀਤੀ:

ਕਾਲਕ ਭਨਾ, "ਸੀਸੁ ਅਬ ਦੀਜੈ! ਇਸ ਮੈ ਢੀਲ ਨ ਪਲਕ ਕਰੀਜੈ॥
ਸਾਹਿਬ ਕਹਿਆ, "ਦੀਜੈ ਤੁਮ ਦਾਸ। ਅਬ ਹਮਰੇ ਨਹੀਂ ਹਵਾਸ॥ ੧੭੦॥ ੧੦॥

ਦੇਵੀ ਕੋਲੋਂ ਗੁਰੂ ਸਾਹਿਬ ਨੇ ਕੇਸ ਰੱਖਣ ਦੀ ਆਗਿਆ ਲਈ, ਕਿਉਂਕਿ ਮੈਦਾਨੇ-ਜੰਗ ਵਿੱਚ ਜੂਝਦਿਆਂ ਭੱਦਣ ਕ੍ਰਿਆ (ਨਾਈ ਕੋਲੋਂ ਜਾ ਕੇ ਦਾਹੜੀ ਕੇਸ ਕਟਵਾਉਣੇ) ਬਹੁਤ ਔਖੀ ਹੈ,

ਇਸ ਵਾਸਤੇ ਦੇਵੀ ਪਾਸੋਂ ਆਦਿ ਹੀ ਹੈ, ਭੱਦਣ ਕ੍ਰਿਆ ਮਾਫ ਕਰਾਣਾ॥ ੨੮੯॥ ੧੦॥
ਜੰਞੂ ਟਿੱਕਾ ਭੱਦਣ ਕਿਰਿਆ, ਇਹ ਰਹਿਤ ਹੈ ਅਉਖੀ॥
ਜੁੱਧ ਵਿਚਿ ਏਹੁ ਨ ਚਲਸੀ, ਚਾਲ ਕਰੀਏ ਸੌਖੀ॥
ਏਹ ਸਭ ਕਰਮ ਸਿਖਾਂ ਨੂੰ ਦੇਵੀ ਪਾਸੂੰ ਮਾਫ ਕਰਾਏ॥
ਅਤੇ ਪੰਥ ਕੀਤਾ ਜੁਦਾ ਨਿਸ਼ਾਨੀ ਕੇਸ ਲਾਏ"॥ ੨੯੦॥ ੧੦॥

ਕੇਸਰ ਸਿੰਘ ਛਿੱਬਰ ਦੀਆਂ ਮਿਥਿਆਸਕ ਕਪੋਲ ਕਲਪਨਾਵਾਂ ਵਿੱਚ ਅਨੇਕਾਂ ਹੀ ਸਵਾਲ

ਜਨਮ ਲੈਂਦੇ ਹਨ।

(ੳ) ਖ਼ਾਲਸਾ ਸਾਜਨਾ ਤੋਂ ਪਹਿਲਾਂ ਗੁਰੂ ਜੀ ਸਮਾਧੀ ਵਿੱਚ ਲੀਨ ਹੋ ਗਏ, ਅਤੇ ਤੱਪ ਦੀ ਸ਼ੁਰੂਆਤ ਕੀਤੀ ਤਾਂ ਜੋ ਤੁਰਕਾਂ ਦਾ ਨਾਸ਼ ਹੋ ਸਕੇ।

ਖ਼ਾਲਸੇ ਨੂੰ ਗੁਰੂ ਪਾਤਸ਼ਾਹ ਨੇ ਅਕਾਲਪੁਰਖ ਦੇ ਹੁਕਮ ਸਦਕਾ ਪ੍ਰਗਟ ਕੀਤਾ, ਖ਼ਾਲਸੇ ਦਾ ਸਿੱਧਾ ਸੰਬੰਧ ਅਕਾਲਪੁਰਖ ਨਾਲ ਹੈ, ਪਹਿਲੀ ਗੱਲ ਤਾਂ ਇਹ ਹੈ ਕਿ ਗੁਰੂ ਜੀ ਅਜਿਹੀਆਂ ਸਮਾਧੀਆਂ (ਜਿਵੇਂ ਕਿ ਤੁਰਕਾਂ ਦੇ ਨਾਸ਼ ਸੰਬੰਧੀ) ਆਦਿਕ ਕਰਮਾਂ ਨੂੰ ਕਰੜੇ ਸ਼ਬਦਾਂ ਵਿੱਚ ਨਿਖਿੱਧ ਕਰਮ ਦਸਦੇ ਹਨ,

*ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ*
*ਬੈਠਿ ਰਹਿਓ ਬਕ ਧਿਆਨ ਲਗਾਇਓ॥*

(ਤ੍ਰਪ੍ਰਸਾਦਿ ਸਵੱਯੇ ਪਾਤ: ੧੦)

ਦੂਸਰੀ ਗੱਲ ਇਹ ਵਿਚਾਰਨਯੋਗ ਹੈ ਕਿ ਗੁਰੂ ਜੀ ਕਿਸੇ ਵੀ ਧਰਮ (ਹਿੰਦੂ, ਤੁਰਕ) ਦੇ ਵਿਰੋਧੀ ਨਹੀਂ ਸਨ, ਖ਼ਾਲਸੇ ਨੂੰ ਜ਼ੁਲਮ ਦੇ ਨਾਸ਼ ਵਾਸਤੇ ਪ੍ਰਗਟ ਕੀਤਾ ਗਿਆ ਸੀ ਨਾ ਕਿਸੇ ਗ਼ੈਰ ਸਿੱਖ ਉੱਪਰ ਜ਼ੁਲਮ ਕਰਨ ਵਾਸਤੇ। ਗੁਰੂ ਪਾਤਸ਼ਾਹ ਨੇ ਆਪਣੇ ਜੀਵਨ ਕਾਲ ਦੌਰਾਨ 16 ਦੇ ਕਰੀਬ ਧਰਮਯੁੱਧ ਲੜੇ ਜਿਨ੍ਹਾਂ ਵਿਚੋਂ 11-12 ਦੇ ਕਰੀਬ ਹਿੰਦੂ ਪਹਾੜੀਆਂ ਰਾਜਿਆਂ ਦੇ ਖਿਲਾਫ਼ ਹੀ ਲੜਨੇ ਪਏ। ਜੇ ਗੁਰੂ ਪਾਤਸ਼ਾਹ ਦੇ ਖ਼ਾਲਸਾ ਪ੍ਰਗਟ ਕਰਨ ਦਾ ਮਕਸਦ ਸਿਰਫ਼ ਹਿੰਦੂ ਧਰਮ ਦੀ ਰੱਖਿਆ ਅਤੇ ਤੁਰਕਾਂ ਦਾ ਨਾਸ਼ ਹੀ ਹੁੰਦਾ ਤਾਂ ਗੰਗੂ ਤੋਂ ਲੈ ਕੇ 1984 ਤੱਕ ਦੇ ਸਾਕਿਆਂ ਤੱਕ ਹਿੰਦੂਵਾਦੀ ਸਿੱਖਾਂ ਨਾਲ ਅਜਿਹਾ ਵਿਸਾਹਘਾਤ ਨਾ ਕਰਦੇ।

ਦਰਅਸਲ ਗੁਰੂ ਪਾਤਸ਼ਾਹ ਦਾ ਨਿਵਾਜਿਆ ਖ਼ਾਲਸਾ ਕਿਸੇ ਜ਼ਾਤ ਵਰਨ ਦਾ ਵੈਰੀ ਨਹੀਂ ਸਗੋਂ ਜ਼ੁਲਮ ਦਾ ਨਾਸ਼ਕ ਹੈ, ਖ਼ਾਲਸੇ ਦੀ ਕ੍ਰਿਪਾਨ ਗਰੀਬ ਨਿਮਾਣੇ ਨਿਤਾਣੇ ਦੀ ਰੱਖਿਆ ਵਾਸਤੇ ਹੈ ਨਾਕਿ ਕਿਸੇ ਗ਼ੈਰ ਸਿੱਖ ਉਪਰ ਜ਼ੁਲਮ ਕਰਨ ਵਾਸਤੇ

(ਅ) ਗੁਰੂ ਗੋਬਿੰਦ ਸਿੰਘ ਜੀ ਨੇ ਹਜ਼ਾਰਾਂ ਬ੍ਰਾਹਮਣਾਂ ਨੂੰ ਲਾਲਚ ਦੇ ਮਾਸ ਖੁਆਇਆ ਅਤੇ ਤਿੰਨ ਬ੍ਰਾਹਮਣਾਂ ਜਿਨ੍ਹਾਂ ਮਾਸ ਨਹੀਂ ਖਾਧਾ (ਹਰਿਦਾਸ, ਹਰਿਭਗਵਾਨ ਅਤੇ ਲੱਛੀ ਰਾਮ) ਨੂੰ ਕਿਹਾ ਜਾਂ ਤਾਂ ਮਾਸ ਖਾਉ ਨਹੀਂ ਤਾ ਪ੍ਰਾਣ ਗਵਾਓ।

ਇਸ ਕਪੋਲ ਕਲਪਣਾ ਦਾ ਰਚਨਹਾਰਾ ਸ਼ਾਇਦ ਗੁਰਮਤਿ ਦੇ 'ਸਰਬੱਤ ਦੇ ਭਲੇ' ਅਤੇ ਸਭ ਵਰਨਾਂ ਦੇ ਸਾਂਝੇ ਆਤਮਿਕ ਉਪਦੇਸ਼ ਤੋਂ ਅਨਜਾਣ ਹੈ, ਗੁਰੂ ਜੀ ਨੇ ਕਿਸੇ ਉਪਰ ਵੀ ਆਪਣੇ ਧਰਮ ਨੂੰ ਜ਼ਬਰਦਸਤੀ ਆਇਦ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਬਲਕਿ ਹਿੰਦੂ ਨੂੰ ਸੱਚਾ ਹਿੰਦੂ ਅਤੇ ਮੁਸਲਮਾਨ ਨੂੰ ਸੱਚਾ ਮੁਸਲਮਾਨ ਬਣਨ ਦੀ ਪ੍ਰੇਰਨਾ ਕੀਤੀ। ਭੀਖਣ ਸ਼ਾਹ, ਨਬੀ ਖ਼ਾਨ, ਬੁਧੂ ਸ਼ਾਹ, ਗ਼ਨੀਖ਼ਾਨ, ਆਦਿ ਇਸ ਦੀਆਂ ਮਿਸਾਲਾਂ ਹਨ।

(ੲ) ਗੁਰੂ ਪਾਤਸ਼ਾਹ ਨੇ ਜਦੋਂ ਤਿੰਨਾਂ ਬ੍ਰਾਹਮਣਾਂ ਨੂੰ ਮਾਸ ਨਾ ਖਾਣ ਦਾ ਕਾਰਨ ਪੁਛਿਆ

ਤਾਂ ਬ੍ਰਾਹਮਣਾਂ ਨੇ ਜਵਾਬ ਦਿੱਤਾ ਕਿ ਮਾਸ ਖਾਣਾ ਹਿੰਦੂ ਧਰਮ ਦੇ ਪੁਰਾਤਨ ਸੰਸਕਾਰਾਂ ਦੇ ਵਿਰੁੱਧ ਕਰਮ ਹੈ।

ਜਿਵੇਂ ਪਹਿਲਾਂ ਇਹ ਵਿਚਾਰ ਦਿੱਤਾ ਜਾ ਚੁੱਕਾ ਕਿ ਗੁਰਮਤਿ ਫ਼ਲਸਫੇ ਅਨੁਸਾਰ ਕਿਸੇ ਨੂੰ ਵੀ ਜ਼ਬਰਦਸਤੀ ਧਰਮ ਤਬਦੀਲੀ ਵਾਸਤੇ ਕਿਤੇ ਵੀ ਮਜ਼ਬੂਰ ਨਹੀਂ ਕੀਤਾ ਗਿਆ। ਬ੍ਰਾਹਮਣਾਂ ਦੇ ਕਥਨ ਤੋਂ ਵੀ ਸਿੱਧ ਹੈ ਕਿ ਇਹ ਜਿਹੜੇ ਆਪਣੇ ਆਪ ਨੂੰ ਵੈਦਿਕ ਸੰਸਕਾਰਾਂ ਦੇ ਧਾਰਨੀ ਦਸਦੇ ਸਨ ਆਪਣੇ ਪੁਰਾਤਨ ਵੈਦਿਕ ਸੰਸਕਾਰਾਂ ਤੋਂ ਅਨਜਾਣ ਸਨ ਕਿਉਂਕਿ ਹਿੰਦੂ ਮੱਤ ਅਨੁਸਾਰ ਤਾਂ ਮਾਸ ਖਾਣਾ ਵੈਦਿਕ ਰੀਤੀ ਅਨੁਸਾਰ ਸ਼ੁਭ ਕਰਮ ਹੈ।[7]

1. "ਪੰਜ ਨਹੁੰਏ ਪਸ਼ੂ, ਸੇਹ, ਗੋਹ, ਗੈਂਡਾ, ਕੱਛੂ ਅਤੇ ਖਰਗੋਸ਼ ਖਾਣੇ ਉਚਿਤ ਹਨ"
   (ਮੰਨੂ ਸਿਮਰਤੀ, ਅਧਿਆਇ ੫ ਸਲੋਕ ੧੮)

2. "ਊਠ ਤੇ ਬਿਨਾਂ ਇਕਹਰੇ ਦੰਦਾਂ ਵਾਲੇ ਡੰਗਰ ਖਾਣ ਦਾ ਕੋਈ ਹਰਜ ਨਹੀਂ।"
   (ਹਵਾਲਾ ਉਪਰੋਕਤ)

3. "ਮੰਤਰਾਂ ਨਾਲ ਮਾਸ ਨੂੰ ਪਵਿੱਤਰ ਕਰਕੇ ਜਾਂ ਬ੍ਰਾਹਮਣਾਂ ਨੂੰ ਛਕਾ ਕੇ ਖਾ ਲੈਣਾ ਚਾਹੀਦਾ ਹੈ।"
   (ਹਵਾਲਾ ਉਪਰੋਕਤ)

4. "ਯੱਗ ਵਿੱਚ ਬੱਕਰੇ, ਗੱਧੇ, ਘੋੜੇ, ਗਾਂ ਦੇ ਮਾਸ ਨੂੰ, ਮਨੁੱਖ ਦੇ ਮਾਸ ਨੂੰ, ਧਰਮ, ਵੇਦ ਅਤੇ ਸ਼ਾਸਤਰਾਂ ਦੇ ਅਨੁਸਾਰ ਹੋਣ ਕਰਕੇ ਖਾ ਲੈਣਾ ਸਨਾਤਨ ਹਿੰਦੂ ਧਰਮ ਹੈ।
   (ਬ੍ਰਹਮ ਸੂਤਰ ਵੇਦ ਵਿਆਸ)

ਉਪਰੋਕਤ ਪੁਰਾਤਨ ਵੈਦਿਕ ਰਚਨਾਵਾਂ ਵਿੱਚ ਲਿਖਤ ਪ੍ਰਮਾਣਾਂ ਤੋਂ ਸਾਫ਼ ਜ਼ਾਹਿਰ ਹੈ ਕਿ ਮਾਸ ਦੀ ਵਰਤੋਂ ਹਿੰਦੂ ਧਰਮ ਅਨੁਸਾਰ ਜਾਇਜ਼ ਹੈ ਜਦੋਂ ਕਿ ਖ਼ਾਲਸਾ ਪੰਥ 'ਜੀਅ ਦਿਆ ਪ੍ਰਵਾਨ' ਦੇ ਸਿਧਾਂਤ ਦਾ ਧਾਰਨੀ ਹੈ ਤੇ ਇਹ ਕਿਵੇਂ ਹੋ ਸਕਦਾ ਹੈ ਕਿ ਗੁਰੂ ਜੀ ਨੇ ਬ੍ਰਾਹਮਣਾਂ ਨੂੰ ਮਾਸ ਖਾਣ ਲਈ ਹੱਦੋਂ ਵੱਧ ਮਜ਼ਬੂਰ ਕੀਤਾ ਹੋਵੇ।

(ਸ) ਗੁਰੂ ਜੀ ਨੇ ਬ੍ਰਾਹਮਣਾਂ ਦੇ ਕਹਿਣ ਤੇ ਗੁਜਰਾਤ ਤੋਂ ਕਾਲਕਾ ਦਾਸ ਨੂੰ ਹੁਕਮਨਾਮਾ ਭੇਜ ਕੇ ਬੁਲਵਾਇਆ।

ਗੁਰੂ ਪਾਤਸ਼ਾਹ ਨੇ ਅਨੇਕਾਂ ਹੀ ਸਿੱਖਾਂ ਨੂੰ ਹੁਕਮਨਾਮੇ ਬਖਸ਼ਿਸ਼ ਕੀਤੇ ਜਿਵੇਂ ਕਿ ਪੀਰ ਬੁਧੂ ਸ਼ਾਹ, ਪਟਨੇ ਦੀ ਸੰਗਤ ਅਤੇ ਹੋਰ ਕਈ ਸਿੱਖਾਂ ਨੂੰ ਜਿਨ੍ਹਾਂ ਦੇ ਵੰਸ਼ਜਾਂ ਕੋਲ ਅੱਜ ਤੱਕ ਮੌਜੂਦ ਹਨ ਅਤੇ ਸਿੱਖ ਸੰਗਤਾਂ ਸ਼ਰਧਾ ਨਾਲ ਦਰਸ਼ਨ ਕਰਦੀਆਂ ਹਨ। ਪਰੰਤੂ ਜੇਕਰ ਕਾਲਕਾ ਦਾਸ ਨੂੰ ਗੁਰੂ ਜੀ ਨੇ ਕੋਈ ਹੁਕਮਨਾਮਾ ਬਖਸ਼ਿਆ ਹੁੰਦਾ ਤਾਂ ਉਸਦੇ ਵੰਸ਼ਜਾਂ ਪਾਸ ਜ਼ਰੂਰ ਹੁੰਦਾ ਅਤੇ ਸੰਗਤਾਂ ਨੂੰ ਜ਼ਰੂਰ ਦਰਸ਼ਨ ਕਰਵਾਉਂਦੇ ਭਾਵੇਂ ਕਿ ਆਰਥਿਕ ਲਾਭ ਹਿੱਤ ਹੀ ਅਜਿਹਾ ਕਰਦੇ।

(ਹ) ਕਾਲਕਾ ਦਾਸ ਦੇ ਕਹਿਣ ਤੇ ਗੁਰੂ ਜੀ ਨੇ ਮੋਨ ਵਰਤ ਅਤੇ ਖਾਣ ਪੀਣ ਦਾ ਵਰਤ ਧਾਰਨ ਕੀਤਾ, ਸੌਣ ਅਤੇ ਮਲਮੂਤਰ ਦਾ ਵੀ ਪ੍ਰਹੇਜ਼ ਕੀਤਾ।

ਗੁਰੂ ਗੋਬਿੰਦ ਸਿੰਘ ਜੀ ਆਪਣੀ ਰਚਨਾ ਵਿੱਚ ਵਰਤ, ਨਿੰਦ੍ਰਾ ਤਿਆਗ, ਮੋਨ ਵਰਤ ਆਦਿ ਕਰਮ ਕਾਂਡਾਂ ਨੂੰ 'ਕੂਰ ਕ੍ਰਿਆ' ਅਤੇ 'ਬਿਪਰਨ ਕੀ ਰੀਤ' ਦਾ ਦਰਜਾ ਦਿੱਤਾ ਅਤੇ ਕਰਮਕਾਂਡਾਂ ਦਾ ਕਰੜੀ ਸ਼ਬਦਾਵਲੀ ਵਿੱਚ ਖੰਡਨ ਕੀਤਾ ਹੈ। ਜਿਨ੍ਹਾਂ ਦਾ ਕਰਮਵਾਰ ਜ਼ਿਕਰ ਗੁਰੂ ਜੀ ਨੇ ਅਕਾਲ ਉਸਤਤਿ ਵਿੱਚ ਬਾਖੂਬੀ ਕੀਤਾ ਹੈ।

5. ਖਾਣ ਪੀਣ ਦੇ ਵਰਤ ਸੰਬੰਧੀ-

*ਜੋਗੀ ਜਟਾਧਾਰੀ ਸਤੀ ਸਾਚੇ ਬਡੇ ਬ੍ਰਹਮਚਾਰੀ,*
*ਧਿਆਨ ਕਾਜ ਭੂਖ ਪਿਆਸ ਦੇਹ ਪੈ ਸਹਤ ਹੈ॥* (ਪਾਤ: ੧੦)

*ਨਿੰਦ੍ਰਾ ਤਿਆਗ ਸੰਬੰਧੀ ਗੁਰੂ ਪਾਤਸ਼ਾਹ ਦੇ ਵਿਚਾਰ,*

*ਕਹਾ ਭਯੋ ਭੇਡ ਜੋ ਘਸਤ ਸੀਸ ਬ੍ਰਿਛਨ ਸੋਂ,*
*ਮਾਟੀ ਕੋ ਭਛੱਯਾ ਬੋਲ ਪੂਛ ਲੀਜੈ ਜੋਕ ਸੋਂ॥*
(ਅਕਾਲ ਉਸਤਤਿ ਪਾਤ: ੧੦)

*ਮੋਨ ਵਰਤ ਪ੍ਰਥਾਇ,*

*ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ,*
*ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥*
(ਅਕਾਲ ਉਸਤਤਿ ਪਾਤ: ੧੦)

ਸੋ ਉਪਰੋਕਤ ਪ੍ਰਮਾਣਾਂ ਤੋਂ ਜ਼ਾਹਿਰ ਹੈ ਕਿ ਗੁਰੂ ਪਾਤਸ਼ਾਹ ਜਿਨ੍ਹਾਂ ਨੇ ਖ਼ਾਲਸੇ ਨੂੰ 'ਗੋਰ, ਮੜ੍ਹੀ, ਮੱਠ, ਵਰਤ ਦਾ ਤਿਆਗ ਕਰਵਾ ਕੇ 'ਜਾਗਤ ਜੋਤਿ' ਦਾ ਉਪਾਸ਼ਕ ਬਣਾਇਆ ਹੈ ਖ਼ੁਦ ਅਜਿਹੇ ਕਰਮ ਕਾਂਡਾਂ ਦੇ ਉਪਾਸ਼ਕ ਕਿਵੇਂ ਹੋ ਸਕਦੇ ਸਨ?

(ਕ) ਗਵਾਚੇ ਮਾਨਸਿਕ ਸੰਤੁਲਨ ਦਾ ਮਾਲਕ ਇਹ ਵਿਦਵਾਨ ਲਿਖਦਾ ਹੈ ਕਿ ਗੁਰੂ ਜੀ ਨੇ ਦੇਵੀ ਕੋਲੋਂ ਕੇਸ ਰੱਖਣ ਦੀ ਆਗਿਆ ਲਈ ਕਿਉਂਕਿ ਜੰਗ ਵਿਚ ਇਨ੍ਹਾਂ ਨੂੰ ਕਟਾਉਣਾ ਮੁਸ਼ਕਲ ਸੀ। ਕਵੀ ਦੇ ਸ਼ਬਦਾਂ ਵਿਚ-

*ਜੰਞੂ ਟਿੱਕਾ ਭੱਦਣ ਕ੍ਰਿਆ ਇਹ ਰਹਿਤ ਹੈ ਔਖੀ।*
*ਜੁਧ ਵਿਚ ਇਹ ਨ ਚਲਸੀ, ਚਾਲ ਕਰੀਏ ਸੌਖੀ।*
*ਏਹ ਸਭ ਕਰਮ ਸਿਖਾਂ ਨੂੰ ਦੇਵੀ ਪਾਸੋਂ ਮਾਫ ਕਰਾਏ।*
*ਅਤੇ ਪੰਥ ਕੀਤਾ ਜੁਦਾ ਨਿਸ਼ਾਨੀ ਕੇਸ ਲਾਏ।* (੨੯੧)

ਇਸ ਲੇਖਕ ਨੇ ਸਿੱਖ ਸਿਧਾਂਤਾਂ ਦੀ ਖਿੱਲੀ ਉਡਾਉਂਦਿਆਂ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਸਿਰਫ ਜੁੱਧ ਨੀਤੀ ਸਦਕਾ ਹੀ ਕੇਸ ਰਹਿਤ ਵਿੱਚ ਸ਼ਾਮਿਲ ਕੀਤੇ ਗਏ। ਗੁਰਇਤਿਹਾਸ ਤੋਂ ਨਾਵਾਕਿਫ਼ ਹੋਣ ਕਰਕੇ ਜਾਂ ਗੁਰਮਤਿ ਫ਼ਲਸਫ਼ੇ ਵਿੱਚ ਕਰਮਕਾਂਡੀ ਵਿਚਾਰਾਂ ਦੀ ਘੁਸਪੈਠ ਦੇ ਨਿਸ਼ਚੇ ਨਾਲ ਇਹ ਲੇਖਕ ਲਿਖਦਾ ਹੈ ਕਿ ਇਹ ਕੇਸ ਮਾਤਾ ਕਾਲੀ ਦੀ ਇਜ਼ਾਜਤ ਸਦਕਾ ਰੱਖੇ ਗਏ।

ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਸਾਹਿਬ ਨੇ ਆਪਣੇ ਕਰੀਬੀ ਸਾਥੀ ਅਤੇ ਅਨਿੰਨ ਸੇਵਕ ਭਾਈ ਮਰਦਾਨੇ (ਜੋ 54 ਸਾਲ ਗੁਰੂ ਜੀ ਦੇ ਨਾਲ ਰਿਹਾ) ਨੂੰ ਤਿੰਨ ਉਪਦੇਸ਼ ਦਿੱਤੇ ਅਤੇ ਹਦਾਇਤ ਕੀਤੀ (1) ਕੇਸ ਕਤਲ ਨਹੀਂ ਕਰਨੇ (2) ਸਿਮਰਨ ਕਰਨਾ (3) ਸੰਗਤ ਦੀ ਸੇਵਾ ਕਰਨੀ। (ਜਨਮ ਸਾਖੀ ਭਾਈ ਮਨੀ ਸਿੰਘ ਜੀ)

ਨਿਰਭਉ ਨਿਰਵੈਰੁ ਗੁਰੂ ਹਰਿਰਾਏ ਸਾਹਿਬ ਜੀ ਜਦੋਂ ਆਪਣੇ ਚੌਰ ਬਰਦਾਰ ਸਿੱਖ ਭਾਈ ਕੀਰਤੀਆ ਦੇ ਪਿੰਡ ਗਲੋਟੀਆਂ ਖੁਰਦ (ਨੇੜੇ ਸਿਆਲਕੋਟ, ਪਾਕਿਸਤਾਨ) ਗਏ ਤਾਂ ਉਸ ਪਿੰਡ ਦੇ ਵਸਨੀਕ ਨੰਦ ਰਾਮ (ਦਾਦਾ ਭਾਈ ਹਕੀਕਤ ਸਿੰਘ) ਨੂੰ ਉਪਦੇਸ਼ ਦਿੱਤਾ (1) ਕੇਸ ਕਤਲ ਨਹੀਂ ਕਰਨੇ (2) ਟੋਪੀ ਨਹੀਂ ਪਹਿਨਣੀ (3) ਤੰਮਾਕੂ ਦੀ ਵਰਤੋਂ ਨਹੀਂ ਕਰਨੀ।

ਸਿੱਖ ਧਰਮ ਇਕ ਅਕਾਲ ਪੁਰਖ ਦਾ ਪੁਜਾਰੀ ਹੈ। ਗੁਰੂ ਸਾਹਿਬ ਨੇ ਖ਼ਾਲਸੇ ਨੂੰ ਆਤਮ ਤੋਂ ਪਰਆਤਮ ਗੁਣਾਂ ਦਾ ਮਾਲਕ ਬਣਾਇਆ, ਕੇਸ ਕੁਦਰਤ ਦੀ ਵਡਮੁੱਲੀ ਦਾਤ ਹੋਣ ਸਦਕਾ ਅਤੇ ਪ੍ਰਮਾਤਮਾਂ ਦੇ ਖ਼ੁਦ ਕੇਸਾਧਾਰੀ ਹੋਣ ਕਰਕੇ ਖ਼ਾਲਸੇ ਨੂੰ ਅਕਾਲ ਪੁਰਖ ਵਰਗੇ ਸਰੂਪ ਦਾ ਮਾਲਕ ਬਣਾਇਆ ਹੈ, ਜੋ ਅਕਾਲ ਪੁਰਖ ਕੇਸਾਧਾਰੀ ਹੈ:

*ਤੇਰੇ ਬੰਕੇ ਲੋਇਣ ਦੰਤ ਰੀਸਾਲਾ॥*
*ਸੋਹਣੇ ਨਕ ਜਿਨ ਲੰਮੜੇ ਵਾਲਾ॥* (ਪੰਨਾ ੫੬੭)

ਤਾਂ ਗੁਰੂ ਨਾਨਕ ਦਾ ਸਿੱਖ ਕੇਸ ਰਹਿਤ ਕਿਵੇਂ ਹੋ ਸਕਦਾ ਹੈ, ਅਕਾਲ ਪੁਰਖ ਦੀ ਫ਼ੌਜ ਕੇਸਾਂ ਦੀ ਬੇਅਦਬੀ ਕਿਵੇਂ ਕਰ ਸਕਦੀ ਹੈ?

ਭਾਈ ਨੰਦ ਲਾਲ ਜੀ ਗੁਰੂ ਪਾਤਸ਼ਾਹ ਜੀ ਦੀ ਸਾਬਤ ਸੂਰਤ ਅਤੇ ਕੇਸਾਂ ਦੀ ਸੁੰਦਰਤਾ ਪ੍ਰਤੀ ਫ਼ੁਰਮਾਨ ਕਰਦੇ ਹਨ,

*ਦੀਨ ਦੁਨੀਆ ਦਰ ਕਮੰਦੇ ਆਂ ਪਰੀ ਰੁਖ਼ਸਾਰਿ ਮਾ॥*
*ਹਰ ਦੋ ਆਲਮ ਕੀਮਤੇ ਯਕ ਤਾਰਿ ਮੂਏ ਯਾਰਿ ਮਾ॥*

(ਭਾਈ ਨੰਦ ਲਾਲ ਜੀ[6])

ਸੰਘ ਵਲੋਂ ਅਜਿਹੀਆਂ ਲਿਖਤਾਂ ਨੂੰ ਇਸ ਕਰਕੇ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ ਕੇਸ ਸਿਰਫ ਦੇਵੀ ਦੀ ਇਜਾਜ਼ਤ ਲੈ ਕੇ ਹੀ ਰੱਖੇ ਗਏ ਸਨ ਕਿਉਂਕਿ ਮੈਦਾਨ-ਏ-ਜੰਗ ਵਿੱਚ ਕਟਵਾਉਣਾ (ਛੱਦਣ ਕ੍ਰਿਆ) ਮੁਸ਼ਕਲ ਸੀ ਪਰ ਹੁਣ ਕਿਉਂਕਿ ਜੰਗਾਂ ਯੁੱਧਾਂ ਦਾ ਪੁਰਾਤਨ ਮਾਹੌਲ ਨਹੀਂ, ਕੇਸਾਂ ਨੂੰ ਰੱਖਣਾ ਕੋਈ ਮਰਿਆਦਾ ਦਾ ਹਿੱਸਾ ਨਹੀਂ ਸਗੋਂ ਪੁਰਾਣੇ ਸਮੇਂ ਵਕਤੀ ਜ਼ਰੂਰਤ ਸੀ।

❖❖❖

1. *ਰਵਾਨੀ ਮਾਸਿਕ ਅਪ੍ਰੈਲ 1999*
2. *ਗੁਰੂ ਦੇ ਸ਼ੇਰ ਪੰਨਾ 24 ਸੰਸਕਰਣ : 2001, ਲੇਖਕ: ਡਾ: ਹਰਜਿੰਦਰ ਸਿੰਘ ਦਿਲਗੀਰ*
*ਪ੍ਰਕਾਸ਼ਕ: ਭਾਈ ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ*

3. ਗੁਰੂ ਦੇ ਸ਼ੇਰ ਪੰਨਾ 393 ਸੰਸਕਰਣ : 2001, ਲੇਖਕ : ਡਾ: ਹਰਜਿੰਦਰ ਸਿੰਘ ਦਿਲਗੀਰ
ਪ੍ਰਕਾਸ਼ਕ : ਭਾਈ ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ
4. ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਸੰਪਾਦਕ : ਪਿਆਰਾ ਸਿੰਘ ਪਦਮ
ਪ੍ਰਕਾਸ਼ਕ : ਸਿੰਘ ਬ੍ਰਦਰਜ਼ ਅੰਮ੍ਰਿਤਸਰ
5. ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ ਪੰਨਾ ਸੰਪਾਦਕ : ਪਿਆਰਾ ਸਿੰਘ ਪਦਮ
ਪ੍ਰਕਾਸ਼ਕ : ਸਿੰਘ ਬ੍ਰਦਰਜ਼ ਅੰਮ੍ਰਿਤਸਰ
6. ਇਤਿਹਾਸ ਵਿੱਚ ਸਿੱਖ ਲੇਖਕ: ਡਾ: ਸੰਗਤ ਸਿੰਘ
7. ਮੰਨੂ ਸਿਮਰਤੀ ਪੰਨਾ 237 ਟੀਕਾਕਾਰ : ਪੰ: ਤੁਲਸੀਰਾਮ ਸਵਾਮੀ
ਪ੍ਰਕਾਸ਼ਕ : ਸਰਵਦੇਸ਼ਿਕ ਆਰੀਆ ਪ੍ਰਤੀਨਿਧੀ ਸਭਾ ਨਵੀਂ ਦਿੱਲੀ
8. ਕਲਾਮ ਭਾਈ ਨੰਦ ਲਾਲ ਸੰਸਕਰਣ : ਸੰਪਾਦਕ : ਪਿਆਰਾ ਸਿੰਘ ਪਦਮ

# ਸਿੱਖ ਇਤਿਹਾਸ ਮੇਂ ਸ੍ਰੀ ਰਾਮ ਜਨਮ ਭੂਮੀ' ਸੰਗਤ ਦਾ ਸਿੱਖ ਇਤਿਹਾਸ ਅਤੇ ਗੁਰਮਤਿ ਵਿਚਾਰਧਾਰਾ ਉਪਰ ਨਾ ਸਹਿਣਯੋਗ ਹਮਲਾ

ਅਯੁਧਿਆ ਵਿਖੇ ਬਾਬਰੀ ਮਸਜਿਦ ਨੂੰ ਢਾਹੁਣ ਵਾਸਤੇ ਸੰਘ ਨਾਲ ਸੰਬੰਧਿਤ ਭਗਵਾਂਧਾਰੀ ਜਥੇਬੰਦੀਆਂ ਨੇ ਜਿਥੇ ਦੰਗੇ, ਅਤੇ ਜਬਰ ਜਿਨਾਹ ਦੀ ਵਰਤੋਂ ਕੀਤੀ ਉਥੇ ਰਾਜਸੀ ਸ਼ਕਤੀ ਦੀ ਵਿਧੀ ਪੂਰਵਕ ਵਰਤੋਂ ਕੀਤੀ ਗਈ। ਸੰਘ ਇਸ ਪ੍ਰਕ੍ਰਿਆ ਵਿੱਚ ਸਿੱਖਾਂ ਨੂੰ ਵੀ ਘਟਗਿਣਤੀਆਂ ਅਤੇ ਮੁਸਲਮਾਨਾਂ ਖਿਲਾਫ਼ ਬਤੌਰ ਹਥਿਆਰ ਵਰਤਣਾ ਚਾਹੁੰਦਾ ਸੀ। ਇਸ ਵਾਸਤੇ ਬਿਪਰਵਾਦੀ ਸੋਚ ਨੇ ਪਹਿਲਾਂ ਹੀ ਵਿਉਂਤਬੰਦੀ ਕਰ ਲਈ ਸੀ। ਬੇਸ਼ਕ ਕਿ ਬਾਬਰੀ ਮਸਜਿਦ ਨੂੰ 6 ਦਸੰਬਰ 1992 ਨੂੰ ਢਾਹਿਆ ਗਿਆ, ਪ੍ਰੰਤੂ ਇਸ ਪ੍ਰਕ੍ਰਿਆ ਵਿੱਚ ਸਿੱਖਾਂ ਦੀ ਸ਼ਮੂਲੀਅਤ ਦੀ ਨੀਤੀ ਬਹੁਤ ਸਮਾਂ ਪਹਿਲਾਂ ਤਿਆਰ ਕੀਤੀ ਜਾ ਚੁੱਕੀ ਸੀ। ਇਸ ਨਾਲ ਸੰਘ ਦਰਅਸਲ ਇਕ ਤੀਰ ਨਾਲ ਦੋ ਸ਼ਿਕਾਰ ਕਰਨਾ ਚਾਹੁੰਦਾ ਸੀ। ਹਰ ਸਮੇਂ ਚਲਾਕੀ ਬਿਪਰਵਾਦ ਦਾ ਪਸੰਦੀ ਦਾ ਹਥਿਆਰ ਹੈ। ਸੰਘ ਇਕ ਪਾਸੇ ਤਾਂ ਅਯੁਧਿਆ ਨੂੰ ਗੁਰ-ਇਤਿਹਾਸ ਨਾਲ ਜੋੜ ਕੇ ਸਿੱਖ ਗੁਰੂ ਸਾਹਿਬਾਨ ਨੂੰ 'ਮਰਿਆਦਾ ਪੁਰਸ਼ੋਤਮ' ਰਾਮ ਚੰਦਰ ਦੇ ਵੰਸ਼ਜ ਸਿੱਧ ਕਰਨਾ ਚਾਹੁੰਦਾ ਸੀ, ਅਤੇ ਦੂਸਰੇ ਪਾਸੇ ਮੁਸਲਮਾਨਾਂ ਨੂੰ ਸਿੱਖਾਂ ਦੇ ਖਿਲਾਫ਼ ਇਕ ਹਥਿਆਰ ਵਾਂਗ ਵਰਤਣਾ ਚਾਹੁੰਦਾ ਸੀ। ਇਸ ਨੀਤੀ ਨੂੰ ਅਮਲੀ ਜਾਮਾ ਪਵਾਉਣ ਲਈ ਸੰਘ ਨੇ ਦੂਰ-ਅੰਦੇਸ਼ੀ ਵਰਤਦਿਆਂ 1991 ਈ: ਵਿੱਚ ਇਕ ਨਾਮ-ਨਿਹਾਦ ਕਿਤਾਬ ਲਿਖਵਾ ਲਈ ਜਿਸਦਾ ਸਿਰਲੇਖ ਸੀ, ਸਿੱਖ ਇਤਿਹਾਸ ਮੇਂ ਸ੍ਰੀ ਰਾਮ ਜਨਮ ਭੂਮੀ'। ਇਸ ਨੂੰ ਸੰਘ ਦੇ ਹੀ ਪ੍ਰਕਾਸ਼ਨ ਵਿਭਾਗ 'ਭਾਰਤ ਭਾਰਤੀ' ਨੇ ਦਿੱਲੀ ਤੋਂ ਪ੍ਰਕਾਸ਼ਿਤ ਕੀਤਾ। ਇਸ ਦਾ ਲੇਖਕ ਰਾਜਿੰਦਰ ਸਿੰਹੁ ਸੀ। ਜ਼ਿਕਰ ਯੋਗ ਹੈ ਕਿ ਇਸੇ ਹੀ ਪ੍ਰਕਾਸ਼ਨਾ ਵਿਭਾਗ ਵਲੋਂ ਸੰਘ ਦੇ ਲੇਖਕ ਰਾਜਿੰਦਰ ਸਿੰਹੁ ਨਿਰਾਲਾ ਦੀ ਲਿਖੀ ਪੁਸਤਕ 'ਹਮ ਹਿੰਦੂ ਹੈਂ' ਵੀ ਪ੍ਰਕਾਸ਼ਿਤ ਕੀਤੀ ਜਾਂਦੀ ਹੈ। (ਸ: ਕਾਹਨ ਸਿੰਘ 'ਨਾਭਾ' ਰਚਿਤ 'ਹਮ ਹਿੰਦੂ ਨਹੀਂ' ਇਸ ਬਿਪਰਵਾਦੀ ਪੁਸਤਕ ਦਾ ਵਧੀਆ ਅਤੇ ਢੁਕਵਾਂ ਜਵਾਬ ਹੈ) ਇਸ ਪ੍ਰਕਾਸ਼ਿਤ ਪੁਸਤਕ ਵਿੱਚ ਸਿੱਖ ਇਤਿਹਾਸ ਦੇ ਤੱਥਾਂ ਨੂੰ ਜਿਥੇ ਤੋੜ ਮਰੋੜ ਕੇ ਪੇਸ਼ ਕੀਤਾ ਗਿਆ ਉਥੇ ਸਿੱਖ ਧਰਮ ਅਤੇ ਧਰਮ ਦੇ ਸਿਧਾਂਤਾਂ ਨੂੰ ਸਹੀ ਰੂਪ ਵਿੱਚ ਪੇਸ਼ ਕਰਨ ਵਾਲੇ ਵਿਦਵਾਨਾਂ ਉਪਰ ਵੀ ਗੰਭੀਰ ਇਲਜ਼ਾਮ ਲਗਾਏ ਹਨ। ਆਪਣੀ ਹੀ ਸੋਚ ਅਨੁਸਾਰ ਸਿੱਖ ਮਾਨਸਿਕਤਾ ਦੀ ਵੰਡ ਦੋ ਹਿੱਸਿਆਂ ਵਿੱਚ ਦਰਸਾਈ ਹੈ। ਇਸ ਪੁਸਤਕ ਦਾ ਮੂਲ ਅਧਾਰ ਭੱਟ ਵਹੀਆਂ ਅਤੇ ਐਸੇ ਪੁਰਾਤਨ ਗ੍ਰੰਥ ਹਨ ਜਿਨ੍ਹਾਂ ਵਿੱਚ ਬ੍ਰਾਹਮਣਵਾਦੀ ਸੋਚ ਹੀ ਭਰਮਾਰ ਹੈ। ਗੁਰੂ ਸਾਹਿਬ ਨੇ ਹਰ ਜਾਮੇ ਵਿੱਚ ਜਗਤ ਲੋਕਾਈ ਦੇ ਉਧਾਰ ਵਾਸਤੇ ਪਰਉਪਕਾਰ ਹਿੱਤ ਅਨੇਕਾਂ ਹੀ ਪ੍ਰਚਾਰ ਦੌਰੇ ਕੀਤੇ। ਗੁਰੂ ਸਾਹਿਬ ਨੇ ਲੋਕਾਂ ਨੂੰ ਬਿਪਰਵਾਦ ਦੇ ਚੱਕਰਵਿਊ ਵਿੱਚੋਂ ਕੱਢਣ

ਵਾਸਤੇ ਜਿਥੇ ਸਾਰੇ ਹਿੰਦੂ ਤੀਰਥਾਂ, ਪ੍ਰਸਿੱਧ ਹਿੰਦੂ ਨਗਰਾਂ ਵਿਖੇ ਜਾ ਕੇ ਬ੍ਰਾਹਮਣਵਾਦੀ ਕਰਮਕਾਂਡਾਂ ਉੱਪਰ ਭਰਵਾਂ ਵਾਰ ਕੀਤਾ ਉਥੇ ਭਾਰਤੀ ਹਿੰਦੂਆਂ ਦੇ ਇਤਿਹਾਸਕ ਤਿਉਹਾਰਾਂ, ਮੇਲਿਆਂ, ਕੁੰਭਾਂ ਅਤੇ ਸੂਰਜ ਗ੍ਰਹਿਣ ਦੇ ਮੌਕਿਆਂ ਸਮੇਂ ਵੀ ਜਗ੍ਹਾ-ਜਗ੍ਹਾ ਜਾ ਕੇ ਬਿਪਰਨ ਕੀ ਰੀਤ ਦਾ ਪਾਜ ਉਘੇੜਿਆ। ਬਿਪਰਵਾਦੀ ਲੇਖਕਾਂ ਨੇ ਗੁਰੂ ਸਾਹਿਬ ਦੇ ਅਯੁਧਿਆ ਦੌਰਿਆਂ ਨੂੰ ਬੜੀ ਕੂਟਨੀਤੀ ਨਾਲ ਆਪਣੇ ਪਿਤਰਾਂ (ਸ੍ਰੀ ਰਾਮ) ਦੀ ਜਨਮ ਭੂਮੀ ਦੇ ਦਰਸ਼ਨਾਂ ਨਾਲ ਜੋੜਿਆ। ਮੁਸਲਿਮ ਭਾਈਚਾਰੇ ਅਤੇ ਸਿੱਖ ਧਰਮ ਵਿੱਚ ਆਪਸੀ ਵਿਵਾਦ ਪੈਦਾ ਕਰਨ ਲਈ ਇਸ ਵਿੱਚ ਬਿਪਰਵਾਦੀ ਲਿਖਾਰੀਆਂ ਦੀਆਂ ਅਪ੍ਰਮਾਣਿਤ ਲਿਖਤਾਂ ਜਿਵੇਂ 'ਮੱਕੇ ਮਦੀਨੇ ਦੀ ਗੋਸ਼ਟਿ' ਆਦਿ ਦੇ ਹਵਾਲਿਆਂ ਦੀ ਵਰਤੋਂ ਕੀਤੀ ਗਈ ਹੈ। ਉਸ ਲਿਖਤ ਦੇ ਬਾਰੇ ਸ: ਕਾਹਨ ਸਿੰਘ ਨਾਭਾ ਦੇ ਵਿਚਾਰ ਦੇਣੇ ਅਤਿ ਜ਼ਰੂਰੀ ਹਨ ਕਿਉਂਕਿ ਸੰਘੀਆਂ ਨੇ ਆਪਣੀ ਪੁਸਤਕ ਵਿੱਚ ਇਸ ਪੁਸਤਕ ਰਾਹੀਂ ਸਿੱਖਾਂ ਅਤੇ ਮੁਸਲਮਾਨਾਂ ਵਿਚਕਾਰ ਗੰਭੀਰ ਵਿਵਾਦ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਮੱਕੇ ਮਦੀਨੇ ਦੀ ਗੋਸ਼ਟਿ ਬਾਰੇ ਸਿਰਦਾਰ ਕਾਹਨ ਸਿੰਘ ਨਾਭਾ ਲਿਖਦੇ ਹਨ,

"ਇਹ ਗੋਸਟਿ, ਜਿਸ ਦਾ ਨਾਮ 'ਪਾਕਨਾਮਾ' ਭੀ ਹੈ, ਕਿਸੇ ਸਿੱਖ ਨੇ ਆਲਮ ਕਵੀ ਦੀ ਰਾਗਮਾਲਾ ਬਣਨ ਤੋਂ ਪਿੱਛੋਂ ਰਚੀ ਹੈ, ਕਿਉਂਕਿ ਇਸ ਵਿੱਚ ਹੋਰ ਸੰਗੀਤਾਂ ਨਾਲੋਂ ਭਿੰਨ, ਆਲਮ ਦੇ ਕ੍ਰਮ ਅਨੁਸਾਰ ਛੇ ਰਾਗ ਅਤੇ ਰਾਗਨੀਆਂ ਲਿਖੀਆਂ ਹਨ। ਇਸ ਦਾ ਕਰਤਾ ਇਸਲਾਮ ਮੱਤ ਦਾ ਭੀ ਕੁਝ ਗਿਆਤਾ ਪ੍ਰਤੀਤ ਹੁੰਦਾ ਹੈ, ਕਿਉਂਕਿ ਉਸਨੇ ਸ਼ੈਤਾਨ ਦਾ ਕੇਵਲ ਅਗਨਿ ਤੱਤ ਤੋਂ ਬਣਨਾ, ਫਰਿਸ਼ਤੇ ਦੀ ਤੁਰੀ ਸੁਣ ਕੇ ਕਬਰਾਂ ਵਿਚੋਂ ਮੁਰਦਿਆਂ ਦਾ ਉਠਣਾ, ਔਰ ਆਖਰੀ ਦਿਨ ਦਾ ਖ਼ੁਦਾਈ ਫੈਸਲਾ ਹੋਣਾ ਆਦਿਕ ਪ੍ਰਸੰਗ ਲਿਖੇ ਹਨ।

ਇਸ ਗ੍ਰੰਥ ਦੇ ਕਵੀ ਨੇ ਕਈ ਕਲਪਿਤ ਕਹਾਣੀਆਂ ਵੀ ਘੜੀਆਂ ਹਨ, ਜਿਵੇਂ ਮੁਸਲਮਾਨ ਸੂਰ ਇਸ ਲਈ ਨਹੀਂ ਖਾਂਦੇ ਕਿ ਵਿਸ਼ਨੂੰ ਭਗਵਾਨ ਨੇ ਵਰਾਹ ਰੂਪ ਧਾਰਿਆ ਸੀ, ਮੱਕਾ ਸ਼ਿਵਲਿੰਗ ਮੰਦਰ ਹੈ, ਰਾਜ ਸਾਲਿਵਾਹਨ ਨੇ ਸਿਆਲਕੋਟ ਰਚਣ ਵੇਲੇ ਇਕ ਤੁਰਕ ਕਿੱਲ੍ਹੇ ਦੀ ਨਿਉਂ ਹੇਠ ਦਿੱਤਾ ਸੀ ਜਿਸ ਕਰਕੇ ਭਾਰਤ ਪੁਰ ਮੁਸਲਮਾਨਾਂ ਨੇ ਹਮਲੇ ਕੀਤੇ ਆਦਿਕ। ਇਸ ਦੀ ਰਚਨਾ ਸਤਿਗੁਰੂ ਨਾਨਕ ਦੇਵ ਜੀ ਦੀ ਬਾਣੀ ਨਾਲ ਨਹੀਂ ਮਿਲਦੀ।" (ਗੁਰਸ਼ਬਦ ਰਤਨਾਕਰ ਮਹਾਨ ਕੋਸ਼)[1]

ਸੋ ਇਸ ਰਚਨਾ ਵਿੱਚ ਇਸਲਾਮ ਮੱਤ ਬਾਰੇ ਅਪਸ਼ਬਦ ਲਿਖੇ ਹੋਏ ਹਨ ਅਤੇ ਉਨ੍ਹਾਂ ਦੇ ਧਾਰਮਿਕ ਅਸਥਾਨਾਂ ਅਤੇ ਧਰਮ ਅਕੀਦਿਆਂ ਨੂੰ ਹਿੰਦੂ ਮੱਤ ਨਾਲ ਜੋੜਿਆ ਹੋਇਆ ਹੈ। ਗੁਰੂ ਨਾਨਕ ਸਾਹਿਬ ਦੀ ਰਚਨਾ ਨਹੀਂ ਹੈ ਪਰੰਤੂ ਗੁਰੂ ਸਾਹਿਬ ਦੀ ਮੱਕੇ-ਮਦੀਨੇ ਦੇ ਕਾਜ਼ੀਆਂ ਨਾਲ ਹੋਈ ਗੋਸ਼ਟਿ ਨੂੰ ਅਧਾਰ ਬਣਾ ਨਾਨਕ ਛਾਪ ਦੀ ਵਰਤੋਂ ਕੀਤੀ ਹੈ। ਸੋ ਮੁਸਲਮਾਨਾਂ ਖਿਲਾਫ਼ ਜ਼ਹਿਰ ਉਗਲਣ ਵਾਸਤੇ ਐਸੇ ਸ੍ਰੋਤਾਂ ਵਰਤੋਂ ਇਸ ਪੁਸਤਕ ਵਿੱਚ ਕੀਤੀ ਗਈ ਹੈ ਜਿਨ੍ਹਾਂ ਦਾ ਸੰਬੰਧ ਸਿੱਖ ਇਤਿਹਾਸ ਨਾਲ ਜੁੜਦਾ ਹੈ, ਬੇਸ਼ਕ ਗੁਰਮਤਿ ਦੀ ਕਸਵੱਟੀ ਅਨੁਸਾਰ ਪ੍ਰਮਾਣੀਕ ਨਹੀਂ ਹੈ। ਇਹ ਨਾਮਨਿਹਾਦ ਵਿਦਵਾਨ ਆਪਣੀ ਪੁਸਤਕ ਦਾ ਆਰੰਭ ਸਿੱਖ ਮਾਨਸਿਕਤਾ ਨੂੰ ਦੋ-ਭਾਗਾਂ ਵਿੱਚ ਵੰਡਣ ਲਈ ਅਤੇ ਗੁਰਮਤਿ ਵਿਚਾਰਧਾਰਾ ਦੇ ਧਾਰਨੀ ਵਿਦਵਾਨਾਂ ਦਾ ਖੰਡਨ ਕਰਨ ਲਈ ਇਸ ਤਰ੍ਹਾਂ ਕਰਦਾ ਹੈ, "ਸਿੱਖ ਪੰਥ ਅੱਜ ਸੰਕਟਗ੍ਰਸਤ ਹੈ। ਸੰਕਟ ਦਾ ਮੂਲ ਕਾਰਨ ਹੈ ਸਿੱਖ ਮਾਨਸ ਵਿੱਚ

ਚਲ ਰਿਹਾ ਸੰਘਰਸ਼ ਹੈ ਜੋ ਦੋ ਪਰੰਪਰਾਵਾਂ ਦੇ ਵਿੱਚ ਹੈ। ਇਕ ਪਰੰਪਰਾ ਉਹ ਹੈ ਜਿਸ ਦਾ ਸੂਤਰਪਾਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਤਾ ਸੀ ਅਤੇ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਵਿੱਚ ਸੰਪੂਰਨ ਹੋਈ।

ਦੂਸਰੀ ਪਰੰਪਰਾ ਦਾ ਜਨਮਦਾਤਾ ਮੈਕਾਲਿਫ਼ ਹੈ, ਇਕ ਅੰਗਰੇਜ਼ ਵਿਦਵਾਨ।

ਸ੍ਰੀ ਗੁਰੂ ਨਾਨਕ ਦੇਵ ਦੁਆਰਾ ਪੈਦਾ ਕੀਤੀ ਪਰੰਪਰਾ ਦਾ ਅਧਾਰ ਹੈ ਭਾਰਤਵਰਸ਼ ਦਾ ਸਨਾਤਨ ਧਰਮ।.......,ਹਿੰਦੂ ਸਮਾਜ ਵਿੱਚ ਸਵੈ ਅਭਿਮਾਨ ਜਗਾਉਣ ਲਈ ਗੁਰੂ ਜੀ ਨੇ ਸਨਾਤਨ ਧਰਮ ਦਾ ਪ੍ਰਚਾਰ ਹੀ ਲੋਕ ਭਾਸ਼ਾ ਵਿੱਚ ਕੀਤਾ ਸੀ। ਉਨ੍ਹਾਂ ਤੋਂ ਬਾਅਦ ਵਾਲੇ ਨੌਂ ਗੁਰੂਆਂ ਦੀ ਬਾਣੀ ਵੀ ਸਨਾਤਨ ਧਰਮ ਦੀ ਲਲਕਾਰ ਹੀ ਹੈ। ਸ੍ਰੀ ਆਦਿ ਗ੍ਰੰਥ ਦਾ ਹਰੇਕ ਪਦ ਇਸ ਸੱਚ ਦਾ ਗਵਾਹ ਹੈ।

ਮੈਕਾਲਿਫ਼ ਦੁਆਰਾ ਪੰਥ ਉਪਰ ਥੋਪੀ ਗਈ ਪਰੰਪਰਾ ਦਾ ਮੂਲ ਹੈ ਸਾਮੀ ਮੱਤਾਂ ਦੀ ਸਿੱਖਿਆ, ਜਿਸਦਾ ਮੇਲ ਸਨਾਤਨ ਧਰਮ ਨਾਲ ਨਾ ਕਦੀ ਹੋਇਆ ਹੈ ਅਤੇ ਨਾ ਹੀ ਕਦੀ ਹੋਵੇਗਾ। ਜੇਕਰ ਸਾਮੀ ਮੱਤਾਂ ਵਿੱਚ ਸਿੱਖ ਪੰਥ ਨੂੰ ਢਾਲਣ ਦੀ ਕੋਸ਼ਿਸ਼ ਜਾਰੀ ਰਹੇ ਤਾਂ ਸਿੱਖ ਪੰਥ ਦਾ ਮਰਮ ਬਿਲਕੁਲ ਨਸ਼ਟ ਹੋ ਜਾਵੇਗਾ।

ਆਧੁਨਿਕ ਸਿੱਖ ਵਿਦਵਾਨਾਂ ਅਤੇ ਨੇਤਾਵਾਂ ਦੁਆਰਾ ਮੈਕਾਲਿਫ਼ ਦੀ ਪਰੰਪਰਾ ਅਪਨਾਉਣ ਅਤੇ ਉਸ ਪਰੰਪਰਾ ਦਾ ਬਲ ਪ੍ਰਾਪਤ ਕਰਨ ਦਾ ਇਕ ਆਪਣਾ ਇਤਿਹਾਸ ਹੈ ਜਿਸਦਾ ਵਰਨਣ ਇਸ ਸਮੇਂ ਸੰਭਵ ਨਹੀਂ ਹੈ। ਸੰਖੇਪ ਵਿੱਚ ਏਨਾ ਹੀ ਕਹਿ ਦੇਣਾ ਕਾਫੀ ਹੈ ਕਿ ਇਸ ਪਰੰਪਰਾ ਨੂੰ ਪੈਦਾ ਕਰਨ ਵਾਲਾ ਪੰਜਾਬ ਦਾ ਉਹ ਵਰਗ ਸੀ ਜਿਸ ਨੇ ਪੰਜਾਬ ਵਿੱਚ ਮਹਾਰਾਜਾ ਰਣਜੀਤ ਸਿੰਘ ਦੁਆਰਾ ਸਥਾਪਿਤ ਕੀਤੇ ਸਿੱਖ ਰਾਜ ਨਾਲ ਵਿਸ਼ਵਾਸਘਾਤ ਕੀਤਾ ਅਤੇ ਅੰਗਰੇਜ਼ ਸਮਾਰਾਜ ਦਾ ਸਾਥ ਦਿੱਤਾ।

(ਜ਼ਿਕਰ ਯੋਗ ਹੈ ਇਸ ਲੇਖਕ ਦੀ ਨੀਤੀ ਦੋ-ਮੂੰਹੀ ਹੈ, ਇਸ ਸਿੱਖ ਰਾਜ ਦੇ ਖ਼ਾਤਮੇ ਦਾ ਕਾਰਨ ਧਿਆਨ ਸਿੰਹੁ, ਲਾਲ ਸਿੰਹੁ, ਗੁਲਾਬ ਸਿੰਹੁ, ਤੇਜਾ ਸਿੰਹੁ ਨਹੀਂ ਸਿੱਧ ਕਰਨਾ ਚਾਹੁੰਦਾ, ਸਗੋਂ ਸਾਰਾ ਦੋਸ਼ ਸਿੰਘ ਸਭਾ ਲਹਿਰ ਉਪਰ ਸੁੱਟਦਾ ਹੈ)।

ਇਸ ਤੋਂ ਅੱਗੇ ਇਸ 'ਵਿਦਵਾਨ' ਦੀ ਜ਼ਹਿਰੀਲੀ ਜ਼ਹਿਨੀਅਤ ਪ੍ਰਤੱਖ ਪ੍ਰਗਟ ਹੋ ਜਾਂਦੀ ਹੈ ਜਦੋਂ ਇਹ ਲਿਖਦਾ ਹੈ:

"ਅੱਗੇ ਚੱਲ ਕੇ ਇਸੇ ਵਰਗ ਨੇ ਸਿੰਘ ਸਭਾਵਾਂ ਅਤੇ ਖ਼ਾਲਸਾ ਦੀਵਾਨਾਂ ਦੀ ਸਥਾਪਨਾ ਕੀਤੀ ਅਤੇ ਸਨਾਤਨ ਧਰਮ ਅਤੇ ਉਸ ਦੇ ਵਾਹਨ ਹਿੰਦੂ ਧਰਮ ਦੇ ਖਿਲਾਫ਼ ਪ੍ਰਚਾਰ ਕੀਤਾ........ਸਿੱਖ ਧਰਮ ਉਪਰ ਜੋ ਅੱਜ ਸੰਕਟ ਆਇਆ ਹੋਇਆ ਹੈ, ਉਸ ਦਾ ਮੂਲ ਕਾਰਨ ਇਹ ਹੀ ਹੈ।"

(ਸਿੱਖ ਇਤਿਹਾਸ ਮੇਂ ਸ੍ਰੀ ਰਾਮ ਜਨਮ ਭੂਮੀ)[2]

ਇਸ ਤੋਂ ਅੱਗੇ ਇਸ ਕਿਤਾਬ ਦੇ ਕੁਝ ਜ਼ਹਿਰ ਉਗਲਦੇ ਅੰਸ਼ ਦਿੱਤੇ ਜਾ ਰਹੇ ਹਨ ਜਿਨ੍ਹਾਂ ਦੀ ਕਿਰਪਾ ਸਦਕਾ ਕਈ ਅਖੌਤੀ ਨਿਹੰਗ ਸਿੰਘ ਵੀ ਬਾਬਰੀ ਮਸਜਿਦ ਨੂੰ ਢਾਹੁਣ ਸਮੇਂ ਬਜਰੰਗ ਬਲੀਆਂ ਦੀ ਸੈਨਾ ਨਾਲ ਜਾ ਸ਼ਾਮਲ ਹੋਏ। ਇਹ ਅੰਸ਼ ਜੋ ਸਿੱਖ-ਇਤਿਹਾਸ ਦੀ ਤੋੜ-ਮਰੋੜ ਦਾ

ਪ੍ਰਤੱਖ ਨਮੂਨਾ ਹਨ ਅੱਗੇ ਦਿੱਤੇ ਗਏ ਹਨ। ਜਿਵੇਂ, "ਸਿੱਖ ਵਿਦਵਾਨਾਂ ਨੂੰ ਚਾਹੀਦਾ ਹੈ ਕਿ ਸਿੱਖ ਧਰਮ ਦੇ ਪੂਜਾ ਦੇ ਪਾਤਰ ਭਗਵਾਨ ਰਾਮ ਦੀ ਮਹਿਮਾਂ ਨੂੰ ਉਜਾਗਰ ਕਰਨ। ਸ੍ਰੀ ਆਦਿ ਗ੍ਰੰਥ ਦੇ ਰਾਮ ਬਾਲਮੀਕ ਦੇ ਦਸ਼ਰਥ ਪੁੱਤਰ, ਸੀਤਾ ਪਤੀ ਅਤੇ ਅਯੁਧਿਆ ਦੇ ਰਾਜਾ ਰਾਮ ਹੀ ਹਨ, ਹੋਰ ਨਹੀਂ। (ਪੰਨਾ ੧ ਭੂਮਿਕਾ)

ਸਿੱਖ ਇਤਿਹਾਸ ਦੇ ਮੌਲਿਕ ਸਰੋਤ ਦੱਸਦੇ ਹਨ ਕਿ ਮੁਸਲਿਮ ਹਮਲਾਵਰਾਂ ਅਤੇ ਸ਼ਾਸਕਾਂ ਨੇ ਭਾਰਤ ਵਰਸ਼ ਵਿੱਚ ਮੰਦਰਾਂ ਨੂੰ ਤੋੜ ਕੇ ਉਨ੍ਹਾਂ ਦੇ ਸਥਾਨ ਉਪਰ ਮਸਜਿਦਾਂ ਬਣਾਉਣ ਦਾ ਕੰਮ ਬੜੇ ਵੱਡੇ ਵਿਆਪਕ ਪੱਧਰ ਉਤੇ ਕੀਤਾ। ਤੋੜੇ ਗਏ ਮੰਦਰਾਂ ਵਿੱਚ ਸ੍ਰੀ ਰਾਮ ਜਨਮਭੂਮੀ ਮੰਦਿਰ ਵੀ ਸੀ ਜੋ ਉਸ ਮਰਿਆਦਾ ਪੁਰਸ਼ੋਤਮ ਰਾਮ ਦਾ ਯਾਦਗਾਰੀ ਸਥਾਨ ਸੀ ਜਿਸ ਦੀ ਕੁਲ ਵਿੱਚ ਸ੍ਰੀ ਗੁਰੂ ਨਾਨਕ ਦੇਵ, ਸ੍ਰੀ ਗੁਰੂ ਤੇਗ ਬਹਾਦਰ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਜਨਮ ਲਿਆ ਸੀ। (ਪੰਨਾ ੧)

ਇਸੇ ਕਰਕੇ ਹੀ ਇਨ੍ਹਾਂ ਤਿੰਨਾਂ ਗੁਰੂਆਂ ਨੇ ਇਸ ਸਥਾਨ ਦੀ ਯਾਤਰਾ ਕੀਤੀ। (ਪੰਨਾ ਉਹੀ)

ਜਿਸ ਸਮੇਂ ਗੁਰੂ ਤੇਗ ਬਹਾਦਰ ਅਤੇ ਉਨ੍ਹਾਂ ਦੇ ਬਾਲਕ ਪੁੱਤਰ ਗੁਰੂ ਗੋਬਿੰਦ ਸਿੰਘ ਨੇ ਇਸ ਟੁੱਟੇ-ਫੁੱਟੇ ਮੰਦਿਰ ਨੂੰ ਵੇਖਿਆ, ਉਸ ਸਮੇਂ ਉਹ ਹਿੰਦੂ ਸਮਾਜ ਦੇ ਅਧਿਕਾਰ ਵਿੱਚ ਸੀ। ਇਸ ਤੋਂ ਕੁਝ ਸਮਾਂ ਬਾਅਦ ਹੀ ਔਰੰਗਜ਼ੇਬ ਦੇ ਮਜ਼ਹਬੀ ਜਬਰ ਨੇ ਇਸ ਮੰਦਿਰ ਨੂੰ ਆਪਣੇ ਅਧੀਨ ਕਰ ਲਿਆ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਇਸ ਘਟਨਾ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਇਕ ਸ਼ਸਤਰਧਾਰੀ ਸੈਨਿਕ ਸੰਗਠਨ ਖੜਾ ਕਰਕੇ ਆਪਣੀ ਕੁਲ ਦੇ ਸਤਿਕਾਰਤ ਪੂਰਵਜ ਸ੍ਰੀ ਰਾਮ ਦੇ ਜਨਮ ਸਥਾਨ ਨੂੰ ਮੁਕਤ ਕਰਾਉਣ ਲਈ ਔਰੰਗਜ਼ੇਬ ਦੇ ਵਿਰੁੱਧ ਸੰਘਰਸ਼ ਛੇੜ ਦਿੱਤਾ। (ਪੰਨਾ ੨)

ਆਪਣੇ ਅਗਿਆਨ ਦੇ ਗੁਬਾਰ ਵਿੱਚ ਲਿਪਤ ਲੋਕ ਨਾ ਸਮਝੀ ਕਰਕੇ ਵੇਦਾਂ ਦੀ ਨਿੰਦਿਆ ਕਰਨ ਲਗ ਪਏ ਅਤੇ ਭੁੱਲ ਗਏ ਕਿ ਵੇਦ ਹੀ ਇਕ ਐਸਾ ਖਰਾ ਸੌਦਾ ਹੈ ਜੋ ਸੰਸਾਰ ਸਾਗਰ ਤੋਂ ਪਾਰ ਉਤਾਰ ਦਿੰਦਾ ਹੈ। (ਪੰਨਾ ੨)

ਦੇਵੀ ਦੁਰਗਾ, ਸ਼ਿਵ ਆਦਿ ਦੇਵਤਿਆਂ ਦੇ ਸਾਰੇ ਪੂਜਾ ਅਸਥਾਨ ਡੇਗ ਦਿੱਤੇ ਗਏ ਅਤੇ ਆਪਣੇ ਸਥਾਪਿਤ ਕਰ ਦਿੱਤੇ। ਇਸ ਤਰ੍ਹਾਂ ਮੁਹੰਮਦ (ਹਜ਼ਰਤ ਸਾਹਿਬ) ਦੇ ਧਰਮੀਆਂ ਨੇ ਭਾਰਤ-ਵਾਸੀਆਂ ਨੂੰ ਬਹੁਤ ਦੁੱਖ ਦਿੱਤੇ। (ਪੰਨਾ ੭)

ਸਰਯੂ ਨਦੀ ਦੇ ਜਲ ਵਿੱਚ ਗੁਰੂ ਨਾਨਕ ਸਾਹਿਬ ਨੇ ਇਸ਼ਨਾਨ ਕੀਤਾ ਅਤੇ ਸ੍ਰੀ ਰਾਮ ਜਨਮ ਭੂਮੀ ਮੰਦਿਰ ਦੇ ਨਿਮਰਤਾ ਸਹਿਤ ਦਰਸ਼ਨ ਕੀਤੇ। (ਪੰਨਾ ੧੧)

ਗੁਰੂ ਤੇਗ ਬਹਾਦਰ ਸਾਹਿਬ ਤੀਰਥ ਯਾਤਰਾ ਉਪਰ ਗਏ। ....ਅਜੇ ਉਹ ਰਸਤੇ ਵਿੱਚ ਹੀ ਸਨ ਕਿ ਉਨ੍ਹਾਂ ਨੂੰ ਔਰੰਗਜ਼ੇਬ ਦੇ ਗੱਦੀ ਸੰਭਾਲਣ ਅਤੇ ਉਸਦੇ ਇਸਲਾਮ ਭਗਤ ਹੋਣ ਦਾ ਸਮਾਚਾਰ ਮਿਲਿਆ। 1717 ਬਿ: ਦੇ ਅੰਤਿਮ ਦਿਨਾਂ ਵਿੱਚ ਉਹ ਪਵਿੱਤਰ ਤੀਰਥ ਸਥਾਨਾਂ ਦੇ ਦਰਸ਼ਨ ਕਰਦੇ ਹੋਏ ਆਯੁਧਿਆ ਪਹੁੰਚੇ। ਅਯੁਧਿਆ ਵਿੱਚ ਹੀ ਸ੍ਰੀ ਤੇਗ ਬਹਾਦਰ ਨੇ ਆਪਣੇ ਪੂਰਵਜ ਸ੍ਰੀ ਰਾਮ ਜਨਮ ਸਥਾਨ ਦੇ ਦਰਸ਼ਨ ਕੀਤੇ........ਅਯੁਧਿਆ ਵਿੱਚ ਸਰਯੂ ਨਦੀ ਦੇ ਕਿਨਾਰੇ ਰਾਜਾ ਦਸ਼ਰਥ ਦੇ ਸਮਾਧੀ ਸਥਾਨ ਦੇ ਨਜ਼ਦੀਕ ਕਈ ਦਿਨ ਤੱਕ ਰਹੇ........ਸ੍ਰੀ ਤੇਗ ਬਹਾਦਰ ਦੀ ਸ੍ਰੀ ਰਾਮ ਪ੍ਰਤੀ

ਸ਼ਰਧਾ ਵੇਖਦੇ ਹੋਏ ਇਹ ਅੰਦਾਜ਼ਾ ਲਗਾਉਣਾ ਅਸੰਗਤ ਨਹੀਂ ਕਿ ਉਹ ਅਯੁਧਿਆ ਵਿੱਚ 1718 ਬਿ: ਚੇਤਰ ਮਹੀਨੇ ਵਿੱਚ ਹੋਣ ਵਾਲੀ ਰਾਮ ਨਵਮੀ ਤੱਕ ਉਥੇ ਜ਼ਰੂਰ ਰਹੇ ਹੋਣਗੇ। (ਪੰਨਾ: ੫੨)

ਆਪਣੇ ਕੁਲ ਦੇ ਸਤਿਕਾਰਯੋਗ ਅਤੇ ਲੋਕ ਪ੍ਰਿਯ ਪੂਰਵਜ ਸ੍ਰੀ ਰਾਮ ਦੇ ਜਨਮ ਸਥਾਨ ਨੂੰ ਵੇਖ ਕੇ ਸ੍ਰੀ ਗੋਬਿੰਦ ਦਾ ਹਿਰਦਾ ਦੁੱਖ ਨਾਲ ਭਰ ਗਿਆ। ਸ੍ਰੀ ਰਾਮ ਜਨਮ ਭੂਮੀ ਦੇ ਧਰਮ ਪਵਿੱਤਰ ਸਥਾਨ ਉਪਰ ਮੰਦਿਰ ਨਹੀਂ ਮਸਜਿਦ ਖੜੀ ਸੀ। ਔਰੰਗਜ਼ੇਬ ਦੁਆਰਾ ਕੁਝ ਹੀ ਮਹੀਨੇ ਪਹਿਲੇ ਤੋੜੇ ਗਏ ਵਿਸ਼ਵਨਾਥ ਮੰਦਿਰ ਦੇ ਖੰਡਰਾਂ ਨੂੰ ਉਹ ਕਾਸ਼ੀ ਵੇਖ ਕੇ ਆਏ ਸਨ।

ਸ੍ਰੀ ਗੋਬਿੰਦ ਨੇ ਇਹ ਸੰਕਲਪ ਲਿਆ ਕਿ ਉਹ ਮੁਸਲਿਮ ਹਮਲਾਵਰਾਂ ਅਤੇ ਜ਼ੁਲਮ ਦੀ ਪਰੰਪਰਾ ਨੂੰ ਮੂਲੋਂ ਨਸ਼ਟ ਕਰਕੇ ਰਾਸ਼ਟਰ ਜੀਵਨ ਨੂੰ ਸਾਰਥਿਕ ਬਣਾਉਣ ਵਾਲਾ ਇਕ ਆਦਰਸ਼ ਪੇਸ਼ ਕਰਨਗੇ। ਸ਼ਸਤਰ ਅਤੇ ਸ਼ਾਸਤਰ ਵਿਦਿਆ ਵਿੱਚ ਨਿਪੁੰਨ ਪੰਡਿਤ ਕ੍ਰਿਪਾ ਰਾਮ ਦੱਤ ਇਕ ਸ਼ਸ਼ਤਰਧਾਰੀ ਬ੍ਰਾਹਮਣ ਸਨ। 1713 ਬਿ: ਤੋਂ ਲੈ ਕੇ ਹੁਣ ਤੱਕ ਉਹ ਨਿਰੰਤਰ ਗੁਰੂਘਰ ਨਾਲ ਜੁੜੇ ਹੋਏ ਸਨ। ਐਸੇ ਤੇਜੱਸਵੀ ਵਿਦਵਾਨ ਦੀ ਉੱਤਮ ਸਿੱਖਿਆ ਨੇ ਤੇਜ ਬੁੱਧੀ ਸ੍ਰੀ ਗੋਬਿੰਦ ਦੇ ਸ਼ੁਭ ਸੰਕਲਪ ਨੂੰ ਦ੍ਰਿੜ੍ਹ ਅਤੇ ਸਫਲ ਬਣਾਉਣ ਲਈ ਮਹੱਤਵ ਪੂਰਨ ਭੂਮਿਕਾ ਨਿਭਾਈ। (ਪੰਨਾ ੭੪)

### ਘੋਰ ਅਪਰਾਧ :

ਗੁਰੂ ਗੋਬਿੰਦ ਸਿੰਘ ਦੁਆਰਾ ਰਚਿਤ ਵਿਸ਼ਾਲ ਸਾਹਿਤ (ਜੋ ਸ੍ਰੀ ਦਸਮ ਗ੍ਰੰਥ ਵਿੱਚ ਸੰਕਲਿਤ ਹੈ) ਇਸ ਗੱਲ ਦਾ ਪ੍ਰਮਾਣ ਹੈ ਕਿ ਉਨ੍ਹਾਂ ਨੂੰ ਇਕ ਸ਼ਾਸ਼ਤਰ ਨਿਪੁੰਨ ਵਿਦਵਾਨ ਦਾ ਸਾਥ ਪ੍ਰਾਪਤ ਹੋਇਆ। ਸੁਯੋਗ ਗੁਰੂ ਪੰਡਿਤ ਕ੍ਰਿਪਾ ਰਾਮ ਦੱਤ ਦੁਆਰਾ ਆਪਣੇ ਚੇਲੇ ਗੋਬਿੰਦ ਦਾਸ (ਗੁਰੂ ਜੀ) ਨੂੰ ਦਿੱਤੀ ਗਈ ਸਿੱਖਿਆ ਦੀ ਤੁਲਨਾ ਗੁਰੂਘਰ ਦੇ ਵਿਸ਼ਵਾਸਪਾਤਰ ਭਾਈ ਚੌਪਾ ਸਿੰਘ ਦੁਆਰਾ ਆਪਣੇ ਰਹਿਤਨਾਮੇ ਵਿੱਚ ਗੁਰੂ ਵਸ਼ਿਸ਼ਟ ਅਤੇ ਗੁਰੂ ਸੰਦੀਪਨ ਦੁਆਰਾ ਸ੍ਰੀ ਰਾਮ ਅਤੇ ਸ੍ਰੀ ਕ੍ਰਿਸ਼ਨ ਨੂੰ ਦਿੱਤੀ ਗਈ ਸਿੱਖਿਆ ਨਾਲ ਨਿਰਾਰਥਕ ਨਹੀਂ। (ਪੰਨਾ ੭੪)

ਪੰਡਿਤ ਕਿਰਪਾ ਰਾਮ ਦੱਤ ਨੂੰ ਆਪਣੇ ਚੇਲੇ ਸ੍ਰੀ ਗੋਬਿੰਦ ਦਾਸ ਤੋਂ ਬਹੁਤ ਉਮੀਦ ਸੀ ਪਰ ਸੁਯੋਗ ਹੁੰਦੇ ਹੋਏ ਵੀ ਉਸ ਪ੍ਰਤਿਭਾਵਾਨ ਪੁਰਸ਼ ਦੇ ਕੋਲ ਅਜੇ ਤੱਕ ਕੋਈ ਐਸਾ ਸੈਨਿਕ ਸੰਗਠਨ ਨਹੀਂ ਸੀ ਜੋ ਮਹਾਰਾਸ਼ਟਰ ਅਤੇ ਬੁੰਦੇਲਖੰਡ ਦੀ ਤਰ੍ਹਾਂ ਰਾਸ਼ਟਰੀ ਝੰਡੇ ਨੂੰ ਉੱਚਾ ਚੁੱਕਣ ਲਈ ਸਾਰਥਕ ਹੁੰਦਾ। ਕਸ਼ਮੀਰ ਦੇ ਨਵਾਬ ਇਫਤਖ਼ਾਰ ਦੁਆਰਾ ਹਿੰਦੂਆਂ ਉਤੇ ਕੀਤੇ ਜਾ ਰਹੇ ਜ਼ੁਲਮ ਲਗਾਤਾਰ ਵਧਦੇ ਜਾ ਰਹੇ ਸਨ। ਇਨ੍ਹਾਂ ਅਤਿਆਚਾਰਾਂ ਨੂੰ ਰੋਕਣ ਲਈ ਕਸ਼ਮੀਰ ਵਿੱਚ ਇਕ ਸ਼ਸ਼ਤਰਧਾਰੀ ਸੈਨਿਕ ਸੰਗਠਨ ਖੜਾ ਕਰਨ ਦੀ ਲੋੜ ਸੀ।'' (ਪੰਨਾ ੮੩)

ਸਿੱਖ ਮੁਖੀਆਂ ਨੂੰ ਵੀ ਧਰਮਸ਼ਾਲਾਵਾਂ ਅਤੇ ਗੁਰਦੁਆਰਿਆਂ ਤੋਂ ਬਾਹਰ ਕੱਢ ਕੇ ਉਨ੍ਹਾਂ ਨੂੰ ਭੋਗਿਆ ਜਾਣ ਲੱਗਾ। (ਪੰਨਾ: ੮੪)

ਸ੍ਰੀ ਗੁਰੂ ਤੇਗ ਬਹਾਦਰ ਦੀ ਨਿਸ਼ਠਾ ਹਿੰਦੂ ਧਰਮ ਪ੍ਰਤੀ ਨਿਮਰਤਾ ਪੂਰਨ ਸੀ। (ਪੰਨਾ: ੯੫)

ਗੁਰੂ ਤੇਗ ਬਹਾਦਰ ਸਾਹਿਬ ਨੇ ਜਪੁਜੀ ਸਾਹਿਬ ਦੀਆਂ ਪੰਜ ਪਉੜੀਆਂ ਦਾ ਪਾਠ ਕਰਕੇ ਆਖਰੀ ਸਲੋਕ ਮੁੱਖ ਤੋਂ ਉਚਾਰਣ ਕੀਤਾ। ਦੋਵੇਂ ਹੱਥ ਜੋੜ ਕੇ ਸਿਰ ਨੂੰ ਝੁਕਾਇਆ। ਜਲਾਦ ਨੇ ਆਪਣਾ

ਵਾਰ ਕੀਤਾ। ਸਿਰ ਧੜ ਤੋਂ ਅਲੱਗ ਹੋ ਗਿਆ ਪਰ ਗਲ ਵਿੱਚ ਬੰਨੇ ਧਾਗੇ ਨੂੰ ਕੋਈ ਆਂਚ ਨਾ ਆਈ।

ਸ੍ਰੀ ਗੁਰੂ ਤੇਗ ਬਹਾਦਰ ਦੇ ਗਲੇ ਵਿੱਚ ਬੰਨ੍ਹਿਆ ਧਾਗਾ ਕੇਵਲ ਆਮ ਸੂਤਰ ਮਾਤਰ ਨਹੀਂ ਸੀ ਉਸ ਦਾ ਅਧਿਆਤਮਕ ਮਹੱਤਵ ਵੀ ਸੀ। ਗੁਰੂ ਨਾਨਕ ਦੇਵ ਨੇ ਪੱਛਮੀ ਦੇਸ਼ਾਂ ਦੀ ਯਾਤਰਾ ਸਮੇਂ ਮੱਕਾ ਵਿੱਚ ਮੁਸਲਿਮ ਪੀਰਾਂ ਨਾਲ ਗੋਸ਼ਟ ਕਰਕੇ ਮਦੀਨਾ ਪਹੁੰਚੇ ਸੀ ਤਾਂ ਉਥੇ ਪੀਰ ਰੁਕਨਦੀਨ ਨੇ ਜਨੇਊ (ਬ੍ਰਹਮ ਸੂਤਰ-ਧਾਗੇ) ਬਾਰੇ ਕਈ ਪ੍ਰਸ਼ਨ ਕੀਤੇ। ਉਨ੍ਹਾਂ ਦਾ ਵਿਖਿਆਨ ਕਰਦੇ ਹੋਏ ਗੁਰੂ ਨਾਨਕ ਨੇ ਇਸ ਧਾਗੇ ਦੀ ਅਧਿਆਤਮਕ ਮਹਿਮਾ ਗਾਈ।.....ਇਹੀ ਕਾਰਨ ਸੀ ਕਿ ਸ੍ਰੀ ਗੁਰੂ ਤੇਗ ਬਹਾਦਰ ਦਾ ਜਨੇਊ ਸਲਾਮਤ ਰਹਿਆ। ਅਸਲ ਵਿੱਚ ਇਹ ਇਕ ਆਮ ਧਾਗਾ ਨਹੀਂ ਵਰਨ ਬ੍ਰਹਮ ਸੂਤਰ (ਜਨੇਊ) ਸੀ। (ਪੰਨਾ ੯੮-੯੯)

ਜਦੋਂ ਗੁਰੂ ਭਗਤਾਂ ਨੇ ਸੀਸ (ਗੁਰੂ ਤੇਗ ਬਹਾਦਰ ਦਾ) ਸ੍ਰੀ ਦਸਮ ਗੁਰੂ ਦੇ ਅੱਗੇ ਰੱਖਿਆ ਤਾਂ ਉਹ ਬਿਹਬਲ ਹੋ ਕੇ ਰੋ ਪਏ। ਫਿਰ ਉਨ੍ਹਾਂ ਨੇ ਗੁਲਾਬ ਜਲ ਨਾਲ ਸੀਸ ਸਾਫ਼ ਕੀਤਾ ਅਤੇ ਗੰਗਾ ਜਲ ਨਾਲ ਇਸ਼ਨਾਨ ਕਰਵਾਇਆ। (ਪੰਨਾ ੧੦੧)

ਸ੍ਰੀ ਗੁਰੂ ਗੋਬਿੰਦ ਦਾਸ ਜੀ ਨੇ ਇਸ਼ਨਾਨ ਕਰਕੇ ਨਵੀਨ ਯਗਯੋਪਵਿਤ (ਜਨੇਊ) ਧਾਰਨ ਕੀਤਾ। ਫਿਰ ਪੀਤਾਂਬਰ ਰੰਗ ਦਾ ਪਹਿਰਾਵਾ ਸਵਾਰ ਬੈਠ ਗਏ। ਉਨ੍ਹਾਂ ਨੇ ਯੱਗ ਦਾ ਸੰਕਲਪ ਲਿਆ ਅਤੇ ਸ਼ੁਭ ਦੇਵ-ਨਛੱਤਰਾਂ ਦੀ ਵਿਧੀ ਪੂਰਵਕ ਪੂਜਾ ਕੀਤੀ। (ਪੰਨਾ ੧੦੪)

1735 ਬਿ: ਨੂੰ ਸ਼ਕਤੀ ਯੱਗ ਸੰਪੂਰਨ ਹੋਣ ਤੋਂ ਉਪਰੰਤ ਸ੍ਰੀ ਗੁਰੂ ਗੋਬਿੰਦ ਦਾਸ ਜੀ ਨੇ ਆਪਣੇ ਸੈਨਿਕ ਸੰਗਠਨ ਸਹਿਤ ਅਯੁਧਿਆ ਜਾਣ ਦੀ ਤਿਆਰੀ ਕੀਤੀ। ਕਸ਼ਮੀਰ ਤੋਂ ਪੰਡਿਤ ਕ੍ਰਿਪਾ ਰਾਮ ਦੱਤ ਆਪਣੇ ਨਾਲ ਕੁਝ ਸ਼ਸ਼ਤਰਧਾਰੀ ਸੂਰਮੇ ਲੈ ਕੇ ਆਏ ਸੀ। (ਪੰਨਾ ੧੧੦)

ਬਾਬਾ ਵੈਸ਼ਨਵ ਦਾਸ ਅਤੇ ਸ੍ਰੀ ਗੋਬਿੰਦ ਦਾਸ ਦਾ ਬ੍ਰਹਮਕੁੰਡ ਵਿਖੇ ਮਿਲਾਪ ਹੋਇਆ। ਆਖਰੀ ਹਮਲਾ (ਜੋ ਅਯੁਧਿਆ ਤੇ ਕੀਤਾ) ਗੁਰੂ ਗੋਬਿੰਦ ਸਿੰਘ ਦੇ ਨਾਲ ਬਾਬਾ ਵੈਸ਼ਨਵ ਦਾਸ ਦਾ ਹੋਇਆ। ਇਸ ਵਿੱਚ ਸ਼ਾਹੀ ਫ਼ੌਜ ਦਾ ਬਹੁਤ ਨੁਕਸਾਨ ਹੋਇਆ। (ਪੰਨਾ ੧੧੩)

ਇਹ ਰਾਮਵੰਸ਼ੀ ਗੁਰੂ ਗੋਬਿੰਦ ਦਾਸ ਦੇ ਜੀਵਨ ਦਾ ਪਹਿਲਾ ਯੁੱਧ ਸੀ ਜੋ ਉਨ੍ਹਾਂ ਨੇ ਸ੍ਰੀ ਰਾਮ ਜਨਮ ਭੂਮੀ ਦੀ ਮੁਕਤੀ ਦੇ ਲਈ ਔਰੰਗਜ਼ੇਬ ਵਿਰੁੱਧ ਛੇੜਿਆ ਸੀ। ਉਨ੍ਹਾਂ ਦੇ ਵੀਰਤਾਪੂਰਨ ਯਤਨ ਸਦਕਾ ਹੀ ਸ੍ਰੀ ਰਾਮ ਜਨਮ ਭੂਮੀ ਮੁਗਲਾਂ ਦੇ ਅਧਿਕਾਰ ਤੋਂ ਮੁਕਤ ਹੋਈ। (ਪੰਨਾ ੧੧੪)

ਸਿੱਖ ਇਤਿਹਾਸ ਦੇ ਸਮਕਾਲੀਨ ਸਰੋਤਾਂ ਤੋਂ ਪਤਾ ਲੱਗਦਾ ਹੈ ਕਿ 1735 ਬਿ: ਵਿੱਚ ਹੋਏ ਸ਼ਕਤੀ ਯੱਗ ਤੋਂ ਬਾਅਦ ਸ੍ਰੀ ਦਸਮ ਗੁਰੂ ਜੀ ਆਪਣੇ ਸੈਨਿਕਾਂ ਦੇ ਆਤਮ ਵਿਸ਼ਵਾਸ ਨੂੰ ਜਗਾਉਣ ਲਈ ਹਰ ਸਾਲ ਦੇਵੀ ਪੂਜਾ ਕਰਿਆ ਕਰਦੇ ਸਨ। (ਪੰਨਾ ੧੯੧)

---

*1. ਗੁਰ ਸ਼ਬਦ ਰਤਨਾਕਰ ਮਹਾਂਕੋਸ਼, ਰਚਿਤ ਭਾਈ ਕਾਹਨ ਸਿੰਘ ਨਾਭਾ।*

*2. ਸਿੱਖ ਇਤਿਹਾਸ ਮੇਂ ਸ਼੍ਰੀ ਰਾਮ ਜਨਮ ਭੂਮੀ (ਭੂਮਿਕਾ), ਲੇਖਕ ਰਾਜਿੰਦਰ ਸਿੰਘ, ਪ੍ਰਕਾਸ਼ਕ : ਭਾਰਤ ਭਾਰਤੀ ਨਵੀਂ ਦਿੱਲੀ।*

# ਮੰਦਰ-ਮਸਜਿਦ ਵਿਵਾਦ 'ਚ ਗੁਰੂ ਗੋਬਿੰਦ ਸਿੰਘ ਦਾ ਨਾਂ ਕਿਉਂ ਜੋੜਿਆ ?

ਇਸ ਤੋਂ ਪਹਿਲਾਂ ਵੀ ਸੰਘ-ਪਰਵਾਰ ਵੱਲੋਂ ਇਹ ਪ੍ਰਚਾਰਿਆ ਗਿਆ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਆਜੁਧਿਆ ਨੂੰ ਮੁਗਲਾਂ ਤੋਂ ਆਜ਼ਾਦ ਕਰਾਉਣ ਲਈ ਸ਼ਸਤਰਧਾਰੀ ਯੋਧਿਆਂ ਨਾਲ ਆਜੁਧਿਆ ਗਏ ਸਨ ਜੋ ਕਿ ਕੋਰਾ ਝੂਠ ਸੀ। 'ਸ੍ਰੀ ਰਾਮ ਮੰਦਿਰ ਨਿਰਮਾਣ ਸਮਿਤੀ' ਵੱਲੋਂ ਮੰਦਿਰ ਨਿਰਮਾਣ ਸੰਬੰਧੀ ਯਾਤਰਾ ਨੂੰ ਗੁਰੂ ਸਾਹਿਬ ਦੇ ਪ੍ਰਕਾਸ਼ ਪੁਰਬ ਨਾਲ ਜੋੜਨਾ, ਸਿੱਖ ਰਵਾਇਤਾਂ ਅਤੇ ਸਿਧਾਂਤਾਂ ਦੀ ਘੋਰ ਉਲੰਘਣਾ ਹੈ।

ਦੁਨਿਆਵੀ ਹੈਂਕੜਬਾਜ਼ੀ, ਵਿਕਾਰਾਂ ਅਤੇ ਤ੍ਰਿਸ਼ਨਾਂ ਦੇ ਚਿੱਕੜ ਵਿਚ ਗ਼ਲਤਾਨ ਇਨਸਾਨ ਨੂੰ ਪ੍ਰਭੂ ਮਾਰਗ 'ਤੇ ਚੱਲਣ ਦਾ ਨੁਕਤਾ ਸਮਝਾਉਂਦੇ ਹੋਏ, ਸ਼ੇਖ ਫ਼ਰੀਦ ਜੀ ਪਾਵਨ ਬਾਣੀ ਅੰਦਰ ਫ਼ੁਰਮਾਉਂਦੇ ਹਨ:

*ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ॥ ੧੩੦॥ ੧॥*

(ਸਲੋਕ, ਪੰਨਾ ੧੩੮੪)

'ਹਿਆਉ' ਦਾ ਅਰਥ ਹੈ-ਹਿਰਦਾ ਅਤੇ 'ਠਾਹੇ' ਦਾ ਅਰਥ ਹੈ- ਤੋੜਫਾੜ ਕਰਨਾ। ਬੜੀ ਹੀ ਨਿਮਰਤਾ ਸਹਿਤ, ਮੋਹ-ਭਿੱਜੇ ਬੋਲਾਂ ਨਾਲ ਫ਼ਰੀਦ ਸਾਹਿਬ ਆਖਦੇ ਹਨ- ਹੇ ਮਨੁੱਖ! ਜੇ ਤੂੰ ਪ੍ਰੀਤਮ ਪ੍ਰਭੂ ਨੂੰ ਮਿਲਣਾ ਲੋਚਦਾ ਹੈਂ, ਤੇਰੇ ਅੰਦਰ ਮਿਲਾਪ ਦੀ ਸਿੱਕ ਹੈ ਜਾਂ ਬਿਰਹੋਂ ਦੀ ਕੋਈ ਚਿੰਗਾੜੀ ਕਰਵਟ ਲੈ ਰਹੀ ਹੈ ਤਾਂ ਯਾਦ ਰੱਖ, ਕਿਸੇ ਦਾ ਦਿਲ ਨਾ ਤੋੜੀਂ, ਕਿਸੇ ਦੇ ਮਨ ਨੂੰ ਠੇਸ ਨਾ ਪਹੁੰਚਾਈਂ, ਕਿਉਂਕਿ ਹਰ ਹਿਰਦੇ 'ਚ ਸ਼ਹੁ ਦਾ ਨਿਵਾਸ ਹੈ। ਉਹ ਅਕਾਲੀ ਜੋਤਿ ਘਟ-ਘਟ ਅੰਦਰ ਵਿਆਪ ਰਹੀ ਹੈ, ਕੋਈ ਵੀ ਹਿਰਦਾ ਉਸ ਨੂਰਾਨੀ ਜੋਤਿ ਤੋਂ ਵਿਰਵਾ ਨਹੀਂ ਹੈ। ਖਲਕ ਵਿਚ ਖਾਲਕ ਦੀ ਪਹਿਚਾਣ ਕਰ, ਕੁਦਰਤ ਅੰਦਰ ਕਾਦਰ ਦੇ ਦੀਦਾਰੇ ਕਰ, ਕਿਸੇ ਦਾ ਦਿਲ ਨਾ ਦੁਖਾ। ਸਿਰਫ ਤਲਵਾਰ ਨਾਲ ਹੀ ਕੁਦਰਤ ਦੇ ਅਮਨ ਕਾਨੂੰਨ ਦੀ ਉਲੰਘਣਾ ਨਹੀਂ ਹੁੰਦੀ, ਖਰਵੇ ਤੇ ਕੌੜੇ ਬੋਲ ਵੀ ਇਨਸਾਨੀ ਹਿੱਤਾਂ ਦਾ ਘਾਣ ਕਰਦੇ ਹਨ।

ਫ਼ਰੀਦ ਸਾਹਿਬ ਤੋਂ ਬਾਅਦ ਹੋਰ ਵੀ ਕਈ ਸੂਫ਼ੀ ਫ਼ਕੀਰ ਹੋਏ ਹਨ, ਜਿਨ੍ਹਾਂ ਦੁਨਿਆਵੀ ਕਦਰਾਂ-ਕੀਮਤਾਂ ਤੇ ਮਨੁੱਖੀ ਪਿਆਰ ਨੂੰ ਭਾਂਪਦੇ ਹੋਏ, ਸਮੇਂ-ਸਮੇਂ ਸੱਚ ਦਾ ਮਾਰਗ ਦਰਸਾਇਆ। ਬੁੱਲ੍ਹੇ ਸ਼ਾਹ ਨੇ ਇਨਸਾਨੀ ਪਿਆਰ ਦਾ ਹੋਕਾ ਦਿੰਦਿਆਂ ਕਿਹਾ ਕਿ ਭਾਵੇਂ ਮੰਦਿਰ ਤੇ ਮਸਜਿਦ ਢਾਹ ਦਿਓ, ਪਰੰਤੂ ਕਿਸੇ ਦਾ ਦਿਲ ਨਾ ਢਾਹੋ, ਕਿਉਂਕਿ ਉਸ ਅੰਦਰ ਖ਼ੁਦਾ ਦਾ ਨਿਵਾਸ ਹੈ। ਜੇਕਰ

ਉਪਰੋਕਤ ਵਿਚਾਰ ਨੂੰ ਇਸ ਨਜ਼ਰੀਏ ਤੋਂ ਵੇਖਿਆ ਜਾਵੇ ਕਿ ਅਕਾਲ ਪੁਰਖ ਤਾਂ ਸਰਬ ਵਿਆਪਕ ਹੈ, ਉਸ ਦਾ ਇਮਾਰਤ ਨਾਲ ਕੋਈ ਤੁਅੱਲਕ ਨਹੀਂ, ਤਾਂ ਠੀਕ ਲੱਗਦਾ ਹੈ। ਪਰੰਤੂ ਜੇਕਰ ਦੂਸਰਾ ਪੱਖ ਵੇਖਿਆ ਜਾਵੇ ਕਿ ਜਿਸ ਮੰਦਿਰ, ਮਸਜਿਦ ਜਾਂ ਧਾਰਮਕ ਅਸਥਾਨ ਨੂੰ ਢਾਹਿਆ ਜਾ ਰਿਹਾ ਹੈ, ਉਸ ਨਾਲ ਕਿੰਨੇ ਹੀ ਇਨਸਾਨਾਂ ਦੀਆਂ ਭਾਵਨਾਵਾਂ ਜੁੜੀਆਂ ਹਨ ਅਤੇ ਉਨ੍ਹਾਂ ਦੇ ਹਿਰਦਿਆਂ ਨੂੰ ਕਿੰਨੀ ਠੇਸ ਪਹੁੰਚੇਗੀ ? ਇਸ ਸਿੱਟੇ 'ਤੇ ਪਹੁੰਚੀਦਾ ਹੈ ਕਿ ਹਰ ਇਨਸਾਨ ਨੂੰ ਮਨੁੱਖਤਾ ਦੀਆਂ ਨੈਤਿਕ ਕਦਰਾਂ-ਕੀਮਤਾਂ ਦਾ ਧਿਆਨ ਰੱਖਦੇ ਹੋਏ ਆਪਣੇ ਇਸ਼ਟ ਦੀ ਪੂਜਾ ਅਰਚਨਾ ਦਾ ਹੱਕ ਹਾਸਲ ਹੈ, ਬਸ਼ਰਤੇ ਉਸ ਦੇ ਧਰਮ ਜਾਂ ਇਸ਼ਟ-ਪੂਜਾ ਦੀ ਬੁਨਿਆਦ ਦੁਨਿਆਵੀ ਕਦਰਾਂ-ਕੀਮਤਾਂ ਅਤੇ ਮਨੁੱਖਤਾ ਦੇ ਘਾਣ ਉਪਰ ਨਾ ਟਿਕੀ ਹੋਵੇ। ਮਿਸਾਲ ਦੇ ਤੌਰ 'ਤੇ ਇਸਲਾਮ ਦੇ ਬਾਨੀ ਹਜ਼ਰਤ ਮੁਹੰਮਦ ਸਾਹਿਬ ਨੇ ਬੁੱਤ-ਪ੍ਰਸਤੀ ਦਾ ਖੰਡਨ ਕਰਨ ਵਾਸਤੇ ਮੱਕੇ ਦੇ ਅੰਦਰ 360 ਤੋਂ ਉਪਰ ਬੁੱਤ ਤੁੜਵਾਏ ਸਨ ਅਤੇ ਸਿਰਫ ਇਕ ਪੱਥਰ 'ਸੰਗ-ਏ-ਅਸਵਦ' ਖ਼ੁਦਾ ਦੀ ਨਿਸ਼ਾਨੀ ਦੇ ਤੌਰ 'ਤੇ ਸਾਂਭਿਆ ਗਿਆ। ਅਕਾਲ ਪੁਰਖ ਕੇਵਲ 'ਸੰਗ-ਏ-ਅਸਵਦ' ਤਕ ਮਹਿਦੂਦ ਨਹੀਂ, ਸਰਬ ਵਿਆਪਕ ਹੈ, ਪਰੰਤੂ ਮੁਸਲਮਾਨੀ ਮੱਤ ਦੀਆਂ ਭਾਵਨਾਵਾਂ ਇਸ 'ਸੰਗ-ਏ-ਅਸਵਦ' ਨਾਲ ਜੁੜੀਆਂ ਹੋਈਆਂ ਹਨ। ਉਸ 'ਸੰਗ-ਏ-ਅਸਵਦ' ਪ੍ਰਤੀ ਅਪਸ਼ਬਦਾਵਲੀ ਵੀ ਮੁਸਲਮਾਨਾਂ ਦੇ ਹਿਰਦੇ ਨੂੰ ਠੇਸ ਪਹੁੰਚਾਉਂਦੀ ਹੈ, ਕਿਉਂਕਿ ਉਸ ਨਾਲ ਹਿਰਦੇ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ।

ਮਸਲਾ ਅਕਾਲ ਤਖ਼ਤ ਸਾਹਿਬ, ਬਾਬਰੀ ਮਸਜਿਦ ਦਾ ਹੋਵੇ ਜਾਂ ਬੁੱਧ ਦੇ ਬੁੱਤਾਂ ਦੀ ਤੋੜ-ਫੋੜ ਦਾ, ਇਨਸਾਨੀ ਹਿਰਦਿਆਂ ਨੂੰ ਠੇਸ ਜ਼ਰੂਰ ਪਹੁੰਚਦੀ ਹੈ। ਕੁਝ ਹੀ ਮਹੀਨੇ ਗੁਜ਼ਰੇ ਹਨ ਕਿ ਤਾਲਿਬਾਨ ਨੇ ਅਫ਼ਗਾਨਿਸਤਾਨ ਵਿਚ ਬੁੱਧ ਦੇ ਬੁੱਤਾਂ ਨੂੰ ਤੋਪਾਂ ਨਾਲ ਉਡਾਇਆ, ਸਮੁੱਚੇ ਇਨਸਾਨੀ ਭਾਈਚਾਰੇ ਨੇ ਇਸ ਨੂੰ ਨਿੰਦਣਯੋਗ ਕਾਰਵਾਈ ਕਿਹਾ। ਬੇਸ਼ੱਕ ਮਹਾਤਮਾ ਬੁੱਧ, ਬੁੱਤ-ਪ੍ਰਸਤੀ ਦੇ ਹਿਮਾਇਤੀ ਨਹੀਂ ਸਨ ਅਤੇ ਉਨ੍ਹਾਂ ਨੇ ਕੇਵਲ ਸਦਾਚਾਰਕ ਗੁਣਾਂ ਨੂੰ ਅਪਨਾਉਣ 'ਤੇ ਹੀ ਵਧੇਰੇ ਜ਼ੋਰ ਦਿੱਤਾ, ਪਰੰਤੂ ਉਨ੍ਹਾਂ ਦੇ ਉਪਾਸ਼ਕਾਂ ਦੀਆਂ ਭਾਵਨਾਵਾਂ ਨੂੰ ਤਾਲਿਬਾਨ ਦੇ ਇਸ ਕਦਮ ਨਾਲ ਠੇਸ ਜ਼ਰੂਰ ਪਹੁੰਚੀ। ਤਾਲਿਬਾਨ ਦੇ ਕਦਮ ਦੀ ਖਿਲਾਫ਼ਤ ਉਨ੍ਹਾਂ ਵੀ ਕੀਤੀ ਜਿਹੜੇ ਕਿ ਖ਼ੁਦ ਤਾਲਿਬਾਨ ਵਰਗੀ ਤੁਅੱਸਬੀ ਫ਼ਿਤਰਤ ਦੇ ਮਾਲਕ ਹਨ। ਰਾਜ ਤਖ਼ਤ 'ਤੇ ਬਿਰਾਜਮਾਨ ਭਗਵਾਂਧਾਰੀਆਂ ਨੂੰ ਤਾਲਿਬਾਨ ਦਾ ਕਦਮ ਮਨੁੱਖਤਾ ਦੇ ਘਾਣ ਦੀ ਅਤਿ ਨਿੰਦਣਯੋਗ ਕਾਰਵਾਈ ਨਜ਼ਰ ਆਉਂਦਾ ਹੈ, ਪਰੰਤੂ ਅਕਾਲ ਤਖ਼ਤ ਸਾਹਿਬ 'ਤੇ ਬਾਬਰੀ ਮਸਜਿਦ ਢਹਿ-ਢੇਰੀ ਕਰਨ ਸਮੇਂ ਇਨ੍ਹਾਂ ਲੋਕਾਂ ਦੇ ਇਨਸਾਨੀ ਨੈਤਿਕ ਕਦਰਾਂ-ਕੀਮਤਾਂ ਦੇ ਮਿਆਰ ਕਿਸ ਸਮੁੰਦਰ ਵਿਚ ਗੁਆਚ ਗਏ ਸਨ ? ਕਿਸੇ ਅਦੀਬ ਦਾ ਕਥਨ ਯਾਦ ਆਉਂਦਾ ਹੈ :

*ਇਕਬਾਲ ਬੜਾ ਉਪਦੇਸ਼ਕ ਹੈ, ਮਨ ਬਾਤੋਂ ਸੇ ਮੋਹ ਲੇਤਾ ਹੈ,*
*ਗੁਫ਼ਤਾਰ ਕਾ ਗਾਜ਼ੀ ਬਨ ਤੋ ਗਿਆ, ਕਿਰਦਾਰ ਕਾ ਗਾਜ਼ੀ ਬਨ ਨਾ ਸਕਾ।*

(ਡਾ: ਮੁਹੰਮਦ ਇਕਬਾਲ)

ਹਿੰਦੁਸਤਾਨੀ ਤਵਾਰੀਖ਼ ਅੰਦਰ ਬਾਬਰ ਦਾ ਚਿਤਰਣ ਇਕ ਜ਼ਾਲਮ ਸ਼ਾਸਕ ਦੇ ਤੌਰ 'ਤੇ

ਕੀਤਾ ਗਿਆ ਹੈ। ਰਾਜ ਸੱਤਾ ਦੇ ਸਿੰਘਾਸਣ 'ਤੇ ਬਿਰਾਜਮਾਨ ਹੋ ਕੇ ਉਸ ਨੇ ਇਸਲਾਮ ਦੇ ਪ੍ਰਚਾਰ ਦੇ ਨਾਮ ਹੇਠ ਘੱਟ-ਗਿਣਤੀ ਦਾ ਘਾਣ ਕੀਤਾ, ਧਰਮ ਅਸਥਾਨ ਢਾਹ ਕੇ ਮਸਜਿਦਾਂ ਦੀ ਉਸਾਰੀ ਕੀਤੀ। ਆਪਣੀਆਂ ਜ਼ਾਲਮਾਨਾ ਕਾਰਵਾਈਆਂ ਦਾ ਸਿਲਸਿਲਾ ਜਾਰੀ ਰੱਖਦਿਆਂ, ਰਾਮ ਮੰਦਿਰ ਤੁੜਵਾ ਕੇ ਬਾਬਰੀ ਮਸਜਿਦ ਦਾ ਨਿਰਮਾਣ ਕਰਵਾਇਆ। ਉਸ ਸਮੇਂ ਹਿੰਦੂ ਵੀਰਾਂ ਦੇ ਹਿਰਦੇ ਜ਼ਰੂਰ ਦੁਖੀ ਹੋਏ ਹੋਣਗੇ, ਪ੍ਰੰਤੂ ਜੇ ਹਿੰਦੂ ਰਾਜ ਸੱਤਾ 'ਤੇ ਬਿਰਾਜਮਾਨ ਹੋਏ ਤਾਂ ਬਾਬਰੀ ਫ਼ਿਤਰਤ ਦਾ ਮੁਜ਼ਾਹਰਾ ਕੀਤਾ, ਭਾਵੇਂ ਕਿ ਇਸ ਨੂੰ ਅਨੇਕਾਂ ਹਿੰਦੂ ਵੀਰਾਂ ਨੇ ਵੀ ਨਿੰਦਣਯੋਗ ਕਾਰਵਾਈ ਕਿਹਾ, ਕਿਉਂਕਿ ਕਾਲਖ਼ ਨੂੰ ਕਾਲਖ਼ ਨਾਲ ਸਾਫ਼ ਨਹੀਂ ਕੀਤਾ ਜਾ ਸਕਦਾ।

ਸੌੜੇ ਸਿਆਸੀ ਹਿੱਤਾਂ ਦੀ ਪੂਰਤੀ ਵਾਸਤੇ ਅਜੋਕੇ ਰਾਜਨੀਤਕ ਪ੍ਰਭੂਆਂ ਵੱਲੋਂ ਵਰਤੇ ਜਾਂਦੇ ਦੂਹਰੇ ਮਾਪਦੰਡਾਂ ਦੀ ਵੀ ਸਮਝ ਨਹੀਂ ਆਉਂਦੀ, ਬੋਧੀ ਮੂਰਤੀਆਂ ਨੂੰ ਤੋੜਨ ਦੀ ਗੱਲ ਹੋਵੇ ਤਾਂ ਤਾਲਿਬਾਨ ਨੂੰ ਇਸਲਾਮ ਤੋਂ ਹੀਣੇ ਦੱਸਣ ਲਈ ਧੂੰਆਂਧਾਰ ਬਿਆਨ ਦਾਗੇ ਜਾਂਦੇ ਹਨ, ਪਰੰਤੂ ਜੇਕਰ ਕਿਸੇ ਧਾਰਮਕ ਅਸਥਾਨ ਨੂੰ ਇਹ ਖ਼ੁਦ ਢਾਹ ਦੇਣ ਜਾਂ ਕਿਸੇ ਦੀ ਧਾਰਮਕ ਪੁਸਤਕ ਦੀ ਬੇਅਦਬੀ ਕਰ ਦੇਣ ਤਾਂ ਪ੍ਰਭਾਵਤ ਫ਼ਿਰਕੇ ਨੂੰ ਧਾਰਮਕ ਸਹਿਣਸ਼ੀਲਤਾ ਬਣਾਈ ਰੱਖਣ ਦਾ ਉਪਦੇਸ਼ ਦਿੱਤਾ ਜਾਂਦਾ ਹੈ।

*ਸ਼ੇਖ਼ ਰੇ ਤੇਰੀ ਆਯਾਰੀ, ਕਿਸ ਅਦਾ ਸੇ ਪੜਤਾ ਹੈ ਨਮਾਜ਼।*

ਸਮਝ ਨਹੀਂ ਆਉਂਦੀ ਕਿ ਆਖ਼ਰ ਇਹ ਧਾਰਮਕ ਸਹਿਣਸ਼ੀਲਤਾ ਕੀ ਹੈ? ਕੋਈ ਹੁਕਮਰਾਨ ਸਿਆਸੀ ਤਾਕਤ ਦੇ ਨਸ਼ੇ ਵਿਚ ਗ਼ਲਤਾਨ ਹੋ ਕੇ, ਘੱਟ-ਗਿਣਤੀਆਂ ਦੇ ਹੱਕਾਂ ਦਾ ਘਾਣ ਕਰੇ, ਉਨ੍ਹਾਂ ਦੀਆਂ ਬਹੁ-ਬੇਟੀਆਂ ਦੀ ਇੱਜ਼ਤ ਲੁੱਟੀ ਜਾਵੇ, ਧਾਰਮਕ ਅਸਥਾਨ ਢਹਿ-ਢੇਰੀ ਕਰ ਦਿੱਤੇ ਜਾਣ ਤੇ ਘੱਟ-ਗਿਣਤੀ ਫ਼ਿਰਕਾ ਕਾਇਰਤਾ ਨਾਲ ਇਹ ਸਭ ਕੁਝ ਮੂਕ ਦਰਸ਼ਨ ਬਣ ਕੇ ਵੇਖਦਾ ਰਹੇ, ਕੀ ਇਹੀ ਧਾਰਮਕ ਸਹਿਣਸ਼ੀਲਤਾ ਹੈ? ਹਿੰਦੁਸਤਾਨੀ ਰਾਜ ਸਿੰਘਾਸਣ ਉਪਰ ਬਿਰਾਜਮਾਨ ਕੂਟਨੀਤੀ ਦੇ ਮਾਹਿਰ ਭਗਵਾਂਧਾਰੀਆਂ ਦੇ ਹਰ ਕਦਮ ਅਤੇ ਹਰ ਕਾਰਜ ਵਿਚ ਫ਼ਿਰਕਾਪ੍ਰਸਤੀ ਦੀ ਬੂ ਆਉਂਦੀ ਹੈ। ਜੇਕਰ ਤਾਲਿਬਾਨ ਸ਼ਾਸਕ ਬਾਮਿਆਨ ਵਿਖੇ ਮਹਾਤਮਾ ਬੁੱਧ ਦੀਆਂ ਮੂਰਤੀਆਂ ਤੋੜ ਦੇਣ ਤਾਂ ਨਿੰਦਣਯੋਗ ਕਾਰਵਾਈ ਹੈ ਪਰ ਉਸੇ ਹੀ ਬੁੱਧ ਮੱਤ ਨੂੰ ਇਸ ਦੇਸ਼ ਵਿਚ ਭਗਵੇਂਕਰਨ ਦੇ ਖਾਰੇ ਸਮੁੰਦਰ ਵਿਚ ਡੁੱਬੋ ਦਿੱਤਾ ਜਾਵੇ ਤਾਂ ਇਹ ਰਾਸ਼ਟਰਵਾਦੀ ਕਾਰਜ ਹੈ। ਢਾਹੇ ਗਏ ਬੁੱਧ-ਬੁੱਤਾਂ ਦੀ ਮੁੜ ਸਥਾਪਤੀ ਵਾਸਤੇ ਤਾਂ ਖੁਲ੍ਹਦਿਲੀ ਨਾਲ ਹਰ ਮਦਦ ਦੀਆਂ ਪੇਸ਼ਕਸ਼ਾਂ ਕੀਤੀਆਂ ਜਾਂਦੀਆਂ ਹਨ, ਪਰੰਤੂ ਅਕਾਲ ਤਖ਼ਤ ਸਾਹਿਬ ਜਾਂ ਬਾਬਰੀ ਮਸਜਿਦ ਢਾਹੁਣ ਸਮੇਂ ਇਨ੍ਹਾਂ ਰਾਸ਼ਟਰਵਾਦੀਆਂ ਦੇ ਇਨਸਾਨੀਅਤ ਦੀਆਂ ਨੈਤਿਕ ਕਦਰਾਂ-ਕੀਮਤਾਂ ਦੇ ਪੈਮਾਨੇ ਪਤਾ ਨਹੀਂ ਕਿਸ ਸਮੁੰਦਰ ਵਿਚ ਗਰਕ ਹੋ ਜਾਂਦੇ ਹਨ? ਗੱਲ ਕੀ ਹੋਈ, ਘੱਟ-ਗਿਣਤੀ ਫ਼ਿਰਕਾ ਆਪਣੇ ਮੂਲ ਹੱਕਾਂ ਦੀ ਆਵਾਜ਼ ਬੁੱਲ੍ਹਾਂ 'ਤੇ ਲੈ ਆਵੇ ਤਾਂ ਦੇਸ਼ ਵਾਸਤੇ ਖ਼ਤਰੇ ਦੀ ਘੰਟੀ, ਪਰ ਜੇ ਹੁਕਮਰਾਨ ਫ਼ਿਰਕਾ, ਘੱਟ-ਗਿਣਤੀਆਂ ਦੇ ਧਰਮ ਅਸਥਾਨ ਵੀ ਢਹਿ-ਢੇਰੀ ਕਰ ਦੇਵੇ ਤਾਂ ਇਹ ਰਾਸ਼ਟਰੀ ਭਾਵਨਾ ਦਾ ਪ੍ਰਗਟੀਕਰਨ। ਤੀਰਥ ਪ੍ਰਯਾਗ ਮਹਾਂਕੁੰਭ 2001 ਦੇ ਮੌਕੇ ਹਿੰਦੂ ਪ੍ਰੀਸ਼ਦ ਦੁਆਰਾ ਆਯੋਜਿਤ ਨਵਮ-ਧਰਮ ਸੰਸਦ ਵਿਚ ਪਧਾਰੇ ਸਮੂਹ ਸਾਧੂ ਸੰਤਾਂ ਅਤੇ ਹਿੰਦੂ ਧਰਮੀਆਂ ਨੇ ਸਾਂਝੇ ਸੁਰ ਵਿਚ ਕੇਂਦਰ

ਨੂੰ ਸਪੱਸ਼ਟ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਕੇਂਦਰ ਸਰਕਾਰ ਰਾਮ ਮੰਦਿਰ ਨਿਰਮਾਣ ਦੌਰਾਨ ਸਾਰੀਆਂ ਰੋਕਾਂ ਅਤੇ ਔਕੜਾਂ ਨੂੰ ਦੂਰ ਕਰੇ, ਕਿਉਂਕਿ 12 ਮਾਰਚ 2002 (ਸ਼ਿਵਰਾਤਰੀ ਸਮੇਂ) ਤੋਂ ਬਾਅਦ ਕਿਸੇ ਵੀ ਸਮੇਂ ਸ਼ੁਭ ਮਹੂਰਤ ਵੇਖ ਕੇ ਮੰਦਿਰ ਨਿਰਮਾਣ ਦਾ ਕਾਰਜ ਆਰੰਭ ਕੀਤਾ ਜਾਵੇਗਾ, ਮੰਦਿਰ ਨਿਰਮਾਣ ਸਮੇਂ ਜੇਕਰ ਕੋਈ ਐਸੀ ਘਟਨਾ ਵਾਪਰੀ ਜਿਸ ਨਾਲ ਮੰਦਿਰ ਨਿਰਮਾਣ ਵਿਚ ਕੋਈ ਵਿਘਨ ਪਵੇ ਤਾਂ ਇਸ ਦੀ ਜ਼ਿੰਮੇਂਵਾਰੀ ਸਰਕਾਰ ਦੇ ਸਿਰ ਹੋਵੇਗੀ। ਬੇਸ਼ੱਕ ਇਹ ਕੌੜੀ ਹਕੀਕਤ ਹੈ ਕਿ ਬਾਬਰੀ ਕਾਰਨਾਮੇ ਨੂੰ ਬਾਬਰੀ ਫ਼ਿਤਰਤ ਨਾਲ ਸਾਫ਼ ਨਹੀਂ ਕੀਤਾ ਜਾ ਸਕਦਾ, ਦੂਜੇ ਸ਼ਬਦਾਂ ਵਿਚ ਕਾਲਖ਼ ਨੂੰ ਕਾਲਖ਼ ਨਾਲ ਸਾਫ਼ ਕਰਨ ਬਾਰੇ ਸੋਚਣਾ ਕੋਈ ਸਿਆਣਪ ਨਹੀਂ, ਪਰੰਤੂ ਭਗਵਾਂਧਾਰੀਆਂ ਦੇ 'ਹਿਰਦੇ ਕੀ ਕੂਕ' ਹਰ ਮੰਚ 'ਤੇ ਗੂੰਜਾਰ ਪਾ ਰਹੀ ਹੈ ਕਿ 'ਸੌਗੰਧ ਰਾਮ ਕੀ ਖਾਈ ਹੈ, ਮੰਦਿਰ ਵਹੀਂ ਬਨਾਏਂਗੇ।''

ਬਾਲ ਠਾਕਰੇ ਵਰਗੇ 'ਪਰਮ ਸਤਵਾਦੀ' ਨੇ ਤਾਂ ਇਥੋਂ ਤਕ ਕਹਿ ਦਿੱਤਾ ਹੈ ਕਿ ਜੇਕਰ ਵਿਸ਼ਵ ਵਿਚ ਹਿੰਦੂਆਂ ਅਤੇ ਹਿੰਦੂ ਧਰਮ ਨੂੰ ਬਚਾਉਣਾ ਹੈ ਤਾਂ ਇਸਲਾਮ ਧਾਰਨੀਆਂ ਦਾ ਜਵਾਬ ਦੇਣ ਲਈ ਹਿੰਦੂ ਤਾਲਿਬਾਨ ਪੈਦਾ ਕਰਨੇ ਪੈਣਗੇ। ਦੂਜੇ ਪਾਸੇ ਇਸਲਾਮ ਧਾਰਨੀਆਂ ਨੂੰ ਵੀ 'ਨੇਕ ਸਲਾਹਾਂ' ਦਿੱਤੀਆਂ ਜਾ ਰਹੀਆਂ ਹਨ ਕਿ ਭਾਰਤ ਦੇ ਮੂਲ ਚਰਿੱਤਰ ਨਾਲ ਇਕਰਸ ਹੋਏ ਬਿਨਾਂ ਭਾਰਤ ਦੇ ਮੁਸਲਮਾਨਾਂ ਦਾ ਕਲਿਆਣ ਨਹੀਂ ਹੋ ਸਕਦਾ।

6 ਦਸੰਬਰ 1992 ਨੂੰ ਬਾਬਰੀ ਮਸਜਿਦ ਨੂੰ ਢਾਹੁਣ ਉਪਰੰਤ ਮੰਦਰ ਨਿਰਮਾਣ ਬਾਰੇ ਵੱਖ-ਵੱਖ ਹਿੰਦੂ ਸੰਗਠਨਾਂ ਨੇ ਕਾਰਜ ਉਲੀਕਣੇ ਆਰੰਭ ਕੀਤੇ। ਹਿੰਦੂ ਮਾਨਸਿਕਤਾ ਅਨੁਸਾਰ ਸਦੀਆਂ ਤੋਂ ਬਾਅਦ ਹਿੰਦੂ ਮੱਤ ਇਸ ਸਥਾਨ ਅਤੇ ਸਥਿਤੀ ਉਪਰ ਪਹੁੰਚਿਆ ਹੈ ਕਿ ਵਿਦੇਸ਼ੀ ਹਮਲਾਵਰਾਂ ਵੱਲੋਂ ਤੋੜੇ ਗਏ ਰਾਮ ਮੰਦਿਰ ਦਾ ਪੁਨਰ ਨਿਰਮਾਣ ਕੀਤਾ ਜਾਵੇ। ਉਦਾਰਵਾਦੀ ਅਤੇ ਧਰਮ-ਨਿਰਪੱਖ ਹਿੰਦੂਆਂ ਪ੍ਰਤੀ ਵੀ ਐਸੇ ਫ਼ਿਰਕਾਪ੍ਰਸਤ ਬਿਪਰਵਾਦੀਆਂ ਦੀ ਸੋਚਣੀ ਠੀਕ ਨਹੀਂ। ਕਲਮ 'ਚ ਤੇਜ਼ਾਬ ਤੇ ਮਨ 'ਚ ਫਰੇਬ ਧਾਰੀ ਭਗਵਾਂਧਾਰੀਆਂ ਦਾ ਸੁਹਿਰਦ ਹਿੰਦੂ ਕਲਮਸਾਜ਼ਾਂ ਬਾਰੇ ਵਿਚਾਰ ਹੈ ਕਿ, ''ਇਨ੍ਹਾਂ ਦਾ ਲੋਕਾਂ ਉਪਰ ਕੋਈ ਬਹੁਤਾ ਅਸਰ ਨਹੀਂ ਹੁੰਦਾ, ਇਹ ਕੇਵਲ ਮੁਠੀਭਰ ਅਫਸਰਾਂ ਅਤੇ ਜ਼ਮੀਨੋਂ ਟੁੱਟੇ ਨੇਤਾਵਾਂ ਨੂੰ ਹੀ ਪ੍ਰਭਾਵਤ ਕਰ ਸਕਦੇ ਹਨ।''

ਮੰਦਿਰ ਨਿਰਮਾਣ ਦੇ ਮੁੱਦੇ ਨੇ ਸਿਆਸੀ ਨੇਤਾਵਾਂ ਦੀ ਵੀ ਫਿਰਕੂ ਜ਼ਹਿਨੀਅਤ ਨੂੰ ਨੰਗਾ ਕਰਕੇ ਰੱਖ ਦਿੱਤਾ ਹੈ। ਅਡਵਾਨੀ ਜੀ ਕਹਿੰਦੇ ਹਨ ਕਿ ਆਯੁਧਿਆ ਅੰਦੋਲਨ ਨੇ ਰਾਸ਼ਟਰਵਾਦ ਦੀ ਭਾਵਨਾ ਨੂੰ ਮਜ਼ਬੂਤ ਕੀਤਾ ਹੈ ਪਰ ਸਵਾਲ ਪੈਦਾ ਹੁੰਦਾ ਹੈ ਕਿ ਜੇ ਕਿਸੇ ਦਾ ਧਰਮ-ਸਥਲ ਢਾਹੁਣਾ ਹੀ ਰਾਸ਼ਟਰੀ ਭਾਵਨਾ ਦਾ ਪ੍ਰਗਟਾ ਹੈ ਤਾਂ ਸ਼ਾਹੀ ਇਮਾਮ ਦੀ ਕੋਈ ਅਪੀਲ ਜਾਂ ਬਿਆਨ ਰਾਸ਼ਟਰਵਾਦੀ ਕਿਉਂ ਨਹੀਂ ? ਕਿਉਂਕਿ ਬਾਬਰੀ ਮਸਜਿਦ ਐਕਸ਼ਨ ਕਮੇਟੀ ਦੀ ਮਸਜਿਦ ਦੁਬਾਰਾ ਬਣਾਉਣ ਦੀ ਆਵਾਜ਼ ਅਡਵਾਨੀ ਜੀ ਸਹਿਣ ਨਹੀਂ ਕਰ ਸਕਦੇ। ਬੀ.ਜੇ.ਪੀ. (ਭਾਜਪਾ) ਆਗੂਆਂ ਵਿਚੋਂ ਕੇਵਲ ਵਾਜਪਾਈ ਜੀ ਹੀ ਐਸੇ ਪ੍ਰਮੁੱਖ ਨੇਤਾ ਸਨ ਜਿਨ੍ਹਾਂ ਨੇ 6 ਦਸੰਬਰ 1992 ਦੀ ਘਟਨਾ ਦਾ ਧੀਮੀ-ਸੁਰ ਵਿਚ ਵਿਰੋਧ ਕੀਤਾ, ਪਰੰਤੂ 6 ਦਸੰਬਰ 2000 ਨੂੰ ਪਿਛਲੇ ਸ਼ਬਦਾਂ ਨੂੰ ਵਾਪਸ ਮੂੰਹ 'ਚ ਪਾਉਣ ਦਾ ਜਤਨ ਕਰਦਿਆਂ ਕਿਹਾ, ''ਰਾਮ ਮੰਦਿਰ ਨਿਰਮਾਣ ਰਾਸ਼ਟਰੀ ਭਾਵਨਾਵਾਂ ਦਾ ਪ੍ਰਗਟੀਕਰਨ ਹੈ।''

ਵਿਰੋਧੀ ਦਲਾਂ ਅਤੇ ਧਰਮ ਨਿਰਪੱਖ ਨੇਤਾਵਾਂ ਨੇ ਜਦੋਂ ਵਾਜਪਾਈ ਦੇ ਇਸ ਬਿਆਨ ਬਾਰੇ ਖਦਸ਼ਾ ਜ਼ਾਹਿਰ ਕੀਤਾ ਕਿ ਪ੍ਰਧਾਨ ਮੰਤਰੀ, ਸੀ.ਬੀ.ਆਈ. ਜਾਂਚ ਨੂੰ ਪ੍ਰਭਾਵਿਤ ਕਰਨ ਦਾ ਜਤਨ ਕਰ ਰਹੇ ਹਨ ਤਾਂ ਵਾਜਪਾਈ ਜੀ ਨੇ ਫਿਰ ਆਪਣੀ ਕਹਿਣੀ ਨੂੰ ਮੋੜਾ ਦਿੱਤਾ, "ਆਯੁਧਿਆ ਵਿਚ ਰਾਮ ਮੰਦਰ ਤਾਂ ਬਣੇ, ਪਰ ਕਦੋਂ ਅਤੇ ਕਿਥੇ? ਇਸ ਮੁੱਦੇ 'ਤੇ ਵਿਚਾਰ ਅਤਿ ਜ਼ਰੂਰੀ ਹੈ।"

## ਮੰਦਿਰ ਨਿਰਮਾਣ ਦਾ ਆਰੰਭ

ਮਹਾਂਕੁੰਭ ਸਮੇਂ ਧਰਮ ਸੰਸਦ ਵੱਲੋਂ ਮੰਦਿਰ ਨਿਰਮਾਣ ਦਾ ਐਲਾਨ ਸ਼ਿਵਰਾਤਰੀ ਤੋਂ ਮਗਰੋਂ ਕਿਸੇ ਸਮੇਂ ਵੀ ਕਰਨ ਸਦਕਾ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਇਸ ਦੀਆਂ ਸਹਿਯੋਗੀ ਜਥੇਬੰਦੀਆਂ ਵਿਚ ਸਰਗਰਮੀ ਦੀ ਲਹਿਰ ਦੌੜੀ ਹੋਈ ਹੈ। ਪ੍ਰੀਸ਼ਦ ਆਪਣੇ ਫੈਸਲੇ ਉਪਰ ਦ੍ਰਿੜ ਹੈ ਪਰੰਤੂ ਭਾਜਪਾ ਦੀ ਢਿੱਲ-ਮੱਠ ਦੀ ਮਜ਼ਬੂਰੀ ਸਦਕਾ, ਆਪਸੀ ਮੱਤਭੇਦ ਪੈਦਾ ਹੋ ਰਹੇ ਹਨ।

ਵਿਸ਼ਵ ਹਿੰਦੂ ਪ੍ਰੀਸ਼ਦ ਵੱਲੋਂ ਆਰੰਭੇ ਗਏ ਸੰਤ ਸੰਮੇਲਨਾਂ ਦੀ ਲੜੀ ਦੌਰਾਨ ਲੁਧਿਆਣੇ ਵਿਖੇ ਸੰਤ ਸੰਮਲੇਨ ਆਯੋਜਿਤ ਕੀਤਾ ਗਿਆ ਜਿਸ ਵਿਚ 22 ਦੇ ਕਰੀਬ ਸੰਤ ਸੰਪਰਦਾਵਾਂ ਨਾਲ ਸੰਬੰਧਿਤ 260 ਦੇ ਕਰੀਬ ਸੰਤਾਂ ਨੇ ਸ਼ਿਰਕਤ ਕੀਤੀ। ਸਮੂਹਿਕ ਤੌਰ 'ਤੇ ਕੇਂਦਰ ਨੂੰ ਸਾਵਧਾਨ ਕਰਦਿਆਂ ਮੰਗ ਕੀਤੀ ਕਿ ਜੇਕਰ ਕੇਂਦਰੀ ਸਰਕਾਰ 1947-48 ਵਿਚ ਸੋਮਨਥ ਮੰਦਿਰ ਦੀ ਮੁੜ ਉਸਾਰੀ ਕਰਵਾ ਸਕਦੀ ਹੈ ਤਾਂ ਮੌਜੂਦਾ ਸਰਕਾਰ ਨੂੰ ਵੀ ਸਰਕਾਰੀ ਤੌਰ 'ਤੇ ਮੰਦਿਰ ਨਿਰਮਾਣ ਦਾ ਕਾਰਜ ਆਰੰਭ ਕਰ ਦੇਣਾ ਚਾਹੀਦਾ ਹੈ। ਇਸ ਸੰਮੇਲਨ ਵਿਚ ਰਾਜ ਸਭਾ ਮੈਂਬਰ ਲਾਲਾ ਲਾਜਪਤ ਨੇ ਵੀ ਹਿੱਸਾ ਲਿਆ। ਸਮੂਹ ਸੰਤਾਂ ਨੇ ਇਸ ਸੰਮੇਲਨ ਦੌਰਾਨ ਸਮੂਹਿਕ ਤੌਰ 'ਤੇ ਪ੍ਰਣ ਕੀਤਾ ਕਿ ਅਸੀਂ ਮੰਦਿਰ ਨਿਰਮਾਣ ਵਾਸਤੇ ਤਨ, ਮਨ, ਧਨ ਨਿਛਾਵਰ ਕਰ ਦੇਵਾਂਗੇ। ਸਿੱਖ ਪੰਥ ਵਾਸਤੇ ਮੰਦਭਾਗੀ ਗੱਲ ਇਹ ਸੀ ਕਿ ਇਸ ਸੰਤ ਸੰਮੇਲਨ ਵਿਚ ਕੁਝ ਨਿਹੰਗ ਸਿੰਘਾਂ ਨੇ ਵੀ ਹਿੱਸਾ ਲਿਆ ਅਤੇ ਮੰਦਿਰ ਨਿਰਮਾਣ ਲਈ ਨਿਹੰਗ ਸਿੰਘਾਂ ਦੀ ਖ਼ਾਲਸਾ ਫ਼ੌਜ ਤਿਆਰ ਕਰਨ ਦਾ ਸੰਕਲਪ ਲਿਆ।

ਖ਼ਾਲਸਾ ਜਨਮ ਸ਼ਤਾਬਦੀ ਦੇ ਸਮਾਗਮਾਂ ਨੂੰ ਆਧਾਰ ਬਣਾ ਕੇ ਸੁਨਹਿਰੀ ਅਵਸਰ ਨੂੰ ਸਾਂਭਦਿਆਂ ਸੰਘ-ਪਰਵਾਰ ਨੇ ਸਿੱਖ ਧਰਮ ਨੂੰ ਹਿੰਦੂ ਧਰਮ ਦਾ ਇਕ ਸੰਪ੍ਰਦਾਇ ਸਿੱਧ ਕਰਨ ਲਈ ਅੱਡੀ-ਚੋਟੀ ਦਾ ਜ਼ੋਰ ਲਗਾਇਆ। ਕੁਝ ਗੁਰਮਤਿ ਗਿਆਨ ਵਿਹੂਣੇ ਸਿੱਖ ਵੀ ਨਾਦਾਨੀ ਸਦਕਾ ਇਨ੍ਹਾਂ ਦੀ ਪੰਥ-ਵਿਰੋਧੀ ਸਾਜ਼ਿਸ਼ ਨੂੰ ਨਾ ਸਮਝਦੇ ਹੋਏ ਇਨ੍ਹਾਂ ਨੂੰ ਪੰਥ-ਹਿਤੈਸ਼ੀ ਸਮਝ ਬੈਠੇ ਅਤੇ ਕੂੜ ਪਸਾਰੇ ਵਾਸਤੇ ਪੰਥਕ ਮੰਚ ਪ੍ਰਦਾਨ ਕੀਤੇ। ਪਰੰਤੂ ਗਫ਼ਲਤ ਦੀ ਨੀਂਦ ਸੁੱਤੀ ਕੌਮ ਦੀਆਂ ਅੱਖਾਂ ਉਦੋਂ ਖੁੱਲ੍ਹੀਆਂ ਜਦੋਂ ਸੰਘ-ਪਰਵਾਰ ਨੇ ਮੰਦਿਰਾਂ ਵਿਚ ਗੁਰੂ ਸਰੂਪ ਦਾ ਪ੍ਰਕਾਸ਼ ਕਰਕੇ ਗੁਰੂ ਸਾਹਿਬਾਨ ਦੇ ਅਵਤਾਰ ਪੁਰਬ ਮਨਾਉਣ ਦਾ ਐਲਾਨ ਕੀਤਾ। ਕਈ ਮੰਦਿਰਾਂ ਵਿਚ ਤਾਂ ਪਾਵਨ ਸਰੂਪ ਦੇ ਪ੍ਰਕਾਸ਼ ਕਰਨ ਦੀਆਂ ਤਜਵੀਜ਼ਾਂ ਵੀ ਬਣਾਈਆਂ ਗਈਆਂ। ਸਿੱਖ ਕੌਮ ਦੀ ਸਰਵਉੱਚ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਘਿਨੌਣੀ ਹਰਕਤ ਖਿਲਾਫ ਡਟਵਾਂ ਰੁਖ ਇਖ਼ਤਿਆਰ ਕੀਤਾ ਅਤੇ ਸੰਘ-ਪਰਵਾਰ ਵੱਲੋਂ ਕੌਮ ਦੇ ਵਿਰਸੇ ਨੂੰ ਤਬਾਹ ਕਰਨ ਦੀ ਵਿਉਂਤ ਨੂੰ ਤਾਰ-ਤਾਰ ਕਰਕੇ ਰੱਖ ਦਿੱਤਾ।

ਘੱਟ-ਗਿਣਤੀ ਕਮਿਸ਼ਨ ਦੇ ਉਪ-ਪ੍ਰਧਾਨ ਸ. ਤਰਲੋਚਨ ਸਿੰਘ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲਿਆ। ਸੰਘ ਮੁਖੀ ਕੇ. ਸੁਦਰਸ਼ਨ ਨੇ 11 ਜਨਵਰੀ 2001 ਨੂੰ ਚਾਰ ਪੰਨੇ ਦੇ ਹੱਥ ਲਿਖਤ ਪੱਤਰ ਰਾਹੀਂ ਸਪੱਸ਼ਟ ਕੀਤਾ ਕਿ ਸੰਘ-ਪਰਵਾਰ ਦਾ ਪੰਜਾਬ ਵਿਚ ਸੰਪ੍ਰਦਾਇਕ ਤਨਾਅ ਪੈਦਾ ਕਰਨ ਦਾ ਕੋਈ ਮਨਸ਼ਾ ਨਹੀਂ ਅਤੇ ਸੰਘ-ਪਰਵਾਰ ਸਿੱਖ ਧਰਮ ਨੂੰ ਵੱਖਰਾ ਧਰਮ ਮੰਨਦਾ ਹੈ। ਪਰੰਤੂ ਇਸ ਦੇ ਬਾਵਜੂਦ ਵੀ ਸੰਘ ਨੇ ਸਿੱਖ ਕੌਮ ਪ੍ਰਤੀ ਆਪਣਾ ਘਿਨੌਣਾ ਰਵੱਈਆ ਜਾਰੀ ਰੱਖਿਆ। ਜਿਨ੍ਹਾਂ ਦਾ ਮਕਸਦ ਸੰਘ-ਪਰਵਾਰ ਦੇ ਗੁਪਤ ਏਜੰਡੇ ਨੂੰ ਅਮਲੀ ਜਾਮਾ ਧਾਰਨ ਕਰਵਾਉਣਾ ਹੈ।

## ਚੇਤਾਵਨੀ ਸੰਤ ਯਾਤਰਾ

ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਹੋਰ ਕੱਟੜਵਾਦੀ ਸੰਗਠਨਾਂ ਵੱਲੋਂ ਖੜ੍ਹੀ ਕੀਤੀ ਗਈ 'ਸ੍ਰੀ ਰਾਮ ਮੰਦਿਰ ਨਿਰਮਾਣ ਸਮਿਤੀ' ਦੁਆਰਾ ਆਯੁਧਿਆ ਦੇ ਵਿਵਾਦਤ ਖੇਤਰ ਵਿਚ ਰਾਮ ਮੰਦਿਰ ਦੀ ਉਸਾਰੀ ਲਈ 21 ਜਨਵਰੀ ਨੂੰ ਚੇਤਾਵਨੀ ਸੰਤ ਯਾਤਰਾ ਕੱਢਣ ਦੀ ਕਾਰਜ ਵਿਉਂਤ ਉਲੀਕੀ ਗਈ। ਇਸ ਚੇਤਾਵਨੀ ਸੰਤ ਯਾਤਰਾ ਦੀ ਫ਼ਿਰਕਾਪ੍ਰਸਤ ਕਾਰਵਾਈ ਦੀ ਆਰੰਭਤਾ ਨੂੰ ਮਰਦ ਅਗੰਮੜੇ, ਵਰਿਆਮ ਯੋਧੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨਾਲ ਜੋੜਿਆ ਗਿਆ। ਖ਼ਾਲਸਾ ਪੰਥ ਵਾਸਤੇ ਇਹ ਵੰਗਾਰ ਦੀ ਘੜੀ ਸੀ ਕਿ ਜਿਸ ਗੁਰੂ ਪਾਤਸ਼ਾਹ ਨੇ ਬਿਨਾਂ ਜ਼ਾਤਵਾਦੀ ਭੇਦ-ਭਾਵ ਦੇ ਇਨਸਾਨੀਅਤ ਦੀਆਂ ਉੱਚ ਮਿਆਰੀ ਨੈਤਿਕ ਕਦਰਾਂ-ਕੀਮਤਾਂ ਦੀ ਬਹਾਲੀ ਅਤੇ ਬਰਕਰਾਰੀ ਵਾਸਤੇ ਸਰਬੰਸ ਵਾਰ ਕੇ ਸ਼ੁਕਰ ਦਾ ਸਿਜਦਾ ਕੀਤਾ ਹੋਵੇ, ਉਸ ਪਰਮ ਪੁਰਖ ਦਾ ਨਾਮ ਐਸੀ ਫ਼ਿਰਕਾਪ੍ਰਸਤ ਕਾਰਵਾਈ ਨਾਲ ਜੋੜਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਵੀ ਸੰਘ-ਪਰਵਾਰ ਵੱਲੋਂ ਇਹ ਪ੍ਰਚਾਰਿਆ ਗਿਆ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਆਯੁਧਿਆ ਨੂੰ ਮੁਗਲਾਂ ਤੋਂ ਆਜ਼ਾਦ ਕਰਾਉਣ ਲਈ ਸ਼ਸਤਰਧਾਰੀ ਯੋਧਿਆਂ ਨਾਲ ਆਯੁਧਿਆ ਗਏ ਸਨ ਜੋ ਕਿ ਕੋਰਾ ਝੂਠ ਸੀ। 'ਸ੍ਰੀ ਰਾਮ ਮੰਦਿਰ ਨਿਰਮਾਣ ਸਮਿਤੀ' ਵੱਲੋਂ ਮੰਦਿਰ ਨਿਰਮਾਣ ਸੰਬੰਧੀ ਯਾਤਰਾ ਨੂੰ ਗੁਰੂ ਸਾਹਿਬ ਦੇ ਪ੍ਰਕਾਸ਼ ਪੁਰਬ ਨਾਲ ਜੋੜਨਾ, ਸਿੱਖ ਰਵਾਇਤਾਂ ਅਤੇ ਸਿਧਾਂਤਾਂ ਦੀ ਘੋਰ ਉਲੰਘਣਾ ਹੈ। ਬੁੱਤ-ਪ੍ਰਸਤੀ ਵਾਸਤੇ ਨਿਰਮਾਣ ਅਧੀਨ ਅਸਥਾਨ ਨੂੰ ਉਸ ਮਹਾਨ ਸ਼ਖ਼ਸੀਅਤ ਨਾਲ ਜੋੜਨਾ ਜਿਸ ਨੇ ਬੁੱਤ-ਪ੍ਰਸਤੀ ਤੋਂ ਉਪਰ ਉਠ ਕੇ 'ਸਮਸਤਿ ਏਕੁ ਜੋਤਿ' ਦਾ ਹੋਕਾ ਦਿੱਤਾ ਹੋਵੇ ਅਤੇ ਬੁੱਤ-ਪ੍ਰਸਤੀ ਦਾ ਖੰਡਨ ਕੀਤਾ ਹੋਵੇ:

*ਮਨਮ ਕੁਸ਼ਤਹਅਮ ਕੋਹਿਯਾ ਬੁਤਪ੍ਰਸਤ॥*
*ਕਿ ਆਂ ਬੁਤ ਪ੍ਰਸਤੰਦੋ ਮਨ ਬੁਤ ਸ਼ਿਕਚਤ॥* (ਜ਼ਫ਼ਰਨਾਮਾ)

ਰਾਮ ਮੰਦਿਰ ਨਿਰਮਾਣ ਵਾਸਤੇ ਉਪਰੋਕਤ ਜਥੇਬੰਦੀ ਵੱਲੋਂ ਪ੍ਰਕਾਸ਼ਿਤ ਖਰੜੇ ਉਪਰ ਦਰਜ ਹੈ:

"ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੀ ਪਵਿੱਤਰ ਜੈਅੰਤੀ ਦੇ ਮੌਕੇ 21 ਜਨਵਰੀ 2002 ਨੂੰ ਆਯੁਧਿਆ ਤੋਂ (ਰਾਮ ਮੰਦਿਰ ਨਿਰਮਾਣ ਲਈ) ਇਕ ਚੇਤਾਵਨੀ ਸੰਤ ਯਾਤਰਾ ਆਰੰਭ ਹੋਵੇਗੀ,

ਜਿਹੜੀ ਕਿ ਵੱਖ ਵੱਖ ਮਾਰਗਾਂ ਤੋਂ ਹੁੰਦੀ ਹੋਈ 27 ਜਨਵਰੀ 2002 ਨੂੰ ਰਾਜਧਾਨੀ ਦਿੱਲੀ ਵਿਖੇ ਪਹੁੰਚੇਗੀ।''

ਸੰਘ ਪਰਵਾਰ ਵੱਲੋਂ ਰਾਮ ਮੰਦਿਰ ਦੇ ਵਿਵਾਦਤ ਮੁੱਦੇ ਨੂੰ ਗੁਰੂ ਸਾਹਿਬ ਦੇ ਨਾਂ ਨਾਲ ਜੋੜਨਾ ਅਤਿ ਨਿੰਦਣਯੋਗ ਕਾਰਵਾਈ ਸੀ ਪਰ ਅਫ਼ਸੋਸ ! ਕਿਸੇ ਵੀ ਸਿੱਖ ਜਥੇਬੰਦੀ ਨੇ ਇਸ ਫ਼ਿਰਕਾਪ੍ਰਸਤ ਕਾਰਵਾਈ ਦਾ ਕੋਈ ਨੋਟਿਸ ਨਹੀਂ ਲਿਆ।

# ਕੀ ਅਯੁਧਿਆ ਰਾਮ ਦੀ ਜਨਮ ਭੂਮੀ ਹੈ ?

ਮੰਦਿਰ ਨਿਰਮਾਣ ਦੇ ਮੁੱਦੇ ਨੇ ਸਿਆਸੀ ਨੇਤਾਵਾਂ ਦੀ ਵੀ ਫ਼ਿਰਕੂ ਜ਼ਹਿਨੀਅਤ ਨੂੰ ਨੰਗਾ ਕਰ ਕੇ ਰੱਖ ਦਿੱਤਾ ਹੈ। 20-22 ਅਪ੍ਰੈਲ 2001 ਅਡਵਾਨੀ ਜੀ ਨੇ ਲਿਬਰਹਾਨ ਕਮਿਸ਼ਨ ਸਾਹਮਣੇ ਕਿਹਾ ਕਿ ਮੰਦਿਰ ਤਾਂ ਉਥੇ ਪਹਿਲਾਂ ਹੀ ਸੀ, ਪਰੰਤੂ ਜਿਵੇਂ 'ਵਿਵਾਦਿਤ ਢਾਂਚਾ' ਤੋੜਿਆ ਗਿਆ ਹੈ, ਉਸ ਦਾ ਦੁੱਖ ਜ਼ਰੂਰ ਹੈ। 'ਵਿਵਾਦਿਤ ਢਾਂਚਾ' ਸ਼ਬਦ ਬਾਰੇ ਵਿਸਥਾਰ ਕਰਦਿਆਂ ਅਡਵਾਨੀ ਜੀ ਨੇ ਹਵਾਲਾ ਦਿੱਤਾ ਕਿ ਨਰਸਿਮ੍ਹਾ ਰਾਓ ਸਰਕਾਰ ਸਮੇਂ ਜਾਰੀ ਕੀਤੇ ਗਏ ਸਫ਼ੇਦ ਪੱਤਰ (white paper) ਵਿਚ ਇਸ ਇਮਾਰਤ ਨੂੰ 'ਵਿਵਾਦਿਤ ਢਾਂਚਾ' ਲਿਖਿਆ ਗਿਆ ਹੈ। ਬੇਸ਼ਕ ਅਡਵਾਨੀ ਨੇ ਇਸ ਗੱਲ ਦਾ ਇੰਕਸ਼ਾਫ ਕੀਤਾ ਕਿ ਇਮਾਰਤ ਦਾ ਉਪਰਲਾ ਢਾਂਚਾ ਮਸਜਿਦ ਵਰਗਾ ਸੀ, ਪਰੰਤੂ ਅਡਵਾਨੀ ਨੇ ਇਸੇ ਸੰਦਰਭ ਵਿਚ ਫੈਜ਼ਾਬਾਦ ਸਿਵਲ ਜੱਜ ਦੁਆਰਾ 1950 ਵਿਚ ਕੀਤੇ ਫੈਸਲੇ ਦਾ ਜ਼ਿਕਰ ਵੀ ਕੀਤਾ ਕਿ 1936 ਤੋਂ ਬਾਅਦ ਮੁਸਲਮਾਨਾਂ ਨੇ ਇਸ ਨੂੰ ਮਸਜਿਦ ਦੇ ਤੌਰ ਤੇ ਇਸਤੇਮਾਲ ਨਹੀਂ ਕੀਤਾ, ਪਰੰਤੂ ਹਿੰਦੂ ਉਸ ਅਸਥਾਨ ਦੀ ਪੂਜਾ ਕਰਦੇ ਆ ਰਹੇ ਹਨ।

ਅਡਵਾਨੀ ਜੀ ਨੇ ਬੜੀ ਕੂਟਲਨੀਤੀ ਦਾ ਸਹਾਰਾ ਲੈਂਦਿਆਂ ਦਿੱਲੀ ਦੇ ਵਿਸ਼ਵ ਸੰਘ ਸ਼ਿਵਰ ਵਿੱਚ ਇਕ ਪੱਤਰਕਾਰ ਔਰਤ ਦਾ ਜਵਾਬ ਦਿੰਦਿਆਂ ਕਿਹਾ ਕਿ 52 ਸਾਲ ਤੋਂ ਉਥੇ ਮੰਦਿਰ ਹੀ ਤਾਂ ਮੌਜੂਦ ਹੈ, ਮੰਦਿਰ ਬਣਾਉਣ ਦੀ ਗੱਲ ਨਾ ਕਰੋ, ਮਸਲਾ ਤਾਂ ਵਧੀਆ ਇਮਾਰਤ ਦਾ ਹੈ ਜਦੋਂ ਹਿੰਦੂ ਜਨਤਾ ਚਾਹੇਗੀ ਉਸੇ ਸਮੇਂ ਹੀ ਮੰਦਿਰ ਦੀ ਸੁੰਦਰ ਇਮਾਰਤ ਦਾ ਨਿਰਮਾਣ ਕੀਤਾ ਜਾਵੇਗਾ। ਅਡਵਾਨੀ ਜੀ ਕਹਿੰਦੇ ਹਨ ਕਿ ਅਯੁਧਿਆ ਅੰਦੋਲਣ ਨੇ ਰਾਸ਼ਟਰਵਾਦ ਦੀ ਭਾਵਨਾ ਨੂੰ ਮਜ਼ਬੂਤ ਕੀਤਾ ਹੈ ਪਰ ਸਵਾਲ ਪੈਦਾ ਹੁੰਦਾ ਹੈ ਜੇ ਕਿਸੇ ਦਾ ਧਰਮ-ਸਥਲ ਢਾਹੁਣਾ ਹੀ ਰਾਸ਼ਟਰੀ ਭਾਵਨਾ ਦਾ ਪ੍ਰਗਟਾ ਹੈ। ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਹੋਰ ਕੱਟੜਵਾਦੀ ਹਿੰਦੂ ਸੰਗਠਨਾ ਵਲੋਂ ਖੜੀ ਕੀਤੀ ਸ੍ਰੀ ਰਾਮ ਮੰਦਿਰ ਨਿਰਮਾਣ ਸਮੀਤੀ ਦੁਆਰਾ ਮੰਦਿਰ ਨਿਰਮਾਣ ਲਈ ਵੱਖਰੀ ਹੀ ਕਾਰਜ ਵਿਉਂਤ ਆਰੰਭੀ ਹੋਈ ਹੈ, ਇਸ ਵਲੋਂ ਪ੍ਰਕਾਸ਼ਿਤ ਕਿਤਾਬਚਿਆਂ ਦੀ ਸ਼ਬਦਾਵਲੀ ਇਸ ਪ੍ਰਕਾਰ ਹੈ:-

"ਜਿਸ ਪ੍ਰਚੰਡ ਅਤੇ ਸੰਗਠਿਤ ਹਿੰਦੂ ਸ਼ਕਤੀ ਦੇ ਦੁਆਰਾ 465 ਸਾਲ ਪੁਰਾਣੇ ਢਾਂਚੇ ਨੂੰ ਢਾਹਿਆ ਗਿਆ ਉਸੇ ਹੀ ਤੇਜੱਸਵੀ ਧਰਮ ਸ਼ਕਤੀ ਦੇ ਬਲ ਅਤੇ ਸਮੂਹ ਹਿੰਦੂਆਂ ਦੀ ਇੱਛਾ ਅਨੁਸਾਰ ਸ੍ਰੀ ਰਾਮ ਮੰਦਿਰ ਨਿਰਮਾਣ ਵੀ ਸੰਪੂਰਨ ਕੀਤਾ ਜਾਵੇਗਾ।"

ਸ੍ਰੀ ਰਾਮ ਮੰਦਿਰ ਨਿਰਮਾਣ ਸਮਿਤੀ ਦੀ ਦੂਸਰੀ ਸ਼ਾਖਾ ਸ੍ਰੀ ਰਾਮ ਮੰਦਿਰ ਨਿਰਮਾਣ ਜਪ ਯੱਗ ਸਮਿਤੀ ਨੇ ਇਸ ਮੰਦਿਰ ਨਿਰਮਾਣ ਕਾਰਜ ਲਈ ਲੋਕਾਂ ਨੂੰ ਇਕੱਤਰ ਕਰਨ ਤੇ ਜੱਪਾਂ-ਯੱਗਾਂ ਦੁਆਰਾ ਮਾਇਆ ਇਕੱਤਰ ਕਰਨ ਦੇ ਕਾਰਜ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਹੈ :

1. *ਜਲਅਭਿਸ਼ੇਕ ਸਮਾਗਮ ਆਯੋਜਨ*
2. *ਸ੍ਰੀ ਰਾਮ ਨਾਮ ਵਿਜੈ ਮਹਾਂਮੰਤਰ ਜਪ ਆਯੋਜਨ*
3. *ਚੇਤਾਵਨੀ ਸੰਤ ਯਾਤਰਾ ਆਯੋਜਨ* ਇਸ ਅਭਿਆਨ ਦੀ ਸੰਗਠਨਾਤਮਕ ਰਚਨਾ ਦੌਰਾਨ ਜਿਨ੍ਹਾਂ ਮੁਦਿਆਂ ਉਪਰ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ ਉਹ ਇਸ ਵਿਚ ਛਿਪੇ ਲੁਕਵੇਂ ਏਜੰਡੇ ਨੂੰ ਜਾਗਰਿਤ ਕਰਦੇ ਹਨ। ਯੱਗ ਸਮਿਤੀਆਂ ਦੀ ਬਣਤਰ ਵਾਸਤੇ ਅਤੇ ਜਪ-ਯੱਗ ਸਮਾਗਮਾਂ ਦੇ ਆਯੋਜਨ ਵਾਸਤੇ ਐਸੀ ਨੀਤੀ ਘੜੀ ਗਈ ਹੈ ਜਿਸ ਦੌਰਾਨ ਨਿਮਨ ਲਿਖਤ ਆਦੇਸ਼ਾਂ ਦੀ ਪਾਲਣਾ ਜ਼ਰੂਰੀ ਹੈ:
   1. ਸੰਤਾਂ ਅਤੇ ਸੰਤ ਸੰਪਰਦਾਵਾਂ ਦੀ ਵੱਧ ਵਰਤੋਂ ਕੀਤੀ ਜਾਵੇ। (ਲੁਧਿਆਣਾ ਸੰਤ ਸੰਮੇਲਨ ਇਸੇ ਲੜੀ ਦਾ ਹਿੱਸਾ ਸੀ)।
   2. ਪੂਜਨੀਕ ਸੰਤਾਂ ਨੂੰ ਮੁੱਖ ਕਾਰਜਭਾਰ ਸੌਂਪਿਆ ਜਾਵੇ।.
   3. ਹਿੰਦੂ ਵਿਚਾਰਧਾਰਾ ਵਾਲੇ ਸਮਾਜਿਕ ਸੰਗਠਨਾਂ ਦੀ ਵੱਧ-ਵੱਧ ਵਰਤੋਂ ਕੀਤੀ ਜਾਵੇ।
   4. ਇਨ੍ਹਾਂ ਯੱਗਾਂ ਦੌਰਾਨ ਹੀ ਇਕ ਸਾਲ ਅਤੇ ਛੇ ਮਹੀਨੇ ਵਾਸਤੇ ਬਿਨਾਂ ਵੇਤਨ ਕਾਰਜ ਕਰਨ ਵਾਲੇ ਕੁਲਵਕਤੀ ਹਿੰਦੂ ਨੌਜਵਾਨਾਂ ਦੀ ਚੋਣ ਕੀਤੀ ਜਾਵੇ।
   5. ਜਿਸ ਪ੍ਰਾਂਤ ਜਾਂ ਸਥਾਨ ਵਿਖੇ ਵਧੇਰੇ ਸੰਤ ਰਹਿੰਦੇ ਹੋਣ ਉਸ ਆਪਣੀ ਵਿਚਾਰਧਾਰਾ ਦਾ ਸੰਤ ਮੁਖੀ ਨਿਯੁਕਤ ਕੀਤਾ ਜਾਵੇ ਤਾਂ ਜੋ ਬਾਕੀ ਸੰਤਾਂ ਨੂੰ ਆਪਣੀ ਵਿਚਾਰਧਾਰਾ ਨਾਲ ਜੋੜਿਆ ਜਾ ਸਕੇ।
   6. ਸਾਰੇ ਪੱਧਰਾਂ ਦੀਆਂ ਸਮਿਤੀਆਂ ਵਿਚ ਮਾਤਰ ਸ਼ਕਤੀ, ਦੁਰਗਾ ਵਾਹਿਨੀ, ਬਜਰੰਗ ਦਲ, ਸ਼ਿਵ ਸੈਨਾ ਨਾਲ ਸੰਬੰਧਿਤਾਂ ਨੂੰ ਵਿਸ਼ੇਸ਼ ਪ੍ਰਤੀਨਿਧਤਾ ਦਿੱਤੀ ਜਾਵੇ।
   7. ਸੰਘ ਦੀਆਂ ਸ਼ਾਖਾਵਾਂ ਵਿਚ ਰੋਜ਼ਾਨਾ ਘੱਟ ਤੋਂ ਘੱਟ ਪੰਜ ਮਿੰਟ ਰਾਮ ਨਾਮ ਵਿਜੈ ਮਹਾਂਮੰਤਰ ਜਾਪ ਕੀਤਾ ਜਾਵੇ।

## *ਚੇਤਾਵਨੀ ਸੰਤ ਯਾਤਰਾ :*

ਇਸ ਸੰਤ ਯਾਤਰਾ ਦੀ ਫਿਰਕੂਪ੍ਰਸਤ ਕਾਰਵਾਈ ਦੀ ਆਰੰਭਤਾ ਨੂੰ ਮਰਦ ਅਗੰਮੜੇ, ਵਰਿਆਮ ਯੋਧੇ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਅਵਤਾਰ ਪੁਰਬ ਨਾਲ ਜੋੜਿਆ ਗਿਆ। ਖ਼ਾਲਸਾ ਪੰਥ ਵਾਸਤੇ ਇਹ ਵੰਗਾਰ ਦੀ ਘੜੀ ਹੈ ਕਿ ਜਿਸ ਗੁਰੂ ਪਾਤਸ਼ਾਹ ਨੇ ਬਿਨਾਂ ਜਾਤੀਵਾਦ ਦੇ ਭੇਦ ਭਾਵ ਤੋਂ ਇਨਸਾਨੀਅਤ ਦੀਆਂ ਉਚ ਮਿਆਰੀ ਨੈਤਿਕ ਕਦਰਾਂ ਕੀਮਤਾਂ ਦੀ ਬਹਾਲੀ ਅਤੇ ਬਰਕਰਾਰੀ ਵਾਸਤੇ ਸਰਬੰਸ ਵਾਰ ਕੇ ਸ਼ੁਕਰ ਦਾ ਸਿਜਦਾ ਕੀਤਾ ਹੋਵੇ ਉਸ ਪਰਮ ਪੁਰਖ ਦਾ ਨਾਮ ਐਸੀ ਫ਼ਿਰਕਾਪ੍ਰਸਤੀ ਭਰਪੂਰ ਕਾਰਵਾਈ ਨਾਲ ਜੋੜਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਵੀ ਅਜਿਹੀਆਂ ਫ਼ਿਰਕਾਪ੍ਰਸਤ ਜਥੇਬੰਦੀਆਂ ਵਲੋਂ ਪ੍ਰਚਾਰਿਆ ਗਿਆ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਆਯੁਧਿਆ ਨੂੰ ਮੁਗਲਾਂ ਤੋਂ ਮੁਕਤ ਕਰਵਾਉਣ ਲਈ ਸ਼ਸਤਰਧਾਰੀ ਯੋਧਿਆਂ ਸਮੇਤ ਆਯੁਧਿਆ

ਗਏ ਸਨ, ਜੋ ਕਿ ਕੋਰਾ ਝੂਠ ਸੀ। ਹੁਣ ਵੀ ਸ੍ਰੀ ਰਾਮ ਮੰਦਿਰ ਨਿਰਮਾਣ ਸਮਿਤੀ ਵਲੋਂ ਪ੍ਰਕਾਸ਼ਿਤ ਕਿਤਾਬਚੇ ਉਪਰ ਦਰਜ ਹੈ:

"ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪਵਿੱਤਰ ਪੁਰਬ ਦੇ ਮੌਕੇ 21 ਜਨਵਰੀ 2002 ਨੂੰ ਆਯੁਧਿਆ ਤੋਂ ਰਾਮ ਮੰਦਿਰ ਨਿਰਮਾਣ ਲਈ ਇਕ ਚੇਤਾਵਨੀ ਸੰਤ ਯਾਤਰਾ ਆਰੰਭ ਹੋਵੇਗੀ ਜਿਹੜੀ ਕਿ ਵੱਖ-ਵੱਖ ਅਸਥਾਨਾਂ ਤੋਂ ਹੁੰਦੀ ਹੋਈ 27 ਜਨਵਰੀ 2002 (ਐਤਵਾਰ) ਨੂੰ ਰਾਜਧਾਨੀ ਦਿੱਲੀ ਵਿਖੇ ਪਹੁੰਚੇਗੀ।"

## *ਕੀ ਰਾਮ ਦੀ ਜਨਮ ਭੂਮੀ ਆਯੁਧਿਆ ਹੈ?*

ਸੰਘ ਪਰਿਵਾਰ ਨਾਲ ਸੰਬੰਧਿਤ ਲੋਕਾਂ ਦਾ ਕਥਨ ਹੈ ਕਿ ਬਾਬਰੀ ਮਸਜਿਦ ਵਾਲੇ ਸਥਾਨ ਉਪਰ ਭਗਵਾਨ ਰਾਮ ਦਾ ਜਨਮ ਹੋਇਆ ਅਤੇ ਈਸਾ ਪੂਰਵ ਰਾਜਾ ਵਿਕਰਮਾਦਿਤਿਆ ਨੇ ਇਕ ਸੁੰਦਰ ਰਾਮ ਮੰਦਿਰ ਬਣਾਇਆ। ਉਸੇ ਹੀ ਰਾਮ ਮੰਦਿਰ ਨੂੰ 1528 ਈ: ਵਿਚ ਤੋੜ ਕੇ ਮਸਜਿਦ ਬਣਵਾਈ ਜੋ ਕਿ ਬਾਬਰੀ ਮਸਜਿਦ ਨਾਮ ਨਾਲ ਜਾਣੀ ਜਾਂਦੀ ਹੈ। ਮੁਸਲਮਾਨਾਂ ਦਾ ਕਥਨ ਹੈ ਕਿ ਬਾਬਰ ਨੇ ਕਿਸੇ ਮੰਦਿਰ ਨੂੰ ਨਹੀਂ ਤੁੜਵਾਇਆ ਸਗੋਂ ਖਾਲੀ ਜਗ੍ਹਾ ਉਪਰ ਮਸਜਿਦ ਦਾ ਨਿਰਮਾਣ ਕੀਤਾ। ਮੌਜੂਦਾ ਵਿਵਾਦਿਤ ਖੇਤਰ ਨੂੰ ਰਾਮ ਮੰਦਿਰ (ਰਾਮ ਜਨਮ ਅਸਥਾਨ) ਸਿੱਧ ਕਰਨ ਵਾਸਤੇ ਨਿਮਨਲਿਖਤ ਪੁਰਾਤਨ ਖਰੜਿਆਂ ਅਤੇ ਗ੍ਰੰਥਾਂ ਨੂੰ ਸਬੂਤ ਵਜੋਂ ਪੇਸ਼ ਕੀਤਾ ਜਾ ਰਿਹਾ ਹੈ।

### *1. ਬਾਲਮੀਕੀ ਰਮਾਇਣ :*

ਬਾਲਮੀਕੀ ਰਮਾਇਣ ਹਿੰਦੂ ਧਰਮ ਦੇ ਪੁਰਾਤਨ ਗ੍ਰੰਥਾਂ ਵਿਚੋਂ ਇਕ ਹੈ। ਇਸ ਦੀ ਰਚਨਾ ਮਹਾਂਭਾਰਤ ਤੋਂ ਵੀ ਪਹਿਲਾਂ ਹੋ ਚੁੱਕੀ ਸੀ। ਮਹਾਂਭਾਰਤ ਦੇ ਵਣਪਰਵ ਵਿਚ ਰਾਮੋਪਖਯਾਨ ਦਾ ਵਿਤਰਣ ਕਰਨ ਤੋਂ ਪਹਿਲਾਂ ਕਿਹਾ ਗਿਆ ਹੈ ਕਿ "ਰਾਜਨ, ਜੋ ਪੁਰਾਣੇ ਇਤਿਹਾਸ ਦੀ ਘਟਨਾ ਘਟੀ ਹੈ ਪਹਿਲਾਂ ਉਸ ਨੂੰ ਸੁਣੋ।" ਇਸ ਤੋਂ ਸਪੱਸ਼ਟ ਹੈ ਕਿ ਮਹਾਂਭਾਰਤ ਕਾਲ ਸਮੇਂ ਰਮਾਇਣ ਕਥਾ ਕਾਫੀ ਪੁਰਾਣੀ ਹੋ ਚੁਕੀ ਸੀ। ਰਮਾਇਣ ਦੇ ਸਲੋਕਾਂ ਦੀ ਗਿਣਤੀ 24,000 ਹੈ, ਰਚਨਾਕਾਲ ਬਾਰੇ ਵੀ ਵਿਦਵਾਨਾਂ ਦੇ ਵਿਚਾਰ ਅਲੱਗ-ਅਲੱਗ ਹਨ। ਪਰੰਤੂ ਫਿਰ ਵੀ ਰਚਨਾਕਾਲ ਈਸਾ ਤੋਂ ਪੂਰਵ 700 ਤੋਂ 130 ਸਾਲ ਪਹਿਲਾ ਮੰਨਿਆ ਗਿਆ ਹੈ। ਇਹ ਵੀ ਵਿਚਾਰ ਪ੍ਰਚੱਲਤ ਹੈ ਕਿ ਰਮਾਇਣ ਦੀ ਰਚਨਾਕਾਲ ਤੋਂ ਪਹਿਲਾਂ ਰਾਮ-ਕਥਾ ਪੂਰੀ ਤਰ੍ਹਾਂ ਨਾਲ ਪ੍ਰਚੱਲਿਤ ਸੀ। ਬਾਲਮੀਕ ਨੇ ਸਫੁਟ ਆਖਿਆਨ ਕਾਵਿ ਵਿਚ ਇਸ ਰਹੱਸ ਨੂੰ ਖੋਲ੍ਹਿਆ ਹੈ। ਆਯੁਧਿਆ ਨਾਮਕ ਨਗਰ ਸਰਯੂ ਨਦੀ ਦੇ ਕਿਨਾਰੇ ਹੋਣ ਬਾਰੇ ਬਾਲ ਕਾਂਡ ਵਿਚ ਦਰਜ ਹੈ :

*ਕੋਸ਼ਲੋ ਨਾਮ ਮੁਦਿਤ ਸ਼ਫੀਤੀ ਜਨਪਦ: ਮਹਾਨ॥*
*ਨਿਵਿਸ਼ਟ ਸਰਯੂਤੀਰੇ ਪ੍ਰਭੂਤਧਨ ਧਨਿਆਵਾਨ॥*
*ਆਯੋਧਿਆ ਨਾਮ ਨਗਰੀ ਤਤਰਾਸੀਲ ਲੋਕ ਵਿਸ਼ੁਰਤਾ॥*

## ਉਪਰੋਕਤ ਕਥਨ ਦਾ ਖੰਡਨ :

ਪ੍ਰਸਿੱਧ ਵਿਦਵਾਨ ਬਲਵੰਤ ਸਿੰਘ 'ਚਾਰਾਵਾਕ' ਉਪਰੋਕਤ ਹਵਾਲੇ ਦਾ ਖੰਡਨ ਕਰਦੇ ਲਿਖਦੇ ਹਨ, ''ਮੇਰੇ ਖੋਜ ਪੱਤਰ ਅਨੁਸਾਰ 'ਬਾਲਮੀਕੀ ਰਮਾਇਣ' ਵਿਚ ਕਿਤੇ ਵੀ ਇਹ ਚਰਚਾ ਨਹੀਂ ਕੀਤਾ ਗਿਆ ਕਿ ਸਰਯੂ ਨਦੀ ਕਿਨਾਰੇ ਆਯੁਧਿਆ ਵਿਖੇ ਦਸ਼ਰਥ ਦੇ ਕਿਲ੍ਹੇ ਵਿਚ ਰਾਮ ਦਾ ਜਨਮ ਹੋਇਆ। ਅਰਥਾਤ ਬਾਲਮੀਕ ਨੇ ਜਨਮ ਸਥਾਨ ਦੀ ਕੋਈ ਸੀਮਾ ਰੇਖਾ ਅਤੇ ਦਿਸ਼ਾ ਖੇਤਰ ਨਿਸ਼ਚਿਤ ਨਹੀਂ ਕੀਤਾ ਕਿ ਆਯੁਧਿਆ ਵਿਖੇ ਰਾਮ ਦਾ ਕਿਲ੍ਹਾ ਕਿਥੇ ਸੀ? ਕੀ ਉਥੇ ਹੀ ਰਾਮ ਦਾ ਜਨਮ ਹੋਇਆ? (ਪੰਨਾ 8)

(ਆਯੁਧਿਆ ਕਾ ਵਿਵਾਦਿਤ ਖੇਤਰ ਕਿਸਕਾ)

## ਸਕੰਦ ਪੁਰਾਣ :

ਆਯੁਧਿਆ ਨੂੰ ਰਾਮ ਜਨਮ ਭੂਮੀ ਸਿੱਧ ਕਰਨ ਲਈ ਦੂਸਰਾ ਮੁੱਖ ਸ੍ਰੋਤ ਸਕੰਦ ਪੁਰਾਣ ਹੀ ਹੈ। ਸਕੰਦ ਪੁਰਾਣ ਦੇ ਛੇ ਖੰਡ ਹਨ, ਮਹੇਸ਼ਵਰ, ਵੈਸ਼ਨਵ, ਬ੍ਰਹਮ, ਕਾਸ਼ੀ, ਅਵੰਤਿਕਾ, ਰੇਵਾ ਖੰਡ। ਮੁੱਖ ਤੌਰ ਤੇ ਇਸ ਵਿਚ ਸ਼ੈਵ ਅਤੇ ਵੈਸ਼ਨਵ ਤੀਰਥਾਂ ਦਾ ਜ਼ਿਕਰ ਹੈ। ਹਜ਼ਾਰਾਂ ਹੀ ਛੋਟੇ ਵੱਡੇ ਤੀਰਥਾਂ ਦਾ ਜ਼ਿਕਰ ਹੈ ਜਿਨ੍ਹਾਂ ਵਿਚੋਂ ਕਾਫੀ ਦਾ ਹੁਣ ਨਾਮ ਨਿਸ਼ਾਨ ਬਾਕੀ ਨਹੀਂ ਰਿਹਾ ਹੈ। ਮਹਾਤਮਾ ਬੁੱਧ ਨੂੰ ਵਿਸ਼ਨੂੰ ਦਾ ਅਵਤਾਰ ਸਿੱਧ ਕਰਨ ਲਈ ਵੀ ਇਸ ਪੁਰਾਣ ਦਾ ਕਾਫੀ ਹੱਥ ਹੈ,

*ਤਤੋਵਕਸ਼ਆਂਤਿ ਤੇ ਭਗਤਯ*
*ਸਰੰਵਪਾਪਹਰ ਬੁੱਧਮ: ॥*

(ਕਲਯੁਗ ਦੇ ਤਿੰਨ ਹਜ਼ਾਰ 700 ਸਾਲ ਬੀਤਣ ਉਪਰੰਤ ਮਗਧ ਦੇਸ਼ ਦੇ ਹੇਮ ਸਧਨ ਵਿਚ ਅੰਜੁਲੀ ਦੇ ਗਰਭ ਤੋਂ ਵਿਸ਼ਨੂੰ ਦੇ ਅਵਤਾਰ ਭਗਵਾਨ ਬੁੱਧ ਜਨਮ ਲੈਣਗੇ) ਸੰਘ ਪਰਿਵਾਰ ਵਲੋਂ ਦਾਅਵਾ ਕੀਤਾ ਜਾਂਦਾ ਹੈ ਕਿ ਸਕੰਦ ਪੁਰਾਣ ਦੇ ਆਯੁਧਿਆ ਮਹਾਤਮ ਵਰਨਣ ਸਿਰਲੇਖ ਅਧੀਨ ਆਯੁਧਿਆ ਦੇ ਬਾਰੇ ਸੰਪੂਰਨ ਵਰਨਣ ਹੈ ਜੋ ਕਿ 'ਵੈਸ਼ਨਵ ਖੰਡ' ਅਧੀਨ ਦਰਜ ਹੈ।

## ਉਪਰੋਕਤ ਦਾਅਵੇ ਦਾ ਖੰਡਨ

ਸਕੰਦ ਪੁਰਾਣ ਵਿਚ ਕਾਫੀ ਜਗ੍ਹਾ ਉਪਰ ਆਯੁਧਿਆ ਦੇ ਨਾਮ ਦਾ ਜ਼ਿਕਰ ਹੈ ਹਵਾਲੇ ਦੇ ਤੌਰ ਤੇ :

੧. *ਤਥੈਵ ਵਿਸ਼ਨੂੰਰਤਪਨ: ਕੋਸ਼ੱਲਿਆ ਨੰਦ ਵਰਪਨ: ॥*

੨. *ਆਯੋਧਿਆਪਤਿ: ਕਾਨਤੋ ਵੈਕੰਠੂ ਣ ਕੁੰਠਾਵਿਗ੍ਰਹ: ॥*
*ਸਤਿਆਵਰਤੋ ਵਰਤੀ ਸੂਰਯਤਪੋ ਸਤਥਵਲਪ੍ਰਦ ॥* (ਸ਼ਿਪਰ ਮਹਾਤਮ)

੩. *ਆਯੋਧਿਆ ਮਾਥੁਰਾ ਚੈਵ ਦਵਾਰਕਾਮਾਰਾਵਤੀ: ॥ ੨੨ ॥*

ਦਾਸ ਨੇ ਸਕੰਦ ਪੁਰਾਣਾ ਦੇ ਪੁਰਾਣੇ ਖਰੜੇ ਨੂੰ ਵਾਚਿਆ ਹੈ ਉਸ ਵਿਚ ਆਯੁਧਿਆ

ਮਹਾਤਮ ਨਾਮ ਦਾ ਕੋਈ ਖੰਡ ਨਹੀਂ ਜਿਸ ਵਿਚ ਰਾਮ ਦੇ ਆਯੁਧਿਆ ਜਨਮ ਭੂਮੀ ਹੋਣ ਬਾਰੇ ਠੋਸ ਸਬੂਤ ਮਿਲਦੇ ਹੋਣ।

ਬਲਵੰਤ ਸਿੰਘ 'ਚਾਰਾਵਾਕ' ਇਸ ਦਾ ਖੰਡਨ ਕਰਦੇ ਲਿਖਦੇ ਹਨ, "ਮੇਰਾ ਖਿਆਲ ਹੈ ਕਿ ਇਹ ਝੂਠਾ ਅਤੇ ਥੋਥਾ ਪ੍ਰਚਾਰ ਹੈ। 'ਸਕੰਦ ਪੁਰਾਣ' ਵਿਚ ਇਸਦਾ ਕੋਈ ਚਰਚਾ ਨਹੀਂ ਹੈ। ਸਕੰਦ ਪੁਰਾਣ ਵਿਚ 'ਆਯੁਧਿਆ ਮਹਾਤਮ' ਦਾ ਨਵਾਂ ਕਾਂਡ ਜੋੜਿਆ ਗਿਆ ਹੈ। ਭਾਰਤ ਦੇ ਪ੍ਰਸਿੱਧ ਇਤਿਹਾਸਕਾਰ, ਰਾਮ ਸ਼ਰਨ ਸ਼ਰਮਾ, ਐਮ. ਅਖ਼ਤਰ ਅਲੀ, ਡੀ.ਐਨ.ਝਾਅ ਅਤੇ ਸੂਰਜਭਾਨ ਨੇ ਸੰਘ ਪਰਿਵਾਰ ਦੇ ਇਸ ਦਾਅਵੇ ਦਾ ਖੰਡਨ ਕੀਤਾ ਹੈ। 'ਸਕੰਦ ਪੁਰਾਣ' ਵਿਚ ਆਯੁਧਿਆ ਮਹਾਤਮ' ਨਾਮਕ ਖੰਡ ਨੂੰ ਅਠਾਰਵੀਂ ਸਦੀ ਦੌਰਾਨ ਜੋੜਿਆ ਗਿਆ ਹੈ।.....ਪ੍ਰਸਿੱਧ ਇਤਿਹਾਸਕਾਰ ਰੋਮਿਲਾ ਥਾਪਰ, ਵਿਪਿਨ ਚੰਦਰ, ਡਾ: ਰਾਮ ਸ਼ਰਨ ਵਰਗੇ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਉਥੇ ਰਾਮ ਮੰਦਿਰ ਨਹੀਂ ਸੀ। (ਹਵਾਲਾ ਉਹੀ, ਪੰਨਾ 15)

## *ਫਿਰ ਰਾਮ ਦਾ ਜਨਮ ਕਿਥੇ ਹੋਇਆ?*

ਰਾਮ ਦੇ ਅਸਲ ਜਨਮ ਸਥਾਨ ਬਾਰੇ ਸ੍ਰੀ ਚਾਰਾਵਕ ਆਪਣੇ ਖੋਜ-ਪੱਤਰ ਵਿਚ ਹਵਾਲਾ ਦਿੰਦੇ ਹੋਏ ਦੱਖਣ ਭਾਰਤ ਦੇ ਮਹਾਨ ਵਿਦਵਾਨ ਸ੍ਰੀ ਮੈਲਾਂਡੀ ਵੈਂਕਟ ਰਤਨਮ ਦਾ ਵਿਸ਼ੇਸ਼ ਜ਼ਿਕਰ ਕਰਦੇ ਹਨ, "ਸ੍ਰੀ ਮੈਲਾਂਡੀ ਵੈਂਕਟ ਰਤਨਮ ਨੇ ਆਪਣੀ ਪੁਸਤਕ ਵਿਚ ਸਿੱਧ ਕੀਤਾ ਹੈ ਕਿ ਰਾਮ ਦੀ ਸਾਰੀ ਕਥਾ ਮਿਸਰ ਦੇ ਰਾਜਾ ਰਾਮਸੇਸ ਦੂਜੇ ਦੀ ਕਹਾਣੀ ਹੈ। ਦਸ਼ਰਥ, ਕੌਸ਼ਲਿਆ, ਰਾਮ, ਲਕਸ਼ਮਣ, ਸੀਤਾ, ਵਿਸ਼ਿਸ਼ਟ, ਭਰਤ ਆਦਿ ਆਰੀਆ ਦੇਵਤੇ ਭਾਰਤ ਵਿਚ ਪੈਦਾ ਹੀ ਨਹੀਂ ਹੋਏ। **(Rama the greatest ferrow of execute)**

ਦੂਸਰੇ ਪ੍ਰਸਿੱਧ ਵਿਦਵਾਨ ਡਾ: ਲਲਿਤ ਪੀ. ਪਾਠਕ ਦਾ ਹਵਾਲਾ ਦਿੰਦੇ ਹੋਏ ਸ੍ਰੀ ਚਾਰਾਵਾਕ ਲਿਖਦੇ ਹਨ, 'ਰਾਮ ਪੱਛਮ ਏਸ਼ੀਆ ਇਤਿਹਾਸ' ਦਾ ਹਿੱਸਾ ਹੈ। ਆਪਣੇ ਖੋਜ-ਪੱਤਰ ਵਿਚ ਉਹ ਕਹਿੰਦੇ ਹਨ ਕਿ ਪੱਛਮ ਏਸ਼ੀਆ ਅਤੇ ਮਿਸਰ ਦੇ ਇਤਿਹਾਸ ਨਾਲ ਜੁੜੇ ਦਸਤਾਵੇਜ਼ਾਂ ਤੋਂ ਪਤਾ ਲਗਦਾ ਹੈ ਕਿ ਸੰਸਕ੍ਰਿਤ ਬੋਲਣ ਵਾਲੀ ਆਰੀਆ ਨਸਲ ਦੇ ਰਾਜਾ ਦਸ਼ਰਥ ਉਤਰੀ ਸੀਰੀਆ ਦੇ ਮਿਤਾਂਨੀ ਸਿੰਘਾਸਣ ਉਪਰ ਆਪਣੇ ਪਿਤਾ ਸ਼ਤਰੁਨ ਦੀ ਮੌਤ ਉਪਰੰਤ ਬੈਠੇ। ਮਿਸਰ ਦੇ ਇਤਿਹਾਸ ਵਿਚ ਘੱਟ ਤੋਂ ਘੱਟ ਐਸੇ 12 ਰਾਜਿਆਂ ਦਾ ਜ਼ਿਕਰ ਹੈ ਜਿਨ੍ਹਾਂ ਨੇ 1290 ਈਸਾ ਪੂਰਵ ਤੋਂ 1075 ਈਸਾ ਪੂਰਵ ਦੌਰਾਨ ਰਾਜ ਜਾਂ ਰਾਮਸੇਸ ਦੀਆਂ ਪਦਵੀਆਂ ਧਾਰਨ ਕੀਤੀਆਂ।

ਮਿੱਤਾਨੀ ਸ਼ਾਸਕਾਂ ਦੇ ਪੂਰਬ ਵਿਚ ਕੱਸਾਂ ਅਤੇ ਪੱਛਮ ਵਿਚ ਲੁਬੋਂ ਦੀਆਂ ਬਸਤੀਆਂ ਸਨ। ਡਾ: ਪਾਠਕ ਦਾ ਅਨੁਮਾਨ ਹੈ ਕਿ ਮਿੱਤਾਨੀ ਸ਼ਾਸਕਾਂ ਦੇ ਇਨ੍ਹਾਂ ਦੋ ਗੁਆਂਢੀਆਂ ਦੇ ਨਾਮ ਤੋਂ ਹੀ ਭਾਰਤੀ ਪਰੰਪਰਾ ਦੇ ਲਵ-ਕੁਸ਼ ਦੀ ਕਲਪਨਾ ਕੀਤੀ ਗਈ (ਸਿੱਖਾਂ ਨੂੰ ਲਵ-ਕੁਸ਼ ਦੇ ਵੰਸ਼ਜ ਕਹਿਣ ਵਾਲਿਆਂ ਵਾਸਤੇ ਇਸ ਨੂੰ ਘੋਖਣਾ ਜ਼ਰੂਰੀ ਹੈ)।

ਰਾਮ ਦਾ ਜਨਮ ਭਾਰਤ ਵਿਚ ਨਹੀਂ ਮਿਤੱਨੀ ਵਿਚ ਹੋਇਆ ਇਸ ਦੇ ਬਹੁਤ ਸਾਰੇ ਪ੍ਰਮਾਣ ਹਨ ਇਸ ਦੇ ਬਾਰੇ ਤੀਸਰੇ ਖੋਜ ਕਰਤਾ ਜਮਨਾ ਦਾਸ ਅਖ਼ਤਰ ਦਾ ਕਹਿਣਾ ਹੈ ਕਿ, "ਬ੍ਰਿਟੇਨ

ਦੇ ਪ੍ਰਸਿੱਧ ਇਤਿਹਾਸਕਾਰ ਸਿਨ ਕਲੇਅਰ ਨੇ 1888 ਈ: ਵਿਚ ਮਿਸਰ ਦੇ ਠੇਲੇ-ਅਮਰਨਾ ਖੇਤਰ ਵਿਚ ਖੁਦਾਈ ਕਰਕੇ ਮਿਸਰ ਸਾਸ਼ਕਾਂ ਅਤੇ ਪੱਛਮੀ ਏਸ਼ੀਆ ਦੇ ਆਰੀਆ ਸ਼ਾਸ਼ਕਾਂ ਦੇ ਪੱਤਰਵਿਹਾਰ ਦੇ ਸ਼ਿਲਾਲੇਖ ਪ੍ਰਕਾਸ਼ਿਤ ਕੀਤੇ। ਇਸ ਵਿਚ ਵਰਤਮਾਨ ਸੀਰੀਆ ਦੇ ਲਗਪਗ ਚਾਰ ਹਜ਼ਾਰ ਸਾਲ ਪਹਿਲਾਂ ਦੇ ਆਰੀਆ ਸ਼ਾਸ਼ਕ ਦਸ਼ਰਥ, ਸ਼ਤਰੂਘਨ ਆਦਿ ਦੇ ਪੱਤਰ ਸ਼ਾਮਿਲ ਹਨ।

ਸ੍ਰੀ ਅਖ਼ਤਰ ਦਾ ਕਹਿਣਾ ਹੈ ਕਿ ਦਸ਼ਰਥ ਦੀ ਰਾਜਧਾਨੀ ਦਾ ਨਾਮ ਵਾਸੁਗਾਨੀ ਸੀ। ਇਸ ਜਗ੍ਹਾ ਇਰਾਕ ਦੇ ਰਾਸੁਲਿਅਨ ਵਿਚ ਸੀ। ਦਸ਼ਰਥ ਨੇ ਜੋ ਦਾਜ ਦਿੱਤਾ ਉਸ ਦਾ ਪੂਰਾ ਹਾਲ ਇਕ ਪੱਤਰ ਵਿਚ ਦਰਜ ਹੈ ਜੋ ਬਰਲਿਨ ਮਯੂਜ਼ਿਅਮ ਵਿਖੇ ਸੁਰੱਖਿਅਤ ਹੈ। ਮੈਂ ਉਥੇ ਜਾ ਕੇ ਇਸਦੀ ਫੋਟੋ-ਕਾਪੀ ਹਾਸਲ ਕੀਤੀ ਹੈ। (ਆਯੁਧਿਆ ਕਾ ਵਿਵਾਦਿਤ ਖੇਤਰ ਕਿਸਕਾ? ਪੰਨਾ ੧੦-੧੧)[2]

ਭਾਰਤ ਦੇ ਇਕ ਹੋਰ ਵਿਦਵਾਨ ਡਾ: ਕ੍ਰਿਸ਼ਨਰਾਵ ਦਾ ਵਿਚਾਰ ਹੈ ਕਿ ਰਾਮ ਦਾ ਜਨਮ ਆਯੁਧਿਆ ਵਿਚ ਨਹੀਂ ਬਲਕਿ ਹਰਿਆਣਾ ਦੇ ਜ਼ਿਲ੍ਹਾ ਹਿਸਾਰ ਦੇ ਪਿੰਡ ਬਨਵਾਲੀ ਵਿਚ ਹੋਇਆ। ਇਸ ਸੰਬੰਧ ਵਿਚ ਉਨ੍ਹਾਂ ਦੇ ਖੋਜ ਪੱਤਰ ਦੀ ਸਮੀਖਿਆ 6.7.98 ਨੂੰ 'ਰਾਸ਼ਟਰੀ ਸਹਾਰਾ' ਵਿਚ ਛੱਪੀ। ਡਾ: ਕ੍ਰਿਸ਼ਨਰਾਵ ਨੇ ਬਨਵਾਲੀ ਦੀ ਖੁਦਾਈ ਤੋਂ ਪ੍ਰਾਪਤ ਮੋਹਰਾਂ ਦੇ ਅਧਿਐਨ ਤੋਂ ਤੱਥ ਕੱਢਿਆ ਹੈ ਕਿ ਰਾਮ ਦਾ ਜਨਮ ਬਨਵਾਲੀ ਹੈ। ਰਾਮ ਦਾ ਨਾਮ ਉਨ੍ਹਾਂ ਰਿਮਸਿਨ ਦੱਸਿਆ ਹੈ ਜਿਸਨੇ 1753 ਤੋਂ 1693 ਈਸਾ ਪੂਰਵ ਸੁਮੇਰ, ਇਲਾਮ ਤੇ ਸਿੰਧੂ ਘਾਟੀ ਤੇ ਸ਼ਾਸ਼ਨ ਕੀਤਾ। ਰਿਮਸਿਨ ਨੇ ਸੰਸਾਰ ਜਿੱਤ ਕੇ ਆਪਣੀ ਦੂਸਰੀ ਰਾਜਧਾਨੀ ਬੇਬੀਲੋਨੀਆ ਸਥਾਪਿਤ ਕੀਤੀ ਅਤੇ ਪ੍ਰਿਥਵੀ ਦੇ ਰਾਜਾ ਦੀ ਉਪਾਧੀ ਧਾਰਨ ਕੀਤੀ।

ਅਖੀਰ ਬੇਬੀਲੋਨੀਆਂ ਦੇ ਸਾਸ਼ਕ ਰਿਮਸਿਨ (ਰਾਮ) ਨੇ ਸੁਵਾਰਤ, ਹੁਰਿਅਨ, ਨਾਲ ਮਿਲਕੇ ਹਮੁਰਾਬੀ ਨੂੰ ਹਰਾਇਆ। (ਸ਼ਾਇਦ ਇਹ ਨਾਮ ਸੁਗ੍ਰੀਵ ਹਨੂੰਮਾਨ ਅਤੇ ਰਾਵਣ ਨਾਲ ਕ੍ਰਮਵਾਰ ਮੇਲ ਖਾਂਦੇ ਹਨ)। (ਰਾਮ ਐਂਡ ਰਾਵਨ ਇੰਡਿਸ ਸੀਲਜ਼)

ਇਸ ਤੋਂ ਇਲਾਵਾ ਇਕ ਹੋਰ ਆਯੁਧਿਆ ਦਾ ਜ਼ਿਕਰ ਪਾਲੀ ਸਾਹਿਤ 'ਦਸ਼ਰਥ ਜਾਤਕ' ਵਿਚ ਹੋਇਆ ਹੈ ਜੋ ਵਾਰਾਨਸੀ ਦੇ ਗੰਗਾ ਤੱਟ ਉਪਰ ਸਥਿੱਤ ਸੀ। ਸ੍ਰੀ ਚਾਰਾਵਾਕ ਅਨੁਸਾਰ :

ਗੌਤਮ ਬੁੱਧ ਲਗਪਗ 500 ਈਸਾ ਪੂਰਵ ਵਾਰਾਨਸੀ ਵਾਲੀ ਆਯੁਧਿਆ ਵਿਖੇ ਗਏ ਅਤੇ ਪ੍ਰਵਚਨ ਦਿੱਤੇ। ਇਸ ਤੋਂ ਇਲਾਵਾ ਗੌਤਮ ਬੁੱਧ ਸਰਯੂ ਨਦੀ ਕਿਨਾਰੇ ਕੌਸ਼ਲ ਰਾਜ ਵੀ ਗਏ ਅਤੇ ਪ੍ਰਵਚਨ ਦਿੱਤੇ ਪ੍ਰੰਤੂ ਕਿਸੇ ਆਯੁਧਿਆ ਦੇ ਨਾਮ ਦਾ ਜ਼ਿਕਰ ਨਹੀਂ ਮਿਲਦਾ। (ਪੰਨਾ 14)

ਬੋਧੀ ਵਿਦਵਾਨਾਂ ਦਾ ਵਿਚਾਰ ਹੈ ਕਿ ਆਯੁਧਿਆ ਵਿਖੇ ਨਾ ਤਾਂ ਰਾਮ ਦਾ ਜਨਮ ਹੋਇਆ ਅਤੇ ਨਾ ਹੀ ਉਥੇ ਕਿਸੇ ਮੰਦਿਰ ਨੂੰ ਤੋੜਿਆ ਗਿਆ। ਆਯੁਧਿਆ ਦੇ ਇਸ ਅਸਥਾਨ ਉਪਰ ਲੋਮਸ਼ ਰਿਸ਼ੀ ਨਾਮਕ ਬੋਧੀ ਅਵਤਾਰ ਦਾ ਜਨਮ ਹੋਇਆ ਕਿਉਂਕਿ ਜੇਕਰ ਬਾਬਰ ਨੇ ਕਿਸੇ ਮੰਦਿਰ ਨੂੰ ਤੋੜਿਆ ਹੁੰਦਾ ਤਾਂ ਉਸ ਯੁੱਗ ਦੀ ਪ੍ਰਸਿੱਧ ਮੁਗ਼ਲ-ਇਤਿਹਾਸਕ ਪੁਸਤਕਾਂ ਜਿਵੇਂ, ਬਾਬਰਨਾਮਾ, ਆਇਨੇ-ਅਕਬਰੀ, ਤਾਰੀਖ਼ੇਸ਼ਾਹੀ, ਮਖ਼ਜਨੇ ਆਫ਼ਗਿਨਾ, ਤਾਰੀਖ਼-ਏ-ਅਵਧ, ਦਰਬਾਰ-ਏ-ਅਕਬਰੀ, ਤਾਰੀਖ਼ੇ-ਬਾਬਰੀ ਵਿਚ ਇਸ ਦਾ ਕੋਈ ਜ਼ਿਕਰ ਨਹੀਂ।

ਸੰਘ ਪਰਿਵਾਰ ਨੂੰ ਰਾਮ ਮੰਦਿਰ ਨਿਰਮਾਣ ਤੋਂ ਪਹਿਲਾਂ ਉਪਰੋਕਤ ਪਹਿਲੂਆਂ ਨੂੰ ਵਿਚਾਰਨਾ ਅਤਿ ਜ਼ਰੂਰੀ ਹੈ ਅਤੇ ਐਸੀ ਫ਼ਿਰਕਾਪ੍ਰਸਤ ਕਾਰਵਾਈ ਦੌਰਾਨ ਸਿੱਖ ਗੁਰੂ ਸਾਹਿਬਾਨ ਦੇ ਨਾਮ ਨਾਲ ਜੋੜਨਾ ਨਿੰਦਣਯੋਗ ਕਾਰਵਾਈ ਹੈ।

☆☆☆

*1. ਸਕੰਦਪੁਰਾਣ ਅਨੁਵਾਦਕ : ਪੰ: ਸ੍ਰੀ ਰਾਮ ਜੀ ਸ਼ਰਮਾ 'ਅਚਾਰਿਆ'*

*ਪ੍ਰਕਾਸ਼ਕ :- ਸੰਸਕ੍ਰਿਤੀ ਸੰਸਥਾਨ (ਬਰੇਲੀ)।*

*2. ਆਯੁਧਿਆ ਕਾ ਵਿਵਾਦਿਤ ਕਸ਼ੇਤਰ ਕਿਸ ਕਾ? ਸੰਸਕਰਣ : 2001 ਲੇਖਕ: ਬਲਵੰਤ ਸਿੰਹੁ ਚਾਰਾਵਾਕ*

*ਪ੍ਰਕਾਸ਼ਕ: ਚਾਰਾਵਾਕ ਸਾਹਿਤ ਸੰਸਥਾਨ ਸਹਾਰਨਪੁਰ।*

# ਰਾਮ ਜਨਮ ਭੂਮੀ : ਇਕ ਨਜ਼ਰੀਆ ਇਹ ਵੀ

ਪਰਵਾਸੀ ਵਿਦਵਾਨ ਸ: ਮੱਖਣ ਸਿੰਘ 'ਜੌਹਲ' ਲਿਖਦੇ ਹਨ, ਰਾਮ ਜਨਮ ਭੂਮੀ ਤੇ ਬਾਬਰੀ ਮਸਜਿਦ ਦੇ ਝਗੜੇ ਪਿੱਛੇ ਤਿੰਨ ਗੱਲਾਂ, ਅੰਨ੍ਹੀ ਧਾਰਮਿਕ ਸ਼ਰਧਾ, ਧੱਕੇਸ਼ਾਹੀ ਤੇ ਕੋਝੀ ਸਿਆਸਤਬਾਜ਼ੀ ਦਾ ਬੜਾ ਵੱਡਾ ਹੱਥ ਹੈ। ਇਹ ਠੀਕ ਹੈ ਕਿ ਹਰ ਵਿਅਕਤੀ ਨੂੰ ਕਿਸੇ ਵੀ ਧਰਮ ਵਿੱਚ ਆਪਣੀ ਸ਼ਰਧਾ ਰੱਖਣ ਦਾ ਪੂਰਾ ਪੂਰਾ ਹੱਕ ਹੈ ਪਰ ਜਦੋਂ ਆਪਣੀ ਸ਼ਰਧਾ ਭਰੇ ਯਕੀਨਾਂ ਦੀ ਪੁਸ਼ਟੀ ਲਈ ਇਤਿਹਾਸ ਨੂੰ ਗਵਾਹੀ ਦੇ ਤੌਰ 'ਤੇ ਪੇਸ਼ ਕੀਤਾ ਜਾਵੇ ਤਾਂ ਉੱਥੇ ਇਤਿਹਾਸਕ ਖੋਜੀਆਂ ਤੇ ਇਤਿਹਾਸਕਾਰਾਂ ਦਾ ਫਰਜ਼ ਬਣ ਜਾਂਦਾ ਹੈ ਕਿ ਉਹ ਫ਼ਿਰਕਾਪ੍ਰਸਤ ਤਾਕਤਾਂ ਵੱਲੋਂ ਇਤਿਹਾਸ ਦੀ ਦੁਰਵਰਤੋਂ ਦੇ ਖਿਲਾਫ਼ ਮੈਦਾਨ ਵਿੱਚ ਆਉਣ। ਇਸ ਤੋਂ ਇਲਾਵਾ ਜਦੋਂ ਕਿ ਬਾਬਰੀ ਮਸਜਿਦ ਤੇ ਰਾਮ ਜਨਮ ਭੂਮੀ ਦੇ ਮਸਲੇ ਨੇ ਭਾਰਤੀ ਸਿਆਸਤ ਨੂੰ ਵੱਡੇ ਪੈਮਾਨੇ ਤੇ ਫ਼ਿਰਕੂ ਰੰਗ ਵਿੱਚ ਬਦਲ ਦਿੱਤਾ ਹੈ। ਇਸ ਲਈ ਸਾਡੇ ਇਤਿਹਾਸਕ ਖੋਜੀਆਂ ਲਈ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਅਸੀਂ ਕੁਝ ਇਤਿਹਾਸਕ ਸੱਚਾਈਆਂ ਲੋਕਾਂ ਸਾਹਮਣੇ ਰੱਖੀਏ।

## *ਪਹਿਲਾ ਭਾਗ*

ਸਭ ਤੋਂ ਪਹਿਲਾਂ ਇਹ ਸਿੱਧ ਕਰਨ ਦੀ ਲੋੜ ਹੈ ਕਿ ਕੀ ਆਯੁਧਿਆ ਸੱਚੀਂ-ਮੁੱਚੀਂ ਰਾਮ ਚੰਦਰ ਜੀ ਦਾ ਜਨਮ ਅਸਥਾਨ ਹੈ ? ਫਿਰ ਇਸ ਦੇ ਨਾਲ ਹੀ ਸਵਾਲ ਪੈਦਾ ਹੋ ਜਾਂਦਾ ਹੈ ਕਿ ਕੀ ਵਰਤਮਾਨ ਆਯੁਧਿਆ ਸ਼ਹਿਰ ਉਹੀ ਸ਼ਹਿਰ ਹੈ ਜਿਸ ਦਾ ਰਿਸ਼ੀ ਵਾਲਮੀਕ ਦੀ ਰਮਾਇਣ ਵਿੱਚ ਜ਼ਿਕਰ ਆਉਂਦਾ ਹੈ?

ਰਿਸ਼ੀ ਵਾਲਮੀਕ ਨੇ ਰਾਮ ਕਥਾ ਨੂੰ ਰਮਾਇਣ ਵਿੱਚ ਮਹਾਂਕਾਵਿ ਦੇ ਰੂਪ ਵਿੱਚ ਦਰਜ ਕੀਤਾ ਹੈ। ਰਾਮ ਕਥਾ ਦੀ ਮੁੱਢਲੀ ਜਾਂ ਅਸਲੀ ਲਿਖਤ ਦਾ ਕਿਤਿਓਂ ਵੀ ਕੋਈ ਖੁਰਾ-ਖੋਜ ਨਹੀਂ ਲੱਭਦਾ। ਜਿੱਥੋਂ ਤੱਕ ਵਾਲਮੀਕ ਦੀ ਰਮਾਇਣ ਦਾ ਸਵਾਲ ਹੈ, ਕਿਉਂਕਿ ਇਹ ਇੱਕ ਕਾਵਿ ਸੰਗ੍ਰਹਿ ਹੈ ਜਿਹੜਾ ਕਿ ਰਾਮ ਚੰਦਰ ਜੀ ਦੀ ਉਸਤਤੀ ਨਾਲ ਭਰਿਆ ਪਿਆ ਹੈ, ਇਸ ਕਰ ਕੇ ਇਹ ਬਹੁਤਾ ਕਰਕੇ ਮਨਮਫ਼ਤ (fictional) ਹੈ। ਇਤਿਹਾਸਕਾਰ ਇਸ ਵਿੱਚ ਜ਼ਿਕਰ ਕੀਤੀਆਂ ਸ਼ਖਸੀਅਤਾਂ ਤੇ ਥਾਵਾਂ ਉਨਾ ਚਿਰ ਸੱਚੀਆਂ ਨਹੀਂ ਮੰਨ ਸਕਦੇ ਜਿੰਨਾ ਚਿਰ ਇਹਨਾਂ ਦੀ ਹੋਂਦ ਨੂੰ ਸਿੱਧ ਕਰਨ ਲਈ ਭਰੋਸੇ ਯੋਗ ਸਬੂਤ ਨਾ ਪੇਸ਼ ਕੀਤੇ ਜਾਣ। ਆਓ ਜ਼ਰਾ ਕੁਝ ਸੱਚਾਈਆਂ ਵੱਲ ਧਿਆਨ ਮਾਰੀਏ।

ਵਾਲਮੀਕ ਦੀ ਰਮਾਇਣ ਮੁਤਾਬਕ ਆਯੁਧਿਆ ਦਾ ਰਾਜਾ ਰਾਮ ਚੰਦਰ ਤਰੇਤੇ ਯੁੱਗ ਵਿੱਚ ਪੈਦਾ ਹੋਇਆ। ਭਾਵ ਕਲਯੁਗ ਤੋਂ ਹਜ਼ਾਰਾਂ ਸਾਲ ਪਹਿਲਾਂ। ਕਲਯੁਗ ਦਾ ਆਰੰਭ ਪੰਜ ਹਜ਼ਾਰ

ਸਾਲ ਈਸਾ ਮਸੀਹ ਤੋਂ 3102 ਸਾਲ ਪਹਿਲਾਂ ਤੋਂ ਮੰਨਿਆ ਜਾਂਦਾ ਹੈ। ਪਰ ਇਲਾਕੇ ਦੀਆਂ ਜ਼ਮੀਨੀ ਖੋਦਾਂ (Archaeology) ਇਹ ਸਾਬਤ ਕਰਦੀਆਂ ਹਨ ਕਿ ਅੱਜ ਦੇ ਆਯੁਧਿਆ ਸ਼ਹਿਰ ਦੀ ਪੁਰਾਤਨਤਾ 28 ਸੌ ਸਾਲ ਤੋਂ ਵੱਧ ਪੁਰਾਣੀ ਨਹੀਂ ਹੈ। ਖੋਦੀਆਂ ਹੋਈਆਂ ਚੀਜ਼ਾਂ ਵੀ ਸਾਬਤ ਕਰਦੀਆਂ ਹਨ ਕਿ ਸ਼ਹਿਰ ਦੀ ਉਸ ਵੇਲੇ ਦੀ ਸੱਭਿਅਤਾ ਬਹੁਤ ਹੀ ਸਾਦੀ ਅਤੇ ਆਪਣੀ ਪਹਿਲੀ ਸਟੇਜ 'ਤੇ ਹੀ ਸੀ, ਜਦ ਕਿ ਵਾਲਮੀਕ ਦੀ ਰਮਾਇਣ ਮੁਤਾਬਕ ਇੱਥੇ ਸਭ ਕੁਝ ਨਵੀਨ ਸੱਭਿਅਤਾ ਦੇ ਰੂਪ ਵਿੱਚ ਦਿਖਾਇਆ ਗਿਆ ਹੈ ਭਾਵ ਰਾਜਿਆਂ ਦੇ ਸ਼ਾਹੀ ਮਹਿਲ, ਸੜਕਾਂ ਦੁਆਲੇ ਖ਼ੂਬਸੂਰਤ ਇਮਾਰਤਾਂ, ਕਾਰੀਗਰੀ ਤੇ ਮੀਨਾਕਾਰੀ ਸਿਖਰਾਂ ਤੇ ਸੀ।

ਇਸ ਗੱਲ 'ਤੇ ਵੀ ਸਖਤ ਝਗੜਾ ਹੈ ਕਿ ਰਾਮ ਚੰਦਰ ਦੇ ਜਨਮ ਵਾਲੀ ਆਯੁਧਿਆ ਕਿੱਥੇ ਸੀ। ਬੋਧੀ ਭਿਕਸ਼ੂਆਂ ਦੀਆਂ ਪਹਿਲੀਆਂ ਲਿਖਤਾਂ ਵਿੱਚ ਆਯੁਧਿਆ ਸ਼ਹਿਰ ਦਾ ਕਿਤੇ ਵੀ ਜ਼ਿਕਰ ਨਹੀਂ ਆਉਂਦਾ। ਹਾਂ ਉਹਨਾਂ ਦੀਆਂ ਲਿਖਤਾਂ ਵਿੱਚ ਕੋਸ਼ਲਾ (Koshala) ਰਾਜ ਦੇ ਦੋ ਸ਼ਹਿਰ ਸਕੇਤਾ ਤੇ ਸ਼ਰਾਵਤੀ ਦਾ ਜ਼ਿਕਰ ਜ਼ਰੂਰ ਆਉਂਦਾ ਹੈ। ਜੈਨੀਆਂ ਦੀਆਂ ਲਿਖਤਾਂ ਮੁਤਾਬਕ ਸਕੇਤਾ ਸ਼ਹਿਰ ਕੋਸ਼ਲਾ ਰਾਜ ਦੀ ਰਾਜਧਾਨੀ ਸੀ। ਜੈਨੀਆਂ ਦੀਆਂ ਲਿਖਤਾਂ ਵਿੱਚ ਆਯੁਧਿਆ ਦਾ ਜ਼ਿਕਰ ਵੀ ਆਉਂਦਾ ਹੈ ਪਰ ਉਹਨਾਂ ਮੁਤਾਬਕ ਉਹ ਆਯੁਧਿਆ ਤਾਂ ਕਿਤੇ ਗੰਗਾ ਦਰਿਆ ਦੇ ਕਿਨਾਰੇ ਤੇ ਸੀ ਜਦ ਕਿ ਵਰਤਮਾਨ ਆਯੁਧਿਆ ਤਾਂ ਦਰਿਆ ਸਰਿਊ (Saryu) 'ਤੇ ਸਥਿਤ ਹੈ।

ਪੰਜਵੀਂ ਸਦੀ ਵਿੱਚ ਗੁਪਤ ਖਾਨਦਾਨ ਦੇ ਰਾਜੇ ਸੰਕੰਦ ਗੁਪਤ ਨੇ ਸਕੇਤਾ ਸ਼ਹਿਰ ਨੂੰ ਆਯੁਧਿਆ ਦਾ ਨਾਮ ਦਿੱਤਾ (ਭਾਵ ਅੱਜ ਦੀ ਆਯੁਧਿਆ ਨੂੰ) ਤੇ ਆਪਣੇ ਆਪ ਨੂੰ ਰਾਜਾ ਬਿਕਰਮਾਜੀਤ ਦਾ ਖਿਤਾਬ ਬਖਸ਼ਿਆ। ਇਹੋ ਨਾਮ ਉਸ ਨੇ ਆਪਣੇ ਸਿੱਕਿਆਂ ਉਪਰ ਵੀ ਉਕਰਾਇਆ। ਇਸ ਤਰ੍ਹਾਂ ਰਾਮ ਚੰਦਰ ਦੇ ਸ਼ਰਧਾਲੂਆਂ ਨੇ ਰਿਸ਼ੀ ਵਾਲਮੀਕ ਵਾਲੀ ਮਨਘੜਤ (Fictional) ਆਯੁਧਿਆ ਨੂੰ ਸਕੇਤਾ ਸ਼ਹਿਰ ਵਾਲੀ ਆਯੁਧਿਆ ਵਿੱਚ ਬਦਲ ਦਿੱਤਾ ਜਦੋਂ ਕਿ ਰਾਮ ਚੰਦਰ ਵਾਲੇ ਤਰੇਤੇ ਯੁੱਗ ਵਿੱਚ ਸਕੇਤਾ ਸ਼ਹਿਰ ਵਾਲੀ ਆਯੁਧਿਆ ਦਾ ਨਾਮੋ-ਨਿਸ਼ਾਨ ਵੀ ਨਹੀਂ ਸੀ।

ਆਯੁਧਿਆ ਵਿੱਚ ਇੱਕ ਹੋਰ ਰਵਾਇਤੀ ਕਹਾਣੀ ਵੀ ਪ੍ਰਚਲਤ ਹੈ ਕਿ ਤਰੇਤੇ ਯੁੱਗ ਤੋਂ ਬਾਅਦ ਆਯੁਧਿਆ ਗੁਆਚ ਗਈ ਸੀ। ਰਾਜਾ ਬਿਕਰਮਾਜੀਤ ਨੇ ਇਹਨੂੰ ਮੁੜ ਲੱਭਿਆ। ਦਸਦੇ ਹਨ ਕਿ ਰਾਜਾ ਬਿਕਰਮਾਜੀਤ ਨੂੰ ਪਤਾ ਲੱਗਾ ਕਿ ਤਰਥਾਂ ਦੇ ਰਾਜੇ ਪਰੇਯਾਗਾ ਨੂੰ ਗਵਾਚੀ ਹੋਈ ਆਯੁਧਿਆ ਦੇ ਸਥਾਨ ਦਾ ਪਤਾ ਹੈ। ਰਾਜਾ ਬਿਕਰਮਾਜੀਤ ਉਸ ਰਾਜੇ ਪਾਸ ਗਿਆ। ਰਾਜੇ ਬਿਕਰਮਾਜੀਤ ਨੇ ਉਸ ਥਾਂ ਦੀ ਖੁਦਵਾਈ ਕਰਵਾਈ ਪਰ ਆਯੁਧਿਆ ਨਾ ਲੱਭੀ। ਫਿਰ ਰਾਜਾ ਬਿਕਰਮਾਜੀਤ ਇੱਕ ਯੋਗੀ ਨੂੰ ਮਿਲਿਆ। ਯੋਗੀ ਨੇ ਰਾਜੇ ਨੂੰ ਸਲਾਹ ਦਿੱਤੀ ਕਿ ਉਹ ਇੱਕ ਤਾਜ਼ਾ ਸੂਈ ਹੋਈ ਗਾਂ ਨੂੰ ਖੁੱਲ੍ਹੀ ਛੱਡ ਦੇਵੇ। ਇਸ ਗਾਂ ਦੇ ਥਣਾਂ ਵਿੱਚੋਂ ਜਿਸ ਥਾਂ ਤੇ ਦੁੱਧ ਆਪ ਮੁਹਾਰਾ ਡਿੱਗਣ ਲੱਗ ਪਵੇ ਉਹ ਅਸਲ ਆਯੁਧਿਆ ਭਾਵ ਰਾਮ ਜੀ ਦਾ ਜਨਮ ਭੂਮੀ ਦਾ ਸਥਾਨ ਹੋਵੇਗੀ। ਇਹ ਮਿਥਿਹਾਸਕ ਕਹਾਣੀ ਸਿਰਫ ਰਾਮ ਸ਼ਰਧਾਲੂਆਂ ਲਈ ਆਪਣੀ ਸ਼ਰਧਾ ਨੂੰ ਪੱਠੇ ਪਾਉਣ ਤੋਂ ਸਿਵਾਏ ਹੋਰ ਕੁਝ ਨਹੀਂ ਹੈ। ਉਪਰੋਕਤ ਇਤਿਹਾਸਕ ਦਲੀਲਾਂ ਤੋਂ ਸਾਬਤ ਹੋ ਜਾਂਦਾ ਹੈ ਕਿ ਜੇ

ਵਰਤਮਾਨ ਆਯੁਧਿਆ ਪੰਜਵੀਂ ਸਦੀ ਤੋਂ ਪਹਿਲਾਂ ਸਕੇਤਾ ਸ਼ਹਿਰ ਦੇ ਨਾਮ ਨਾਲ ਪ੍ਰਸਿੱਧ ਸੀ ਤਾਂ ਰਿਸ਼ੀ ਵਾਲਮੀਕ ਵੱਲੋਂ ਰਮਾਇਣ ਵਿੱਚ ਜ਼ਿਕਰ ਕੀਤਾ ਆਯੁਧਿਆ ਮਨਘੜਤ ਹੈ। ਇਸ ਤਰ੍ਹਾਂ ਆਯੁਧਿਆ ਨੂੰ ਰਾਮ ਦੀ ਜਨਮ ਭੂਮੀ ਦੇ ਤੌਰ ਤੇ ਮੰਨਣਾ ਧਾਰਮਿਕ ਸ਼ਰਧਾ ਤਾਂ ਹੋ ਸਕਦੀ ਹੈ ਪਰ ਇਤਿਹਾਸਕ ਸੱਚਾਈ ਨਹੀਂ ਹੈ।

## ਦੂਜਾ ਭਾਗ

ਰਾਮ ਚੰਦਰ ਜੀ ਦੀ ਪੂਜਾ ਤੋਂ ਇਲਾਵਾ ਆਯੁਧਿਆ ਬਹੁਤ ਸਾਰੇ ਦੂਜੇ ਧਰਮਾਂ ਲਈ ਵੀ ਪਵਿੱਤਰ ਸ਼ਹਿਰ ਹੈ। ਅਸਲ ਵਿੱਚ ਰਾਮ ਚੰਦਰ ਦੀ ਪੂਜਾ ਤਾਂ ਇਸ ਸ਼ਹਿਰ ਵਿੱਚ ਦੂਜੇ ਧਰਮਾਂ ਤੋਂ ਕਿਤੇ ਮਗਰੋਂ ਸ਼ੁਰੂ ਹੋਈ ਹੈ। ਸਬੂਤ ਲਈ:-

- ਪੰਜਵੀਂ ਤੇ ਅੱਠਵੀਂ ਸਦੀ ਦੇ ਵਿਚਕਾਰ ਦੀਆਂ ਲਿਖਤਾਂ ਇਹ ਤਾਂ ਜ਼ਿਕਰ ਕਰਦੀਆਂ ਹਨ ਕਿ ਆਯੁਧਿਆ ਦੇ ਲੋਕ, ਪਰ ਇਹ ਸਾਬਤ ਨਹੀਂ ਕਰਦੀਆਂ ਕਿ ਆਯੁਧਿਆ ਦੇ ਲੋਕ ਰਾਮ ਚੰਦਰ ਦੇ ਪੁਜਾਰੀ ਸਨ।
- ਚੀਨ ਦਾ ਸ਼ਾਇਦ ਇਹਨਾਂ ਸਦੀਆਂ ਦਾ ਲਿਖਾਰੀ ਤੇ ਬੋਧੀ ਯਾਤਰੂ ਹਿਯੁਆਨ ਸਾਂਗ ਲਿਖਦਾ ਹੈ ਕਿ ਆਯੁਧਿਆ ਵਿੱਚ ਬੋਧੀਆਂ ਦੇ ਵੱਡੇ-ਵੱਡੇ ਮੱਠ ਤੇ ਖਾਨਗਾਹਾਂ ਹਨ ਜਦ ਕਿ ਦੂਜੇ ਧਰਮਾਂ ਦੀ ਹੋਂਦ ਨਾ ਬਰਾਬਰ ਹੈ। ਬੋਧੀ ਲੋਕ ਆਯੁਧਿਆ ਨੂੰ ਇਸ ਕਰਕੇ ਪਵਿੱਤਰ ਸਮਝਦੇ ਹਨ ਕਿਉਂਕਿ ਉਹ ਯਕੀਨ ਕਰਦੇ ਹਨ ਕਿ ਮਹਾਤਮਾ ਬੁੱਧ ਨੇ ਕੁਝ ਸਾਲਾਂ ਦਾ ਸਮਾਂ ਇੱਥੇ ਗੁਜ਼ਾਰਿਆ ਸੀ।
- ਆਯੁਧਿਆ ਜੈਨੀ ਯਾਤਰੂਆਂ ਲਈ ਵੀ ਪਵਿੱਤਰ ਸ਼ਹਿਰ ਹੈ ਕਿਉਂਕਿ ਜੈਨੀਆਂ ਦੇ ਪਹਿਲੇ ਤੇ ਪੰਜਵੇਂ ਜੈਨ ਤੀਰਥੰਕਰ ਦੀ ਇਹ ਜਨਮ ਭੂਮੀ ਹੈ। ਹੋਰ ਦਿਲਚਸਪੀ ਦੀ ਗੱਲ ਇਹ ਹੈ ਕਿ ਅੱਜ ਤੋਂ ਕੋਈ 23 ਜਾਂ 24 ਸੌ ਸਾਲ ਪੁਰਾਣੀਆਂ ਜੈਨੀਆਂ ਦੀਆਂ ਨਿਸ਼ਾਨੀਆਂ ਤਾਂ ਖੋਜੀਆਂ ਨੇ ਲੱਭੀਆਂ ਹਨ ਪਰ ਰਾਮ ਚੰਦਰ ਦੇ ਪੁਜਾਰੀਆਂ ਦੀ ਕੋਈ ਚੀਜ਼ ਨਹੀਂ ਲਭਦੀ।
- ਇਸ ਸ਼ਹਿਰ ਵਿੱਚ ਰਾਮ ਚੰਦਰ ਜੀ ਪੂਜਾ ਤਾਂ ਸਿਰਫ ਤੇਰ੍ਹਵੀਂ ਸਦੀ ਤੋਂ ਸ਼ੁਰੂ ਹੋਈ ਮਾਲੂਮ ਹੁੰਦੀ ਹੈ। ਦੱਖਣ ਦੇ ਰਾਮਾਨੰਦ ਦੀ ਲਹਿਰ ਤੇ ਤਰੱਕੀ ਕਰਨ ਦੇ ਨਾਲ ਤੇ ਦੂਜਾ ਰਾਮ ਚੰਦਰ ਦੀਆਂ ਕਥਾਵਾਂ ਦੀ ਹਿੰਦੀ ਵਿੱਚ ਉਲਥਾ ਹੋ ਜਾਣ ਨਾਲ ਰਾਮ ਪੂਜਾ ਦਾ ਜ਼ੋਰ ਪੈ ਗਿਆ ਹੈ। ਹੋਰ ਦੇਖਣ ਵਾਲੀ ਗੱਲ ਇਹ ਹੈ ਕਿ ਪੰਦਰ੍ਹਵੀਂ ਤੇ ਸੋਲ੍ਹਵੀਂ ਸਦੀ ਵਿੱਚ ਵੀ ਰਾਮਾਨੰਦ ਦੇ ਚੇਲਿਆਂ ਨੇ ਆਯੁਧਿਆ ਵਿੱਚ ਕੋਈ ਡੇਰੇ ਨਹੀਂ ਲਾਏ। ਕੁਝ ਥਾਵਾਂ ਰਾਮਾਨੰਦੀਆਂ ਦੇ ਡੇਰੇ ਸਨ। ਅਠਾਰ੍ਹਵੀਂ ਸਦੀ ਵਿੱਚ ਰਾਮਾਨੰਦ ਸਾਧੂ ਵੱਡੀ ਗਿਣਤੀ ਵਿੱਚ ਆਯੁਧਿਆ ਆ ਕੇ ਵਸੇ। ਇਸ ਤਰ੍ਹਾਂ ਇਹਨਾਂ ਨੇ ਅਠਾਰ੍ਹਵੀਂ, ਉਨ੍ਹੀਵੀਂ ਤੇ ਵੀਹਵੀਂ ਸਦੀ ਵਿੱਚ ਰਾਮ ਮੰਦਿਰਾਂ ਦੀ ਉਸਾਰੀ ਕੀਤੀ।

## ਤੀਜਾ ਭਾਗ

ਇਤਿਹਾਸਕ ਤੌਰ 'ਤੇ ਹੁਣ ਤੱਕ ਕੋਈ ਸਬੂਤ ਨਹੀਂ ਮਿਲਿਆ ਕਿ ਬਾਬਰੀ ਮਸਜਿਦ ਉਸ ਜਗ੍ਹਾ ਤੇ ਉਸਰੀ ਹੋਈ ਹੈ ਜਿੱਥੇ ਪਹਿਲਾਂ ਰਾਮ ਮੰਦਰ ਸੀ।

☞ ਇਹ ਵੀ ਸਬੂਤ ਨਹੀਂ ਮਿਲਦਾ ਕਿ ਬਾਬਰੀ ਮਸਜਿਦ ਬਾਦਸ਼ਾਹ ਬਾਬਰ ਨੇ ਬਣਵਾਈ ਸੀ। ਹਾਂ, ਮਸਜਿਦ ਦੇ ਦੋਹਾਂ ਦਰਵਾਜ਼ਿਆਂ ਉੱਪਰ ਫ਼ਾਰਸੀ ਜ਼ਬਾਨ ਵਿੱਚ ਉਕਰਿਆ ਹੋਇਆ ਹੈ ਜਿਸ ਦਾ ਅੰਗਰੇਜ਼ੀ ਵਿੱਚ ਤਰਜਮਾ ਇਸ ਤਰ੍ਹਾਂ:

**By the command of the Emperor Babur, whose justice is an edifice reaching up to the very height of the heavens, the good hearted Mir Baqi built the alighting place of Angels. May the goodness last forever.**

ਉਪਰੋਕਤ ਲਿਖਤ ਤੋਂ ਸਾਫ ਜ਼ਾਹਿਰ ਹੁੰਦਾ ਹੈ ਕਿ ਇਹ ਮਸਜਿਦ ਬਾਬਰ ਦੇ ਉਚ ਕੋਟੀ ਦੇ ਵਿਦਵਾਨ ਸਲਾਹਕਾਰਾਂ ਵਿੱਚੋਂ ਇਕ ਵਿਦਵਾਨ ਸਲਾਹਕਾਰ ਮੀਰ ਬਕੀ ਨੇ ਬਣਵਾਈ ਹੈ ਪਰ ਇਸ ਲਿਖਤ ਵਿੱਚ ਇਹ ਭਾਵਨਾ ਕਿਤੇ ਨਹੀਂ ਮਿਲਦੀ ਕਿ ਇਹ ਮਸਜਿਦ ਮੰਦਰ ਦੀ ਥਾਂ ਉਸਾਰੀ ਗਈ ਹੈ ਤੇ ਨਾ ਹੀ ਬਾਬਰਨਾਮੇਂ ਵਿੱਚ ਕਿਤੇ ਮੰਦਰ ਦੀ ਤਬਾਹੀ ਦਾ ਜ਼ਿਕਰ ਆਉਂਦਾ ਹੈ ਤੇ ਨਾ ਹੀ ਇਸ ਗੱਲ ਦਾ ਜ਼ਿਕਰ ਹੈ ਕਿ ਬਾਬਰ ਨੇ ਮੀਰ ਬਕੀ ਨੂੰ ਇਹ ਮਸਜਿਦ ਉਸਾਰਨ ਲਈ ਕੋਈ ਹੁਕਮ ਦਿੱਤਾ ਹੈ।

ਆਈਨ-ਏ-ਅਕਬਰੀ **Aain-e-Akbari** ਵਿੱਚ ਆਯੁੱਧਿਆ ਦਾ ਜ਼ਿਕਰ ਆਉਂਦਾ ਹੈ ਕਿ ਆਯੁੱਧਿਆ ਦਾ ਵਸਨੀਕ ਰਾਮ ਚੰਦਰ ਤਰੇਤੇ ਯੁਗ ਵਿੱਚ ਹੋਇਆ, ਜਿਸਦੀ ਰੂਹਾਨੀ ਅਮੀਰੀ ਦਾ ਕੋਈ ਸਾਨੀ ਨਹੀਂ ਸੀ। ਦੁਨਿਆਵੀ ਬਾਦਸ਼ਾਹਤ ਦਾ ਉਹ ਰੱਬੀ ਹੱਕਦਾਰ ਸੀ। ਪਰ ਅਕਬਰ ਨੇ ਕਿਤੇ ਵੀ ਇਹ ਦਰਜ ਨਹੀਂ ਕੀਤਾ ਕਿ ਬਾਬਰੀ ਮਸਜਿਦ ਉਸ ਦੇ ਬਾਬੇ ਨੇ ਰਾਮ ਚੰਦਰ ਦੇ ਮੰਦਰ ਨੂੰ ਢਾਹ ਕੇ ਬਣਵਾਈ ਸੀ।

ਇੱਥੋਂ ਤੱਕ ਕਿ ਹਿੰਦੂ ਕਵੀ ਤੇ ਲਿਖਾਰੀ ਤੁਲਸੀ ਦਾਸ ਜਿਹੜਾ ਰਾਮ ਚੰਦਰ ਦਾ ਰੱਜ ਕੇ ਪੁਜਾਰੀ ਸੀ। ਬਾਦਸ਼ਾਹ ਅਕਬਰ ਦੇ ਸਮੇਂ ਹੋਇਆ ਹੈ, ਨਾਲ ਹੀ ਉਹ ਆਯੁੱਧਿਆ ਦੇ ਇਲਾਕੇ ਦਾ ਵੀ ਵਸਨੀਕ ਸੀ। ਉਸ ਨੇ ਮੁਸਲਮਾਨਾਂ ਦੇ ਰਾਜ ਦੀ ਚੜ੍ਹਤ ਨੂੰ ਮਲੇਸ਼ ਚੜ੍ਹਤ ਤਾਂ ਦੱਸਿਆ ਸੀ ਪਰ ਆਪਣੀਆਂ ਲਿਖਤਾਂ ਵਿੱਚ ਇਸ ਗੱਲ ਦਾ ਕਿਤੇ ਭੋਗ ਨਹੀਂ ਪਾਇਆ ਕਿ ਬਾਬਰੀ ਮਸਜਿਦ ਰਾਮ ਮੰਦਰ ਨੂੰ ਢਾਹ ਕੇ ਬਣਵਾਈ ਗਈ ਹੈ।

ਮੰਦਰ ਨੂੰ ਢਾਹੁਣ ਦੀ ਕਹਾਣੀ 19ਵੀਂ ਸਦੀ ਵਿੱਚ ਚਾਲੂ ਹੋਈ ਹੈ। ਇਹੋ ਕਹਾਣੀ ਸਰਕਾਰੀ ਰਿਕਾਰਡਾਂ ਵਿੱਚ ਦਰਜ ਕੀਤੀ ਗਈ। ਮਗਰਲੇ ਲਿਖਾਰੀ ਜਾਂ ਪ੍ਰਚਾਰਕ ਆਪਣੀ ਦਲੀਲ ਦੀ ਮਜ਼ਬੂਤੀ ਲਈ ਇਹਨਾਂ ਸਰਕਾਰੀ ਹਵਾਲਿਆਂ ਦਾ ਆਸਰਾ ਲੈਂਦੇ ਰਹੇ ਹਨ।

**History Sketch of Tehsil Fyzabad zillah Fyzabad Lucknow 1870,** ਅੰਗਰੇਜ਼ਾਂ

ਨੇ ਆਪਣੇ ਰਾਜਸੀ ਮੰਤਵ ਲਈ ਇਸ ਕਹਾਣੀ ਨੂੰ ਹੋਰ ਵੀ ਪੱਕਿਆ ਕੀਤਾ।

ਹੁਣ ਜਦੋਂ ਅਸੀਂ ਉਪਰੋਕਤ ਇਤਿਹਾਸਕ ਗਵਾਹੀਆਂ ਤੇ ਸਬੂਤਾਂ ਨੂੰ ਵਿਚਾਰਦੇ ਹਾਂ ਤਾਂ ਸਾਫ ਹੋ ਜਾਂਦਾ ਹੈ ਕਿ ਹਿੰਦੂ ਤੇ ਮੁਸਲਮਾਨ ਫ਼ਿਰਕਾਪ੍ਰਸਤਾਂ ਦੇ ਰਾਮ ਜਨਮ ਭੂਮੀ ਤੇ ਬਾਬਰੀ ਮਸਜਿਦ ਦੇ ਪਹਿਲਾਂ ਜਾਂ ਮਗਰੋਂ ਉਸਾਰਨ ਦੇ ਸਾਰੇ ਦਾਅਵੇ ਝੂਠੇ ਸਾਬਤ ਹੋ ਜਾਂਦੇ ਹਨ। ਤਾਰੀਖ਼ ਇਹਨਾਂ ਦੇ ਮੂੰਹ ਤੇ ਥੱਪੜ ਮਾਰਦੀ ਹੈ। ਆਯੁੱਧਿਆ ਸ਼ਹਿਰ ਦਾ ਧਾਰਮਿਕ ਖਾਸਾ ਸਦੀਆਂ ਧਰਮਾਂ ਨਾਲ ਜੁੜਿਆ ਹੋਇਆ ਹੈ। ਮੁਲਕ ਦੇ ਵੱਖਰੇ-ਵੱਖਰੇ ਧਾਰਮਿਕ ਫ਼ਿਰਕਿਆਂ ਨੇ ਇਸ ਸ਼ਹਿਰ ਨੂੰ ਆਪਣੇ-ਆਪਣੇ ਧਾਰਮਿਕ ਅਕੀਦਿਆਂ ਨਾਲ ਤਰਜੀਹ ਦਿੱਤੀ ਹੈ। ਇਸ ਲਈ ਮੁਲਕ ਦਾ ਕੋਈ ਧਾਰਮਿਕ ਫ਼ਿਰਕਾ ਵੀ ਇਸ ਸ਼ਹਿਰ ਨੂੰ ਆਪਣੀ ਧਾਰਮਿਕ ਜਾਇਦਾਦ ਜਾਂ ਵਿਰਸੇ ਦੇ ਤੌਰ 'ਤੇ ਇਸਦਾ ਮਾਲਕ ਨਹੀਂ ਕਹਾ ਸਕਦਾ। ਇਸ ਲਈ ਅਸੀਂ ਸਮਝਦੇ ਹਾਂ ਕਿ ਰਾਮ ਜਨਮ ਭੂਮੀ ਤੇ ਬਾਬਰੀ ਮਸਜਿਦ ਦੇ ਇਲਾਕੇ ਨੂੰ ਕੌਮੀ ਯਾਦਗਾਰ (NATIONAL MONUMENT) ਦੇ ਤੌਰ 'ਤੇ ਐਲਾਨਿਆ ਜਾਵੇ।

ਜਵਾਹਰ ਲਾਲ ਯੂਨੀਵਰਸਿਟੀ ਦਿੱਲੀ ਦੇ ਸੈਂਟਰ ਫਾਰ ਹਿਸਟੋਰੀਕਲ ਸਟੱਡੀਜ਼ ਦੇ ਵਿਭਾਗ ਦੇ ਮੈਂਬਰਾਂ ਨੇ ਰਾਮ ਜਨਮ ਭੂਮੀ ਬਾਬਰੀ ਮਸਜਿਦ ਦੇ ਸਵਾਲਾਂ ਤੇ ਇਹ ਖੋਜ-ਭਰਪੂਰ ਡਾਕੂਮੈਂਟ ਪ੍ਰਕਾਸ਼ਿਤ ਕੀਤਾ। ਡਾਕੂਮੈਂਟ ਦਾ ਨਾਮ ਹੈ Political Abuse of History ਇਸ ਡਾਕੂਮੈਂਟ ਤੇ ਭਾਰਤ ਕੋਈ ਤੀਹ ਦੇ ਕਰੀਬ ਇਤਿਹਾਸਕਾਰਾਂ, ਬੁੱਧੀਜੀਵੀਆਂ ਤੇ ਸਿਆਸੀ ਲੀਡਰਾਂ ਤੇ ਵਿਦਵਾਨਾਂ ਨੇ ਦਸਤਖ਼ਤ ਕੀਤੇ ਹਨ।

❖❖❖

1 ਮਾਸਿਕ ਵਿਗਿਆਨ ਜੋਤ, ਅਕਤੂਬਰ-ਨਵੰਬਰ 2003, ਪੰਨਾ 47, 48 :

# ਕੀ ਸਿੱਖ ਗੁਰੂ ਸਾਹਿਬਾਨ ਗਊਪੂਜਕ ਸਨ ?

ਹਿੰਦੂ ਧਰਮੀ ਲੋਕ ਆਪਣੇ ਆਪ ਨੂੰ ਗਊਪੂਜਕ ਅਖਵਾ ਕੇ ਬੜਾ ਮਾਣ ਅਤੇ ਫ਼ਖਰ ਮਹਿਸੂਸ ਕਰਦੇ ਹਨ। ਜੇਕਰ ਡੂੰਘੇ ਤੱਥਾਂ ਦੀ ਪੜਤਾਲ ਕੀਤੀ ਜਾਵੇ ਤਾਂ ਬਿਪਰਵਾਦੀਆਂ ਦੀ ਗਊ ਪ੍ਰਤੀ ਸ਼ਰਧਾ ਕੋਈ ਨਹੀਂ ਹੈ ਸਗੋਂ ਗਊ ਨੂੰ ਤਾਂ ਕਦੀ ਵਾਰ ਰਾਜਨੀਤਕ ਅਤੇ ਕਦੀ ਵਾਰ ਧਾਰਮਿਕ ਮੁੱਦਾ ਬਣਾ ਕੇ ਮੁੱਲ ਜ਼ਰੂਰ ਵੱਟਿਆ ਜਾਂਦਾ ਹੈ, ਪਰੰਤੂ ਗਊ ਮਾਤਾ ਵਿਚਾਰੀ ਹਾਲਤ ਉਵੇਂ ਦੀ ਉਵੇਂ ਹੀ ਰਹਿੰਦੀ ਹੈ। ਰਾਸ਼ਟਰੀ ਸੋਇੰਮ ਸੇਵਕ ਸੰਘ ਨੇ ਗਊਮਾਤਾ ਅਧਾਰਿਤ ਰਾਜਨੀਤੀ ਨੂੰ ਜਿਥੇ ਵਰਤਿਆ ਹੈ ਉਥੇ ਸਿੱਖ ਧਰਮ ਅਤੇ ਸਿੱਖ ਗੁਰੂ ਸਾਹਿਬਾਨ ਨੂੰ ਗਊ-ਪੂਜਕ ਸਿੱਧ ਕਰਨ ਦੇ ਉਪਰਾਲੇ ਕੀਤੇ ਗਏ। ਆਪਣੇ ਕਿਤਾਬਚਿਆਂ ਵਿੱਚ ਗਊਪੂਜਾ ਨਾਲ ਸੰਬੰਧਤ ਮਨਘੜਤ ਤੁਕਾਂ ਛਾਪੀਆਂ ਗਈਆਂ ਅਤੇ ਉਨ੍ਹਾਂ ਦਾ ਸੰਬੰਧ ਸਿੱਖ ਧਰਮ ਗ੍ਰੰਥਾਂ ਨਾਲ ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਬੇਸ਼ਕ ਕਿ ਇਨ੍ਹਾਂ ਦਾ ਸਿੱਖ ਧਰਮ ਨਾਲ ਕੋਈ ਸੰਬੰਧ ਨਹੀਂ ਸੀ। ਪਰੰਤੂ ਸੰਘ ਵਲੋਂ ਗੁਰੂ ਸਾਹਿਬ ਨੂੰ ਗਊਪੂਜਕ ਦਰਸਾਉਣਾ ਜਿਥੇ ਸੰਘ ਦਾ ਆਪਣਾ ਕਾਫ਼ਲਾ ਵੱਡਾ ਕਰਨ ਦੀ ਸਾਜ਼ਿਸ਼ ਸੀ ਉਥੇ ਨਾਲ ਹੀ ਸਿੱਖਾਂ ਨੂੰ ਮੁਸਲਮਾਨਾਂ ਦੇ ਖਿਲਾਫ਼ ਵਰਤਣਾ ਸੀ, ਕਿਉਂਕਿ ਮੁਸਲਿਮ ਵੀਰ ਗਊਮਾਸ ਦੀ ਆਹਾਰ ਵਜੋਂ ਵਰਤੋਂ ਕਰਦੇ ਹਨ।

*ਬਿਪਰਵਾਦੀਆਂ ਵਲੋਂ ਸਿਧਾਂਤਾਂ ਨਾਲ ਖਿਲਵਾੜ:-* ਸੰਘ ਦੀ ਸਿੱਖ ਰੂਪੀ ਪੁੱਤ੍ਰ ਸਿੱਖ ਵਿਰੋਧੀ ਸ਼ਾਖਾ ਰਾਸ਼ਟਰੀ ਸਿੱਖ ਸੰਗਤ ਵਲੋਂ ਕ੍ਰਿਸ਼ਨ ਜਨਮ ਅਸ਼ਟਮੀ ਨਾਲ ਸੰਬੰਧਿਤ ਇਕ ਕਿਤਾਬਚਾ ਪ੍ਰਕਾਸ਼ਿਤ ਕੀਤਾ ਗਿਆ ਜਿਸ ਦਾ ਸਿਰਲੇਖ ਸੀ, *ਗੌਮਾਤਾ ਸਰਵ ਸੁਖਪ੍ਰਦਾ* ਇਸ ਕਿਤਾਬਚੇ ਵਿੱਚ ਜਿਥੇ ਗਊ ਮਾਤਾ ਦੀ ਉਸਤਤੀ ਦੇ ਖਿਆਲੀ ਪੁਲ ਬੰਨ੍ਹੇ ਗਏ ਉਥੇ ਗਊ ਪੂਜਾ ਨੂੰ ਸਿੱਖ ਧਰਮ ਦਾ ਜ਼ਰੂਰੀ ਅੰਗ ਦਰਸਾਇਆ ਗਿਆ। ਅਖੌਤੀ 'ਸਿੱਖ ਸੰਗਤ' ਵਲੋਂ ਅਤੇ ਜੈ ਸ੍ਰੀ ਕ੍ਰਿਸ਼ਨ ਤੋਂ ਬਾਅਦ 'ਰੋਗ ਦੋਸ਼ ਨਿਵਾਰਨੀ' ਸਿਰਲੇਖ ਅਧੀਨ ਗਊਮਾਤਾ ਦੇ ਗੁਣਾਂ ਦਾ ਵਰਨਣ ਇੰਝ ਕੀਤਾ ਹੈ:

*-ਜੀਵਨ ਸ਼ਕਤੀ ਵਰਧਕ ਦੁੱਧ ਅੰਮ੍ਰਿਤ ਦੇਣ ਵਾਲੀ*
*-ਅਰੋਗਯਕਾਰੀ ਦਹੀਂ ਅਤੇ ਮੱਠਾ ਦੇਣ ਵਾਲੀ*
*-ਸਾਤਵਿਕ ਬਲਬੁੱਧੀ ਵਰਧਨ ਗਊ ਘਿਉ*
*-ਗਊਮੂਤਰ ਇਕ ਦਿਵਯ ਦਵਾ*
*-ਸਰਵੋਤਮ ਖਾਦ ਅਤੇ ਰੋਗਾਣ ਨਾਸ਼ਕ ਗਊ ਦਾ ਗੋਬਰ*
*-ਗਊਮਾਤਾ ਇਕ ਬਿਜਲੀਘਰ*

ਪਰਚੇ ਦੇ ਅਖੀਰ ਵਿੱਚ ਇਕ ਮਨਘੜਤ ਤੁਕਾਂ ਲਿਖੀਆਂ ਹੋਈਆਂ ਹਨ,

੧. ਯਹੈ ਬਿਨਤੀ ਮਾਤੁ ਹਮਾਰੀ ਸੁਨੀਜੈ।
ਅਸੁਰ ਮਾਰ ਕਰ ਰਕਸ਼ਾ ਗਊਅਨ ਕੀਜੈ।
੨. ਯਹੀ ਦੇਹੁ ਆਗਿਆ ਤੁਰਕ ਗਾਹੈ ਖਪਾਊਂ॥
ਗਊ. ਘਾਤ ਕਾ ਦੋਸ਼ ਜਗ ਸੇ ਮਿਟਾਊਂ॥

(ਸ੍ਰੀ ਗੁਰੂ ਗੋਬਿੰਦ ਸਿੰਘ)

ਇਸ ਪਰਚੇ ਦੇ ਅਖੀਰ ਵਿੱਚ ਜੋ ਦਰਜ ਹੈ, ਬੜਾ ਹਿਰਦੇਵੇਦਕ ਹੈ, ਉਸ ਦੀ ਇਬਾਰਤ ਇਵੇਂ ਹੈ:

*ਸ੍ਰੀ ਗੁਰੂ ਗੋਬਿੰਦ ਸਿੰਘ ਗਊਸ਼ਾਲਾ*
*ਮਹਲ ਗਾਂਵ, ਗਵਾਲਿਅਰ ਕੀ ਔਰ ਸੇ ਸ੍ਰੀ ਕ੍ਰਿਸ਼ਨ ਜ਼ਨਮ*
*ਅਸ਼ਟਮੀ ਪਰ ਹਾਰਦਿਕ ਵਧਾਈ ਹੋ।*

ਆਪਣੇ ਇਕ ਹੋਰ ਕਿਤਾਬਚੇ ਵਿੱਚ ਸੰਘੀ ਲੇਖਕ ਰਾਜਿੰਦਰ ਸਿੰਹੁ ਗੁਰੂ ਸਾਹਿਬ ਦੇ ਸੰਸਾਰ ਮੰਚ ਉਪਰ ਆਗਮਨ ਦਾ ਕਾਰਨ ਲਿਖਦਾ ਦੱਸਦਾ ਹੈ:

"ਗਊ ਅਤੇ ਗਰੀਬ ਕੋ ਮਾਰਨ ਲਗੇ ਅਤੇ ਧਰਤੀ ਉਪਰ ਪਾਪ ਕਰਮਾਂ ਦਾ ਵਿਸਥਾਰ ਕਰ ਦਿੱਤਾ"। (ਸਿੱਖ ਇਤਿਹਾਸ ਮੇਂ ਰਾਮ ਜਨਮ ਭੂਮੀ, ਪੰਨਾ 4)

ਮੁਹੰਮਦ ਦੇ ਅਨੁਆਈਆਂ ਨੇ ਭਾਰਤਵਰਸ਼ ਦੇ ਸਾਰੇ ਲੋਗਾਂ ਦੇ ਧਰਮ ਕਰਮ ਨੂੰ ਖੰਡਨ ਕਰਕੇ ਸਾਧੂ-ਸੰਤਾਂ, ਗਊ ਅਤੇ ਬ੍ਰਾਹਮਣ ਨੂੰ ਬਹੁਤ ਦੁੱਖ ਦਿੱਤੇ। (ਉਪਰੋਕਤ ਪੰਨਾ 8)

ਰਾਸ਼ਟਰੀ ਸੋਇਮ ਸੇਵਕ ਸੰਘ ਵਲੋਂ ਪੰਜਾਬ ਵਿੱਚ ਭਗਵਾਂਕਰਨ ਦੀ ਲਹਿਰ ਨੂੰ ਤੇਜ਼ ਕਰਨ ਲਈ ਆਰੰਭੇ ਗਏ 'ਰਾਸ਼ਟਰੀ ਜਾਗਰਣ ਅਭਿਆਨ' ਅਧੀਨ ਪੰਜਾਬ ਵਿੱਚ ਲੱਖਾਂ ਦੀ ਗਿਣਤੀ ਵਿੱਚ ਕਿਤਾਬਚੇ ਵੰਡੇ ਗਏ ਜਿਨ੍ਹਾਂ ਵਿੱਚ ਜਿਥੇ ਹਿੰਦੂ ਧਰਮ ਵਿੱਚ ਗਊ ਪੂਜਾ ਦਾ ਮਹੱਤਵ ਅਤੇ ਗਊਮਾਤਾ ਦੇ ਗੁਣਾਂ ਦੀ ਚਰਚਾ ਕੀਤੀ ਗਈ ਸੀ ਉਥੇ ਨਾਲ ਹੀ ਮਨਘੜਤ ਦੋਹੇ ਅਤੇ ਤੁਕਾਂ ਆਦਿ ਗੁਰੂ ਨਾਮ ਨਾਲ ਛਾਪ ਕੇ ਵੰਡੇ ਗਏ ਜਿਨ੍ਹਾਂ ਦਾ ਮਕਸਦ ਕੇਵਲ ਸਿੱਖ ਧਰਮ ਨੂੰ ਗਊਪੂਜਕ ਸਿੱਧ ਕਰਨਾ ਸੀ, ਇਕ ਪਰਚੇ ਉਪਰ ਇਹ ਤੁਕਬੰਦੀ ਅੰਕਿਤ ਹੈ:

ਗਊ ਘਾਤ ਕਾ ਦੋਖ ਜਗ ਸਿਉਂ ਮਿਟਾਊਂ॥

(ਗੁਰੂ ਗੋਬਿੰਦ ਸਿੰਘ ਜੀ)

ਯਹੀ ਦੇਹ ਆਗਿਆ ਤੁਰਕਨ ਗਹਿ ਖਪਾਊਂ॥
ਗਊ ਘਾਤ ਕਾ ਦੋਖ ਜਗ ਸਿਉਂ ਮਿਟਾਊ॥
ਛਤ੍ਰ ਤਖਤ ਮੁਗਲਨ ਕਰਹੁੰ ਮਾਰ ਚੂਰੇ॥
ਘੁਰਹਿ ਤਬ ਜਗਤ ਮਹਿ ਫਤਹ ਧਰਮ ਤੂਰੇ॥

ਤੁਮਨ ਦਰ ਖੜਾ ਦਾਸ ਕਰੈ ਪੁਕਾਰਾ॥
ਤੁਰਕਨ ਮੇਟ ਦੀਜੈ ਜਗਤ ਮਹਿ ਉਜਾਰਾ॥
ਤਬਹਿ ਗੀਤ ਮੰਗਲ ਫ਼ਤਹਿ ਕੇ ਸੁਨਾਊਂ॥
ਤੁਮਨ ਕੋ ਸਿਮਰ ਦੂਖ ਸਗਲੇ ਮਿਟਾਊਂ॥
ਸਭੈ ਸ੍ਰਿਸ਼ਟ ਪਰਜਾ ਸੁਖੀ ਹੋਇ ਬਿਰਾਜੈ॥
ਮਿਟੈ ਦੂਖ ਸੰਤਾਪ ਆਨੰਦ ਗਾਜੈ॥
ਨਾ ਛਾਡਊ ਕਹੂੰ ਦੁਸਟ ਅਸੁਰਨ ਨਿਸਾਨੀ॥
ਚਲੈ ਸਭ ਜਗਤ ਮਹਿ ਧਰਮ ਕੀ ਕਹਾਨੀ॥ (ਦਸਮ ਗ੍ਰੰਥ ਵਿੱਚੋਂ)

ਜਿਥੇ ਉਪਰੋਕਤ ਮਨਘੜਤ ਤੁਕਾਂ ਨੂੰ ਲੈ ਕੇ ਸਿੱਖ ਧਰਮ ਵਿੱਚ ਗਊ ਪੂਜਾ ਨੂੰ ਜਾਇਜ਼ ਠਹਰਾਇਆ ਜਾ ਰਿਹਾ ਹੈ ਉਥੇ ਨਾਲ ਹੀ ਗੁਰੂ ਸਾਹਿਬ ਦਾ ਸੰਸਾਰ ਮੰਚ ਉਪਰ ਆਗਮਨ ਦਾ ਕਾਰਨ ਅਤੇ ਖ਼ਾਲਸਾ ਪੰਥ ਨੂੰ ਪ੍ਰਗਟ ਕਰਨਾ ਵੀ ਗਊ ਰੱਖਿਆ ਨਿਮਤ ਹੀ ਦਸਾਇਆ ਜਾਂਦਾ ਹੈ।

ਵਿਗਿਆਨਕ ਯੁੱਗ ਵਿੱਚ ਗਊ ਪੂਜਾ ਨੂੰ ਜਾਇਜ਼ ਠਹਿਰਾਉਣ ਲਈ 'ਗਊ ਸੇਵਾ ਸੰਘ' ਦੇ ਮੁੱਖੀ ਬ੍ਰਹਮ ਦੱਤ ਸ਼ਰਮਾ ਨੇ ਬਿਆਨਿਆ ਕਿ:

ਭਾਰਤ ਦੇ ਉਚੇ ਕੰਧਿਆਂ ਵਾਲੀ ਗਊ ਦੇ ਗੋਬਰ, ਮੂਤਰ, ਦੁੱਧ, ਘਿਉ ਅਤੇ ਸਾਸ-ਗਿਰਾਸ ਵਿੱਚ ਅੰਮ੍ਰਿਤ ਵਰਗੇ ਗੁਣ ਹਨ।--------ਭਗਵਤੀ ਕਿਰਪਾ ਅਤੇ ਗਊ ਮਾਤਾ ਦੀ ਸਹਾਇਤਾ ਨਾਲ ਅਸਾਧ ਰੋਗਾਂ ਦੇ ਬਚਾਅ ਲਈ ਜੇਕਰ ਅਸੀਂ ਸਾਵਧਾਨੀ ਵਰਤੀਏ ਤਾਂ ਸਾਡਾ ਜੀਵਨ ਸੁੱਖੀ ਰਹਿ ਹੋ ਸਕਦਾ ਹੈ।--------ਵਿਦੇਸ਼ੀ ਬਲਦਾਂ ਦੇ ਮੇਲ ਨਾਲ ਤਿਆਰ ਨਸਲਾਂ ਵਿੱਚ ਅੰਮ੍ਰਿਤ ਵਰਗੇ ਗੁਣ ਨਹੀਂ ਹੁੰਦੇ--------ਸਵਦੇਸ਼ੀ ਗਊ ਮਾਤਾ ਵੰਸ਼ ਨੂੰ ਬਚਾਉਣਾ ਚਾਹੀਦਾ ਹੈ--------ਗਊਆਂ ਉਪਰ ਔਤਿਆਚਾਰ ਮਨੁੱਖੀ ਭਾਵਨਾਵਾਂ ਦੀ ਸਿੱਧੀ ਹੱਤਿਆ ਹੈ।

(ਦੈਨਿਕ ਜਾਗਰਨ, 14 ਜਨਵਰੀ 2000)

'ਗਊ ਰੱਖਿਆ ਦਲ' ਪੰਜਾਬ ਦੇ ਪ੍ਰਧਾਨ ਸ਼ਤੀਸ਼ ਕੁਮਾਰ ਨੇ ਗਊ ਹੱਤਿਆਰਿਆਂ ਦੀ ਫਾਂਸੀ ਦੀ ਮੰਗ ਕਰਦਿਆਂ ਕਿਹਾ:

ਗਊ ਹੱਤਿਆ ਘਿਨਾਉਣਾ ਅਪਰਾਧ ਹੈ। ਗਊ ਹੱਤਿਆ ਹਿੰਦੂ ਸਮਾਜ ਲਈ ਬੜੀ ਸ਼ਰਮਨਾਕ ਗੱਲ ਹੈ। ਇਸ ਦੀ ਜਿੰਨੀ ਵੀ ਨਿੰਦਾ ਕੀਤੀ ਜਾਵੇ ਥੋੜ੍ਹੀ ਹੈ, ਅਗਰ ਗਊ ਹੱਤਿਆਰਿਆਂ ਨੂੰ ਫਾਂਸੀ ਦਿੱਤੀ ਜਾਵੇ ਤਾਂ ਘੱਟ ਹੈ।" (ਦੈਨਿਕ ਜਾਗਰਨ, 26 ਫਰਵਰੀ 2000)

ਫਾਜ਼ਿਲਕਾ ਅਤੇ ਕਾਨਪੁਰ ਵਿਖੇ ਹੋਈਆਂ ਗਊ ਹੱਤਿਆਵਾਂ ਬਾਰੇ ਗਊ ਰੱਖਿਆ ਦਲ ਨੇ ਕਿਹਾ ਕਿ:

"ਇਨ੍ਹਾਂ ਘਿਨੌਣੇ ਔਤਿਆਚਾਰਾਂ ਦੇ ਪਿੱਛੇ ਅੰਤਰਰਾਸ਼ਟਰੀ ਗਿਰੋਹਾਂ ਦੇ ਹੱਥ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਦੇ ਪਿੱਛੇ ਪਾਕਿਸਤਾਨੀ ਏਜੰਟਾਂ ਦਾ ਹੱਥ ਹੋਣਾ ਵੀ ਕੋਈ ਵੱਡੀ

ਗੱਲ ਨਹੀਂ।------ਪਾਕਿਸਤਾਨ ਦੀ ਏਜੰਸੀ ਆਈ.ਐਸ.ਆਈ. ਭਾਰਤ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਹਰਕਤਾਂ ਕਰਦੀ ਹੈ--------ਪਾਕਿਸਤਾਨੀ ਧਾਰਮਿਕ ਅਸਥਾਨਾਂ, ਭੀੜ ਭਾੜ ਵਾਲੇ ਇਲਾਕਿਆਂ ਤੇ ਬੰਬ ਧਮਾਕੇ ਕਰਕੇ ਅਤੇ ਗਊ ਹੱਤਿਆ ਵਰਗੇ ਘਿਨਾਉਣੇ ਅਪਰਾਧ ਕਰ ਰਹੇ ਹਨ।--------ਗਊ ਹੱਤਿਆ ਹਿੰਦੂ ਸਮਾਜ ਲਈ ਸ਼ਰਮਨਾਕ ਗੱਲ ਹੈ ਅਤੇ ਗਊ ਹੱਤਿਆਰਿਆਂ ਨੂੰ ਫਾਂਸੀ ਜ਼ਰੂਰ ਦਿੱਤੀ ਜਾਣੀ ਚਾਹੀਦੀ ਹੈ। (ਦੈਨਿਕ ਜਾਗਰਨ, 26 ਫਰਵਰੀ 2000)

ਪਿਆਰਾ ਸਿੰਹੁ ਭਨਿਆਰਾ ਵਾਲੇ ਨੇ ਗੁਰ ਸਿਧਾਂਤਾਂ ਅਤੇ ਗੁਰੂ ਗ੍ਰੰਥ ਸਾਹਿਬ ਦੀ ਰੱਜ ਕੇ ਬੇਅਦਬੀ ਕੀਤੀ। ਉਸਨੂੰ ਕੱਟੜਵਿਧੀ ਨਾਲ ਹਿੰਦੂਤਵ ਲਾਗੂ ਕਰਨ ਵਾਲੇ ਤੁਅੱਸਬੀ ਸੰਗਠਨਾਂ ਦੀ ਸ਼ਹਿ ਸੀ। ਉਸਨੇ ਸਰਕਾਰੀ ਜ਼ਮੀਨ ਉਪਰ ਕੀਤੇ ਕਬਜ਼ੇ ਵਿੱਚ ਅਨੇਕਾਂ ਜਾਨਵਰ ਪਾਲੇ ਹੋਏ ਸਨ ਜਿਨ੍ਹਾਂ ਵਿੱਚ ਗਊਆਂ ਦੀ ਗਿਣਤੀ ਵਧੇਰੇ ਸੀ। ਉਸ ਦੇ ਇਸ ਜਾਨਵਰ ਗ੍ਰਹਿ ਵਿੱਚ ਇਕ ਦੋ ਗਊਆਂ ਦੀ ਭੇਦਭਰੀ ਹਾਲਤ ਵਿੱਚ ਮੌਤ ਹੋ ਗਈ ਤਾਂ ਹਿੰਦੂ ਸੁਰੱਖਿਆ ਸੰਮਤੀ ਨੇ ਜਿਥੇ ਤੁਰੰਤ ਗੁਮਰਾਹਕੁੰਨ ਬਿਆਨ ਦੇ ਕੇ ਬਾਬੇ ਦੀ ਪਿੱਠ ਠੋਕੀ ਉਥੇ ਨਾਲ ਹੀ ਸਿੱਖ ਸੰਪਰਦਾਵਾਂ ਅਤੇ ਸੰਗਠਨਾਂ ਨੂੰ ਸ਼ਰੇਆਮ ਵੰਗਾਰਿਆ। 'ਹਿੰਦੂ ਸੁਰੱਖਿਆ ਸੰਮਤੀ' ਦੇ ਪ੍ਰਧਾਨ ਸੰਜੀਵ ਭਾਰਦਵਾਜ ਨੇ ਕਿਹਾ,

"ਡੇਰਾ ਭਨਿਆਰਾ ਦੇ ਮੁੱਖੀ ਬਾਬਾ ਪਿਆਰਾ ਸਿੰਹੁ ਨੂੰ ਗਊਆਂ ਨਾਲ ਅਥਾਹ ਪਿਆਰ ਹੈ। ਗਊਆਂ ਦੀ ਰੱਖਿਆ ਅਤੇ ਸੇਵਾ ਹਿੱਤ ਹੀ ਉਹਨਾਂ ਨੇ 1980 ਈ: ਵਿੱਚ ਡੇਰੇ ਦਾ ਨਿਰਮਾਣ ਕੀਤਾ। ਗਊ ਦੀ ਰੱਖਿਆ ਵਾਸਤੇ ਬਾਬਾ ਜੀ ਨੇ ਯਤਨ ਕੀਤੇ ਅਤੇ ਅਨੇਕਾਂ ਗਊਆਂ ਨੂੰ ਅੱਤਿਆਚਾਰੀਆਂ ਦੇ ਟੋਲਿਆਂ ਕੋਲੋਂ ਛੁਡਵਾਇਆ। ਇਸ ਕਰਕੇ ਹੀ ਗਊ ਵਿਰੋਧੀ ਤੱਤ ਇਹਨਾਂ ਦੇ ਦੁਸ਼ਮਣ ਬਣ ਗਏ-------ਬਾਬਾ ਜੀ ਨੂੰ ਜਾਨਵਰਾਂ ਨਾਲ ਏਨਾ ਪਿਆਰ ਹੈ ਕਿ ਸਵੇਰੇ ਹੀ ਜਾਨਵਰਾਂ ਨੂੰ ਦਾਣਾ ਖਵਾਉਣ ਚਲ ਪੈਂਦੇ ਹਨ। ਉਹ ਦੂਰ ਜੰਗਲ ਵਿੱਚ ਨੰਗੇ ਪੈਰ ਜਾ ਕੇ ਅਨਾਜ ਵੰਡਦੇ ਹਨ। ਕੁਝ ਅਸਮਾਜਿਕ ਤੱਤਾਂ ਵਲੋਂ ਇਹ ਬਰਦਾਸ਼ਤ ਨਹੀਂ ਕੀਤਾ ਜਾ ਰਿਹਾ ਅਤੇ ਉਹ ਬਾਬਾ ਜੀ ਅਤੇ ਡੇਰੇ ਨੂੰ ਬਦਨਾਮ ਕਰਨ ਲਈ ਗਊ ਹੱਤਿਆ ਕਰਵਾ ਰਹੇ ਹਨ----------ਬਾਬਾ ਜੀ ਹਰ ਵੇਦ ਗ੍ਰੰਥ ਦਾ ਆਦਰ ਕਰਦੇ ਹਨ, ਗਊਆਂ ਅਤੇ ਪਸ਼ੂਆਂ ਦੀ ਸੇਵਾ ਕਰਦੇ ਹਨ। ਜੇਕਰ ਉਹਨਾਂ ਨੂੰ ਕੋਈ ਡਰਾ ਜਾਂ ਧਮਕਾ ਕੇ ਝੁਕਾਉਣਾ ਚਾਹੁੰਦਾ ਹੈ ਤਾਂ ਇਹ ਸੰਭਵ ਨਹੀਂ ਹੈ। ਉਹ ਕੂੜ ਦੇ ਅੱਗੇ ਕਦੀ ਨਹੀਂ ਝੁਕਣਗੇ।

ਜੇਕਰ ਸਰਕਾਰ ਦੁਆਰਾ ਛੇਤੀ ਹੀ ਪਸ਼ੂ ਹੱਤਿਆ ਵਰਗੀ ਕਾਰਵਾਈ ਨੂੰ ਨਾ ਰੋਕਿਆ ਗਿਆ ਤਾਂ ਹਿੰਦੂ ਸੁਰੱਖਿਆ ਸੰਮਤੀ ਉਥੇ (ਬਾਬੇ ਦੇ ਡੇਰੇ) ਜਾ ਕੇ ਅੰਦੋਲਨ ਆਰੰਭ ਕਰੇਗੀ ਅਤੇ ਬਾਬਾ ਪਿਆਰਾ ਸਿੰਹੁ ਭਨਿਆਰਾ ਨੂੰ ਪੂਰਨ ਸਹਿਯੋਗ ਦੇਵੇਗੀ। (ਦੈਨਿਕ ਜਾਗਰਨ, 6 ਜਨਵਰੀ 2000)

ਜ਼ਿਕਰਯੋਗ ਹੈ ਇਸ ਸਮੇਂ ਤੱਕ ਪਿਆਰਾ ਸਿੰਹੁ ਭਨਿਆਰਾ ਵਾਲੇ ਉਪਰ ਭਾਰਤੀ ਦੰਡ ਦੀ ਧਾਰਾ 365, 386, 366, 323, 148, 149 ਅਧੀਨ ਮੁਕੱਦਮਾ ਦਰਜ ਹੋ ਚੁੱਕਾ ਸੀ, ਸਿੱਖ ਸੰਗਠਨਾਂ ਵਿੱਚ ਉਸ ਖਿਲਾਫ਼ ਰੋਹ ਪੈਦਾ ਹੋ ਚੁੱਕਾ ਸੀ ਜਦੋਂ ਕਿ 'ਹਿੰਦੂ ਸੁਰੱਖਿਆ ਸੰਮਤੀ' ਸਿੱਖ

ਭਾਵਨਾਵਾਂ ਨਾਲ ਖਿਲਵਾੜ ਕਰਨ ਲਈ ਐਸੇ ਬਿਆਨ ਦਾਗੀ ਜਾ ਰਹੀ ਸੀ। ਜ਼ਿਕਰਯੋਗ ਹੈ ਕਿ ਭਨਿਆਰੇ ਵਾਲੇ ਦੇ ਜਾਨਵਰ ਅਹਾਤੇ ਵਿੱਚ ਇਕ ਵਾਰ ਸੂਰ ਦੀ ਵੀ ਭੇਦ-ਭਰੀ ਹਾਲਤ ਵਿੱਚ ਮੌਤ ਹੋ ਗਈ ਸੀ ਪਰੰਤੂ ਉਸਦੀ ਜਾਂਚ ਦੀ ਯਾਦ ਉਸ ਵੇਲੇ 'ਹਿੰਦੂ ਸੁਰੱਖਿਆ ਸੰਮਤੀ' ਨੂੰ ਨਾ ਆਈ ਅਤੇ ਨਾ ਹੀ ਉਸਦੇ ਕਾਤਲਾਂ ਨੂੰ ਸਜ਼ਾ-ਏ-ਮੌਤ ਦੀ ਮੰਗ ਉੱਠੀ ਅਤੇ ਨਾ ਹੀ ਸੂਅਰ ਦੇ ਕਤਲ ਪਿਛੇ ਪਾਕਿਸਤਾਨੀ ਏਜੰਸੀ ਦਾ ਹੱਥ ਨਜ਼ਰ ਆਇਆ ਕਿ ਉਹ ਹਿੰਦੂ ਧਰਮ ਲਈ ਪੂਜਣਯੋਗ ਨਹੀਂ ਸੀ ਅਤੇ ਮੁਸਲਿਮ ਉਸ ਨਾਲ ਘਿਰਣਾ ਕਰਦੇ ਹਨ। ਇਕ ਪਾਸੇ ਤਾਂ ਬਿਪਰਵਾਦੀ ਅਤੇ ਕਰਮਕਾਂਡੀ ਲੋਕ ਗਊ ਮਾਤਾ ਨੂੰ ਪੂਜਣਯੋਗ ਮੰਨ ਉਸ ਦੀ ਹੱਤਿਆ ਕਰਨ ਵਾਲਿਆਂ ਨੂੰ ਸਖ਼ਤ ਸਜ਼ਾ ਅਤੇ ਇਥੋਂ ਤੱਕ ਮੌਤ ਦੀ ਸਜ਼ਾ ਦੇਣ ਦੀ ਵਕਾਲਤ ਕਰਦੇ ਹਨ ਅਤੇ ਦੂਸਰੇ ਪਾਸੇ ਇਹਨਾਂ ਤੋਂ ਧਾਰਮਿਕ ਅਤੇ ਰਾਜਨੀਤਕ ਲਾਭ ਲੈਣ ਉਪਰੰਤ ਇਹਨਾਂ ਦੀ ਦੁਰਦਸ਼ਾ ਦਾ ਕਾਰਨ ਬਣਦੇ ਹਨ। ਗਊ ਪੂਜਾ ਅਤੇ ਗਊ ਹੱਤਿਆ ਬਾਰੇ ਵਿਚਾਰ ਪ੍ਰਗਟ ਕਰਦੇ ਹੋਏ ਤਰਕਸ਼ੀਲ ਲਿਖਾਰੀ ਮੇਘਰਾਜ ਮਿੱਤਰ ਬੜੇ ਵਧੀਆ ਢੰਗ ਨਾਲ ਵਿਸਥਾਰ ਸਹਿਤ ਦੱਸਦੇ ਹਨ ਕਿ:

ਪ੍ਰਾਚੀਨ ਮਨੁੱਖ ਨੇ ਜਦੋਂ ਤੱਕ ਖੇਤੀਬਾੜੀ ਦੇ ਢੰਗਾਂ ਅਤੇ ਸਾਧਨਾਂ ਦੀ ਖੋਜ ਨਹੀਂ ਸੀ ਕੀਤੀ ਉਹ ਆਪਣੀ ਖੁਰਾਕ ਲਈ ਮੁੱਖ ਤੌਰ ਤੇ ਸ਼ਿਕਾਰ ਤੇ ਹੀ ਨਿਰਭਰ ਸੀ। ਉਸ ਸਮੇਂ ਤੱਕ ਰੱਬ, ਧਰਮ, ਸਵਰਗ, ਨਰਕ, ਪੁੰਨ, ਪਾਪ ਆਦਿ ਦੀ ਕਲਪਨਾ ਨਹੀਂ ਸੀ ਕੀਤੀ ਗਈ, ਇਸ ਲਈ ਉਹ ਅਜਿਹੇ ਸਾਰੇ ਜਾਨਵਰਾਂ ਦਾ ਸ਼ਿਕਾਰ ਕਰਦਾ ਜਿਨ੍ਹਾਂ ਦਾ ਮੀਟ ਉਸ ਨੂੰ ਖਾਣ ਵਿਚ ਨਰਮ ਸੁਆਦੀ ਅਤੇ ਨੁਕਸਾਨ ਰਹਿਤ ਨਜ਼ਰ ਆਉਂਦਾ। ਗਊਆਂ ਤੇ ਘੋੜਿਆਂ ਦੇ ਮਾਸ ਦਾ ਉਹ ਵੱਡੀ ਮਾਤਰਾ ਵਿਚ ਉਪਯੋਗ ਕਰਦੇ ਸਨ, ਕਿਉਂਕਿ ਇਹ ਉਸ ਨੂੰ ਸ਼ਿਕਾਰ ਵਿਚ ਆਸਾਨੀ ਨਾਲ ਮਿਲ ਜਾਂਦੇ ਸਨ। ਗਊਆਂ ਅਤੇ ਘੋੜਿਆਂ ਦੇ ਵੱਡੇ-ਵੱਡੇ ਇਕੱਠਾਂ ਨੂੰ ਘੇਰ ਕੇ ਪਹਾੜੀ ਤੇ ਚੜ੍ਹਾ ਲਿਆ ਜਾਂਦਾ ਸੀ ਅਤੇ ਫਿਰ ਉਹਨਾਂ ਦਾ ਘੇਰਾ ਤੰਗ ਕਰਕੇ ਉਹਨਾਂ ਨੂੰ ਇਕ ਪਾਸੇ ਤੋਂ ਪਹਾੜੀ ਤੋਂ ਥੱਲੇ ਸੁੱਟ ਦਿੱਤਾ ਜਾਂਦਾ ਅਤੇ ਇਸ ਤਰ੍ਹਾਂ ਉਹਨਾਂ ਨੂੰ ਇਹ ਸ਼ਿਕਾਰ ਆਸਾਨੀ ਨਾਲ ਪ੍ਰਾਪਤ ਹੋ ਜਾਂਦਾ। ਸਮੇਂ ਦੇ ਵਹਾਅ ਨਾਲ ਜਦੋਂ ਮਨੁੱਖ ਨੇ ਜੰਗਲ ਦੀ ਅੱਗ ਜਵਾਲਾਮੁਖੀ ਦੇ ਫੱਟਣ, ਭੁਚਾਲਾਂ ਦੇ ਆਉਣ, ਬੱਦਲਾਂ ਦੇ ਗਰਜਣ ਆਦਿ ਨੂੰ ਦੇਖਿਆ ਤੇ ਸੁਣਿਆ ਤਾਂ ਉਸ ਨੇ ਅਗਨੀ, ਇੰਦਰ, ਵਰੁਣ, ਜਲ ਵਰਗੇ ਦੇਵਤਿਆਂ ਦੀ ਕਲਪਣਾ ਕਰ ਲਈ ਅਤੇ ਉਹਨਾਂ ਨੂੰ ਕਾਬੂ ਵਿਚ ਰੱਖਣ ਵਾਲੇ "ਸਰਬ ਸ਼ਕਤੀਮਾਨ ਪ੍ਰਮਾਤਮਾ" ਨੂੰ ਵੀ ਕਲਪ ਲਿਆ।

ਮਨੁੱਖੀ ਵਿਕਾਸ ਨੇ ਜਦੋਂ ਕੁਝ ਹੋਰ ਤਰੱਕੀ ਕੀਤੀ ਤਾਂ ਮਨੁੱਖ ਨੇ ਖੇਤੀਬਾੜੀ ਦੇ ਢੰਗਾਂ ਅਤੇ ਸਾਧਨਾਂ ਨੂੰ ਕੁਝ ਵਿਕਸਿਤ ਕਰ ਲਿਆ ਅਤੇ ਸ਼ਿਕਾਰ ਉਤੇ ਉਸ ਦੀ ਨਿਰਭਰਤਾ ਘੱਟ ਗਈ। ਇਸ ਸਮੇਂ ਉਸ ਨੇ ਨਿਰਜੀਵ ਦੇਵਤਿਆਂ ਦੇ ਨਾਲ ਨਾਲ ਕੁਝ ਸੰਜੀਵ ਦੇਵਤਿਆਂ ਦੀ ਪੂਜਾ ਵੀ ਸ਼ੁਰੂ ਕਰ ਦਿੱਤੀ। ਗਊ, ਸੂਰ, ਬਾਂਦਰ ਅਤੇ ਸੱਪ ਕੁਝ ਅਜਿਹੇ ਜਾਨਵਰ ਸਨ ਜਿਹੜੇ ਮਨੁੱਖੀ ਸ਼ਰਧਾ ਦੇ ਪਾਤਰ ਬਣ ਗਏ। ਮਨੁੱਖੀ ਜ਼ਾਤੀ ਦੀ ਅੱਡ-ਅੱਡ ਧਰਮਾਂ ਵਿਚ ਵੰਡ ਕਾਰਨ ਅਤੇ ਧਰਮਾਂ ਦੀ ਇਕ ਦੂਜੇ ਤੋਂ ਉਲਟ ਚੱਲਣ ਦੀ ਰੁੱਚੀ ਕਾਰਨ ਇਹਨਾਂ ਪੂਜੇ ਜਾਣ ਵਾਲੇ ਜਾਨਵਰਾਂ ਦੀ ਵੀ ਵੰਡ ਹੋ ਗਈ। ਕਿਉਂਕਿ ਗਊ ਆਸਾਨੀ ਨਾਲ ਹੀ ਪਾਲਤੂ ਬਣ ਗਈ ਸੀ ਇਸ ਲਈ ਹਿੰਦੂਆਂ ਨੇ ਪੂਜਣ

ਲਈ ਇਸ ਨੂੰ ਹੀ ਚੁਣਿਆ।

ਜੇ ਅਸੀਂ ਇਤਿਹਾਸਕ ਪੱਖ ਤੋਂ ਵੀ ਵੇਖੀਏ ਤਾਂ ਗਊ ਇਕ ਬਹੁਤ ਹੀ ਮਹੱਤਵਪੂਰਨ ਜਾਨਵਰ ਹੈ। ਜਦੋਂ ਮਹਿਮੂਦ ਗਜ਼ਨਵੀ ਨੇ ਸੋਮਨਾਥ ਦੇ ਮੰਦਰ ਤੇ ਆਪਣਾ ਸਤਾਰ੍ਹਵਾਂ ਹਮਲਾ ਕੀਤਾ ਤਾਂ ਉਸ ਨੇ ਇਸ ਹਮਲੇ ਵਿਚ ਗਊਆਂ ਨੂੰ ਅੱਗੇ ਲਾ ਕੇ ਇਹ ਜਿੱਤ ਪ੍ਰਾਪਤ ਕੀਤੀ। ਉਸ ਨੇ ਹਿੰਦੂਆਂ ਦੀ ਗਊ ਤੇ ਧਾਰ੍ਹਮਿਕ ਸ਼ਰਧਾ ਦਾ ਪੂਰਾ ਪੂਰਾ ਲਾਭ ਉਠਾਇਆ। ਭਾਵੇਂ ਮੈਂ ਇਸ ਗੱਲ ਨਾਲ ਸਹਿਮਤ ਨਹੀਂ ਹਾਂ ਕਿ 1857 ਦੀ ਅਜ਼ਾਦੀ ਦੀ ਲੜਾਈ ਵਿਚ ਭਾਰਤੀ ਫ਼ੌਜੀਆਂ ਨੇ ਇਸ ਲਈ ਬਗਾਵਤ ਕਰ ਦਿੱਤੀ ਸੀ ਕਿ ਉਹਨਾਂ ਨੂੰ ਗਊ ਦੇ ਚਮੜੇ ਵਾਲੇ ਕਾਰਤੂਸ ਦਿੱਤੇ ਗਏ ਸਨ। ਜੇ ਉਹਨਾਂ ਨੇ ਬਗਾਵਤ ਇਸ ਲਈ ਹੀ ਕੀਤੀ ਹੁੰਦੀ ਤਾਂ ਉਹ ਇਹਨਾਂ ਹੀ ਕਾਰਤੂਸਾਂ ਨੂੰ ਅੰਗਰੇਜ਼ਾਂ ਦੇ ਖਿਲਾਫ਼ ਇਕ ਮੁਗਲ ਬਾਦਸ਼ਾਹ ਦੀ ਅਗਵਾਈ ਵਿਚ ਕਿਵੇਂ ਵਰਤਦੇ ? ਭਾਰਤੀ ਸਿਪਾਹੀਆਂ ਨੇ ਬਗਾਵਤ ਤਾਂ ਆਪਣੀ ਮਾਤਰ ਭੂਮੀ ਨੂੰ ਬਿਦੇਸ਼ੀ ਰਾਜ ਤੋਂ ਮੁਕਤ ਕਰਵਾਉਣ ਲਈ ਹੀ ਕੀਤੀ ਸੀ।

ਅੱਜ ਅਸੀਂ ਜੇ ਭਾਰਤ ਦੇ ਕਿਸੇ ਵੀ ਸ਼ਹਿਰ ਵਿਚ ਜਾਈਏ ਤਾਂ ਉਥੇ ਬੇਸਹਾਰਾ ਔਰਤਾਂ ਜਾਂ ਮਰਦਾਂ ਵਾਸਤੇ ਕੋਈ ਬਿਰਧ ਆਸ਼ਰਮ ਹੋਵੇ ਜਾਂ ਨਾ ਪਰ ਗਊਸ਼ਾਲਾ ਜ਼ਰੂਰ ਹੋਵੇਗੀ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਗਊ ਇਕ ਮਹੱਤਵਪੂਰਨ ਜਾਨਵਰ ਹੈ। ਇਸ ਦੇ ਬਹੁਤ ਸਾਰੇ ਲਾਭ ਹਨ। ਇਸ ਦੇ ਦੁੱਧ ਵਿਚ ਬਹੁਤ ਸਾਰੇ ਵਿਟਾਮਿਨ ਹੁੰਦੇ ਹਨ। ਇਸਦਾ ਗੋਹਾ ਖਾਦ ਤੇ ਬਾਲਣ ਦੇ ਰੂਪ ਵਿਚ ਵਰਤਿਆ ਜਾਂਦਾ ਹੈ। ਇਸ ਦੇ ਚਮੜੇ ਦੀਆਂ ਜੁੱਤੀਆਂ, ਕੋਟ, ਦਸਤਾਨੇ ਅਤੇ ਬੈਲਟਾਂ ਬਣਦੀਆਂ ਹਨ। ਇਸ ਦਾ ਮਾਸ ਖਾਣ ਲਈ ਵਰਤਿਆ ਜਾਂਦਾ ਹੈ। ਇਸ ਦੀ ਚਰਬੀ ਮੋਮਬੱਤੀਆਂ ਤੇ ਸਾਬਣ ਬਣਾਉਣ ਲਈ ਵਰਤੀ ਜਾਂਦੀ ਹੈ। ਇਸਦਾ ਖ਼ੂਨ ਤੇ ਕਲੇਜਾ ਚੂਚਿਆਂ ਦੀ ਖੁਰਾਕ ਦੇ ਤੌਰ ਤੇ ਵਰਤੇ ਜਾ ਸਕਦੇ ਹਨ। ਜਿਥੇ ਇਸ ਦੇ ਬਹੁਤ ਸਾਰੇ ਲਾਭ ਹਨ ਉਥੇ ਕਈ ਪੱਖਾਂ ਤੋਂ ਇਹ ਨੁਕਸਾਨਦੇਹ ਵੀ ਹੈ। ਭਾਰਤ ਵਿਚ ਹਰ ਸਾਲ ਲੱਖਾਂ ਟਨ ਅਨਾਜ ਇਹ ਰਾਮ ਗਊਆਂ ਬਰਬਾਦ ਕਰ ਦਿੰਦੀਆਂ ਹਨ। ਇਹ ਟੀ.ਬੀ. ਅਤੇ ਪੋਲੀਓ ਦੇ ਰੋਗਾਣੂਆਂ ਨੂੰ ਇਕ ਥਾਂ ਤੋਂ ਦੂਜੀ ਥਾਂ ਤੇ ਪਹੁੰਚਾਉਣ ਵਿਚ ਸਹਾਈ ਹੁੰਦੀਆਂ ਹਨ। ਹਰ ਸਾਲ ਸੈਂਕੜੇ ਵਿਅਕਤੀ ਇਹਨਾਂ ਅਵਾਰਾ ਗਊਆਂ ਕਾਰਨ ਹੋਈਆਂ ਦੁਰਘਟਨਾਵਾਂ ਵਿਚ ਮਾਰੇ ਜਾਂਦੇ ਹਨ। ਮਾਰਨਖੰਡੀਆਂ ਹੋਣ ਦੇ ਨਾਲ ਨਾਲ ਇਹਨਾਂ ਦੀਆਂ ਭਾਰਤੀ ਨਸਲਾਂ ਮੱਝਾਂ ਦੇ ਮੁਕਾਬਲੇ ਦੁੱਧ ਵੀ ਘੱਟ ਦਿੰਦੀਆਂ ਹਨ। ਇਸ ਲਈ ਗਊ ਹੱਤਿਆ ਬਾਰੇ ਵਿਚਾਰ ਪ੍ਰਗਟ ਕਰਨ ਤੋਂ ਪਹਿਲਾਂ ਸਾਨੂੰ ਇਹਨਾਂ ਦੇ ਲਾਭ ਅਤੇ ਨੁਕਸਾਨ ਦੋਵੇਂ ਵੇਖਣੇ ਚਾਹੀਦੇ ਹਨ।

*ਧਰਮ ਤੇ ਗਊ:–*[2] ਭਾਰਤ ਵਿਚ ਹਿੰਦੂਆਂ ਦੀ ਆਬਾਦੀ ਵੱਧ ਹੈ ਅਤੇ ਇਹ ਗਊ ਦੀ ਪੂਜਾ ਕਰਦੇ ਹਨ। ਗਊ ਦੀ ਇਕ ਪੂਛ ਵੇਖ ਕੇ ਹੀ ਹਿੰਦੂਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚ ਜਾਂਦੀ ਹੈ ਅਤੇ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ ਮੌਜੂਦਾ ਭਾਰਤੀ ਸੰਵਿਧਾਨ ਅਨੁਸਾਰ ਜੁਰਮ ਹੈ। ਇਸ ਲਈ ਭਾਰਤ ਵਿਚ ਬਹੁਤ ਸਾਰੇ ਫਸਾਦਾਂ ਦੀ ਜੜ੍ਹ ਜਾਂ ਇਹ ਨਾਸਮਝ ਪਸ਼ੂ ਹੀ ਬਣ ਜਾਂਦਾ ਹੈ। ਬਹੁਤੇ ਹਿੰਦੂ ਤਾਂ ਗਊ ਦੇ ਪੁਜਾਰੀ ਹੀ ਹਨ ਉਹ ਸੋਚ

ਵੀ ਗਊ ਦੀ ਹੀ ਖਾਂਦੇ ਹਨ। ਮੇਰੇ ਬਚਪਨ ਦੇ ਦਿਨਾਂ ਵਿਚ ਇਕ ਵਾਰ ਸਾਡੇ ਪਿੰਡ ਵਿਚ ਇਕ ਢੱਗੇ ਦੀ ਮੌਤ ਹੋ ਗਈ ਤਾਂ ਸਾਰੇ ਪਿੰਡ ਦੇ ਲੋਕਾਂ ਨੇ ਉਸ ਢੱਗੇ ਤੇ ਨਵੇਂ ਖੱਦਰ ਦਾ ਕੱਫਣ ਅਤੇ ਲਗਪਗ ਦਸ ਕਵਿੰਟਲ ਲੂਣ ਪਾ ਕੇ ਓਸ ਨੂੰ ਦਫਨਾਇਆ। ਅੱਜ ਵੀ ਭਾਰਤੀ ਅਖ਼ਬਾਰਾਂ ਵਿਚ ਗਊ ਹੱਤਿਆ ਵਿਰੁੱਧ ਅੰਦੋਲਨਾਂ ਦੀਆਂ ਖ਼ਬਰਾਂ ਛਪਦੀਆਂ ਹੀ ਰਹਿੰਦੀਆਂ ਹਨ। ਭਾਵੇਂ ਹਿੰਦੂਆਂ ਦੇ ਆਪਣੇ ਵੇਦਾਂ ਵਿਚ ਇਹ ਦਰਜ ਹੈ ਕਿ ਗੋਮੇਧ ਨਾਂ ਦੇ ਜੱਗ ਵਿਚ ਗਊ ਦੀ ਬਲੀ ਦਿੱਤੀ ਜਾਂਦੀ ਸੀ ਪਰ ਫਿਰ ਵੀ ਇਥੋਂ ਦੇ ਬਹੁਤੇ ਲੋਕ ਗਊ ਭਗਤ ਹੀ ਹਨ। ਬੇਸ਼ੱਕ ਇਥੋਂ ਦੇ ਬਹੁਤੇ ਗਊ ਭਗਤ ਗਊਆਂ ਦੇ ਦੋਖੀ ਹੀ ਹਨ। ਉਹ ਗਊਆਂ ਦਾ ਦੁੱਧ ਦੇਣੋਂ ਹਟੀ ਆਪਣੀ ਗਊ ਨੂੰ ਵੇਚਣ ਤੋਂ ਵੀ ਗੁਰੇਜ ਨਹੀਂ ਕਰਦੇ ਭਾਵੇਂ ਉਹਨਾਂ ਨੂੰ ਪਤਾ ਹੀ ਹੁੰਦਾ ਹੈ ਕਿ ਗਊ ਨੂੰ ਖ਼ੀਦਣ ਵਾਲੇ ਕਸਾਈ ਹੀ ਹੁੰਦੇ ਹਨ। ਉਹਨਾਂ ਦੀ ਇਹ ਕਾਰਵਾਈ ਤਰਕ ਦੀ ਕਸੌਟੀ ਤੇ ਜਾਇਜ਼ ਹੈ ਪਰ ਇਕ ਗਊ ਭਗਤ ਹੋਣ ਦੇ ਨਾਤੇ ਗ਼ਲਤ ਹੈ। ਕਲਕੱਤੇ ਵਰਗੇ ਸ਼ਹਿਰ ਵਿਚ ਬਹੁਤ ਸਾਰੇ ਗਊ ਭਗਤ ਤਾਂ ਪਿਓਰ ਨਾਂ ਦਾ ਪੀਲਾ ਰੰਗ ਬਣਾਉਣ ਲਈ ਗਊ ਨੂੰ ਹਰ ਕਿਸਮ ਦੀ ਖ਼ੁਰਾਕ ਬੰਦ ਕਰਕੇ ਅੰਬ ਦੇ ਪੱਤੇ ਖਵਾਉਣੇ ਸ਼ੁਰੂ ਕਰ ਦਿੰਦੇ ਹਨ। ਜਿਸ ਨਾਲ ਗਊ ਦਾ ਪੇਸ਼ਾਬ ਪੀਲੇ ਰੰਗ ਦਾ ਹੋ ਜਾਂਦਾ ਹੈ ਅਤੇ ਗਊ ਦੀ ਮੌਤ ਹੋ ਜਾਂਦੀ ਹੈ।

ਭਾਰਤ ਦੀ ਬਹੁਤੀ ਆਬਾਦੀ ਹਿੰਦੂ ਧਰਮ ਵਿਚ ਵਿਸ਼ਵਾਸ ਰੱਖਦੀ ਹੈ ਅਤੇ ਹਿੰਦੂ ਗਊ ਨੂੰ ਪੂਜਦੇ ਹਨ। ਭਾਰਤ ਦੇ ਚਲਾਕ ਸਿਆਸਤਦਾਨਾਂ ਨੇ ਹਿੰਦੂਆਂ ਦੀ ਗਊ ਪ੍ਰਤੀ ਇਸ ਸ਼ਰਧਾ ਦਾ ਭਰਪੂਰ ਫਾਇਦਾ ਉਠਾਉਣ ਦੀ ਕੋਸ਼ਿਸ਼ ਕੀਤੀ ਹੈ। ਭਾਰਤੀ ਸਰਮਾਏਦਾਰਾਂ ਦੀ ਸਭ ਤੋਂ ਵੱਡੀ ਪਾਰਟੀ ਕਾਂਗਰਸ ਨੂੰ ਹੀ ਲਓ, ਇਸ ਦੇ ਅੰਗਰੇਜ਼ਾਂ ਦੇ ਚਲੇ ਜਾਣ ਤੋਂ ਬਾਅਦ ਬਲਦਾਂ ਦੀ ਜੋੜੀ ਨੂੰ ਆਪਣੇ ਚੋਣ ਨਿਸ਼ਾਨ ਵਜੋਂ ਵਰਤਿਆ। ਇਸ ਤੋਂ ਬਾਅਦ ਇਹਨਾਂ ਨੇ ਗਊ ਵੱਛੇ ਦੇ ਚੋਣ ਨਿਸ਼ਾਨ ਨੂੰ ਅਪਣਾਇਆ। ਇਹਨਾਂ ਦੇ ਆਪਸੀ ਝਗੜਿਆਂ ਕਾਰਨ ਜੇ ਅੱਜ ਇਹਨਾਂ ਦਾ ਚੋਣ ਨਿਸ਼ਾਨ ਗਊ ਨਾਲ ਸਬੰਧਿਤ ਨਹੀਂ ਹੈ ਇਸ ਵਿਚ ਹੈਰਾਨ ਹੋਣ ਦੀ ਲੋੜ ਨਹੀਂ, ਇਹ ਇਹਨਾਂ ਦੀ ਮਜਬੂਰੀ ਹੈ। ਜੇ ਅੱਜ ਭਾਰਤ ਵਿਚ ਗਊ ਹੱਤਿਆ ਬਾਰੇ ਕੋਈ ਅੰਦੋਲਨ ਚਲਦਾ ਹੈ ਤਾਂ ਕਾਂਗਰਸ ਅਤੇ ਭਾਰਤੀਯ ਜਨਤਾ ਪਾਰਟੀ ਦੇ ਆਗੂ ਇਸ ਨੂੰ ਸਿੱਧੇ ਜਾਂ ਅਸਿੱਧੇ ਢੰਗ ਨਾਲ ਆਪਣੀਆਂ ਵੋਟਾਂ ਬਣਾਉਣ ਲਈ ਵਰਤ ਰਹੇ ਹੁੰਦੇ ਹਨ।

ਭਾਰਤੀ ਸਿਆਸਤਦਾਨਾਂ ਤੋਂ ਇਲਾਵਾ ਵੀ ਵੱਖ-ਵੱਖ ਕਿਸਮ ਦੇ ਪਖੰਡੀ ਗਊ ਪ੍ਰਤੀ ਲੋਕਾਂ ਦੀ ਸ਼ਰਧਾ ਦਾ ਭਰਪੂਰ ਫਾਇਦਾ ਉਠਾ ਰਹੇ ਹਨ। ਅਜਿਹੇ ਬਹੁਤ ਸਾਰੇ ਫਰੇਬੀ ਆਪਣੀ ਰੋਟੀ ਰੋਜ਼ੀ ਚਲਾਉਣ ਲਈ ਗਊ ਤੇ ਕੌਡੀਆਂ ਦਾ ਝੁੱਲ ਪਾ ਲੈਂਦੇ ਹਨ ਅਤੇ ਫਿਰ ਇਸ ਗਊ ਨੂੰ ਘਰ ਘਰ ਲਿਜਾ ਕੇ ਸਧਾਰਣ ਲੋਕਾਂ ਤੋਂ ਆਟਾ ਤੇ ਦਾਣੇ ਇਕੱਠੇ ਕਰ ਲੈਂਦੇ ਹਨ। ਇਹਨਾਂ ਦੀ ਕਤਾਰ ਵਿਚ ਹੀ ਕੁਝ ਅਜਿਹੇ ਫਰੇਬੀ ਵੀ ਹਨ ਜਿਹੜੇ ਗਊ ਦੀ ਗਰਦਨ ਤੇ ਛੱਲਾ ਚੜ੍ਹਾ ਦਿੰਦੇ ਹਨ ਅਤੇ ਇਸ ਤਰ੍ਹਾਂ ਗਊ ਦਾ ਗਰਦਨ ਦਾ ਮਾਸ ਵਧਾ ਕੇ ਉਸ ਤੇ ਛੋਟੀ ਜਿਹੀ ਪੂਛ ਬਣਾ ਲੈਂਦੇ ਹਨ। ਇਸ ਤਰ੍ਹਾਂ ਗਊ ਦੀ ਗਰਦਨ ਤੇ ਆਪਣੇ ਹੀ ਢੰਗ ਨਾਲ ਬਣਾਈ ਇਹ ਪੂਛ ਵਿਖਾ ਕੇ ਹੀ ਲੋਕਾਂ ਦੀ ਲੁੱਟ-ਖਸੁੱਟ ਕਰਦੇ ਰਹਿੰਦੇ ਹਨ। ਕੁਝ ਚਲਾਕ ਵਿਅਕਤੀ ਤਾਂ ਗਊ ਜਾਂ ਬਲਦ ਨੂੰ ਆਪਣੇ

ਇਸ਼ਾਰਿਆਂ ਤੇ ਸਿਖਾ ਲੈਂਦੇ ਹਨ ਅਤੇ ਫਿਰ ਉਸ ਨੂੰ ਲੋਕਾਂ ਦੇ ਭਰੇ ਇਕੱਠਾਂ ਵਿਚ ਲੈ ਆਉਂਦੇ ਹਨ। ਜਦੋਂ ਵਿਅਕਤੀ ਸਵਾਲ ਪੁੱਛਦਾ ਹੈ ਤਾਂ ਗਊ ਜਾਂ ਬਲਦ ਦਾ ਸਿਰ ਆਪਣੇ ਇਸ਼ਾਰਿਆਂ ਰਾਹੀਂ ਹਾਂ ਜਾਂ ਨਾ ਵਿਚ ਹਿਲਾਈ ਜਾਂਦੇ ਹਨ। ਪਰੋਹਿਤ ਜਾਂ ਪੁਜਾਰੀ ਤਬਕਾ ਵੀ ਲੋਕਾਂ ਦੀਆਂ ਜੇਬਾਂ ਗਊਆਂ ਰਾਹੀਂ ਸਾਫ਼ ਕਰਦਾ ਹੈ। ਭਾਵੇਂ ਕਿਸੇ ਹਿੰਦੂ ਪਰਿਵਾਰ ਵਿਚ ਸ਼ਾਦੀ ਹੋਵੇ ਜਾਂ ਮੌਤ, ਗਊ ਦਾਨ ਕਰਵਾ ਲੈਣਾ ਤਾਂ ਇਹਨਾਂ ਦੇ ਖੱਬੇ ਹੱਥ ਦੀ ਖੇਡ ਹੈ। ਮੌਤ ਵਾਲੇ ਘਰ ਵਿਚੋਂ ਉਹਨਾਂ ਦੇ ਬਜ਼ੁਰਗ ਨੂੰ ਸਵਰਗ ਭੇਜਣ ਦੇ ਬਹਾਣੇ ਅਤੇ ਸ਼ਾਦੀ ਵਾਲੇ ਘਰ 'ਚੋਂ ਜੋੜੇ ਦੀਆਂ ਖੁਸ਼ੀਆਂ ਲਈ ਇਹ ਗਊ ਨੂੰ ਹੀ ਦਾਨ ਕਰ ਆਉਂਦੇ ਹਨ। ਇਕੋ ਹੀ ਗਊ ਇਕ ਦਿਨ ਵਿਚ ਸੈਂਕੜੇ ਵਾਰ ਦਾਨ ਹੋ ਜਾਂਦੀ ਹੈ।

ਭਾਵੇਂ ਸਾਡੇ ਦੇਸ਼ ਵਿਚ ਗਊਆਂ ਦੀ ਗਿਣਤੀ ਦੁਨੀਆਂ ਦੇ ਸਾਰੇ ਦੇਸ਼ਾਂ ਨਾਲੋਂ ਵੱਧ ਹੈ ਪਰ ਫਿਰ ਵੀ ਸਾਡੇ ਦੇਸ਼ ਵਿਚ ਪ੍ਰਤੀ ਗਊ ਦੁੱਧ ਦੀ ਔਸਤ ਦੁਨੀਆਂ ਦੇ ਸਾਰੇ ਦੇਸ਼ਾਂ ਨਾਲੋਂ ਘੱਟ ਹੈ। ਇਸ ਦਾ ਮੁੱਖ ਕਾਰਨ ਹੀ ਗਊ ਭਗਤੀ ਦਾ ਅੰਧ-ਵਿਸ਼ਵਾਸ ਹੈ। ਸ਼ਰਧਾਲੂ ਲੋਕ ਗਊ ਨੂੰ ਮਾਰਨਾ ਪਾਪ ਸਮਝਦੇ ਹਨ, ਇਸ ਲਈ ਗਊਆਂ ਦੀ ਗਿਣਤੀ ਵਿਚ ਦਿਨੋਂ-ਦਿਨ ਵਾਧਾ ਹੋ ਰਿਹਾ ਹੈ। ਅੱਜ ਹਰ ਬਜ਼ਾਰ ਵਿਚ ਅਵਾਰਾ ਗਊਆਂ ਦੀ ਭਰਮਾਰ ਹੈ ਕਿਉਂਕਿ ਲੋਕ ਦੁੱਧ ਪੀ ਕੇ ਗਊ ਨੂੰ ਵੇਚ ਨਹੀਂ ਸਕਦੇ ਅਤੇ ਕਸਾਈ ਵੀ ਇਸ ਨੂੰ ਸ਼ਰੇਆਮ ਖਰੀਦਣ ਤੋਂ ਕਤਰਾਉਂਦੇ ਹਨ। ਇਸ ਲਈ ਦੁੱਧ ਪੀਣ ਤੋਂ ਬਾਅਦ ਗਊ ਨੂੰ ਅਵਾਰਾ ਛੱਡ ਦੇਣਾ ਲੋਕਾਂ ਦੀ ਮਜਬੂਰੀ ਬਣ ਗਈ ਹੈ, ਇਸ ਨਾਲ ਗਊਆਂ ਦੀ ਗਿਣਤੀ ਬੇਸ਼ੁਮਾਰ ਹੋ ਗਈ ਹੈ ਅਤੇ ਗਿਣਤੀ ਵਿਚ ਇਸ ਵਾਧੇ ਕਾਰਨ ਹੀ ਉਹਨਾਂ ਦੀ ਨਸਲ ਵਿਚ ਲੋੜੀਂਦਾ ਸੁਧਾਰ ਨਹੀ ਹੋ ਰਿਹਾ ਹੈ। ਜੇ ਅੱਜ ਅਮਰੀਕਨ ਗਊਆਂ ਚਾਲੀ ਲਿਟਰ ਦੁੱਧ ਪ੍ਰਤੀ ਦਿਨ ਗਊਆਂ ਦਿੰਦੀਆਂ ਹਨ ਤਾਂ ਭਾਰਤੀ ਗਊ ਦੀ ਔਸਤ ਚਾਰ ਲਿਟਰ ਤੋਂ ਵੀ ਨਹੀਂ ਵਧਦੀ। ਅੱਜ ਜੇ ਅਸੀਂ ਵਿਕਸਤ ਦੇਸ਼ਾਂ ਵੱਲ ਨਿਗਾਹ ਮਾਰੀਏ ਤਾਂ ਸਾਨੂੰ ਉਹਨਾਂ ਦੇਸ਼ਾਂ ਦੇ ਪਿੰਡਾਂ ਜਾਂ ਸ਼ਹਿਰਾਂ ਵਿਚ ਗਊਆਂ ਅਵਾਰਾ ਫਿਰਦੀਆਂ ਨਜ਼ਰ ਨਹੀਂ ਆਉਣਗੀਆਂ, ਸਗੋਂ ਪਸ਼ੂਆਂ ਲਈ ਬਣੇ ਫਾਰਮਾਂ ਤੇ ਆਧੁਨਿਕ ਵਿਗਿਆਨਕ ਢੰਗਾਂ ਰਾਹੀਂ ਪਾਲੀਆਂ ਜਾ ਰਹੀਆਂ ਹੋਣਗੀਆਂ।

ਆਓ ਵੇਖੀਏ ਕਿ ਗਊ ਹੱਤਿਆ ਬਾਰੇ ਤਰਕਸ਼ੀਲ ਵਿਚਾਰ ਕੀ ਹਨ ? ਦੂਸਰੇ ਜੀਵਾਂ ਦੀ ਤਰ੍ਹਾਂ ਗਊ ਹੱਤਿਆ ਬਾਰੇ ਵੀ ਸਾਨੂੰ ਡੂੰਘਾਈ ਨਾਲ ਵਿਚਾਰ ਕਰਨਾ ਚਾਹੀਦਾ ਹੈ। ਅਸੀਂ ਦੂਸਰੇ ਜੀਵਾਂ ਦੀ ਹੱਤਿਆ ਕਰਨ ਵੇਲੇ ਉਹਨਾਂ ਨੂੰ ਹਮੇਸ਼ਾਂ ਲਾਭ ਤੇ ਹਾਨੀ ਦੀ ਕਸੌਟੀ ਤੇ ਪਰਖਦੇ ਹਾਂ। ਫਸਲਾਂ ਨੂੰ ਨਸ਼ਟ ਕਰਨ ਵਾਲੇ ਅਰਬਾਂ ਜੀਵਾਣੂਆਂ ਨੂੰ ਮਾਰਨ ਸਮੇਂ ਅਸੀਂ ਕਦੇ ਪੁੰਨ ਪਾਪ ਦੀ ਪ੍ਰਵਾਹ ਨਹੀਂ ਕਰਦੇ ਕਿਉਂਕਿ ਉਹ ਸਾਨੂੰ ਨੁਕਸਾਨ ਪੁਚਾ ਰਹੇ ਹੁੰਦੇ ਹਨ। ਇਸ ਤਰ੍ਹਾਂ ਅਸੀਂ ਇਕ ਮੁਰਗੀ ਨੂੰ ਮਾਰਨ ਤੋਂ ਪਹਿਲਾਂ ਉਸ ਦੀ ਉਪਯੋਗਤਾ ਬਾਰੇ ਹੀ ਸੋਚਾਂਗੇ, ਆਂਡੇ ਦੇ ਰਹੀ ਮੁਰਗੀ ਮਾਰਨ ਦੀ ਬਜਾਏ ਅਸੀਂ ਆਂਡੇ ਦੇਣੋਂ ਹਟੀ ਮੁਰਗੀ ਮਾਰਨ ਨੂੰ ਤਰਜੀਹ ਦੇਵਾਂਗੇ। ਗਊ ਹੱਤਿਆ ਦੇ ਮਸਲੇ ਵਿਚ ਵੀ ਸਾਨੂੰ ਇਸ ਦੇ ਲਾਭ ਅਤੇ ਨੁਕਸਾਨ ਨੂੰ ਧਿਆਨ ਵਿਚ ਰੱਖ ਕੇ ਹੀ ਕੋਈ ਫੈਸਲਾ ਕਰਨਾ ਚਾਹੀਦਾ ਹੈ। ਗਊ ਹੱਤਿਆ ਦੇ ਮਸਲੇ ਤੇ ਕੁਝ ਵਿਅਕਤੀ ਮੇਰੇ ਤੇ ਇਹ ਸੁਆਲ ਵੀ ਖੜਾ ਕਰ ਸਕਦੇ ਹਨ ਕਿ ਹੁਣ ਤੁਹਾਡੇ ਮਾਂ ਬਾਪ ਬੁੱਢੇ ਹੋ ਗਏ ਹਨ ਅਤੇ ਉਹਨਾਂ ਤੋਂ ਹੁਣ

ਤੁਹਾਨੂੰ ਕੋਈ ਲਾਭ ਨਹੀਂ ਹੈ ਤਾਂ ਕੀ ਤੁਹਾਨੂੰ ਉਹਨਾਂ ਤੋਂ ਛੁਟਕਾਰਾ ਨਹੀਂ ਪਾ ਲੈਣਾ ਚਾਹੀਦਾ ਹੈ? ਅਜਿਹੇ ਵਿਅਕਤੀਆਂ ਨੂੰ ਮੈਂ ਪੁੱਛਦਾ ਹਾਂ ਕਿ ਕੀ ਤੁਸੀਂ ਆਪਣੇ ਮਾਂ ਬਾਪ ਨੂੰ ਗਊਆਂ ਦੀ ਤਰ੍ਹਾਂ ਸੰਗਲ ਪਾ ਕੇ ਖੁਰਲੀ ਤੇ ਬੰਨ੍ਹ ਕੇ ਰੱਖਦੇ ਹੋ? ਮਨੁੱਖ ਜਾਤੀ ਅਤੇ ਜਾਨਵਰਾਂ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਮਨੁੱਖ ਨੂੰ ਸਾਰੇ ਜੀਵਾਂ ਨੂੰ ਆਪਣੇ ਲਾਭ ਲਈ ਵਰਤਣਾ ਚਾਹੀਦਾ ਹੈ। ਜੇ ਮਨੁੱਖ ਅਜਿਹਾ ਨਹੀ ਕਰੇਗਾ ਤਾਂ ਉਹ ਦਿਨ ਦੂਰ ਨਹੀਂ ਜਿਸ ਦਿਨ ਮਨੁੱਖ ਜਾਤੀ ਧਰਤੀ ਤੋਂ ਸਦਾ ਲਈ ਖ਼ਤਮ ਹੋ ਜਾਵੇਗੀ ਅਤੇ ਜੀਵਾਂ ਵਿਚੋਂ ਹੀ ਕੋਈ ਹੋਰ ਜਾਤੀ ਧਰਤੀ ਤੇ ਰਾਜ ਕਰੇਗੀ। ਸੋ ਆਓ ਗਊ ਅਤੇ ਹੋਰ ਜੀਵਾਂ ਦੀ ਹੱਤਿਆ ਦੇ ਮਸਲੇ ਤੇ ਤਰਕਵਾਦੀ ਦ੍ਰਿਸ਼ਟੀਕੋਣ ਅਪਣਾਈਏ ਅਤੇ ਹਰੇਕ ਕਾਰਜ ਨੂੰ ਕਰਨ ਦਾ ਜਾਂ ਨਾ ਕਰਨ ਦਾ ਫੈਸਲਾ ਸਿਰਫ ਮਨੁੱਖ ਜਾਤੀ ਦੇ ਹਿੱਤਾਂ ਦੀ ਕਸੌਟੀ ਤੇ ਕਰੀਏ।

ਗਊ ਪੂਜਾ, ਗਊਮਾਸ ਖਾਣ ਦੇ ਹਿੰਦੂ ਧਰਮੀਆਂ ਵਲੋਂ ਕੀਤੇ ਖੰਡਨ ਬਾਰੇ ਵਿਸਥਾਰ ਸਹਿਤ ਜ਼ਿਕਰ ਕਰਕੇ ਸ੍ਰੀ ਐਸ.ਐਲ. ਸਾਗਰ 'ਹਿੰਦੂ ਮਾਨਸਿਕਤਾ'[3] ਵਿੱਚ ਲਿਖਦੇ ਹਨ:

ਹਿੰਦੂ ਗਊ ਹੱਤਿਆ ਦਾ ਵਿਰੋਧ ਕਰਦਾ ਹੈ ਅਤੇ ਗਊ ਹੱਤਿਆ ਨੂੰ ਨਿਖਿਧ ਕਰਮ ਦਸ ਕੇ ਉਸ ਦੀ ਵਕਾਲਤ ਕਰਦਾ ਹੈ। ਪਰੰਤੂ ਅਸਲ ਵਿੱਚ ਉਹ ਸਭ ਤੋਂ ਵੱਡਾ ਗਊ-ਹੱਤਿਆਰਾ ਅਤੇ ਗਊ-ਮਾਸ ਅਤੇ ਚਰਬੀ ਦਾ ਸਭ ਤੋਂ ਵੱਡਾ ਉਪਭੋਗਤਾ ਹੈ। ਹੁਣ ਭਾਰਤ ਵਿੱਚ ਗਊ ਚਰਬੀ ਦਾ ਦੇਸ਼ ਭਰ ਵਿੱਚ ਵਿਵਾਦ ਚੱਲਿਆ। ਪ੍ਰੀਖਣ ਤੋਂ ਬਾਅਦ ਪ੍ਰਮਾਣਿਤ ਹੋਇਆ ਕਿ ਵਨਸਪਤੀ ਘਿਉ ਵਿੱਚ ਚਰਬੀ ਮਿਲਾਈ ਜਾਂਦੀ ਹੈ। ਜਦੋਂ ਵਨਸਪਤੀ ਘਿਉ ਵਿੱਚ ਗਊ ਚਰਬੀ ਮਿਲਾਈ ਜਾਂਦੀ ਹੈ ਤਾਂ ਗਊਆਂ ਕੱਟੀਆਂ ਵੀ ਜਾਂਦੀਆਂ ਹੋਣਗੀਆਂ ਅਤੇ ਗਊ ਮਾਸ ਪ੍ਰਯੋਗ ਵੀ ਕੀਤਾ ਜਾਂਦਾ ਹੋਵੇਗਾ, ਕਿਉਂਕਿ ਚਰਬੀ ਤਾਂ ਮਾਸ ਤੋਂ ਹੀ ਪ੍ਰਾਪਤ ਹੁੰਦੀ ਹੈ। ਹਰ ਗਊ ਭਗਤ ਵਨਸਪਤੀ ਘਿਉ ਖਾਂਦਾ ਹੈ ਜਦੋਂ ਵਨਸਪਤੀ ਘਿਉ ਖਾਂਦਾ ਹੈ ਤਾਂ ਜ਼ਰੂਰੀ ਹੈ ਕਿ ਗਊ ਚਰਬੀ ਵੀ ਖਾਂਦਾ ਹੈ। ਵਨਸਪਤੀ ਘਿਉ ਦਾ ਇਕ ਵਪਾਰੀ ਫੜਿਆ ਗਿਆ ਤਾਂ ਪਤਾ ਲੱਗਾ ਕਿ ਉਹ ਵਪਾਰੀ ਦਿੱਲੀ ਦਾ ਇਕ ਮਾਰਵਾੜੀ ਬਾਣੀਆ ਸੀ। ਇਹ ਹਿੰਦੂ ਵਪਾਰੀ ਵੀ ਹਿੰਦੂ ਅਤੇ ਕੈਸੀ ਵਿਡੰਬਨਾ ਹੈ ਕਿ ਗਊ ਚਰਬੀ ਵਿਰੋਧੀ ਅੰਦੋਲਨ ਕਰਨ ਵਾਲੇ ਵੀ ਆਰ.ਐਸ.ਐਸ. ਅਤੇ ਹੋਰ ਹਿੰਦੂ ਸੰਠਗਨਾਂ ਨਾਲ ਸੰਬੰਧਿਤ ਹਿੰਦੂ ਪਹਿਲਾਂ ਤਾਂ ਚਰਬੀ ਦਾ ਦੋਸ਼ ਇਕ ਮੁਸਲਮਾਨ ਉਪਰ ਲਗਾਉਣ ਦਾ ਯਤਨ ਕੀਤਾ ਗਿਆ ਪਰੰਤੂ ਜਦੋਂ ਇਕ ਹਿੰਦੂ ਵਪਾਰੀ ਫੜਿਆ ਗਿਆ ਤਾਂ ਸਾਰੇ ਚੁੱਪ ਹੋ ਗਏ।

ਉਪਰੋਕਤ ਕਾਂਡ ਤੋਂ ਇਹ ਗੱਲ ਸਪੱਸ਼ਟ ਰੂਪ ਵਿੱਚ ਸਾਹਮਣੇ ਆਈ ਕਿ ਗਊ ਦੀ ਚਰਬੀ ਵੇਚਣ ਦੇ ਵਪਾਰ ਵਿੱਚ ਉਸਨੇ 90 ਕਰੋੜ ਰੁਪਿਆ ਕਮਾਇਆ ਅਤੇ ਏਨੀ ਚਰਬੀ ਉਦੋਂ ਪ੍ਰਾਪਤ ਹੁੰਦੀ ਹੈ ਜਦੋਂ 90 ਹਜ਼ਾਰ ਗਊਆਂ ਨੂੰ ਕੱਟਿਆ ਜਾਵੇ। ਸਾਰੇ ਭਾਰਤ ਦਾ ਐਸਾ ਕੋਈ ਜਨੇਊਧਾਰੀ ਨਹੀਂ ਸੀ ਜਿਸਨੇ ਉਹ ਚਰਬੀ ਨਾ ਖਾਧੀ ਹੋਵੇ। ਜ਼ਿਕਰਯੋਗ ਹੈ ਕਿ ਇਸ ਚਰਬੀ ਕਾਂਡ ਵਿੱਚ ਉਹ ਹੀ ਹਿੰਦੂ ਲੜਕੇ ਸ਼ਾਮਲ ਸਨ ਜੋ ਆਰ. ਐਸ.ਐਸ. ਦੇ ਨਾਲ ਸੰਬੰਧਿਤ ਸਨ ਅਤੇ ਗਊ ਹੱਤਿਆ ਬੰਦੀ ਅੰਦੋਲਨ ਵਿੱਚ ਵੀ ਸ਼ਾਮਲ ਸਨ।

ਗਊ ਚਰਬੀ ਦੇ ਇਹ ਵਪਾਰੀ ਮਾਰਵਾੜੀ ਹਿੰਦੂ ਬਾਣੀਏ ਸੀ ਜੋ ਆਰ.ਐਸ.ਐਸ ਦੇ ਮੈਂਬਰ ਸਨ ਅਤੇ ਆਪਣੇ ਆਪ ਨੂੰ ਕੱਟੜ ਹਿੰਦੂ ਅਖਵਾਉਂਦੇ ਸਨ ਅਤੇ ਗਊ ਮਾਤਾ ਦੇ ਪੁਜਾਰੀ ਸਨ। ਹੁਣ ਇਹ ਸੋਚਣ ਦੀ ਲੋੜ ਹੈ ਕਿ ਹਿੰਦੂ ਕਿੱਡਾ ਵੱਡਾ ਧੋਖੇਬਾਜ਼ ਹੈ।----------ਉਹ ਖ਼ੁਦ ਹੀ ਉਹ ਕਰਦਾ ਹੈ ਜਿਸਦੇ ਬਾਰੇ ਉਹ ਦੂਸਰਿਆਂ ਨੂੰ ਮਨ੍ਹਾ ਕਰਦਾ ਹੈ ਅਤੇ ਉਹ ਖ਼ੁਦ ਉਹ ਨਹੀਂ ਕਰਦਾ ਜੋ ਦੂਸਰਿਆਂ ਨੂੰ ਕਰਨ ਲਈ ਕਹਿੰਦਾ ਹੈ। (ਪੰਨਾ 12)

ਉਚ ਵਰਨਾਂ ਦੇ ਹਿੰਦੂ ਕਹਿੰਦੇ ਹਨ ਕਿ ਮਾਸ ਖਾਣਾ ਜਾਇਜ਼ ਨਹੀਂ ਹੈ, ਇਹ ਹਿੰਸਾ ਹੈ ਇਸ ਲਈ ਇਹ ਗਊ, ਮੱਝ ਬੱਕਰੀ ਦਾ ਮਾਸ ਖਾਣਾ ਠੀਕ ਨਹੀਂ ਸਮਝਦੇ ਪਰ ਪਸ਼ੂ ਕੱਟਣ ਵਾਲੇ ਮੇਲਿਆਂ ਦਾ ਖ਼ੁਦ ਇੰਤਜ਼ਾਮ ਕਰਦੇ ਹਨ। ਜਿੰਨੇ ਵੀ ਪਸ਼ੂ ਮੇਲਿਆਂ ਦੇ ਮਾਲਕ ਹਨ ਉਹ ਸਾਰੇ ਹੀ ਉੱਚ ਜਾਤੀ ਦੇ ਹਿੰਦੂ ਹਨ ਅਤੇ ਇਹਨਾਂ ਮੇਲਿਆਂ ਵਿਚ ਕਸਾਈਆਂ ਨੂੰ ਪਸ਼ੂ ਵੇਚਦੇ ਹਨ ਅਤੇ ਰਸੀਦ ਕੱਟ ਕੇ ਕਸਾਈਆਂ ਨੂੰ ਦਿੰਦੇ ਹਨ। ਜਿਸ ਨਾਲ ਇਹਨਾਂ ਨੂੰ ਲੱਖਾਂ ਰੁਪਏ ਦੀ ਆਮਦਨ ਹੁੰਦੀ ਹੈ। ਘਰਾਂ ਵਿੱਚ ਤਾਂ ਲੋਕਾਂ ਨੂੰ ਮਨ੍ਹਾਂ ਕਰਦੇ ਹਨ ਕਿ ਪਸ਼ੂ ਕਸਾਈਆਂ ਨੂੰ ਨਾ ਵੇਚੋ ਪਰੰਤੂ ਜਦੋਂ ਉਹ ਮੇਲੇ ਵਿੱਚ ਵੇਚਣ ਜਾਂਦੇ ਹਨ ਤਾਂ ਧਨ ਬਟੋਰਦੇ ਹਨ। ਇਸ ਤੋਂ ਇਲਾਵਾ ਮੱਛੀ ਅਤੇ ਕਛੂਏ ਦਾ ਵਪਾਰ ਵੀ ਸਵਰਨ ਹਿੰਦੂ ਹੀ ਕਰਦੇ ਹਨ। ਉਤਰ ਪ੍ਰਦੇਸ਼ ਦੇ ਬ੍ਰਾਹਮਣ, ਖ਼ੱਤਰੀ, ਵੈਸ਼ ਸਾਰੇ ਇਹ ਵਪਾਰ ਕਰਦੇ ਹਨ ਅਤੇ ਰੇਲਗੱਡੀਆਂ ਦੀਆਂ ਬੋਗੀਆਂ ਭਰ ਕੇ ਕਲਕੱਤੇ ਭੇਜਦੇ ਹਨ। ਜਦੋਂ ਇਹ ਸਵਰਨ ਮੇਲਿਆਂ ਵਿੱਚ ਕੱਟਣ ਵਾਸਤੇ ਪਸ਼ੂ ਕਸਾਈਆਂ ਨੂੰ ਵੇਚਦੇ ਹਨ ਅਤੇ ਮੱਛਲੀ ਕਛੂਆ ਦੀਆਂ ਗੱਡੀਆਂ ਕਲਕੱਤੇ ਭੇਜਦੇ ਹਨ ਤਾਂ ਉਦੋਂ ਇਹਨਾਂ ਦਾ ਸ਼ਾਕਾਹਾਰੀ ਬਣਨ ਦਾ ਨਾਟਕ ਕਿਥੇ ਚਲਾ ਜਾਂਦਾ ਹੈ।

ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਬੰਗਾਲ ਦੇ ਸਾਰੇ ਬ੍ਰਾਹਮਣ ਮੱਝ, ਬੱਕਰੀ, ਮੱਛਲੀ ਅਤੇ ਕਛੂਏ ਦਾ ਮਾਸ ਸਭ ਤੋਂ ਵੱਧ ਖਾਂਦੇ ਹਨ।

ਹਿੰਦੂ ਝੋਲਾ ਲੈ ਕੇ ਜਾਂਦੇ ਹਨ ਅਤੇ ਬੁਚੜਖਾਨੇ ਤੋਂ ਝੋਲਾ ਭਰ ਕੇ ਮਾਸ ਲਿਆਉਂਦੇ ਹਨ। ਜੇਕਰ ਬੁਚੜਖਾਨਿਆਂ ਵਿੱਚ ਫੜੇ ਜਾਣ ਤਾਂ ਕਹਿ ਦਿੰਦੇ ਹਨ ਕਿ ਕੁੱਤੇ ਵਾਸਤੇ ਮਾਸ ਲੈ ਕੇ ਜਾ ਰਹੇ ਹਾਂ। ਸੋਚਣਾ ਇਹ ਹੈ ਕਿ ਕੁੱਤਿਆਂ ਦੇ ਲਈ ਹੱਡੀਆਂ ਲੈਣੀਆਂ ਚਾਹੀਦੀਆਂ ਹਨ ਨਾਕਿ ਮਾਸ। ਇਹ ਸੱਚ ਹੈ ਕਿ ਕੁੱਤੇ ਦੇ ਨਾਮ ਤੇ ਇਹ ਖ਼ੁਦ ਮਾਸ ਖਾਂਦੇ ਹਨ।

ਮਾਸ ਖਾਣ ਤੋਂ ਮਨ੍ਹਾਂ ਕਰਨ ਦੇ ਪਿੱਛੇ ਇਹਨਾਂ ਸਵਰਨ ਹਿੰਦੂਆਂ ਦੀ ਇਕ ਸਾਜ਼ਿਸ ਹੋਰ ਹੈ। ਉਹ ਜਾਣਦੇ ਹਨ ਕਿ ਮਾਸ ਖਾਣ ਨਾਲ ਸਰੀਰ ਨੂੰ ਪ੍ਰੋਟੀਨ ਮਿਲਦਾ ਹੈ, ਪ੍ਰੋਟੀਨ ਨਾਲ ਆਦਮੀ ਬਲਵਾਨ ਬਣਦਾ ਹੈ। ਕਿਉਂਕਿ ਦਲਿਤ ਬਲਵਾਨ ਨਾ ਬਣ ਸਕਣ ਇਸੇ ਕਰਕੇ ਹੀ ਇਹ ਮਾਸ ਨਾ ਖਾਣ ਦੀ ਸਿੱਖਿਆ ਦਿੰਦੇ ਹਨ। ਜਦੋਂ ਇਹ ਸਰੀਰ ਤੋਂ ਕਮਜ਼ੋਰ ਰਹਿਣਗੇ ਤਾਂ ਆਪਣੇ ਆਪ ਹੀ ਉਹਨਾਂ ਦੇ ਗ਼ੁਲਾਮ ਬਣੇ ਰਹਿਣਗੇ।

ਜਦੋਂ ਮਨੁੱਖ ਸਰੀਰਕ ਤੌਰ ਤੇ ਕਮਜ਼ੋਰ ਹੁੰਦਾ ਹੈ ਤਾਂ ਆਤਮਿਕ ਤੌਰ ਤੇ ਵੀ ਕਮਜ਼ੋਰ ਹੋ ਜਾਂਦਾ ਹੈ ਅਤੇ ਜਿਹੜਾ ਮਾਨਸਿਕ ਤੌਰ ਤੇ ਕਮਜ਼ੋਰ ਹੁੰਦਾ ਹੈ ਉਹ ਦੂਸਰਿਆਂ ਸਾਹਮਣੇ ਛੇਤੀ ਹੀ

ਆਤਮ ਸਮਰਪਣ ਕਰ ਦਿੰਦਾ ਹੈ ਅਤੇ ਗੁਲਾਮੀ ਸਵੀਕਾਰ ਕਰ ਲੈਂਦਾ ਹੈ। ਇਹ ਬ੍ਰਾਹਮਣ ਹਿੰਦੂ ਦੀ ਵਿਲੱਖਣ ਮਨੋਬਿਰਤੀ ਹੈ। (ਹਿੰਦੂ ਮਾਨਸਿਕਤਾ, ਪੰਨਾ 15, 16)

ਬ੍ਰਾਹਮਣ ਮਰੀ ਸੜੀ ਗਊ ਨੂੰ ਖੜਾ ਕਰਕੇ ਭਵਸਾਗਰ ਪਾਰ ਕਰਾਉਣ ਲਈ ਗਊ ਦੀ ਪੂਛ ਫੜਾਉਂਦਾ ਹੈ ਅਤੇ ਪੈਸਾ ਚੜ੍ਹਵਾਉਂਦਾ ਹੈ। ਗਊ ਦੀ ਪੂਛ ਪਕੜਾਉਣ ਨਾਲ ਹੀ ਜੇਕਰ ਭਵਸਾਗਰ ਪਾਰ ਹੁੰਦਾ ਹੋਵੇ ਤਾਂ ਲੋਕ ਕਿਸੇ ਬਜ਼ਾਰ ਵਿੱਚ ਘੁੰਮ ਰਹੀ ਅਵਾਰਾ ਗਊ ਦੀ ਪੂਛ ਕਿਉਂ ਨਹੀਂ ਫੜ ਲੈਂਦੇ, ਗੰਗਾ ਘਾਟ ਉਪਰ ਗਊ ਦੀ ਪੂਛ ਦੇ ਨਾਂ ਤੇ ਪੰਡੇ ਨੂੰ ਧਨ ਦੇਣ ਦਾ ਕੀ ਲਾਭ। ਗੰਗਾ ਵਿਚ ਪੈਸਾ ਬੇਕਾਰ ਹੀ ਲੁੱਟਦੇ ਹਨ। ਗੋਤਾਖੋਰ ਗੰਗਾ ਦੀ ਤਹਿ ਤੋਂ ਪੈਸੇ ਬਟੋਰ ਲੈਂਦੇ ਹਨ ਅਤੇ ਉਸਦੀ ਸ਼ਰਾਬ ਪੀਂਦੇ ਹਨ। ਦਲਿਤ ਗਰੀਬਾਂ ਦਾ ਪੈਸਾ ਪਾਪ ਵਿੱਚ ਲੱਗਦਾ ਹੈ।

(ਹਿੰਦੂ ਮਾਨਸਿਕਤਾ, ਪੰਨਾ 71)

*ਹਿੰਦੂ ਧਰਮ ਵਿੱਚ ਗਊ ਮਾਸ ਅਤੇ ਮਾਸ ਦੀ ਵਰਤੋਂ:*-ਹਿੰਦੂ ਧਰਮ ਦੇ ਪੁਰਾਤਨ ਗ੍ਰੰਥਾਂ ਅਤੇ ਸਰੋਤਾਂ ਵਿੱਚ ਗਊ ਮਾਸ ਅਤੇ ਹੋਰ ਜਾਨਵਰਾਂ ਦੇ ਮਾਸ ਦੀ ਵਰਤੋਂ ਦਾ ਜ਼ਿਕਰ ਆਮ ਮਿਲਦਾ ਹੈ, ਗੁਰਨਾਮ ਸਿੰਘ ਜ਼ਿਕਰ ਕਰਦੇ ਹਨ:

ਹੇ ਇੰਦਰ! ਜਿਵੇਂ ਗਊ ਹੱਤਿਆ ਦੇ ਸਥਾਨ ਤੇ ਗਊ ਕੱਟੀ ਜਾਂਦੀ ਹੈ ਉਸੇ ਤਰ੍ਹਾਂ ਅਸਤਰ ਨਾਲ ਮਿੱਤਰ-ਧਰੋਹੀ ਰਾਖਸ਼ ਲੋਕ ਕੱਟਕੇ ਧਰਤੀ ਤੇ ਸਦਾ ਲਈ ਸੌਂ ਜਾਣ।

(ਰਿਗਵੇਦ ਮੰਡਲ ਦਸ ਸੂਤਰ 89, ਮੰਤਰ 14)[4]

ਉਥੇ ਦੁਲਹਨ ਯੁਗਤ ਨਾਲ ਬੈਠ ਕੇ ਖਾਣਾ ਖਾਂਦੀ ਸੀ। ਮਹਿਮਾਨਾਂ ਨੂੰ ਉਸ ਮੌਕੇ ਮਾਰੀ ਗਈ ਗਊ ਦਾ ਮਾਸ ਪਰੋਸਿਆ ਜਾਂਦਾ ਸੀ। (ਰਿਗਵੇਦ ਸੂਤਰ 1)

ਹੇ ਇੰਦਰ! ਅੰਨ ਦੀ ਕਾਮਨਾ ਕਰਦੇ ਜਿਸ ਸਮੇਂ ਤੇਰੇ ਲਈ ਹਵਨ ਕੀਤਾ ਜਾਂਦਾ ਹੈ, ਉਸ ਸਮੇਂ ਜਲਦੀ ਨਾਲ ਪੱਥਰ ਦੇ ਦੋ ਟੁਕੜਿਆਂ ਤੇ ਸੋਮਰਸ ਤਿਆਰ ਕਰਦੇ ਹਾਂ, ਉਸ ਨੂੰ ਤੁਸੀਂ ਪੀਂਦੇ ਹੋ। ਜਜਮਾਨ ਬੈਲ ਪਕਾਉਂਦੇ ਹਨ। ਤੁਸੀਂ ਉਹ ਖਾਂਦੇ ਹੋ। (ਰਿਗਵੇਦ 10/28/3)

ਅਤਿਥੀ ਦੇ ਵਾਸਤੇ ਵੱਡਾ ਬੈਲ ਮਾਰਨਾ ਚਾਹੀਦਾ ਹੈ। (ਸਤਪਥ ਬ੍ਰਾਹਮਣ 3/4/1/2)

ਪ੍ਰੋਹਿਤਾਂ ਦੇ ਇਸ ਆਪਸੀ ਵਿਰੋਧ ਵਿੱਚ ਕਿ ਮਾਸ ਬੈਲ ਦਾ ਖਾਣਾ ਚਾਹੀਦਾ ਹੈ ਜਾਂ ਫਿਰ ਗਊ ਦਾ? ਇਸ ਦੇ ਉੱਤਰ ਵਿੱਚ ਯਜਨ ਵਾਲਕਿਆ (ਰਿਸ਼ੀ) ਕਹਿੰਦਾ ਹੈ, "ਦੋਹਾਂ ਵਿੱਚੋਂ ਜਿਹੜਾ ਨਰਮ ਹੋਵੇ ਉਹ ਖਾ ਲੈਣਾ ਚਾਹੀਦਾ ਹੈ।" (ਸਤਪਥ ਬ੍ਰਾਹਮਣ 3/1/2/21)

ਵਿਵੇਕਾਨੰਦ ਬਾਇਓਗਰਾਫੀ ਵਿੱਚ ਸੁਆਮੀ ਨਿਖਲਾਨੰਦ ਲਿਖਦੇ ਹਨ:

*"ਪੰਜ ਬ੍ਰਾਹਮਣ ਇਕ ਗਊ ਖਾ ਜਾਂਦੇ ਸਨ।"*

(ਪੰਨਾ 96)

ਬਾਲਮੀਕ ਦੇ ਆਸ਼ਰਮ ਵਿੱਚ ਜਦੋਂ ਵਸ਼ਿਸ਼ਠ ਪਹੁੰਚੇ ਤਾਂ ਉਸ ਦਾ ਸਤਿਕਾਰ ਦੋ ਵਰ੍ਹੇ ਦੀ ਵੱਛੀ ਦਾ ਮਾਸ ਖਵਾ ਕੇ ਕੀਤਾ ਗਿਆ। (ਸੰਸਕ੍ਰਿਤ ਨਾਟਕ ਉਤਰ ਰਾਮਚਰਿਤ, ਅੰਕ 4)

ਸ਼ਰਾਧ ਵਿੱਚ ਜੇ ਗਊ ਮਾਸ ਪਰੋਸਿਆ ਜਾਵੇ ਤਾਂ ਪਿਤਰਾਂ ਦੀ ਇਕ ਸਾਲ ਵਾਸਤੇ ਤ੍ਰਿਪਤੀ ਹੋ ਜਾਂਦੀ ਹੈ। (ਅਪਸਤੰਭ ਧਰਮ ਸੂਤਰ)

ਸ਼ਰਾਧ ਵਿੱਚ ਗਊ ਖਵਾਉਣ ਨਾਲ ਪਿਤਰ ਇਕ ਸਾਲ ਲਈ ਸੰਤੁਸ਼ਟ ਹੋ ਜਾਂਦੇ ਹਨ। ਭੈਂਸ (ਮੱਝ) ਦਾ ਮਾਸ ਖਵਾਉਣ ਨਾਲ ਉਸ ਤੋਂ ਵੀ ਵੱਧ ਤ੍ਰਿਪਤੀ ਹੁੰਦੀ ਹੈ। (ਅਪਸਤੰਭ ਧਰਮ ਸੂਤਰ)

ਗਊ ਦੇ ਮਾਸ ਨਾਲ ਸ਼ਰਾਧ ਸੇਵਨ ਕਰਨ ਤੇ ਪਿਤਰਾਂ ਦੀ ਇਕ ਸਾਲ ਲਈ ਤ੍ਰਿਪਤੀ ਹੋ ਜਾਂਦੀ ਹੈ। (ਮਹਾਂਭਾਰਤ ਅਨੁਸ਼ਾਸ਼ਨ ਪਰਵ ਅਧਿ: 85, ਸਲੋਕ 5)

ਰੰਤੀ ਦੇਵਾ ਨਾਮਕ ਰਾਜਾ ਗਊ ਦਾ ਮਾਸ ਪਰੋਸਣ ਕਾਰਨ ਹੀ ਤੇਜੱਸਵੀ ਬਣਿਆ। ਰਾਜਾ ਰੰਤੀ ਦੇਵਾ ਦੀ ਰਸੋਈ ਵਿੱਚ 2000 ਪਸ਼ੂ ਕੱਟੇ ਜਾਂਦੇ ਸਨ। ਪ੍ਰਤੀ ਦਿਨ ਦੋ ਹਜ਼ਾਰ ਗਊਆਂ ਕੱਟੀਆਂ ਜਾਂਦੀਆਂ ਸਨ। (ਮਹਾਂਭਾਰਤ ਅਧਿਆਇ: 218/199)

ਇਕ ਦਿਨ ਰਾਜਾ ਰੰਤੀ ਦੇਵਾ ਦੇ ਘਰ ਬਹੁਤ ਸਾਰੇ ਮਹਿਮਾਨ ਆ ਗਏ ਤਾਂ ਉਸਨੇ 21000 ਗਊਆਂ ਦਾ ਮਾਸ ਤਿਆਰ ਕਰਵਾਇਆ। (ਮਹਾਂਭਾਰਤ ਸਾਂਤੀਪੂਰਵ ਅਧਿ: 29, ਸਲੋਕ 179)

ਜੋ ਇਹ ਗਾਂ ਦਾ ਮਾਸ ਅਤੇ ਦੁੱਧ ਹੈ, ਇਹ ਬਹੁਤ ਸੁਆਦ ਹੁੰਦਾ ਹੈ।

(ਅਥਰਵ ਵੇਦ 9/6/39)

ਗਾਂ ਅਤੇ ਬੈਲ ਪਵਿੱਤਰ ਹਨ, ਇਸ ਲਈ ਸਾਨੂੰ ਇਨ੍ਹਾਂ ਦਾ ਮਾਸ ਖਾ ਕੇ ਪਵਿੱਤਰ ਹੋਣਾ ਚਾਹੀਦਾ ਹੈ। (ਅਸਤੰਭ ਧਰਮ ਸੂਤਰ) (ਭਾਰਤੀ ਲੋਕ ਨੀਚ ਕਿਵੇ ਬਣੇ? ਪੰਨਾ 86, 87, 88)

ਰਾਜਾ ਸੁਯੱਗ ਨੇ ਰਾਜਸੂਯ ਨਾਂ ਦੇ ਇਕ ਹਜ਼ਾਰ ਯੱਗ ਨਰਬਦਾ ਨਦੀ ਦੇ ਕੰਢੇ ਤੇ ਕੀਤੇ ਸਨ। ਤਿੰਨ ਲੱਖ ਯੱਗ ਅੱਸ਼ਵਮੇਧ ਕੀਤੇ ਭਾਵ ਤਿੰਨ ਲੱਖ ਘੋੜੇ ਮਾਰੇ ਅਤੇ ਤਿੰਨ ਲੱਖ ਹੀ ਨਰਮੇਧ ਯੱਗ ਕੀਤੇ ਅਰਥਾਤ ਤਿੰਨ ਲੱਖ ਮਨੁੱਖਾਂ ਨੂੰ ਕਤਲ ਕੀਤਾ। ਇਸ ਤਰ੍ਹਾਂ ਉਸ ਨੇ ਬੜੀ ਅਜੀਬ ਵਿਧੀ ਨਾਲ ਚਾਰ ਲੱਖ ਗਊ ਮੇਧ ਜੱਗ ਕੀਤੇ ਅਰਥਾਤ ਚਾਰ ਲੱਖ ਗਊ ਮੌਤ ਦੇ ਘਾਟ ਉਤਾਰੀ। ਘਿਉ ਵਿੱਚ ਤਲ ਕੇ ਪੰਜ ਲੱਖ ਗਊਆਂ ਦੇ ਮਾਸ ਨਾਲ ਚੱਬਣ, ਚੂਸਣ, ਚੱਟਣ ਅਤੇ ਪੀਤੇ ਜਾਣ ਵਾਲੇ ਅਤਿਅੰਤ ਦੁਰਲੱਭ ਮਿਠੇ ਪਦਾਰਥਾਂ ਨਾਲ ਉਹ ਰੋਜ਼ ਤਿੰਨ ਕਰੋੜ ਬ੍ਰਾਹਮਣਾਂ ਨੂੰ ਭੋਜਨ ਕਰਵਾਇਆ ਕਰਦਾ ਸੀ।

(ਬ੍ਰਹਮ ਵੈਵਰਤ ਪੁਰਾਣ, ਪ੍ਰਕਿਰਤੀ ਖੰਡ, ਅਧਿਆਇ 54, ਸਲੋਕ 47, 48, 49)[5]

ਵੇਦ ਵਿਆਸ ਦੁਆਰਾ ਰਚਿਤ ਮੰਨੇ ਜਾਂਦੇ 'ਬ੍ਰਹਮ ਸੂਤਰ' ਨਾਮ ਦੇ ਸ਼ਾਸਤਰ ਵਿੱਚ ਦਰਜ ਹੈ:

"ਜੇਕਰ ਕਹੋ ਕਿ ਪਸ਼ੂ ਹਿੰਸਾ ਦੁਆਰਾ ਹੋਣ ਵਾਲਾ 'ਜਯੋਤਿਸ਼ਟੋਮ' ਨਾਮ ਵਾਲਾ ਯੱਗ ਪਾਪ ਰੂਪ ਹੈ ਤਾਂ ਐਸੀ ਸ਼ੰਕਾ ਨਾ ਕਰੋ, ਕਿਉਂਕਿ ਇਹ ਪਸ਼ੂ ਹਿੰਸਾ 'ਸ਼ਬਦਾਤ' ਵੇਦ ਅਨੁਸਾਰ ਹੈ॥ 25॥ ਇਸ ਲਈ ਯੱਗ ਵਿੱਚ ਬੱਕਰੇ ਦੇ, ਗਧੇ ਦੇ, ਘੋੜੇ ਦੇ, ਗਾਂ ਦੇ ਅਤੇ ਮਨੁੱਖ ਦੇ ਮਾਸ ਖਾ ਲੈਣੇ ਧਰਮ ਹੈ। (ਅਸ਼ੁਧਮਿਤ ਚੇਤ ਨ ਸ਼ਬਦਾਤ ਸੂਤਰ 24)[6]

ਸ਼ਰਾਧ ਵਿਚ ਬ੍ਰਾਹਮਣ ਨੂੰ ਜੰਗਲੀ ਸੂਰ ਦਾ ਅਤੇ ਜੰਗਲੀ ਭੈਂਸੇ ਦਾ ਮਾਸ ਖੁਆਣ ਨਾਲ ਪਿੱਤਰ ਦਸ ਮਹੀਨੇ ਤ੍ਰਿਪਤ ਰਹਿੰਦੇ ਹਨ। ਕਛੂਏ ਦਾ ਮਾਸ ਖੁਆਣ ਨਾਲ ਗਿਆਰਾਂ ਮਹੀਨੇ ਪਿੱਤਰ ਤ੍ਰਿਪਤ ਰਹਿੰਦੇ ਹਨ। ਲੰਬੇ ਕੰਨਾਂ ਵਾਲੇ ਸਫ਼ੇਦ ਵੱਡੇ ਬੱਕਰੇ ਦਾ ਮਾਸ ਖੁਵਾਉਣ ਨਾਲ ਪਿੱਤਰ ਬਾਰ੍ਹਾਂ ਸਾਲ ਤ੍ਰਿਪਤ ਰਹਿੰਦੇ ਹਨ। ਗੈਂਡੇ ਅਤੇ ਕਾਲੇ ਬੱਕਰੇ ਦਾ ਮਾਸ ਖੁਵਾਉਣ ਨਾਲ ਪਿੱਤਰ ਸਦਾ ਲਈ ਤ੍ਰਿਪਤ ਰਹਿੰਦੇ ਹਨ। (ਮੰਨੂ ਸਿਮ੍ਰਿਤੀ ਅਧਿਆਇ 3)[7]

ਪਾਰਸਕਰ ਗ੍ਰਿਹ ਸੂਤਰ ਵਿੱਚ ਤਾਂ ਹਰ ਖੁਸ਼ੀ ਦੇ ਸਮੇਂ ਗਊ ਦੇ ਮਾਸ ਦਾ ਸੇਵਨ ਜ਼ਰੂਰੀ ਦੱਸਿਆ ਗਿਆ ਹੈ, ਘਰ ਆਏ ਗੁਰੂ, ਦੱਛਣ ਲੈ ਕੇ ਜੱਗ ਕਰਾਉਣ ਵਾਲਾ ਬ੍ਰਾਹਮਣ ਵਿਆਹ ਸਮੇ ਵਰ, ਰਾਜ ਤਿਲਕ ਸਮੇਂ ਰਾਜਾ, ਘਰ ਆਇ ਮਹਿਮਾਨ ਅਤੇ ਗੁਰੂ ਕੋਲੋਂ ਪੜ੍ਹ ਕੇ ਆਏ ਬ੍ਰਹਮਚਾਰੀ ਵਾਸਤੇ ਮਧੂਪਰਕ ਵਿਧੀ ਰਾਹੀਂ ਆਉ ਭਗਤ ਕਰਨ ਦਾ ਵਿਧਾਨ ਹੈ। ਮਧੂਪਰਕ ਵਿਧੀ ਵਿੱਚ ਅਜਿਹੇ ਅਵਸਰਾਂ ਉਪਰ ਗਊ ਮਾਸ ਦੀ ਵਰਤੋਂ ਜ਼ਰੂਰੀ ਹੈ, ਵਿਆਹ ਵਿੱਚ ਵਰ ਦੇ ਸੁਆਗਤ ਲਈ 'ਮਾਤਾ ਰੁਦਰਾਣੰ' ਇਤਿਆਦਿ ਮੰਤਰ ਪੜ੍ਹਦੇ ਹੋਏ ਗਊ ਹੱਤਿਆ ਕਰਨੀ ਅਤੇ ਉਸਦਾ ਮਾਸ ਬਹੂ ਨੂੰ ਖੁਵਾਉਣਾ ਪਰਮ ਜ਼ਰੂਰੀ ਹੈ। (ਪਾਰਸਕਰ ਗ੍ਰਿਹ ਸੂਤਰ ਕਾਂਡ ਪਹਿਲਾ)[8]

ਜ਼ਿਕਰ ਯੋਗ ਹੈ ਕਿ ਅੱਜ ਵੀ ਹਿੰਦੂ ਧਰਮ ਦੇ ਵਿਆਹ ਸੰਸਕਾਰ ਦੇ ਮੌਕੇ ਵਰ-ਵਧੂ ਦੇ ਸਾਹਮਣੇ ਇਕ ਤਿਨਕਾ ਕੱਟਣ ਦੀ ਰਸਮ ਕੀਤੀ ਜਾਂਦੀ ਹੈ ਜੋ ਕਿ ਪਾਰਸਕਰ ਗ੍ਰਿਹ ਸੂਤਰ ਦੇ ਮਧੂਪਰਕ ਸੰਸਕਾਰ ਅਨੁਸਾਰ ਗਊ ਹੱਤਿਆ ਦੇ ਸੰਕੇਤ ਵਜੋਂ ਕੀਤੀ ਜਾਂਦੀ ਹੈ ਜਿਵੇਂ ਸੀਸ ਭੇਟ ਦੇ ਸੰਕੇਤ ਵਜੋਂ ਮੰਦਰਾਂ ਵਿੱਚ ਨਾਰੀਅਲ ਤੋੜਿਆ ਜਾਂਦਾ ਹੈ। 'ਮਧੂਪਰਕ' ਅਨੁਸਾਰ ਤਾਂ ਵਿਆਹ ਸੰਸਕਾਰ ਸਮੇਂ ਗਊ ਮਾਸ ਦਾ ਸੇਵਨ ਜ਼ਰੂਰੀ ਹੈ। ਹੋ ਸਕਦਾ ਹੈ ਕਿਸੇ ਸਮੇਂ ਇਹ ਰੀਤ ਪ੍ਰਚੱਲਿਤ ਵੀ ਰਹੀ ਹੋਵੇ, ਕਿਉਂਕਿ ਗ੍ਰਿਹ ਸੂਤਰ ਅਨੁਸਾਰ ਇਹ ਸੰਸਕਾਰ ਸਨਾਤਨ ਧਰਮ ਅਨੁਸਾਰੀ ਹੈ, ਪ੍ਰੰਤੂ ਸਮੇਂ ਦੇ ਨਾਲ ਨਾਲ ਜਿਉਂ ਹੀ ਗਊ ਭਗਤਾਂ ਦੀ ਗਿਣਤੀ ਵਧੀ ਚਲਾਕ ਰੂਪਰਵਾਦੀਆਂ ਨੇ ਇਸ ਰੀਤੀ ਨੂੰ ਗਊ ਦੀ ਹੱਤਿਆ ਕਰਨ ਦੀ ਬਜਾਏ ਇਕ ਤਿਨਕਾ ਤੋੜਨ ਦੇ ਰੂਪ ਵਿੱਚ ਬਦਲ ਦਿੱਤਾ।

ਗਊ ਭਗਤਾਂ ਵਲੋਂ ਤਾਂ ਗਊ ਮਾਤਾ ਦਾ ਸ਼ੋਸ਼ਣ ਕਰਨ ਵਿੱਚ ਵੀ ਕਿਸੇ ਪ੍ਰਕਾਰ ਦੀ ਕੋਈ ਕਮੀ ਨਹੀਂ ਛੱਡੀ ਜਾਂਦੀ। ਗਰੁੜ ਪੁਰਾਣ ਵਿੱਚ ਅੰਕਿਤ ਹੈ ਪ੍ਰਲੋਕ ਵਿੱਚ ਇਕ 'ਵੈਤਰਨੀ' ਨਾਮ ਦੀ ਨਦੀ ਹੈ ਜੋ ਮਰਨ ਤੋਂ ਬਾਅਦ ਹਰ ਜੀਵ ਨੂੰ ਪਾਰ ਕਰਨੀ ਪੈਂਦੀ ਹੈ, ਪਰੰਤੂ ਦੁਰਗੰਧ ਅਤੇ ਖ਼ੂਨ-ਪੀਕ ਦੀ ਭਰੀ ਹੋਣ ਕਰਕੇ ਇਸ ਨੂੰ ਪਾਰ ਕਰਨਾ ਬੜਾ ਔਖਾ ਹੈ। ਇਸ ਨੂੰ ਗਊ ਦੀ ਪੂਛ ਫੜ ਕੇ ਹੀ ਪਾਰ ਕੀਤਾ ਜਾ ਸਕਦਾ ਹੈ ਪਰੰਤੂ ਉਸ ਜੀਵ ਨੂੰ ਉਥੇ ਨਦੀ ਪਾਰ ਕਰਨ ਲਈ ਗਊ ਤਾਂ ਮੁਹੱਈਆ ਹੁੰਦੀ ਹੈ ਜੇਕਰ ਉਸ ਜੀਵ ਨੇ ਜਿਉਂਦੇ ਜੀਅ ਕਿਸੇ ਬ੍ਰਾਹਮਣ ਨੂੰ ਗਊ ਦਾਨ ਕੀਤੀ ਹੋਵੇ। ਸੋ ਜੇਕਰ ਨਰਕਾਂ ਦੀ ਇਸ ਨਦੀ ਨੂੰ ਪਾਰ ਕਰਨਾ ਹੈ ਤਾਂ ਗਊਦਾਨ ਬਹੁਤ ਜ਼ਰੂਰੀ ਹੈ। ਇਸ ਤਰ੍ਹਾਂ ਜਜਮਾਨਾਂ ਕੋਲੋਂ ਗਊ ਲੈਣ ਜਾਂ ਗਊ ਦੇ ਮੁੱਲ ਦੇ ਪੈਸੇ ਲੈਣ ਲਈ ਇਹ ਬੜੀ ਭਿਆਨਕ ਕਥਾ ਘੜੀ ਹੋਈ ਹੈ ਕਿ ਪਿੱਤਰ ਵੀ ਵੈਤਰਨੀ ਤਾਂ ਹੀ ਪਾਰ ਕਰ ਸਕਦੇ ਹਨ ਜੇਕਰ ਉਸਦੇ ਘਰ ਵਾਲੇ ਕਿਸੇ ਬ੍ਰਾਹਮਣ ਨੂੰ ਗਊ ਦਾਨ ਕਰਨ। ਇਸੇ ਵਹਿਮ ਨੂੰ ਦੂਰ ਕਰਨ ਲਈ ਕਿਸੇ ਬਿਬੇਕੀ ਸੱਜਣ ਨੇ ਇਸ ਨੂੰ ਇਕ ਖੂਬਸੂਰਤ ਗਾਥਾ ਦੇ ਰੂਪ ਵਿੱਚ ਹਾਸ-ਰਸ ਦੀ ਰੰਗਤ ਦਿੱਤੀ ਹੈ ਜੋ ਇਵੇਂ ਹੈ:

ਕਿਸੇ ਵਿਚਾਰੇ ਗਰੀਬ ਜਿਹੇ ਜੱਟ ਦੇ ਪਿਤਾ ਦੀ ਮੌਤ ਹੋ ਗਈ। ਜੱਟ ਨੇ ਚਾਰ-ਕੁ ਸੱਜਣ ਇਕੱਠੇ ਕੀਤੇ ਅਤੇ ਪਿਤਾ ਦਾ ਸਸਕਾਰ ਕਰਕੇ ਘਰ ਆ ਗਿਆ। ਕੁਝ ਵੈਸੇ ਵੀ ਗਰੀਬੀ ਕਰਕੇ ਉਸਨੇ ਨਾ ਤਾਂ ਬ੍ਰਾਹਮਣਵਾਦੀ ਰਸਮਾਂ ਕੀਤੀਆਂ ਅਤੇ ਨਾ ਹੀ ਕਿਸੇ ਬਿਪਰ ਨੂੰ ਘਰ ਸੱਦਿਆ। ਪਿੰਡ ਵਿੱਚ ਵੱਸਦਾ ਬ੍ਰਾਹਮਣ ਬੜਾ ਦੁੱਖੀ ਹੋਇਆ ਕਿ ਇਸ ਜੱਟ ਨੇ ਤਾਂ ਵੱਖਰੀ ਜਿਹੀ ਪਿਰਤ ਪਾ ਦਿੱਤੀ ਹੈ ਜੇਕਰ ਇਸ ਨੇ ਮੇਰੇ ਬਣਾਏ ਕਰਮਕਾਂਡ ਦੇ ਚੱਕਰਵਿਊ ਨੂੰ ਤੋੜ ਦਿੱਤਾ ਤਾਂ ਮੇਰੀ ਉਪਜੀਵਕਾ ਦਾ ਕੀ ਬਣੇਗਾ ? ਕੁਝ ਦਿਨ ਤਾਂ ਬ੍ਰਾਹਮਣ ਇਸੇ ਬਾਰੇ ਸੋਚਦਾ ਰਿਹਾ, ਅੰਤ ਬੜੀ ਚਲਾਕੀ ਨਾਲ ਇਕ ਕਹਾਣੀ ਘੜੀ ਅਤੇ ਜੱਟ ਦਾ ਜਾ ਬੂਹਾ ਖੜਕਾਇਆ।

ਜੱਟ ਦੀ ਘਰ ਵਾਲੀ ਨੇ ਦਰਵਾਜ਼ਾ ਖੋਹਲਿਆ, ਪੰਡਿਤ ਅੰਦਰ ਵੜਿਆ। ਜੱਟ ਵੀ ਘਰ ਹੀ ਸੀ। ਉਸਨੇ ਪਿੰਡ ਦਾ ਬ੍ਰਾਹਮਣ ਜਾਣ ਚਾਹ ਪਾਣੀ ਪੁਛਿਆ ਪਰ ਪੰਡਿਤ ਨੇ ਬੜਾ ਅਫ਼ਸੋਸਨਾਕ ਜਿਹਾ ਮੂੰਹ ਬਣਾ ਕੇ ਕਿਹਾ, "ਗਿਆਨ ਸਿੰਹਾਂ, ਚਾਹ ਪਾਣੀ ਦੀ ਗੱਲ ਨਾ ਕਰ, ਤੇਰਾ ਪਿਤਾ ਟਹਿਲ ਸਿੰਹੁ ਉਪਰ ਪਰਲੋਕ ਵਿੱਚ ਜਾ ਕੇ ਬੜੀ ਮੁਸ਼ਕਲ ਵਿੱਚ ਫਸਿਆ ਹੋਇਆ ਹੈ।"

ਜੱਟ ਬ੍ਰਾਹਮਣ ਦੀ ਕਿਸੇ ਅੰਦਰੂਨੀ ਚਾਲ ਨੂੰ ਤਾੜ ਗਿਆ ਤੇ ਭਾਵੁਕ ਜਿਹਾ ਚਿਹਰਾ ਬਣਾ ਕੇ ਪੁਛਿਆ, "ਪੰਡਿਤ ਜੀ, ਕੀ ਪਏ ਆਖਦੇ ਹੋ, ਬਾਪੂ ਜੀ ਕਿਹੜੀ ਮੁਸ਼ਕਿਲ ਵਿੱਚ ਫਸੇ ਹੋਏ ਹਨ ?"

ਪੰਡਿਤ ਨੇ ਕਿਹਾ, "ਗਿਆਨ ਸਿੰਹਾਂ, ਤੇਰਾ ਪਿਉ ਵੈਤਰਨੀ ਨਦੀ ਦੇ ਕੰਢੇ ਤੇ ਖੜਾ ਹੈ, ਪਰ ਉਸ ਕੋਲੋਂ ਨਦੀ ਪਾਰ ਨਹੀਂ ਕੀਤੀ ਜਾ ਸਕਦੀ, ਕਿਉਂਕਿ ਨਦੀ ਪਾਰ ਕਰਨ ਲਈ ਗਊ ਮਾਤਾ ਦੀ ਪੂਛ ਫੜਨੀ ਪੈਂਦੀ ਹੈ, ਸੋ ਕਿਸੇ ਗਊ ਦੇ ਨਾ ਹੋਣ ਕਰਕੇ ਤੇਰਾ ਪਿਤਾ ਬੜੀ ਉਦਾਸ ਹਾਲਤ ਵਿੱਚ ਹੈ ਕਿਉਂਕਿ ਉਸਨੇ ਜੀਵਨ ਭਰ ਗਊ ਦਾਨ ਨਹੀਂ ਸੀ ਕੀਤੀ। ਰਾਤੀ ਮੈਨੂੰ ਸੁਪਨੇ ਵਿੱਚ ਮਿਲਿਆ ਸੀ, ਬੜਾ ਰੋ ਰਿਹਾ ਸੀ।"

ਜੱਟ ਨੇ ਕਿਹਾ, "ਪੰਡਿਤ ਜੀ, ਇਹ ਤਾਂ ਸੱਚ ਮੁੱਚ ਬੜੀ ਮਾੜੀ ਗੱਲ ਹੈ, ਪਰੰਤੂ ਕੀ ਇਸ ਦਾ ਕੋਈ ਹੱਲ ਨਹੀਂ ਹੋ ਸਕਦਾ ?"

ਪੰਡਿਤ ਨੇ ਮਨ ਵਿੱਚ ਖੁਸ਼ੀ ਦੇ ਲੱਡੂ ਭੋਰਦੇ ਹੋਏ ਕਿਹਾ, "ਕਿਉਂ ਨਹੀਂ, ਹੱਲ ਤਾਂ ਜ਼ਰੂਰ ਹੈ, ਤੁਸੀਂ ਆਪਣੇ ਪਿਤਾ ਦੇ ਨਿਮਤ ਗਊ ਦਾਨ ਕਰੋ, ਮੈਂ ਕੁਝ ਸ਼ਾਸਤਰਾਂ ਦੇ ਮੰਤਰ ਪੜ੍ਹ ਦੇਵਾਂਗਾ ਅਤੇ ਉਹ ਗਊ ਤੁਹਾਡੇ ਪਿਤਾ ਜੀ ਨੂੰ ਵੈਤਰਨੀ ਪਾਰ ਕਰਾ ਦੇਵੇਗੀ।"

ਗਊ ਦਾਨ ਦੀ ਗੱਲ ਸੁਣ ਕੇ ਜੱਟ ਵਿਚਾਰਾ ਦੁਚਿੱਤੀ ਵਿੱਚ ਪੈ ਗਿਆ, ਕਿਉਂਕਿ ਕੋਲ ਇਕ ਹੀ ਗਊ ਸੀ, ਜਿਸ ਦਾ ਬੱਚੇ ਦੁੱਧ ਵੀ ਪੀਂਦੇ ਸਨ ਅਤੇ ਥੋੜ੍ਹਾ ਦੁੱਧ ਵੇਚ ਕੇ ਘਰ ਦਾ ਖਰਚ ਵੀ ਚਲਦਾ ਸੀ। ਪਰ ਕਾਫੀ ਸੋਚ ਕੇ ਜੱਟ ਨੇ ਕਿਹਾ, "ਪੰਡਿਤ ਜੀ, ਜੇਕਰ ਮੈਂ ਗਊ ਦਾਨ ਕਰ ਦੇਵਾਂ ਤਾਂ ਬਾਪੂ ਜੀ ਕਿੰਨੇ ਕੁ ਸਮੇਂ ਵਿੱਚ ਨਦੀ ਜਿਹੀ ਪਾਰ ਕਰ ਲੈਣਗੇ ਤੇ ਸਾਨੂੰ ਕਿਵੇਂ ਪਤਾ ਲੱਗੇਗਾ ਕਿ ਬਾਪੂ ਜੀ ਦਾ ਨਦੀ ਤੋਂ ਪਾਰ-ਉਤਾਰਾ ਹੋ ਗਿਆ ਹੈ ?"

ਪੰਡਿਤ ਨੇ ਕਿਹਾ, "ਤੁਸੀਂ ਹੁਣੇ ਹੀ ਗਊ ਦਾਨ ਕਰ ਦੇਵੋ, ਮੈਂ ਘਰ ਜਾ ਕੇ ਤੁਹਾਡੇ ਬਾਪੂ

ਜੀ ਨਮਿਤ ਕੁਝ ਮੰਤਰ ਪੜ੍ਹ ਦੇਵਾਂਗਾ, ਸਵੇਰੇ ਤੁਸੀਂ ਆ ਕੇ ਪਤਾ ਕਰ ਲੈਣਾ, ਮੈਂ ਤੁਹਾਨੂੰ ਦੱਸ ਦੇਵਾਂਗਾ ਕਿ ਤੁਹਾਡੇ ਬਾਪੂ ਜੀ ਵੈਤਰਨੀ ਪਾਰ ਕਰ ਗਏ ਹਨ।"

ਜੱਟ ਨੇ ਮਨ ਅੰਦਰ ਬੜੀ ਗੰਭੀਰ ਜਿਹੀ ਸੋਚ ਸੋਚ ਕੇ ਪੰਡਿਤ ਜੀ ਨੂੰ ਗਊ ਦਾ ਰੱਸਾ ਖੋਲ੍ਹ ਕੇ ਫੜਾ ਦਿੱਤਾ। ਪੰਡਿਤ ਬੜਾ ਖੁਸ਼ ਹੋਇਆ, ਪਰ ਜੱਟ ਦੇ ਘਰ ਲੜਾਈ ਪੈ ਗਈ। ਘਰ ਵਾਲੀ ਲੜੇ ਕਿ ਬੱਚੇ ਦੁੱਧ ਕਿਥੋਂ ਪੀਣਗੇ, ਘਰ ਦੇ ਚੌਂਕੇ ਚੁੱਲ੍ਹੇ ਦਾ ਖਰਚਾ ਕਿਥੋਂ ਚੱਲੇਗਾ? ਜੱਟ ਨੇ ਬੜੇ ਧੀਰਜ ਨਾਲ ਕਿਹਾ, "ਭਾਗਵਾਨੇ ਹੌਂਸਲਾ ਰੱਖ, ਸਵੇਰੇ ਵੇਖੀ ਜੱਟ ਕੀ ਰੰਗ ਵਿਖਾਉਂਦਾ?"

ਇਹ ਕਹਿ ਕੇ ਜੱਟ ਵੀ ਸੌਂ ਗਿਆ ਤੇ ਬੱਚੇ ਵੀ ਵਿਚਾਰੇ ਦੁੱਧ ਮੰਗਦੇ-ਮੰਗਦੇ ਸੌਂ ਗਏ। ਸਵੇਰ ਹੋਈ ਜੱਟ ਨੇ ਆਪਣੇ ਵੱਡੇ ਮੁੰਡੇ ਦੇਬੂ ਨੂੰ ਨਾਲ ਲਿਆ ਅਤੇ ਜਾ ਪੰਡਿਤ ਦਾ ਬੂਹਾ ਖੜਕਾਇਆ। ਪੰਡਿਤ ਨੇ ਦਰਵਾਜ਼ਾ ਖੋਹਲਿਆ ਤੇ ਜੱਟ ਨੂੰ ਵੇਖ ਕੇ ਬੜਾ ਹੈਰਾਨ ਹੋਇਆ ਪਰ ਇਕ ਦਮ ਮੂੰਹ ਦੇ ਹਾਵ-ਭਾਵ ਦੇਖ ਕੇ ਕਹਿਣ ਲੱਗਾ, "ਗਿਆਨ ਸਿੰਹਾਂ, ਓਏ ਰਾਤੀਂ ਤੇਰਾ ਬਾਪੂ ਟਹਿਲ ਸਿੰਹੁ ਸੁਪਨੇ ਵਿੱਚ ਮਿਲਿਆ ਸੀ, ਉਹ ਬੜਾ ਖੁਸ਼ ਸੀ, ਕਹਿੰਦਾ ਚੰਗਾ ਹੋਇਆ ਪੰਡਿਤ ਜੀ ਤੁਸੀਂ ਮੇਰੇ ਪੁੱਤਰ ਤੋਂ ਗਊ ਲੈ ਕੇ ਆਹ ਨਦੀ ਪਾਰ ਕਰਵਾ ਦਿੱਤੀ, ਨਹੀਂ ਤਾਂ ਮੈਂ ਬੜਾ ਦੁੱਖੀ ਸੀ।"

ਜੱਟ ਨੇ ਉਸੇ ਵੇਲੇ ਕਿਹਾ, "ਓ ਦੇਬੂ ਪੁੱਤ, ਖੋਹਲ ਗਾਂਈਂ ਨੂੰ, ਬਾਪੂ ਤਾਂ ਨਦੀ ਪਾਰ ਕਰ ਗਿਆ ਹੁਣ ਪੰਡਤ ਨੇ ਗਾਂਈਂ ਕੀ ਕਰਨੀ ਐ? ਚੱਲ ਗਾਂਈਂ ਲੈ ਕੇ ਘਰ ਚੱਲੀਏ।" ਇਹ ਸੁਣਦਿਆਂ ਹੀ ਦੇਬੂ ਨੇ ਗਾਂਈਂ ਖੋਹਲ ਲਈ ਅਤੇ ਦੋਵੇਂ ਪਿਉ-ਪੁੱਤ ਖੁਸ਼ੀ-ਖੁਸ਼ੀ ਗਊ ਲੈ ਘਰ ਤੁਰ ਪਏ ਕਿ ਗਊ ਵੀ ਘਰ ਆ ਗਈ ਤੇ ਬਾਪੂ ਵੀ ਨਦੀ ਪਾਰ ਕਰ ਗਿਆ।

ਪੰਡਿਤ ਵਿਚਾਰਾ ਮਾਯੂਸ ਜਿਹਾ ਚਿਹਰਾ ਬਣਾ ਕੇ ਸੋਚਦਾ ਰਿਹਾ, ਕਿਉਂਕਿ ਜਾਲ ਵਿੱਚੋਂ ਨਿਕਲੀ ਮੱਛੀ ਦਾ ਕਿਸਨੂੰ ਦੁੱਖ ਨਹੀਂ ਹੁੰਦਾ? ਹੁਣ ਜੇਕਰ ਗਰੁੜ ਪੁਰਾਣ ਵਿਚਲੀ ਇਸ ਭੈਅਦਾਇਕ ਜਿਹੀ ਚਿਤਰਣ ਕੀਤੀ ਕਥਾ ਨੂੰ ਥੋੜ੍ਹਾ ਜਿਹਾ ਤਰਕ ਨਾਲ ਵਿਚਾਰੀਏ ਤਾਂ ਇਸ ਕੂੜ ਰਚਨਾ ਦਾ ਸਹਿਜੇ ਹੀ ਪੜਦਾ ਫਾਸ਼ ਹੋ ਜਾਂਦਾ ਹੈ। ਮੰਨ ਲਉ ਜੇਕਰ ਦਾਨ ਕੀਤੀ ਹੋਈ ਗਊ ਹੀ ਵੈਤਰਨੀ ਨਦੀ ਪਾਰ ਕਰਾਉਂਦੀ ਹੋਵੇ ਤਾਂ ਉਹ ਤਾਂ ਬ੍ਰਾਹਮਣ ਦੇ ਘਰ ਜਿਉਂਦੀ ਜਾਗਦੀ ਦੁੱਧ ਦੇ ਰਹੀ ਹੁੰਦੀ ਹੈ, ਪਰ ਅਸੀਂ ਯਕੀਨ ਕਰੀ ਬੈਠਦੇ ਹਾਂ ਕਿ ਗਊ ਨੇ ਸਾਡੇ ਪਿੱਤਰਾਂ ਨੂੰ ਵੈਤਰਨੀ ਪਾਰ ਕਰਵਾ ਦਿੱਤੀ ਹੈ। ਜੇਕਰ ਗਊ ਹੀ ਵੈਤਰਨੀ ਪਾਰ ਕਰਵਾਉਂਦੀ ਹੋਵੇ ਤਾਂ ਜਾਂ ਤਾਂ ਗਊ ਨੂੰ ਮਰਨ ਵਾਲੇ ਦੇ ਨਾਲ ਹੀ ਮਰਨਾ ਪਵੇਗਾ ਜਾਂ ਫਿਰ ਕਿਸੇ ਦੀ ਮੌਤ ਉਪਰੰਤ ਫ਼ੌਰਨ ਹੀ ਗਊ ਹੱਤਿਆ ਕਰਨੀ ਪਵੇਗੀ ਤਾਂ ਜੋ ਗਊ ਵਿਚਾਰੀ ਜਲਦੀ ਤੋਂ ਜਲਦੀ ਨਾਲ ਹੀ ਪ੍ਰਲੋਕ ਜਾ ਸਕੇ ਅਤੇ ਮਰੇ ਹੋਏ ਜੀਵ ਨੂੰ ਵੈਤਰਨੀ ਨਦੀ ਪਾਰ ਕਰਵਾ ਸਕੇ ਅਤੇ ਉਸਨੂੰ ਕੰਢੇ ਉਪਰ ਖੜੇ ਹੋ ਉਡੀਕਣਾ ਨਾਂ ਪਵੇ।

ਇਥੇ ਇਕ ਹੋਰ ਗੱਲ ਮਾਨਸਿਕ ਮੰਚ ਉਪਰ ਆਣ ਖੜਦੀ ਹੈ ਕਿ ਇਹ ਗਊ ਭਗਤ ਵਿਚਾਰੇ ਇਕ ਪਾਸੇ ਤਾਂ ਗਊ ਭਗਤੀ ਦੀ ਗੱਲ ਕਰਦੇ ਅਤੇ ਦੂਸਰੇ ਪਾਸੇ ਵਿਚਾਰੀ ਨਿਰਦੋਸ਼ ਨੂੰ ਸਜ਼ਾ ਦਿੰਦੇ ਹਨ। ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਜੀਵ ਨੂੰ ਤਾਂ ਹੋ ਸਕਦਾ (ਬਿਪਰਵਾਦੀਆਂ ਅਨੁਸਾਰ) ਉਹ ਦੁਰਗੰਧ ਪੀਕ ਅਤੇ ਖੂਨ ਨਾਲ ਭਰੀ ਹੋਈ ਨਦੀ ਆਪਣੇ ਪਾਪਾਂ ਬਦਲੇ ਪਾਰ ਕਰਨੀ ਪਵੇ, ਪਰੰਤੂ ਗਊ ਵਿਚਾਰੀ ਨੂੰ ਕਿਸ ਦੋਸ਼ ਬਦਲੇ ਬਾਰ-ਬਾਰ ਉਹ ਦੁਰਗੰਧ ਨਾਲ ਭਰੀ

ਨਦੀ ਪਾਰ ਕਰਨੀ ਪੈਂਦੀ ਹੈ ? ਤੀਰਥ ਅਸਥਾਨਾਂ ਦੇ ਪੰਡਿਤ ਤਾਂ ਸਵੇਰ ਤੋਂ ਲੈ ਕੇ ਸ਼ਾਮ ਤੱਕ ਇਕ ਹੀ ਗਊ ਨੂੰ ਹਜ਼ਾਰਾਂ ਆਦਮੀਆਂ ਪਾਸੋਂ ਦਾਨ ਕਰਵਾ ਲੈਂਦੇ ਹਨ। ਅਜਿਹੇ ਧਰਮ ਵਿਧਾਨ ਨੂੰ ਲੁੱਟਣ ਵਾਲੇ ਵਸੀਲੇ ਤੋਂ ਬਿਨਾਂ ਹੋਰ ਕੁਝ ਨਹੀਂ ਕਿਹਾ ਜਾ ਸਕਦਾ।

**ਗਊ ਪੂਜਾ ਅਤੇ ਸਿੱਖ ਧਰਮ:-** ਸਿੱਖ ਧਰਮ ਵਿੱਚ ਗਊਪੂਜਾ ਦੀ ਅਹਿਮੀਅਤ ਦਰਸਾਉਣ ਵਾਸਤੇ ਕੇਵਲ ਸੰਘ ਵਲੋਂ ਹੀ ਉਪਰਾਲੇ ਨਹੀਂ ਆਰੰਭੇ ਗਏ ਸਗੋਂ ਬਿਪਰਵਾਦ ਵਲੋਂ ਇਹ ਕ੍ਰਿਆ ਕਾਫੀ ਸਮੇਂ ਪਹਿਲਾਂ ਹੀ ਸ਼ੁਰੂ ਹੋ ਚੁੱਕੀ ਸੀ। ਗੁਰਬਾਣੀ ਵਿਚਲੇ ਕੁਝ ਸੰਕੇਤਾਂ ਦੇ ਅਨਰਥ ਕਰਕੇ ਵੀ ਬਿਪਰਵਾਦ ਵਲੋਂ ਗਲਤ ਰੰਗਤ ਦਿੱਤੀ ਗਈ। ਗੁਰਬਾਣੀ ਦਾ ਅਟੱਲ ਸਿਧਾਂਤ ਹੈ ਕਿ ਸਿੱਖ ਧਰਮ ਜੀਆਂ ਉਪਰ ਦਇਆ ਕਰਨ ਦੇ ਸਿਧਾਂਤ ਨੂੰ ਮਾਨਤਾ ਦਿੰਦਾ ਹੈ ਪ੍ਰੰਤੂ ਇਹ ਦਯਾ ਬੁੱਧ ਧਰਮ ਵਰਗੀ ਅਹਿੰਸਾਵਾਦੀ ਨਹੀਂ ਹੈ। ਸਿੱਖ ਧਰਮ ਦੇ ਅਧਾਰ ਸ੍ਰੋਤ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਯਾ ਨਾਲ ਸੰਬੰਧਿਤ ਅਨੇਕਾਂ ਪ੍ਰਮਾਣ ਮਿਲਦੇ ਹਨ:

*ਮਨਿ ਸੰਤੋਖੁ ਸਰਬ ਜੀਅ ਦਇਆ॥* (ਗੁਰੂ ਗ੍ਰੰਥ ਸਾਹਿਬ, ਪੰਨਾ ੨੯੯)

*ਨਿਰਦਇਆ ਨਹੀ ਜੋਤਿ ਉਜਾਲਾ॥* (ਗੁਰੂ ਗ੍ਰੰਥ ਸਾਹਿਬ, ਪੰਨਾ ੯੦੩)

*ਜੀਵਤੁ ਮਰੈ ਤਾ ਸਭੁ ਕਿਛੁ ਸੂਝੈ ਅੰਤਰਿ ਜਾਣੈ ਸਰਬ ਦਇਆ॥*
(ਗੁਰੂ ਗ੍ਰੰਥ ਸਾਹਿਬ, ਪੰਨਾ ੯੪੦)

*ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥*
(ਗੁਰੂ ਗ੍ਰੰਥ ਸਾਹਿਬ, ਪੰਨਾ ੧੩੬)

*ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ॥*
(ਗੁਰੂ ਗ੍ਰੰਥ ਸਾਹਿਬ, ਪੰਨਾ ੧੨੪੫)

*ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ॥*
(ਗੁਰੂ ਗ੍ਰੰਥ ਸਾਹਿਬ, ਪੰਨਾ ੫੧)

*ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ॥*
(ਗੁਰੂ ਗ੍ਰੰਥ ਸਾਹਿਬ, ਪੰਨਾ ੪੬੮)

ਸੋ ਗੁਰਬਾਣੀ ਵਿੱਚ ਅਨੇਕਾਂ ਐਸੇ ਪ੍ਰਮਾਣ ਮਿਲਦੇ ਹਨ ਜਿਥੇ ਦਇਆ ਦੀ ਪ੍ਰੋੜ੍ਹਤਾ ਕੀਤੀ ਗਈ ਹੈ ਪ੍ਰੰਤੂ ਜਿਵੇਂ ਪਹਿਲਾਂ ਜ਼ਿਕਰ ਕੀਤਾ ਜਾ ਚੁੱਕਾ ਕਿ ਸਿੱਖ ਧਰਮ ਵਿੱਚ ਦਇਆ ਦਾ ਸੰਕਲਪ ਬੁੱਧ ਧਰਮ ਜਾਂ ਜੈਨ ਧਰਮ ਵਰਗਾ ਬਿਪਰਵਾਦੀ ਕਰਮ-ਕਾਂਡ ਨਹੀਂ ਹੈ। ਮਾਸ ਖਾਣਾ (ਕੇਵਲ ਕੁੱਠਾ ਛੱਡ ਕੇ ਜੋ ਇਸਲਾਮੀ ਤਰੀਕੇ ਨਾਲ ਤਿਆਰ ਕੀਤਾ ਜਾਂਦਾ ਹੈ) ਸਿੱਖ ਰਹਿਤ ਮਰਿਆਦਾ ਅਨੁਸਾਰ ਮਨ੍ਹਾ ਨਹੀਂ ਹੈ। ਮਾਸ ਖਾਣਾ ਜਾਂ ਨਾ ਖਾਣਾ ਸਿੱਖ ਦਾ ਨਿਜ ਮਸਲਾ ਹੈ, ਖਾਣ ਜਾਂ ਨਾ ਖਾਣ ਬਾਰੇ ਕੋਈ ਦਬਾਅ ਨਹੀਂ ਹੈ, ਪਰੰਤੂ ਸਿੱਖ ਧਰਮ ਵਿੱਚ ਕਿਸੇ ਖਾਸ ਜੀਵ ਦਾ ਮਾਸ ਖਾਣ ਦੀ ਮਨਾਹੀ ਨਹੀਂ ਹੈ, ਜਿਵੇਂ ਕਿ ਮੁਸਲਮਾਨ ਸੂਅਰ ਦਾ ਮਾਸ ਨਹੀਂ ਖਾਂਦੇ ਅਤੇ ਹਿੰਦੂ ਗਊ ਦਾ ਮਾਸ ਨਹੀਂ ਖਾਂਦੇ। ਸਿੱਖ ਧਰਮ ਵਿੱਚ ਕਿਸੇ ਸੱਪ, ਨਾਗ, ਗਊ, ਸ਼ੇਰ, ਬਾਂਦਰ ਦੀ ਪੂਜਾ ਦਾ ਵਿਧਾਨ ਨਹੀਂ ਹੈ। ਸੋ ਜਿਹੜੇ ਵੀਰ ਮਾਸ ਦਾ ਸੇਵਨ ਕਰਦੇ ਹਨ ਅਤੇ ਸੂਰ ਆਦਿ ਦਾ ਮਾਸ ਖਾ ਲੈਂਦੇ ਹਨ

ਉਹਨਾਂ ਨੂੰ ਕਿਸੇ ਹੋਰ ਜੀਵ ਦੇ ਮਾਸ ਖਾਣ ਤੋਂ ਵੀ ਕੋਈ ਗਿਲਾਨੀ ਨਹੀਂ ਕਰਨੀ ਚਾਹੀਦੀ, ਬਸ਼ਰਤੇ ਕੁੱਠਾ ਨਾ ਹੋਵੇ। ਗੁਰੂ ਸਾਹਿਬ ਨੇ ਪਰਾਏ ਹੱਕ ਖਾਣ ਦੀ ਬੁਰੀ ਫ਼ਿਤਰਤ ਬਾਰੇ ਮੁਸਲਮਾਨਾਂ ਅਤੇ ਹਿੰਦੂਆਂ ਨੂੰ ਗਊ ਅਤੇ ਸੂਰ ਦਾ ਹਵਾਲਾ ਦੇ ਕੇ ਸਮਝਾਇਆ ਹੈ, ਗੁਰਬਾਣੀ ਦਾ ਫ਼ੁਰਮਾਨ ਹੈ:

*ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੧੪੧)

ਗੁਰੂ ਸਾਹਿਬਾਨ ਨੂੰ ਗਊ ਪੂਜਕ ਸਿੱਧ ਕਰਨ ਲਈ ਬਿਪਰਵਾਦੀ ਮਾਨਸਿਕਤਾ ਵਾਲੇ ਲੋਕਾਂ ਵਲੋਂ ਉਪਰਾਲੇ ਤਾਂ ਅਠਾਰ੍ਹਵੀਂ ਸਦੀ ਵਿੱਚ ਹੀ ਆਰੰਭ ਹੋ ਗਏ ਸਨ। ਕਈ ਜਨਮਸਾਖੀਆਂ ਅਤੇ ਪੁਰਾਤਨ ਗ੍ਰੰਥਾਂ ਜਿਨ੍ਹਾਂ ਵਿੱਚ ਬਿਪਰਵਾਦੀ ਘੁਸਪੈਠ ਵਧੇਰੇ ਹੈ, ਉਹਨਾਂ ਵਿੱਚ ਤਾਂ ਗੁਰੂ ਸਾਹਿਬ ਦਾ ਸੰਸਾਰ ਮੰਚ ਉਪਰ ਆਗਮਨ ਅਤੇ ਸਾਰੇ ਸੰਘਰਸ਼ ਦਾ ਕਾਰਨ ਹੀ ਗਊ ਅਤੇ ਹਿੰਦੂ ਧਰਮ ਦੀ ਰੱਖਿਆ ਦਰਸਾਇਆ ਗਿਆ ਹੈ। ਗੁਰ ਬਿਲਾਸ ਪਾਤ: ੧੦ ਦਾ ਲਿਖਾਰੀ ਸੁੱਖਾ ਸਿੰਘ ਜਿਥੇ ਆਪਣੀ ਰਚਨਾ ਵਿੱਚ ਪੌਰਾਣਿਕ ਗੱਪਾਂ ਨੂੰ ਹਵਾਲਿਆਂ ਵਜੋਂ ਵਰਤਦਾ ਗੁਰਮਤਿ ਵਿਚਾਰਧਾਰਾ ਨੂੰ ਠੇਸ ਪਹੁੰਚਾਉਂਦਾ ਹੈ ਉਥੇ ਉਹ ਸਿੱਖ ਗੁਰੂ ਸਾਹਿਬਾਨ ਦੇ ਸੰਸਾਰ ਆਗਮਨ ਨੂੰ ਗਊ ਬ੍ਰਾਹਮਣ ਦੀ ਰੱਖਿਆ ਨਾਲ ਹੀ ਜੋੜਦਾ ਲਿਖਦਾ ਹੈ:

*ਕਲਯੁਗ ਘੋਰ ਅਗੰਮ ਜਬ ਭਯੋ॥*
*ਸ਼ੰਕਰ ਬਰਣ ਜਗਤ ਹਵੈ ਗਯੋ॥ (੮੫)*
*ਅਸਥਿਰ ਬੁਧ ਕਿਸਹੂੰ ਨਾ ਰਹਈ॥*
*ਜਹਾਂ ਤਹਾਂ ਦੁਰਮਤਿ ਵਰਤਈ॥*
*ਤੁਰਕ ਮਲੇਛ ਬੰਸ ਭਯੋ ਭਾਰੀ॥*
*ਕਰੀ ਭ੍ਰਸ਼ਟ ਤਿਨ ਸਭ ਸੰਸਾਰੀ॥*
*ਹਿੰਦਕ ਧਰਮ ਰਹਨ ਨਾ ਦਯੋ॥*
*ਸਰਬ ਮਲੇਛ ਬੰਸ ਹਵੈ ਗਯੋ॥ (੮੬)*
*ਸੰਤ ਗਊ ਕਹ ਇਨੈ ਦੁਰਵਾਇਸ॥*
*ਭਈ ਦੁਰਮਤ ਕਲਯੁਗ ਆਇਸ॥*
*ਧੌਲ ਧਰਮ ਨਹੀ ਸਦਾ ਉਠਾਈ॥*
*ਆਕਲ ਬਿਕਲ ਧਰਨ ਹਵੈ ਆਈ॥ (੮੭)*

ਸੋ ਉਪਰੋਕਤ ਰਚਨਾ ਵਿੱਚ ਬਿਪਰਵਾਦੀ ਮਾਨਸਿਕਤਾ ਅਧੀਨ ਜਿਥੇ ਸੁੱਖਾ ਸਿੰਘ ਨੇ ਇਸਲਾਮ ਧਰਮ ਨੂੰ ਬੁਰਾ ਭਲਾ ਕਿਹਾ ਹੈ, ਜੋ ਕਿ ਗੁਰਮਤਿ ਵਿਚਾਰਧਾਰਾ ਅਨੁਸਾਰ ਉਚਿਤ ਨਹੀਂ, ਉਥੇ ਗੁਰੂ ਸਾਹਿਬ ਦੇ ਆਗਮਨ ਦਾ ਕਾਰਨ ਤੁਰਕਾਂ ਵਲੋਂ ਕੀਤੀ ਜਾਂਦੀ ਗਊ ਬ੍ਰਾਹਮਣ ਦੀ ਹੱਤਿਆ ਹੀ ਦਰਸਾਇਆ ਹੈ।

ਬਿਪਰਵਾਦੀ ਸੰਸਥਾ ਵਲੋਂ ਹੁਣ ਗਊਪੂਜਾ ਦੇ ਨਾਮ ਤੇ ਰਾਜਨੀਤਕ ਰੋਟੀਆਂ ਸੇਕੀਆਂ ਜਾ ਰਹੀਆਂ ਹਨ ਅਤੇ ਸਿੱਖ ਸਿਧਾਂਤਾਂ ਦੀ ਤੋੜ ਮਰੋੜ ਕਰਕੇ ਗੁਰੂ ਸਾਹਿਬਾਨ ਨੂੰ ਵੀ ਗਊ ਪੂਜਕ ਦਰਸਾਇਆ ਜਾ ਰਿਹਾ ਹੈ। ਗਊ ਅਤੇ ਵੱਛੇ ਦੀ ਤਸਵੀਰ ਨਾਲ ਗੁਰਬਾਣੀ ਦੀਆਂ ਤੁਕਾਂ 'ਪੂਤਾ ਮਾਤਾ ਕੀ ਅਸੀਸ' ਦੀ ਵਰਤੋਂ ਕੀਤੀ ਜਾ ਰਹੀ ਹੈ। ਗਊ ਦੁੱਧ ਨੂੰ ਹੀ ਅੰਮ੍ਰਿਤ ਸਿੱਧ ਕਰਨ ਲਈ ਇਕ ਗਊ ਦੀ ਤਸਵੀਰ ਵਿੱਚ ਸਾਰੇ ਗੁਰੂ ਸਾਹਿਬਾਨ, ਗੁਰੂ ਗ੍ਰੰਥ ਸਾਹਿਬ ਅਤੇ ਭਗਤਾਂ ਨੂੰ ਦਰਸਾਇਆ ਗਿਆ ਹੈ। ਬਿਪਰਵਾਦ ਨੇ ਆਪਣੀ ਜਾਤਿ ਅਧਾਰਤ ਨੀਤੀ ਅਨੁਸਾਰ ਭਗਤ ਜੋ ਅਖੌਤੀ ਦਲਿਤ ਜਾਤੀਆਂ ਨਾਲ ਸੰਬੰਧਿਤ ਹਨ, ਨੂੰ ਗਊ ਦੇ ਪੈਰਾਂ ਵਿੱਚ ਦਰਸਾਇਆ ਹੈ। ਗੁਰੂ ਗੋਬਿੰਦ ਸਿੰਘ ਦੇ ਨਾਮ ਉਪਰ ਜਿਥੇ ਗਊਸ਼ਾਲਾ ਖੋਹਲ ਕੇ ਗਊਆਂ ਲਈ ਗੁਰੂ ਨਾਮ ਦੇ ਘਰ-ਘਰ ਜਾ ਕੇ ਭੀਖ ਮੰਗੀ ਜਾਂਦੀ ਹੈ ਉਥੇ ਗੁਰੂ ਗੋਬਿੰਦ ਸਿੰਘ ਦੀ ਤਸਵੀਰ ਜੋ ਸੰਘ ਵਲੋਂ ਆਪਣੇ ਕਿਤਾਬਚਿਆਂ ਵਿੱਚ ਪ੍ਰਕਾਸ਼ਿਤ ਕੀਤੀ ਜਾਂਦੀ ਹੈ ਉਸ ਹੇਠਾਂ ਵਿੱਚ ਗੁਰੂ ਸਾਹਿਬ ਨੂੰ ਗਊ ਰੱਖਿਅਕ ਹੀ ਲਿਖਿਆ ਜਾਂਦਾ ਹੈ।

*ਗਊ ਤਾਂ ਪਸ਼ੂ ਹੈ:-* ਇਨ੍ਹਾਂ ਬਿਪਰਵਾਦੀਆਂ ਨੂੰ ਗੁਰੂ ਇਤਿਹਾਸ ਨੂੰ ਵਿਗਾੜਨ ਤੋਂ ਪਹਿਲਾਂ ਇਤਿਹਾਸ ਦੀ ਚੰਗੀ ਤਰ੍ਹਾਂ ਘੋਖ ਜ਼ਰੂਰ ਕਰਨੀ ਚਾਹੀਦੀ ਹੈ। ਜਦੋਂ ਅਨੰਦਪੁਰ ਸਾਹਿਬ ਨੂੰ ਪਹਾੜੀ ਰਾਜਿਆਂ ਅਤੇ ਮੁਗਲ ਫ਼ੌਜਾਂ ਨੇ ਇਕੱਠੇ ਤੌਰ ਤੇ ਘੇਰਿਆ ਹੋਇਆ ਸੀ ਤਾਂ ਕਿਸੇ ਪਾਸਿਓਂ ਕੋਈ ਚਾਰਾ ਨਾ ਚਲਦਾ ਵੇਖ ਕੇ ਪਹਾੜੀ ਰਾਜਿਆਂ ਨੇ ਇਕ ਆਟੇ ਦੀ ਗਊ ਬਣਾ ਕੇ ਪੰਡਿਤ ਪਰਮਾਨੰਦ ਰਾਹੀਂ ਅਨੰਦਗੜ੍ਹ ਕਿਲ੍ਹੇ ਦੇ ਬਾਹਰ ਰਖਵਾਈ, ਜਿਸ ਤੋਂ ਭਾਵ ਸੀ ਕਿ ਗੁਰੂ ਜੀ ਤੁਸੀਂ ਅਨੰਦਪੁਰ ਛੱਡ ਜਾਵੋ, ਅਸੀਂ ਗਊ ਦੀ ਕਸਮ ਖਾਂਦੇ ਹਾਂ ਕਿ ਤੁਹਾਡੇ ਉਪਰ ਹੱਲਾ ਨਹੀਂ ਕਰਾਂਗੇ।

'ਮਹਿਮਾ ਪ੍ਰਕਾਸ਼' ਵਾਰਤਿਕ ਦੇ ਲਿਖਾਰੀ ਨੇ ਇਸ ਘਟਨਾ ਦਾ ਐਸਾ ਸੁੰਦਰ ਨਕਸ਼ਾ ਖਿੱਚਿਆ ਹੈ ਕਿ ਬਿਪਰਵਾਦੀ ਜਿਹੜੇ ਗੁਰੂ ਗੋਬਿੰਦ ਸਿੰਘ ਨੂੰ ਗਊ ਪੂਜ ਦਰਸਾਉਂਦੇ ਹਨ, ਦੀਆਂ ਅੱਖਾਂ ਖੁਲ੍ਹ ਜਾਣੀਆਂ ਚਾਹੀਦੀਆਂ ਹਨ:

"ਰਾਜਿਆਂ ਪੈਗਾਮ ਕੀਆ।

ਜੀ ਆਪ ਹਮਾਰੇ ਘਰ ਪਹਾੜ ਉੱਪਰ ਆਈਏ। ਆਨੰਦਪੁਰ ਛੋੜ ਦੀਜੀਏ। ਸਤਿਗੁਰੂ ਕਲਗੀਧਰ ਅੰਤਰਜਾਮੀ, ਸਭ ਕੇ ਚਿਤ ਕੀ ਜਾਨਣਹਾਰ ਨੇ ਸਭ ਬਿਧਿ ਬੂਝੀ। ਜੋ ਇਹ ਰਾਜੇ ਮਲੇਛਾਂ ਸਾਥ ਮਿਲ ਕੇ ਦਗਾ ਕਰਨਾ ਚਾਹਤੇ ਹੈਂ।

ਤਾਂ ਰਾਜਿਆਂ ਮਾਤਾ ਨਾਨਕੀ ਜੀ ਪਾਸ ਜੋ ਗੁਰੂ ਜੀ ਦੀ ਦਾਦੀ ਜੀ ਸੀ, ਪਾਸ ਪੈਗਾਮ ਕੀਆ-

*ਜੋ ਹਮ ਗਊ ਬ੍ਰਾਹਮਣ ਜਨੇਊ ਦਰਮਿਆਨ ਦੇਤੇ ਹੈਂ।*
*ਆਪ ਸੇ ਦਗਾ ਨਾ ਕਰਹਿਗੇ।*
*ਤਬ ਮਾਤਾ ਜੀ ਨੇ ਗੁਰੂ ਪਾਸ ਜਾਇ ਕਹਾ,*

ਇਹ ਰਾਜਿਆਂ ਕਾ ਪਰੋਹਤ ਪਮਾ ਨਾਮੇ ਆਇਆ ਹੈ। ਰਾਜੇ ਗਊ ਬ੍ਰਾਹਮਣ ਵ ਜਨੇਊ

ਦਰਮਿਆਨ ਦੇਤੇ ਹੈਂ ਤੇ ਸ਼ਪਤ ਕਰਤੇ ਹੈਂ, ਤਦ ਸਤਿਗੁਰ ਨੇ ਬਚਨ ਕੀਤਾ:

*ਜੋ ਇਸ ਗਊ ਕੋ ਛੋਡ ਦੇਹੁ ਇਹ ਤੋ ਪਸ਼ੂ ਹੈ।*

*ਇਹ ਨਾ ਕਿਛੁ ਬੋਲੇ ਨਾ ਕਹੇ, ਇਸ ਕੀ ਕਿਆ ਕਸਮ।*

ਸੋ ਗੁਰੂ ਸਾਹਿਬ ਦੀ ਗਊ ਪ੍ਰਤੀ ਕੋਈ ਸ਼ਰਧਾ ਨਹੀਂ ਸੀ, ਗੁਰੂ ਪਾਤਸ਼ਾਹ ਤਾਂ ਗਊ ਨੂੰ ਇਕ ਜਾਨਵਰ ਹੀ ਸਮਝਦੇ ਸਨ।

*ਗੁਰਬਾਣੀ ਵਿੱਚ ਆਇਆ ਸ਼ਬਦ ਗਊ:-* ਗੁਰਬਾਣੀ ਵਿੱਚ ਗਊ ਸ਼ਬਦ ਅਨੇਕਾਂ ਵਾਰ ਆਇਆ ਹੈ ਪਰੰਤੂ ਕੋਈ ਇਕ ਵੀ ਐਸੀ ਮਿਸਾਲ ਨਹੀਂ ਹੈ ਜਿਥੋਂ ਗਊ ਦੀ ਪੂਜਾ ਦੀ ਪੁਸ਼ਟੀ ਹੁੰਦੀ ਹੋਵੇ। ਹਿੰਦੂ ਵਿਸ਼ਵਾਸ ਵਿਚ ਇਕ ਕਾਮਧੇਨੁ ਨਾਮੀ ਗਊ ਨੂੰ ਮਨੋਇਛਤ ਪਦਾਰਥ ਦੇਣ ਵਾਲੀ ਸਰਬ ਫਲ ਦਾਤੀ ਗਊ ਮੰਨਿਆ ਗਿਆ ਹੈ ਪਰ ਗੁਰੂ ਗ੍ਰੰਥ ਵਿੱਚ ਪ੍ਰਮਾਤਮਾ ਦੇ ਨਾਮ ਨੂੰ ਹੀ ਸਰਬ ਫਲ ਦਾਤਾ ਕਾਮਧੇਨ ਆਖਿਆ ਗਿਆ ਹੈ:

*ਕਾਮਧੇਨ ਹਰਿ ਹਰਿ ਗੁਣ ਗਾਮ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੨੬੫)

*ਗੁਰਬਾਣੀ ਵਿੱਚ ਆਏ ਗਊ ਸ਼ਬਦ ਦੇ ਰੂਪ:-* ਗੁਰਬਾਣੀ ਵਿੱਚ ਤਕਰੀਬਨ 23 ਵਾਰ ਗਊ ਅਤੇ ਇਕਵਾਰ ਗਊਆ ਸ਼ਬਦ ਆਇਆ ਹੈ। ਇਸ ਸ਼ਬਦ ਨੂੰ ਗੁਰਬਾਣੀ ਵਿੱਚ ਅਨੇਕਾਂ ਰੂਪਾਂ ਵਿੱਚ ਵਰਤਿਆ ਹੈ, ਹਰ ਜਗ੍ਹਾ ਉਪਰ ਅਲੱਗ-ਅਲੱਗ ਪੱਖ ਤੋਂ ਵਰਤੋਂ ਕਰਕੇ ਵੱਖ-ਵੱਖ ਅਰਥਾਂ ਦੇ ਸੰਕੇਤ ਵਿੱਚ ਵਰਤਿਆ ਹੈ।

*ਗੁਰੂ ਅਤੇ ਸਿੱਖ ਦੀ ਪ੍ਰੀਤ ਦੇ ਰੂਪ ਵਿੱਚ:-*

*ਜਿਉ ਮਿਲਿ ਬਛਰੇ ਗਊ ਪ੍ਰੀਤਿ ਲਗਾਵੈ॥*

*ਕਾਮਨਿ ਪ੍ਰੀਤਿ ਜਾ ਪਿਰੁ ਘਰਿ ਆਵੈ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੧੬੪)

*ਮੰਦਰੁ ਏਕੁ ਦੁਆਰ ਦਸ ਜਾ ਕੇ ਗਊ ਚਰਾਵਨ ਛਾਡੀਅਲੇ॥*

*ਪਾਚ ਕੋਸ ਪਰ ਗਊ ਚਰਾਵਤ ਚੀਤੁ ਸੁ ਬਛਰਾ ਰਾਖੀਅਲੇ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੯੭੨)

*ਜਿਉ ਬਛੁਰਾ ਦੇਖਿ ਗਊ ਸੁਖੁ ਮਾਨੈ ਤਿਉ ਨਾਨਕ ਹਰਿ ਗਲਿ ਲਾਵੀਐ ਰੇ॥ ੪ ॥ ੧ ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੧੧੧੮)

*ਹਰਿ ਕੇ ਸੰਤ ਮਿਲੇ ਹਰਿ ਮਿਲਿਆ ਜੈਸੇ ਗਊ ਦੇਖਿ ਬਛਰਾਕ॥ ੨ ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੧੨੬੫)

*ਸ੍ਰਿਸਟੀ ਰਚਨਾ ਤੋਂ ਪਹਿਲਾਂ ਸੁੰਨ ਅਵਸਥਾ ਦੇ ਜ਼ਿਕਰ ਦੇ ਰੂਪ ਵਿੱਚ:*

*ਨਾ ਸੁਚਿ ਸੰਜਮੁ ਤੁਲਸੀ ਮਾਲਾ॥ ਗੋਪੀ ਕਾਨੁ ਨ ਗਊ ਗੁੋਆਲਾ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੧੦੩੫)

ਵਰਨ ਭੇਖ ਨਹੀ ਬ੍ਰਹਮਣ ਖਤ੍ਰੀ॥ ਦੇਉ ਨ ਦੇਹੁਰਾ ਗਊ ਗਾਇਤ੍ਰੀ॥
(ਗੁਰੂ ਗ੍ਰੰਥ ਸਾਹਿਬ, ਪੰਨਾ ੧੦੩੬)

ਅਕਾਲ ਪੁਰਖ ਘਟ ਘਟ ਵਿੱਚ ਵੱਸਦੇ ਹੋਣ ਦੇ ਰੂਪ ਵਿੱਚ (ਸਾਕਾਰ ਰੂਪ):

ਆਪੇ ਮਛੁਲੀ ਆਪੇ ਜਾਲਾ॥ ਆਪੇ ਗਊ ਆਪੇ ਰਖਵਾਲਾ॥
(ਗੁਰੂ ਗ੍ਰੰਥ ਸਾਹਿਬ, ਪੰਨਾ ੧੦੨੧)

ਆਪੇ ਗੋਪੀ ਆਪੇ ਕਾਨਾ॥ ਆਪੇ ਗਊ ਚਰਾਵੈ ਬਾਨਾ॥
(ਗੁਰੂ ਗ੍ਰੰਥ ਸਾਹਿਬ, ਪੰਨਾ ੧੦੮੩)

ਆਪੇ ਗੋਪੀ ਕਾਨੁ ਹੈ ਪਿਆਰਾ ਬਨਿ ਆਪੇ ਗਊ ਚਰਾਹਾ॥
(ਗੁਰੂ ਗ੍ਰੰਥ ਸਾਹਿਬ, ਪੰਨਾ ੬੦੬)

ਆਪੇ ਬਛਰੂ ਗਊ ਖੀਰੁ॥ ਆਪੇ ਮੰਦਰੁ ਥੰਮ੍ਹ ਸਰੀਰੁ॥
(ਗੁਰੂ ਗ੍ਰੰਥ ਸਾਹਿਬ, ਪੰਨਾ ੧੧੯੦)

## ਕਰਮਕਾਂਡਾਂ ਦੇ ਖੰਡਨ ਦੇ ਰੂਪ ਵਿੱਚ:-

ਗੰਗਾ ਜਉ ਗੋਦਾਵਰਿ ਜਾਈਐ ਕੁੰਭਿ ਜਉ ਕੇਦਾਰ ਨਾਈਐ,
ਗੋਮਤੀ ਸਹਸ ਗਊ ਦਾਨ ਕੀਜੈ॥
(ਗੁਰੂ ਗ੍ਰੰਥ ਸਾਹਿਬ, ਪੰਨਾ ੯੭੩)

ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ॥
(ਗੁਰੂ ਗ੍ਰੰਥ ਸਾਹਿਬ, ਪੰਨਾ ੪੭੧)

ਭੂਮਿ ਦਾਨੁ ਗਊਆ ਘਣੀ ਭੀ ਅੰਤਰਿ ਗਰਬੁ ਗੁਮਾਨੁ॥
(ਗੁਰੂ ਗ੍ਰੰਥ ਸਾਹਿਬ, ਪੰਨਾ ੬੨)

## ਭਗਤ ਧੰਨੇ ਪਰਮੇਸ਼ਰ ਤੋਂ ਮੰਗ ਰੂਪ ਵਿੱਚ:-

ਗਊ ਭੇਸ ਮਾਗਉ ਲਾਵੇਰੀ॥ ਇਕ ਤਾਜਨਿ ਤੁਰੀ ਚੰਗੇਰੀ॥

## ਹੋਰ ਅਰਥਾਂ ਦੇ ਰੂਪ ਵਿੱਚ:-

ਗਊ ਬਾਛ ਕਉ ਸੰਚੈ ਖੀਰ॥ ਗਲਾ ਬਾਂਧਿ ਦੁਹਿ ਲੇਇ ਅਹੀਰ॥

ਅਰਥਾਤ:- ਇਸ ਸ਼ਬਦ ਦਾ ਆਰੰਭ ਹੈ 'ਕਾਹੇ ਰੇ ਮਨ ਬਿਖਿਆ ਬਨ ਜਾਇ' ਭਾਵ ਅਰਥ ਹੈ ਕਿ ਇਹ ਮਨ ਮਾਇਆ ਮੋਹਣੀ ਦੇ ਪ੍ਰਭਾਵ ਸਦਕਾ ਗਊ ਵਾਂਗ ਠੱਗਿਆ ਜਾ ਰਿਹਾ ਹੈ ਜੋ ਦੁੱਧ ਤਾਂ ਵੱਛੇ ਵਾਸਤੇ ਉਤਾਰਦੀ ਹੈ ਪਰੰਤੂ ਦੁਹਾ ਕੇ ਕੋਈ ਹੋਰ ਲੈ ਜਾਂਦਾ ਹੈ।

ਬਿਨੁ ਅਸਥਨ ਗਊ ਲਾਵੇਰੀ॥ ਪੈਡੇ ਬਿਨੁ ਬਾਟ ਘਨੇਰੀ॥
(ਗੁਰੂ ਗ੍ਰੰਥ ਸਾਹਿਬ, ਪੰਨਾ ੧੧੯੪)

ਅਰਥਾਤ ਇਸ ਮਾਇਆ ਰੂਪੀ ਗਾਂ ਜੋ ਥਣਾਂ ਤੋਂ ਬਿਨਾਂ ਹੈ, ਕੋਈ ਸੁੱਖ ਨਹੀਂ ਮਿਲ ਸਕਦਾ ਪਰ ਇਹ ਮੋਹਣੀ ਹੈ, ਝੂਠੇ ਪਦਾਰਥਾਂ ਰੂਪ ਦੁੱਧ ਨਾਲ ਮਨ ਨੂੰ ਮੋਹ ਰਹੀ ਹੈ।

*ਖਿਮਾ ਧੀਰਜੁ ਕਰਿ ਗਊ ਲਵੇਰੀ ਸਹਜੇ ਬਛਰਾ ਖੀਰੁ ਪੀਐ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੧੩੨੯)

ਹੇ ਮਨ! ਤੂੰ ਦੂਸਰੇ ਦੀ ਵਧੀਕਾ ਸਹਾਰਨ ਵਾਲਾ ਸੁਭਾਅ ਅਤੇ ਜਿਗਰਾ ਪੈਦਾ ਕਰ, ਇਹ ਹੀ ਤੇਰੇ ਲਈ ਲਵੇਰੀ ਗਊ ਹੈ ਅਤੇ ਮਨ ਰੂਪ ਵੱਛਾ ਸ਼ਾਂਤ ਅਵਸਥਾ ਵਿੱਚ ਟਿੱਕ ਕੇ ਆਤਮ ਰਸ ਰੂਪੀ ਦੁੱਧ ਪੀ ਸਕੇ।

*ਗਊ ਕਉ ਚਾਰੇ ਸਾਰਦੂਲੁ॥ ਕਉਡੀ ਕਾ ਲਖ ਹੂਆ ਮੂਲੁ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੮੯੮)

ਅਰਥਾਤ ਗਊ ਰੂਪੀ ਗਿਆਨ ਇੰਦਰੀਆਂ ਨੂੰ ਬਲਵਾਨ ਮਨ ਰੂਪੀ ਸ਼ੇਰ ਹੀ ਕਾਬੂ ਵਿੱਚ ਰੱਖ ਸਕਦਾ ਹੈ, ਤਾਂ ਹੀ ਤੱਤ ਗਿਆਨ ਦੀ ਸੋਝੀ ਪੈ ਸਕਦੀ ਹੈ।

*ਬੈਲ ਕਉ ਨੇਤ੍ਰਾ ਪਾਇ ਦੁਹਾਵੈ॥ ਗਊ ਚਰਿ ਸਿੰਘ ਪਾਛੈ ਪਾਵੈ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੧੯੮)

ਅਰਥਾਤ ਮਾਇਆ ਮੋਹ ਵਿੱਚ ਫਸੇ ਹੋਏ ਲੋਕਾਂ ਅਤੇ ਪ੍ਰਮਾਤਮਾ ਦੇ ਭਗਤਾਂ ਦਾ ਜੋੜ ਅਸੰਭਵ ਹੈ, ਇਸ ਤਰ੍ਹਾਂ ਦੀ ਮੂਰਖਤਾ ਹੈ ਜਿਵੇਂ ਕੋਈ ਬੈਲ ਤੋਂ ਦੁੱਧ ਪ੍ਰਾਪਤੀ ਦੀ ਕਾਮਨਾ ਕਰੇ ਜਾਂ ਫਿਰ ਗਊ ਉਪਰ ਸਵਾਰ ਹੋ ਕੇ ਸ਼ੇਰ ਦਾ ਸ਼ਿਕਾਰ ਕਰਨ ਬਾਰੇ ਸੋਚੇ।

*ਜਾ ਕੈ ਈਦਿ ਬਕਰੀਦਿ ਕੁਲ ਗਊ ਰੇ ਬਧੁ ਕਰਹਿ ਮਾਨੀਅਹਿ ਸੇਖ ਸਹੀਦ ਪੀਰਾ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੧੨੯੩)

ਇਸ ਸ਼ਬਦ ਵਿੱਚ ਭਗਤ ਰਵੀਦਾਸ ਜੀ ਕਬੀਰ ਸਾਹਿਬ ਬਾਰੇ ਲਿਖਦੇ ਹਨ ਕਿ ਮੁਸਲਮਾਨ ਹੋਣ ਕਰਕੇ ਪਹਿਲਾਂ ਉਹਨਾਂ ਦੇ ਪਰਿਵਾਰ ਵਿੱਚ ਈਦ ਆਦਿ ਤਿਓਹਾਰਾਂ ਤੇ ਗਊਵੱਧ ਕੀਤਾ ਜਾਂਦਾ ਸੀ ਅਤੇ ਸ਼ੇਖਾਂ, ਸ਼ਹੀਦਾਂ, ਪੀਰਾਂ, ਫਕੀਰਾਂ ਦੀ ਮਾਨਤਾ ਕੀਤੀ ਜਾਂਦੀ ਸੀ।

ਭਗਤ ਨਾਮਦੇਵ ਜੀ ਨਾਲ ਵਾਪਰੀ ਘਟਨਾ ਜੋ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ:

ਭਗਤ ਨਾਮਦੇਵ ਜੀ ਨੂੰ ਮੁਹੰਮਦ ਬਿਨ ਤੁਗਲਕ ਨੇ ਗ੍ਰਿਫ਼ਤਾਰ ਕੀਤਾ ਅਤੇ ਇਕ ਮੋਈ ਹੋਈ ਗਊ ਜ਼ਿੰਦਾ ਕਰਨ ਨੂੰ ਕਿਹਾ:

*ਬਿਸਮਿਲਿ ਗਊ ਦੇਹੁ ਜੀਵਾਇ॥ ਨਾਤਰੁ ਗਰਦਨਿ ਮਾਰਉ ਠਾਂਇ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੧੧੬੫)

ਅਕਾਲ ਪੁਰਖ ਆਪ ਪ੍ਰਤੱਖ ਰੂਪ ਵਿੱਚ ਪ੍ਰਗਟ ਹੋਇਆ ਅਤੇ ਨਾਮਦੇਵ ਨੂੰ ਕਿਹਾ, ਮੈਂ ਗਊ ਜੀਉਂਦੀ ਕਰ ਦਿੰਦਾ ਹਾਂ ਅਤੇ ਸਭ ਦੀ ਤਸੱਲੀ ਹੋ ਜਾਵੇਗੀ:

*ਕਹਹਿ ਤ ਮੁਈ ਗਊ ਦੇਉ ਜੀਆਇ॥ ਸਭ ਕੋਈ ਦੇਖੈ ਪਤੀਆਇ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੧੧੬੬)

ਅਕਾਲ ਪੁਰਖ ਦੇ ਹੁਕਮ ਨਾਲ ਮੋਈ ਹੋਈ ਗਊ ਜਿੰਦਾ ਹੋ ਗਈ:

*ਨਾਮਾ ਪ੍ਰਣਵੈ ਸੇਲ ਮਸੇਲ॥ ਗਊ ਦੁਹਾਈ ਬਛਰਾ ਮੇਲਿ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੧੧੬੬)

ਜੇਕਰ ਇਸ ਵਾਰ ਨਾਮਾ ਗਊ ਜਿੰਦਾ ਨਾ ਕਰਦਾ ਤਾਂ ਉਸ ਨੂੰ ਜਗਤ ਲੋਕਾਈ ਨੇ ਪਾਖੰਡੀ ਅਤੇ ਝੂਠੇ ਮੰਨਣਾ ਸੀ,

*ਜਉ ਅਬ ਕੀ ਬਾਰ ਨ ਜੀਵੈ ਗਾਇ॥ ਤ ਨਾਮਦੇਵ ਕਾ ਪਤੀਆ ਜਾਇ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੧੧੬੬)

ਸੋ ਉਪਰੋਕਤ ਪ੍ਰਮਾਣਾਂ ਤੋਂ ਸਪੱਸ਼ਟ ਹੈ ਕਿ ਸਿੱਖ ਧਰਮ ਦਾ ਗਊ ਪੂਜਾ ਨਾਲ ਕੋਈ ਸੰਬੰਧ ਨਹੀਂ ਅਤੇ ਸੰਘ ਵਲੋਂ ਪ੍ਰਕਾਸ਼ਿਤ ਤਸਵੀਰਾਂ ਵਿੱਚ ਗੁਰੂ ਸਾਹਿਬ ਨਾਲ ਗਊ ਪੂਜਕ ਸ਼ਬਦ ਦੀ ਜਾਂ ਗਊ ਰੱਖਿਅਕ ਸ਼ਬਦ ਦੀ ਵਰਤੋਂ ਸਿੱਖ ਵਿਚਾਰਧਾਰਾ ਅਤੇ ਸਿੱਖ ਇਤਿਹਾਸ ਦਾ ਘੋਰ ਨਿਰਾਦਰ ਹੈ। ਗਊ ਪੂਜਾ ਨਾਲ ਜਿਹੜੀਆਂ ਛਾਪੀਆਂ ਹੋਈਆਂ ਰਚਨਾਵਾਂ ਹੇਠਾ 'ਦਸਮ ਗ੍ਰੰਥ ਵਿਚੋ' ਲਿਖਿਆ ਗਿਆ ਹੈ ਉਹਨਾਂ ਦਾ ਸੰਬੰਧ ਦਸਮ ਗ੍ਰੰਥ ਨਾਲ ਵੀ ਨਹੀਂ ਹੈ। ਗੁਰੂ ਸਾਹਿਬ ਨੂੰ ਗਊ ਪੂਜਕ ਦੱਸਣ ਵਾਲੇ ਸੰਘੀ ਜੋ ਗਊ ਹੱਤਿਆ ਵਾਸਤੇ ਮੌਤ ਦੀ ਸਜ਼ਾ ਦੀ ਮੰਗ ਕਰਦੇ ਹਨ ਉਹ ਪੁਰਾਤਨ ਹਿੰਦੂ ਗ੍ਰੰਥਾਂ ਦੇ ਰਚਣ-ਹਾਰਿਆਂ ਵਾਸਤੇ ਕਿਹੜੀ ਸਜ਼ਾ ਤਜਵੀਜ਼ ਕਰਨਗੇ ਜਿਨ੍ਹਾਂ ਵਿੱਚ ਗਊਮੇਧ ਜੱਗ ਅਤੇ ਗਊ ਹੱਤਿਆ ਦਾ ਭਰਪੂਰ ਜ਼ਿਕਰ ਹੈ ?

---

1. ਗਊ ਮਾਤਾ ਸਰਵ ਸੁਖਪ੍ਰਦਾ, ਸੰਸਕਰਣ : 2001, ਪ੍ਰਕਾਸ਼ਕ :- ਰਾਸ਼ਟਰੀ ਸਿੱਖ ਸੰਗਤ (ਮੱਧ ਪ੍ਰਦੇਸ਼)
2. ਵਿਗਿਆਨ ਜੋਤੀ, ਸੰਸਕਰਣ : 1990, ਪੰਨਾ: 34, ਸੰਪਾਦਕ : ਮੇਘ ਰਾਜ ਮਿੱਤਰ
   ਪ੍ਰਕਾਸ਼ਕ : ਲੋਕ ਗੀਤ ਪ੍ਰਕਾਸ਼ਨ ਸਰਹਿੰਦ ਮੰਡੀ
3. ਹਿੰਦੂ ਮਾਨਸਿਕਤਾ, – ਸੰਸਕਰਣ : 1994, ਲੇਖਕ : ਐਸ.ਐਲ ਸਾਗਰ
   ਪ੍ਰਕਾਸ਼ਕ : ਸਾਗਰ ਪ੍ਰਕਾਸ਼ਨ ਮੈਨਪੁਰੀ
4. ਰਿਗਵੇਦ ਸੰਸਕਰਣ : 1991, ਅਨੁਵਾਦਕ : ਡਾ: ਗੰਗਾ ਸਹਾਏ ਸ਼ਰਮਾ,
   ਪ੍ਰਕਾਸ਼ਕ: ਸੰਸਕ੍ਰਿਤ ਸਹਿਤ ਪ੍ਰਕਾਸ਼ਨ ਨਵੀਂ ਦਿੱਲੀ
5. ਸਰਵੋਤਮ ਗ੍ਰੰਥ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 25, ਸੰਸਕਰਣ : 1995,
   ਲੇਖਕ: ਸਵਾਮੀ ਰਾਮ ਤੀਰਥ ਦੰਡੀ ਸੰਨਿਆਸੀ
   ਪ੍ਰਕਾਸ਼ਕ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ
6. ਉਪਰੋਕਤ, ਪੰਨਾ 95
7. ਮੰਨੂ ਸਿਮਰਤੀ, ਪੰਨਾ 171, 172, ਲੇਖਕ : ਪੰ: ਤੁਲਸੀ ਰਾਮ ਸਵਾਮੀ,
   ਪ੍ਰਕਾਸ਼ਕ : ਸਰਵਦੇਸ਼ਿਕ ਆਰਿਆ ਪ੍ਰਤੀਨਿਧੀ ਸਭਾ ਨਵੀਂ ਦਿੱਲੀ
8. ਸਰਵੋਤਮ ਗ੍ਰੰਥ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 34, ਸੰਸਕਰਣ : 1995,
   ਲੇਖਕ : ਸਵਾਮੀ ਰਾਮ ਤੀਰਥ ਦੰਡੀ ਸੰਨਿਆਸੀ
   ਪ੍ਰਕਾਸ਼ਕ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ

# ਕੀ ਗੁਰੂ ਗੋਬਿੰਦ ਸਿੰਘ ਜੀ ਨੇ ਦੇਵੀ ਪੂਜਾ ਕੀਤੀ ?

ਆਰ.ਐੱਸ. ਐੱਸ. ਵਲੋਂ ਖ਼ਾਲਸਾ ਤ੍ਰੈਸ਼ਤਾਬਦੀ ਨੂੰ ਹਿੰਦੂਵਾਦੀ ਰੰਗਤ ਦੇਣ ਵਾਸਤੇ ਆਪਣੇ ਪ੍ਰਕਾਸ਼ਿਤ ਰਸਾਲੇ ਰਾਸ਼ਟਰ ਧਰਮ (ਪੰਨਾ 78) ਅਪ੍ਰੈਲ 1999 ਵਿਚ ਇਕ ਲੇਖ ਪ੍ਰਕਾਸ਼ਿਤ ਕੀਤਾ ਹੈ ਜਿਸ ਦਾ ਸਿਰਲੇਖ ਹੈ 'ਖ਼ਾਲਸਾ ਪੰਥ ਕੀ ਸਥਾਪਨਾ ਸੇ ਪਹਿਲੇ ਕਿਤਨਾ ਗਹਨ ਵਿਚਾਰ ਮੰਥਨ ਕੀਆ ਥਾ ਗੁਰੂ ਗੋਬਿੰਦ ਸਿੰਘ ਨੇ।' ਇਸ ਲੇਖ ਦੇ ਲੇਖਕ ਨੇ ਗੁਰੂ ਪਾਤਸ਼ਾਹ ਨੂੰ ਦੇਵੀ ਪੂਜ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸੇ ਹੀ ਤਹਿਤ ਐਨ.ਸੀ.ਈ.ਆਰ.ਟੀ. ਦੀ ਪੁਸਤਕ 'ਮੱਧ ਕਾਲੀਨ ਭਾਰਤ' ਵਿਚ ਵੀ ਗੁਰੂ ਗੋਬਿੰਦ ਸਿੰਘ ਜੀ ਨੂੰ ਚੰਡੀ ਦਾ ਉਪਾਸ਼ਕ ਦਰਸਾਇਆ ਗਿਆ ਹੈ ਤਾਂ ਜੋ ਮਾਸੂਮ ਬੱਚਿਆਂ ਦੀ ਮਾਨਸਿਕ ਸਤ੍ਹਾ ਉਪਰ ਇਤਿਹਾਸਕ ਗਲਤ ਬਿਆਨੀ ਦੀ ਛਾਪ ਛੱਡੀ ਜਾ ਸਕੇ।

ਦਸਮ ਪਿਤਾ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਆਪਣੇ ਇਸ਼ਟ ਅਕਾਲ ਪੁਰਖ ਦਾ ਸਰੂਪ ਬੜਾ ਬਾਖੂਬੀ ਵਰਨਣ ਕੀਤਾ ਹੈ, ਅਕਾਲ ਪੁਰਖ ਰੂਪ, ਰੇਖ, ਅਕਾਰ, ਚਿੰਨ੍ਹ, ਜਾਤ, ਵਰਨ ਤੋਂ ਰਹਿਤ ਹੈ, ਉਹ ਅਕਾਲ ਪੁਰਖ ਸੁੱਤੇ-ਸਿੱਧ ਆਪਣੇ ਆਪ ਤੋਂ ਪ੍ਰਕਾਸ਼ਮਾਨ ਹੈ, ਤਿੰਨ ਲੋਕਾਂ ਦੇ ਦੇਵੀ ਦੇਵਤੇ ਉਸਦੇ ਸਨਮੁਖ ਹੱਥ ਬੱਧੀ ਖੜੇ ਹਨ, ਉਸ ਦੀ ਉਸਤਤ ਨੂੰ ਬਿਆਨ ਕਰਨਾ ਕਠਿਨ ਹੈ। ਜਾਪੁ ਸਾਹਿਬ ਵਿਚ ਗੁਰੂ ਪਾਤਸ਼ਾਹ ਅਕਾਲ ਪੁਰਖ ਦੇ ਅਗੰਮੀ ਗੁਣਾਂ ਦਾ ਵਰਨਣ ਕਰਦੇ ਹੋਏ ਫੁਰਮਾਉਂਦੇ ਹਨ:

*ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥*
*ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ॥*
*ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜ ਕਹਿੱਜੈ॥*
*ਕੋਟਿ ਇੰਦ੍ਰ ਇੰਦ੍ਰਾਣਿ ਸਾਹਿ ਸਾਹਾਣਿ ਗਣਿੱਜੈ॥*
*ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਨ ਤ੍ਰਿਣ ਕਹਤ॥*
*ਤ੍ਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤਿ॥ ੧॥*

(ਜਾਪੁ ਸਾਹਿਬ)

ਗੁਰੂ ਮਹਾਰਾਜ ਨੇ ਆਪਣੀ ਅਪਾਰ ਬਖਸ਼ਿਸ਼ ਸਦਕਾ ਜਿਹੜਾ ਖ਼ਾਲਸਾ ਪ੍ਰਗਟ ਕੀਤਾ ਉਸਦੀ ਧਾਰਮਿਕ, ਸਮਾਜਿਕ, ਅਤੇ ਸਦਾਚਾਰਕ ਬਿਰਤੀ ਉੱਤਮ ਹੈ। ਖ਼ਾਲਸੇ ਦੇ ਸਰਵਉਚ ਕਿਰਦਾਰ ਵਿਚ ਜਿੱਥੇ 'ਗ੍ਰੰਥ ਗੁਰੂ' ਸੰਤ-ਸਿਪਾਹੀ, ਸਦੀਵੀ ਚੜ੍ਹਦੀ ਕਲਾ ਦੇ ਪ੍ਰਤੀਕ ਸੰਸਾਰ ਤੋਂ

ਵਿਲੱਖਣ ਬੋਲੇ ਸ਼ਾਮਲ ਹਨ ਉਥੇ ਖ਼ਾਲਸਾ ਅਕਾਲ ਪੁਰਖ ਦੇ ਹੁਕਮ ਅਧੀਨ ਹੈ, ਅਕਾਲ ਪੁਰਖ ਦੀ ਰਿਆਇਆ ਹੈ, ਸੰਸਾਰਿਕ ਸ਼ਕਤੀ ਦਾ ਗੁਲਾਮ ਨਹੀਂ ਬਲਕਿ ਪਾਰਬ੍ਰਹਮ ਦੇ ਹੁਕਮਾਂ ਦਾ ਧਾਰਨੀ ਹੈ, ਕਿਸੇ ਅਖੌਤੀ ਦੇਵੀ-ਦੇਵਤੇ ਦਾ ਉਪਾਸ਼ਕ ਨਹੀਂ ਸਗੋਂ ਜਾਗਤ ਜੋਤਿ ਦਾ ਪੁਜਾਰੀ ਹੈ। ਗੁਰੂ ਸਾਹਿਬ ਖ਼ੁਦ ਫੁਰਮਾਨ ਕਰਦੇ ਹਨ ਕਿ ਖ਼ਾਲਸਾ ਅਕਾਲ ਪੁਰਖ ਦੇ ਹੁਕਮ ਸਦਕਾ ਸੰਸਾਰ ਤੇ ਪ੍ਰਗਟ ਹੋਇਆ ਹੈ ਅਤੇ ਸਿੱਧੇ ਤੌਰ ਤੇ ਅਕਾਲ ਪੁਰਖ ਦੇ ਹੁਕਮ ਅਧੀਨ ਹੈ:

*ਖ਼ਾਲਸਾ ਅਕਾਲ ਪੁਰਖ ਦੀ ਫੌਜ॥*

*ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ॥*

ਪੰਥ ਦੋਖੀ ਅਤੇ ਗੁਰਮਤਿ ਸਿਧਾਂਤਾਂ ਤੋਂ ਅਨਜਾਣ ਲਿਖਾਰੀਆਂ ਵਲੋਂ, ਬਿਨਾਂ ਗੁਰਮਤਿ ਫ਼ਲਸਫਾ ਵਿਚਾਰਿਆਂ ਆਪਣੀਆਂ ਲਿਖਤਾਂ ਵਿਚ ਇਹ ਪ੍ਰਕਾਸ਼ਿਤ ਕੀਤਾ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਖ਼ਾਲਸੇ ਦੀ ਪ੍ਰਗਟ ਕ੍ਰਿਆ ਸਮੇਂ ਦੇਵੀ ਪੂਜਾ ਕੀਤੀ ਅਤੇ ਦੇਵੀ ਦੇ ਵਰਦਾਨ ਸਦਕਾ ਖ਼ਾਲਸਾ ਸ਼ਕਤੀ ਦਾ ਧਾਰਨੀ ਹੋ ਕੇ ਸੰਸਾਰ ਦੇ ਨਕਸ਼ੇ ਉਪਰ ਉਭਰਿਆ। ਇਸ ਸ਼ੰਕੇ ਦਾ ਯਥਾਸ਼ਕਤ ਬੁੱਧੀ ਅਤੇ ਅਕਾਲ ਪੁਰਖ ਦੁਆਰਾ ਬਖਸ਼ਿਸ਼ ਮਤ ਸਦਕਾ ਜਵਾਬ ਦੇਣ ਲਈ ਦੇਵੀ ਪੂਜਾ ਦੇ ਸਿਧਾਂਤ ਨੂੰ ਸਮਝਣਾ ਜ਼ਰੂਰੀ ਹੈ, ਕਿ ਦੇਵੀ ਪੂਜਾ ਦੀ ਵਿਧੀ ਕੀ ਹੈ, ਗੁਰਮਤਿ ਵਿਚ ਦੇਵੀ ਪੂਜਾ ਦਾ ਕੀ ਸਥਾਨ ਹੈ, ਅਤੇ ਗੁਰੂ ਸਾਹਿਬ ਦਾ ਇਸ ਪ੍ਰਤੀ ਨਜ਼ਰੀਆ ਕੀ ਹੈ ?

ਦੇਵੀ ਪੂਜਾ : ਹਿੰਦੁਸਤਾਨ ਅੰਦਰ ਦੇਵੀ ਪੂਜਾ ਇਕ ਪ੍ਰਚੱਲਿਤ ਅਤੇ ਪੁਰਾਤਨ ਰਸਮ ਹੈ, ਇਤਿਹਾਸਕ ਖੋਜੀਆਂ ਅਨੁਸਾਰ ਆਰੀਆ ਲੋਕਾਂ ਦੇ ਇਸ ਖਿੱਤੇ ਵਿਚ ਹਮਲਾਵਰ ਹੋ ਕੇ ਪਹੁੰਚਣ ਤੋਂ ਪਹਿਲਾਂ ਵੀ ਇਸ ਖਿੱਤੇ ਦੇ ਮੂਲ ਵਸਨੀਕ ਦਰਾਵਿੜ ਲੋਕ ਕਾਲੀ ਦੇਵੀ ਦੇ ਉਪਾਸ਼ਕ ਸਨ। ਮਿਸਟਰ ਡਿਓਸਨ ਆਪਣੀ ਲਿਖਤ (Classical discovery of Hindu mythology) ਵਿਚ ਲਿਖਦਾ ਹੈ ਕਿ ਹਿੰਦੁਸਤਾਨੀ ਮੂਲ ਵਸਨੀਕ ਕਾਲੀ ਦੇਵੀ ਦੀ ਅਰਚਨਾ ਕਰਦੇ ਸਨ, ਠੱਗ ਬਰਾਦਰੀ ਦੇ ਲੋਕ 'ਕਾਲੀ ਦੇਵੀ' ਨੂੰ ਆਪਣਾ ਇਸ਼ਟ ਮੰਨਦੇ ਸਨ ਅਤੇ ਇਸ ਦੇਵੀ ਦੀ ਸਨਮੁੱਖ ਮਿਰਜ਼ਾਪੁਰ ਦੇ ਨੇੜੇ ਇਕ ਮੰਦਰ ਵਿਚ ਮਨੁੱਖੀ ਬਲੀਆਂ ਦਿੱਤੀਆਂ ਜਾਂਦੀਆਂ ਸਨ। ਚੀਨੀ ਯਾਤਰੀ ਹਿਊਨਸਾਂਗ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਜਦੋਂ ਮੈਂ ਆਯੁਧਿਆਂ ਤੋਂ ਹਸਮੁੱਖ ਨੂੰ ਆ ਰਿਹਾ ਸੀ ਤਾਂ ਜੰਗਲੀ ਠੱਗਾਂ ਨੇ ਮੈਨੂੰ ਪਕੜ ਕੇ ਕਿਸੇ ਦੇਵੀ ਦੇ ਅੱਗੇ ਬਲੀ ਦੇਣੀ ਚਾਹੀ ਪਰ ਸੁਭਾਗ ਨਾਲ ਬਚ ਗਿਆ।

ਉਸ ਸਮੇਂ ਤੋਂ ਬਾਅਦ ਦੇਵੀਆਂ ਦੀ ਵੰਡ ਦੋ ਵਿਭਾਗਾਂ ਵਿਚ ਕਰ ਦਿੱਤੀ ਗਈ, ਇਕ ਦਿਆਲ ਸਰੂਪ ਦੇਵੀਆਂ (ਓਮਾ, ਗੋਰੀ, ਜਗਦੰਬਾ, ਪਾਰਬਤੀ, ਸਰਸਵਤੀ) ਅਤੇ ਕ੍ਰੋਧਿਤ ਦੇਵੀਆਂ (ਮਹਾਂਕਾਲੀ, ਸਯਾਮਾ, ਚੰਡੀ, ਭਗਵਤੀ, ਚੰਡਿਕਾ ਦੁਰਗਾ, ਭੈਰਵੀ) ਕ੍ਰੋਧਿਤ ਪੱਖ ਦੀਆਂ ਦੇਵੀਆਂ ਤੋਂ ਸ਼ਕਤੀ ਦੀ ਪ੍ਰਾਪਤੀ ਵਾਸਤੇ ਬਲੀ ਦੇਣੀ ਅਤੇ ਸ਼ਰਾਬ ਮਾਸ ਦਾ ਚੜ੍ਹਾਵਾ ਪੂਜਾ ਅਰਚਨਾ ਦਾ ਹਿੱਸਾ ਸੀ, ਸਵਾਮੀ ਵੇਦ ਵਿਆਸ ਰਚਿਤ ਤੰਤਰ ਪੁਰਾਣ ਅਨੁਸਾਰ :- ਦੁਰਗਾ ਨੂੰ ਮਾਸ ਅਤੇ ਸ਼ਰਾਬ ਦਾ ਭੋਗ ਲਗਾਣਾ ਜ਼ਰੂਰੀ ਹੈ, ਇਹ ਕਰਮ ਤੰਤਰ ਅਤੇ ਪੁਰਾਣਾਂ ਦੇ ਅਨੁਸਾਰ ਹੋਣ ਕਰਕੇ ਸਨਾਤਨ ਧਰਮ ਹੈ।

ਸਵਾਮੀ ਰਾਮ ਤੀਰਥ ਅਨੁਸਾਰ : ਸ਼ੈਵ ਅਤੇ ਸ਼ਾਕਤ ਤੰਤਰ ਅਨੁਸਾਰ ਦੁਰਗਾ ਦੇਵੀ ਮਾਸ ਅਤੇ ਮੁੱਦਰਾ ਤੋਂ ਬਿਨਾਂ ਪ੍ਰਸੰਨ ਨਹੀਂ ਹੋ ਸਕਦੀ।

ਉਪਰੋਕਤ ਹਿੰਦੂ ਦੇਵੀ ਪੂਜਾ ਵਿਧੀਆਂ ਤੋਂ ਸਪੱਸ਼ਟ ਹੈ ਕਿ ਦੁਰਗਾ ਜਾਂ ਕਾਲੀ ਜਾਂ ਮਹਾਂਕਾਲਿਕਾ ਤੋਂ ਵਰਦਾਨ ਪ੍ਰਾਪਤ ਕਰਨ ਵਾਸਤੇ ਬਲੀ ਦੇਣੀ, ਅਤੇ ਸ਼ਰਾਬ ਦਾ ਭੋਗ ਲਗਾਉਣਾ ਜ਼ਰੂਰੀ ਕਰਮ ਹੈ।

ਜਿਹੜੇ ਵੀਰ ਗੁਰੂ ਪਾਤਸ਼ਾਹ ਨੂੰ ਦੇਵੀ ਪੂਜਕ ਸਾਬਿਤ ਕਰਨ ਦਾ ਸਿਰਤੋੜ ਯਤਨ ਕਰਦੇ ਹਨ, ਉਹਨਾਂ ਕੋਲ ਇਕ ਵੀ ਅਜਿਹੀ ਮਿਸਾਲ ਨਹੀਂ ਕਿ ਗੁਰੂ ਸਾਹਿਬਾਨ ਨੇ ਕਿਤੇ ਕਿਸੇ ਅਖੌਤੀ ਦੇਵੀ ਅੱਗੇ ਮਾਸ ਸ਼ਰਾਬ ਨੂੰ ਅਰਪਿਤ ਕੀਤਾ ਹੋਵੇ ਤਾਂ ਜੋ ਦੇਵੀ ਕੋਲੋਂ ਵਰ ਪ੍ਰਾਪਤ ਕੀਤਾ ਜਾ ਸਕੇ। ਬਚਿੱਤ੍ਰ ਨਾਟਕ ਵਿਚ ਇਕ ਦੇਵੀ-ਦੇਵਤਿਆਂ ਪ੍ਰਤੀ ਪ੍ਰਚੱਲਿਤ 'ਬਲੀ ਪ੍ਰਥਾ' ਨੂੰ ਨਕਾਰਦੇ ਹੋਏ ਗੁਰਦੇਵ ਪਾਤਸ਼ਾਹ ਫੁਰਮਾਨ ਕਰਦੇ ਹਨ:

*ਤੇ ਭੀ ਬਲਿ ਪੂਜਾ ਉਰਝਾਏ॥*

ਦੇਵੀ ਦੀ ਪ੍ਰਸੰਨਤਾ ਅਤੇ ਮਨ-ਇੱਛਤ ਵਰ ਦੀ ਪ੍ਰਾਪਤੀ ਵਾਸਤੇ 'ਮੰਤਰ' ਗਾਇਣ ਕਰਨੇ ਪੈਂਦੇ ਹਨ, ਤਾਂ ਜੋ ਚੰਡਿਕਾ ਪ੍ਰਸੰਨ ਹੋ ਕੇ ਵਰ ਬਖਸ਼ਿਸ਼ ਕਰੇ, ਪਰ ਗੁਰੂ ਪਾਤਸ਼ਾਹ ਸਪੱਸ਼ਟ ਕਰਦੇ ਹਨ ਕਿ ਅਕਾਲ ਪੁਰਖ ਦੀ ਓਟ ਤੋਂ ਬਿਨਾਂ ਖ਼ਾਲਸੇ ਨੂੰ ਕਿਸੇ ਤੰਤਰ ਮੰਤਰ ਦੀ ਕੋਈ ਓਟ ਨਹੀਂ, ਖ਼ਾਲਸਾ ਤੰਤਰ ਮੰਤਰਾਂ ਵਿਚ ਯਕੀਨ ਨਹੀਂ ਰੱਖਦਾ, ਸਗੋਂ ਸਰਵ ਸ਼ਕਤੀਮਾਨ ਪਾਰਬ੍ਰਹਮ ਦਾ ਉਪਾਸ਼ਕ ਹੈ:

*ਬਿਨਾ ਸਰਨ ਤਾਕੀ ਨਹੀਂ ਅਉਰ ਓਟੰ॥*
*ਲਿਖੇ ਜੰਤ੍ਰ ਕੇਤੇ, ਪੜੇ ਮੰਤ੍ਰ ਕੋਟੰ॥*

ਦੇਵੀ ਦੀ ਪੂਜਾ ਕਰਨੀ ਬੁਤਪ੍ਰਸਤੀ ਦਾ ਪ੍ਰਤੀਕ ਹੈ, ਕਬੀਰ ਸਾਹਿਬ ਨੇ ਫੁਰਮਾਇਆ ਕਿ ਪੰਡੇ ਲੋਕ ਕਰਮ-ਕਾਂਡਾਂ ਵਿਚ ਗਲਤਾਨ ਹੋ ਕੇ ਮਿੱਟੀ ਦੇ ਬੁੱਤਾਂ ਨੂੰ ਦੇਵੀ ਦੇਵਤੇ ਮੰਨ ਕੇ ਪੂਜਾ ਵਿਚ ਵਿਅਰਥ ਸਮਾਂ ਬਰਬਾਦ ਕਰਦੇ ਹਨ ਤੇ ਸਾਰੀ ਉਮਰ ਇਸੇ ਵਹਿਮ ਅੰਦਰ ਗੁਜ਼ਾਰ ਦਿੰਦੇ ਹਨ:

*ਮਾਟੀ ਕੇ ਕਰਿ ਦੇਵੀ ਦੇਵਾ ਤਿਸੁ ਆਗੈ ਜੀਉ ਦੇਹੀ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੩੩੨)

ਪਰੰਤੂ ਜੇਕਰ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪ੍ਰਗਟ ਕਰਨ ਤੋਂ ਪਹਿਲਾ ਦੇਵੀ ਪੂਜਾ (ਬੁੱਤ-ਪ੍ਰਸਤੀ) ਕੀਤੀ ਹੁੰਦੀ ਤਾਂ ਔਰੰਗਜ਼ੇਬ ਨੂੰ ਲਿਖੇ ਫ਼ਤਹ ਦੇ ਪੱਤਰ 'ਜ਼ਫ਼ਰਨਾਮੇ' ਵਿਚ ਇੰਝ ਨਾ ਲਿਖਦੇ :

*ਮਨਮ ਕੁਸ਼ਤਹ ਕੋਹਿਯਾ ਬੁਤਪ੍ਰਸਤ॥*
*ਕਿ ਆਂ ਬੁਤ ਪ੍ਰਸਤੰਦੋ ਮਨ ਬੁਤ ਸ਼ਿਕਸਤ॥ ੯੫॥*

(ਜ਼ਫ਼ਰਨਾਮਾ)

ਅਰਥਾਤ, ਔਰੰਗਜ਼ੇਬ! ਮੈਂ ਬੁੱਤਪ੍ਰਸਤਾਂ ਦਾ ਵਿਰੋਧੀ ਹਾਂ, ਉਨ੍ਹਾਂ ਦੇ ਜ਼ੁਲਮ ਨੂੰ ਨਾਸ ਕਰਦਾ

ਹਾਂ, ਮੈਂ ਬੁੱਤ-ਸ਼ਿਕਨ ਹਾਂ ਬੁੱਤ ਤੋੜਨ ਵਾਲਾ ਹਾਂ, ਅਤੇ ਪਹਾੜੀ ਰਾਜੇ ਬੁੱਤਪ੍ਰਸਤ ਹਨ।

ਜੇਕਰ ਗੁਰਦੇਵ ਨੇ ਖ਼ਾਲਸਾ ਪ੍ਰਗਟ ਕਰਨ ਸਮੇਂ ਕਿਸੇ ਪ੍ਰਕਾਰ ਦੀ ਕਿਸੇ ਦੇਵੀ ਦੀ ਉਪਾਸ਼ਨਾ ਕੀਤੀ ਹੁੰਦੀ ਤਾਂ ਖ਼ਾਲਸੇ ਨੂੰ ਅਕਾਲ ਪੁਰਖ ਦੀ ਫ਼ੌਜ ਆਖ ਕੇ ਨਾ ਨਿਵਾਜਦੇ, ਖ਼ਾਲਸੇ ਨੂੰ ਜਾਗਤ ਜੋਤਿ ਦਾ ਉਪਾਸ਼ਕ ਨਾ ਦਰਸਾਉਂਦੇ ਸਗੋਂ 'ਦੇਵੀ ਦਾ ਉਪਾਸ਼ਕ ਦਸਦੇ, ਅਤੇ ਖ਼ਾਲਸੇ ਦੀ ਫਤਹਿ ਨੂੰ 'ਵਾਹਿਗੁਰੂ ਕੀ ਫਤਿਹ, ਨਹੀਂ ਬਲਕਿ 'ਮਹਾਕਲੀ ਕੀ ਫਤਹਿ' ਆਖਦੇ।

ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀਆ ਵਿਚੋਂ ਭਾਈ ਸੈਨਾਪਤਿ ਜੀ (ਜਿਨ੍ਹਾਂ ਨੇ 'ਚਾਣਕਿਆ ਰਾਜਨੀਤੀ' ਦਾ ਉਲਥਾ ਕਰਦਿਆਂ ਦਸਿਆ ਹੈ ਕਿ ਉਹ ਗੁਰੂ ਜੀ ਦੇ ਦਰਬਾਰੀ ਕਵੀ ਸਨ) ਨੇ ਆਪਣੀ ਰਚਨਾ 'ਸ੍ਰੀ ਗੁਰੂ ਸੋਭਾ' ਵਿਚ ਕਿਸੇ ਵੀ ਤਰ੍ਹਾਂ ਦੀ ਕਿਸੇ ਅਖੌਤੀ ਦੇਵੀ ਦੀ ਪੂਜਾ ਦਾ ਵਰਨਣ ਨਹੀਂ ਕੀਤਾ, ਹਲਾਕਿ ਖ਼ਾਲਸਾ ਪ੍ਰਗਟ ਕਰਨ ਸਮੇਂ ਕਵਿ ਸੈਨਾਪਤਿ ਚਸ਼ਮਦੀਦ ਗਵਾਹ ਸੀ, ਉਸਨੇ ਲਿਖਿਆ ਕਿ ਖ਼ਾਲਸਾ ਪ੍ਰਗਟ ਸਮੇਂ ਸਾਰੇ ਦੇਵੀ ਦੇਵਤੇ ਗੁਰੂ ਜੀ ਦੀ ਸ਼ਰਨ ਵਿਚ ਜੈ-ਜੈਕਾਰ ਕਰ ਰਹੇ ਸਨ:

*ਜੈ ਜੈ ਜੈ ਦੇਵ ਕਰੈ ਸਭ ਹੀ ਹਿਤ ਆਨ ਪਰੈ ਗੁਰ ਕੀ ਸਰਣੰ॥*

(ਸ੍ਰੀ ਗੁਰੂ ਸੋਭਾ)

ਔਰੰਗਜ਼ੇਬ ਦਾ ਇਕ ਅਖਬਾਰ-ਨਵੀਸ ਜੋ ਔਰੰਗਜ਼ੇਬ ਨੇ ਸੂਹੀਏ ਦੇ ਤੌਰ ਤੇ ਅਨੰਦਪੁਰ ਵਿਖੇ ਭੇਜਿਆ ਸੀ, ਆਪਣੀ ਇਬਾਰਤ ਵਿਚ ਅੰਮ੍ਰਿਤ ਛਕਾਉਣ ਅਤੇ ਖ਼ਾਲਸਾ ਪ੍ਰਗਟਾਉਣ ਦੇ ਕੌਤਕ ਨੂੰ ਵਿਸਥਾਰ ਸਹਿਤ ਬਿਆਨ ਕਰਦਾ ਹੈ:

ਹਮਹ ਹਾ ਦਰ ਯਕ ਮਜ਼ਹਬ ਦਰਾਇੰਦ ਕਿ ਦੂਈ ਅਜਮਿਆਂ ਬਰਖ਼ੇਜਦ......... ...............ਈਂ ਬਿਗੁਫਤੰਗ ਮਗਰ ਬਿਸਤ ਹਜਾਰ ਕਸ ਰਜਾ ਦਾਦੰਦ ਵ ਮੁਤਾਬਿਅਤ ਬਰ ਜੁਬਾਂ ਆਵੁਰਦੰਦ॥

ਅਰਥਾਤ : ਸਾਰੇ ਇਕ ਮਜ਼ਹਬ ਦੇ ਧਾਰਨੀ ਹੋ ਜਾਣ, ਦਵੈਤਵਾਦ ਉਠ ਜਾਏ, ਜ਼ਾਤ ਵਰਨ ਦਾ ਭੇਦ ਮਿਟ ਜਾਵੇ........ਇਸ ਤਰ੍ਹਾਂ ਗੁਰੂ ਨੇ ਆਖਿਆ ਅਤੇ 20 ਹਜ਼ਾਰ ਆਦਮੀਆਂ ਨੇ ਪਰਵਾਨ ਕਰ ਲਿਆ ਅਤੇ ਗੁਰੂ ਦੇ ਫ਼ੁਰਮਾਨ ਨੂੰ ਮੰਨ ਲਿਆ।

ਇਹ ਅਖਬਾਰ ਨਵੀਸ ਜੋ ਇਸ ਕੌਤਕ ਦਾ ਚਸ਼ਮਦੀਦ ਗਵਾਹ ਹੈ, ਕਿਸੇ ਤਰ੍ਹਾਂ ਦੇ ਯੱਗ, ਹਵਨ ਜਾਂ ਦੇਵੀ ਪੂਜਾ ਦਾ ਹਵਾਲਾ ਨਹੀਂ ਦਿੰਦਾ, ਸਗੋਂ ਇਸ ਗੱਲ ਤੇ ਰੌਸ਼ਨੀ ਪਾਉਂਦੇ ਹਨ ਕਿ ਬ੍ਰਾਹਮਣਵਾਦੀ ਵਿਚਾਰਧਾਰਾ ਦੇ ਲੋਕ ਗੁਰੂ ਦਾ ਇਹ ਫ਼ੁਰਮਾਨ ਸੁਣ ਕੇ ਇਕੱਠ ਵਿਚੋਂ ਕਿਨਾਰਾਕਸ਼ੀ ਕਰ ਗਏ।

ਫ਼ਾਰਸੀ ਰਚਨਾ 'ਉਮਦਾਹਤੁਲ ਤਵਾਰੀਖ਼' ਦੇ ਲਿਖਾਰੀ ਨੇ ਵੀ ਇਸ ਘਟਨਾ ਨੂੰ ਤਕਰੀਬਨ ਇਸੇ ਤਰ੍ਹਾਂ ਹੀ ਬਿਆਨ ਕੀਤਾ ਹੈ।

ਗੁਰੂ ਪਾਤਸ਼ਾਹ ਦੇ ਚਰਨਾਂ ਦੇ ਭੌਰੇ ਭਾਈ ਨੰਦ ਲਾਲ ਜੀ ਜਿਨ੍ਹਾਂ ਨੇ ਆਪਣੀਆਂ ਰਚਨਾਵਾਂ ਅਤੇ ਰਹਿਤਨਾਮਿਆਂ ਵਿਚ ਗੁਰਮਤਿ ਫ਼ਲਸਫੇ ਤੇ ਭਰਪੂਰ ਚਾਨਣਾ ਪਾਇਆ ਹੈ, ਗੁਰੂ ਪਾਤਸ਼ਾਹ

ਦੀ ਸਿਫ਼ਤ-ਸਲਾਹ ਕਰਦੇ ਹਨ ਕਿ ਕਈ ਦੇਵਤੇ ਅਤੇ ਅਨੇਕ ਦੇਵੀਆਂ ਗੁਰੂ ਜੀ ਦੇ ਸਨਮੁੱਖ ਹੱਥ ਬੱਧੇ ਖੜੀਆਂ ਹਨ:

*ਵ ਸਦ ਹਜਾਰਾ ਇੰਦ੍ਰੋ ਸਾਰੇ ਹਜ਼ਾਰ ਜ਼ਬਾਨ ਤੋਸੀਫ਼ ਗੋਇਸ਼।*
*ਵ ਸਦ ਹਜਾਰਾ ਈਸ਼ਵਰੋ ਬ੍ਰਹਮਾ ਅਕੀਦਤ ਪਯਵਾਸ਼।*
*ਵ ਸ ਹਜਾਰਾ ਉਮਿ ਕੁਦਸ਼ੀ ਦਰਖਿਦਮਤਸ਼॥*

(ਤੋਸੀਫ਼ੋਸਨਾ, ਭਾਈ ਨੰਦ ਲਾਲ ਜੀ)

ਗੁਰੂ ਪਾਤਸ਼ਾਹ ਜੀ ਨੇ ਆਪਣੀ ਆਤਮ ਕਥਾ ਵਿਚ ਵੀ ਕਈ ਅਜਿਹੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਹੈ ਕਿ ਮੈਂ ਅਕਾਲ ਪੁਰਖ ਦੀ ਕ੍ਰਿਪਾ ਸਦਕਾ ਫ਼ਤਹਿਯਾਬ ਹੋਇਆ ਹਾਂ, ਨਾਕਿ ਕਿਸੇ ਦੇਵੀ ਦੀ ਕ੍ਰਿਪਾ ਸਦਕਾ, ਭੰਗਾਣੀ ਦੇ ਯੁੱਧ ਵਿਚ ਪ੍ਰਾਪਤ ਕੀਤੀ ਫ਼ਤਿਹ ਨੂੰ ਅਕਾਲ ਪੁਰਖ ਦੀ ਫ਼ਤਹਿ ਕਿਹਾ ਹੈ, ਨਾਕਿ ਕਿਸੇ ਅਖੌਤੀ ਦੇਵੀ ਦੇਵਤੇ ਦੀ:

*ਭਈ ਜੀਤ ਮੇਰੀ॥ ਕਿਰਪਾ ਕਾਲ ਕੇਰੀ॥*

ਹੁਸੈਨੀ ਦੇ ਘੋਰ ਯੁੱਧ ਦਾ ਜ਼ਿਕਰ ਕਰਦੇ ਗੁਰੂ ਪਾਤਸ਼ਾਹ ਫੁਰਮਾਉਂਦੇ ਹਨ:

*ਰਾਖਿ ਲੀਯੋ ਹਮ ਕੋ ਜਗਰਾਈ॥*
*ਲੋਹ ਘਟ ਅਨਤੈ ਬਰਸਾਈ॥ ੬੯॥*

ਅਰਥਾਤ – ਘੋਰ ਘਮਸਾਨ ਦੇ ਯੁੱਧ ਜਿਸ ਵਿਚ ਲੋਹੇ ਤੇ ਲੋਹਾ ਖੜਕ ਰਿਹਾ ਸੀ, ਗੁਰੂ ਪਿਤਾ ਜਗਤ ਗੁਰੂ ਅਕਾਲ ਪੁਰਖ ਦੀ ਕ੍ਰਿਪਾ ਸਦਕਾ ਸੁਰਖ਼ਰੂ ਹੋ ਕੇ ਨਿੱਤਰੇ।

ਚਮਕੌਰ ਦੇ ਯੁੱਧ ਦਾ ਵਰਨਣ ਕਰਦੇ 'ਜ਼ਫਰਨਾਮੇ' ਵਿਚ ਲਿਖਦੇ ਹਨ:

*ਅਗਰ ਯਕ ਬਰਾਯਦ ਦਹੋ ਦਹ ਹਜ਼ਾਰ॥*
*ਨਿਗਹਬਾਨ ਊ ਰਾ ਸ਼ਵਦ ਕਿਰਦਗਾਰ॥ ੧੦੪॥* (ਜ਼ਫ਼ਰਨਾਮਾ)

ਔਰੰਗਜ਼ੇਬ, ਭਾਵੇਂ ਤੇਰੇ ਹਜ਼ਾਰਾਂ ਦੀ ਗਿਣਤੀ ਵਿਚ ਲਸ਼ਕਰ ਨੇ ਮੇਰੇ ਉਪਰ ਹਮਲਾ ਕਰਕੇ ਖਤਮ ਕਰਨ ਦੀ ਕੋਸ਼ਿਸ਼ ਕੀਤੀ ਪਰੰਤੂ ਅਕਾਲ ਪੁਰਖ ਦੀ ਮਿਹਰ ਦੀ ਨਜ਼ਰ ਸਦਕਾ ਮੈਂ ਬਿਨਾਂ ਕਿਸੇ ਅੜਚਣ ਦੇ ਸੁਰਖ਼ਰੂ ਹੋ ਕੇ ਨਿਕਲਿਆ, ਕਿਉਂਕਿ ਪ੍ਰਮਾਤਮਾ ਮੇਰੇ ਉਪਰ ਨਿਗਾਹਬਾਨ ਸੀ। ਗੁਰੂ ਪਾਤਸ਼ਾਹ ਨੇ ਆਪਣਾ ਅਕਾਲ ਪੁਰਖ ਉਪਰ ਦ੍ਰਿੜ੍ਹ ਨਿਸ਼ਚਾ ਜ਼ਾਹਿਰ ਕੀਤਾ ਹੈ ਅਤੇ ਆਪਣੀ ਰਚਨਾ ਅੰਦਰ ਦੇਵੀ ਦੇਵਤਿਆਂ ਨੂੰ ਅਕਾਲ ਪੁਰਖ ਦੇ ਖ਼ਿਦਮਤਦਾਰ ਆਖਿਆ ਹੈ।

ਆਪ ਫੁਰਮਾਉਂਦੇ ਹਨ:

*ਅਨਹਦ ਰੂਪ ਅਨਾਹਦ ਬਾਨੀ॥*
*ਚਰਨ ਸ਼ਰਨ ਜਿਹ ਬਸਤ ਭਵਾਨੀ॥*

(ਅਕਾਲ ਉਸਤਤਿ)

ਗੁਰੂ ਸਾਹਿਬ ਦੇ ਸਮੇਂ ਦੀ ਕਿਸੇ ਵੀ ਸਮਕਾਲੀ ਰਚਨਾ ਵਿਚ ਦੇਵੀ ਪੂਜਾ ਦਾ ਕੋਈ ਜ਼ਿਕਰ ਨਹੀਂ, ਸਗੋਂ ਕਾਫੀ ਸਮਾਂ ਬਾਅਦ, ਸਭ ਤੋਂ ਪਹਿਲਾਂ ਸਰੂਪ ਦਾਸ ਭੱਲਾ ਨੇ ਆਪਣੀ ਰਚਨਾ

(ਮਹਿਮਾ ਪ੍ਰਕਾਸ਼) ਕਾਵਿ ਰੂਪ ਵਿਚ ਦੇਵੀ ਪੂਜ ਦਾ ਜ਼ਿਕਰ ਕੀਤਾ, ਉਸ ਬਾਅਦ ਗੁ: ਬਿ: ਪਾਤ: 10 (ਸੁਖਾ ਸਿੰਘ, ਜੋ ਕਿ ਪਹਿਲਾਂ ਕੱਟੜ ਬ੍ਰਾਹਮਣ ਸੀ) ਵਿਚ ਕੀਤਾ ਗਿਆ, ਇਹਨਾਂ ਦੋ ਰਚਨਾਵਾਂ ਦੀ ਪ੍ਰਕਾਸ਼ਨਾ ਤੋਂ ਬਾਅਦ ਅਨੇਕਾਂ ਲਿਖਾਰੀਆਂ ਨੇ ਇਨ੍ਹਾਂ ਰਚਨਾਵਾਂ ਨੂੰ ਪ੍ਰਮਾਣਿਤ ਸਮਝ ਕੇ ਆਪਣੀਆਂ ਲਿਖਤਾਂ ਵਿਚ ਦਰਜ ਕਰ ਦਿੱਤਾ। 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਦੇ ਲਿਖਾਰੀ ਕੇਸਰ ਸਿੰਘ 'ਛਿੱਬਰ' ਨੇ ਵੀ ਦੇਵੀ ਪੂਜਾ ਪ੍ਰਸੰਗ ਨੂੰ ਬੜੇ ਵਿਸਥਾਰ ਸਹਿਤ ਪ੍ਰਕਾਸ਼ਿਤ ਕੀਤਾ। ਇਹ ਵੀ ਜ਼ਿਕਰਯੋਗ ਹੈ ਕਿ ਇਹਨਾਂ ਉਪਰੋਕਤ ਲਿਖਾਰੀਆਂ ਵਿਚ ਵੀ ਦੇਵੀ ਪੂਜਨ ਪ੍ਰਸੰਗ ਬਾਰੇ ਕੋਈ ਇਕਸਾਰਤਾ ਨਹੀਂ ਹਨ, ਬਲਕਿ ਵਿਰੋਧਾਭਾਸ ਹੈ, ਜਿਸ ਤੋਂ ਇਹ ਨਿਰੋਲ ਕਪੋਲ ਕਲਪਨਾ ਸਿਧ ਹੁੰਦੀ ਹੈ।

ਕ੍ਰਮਵਾਰ ਉਪਰੋਕਤ ਸਰੋਤਾਂ ਦੇ ਵਿਰੋਧਾਭਾਸ ਇਸ ਤਰ੍ਹਾਂ ਹਨ:

1. *ਗ੍ਰੰਥ ਦਾ ਨਾਮ :* ਮਹਿਮਾ ਪ੍ਰਕਾਸ਼ (ਕਾਵਿ ਰੂਪ)

*ਦੇਵੀ ਪੂਜਨ ਦੀ ਉਥਾਨਕਾ :* ਤੁਰਕਾਂ ਦੀ ਲੁੱਟੀ ਹੋਈ ਸੰਗਤ ਦਾ ਦੁੱਖ ਸੁਣ ਕੇ ਸੂਰਬੀਰਤਾ ਲਈ ਦੇਵੀ ਦੀ ਅਰਾਧਨਾ ਕਰਨ ਦੀ ਸੋਚ-ਵਿਚਾਰ ਕੀਤੀ।

*ਦੇਵਾ ਪੂਜਾ ਲਈ ਸੱਦਿਆ ਬ੍ਰਾਹਮਣ :-* ਕਿਸੇ ਬ੍ਰਾਹਮਣ ਦਾ ਨਾਮ ਨਹੀਂ ਦਿੱਤਾ।

*ਕਿਸ ਮੰਤਰ ਦਾ ਜਾਪ ਕੀਤਾ :* ਕਿਸੇ ਮੰਤਰ ਦਾ ਕੋਈ ਜ਼ਿਕਰ ਨਹੀਂ।

*ਜਦੋਂ ਦੇਵੀ ਪ੍ਰਤੱਖ ਹੋਈ ਕੀ ਰੂਪ ਸੀ :* ਤੇਜ ਪ੍ਰਕਾਸ਼ ਹੋਇਆ, ਅੱਠ ਬਾਹਵਾਂ ਸਨ, ਅੱਠ ਹੀ ਹਥਿਆਰ ਫੜੇ ਹੋਏ ਸਨ, ਪ੍ਰਤੱਖ ਹੋਣ ਨਾਲ ਸੂਰਜ ਵਰਗਾ ਪ੍ਰਕਾਸ਼ ਫੈਲ ਗਿਆ।

*ਦੇਵੀ ਵੇਖਣ ਉਪਰੰਤ ਗੁਰੂ ਜੀ ਦਾ ਪ੍ਰਤੀਕਰਮ :-* ਪੰਡਤ ਜੀ ਤਾਂ ਦਰਸ਼ਨ ਕਰਦੇ ਹੀ ਬੇਹੋਸ਼ ਹੋ ਗਏ, ਪਰੰਤੂ ਗੁਰੂ ਜੀ ਦਰਸ਼ਨ ਕਰਕੇ ਬਹੁਤ ਖੁਸ਼ ਹੋਏ।

*ਦੇਵੀ ਨੇ ਕੀ ਭੇਟਾ ਮੰਗੀ ਤੇ ਕਿਵੇਂ ਮੰਗੀ :* ਭੋਗ ਲਗਵਾਇਆ ਗਿਆ ਅਤੇ ਭੇਟਾ ਅਰਪਣ ਕੀਤੀ ਗਈ। ਭੇਟਾ ਕੀ ਦਿੱਤੀ, ਇਸ ਦਾ ਕੋਈ ਖਾਸ ਵੇਰਵਾ ਨਹੀਂ ਮਿਲਦਾ।

*ਦੇਵੀ ਨੇ ਕਿਹੜੀ ਚੀਜ਼ ਬਖਸ਼ਿਸ਼ ਕੀਤੀ :* ਜਾਣ ਲੱਗੀ ਦੇਵੀ ਹਵਨਕੁੰਡ ਵਿਚ ਖੰਡਾ ਰੱਖ ਗਈ ਅਤੇ ਅਗਨੀ ਠੰਡੀ ਹੋਣ ਉਪਰੰਤ ਉਸ ਖੰਡੇ ਨੂੰ ਹਵਨ ਵਿਚੋਂ ਕੱਢ ਕੇ ਅੰਮ੍ਰਿਤ ਸੰਸਕਾਰ ਸਮੇਂ ਵਰਤਿਆ ਗਿਆ।

*ਹਵਨ ਦੇ ਆਰੰਭ ਦਾ ਸੰਮਤ :* ਕੋਈ ਜ਼ਿਕਰ ਨਹੀਂ ਕੀਤਾ ਗਿਆ।

*ਹਵਨ ਵਿਚ ਕਿੰਨਾ ਸਮਾਂ ਲੱਗਾ :* ਹਵਨ ਵਿਚ ਲੱਗੇ ਸਮੇਂ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ।

2. *ਗ੍ਰੰਥ ਦਾ ਨਾਮ :* ਗੁਰਬਿਲਾਸ ਪਾਤ : ੧੦ (ਕ੍ਰਿਤ ਸੁੱਖਾ ਸਿੰਘ)

*ਦੇਵੀ ਪੂਜਨ ਆਰੰਭ ਕਰਨ ਦੀ ਉਥਾਨਕਾ :* ਗੁਰੂ ਜੀ ਅਤੇ ਅਨੇਕਾਂ ਸਿੰਘ

ਸ਼ਿਕਾਰ ਖੇਡ ਕੇ ਆਏ ਤਾਂ ਖ਼ਾਲਸਾ ਪੰਥ ਪ੍ਰਗਟ ਕਰਨ ਲਈ ਦੇਵੀ ਪ੍ਰਗਟ ਕਰਨ ਦਾ ਵਿਚਾਰ ਮਨ ਅੰਦਰ ਆਇਆ।

*ਦੇਵੀ ਪੂਜਾ ਲਈ ਸੱਦਿਆ ਗਿਆ ਬ੍ਰਾਹਮਣ :* ਗੁਰੂ ਜੀ ਨੇ ਉਜੈਨ ਵਾਸੀ ਦੱਤਾ ਨੰਦ ਬ੍ਰਾਹਮਣ ਪਾਸੋਂ ਦੇਵੀ ਪੂਜਾ ਕਰਵਾਈ।

*ਕਿਸ ਮੰਤਰ ਦਾ ਜਾਪ ਕੀਤਾ ਗਿਆ :* ਦੇਵੀ ਦੇ ਅਨੇਕਾਂ ਹੀ ਨਾਮਾਂ ਜਿਵੇਂ ਕਾਲੀ, ਭਗਵਤੀ, ਦੁਰਗਾ, ਭੈਰਵੀ ਆਦਿ ਦਾ ਉਚਾਰਣ ਕੀਤਾ ਗਿਆ।

*ਜਦੋਂ ਦੇਵੀ ਪ੍ਰਤੱਖ ਹੋਈ ਕੀ ਰੂਪ ਸੀ :* ਇਕ ਦਮ ਸਾਰੀ ਧਰਤੀ ਕੰਬੀ, ਭੁਚਾਲ ਆਇਆ, ਫਿਰ ਦੇਵੀ ਦੇ ਦਰਸ਼ਨ ਹੋਏ। ਗਲੇ ਵਿਚ ਸਿਰਾਂ ਦੀ ਮਾਲਾ, ਵਾਲ ਖਿਲਰੇ ਹੋਏ, ਮੂੰਹ ਵਿਚੋਂ ਅੱਗ ਦੀਆਂ ਲਾਟਾਂ ਨਿਕਲ ਰਹੀਆਂ ਸਨ, ਰੰਗ ਕਾਲਾ ਸੀ ਅਤੇ ਖੱਬੇ ਹੱਥ ਵਿਚ ਤਲਵਾਰ ਸੀ।

*ਦੇਵੀ ਪ੍ਰਗਟ ਹੋਣ ਤੇ ਗੁਰੂ ਜੀ ਦਾ ਪ੍ਰਤੀਕਰਮ :* ਗੁਰੂ ਜੀ ਦੇਵੀ ਦੇ ਦਰਸ਼ਨ ਕਰਦੇ ਰਹੇ।

*ਦੇਵੀ ਨੇ ਕੀ ਭੇਟਾ ਮੰਗੀ ਤੇ ਕਿਵੇਂ ਮੰਗੀ :* ਦੇਵੀ ਨੇ ਤਾਂ ਕੋਈ ਭੇਟਾ ਨਾ ਮੰਗੀ, ਪਰੰਤੂ ਬ੍ਰਾਹਮਣ ਨੇ ਪ੍ਰਗਟ ਹੋਣ ਤੋਂ ਪਹਿਲਾਂ ਗੁਰੂ ਜੀ ਨੂੰ ਕਿਹਾ ਸੀ ਕਿ ਪੁੱਤਰ ਦਾ ਬਲਿਦਾਨ ਦੇਣਾ ਪਵੇਗਾ।

*ਦੇਵੀ ਨੇ ਕਿਹੜੀ ਚੀਜ਼ ਬਖਸ਼ਿਸ਼ ਕੀਤੀ :* ਗੁਰੂ ਜੀ ਨੇ ਕ੍ਰਿਪਾਨ ਦੀ ਮੰਗ ਕੀਤੀ ਅਤੇ ਦੇਵੀ ਕ੍ਰਿਪਾਨ ਭੇਟਾ ਕਰਕੇ ਆਪ ਅਲੋਪ ਹੋ ਗਈ।

*ਹਵਨ ਦੇ ਆਰੰਭ ਦਾ ਸੰਮਤ :* ਆਰੰਭ ਦੀ ਸੰਮਤ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ।

*ਹਵਨ ਵਿਚ ਕਿੰਨਾ ਸਮਾਂ ਲੱਗਾ :* ਕਰੀਬ ਢਾਈ ਸਾਲ ਦਰਿਆ ਦੇ ਕੰਢੇ ਦੇਵੀ ਪੂਜਾ ਹੁੰਦੀ ਰਹੀ ਤੇ ਕੁਝ ਸਮਾਂ ਨੈਣੇ ਦੇ ਟਿੱਲੇ ਤੇ ਹਵਨ ਹੁੰਦਾ ਰਿਹਾ।

*3. ਗ੍ਰੰਥ ਦਾ ਨਾਮ :* ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ (ਕ੍ਰਿਤ ਭਾਈ ਸੰਤੋਖ ਸਿੰਘ ਜੀ)

*ਦੇਵੀ ਪੂਜਨ ਆਰੰਭ ਕਰਨ ਉਥਾਨਕਾ :* ਗੁਰੂ ਘਰ ਆ ਰਹੀ ਸੰਗਤ ਨੂੰ ਤੁਰਕਾਂ ਨੇ ਰਸਤੇ ਵਿਚ ਲੁਟਿਆ, ਗੁਰੂ ਸਾਹਿਬ ਨੇ ਸੂਰਬੀਰਤਾ ਦੀ ਪ੍ਰਾਪਤੀ ਵਾਸਤੇ ਦੇਵੀ ਪੂਜਾ ਕਰਨ ਦਾ ਵਿਚਾਰ ਬਣਾਇਆ।

*ਦੇਵੀ ਪੂਜਾ ਵਾਸਤੇ ਸੱਦਿਆ ਗਿਆ ਬ੍ਰਾਹਮਣ :* ਕਾਂਸ਼ੀ ਨਿਵਾਸੀ ਪੰਡਿਤ ਕੇਸ਼ੋਦਾਸ ਨੂੰ ਦੇਵੀ ਪੂਜਨ ਹਿੱਤ ਬੁਲਾਇਆ ਗਿਆ।

*ਕਿਸ ਮੰਤਰ ਦਾ ਜਾਪ ਕੀਤਾ ਗਿਆ :* ਉਣ-ਉਣ, ਮੁਣ-ਮੁਣ ਗੁਣ-ਗੁਣ, ਰੁਣ-ਰੁਣ

*ਜਦੋਂ ਦੇਵੀ ਪ੍ਰਤੱਖ ਹੋਈ ਉਦੋਂ ਕੀ ਰੂਪ ਸੀ :* ਬਹੁਤ ਹੀ ਭਿਆਨਕ ਰੂਪ ਸੀ।

ਪਹਾੜ ਦੀ ਚੋਟੀ ਉਪਰ ਪਹਿਲਾਂ ਨਜ਼ਰ ਆਈ। ਅੱਠ ਬਾਹਵਾਂ ਸਨ, ਜਦੋਂ ਨਜ਼ਦੀਕ ਆਈ ਤਾਂ ਸੋਨੇ ਵਰਗਾ ਰੰਗ ਸੀ ਅਤੇ ਚਾਰ ਬਾਹਵਾਂ ਸਨ।

*ਦੇਵੀ ਪ੍ਰਗਟ ਹੋਣ ਤੇ ਗੁਰੂ ਜੀ ਦਾ ਪ੍ਰਤੀਕਰਮ :* ਭਿਆਨਕ ਰੂਪ ਦੇਵੀ ਦੇ ਦਰਸ਼ਨ ਕਰਕੇ ਗੁਰੂ ਜੀ ਨੇ ਇਕ ਦਮ ਅੱਖਾਂ ਬੰਦ ਕਰ ਲਈਆਂ।

*ਦੇਵੀ ਨੇ ਕੀ ਭੇਟਾ ਮੰਗੀ ਤੇ ਕਿਵੇਂ ਮੰਗੀ :* ਦੇਵੀ ਨੇ ਭੇਟਾ ਮੰਗੀ ਤਾਂ ਗੁਰੂ ਜੀ ਨੇ ਕਰਦ ਨਾਲ ਆਪਣਾ ਲਹੂ ਕੱਢ ਕੇ ਭੇਟ ਕੀਤਾ ਅਤੇ ਨਾਲ ਹੀ ਪ੍ਰਣ ਕੀਤਾ ਕਿ ਚਾਰੇ ਪੁੱਤਰ ਅਤੇ ਸ਼ਹੀਦ ਹੋਣ ਵਾਲੇ ਸਾਰੇ ਸਿੰਘ-ਸਿੰਘਣੀਆਂ ਆਪ ਜੀ ਦੀ ਭੇਟਾ ਹੋਣਗੀਆਂ।

*ਦੇਵੀ ਨੇ ਕਿਹੜੀ ਚੀਜ਼ ਬਖਸ਼ਿਸ਼ ਕੀਤੀ :* ਦੇਵੀ ਜੀ ਨੇ ਗੁਰੂ ਜੀ ਨੂੰ ਇਕ ਕਰਦ ਭੇਟਾ ਕੀਤੀ।

*ਹਵਨ ਦੇ ਅਰੰਭ ਦਾ ਸੰਮਤ :* ਵੈਸਾਖ ਦੀ ਪੂਰਨਮਾਸ਼ੀ। (ਸੰਮਤ ਨਹੀਂ)

*ਹਵਨ ਵਿਚ ਕਿੰਨਾ ਸਮਾਂ ਲੱਗਾ :* 11 ਮਹੀਨੇ ਦਾ ਸਮਾਂ ਲੱਗਾ।

4. *ਗ੍ਰੰਥ ਦਾ ਨਾਮ :* ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ

(ਕ੍ਰਿਤ ਭਾਈ ਕੇਸਰ ਸਿੰਘ ਛਿੱਬਰ)

*ਦੇਵੀ ਪੂਜਨ ਆਰੰਭ ਕਰਨ ਦੀ ਉਥਾਨਕਾ :* ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਗੁਰੂ ਜੀ ਸਮਾਧੀ ਲਗਾ ਕੇ ਤਪ ਕਰਨ ਲੱਗੇ ਤਾਂ ਜੋ ਤੁਰਕਾਂ ਦਾ ਨਾਸ਼ ਹੋ ਜਾਵੇ। ਇਸ ਤੋਂ ਉਪਰੰਤ ਦੇਵੀਦਿੱਤਾ ਨਾਮਕ ਬ੍ਰਾਹਮਣ ਤੋਂ ਮਹਾਂਭਾਰਤ ਦੀ ਕਥਾ ਸੁਣੀ ਅਤੇ ਸਵਾਲ ਕੀਤਾ ਕਿ ਭੀਮਸੈਨ ਪਾਸ ਇਤਨਾ ਬਲ ਕਿਵੇਂ ਆਇਆ? ਪੰਡਿਤ ਨੇ ਜਵਾਬ ਦਿੱਤਾ ਕਿ ਭਵਾਨੀ ਦੀ ਕ੍ਰਿਪਾ ਸਦਕਾ ਹੀ ਤੁਸੀਂ ਵਰ ਪ੍ਰਾਪਤ ਕਰਕੇ ਤੁਰਕਾਂ ਦਾ ਨਾਸ਼ ਕਰ ਸਕਦੇ ਹੋ।

*ਦੇਵੀ ਪੂਜਾ ਵਾਸਤੇ ਸੱਦਿਆ ਗਿਆ ਬ੍ਰਾਹਮਣ :* ਅਨੇਕਾਂ ਬ੍ਰਾਹਮਣ ਸੱਦੇ ਗਏ, ਪਰੰਤੂ ਹਰਿਦਾਸ, ਹਰਿਭਗਵਾਨ ਅਤੇ ਲੱਛਮੀ ਰਾਮ ਪੂਰਨ ਪ੍ਰਤੀਤ ਹੋਏ। ਇਹਨਾਂ ਤਿੰਨਾਂ ਦੇ ਕਹਿਣ ਦੇ ਹੀ ਗੁਜਰਾਤ ਦੇ ਇਕ ਠਾਕੁਰਦੁਆਰੇ ਤੋਂ ਕਾਲਕਾ ਦਾਸ ਨਾਮ ਦੇ ਬ੍ਰਾਹਮਣ ਨੂੰ ਹੁਕਮਨਾਮਾ ਭੇਜ ਕੇ ਮੰਗਵਾਇਆ ਗਿਆ।

*ਕਿਸ ਮੰਤਰ ਦਾ ਜਾਪ ਕੀਤਾ ਗਿਆ :* ਚਾਲੀ ਦਿਨ ਬਿਲਕੁਲ ਨਿਰਾਹਾਰ (ਬਿਨਾਂ ਕੁਝ ਖਾਣ ਪੀਣ ਤੋਂ) ਰਹਿਣਾ। ਇਕ ਆਸਣ ਉਪਰ ਬੈਠਣਾ, ਅੰਦਰ ਬਾਹਰ ਬਿਲਕੁਲ ਨਹੀਂ ਜਾਣਾ। ਟੱਟੀ-ਪਿਸ਼ਾਬ ਬਿਲਕੁਲ ਨਹੀਂ ਜਾਣਾ ਅਤੇ ਅੱਗੇ ਪਿੱਛੇ ਸਿਰ ਵੀ ਨਹੀਂ ਫੇਰਨਾ। ਕਿਸੇ ਮੰਤਰ ਦਾ ਜਾਪ ਨਹੀਂ ਕਰਨਾ ਸਗੋਂ ਬਿਲਕੁਲ ਚੁੱਪ ਰਹਿ ਕੇ ਹਵਨ ਵਿਚ ਆਹੂਤੀ ਪਾਉਂਦੇ ਰਹਿਣਾ।

*ਜਦੋਂ ਦੇਵੀ ਪ੍ਰਤੱਖ ਹੋਈ ਉਦੋਂ ਕੀ ਰੂਪ ਸੀ :* ਅੱਠ ਬਾਹਵਾਂ ਸਨ ਅਤੇ ਸਾਰੀਆਂ ਬਾਹਵਾਂ ਵਿਚ ਸ਼ਸ਼ਤਰ ਫੜੇ ਹੋਏ ਸਨ। ਖਿੜ ਖਿੜਾ ਕੇ ਹੱਸ ਰਹੀ ਸੀ। ਗੁਰੂ ਸਾਹਿਬ ਨੇ ਇਕੋ ਵਾਰ ਹੀ ਵੇਖਿਆ ਤੇ ਫਿਰ ਅੱਖਾਂ ਖੁੱਲ੍ਹ ਨਾ ਸਕੀਆਂ। ਗੁਰੂ ਜੀ ਦੇ ਹਵਾਸ ਉਡ ਗਏ ਤੇ ਮੂਰਛਾ ਹੋ ਗਏ।

*ਦੇਵੀ ਪ੍ਰਗਟ ਹੋਣ ਤੇ ਗੁਰੂ ਜੀ ਦਾ ਪ੍ਰਤੀਕਰਮ* : ਦੇਵੀ ਦੇ ਭਿਆਨਕ ਰੂਪ ਨੂੰ ਵੇਖ ਕੇ ਗੁਰੂ ਜੀ ਦੇ ਹਵਾਸ ਉਡ ਗਏ ਅਤੇ ਬੇਹੋਸ਼ ਹੋ ਗਏ। ਦੇਵੀ ਦੇ ਆਲੋਪ ਹੋਣ ਤੋਂ ਬਾਅਦ ਕਾਲਕਾ ਦਾਸ ਨੇ ਗੁਰੂ ਜੀ ਨੂੰ ਜਗਾਇਆ।

*ਦੇਵੀ ਨੇ ਕੀ ਭੇਟਾ ਮੰਗੀ ਤੇ ਕਿਵੇਂ ਮੰਗੀ :* ਕਾਲਕਾ ਦਾਸ ਨੇ ਕਿਹਾ ਕਿ ਗੁਰੂ ਜੀ ਹੁਣ ਦੇਵੀ ਨੂੰ ਸੀਸ ਭੇਟ ਦੇਵੋ, ਪਰੰਤੂ ਗੁਰੂ ਜੀ ਨੇ ਕਿਹਾ ਕਿ ਹੁਣ ਤੁਸੀਂ ਆਪ ਹੀ ਸੀਸ ਭੇਟਾ ਕਰੋ, ਕਿਉਂਕਿ ਮੇਰੇ ਤਾਂ ਹਵਾਸ ਉਡ ਗਏ ਹਨ। ਕਾਲਕਾ ਦਾਸ ਨੇ ਖ਼ੂਨ ਭੇਟਾ ਕੀਤਾ, ਮਾਤਾ ਨੇ ਖ਼ੂਨ ਪੀਤਾ ਅਤੇ ਅਲੋਪ ਹੋ ਗਈ।

*ਦੇਵੀ ਨੇ ਕਿਹੜੀ ਚੀਜ਼ ਬਖਸ਼ਿਸ਼ ਕੀਤੀ :* ਦੇਵੀ ਪ੍ਰਗਟ ਕ੍ਰਿਆ ਸਮੇਂ ਕਿਸੇ ਚੀਜ਼ ਬਖਸ਼ਿਸ਼ ਕਰਨ ਦਾ ਕੋਈ ਜ਼ਿਕਰ ਨਹੀਂ, ਪਰੰਤੂ ਏਨਾ ਜ਼ਿਕਰ ਹੈ ਕਿ ਗੁਰੂ ਜੀ ਨੇ ਕੇਸ ਚੰਡੀ ਕੋਲੋਂ ਮੰਗ ਕੇ ਲਏ।

*ਹਵਨ ਆਰੰਭ ਦਾ ਸਮਾਂ* : ਕੋਈ ਜ਼ਿਕਰ ਨਹੀਂ।

*ਹਵਨ ਵਿਚ ਕਿੰਨੇ ਦਿਨ ਲੱਗੇ :* 40 ਦਿਨ ਹਵਨ ਚਲਦਾ ਰਿਹਾ।

ਸੋ ਉਪਰੋਕਤ ਗ੍ਰੰਥਾਂ ਵਿਚ ਪ੍ਰਗਟ ਵਿਰੋਧਾਭਾਸ ਤੋਂ ਸਪੱਸ਼ਟ ਹੈ ਕਿ ਗੁਰੂ ਜੀ ਨੂੰ ਦੇਵੀ ਪੂਜਕ ਸਿੱਧ ਕਰਨ ਖਾਤਰ ਇਕ ਕਪੋਲ ਕਲਪਨਾ ਅਤੇ ਕਿਸੇ ਵੀ ਸਰੋਤ ਵਿਚਲੀ ਜਾਣਕਾਰੀ ਆਪਸ ਵਿਚ ਬਿਲਕੁਲ ਮੇਲ ਨਹੀਂ ਖਾਂਦੀ।

ਭਾਈ ਕਾਨ੍ਹ ਸਿੰਘ 'ਨਾਭਾ' ਨੇ ਮਹਾਂਕਾਲ ਨੂੰ ਅਕਾਲ ਪੁਰਖ ਤੇ ਕਾਲਕਾ ਨੂੰ ਸ਼ਕਤੀ ਕਿਹਾ ਹੈ, ਮਹਾਂਕਾਲ ਕਾਲਕਾ ਦਾ ਅਰਥ ਅਕਾਲ ਪੁਰਖ ਹੈ, ਨਾਕਿ ਅਖੌਤੀ ਦੇਵੀ ਕਾਲਕਾ। ਹਿੰਦੂ ਮਤਿ ਅਨੁਸਾਰ ਤਾਂ ਭਾਵੇਂ ਮਹਾਂਕਾਲ ਅਤੇ ਕਾਲਕਾ ਦੋ ਅਲੱਗ ਸ਼ਕਤੀਆਂ ਹਨ, ਪਰ ਗੁਰਮਤਿ ਅਨੁਸਾਰ ਅਕਾਲ ਪੁਰਖ ਦੀ ਸ਼ਕਤੀ ਉਸ ਤੋਂ ਭਿੰਨ ਨਹੀਂ ਹੈ ਅਤੇ ਮਹਾਂਕਾਲ ਕਾਲਕਾ ਦਾ ਅਰਥ ਸਰਬ ਸ਼ਕਤੀਮਾਨ ਪ੍ਰਮਾਤਮਾ ਹੈ।

ਨਿਮਨਲਿਖਤ ਸਤਰ ਦੇ ਅਰਥ ਕਰਨ ਤੋਂ ਪਹਿਲਾਂ ਗੁਰਮਤਿ ਵਿਆਕਰਣ ਦੇ ਨਿਜਮਾਂ ਨੂੰ ਸਮਝਣਾ ਜ਼ਰੂਰੀ ਹੈ।

*ਸਰਬ ਕਾਲ ਹੈ ਪਿਤਾ ਹਮਾਰਾ॥ ਦੇਬਿ ਕਾਲਕਾ ਮਾਤ ਹਮਾਰਾ॥*

ਉਪਰੰਤ ਤੁਕ ਵਿਚੋਂ 'ਮਾਤ' ਸ਼ਬਦ ਇਸਤਰੀ ਲਿੰਗ ਹੈ, ਅਤੇ ਹਮਾਰਾ ਸ਼ਬਦ 'ਪੁਲਿੰਗ' ਹੋਣ ਦਾ ਪ੍ਰਤੀਕ ਹੈ, ਠੀਕ ਉਸੇ ਤਰ੍ਹਾਂ ਹੀ ਜਿਸ ਤਰ੍ਹਾਂ ਪੰਜਵੇਂ ਪਾਤਸ਼ਾਹ ਫੁਰਮਾਉਂਦੇ ਹਨ :

*ਤੂ ਮੇਰਾ ਪਿਤਾ ਤੂਹੈ ਮੇਰਾ ਮਾਤਾ॥* (ਗੁਰੂ ਗ੍ਰੰਥ ਸਾਹਿਬ, ਪੰਨਾ 1144)

ਉਪਰੋਕਤ ਤੁਕ ਵਿਚ ਵੀ ਮਾਤ (ਇਸਤਰੀ ਲਿੰਗ) ਸ਼ਬਦ ਦੀ ਵਰਤੋਂ ਮੇਰਾ 'ਪੁਲਿੰਗ' ਨਾਲ ਕੀਤੀ ਗਈ ਹੈ। ਜਿਸ ਤੋਂ ਇਹ ਸਪੱਸ਼ਟ ਹੈ ਕਿ ਗੁਰੂ ਪਾਤਸ਼ਾਹ ਨੇ ਸਰਬ ਸ਼ਕਤੀਮਾਨ ਅਕਾਲ ਪੁਰਖ ਜੋ ਕਾਲਾਂ ਦਾ ਕਾਲ (ਕਾਲਕਾ) ਹੈ, ਨੂੰ ਆਪਣਾ ਇਸ਼ਟ ਕਿਹਾ ਹੈ। ਗੁਰੂ ਪਾਤਸ਼ਾਹ ਆਪਣੇ

ਇਸ਼ਟ ਸੰਬੰਧੀ ਸਪੱਸ਼ਟ ਕਰਦੇ ਹਨ:

੧. ਆਦਿ ਅੰਤਿ ਏਕੈ ਅਵਤਾਰਾ॥ ਸੋਈ ਗੁਰੂ ਸਮਝਿਯਹੁ ਹਮਾਰਾ॥

੨. ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਜੋ॥

੩. ਬਿਨਾ ਸਰਨ ਤਾ ਕੀ ਨਹੀ ਅਉਰ ਓਟੰ॥

੪. ਬਿਨ ਕ਼ਰਤਾਰ ਨ ਕਿਰਤਮੁ ਮਾਨੋ॥

ਗੁਰੂ ਪਾਤਸ਼ਾਹ ਜੀ ਦੀ ਅਪਾਰ ਬਖਸ਼ਿਸ਼ ਦੇ ਪਾਤਰ ਭਾਈ ਨੰਦ ਲਾਲ ਜੀ ਆਪਣੀ ਰਚਨਾ ਰਹਿਤਨਾਮਿਆਂ ਵਿਚ ਸਪੱਸ਼ਟ ਕਰਦੇ ਹਨ:

ਲੈਣਾ ਦੇਣਾ ਖ਼ਾਲਸੇ, ਆਨ ਦੇਵ ਸਭ ਝੂਠ॥
ਅਉਰ ਦੇਵ ਇਉ ਮਾਨੀਏ, ਜਿਉਂ ਬਾਰੂ ਕੀ ਮੂਠ।

(ਰਹਿਤਨਾਮਾ ਨੰਦ ਲਾਲ ਜੀ)

ਕੁਝ ਵਿਦਵਾਨ 'ਚੰਡੀ ਕੀ ਵਾਰ' ਦੇ ਅਰੰਭਕ ਸ਼ਬਦ 'ਸ੍ਰੀ ਭਗਾਉਤੀ ਜੀ ਸਹਾਇ' ਸ਼ਬਦ ਦੀ ਵਿਆਖਿਆ ਆਪਣੇ ਮਤਿ ਅਨੁਸਾਰ ਕਰਦੇ ਹੋਏ 'ਭਗਉਤੀ' ਨੂੰ ਭਗਵਤੀ ਸ਼ਬਦ ਦਾ ਸੂਚਕ ਆਖਦੇ ਹਨ। ਉਪਰੋਕਤ ਵਾਰ ਵਿਚ ਭਗਉਤੀ ਸ਼ਬਦ ਦੇ ਅਰਥ ਅਕਾਲ ਪੁਰਖ ਹਨ, ਨਾਕਿ 'ਭਗਵਤੀ ਦੇਵੀ'। 'ਚੰਡੀ ਦੀ ਵਾਰ' ਦੀ ਨਿਮਨਲਿਖਤ ਤੁਕ ਤੋਂ ਗੁਰੂ ਪਾਤਸ਼ਾਹ ਦਾ ਨਿਸ਼ਚਾ ਸਪੱਸ਼ਟ ਹੋ ਜਾਂਦਾ ਹੈ:

ਤੈ ਹੀ ਦੁਰਗਾ ਸਾਜਿ ਕੈ ਦੈਤਾਂ ਦਾ ਨਾਸ ਕਰਾਇਆ॥

ਗੁਰੂ ਪਾਤਸ਼ਾਹ ਨੇ ਆਪਣੀ ਰਚਨਾ ਵਿਚ 'ਭਗਉਤੀ' ਸ਼ਬਦ ਅਕਾਲ ਪੁਰਖ ਵਾਸਤੇ ਵਰਤਿਆ ਹੈ, ਕੁਝ ਜਗ੍ਹਾ ਉਪਰ ਇਸ ਸ਼ਬਦ ਦੀ ਵਰਤੋਂ ਕਿਰਪਾਨ (ਸ੍ਰੀ ਸਾਹਿਬ) ਵਾਸਤੇ ਵੀ ਕੀਤੀ ਹੈ, ਨਿਮਨ-ਲਿਖਤ ਰਚਨਾ ਤੋਂ ਸਿੱਧ ਹੈ:

ਲਈ ਭਗਉਤੀ ਦੁਰਗਸਾਹ ਵਰਜਾਗਨ ਭਾਰੀ॥
ਲਾਈ ਰਾਜੇ ਸੁੰਭ ਨੋ ਰਤੁ ਪੀਐ ਪਿਆਰੀ॥

ਅਰਥਾਤ : ਅਕਾਲ ਪੁਰਖ ਦੀ ਰਚਨਾ ਦੁਰਗਾ ਨੇ ਸੁੰਭ ਨਾਮੀ ਦੈਂਤ ਨੂੰ ਆਪਣੀ ਤਲਵਾਰ (ਭਗਉਤੀ) ਨਾਲ ਖਤਮ ਕਰ ਦਿੱਤਾ। ਇਥੇ ਇਹ ਗੱਲ ਵਾਚਣਯੋਗ ਹੈ ਕਿ ਜੇਕਰ ਭਗਉਤੀ ਦਾ ਅਰਥ ਦੇਵੀ ਹੁੰਦਾ ਤਾਂ ਕੀ ਦੁਰਗਾ ਨੇ ਦੇਵੀ ਚੁੱਕ ਕੇ ਸੁੰਭ ਨੂੰ ਮਾਰੀ ?

## ਰਾਮ ਤੀਰਥ ਦੰਡੀ ਸੰਨਿਆਸੀ ਲਿਖਦੇ ਹਨ:

ਅਰਦਾਸ ਵਿਚ ਪ੍ਰਮਾਤਮਾ ਨੂੰ ਭਗਉਤੀ ਨਾਮ ਦਿੱਤਾ ਗਿਆ ਹੈ। ਇਸ ਦੇ ਉਲਟ ਅਰਥ (ਦੇਵੀ ਭਗਵਤੀ) ਕਰਨੇ ਮੂਰਖਤਾ ਹੈ। ਕਿਉਂਕਿ ਆਦਿ ਗੁਰੂ ਗ੍ਰੰਥ ਵਿਚ ਦੁਰਗਾ ਨਾਮ ਵਾਲੀ ਇਸਤਰੀ ਜਾਂ ਦੇਵੀ ਦੀ ਪੂਜਾ ਜਾਂ ਸਿਮਰਨ ਤਾਂ ਕਿਤੇ ਰਿਹਾ, ਕੁਝ ਭੀ ਜ਼ਿਕਰ ਨਹੀਂ।

(ਸਰਵੋਤਮ ਪੰਥ ਖ਼ਾਲਸਾ ਪੰਥ, ਪੰਨਾ ੨੨)

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜਿਨ੍ਹਾਂ ਨੇ ਖ਼ਾਲਸੇ ਨੂੰ ਸਦੀਵੀ ਤੋਰ ਤੇ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਗਾਇਆ, ਕੀ ਉਹ ਗੁਰਮਤਿ ਫ਼ਲਸਫ਼ੇ ਤੋਂ ਬਿਲਕੁਲ ਅਣਜਾਣ ਸਨ ਕਿ ਦੇਵੀ ਪੂਜਾ ਦਾ ਗੁਰਮਤਿ ਵਿਚਾਰਧਾਰਾ ਵਿਚ ਕੀ ਸਥਾਨ ਹੈ? ਗੁਰਮਤਿ ਅਨੁਸਾਰ ਤਾਂ ਦੇਵੀ ਦੇਵਤੇ ਅਕਾਲ ਪੁਰਖ ਦੀ ਸੇਵਾ ਵਿਚ ਹਾਜ਼ਰ ਹਨ।

*ਈਸਰੁ ਬ੍ਰਹਮਾ ਦੇਵੀ ਦੇਵਾ॥ ਇੰਦ੍ਰ ਤਪੇ ਮੁਨਿ ਤੇਰੀ ਸੇਵਾ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੧੦੩੪)

ਅਕਾਲ ਪੁਰਖ ਨੂੰ ਛੱਡ ਕੇ ਉਸਦੀ ਕ੍ਰਿਤ ਕਿਸੇ ਦੇਵੀ ਦੀ ਪੂਜਾ ਕਰਨੀ, ਮਨਮੁੱਖਤਾ ਅਤੇ ਅੰਧ-ਵਿਸ਼ਵਾਸੀਆਂ ਦਾ ਕਰਮ ਹੈ:

*ਠਾਕੁਰੁ ਛੋਡਿ ਦਾਸੀ ਕਉ ਸਿਮਰਹਿ ਮਨਮੁਖ ਅੰਧ ਅਗਿਆਨਾ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੧੧੩੮)

ਦੇਵੀ ਦੇਵਤਿਆਂ ਦੀ ਪੂਜਾ ਨਾਲ ਆਤਮਿਕ ਜਾਂ ਸੰਸਾਰਿਕ ਸੁੱਖ ਦੀ ਪ੍ਰਾਪਤੀ ਨਹੀਂ ਹੋ ਸਕਦੀ ਹੈ:

*ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ॥* (ਸੋਰਿਠ ਮ: ੧, ਪੰਨਾ ੬੩੭)

ਦੇਵੀਆਂ ਪਾਰਬ੍ਰਹਮ ਦੀ ਬੇਅੰਤਤਾ ਨੂੰ, ਭੇਦ ਨੂੰ ਸਮਝਣ ਤੋਂ ਅਸਮਰਥ ਹਨ, ਕਿਉਂਕਿ ਅਕਾਲ ਪੁਰਖ ਸਭ ਤੋਂ ਉਪਰ ਹੈ।

*ਦੇਵੀਆ ਨਹੀ ਜਾਨੈ ਮਰਮ॥ ਸਭ ਊਪਰਿ ਅਲਖ ਪਾਰਬ੍ਰਹਮ॥ ੨॥* (ਮ: ੫, ਪੰਨਾ ੮੯੪)

ਦੁਰਗਾ ਵਰਗੀਆਂ ਕਈ ਦੇਵੀਆਂ ਉਸਦੀ ਸੇਵਾ ਵਿਚ ਹਾਜ਼ਰ ਹਨ:

*ਦੁਰਗਾ ਕੋਟਿ ਜਾ ਕੈ ਮਰਦਨੁ ਕਰੈ॥* (ਪੰਨਾ ੧੧੬੨)

ਉਪਰੋਕਤ ਗੁਰਬਾਣੀ ਪ੍ਰਮਾਣਾਂ ਤੋਂ ਸਿੱਧ ਹੈ ਕਿ ਖ਼ਾਲਸਾ ਜਾਗਤ ਜੋਤਿ ਅਕਾਲ ਪੁਰਖ ਦਾ ਉਪਾਸ਼ਕ ਹੈ। ਗੁਰਦੇਵ ਪਾਤਸ਼ਾਹ ਨੇ ਖ਼ਾਲਸੇ ਨੂੰ ਕਿਸੇ ਦੇਵੀ ਦੇਵਤੇ ਦਾ ਨਹੀਂ, ਵਾਹਿਗੁਰੂ ਦਾ ਉਪਾਸ਼ਕ ਬਣਾਇਆ ਅਤੇ ਗੁਰੂ ਪਾਤਸ਼ਾਹ ਨੇ ਖ਼ਾਲਸਾ ਪ੍ਰਗਟ ਕਰਨ ਸਮੇਂ ਕਿਸੇ ਪ੍ਰਕਾਰ ਦੀ ਕਿਸੇ ਅਖੌਤੀ ਦੇਵੀ ਦੀ ਪੂਜਾ ਪੰਡਤਾਂ ਕੋਲੋਂ ਸੱਦ ਕੇ ਨਹੀਂ ਕਰਵਾਈ।

ਮਹਾਨ ਵਿਦਵਾਨ ਅਤੇ ਗੁਰਬਾਣੀ ਦੇ ਰਸੀਏ ਭਾਈ ਵੀਰ ਸਿੰਘ ਜੀ ਆਪਣੀ ਰਚਨਾ ਦੇਵੀ ਪੂਜਨ ਪੜਤਾਲ ਵਿਚ ਗੁਰੂ ਪਾਤਸ਼ਾਹ ਨੂੰ ਦੇਵੀ ਪੂਜ ਸਿੱਧ ਕਰਨ ਵਾਲੇ ਮਨਮੱਤੀ ਵਿਦਵਾਨਾਂ ਨੂੰ ਕੁਝ ਸਵਾਲ ਕਰਦੇ ਹਨ, ਜਿਨ੍ਹਾ ਵਿਚੋਂ ਕੁਝ ਜ਼ਿਕਰਯੋਗ ਹਨ:

1. ਜੇਕਰ ਗੁਰੂ ਪਾਤਸ਼ਾਹ ਨੇ ਦੇਵੀ ਦੀ ਪ੍ਰਸੰਨਤਾ ਉਪਰੰਤ ਖ਼ਾਲਸਾ ਪ੍ਰਗਟ ਕੀਤਾ ਤਾਂ ਦਸਮ ਗ੍ਰੰਥ ਵਿਚ ਇਸ ਦਾ ਕੋਈ ਜ਼ਿਕਰ ਕਿਉਂ ਨਾ ਕੀਤਾ? ਜਦੋਂ ਕਿ ਹੋਰ ਘਟਨਾਵਾਂ ਦਾ ਜ਼ਿਕਰ ਹੈ।
2. ਦੇਵੀ ਪੂਜਾ ਸਮੇਂ ਹਵਨ ਵਿਚ ਹਿੱਸਾ ਲੈਣ ਆਏ ਬ੍ਰਾਹਮਣਾਂ ਦੇ ਨਾਮ ਕਿਸੇ ਵੀ ਰਚਨਾ

ਵਿਚ ਨਹੀਂ, ਜਦੋਂ ਕਿ ਭੰਗਾਣੀ ਦੇ ਯੁੱਧ ਤੋਂ ਲੈ ਕੇ ਚਮਕੌਰ ਸਾਹਿਬ ਤੱਕ ਦੇ ਸਾਕਿਆਂ ਦਾ ਜ਼ਿਕਰ ਗੁਰੂ ਪਾਤਸ਼ਾਹ ਦੀ ਰਚਨਾ ਵਿਚ ਹੈ, ਇਸ ਦਾ ਕੀ ਕਾਰਨ ਹੈ ?

3. ਰਾਏ ਕੱਲੇ ਦੇ ਵਾਰਸਾਂ, ਅਤੇ ਪੀਰ ਬੁਧੂ ਸ਼ਾਹ ਦੇ ਵੰਸ਼ਜਾਂ ਕੋਲ ਗੁਰੂ ਪਾਤਸ਼ਾਹ ਜੀ ਦੇ ਹੁਕਮਨਾਮੇ ਮੌਜੂਦ ਹਨ ਜਿਹੜੇ ਕਿ ਗੁਰੂ ਪਾਤਸ਼ਾਹ ਦੀ ਅਪਾਰ ਬਖਸ਼ਿਸ਼ ਦੇ ਪਾਤਰ ਸਨ, ਪਰ ਕਿਸੇ ਵੀ ਬ੍ਰਾਹਮਣ ਦੇ ਕੋਲ ਕੋਈ ਅਜਿਹਾ ਹੁਕਮਨਾਮਾ ਨਹੀਂ ਜਿਸ ਦੇ ਪੂਰਵਜਾਂ ਨੂੰ ਗੁਰੂ ਪਾਤਸ਼ਾਹ ਦਾ ਇੰਨਾ ਵੱਡਾ 'ਕਾਰਜ ਰਾਸ' ਕੀਤਾ ਹੋਵੇ ?

ਗੁਰੂ ਗ੍ਰੰਥ ਸਾਹਿਬ ਵਿਚ ਅਨੇਕਾਂ ਵਾਰ ਦੇਵੀ ਜਾਂ ਦੇਵਾ ਸ਼ਬਦ ਦੀ ਵਰਤੋ ਹੋਈ ਹੈ ਪਰੰਤੂ ਗੁਰਮਤਿ ਵਿਚਾਰਧਾਰਾ ਵਿਚ ਇਸ ਦੀ ਪੂਜਾ ਦਾ ਕੋਈ ਵਿਧਾਨ ਨਹੀਂ ਹੈ। ਉਦਾਹਰਨ ਵਜੋਂ :

੧. ਦੇਵੀ ਦੇਵਾ ਮੂਲੁ ਹੈ ਮਾਇਆ॥
ਸਿੰਮ੍ਰਿਤਿ ਸਾਸਤ ਜਿੰਨਿ ਉਪਾਇਆ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੯)

੨. ਮਾਇਆ ਮੋਹੇ ਦੇਵੀ ਸਭਿ ਦੇਵਾ॥
ਕਾਲੁ ਨ ਛੋਡੈ ਬਿਨੁ ਗੁਰ ਕੀ ਸੇਵਾ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੨੭)

੩. ਭਰਮੇ ਸੁਰਿ ਨਰ ਦੇਵੀ ਦੇਵਾ॥ ਭਰਮੇ ਸਿਧ ਸਾਧਿਕ ਬ੍ਰਹਮੇਵਾ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੫੮)

੪. ਮਾਟੀ ਕੇ ਕਰਿ ਦੇਵੀ ਦੇਵਾ ਤਿਸੁ ਆਗੈ ਜੀਉ ਦੇਹੀ॥
ਐਸੇ ਪਿਤਰ ਤੁਮਾਰੇ ਕਹੀਅਹਿ ਆਪਨ ਕਹਿਆ ਨ ਲੇਹੀ॥ ੨॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੩੨)

੫. ਦੇਵੀ ਦੇਵਾ ਪੂਜਹਿ ਡੋਲਹਿ ਪਾਰਬ੍ਰਹਮੁ ਨਹੀ ਜਾਨਾ॥
ਕਹਤ ਕਬੀਰ ਅਕੁਲੁ ਨਹੀ ਚੇਤਿਆ ਬਿਖਿਆ ਸਿਉ ਲਪਟਾਨਾ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੩੨)

੬. ਕੋਟਿ ਇੰਦ੍ਰ ਅਨੇਕ ਦੇਵਾ ਜਪਤ ਸੁਆਮੀ ਜੈ ਜੈ ਕਾਰ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੫੫)

੭. ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ॥
ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ॥ ੬॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੩੭)

੮. ਈਸਰੁ ਬ੍ਰਹਮਾ ਦੇਵੀ ਦੇਵਾ॥ ਇੰਦ੍ਰ ਤਪੇ ਮੁਨਿ ਤੇਰੀ ਸੇਵਾ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੩੪)

੯. ਅਨਿਕ ਸੂਰ ਸਸੀਅਰ ਨਖਿਆਤਿ॥

ਅਨਿਕ ਦੇਵੀ ਦੇਵਾ ਬਹੁ ਭਾਤਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੩੬)

੧੦. ਦੇਵੀਆ ਨਹੀ ਜਾਨੈ ਮਰਮ॥
ਸਭ ਊਪਰਿ ਅਲਖ ਪਾਰਬ੍ਰਹਮ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੯੪)

੧੧. ਕੋਟਿ ਦੇਵੀ ਜਾ ਕਉ ਸੇਵਹਿ ਲਖਿਮੀ ਅਨਿਕ ਭਾਤਿ॥
ਗੁਪਤ ਪ੍ਰਗਟ ਜਾ ਕਉ ਅਰਾਧਹਿ ਪਉਣ ਪਾਣੀ ਦਿਨਸ ਰਾਤਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੫੫)

੧੨. ਜੈ ਕਾਰਣਿ ਸਿਧ ਭਏ ਉਦਾਸੀ ਦੇਵੀ ਮਰਮੁ ਨ ਪਾਇਆ॥ ੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੨੮)

# ਕੀ ਭਾਈ ਹਕੀਕਤ ਸਿੰਘ, ਹਕੀਕਤ ਰਾਏ ਸੀ ?

ਉਰਦੂ ਦੇ ਮਸ਼ਹੂਰ ਸ਼ਾਇਰ ਮੁਹੰਮਦ ਇਕਬਾਲ ਨੇ ਆਪਣੇ ਇਸਲਾਮੀ ਸ਼ਹੀਦ ਹੁਸੈਨ (ਪੁੱਤਰ ਬੀਬੀ ਫ਼ਾਤਿਮਾ) ਦੀ ਬਾਬਤ ਬਹੁਤ ਸੁੰਦਰ ਬਿਆਨ ਕੀਤਾ ਹੈ ਅਤੇ ਇਹ ਦਰਸਾਇਆ ਹੈ ਕਿ ਹਰ ਸ਼ਹੀਦੀ ਕੌਮ ਨੂੰ ਨਵੀਂ ਜ਼ਿੰਦਗੀ ਬਖਸ਼ਿਸ਼ ਕਰਦੀ ਹੈ। ਇਕਬਾਲ ਦਾ ਕਥਨ ਹੈ:

*ਕਤਲਿ ਹੁਸੈਨ ਦਰਅਸਲ ਮਰਗਿ ਯਜੀਦ ਥਾ,*
*ਇਸਲਾਮ ਜ਼ਿੰਦਾ ਹੋਤਾ ਹੈ ਹਰ ਕਰਬਲਾ ਕੇ ਬਾਅਦ।*

ਦਰਅਸਲ ਹਰ ਸ਼ਹੀਦ ਕੌਮ ਨੂੰ ਨਵੀਂ ਜ਼ਿੰਦਗੀ ਬਖਸ਼ਿਸ਼ ਕਰਦਾ ਹੈ, ਸ਼ਹੀਦ ਦੀ ਮੌਤ ਕੌਮ ਦੀ ਅਮਰ ਜ਼ਿੰਦਗੀ ਹੁੰਦੀ ਹੈ। ਕਿਸੇ ਅਦੀਬ ਦਾ ਕਥਨ ਹੈ:

*ਸ਼ਹੀਦ ਕੀ ਜੋ ਮੌਤ ਹੈ, ਵੋ ਕੌਮ ਦੀ ਹਯਾਤ ਹੈ,*
*ਹਯਾਤ ਤੋ ਹਯਾਤ ਹੈ ਯੇ ਮੌਤ ਭੀ ਹਯਾਤ ਹੈ।*

ਗੁਰੂ ਨਾਨਕ ਸਾਹਿਬ ਦੇ ਚਲਾਏ ਪੰਥ ਦੇ ਇਤਿਹਾਸ ਕੋਸ਼ ਵਿੱਚ ਅਨੇਕਾਂ ਹੀ ਵਡਮੁੱਲੇ ਹੀਰੇ ਹਨ ਜਿਨ੍ਹਾਂ ਅਜ਼ੀਮ ਸ਼ਹਾਦਤਾਂ ਦੇ ਕੇ ਕੌਮ ਨੂੰ ਬਹਾਰ ਬਖਸ਼ਿਸ਼ ਕੀਤੀ ਹੈ। ਪਰ ਬਦਕਿਸਮਤੀ ਨਾਲ ਹਿੰਦੂ ਮਿਥਿਹਾਸ ਕੋਸ਼ ਵਿੱਚ ਕੋਈ ਅਜਿਹਾ ਸੂਰਬੀਰ ਨਹੀਂ ਜਿਸਨੇ ਸਬਰ ਸਿਦਕ ਨਾਲ ਸ਼ਹਾਦਤ ਦਾ ਰੁਤਬਾ ਪ੍ਰਵਾਨ ਕੀਤਾ ਹੋਵੇ ਅਤੇ ਸ਼ਾਇਦ ਹਿੰਦੂ ਕੌਮ ਦਾ ਜ਼ਿਆਦਾ ਸਮਾਂ ਗੁਲਾਮ ਰਹਿਣ ਦਾ ਵੀ ਇਹੀ ਕਾਰਣ ਹੈ। ਹਿੰਦੂ ਵਿਦਾਵਾਨਾਂ ਦੀ ਸ਼ੁਰੂ ਤੋਂ ਇਹ ਹੀ ਕੋਸ਼ਿਸ਼ ਰਹੀ ਹੈ ਕਿ ਕਿਸੇ ਤਰ੍ਹਾਂ ਸਿੱਖ ਇਤਿਹਾਸ ਦੇ ਖਜ਼ਾਨੇ ਵਿਚੋਂ ਕੋਈ ਨਾ ਕੋਈ ਅਜਿਹਾ ਹੀਰਾ ਚੁਰਾਇਆ ਜਾਵੇ ਜਿਸਨੂੰ ਹਿੰਦੂ ਦਰਸਾਇਆ ਜਾ ਸਕੇ। ਇਸੇ ਮਜ਼ਹਬੀ ਜਨੂੰਨ ਸਦਕਾ ਹੀ ਬੰਦਾ ਸਿੰਘ ਬਹਾਦਰ ਨੂੰ 'ਬੰਦਾ ਬੈਰਾਗੀ' ਭਾਈ ਮਤੀ ਦਾਸ ਜੀ ਨੂੰ 'ਮਤੀ ਦਾਸ ਸ਼ਰਮਾ' ਅਤੇ ਗੁਰੂ ਤੇਗ ਬਹਾਦਰ ਜੀ ਨੂੰ ਹਿੰਦੂ ਦਰਸਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਇਨ੍ਹਾਂ ਉਪਰੋਕਤ ਕੋਸ਼ਿਸ਼ਾਂ ਤੋਂ ਬਾਅਦ ਇਨ੍ਹਾਂ ਵਿਦਵਾਨਾਂ ਵਲੋਂ ਇਕ ਨਵੀਂ ਕੋਸ਼ਿਸ਼ ਹੋਂਦ ਵਿੱਚ ਆਈ ਹੈ, ਉਹ ਹੈ ਸਿੱਖ ਧਰਮ ਦੇ ਮਹਾਨ ਸ਼ਹੀਦ ਗੁਰੂ ਜੀ ਦੀ ਬਖਸ਼ਿਸ਼ ਦੇ ਪਾਤਰ ਗਲੋਟੀਆਂ ਖ਼ੁਰਦ ਨਿਵਾਸੀ ਭਾਈ ਨੰਦ ਰਾਮ ਜੀ ਦੇ ਪੁੱਤਰ ਭਾਈ ਬਾਘ ਮਲ ਦੇ ਪੁੱਤਰ ਧਰਮੀ ਭਾਈ ਹਕੀਕਤ ਸਿੰਘ ਦੀ ਸ਼ਹੀਦੀ ਨੂੰ ਹਿੰਦੂ ਧਰਮ ਵਾਸਤੇ ਦਿੱਤੀ ਗਈ ਸ਼ਹਾਦਤ ਪ੍ਰਚਾਰਨ। ਕਈ ਫੋਟੋਆਂ ਅਤੇ ਕਿਤਾਬਚੇ ਪ੍ਰਕਾਸ਼ਿਤ ਕੀਤੇ ਜਾ ਰਹੇ ਹਨ ਅਤੇ ਵੰਡੇ ਜਾ ਰਹੇ ਹਨ। ਹਿੰਦੀ ਸਹਿਤ ਸਦਨਾ ਵਲੋਂ ਇਕ ਕਿਤਾਬ ਇਸ ਸੰਬੰਧੀ ਪ੍ਰਕਾਸ਼ਿਤ ਕੀਤੀ ਗਈ ਹੈ ਜਿਸਦਾ ਸਿਰਲੇਖ ਹੈ ''ਧਰਮੀ

ਵੀਰ ਹਕੀਕਤ ਰਾਏ' ਇਕ ਕਿਤਾਬਚਾ ਰਾਸ਼ਟਰੀ ਸਿੱਖ ਸੰਗਤ ਵੱਲੋਂ ਵੀ ਪ੍ਰਕਾਸ਼ਿਤ ਕੀਤਾ ਗਿਆ ਹੈ। 'ਹਿੰਦੀ ਸਹਿਤ ਸਦਨ' ਵਲੋਂ ਪ੍ਰਕਾਸ਼ਿਤ ਕਿਤਾਬਚੇ ਦਾ ਲੇਖਕ 'ਗੁਰੂ ਦੱਤ' ਹੈ ਇਸ ਵਿੱਚ ਭਾਈ ਹਕੀਕਤ ਸਿੰਘ ਨੂੰ ਹਿੰਦੂ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਵਿਚ ਹਕੀਕਤ ਸਿੰਘ ਜੀ ਨੂੰ ਕੱਟੜ ਹਿੰਦੂ ਆਰੀਆ ਸਮਾਜੀ ਅਤੇ ਦੇਵੀ ਪੂਜਕ ਦਰਸਾਇਆ ਗਿਆ ਹੈ। ਇਸ ਨੂੰ ਗਹੁ ਨਾਲ ਵਾਚਿਆ ਜਾਵੇ ਤਾਂ ਲੇਖਕ ਨੇ ਅਜਿਹੇ ਸਾਰੇ ਤੱਥ ਪੇਸ਼ ਕਰਨ ਤੋਂ ਕਿਨਾਰਾਕਸ਼ੀ ਕੀਤੀ ਹੈ ਜੋ ਹਕੀਕਤ ਸਿੰਘ ਦੇ ਪੂਰਨ ਸਿੱਖ ਹੋਣ ਦਾ ਸਬੂਤ ਪੇਸ਼ ਕਰਦੇ ਹਨ। ਇਸ ਪੁਸਤਕ ਦੀ ਅੰਤਿਕਾ ਦੀਆਂ ਸਤਰਾਂ ਹੀ ਲੇਖਕ ਦੇ ਮਜ਼ਹਬੀ ਜਨੂੰਨ ਵਿੱਚ ਲੱਖ-ਪੱਥ ਹੋਣ ਦਾ ਸਬੂਤ ਹਨ, ਜੋ ਇਸ ਤਰ੍ਹਾਂ ਹਨ:

"ਕਿਆ ਆਜ ਦਾ ਨਾਮਰਦ ਹਿੰਦੂ ਨਾਬਾਲਿਗ ਹਕੀਕਤ ਕੀ ਵਹਿਸ਼ਆਨਾ ਹੱਤਿਆ ਸੇ ਕੋਈ ਸਬਕ ਸੀਖੇਗਾ ? ਆਜ ਕਾ ਹਿੰਦੂ ਨਾਮਰਦੀ ਕੀ ਸੀਮਾ ਪਾਰ ਕਰ ਚੁੱਕਾ ਹੈ।"

ਇਸ ਪੁਸਤਕ ਵਿੱਚ ਅਜਿਹੇ ਤੱਥ ਜੋ ਛੁਪਾਏ ਗਏ ਹਨ, ਜੋ ਕਿ ਭਾਈ ਹਕੀਕਤ ਸਿੰਘ ਜੀ ਦੇ ਸਿੱਖ ਹੋਣ ਦਾ ਸਬੂਤ ਹਨ, ਉਹ ਸਿਰਲੇਖਵਾਰ ਇਸ ਤਰ੍ਹਾਂ ਹਨ:

## 1. ਭਾਈ ਹਕੀਕਤ ਸਿੰਘ ਦੇ ਪਰਿਵਾਰਕ ਪਿਛੋਕੜ ਦਾ ਕੋਈ ਜ਼ਿਕਰ ਨਹੀਂ ਹੈ ਅਤੇ ਕਿਤਾਬਚੇ ਦੇ ਟਾਇਟਲ ਤੇ ਕੇਸ ਰਹਿਤ ਹਕੀਕਤ ਸਿੰਘ ਦੀ ਤਸਵੀਰ ਹੈ।

ਸਿੱਖ ਇਤਿਹਾਸ ਦੇ ਕੁਝ ਸਰੋਤ ਦੱਸਦੇ ਹਨ ਕਿ ਪਿੰਡ ਗਲੋਟੀਆ ਖ਼ੁਰਦ ਦੇ ਲੋਕਾਂ ਨੇ ਗੁਰੂ ਨਾਨਕ ਸਾਹਿਬ ਦੇ ਸਮੇਂ ਹੀ ਸਿੱਖ ਧਰਮ ਧਾਰਨ ਕਰ ਲਿਆ ਸੀ ਅਤੇ ਭਾਈ ਹਕੀਕਤ ਸਿੰਘ ਦੇ ਵੱਡੇ ਵਡੇਰੇ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਸਿੱਖ ਧਰਮ ਵਿੱਚ ਆ ਚੁੱਕੇ ਸਨ।

ਇਕ ਸੋਮਾ ਦੱਸਦਾ ਹੈ:

ਇਹ ਪਰਿਵਾਰ ਗੁਰੂ ਅਰਜਨ ਦੇ ਵੇਲੇ ਤੋਂ ਹੀ ਸਿੱਖੀ ਨਾਲ ਜੁੜਿਆ ਹੋਇਆ ਸੀ।

(ਗੁਰੂ ਦੇ ਸ਼ੇਰ, ਪੰਨਾ ੩੩੯)

ਕੁਝ ਸਰੋਤਾਂ ਵਿੱਚ ਜ਼ਿਕਰ ਮਿਲਦਾ ਹੈ ਕਿ:

"ਭਾਈ ਕੀਰਤੀਆ ਜੀ ਦਾ ਜਨਮ ਗਲੋਟੀਆਂ ਖ਼ੁਰਦ (ਜ਼ਿਲ੍ਹਾ ਸਿਆਲਕੋਟ) ਵਿੱਚ ਹੋਇਆ। ਇਹ ਗੁਰੂ ਹਰਿਗੋਬਿੰਦ ਜੀ ਦਾ ਨਿਸ਼ਕਾਮ ਸੇਵਕ ਸੀ। ਇਹ ਕਾਫ਼ੀ ਸਮਾਂ ਗੁਰੂ ਹਰਿ ਰਾਏ ਸਾਹਿਬ ਨਾਲ ਬਤੌਰ ਚੌਰ-ਬਰਦਾਰ ਵੀ ਰਿਹਾ।

ਜਦੋਂ ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ ਕਿਲ੍ਹੇ ਵਿੱਚ ਸਨ, ਤਾਂ ਇਹ ਅਨੇਕਾਂ ਵਾਰ ਗਵਾਲੀਅਰ ਜਾ ਕੇ ਗੁਰੂ ਸਾਹਿਬ ਦੇ ਦਰਸ਼ਨ ਕਰਕੇ ਪ੍ਰਸੰਨ ਹੁੰਦਾ ਸੀ।"

(ਤੇਗਬਨ ਗੁਰੂ ਹਰਿਗੋਬਿੰਦ ਸਾਹਿਬ, ਪੰਨਾ ੯੪)

ਪਰੰਤੂ ਸਿੱਖ ਇਤਿਹਾਸ ਵਿੱਚ ਭਾਈ ਹਕੀਕਤ ਸਿੰਘ ਦੇ ਪਰਿਵਾਰ ਦੀ ਸਿੱਖ ਧਰਮ ਵਿੱਚ

ਆਉਣ ਦੀ ਪ੍ਰਚੱਲਿਤ ਮਾਨਤਾ ਗੁਰੂ ਹਰਿਰਾਇ ਸਾਹਿਬ ਸਮੇਂ ਹੈ ਜੋ ਇਸ ਤਰ੍ਹਾਂ ਹੈ:

ਗੁਰੂ ਹਰਿਰਾਏ ਜੀ ਪ੍ਰਚਾਰਕ ਦੌਰਿਆ ਦੌਰਾਨ ਚੂਹੜਕਾਣੇ, ਕਰਤਾਰਪੁਰ ਤੋਂ ਹੁੰਦੇ ਹੋਏ ਆਪਣੇ ਚੌਰ ਬਰਦਾਰ ਸਿੱਖ ਭਾਈ ਕੀਰਤੀਆ ਦੇ ਪਿੰਡ ਗਲੋਟੀਆਂ ਖ਼ੁਰਦ ਗਏ, ਉਥੋਂ ਦੇ ਵਸਨੀਕ ਭਾਈ ਨੰਦ ਰਾਮ ਪੁਰੀ (ਖੱਤਰੀ) ਨੇ ਗੁਰੂ ਜੀ ਤੋਂ ਆਤਮਿਕ ਉਪਦੇਸ਼ ਦੀ ਮੰਗ ਕੀਤੀ ਤਾਂ ਗੁਰੂ ਜੀ ਨੇ ਉਸਨੂੰ ਅੰਮ੍ਰਿਤਮਈ ਪ੍ਰਵਚਨਾਂ ਸਦਕਾ ਨਿਹਾਲ ਕੀਤਾ। ਭਾਈ ਨੰਦਰਾਮ ਚਰਨ ਪਾਹੁਲ ਲੈ ਕੇ ਸਿੱਖ ਹੋਇਆ ਤਾਂ ਗੁਰੂ ਜੀ ਨੇ ਤਿੰਨ ਨਸੀਹਤਾਂ ਕੀਤੀਆਂ:-

1. ਕੇਸ ਕਤਲ ਨਹੀਂ ਕਰਨੇ।
2. ਤੰਬਾਕੂ ਦਾ ਸੇਵਨ ਨਹੀਂ ਕਰਨਾ।
3. ਟੋਪੀ ਨਹੀਂ ਪਹਿਨਣੀ।

ਇਸ ਤਰ੍ਹਾਂ ਭਾਈ ਨੰਦ ਰਾਮ ਜੀ ਗੁਰ ਚਰਨਾਂ ਦੇ ਸੇਵਕ ਬਣ ਗਏ ਅੰਤੇ ਆਪ ਜੀ ਦੇ ਘਰ ਦੋ ਪੁੱਤਰ ਹੋਏ ਭਾਈ ਬਾਘ ਮੱਲ ਜੀ ਅਤੇ ਦੂਸਰੇ ਭਾਈ ਭਾਗ ਮੱਲ ਜੀ। ਭਾਈ ਬਾਘ ਮੱਲ ਅਤੇ ਭਾਈ ਭਾਗ ਭਾਵੇਂ ਅੰਮ੍ਰਿਤਧਾਰੀ ਨਹੀਂ ਸਨ ਪਰ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਰਧਾਲੂ ਜ਼ਰੂਰ ਸਨ।

ਭਾਈ ਬਾਘ ਮੱਲ ਅਤੇ ਭਾਈ ਭਾਗ ਮੱਲ ਦੀ ਇਕ ਭੈਣ ਭਾਗਵਤੀ ਵੀ ਸੀ ਜੋ ਕਿ ਸ਼ਿਵਰਾਮ ਕਪੂਰ ਨਾਲ ਵਿਆਹੀ ਹੋਈ ਸੀ। ਇਸ ਦਾ ਵਿਸਥਾਰ ਸਹਿਤ ਜ਼ਿਕਰ ਅੱਗੇ ਕਰਾਂਗੇ। ਭਾਈ ਬਾਘ ਮੱਲ ਅਤੇ ਭਾਗ ਮੱਲ ਦੇ ਜਲਾਲਪੁਰ ਜੱਟਾਂ ਦੇ ਨਿਵਾਸੀ ਭਾਈ ਸਭਲੇ ਦੇ ਪੁੱਤਰ ਭਾਈ ਬਖਤ ਮੱਲ ਸੂਰੀ ਨਾਲ ਵਧੀਆ ਸੰਬੰਧ ਸਨ। ਭਾਈ ਸਭਲੇ ਦਾ ਪਰਿਵਾਰ ਵੀ ਗੁਰੂ ਘਰ ਨਾਲ ਜੁੜੇ ਮੁਖੀ ਪਰਿਵਾਰਾਂ ਵਿਚੋਂ ਸੀ। ਭਾਈ ਸਭਲੇ ਬਾਰੇ ਡਾ: ਹਰਜਿੰਦਰ ਸਿੰਘ 'ਦਿਲਗੀਰ' ਲਿਖਦੇ ਹਨ:

"ਭਾਈ ਸਭਲਾ ਜੋ ਜਲਾਲਪੁਰ ਜੱਟਾਂ ਦਾ ਵਸਨੀਕ ਸੀ, ਗੁਰੂ ਹਰਿਰਾਇ ਸਾਹਿਬ ਦੇ ਸਮੇਂ ਮਸੰਦ ਸੀ। 1659-60 ਵਿੱਚ ਗੁਰੂ ਹਰਿਰਾਇ ਸਾਹਿਬ ਇਸ ਪਾਸ ਆਇ ਸਨ ਅਤੇ ਇਸ ਪਰਿਵਾਰ ਨੇ ਚਾਰ ਮਹੀਨੇ ਗੁਰੂ ਸਾਹਿਬ ਦੀ ਸੇਵਾ ਕੀਤੀ ਸੀ। ਭਾਈ ਸਭਲੇ ਦੀ ਸੁਪਤਨੀ ਦਾ ਨਾਮ ਸੋਮਾ ਸੀ"

(ਸਿੱਖ ਇਨਸਾਇਕਲੋਪੀਡੀਆ)

ਭਾਈ ਸਭਲੇ ਦਾ ਪੁੱਤਰ ਭਾਈ ਬਖ਼ਤ ਮੱਲ 'ਸੂਰੀ' ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਸ਼ਰਧਾਲੂ ਸਿੱਖ ਸੀ ਅਤੇ ਕਾਰ-ਭੇਟਾ ਲੈ ਕੇ ਅਨੰਦਪੁਰ ਸਾਹਿਬ ਵਿਖੇ ਹਾਜ਼ਰ ਹੁੰਦਾ ਸੀ। ਪਰਿਵਾਰਕ ਨੇੜਤਾ ਕਰਕੇ ਬਚਪਨ ਵਿੱਚ ਭਾਈ ਬਾਘ ਮੱਲ ਅਤੇ ਭਾਗ ਮੱਲ ਵੀ ਜਲਾਲਪੁਰ ਜੱਟਾਂ ਦੀ ਸੰਗਤ ਨਾਲ ਗੁਰੂ ਦਰਬਾਰ ਜਾਂਦੇ ਰਹੇ। ਭਾਈ ਸਭਲੇ ਤੋਂ ਬਾਅਦ ਭਾਈ ਬਖਤ ਮੱਲ ਸੂਰੀ ਮਸੰਦ ਬਣਿਆ ਅਤੇ ਇਮਾਨਦਾਰੀ ਨਾਲ ਗੁਰੂ ਘਰ ਦੀ ਸੇਵਾ ਕਰਦਾ ਰਿਹਾ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ 1698 ਈ: ਨੂੰ ਸਾਰੇ ਮਸੰਦ ਅਨੰਦਪੁਰ ਸਾਹਿਬ ਸੱਦੇ ਤਾਂ ਭਾਈ ਬਖ਼ਤ ਮੱਲ ਵੀ ਗਏ ਅਤੇ ਇਹਨਾਂ ਨੂੰ ਇਮਾਨਦਾਰ ਅਤੇ ਦਿਆਨਤਦਾਰ ਜਾਣ ਕੇ ਸਿਰੋਪਾਓ ਵੀ ਬਖਸ਼ਿਸ਼ ਕੀਤਾ।

ਭਾਈ ਸਬਲਾ ਜੀ ਦਾ ਬੰਸਾਵਲੀਨਾਮਾ ਇਸ ਪ੍ਰਕਾਰ ਹੈ:

ਭਾਈ ਸਬਲਾ ਜੀ

⇩

ਭਾਈ ਬਖਤ ਮੱਲ ਸੂਰੀ

⇩

ਭਾਈ ਸੂਰਤ ਸਿੰਘ ਸੂਰੀ

⇩

ਬੀਬੀ ਜੈ ਦਈ

ਇਸ ਤਰ੍ਹਾਂ ਜਲਾਲਪੁਰ ਜੱਟਾਂ ਨਿਵਾਸੀ ਭਾਈ ਸਬਲੇ ਦਾ ਪਰਿਵਾਰ ਗੁਰੂ ਘਰ ਨਾਲ ਜੁੜਿਆ ਹੋਇਆ ਸੀ ਅਤੇ ਇਸ ਪਰਿਵਾਰ ਦੇ ਭਾਈ ਹਕੀਕਤ ਸਿੰਘ ਦੇ ਪਰਿਵਾਰ ਨਾਲ ਵੀ ਨੇੜੇ ਦੇ ਸੰਬੰਧ ਸਨ ਜੋ ਬਾਅਦ ਵਿੱਚ ਰਿਸ਼ਤੇਦਾਰੀ ਵਿੱਚ ਬਦਲ ਗਏ, ਜਿਸ ਦਾ ਜ਼ਿਕਰ ਅੱਗੇ ਕਰਾਂਗੇ।

ਜ਼ਕਰੀਆ ਖਾਨ ਸਮੇਂ ਜਦੋਂ ਸਿੱਖਾਂ ਨੂੰ ਨਵਾਬੀ ਦੀ ਭਾਈ ਸੁਬੇਗ ਸਿੰਘ ਰਾਹੀਂ ਪੇਸ਼ਕਸ਼ ਹੋਈ ਅਤੇ ਸਿੱਖਾਂ ਉਪਰ ਜ਼ੁਲਮੋ-ਸਿਤਮ ਦਾ ਕੁਝ ਦੌਰ ਘੱਟ ਹੋਇਆ ਉਸ ਸਮੇਂ ਭਾਈ ਬਾਘ ਮੱਲ ਜੀ ਸਰਕਾਰੀ ਅਹਿਲਕਾਰ ਸਨ ਅਤੇ ਪੂਰਨ ਗੁਰਸਿੱਖ ਤੇ ਕੇਸਾਧਾਰੀ ਸਨ।

ਭਾਈ ਦੀਵਾਨ ਚੰਦ ਪੁੱਤਰ ਅਨੰਤ ਰਾਮ (ਜੋ ਭਾਈ ਨੰਦ ਰਾਮ ਜੀ ਦੀ ਪੰਜਵੀਂ ਪੁਸ਼ਤ ਵਿਚੋਂ ਸਨ) ਨੇ 2 ਜਨਵਰੀ ਸੰਨ 1933 ਦੀ ਲਿਖਤ ਵਿੱਚ ਜ਼ਿਕਰ ਕੀਤਾ ਹੈ ਕਿ ਉਨ੍ਹਾਂ ਦੇ ਬਜ਼ੁਰਗ ਗੁਰੂ ਹਰਿਰਾਇ ਜੀ ਦੇ ਹੁਕਮ ਅਨੁਸਾਰ ਪੂਰਨ ਕੇਸਾਧਾਰੀ ਸਨ। ਉਨ੍ਹਾਂ ਦੇ ਪਰਿਵਾਰ ਵਿਚੋਂ ਕੋਈ ਟੋਪੀ ਨਹੀਂ ਪਹਿਨਦਾ ਸੀ ਅਤੇ ਨਾ ਹੀ ਤੰਮਾਕੂ ਦਾ ਸੇਵਨ ਕਰਦਾ ਸੀ। ਜਦੋਂ ਦੁਰਾਨੀ ਨੇ ਹਮਲਾ ਕੀਤਾ ਤਾਂ ਉਨ੍ਹਾਂ ਦੇ ਬਜ਼ੁਰਗਾਂ ਨੇ ਕੇਸ ਕਤਲ ਨਹੀਂ ਕਰਵਾਏ ਸਗੋਂ ਮੋਢਿਆਂ ਉੱਪਰ ਸੁੱਟੇ ਹੁੰਦੇ ਸਨ। ਭਾਈ ਹਕੀਕਤ ਰਾਏ ਦੀ ਇਕ ਪੁਰਾਤਨ ਤਸਵੀਰ ਵੀ ਇਸਦਾ ਪ੍ਰਗਟਾਵਾ ਕਰਦੀ ਹੈ। ਬਾਘ ਮੱਲ ਜ਼ਕਰੀਆ ਖਾਨ ਸਮੇਂ ਸਰਕਾਰੀ ਅਹਿਲਕਾਰ ਹੁੰਦੇ ਹੋਏ ਵੀ ਖ਼ਾਲਸੇ ਨੂੰ ਖਬਰਾਂ ਅਤੇ ਮਦਦ ਪਹੁੰਚਾਇਆ ਕਰਦੇ ਸਨ ਜਿਸਦਾ ਜ਼ਿਕਰ 'ਤਵਾਰੀਖ ਗੁਰੂ ਖ਼ਾਲਸਾ' ਵਿੱਚ ਮਿਲਦਾ ਹੈ।

## *2. ਭਾਈ ਹਕੀਕਤ ਰਾਏ ਦੇ ਨਾਨਕੇ ਪਰਿਵਾਰ (ਭਾਈ ਬਾਘ ਮੱਲ ਦੇ ਸਹੁਰੇ) ਦਾ ਕੋਈ ਜ਼ਿਕਰ ਨਹੀਂ:-*

ਕਿਤਾਬ ਵਿੱਚ ਭਾਈ ਹਕੀਕਤ ਰਾਏ ਦੇ ਨਾਨਕੇ ਪਰਿਵਾਰ ਦਾ ਕੋਈ ਜ਼ਿਕਰ ਨਹੀਂ, ਕਿਉਂਕਿ ਉਹ ਸਰਵੋਤਮ ਪੂਰਨ ਗੁਰਸਿੱਖ ਘਰਾਣਾ ਸੀ।

ਭਾਈ ਹਕੀਕਤ ਸਿੰਘ ਦੇ ਨਾਨਕੇ ਪਰਿਵਾਰ ਬਾਰੇ ਜਾਣਕਾਰੀ ਵੀ ਖੋਜ ਦੀ ਮੁਥਾਜ ਹੈ। ਸਿੱਖ ਇਤਿਹਾਸ ਨਾਲ ਸੰਬੰਧਤ ਸਰੋਤਾਂ ਵਿੱਚ ਭਾਈ ਅਰਜਨ ਸਿੰਘ ਬਾਰੇ ਤਾਂ ਵਿਸਥਾਰ ਸਹਿਤ ਜਾਣਕਾਰੀ ਮਿਲਦੀ ਹੈ ਜੋ ਕਿ ਭਾਈ ਹਕੀਕਤ ਸਿੰਘ ਜੀ ਦੇ ਮਾਮਾ ਜੀ ਸਨ ਅਤੇ ਉਹਨਾਂ ਨੂੰ ਵੀ ਲਾਹੌਰ ਵਿਖੇ ਸ਼ਹੀਦ ਕੀਤਾ ਗਿਆ ਜਦੋਂ ਉਹ ਭਾਈ ਹਕੀਕਤ ਸਿੰਘ ਦਾ ਪਤਾ ਲੈਣ ਲਾਹੌਰ ਆਏ ਹੋਏ ਸਨ, ਪਰੰਤੂ ਇਕ ਸ੍ਰੋਤ ਭਾਈ ਹਕੀਕਤ ਸਿੰਘ ਜੀ ਦੇ ਨਾਨਕੇ ਪਰਿਵਾਰ ਦਾ ਸੰਬੰਧ

ਭਾਈ ਘਨੱਈਆ ਜੀ ਨਾਲ ਜੋੜਦਾ ਹੈ ਜੋ ਕਿ ਇਸ ਤਰ੍ਹਾਂ ਹੈ:

ਪਿੰਡ ਸੋਧਰੇ ਦੇ ਵਸਨੀਕ ਨੱਥੂਰਾਮ ਦੇ ਘਰ ਬਿਕ੍ਰਮੀ 1705 ਨੂੰ ਬੀਬੀ ਸੁੰਦਰੀ ਦੀ ਕੁੱਖੋਂ ਭਾਈ ਘਨੱਈਆ ਜੀ ਦਾ ਜਨਮ ਹੋਇਆ। ਉਸ ਨੇ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਪਿਤਾ ਦਾ ਕਿੱਤਾ ਅਪਨਾਇਆ (ਆਪ ਦੇ ਪਿਤਾ ਜੀ ਫ਼ੌਜ ਨੂੰ ਰਸਦ ਪਹੁੰਚਾਉਣ ਦੇ ਠੇਕੇਦਾਰ ਸਨ) ਪਰ ਮਨ ਕਿੱਤੇ ਵਿਚ ਨਹੀਂ ਬਲਕਿ ਸੇਵਾ ਵਿੱਚ ਲੱਗਾ ਹੋਇਆ ਸੀ। 1731 ਬਿਕ੍ਰਮੀ ਨੂੰ ਆਪ ਭਾਈ ਨਨੂਆ ਜੀ ਰਾਹੀਂ ਗੁਰੂ ਤੇਗ਼ ਬਹਾਦਰ ਜੀ ਪਾਸ ਅਨੰਦਪੁਰ ਆ ਗਏ। ਗੁਰੂ ਜੀ ਦੀ ਸ਼ਹਾਦਤ ਤੋਂ ਬਾਅਦ ਆਪ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿੱਚ ਰਹੇ ਅਤੇ ਮਨ ਵਿੱਚ ਇੰਨੀ ਸੇਵਾ ਭਾਵਨਾ ਸੀ ਕਿ ਬਿਨਾਂ ਕਿਸੇ ਭਿੰਨ-ਭੇਦ ਦੇ ਜ਼ਖ਼ਮੀਆਂ ਨੂੰ (ਜੋ ਮੈਦਾਨ-ਏ-ਜੰਗ ਵਿੱਚ ਲੜਦੇ ਜ਼ਖ਼ਮੀ ਹੋ ਜਾਂਦੇ ਸਨ) ਪਾਣੀ ਪਿਆਇਆ ਕਰਦੇ ਸਨ। ਇਸ ਸੇਵਾ ਦੇ ਸਦਕਾ ਬਿਕ੍ਰਮੀ 1732 ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਜੀ ਨੂੰ ਦਸਤੀ ਰੁਮਾਲ ਦੇ ਕੇ ਨਿਵਾਜਿਆ। ਗੁਰੂ ਜੀ ਦੇ ਅਨੰਦਪੁਰ ਛੱਡਣ ਤੋਂ ਬਾਅਦ ਆਪ ਪਿੰਡ ਨੂਰਪੁਰ ਬੱਲ ਜਿਲ੍ਹਾ ਸ਼ਾਹਪੁਰ ਆ ਗਏ। ਆਪ ਜੀ ਦੇ ਘਰ ਇੱਕ ਪੁੱਤਰ ਪੈਦਾ ਹੋਇਆ ਜਿਸਦਾ ਨਾਮ ਲੱਛੀ ਰਾਮ ਸਿੰਘ ਸੀ। ਭਾਈ ਲੱਛੀ ਰਾਮ ਸਿੰਘ ਦੇ ਘਰ ਦੋ ਪੁੱਤਰੀਆਂ ਬੀਬੀ ਗੌਰਾਂ ਤੇ ਬੀਬੀ ਕੌਰਾਂ ਦੇ ਅਨੰਦ ਕਾਰਜ ਸਿਆਲਕੋਟ ਵਾਸੀ ਬਾਘ ਮੱਲ ਤੇ ਭਾਗ ਮੱਲ ਨਾਲ ਹੋਏ। ਇਸ ਤਰ੍ਹਾਂ ਭਾਈ ਬਾਘ ਮੱਲ ਦੇ ਘਰ ਬੀਬੀ ਕੌਰਾਂ ਦੀ ਕੁੱਖੋਂ 22 ਸਤੰਬਰ 1716, ਦਿਨ ਸ਼ਨੀਵਾਰ ਨੂੰ ਭਾਈ ਹਕੀਕਤ ਸਿੰਘ ਨੇ ਜਨਮ ਲਿਆ।

ਭਾਈ ਹਕੀਕਤ ਸਿੰਘ ਜੀ ਦੇ ਜਨਮ ਦੀ ਪੱਕੀ ਮਿਤੀ ਦਾ ਪਤਾ ਨਹੀਂ ਲਗਦਾ। ਕੁਝ ਸਰੋਤ 1724 ਈ: ਅਤੇ ਕੁਝ 1725 ਈ: (ਕੱਤਕ ਵਦੀ 12, ਸੰਮਤ 1781) ਦੱਸਦੇ ਹਨ। ਇਕ ਸਰੋਤ ਤਾਂ ਭਾਈ ਹਕੀਕਤ ਸਿੰਘ ਦਾ ਜਨਮ 1716 ਈ: ਵਿੱਚ ਦੱਸਦਾ ਹੈ। 1724 ਈ: ਵਧੇਰੇ ਮੰਨਣਯੋਗ ਨਹੀਂ ਲੱਗਦਾ ਹੈ, ਕਿਉਂਕਿ ਜੇਕਰ ਭਾਈ ਸੂਰਤ ਸਿੰਘ ਜੀ ਸੂਰੀ ਨਾਲ ਰਿਸ਼ਤੇਦਾਰੀ ਦੇ ਪੱਖ ਤੋਂ ਵਿਚਾਰੀਏ ਤਾਂ 1716 ਠੀਕ ਪ੍ਰਤੀਤ ਹੁੰਦੀ ਹੈ। ਪਰ ਫਿਰ ਵੀ ਇਸ ਵਿਸ਼ੇ ਤੇ ਖਾਸ ਖੋਜ ਦੀ ਜ਼ਰੂਰਤ ਹੈ। ਵੈਸੇ ਡੂੰਘੇਰੀ ਘੋਖ ਬਾਅਦ 22 ਸਤੰਬਰ 1716 ਸਹੀਂ ਜਨਮ ਤਾਰੀਖ਼ ਹੈ।

ਜੇਕਰ ਭਾਈ ਘਨੱਈਆ ਜੀ ਵਾਲੀ ਕੜੀ ਨੂੰ ਮੰਨਿਆ ਜਾਵੇ ਤਾਂ ਭਾਈ ਹਕੀਕਤ ਸਿੰਘ ਦਾ ਨਾਨਕੇ ਪੱਖ ਤੋਂ ਬੰਸਾਵਲੀਨਾਮਾ ਇੰਝ ਬਣਦਾ ਹੈ:

ਭਾਈ ਘਨੱਈਆ ਜੀ

⇩

ਭਾਈ ਲੱਛੀ ਰਾਮ ਜੀ

⇩

ਭਾਈ ਅਰਜਨ ਸਿੰਘ — ਬੀਬੀ ਕੌਰਾਂ — ਬੀਬੀ ਗੌਰਾਂ

⇩ (ਬੀਬੀ ਕੌਰਾਂ)

ਹਕੀਕਤ ਸਿੰਘ

### 3. ਭਾਈ ਹਕੀਕਤ ਸਿੰਘ ਦੇ ਸਹੁਰੇ ਪਰਿਵਾਰ ਦਾ ਕੋਈ ਜ਼ਿਕਰ ਨਹੀਂ ਹੈ:-

ਭਾਈ ਹਕੀਕਤ ਸਿੰਘ ਦਾ ਅਨੰਦ ਕਾਰਜ 12 ਸਾਲ ਦੀ ਉਮਰ ਵਿੱਚ ਸ: ਕਿਸ਼ਨ ਸਿੰਘ ਉੱਪਲ ਦੀ ਸਪੁੱਤਰੀ ਬੀਬੀ ਨੰਦ ਕੌਰ (ਕੁਝ ਇਤਿਹਾਸਕਾਰਾਂ ਨੇ ਦੁਰਗੀ ਵੀ ਲਿਖਿਆ ਹੈ ਪਰ ਪ੍ਰਸਿੱਧ ਨਾਮ ਨੰਦੀ ਮਸ਼ਹੂਰ ਸੀ) ਨਾਲ ਹੋਇਆ। ਕਿਸ਼ਨ ਸਿੰਘ ਦੇ ਦੋ ਭਰਾ ਡੱਲ ਸਿੰਘ ਅਤੇ ਮੱਲ ਸਿੰਘ ਸਨ, ਜਿਨ੍ਹਾਂ ਨੇ ਸਰਦਾਰ ਬੁੱਧ ਸਿੰਘ ਬਟਾਲੀਏ ਤੋਂ ਸਿੱਖੀ ਦੀ ਦਾਤ ਲਈ ਸੀ ਤੇ ਤਿੰਨੇ ਭਰਾ ਹੀ ਸਿੰਘ ਸੱਜੇ ਸਨ। ਇਸ ਤਰ੍ਹਾਂ ਬਟਾਲਾ ਨਿਵਾਸੀ ਇਹ ਘਰਾਣਾ ਜੋ ਹਕੀਕਤ ਰਾਏ ਦਾ ਸਹੁਰਾ ਪਰਿਵਾਰ ਸੀ, ਪੂਰਨ ਗੁਰਸਿੱਖ ਸੀ। ਜਿਸ ਦੀ ਗਵਾਹੀ 'ਸਿਦਕ ਖ਼ਾਲਸਾ' (ਰਚਿਤ ਗਿਆਨੀ ਕਰਤਾਰ ਸਿੰਘ) ਨੇ ਭਰੀ ਹੈ :

*ਦੁਰਗੀ ਸਿੱਖਾਂ ਦੀ ਧੀ ਤੇ ਸਿੱਖ ਹੈ ਸੀ, ਸਿੱਖੀ ਸਿਦਕ ਸਿਰ ਨਾਲ ਨਿਭਾਣ ਵਾਲੀ।*
*ਗੁੜ੍ਹਤੀ ਮਾਪਿਆਂ ਤੋਂ ਮਿਲੀ ਜੰਮਦਿਆਂ ਸੀ, ਫੜ ਕਾਇਰਾਂ ਸ਼ੇਰ ਬਨਾਣ ਵਾਲੀ।*

ਸੋ ਗਿਆਨੀ ਕਰਤਾਰ ਸਿੰਘ ਜੀ ਦੀ ਲਿਖਤ ਉਸ ਘਰਾਣੇ ਦੇ ਪੂਰਨ ਗੁਰਸਿੱਖ ਹੋਣ ਦੀ ਗਵਾਹੀ ਭਰਦੀ ਹੈ।

### 4. ਕੀ ਭਾਈ ਹਕੀਕਤ ਸਿੰਘ ਦੇਵੀ ਪੂਜਕ ਸਨ ?

ਕਿਤਾਬ ਦੇ ਲਿਖਾਰੀ ਨੇ ਭਾਈ ਹਕੀਕਤ ਸਿੰਘ ਨੂੰ ਦੇਵੀ ਪੂਜਕ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ 'ਮਦਰੱਸੇ (ਸਕੂਲ) ਵਿਚ ਭਾਈ ਸਾਹਿਬ ਦਾ ਮੁਸਲਮਾਨ ਲੜਕਿਆਂ ਨਾਲ ਝਗੜਾ ਹੋ ਗਿਆ ਅਤੇ ਝਗੜੇ ਦਾ ਕਾਰਨ ਮੁਸਲਮਾਨ ਮੁੰਡਿਆਂ ਵਲੋਂ ਕਾਲੀ ਦੇਵੀ ਨੂੰ ਅਪਸ਼ਬਦ ਬੋਲਣੇ ਸਨ। ਭਾਈ ਹਕੀਕਤ ਸਿੰਘ ਦੇ ਮਨ ਉਪਰ ਬੰਦਾ ਬੈਰਾਗੀ ਤੇ ਮਹਾਰਾਣਾ ਪ੍ਰਤਾਪ ਦਾ ਬਹੁਤ ਅਸਰ ਸੀ।' ਇਹ ਗੱਲ ਬਿਲਕੁਲ ਨਿਰਮੂਲ ਹੈ।

'ਤਵਾਰੀਖ ਗੁਰੂ ਖ਼ਾਲਸਾ' ਅਨੁਸਾਰ ਮੁਸਲਮਾਨ ਲੜਕਿਆਂ ਨੇ ਗੁਰੂ ਅਵਤਾਰਾਂ ਦੀ ਨਿੰਦਾ ਕੀਤੀ ਸੀ, ਜਿਸ ਤੋਂ ਰੋਹ ਵਿਚ ਆ ਕੇ ਭਾਈ ਹਕੀਕਤ ਸਿੰਘ ਨੇ ਝਗੜਾ ਕੀਤਾ ਤੇ ਉਸਤਾਦ ਸੁਲੇਮਾਨ ਨੇ ਇਹ ਮਸਲਾ ਕਾਜ਼ੀ ਅਬੁਲਹੱਕ ਤਕ ਪਹੁੰਚਾ ਦਿੱਤਾ। ਕਾਜ਼ੀ ਨੇ ਉਸ ਸਮੇਂ ਦੇ ਸਿਆਲਕੋਟ ਦੇ ਸ਼ਾਸ਼ਕ ਅਮੀਰਬੇਗ ਪਾਸ ਇਸ ਦੀ ਸ਼ਿਕਾਇਤ ਕੀਤੀ। ਭਾਈ ਹਕੀਕਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਇਹ ਦੋਸ਼ ਲਗਾਇਆ ਗਿਆ ਕਿ ਇਸ ਨੇ ਬੀਬੀ ਫ਼ਾਤਿਮਾ ਬਾਰੇ ਅਪਸ਼ਬਦ ਬੋਲੇ ਹਨ। ਆਪ ਜੀ ਨੂੰ ਲਾਹੌਰ ਜ਼ਕਰੀਆ ਖਾਨ ਪਾਸ ਭੇਜ ਦਿੱਤਾ ਗਿਆ (ਇਹ ਦੋਸ਼ ਹੀ ਭਾਈ ਸ਼ਾਹਬਾਜ਼ ਸਿੰਘ ਉਪਰ ਵੀ ਲਗਾਇਆ ਗਿਆ ਸੀ) ਆਪ ਨੂੰ ਸ਼ਹੀਦ ਕਰਨ ਵਾਸਤੇ ਤਾਂ ਕੇਵਲ ਇਹ ਬਹਾਨਾ ਕਾਫ਼ੀ ਸੀ। ਆਪ ਦੇ ਸੰਬੰਧ ਸਿੱਖ ਘਰਾਣੇ ਨਾਲ ਸੀ, ਕਿਉਂਕਿ ਉਸ ਸਮੇਂ ਸਿੱਖਾਂ ਉਪਰ ਤਸ਼ੱਦਦ ਦਾ ਦੌਰ ਸ਼ੁਰੂ ਹੋ ਚੁੱਕਾ ਸੀ। ਆਪ ਜੀ ਨੇ ਇਸਲਾਮ ਧਰਮ ਨੂੰ ਧਾਰਨ ਨਾ ਕੀਤਾ ਅਤੇ ਸ਼ਹਾਦਤ ਦਿੱਤੀ। ਉਨ੍ਹਾਂ ਦਿਨਾਂ ਵਿਚ ਹੀ ਆਪ ਜੀ ਦਾ ਮਾਮਾ ਭਾਈ ਅਰਜੁਨ ਸਿੰਘ ਆਪ ਦੀ ਗ੍ਰਿਫ਼ਤਾਰੀ ਦੀ ਖ਼ਬਰ ਸੁਣ ਕੇ ਕਿਸੇ ਤਰ੍ਹਾਂ ਲਾਹੌਰ ਪਹੁੰਚਿਆ ਤਾਂ ਉਸ ਨੂੰ ਵੀ

ਫੜ ਕੇ ਸ਼ਹੀਦ ਕਰ ਦਿੱਤਾ ਗਿਆ।

ਆਪ ਜੀ ਦੇ ਮਨ ਨੂੰ ਸਿੱਖੀ ਵਿਚ ਪ੍ਰਪੱਕ ਕਰਨ ਲਈ ਆਪ ਜੀ ਦੀ ਪਤਨੀ ਬੀਬੀ ਨੰਦ ਕੌਰ ਦਾ ਬਹੁਤ ਯੋਗਦਾਨ ਸੀ। 'ਸਿਦਕ ਖ਼ਾਲਸਾ' ਦੇ ਲਿਖਾਰੀ ਅਨੁਸਾਰ :

*ਜਿਸ ਦਿਨ ਤੋਂ ਫੇਰ ਵਿਆਹੀ ਗਈ ਨੇਮ ਆਪਣਾ ਉਹ ਨਿਭਾਂਵਦੀ ਰਹੀ।*
*ਗੁਰਸਿੱਖਾਂ ਦੇ ਨਿੱਤ ਹੀ ਕਾਰਨਾਮੇ ਵਿਚ ਘਰ ਦੇ ਬੈਠ ਸੁਣਾਂਵਦੀ ਰਹੀ।*
*ਸਾਹਿਬਜ਼ਾਦਿਆਂ ਦੀ ਦੱਸ ਗੱਲ ਸਾਰੀ ਜੋਸ਼ ਦਿਲਾਂ ਦੇ ਤਈਂ ਚੜ੍ਹਾਂਵਦੀ ਰਹੀ।*
*ਖਾਸ ਕਰ ਹਕੀਕਤ ਰਾਏ ਤਾਈਂ ਸਿੰਘ ਸਜਨੇ ਵੱਲ ਲਿਆਂਵਦੀ ਰਹੀ।*

(ਸਿਦਕ ਖ਼ਾਲਸਾ, ਪੰਨਾ 243)

ਉਪਰੋਕਤ ਤੱਥ ਇਹ ਸਿੱਧ ਕਰਦੇ ਹਨ ਕਿ ਹਕੀਕਤ ਸਿੰਘ ਪੂਰਨ ਗੁਰਸਿੱਖ ਸੀ। ਇਕ ਹਿੰਦੂ ਕਵੀ ਦੀ ਰਚਨਾ 'ਹਕੀਕਤ ਚਰਿੱਤਰ' ਵੀ ਉਸ ਦੇ ਗੁਰਸਿੱਖ ਹੋਣ ਦੀ ਗਵਾਹੀ ਭਰਦੀ ਹੈ, ਜੋ ਇਸ ਪ੍ਰਕਾਰ ਹੈ:

ਮਿਲੇ ਛੁੱਟੀ ਮਕਤਬ ਸੇ ਜਾਤਾ ਹੈ ਘਰ ਕੋ। ਤੋ ਕਹਤਾ ਹੈ, ਹੇ ਕਲਗੀਧਰ ਤੇਰੀ ਜੈ ਹੋ।

(ਬਿਹਾਰੀ ਲਾਲ ਸ਼ਾਂਤ, 'ਹਕੀਕਤ ਚਰਿੱਤਰ' ਪੰਨਾ 27)

ਜਿਸ ਵੇਲੇ ਆਪ ਜੀ ਨੂੰ ਸ਼ਹੀਦ ਕੀਤਾ ਗਿਆ, ਉਸ ਸਮੇਂ ਦਾ ਜ਼ਿਕਰ ਸਮਕਾਲੀ ਲਿਖਤ 'ਵਾਰ ਹਕੀਕਤ ਰਾਏ' ਅਗਰ ਸਿੰਘ ਸੇਠੀ ਵੱਲੋਂ ਜਿਸ ਤਰ੍ਹਾਂ ਮਿਲਦਾ ਹੈ, ਉਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਭਾਈ ਹਕੀਕਤ ਰਾਏ ਕਿਸੇ ਦੇਵੀ-ਦੇਵਤੇ ਦੇ ਨਹੀਂ ਸਗੋਂ ਅਕਾਲ ਪੁਰਖ ਦੇ ਪੁਜਾਰੀ ਕੇਸਾਧਾਰੀ ਸਿੱਖ ਸਨ:

ਚਾਰ ਘੜੀ ਫਿਰ ਸਤਿਗੁਰ ਸਿਮਰਿਆ
ਸਿਰ ਪਰ ਚੀਰਾ ਧਰਿਆ॥

(ਵਾਰ ਹਕੀਕਤ ਰਾਏ 'ਅਗਰ ਸਿੰਘ ਸੇਠੀ')

ਸੋ ਉਪਰੋਕਤ ਕਥਨਾਂ ਤੋਂ ਸਪੱਸ਼ਟ ਹੈ ਕਿ ਭਾਈ ਹਕੀਕਤ ਸਿੰਘ ਕਿਸੇ ਦੇਵੀ ਦੇਵਤੇ ਦੇ ਨਹੀਂ ਬਲਕਿ ਅਕਾਲ-ਪੁਰਖ ਦੇ ਪੂਰਨ ਕੇਸਾਧਾਰੀ ਉਪਾਸ਼ਕ ਸਨ।

## 5. ਕਿਤਾਬ ਦੇ ਲਿਖਾਰੀ ਅਨੁਸਾਰ ਭਾਈ ਹਕੀਕਤ ਸਿੰਘ ਦੀ ਪਤਨੀ ਸਤੀ ਹੋ ਗਈ :-

'ਤਵਾਰੀਖ ਗੁਰੂ ਖ਼ਾਲਸਾ' 'ਸਿਦਕ ਖ਼ਾਲਸਾ' 'ਮਹਾਨਕੋਸ਼ ਕਾਹਨ ਸਿੰਘ ਨਾਭਾ' 'ਪੰਜਾਬ ਦੀਆਂ ਵਾਰਾਂ ਪ੍ਰੋ: ਗੰਡਾ ਸਿੰਘ' ਅਤੇ 'ਸਿੱਖ ਇਤਿਹਾਸ 2 ਪ੍ਰਿ: ਸਤਿਬੀਰ ਸਿੰਘ' ਅਨੁਸਾਰ ਇਹ ਪਰਿਵਾਰ ਗੁਰਸਿੱਖੀ ਨਾਲ ਸੰਬੰਧਿਤ ਸੀ ਅਤੇ ਗੁਰਸਿੱਖੀ ਅਸੂਲਾਂ ਵਿੱਚ ਪ੍ਰਪੱਕ ਸੀ। ਸਿੱਖ ਧਰਮ ਦੇ ਵਿੱਚ ਸਤੀ ਪ੍ਰਥਾ ਗੁਰੂ ਪਾਤਸ਼ਾਹ ਦੇ ਸਮੇਂ ਤੋਂ ਖ਼ਤਮ ਹੋ ਚੁੱਕੀ ਸੀ। ਗੁਰੂ ਅਮਰਦਾਸ ਪਾਤਸ਼ਾਹ ਦਾ ਫੁਰਮਾਨ ਹੈ:

*ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ੍॥*
*ਨਾਨਕ ਸਤੀਆ ਜਾਣੀਅਨਿ੍ ਜਿ ਬਿਰਹੇ ਚੋਟ ਮਰੰਨਿ੍॥ ੧॥*

(ਮ: ੩ ਵਾਰ ਸੂਹੀ, ਪੰਨਾ ੭੮੭)

ਦੂਸਰੀ ਗੱਲ ਇਹ ਹੈ ਕਿ ਹਕੀਕਤ ਸਿੰਘ ਦਾ ਅੰਤਿਮ ਸਸਕਾਰ ਪੂਰਨ ਗੁਰਮਰਿਆਦਾ ਅਨੁਸਾਰ ਸ਼ਾਹਬਿਲਾਵਲ ਬਾਗ ਲਾਹੌਰ ਦੇ ਪਾਸ ਕੀਤਾ ਗਿਆ। ਸਮਕਾਲੀ ਇਤਿਹਾਸਕਾਰ ਅਗਰ ਸਿੰਘ ਸੇਠੀ ਦੀ ਲਿਖਤ ਇਸਦਾ ਸਬੂਤ ਹੈ:

*ਸ਼ਬਦ ਅਨਾਹਦ ਪੜ੍ਹਨ ਰਬਾਬੀ, ਇੰਦਰ ਛਾਵ ਕਰਾਏ॥*
*ਮ੍ਰਿਦੰਗ ਕੈਸੀਆਂ ਛੈਣੇ ਵੱਜਣ ਸੰਤਾ ਸੰਖ ਵਜਾਏ॥*

(ਵਾਰ ਹਕੀਕਤ ਰਾਏ, ਅਗਰ ਸਿੰਘ ਸੇਠੀ)

ਸੋ ਉਪਰੋਕਤ ਕਥਨ ਸਪੱਸ਼ਟ ਕਰਦੇ ਹਨ ਕਿ ਹਕੀਕਤ ਰਾਏ ਦੇ ਸਸਕਾਰ ਸਮੇਂ ਕੋਈ ਇਸਤਰੀ ਸਤੀ ਨਹੀਂ ਹੋਈ ਸਗੋਂ ਧਰਮ ਪਤਨੀ ਬੀਬੀ ਨੰਦ ਕੌਰ ਨੇ ਆਪਣਾ ਸਾਰਾ ਜੀਵਨ ਬਿਰਹੋਂ ਹੀ ਅੱਗ ਵਿੱਚ ਸੜ ਕੇ ਗੁਜ਼ਾਰਿਆ। ਇਸ ਸਤ ਅਤੇ ਸਿਦਕ ਸਦਕਾ ਹੀ ਬਟਾਲੇ ਵਿੱਚ ਆਪ ਜੀ ਨੂੰ ਕਈ ਨਾਵਾਂ ਨਾਲ ਜਿਵੇਂ ਦੁਰਗੀ, ਸਤਿਆਵਤੀ, ਲਕਸ਼ਮੀ ਨਾਲ ਬੁਲਾਇਆ ਜਾਣ ਲੱਗਾ। ਅੱਜ ਵੀ ਇੱਕ ਦੋ ਸਮਾਰਕ ਆਪ ਜੀ ਦੇ ਨਾਮ ਸਦਕਾ ਪ੍ਰਸਿੱਧ ਹਨ। ਕਾਦੀ ਹੱਟੀ ਕੂਚਾ ਉਪਲਾਂ ਵਿਖੇ ਇੱਕ ਖੂਹੀ ਸੀ ਜਿਸ ਤੋਂ ਆਪ ਪਾਣੀ ਭਰਿਆ ਕਰਦੇ ਸਨ (ਹੁਣ ਇਹ ਪੂਰੀ ਜਾ ਚੁੱਕੀ ਹੈ) ਬੀਬੀ ਨੰਦੀ ਦੀ ਖੂਹੀ ਕਰਕੇ ਪ੍ਰਸਿੱਧ ਸੀ।

## 6. ਧਰਮੀ ਹਕੀਕਤ ਰਾਏ ਦੀ ਸ਼ਹਾਦਤ ਦੇ ਬਦਲੇ ਦਾ ਕੋਈ ਜ਼ਿਕਰ ਨਹੀਂ ਹੈ:-

ਵਿਦਵਾਨ ਵੀਰਾਂ ਨੇ ਭਾਈ ਹਕੀਕਤ ਸਿੰਘ ਨੂੰ ਸਿੱਖਾਂ ਦੇ ਸ਼ਹਾਦਤ ਕੋਸ਼ ਵਿਚੋਂ ਕੱਢਣ ਦੀ ਬਹੁਤ ਕੋਸ਼ਿਸ਼ ਕੀਤੀ। ਪਰੰਤੂ ਕਿਸੇ ਹਿੰਦੂ ਦੀ ਭਾਈ ਹਕੀਕਤ ਸਿੰਘ ਦੀ ਸ਼ਹਾਦਤ ਦਾ ਬਦਲਾ ਲੈਣ ਦੀ ਜੁਅਰਤ ਨਾ ਪਈ ਸਗੋਂ ਬੀਬੀ ਨੰਦ ਕੌਰ (ਧਰਮ ਪਤਨੀ ਹਕੀਕਤ ਰਾਏ) ਦੇ ਚਾਚਿਆਂ ਡੱਲ ਸਿੰਘ ਅਤੇ ਮੱਲਾ ਸਿੰਘ ਨੇ ਕਾਜ਼ੀ ਅਬੁਲ ਹੱਕ ਦਾ ਅਤੇ ਸ਼ਾਸਕ ਅਮੀਰ ਬੇਗ ਦਾ ਸਿਰ ਵੱਢ ਕੇ ਲਿਆਂਦਾ ਅਤੇ ਨੇਜ਼ਿਆਂ ਉਪਰ ਟੰਗ ਕੇ ਸਾਰੇ ਬਟਾਲੇ ਸ਼ਹਿਰ ਵਿੱਚ ਘੁਮਾਇਆ ਅਤੇ ਭਾਈ ਹਕੀਕਤ ਸਿੰਘ ਦੀ ਮੌਤ ਦਾ ਬਦਲਾ ਲਿਆ।

ਭਾਈ ਹਕੀਕਤ ਸਿੰਘ ਨੂੰ 30 ਜਨਵਰੀ, 1742 ਈ: ਨੂੰ ਲਾਹੌਰ ਵਿਖੇ ਸ਼ਹੀਦ ਕੀਤਾ ਗਿਆ। ਉਸ ਸਮੇਂ ਉਹ ਇਕ ਪੁੱਤਰ ਦਾ ਬਾਪ ਸੀ ਜਿਸ ਦਾ ਨਾਮ ਬਿਜੈ ਸਿੰਘ ਸੀ, ਜਿਸ ਦਾ ਵਿਆਹ ਭਾਈ ਸੂਰਤ ਸਿੰਘ 'ਸੂਰੀ' ਦੀ ਸਪੁੱਤਰੀ ਬੀਬੀ ਜੈ ਦਈ ਨਾਲ ਹੋਇਆ।

ਇਹ ਸੂਰਤ ਸਿੰਘ 'ਸੂਰੀ' ਭਾਈ ਸਭਲੇ ਦੇ ਪੋਤਰੇ ਸਨ ਜਿਨ੍ਹਾਂ ਦਾ ਵਿਸਥਾਰ ਸਹਿਤ ਜ਼ਿਕਰ ਪਿਛੇ ਕਰ ਚੁੱਕੇ ਹਾਂ। ਭਾਈ ਸੂਰਤ ਸਿੰਘ ਜੀ 'ਸੂਰੀ' ਵੀ ਭਾਈ ਸ਼ੁਬੇਗ ਸਿੰਘ ਅਤੇ ਭਾਈ ਬਾਘ ਮੱਲ

ਵਾਂਗ ਸਰਕਾਰੀ ਅਹਿਲਕਾਰ ਸਨ ਅਤੇ ਸਿੰਘਾਂ ਦੀ ਹਰ ਹੀਲੇ ਮਦਦ ਕਰਦੇ ਸਨ। ਭਾਈ ਮਨੀ ਸਿੰਘ ਜੀ ਨੇ 1733 ਈ: ਵਿੱਚ ਹਰਿਮੰਦਰ ਵਿਖੇ ਦੀਵਾਲੀ ਦੇ ਸਮੇਂ ਇਕੱਠ ਦੀ ਮਨਜ਼ੂਰੀ ਵੀ ਭਾਈ ਸੂਰਤ ਸਿੰਘ 'ਸੂਰੀ' ਰਾਹੀਂ ਹੀ ਪ੍ਰਾਪਤ ਕੀਤੀ ਸੀ ਅਤੇ ਸਰਕਾਰ ਦੀ ਬੁਰੀ ਨੀਅਤ ਬਾਰੇ ਵੀ ਭਾਈ ਮਨੀ ਸਿੰਘ ਜੀ ਨੂੰ ਸੁਚੇਤ ਕੀਤਾ ਸੀ।

ਭਾਈ ਹਕੀਕਤ ਸ਼ਿੰਘ ਜੀ ਦੀ ਭੂਆ ਭਾਈ ਸ਼ਿਵਰਾਮ ਕਪੂਰ ਨਾਲ ਵਿਆਹੀ ਹੋਈ ਸੀ, ਜਿਸ ਦੀ ਇਕ ਬੇਟੀ ਸਾਹਿਬ ਕੌਰ ਅਤੇ ਬੇਟਾ ਸਾਹਿਬ ਸਿੰਘ ਸੀ। ਬੀਬੀ ਸਾਹਿਬ ਕੌਰ ਦਾ ਵਿਆਹ 20 ਜੂਨ, 1710 ਈ: ਨੂੰ ਬਾਬਾ ਬੰਦਾ ਸਿੰਘ ਬਹਾਦਰ ਨਾਲ ਸਰਹਿੰਦ ਵਿਖੇ ਹੋਇਆ ਸੀ। ਸੋ ਬਾਬਾ ਬੰਦਾ ਸਿੰਘ ਬਹਾਦਰ ਨਾਲ ਭਾਈ ਹਕੀਕਤ ਸਿੰਘ ਦੇ ਪਰਿਵਾਰ ਦੀ ਨਜ਼ਦੀਕੀ ਰਿਸ਼ਤੇਦਾਰੀ ਬਣਦੀ ਹੈ।

ਭਾਈ ਨੰਦਰਾਮ

⇩

ਬਾਘ ਮੱਲ | ਭਾਗ ਮੱਲ | ਭਾਗਵਤੀ ਪਤਨੀ ਸ਼ਿਵਰਾਮ ਕਪੂਰ

⇩ ⇩

ਹਕੀਕਤ ਸਿੰਘ | ਸਾਹਿਬ ਸਿੰਘ

ਸਾਹਿਬ ਕੌਰ (ਪਤਨੀ ਬੰਦਾ ਸਿੰਘ ਬਹਾਦਰ)

⇩

ਬਿਜੈ ਸਿੰਘ | ਰਣਜੀਤ ਸਿੰਘ

ਭਾਈ ਹਕੀਕਤ ਸਿੰਘ ਬਾਰੇ ਡਾ: ਦਿਲਗੀਰ ਲਿਖਦੇ ਹਨ :

**Haqiqat Singh's mausoleum was build in east lahore. It had be abandoned in 1947. In fact that name Haqiqat Rai has been mentioned wrongly as Rai. He was Haqiqat Singh. It was Agra poet who made him Haqiqat Rai.**

ਇਸ ਸਮੇਂ ਦੀ ਪ੍ਰਚੱਲਿਤ ਰਵਾਇਤ ਅਨੁਸਾਰ ਬੀਬੀ ਕੌਰਾਂ ਅਤੇ ਭਾਈ ਬਾਘ ਮੱਲ ਭਾਈ ਹਕੀਕਤ ਸਿੰਘ ਦੀਆਂ ਅਸਥੀਆਂ ਗੰਗਾ ਪ੍ਰਵਾਹ ਕਰਨ ਵਾਸਤੇ ਲੈ ਕੇ ਗਏ। ਅਗਰ ਸਿੰਘ 'ਸੇਠੀ' ਇਸ ਦੀ ਗਵਾਹੀ ਭਰਦਾ ਹੈ :

*ਬਾਘ ਮੱਲ ਨੇ ਮਸਲਤ ਕੀਤੀ ਮਾਤਾ ਕੌਰਾਂ ਭਾਈ॥*
*ਲਈਏ ਫੂਲ ਜੋ ਧਰਮੀ ਦੇ ਚਲੀਏ ਗੰਗਾ ਦੇ ਰਾਹੀਂ॥*

ਭਾਈ ਹਕੀਕਤ ਸਿੰਘ ਸੰਬੰਧੀ ਪੰਡਾ ਵਹੀਆਂ ਵਿੱਚ ਇੰਦਰਾਜ ਦਰਜ ਹੈ :

"ਭਾਈ ਹਕੀਕਤ ਸਿੰਘ ਪੁੱਤਰ ਬਾਘ ਮੱਲ ਪੋਤਰਾ ਨੰਦਰਾਮ ਪੁਰੀ ਖੱਤਰੀ ਲਾਹੌਰ ਮਾਰਿਆ ਗਿਆ।" (ਪਹੇਵੇ ਵਾਲੀ ਪੰਡਾਵਹੀ)

# ਕੀ ਬੰਦਾ ਸਿੰਘ ਬਹਾਦਰ 'ਬੰਦਾ ਬੈਰਾਗੀ ਸੀ' ?

ਆਰ.ਐਸ.ਐਸ. ਦੀ ਅਗਵਾਈ ਹੇਠਲੇ ਹਿੰਦੂ "ਵਿਦਵਾਨਾਂ" ਦਾ ਇਕ ਟੋਲਾ ਅਜਿਹਾ ਹੈ ਜੋ ਸਿੱਖ ਇਤਿਹਾਸ ਨੂੰ ਵਿਗਾੜ ਕੇ ਪੇਸ਼ ਕਰਨਾ ਆਪਣਾ ਮਨ-ਪਸੰਦ ਸ਼ੁਗਲ ਸਮਝਦਾ ਹੈ। ਇਸੇ ਹੀ ਟੋਲੇ ਦੇ ਇਕ ਸੱਜਣ ਨੇ ਬੰਦਾ ਸਿੰਘ ਬਹਾਦਰ ਬਾਰੇ ਬੜੀਆਂ ਮਨਘੜਤ ਗੱਲਾਂ ਲਿਖੀਆਂ ਕਿ ਉਹ ਤਾਂ ਬਹਾਦਰ ਰਾਜਪੂਤ ਸੀ ਤੇ ਹਿੰਦੂਆਂ ਨੂੰ ਨਾਲ ਲੈ ਕੇ ਉਸ ਨੇ "ਆਪਣੇ ਮਿੱਤਰ" ਗੁਰੂ ਗੋਬਿੰਦ ਸਿੰਘ ਜੀ ਦੀ ਬੜੀ ਸਹਾਇਤਾ ਕੀਤੀ......ਆਦਿ ਆਦਿ। ਦੂਜੀਆਂ ਕੌਮਾਂ ਦਾ ਇਤਿਹਾਸ ਵਿਗਾੜ ਕੇ ਪੇਸ਼ ਕਰਨ ਵਾਲਾ ਇਹ ਟੋਲਾ ਤਾਂ ਕੁਤਬ ਮੀਨਾਰ ਦੀ ਨੀਂਹ ਵਿਚ ਇਕ ਹਿੰਦੂ ਮੰਦਰ ਦੇ ਮਲਬੇ 'ਚੋਂ ਲਿਆ ਕੇ ਉਥੇ ਲਾਈ ਗਈ ਇੱਟ ਲੱਭ ਲਵੇ ਤਾਂ ਐਲਾਨ ਕਰ ਦੇਂਦਾ ਹੈ ਕਿ ਕੁਤਬ ਮੀਨਾਰ ਕਿਸੇ ਮੁਸਲਮਾਨ ਨੇ ਨਹੀਂ ਸਗੋਂ ਹਿੰਦੂ ਰਾਜੇ ਨੇ ਬਣਵਾਇਆ ਸੀ। ਨਕਲੀ ਕਹਾਣੀਆਂ ਤੇ ਕਿੱਸੇ ਘੜਨ ਦੀ ਜਾਚ ਬ੍ਰਾਹਮਣ-ਕਾਲ ਤੋਂ ਇਸ ਟੋਲੇ ਨੂੰ ਗੁੜ੍ਹਤੀ ਵਿਚ ਮਿਲੀ ਹੋਈ ਹੈ। ਬੰਦਾ ਸਿੰਘ ਬਹਾਦਰ ਬਾਰੇ ਵੀ ਸਾਰੇ ਸਬੂਤ, ਸਾਰੀ ਇਤਿਹਾਸਕ ਗਵਾਹੀ ਅਤੇ ਸਾਰੇ ਤੱਥ ਕੀ ਦੱਸਦੇ ਹਨ, ਇਸ ਦੀ ਇਨ੍ਹਾਂ ਨੂੰ ਕੋਈ ਪ੍ਰਵਾਹ ਨਹੀਂ। ਹੁਣ ਫਿਰ "ਵੀਰ ਬੰਦਾ ਬੈਰਾਗੀ" ਦੀਆਂ ਫ਼ਰਜ਼ੀ ਤਸਵੀਰਾਂ ਲੱਖਾਂ ਦੀ ਗਿਣਤੀ ਵਿਚ ਵੰਡੀਆਂ ਜਾ ਰਹੀਆਂ ਹਨ। ਸੰਘ ਵਲੋਂ ਪ੍ਰਕਾਸ਼ਿਤ ਮਾਸਿਕ ਪੱਤਰਾਂ ਵਿੱਚ ਕੁਝ ਐਸੀਆਂ ਤਸਵੀਰਾਂ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ ਜਿਨ੍ਹਾਂ ਵਿੱਚ ਅੰਮ੍ਰਿਤ ਦੀ ਦਾਤ ਬਖਸ਼ਿਸ਼ ਕਰਨ ਤੋਂ ਬਿਨਾਂ ਹੀ ਗੁਰੂ ਸਾਹਿਬ ਇਕ ਬੈਰਾਗੀ ਸਾਧੂ ਨੂੰ ਸ਼ਸ਼ਤਰ ਬਖਸ਼ ਰਹੇ ਹਨ।

ਕੁੱਝ ਸਮਾਂ ਪਹਿਲਾਂ ਇਕ ਆਰੀਆ ਸਮਾਜੀ ਲੇਖਕ ਭਾਈ ਪਰਮਾਨੰਦ ਨੇ ਇਕ ਕਿਤਾਬ ਲਿਖੀ ਸੀ ਜਿਸ ਦਾ ਨਾਮ ਸੀ "ਵੀਰ ਬੰਦਾ ਬੈਰਾਗੀ"। ਕਿਤਾਬ ਦੇ ਨਾਮ ਤੇ ਸਹਿਜੇ ਹੀ ਪਤਾ ਲਗਦਾ ਹੈ ਕਿ ਖ਼ਾਲਸੇ ਦੇ ਅਦੁੱਤੀ ਜਰਨੈਲ ਦੇ ਨਾਮ ਨਾਲ ਸਿੰਘ ਨਹੀਂ ਲਗਾਇਆ ਗਿਆ, ਤਾਂਕਿ ਬੰਦਾ ਸਿੰਘ ਨੂੰ ਇਕ ਬੈਰਾਗੀ ਸਾਧੂ ਦਰਸਾ ਕੇ ਹਿੰਦੂ ਸਾਬਤ ਕੀਤਾ ਜਾ ਸਕੇ। ਕਿਤਾਬ ਦੇ ਅੰਦਰ ਵੀ ਇਸ ਲੇਖਕ ਨੇ ਗੁਰੂ ਗੋਬਿੰਦ ਸਿੰਘ ਦੀ ਸਖ਼ਤ ਘਾਲਣਾ ਨੂੰ ਛੁਟਿਆਉਣ ਦੀ ਕੋਸ਼ਿਸ਼ ਕੀਤੀ ਸੀ ਅਤੇ ਇਹ ਸਿੱਧ ਕਰਨ ਦਾ ਬਿਆਨ ਕੀਤਾ ਕਿ ਗੁਰੂ ਗੋਬਿੰਦ ਸਿੰਘ ਮਹਾਰਾਜ ਆਪਣੇ ਮਿਸ਼ਨ ਵਿਚ ਨਾਕਾਮਯਾਬ ਹੋ ਗਏ ਸਨ, ਪਰ ਇਕ ਹਿੰਦੂ ਬੈਰਾਗੀ ਨੇ ਉਨ੍ਹਾਂ ਦੇ ਮਿਸ਼ਨ ਨੂੰ ਸਿਰੇ ਚੜ੍ਹਾਇਆ ਅਤੇ ਇਸ ਹਿੰਦੂ ਬੈਰਾਗੀ ਨੇ ਹੀ ਗੁਰੂ ਜੀ ਦੇ ਬੱਚਿਆਂ ਦਾ, ਅਤੇ ਮੁਗ਼ਲ ਹਕੂਮਤ ਵਲੋਂ ਸਿੱਖਾਂ ਉਪਰ ਕੀਤੀਆਂ ਵਧੀਕੀਆਂ ਦਾ ਬਦਲਾ ਲਿਆ। ਉਸ ਨੇ ਇਹ ਵੀ ਲਿਖਿਆ ਕਿ ਇਸ ਹਿੰਦੂ ਬੈਰਾਗੀ ਸਦਕਾ ਹੀ ਪੰਜਾਬ ਵਿਚ ਸਿੱਖ ਰਾਜ ਕਾਇਮ ਹੋ ਸਕਿਆ। ਇਸ ਕਿਤਾਬ ਵਿਚ

ਬੰਦਾ ਸਿੰਘ ਬਹਾਦਰ ਨੂੰ ਇਕ ਬੈਰਾਗੀ ਸਾਧੂ ਅਤੇ ਹਿੰਦੂ ਧਰਮ ਦਾ ਰਖਿਅਕ ਦਰਸਾਇਆ ਗਿਆ ਹੈ। ਇਸੇ ਸੋਚ ਅਧੀਨ ਅੱਜ ਵੀ ਇਕ ਸੋਚੀ ਸਮਝੀ ਸਾਜ਼ਿਸ਼ ਦੇ ਅਧੀਨ, ਹਿੰਦੁਸਤਾਨ ਦੇ ਕਈ ਸ਼ਹਿਰਾਂ ਵਿਚ ਬੰਦਾ ਸਿੰਘ ਬਹਾਦਰ ਦੇ ਹਿੰਦੂ ਸਰੂਪ ਦੀਆਂ ਫ਼ਰਜ਼ੀ ਤਸਵੀਰਾਂ ਲੱਖਾਂ ਦੀ ਗਿਣਤੀ ਵਿਚ ਵੰਡੀਆਂ ਗਈਆਂ ਹਨ ਜਿਨ੍ਹਾਂ ਵਿਚ ਉਸ ਨੂੰ ਹਿੰਦੂ ਵਿਖਾਇਆ ਗਿਆ ਹੈ, ਸਿਰ ਤੇ ਟੋਪੀ ਪਹਿਣੀ ਹੋਈ ਹੈ, ਟੋਪੀ ਉਪਰ ਤ੍ਰਿਸ਼ੂਲ ਦਾ ਨਿਸ਼ਾਨ ਹੈ ਤੇ ਨੇੜੇ ਹਿੰਦੂ ਧਰਮ ਦਾ ਝੰਡਾ ਗੱਡਿਆ ਹੋਇਆ ਹੈ। ਗਾਤਰੇ ਵਾਲੀ ਕਿਰਪਾਨ ਧਾਰਨ ਨਹੀਂ ਕੀਤੀ ਹੋਈ। ਬਸਤਰਾਂ ਉਪਰ ਪਹਿਣੀ ਹੋਈ ਜੈਕਟ ਉਪਰ "ਓਮ" ਲਿਖਿਆ ਹੋਇਆ ਹੈ। ਤਸਵੀਰ ਉਪਰ ਲਿਖਿਆ ਹੋਇਆ ਹੈ, "ਵੀਰ ਬੰਦਾ ਬੈਰਾਗੀ' ਤੇ ਹੇਠਾਂ ਲਿਖਿਆ ਹੋਇਆ ਹੈ, "ਹਿੰਦੂ ਧਰਮ ਦਾ ਰਖਿਅਕ"। ਇਹ ਸੱਭ ਕੁਝ ਇਕ ਸੋਚੀ ਸਮਝੀ ਸਾਜ਼ਿਸ਼ ਅਧੀਨ ਇਹ ਫ਼ਿਰਕੂ ਲੋਕ ਸਾਡੇ ਗੌਰਵਮਈ ਇਤਿਹਾਸ ਨੂੰ ਹਿੰਦੂ ਇਤਿਹਾਸ ਦਾ ਅੰਗ ਦਰਸਾਉਣ ਦੀ ਕੋਸ਼ਿਸ਼ ਕਰਦੇ ਹਨ, ਜਿਵੇਂ ਕਿ ਡਾਕਟਰ ਮਹਾਂਵੀਰ ਨੇ ਆਪਣੇ ਲੇਖ ਵਿਚ ਗੁਰੂ ਤੇਗ ਬਹਾਦਰ ਸਾਹਿਬ ਨੂੰ ਹਿੰਦੂ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ।

ਅੱਗੇ ਜਾ ਕੇ ਭਾਈ ਪਰਮਾਨੰਦ ਲਿਖਦਾ ਹੈ ਕਿ ਬੰਦਾ ਬੈਰਾਗੀ ਨੇ ਗੁਰੂ ਗੋਬਿੰਦ ਸਿੰਘ ਦੀ ਮਦਦ ਇਕ ਦੋਸਤ ਹੋਣ ਦੀ ਹੈਸੀਅਤ ਵਿਚ ਕੀਤੀ ਸੀ ਅਤੇ ਬੰਦਾ ਬੈਰਾਗੀ ਦੇ ਸਾਰੇ ਜਰਨੈਲ ਹਿੰਦੂ ਸਨ। ਉਸ ਕੋਲ ਰਾਜਪੂਤ ਯੋਧਿਆਂ ਦੀ ਇਕ ਵੱਡੀ ਫ਼ੌਜ ਸੀ ਅਤੇ ਬੈਰਾਗੀ ਨੇ ਹਿੰਦੂ ਫ਼ੌਜਾਂ ਦੀ ਮਦਦ ਸਦਕਾ ਹੀ ਗੁਰੂ ਗੋਬਿੰਦ ਸਿੰਘ ਦਾ ਬਦਲਾ ਲਿਆ ਸੀ। ਅੱਗੇ ਜਾ ਕੇ ਭਾਈ ਪਰਮਾਨੰਦ ਜੀ ਲਿਖਦੇ ਹਨ ਕਿ ਬੰਦੇ ਨੇ ਆਪਣੀ ਰਾਜਪੂਤ ਫ਼ੌਜ ਦੀ ਮਦਦ ਸਦਕਾ ਕਈ ਘਮਸਾਨ ਦੇ ਯੁੱਧ ਜਿੱਤੇ।

ਕਿੰਨੀ ਅਜੀਬ ਗੱਲ ਹੈ ਕਿ ਬੰਦਾ ਬੈਰਾਗੀ ਹਿੰਦੂਆਂ ਦੀ ਫ਼ੌਜ ਨਾਲ ਲੈ ਕੇ ਲੜ ਰਿਹਾ ਹੈ, ਖ਼ਾਲਸੇ ਦੇ ਹੱਕ ਵਾਸਤੇ ! ਪਰਮਾਨੰਦ ਨੇ ਇਸ ਕਿਤਾਬ ਵਿਚ ਬੰਦੇ ਦੇ ਅੰਮ੍ਰਿਤ ਛਕਣ ਦੀ ਗੱਲ ਵੀ ਛੁਪਾ ਹੀ ਦਿਤੀ ਹੈ। ਬੰਦਾ ਬਹਾਦਰ ਦੇ ਪਰਵਾਰ ਦਾ ਬਿਲਕੁਲ ਕੋਈ ਜ਼ਿਕਰ ਤਕ ਨਹੀਂ ਕੀਤਾ। ਹੋਰ ਵੀ ਕਈ ਗ਼ਲਤ ਗੱਲਾਂ ਲਿਖੀਆਂ ਹਨ। ਕਾਫੀ ਸਮਾਂ ਪਹਿਲਾਂ ਗਿਆਨੀ ਕਰਤਾਰ ਸਿੰਘ ਕਲਾਸਵਾਲੀਆ ਨੇ ਕਾਵਿ-ਰੂਪ ਵਿਚ ਗ੍ਰੰਥ ਲਿਖਿਆ ਸੀ ਜਿਸ ਦਾ ਨਾਮ ਸੀ "ਬੰਦਾ ਬਹਾਦਰ"। ਉਨ੍ਹਾਂ ਵੀ ਉਸ ਵਿਚ "ਸਿੰਘ" ਸ਼ਬਦ ਨਾਮ ਨਾਲ ਨਹੀਂ ਸੀ ਲਗਾਇਆ। ਉਸ ਸਮੇਂ ਕਿਤਾਬ "ਬੰਦਾ ਬਹਾਦਰ' ਅਤੇ "ਪੰਥ ਪ੍ਰਕਾਸ਼" ਵਿਚੋਂ ਕੁੱਝ ਅੰਸ਼ ਲੈ ਕੇ ਭਾਈ ਪਰਮਾਨੰਦ ਨੇ "ਬੰਦਾ ਬੈਰਾਗੀ" ਕਿਤਾਬ ਲਿਖ ਦਿੱਤੀ। ਜਦੋਂ ਗਿਆਨੀ ਕਰਤਾਰ ਸਿੰਘ ਨੂੰ ਇਸ ਗੱਲ ਦਾ ਅਹਿਸਾਸ ਹੋਇਆ ਤਾਂ ਉਨ੍ਹਾਂ ਨੇ ਆਪਣੀ ਗ਼ਲਤੀ ਦਾ ਅਹਿਸਾਸ ਕਰਨ ਵਾਸਤੇ ਥੋੜੇ ਸਮੇਂ ਵਿਚ ਇਕ ਹੋਰ ਕਿਤਾਬ ਲਿਖੀ ਜਿਸ ਦਾ ਨਾਮ ਸੀ "ਨਿਰਭੈ ਯੋਧਾ ਬੰਦਾ ਸਿੰਘ ਬਹਾਦਰ"। ਇਸ ਕਿਤਾਬ ਵਿਚ ਉਨ੍ਹਾਂ ਨੇ ਆਪਣੀ ਗ਼ਲਤੀ ਦਾ ਇਕਬਾਲ ਵੀ ਕੀਤਾ ਅਤੇ ਭਾਈ ਪਰਮਾਨੰਦ ਦੇ ਮਹਾਂਪਾਪ ਦਾ ਜ਼ਿਕਰ ਵੀ। ਪੰਨਾ 224 ਉਪਰ ਆਪ ਲਿਖਦੇ ਹਨ :

ਕਈ ਹਿੰਦੂਆਂ ਅਤੇ ਕਈ ਮੁਸਲਮਾਨਾਂ, ਬਹਾਦਰੀ ਦੇ ਗੀਤ ਗਾਇ ਨੇ ਜੀ।
ਅੰਗ੍ਰੇਜ਼ਾਂ ਨੇ ਵੀ ਕੁਝ ਲਿਖਿਆ ਹੈ, ਉਸ ਤੇ ਪਰਮੇ* ਨੇ ਪੂਰਨੇ ਪਾਇ ਨੇ ਜੀ।

(*ਪਰਮਾਨੰਦ)

ਇਸ ਤੋਂ ਅੱਗੇ ਗਿ: ਕਰਤਾਰ ਸਿੰਘ ਪੰਨਾ 229 ਉਪਰ (ਮੇਰੀ ਗ਼ਲਤੀ) ਸਿਰਲੇਖ ਹੇਠ ਲਿਖਦੇ ਹਨ, "ਮੈਂ ਵੀ ਪਹਿਲੀ ਕਿਤਾਬ ਵਿਚ ਇਕ ਗ਼ਲਤੀ ਕਰ ਬੈਠਾ ਸੀ ਕਿਉਂਕਿ ਮੈਂ ਬੰਦਾ ਸਿੰਘ ਦੀ ਅੰਮ੍ਰਿਤ ਛਕਣ ਦੀ ਗੱਲ ਛੁਪਾ ਦਿੱਤੀ ਸੀ, ਤਾਂ ਹੀ ਭਾਈ ਪਰਮਾਨੰਦ ਨੂੰ ਇਹ ਗੱਲ ਲਿਖਣ ਦਾ ਹੌਸਲਾ ਪਿਆ।" ਆਪ ਅੱਗੇ ਲਿਖਦੇ ਹਨ:

*ਮੈਂ ਭੀ ਇਸੇ ਖ਼ਿਆਲ ਨੂੰ ਲੈ ਪਹਿਲਾਂ,*
*ਉਸੇ ਰਸਤੇ ਕਲਮ ਚਲਾਈ ਸੀ ਜੀ।*
*ਹਰ ਥਾਂ ਲਿਖ ਕੇ ਸਿੱਖ ਗੁਰੂ ਜੀ ਦਾ,*
*ਅੰਮ੍ਰਿਤ ਛਕਣ ਦੀ ਗੱਲ ਛੁਪਾਈ ਸੀ ਜੀ।*

ਅੱਗੇ ਜਾ ਕੇ ਲਿਖਦੇ ਹਨ:

*ਏਸ ਰਮਜ਼ ਨੂੰ ਲੈ ਇਤਿਹਾਸਕਾਰਾਂ,*
*ਏਸ ਗੱਲ ਉੱਤੇ ਜ਼ੋਰ ਪਾਇ ਦਿੱਤਾ।*
*ਅੰਮ੍ਰਿਤ ਛਕਣਾ ਜ਼ਾਹਿਰ ਨਾ ਕਿਤੇ ਕੀਤਾ,*
*ਚੁੱਕ ਸਿੱਖੀਉਂ ਥੱਲੇ ਗਿਰਾਇ ਦਿੱਤਾ।*

ਆਪ ਜੀ ਦੀ ਪਹਿਲੀ ਲਿਖੀ ਪੁਸਤਕ ਵਿਚ ਬੰਦਾ ਬਹਾਦਰ ਬਾਰੇ ਕਾਫ਼ੀ ਗ਼ਲਤ ਜਾਣਕਾਰੀ ਦਿੱਤੀ ਗਈ ਸੀ ਤੇ "ਪੰਥ ਪ੍ਰਕਾਸ਼" ਵਾਂਗ ਤੱਤ ਖ਼ਾਲਸੇ ਤੇ ਬੰਦਈ ਖ਼ਾਲਸੇ ਦਾ ਝਗੜਾ ਵੀ ਕਾਫ਼ੀ ਵਧਾ ਚੜ੍ਹਾ ਕੇ ਲਿਖਿਆ ਸੀ। ਅੱਗੇ ਜਾ ਕੇ ਆਪ ਨੇ ਭਾਈ ਪਰਮਾਨੰਦ ਦੇ ਕੁਫ਼ਰ ਦਾ ਜ਼ਿਕਰ ਕੀਤਾ ਹੈ ਪੰਨਾ 230 ਉਪਰ:

*ਇਕ ਚਾਤੁਰ ਨੇ ਕਰ ਕੇ ਚਾਤਰੀ ਜੀ, ਗ੍ਰੰਥ "ਬੀਰ ਬੈਰਾਗੀ" ਬਨਾਇ ਦਿਤਾ।*
*ਕਰ ਈਰਖਾ ਕਲਮ ਦੇ ਰਾਹ ਚੰਗੀ, ਅਸਲੀਅਤ ਦੇ ਤਾਈਂ ਛੁਪਾਇ ਦਿੱਤਾ।*
*ਮਾਧੋ ਦਾਸ ਬੈਰਾਗੀ ਨੇ ਗੁਰੂ ਜੀ ਦੀ, ਕੀਤੀ ਮਦਦ, ਵਿਚ ਲਿਖਾਇ ਦਿਤਾ।*
*ਬੰਦੇ ਨਾਲ ਜੰਗਾਂ ਵਿਚ ਹਿੰਦੂ ਹੀ ਸਨ, ਕੀਤਾ ਸਿੰਘਾਂ ਦਾ ਸਭ ਰੁੜ੍ਹਾਇ ਦਿਤਾ।*
*"ਬੰਦਾ" ਸਿੰਘ ਨਹੀਂ ਸੀ, ਵਾਕਿਫ ਗੁਰਾਂ ਦਾ ਸੀ, ਹੋਰ ਊਟ ਪਟਾਂਗ ਸੁਨਾਇ ਦਿੱਤਾ।*
*ਗਿਆਨ ਸਿੰਘ ਦਾ "ਪੰਥ ਪ੍ਰਕਾਸ਼" ਫੜ ਕੇ, ਮੇਰਾ 'ਬੰਦਾ' ਗਵਾਹਿ ਠਹਿਰਾਇ ਦਿਤਾ।*

(ਪਰਮਾਨੰਦ, ਕਿਤਾਬ "ਬੰਦਾ ਬਹਾਦਰ")

ਇਸ ਤਰ੍ਹਾਂ ਗਿਆਨੀ ਕਰਤਾਰ ਸਿੰਘ ਲਿਖਦੇ ਹਨ ਕਿ "ਪੰਥ ਪ੍ਰਕਾਸ਼" ਵਿਚ ਹੋਈਆਂ ਗ਼ਲਤੀਆਂ ਕਰ ਕੇ ਅਤੇ ਕੁੱਝ ਉਨ੍ਹਾਂ ਦੀ ਪਹਿਲੀ ਲਿਖਤ ਦੀਆਂ ਭੁੱਲਾਂ ਨੂੰ ਅਧਾਰ ਬਣਾ ਕੇ ਪਰਮਾਨੰਦ ਨੇ ਅਪਣੀ ਕਿਤਾਬ ਵਿਚ ਬੰਦਾ ਬਹਾਦਰ ਨੂੰ ਹਿੰਦੂ ਬੈਰਾਗੀ ਸਾਬਤ ਕਰਨ ਦੀ ਕੋਸ਼ਿਸ਼ ਕੀਤੀ। ਅੱਗੇ ਜਾ ਕੇ ਗਿਆਨੀ ਕਰਤਾਰ ਸਿੰਘ ਜੀ (ਪੰਨਾ 231) ਉਪਰ ਲਿਖਦੇ ਹਨ:

*ਕਰਤਾ "ਬੀਰ ਬੈਰਾਗੀ" ਦਾ ਆਖਦਾ ਹੈ,*
*ਬੰਦੇ ਨਾਲ ਹਿੰਦੂ ਫ਼ੌਜਦਾਰ ਹੈਸਨ।*

ਪਰਮਾਨੰਦ ਨੇ ਇਹ ਤਾਂ ਲਿਖਿਆ ਹੈ ਕਿ ਬੰਦੇ ਬੈਰਾਗੀ ਨਾਲ ਹਿੰਦੂ ਰਾਜੇ ਅਤੇ ਰਾਜਪੂਤ ਮਦਦਗਾਰ ਸਨ ਪਰ ਉਨ੍ਹਾਂ ਦੇ ਨਾਵਾਂ ਦਾ ਜ਼ਿਕਰ ਨਹੀਂ ਕੀਤਾ, ਜਦੋਂ ਕਿ ਬੰਦਾ ਸਿੰਘ ਦੇ ਨਾਲ ਜਿਨ੍ਹਾਂ ਮਦਦਗਾਰਾਂ ਦਾ ਜ਼ਿਕਰ ਇਤਿਹਾਸ ਵਿਚ ਆਉਂਦਾ ਹੈ ਉਹ ਸਾਰੇ ਸਿੰਘ ਸਨ। ਅੱਗੇ ਜਾ ਕੇ ਗਿਆਨੀ ਕਰਤਾਰ ਸਿੰਘ ਪਰਮਾਨੰਦ ਦੀ ਕਿਤਾਬ ਦਾ ਹਵਾਲਾ ਦਿੰਦੇ ਹੋਏ ਲਿਖਦੇ ਹਨ:

ਪਰਮਾਨੰਦ ਜੀ ਲਿਖਦੇ ਨਾਲ ਬੰਦੇ,
ਰਲ ਕੇ ਹਿੰਦੂਆਂ ਨੇ ਘਮਸਾਨ ਕੀਤੇ।
ਹਰ ਥਾਂ ਹਿੰਦੂ ਰਹੇ ਨਾਲ ਬੰਦੇ,
ਵੈਰੀ ਮਾਰ ਕੇ ਬਹੁਤ ਵੈਰਾਨ ਕੀਤੇ।

ਅੱਗੇ ਜਾ ਕੇ ਗਿਆਨੀ ਕਰਤਾਰ ਸਿੰਘ ਨੇ ਪਰਮਾਨੰਦ ਦੀ ਲਿਖਤ ਉਤੇ ਕਈ ਸ਼ੰਕੇ ਜ਼ਾਹਰ ਕੀਤੇ ਹਨ ਜੋ ਹੇਠ ਲਿਖੇ ਅਨੁਸਾਰ ਹਨ:

1. ਜੇ ਬੰਦਾ ਸਿੰਘ ਕੇਵਲ ਗੁਰੂ ਦਾ ਵਾਕਫ਼ ਹੀ ਸੀ ਤੇ ਸਿੰਘ ਨਹੀ ਸੀ ਤਾਂ ਫਿਰ ਉਸ ਨੂੰ ਮਾਧੋ ਦਾਸ ਤੋਂ ਬੰਦਾ ਸਿੰਘ ਕਿਸ ਨੇ ਬਣਾਇਆ ਸੀ ?
2. ਜੇ ਹਿੰਦੂਆਂ ਅਤੇ ਰਾਜਪੂਤਾਂ ਨੇ ਹੀ ਉਸ ਦੀ ਮਦਦ ਕੀਤੀ ਸੀ ਤਾਂ ਉਸ ਨੇ ਪੰਜਾਬ ਵਲੋ ਹੀ ਕਿਉਂ ਕੂਚ ਕੀਤਾ, ਕਾਸ਼ੀ ਜਾਂ ਮਥਰਾ ਜਾ ਕੇ ਮੁਗ਼ਲਾਂ ਦੀਆਂ ਵਧੀਕੀਆਂ ਦਾ ਬਦਲਾ ਕਿਉਂ ਨਾ ਲਿਆ ?
3. ਜੇ ਹਿੰਦੂ ਰਾਜਿਆਂ ਤੇ ਰਾਜਪੂਤਾਂ ਹੀ ਉਸ ਦੀ ਮਦਦ ਕੀਤੀ ਤਾਂ ਉਨ੍ਹਾਂ ਵਿਚੋਂ ਕਿਸੇ ਦਾ ਨਾਮ ਇਤਿਹਾਸ ਵਿਚ ਕਿਉ ਨਹੀਂ ਹੈ ?
4. ਜੇ ਉਸ ਨੇ ਹਿੰਦੂ ਯੋਧਿਆਂ ਸਦਕਾ ਹੀ ਘਮਸਾਨ ਦੇ ਯੁੱਧ ਕੀਤੇ ਤਾਂ ਉਸ ਨੇ ਸਰਹਿੰਦ, ਸਢੌਰੇ ਅਤੇ ਸਮਾਣੇ ਦੇ ਫੌਜਦਾਰ ਹਿੰਦੂ ਕਿਉਂ ਨਾ ਥਾਪੇ ?
5. ਜੇਕਰ ਉਹ ਹਿੰਦੂ ਸੀ ਤਾਂ ਉਸ ਦੀ ਵਜ਼ੀਰਾਬਾਦ ਵਿਚਲੀ ਬੰਸਾਵਲੀ ਵਿਚ ਸਾਰਿਆਂ ਦੇ ਨਾਮ ਨਾਲ "ਸਿੰਘ" ਕਿਉਂ ਲਗਦਾ ਹੈ ?

(ਦੇਖੋ "ਮਹਾਨਕੋਸ਼", ਪੰਨਾ ੬੯੪)

ਬੰਦਾ ਸਿੰਘ, ਰਣਜੀਤ ਸਿੰਘ, ਜ਼ੋਰਾਵਰ ਸਿੰਘ, ਅਰਜਨ ਸਿੰਘ, ਖੜਕ ਸਿੰਘ, ਦਿਆ ਸਿੰਘ, ਅਤਰ ਸਿੰਘ, ਸੁਜਾਨ ਸਿੰਘ।

ਦਰਅਸਲ ਕੁਝ ਇਤਿਹਾਸਕ ਗ਼ਲਤੀਆਂ ਦੀ ਟੇਕ ਲੈ ਕੇ ਕੱਟੜ ਹਿੰਦੂ ਲਿਖਾਰੀਆਂ ਨੇ ਬੰਦਾ ਸਿੰਘ ਨੂੰ ਇਕ ਹਿੰਦੂ ਬੈਰਾਗੀ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ। ਇਤਿਹਾਸ ਗਵਾਹ ਹੈ ਕਿ ਬੰਦਾ ਸਿੰਘ ਜੀ ਨਾਲ ਕਈ ਸਿੰਘਾਂ ਨੇ ਸ਼ਹੀਦੀ ਪ੍ਰਾਪਤ ਕੀਤੀ। ਉਨ੍ਹਾਂ ਵਿਚ ਕੋਈ ਇਕ ਵੀ ਹਿੰਦੂ ਜਾਂ ਰਾਜਪੂਤ ਯੋਧਾ ਕਿਉਂ ਨਹੀਂ ਸੀ ?

ਸਿੱਖ ਇਤਿਹਾਸਕਾਰਾਂ ਨੇ ਬੰਦਾ ਸਿੰਘ ਨਾਲ ਜੋ ਵਧੀਕੀ ਕੀਤੀ ਹੈ, ਚਾਤਰ ਹਿੰਦੂ

ਲਿਖਾਰੀਆਂ ਨੇ ਉਸ ਦਾ ਲਾਭ ਉਠਾਉਣ ਦੀ ਕੋਸ਼ਿਸ਼ ਕੀਤੀ ਹੈ, ਤਾਂਕਿ ਬੰਦਾ ਸਿੰਘ ਵਰਗੇ ਬਹਾਦਰ ਯੋਧੇ ਨੂੰ ਸਿੱਖਾਂ ਕੋਲੋਂ ਖੋਹਿਆ ਜਾ ਸਕੇ।

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਹਨਾਂ ਰਾਜਪੂਤ ਯੋਧਿਆਂ ਨੇ ਕਿਸੇ ਦੀ ਰਖਿਆ ਤਾਂ ਕੀ ਕਰਨੀ ਸੀ, ਇਹ ਤਾਂ ਆਪਣੀ ਰਖਿਆ ਕਰਨੋਂ ਵੀ ਅਸਮਰਥ ਸਨ। ਇੱਜ਼ਤ ਅਤੇ ਆਬਰੂ ਦੀ ਭਾਵਨਾ ਇਸ ਹੱਦ ਤਕ ਮਰ ਚੁੱਕੀ ਸੀ ਕਿ ਉਹ ਰਾਜਪੂਤ, ਜਿਨ੍ਹਾਂ ਦੀ ਕਥਿਤ ਅਣਖ ਤੇ ਬਹਾਦਰੀ ਦੇ ਸੋਹਿਲੇ ਗਾਏ ਜਾਂਦੇ ਸਨ, ਉਹ ਖ਼ੁਦ ਆਪਣੀਆਂ ਧੀਆਂ ਭੈਣਾਂ ਦੇ ਡੋਲੇ ਮੁਸਲਮਾਨ ਹਾਕਮਾਂ ਦੇ ਘਰ ਪਹੁੰਚਾਉਂਦੇ ਰਹੇ ਸਨ। 1562 ਵਿਚ ਭਗਵਾਨ ਦਾਸ ਦੀ ਵੱਡੀ ਭਤੀਜੀ ਦਾ ਅਕਬਰ ਨਾਲ ਵਿਆਹ ਇਸ ਦੀ ਮੂੰਹ ਬੋਲਦੀ ਤਸਵੀਰ ਹੈ। ਉਸ ਵੇਲੇ ਇਨ੍ਹਾਂ ਰਾਜਪੂਤ ਯੋਧਿਆਂ ਦੀ ਅਣਖ ਕਿੱਥੇ ਚਲੀ ਗਈ ਸੀ ਜਦੋਂ ਦੁਰਾਨੀ ਵਰਗੇ ਮੁਗ਼ਲ ਹਾਕਮ ਹਜ਼ਾਰਾਂ ਦੀ ਗਿਣਤੀ ਵਿਚ ਹਿੰਦੂ ਲੜਕੀਆਂ ਜ਼ਬਰਦਸਤੀ ਚੁੱਕ ਕੇ ਲੈ ਜਾਂਦੇ ਸਨ ਅਤੇ ਗ਼ਜ਼ਨੀ ਦੇ ਬਜ਼ਾਰਾਂ ਵਿਚ ਵੇਚਦੇ ਸਨ? ਉਸ ਵੇਲੇ ਇਹ ਹਿੰਦੂ ਧਰਮ ਦੇ ਰਖਿਅਕ ਕਿੱਥੇ ਸਨ? ਇਹ ਸ਼ਾਇਦ ਇਹ ਗੱਲ ਭੁੱਲ ਚੁੱਕੇ ਹਨ ਕਿ ਜੇਕਰ ਸਿੱਖ ਗੁਰੂ ਸਾਹਿਬਾਨ ਉਸ ਸਮੇਂ ਸਹੀ ਸੇਧ ਨਾ ਦਿੰਦੇ, ਅਤੇ ਦਸਮ ਪਾਤਸ਼ਾਹ ਅੰਮ੍ਰਿਤ ਦੀ ਬਖ਼ਸ਼ਿਸ਼ ਨਾ ਕਰਦੇ, ਖ਼ਾਲਸਾ ਸ਼ਸਤਰਧਾਰੀ ਨਾ ਹੁੰਦਾ ਤਾਂ ਅੱਜ ਸ਼ਾਇਦ ਹਿੰਦਸਤਾਨ ਦਾ ਨਕਸ਼ਾ ਤੇ ਇਤਿਹਾਸ ਹੀ ਕੁੱਝ ਹੋਰ ਹੁੰਦਾ। 18ਵੀਂ ਸਦੀ ਵਿਚ ਜਦ ਅਫ਼ਗਾਨਾਂ ਨੇ ਮੁਗਲਾਂ ਅਤੇ ਮਰਹੱਟਿਆਂ ਨੂੰ ਕਰਾਰੀ ਹਾਰ ਦਿਤੀ ਸੀ ਤਾਂ ਉਸ ਵੇਲੇ ਕੇਵਲ ਸਿੱਖ ਕੌਮ ਹੀ ਅਜਿਹਾ ਅੜਿੱਕਾ ਸੀ ਜਿਸ ਨੇ ਕਦੀ ਵੀ ਉਹਨਾਂ ਦੇ ਇਰਾਦਿਆਂ ਨੂੰ ਕਾਮਯਾਬ ਨਹੀਂ ਹੋਣ ਦਿੱਤਾ। ਜੇ ਬੰਦਾ ਸਿੰਘ ਬਹਾਦਰ ਦੀ ਗੱਲ ਹੀ ਲੈ ਲਈਏ ਤਾਂ ਉਸ ਦਾ ਸਬੰਧ ਰਾਜਪੂਤ ਘਰਾਣੇ ਨਾਲ ਸੀ ਅਤੇ ਨਾਂ ਲਛਮਣ ਦਾਸ ਸੀ। ਮਨ ਦਾ ਅਜਿਹਾ ਡਰਪੋਕ ਸੀ ਕਿ ਹਿਰਨੀ ਦੇ ਦੋ ਬੱਚੇ ਮਰ ਗਏ ਤਾਂ ਘਰ-ਬਾਰ ਤਿਆਗ ਦਿੱਤਾ। ਕਈ ਗੁਰੂ ਧਾਰਨ ਕੀਤੇ-ਕਦੀ ਜਨਕ ਪ੍ਰਸਾਦ, ਕਦੀ ਰਾਮਦਾਸ ਅਤੇ ਕਦੀ ਔਘੜ ਨਾਥ। ਇਹ ਅਖੌਤੀ ਗੁਰੂ ਇਸ ਰਾਜਪੂਤ ਨੂੰ ਸਿਰਫ਼ ਜੰਤਰ ਮੰਤਰ ਅਤੇ ਤੰਤਰ ਸਾਧਨਾ ਹੀ ਦੇ ਸਕੇ। ਕਿਸੇ ਨੇ ਵੀ ਅਣਖ, ਗ਼ੈਰਤ ਤੇ ਵੀਰਤਾ ਨਾ ਬਖ਼ਸ਼ੀ। ਜਿਸ ਸਮੇਂ ਲਛਮਣ ਦਾਸ ਬੈਰਾਗੀ ਬਣ ਕੇ ਸਾਧੂਆਂ ਦੇ ਨਾਲ ਸੱਚ ਦੀ ਖੋਜ ਵਿਚ ਘੁੰਮ ਰਿਹਾ ਸੀ, ਉਸ ਵੇਲੇ ਵੀ ਮੁਗ਼ਲ ਹਕੂਮਤ ਮਜ਼ਲੂਮਾਂ ਤੇ ਕਈ ਤਰ੍ਹਾਂ ਦੇ ਜ਼ੁਲਮ ਕਰ ਰਹੀ ਸੀ। ਪਰ ਉਸ ਸਮੇਂ ਤਾਂ ਉਸ ਲਛਮਣ ਦਾਸ ਨੇ ਕੋਈ ਵੀਰਤਾ ਨਾ ਦਿਖਾਈ। ਸਚਾਈ ਤਾਂ ਇਹ ਹੈ ਕਿ ਜੇਕਰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਲਛਮਣ ਦਾਸ ਬੈਰਾਗੀ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ਿਸ਼ ਕਰਕੇ ਬੰਦਾ ਸਿੰਘ ਨਾ ਬਣਾਉਂਦੇ ਤਾਂ ਉਸ ਨੇ ਬੈਰਾਗੀ ਹੀ ਰਹਿਣਾ ਸੀ। ਖ਼ਾਲਸਾ ਸਜਣ ਤੇ ਗ਼ੈਰਤ ਦਾ ਪ੍ਰਵੇਸ਼ ਹੋਇਆ ਤੇ ਉਸ ਨੇ ਜ਼ੁਲਮ ਦਾ ਨਾਸ਼ ਕਰਨ ਦੀ ਪ੍ਰਤਿਗਿਆ ਕੀਤੀ, ਕਿੰਤੂ ਹਿੰਦੂਤਵ ਦੇ ਮੁਦਈ ਲਿਖਾਰੀਆਂ ਦੀ ਮੁੱਢ ਤੋਂ ਹੀ ਇਹ ਕੋਸ਼ਿਸ਼ ਰਹੀ ਹੈ ਕਿ ਬੰਦਾ ਸਿੰਘ ਬਹਾਦਰ ਨੂੰ ਬੰਦਾ ਬੈਰਾਗੀ ਸਿੱਧ ਕੀਤਾ ਜਾਵੇ, ਸਿੱਖ ਪਾਠਕਾਂ ਵਿੱਚ ਆਪਣੀ ਨਿਵੇਕਲੀ ਜਗ੍ਹਾ ਬਣਾ ਚੁਕੇ ਆਰੀਆ ਸਮਾਜੀ ਲੇਖਕ ਲਾਲਾ ਦੌਲਤ ਰਾਏ ਨੇ ਵੀ ਬੜੀ ਸਾਜ਼ਿਸ਼ ਤਹਿਤ ਦਲੀਲਾਂ ਦੇ ਕੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਗੁਰੂ ਜੀ ਨੇ ਬੰਦਾ ਬੈਰਾਗੀ ਨੂੰ ਅੰਮ੍ਰਿਤ ਦੀ ਬਖ਼ਸ਼ਿਸ਼ ਨਹੀਂ ਕੀਤੀ, ਲਾਲਾ

ਦੌਲਤ ਰਾਏ ਲਿਖਦਾ ਹੈ:

"ਗੁਰੂ ਜੀ ਬਹਾਦਰ ਸ਼ਾਹ ਤੋਂ ਦੂਰ ਹੋ ਗਏ। ਗੁਰੂ ਜੀ ਉਥੋਂ ਚੱਲ ਕੇ ਕਈ ਥਾਵਾਂ ਦੀ ਸੈਰ ਕਰਦੇ ਨੰਦੇੜ ਪੁੱਜ ਗਏ। ਉਥੇ ਇਕ ਫਕੀਰ ਨਰਾਇਣ ਦਾਸ ਉਰਫ਼ ਮਾਧੋਦਾਸ ਬੈਰਾਗੀ ਰਹਿੰਦਾ ਸੀ, ਜਿਸ ਨੂੰ ਗੁਰੂ ਜੀ ਮਿਲੇ। ਉਸ ਵਿੱਚ ਕਸ਼ੱਤਰੀਆਂ ਦੀ ਸਪਿਰਟ ਵੇਖੀ। ਗੁਰੂ ਜੀ ਨੇ ਅਨੁਮਾਨ ਲਾਇਆ ਕਿ ਉਸ ਵਿੱਚ ਲਿਤਾੜੇ ਜਾ ਰਹੇ ਹਿੰਦੂ ਧਰਮ ਦੀ ਰਾਖੀ ਲਈ ਕੁਰਬਾਨੀ ਕਰਨ ਦਾ ਜਜ਼ਬਾ ਤੇ ਅਣਖ, ਪਿਆਰ ਦਾ ਵਲਵਲਾ ਮੌਜੂਦ ਸੀ। ਉਸ ਨੂੰ ਆਪਣਾ ਸੇਵਕ ਬਣਾਇਆ ਪਰ ਪਾਹੁਲ ਨਾ ਦੇਣ ਦਾ ਕਾਰਨ ਇਹ ਭਾਸਦਾ ਹੈ ਕਿ ਗੁਰੂ ਜੀ ਆਪਣੇ ਪਿੱਛੋਂ ਗੁਰੂ ਨਾਨਕ ਦੀ ਗੱਦੀ 'ਤੇ ਗੁਰੂ ਬੈਠਣ ਦੇ ਸਿਲਸਿਲੇ ਨੂੰ ਬੰਦ ਕਰਨਾ ਚਾਹੁੰਦੇ ਸਨ। ਇਸ ਨਾਲ ਪਰਿਵਾਰ ਅਤੇ ਸਿੱਖਾਂ ਵਿੱਚ ਫੁੱਟ ਪੈਣੀ ਅਤੇ ਧੜੇਬੰਦੀ ਵਧਣੀ ਸੀ। ਉਨ੍ਹਾਂ ਦੇ ਪਿੱਛੋਂ ਕਿਸ-ਕਿਸ ਪਰਕਾਰ ਦੀ ਤਾਕਤ, ਹੌਸਲੇ ਅਤੇ ਵਿਚਾਰਧਾਰਾ ਤੇ ਪੁਰਸ਼ ਗੁਰੂ ਬਣ ਬੈਠਣ। ਇਸ ਨਾਲ ਖ਼ਾਲਸੇ ਵਿਚ ਬਹੁਤ ਫੁੱਟ ਦਾ ਖਤਰਾ ਸੀ ਅਤੇ ਗੁਰੂ ਜੀ ਨੇ ਇਹੋ ਵਿਚਾਰ ਬਣਾਈ ਕਿ ਆਪਣੇ ਪਿੱਛੋਂ ਇਸ ਸਿਲਸਿਲੇ ਨੂੰ ਸਮਾਪਤ ਕੀਤਾ ਜਾਵੇ ਅਤੇ ਕਿਸੇ ਨੂੰ ਗੁਰੂ ਨਾ ਬਣਾਇਆ ਜਾਵੇ ਅਤੇ ਉਹਨਾਂ ਦੇ ਉਦੇਸ਼ ਵਿੱਚ ਕੋਈ ਵਿਘਨ ਨਾ ਪਵੇ। ਮਾਧੋਦਾਸ ਨੂੰ ਪਾਹੁਲ ਨਾ ਦਿੱਤੀ ਤਾਂ ਜੋ ਉਹ ਗੁਰਿਆਈ ਦਾ ਦਾਅਵੇਦਾਰ ਨਾ ਬਣੇ। ਜੇ ਪਾਹੁਲ ਹੀ ਨਾ ਹੋਵੇਗੀ ਤਾਂ ਉਹ ਖ਼ਾਲਸੇ ਦੀ ਗੁਰਿਆਈ ਦਾ ਦਾਅਵਾ ਕਰ ਹੀ ਨਹੀਂ ਸਕੇਗਾ ਅਤੇ ਨਾ ਹੀ ਖ਼ਾਲਸਾ ਉਸ ਦੇ ਅਜਿਹੇ ਦਾਅਵੇ ਨੂੰ ਕਦੇ ਸਵੀਕਾਰ ਹੀ ਕਰੇਗਾ। ਅੰਤ ਵਿੱਚ ਉਸ ਦਾ ਨਾਮ ਬੰਦਾ ਰੱਖ ਕੇ ਉਸ ਨੂੰ ਸਰਹੰਦ ਵੱਲ ਤੋਰਿਆ ਤੇ ਉਹ ਤਿਆਰ ਹੋ ਗਿਆ।"

(ਸਾਹਿਬ-ਏ-ਕਮਾਲ, ਪੰਨਾ ੧੯੨-੧੯੩)

ਬੰਦਾ ਬੈਰਾਗੀ ਤੋਂ ਖੰਡੇ ਬਾਟੇ ਦਾ ਅੰਮ੍ਰਿਤ ਪ੍ਰਾਪਤ ਕਰਨ ਬਾਰੇ ਅਨੇਕਾ ਸਰੋਤਾਂ ਵਿੱਚ ਜ਼ਿਕਰ ਹੈ, ਜੋ ਵਿਸਥਾਰ ਸਹਿਤ ਇਸ ਤਰ੍ਹਾਂ ਹੈ:

## ਹੁਕਮਨਾਮੇ (1710 ਈ.)

ਬੰਦਾ ਸਿੰਘ ਬਹਾਦਰ ਦੇ ਨਾਂ ਹੇਠ ਸਾਨੂੰ ਦੋ ਹੀ ਹੁਕਮਨਾਮੇ ਉਪਲੱਬਧ ਹਨ। ਪਹਿਲੇ ਹੁਕਮਨਾਮੇ ਤੇ ਮਿਤੀ ਦਰਜ ਨਹੀਂ ਹੈ ਅਤੇ ਦੂਜੇ ਤੇ 12 ਦਸੰਬਰ 1710 ਦਾ ਲਿਖਿਆ ਗਿਆ ਹੈ।

## ਪਹਿਲਾ ਹੁਕਮਨਾਮਾ

ਦੇਗੋ ਤੇਗੋ ਫ਼ਤਹਿ ਓ ਨੁਸਰਤ ਬੇ-ਦਿਰੰਗ ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ

".....ਸਰਬਤ੍ਰ ਅਕਾਲ ਪੁਰਖ ਜੀਓ ਦਾ ਖ਼ਾਲਸਾ ਹੈ......

ਹੁਕਮੁ ਦੇਖਦਿਆਂ ਹੀ ਪੰਜੇ ਹਥਿਆਰ ਬੰਧਿ ਆਵਣਾ...."

ਇਹ ਹੁਕਮਨਾਮਾ ਬਾਬਾ ਬੰਦਾ ਸਿੰਘ ਬਹਾਦਰ ਜੀ ਵਲੋਂ ਭਾਈ ਧਰਮ ਸਿੰਘ ਵਾਸੀ ਰੂਪੇ ਕੇ ਜੋਗੁ ਲਿਖਿਆ ਗਿਆ ਸੀ।

## ਦੂਜਾ ਹੁਕਮਨਾਮਾ

*ਦੇਗੋ ਤੇਗੋ ਫ਼ਤਹਿ ਓ ਨੁਸਰਤ ਬੇ-ਦਿਰੰਗ ਯਾਫ਼ਤ ਅਜ਼ ਨਾਨਕ ਗੁਰੂ*
*ਗੋਬਿੰਦ ਸਿੰਘ "............ਪੰਜ ਹਥਿਆਰ ਬੰਨ ਕੇ ਹੁਕਮ*
*ਦੇਖਦਿਆਂ ਦਰਸ਼ਨ ਆਵਣਾ.....*
*ਖ਼ਾਲਸੇ ਦੀ ਰਹਤ ਰਹਣਾ......ਦਾਰੂ ਅਮਲੀ ਕੋਈ ਨਹੀਂ ਖਾਣਾ.......।"*

ਇਹ ਹੁਕਮਨਾਮਾ ਸਰਬਤ ਖ਼ਾਲਸਾ ਜਉਨਪੁਰ ਜੋਗੁ ਲਿਖਿਆ ਗਿਆ ਹੈ। (ਪੋਹ 12 ਸੰਮਤ 1767 ਬਿ:)

## ਤਵਾਰੀਖ਼-ਇਰਾਦਤ ਖਾਨ (1714 ਈ.)

ਇਸ ਨੂੰ ਤਾਰੀਖ਼ਿ-ਮੁਬਾਰਕ਼ੀ ਵੀ ਆਖਦੇ ਹਨ। ਇਸ ਫ਼ਾਰਸੀ ਹੱਥ-ਲਿਖਤ ਤੇ 1126 ਹਿਜਰੀ (1714 ਈ:) ਲਿਖਿਆ ਹੈ। ਇਸ ਦਾ ਲੇਖਕ ਮਿਰਜ਼ਾ ਮੁਬਾਰਿਕੁਲਾ ਇਰਾਦਤ ਖ਼ਾਨ ਹੈ। ਇਸ ਹੱਥ ਲਿਖਤ ਦੀ ਇਕ ਕਾਪੀ ਪੰਜਾਬ ਪਬਲਿਕ ਲਾਇਬਰੇਰੀ ਲਾਹੌਰ ਵਿਚ ਹੈ ਅਤੇ ਦੂਜੀ ਕਾਪੀ ਡਾ: ਗੰਡਾ ਸਿੰਘ ਦੀ ਲਾਇਬਰੇਰੀ ਵਿਚ ਮੌਜੂਦ ਹੈ। ਇਸ ਵਿਚ ਬਾਬਾ ਬੰਦਾ ਸਿੰਘ ਬਹਾਦਰ ਵਲੋਂ 'ਖੰਡੇ ਦੀ ਪਾਹੁਲ' ਲੈਣ ਦਾ ਜ਼ਿਕਰ ਆਇਆ ਹੈ।

## ਪੰਜ ਸੌ ਸਾਖੀ (1734 ਈ:)

ਇਹ ਸੰਪੂਰਨ ਨਹੀਂ ਮਿਲਦੀ ਅਤੇ ਅੱਜਕਲ੍ਹ 'ਸੌ ਸਾਖੀ' ਦੇ ਨਾਂ ਨਾਲ ਜਾਂ ਗਾਥਾ ਗੁਰ ਰਤਨਮਾਲ ਦੇ ਨਾਂ ਕਰਕੇ ਪ੍ਰਸਿੱਧ ਹੈ। ਇਸ ਦਾ ਲੇਖਕ ਗੁਰਬਖਸ਼ ਸਿੰਘ (ਰਾਮ ਕੁਇਰ) ਹੈ। ਡਾ: ਗੰਡਾ ਸਿੰਘ ਨੇ ਜੋ ਹੱਥ ਲਿਖਤ ਦੀ ਮਿਤੀ ਦੱਸੀ ਹੈ ਉਹ 1781 ਈ: ਜਾਂ 1791 ਈ: ਹੈ। ਸੌ ਸਾਖੀ ਹੁਣ ਪ੍ਰਕਾਸ਼ਿਤ ਰੂਪ ਵਿਚ ਵੀ ਮਿਲਦੀ ਹੈ। ਸੌ ਸਾਖੀ ਵਿਚ ਨੌਵੇਂ ਅਤੇ ਦਸਵੇਂ ਪਾਤਸ਼ਾਹ ਬਾਰੇ ਲਿਖਿਆ ਹੋਇਆ ਹੈ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਹ ਸਾਖੀਆਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਕਿਸੇ ਸਿੰਘ ਨੂੰ ਸੁਣਾਈਆਂ ਸਨ, ਜਿਸ ਨੂੰ ਬਾਅਦ ਵਿਚ ਸੰਪਾਦਨ ਕੀਤਾ ਗਿਆ ਸੀ। ਕੋਈ ਭਰੋਸੇਯੋਗ ਖਰੜਾ ਵੀ ਕਿਸੇ ਵਿਦਵਾਨ ਨੂੰ ਹੱਥ ਨਹੀਂ ਆਇਆ। ਕੁਝ ਸਾਖੀਆਂ 1849 ਈ: ਤੋਂ ਬਾਅਦ ਵੀ ਸ਼ਾਮਿਲ ਕੀਤੀਆਂ ਗਈਆਂ ਹਨ, ਕਿਉਂਕਿ ਇਸ ਵਿਚ ਮਹਾਰਾਜਾ ਦਲੀਪ ਸਿੰਘ ਬਾਰੇ ਵੀ ਲਿਖਿਆ ਗਿਆ ਹੈ। ਇਸ ਵਿਚ ਬੰਦਾ ਸਿੰਘ ਬਹਾਦਰ ਦਾ ਖ਼ਾਲਸਾ ਸਜਣ ਦਾ ਸੰਕੇਤ ਮਿਲਦਾ ਹੈ।

*"ਸੁਨ ਬੰਦੇ ਤੁਮ ਖ਼ਾਲਸਾ ਪੰਥ ਮਿਲੌ ਖ਼ਾਲਸਾ ਪਾਹੁਲ ਸੰਥ।*
*ਜੋ ਤੋ ਕੋ ਖ਼ਾਲਸਾ ਖ਼ਾਲਸ ਤਬ ਹਮ ਖੁਸ਼ੀ ਬਖਸ਼ੀ ਸਬ ਲਾਲਸ।*
*ਆਪਾ ਜਬ ਹੀ ਤੋਹਨ ਹੂਆ ਤੇਜ ਸਮਾਨ ਹੋਇ ਨ ਬੀਆ।"*

(ਸੌ ਸਾਖੀ)

## ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ (1769 ਈ:)

ਇਹ ਭਾਈ ਕੇਸਰ ਸਿੰਘ ਛਿੱਬਰ ਦੀ ਲਿਖੀ ਪੁਸਤਕ ਹੈ। ਇਹ ਪਹਿਲਾਂ ਹੱਥ ਲਿਖਤ ਸੀ, ਫਿਰ 'ਪਰਖ' ਪਟਿਆਲਾ ਵਿਚ ਛਪੀ ਅਤੇ ਉਸ ਤੋਂ ਬਾਅਦ ਫਰਵਰੀ 1997 ਵਿਚ ਪ੍ਰੋ: ਪਿਆਰਾ ਸਿੰਘ ਪਦਮ ਨੇ ਸੰਪਾਦਤ ਕੀਤੀ ਹੈ। ਇਸ ਵਿਚ ਬੰਦਾ ਸਿੰਘ ਬਹਾਦਰ ਵਲੋਂ 'ਖੰਡੇ ਦੀ ਪਾਹੁਲ' ਲੈਣ ਦਾ ਜ਼ਿਕਰ ਆਇਆ ਹੈ।

"ਸਾਹਿਬ, ਪਾਸੋਂ ਆਦਮੀ ਕਰਿ ਦਿਤੇ ਦੂਰ।
ਦੋਹਾਂ ਗੱਲਾਂ ਕੀਤੀਆਂ
ਆਪਸ ਵਿਚ ਬੈਠ ਕੇ ਮਸ਼ਕੂਰ।
ਆਖਰ ਸਾਧੂ ਉਠ ਕੇ, ਆ ਚਰਨੀ ਢੱਠਿਆ।
ਪਾਹੁਲ ਗੁਰੂ ਕੀ ਛਕ ਕੇ,
ਬਣਿਆ ਸਿੰਘ ਹਠੀਆ ।੬੨੩।
ਉਨ ਆਖਿਆ ਸਾਹਿਬ ਨੂੰ,
"ਮੈਂ ਬੰਦਾ ਤੇਰਾ। ਤੂੰ ਹੈਂ ਪੂਰਣ ਸਤਿਗੁਰੂ, ਰਾਖ ਰਖੰਦਾ ਮੇਰਾ।੬੨੪।"

## ਤਵਾਰੀਖ਼-ਮੁਜ਼ੱਫ਼ਰੀ (1787-88)

ਇਹ ਫ਼ਾਰਸੀ ਹੱਥ ਲਿਖਤ ਮੁਹੰਮਦ ਅਲੀ ਖ਼ਾਂ ਅਨਸਾਰੀ ਦੀ ਲਿਖੀ ਹੋਈ ਹੈ। ਜਿਸ ਤੇ 1202 ਹਿਜਰੀ (1787-88) ਦੀ ਮਿੱਤੀ ਦਰਜ ਹੈ। ਇਸ ਦੇ 85 ਸਫ਼ੇ ਤੇ ਲਿਖਿਆ ਹੈ ਕਿ ਬਾਦਸ਼ਾਹ ਨੇ ਸ਼ੱਵਾਲ ਦੇ ਮਹੀਨੇ ਅਜਮੇਰ ਵੱਲ ਨੂੰ ਕੂਚ ਕੀਤਾ, ਇਸ ਵੇਲੇ ਗੁਰੂ ਗੋਬਿੰਦ ਸਿੰਘ ਦੇ ਖਾਸ ਚੇਲਿਆਂ ਵਿਚੋਂ ਇਕ ਬੰਦਾ ਨਾਮੀ ਦੇ ਲੜਾਈ ਫ਼ਸਾਦ ਅਤੇ ਬਗ਼ਾਵਤ ਦੀ ਖ਼ਬਰ ਬਾਦਸ਼ਾਹ ਦੇ ਕੰਨੀਂ ਪਈ। ਅਸਲੀ ਸ਼ਬਦ ਇੰਝ ਹਨ।

*"ਆਂ ਹਜ਼ਰਤ ਦਰ ਮਾਹਿ ਸ਼ਵਾਲ ਰਹਿਗਰਾਈ ਇ ਅਜਮੇਰ ਸ਼ੁਦ ਕਿ ਦਰ ਹਮੀਂ ਇਸਤਿਆਕ ਹਰਬ-ਗਾਰਤ ਵਾ ਸ਼ੋਰਸ਼ਿ ਬੰਦਾ ਕਿ ਯਕੇ ਅਜ਼ ਮੁਰੀਦਾਨਿ ਗੁਰੂ ਗੋਬਿੰਦ ਸਿੰਘ ਬ-ਸਮਾਇ ਜਾਹੋ ਜਲਾਲ ਰਸੀਦ।"*

## ਗੁਰੂ ਕੀਆਂ ਸਾਖੀਆਂ (1790)

ਇਹ ਪੁਸਤਕ ਭਾਈ ਸਰੂਪ ਸਿੰਘ ਕੌਸ਼ਿਸ਼ ਨੇ 1790 ਵਿਚ 'ਭਟਵਹੀਆਂ' ਤੋਂ ਤਿਆਰ ਕੀਤੀ ਸੀ ਜੋ ਬਾਅਦ ਵਿਚ ਪ੍ਰੋ: ਪਦਮ ਨੇ ਸੰਪਾਦਤ ਕਰ ਕੇ ਛਾਪੀ ਹੈ। ਇਸ ਵਿਚ ਸਿੱਖਾਂ ਦਾ ਨਾਯਾਬ ਅਤੇ ਕੀਮਤੀ ਇਤਿਹਾਸ ਸਾਂਭਿਆ ਹੋਇਆ ਹੈ। ਇਹ ਇਸ ਲਈ ਵੀ ਅਹਿਮ ਹੈ ਕਿਉਂਕਿ ਇਹ ਭਟਵਹੀਆਂ ਗੁਰੂ ਸਾਹਿਬ ਦੇ ਸਮੇਂ ਹੀ ਲਿਖੀਆਂ ਗਈਆਂ ਸਨ। ਇਸ ਵਿਚ ਬੜੀ ਤਫ਼ਸੀਲ ਨਾਲ ਬਾਬਾ ਬੰਦਾ ਸਿੰਘ ਬਹਾਦਰ ਦਾ 'ਖੰਡੇ ਦੀ ਪਾਹੁਲ' ਲੈਣ ਦਾ ਜ਼ਿਕਰ ਆਇਆ ਹੈ। ਇਸ ਵਾਰਤਕ

ਦੀ ਵੰਨਗੀ ਹਾਜ਼ਰ ਹੈ :

"………ਗੁਰੂ ਗੋਬਿੰਦ ਸਿੰਘ ਜੀ ਮੁਸਕਰਾਏ ਤੇ ਬਚਨ ਕੀਤਾ, "ਮਾਧੋਦਾਸ ਹਮ ਤੁਮੇਂ ਮਿਲਨ ਆਏ ਹਾਂ....ਬੈਰਾਗੀ ਨੇ ਆਂਖ ਉਠਾਇ ਕੇ ਦੇਖਾ। ਬਚਨ ਬੋਲਾ, ਮਹਾਰਾਜ!

ਆਪ ਗੁਰੂ ਗੋਬਿੰਦ ਰਾਇ (ਸਿੰਘ) ਜੀ ਹੋ, ਜਿਨ ਕੇ ਪਿਤਾ ਗੁਰੂ ਤੇਗ ਬਹਾਦਰ ਜੀ ਨੇ ਦਿੱਲੀ ਮੇਂ ਜਾਇ ਆਪਨਾ ਸੀਸ ਬਲੀਦਾਨ ਦੀਆ ਥਾ? ਸਤਿਗੁਰਾਂ ਕਹਾ- ਹਾਂ ਮਾਧੋਦਾਸ। 'ਹਾਂ' ਕੀ ਆਵਾਜ਼ ਸੁਨ ਕੇ ਆਪਣਾ ਮਸਤਕ ਗੁਰੂ ਜੀ ਕੇ ਪਾਉਂ ਮੇਂ ਰਾਖ ਖਿਮਾਂ ਕੀ ਜਾਚਨਾ ਕੀ।.......ਮਾਧੋਦਾਸ ਤ੍ਰਬਕ ਕੇ ਬੋਲਾ, ਮੈਂ ਆਜ ਸੇ ਦਿਲੋਂ ਜਾਨ ਸੇ ਤੇਰਾ ਬੰਦਾ ਹਾਂ।.....ਭਾਈ ਦਯਾ ਸਿੰਘ ਨੇ ਮਾਧੋਦਾਸ ਨੂੰ ਕਿਹਾ, ਤਿਆਰ ਹੋ ਜਾਵੋ ਤੁਸਾਂ ਨੂੰ 'ਖੰਡੇ ਦੀ ਪਾਹੁਲ' ਦੇਣੀ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣੇ ਦਸਤ ਮੁਬਾਰਕਾਂ ਨਾਲ ਦੇਣੀ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣੇ ਦਸਤ ਮੁਬਾਰਕਾਂ ਨਾਲ ਕੰਘਾ, ਕਰਦ, ਕੜਾ ਤੇ ਕਛਾ ਪਹਿਨਾਏ। ਸਿਰ ਤੇ ਛੋਟੀ ਦਸਤਾਰ-ਕੇਸਕੀ ਸਜਾ ਬੈਰਾਗੀ ਸੇ ਸਿੰਘ ਰੂਪ ਮੇਂ ਲੈ ਆਂਦਾ।"

ਗੁਰੂ ਸਾਹਿਬ ਬੈਰਾਗੀ ਨੂੰ 3 ਸਤੰਬਰ 1708 ਨੂੰ ਮਿਲੇ ਸਨ ਅਤੇ ਦੂਜੇ ਦਿਨ 4 ਸਤੰਬਰ 1708 ਨੂੰ ਉਸ ਨੂੰ 'ਖੰਡੇ ਦੀ ਪਾਹੁਲ' ਦਿੱਤੀ ਸੀ। ਗੁਰੂ ਸਾਹਿਬ ਨੇ ਆਪ ਹੀ ਉਸ ਦਾ ਨਾਂ 'ਬੰਦਾ ਸਿੰਘ' ਰਖਿਆ ਅਤੇ 'ਬਾਹਦਰ' ਦਾ ਖ਼ਿਤਾਬ ਬਖਸ਼ਿਆ।

## *ਸੀਅਰੁ-ਲ-ਮੁਤਾਖ਼ਰੀਨ (1836 ਈ.) :*

ਇਸ ਫ਼ਾਰਸੀ ਹੱਥ ਲਿਖਤ ਦਾ ਲੇਖਕ ਗੁਲਾਮ ਹੁਸੈਨ ਖਾਨ ਹੈ। ਇਹ ਕਿਤਾਬ 1836 ਵਿਚ ਕਲੱਕਤਾ ਤੋਂ ਅਤੇ 1897 ਕਾਨਪੁਰ ਤੋਂ ਪ੍ਰਕਾਸ਼ਿਤ ਹੋਈ। ਇਸ ਕਿਤਾਬ ਵਿਚ ਵੀ ਬੰਦਾ ਸਿੰਘ ਬਹਾਦਰ ਦਾ 'ਖੰਡੇ ਦਾ ਪਾਹੁਲ' ਲੈਣ ਦਾ ਜ਼ਿਕਰ ਆਉਂਦਾ ਹੈ।

## *ਸ੍ਰੀ ਗੁਰ ਪੰਥ ਪ੍ਰਕਾਸ਼ (1841 ਈ) :*

ਇਹ ਕਿਤਾਬ ਪ੍ਰਾਚੀਨ ਪੰਥ ਪ੍ਰਕਾਸ਼ ਦੇ ਨਾਂ ਨਾਲ ਵੀ ਪ੍ਰਸਿੱਧ ਹੈ, ਜਿਸ ਦਾ ਲੇਖਕ ਭਾਈ ਰਤਨ ਸਿੰਘ ਭੰਗੂ ਹੈ। ਇਸ ਗ੍ਰੰਥ ਦੇ ਮੂਲ ਹਾਲਾਤ ਸਰ ਡੇਵਿਡ ਆਕਟਰ ਲੋਨੀ ਅਤੇ ਕਪਤਾਨ ਮਰੇ ਨੇ ਰਤਨ ਸਿੰਘ ਭੰਗੂ ਤੋਂ ਸੁਣ ਕੇ ਲੁਧਿਆਣਾ ਵਿਖੇ 1809 ਈ: ਨੂੰ ਲਿਖੇ ਸਨ। ਉਹੀ ਹਾਲਾਤ ਬਾਅਦ ਵਿਚ ਰਤਨ ਸਿੰਘ ਨੇ ਛੰਦ ਰਚਨਾ ਵਿਚ 1941 ਈ: ਵਿਚ ਲਿਖੇ। ਭਾਈ ਰਤਨ ਸਿੰਘ, ਭਾਈ ਮਹਿਤਾਬ ਸਿੰਘ ਮੀਰਕੋਟ ਦਾ ਪੋਤਾ ਸੀ। (ਜਿਸ 1741 ਵਿਚ ਮੱਸਾ ਰੰਘੜ ਨੂੰ ਸਜ਼ਾ ਦਿੱਤੀ ਸੀ।)

*'ਤਬ ਉਨ ਕਹਯੋ ਮੈਂ ਬੰਦਾ ਤੋਰਾ,*
*ਮੈਂ ਤੁਹਿ ਸਿੰਘ ਗੁਰੂ ਤੂੰ ਮੋਰਾ।*
*ਪਿਛਲੀ ਬਾਤ ਮਾਫ਼ ਹਮ ਕੀਜੈ।*
*ਅਬ ਹੁਇ ਫਿਰ ਤੋ ਦੀ ਆਯੋ ਕੀਜੇ॥ ੧੬॥*

ਅਬ ਮੈਂ ਭਯੋ ਤੁਮਾਰੋ ਦਾਸ,
ਸੋ ਮੈਂ ਕਰੋ ਹੁਕਮ ਹੋਇ ਖਾਸ।
ਹਮ ਕੋ ਕੀਜੋ ਆਪਨੋ ਦਾਸ,
ਜਾਨ ਜਾਨ ਰਾਖੋ ਨਿਜ ਪਾਸ । ੧੭।
...ਜੋ ਆਖੀ ਸਤਿਗੁਰ ਉਸੈ ਸੋ
ਉਨ ਲੀਨੀ ਮਾਨ।
ਧਰਯੋ ਸੁ 'ਬੰਦਾ' ਨਾਮ ਤਿਸ,
ਤਿਨ ਕਰ ਲੀਯੋ ਪ੍ਰਮਾਨ॥ ੫॥''

(ਸ੍ਰੀ ਗੁਰ ਪੰਥ ਪ੍ਰਕਾਸ਼, ਸਫ਼ਾ ੧੨੬)

## ਇਬਰਤਨਾਮਾ (1854 ਈ.) :

ਇਹ ਫ਼ਾਰਸੀ ਹੱਥ ਲਿਖਤ ਅਲੀ-ਉ-ਦੀਨ ਮੁਫ਼ਤੀ ਆਫ਼ ਲਾਹੌਰ ਨੇ 13 ਸਤੰਬਰ 1854 ਈ: ਨੂੰ ਮੁਕੰਮਲ ਕੀਤੀ। ਇਸ ਕਿਤਾਬ ਵਿਚ ਪੰਜਾਬ ਦੇ ਲੋਕਾਂ ਦਾ ਇਤਿਹਾਸ, ਆਰਥਿਕ ਅਤੇ ਸਮਾਜਿਕ ਹਾਲਾਤ ਦਰਜ ਹਨ। ਇਸ ਹੱਥ-ਲਿਖਤ ਤੇ ਲੇਖਕ ਦੇ ਦਸਤਖਤ ਹਨ ਅਤੇ ਇਸ ਦੀ ਇਕ ਕਾਪੀ ਇੰਡੀਆ ਆਫ਼ਿਸ ਲਾਇਬਰੇਰੀ ਲੰਡਨ ਵਿਚ ਮੌਜੂਦ ਹੈ। ਇਸ ਦੇ 376 ਪੱਤਰੇ ਹਨ ਜੋ ਮੋਟੇ ਅੱਖਰਾਂ ਨਾਲ ਲਿਖੇ ਗਏ ਹਨ। 1961 ਵਿਚ ਡਾ: ਮੁਹੰਮਦ ਬਾਕਰ ਨੇ ਸੰਪਾਦਨ ਕਰਕੇ ਪੰਜਾਬੀ ਅਦਬੀ ਅਕੈਡਮੀ, ਲਾਹੌਰ ਵਲੋਂ ਦੋ ਜਿਲਦਾਂ ਵਿਚ ਛਾਪੀ ਹੈ।

ਇਸ ਕਿਤਾਬ ਦੇ ਸਫ਼ਾ-39 'ਤੇ ਦਰਜ ਹੈ ਕਿ ਬੰਦਾ ਇਹ ਕੁਝ ਸੁਣ ਕੇ ਤਨ ਮਨ ਨਾਲ ਚੇਲਾ ਬਣ ਗਿਆ ਅਤੇ ਪਾਹੁਲ ਲੈ ਕੇ ਜੰਗ ਲਈ ਤਿਆਰ-ਬਰ-ਤਿਆਰ ਹੋ ਗਿਆ। ਅਸਲੀ ਸ਼ਬਦ ਇੰਝ ਹਨ :

''ਬੰਦਾ ਬ-ਇਸਤਮਾਇ-ਈਂ ਮਆਨੀ ਅਜ਼ ਦਿਲੋ ਜਾਨ ਇਰਾਦਤਮੰਦ ਸ਼ੁਦ-ਵ-ਪਾਹੁਲ ਗਰਿਫ਼ਤਾ ਮੁਸਤਾਦ ਹੰਗਾਮਾ ਓ ਮੁਹਾਰਕਾ ਗਰਦੀਦ।''

## ਚਾਹਰ ਗੁਲਸ਼ਨਿ ਪੰਜਾਬ (1855 ਈ.) :

ਇਸ ਫ਼ਾਰਸੀ ਹੱਥ-ਲਿਖਤ ਵਿਚ ਪੰਜਾਬ ਦੀ ਤਵਾਰੀਖ਼ ਦਰਜ ਹੈ। ਇਹ 1855 ਈ: ਨੂੰ ਮੁਕੰਮਲ ਹੋਈ ਅਤੇ ਇਸ ਦਾ ਲੇਖਕ ਗਣੇਸ਼ ਦਾਸ ਬਡੇਹਰਾ ਸੀ। ਇਸ ਕਿਤਾਬ ਨੂੰ 'ਚਹਾਰ ਬਾਗ-ਏ ਪੰਜਾਬ' ਵੀ ਆਖਦੇ ਹਨ। ਸਿੱਖਾਂ ਨਾਲ ਸਬੰਧਿਤ ਚੈਪਟਰ ਦਾ ਨਾਂ 'ਰਿਸਾਲਾ ਸਾਹਿਬ ਨੁਮਾ' ਹੈ। ਇਸ ਵਿਚ ਭਾਵੇਂ ਸਿੱਖਾਂ ਬਾਰੇ ਕਾਫ਼ੀ ਗਲਤੀਆਂ ਹਨ। 1965 ਨੂੰ ਡਾ: ਕਿਰਪਾਲ ਸਿੰਘ ਨੇ ਸੰਪਾਦਨ ਕਰ ਕੇ ਖ਼ਾਲਸਾ ਕਾਲਜ, ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤੀ।

ਇਸ ਕਿਤਾਬ ਦੇ ਸਫ਼ਾ 186-87 ਤੇ ਲਿਖਿਆ ਹੈ ਕਿ ਰਾਹ ਵਿਚ ਇਕ ਗੁਮਨਾਮ ਤੇ ਨਾਮਾਲੂਮ ਖਾਨਦਾਨ ਦੇ ਆਦਮੀ ਨੂੰ ਆਪਣੇ ਨਾਲ ਮਿਲਾ ਕੇ ਆਪਣੇ ਧਰਮ ਵਿਚ ਲੈ ਆਂਦਾ

ਅਤੇ ਆਪਣਾ ਨਾਇਬ ਬਣਾ ਕੇ ਮਾਖੋਵਾਲ (ਆਨੰਦਪੁਰ) ਵੱਲ ਨੂੰ ਭੇਜ ਦਿੱਤਾ। ਅਸਲੀ ਹਰਫ਼ ਇੰਝ ਹਨ:

"ਦਰ ਅਸਨਾਇ ਰਾਹ ਸ਼ਖ਼ਸ਼ੇ ਮਜਹੂਲ-ਲ-ਇਸਮ ਵਾ ਨਸਬਰਾ ਮੁਸਤਮਾਲ ਬ-ਮਜ਼ਹਬਿ ਖ਼ੁਦ ਆਵੁਰਦ ਵਾ ਬਰ ਤਰਫ਼ਿ ਮਾਖੋਵਾਲ ਬ-ਨਿਆਬਤਿ ਖ਼ੁਦ ਰਵਾਨਾ ਕਰਦ।"

## *ਤਵਾਰੀਖ਼-ਪੰਜਾਬ (1881 ਈ.) :*

ਇਸ ਉਰਦੂ ਕਿਤਾਬ ਦਾ ਲੇਖਕ ਕਨ੍ਹਈਆ ਲਾਲ ਹੈ ਜੋ 1881 ਈ: ਵਿਚ ਲਾਹੌਰ ਵਿਚ ਲਿਖੀ ਗਈ। ਇਸ ਦੇ ਸਫ਼ਾ 56 ਤੇ ਲਿਖਿਆ ਹੈ, "ਬਾਵਜੂਦ ਕਿ ਅੱਵਲ ਵੁਹ ਖਾਨਦਾਨਿ ਬੈਰਾਗ ਕਾ ਚੇਲਾ ਥਾ, ਇਸ ਸਿਲਸਿਲੇ ਸੇ ਅਲਹਿਦਾ ਹੋ ਕਰ ਗੁਰੂ ਗੋਬਿੰਦ ਸਿੰਘ ਕਾ ਚੇਲਾ ਬਨ ਗਿਆ, ਔਰ 'ਪਾਹੁਲ' ਲੈ ਕਰ ਗੁਰੂ ਕਾ ਸਿੱਖ ਹੁਆ।"

## *ਜ਼ਿਕਰ ਗੁਰੂਆਂ ਵਾ ਇਬਤਿਦਾਇ ਸਿੰਘਾਂ ਵਾ ਮਜ਼ਹਬਿ ਏਸ਼ਾ (1885 ਈ.) :*

ਇਸ ਪੁਸਤਕ ਦਾ ਲੇਖਕ ਅਹਿਮਦ ਸ਼ਾਹ ਬਟਾਲੀਆ ਹੈ। ਇਹ ਫ਼ਾਰਸੀ ਹੱਥ-ਲਿਖਤ 1885 ਈ: ਦੀ ਹੈ, ਜਿਸ ਦੇ 468 ਸਫ਼ੇ ਹਨ ਅਤੇ ਹਰ ਸਫ਼ੇ ਤੇ 17 ਸਤਰਾਂ ਹਨ। ਬਟਾਲਾ ਨਿਵਾਸੀ ਰੱਜਬ ਅਲੀ ਨੇ 1866 ਈ: ਵਿਚ ਤਰਤੀਬ ਦਿੱਤੀ ਸੀ। ਉਪਰ ਵਰਨਣ ਨਾਂ ਹੇਠ ਸਿੱਖਾਂ ਬਾਰੇ ਇਕੋ ਚੈਪਟਰ ਹੈ ਪਰ ਇਹ ਵੱਡੀ ਕਿਤਾਬ 'ਤਵਾਰੀਖ਼-ਏ-ਹਿੰਦ' 1233 ਹਿਜਰੀ ਦੀ ਹੈ। ਸਈਅਦ ਅਹਿਮਦ ਸ਼ਾਹ ਇਕ ਚੰਗੇ ਧਾਰਮਿਕ ਪਰਵਾਰ ਵਿਚੋਂ ਸੀ ਜੋ ਪੰਜਾਬ ਦੇ ਬਟਾਲਾ ਦਾ ਰਹਿਣ ਵਾਲਾ ਸੀ।

ਇਹ ਖਰੜਾ ਦਿਆਲ ਸਿੰਘ ਟ੍ਰਸਟ ਲਾਇਬਰੇਰੀ ਲਾਹੌਰ ਵਿਚ ਮੌਜੂਦ ਹੈ। ਇਸ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਅਤੇ ਬੰਦਾ ਸਿੰਘ ਬਹਾਦਰ ਬਾਰੇ ਜੋ ਵਾਰਤਾਲਾਪ ਦਿੱਤੀ ਹੈ ਉਹ ਇੰਝ ਹੈ:-

ਮਾਧੋਦਾਸ : (ਮਹਾਰਾਜ) ਆਪ ਕੌਣ ਹੈਂ?

ਗੁਰੂ ਸਾਹਿਬ : ਉਹ ਜਿਸ ਨੂੰ ਤੂੰ ਜਾਣਦਾ ਹੈਂ।

ਮਾਧੋਦਾਸ : ਮੈਂ ਕੀ ਜਾਣਦਾ ਹਾਂ?

ਗੁਰੂ ਸਾਹਿਬ : ਆਪਣੇ ਮਨ ਵਿਚ ਚੰਗੀ ਤਰ੍ਹਾਂ ਸੋਚ।

ਮਾਧੋਦਾਸ : (ਸੋਚ ਕੇ) ਆਪ ਗੁਰੂ ਗੋਬਿੰਦ ਸਿੰਘ ਹੋ।

ਗੁਰੂ ਸਾਹਿਬ : ਹਾਂ।

ਮਾਧੋਦਾਸ : ਆਪ ਇਥੇ ਕਿਸ ਤਰ੍ਹਾਂ ਪਧਾਰੇ ਹੋ?

ਗੁਰੂ ਸਾਹਿਬ : ਮੈਂ ਇਸ ਲਈ ਆਇਆ ਹਾਂ ਕਿ ਤੈਨੂੰ ਆਪਣਾ ਸਿੰਘ ਸਜਾਵਾਂ।

ਮਾਧੋਦਾਸ : ਮੈਂ ਹਾਜ਼ਰ ਹਾਂ ਹਜ਼ੂਰ! ਮੈਂ ਆਪ ਦਾ ਬੰਦਾ (ਗੁਲਾਮ) ਹਾਂ।

ਅਹਿਮਦ ਸ਼ਾਹ ਬਟਾਲੀਏ ਨੇ ਲਿਖਿਆ ਹੈ ਕਿ ਉਸ ਨੂੰ ਉਥੇ ਹੀ ਪਾਹੁਲ ਦੇ ਕੇ ਸਿੰਘ ਬਣਾ

ਦਿੱਤਾ ਅਤੇ ਆਪਣੇ ਡੇਰੇ ਲੈ ਆਂਦਾ। "ਪਸ ਹਮਾਗਾਹ ਓ ਰਾ ਪਾਹੁਲ ਦਾਦਾ ਸਿੰਘ ਕਰਦ ਦਾ ਬਾ-ਖੁਦ ਬ-ਡੇਰਾ ਆਵੁਰਦ।"

## ਤਾਰੀਖ਼-ਹਿੰਦੁਸਤਾਨ (1898 ਈ.) :

ਇਸ ਦਾ ਲੇਖਕ ਮੌਲਵੀ ਮੁਹੰਮਦ ਜਕਾਉਲਾ ਹੈ ਜਿਸ ਨੇ ਦਿੱਲੀ ਵਿਚ 1898 ਈ: ਵਿਚ ਲਿਖੀ। ਇਸ ਦੀ ਨੌਵੀਂ ਜਿਲਦ ਦੇ 47 ਸਫ਼ੇ ਤੇ ਬੰਦਾ ਸਿੰਘ ਬਹਾਦਰ ਵਲੋਂ 'ਖੰਡੇ ਦੀ ਪਾਹੁਲ' ਲੈਣ ਦਾ ਵਰਣਨ ਹੈ।

'ਹਾਲਿ-ਮੁਖ਼ਤਿਸਰ ਇਬਤਾਦਾਇ ਫ਼ਿਰਕਾ ਇ ਸਿੱਖਾਂ' ਇਸ ਫ਼ਾਰਸੀ ਹੱਥ ਲਿਖਤ ਦਾ ਲੇਖਕ ਬਫ਼ਤ-ਮੱਲ ਹੈ। ਇਸ ਵਿਚ ਬਾਬਾ ਬੰਦਾ ਸਿੰਘ ਬਹਾਦਰ ਦਾ 'ਖੰਡੇ ਦੀ ਪਾਹੁਲ' ਲੈਣ ਦਾ ਜ਼ਿਕਰ ਸਫ਼ਾ 10 ਤੇ ਦਰਜ ਹੈ।

ਇਨ੍ਹਾਂ ਉਪਰ ਵਰਣਨ ਹੱਥ-ਲਿਖਤਾਂ ਅਤੇ ਕਿਤਾਬਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਪੁਸਤਕਾਂ ਜਿਨ੍ਹਾਂ ਵਿਚ ਬਾਬਾ ਬੰਦਾ ਸਿੰਘ ਬਹਾਦਰ ਦਾ 'ਖੰਡੇ ਦੀ ਪਾਹੁਲ' ਲੈ ਕੇ ਸਿੰਘ ਸਜਣ ਦਾ ਜ਼ਿਕਰ ਆਇਆ ਹੈ, ਜਿਵੇਂ ਗੌਸ਼ਾਇ-ਪੰਜਾਬ (ਰਾਧਾ ਕਿਸ਼ਨ) ਸਿੱਖਾਂ ਦੇ ਰਾਜ ਦੀ ਵਿਥਿਆ (ਸ਼ਰਧਾ ਰਾਮ), ਗੁਰੂ ਗੋਬਿੰਦ ਸਿੰਘ (ਵੇਨੀ ਪ੍ਰਸ਼ਾਦ) ਗੁਰੂ ਗੋਬਿੰਦ ਸਿੰਘ (ਰਾਮ ਬ੍ਰਿਕਸਾ ਸ਼ਰਮਾ), ਸ਼ਮਸ਼ੇਰ ਖ਼ਾਲਸਾ ਉਰਦੂ (ਗਿਆਨੀ ਗਿਆਨ ਸਿੰਘ), ਪੰਥ ਪ੍ਰਕਾਸ਼ (ਗਿ: ਗਿਆਨ ਸਿੰਘ), ਤਾਰੀਖ਼ਿ ਪੰਜਾਬ (ਮੁਹੰਮਦ ਲਤੀਫ਼), ਗੁਰੂ ਗੋਬਿੰਦ ਸਿੰਘ (ਸੁਰਿੰਦਰ ਸ਼ਰਮਾ), ਏ ਸ਼ਾਰਟ ਹਿਸਟਰੀ ਆਫ਼ ਦੀ ਮੁਗਲ ਐਮਪਾਇਰ (ਇਰਾਦਤ ਖਾਨ), ਇੰਡੀਆ (ਲੇਵਿਟ), ਦੀ ਸਿੱਖ ਰੈਫ਼ਰੈਂਸ ਬੁੱਕ (ਡਾ. ਹਰਜਿੰਦਰ ਸਿੰਘ ਦਿਲਗੀਰ), ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ (ਐਡੀਟਰ : ਹਰਬੰਸ ਸਿੰਘ), ਮੈਕਗ੍ਰੇਗਰ, ਸੀ. ਐਚ. ਪੇਨ, ਫ਼ਾਰਸਟਰ, ਜੇਮਜ਼ ਬਰਾਉਨ ਆਦਿ ਖਾਸ ਜ਼ਿਕਰ-ਯੋਗ ਹਨ।

# ਕੀ ਸਿੱਖਾਂ ਦੁਆਰਾ ਕੀਤੇ ਦੇਸ਼-ਧਰੋਹ ਕਰਕੇ ਦੇਸ਼ ਗੁਲਾਮ ਰਿਹਾ ?

ਫ਼ਿਰਕਾਪ੍ਰਸਤ ਅਤੇ ਤੁਅੱਸਬੀ ਜਨੂੰਨ ਹੇਠ ਆਪਣੀ ਵਿਉਂਤ ਨੂੰ ਬੜੀ ਸੂਝ-ਬੂਝ ਨਾਲ ਲਾਗੂ ਕਰਕੇ ਸਾਰੇ ਹਿੰਦੁਸਤਾਨ ਨੂੰ ਹਿੰਦੂਤਵ ਦੀ ਧਾਰਨੀ ਬਣਾਉਣ ਵਾਲੀ ਜਥੇਬੰਦੀ ਆਰ.ਐੱਸ.ਐੱਸ. ਮਾਸਿਕ ਪੱਤਰ ਰਵਾਨੀ (ਨਵੰਬਰ 1999) ਦੇ ਪੰਨਾ 12 ਉੱਪਰ ਸਿੱਖਾਂ ਦੀ ਦੇਸ਼ ਭਗਤੀ ਤੇ ਕੁਰਬਾਨੀ ਉਪਰ ਸ਼ੱਕ ਦੀ ਉਂਗਲੀ ਉਠਾਉਂਦੀ ਲਿਖਦੀ ਹੈ:

"ਇਸ ਵਿਚ ਕੋਈ-ਸ਼ੱਕ ਨਹੀਂ ਕਿ ਜੇ ਸਿੱਖ ਸੈਨਿਕ 1857 ਦੇ ਵਿਦਰੋਹ ਸਮੇਂ ਅੰਗਰੇਜ਼ਾਂ ਦਾ ਸਾਥ ਨਾ ਦਿੰਦੇ ਤਾਂ ਭਾਰਤ ਕਾਫ਼ੀ ਸਮਾਂ ਪਹਿਲਾਂ ਹੀ ਆਜ਼ਾਦ ਹੋ ਜਾਣਾ ਸੀ।"

ਪ੍ਰਥਮ ਗੁਰਦੇਵ ਗੁਰੂ ਨਾਨਕ ਸਾਹਿਬ ਤੋਂ ਕਾਫ਼ੀ ਸਮਾਂ ਪਹਿਲਾਂ ਤਕ ਹਿੰਦੋਸਤਾਨੀ ਇਤਿਹਾਸ ਦੇ ਪੰਨਿਆਂ ਵਿਚ ਕਿਸੇ ਅਜਿਹੀ ਸ਼ਖਸੀਅਤ ਦਾ ਜ਼ਿਕਰ ਨਹੀਂ ਮਿਲਦਾ ਹੈ ਜਿਸ ਨੇ ਜ਼ੁਲਮ ਦੇ ਖਿਲਾਫ਼ ਆਵਾਜ਼ ਉਠਾਈ ਹੋਵੇ, ਹਮਲਾਵਰ ਹੋ ਕੇ ਆਏ ਬਾਬਰ ਨੂੰ ਜਾਬਰ ਆਖਿਆ ਹੋਵੇ, ਲੋਕਾਂ ਨੂੰ 'ਪਤਿ ਸਹਿਤ' ਜੀਉਣ ਦਾ ਉਪਦੇਸ਼ ਦਿੱਤਾ ਹੋਵੇ ਤੇ ਬੇਅਣਖ ਹੋ ਕੇ ਜਿਉਣ ਵਾਲੇ ਲੋਕਾਂ ਨੂੰ ਫਿਟਕਾਰ ਕੇ ਆਖਿਆ ਹੋਵੇ "ਸਭ ਹਰਾਮੁ ਜੇਤਾ ਕਿਛੁ ਖਾਹਿ॥"

ਗੁਰੂ ਸਾਹਿਬ ਨੇ ਬੇਅਣਖੇ ਤੇ ਪੱਤ ਲਾਹ ਕੇ ਜਿਉਣ ਵਾਲੇ ਲੋਕਾਂ ਨੂੰ ਅਣਖ-ਭਰਪੂਰ ਜੀਵਨ ਦਾਨ ਦਿੱਤਾ। ਦਸ ਜਾਮਿਆਂ ਵਿਚ ਵਿਚਰ ਕੇ ਅਜਿਹੇ ਪੂਰਨ ਮਨੁੱਖ ਦੀ ਘਾੜਤ ਘੜੀ ਜਿਸ ਦੇ ਅੱਗੇ ਆਪਣੇ ਆਪ ਨੂੰ ਸਮਰਪਿਤ ਕਰਕੇ ਆਖਿਆ :

*ਖ਼ਾਲਸਾ ਮੇਰਾ ਸਤਿਗੁਰ ਪੂਰਾ॥*

ਗੁਰੂ ਕੇ ਸਾਜੇ ਨਿਵਾਜੇ ਖ਼ਾਲਸੇ ਨੂੰ ਵੱਖ-ਵੱਖ ਸਮਿਆਂ ਦੌਰਾਨ ਕਈ ਖ਼ੂਨੀ ਹਨੇਰੀਆਂ ਝੱਖੜਾਂ ਨੇ ਖੂੰਜੇ ਲਗਾਉਣਾ ਚਾਹਿਆ ਪਰ ਖ਼ਾਲਸਾ ਅਡੋਲ ਰਿਹਾ। ਅਨੇਕਾਂ ਕਸ਼ਟ ਸਹਾਰ ਕੇ, ਪਾਣੀ ਵਾਂਗ ਆਪਣਾ ਖ਼ੂਨ ਡੋਲ ਕੇ, ਘੋੜਿਆਂ ਦੀਆਂ ਕਾਠੀਆਂ 'ਤੇ ਦਿਨ ਗੁਜ਼ਾਰਨ ਵਾਲਾ ਖ਼ਾਲਸਾ ਰਾਜ ਭਾਗ ਦਾ ਮਾਲਕ ਬਣਿਆ, ਖ਼ਾਲਸਾ ਰਾਜ ਦੀ ਸਥਾਪਨਾ ਹੋ ਗਈ ਪਰੰਤੂ ਡੋਗਰਿਆਂ ਬ੍ਰਾਹਮਣਾਂ ਦੀ ਗਦਾਰੀ ਸਦਕਾ ਖ਼ੂਨ ਦੇ ਕੇ ਲਿਆ ਰਾਜ 1849 ਨੂੰ ਖ਼ਾਲਸੇ ਕੋਲੋਂ ਜਾਂਦਾ ਰਿਹਾ। ਫਰਵਰੀ 1849 ਨੂੰ ਸਭਰਾਵਾਂ ਦੇ ਮੈਦਾਨ ਵਿਚ ਖ਼ਾਲਸਾ ਫ਼ੌਜਾਂ ਦੀ ਆਖਰੀ ਲੜਾਈ ਅੰਗਰੇਜ਼ਾਂ ਤੇ ਪੂਰਬੀਆਂ ਨਾਲ ਹੋਈ। ਫੈਸਲਾਕੁੰਨ ਜੰਗ ਤੇ ਭਖੇ ਹੋਏ ਰਣਖੇਤਰ ਵਿਚ ਤੇਜਾ ਸਿੰਘ ਤੇ ਲਾਲ ਸਿੰਘ ਪੂਰਬੀਆਂ ਦੀ

ਗਦਾਰੀ ਸਦਕਾ ਸਿੱਖਾਂ ਨੂੰ ਹਾਰ ਹੋਈ। ਸ਼ਾਮ ਸਿੰਘ ਅਟਾਰੀ ਵਰਗੇ ਸੁਹਿਰਦ ਸਰਦਾਰਾਂ ਦਾ ਖ਼ੂਨ ਸਭਰਾਉਂ ਦੇ ਮੈਦਾਨ ਵਿਚ ਡੁੱਲ੍ਹਿਆ ਪਰ ਗ਼ਦਾਰੀ ਦੀ ਮਾਰ ਵੱਜਣ ਕਰਕੇ ਖ਼ਾਲਸਾ ਰਾਜ ਅੰਗਰੇਜ਼ਾਂ ਦੇ ਕਬਜ਼ੇ ਹੇਠ ਆ ਗਿਆ।

ਭਾਈ ਮਹਿਰਾਜ ਸਿੰਘ ਵਰਗੇ ਗੁਰਸਿੱਖਾਂ ਨੂੰ ਹਿੰਦੂ ਧਰੋਹੀਆਂ ਵੱਲੋਂ ਮੁਖ਼ਬਰੀ ਕਰਕੇ ਅੰਗਰੇਜ਼ਾਂ ਦੇ ਹਵਾਲੇ ਕਰਵਾ ਦਿੱਤਾ, ਜਿਨ੍ਹਾਂ ਨੇ ਸਭ ਤੋਂ ਪਹਿਲਾਂ ਪਿੰਡ-ਪਿੰਡ ਜਾ ਕੇ ਆਜ਼ਾਦੀ ਦੀ ਲਹਿਰ ਬੁਲੰਦ ਕਰਨ ਦੀ ਕੋਸ਼ਿਸ਼ ਕੀਤੀ।

1850 ਵਿਚ ਅੰਗਰੇਜ਼ ਅਧੀਨ ਹੋ ਚੁੱਕੀਆਂ 50 ਤੋਂ ਵੱਧ ਸਿੱਖ ਰੈਜੀਮੈਂਟਾਂ ਨੇ ਬਗ਼ਾਵਤ ਕਰਨ ਦੀ ਕੋਸ਼ਿਸ਼ ਕੀਤੀ ਪਰ ਅੰਗਰੇਜ਼ ਅਫ਼ਸਰ ਚਾਰਲਸ ਕੈਂਪੀਅਰ ਦੀ ਵਕਤ ਸਿਰ ਕਾਰਵਾਈ ਸਦਕਾ ਇਹ ਬਗ਼ਾਵਤ ਕੁਚਲੀ ਗਈ।

ਇਸ ਤੋਂ ਬਾਅਦ ਵਿਚ ਗੁਰੂ ਕੇ ਸਿੱਖ ਤੇ ਕਲਗੀਧਰ ਦੇ ਲਾਡਲੇ ਸਪੁਤ ਬਾਬਾ ਰਾਮ ਸਿੰਘ ਨੇ ਨਾ-ਮਿਲਵਰਤਣ ਲਹਿਰ ਸ਼ੁਰੂ ਕੀਤੀ। ਅੰਗਰੇਜ਼ੀ ਸਾਧਨਾਂ ਦਾ ਬਾਈਕਾਟ ਕੀਤਾ ਗਿਆ ਪਰ ਪੰਜਾਬ ਤੋਂ ਬਾਹਰ ਕਿਸੇ ਨੇ ਵੀ ਇਸ ਵਿਚ ਖ਼ਾਸ ਯੋਗਦਾਨ ਨਾ ਪਾਇਆ, ਹਾਲਾਂਕਿ ਮਹਾਤਮਾ ਗਾਂਧੀ ਵਲੋਂ ਆਰੰਭਿਆ ਅਸਹਿਯੋਗ ਅੰਦੋਲਨ ਵੀ ਬਾਬਾ ਰਾਮ ਸਿੰਘ ਦੀ ਕਾਰਜ ਵਿਉਂਤ ਦੀ ਨਕਲ ਸੀ।

ਮਈ 1857 ਵਿਚ ਕੁਝ ਪੂਰਬੀਏ ਸਿਪਾਹੀਆਂ ਵੱਲੋਂ ਅੰਗਰੇਜ਼ ਅਫਸਰਾਂ ਵਿਰੁੱਧ ਬਗ਼ਾਵਤ ਕੀਤੀ ਗਈ, ਹਾਲਾਂਕਿ ਨਾ ਤਾਂ ਇਹ ਕੋਈ ਬਹੁਤ ਵੱਡੀ ਬਗ਼ਾਵਤ ਸੀ ਅਤੇ ਨਾ ਹੀ ਅਜ਼ਾਦੀ ਦੀ ਪਹਿਲੀ ਜੰਗ। ਭਾਵੇਂ ਕਿ ਮਜ਼ਹਬੀ ਜਨੂੰਨ ਹੇਠ ਕਈ ਤੁਅੱਸਬੀ ਲੇਖਕਾਂ ਵੱਲੋਂ ਇਸ ਨੂੰ 'ਆਜ਼ਾਦੀ ਦੀ ਪਹਿਲੀ ਜੰਗ' ਕਿਹਾ ਜਾਂਦਾ ਹੈ ਅਤੇ ਇਸ ਦੀ ਅਸਫ਼ਲਤਾ ਦਾ ਕਾਰਨ ਸਿੱਖਾਂ ਦੀ ਗ਼ਦਾਰੀ ਗਿਣੀ ਜਾਂਦੀ ਹੈ। ਦੂਜੇ ਸ਼ਬਦਾਂ ਵਿਚ ਅਜਿਹੇ ਲੇਖਕਾਂ ਦਾ ਮਤਲਬ ਹੈ ਕਿ ਜੇਕਰ ਸਿੱਖ 1857 ਦੀ ਜੰਗ-ਏ-ਅਜ਼ਾਦੀ ਨੂੰ ਅਸਫ਼ਲ ਨਾ ਬਣਾਉਂਦੇ ਤਾਂ ਹਿੰਦੋਸਤਾਨ ਤਾਂ 90 ਸਾਲ ਪਹਿਲਾਂ ਹੀ ਆਜ਼ਾਦ ਹੋ ਜਾਣਾ ਸੀ।

## ਕੀ ਇਹੀ ਆਜ਼ਾਦੀ ਦੀ ਜੰਗ ਸੀ?

ਇਸ ਅਖੌਤੀ ਜੰਗ-ਏ-ਆਜ਼ਾਦੀ ਦੀ ਸ਼ੁਰੂਆਤ 9 ਮਈ 1857 ਨੂੰ ਬੈਰਕਪੁਰ (ਮੇਰਠ) ਵਿਖੇ ਇਕ ਬੰਗਾਲੀ ਰੈਜੀਮੈਂਟ ਦੇ 85 ਕੁ ਸਿਪਾਹੀਆਂ ਦੀ ਬਗ਼ਾਵਤ ਤੋਂ ਹੋਈ। ਬਗ਼ਾਵਤ ਦਾ ਕਾਰਨ ਚਰਬੀ ਵਾਲੇ ਕਾਰਤੂਸ ਬਣੇ ਜਿਹੜੇ ਕਿ Enfield ਰਾਈਫਲਾਂ ਵਿਚ ਵਰਤੇ ਜਾਂਦੇ ਸਨ ਅਤੇ ਚਲਾਉਣ ਤੋਂ ਪਹਿਲਾਂ ਉਨ੍ਹਾਂ ਕਾਰਤੂਸਾਂ ਨੂੰ ਮੂੰਹਾਂ ਨਾਲ ਖੋਲ੍ਹਣਾ ਪੈਂਦਾ ਸੀ। 90 ਵਿਚੋਂ 85 ਸਿਪਾਹੀਆਂ ਨੇ ਇਹ ਕਹਿ ਕੇ ਇਹ ਕਾਰਤੂਸ ਵਰਤਣ ਤੋਂ ਇਨਕਾਰ ਕਰ ਦਿੱਤਾ ਕਿ ਇਨ੍ਹਾਂ ਉਪਰ ਗਊ ਅਤੇ ਸੂਰ ਦੀ ਚਰਬੀ ਚੜ੍ਹੀ ਹੋਈ ਹੈ ਅਤੇ ਉਨ੍ਹਾਂ (ਹਿੰਦੂ, ਮੁਸਲਮਾਨਾਂ) ਦੇ ਧਾਰਮਿਕ ਜਜ਼ਬਾਤਾਂ ਨੂੰ ਠੇਸ ਪਹੁੰਚਦੀ ਹੈ। ਅੰਗਰੇਜ਼ਾਂ ਨੇ ਇਨ੍ਹਾਂ 85 ਸਿਪਾਹੀਆਂ ਨੂੰ ਹੁਕਮ-ਅਦੂਲੀ ਸਦਕਾ ਸਜ਼ਾਵਾਂ ਦਿੱਤੀਆਂ ਤਾਂ ਇਨ੍ਹਾਂ ਸਿਪਾਹੀਆਂ ਨੇ ਬਗ਼ਾਵਤ ਕਰ ਦਿੱਤੀ। ਇਸ ਵਿਚ ਕਈ ਹੋਰ

ਸਿਪਾਹੀ ਅਤੇ ਸਮਾਜ-ਵਿਰੋਧੀ ਅਨਸਰ ਸ਼ਾਮਿਲ ਹੋ ਗਏ ਅਤੇ ਦੰਗਾ-ਫਸਾਦ ਤੇ ਲੁੱਟ-ਮਾਰ ਕੀਤੀ। ''ਚਰਬੀ ਵਾਲੇ ਕਾਰਤੂਸ' ਜੋ ਇਸ ਅਖੌਤੀ ਆਜ਼ਾਦੀ ਦੀ ਜੰਗ ਦੇ ਕਾਰਨ ਬਣੇ, ਵਾਸਤੇ ਚਰਬੀ ਵੀ ਇਕ ਬ੍ਰਾਹਮਣ ਬੰਗਾਲੀ ਠੇਕੇਦਾਰ ਨੇ ਸਪਲਾਈ ਕੀਤੀ।

Mr. Sen ਦੀ ਕਿਤਾਬ (Eighteen Fifty Seven) ਅਨੁਸਾਰ ''ਚਰਬੀ ਤੇ ਗਰੀਸ ਇਕ ਬੰਗਾਲੀ ਬ੍ਰਾਹਮਣ ਠੇਕੇਦਾਰ ਵੱਲੋਂ ਸਪਲਾਈ ਕੀਤੀ ਗਈ। ਸਰਕਾਰ ਨੇ ਇਸ ਕੰਮ ਲਈ ਭੇਡ ਅਤੇ ਬੱਕਰੇ ਦੀ ਚਰਬੀ ਇਸਤੇਮਾਲ ਕਰਨ ਦਾ ਆਦੇਸ਼ ਦਿੱਤਾ ਸੀ ਪਰ ਪੈਸੇ ਬਚਾਉਣ ਕਰਕੇ ਠੇਕੇਦਾਰ ਨੇ ਸੂਰ ਤੇ ਬੈਲ ਦੀ ਚਰਬੀ ਦਿੱਤੀ। (ਪੰਨਾ ੪੨)

ਡਾ: ਸੇਨ ਨੇ ਇਸ ਨੂੰ ਸਾਬਤ ਕਰਨ ਲਈ 23 ਫਰਵਰੀ ਦੀ The Times ਅਖ਼ਬਾਰ ਦਾ ਹਵਾਲਾ ਦਿੱਤਾ ਹੈ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਜੇਕਰ ਵਿਦਰੋਹ ਦਾ ਕਾਰਨ ਸਿਰਫ ਚਰਬੀ ਵਾਲੇ ਕਾਰਤੂਸ ਹੀ ਸਨ ਤਾਂ ਵਿਦਰੋਹ ਉਪਰੰਤ ਬਾਗੀ ਸੈਨਿਕਾਂ ਨੇ ਉਹੀ ਬੰਦੂਕਾਂ ਤੇ ਕਾਰਤੂਸ ਅੰਗਰੇਜ਼ਾਂ ਖਿਲਾਫ ਕਿਵੇਂ ਵਰਤੇ?

ਕਈ ਸੁਹਿਰਦ ਅਤੇ ਇਨਸਾਫ ਪਸੰਦ ਲੇਖਕ ਵਿਦਵਾਨ ਇਸ ਨੂੰ ਸਿਰਫ ਨਿੱਜੀ ਹਿੱਤਾਂ ਦੀ ਪ੍ਰਾਪਤੀ ਲਈ ਕੀਤੀ ਇਕ ਛੋਟੀ ਜਿਹੀ ਸਿਪਾਹੀ ਬਗਾਵਤ ਸਮਝਦੇ ਹਨ, ਨਾਕਿ ਆਜ਼ਾਦੀ ਦੀ ਜੰਗ।

ਸਰ ਜਾਦੂ ਨਾਥ ਸਰਕਾਰ ਅਨੁਸਾਰ :- ''The Sepoy Mutiny was not a fight for freedom।''

ਡਾ. ਆਰ. ਸੀ. ਮਜੂਮਦਾਰ "It was neither first nor national, nor a war of independence"

ਡਾ: ਗੰਡਾ ਸਿੰਘ ਅਨੁਸਾਰ:- ''ਚਰਬੀ ਵਾਲੇ ਕਾਰਤੂਸਾਂ ਕਾਰਨ ਧਾਰਮਿਕ ਤੌਰ 'ਤੇ ਪ੍ਰਭਾਵਿਤ ਹੋ ਕੇ ਕੁਝ ਪੂਰਬੀਏ ਹਿੰਦੂ ਮੁਸਲਮਾਨ ਸੈਨਿਕਾਂ ਨੇ ਵਿਦਰੋਹ ਕੀਤਾ ਅਤੇ ਅਨੇਕਾਂ ਬੇਦੋਸ਼ੇ ਲੋਕਾਂ ਨੂੰ ਕਤਲ ਕੀਤਾ (The Indian Mutiny of 1857 and the Sikhs)''

## ਸੰਘਰਸ਼ ਦਾ ਨੇਤਾ ਬਹਾਦਰ ਸ਼ਾਹ

11 ਮਈ 1857 ਨੂੰ ਇਹ ਵਿਦਰੋਹੀ ਸੈਨਿਕ ਦੰਗਾ ਫਸਾਦ ਤੇ ਕਤਲੋਗਾਰਤ ਕਰਦੇ ਹੋਏ 'ਬਹਾਦਰ ਸ਼ਾਹ ਦੀ ਜੈ' ਪੁਕਾਰਦੇ ਹੋਏ ਦਿੱਲੀ ਦਾਖਲ ਹੋਏ। ਇਨ੍ਹਾਂ ਵਿਦਰੋਹੀਆਂ ਨੇ ਬਹਾਦਰ ਸ਼ਾਹ ਨੂੰ ਆਪਣਾ ਨੇਤਾ ਚੁਣਿਆ।

Dr. R.C. Majumdar ਅਨੁਸਾਰ :- ਵਿਦਰੋਹੀਆਂ ਨੇ ਬਹਾਦਰ ਸ਼ਾਹ ਨੂੰ ਨੇਤਾ ਇਸ ਕਰਕੇ ਚੁਣਿਆ ਕਿਉਂਕਿ ਉਹ ਆਪਣੀ ਸਲਤਨਤ ਖੁਸਣ ਕਰਕੇ ਅੰਗਰੇਜ਼ਾਂ ਤੋਂ ਨਾਖੁਸ਼ ਸੀ। ਕਿਉਂਕਿ ਲਾਰਡ ਵਿਲੀਅਮ ਬੈਂਟਿੰਗ ਦੀ ਘੋਸ਼ਣਾ ਅਨੁਸਾਰ ਬਹਾਦਰ ਸ਼ਾਹ ਦੀ ਮੌਤ ਤੋਂ ਬਾਅਦ ਇਸ ਦਾ ਵਾਰਿਸ ਸੁਲਤਾਨ ਨਹੀਂ ਹੋਵੇਗਾ ਅਤੇ ਉਸ ਦੇ ਵੰਸ਼ਜਾਂ ਨੂੰ ਲਾਲ ਕਿਲ੍ਹਾ ਖਾਲੀ ਕਰਨਾ ਪਵੇਗਾ। ਬਹਾਦਰ ਸ਼ਾਹ ਭਾਵੇਂ ਅੰਗਰੇਜ਼ਾਂ ਖਿਲਾਫ ਸੀ ਪਰ ਅੰਗਰੇਜ਼ਾਂ ਨੂੰ ਕੱਢਣ ਦੇ ਹੱਕ ਵਿਚ ਨਹੀਂ ਸੀ।

ਉਹ ਵਿਦਰੋਹੀਆਂ ਦਾ ਸਾਥ ਵੀ ਨਹੀਂ ਦੇਣਾ ਚਾਹੁੰਦਾ ਸੀ, ਇਸ ਕਰਕੇ ਹੀ ਉਸ ਨੇ ਆਗਰੇ ਦੇ ਲੈਫਟੀਨੈਂਟ ਗਵਰਨਰ ਨੂੰ ਮੇਰਠ ਵਿਦਰੋਹ ਦੀ ਖਬਰ ਪਹੁੰਚਾਈ। ਵਿਦਰੋਹੀਆਂ ਨੇ ਬਹਾਦਰ ਸ਼ਾਹ ਨੂੰ ਬੇਇੱਜ਼ਤ ਵੀ ਕੀਤਾ। ਵਿਦਰੋਹੀਆਂ ਨੇ ਬਹਾਦਰ ਸ਼ਾਹ ਨੂੰ ਆਪਣੇ ਅਧੀਨ ਕਰ ਲਿਆ ਅਤੇ ਸ਼ਹਿਜ਼ਾਦਾ ਅਬੂਬੱਕਰ ਨੂੰ ਆਪਣਾ ਨੇਤਾ ਬਣਾ ਲਿਆ।

ਡਾ.ਆਰ.ਸੀ. ਮਜੂਮਦਾਰ ਅਨੁਸਾਰ : "ਬਹਾਦਰ ਸ਼ਾਹ ਨੇ ਅੰਗਰੇਜ਼ਾਂ ਨਾਲ ਗੁਪਤ ਸਮਝੌਤਾ ਕਰਨ ਦੀ ਕੋਸ਼ਿਸ਼ ਕੀਤੀ ਅਤੇ ਪੇਸ਼ਕਸ਼ ਕੀਤੀ ਕਿ ਜੇਕਰ ਅੰਗਰੇਜ਼ ਉਸ ਦੇ ਜਾਨ ਮਾਲ ਦੀ ਗਰੰਟੀ ਲੈਣ, ਉਸ ਨੂੰ ਪੈਨਸ਼ਨ ਅਤੇ ਹੋਰ ਸਹੂਲਤਾਂ ਦੇਣ ਤਾਂ ਉਹ ਕਿਲ੍ਹੇ ਦੇ ਦਰਵਾਜ਼ੇ ਖੋਲ੍ਹਣ ਨੂੰ ਤਿਆਰ ਹੈ। **(Sepoy Mutiny and revolt of 1857 P 123)** ਬਹਾਦਰ ਸ਼ਾਹ ਦੀ ਮੁਖੀ ਰਾਣੀ ਜ਼ੀਨਤ ਮਹੱਲ ਨੇ ਅੰਗਰੇਜ਼ਾਂ ਨੂੰ ਪੇਸ਼ਕਸ਼ ਕੀਤੀ ਕਿ ਜੇਕਰ ਉਸ ਦੇ ਪੁੱਤਰ ਜਵਾਨ ਬਖਸ਼ ਨੂੰ ਸੁਲਤਾਨ ਐਲਾਨਿਆ ਜਾਵੇ ਤਾਂ ਉਹ ਅੰਗਰੇਜ਼ਾਂ ਦੀ ਸਹਾਇਤਾ ਕਰਨ ਨੂੰ ਤਿਆਰ ਹੈ।

ਦਿੱਲੀ ਦੇ ਹੋਰ ਵੀ ਕਈ ਨਵਾਬਾਂ ਅਤੇ ਮੁਗਲ ਅਹਿਲਕਾਰਾਂ ਨੇ ਅੰਗਰੇਜ਼ਾਂ ਨੂੰ ਅਜਿਹੀਆਂ ਪੇਸ਼ਕਸ਼ਾਂ ਕੀਤੀਆਂ ਕਿ ਜੇਕਰ ਉਨ੍ਹਾਂ ਨੂੰ "ਯੋਗ ਸਹੂਲਤਾਂ" ਦਿੱਤੀਆਂ ਜਾਣ ਤਾਂ ਉਹ ਅੰਗਰੇਜ਼ਾਂ ਦੀ ਮਦਦ ਕਰਨਗੇ।

ਇਥੋਂ ਤਕ ਕਿ ਬਹਾਦਰ ਸ਼ਾਹ ਦੇ ਆਪਣੇ ਸਿਪਾਹੀਆਂ ਨੇ ਵੀ ਉਦੋਂ ਤਕ ਲੜਨ ਤੋਂ ਇਨਕਾਰ ਕਰ ਦਿੱਤਾ ਜਦੋਂ ਤਕ ਉਨ੍ਹਾਂ ਨੂੰ ਯੋਗ ਤਨਖਾਹਾਂ ਨਾ ਦਿੱਤੀਆਂ ਜਾਣ। **(Dr. Ganda Singh)**

ਇਕ ਪਾਸੇ ਤਾਂ ਆਜ਼ਾਦੀ ਦੀ ਗੱਲ ਕਰਨੀ ਅਤੇ ਦੂਸਰੇ ਪਾਸੇ ਤਨਖਾਹਾਂ ਦੀ ਮੰਗ ਕਰਨੀ ਦੋਵੇਂ ਤੱਥ ਮੇਲ ਨਹੀਂ ਖਾਂਦੇ, ਜਿਸ ਤੋਂ ਸਪੱਸ਼ਟ ਹੈ ਇਹ ਕੇਵਲ ਨਿੱਜੀ ਸਵਾਰਥਾਂ 'ਤੇ ਆਧਾਰਿਤ ਵਿਦਰੋਹ ਸੀ, ਨਾਕਿ ਆਜ਼ਾਦੀ ਦੀ ਜੰਗ।

ਆਜ਼ਾਦੀ ਦੇ ਇਸ ਬਣਾਏ ਗਏ ਅਖੌਤੀ ਨੇਤਾ ਬਹਾਦਰ ਸ਼ਾਹ ਬਾਰੇ **R.C. Majumdar** ਲਿਖਦਾ ਹੈ, "ਸਾਰੀਆਂ ਘਟਨਾਵਾਂ ਕੋਈ ਸ਼ੰਕਾ ਨਹੀਂ ਰਹਿਣ ਦਿੰਦੀਆਂ ਕਿ ਬਹਾਦਰ ਸ਼ਾਹ ਅਤੇ ਉਸ ਦੇ ਪਰਿਵਾਰ ਨੇ ਕੇਵਲ ਵਿਦਰੋਹੀਆਂ ਨਾਲ ਹੀ ਨਹੀਂ ਬਲਕਿ ਪੂਰੇ ਦੇਸ਼ ਨਾਲ ਗਦਾਰੀ ਕੀਤੀ।"

## ਨਾਨਾ ਸਾਹਿਬ

ਮਰਾਠਾ ਰਾਜ ਦੇ ਨਾਨਾ ਸਾਹਿਬ ਦਾ ਵਿਦਰੋਹ ਵਿਚ ਸ਼ਾਮਿਲ ਹੋਣਾ ਵੀ ਨਿੱਜੀ ਸਵਾਰਥਾਂ ਤੋਂ ਪ੍ਰੇਰਤ ਸੀ। ਮਰਾਠਾ ਰਾਜ ਦੇ ਆਖਰੀ ਪੇਸ਼ਵਾ ਬਾਜੀ ਰਾਉ ਨੂੰ 8 ਲੱਖ ਸਲਾਨਾ ਪੈਨਸ਼ਨ ਮਿਲਦੀ ਸੀ। 1852 ਵਿਚ ਬਾਜੀ ਰਾਉ ਦੀ ਮੌਤ ਹੋ ਗਈ। ਨਿਰਸੰਤਾਨ ਹੋਣ ਕਰਕੇ ਲਾਰਡ ਡਲਹੌਜ਼ੀ ਨੇ ਉਸ ਦੇ ਦੱਤਕ ਪੁੱਤਰ ਦੀ ਪੈਨਸ਼ਨ ਬੰਦ ਕਰ ਦਿੱਤੀ ਜਿਸ ਕਰਕੇ ਨਾਨਾ ਸਾਹਿਬ ਵਿਦਰੋਹ ਵਿਚ ਸ਼ਾਮਿਲ ਹੋਇਆ, ਜਿਸ ਵੇਲੇ ਵਿਦਰੋਹ ਪੂਰੇ "ਜੋਬਨ" ਤੇ ਸੀ। ਨਾਨਾ ਸਾਹਿਬ ਨੇ ਅੰਗਰੇਜ਼ਾਂ ਨੂੰ ਪੇਸ਼ਕਸ਼ ਕੀਤੀ ਕਿ ਜੇਕਰ ਲਾਰਡ ਡਲਹੌਜ਼ੀ ਦਾ ਫੈਸਲਾ ਰੱਦ ਕਰਕੇ ਉਸ ਦੀਆਂ ਮੰਗਾਂ ਪ੍ਰਵਾਨ

ਕਰ ਲਈਆਂ ਜਾਣ ਤਾਂ ਉਹ ਅੰਗਰੇਜ਼ਾਂ ਨਾਲ ਸਮਝੌਤੇ ਨੂੰ ਤਿਆਰ ਹੈ। ਅੰਗਰੇਜ਼ਾਂ ਨੇ ਉਸ ਦੀ ਪੇਸ਼ਕਸ਼ ਠੁਕਰਾ ਦਿੱਤੀ ਅਤੇ ਉਹ ਵੀ ਵਿਦਰੋਹੀ ਹੋ ਗਿਆ। 17 ਸਾਲ ਤਕ ਉਹ ਅੰਗਰੇਜ਼ਾਂ ਦੇ ਹੱਥ ਨਾ ਆਇਆ ਪਰ 23 ਅਕਤੂਬਰ 1874 ਨੂੰ ਨਾਨਾ ਸਾਹਿਬ ਅਤੇ ਤਾਂਤੀਆ ਟੋਪੇ ਨੂੰ ਹਿੰਦੂ ਰਾਜੇ ਮਹਾਰਾਜਾ ਸਿੰਧੀਆ ਨੇ ਅੰਗਰੇਜ਼ਾਂ ਹਵਾਲੇ ਕਰ ਦਿੱਤਾ।

ਮੌਲਾਨਾ ਅਬਦੁਲ ਕਲਾਮ ਆਜ਼ਾਦ ਅਨੁਸਾਰ, "ਵਿਦਰੋਹੀਆਂ ਦੇ ਨੇਤਾ ਆਪਣੇ ਨਿੱਜੀ ਹਿੱਤਾਂ ਲਈ ਇੰਝ ਕਰ ਰਹੇ ਸਨ।"

## *ਰਾਣੀ ਝਾਂਸੀ :*

ਇਸ ਵਿਦਰੋਹ ਵਿਚ ਝਾਂਸੀ ਦੀ ਰਾਣੀ ਦਾ ਬੜਾ ਵਧਾ ਚੜ੍ਹਾ ਕੇ ਜ਼ਿਕਰ ਕੀਤਾ ਜਾਂਦਾ ਹੈ, ਹਾਲਾਂਕਿ ਉਹ ਵਿਚਾਰੀ ਵੀ ਬਾਕੀ ਰਜਵਾੜਿਆਂ ਦੀ ਤਰ੍ਹਾਂ ਮਜਬੂਰੀ ਕਾਰਨ ਹੀ ਵਿਦਰੋਹ ਵਿਚ ਸ਼ਾਮਿਲ ਹੋਈ ਸੀ। ਅਜਿਹਾ ਕੋਈ ਵੀ ਇਤਿਹਾਸਕ ਤੱਥ ਸਾਹਮਣੇ ਨਹੀਂ ਆਉਂਦਾ ਜਿਸ ਤੋਂ ਪਤਾ ਚੱਲੇ ਕਿ ਰਾਣੀ ਝਾਂਸੀ ਦੇਸ਼ ਦੀ ਆਜ਼ਾਦੀ ਵਾਸਤੇ ਲੜੀ ਜਾਂ ਉਸ ਨੇ ਬਗਾਵਤ ਵਾਸਤੇ ਕੋਈ ਵਿਉਂਤ ਬਣਾਈ ਹੋਵੇ। ਰਾਣੀ ਝਾਂਸੀ ਨਿਰਸੰਤਾਨ ਸੀ ਅਤੇ ਆਪਣੇ ਮੁਤਬੰਨੇ ਪੁੱਤਰ ਦਮੋਦਰ ਰਾਉ ਨੂੰ ਝਾਂਸੀ ਦਾ ਉਤਰ ਅਧਿਕਾਰੀ ਬਣਾਉਣਾ ਚਾਹੁੰਦੀ ਸੀ, ਪਰੰਤੂ ਉਹ ਇਸ ਯਤਨ ਵਿਚ ਨਾਕਾਮ ਰਹੀ।

ਡਾ.ਆਰ.ਸੀ. ਮਜੂਮਦਾਰ ਅਨੁਸਾਰ, "ਇਸ ਕੋਸ਼ਿਸ਼ ਵਿਚ ਅਸਫਲ ਰਹਿਣ ਮਗਰੋਂ ਉਹ ਪੂਰਨ ਤੌਰ 'ਤੇ ਹਿੰਦੂ ਵਿਧਵਾਵਾਂ ਵਾਲਾ ਜੀਵਨ ਬਤੀਤ ਕਰਨ ਲੱਗੀ। ਸਫੈਦ ਵਸਤਰ ਪਹਿਨਦੀ ਅਤੇ ਕਾਫੀ ਪੂਜਾ ਕਰਦੀ। ਰਾਜ ਦੇ ਪ੍ਰਸ਼ਾਸ਼ਕ ਤੇ ਅੰਗਰੇਜ਼ ਇਤਿਹਾਸਕਾਰ ਇਸ ਗੱਲ ਉਪਰ ਇਕ ਮਤ ਹਨ ਕਿ ਰਾਣੀ ਲਕਸ਼ਮੀ ਬਾਈ ਨੇ ਨਾ ਤਾਂ ਕੋਈ ਵਿਦਰੋਹ ਯੋਜਨਾ ਬਣਾਈ ਅਤੇ ਨਾ ਹੀ ਸਵੈ ਇੱਛਾ ਅਨੁਸਾਰ ਵਿਦਰੋਹ ਵਿਚ ਹਿੱਸਾ ਲਿਆ। (The Sepoy Mutiny and revolt of 1857, P 237) ਵਿਦਰੋਹੀਆਂ ਨੇ ਰਾਣੀ ਝਾਂਸੀ ਨੂੰ ਘੇਰ ਲਿਆ ਅਤੇ ਰਾਣੀ ਝਾਂਸੀ ਨੇ ਅੰਗਰੇਜ਼ਾਂ ਨੂੰ ਸੂਚਿਤ ਕੀਤਾ ਕਿ ਵਿਦਰੋਹੀਆਂ ਨੇ ਉਸ ਨਾਲ ਬੁਰਾ ਸਲੂਕ ਕੀਤਾ ਹੈ ਅਤੇ ਧਨ ਦੇਣ ਲਈ ਮਜਬੂਰ ਕੀਤਾ। ਅੰਗਰੇਜ਼ਾਂ ਨੇ ਰਾਣੀ ਨਾਲ ਵਤੀਰਾ ਕਾਫੀ ਬਦਲ ਲਿਆ ਅਤੇ ਰਾਣੀ ਉਪਰ ਵਿਦਰੋਹੀਆਂ ਦਾ ਸਾਥ ਦੇਣ ਦਾ ਦੋਸ਼ ਲਗਾਇਆ।

ਰਾਣੀ ਝਾਂਸੀ ਨੇ ਅੰਗਰੇਜ਼ਾਂ ਪ੍ਰਤੀ ਪੂਰਨ ਵਫਾਦਾਰੀ ਜ਼ਾਹਿਰ ਕੀਤੀ ਅਤੇ ਕਿਲ੍ਹੇ ਅੰਦਰ ਵਿਦਰੋਹੀਆਂ ਦੁਆਰਾ ਘੇਰੇ ਗਏ ਅੰਗਰੇਜ਼ ਅਫਸਰਾਂ ਨੂੰ ਆਪਣੇ ਕੁਝ ਵਫਾਦਾਰ ਸਿਪਾਹੀ ਤੇ ਗੋਲੀ ਸਿੱਕਾ ਵੀ ਭੇਜਿਆ।

ਡਾ: ਸੁਰਿੰਦਰ ਨਾਥ ਸੇਨ ਦੇ (Eighteen fifty seven) ਅਨੁਸਾਰ ਅੰਗਰੇਜ਼ ਕੈਪਟਨ ਗੋਰਡਨ ਨੇ ਕਿਲ੍ਹੇ ਅੰਦਰੋਂ ਰਾਣੀ ਝਾਂਸੀ ਨੂੰ ਮਦਦ ਕਰਨ ਵਾਸਤੇ ਲਿਖਿਆ। (ਪੰਨਾ ੨੯੭-੨੯੬)

ਇਸ ਦੇ ਉਤਰ ਵਿਚ ਰਾਣੀ ਨੇ ਕੁਝ ਗੋਲਾ ਬਾਰੂਦ ਭੇਜਿਆ ਅਤੇ ਗੋਰਡਨ ਨੂੰ ਲਿਖਿਆ, "ਮੈਂ ਕੀ ਕਰਾਂ ? ਵਿਦਰੋਹੀ ਫ਼ੌਜ ਨੇ ਮੈਨੂੰ ਘੇਰ ਲਿਆ ਹੈ। ਮੈਂ ਤੁਹਾਡੀ ਮਦਦ ਲਈ ਗੋਲਾ ਬਾਰੂਦ

ਤੇ ਸਿਪਾਹੀ ਭੇਜ ਦਿੱਤੇ ਹਨ। (The Sepoy Mutiny and revolt of 1857, Page 141)

Selections from the Military deptt of Govt. of India (G.W. Forest Page 13) ਅਨੁਸਾਰ :

"ਰਾਣੀ ਲਕਸ਼ਮੀ ਨੇ ਗੋਰਡਨ ਨੂੰ ਗੁਪਤ ਰੂਪ ਵਿਚ 50-60 ਬੰਦੂਕਾਂ, ਕੁਝ ਬਾਰੂਦ, ਗੋਲੇ ਅਤੇ 50 ਅੰਗ ਰਖਿਅਕ ਦਿੱਤੇ ਸਨ।"

ਇਸ ਤਰ੍ਹਾਂ ਉਪਰੋਕਤ ਤੱਥਾਂ ਤੋਂ ਸਪੱਸ਼ਟ ਹੈ ਕਿ 1857 ਦੇ ਵਿਦਰੋਹ ਵਿਚ ਸ਼ਾਮਿਲ ਵਿਦਰੋਹੀ ਅਤੇ ਰਜਵਾੜੇ ਦੇਸ਼ ਆਜ਼ਾਦੀ ਲਈ ਨਹੀਂ ਬਲਕਿ ਆਪਣੇ ਨਿੱਜ ਹਿੱਤਾਂ ਖਾਤਿਰ ਲੜ ਰਹੇ ਸਨ।

ਡਾ. ਜੇ.ਕੇ. ਕਿਰਿਪਲਾਨੀ ਅਨੁਸਾਰ, "It was nothing but and attempt by the old order to get back their kingdoms.

L.R. Bali ਨੇ ਅਜਿਹੇ ਕ੍ਰਾਂਤੀਕਾਰੀਆਂ ਨੂੰ 'ਨਕਲੀ ਕ੍ਰਾਂਤੀਕਾਰੀ' ਲਿਖਿਆ ਹੈ।

## *ਸਿੱਖਾਂ ਦੇ ਇਸ ਵਿਚ ਹਿੱਸਾ ਨਾ ਲੈਣ ਦੇ ਕਾਰਨ :*

ਭਾਵੇਂ ਕਿ ਜ਼ਿਆਦਾਤਰ ਵਿਦਵਾਨ ਇਸ ਵਿਸ਼ੇ ਉਪਰ ਇਕ ਮੱਤ ਹਨ ਕਿ 1857 ਦਾ ਵਿਦਰੋਹ ਕੇਵਲ ਨਿੱਜੀ ਸਵਾਰਥਾਂ ਅਧੀਨ ਕੁਝ ਰਜਵਾੜਿਆਂ ਦਾ ਵਲਵਲਾ ਸੀ ਅਤੇ ਉਹ ਤਹਿ ਦਿਲੋਂ ਆਪਣੇ ਹਿੱਤਾਂ ਤਕ ਸੀਮਤ ਸਨ, ਨਾਕਿ ਦੇਸ਼ ਦੀ ਆਜ਼ਾਦੀ ਵਾਸਤੇ ਸੰਘਰਸ਼ ਕਰ ਰਹੇ ਸਨ। ਸਿੱਖਾਂ ਨੇ ਦੇਸ਼ ਆਜ਼ਾਦੀ ਵਾਸਤੇ ਜਿਹੜਾ ਯੋਗਦਾਨ ਆਪਣੀਆਂ ਮਹਾਨ ਸ਼ਹਾਦਤਾਂ ਦੇ ਕੇ ਪਾਇਆ, ਜੇ ਉਸ ਦੇ ਅੰਕੜੇ ਵਾਚੇ ਜਾਣ ਤਾਂ ਪਤਾ ਲੱਗਦਾ ਹੈ ਆਬਾਦੀ ਦੀ ਕੁੱਲ ਵਸੋਂ ਦਾ ਕੇਵਲ 1.5% ਅਤੇ ਕੁਰਬਾਨੀ 90% ਦੇ ਕਰੀਬ

| | | ਸਿੱਖ | ਗੈਰ ਸਿੱਖ |
|---|---|---|---|
| 1. | ਫਾਂਸੀ ਮਿਲੀ | 93 | 28 |
| 2. | ਉਮਰ ਕੈਦ | 2147 | 499 |
| 3. | ਜਲ੍ਹਿਆਂ ਵਾਲੇ ਬਾਗ | 799 | 501 |
| 4. | ਕੂਕਾ ਲਹਿਰ | 91 | 00 |
| 6. | ਅਕਾਲੀ ਲਹਿਰ | 500 | 00 |

ਜੇਕਰ ਲਿਖਤ ਅੰਕੜਿਆਂ ਨੂੰ ਗਹੁ ਨਾਲ ਵਾਚਿਆ ਜਾਵੇ ਤਾਂ ਉਨ੍ਹਾਂ ਦੇ ਮੂੰਹ ਬੰਦ ਹੋਣੇ ਚਾਹੀਦੇ ਹਨ ਜੋ ਸਿੱਖਾਂ ਦੀ ਦੇਸ਼ ਪ੍ਰਤੀ ਵਫ਼ਾਦਾਰੀ ਉਪਰ ਸ਼ੱਕ ਕਰਦੇ ਹੋਏ ਆਖਦੇ ਹਨ ਕਿ ਸਿੱਖਾਂ ਦੇ ਸਾਥ ਨਾ ਦੇਣ ਕਰਕੇ ਦੇਸ਼ 90 ਸਾਲ ਵੱਧ ਗੁਲਾਮ ਰਿਹਾ। ਮਹਾਰਾਜਾ ਪਟਿਆਲਾ, ਨਾਭਾ ਅਤੇ ਜੀਂਦ ਆਦਿ ਨੇ ਇਸ ਬਗਾਵਤ ਨੂੰ ਦਬਾਉਣ ਲਈ ਅੰਗਰੇਜ਼ਾਂ ਦੀ ਮਦਦ ਕੀਤੀ। ਪਰ ਇਹ

ਨਹੀਂ ਸਮਝਦੇ ਕਿ ਜੇਕਰ ਸਿੱਖਾਂ ਨੇ ਦੇਸ਼ ਨੂੰ ਗ਼ੁਲਾਮ ਬਣਾਉਣਾ ਹੀ ਸੋਚਿਆ ਹੁੰਦਾ ਤਾਂ ਉਹ 1947 ਤਕ ਇੰਨਾ ਖ਼ੂਨ ਕਿਉਂ ਗਵਾਉਂਦੇ ? ਨਿਮਨਲਿਖਤ ਤੱਥ ਹਨ ਜਿਨ੍ਹਾਂ ਕਰਕੇ ਸਿੱਖਾਂ ਇਸ ਵਿਦਰੋਹ ਵਿਚ ਕੋਈ ਹਿੱਸਾ ਨਾ ਲਿਆ-

ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਉਪਰੰਤ ਖ਼ਾਲਸਾ ਪੰਥ ਉਪਰ ਕਈ ਜ਼ੁਲਮੀ ਹਨ੍ਹੇਰੀਆਂ ਅਤੇ ਝੱਖੜ ਝੁੱਲੇ। ਖ਼ਾਲਸਾ ਪੰਥ ਹਰ ਮੁਸੀਬਤ ਨੂੰ ਖਿੜੇ ਮੱਥੇ ਸਹਾਰਦਾ ਹੋਇਆ ਕੰਚਨ ਹੋ ਨਿਖਰਿਆ ਅਤੇ ਅਜ਼ੀਮ ਸ਼ਹਾਦਤਾਂ ਅਤੇ ਕਠਿਨਾਈਆਂ ਉਪਰੰਤ ਖ਼ਾਲਸਾ ਰਾਜ ਵੀ ਸਥਾਪਤ ਕੀਤਾ, ਜੋ ਸਿਰਫ ਡੋਗਰਿਆਂ ਅਤੇ ਪੂਰਬੀਆਂ ਤੇਜ ਸਿੰਹ ਲਾਲ ਸਿੰਹ ਦੀ 'ਮਿਹਰਬਾਨੀ' ਸਦਕਾ ਹੱਥੋਂ ਜਾਂਦਾ ਰਿਹਾ। ਜਿਨ੍ਹਾਂ ਪੂਰਬੀਆਂ ਦੀ ਗ਼ਦਾਰੀ ਸਦਕਾ ਸਿੱਖ ਰਾਜ ਦਾ ਖ਼ੂਨ ਨਾਲ ਸਿੰਜਿਆ ਬੂਟਾ ਗੁਲਾਮ ਬਣਿਆ ਸਿੱਖ ਉਨ੍ਹਾਂ ਪੂਰਬੀਆਂ ਦੀ ਮੱਦਦ ਕਿਉਂ ਕਰਦੇ ?

ਜੇਕਰ ਬਗਾਵਤ ਦਾ ਮੁੱਖ ਕਾਰਨ ਸਿਰਫ ਧਾਰਮਿਕ ਜਜ਼ਬਾਤਾਂ ਦੀ ਭੜਕਾਹਟ ਸੀ ਤਾਂ ਸਿੱਖਾਂ ਦੇ ਜਜ਼ਬਾਤਾਂ ਨੂੰ ਚਰਬੀ ਵਾਲੇ ਕਾਰਤੂਸਾਂ ਨਾਲ ਕੋਈ ਠੇਸ ਨਹੀਂ ਪਹੁੰਚਦੀ ਸੀ। ਕਿਉਂਕਿ ਸਿੱਖਾਂ ਵਾਸਤੇ ਨਾ ਤਾਂ ਗਊ ਕੋਈ ਪੂਜਨੀਕ ਜਾਨਵਰ ਸੀ ਅਤੇ ਨਾ ਹੀ ਸੂਰ, ਸਗੋਂ ਸਿੱਖ ਧਰਮ ਤਾਂ ਹਰ ਜੀਵ ਉਪਰ ਦਇਆ ਕਰਨ ਦਾ ਸੰਕਲਪ ਦ੍ਰਿੜ ਕਰਵਾਉਂਦਾ ਹੈ।

ਜਿਨ੍ਹਾਂ ਪੂਰਬੀਏ ਸਿਪਾਹੀਆਂ ਦੀਆਂ ਬੈਰਕਾਂ ਵਿਚ ਬਗਾਵਤ ਹੋਈ ਉਨ੍ਹਾਂ ਰੈਜੀਮੈਂਟਾਂ ਨਾਲ ਸੰਬੰਧਿਤ ਹੀ ਪੂਰਬੀਏ ਸਿਪਾਹੀ (**10th Native Infantry Regiment 2,16, 24, 26, 42, 15, 47, 48, 73**) ਹੀ ਫਿਰੋਜ਼ਪੁਰ, ਮੁਦਕੀ ਅਤੇ ਸਭਰਾਵਾਂ ਦੇ ਮੈਦਾਨਾਂ ਵਿਚ ਸਿੱਖਾਂ ਖਿਲਾਫ਼ ਲੜੇ ਸਨ, ਜਿਨ੍ਹਾਂ ਸਦਕਾ ਸਿੱਖਾਂ ਨੂੰ ਆਪਣੇ ਸੁਤੰਤਰ ਰਾਜ ਤੋਂ ਹੱਥ ਧੋਣੇ ਪਏ ਸਨ।

ਇਸ ਤੋਂ ਪਹਿਲਾਂ 1824 ਵਿਚ ਸਿੱਖਾਂ ਦੀ ਬਹੁ ਸੰਖਿਅਕ ਕੰਪਨੀ ਨੇਟਿਵ ਇੰਫੈਂਟਰੀ ਨੇ ਬਰਮੀ ਹਿੰਦੂਆਂ ਖਿਲਾਫ਼ ਲੜਨ ਤੋਂ ਇਨਕਾਰ ਕਰ ਦਿੱਤਾ ਸੀ ਜਿਸ ਕਰਕੇ 11 ਨਵੰਬਰ 1844 ਨੂੰ ਸਰ ਐਡਵਰਡ ਨੇ ਪੂਰੀ ਬਟਾਲੀਅਨ ਨੂੰ ਗੋਲੀਆਂ ਨਾਲ ਉਡਾਉਣ ਦਾ ਹੁਕਮ ਦਿੱਤਾ ਅਤੇ ਕਈ ਸਿੱਖ ਸੈਨਿਕ ਮੌਤ ਦੇ ਘਾਟ ਉਤਾਰ ਦਿੱਤੇ।

14 ਅਕਤੂਬਰ 1825 ਨੂੰ ਸਿੱਖਾਂ ਦੀ ਗਰਨੇਡੀਅਰ ਕੰਪਨੀ ਜਿਸ ਵਿਚ ਜ਼ਿਆਦਾਤਰ ਅਸਾਮੀ ਅਤੇ ਬਿਹਾਰੀ ਸਿੱਖ ਸਨ, ਨੇ ਅਸਾਮੀ ਹਿੰਦੂ ਭਰਾਵਾਂ ਵਿਰੁੱਧ ਲੜਨ ਖਿਲਾਫ਼ ਬਗਾਵਤ ਕਰ ਦਿੱਤੀ ਅਤੇ ਕਈ ਅੰਗਰੇਜ਼ ਅਫ਼ਸਰਾਂ ਨੂੰ ਸਦਾ ਦੀ ਨੀਂਦ ਸੁਆ ਦਿੱਤਾ, ਜਿਸ ਕਰਕੇ ਅਨੇਕਾਂ ਸਿੱਖ ਫ਼ੌਜੀਆਂ ਨੂੰ ਜਾਨ ਵਾਰਨੀ ਪਈ। ਪਰੰਤੂ ਪੂਰਬੀਆਂ ਨੇ ਸਿੱਖਾਂ ਨੂੰ ਗੁਲਾਮ ਬਣਾਉਣ ਵਿਚ ਅੰਗਰੇਜ਼ਾਂ ਦੀ ਤਹਿ ਦਿਲੋਂ ਮੱਦਦ ਕੀਤੀ।

ਥੋਰਬਰਨ (Thorburn) ਅਨੁਸਾਰ :- ਤੇਜਾ ਸਿੰਹ, ਫਿਰੋਜ਼ਪੁਰ ਅਤੇ ਲਾਲ ਸਿੰਹ ਮੁਦਕੀ ਵਿਖੇ ਆਸਾਨੀ ਨਾਲ ਐਂਗਲੋ ਸਿਪਾਹੀ ਫ਼ੌਜਾਂ ਨੂੰ ਹਰਾ ਸਕਦੇ ਸਨ, ਪਰੰਤੂ ਉਹ ਪੰਜਾਬ ਦੀ ਜਿੱਤ ਦੇ ਹੱਕ ਵਿਚ ਨਹੀਂ ਸਨ।

ਵਿਦਰੋਹੀ ਬਹਾਦਰ ਸ਼ਾਹ ਨੂੰ ਦੁਬਾਰਾ ਹਿੰਦੁਸਤਾਨੀ ਸਲਤਨਤ ਦਾ ਸੁਲਤਾਨ ਬਣਾਉਣਾ ਚਾਹੁੰਦੇ ਸਨ, ਪਰ ਸਿੱਖ ਕਿਵੇਂ ਬਰਦਾਸ਼ਤ ਕਰ ਸਕਦੇ ਸਨ ਕਿ ਜਿਸ ਮੁਗ਼ਲ ਸਮਰਾਜ ਨਾਲ ਉਸ

ਦੀ ਕਈ ਪੀੜ੍ਹੀਆਂ ਤੋਂ ਟੱਕਰ ਚਲੀ ਆ ਰਹੀ ਸੀ ਫਿਰ ਉਸ ਦੇ ਗੁਲਾਮ ਬਣ ਜਾਣ।

ਦਿੱਤੇ ਗਏ ਹਵਾਲਿਆਂ ਉਪਰੰਤ ਡਾ: R.C. Majumdar ਦੀ ਟਿੱਪਣੀ ਬੜੀ ਵਜ਼ਨਦਾਰ ਹੈ ਜੋ ਉਸ ਨੇ ਸਿੱਖਾਂ ਦੇ ਵਿਦਰੋਹ ਵਿਚ ਹਿੱਸਾ ਨਾ ਲੈਣ ਪ੍ਰਤੀ ਕੀਤੀ ਹੈ ਕਿ "How could the Sikhs have helped their one time enemy in their aimless strife".

(The Sepoy mutiny and revolt of 1857)

❖❖❖

# ਊੱ ਦਾ ਪ੍ਰਚਾਰ ਅਤੇ ੧ੳੱ ਦੀ ਹੇਠੀ ਕਿਉਂ ?

ਫ਼ਾਰਸੀ ਦੇ ਮਸ਼ਹੂਰ ਸ਼ਾਇਰ ਫ਼ਿਰਦੌਸੀ ਨੇ ਆਪਣੀ ਜਗਤ ਪ੍ਰਸਿੱਧ ਰਚਨਾ 'ਸ਼ਾਹਨਾਮੇਂ' ਵਿਚ ਲਿਖਿਆ ਹੈ ਕਿ ਜਦੋਂ ਜੰਗਲ ਦਾ ਸੁਲਤਾਨ ਸ਼ੇਰ ਗ਼ਫ਼ਲਤ ਦੀ ਗੂੜ੍ਹੀ ਨੀਂਦ ਸੌਂ ਜਾਂਦਾ ਹੈ ਤਾਂ ਗਿੱਦੜ ਸਿੰਘਾਸਣ ਮੱਲ ਕੇ ਸੁਲਤਾਨ ਬਣ ਬੈਠਦੇ ਹਨ। ਡੂੰਘੇਰੀ ਘੋਖ ਕੀਤੀ ਜਾਵੇ ਤਾਂ ਇਹ ਸਤਰਾਂ ਅੱਜ ਸਾਡੀ ਨਿੱਘਰੀ ਹੋਈ ਦਸ਼ਾ ਉਪਰ ਐਨ ਢੁੱਕਦੀਆਂ ਹਨ। ਕੋਈ ਅਤਿਕਥਨੀ ਨਹੀਂ ਹੈ, ਗੁਰਮਤਿ ਸਿਧਾਂਤਾਂ ਅਤੇ ਗੁਰਬਾਣੀ ਦੀ ਪ੍ਰਚੰਡ ਚੇਤਨਾ ਸ਼ਕਤੀ ਨਾਲ ਕਰਮ-ਕਾਂਡੀ ਭਰਮਗੜ੍ਹ ਨੂੰ ਨੇਸਤੋ-ਨਾਬੂਦ ਕਰਨ ਵਾਲਾ, 'ਭਰਮ ਭੇਖ' ਤੋਂ 'ਨਿਆਰਾ' 'ਅਕਾਲ ਪੁਰਖ ਕੀ ਫ਼ੌਜ' ਗੁਰੂ ਕਾ ਅਣਖੀਲਾ ਖ਼ਾਲਸਾ ਬੇਅਣਖੀ ਦੀ ਗੂੜ੍ਹੀ ਨੀਂਦ ਸਦਕਾ ਮਦਹੋਸ਼ ਹੈ। ਗੌਰਵਮਈ ਵਿਰਸੇ ਤੋਂ ਨਿਕਾਰਾਕਸ਼ੀ, ਪਤਿਤਪੁਣਾ, ਨਸ਼ਿਆਂ ਦੀ ਵਰਤੋਂ, ਗੁਰਮਤਿ ਸਿਧਾਂਤਾਂ ਪ੍ਰਤੀ ਅਗਿਆਨਤਾ ਨੇ ਇਸ ਨੂੰ ਤਬਾਹੀ ਦੇ ਕਗਾਰ ਤੇ ਲਿਆ ਖੜਾ ਕੀਤਾ ਹੈ। ਪੁੱਤਰਾਂ ਨੂੰ ਕੌਮ ਉਪਰੋਂ ਕੁਰਬਾਨ ਕਰ ਕੇ ਸ਼ੁਕਰ ਦਾ ਸਿਜਦਾ ਕਰਨ ਵਾਲੇ ਕਲਗੀਧਰ ਪਿਤਾ ਦਾ ਅਣਖੀਲਾ ਖ਼ਾਲਸਾ ਅੱਜ ਗੁਰਮਤਿ ਮਰਿਆਦਾ ਤੋਂ ਅਵੇਸਲਾ ਹੋ ਬ੍ਰਾਹਮਣਵਾਦੀ ਕਰਮ-ਕਾਂਡਾਂ ਅਤੇ ਰਹੁ-ਰੀਤਾਂ ਦੀ ਗ੍ਰਿਫ਼ਤ ਵਿਚ ਆਪ-ਮੁਹਾਰੇ ਫਸਦਾ ਜਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਵਧੇਰੇ ਕਰਕੇ ਸਿੱਖ ਜਥੇਬੰਦੀਆਂ ਜਿਨ੍ਹਾਂ ਦਾ ਕਾਰਜ ਖੇਤਰ ਰਾਜਸੀ ਹੈ ਜਾਂ ਧਾਰਮਿਕ, ਦੇ ਮੋਹਰੀਆਂ ਵਿਚ ਗੁਰਮਤਿ ਸਿਧਾਂਤਾਂ ਤੋਂ ਮੁਨਕਰ ਹੋਣ ਵਾਲਿਆਂ ਦੀ ਗਿਣਤੀ ਵਧੇਰੇ ਹੈ, ਪ੍ਰੰਤੂ ਕੁਝ ਵੀਰ ਜੋ ਮੰਨੂਵਾਦੀਆਂ ਵੱਲੋਂ ਕੌਮੀ ਗ਼ੈਰਤ ਅਤੇ ਗੌਰਵਮਈ ਵਿਰਸੇ ਉਪਰ ਕੀਤੇ ਜਾ ਰਹੇ ਮਾਰੂ ਹਮਲਿਆਂ ਪ੍ਰਤੀ ਸੁਚੇਤ ਹਨ ਅਤੇ ਹਰ ਸੰਭਵ ਅਤੇ ਯਥਾਸ਼ਕਤ ਵਸੀਲਿਆਂ ਤੇ ਸ਼ਕਤੀ ਸਦਕਾ ਇਕ ਠਾਠਾਂ ਮਾਰ ਰਹੇ ਬਿਪਰਵਾਦੀ ਸਮੁੰਦਰ ਨੂੰ ਠੱਲ੍ਹਣ ਦੀ ਭਾਵਨਾ ਰੱਖਦੇ ਹਨ, ਕੋਈ ਸਾਂਝਾ ਕੌਮੀ ਮੁਹਾਜ਼ ਨਾ ਹੋਣ ਕਰਕੇ ਉਨ੍ਹਾਂ ਦੀ ਚੇਤਨਾ ਸ਼ਕਤੀ ਖਿੰਡੀ ਪਈ ਹੈ। ਨਤੀਜੇ ਵਜੋਂ ਕੋਈ ਸਾਰਥਕ ਅਤੇ ਨਿੱਗਰ ਸਿੱਟੇ ਸਾਹਮਣੇ ਨਹੀਂ ਆ ਰਹੇ।

ਘੱਟ-ਗਿਣਤੀ ਕੌਮਾਂ ਭਾਵੇਂ ਉਹ ਈਸਾਈ ਹਨ, ਜਾਂ ਕੋਈ ਹੋਰ, ਜਾਂ ਸਿੱਖ, ਇਨ੍ਹਾਂ ਨੂੰ ਬਿਪਰਵਾਦ ਦੇ ਭਗਵੇ ਸਮੁੰਦਰ ਵਿਚ ਡੋਬਣ ਲਈ ਬਿਪਰਵਾਦੀਆਂ ਵੱਲੋਂ ਹਰ ਹੀਲਾ ਵਰਤਿਆ ਜਾ ਰਿਹਾ ਹੈ। ਹਮਲਾ ਭਾਵੇਂ ਅਕਾਲ ਤਖ਼ਤ ਸਾਹਿਬ 'ਤੇ ਹੋਵੇ, ਬਾਬਰੀ ਮਸਜਿਦ ਢਾਹੀ ਜਾਵੇ ਜਾਂ ਕਿਸੇ ਈਸਾਈ ਮਿਸ਼ਨਰੀ ਦਾ ਖ਼ਾਤਮਾ, ਸਭ ਕੁਝ ਇਕ ਸੋਚੀ ਸਮਝੀ ਸਾਜ਼ਿਸ਼ ਦੀ ਕੜੀ ਹੈ।

ਆਰ. ਐੱਸ. ਐੱਸ. ਵਰਗੀਆਂ ਭਗਵਾਂਧਾਰੀ ਜਥੇਬੰਦੀਆਂ ਜੋ ਇਸ ਵਿਸ਼ਾਲ ਧਰਮ ਨਿਰਪੱਖ (ਕੇਵਲ ਕਹਿਣ ਨੂੰ) ਰਾਸ਼ਟਰ ਨੂੰ ਕੇਵਲ ਵੈਦਿਕ ਪਰੰਪਰਾਵਾਂ ਦੇ ਅਨੁਸਾਰੀ ਹੀ ਵੇਖਣਾ ਚਾਹੁੰਦੀਆਂ

ਹਨ। ਜਿਥੇ ਹੋਰ ਘੱਟ-ਗਿਣਤੀ ਧਰਮਾਂ ਦੇ ਖਾਤਮੇ ਬਾਬਤ ਖੂੰਖਾਰ ਮੂੰਹ ਖੋਲ੍ਹੀ ਖੜ੍ਹੀਆਂ ਹਨ, ਉਥੇ ਸਿੱਖ ਧਰਮ ਦਾ ਨਿਆਰਾਪਨ ਅਤੇ ਗੌਰਵਮਈ ਵਿਰਸਾ ਇਨ੍ਹਾਂ ਦੀਆਂ ਅੱਖਾਂ ਵਿਚ ਵਧੇਰੇ ਰੜਕ ਪੈਦਾ ਕਰਦਾ ਹੈ। ਵਧੇਰੇ ਸੰਜੀਦਗੀ ਨਾਲ ਇਤਿਹਾਸਕ ਤੱਥਾਂ ਦੀ ਪੜਚੋਲ ਕੀਤੀ ਜਾਵੇ ਤਾਂ ਇਹ ਤਸਵੀਰ ਉਘੜ ਕੇ ਸਾਹਮਣੇ ਆਉਂਦੀ ਹੈ ਕਿ ਬਿਪਰਵਾਦ ਮੁੱਢ ਤੋਂ ਹੀ ਸਿੱਖ ਧਰਮ ਦਾ ਵਿਰੋਧੀ ਰਿਹਾ ਹੈ। ਜਾਤ-ਪਾਤ, ਵਰਣਵੰਡ ਦੇ ਦੋ ਕਰਮਕਾਂਡੀ ਵਿਤਕਰਿਆਂ ਖਿਲਾਫ਼ ਗੁਰੂ ਸਾਹਿਬ ਵੱਲੋਂ ਚੁੱਕੇ ਸਫਲ ਤੇ ਠੋਸ ਕਦਮ ਕਦੀ ਵੀ ਇਨ੍ਹਾਂ ਨੂੰ ਗਵਾਰਾ ਮਹਿਸੂਸ ਨਹੀਂ ਹੋਏ।

ਖ਼ਾਲਸੇ ਨੂੰ ਆਪਣੇ ਭਗਵੇਂ ਪੋਸ਼ ਬੱਦਲਾਂ ਵਿਚ ਛੁਪਾਉਣ ਲਈ ਬਿਪਰਵਾਦੀਆਂ ਨੇ ਅਜਿਹੀਆਂ ਕੂਟਨੀਤਕ ਚਾਲਾਂ ਚੱਲੀਆਂ ਹਨ, ਜੋ ਕਦੀ ਬੁੱਧ ਧਰਮ ਦਾ ਗਲਾ ਘੁੱਟਣ ਲਈ ਵਰਤੀਆਂ ਸਨ। ਅਜ਼ੀਮ ਸ਼ਹਾਦਤਾਂ, ਸਖਤ ਘਾਲਣਾ, ਅਥਾਹ ਕਸ਼ਮਕਸ਼ ਦੇ ਸਦਕਾ ਹੋਂਦ ਵਿਚ ਆਇਆ ਵਿਸ਼ਾਲ ਖ਼ਾਲਸਾ ਰਾਜ ਜਿਸ ਦੇ ਤੇਜ ਪ੍ਰਤਾਪੀ ਆਫ਼ਤਾਬ ਦੇ ਸਾਹਮਣੇ ਦੁਨਿਆਵੀ ਹਕੂਮਤਾਂ ਦੀਆਂ ਅੱਖਾਂ ਚੁੰਧਿਆ ਜਾਂਦੀਆਂ ਸਨ, ਬ੍ਰਾਹਮਣਵਾਦ ਦੀਆਂ ਕੂਟਨੀਤਕ ਚਾਲਾਂ ਨੇ ਗੁਲਾਮੀ ਦੀਆਂ ਬੇੜੀਆਂ ਪਵਾ ਕੇ ਛੱਡੀਆਂ। ਆਰੀਆ ਸਮਾਜੀਆਂ ਨੇ ਕੌਮ ਦੀ ਬਿਖੜੀ ਹਾਲਤ ਦਾ ਲਾਭ ਉਠਾਉਣ ਵਿਚ ਕੋਈ ਕਸਰ ਨਾ ਛੱਡੀ। ਆਪਣੇ ਖ਼ੂਨ ਨੂੰ ਪਾਣੀ ਦੀ ਤਰ੍ਹਾਂ ਵਹਾ ਕੇ ਜੇਕਰ ਅਜ਼ਾਦੀ ਪ੍ਰਾਪਤ ਕੀਤੀ ਤਾਂ ਇਸ ਦਾ ਨਿੱਘ ਕਿਸੇ ਹੋਰ ਨੇ ਮਾਣਿਆ।

ਆਜ਼ਾਦੀ ਉਪਰੰਤ ਕੌਮ ਨਾਲ ਜੋ ਵਿਤਕਰੇ ਹੋਏ ਜੱਗ-ਜ਼ਾਹਰ ਹਨ। ਆਰ.ਐੱਸ. ਐੱਸ. ਦੇ ਨਾਮ 'ਤੇ ਹਿੰਦੁਸਤਾਨ ਨੂੰ ਵੈਦਿਕ ਸੱਭਿਆਚਾਰ ਦਾ ਚੋਲਾ ਪਹਿਨਾਉਣ ਵਾਲੀ ਜਥੇਬੰਦੀ ਦੀ ਸਥਾਪਨਾ ਭਾਵੇ ਗ਼ੈਰ ਸਿਆਸੀ ਦੇ ਤੌਰ 'ਤੇ ਹੋਈ, ਪਰੰਤੂ ਬੜੀ ਸੂਝ-ਬੂਝ ਨਾਲ ਆਪਣੀ ਕਾਰਜ ਵਿਉਂਤ ਨੂੰ ਸਿਰੇ ਚੜ੍ਹਾਉਣ ਵਾਲੀ ਇਹ ਜਥੇਬੰਦੀ ਅੱਜ ਇਕ ਮਜ਼ਦੂਰ ਸੰਘ ਤੋਂ ਲੈ ਕੇ ਹੁਕਮਰਾਨ ਰਾਜਸੀ ਪਾਰਟੀ ਉਪਰ ਕਾਬਜ਼ ਹੈ।

ਸਿੱਖ ਧਰਮ ਨੂੰ ਹਿੰਦੂ ਧਰਮ ਦਾ ਸੰਪਰਦਾਇ ਸਾਬਿਤ ਕਰਨ ਹਿੱਤ ਇਸ ਜਥੇਬੰਦੀ ਵੱਲੋਂ ਕੁਝ ਨਾਮਧਰੀਕ ਸਿੱਖਾਂ ਨੂੰ ਲੈ ਕੇ ਰਾਸ਼ਟਰੀ ਸਿੱਖ ਸੰਗਤ (ਆਰ.ਐੱਸ.ਐੱਸ.) ਨਾਮ ਦੀ ਜਥੇਬੰਦੀ ਸਥਾਪਤ ਕੀਤੀ ਗਈ। ਗੁਰਬਾਣੀ ਨੂੰ ਪੰਜਵਾਂ ਵੇਦ, ਜਪੁ ਜੀ ਸਾਹਿਬ ਨੂੰ ਗੀਤਾ ਦਾ ਸਾਰ, ਸਿੱਖਾਂ ਨੂੰ ਹਿੰਦੂ ਧਰਮ ਦਾ ਅਟੁੱਟ ਅੰਗ, ਗੁਰੂ ਸਾਹਿਬ ਨੂੰ ਵੈਦਿਕ ਰਹੁਰੀਤਾਂ ਦੇ ਧਾਰਨੀ ਤੇ ਸਿੱਖ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨਾ ਇਸ ਅਖੌਤੀ ਸਿੱਖ ਜਥੇਬੰਦੀ ਦਾ ਮੁੱਖ ਵਿਸ਼ਾ ਹੈ।

ਇਸ ਜਥੇਬੰਦੀ ਦੇ ਅਤਿ ਭੈੜੇ ਇਰਾਦਿਆਂ ਨੂੰ ਗਹੁ ਨਾਲ ਵਾਚਿਆ ਜਾਵੇ ਤਾਂ ਇਹ ਤੱਥ ਉਘੜਦੇ ਹਨ ਕਿ ਖ਼ਾਲਸਾ ਸਾਜਨਾ ਦਾ ਮੰਤਵ ਕੇਵਲ ਅਤਿ ਬਿਪਤਾ ਭਰੇ ਸਮੇਂ ਕੇਵਲ 'ਹਿੰਦੂ ਧਰਮ ਦੀ ਰਕਸ਼ਾ' ਸੀ, ਤੇ ਅਜੋਕੇ ਸਮੇਂ ਜਦੋਂ ਹੁਣ ਹਿੰਦੂ ਧਰਮ 'ਸਰਬ ਗੁਣ ਸੰਪੰਨ' ਅਤੇ ਆਪਣੀ ਰਖਿਆ ਕਰਨ-ਯੋਗ ਹੈ ਤਾਂ ਫਿਰ ਇਸ ਕਕਾਰਧਾਰੀ ਖ਼ਾਲਸੇ ਦੀ ਕੀ ਜ਼ਰੂਰਤ ਹੈ? ਜਥੇਬੰਦੀ ਦੀ ਮੂਲ ਵਿਚਾਰਧਾਰਾ ਨਾਲ ਜੁੜੇ ਇਹ ਅਖੌਤੀ ਵਿਦਵਾਨ, ਖ਼ਾਲਸੇ ਨੂੰ ਹਿੰਦੂ ਧਰਮ ਦੀ ਇਕ ਸੰਪਰਦਾ ਕਬੂਲਣ ਲਈ ਤਾਂ ਬਾਹਾਂ ਉਲਾਰੀ ਖੜੇ ਹਨ ਪ੍ਰੰਤੂ ਹਿੰਦੂ ਮੁਸਲਮਾਨ ਤੋਂ ਨਿਆਰੇ 'ਤੀਸਰੇ ਮਜ਼ਹਬ' ਖ਼ਾਲਸੇ ਦੀ ਨਿਆਰੀ ਹਸਤੀ ਤੋਂ ਇਨ੍ਹਾਂ ਨੂੰ ਖੌਫ਼ ਮਹਿਸੂਸ ਹੁੰਦਾ ਹੈ।

ਗੁਰੂ ਸਾਹਿਬ ਦੇ ਮਹਾਨ ਪਾਵਨ ਇਨਕਲਾਬੀ ਤੇ ਨੈਤਿਕ ਕਦਰਾਂ ਕੀਮਤਾਂ ਨਾਲ ਭਰਪੂਰ ਮਹਾਨ ਘਾਲਣਾ ਨੂੰ ਕਰਮ ਭਗਤੀ, ਅਵਤਾਰਵਾਦ ਅਤੇ ਵੈਦਿਕ ਵਿਚਾਰਧਾਰਾ ਦਾ ਅੰਗ ਸਾਬਤ ਕਰਨ ਲਈ ਇਕ ਪਾਸੇ ਇਸ ਜਥੇਬੰਦੀ ਦੀ ਵਿਦਿਅਕ ਸ਼ਾਖਾ 'ਵਿਦਿਆ ਭਾਰਤੀ' ਵਲੋਂ ਪ੍ਰਕਾਸ਼ਿਤ ਇਕ ਇਸ਼ਤਿਹਾਰ ਵਿਚ ਗੁਰੂ ਸਾਹਿਬ ਨੂੰ ਓਂ ਦੀ ਵੈਦਿਕ ਵਿਚਾਰਧਾਰਾ ਦੇ ਸਮਰਥਕ ਦਿਖਾਇਆ ਗਿਆ ਤੇ ਦੂਸਰੇ ਪਾਸੇ ਭਗਵਾਂਕਰਨ ਦੇ ਕਾਰਜ ਨੂੰ ਪ੍ਰਚੰਡ ਕਰਨ ਹੇਤ ਅਰੰਭੀ 'ਰਾਸ਼ਟਰ ਜਾਗਰਨ ਮੁਹਿੰਮ' ਦੌਰਾਨ ਆਪਣੇ ਇਸ਼ਤਿਹਾਰਾਂ ਉਪਰ ਕਿਸੇ ਅਖੌਤੀ ਦੇਵੀ ਦੇ ਪੈਰਾਂ ਵਿਚ ੴ ਛਪਵਾ ਕੇ, ਗੁਰਮਤਿ ਦੇ ਇਕ ਈਸ਼ਵਰਵਾਦ ਦੇ ਮਹਾਨ ਸਿਧਾਂਤ ਨੂੰ ਬਹੁ-ਦੇਵਵਾਦ ਨਾਲ ਇਕਮਿਕ ਦਰਸਾਉਣ ਦੀ ਕੋਝੀ ਹਰਕਤ ਕੀਤੀ ਗਈ। ਸੰਜੀਦਗੀ ਨਾਲ ਗੁਰਮਤਿ ਸਿਧਾਂਤਾਂ ਦੀ ਘੋਖ ਕਰਨ ਅਤੇ ਇਨ੍ਹਾਂ ਮੰਨੂਵਾਦੀਆਂ ਵੱਲੋਂ ਕੀਤੀ ਕੋਝੀ ਹਰਕਤ ਨੂੰ ਨੰਗਾ ਕਰਨ ਲਈ ਦਵੈਤਵਾਦੀ ਓਂ ਅਤੇ ੴ ਦੇ ਅਕਾਲੀ ਸਿਧਾਂਤ ਨੂੰ ਸਮਝਣ ਦੀ ਵਧੇਰੇ ਜ਼ਰੂਰਤ ਹੈ।

## ਓਂ ਦਾ ਵੈਦਿਕ ਆਧਾਰ

ਗਿਆਨ ਦੇ ਉਪਲਬਧ ਸ੍ਰੋਤਾਂ ਨਾਲ ਸੰਬੰਧ ਕਾਇਮੀ ਦਾ ਪ੍ਰਮੁੱਖ ਸਾਧਨ ਵਿੱਦਿਆ ਹੈ। ਹਿੰਦੂ ਧਰਮ ਗ੍ਰੰਥਾਂ ਅਤੇ ਵੈਦਿਕ ਪੁਸਤਕਾਂ ਦਾ ਆਰੰਭ ਓਂ ਸ਼ਬਦ ਤੋਂ ਹੁੰਦਾ ਹੈ। ਵਿਆਕਰਣਵੇਤਾ ਇਸ ਦਾ ਮੂਲ ਧਾਤੂ ਸ਼ਬਦ 'ਅਵ' ਸਮਝਦੇ ਹਨ, ਜਿਸ ਦਾ ਪ੍ਰਥਮ ਅਰਥ 'ਰੱਖਿਅਕ' ਹੈ। ਇਹ ਅਰਥ ਕੇਵਲ ਤੇ ਕੇਵਲ ਧਾਰਮਿਕ ਵਿਚਾਰਧਾਰਾ ਉਪਰ ਆਧਾਰਿਤ ਹੈ।

ਪ੍ਰੋ: ਮੈਕਸਮੂਲਰ ਅਨੁਸਾਰ, 'ਇਹ ਸ਼ਬਦ ਹੋ ਰਹੀ ਵਾਰਤਾਲਾਪ ਵਿਚ ਹੁੰਗਾਰਾ ਭਰਨ ਵਾਸਤੇ ਵਰਤਿਆ ਜਾਂਦਾ ਸੀ, ਜਿਵੇਂ ਅਸੀਂ 'ਹੂੰ' ਜਾਂ 'ਹਾਂ' ਸ਼ਬਦ ਦੀ ਵਰਤੋਂ ਕਰਦੇ ਹਾਂ।

ਜੋਗ ਮਤਿ ਅਨੁਸਾਰ ਇਹ ਸ਼ਬਦ ਸ੍ਰਿਸ਼ਟੀ ਦੇ ਆਰੰਭ ਵਿਚ ਨਿਰੰਕਾਰ ਤੋਂ ਉਪਜਿਆ ਸੀ ਅਤੇ ਸਾਰੇ ਸੰਸਾਰ ਵਿਚ ਭਰਪੂਰ ਹੈ। ਹੋਰ ਤੇ ਹੋਰ ਵੈਦਿਕ ਵਿਚਾਰ ਅਨੁਸਾਰ ਜਿਸ ਤਰ੍ਹਾਂ ਕਈ ਚੀਜ਼ਾਂ ਜਾਂ ਥਾਵਾਂ ਦੇ ਨਾਮ ਰੱਖੇ ਜਾਂਦੇ ਹਨ, ਉਸ ਤਰ੍ਹਾਂ ਹੀ ਇਹ ਸ਼ਬਦ ਪਰਮ ਤੱਤ ਦਾ ਮੂਲ ਨਾਮ ਹੈ।

ਉਪਨਿਸ਼ਦਾਂ ਅਨੁਸਾਰ ਇਸ ਸ਼ਬਦ ਨੂੰ ਬ੍ਰਹਮਵਾਚਕ ਸ਼ਬਦ ਦੇ ਤੌਰ 'ਤੇ ਵਰਤਿਆ ਜਾਂਦਾ ਸੀ, ਮਗਰੋਂ ਸਮੇਂ ਸਮੇਂ ਅਨੁਸਾਰ ਵਿੱਦਿਆਵੇਤਿਆਂ ਅਤੇ ਅਧਿਆਤਮਕਵਾਦੀਆਂ ਅਤੇ ਨਾਮ ਰਸੀਆਂ ਨੇ ਇਸ ਸ਼ਬਦ ਦੇ ਅਰਥ ਆਪਣੀ ਬੁੱਧੀ ਅਨੁਸਾਰ ਵੱਖ-ਵੱਖ ਕੀਤੇ। ਇਸ ਸ਼ਬਦ ਦੇ ਅਰਥ-ਭਾਵਾਂ ਨੂੰ ਨਿਖੇੜਨ ਅਤੇ ਹੋਰ ਸਪੱਸ਼ਟ ਕਰਨ ਜਾਂ ਦੂਜੇ ਸ਼ਬਦਾਂ ਵਿਚ ਇਸ ਦੇ ਉਚਾਰਣ ਨੂੰ ਸਹੀ ਸਿਧਾਂਤ ਦੇਣ ਪ੍ਰਤੀ ਇਸ ਨੂੰ ਅ, ਓ, ਮ ਵਿਚ ਨਿਖੇੜਿਆ।

ਕੁਝ ਹਿੰਦੂਵਾਦੀਆਂ ਨੇ ਇਸ ਨੂੰ ਤਿੰਨ ਅਵਸਥਾਵਾਂ ਨਾਲ ਜੋੜਿਆ: ਜਾਗ੍ਰਿਤ, ਸੁਪਨ ਅਤੇ ਸਖੋਪਿਤ। ਕੁਝ ਨੇ ਬਹੁਦੇਵਵਾਦ ਦਾ ਘਚੋਲਾ ਖੜ੍ਹਾ ਕਰਨ ਲਈ ਇਸ ਨੂੰ ਤ੍ਰਿਦੇਵ ਸਿਧਾਂਤ ਦੇ ਪ੍ਰਤੀਕਤਾਮਕ ਸ਼ਬਦ ਦੇ ਤੌਰ 'ਤੇ ਵਰਤਿਆ। ਇਸ ਸ਼ਬਦ ਨੂੰ ਸੰਕੇਤਕ ਤੌਰ 'ਤੇ ਭਾਵੇਂ ਓਂ ਹੀ ਲਿਖਿਆ ਜਾਂਦਾ ਹੈ ਪ੍ਰੰਤੂ ਉਚਾਰਣ ਅਤੇ ਪਦਛੇਦ ਅ ਓ ਮ ਹੈ।

ਆਰੀਆ ਸਮਾਜੀ ਇਸ ਦੇ ਅਰਥਾਂ ਪ੍ਰਥਾਇ ਲਿਖਦੇ ਹਨ ਕਿ, 'ਓਂ ' ਸ਼ਬਦ ਪ੍ਰਮੇਸ਼ਰ ਦਾ

ਸਰਵੋਤਮ ਨਾਮ ਹੈ, ਇਸ ਵਿਚ ਪ੍ਰਮੇਸ਼ਰ ਦੇ ਬਹੁਤ ਨਾਮ ਆਏ ਹਨ-

(ਅ) ਅਕਾਰ- ਵਿਰਾਟ, ਅਗਨੀ, ਵਿਸ਼ਵਾਦਿ

(ੳ) ਉਕਾਰ- ਹਿਰਨਯਗਰਭ, ਵਾਯੂ

(ਮ) ਮਕਾਰ- ਈਸ਼ਵਰ, ਅਦਿੱਤਯ,

ਇਸ ਤਰ੍ਹਾਂ ਇਸ ਸ਼ਬਦ ਨੂੰ ਅਕਾਰ, ਉਕਾਰ, ਅਤੇ ਮਕਾਰ ਸ਼ਬਦਾਂ ਨੂੰ ਨਿਖੇੜ ਕੇ ਤ੍ਰਿਦੇਵ ਸਿਧਾਂਤ ਦੀ ਪਿੱਠ ਪੂਰਤੀ ਕੀਤੀ ਗਈ ਹੈ ਅਤੇ ਇਸ ਨੂੰ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਪ੍ਰਤੀ ਵਰਤਿਆ ਗਿਆ ਹੈ। ਕੁਝ ਵਿੱਦਿਆਵੇਤਿਆਂ ਨੇ ਇਸ ਨੂੰ ਰਜੋ, ਤਮੋ ਅਤੇ ਸਤੋ ਗੁਣ ਦੇ ਪ੍ਰਤੀਕਾਤਮਕ ਸ਼ਬਦ ਵਜੋਂ ਵਰਤਦਿਆਂ ਤ੍ਰਿਦੇਵ ਸਿਧਾਂਤ ਨਾਲ ਜੋੜਿਆ ਹੈ, ਜਿਵੇਂ:

ਅਕਾਰ:-ਰਜੋ ਗੁਣ ਦਾ ਸੰਕੇਤਾਤਮਕ ਹੋਣ ਕਰਕੇ ਬ੍ਰਹਮਾ ਦਾ ਲਖਾਇਕ ਹੈ।

ਉਕਾਰ:-ਸਤੋ ਗੁਣ ਹੋਣ ਸਦਕਾ ਵਿਸ਼ਨੂੰ ਦਾ ਲਖਾਇਕ ਹੈ।

ਮਕਾਰ :- ਤਮੋ ਗੁਣ ਦਾ ਪ੍ਰਤੀਕ ਤੇ ਸ਼ਿਵ ਦਾ ਲਖਾਇਕ ਹੈ।

ਸੋ ਮੁਢਲੀ ਵਿਚਾਰ ਤੋਂ ਇਸ ਸਿੱਟੇ 'ਤੇ ਪ੍ਰਮਾਣਾਂ ਸਹਿਤ ਸਿੱਧਾ ਪਹੁੰਚਦੇ ਹਾਂ ਕਿ ਓਁ ਸ਼ਬਦ ਦੀ ਵਰਤੋਂ ਬਹੁਦੇਵਵਾਦੀ ਜਾਂ ਬਹੁਈਸ਼ਵਰੀ ਵਿਚਾਰਧਾਰਾ ਨੂੰ ਪ੍ਰਗਟਾਉਣ ਵਾਸਤੇ ਕੀਤੀ ਜਾਂਦੀ ਹੈ। ਜ਼ਾਤੀ ਵਰਣ ਵੰਡ ਦੇ ਜਨਮ-ਦਾਤਿਆਂ ਦਾ ਮਨਭਾਉਂਦਾ ਸ਼ੁਗਲ, ਨੀਵਿਆਂ ਅਤੇ ਔਰਤ ਜ਼ਾਤੀ 'ਤੇ ਜ਼ੁਲਮ ਸਦਕਾ ਇਸ ਸ਼ਬਦ ਦੇ ਉਚਾਰਣ ਉਪਰ ਕੁਝ ਪਾਬੰਦੀਆਂ ਵੀ ਆਇਦ ਹਨ, ਜਿਵੇਂ ਇਸ ਮੰਤਰ ਦਾ ਉਚਾਰਣ ਕੇਵਲ ਬ੍ਰਾਹਮਣ ਕਰ ਸਕਦਾ ਹੈ, ਨੀਵੀਂ ਜ਼ਾਤ ਜਾਂ ਕਿਸੇ ਵੀ ਜ਼ਾਤ ਨਾਲ ਸੰਬੰਧਿਤ ਔਰਤ ਇਸ ਤੋਂ ਕੋਈ ਲਾਹਾ ਨਹੀਂ ਲੈ ਸਕਦੀ।

## ਗੁਰਮਤਿ ਮਾਰਗ ਤੇ ਇਕ ਈਸ਼ਵਰਵਾਦ ਦਾ ਸਿਧਾਂਤ :

ਆਰ. ਐੱਸ. ਐੱਸ. ਨੇ ਸਿੱਖ ਗੁਰੂ ਸਾਹਿਬਾਨ ਨੂੰ ਵੈਦਿਕ ਵਿਚਾਰਧਾਰਾ ਦਾ ਅੰਗ ਜਾਂ ਪ੍ਰਚਾਰਕ ਦਰਸਾਉਣ ਵਾਸਤੇ ਜਾਂ ੧ੴ ਨੂੰ ਬਹੁਦੇਵ ਪ੍ਰਥਾ ਦਾ ਪ੍ਰਤੀਕ ਸਾਬਤ ਕਰਨ ਲਈ ਕਾਫ਼ੀ ਸਾਹਿਤ ਪ੍ਰਕਾਸ਼ਤ ਕੀਤਾ ਹੈ, ਤਾਂ ਜੋ ਸਿੱਖੀ ਸਿਧਾਂਤਾਂ ਦਾ ਤੋੜ-ਮਰੋੜਾ ਕਰ ਕੇ ਸਿੱਖਾਂ ਨੂੰ ਹਿੰਦੂ ਧਰਮ ਦਾ ਇਕ ਅੰਗ ਸਾਬਤ ਕੀਤਾ ਜਾਵੇ ਤੇ ਆਪਣੀ ਵਿਨਾਸ਼ਕਾਰੀ ਸੋਚ ਨੂੰ ਅਮਲੀਜਾਮਾ ਪਹਿਨਾਇਆ ਜਾ ਸਕੇ।

ਗੁਰੂ ਪਾਤਸ਼ਾਹ ਨੇ ਇਕ ਅਕਾਲ ਪੁਰਖ ਦਾ ਨਿਵੇਕਲਾ ਸਿਧਾਂਤ ਦਿੱਤਾ ਜੋ ਬਹੁਦੇਵਵਾਦ ਜਾਂ ਬਹੁਦੇਵੀ ਸ਼ਕਤੀਆਂ ਦਾ ਖੰਡਨ ਕਰਦਾ ਹੈ। ਗੁਰਮਤਿ ਅਨੁਸਾਰ ਸਭ ਕੁਝ ਇਕ ਅਕਾਲ ਪੁਰਖ ਦੇ ਹੁਕਮ ਵਿਚ ਹੋ ਰਿਹਾ ਹੈ:

*ਏਕੋ ਹੁਕਮੁ ਵਰਤੈ ਸਭ ਲੋਈ॥*
*ਏਕਸੁ ਤੇ ਸਭ ਓਪਤਿ ਹੋਈ॥੭॥*

(ਗਉੜੀ ਅਸਟਪਦੀਆ, ਪੰਨਾ ੨੨੩)

ਉਸ ਤੋਂ ਬਿਨਾਂ ਕੋਈ ਵੀ ਹੋਰ ਸੰਸਾਰ ਪ੍ਰਤੀ ਕਾਰਜਸ਼ੀਲ ਨਹੀਂ:

*ਏਕੰਕਾਰੁ ਅਵਰੁ ਨਹੀ ਦੂਜਾ*
*ਨਾਨਕ ਏਕੁ ਸਮਾਈ॥*

(ਰਾਮਕਲੀ, ਦਖਣੀ ਓਅੰਕਾਰ, ਪੰਨਾ ੧੩੦)

ਉਹ ਸੁੱਤੇ ਸਿੱਧ ਆਪਣੇ ਆਪ ਤੋਂ ਹੈ, ਅਤੇ ਹਰੇਕ ਵਿਚ ਪ੍ਰਕਾਸ਼ਮਾਨ ਹੈ:

*ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥*

(ਧਨਾਸਰੀ ਮ: ੭ ਪੰਨਾ ੧੩)

੧ੴ ਸ਼ਬਦ ਦਾ ਉਚਾਰਨ ੧+ਓਅੰ+ਕਾਰ ਹੈ। ਇਹ ਸ਼ਬਦ ਇਕ ਅਕਾਲ ਪੁਰਖ, ਸਰਵ-ਵਿਆਪੀ ਅਕਾਲੀ ਤਾਕਤ ਪ੍ਰਤੀ ਦ੍ਰਿੜ੍ਹ ਨਿਸਚੈ ਅਤੇ ਇਕ ਰੱਬੀ ਖਿਆਲ ਦਾ ਸੂਚਕ ਹੈ, ਅਜਿਹੀ ਹਸਤੀ ਜਿਸ ਵਰਗਾ ਹੋਰ ਕੋਈ ਨਹੀਂ ਅਤੇ ਜੋ ਸਾਰੇ ਸੰਸਾਰ ਅੰਦਰ ਸਮਾਇਆ ਹੋਇਆ ਹੈ, ਕਾਰ (ੴ) ਸੰਸਕ੍ਰਿਤ ਦਾ ਪਿਛੇਤਰ ਹੈ ਅਤੇ ਇਸ ਦਾ ਭਾਵ ਇਕ-ਰਸ ਹੈ ਜਿਸ ਵਿਚ ਕੋਈ ਤਬਦੀਲੀ ਨਾ ਹੋ ਸਕੇ।

ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ੧ੴ ਸ਼ਬਦ ਦੀ ਵਿਆਖਿਆ ਕਰਦਿਆਂ ੧ ਵਾਸਤੇ ਏਕੰਕਾਰ ਅਤੇ ੴ ਵਾਸਤੇ ਓਅੰਕਾਰ ਸ਼ਬਦ ਦੀ ਵਰਤੋਂ ਕੀਤੀ ਹੈ, ਜੋ ਸਬਦ ਵਿਆਪਕ ਪਾਰਬ੍ਰਹਮ ਦੇ ਨਿਰਗੁਣ ਅਤੇ ਸਰਗੁਣ ਸਰੂਪ ਦਾ ਲਖਾਇਕ ਹੈ। ਇਸ ਦੀ ਪੂਰਨ ਗਿਆਤ ਲਈ ਬ੍ਰਹਮ ਦੇ ਨਿਰਗੁਣ ਸਰਗੁਣ ਸਰੂਪ ਪ੍ਰਤੀ ਗੁਰੂ ਸਾਹਿਬ ਦਾ ਫੁਰਮਾਣ ਹੈ :

*ਆਪੀਨ੍ਹੈ ਆਪੁ ਸਾਜਿਓ*
*ਆਪੀਨ੍ਹੈ ਰਚਿਓ ਨਾਉ॥*
*ਦੁਯੀ ਕੁਦਰਤਿ ਸਾਜੀਐ*
*ਕਰਿ ਆਸਣੁ ਡਿਠੋ ਚਾਉ॥*

(ਆਸਾ ਮ: ੧, ਪੰਨਾ ੪੬੩)

ਪ੍ਰਮਾਤਮਾ ਦਾ ਨਿਰਗੁਣ ਸਰੂਪ ਮਨੁੱਖੀ ਸਮਝ ਤੋਂ ਪਰ੍ਹੇ ਹੈ, ਇਸ ਕਰਕੇ ਇਸ ਚੱਕ੍ਰ, ਚਿਹਨ, ਰੂਪ, ਰੰਗ, ਰੇਖ ਤੋਂ ਰਹਿਤ ਅਤੇ ਦੇਸ਼ ਕਾਲ ਦੀਆਂ ਬੰਦਸ਼ਾਂ ਤੋਂ ਮੁਕਤ ਹੋਣ ਕਰਕੇ ਅਗਮ, ਅਗੋਚਰ, ਅਨਾਦਿ, ਅਨਾਹਤਿ, ਅਪਰੰਪਰ ਕਿਹਾ ਜਾਂਦਾ ਹੈ।

ਮਨੁੱਖ ਦੀਆਂ ਮਾਨਸਿਕ ਕ੍ਰਿਆਵਾਂ ਦਾ ਅੰਤਲਾ ਸਿਰਾ ਮਨ ਹੈ, ਪ੍ਰੰਤੂ ਮਨੁੱਖੀ ਗਿਆਨ ਇੰਦ੍ਰੀਆਂ ਸਦਕਾ ਅਕਾਲ ਦੇ ਨਿਰਗੁਣ ਸਰੂਪ ਦਾ ਤਸੱਵਰ ਕਰਨਾ ਨਿਰਮੂਲ ਹੈ। ਮਨੁੱਖੀ ਸਮਝ ਤੋਂ ਅਡਿੱਠ ਹੋਣ ਕਰਕੇ ਇਸ ਸਦੀਵੀ ਹੋਂਦ ਦੇ ਅਥਾਹ ਮਾਰਗ ਪ੍ਰਤੀ ਕੇਵਲ 'ਸਤਿ' ਸ਼ਬਦ ਦੀ ਹੀ ਵਰਤੋਂ ਕੀਤੀ ਜਾ ਸਕਦੀ ਹੈ।

ਆਤਮਿਕ ਗਿਆਨੀਆਂ ਤੇ ਗੁਰਮਤਿ ਸਿਧਾਂਤ ਅਨੁਸਾਰ, ਦਿੱਸਦਾ ਪਸਾਰਾ, ਬ੍ਰਹਿਮੰਡ ਅਤੇ ਕਣ-ਕਣ ਵਿਚ ਮੌਜੂਦ ਅਕਾਲੀ ਜੋਤ ਸਰਬ ਵਿਆਪਕ ਦਾ ਸਰਗੁਣ ਸਰੂਪ ਹੈ। ਪਾਰਬ੍ਰਹਮ ਨੇ

ਆਪ ਹੀ ਆਪਣੇ ਆਪ ਨੂੰ ਬਣਾਇਆ, ਆਤਮ ਸਰੂਪ ਪੈਦਾ ਕੀਤਾ ਤੇ ਆਪਣੀ ਰਚਨਾ ਕਾਇਨਾਤ ਵਿਚ ਵਿਚਰ ਕੇ ਸੰਭਾਲ ਕਰਦਾ ਹੈ:

*ਨਿਰੰਕਾਰ ਆਕਾਰ ਆਪਿ ਨਿਰਗੁਨ ਸਰਗੁਨ ਏਕ॥*
*ਏਕਹਿ ਏਕ ਬਖਾਨਨੋ ਨਾਨਕ ਏਕ ਅਨੇਕ॥ ੧॥*

(ਗਉੜੀ ਮ: ੫, ਪੰਨਾ ੨੫੦)

ਜੇ ਕੋਈ ਗੁਰੂ ਦੀ ਕਿਰਪਾ ਸਦਕਾ ਅਕਾਲ ਪੁਰਖ ਦੇ ਸਤਿ ਸਰੂਪ ਭੇਦ ਜਾਣ ਲਵੇ ਤਾਂ ਆਪ ਹੀ ਸਤਿ ਸਰੂਪ ਪ੍ਰਕਾਸ਼ਮਾਨ ਹੋ ਜਾਂਦਾ ਹੈ:

*ਇਸੁ ਏਕੇ ਕਾ ਜਾਣੈ ਭੇਉ॥*
*ਆਪੇ ਕਰਤਾ ਆਪੇ ਦੇਉ॥ ੮॥*

(ਗੁਰੂ ਗ੍ਰੰਥ ਸਾਹਿਬ, ਪੰਨਾ ੯੩੦)

੧ੳ ਅਦਵੈਤ ਮਤਿ ਦਾ ਪ੍ਰਤੀਕ ਹੈ, ਇਕ ਅਕਾਲੀ ਤਾਕਤ ਜੋ ਘਟਿ-ਘਟਿ ਵਿਆਪ ਰਹੀ ਹੈ, ਉਸ ਦਾ ਲਖਾਇਕ ਹੈ, ਇਹ ਅਪਰੰਪਰ, 'ਸਭਿ ਮਹਿ ਜੋਤ' ਅਬਿਨਾਸੀ ਸੱਤੇ ਸਿੱਧ ਆਪਣੇ-ਆਪ ਤੋਂ ਪ੍ਰਕਾਸ਼ਮਾਨ ਸਤਿ ਸਰੂਪ, 'ਸਤਿ ਸੁਹਾਣਾ' ਬ੍ਰਹਮ ਦਾ ਸੂਚਕ ਹੈ ਅਤੇ ਤ੍ਰਿਦੇਵ ਸਿਧਾਂਤ ਦਾ ਖੰਡਨ ਕਰਦਾ ਹੈ।

ਸਨਾਤਨ ਧਰਮੀਆਂ ਵੱਲੋਂ ਅ ਓ ਮ (ਓਂ) ਸ਼ਬਦ ਦੇ ਅਰਥ ਬ੍ਰਹਮ, ਵਿਸ਼ਨੂੰ ਤੇ ਸ਼ਿਵ ਕੀਤੇ ਹਨ ਅਤੇ ਉਨ੍ਹਾਂ ਨੂੰ ਰਚਨਕਾਰ, ਭੰਡਾਰਕ ਤੇ ਲੈ ਕਰਨ ਵਾਲਾ ਮੰਨਿਆ ਹੈ, ਪ੍ਰੰਤੂ ਗੁਰਮਤਿ ਸਿਧਾਂਤ ਹੈ ਕਿ:

*ਇਕੁ ਸੰਸਾਰੀ ਇਕੁ ਭੰਡਾਰੀ*
*ਇਕੁ ਲਾਏ ਦੀਬਾਣੁ॥*
*ਜਿਵ ਤਿਸੁ ਭਾਵੈ ਤਿਵੈ ਚਲਾਵੈ*
*ਜਿਵ ਹੋਵੈ ਫੁਰਮਾਣੁ॥*

(ਗੁਰੂ ਗ੍ਰੰਥ ਸਾਹਿਬ, ਪੰਨਾ 7)

ਇਹ ਸਾਰੇ ਕਾਰਜ ਉਸ ਅਕਾਲ ਪੁਰਖ ਦੇ ਹੁਕਮ ਅਤੇ ਰਜ਼ਾ ਅਧੀਨ ਹੀ ਹੋ ਰਹੇ ਹਨ, ਸਾਰੀਆਂ ਸ਼ਕਤੀਆਂ ਦਾ ਮਾਲਕ ਤੇ ਸੰਸਥਾਪਕ ਆਪ ਅਕਾਲ ਪੁਰਖ ਹੈ, ਦੇਵੀ-ਦੇਵ ਵੀ ਉਸ ਦੇ ਉਪਾਏ, ਖਪਾਏ ਹਨ:

*ਤ੍ਰਿਤੀਆ ਬ੍ਰਹਮਾ ਬਿਸਨੁ ਮਹੇਸਾ॥*
*ਦੇਵੀ ਦੇਵ ਉਪਾਏ ਵੇਸਾ॥*
*ਜੋਤੀ ਜਾਤੀ ਗਣਤ ਨ ਆਵੈ॥*
*ਜਿਨਿ ਸਾਜੀ ਸੋ ਕੀਮਤਿ ਪਾਵੈ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੮੩੯)

ਸਾਰੇ ਜਗਤ ਦਾ ਕਾਰਜ ਵਾਹਕ ਅਕਾਲ ਪੁਰਖ ਹੈ, ਦੂਸਰਾ ਕੋਈ ਉਸ ਦੇ ਤੁੱਲ ਨਹੀਂ:

ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ
ਏਕੋ ਸ੍ਰਿਸਟਿ ਸਬਾਈ॥
ਏਕੰਕਾਰੁ ਅਵਰੁ ਨਹੀ ਦੂਜਾ
ਨਾਨਕ ਏਕੁ ਸਮਾਈ॥ ੫॥

(ਗੁਰੂ ਗ੍ਰੰਥ ਸਾਹਿਬ, ਪੰਨਾ ੬੩੦)

ਸਨਾਤਨੀ ਰੀਤ ਅਨੁਸਾਰ ਤਾਂ ਅ ੳ ਮ ਮੰਤ੍ਰ ਦੇ ਜਾਪ ਦਾ ਹੱਕ ਕੇਵਲ ਬ੍ਰਾਹਮਣ ਵਾਸਤੇ ਰਾਖਵਾਂ ਹੈ, ਔਰਤ ਜ਼ਾਤ ਤੇ ਹੋਰ ਨੀਵੀਆਂ ਜ਼ਾਤਾਂ ਇਸ ਦਾ ਜਾਪ ਨਹੀਂ ਕਰ ਸਕਦੀਆਂ, ਪ੍ਰੰਤੂ ਗੁਰੂ ਸਾਹਿਬਾਨ ਨੇ ਜਿਥੇ ਸਰਬ ਜ਼ਾਤਾਂ ਪ੍ਰਤੀ ਸਰਬ ਸਾਂਝੀ ਧੁਰ ਕੀ ਬਾਣੀ ਦਾ ਆਤਮਿਕ ਸੰਦੇਸ਼ ਦਿੱਤਾ ਹੈ, ਜਿਸ ਸਦਕਾ ਕਿਸੇ ਵੀ ਜ਼ਾਤ ਜਾਂ ਨਸਲ ਨਾਲ ਸੰਬੰਧਿਤ ਹਰ ਪ੍ਰਾਣੀ ਮਾਤਰ ਆਤਮਕ ਗੁਣ ਪ੍ਰਾਪਤ ਕਰ ਸਕਦਾ ਹੈ, ਬ੍ਰਾਹਮਣਵਾਦ ਦੇ ਜ਼ਾਤੀ ਹੰਕਾਰ ਵਾਲੀ ਕੋਈ ਬੰਦਸ਼ ਨਹੀਂ:

ਖਤ੍ਰੀ ਬ੍ਰਾਹਮਣ ਸੂਦ ਵੈਸ
ਉਪਦੇਸੁ ਚਹੁ ਵਰਨਾ ਕਉ ਸਾਝਾ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੪੭)

ਖਤ੍ਰੀ ਬ੍ਰਾਹਮਣੁ ਸੂਦੁ ਬੈਸੁ
ਉਧਰੈ ਸਿਮਰਿ ਚੰਡਾਲ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੦੦)

ਜਾਤਿ ਅਜਾਤਿ ਜਪੈ ਜਨੁ ਕੋਇ॥
ਜੋ ਜਾਪੈ ਤਿਸ ਕੀ ਗਤਿ ਹੋਇ॥ ੩॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੫੦)

ਆਰ.ਐੱਸ. ਐੱਸ. ਦੀਆਂ ਅਜਿਹੀਆਂ ਕਾਰਵਾਈਆਂ ਪ੍ਰਤੀ ਸੁਚੇਤ ਹੋਣ ਦੀ ਮੁੱਖ ਜ਼ਰੂਰਤ ਹੈ। ਸੰਘ ਪਰਿਵਾਰਕਾਂ ਵੱਲੋਂ ਕੀਤੇ ਜਾ ਰਹੇ ਬੌਧਿਕ ਹਮਲਿਆਂ ਤੋਂ ਸੁਚੇਤ ਹੋ ਕੇ ਜਿਥੇ ਇਕ ਨਿੱਗਰ ਰਣਨੀਤੀ ਤਿਆਰ ਕਰਨ ਦੀ ਲੋੜ ਹੈ, ਉਥੇ ਘੱਟ-ਗਿਣਤੀਆਂ ਨੂੰ ਨਾਲ ਲੈ ਕੇ ਸਾਂਝਾ ਮੁਹਾਜ਼ ਕਾਇਮ ਕਰ ਕੇ ਬਿਪਰਵਾਦ ਦੇ ਹੜ੍ਹ ਨੂੰ ਠੱਲ੍ਹ ਪਾਉਣੀ ਵੀ ਮੁੱਖ ਜ਼ਰੂਰਤ ਹੈ।

# ਗਿਆਨੀ ਪੂਰਨ ਸਿੰਘ ਨੇ ਸਿੱਖਾਂ ਨੂੰ ਲਵ-ਕੁਸ਼ ਦੇ ਵੰਸ਼ਜ ਕਿਉਂ ਕਿਹਾ ?

1699 ਦੀ ਵਿਸਾਖੀ ਨੂੰ ਅਨੰਦਪੁਰ ਸਾਹਿਬ ਵਿਖੇ ਇਕੱਤਰ ਹੋਏ ਅਣਗਿਣਤ ਲੋਕਾਂ ਨੇ ਅਲੌਕਿਕ ਨਜ਼ਾਰਾ ਵੇਖਿਆ। ਗੁਰੂ ਨਾਨਕ ਦਸਵੇਂ ਜਾਮੇ ਵਿਚ ਹੱਥ ਵਿਚ ਸ੍ਰੀ ਸਾਹਿਬ ਸੂਤ ਕੇ ਖੜ੍ਹਾ, ਸੀਸ ਦੀ ਮੰਗ ਕਰ ਰਿਹਾ ਹੈ। ਸੀਸ ਤਲੀ 'ਤੇ ਰੱਖ ਕੇ ਧਰਮ ਦੇ ਮਾਰਗ 'ਤੇ ਪੈਰ ਰੱਖਣ ਵਾਲੇ ਪੰਜ ਮਰਜੀਵੜੇ ਸਿੱਖਾਂ ਨੇ ਗੁਰੂ ਦੀ ਮੰਗ 'ਤੇ ਸੀਸ ਅਰਪਿਤ ਕਰਕੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਦਸਮੇਸ਼ ਪਿਤਾ ਨੇ ਅੰਮ੍ਰਿਤ ਦੀ ਦਾਤ ਬਖਸ਼ਿਸ਼ ਕਰਕੇ 'ਪਿਆਰਿਆਂ' ਦਾ ਸਰਵ-ਉੱਚ ਖਿਤਾਬ ਬਖਸ਼ਿਆ। ਰਹਿਤ ਮਰਿਆਦਾ ਦ੍ਰਿੜ੍ਹ ਕਰਵਾਉਂਦਿਆਂ ਗੁਰੂ ਪਾਤਸ਼ਾਹ ਨੇ ਫੁਰਮਾਇਆ ਕਿ ਅੱਜ ਤੋਂ ਤੁਹਾਡੀ ਜ਼ਾਤ-ਪਾਤ, ਕੁਲ ਦਾ ਖਾਤਮਾ ਹੋ ਚੁੱਕਾ ਹੈ। ਅੱਜ ਤੋਂ ਤੁਸੀਂ ਛੱਲੀ ਰਾਮ ਜਾਂ ਗੁੱਲੀ ਰਾਮ ਦੀ ਔਲਾਦ ਨਹੀਂ ਬਲਕਿ ਗੁਰੂ ਦੀ ਸੰਤਾਨ ਹੋ। ਤੁਸੀਂ ਖ਼ਾਲਸੇ ਬਣ ਚੁੱਕੇ ਹੋ, ਤੁਹਾਡਾ ਜਨਮ ਖੰਡੇ ਦੀ ਧਾਰ ਵਿਚੋਂ ਹੋਇਆ ਹੈ। ਗੁਰੂ ਪਿਤਾ ਨੇ ਖ਼ਾਲਸੇ ਨੂੰ ਮੁਖਾਤਿਬ ਕਰਕੇ ਆਖਿਆ:

*"ਜਿਨ ਕੀ ਜਾਤ ਪਾਤ ਕੁਲ ਮਾਹੀ।*
*ਸਰਦਾਰੀ ਨਾ ਭਈ ਕਦਾਹੀ।*
*ਤਿਨ ਹੀ ਕੋ ਸਰਦਾਰ ਬਨਾਊਂ।*
*ਤਬੈ ਗੋਬਿੰਦ ਸਿੰਘ ਨਾਮ ਕਹਾਊਂ॥"*

ਅੱਜ ਵੀ ਜਦੋਂ ਸਿੱਖ ਅਮ੍ਰਿਤਪਾਨ ਕਰਦਾ ਹੈ ਤਾਂ ਉਹੀ ਮਰਿਆਦਾ ਦ੍ਰਿੜ੍ਹ ਕਰਵਾਈ ਜਾਂਦੀ ਹੈ ਜੋ ਗੁਰੂ ਪਾਤਸ਼ਾਹ ਨੇ ਖ਼ਾਲਸੇ ਨੂੰ ਦ੍ਰਿੜ੍ਹ ਕਰਵਾਈ ਸੀ। ਅੰਮ੍ਰਿਤਪਾਨ ਕਰਨ ਉਪਰੰਤ ਖ਼ਾਲਸੇ ਦਾ ਸਿੱਧਾ ਸੰਬੰਧ ਅਕਾਲ ਪੁਰਖ ਨਾਲ ਜੁੜ ਜਾਂਦਾ ਹੈ। ਖ਼ਾਲਸਾ ਪਰਮਾਤਮਾ ਦੀ ਆਪਣੀ ਗਿਆਇਆ ਬਣ ਜਾਂਦਾ ਹੈ। ਮਰਿਆਦਾ ਦਰਸਾਉਂਦੇ ਹੋਏ ਖ਼ਾਲਸੇ ਨੂੰ ਦ੍ਰਿੜ੍ਹ ਕਰਵਾਇਆ ਜਾਂਦਾ ਹੈ ਕਿ ਅੱਜ ਤੋਂ ਤੁਹਾਡਾ ਜਨਮ ਕੇਸਗੜ੍ਹ ਸਾਹਿਬ ਦਾ ਹੈ, ਤੁਹਾਡਾ ਪਿਤਾ ਗੁਰੂ ਗੋਬਿੰਦ ਸਿੰਘ ਹੈ, ਤੁਹਾਡੀ ਮਾਤਾ ਸਾਹਿਬ ਕੌਰ ਹੈ, ਤੁਹਾਡਾ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ।

ਜਦੋਂ ਸਿੱਖ ਗੁਰੂ ਨੂੰ ਸੀਸ ਭੇਟ ਕਰਕੇ ਖ਼ਾਲਸਾ ਬਣ ਜਾਂਦਾ ਹੈ ਤਾਂ ਉਸ ਦੀ ਜ਼ਾਤ-ਪਾਤ, ਕੁਲ ਖਤਮ ਹੋ ਜਾਂਦੀ ਹੈ। ਗੁਰੂ ਪਾਤਸ਼ਾਹ ਦਾ ਫੁਰਮਾਨ ਹੈ:

*ਹਮਰੀ ਜਾਤਿ ਪਾਤਿ ਗੁਰੁ ਸਤਿਗੁਰੁ*

*ਹਮ ਵੇਚਿਓ ਸਿਰੁ ਗੁਰ ਕੇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੩੧)

ਗੁਰਮਤਿ ਅਨੁਸਾਰ ਕੁਲ ਦਾ ਕੋਈ ਮਹੱਤਵ ਨਹੀਂ ਹੈ। ਹਰਿ ਪ੍ਰਮੇਸ਼ਰ ਦਾ ਨਾਮ ਜਪਣ ਸਦਕਾ ਕੋਈ ਵੀ ਮਨੁੱਖ ਭਾਵੇਂ ਉਸ ਦਾ ਸੰਬੰਧ ਕਿਸੇ ਵੀ ਕੁਲ ਨਾਲ ਕਿਉਂ ਨਾ ਹੋਵੇ, ਉਹ ਪਰਮ ਪਦ ਦਾ ਅਧਿਕਾਰੀ ਬਣ ਜਾਂਦਾ ਹੈ:

*ਵਡੇ ਵਡੇ ਜੋ ਦੁਨੀਆਦਾਰ*
*ਕਾਹੂ ਕਾਜਿ ਨਾਹੀ ਗਾਵਾਰ॥*
*ਹਰਿ ਕਾ ਦਾਸੁ ਨੀਚ ਕੁਲੁ ਸੁਣਹਿ॥*
*ਤਿਸ ਕੈ ਸੰਗਿ ਖਿਨ ਮਹਿ ਉਧਰਹਿ॥ ੨॥*

(ਗਉੜੀ ਮਹਲਾ ੫ ਅਸਟਪਦੀਆ, ਪੰਨਾ ੨੩੮)

ਗੁਰੂ ਸ਼ਬਦ ਨਾਲ ਜੁੜਨ ਸਦਕਾ ਤਾਂ ਜ਼ਾਤ ਅਤੇ ਕੁਲ ਦਾ ਤਾਂ ਹੰਕਾਰ ਹੀ ਖਤਮ ਹੋ ਜਾਂਦਾ ਹੈ। ਗੁਰੂ ਸ਼ਬਦ ਨਾਲ ਜੁੜਿਆ ਜੀਵ ਹਰਿ ਸਿਮਰਨ ਸਦਕਾ ਪਰਮ ਆਤਮਾ ਵਿਚ ਅਭੇਦ ਹੋ ਜਾਂਦਾ ਹੈ। ਜ਼ਾਤ ਕੁਲ ਦਾ ਸਹਸਾ ਖਤਮ ਹੋ ਜਾਂਦਾ ਹੈ:

*ਜਾਤਿ ਬਰਨ ਕੁਲ ਸਹਸਾ ਚੂਕਾ ਗੁਰਮਤਿ ਸਬਦਿ ਬੀਚਾਰੀ॥ ੧॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੯੮)

ਕਬੀਰ ਸਾਹਿਬ ਫੁਰਮਾਉਂਦੇ ਹਨ ਕਿ ਲੋਕ ਕੁਲ ਦਾ ਹੰਕਾਰ ਕਰਦੇ ਹਨ ਅਤੇ ਇਸ ਹੰਕਾਰ ਦੇ ਪ੍ਰਭਾਵ ਅਧੀਨ ਹੀ ਪਰਮ ਤੱਤ ਤੋਂ ਵਿੱਛੜੇ ਰਹਿੰਦੇ ਹਨ। ਅੰਤ ਸਮੇਂ ਕੁਲ ਨਾਲ ਨਹੀਂ ਜਾਂਦੀ ਅਤੇ ਜੀਵ ਨੂੰ ਅਗੰਮੀ ਹੁਕਮ ਅਨੁਸਾਰ ਸਰੀਰ ਤਿਆਗਣਾ ਹੀ ਪੈਂਦਾ ਹੈ:

*ਕਬੀਰ ਦੁਨੀਆ ਕੇ ਦੋਖੇ ਮੂਆ*
*ਚਾਲਤ ਕੁਲ ਕੀ ਕਾਨਿ॥*
*ਤਬ ਕੁਲੁ ਕਿਸ ਕਾ ਲਾਜਸੀ*
*ਜਬ ਲੇ ਧਰਹਿ ਮਸਾਨ॥ ੧੬੬॥*

(ਸਲੋਕ ਕਬੀਰ ਜੀਉ, ਪੰਨਾ ੧੩੭੩)

ਸਿੱਖ ਤਾਂ ਗੁਰੂ ਦੀ ਪ੍ਰੀਤ ਤੋਂ ਆਪਾ ਕੁਰਬਾਨ ਕਰਦਾ ਹੈ:

*ਬਲਿਹਾਰੀ ਇਹ ਪ੍ਰੀਤਿ ਕਉ*
*ਜਿਹ ਜਾਤਿ ਬਰਨੁ ਕੁਲੁ ਜਾਇ॥ ੫੭॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੬੭)

ਸਿੱਖ ਦਾ ਪਿਆਰ ਤਾਂ ਗੁਰੂ ਦੇ ਨਾਲ ਹੈ, ਕੁਲ ਦਾ ਸਿੱਖ ਵਾਸਤੇ ਤਾਂ ਕੋਈ ਮਹੱਤਵ ਨਹੀਂ ਹੈ। ਭਾਈ ਸੁਬੇਗ ਸਿੰਘ ਜੀ ਨੂੰ ਜਦੋਂ ਸ਼ਾਹੀ ਕਾਜ਼ੀ ਨੇ ਕਿਹਾ ਕਿ ਆਪਣੇ ਪੁੱਤਰ ਦੀ ਧਰਮ-ਤਬਦੀਲੀ ਕਰਕੇ ਆਪਣੀ ਕੁਲ ਦਾ ਦੀਪਕ ਤਾਂ ਜਗਦਾ ਰਹਿਣ ਦਿਉ, ਤਾਂ ਭਾਈ ਸੁਬੇਗ ਸਿੰਘ

ਨੇ ਦਲੇਰੀ ਭਰਿਆ ਉੱਤਰ ਦਿੱਤਾ:

ਹਮਰੇ ਕਾਰਨ ਗੁਰ ਕੁਲਹਿੰ ਗਵਾਈ,
ਹਮ ਕੁਲ ਰਾਖਹਿੰ ਕਵਨ ਵਡਾਈ।

ਖੰਡੇ ਦੀ ਧਾਰ ਵਿਚੋਂ ਪ੍ਰਗਟ ਹੋਏ ਖ਼ਾਲਸੇ ਦੀ ਹੋਂਦ ਹਸਤੀ ਨੂੰ ਨੇਸਤੋ-ਨਾਬੂਦ ਕਰਨ ਲਈ ਕਈ ਜ਼ੁਲਮੀ ਤਲਵਾਰਾਂ ਉੱਠੀਆਂ ਪਰ ਖ਼ਾਲਸੇ ਨੂੰ ਮਿਟਾ ਨਾ ਸਕੀਆਂ। ਜਦੋਂ ਮੁਗਲ ਹਕੂਮਤ ਨੇ ਸੋਚਿਆ ਕਿ ਖ਼ਾਲਸਾ ਖਤਮ ਹੋ ਚੁੱਕਾ ਹੈ ਤਾਂ ਗੁਰੂ ਕੇ ਪਿਆਰਿਆਂ-ਗਰਜਾ ਸਿੰਘ ਬੋਤਾ ਸਿੰਘ ਨੇ ਚੂੰਗੀ ਨਾਕਾ ਲਗਾ ਕੇ ਖ਼ਾਲਸੇ ਦੀ ਹੋਂਦ ਦਾ ਐਲਾਨ ਕੀਤਾ। ਕਈ ਨਾਦਰਾਂ, ਅਬਦਾਲੀਆਂ ਤੇ ਜ਼ਾਲਮਾਂ ਨੇ ਖ਼ਾਲਸੇ ਨੂੰ ਖਤਮ ਕਰਨਾ ਚਾਹਿਆ ਪ੍ਰੰਤੂ ਆਪ ਸਮੇਂ ਦੇ ਵਹਿਣ ਵਿਚ ਵਹਿ ਗਏ। ਸਿੱਖਾਂ ਦੇ ਦੋਖੀਆਂ ਨੇ ਜਦੋਂ ਮਹਿਸੂਸ ਕੀਤਾ ਕਿ ਖ਼ਾਲਸਾ ਹਰ ਜ਼ੁਲਮੀ ਹਨ੍ਹੇਰੀ ਅਤੇ ਤਲਵਾਰਾਂ ਦੀ ਨੋਕ ਉੱਪਰ ਅਡੋਲ ਰਿਹਾ ਹੈ ਤਾਂ ਉਨ੍ਹਾਂ ਨੇ ਖ਼ਾਲਸੇ ਨੂੰ ਸੰਸਾਰ ਦੇ ਨਕਸ਼ੇ ਉੱਪਰ ਖਤਮ ਕਰਨ ਵਾਸਤੇ ਕਈ ਤਰ੍ਹਾਂ ਦੀਆਂ ਘਿਨਾਉਣੀਆਂ ਚਾਲਾਂ ਚੱਲਣੀਆਂ ਆਰੰਭ ਕੀਤੀਆਂ।

1925 ਵਿਚ ਹਿੰਦੂਤਵ ਦੇ ਮੁਦੱਈ ਦਿਮਾਗਾਂ ਵਲੋਂ ਡਾ: ਹੈਡਗੇਵਾਰ ਦੀ ਸਰਪ੍ਰਸਤੀ ਹੇਠ ਇਕ ਰਾਸ਼ਟਰੀ ਸੋਇਮ ਸੰਘ (ਆਰ. ਐੱਸ. ਐੱਸ) ਨਾਮ ਦੀ ਜਥੇਬੰਦੀ ਸਥਾਪਤ ਕੀਤੀ ਗਈ। ਇਸ ਜਥੇਬੰਦੀ ਦਾ ਮੁੱਖ ਮੰਤਵ ਸਾਰੇ ਦੇਸ਼ ਨੂੰ ਹਿੰਦੂਵਾਦ ਦੇ ਘੇਰੇ ਅਧੀਨ ਲਿਆਉਣਾ ਹੈ। ਵੱਖ ਵੱਖ ਸਰਕਾਰੀ ਅਦਾਰਿਆਂ ਉੱਪਰ ਇਹ ਜਥੇਬੰਦੀ ਪੂਰਨ ਰੂਪ ਵਿਚ ਕਾਬਜ਼ ਹੋ ਚੁੱਕੀ ਹੈ। ਵਿਦਿਅਕ ਅਦਾਰਿਆਂ ਤੋਂ ਲੈ ਕੇ ਖੁਫ਼ੀਆ ਵਿਭਾਗ ਤਕ ਸਾਰੇ ਅਦਾਰੇ ਇਸ ਹਿੰਦੂਤਵੀ ਵਿਚਾਰਧਾਰਾ ਦੀ ਮਾਲਿਕ ਜਥੇਬੰਦੀ ਦਾ ਪ੍ਰਭਾਵ ਕਬੂਲ ਚੁੱਕੇ ਹਨ। ਘੱਟ-ਗਿਣਤੀਆਂ, ਦਲਿਤਾਂ ਅਤੇ ਅੰਬੇਦਕਰੀਆਂ ਨੂੰ ਇਸ ਜਥੇਬੰਦੀ ਨੇ ਮੁੱਖ ਤੌਰ 'ਤੇ ਆਪਣਾ ਨਿਸ਼ਾਨਾ ਬਣਾਇਆ ਹੈ।

ਹੁਕਮਰਾਨ ਰਾਜਨੀਤਕ ਪਾਰਟੀ ਭਾਜਪਾ ਵੀ ਇਸੇ ਹਿੰਦੂਤਵ ਦੀ ਮੁਦੱਈ ਜਥੇਬੰਦੀ ਆਰ.ਐੱਸ.ਐੱਸ. ਦੀ ਰਾਜਨੀਤਕ ਸ਼ਾਖਾ ਹੈ। ਸਰਕਾਰੀ ਮਸ਼ੀਨਰੀ ਅਤੇ ਸਿਆਸੀ ਪ੍ਰਭਾਵ ਸਦਕਾ ਇਸ ਰਾਜਨੀਤਕ ਪਾਰਟੀ ਵੱਲੋਂ ਹਰ ਵਿਭਾਗ ਦਾ ਹਿੰਦੂਕਰਨ ਕਰਨ ਵਿਚ ਕੋਈ ਕਸਰ ਨਹੀਂ ਛੱਡੀ ਜਾ ਰਹੀ ਹੈ।

ਰਾਜਨੀਤਕ ਸੱਤਾ ਹਥਿਆਉਣ ਉਪਰੰਤ ਇਸ ਸਿਆਸੀ ਪਾਰਟੀ ਨੇ ਆਪਣਾ ਹਿੰਦੂਤਵੀ ਚਿਹਰਾ ਵਿਖਾਉਣਾ ਸ਼ੁਰੂ ਕਰ ਦਿੱਤਾ ਹੈ ਅਤੇ ਇਸ ਨੀਤੀ ਅਧੀਨ ਹੀ ਕੁਝ ਸੂਬਿਆਂ 'ਚ ਸਰਕਾਰੀ ਮੁਲਾਜ਼ਮਾਂ ਨੂੰ ਇਸ ਆਰ.ਐੱਸ.ਐੱਸ. ਨਾਮਕ ਫ਼ਿਰਕਾਪ੍ਰਸਤ ਜਥੇਬੰਦੀਆਂ ਦੀਆਂ ਗਤੀਵਿਧੀਆਂ ਵਿਚ ਸ਼ਾਮਿਲ ਹੋਣ ਦੀ ਇਜਾਜ਼ਤ ਦੇ ਦਿੱਤੀ ਗਈ ਹੈ।

ਸਿੱਖ ਧਰਮ ਨੂੰ ਢਾਹ ਲਗਾਉਣ ਵਾਸਤੇ ਅਤੇ ਖ਼ਾਲਸੇ ਦੀ ਵਿਲੱਖਣ ਹਸਤੀ ਨੂੰ ਖਤਮ ਕਰਨ ਵਾਸਤੇ ਇਸ ਜਥੇਬੰਦੀ ਵੱਲੋਂ ਰਾਸ਼ਟਰੀ ਸਿੱਖ ਸੰਗਤ ਨਾਮ ਦੀ ਜਥੇਬੰਦੀ ਖੜੀ ਕੀਤੀ ਗਈ। ਇਹ ਉਹ ਸਮਾਂ ਸੀ ਜਦੋਂ ਖ਼ਾਲਸਾ ਪੰਥ ਉੱਪਰ ਜ਼ੁਲਮੀ ਹਨ੍ਹੇਰੀਆਂ ਝੁੱਲੀਆਂ ਹੋਈਆਂ ਸਨ। 84 ਦੇ ਘਲੂਘਾਰੇ ਅਤੇ ਦਿੱਲੀ ਦੇ ਕਤਲੇ-ਆਮ ਨੇ ਸਿੱਖਾਂ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਸਿੱਖ ਕੌਮ

ਮਾਨਸਿਕ ਦੁਬਿਧਾ ਦਾ ਸ਼ਿਕਾਰ ਸੀ। ਸਰਕਾਰੀ ਦਮਨ ਚੱਕਰ ਨੇ ਪੰਜਾਬ ਦੀ ਧਰਤੀ ਨੂੰ ਸਿੱਖ ਕੌਮ ਦੀ ਰੱਤ ਨਾਲ ਰੰਗ ਛੱਡਿਆ ਸੀ। ਸਿੱਖੀ ਦਾ ਨਕਾਬ ਪਾ ਕੇ ਹਿੰਦੂਤਵ ਦਾ ਪ੍ਰਚਾਰ ਕਰਨ ਵਾਲੀ ਇਸ ਜਥੇਬੰਦੀ ਨੇ ਇਨ੍ਹਾਂ ਹਾਲਾਤਾਂ ਨੂੰ ਅਨੁਕੂਲ ਸਮਝਿਆ ਅਤੇ ਆਪਣਾ ਕਾਰਜ ਆਰੰਭ ਕੀਤਾ। ਸਿੱਖਾਂ ਨੂੰ ਬੌਧਿਕ ਪੱਧਰ 'ਤੇ ਹੀਣੇ ਕਰਨ ਵਾਸਤੇ ਇਸ ਜਥੇਬੰਦੀ ਵੱਲੋਂ ਕਈ ਪ੍ਰਕਾਸ਼ਨਾਵਾਂ ਆਰੰਭ ਕੀਤੀਆਂ ਗਈਆਂ ਜਿਨ੍ਹਾਂ ਵਿਚ ਗੁਰਬਾਣੀ ਨੂੰ ਵੇਦਾਂ ਦਾ ਸਾਰ ਆਖਿਆ ਗਿਆ, ਗੁਰੂ ਗੋਬਿੰਦ ਸਿੰਘ ਜੀ ਨੂੰ ਦੇਵੀ ਪੂਜਕ ਦਰਸਾਇਆ ਗਿਆ। ਸਿੱਖ ਵਿਦਵਾਨਾਂ ਦੀ ਕਰੜੀ ਨਿੰਦਾ ਕੀਤੀ ਗਈ ਅਤੇ ਛਿੱਬਰ, ਟਰੰਪ ਅਤੇ ਮੈਕਲੌਡ ਵਰਗੇ ਪੰਥ ਵਿਰੋਧੀ ਲੇਖਕਾਂ ਦੀ ਸਲਾਹੁਤਾ ਕੀਤੀ ਗਈ। ਸਿੱਖਾਂ ਨੂੰ ਲਵ-ਕੁਸ਼ ਦੀ ਔਲਾਦ ਅਤੇ ਗਊ-ਪੂਜਕ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਗਈ।

ਇਸ ਜਥੇਬੰਦੀ ਵੱਲੋਂ ਖ਼ਾਲਸਾ ਸਾਜਣਾ ਦਿਵਸ ਦੇ ਸਮਾਗਮਾਂ ਵਿਚ ਵੀ ਇਸੇ ਚਾਲ ਅਧੀਨ ਹੀ ਹਿੱਸਾ ਲਿਆ ਗਿਆ ਅਤੇ ਅਜਿਹਾ ਗ਼ੈਰ-ਇਤਿਹਾਸਕ ਤੱਥਾਂ ਨਾਲ ਭਰਪੂਰ ਰਹਿਤ ਸਾਹਿਤ ਹੀ ਵੰਡਿਆ ਗਿਆ। ਨਾਮ-ਧਰੀਕ ਸਿੱਖ ਜਿਨ੍ਹਾਂ ਦੀ ਮਾਨਸਿਕ ਸੱਤਾ ਉੱਪਰ ਹਿੰਦੂਵਾਦ ਉਕਰਿਆ ਹੋਇਆ ਹੈ ਅਤੇ ਸਰੂਪ ਸਿੱਖਾਂ ਵਾਲਾ ਹੈ ਅਰਥਾਤ "ਸ਼ਕਲ ਮੋਮਨਾਂ, ਕਰਤੂਤ ਕਾਫਰਾਂ" ਇਸ ਜਥੇਬੰਦੀ ਦੇ ਕਾਰਕੁੰਨ ਹਨ। ਕਈ ਸਿੱਖ ਸੰਸਥਾਵਾਂ ਅਤੇ ਸੰਤ ਸਮਾਜੀ ਵੀ ਇਸ ਜਥੇਬੰਦੀ ਦੇ ਪ੍ਰਭਾਵ ਤੋਂ ਮੁਕਤ ਨਹੀਂ ਹਨ।

12 ਅਪ੍ਰੈਲ 1998 ਨੂੰ ਆਰ.ਐੱਸ.ਐੱਸ. ਦੀ "ਰਾਸ਼ਟਰੀ ਸਿੱਖ ਸੰਗਤ" ਵੱਲੋਂ ਮਾਧਵ ਵਿਦਿਆ ਨਿਕੇਤਨ, ਰਣਜੀਤ ਐਵਨਿਊ ਅੰਮ੍ਰਿਤਸਰ ਵਿਖੇ ਇਕ ਸਮਾਗਮ ਕੀਤਾ ਗਿਆ ਜਿਸ ਦਾ ਪ੍ਰਧਾਨਗੀ ਭਾਸ਼ਣ ਗਿਆਨੀ ਪੂਰਨ ਸਿੰਘ ਜੀ (ਸਾਬਕਾ ਜਥੇਦਾਰ ਅਕਾਲ ਤਖ਼ਤ ਸਾਹਿਬ ਅਤੇ ਉਸ ਵਕਤ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ) ਨੇ ਦਿੱਤਾ। ਇਸ ਤੋਂ ਇਲਾਵਾ ਇਸ ਸਮਾਗਮ ਵਿਚ ਜੋਗਿੰਦਰ ਸਿੰਘ ਸਾਬਕਾ ਮੁਖੀ ਸੀ.ਬੀ.ਆਈ. ਅਤੇ ਗੁਰਚਰਨ ਸਿੰਘ ਗਿੱਲ ਉਚੇਚੇ ਤੌਰ 'ਤੇ ਹਾਜ਼ਰ ਹੋਏ। ਇਸ ਸਮਾਗਮ ਦਾ ਮੁੱਖ ਵਿਸ਼ਾ 'ਰਾਸ਼ਟਰੀ ਏਕਤਾ ਤੇ ਅਖੰਡਤਾ' ਸੀ। ਗਿਆਨੀ ਪੂਰਨ ਸਿੰਘ ਜੀ ਦਾ ਵਿਸ਼ੇਸ਼ ਪੰਥਕ ਹਸਤੀ ਹੁੰਦਿਆਂ ਇਸ ਸਮਾਗਮ ਵਿਚ ਪ੍ਰਧਾਨਗੀ ਭਾਸ਼ਣ ਦੇਣ ਵਾਸਤੇ ਸ਼ਾਮਿਲ ਹੋਣਾ ਇਹ ਸਿੱਧ ਕਰਦਾ ਹੈ ਕਿ ਸਾਡੀਆਂ ਧਾਰਮਿਕ ਸੰਸਥਾਵਾਂ ਦੇ ਮੁਖੀ ਵੀ ਪੂਰਨ ਤੌਰ 'ਤੇ ਇਸ ਜਥੇਬੰਦੀ ਦਾ ਪ੍ਰਭਾਵ ਕਬੂਲ ਚੁੱਕੇ ਹਨ। ਖ਼ੁਫ਼ੀਆ ਵਿਭਾਗ ਦੇ ਸਾਬਕਾ ਮੁਖੀ ਜੋਗਿੰਦਰ ਸਿੰਘ ਇਸ ਜਥੇਬੰਦੀ ਦੀ ਸੋਚ ਉੱਪਰ ਡੱਟ ਕੇ ਪਹਿਰਾ ਦੇ ਰਹੇ ਸਨ ਅਤੇ ਆਪ ਨੇ ਇਸ ਜਥੇਬੰਦੀ ਦੀ ਸੋਚ ਪ੍ਰਤੀ ਫਰਜ਼ ਪੂਰਾ ਕਰਦਿਆਂ ਹੀ ਦਸੰਬਰ 1999 ਅੰਕ ਦੇ ਦਿੱਲੀ ਤੋਂ ਨਿਕਲਦੇ ਇਕ ਪੰਜਾਬੀ ਰਸਾਲੇ ਵਿਚ ਲਿਖਿਆ ਸੀ ਕਿ ਧਰਮ ਪਰਿਵਰਤਨ ਦੇਸ਼ ਦੀ ਏਕਤਾ ਅਤੇ ਅਖੰਡਤਾ ਵਾਸਤੇ ਖਤਰਨਾਕ ਹੈ। ਈਸਾਈ ਮਿਸ਼ਨਰੀਆਂ ਉੱਪਰ ਟਿੱਪਣੀ ਕਰਦਿਆਂ ਲਿਖਿਆ ਸੀ ਕਿ ਧਰਮ ਪਰਿਵਰਤਨ ਉੱਪਰ ਪਾਬੰਦੀ ਲੱਗਣੀ ਚਾਹੀਦੀ ਹੈ। ਨੇਪਾਲ ਦੀ ਉਦਾਹਰਣ ਦਿੰਦਿਆਂ ਸ੍ਰ: ਜੋਗਿੰਦਰ ਸਿੰਘ ਨੇ ਲਿਖਿਆ ਹੈ:

"ਨੇਪਾਲ, ਇਕੋ ਇਕ ਰਾਜ ਹੈ ਜਿਹੜਾ ਹਿੰਦੂ ਰਾਜ ਹੈ। ਉਥੇ ਧਰਮ ਪਰਿਵਰਤਨ ਵਿਰੁੱਧ ਕਾਨੂੰਨ ਹੈ। ਉਥੇ ਕੋਈ ਵੀ ਆਪਣੇ ਧਰਮ ਦਾ ਬਦਲਾਉ ਨਹੀਂ ਕਰ ਸਕਦਾ ਹੈ।....ਇਹ ਵੇਲਾ

ਹੈ, ਸਰਕਾਰ ਇਕ ਕਮਿਸ਼ਨ ਗਠਿਤ ਕਰੇ ਜਿਹੜਾ ਧਰਮ ਪਰਿਵਰਤਨ ਦੀ ਸਮੱਸਿਆ ਬਾਰੇ ਬਹੁਪੱਖੀ ਵਿਚਾਰ ਪ੍ਰਗਟ ਕਰੇ।''

ਗਿਆਨੀ ਪੂਰਨ ਸਿੰਘ ਜੀ ਅਤੇ ਜੋਗਿੰਦਰ ਸਿੰਘ ਤੋਂ ਇਲਾਵਾ ਇਸ ਸਮਾਗਮ ਦੇ ਮੁੱਖ ਮਹਿਮਾਨਾਂ ਵਿਚ ਸ਼ਾਮਿਲ ਗੁਰਚਰਨ ਸਿੰਘ ਗਿੱਲ ਨੇ ਆਰ.ਐੱਸ.ਐੱਸ. ਦੇ ਸੰਗਤ ਸੰਦੇਸ਼ ਨਾਮਕ ਪਰਚੇ ਵਿਚ ਪ੍ਰਕਾਸ਼ਿਤ ਇਕ ਲੇਖ 'ਸਿੱਖ ਧਰਮ ਕਾ ਰਾਸ਼ਟਰੀ ਸਵਰੂਪ' ਦਾ ਅਨੁਵਾਦ ਕਰਦਿਆਂ ਸਿੱਖਾਂ ਨੂੰ ਹਿੰਦੂ ਧਰਮ ਦਾ ਇਕ ਅੰਗ, ਅਹਿੰਸਾ ਦੇ ਪੁਜਾਰੀ ਤੇ ਗਊ ਪੂਜਕ, ਅਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਦੁਰਗਾ ਪੂਜਕ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸੇ ਹੀ ਜਥੇਬੰਦੀ ਦੀ ਸੋਚ 'ਤੇ ਪਹਿਰਾ ਦਿੰਦਿਆਂ ਹੋਇਆਂ ਗਿਆਨੀ ਪੂਰਨ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਬਣਦਿਆਂ ਹੀ ਇਹ ਬਿਆਨ ਜਾਰੀ ਕੀਤਾ ਕਿ ਖ਼ਾਲਸਾ ਲਵ-ਕੁਸ਼ ਦਾ ਵੰਸ਼ਜ ਹੈ। ਜਥੇਦਾਰ ਸਾਹਿਬ ਦਾ ਇਹ ਬਿਆਨ ਜਿਥੇ ਸਿੱਖ ਸਿਧਾਂਤਾਂ ਨਾਲ ਖਿਲਵਾੜ ਸੀ ਉਥੇ ਇਸ ਤੋਂ ਇਹ ਵੀ ਸਿੱਧ ਹੁੰਦਾ ਸੀ ਕਿ ਆਰ.ਐੱਸ.ਐੱਸ ਦੇ ਸਮਾਗਮਾਂ ਵਿਚ ਪ੍ਰਧਾਨਗੀ ਭਾਸ਼ਣ ਦੇਣ ਵਾਲੇ ਗਿਆਨੀ ਪੂਰਨ ਸਿੰਘ ਆਰ.ਐੱਸ.ਐੱਸ ਦੀ ਸੋਚ ਉੱਪਰ ਤਨਦੇਹੀ ਨਾਲ ਪਹਿਰਾ ਦੇ ਰਹੇ ਹਨ। ਜੇਕਰ ਗਿਆਨੀ ਪੂਰਨ ਸਿੰਘ ਦੀ ਇਸ ਸੋਚ ਨੂੰ ਦਰੁਸਤ ਮੰਨ ਲਿਆ ਜਾਵੇ ਕਿ ਲਵ-ਕੁਸ਼ ਖ਼ਾਲਸੇ ਦੇ ਪੂਰਵਜ ਸਨ ਤਾਂ ਲਵ-ਕੁਸ਼ ਦੇ ਪੂਰਵਜਾਂ ਨੂੰ ਵਾਚਣ ਲਈ ਬਾਲਮੀਕ ਰਚਿਤ ਰਮਾਇਣ ਦਾ ਆਸਰਾ ਜ਼ਰੂਰ ਲੈਣਾ ਪਵੇਗਾ, ਕਿਉਂਕਿ ਰਿਸ਼ੀ ਬਾਲਮੀਕ ਨੇ ਇਸ ਰਚਨਾ ਵਿਚ ਜਿਥੇ ਰਾਮ ਦੀ ਬੰਸਾਵਲੀ ਲਿਖੀ ਹੈ ਉਥੇ ਇਸ ਦੇ ਪੂਰਵਜਾਂ ਦੇ ਇਖ਼ਲਾਕ ਦਾ ਭਲੀ ਭਾਂਤ ਵਰਣਨ ਕੀਤਾ ਹੈ। ਬਾਲਮੀਕ ਨੇ ਰਾਮ ਨੂੰ ਸੂਰਜ ਦੇਵਤਾ ਦੀ ਕੁਲ ਵਿਚੋਂ ਦੱਸਿਆ ਹੈ। ਲਵ-ਕੁਸ਼ ਖ਼ਾਲਸੇ ਦੇ ਪੂਰਵਜ ਹਨ ਤਾਂ ਖ਼ਾਲਸਾ ਬਿਨਾਂ ਸ਼ੱਕ ਸੂਰਜ ਵੰਸ਼ੀ ਹੋ ਜਾਂਦਾ ਹੈ ਅਰਥਾਤ ਸੂਰਜ ਦੀ ਕੁਲ ਵਿਚੋਂ ਹੋ ਜਾਂਦਾ ਹੈ। ਕੀ ਖ਼ਾਲਸਾ ਪੰਥ ਇਹ ਪ੍ਰਵਾਨ ਕਰਦਾ ਹੈ?

## ਸੂਰਜ ਦਾ ਆਚਰਨ :

ਚੰਦਰ ਦੇ ਸਾਥੀ ਸੂਰਜ ਨੇ ਕੁੰਤੀ ਦੇ ਨਾਲ ਜੋ ਕ੍ਰਿਸ਼ਨ ਦੀ ਭੂਆ ਸੀ ਅਤੇ ਅੱਗੇ ਚਲ ਕੇ ਜਿਸ ਦਾ ਵਿਆਹ ਰਾਜੇ ਪਾਂਡੂ ਨਾਲ ਹੋਇਆ, ਉਸ ਦੇ ਨਾਲ ਕੁਆਰੀ ਨਾਲ ਕੁਕਰਮ ਕੀਤਾ ਜਿਸ ਤੋਂ ਕਰਨ ਉਤਪੰਨ ਹੋਇਆ। (ਸ੍ਰੀਮਦ ਭਾਗਵਤ ਸਕੰਦ 1 ਅਧਿਆਇ 22)[1]

## ਦਸ਼ਰਥ ਪ੍ਰਤੀ :

ਦਸ਼ਰਥ ਔਲਾਦ ਪੈਦਾ ਕਰਨ ਤੋਂ ਅਸਮੱਰਥ ਸੀ ਅਤੇ ਤਿੰਨ ਪਤਨੀਆਂ ਨਾਲ ਵਿਆਹ ਕਰਵਾਉਣ ਉਪਰੰਤ ਵੀ ਨਿਰਸੰਤਾਨ ਸੀ। ਔਲਾਦ ਪੈਦਾ ਕਰਨ ਵਾਸਤੇ ਦਸ਼ਰਥ ਵੱਲੋਂ ਅਸ਼ਵਮੇਘ ਜੱਗ ਰਚਿਆ ਗਿਆ ਅਤੇ ਸ੍ਰਿੰਗੀ ਨਾਮਕ ਰਿਸ਼ੀ ਨੂੰ ਬੁਲਾਇਆ ਗਿਆ ਅਤੇ ਉਸ ਦੁਆਰਾ ਦਿੱਤੇ ਲੱਡੂਆਂ ਜਾਂ ਖੀਰ ਸਦਕਾ ਸੰਤਾਨ ਦੀ ਉਤਪਤੀ ਹੋਈ।

(ਬਾਲਮੀਕੀ ਰਮਾਇਣ)[2]

## ਰਾਮ ਦੀ ਸੈਨਾ ਪ੍ਰਤੀ

ਬਾਲਮੀਕ ਅਨੁਸਾਰ ਰਾਮ ਵਿਸ਼ਨੂੰ ਦਾ ਅਵਤਾਰ ਹੈ। ਜਦੋਂ ਬ੍ਰਹਮਾ ਨੂੰ ਪਤਾ ਲੱਗਾ ਕਿ ਵਿਸ਼ਨੂੰ ਦਸ਼ਰਥ ਦੇ ਘਰ ਜਨਮ ਲੈ ਰਿਹਾ ਹੈ ਤਾਂ ਉਸ ਨੇ ਦੇਵਤਿਆਂ ਨੂੰ ਰਾਮ ਦੇ ਸਹਿਯੋਗੀ ਤਿਆਰ ਕਰਨ ਵਾਸਤੇ ਭੇਜਿਆ। ਇਨ੍ਹਾਂ ਦੇਵਤਿਆਂ ਨੇ ਕਿਨਰਾਂ, ਬਾਨਰਾਂ, ਨਾਗਨੀਆਂ, ਵੇਸ਼ਵਾਵਾਂ ਨਾਲ ਭੋਗ ਕੀਤਾ ਅਤੇ ਰਾਮ ਵਾਸਤੇ ਸੈਨਿਕ ਤਿਆਰ ਕੀਤੇ।

(ਹਿੰਦੂਇਜ਼ਮ: L.R. Bali ਪੰਨਾ 85)

## ਕੁਲ-ਗੁਰੂ ਵਸ਼ਿਸ਼ਟ ਦਾ ਜਨਮ

ਮਿੱਤਰ ਅਤੇ ਵਰੁਣ ਨਾਮਕ ਦੇਵਤਿਆਂ ਦਾ ਉਰਵਸ਼ੀ ਨਾਮਕ ਦੇਵ ਕੰਨਿਆਂ ਨੂੰ ਵੇਖ ਕੇ ਕਾਮ ਉਤੇਜਿਤ ਹੋ ਗਿਆ। ਉਨ੍ਹਾਂ ਨੇ ਇਕ ਘੜੇ ਵਿਚ ਵੀਰਜ ਪਾਤ ਕੀਤਾ ਜਿਸ ਤੋਂ ਕੁਲ-ਗੁਰੂ ਵਸ਼ਿਸ਼ਟ ਪੈਦਾ ਹੋਇਆ। (ਬਾਲਮੀਕੀ ਰਮਾਇਣ ਉਤਰਾਕਾਂਡ ਸਰਗ 55)

## ਸੰਬੂਕ ਦੀ ਹੱਤਿਆ

ਰਾਮ ਨੇ ਸੰਬੂਕ ਨਾਮਕ ਇੱਕ ਰਿਸ਼ੀ ਦੀ ਇਸ ਕਰਕੇ ਹੱਤਿਆ ਕਰ ਦਿੱਤੀ ਕਿ ਉਹ ਨੀਵੀਂ ਜ਼ਾਤੀ ਨਾਲ ਸੰਬੰਧਿਤ ਸੀ ਅਤੇ ਭਗਤੀ ਕਰ ਰਿਹਾ ਸੀ। (ਬਾਲਮੀਕੀ ਰਮਾਇਣ ਉਤਰਾਕਾਂਡ)

ਸੀਤਾ ਪ੍ਰਤੀ ਰਾਮ ਦਾ ਰਵੱਈਆ ਅਤੇ ਰਾਮ ਦੇ ਸ਼ੌਕ ਜੋ ਬਾਲਮੀਕੀ ਰਮਾਇਣ ਉਤਰਾਕਾਂਡ ਸਰਗ 42, 6-24-1 ਅਤੇ 7-42-21 ਵਿਚ ਦਰਜ ਹਨ, ਅਸੀਂ ਇਥੇ ਲਿਖ ਕੇ ਰਾਮ ਜੀ ਦੇ ਸ਼ਰਧਾਲੂਆਂ ਦੇ ਮਨ 'ਤੇ ਠੇਸ ਨਹੀਂ ਮਾਰਨਾ ਚਾਹੁੰਦੇ।

## ਸਰੂਪਨਖਾ ਨਾਲ ਸਲੂਕ

ਰਾਮ ਅਤੇ ਲਛਮਣ ਨੇ ਸਰੂਪ ਨਖ਼ਾ (ਰਾਵਣ ਦੀ ਭੈਣ) ਨਾਲ ਬੇਇੱਜ਼ਤੀ ਭਰਿਆ ਸਲੂਕ ਕੀਤਾ। ਉਸ ਦਾ ਨੱਕ ਅਤੇ ਛਾਤੀਆਂ ਕੱਟ ਦਿੱਤੀਆਂ। (ਬਾਲਮੀਕੀ ਰਮਾਇਣ)

ਉਪਰੋਕਤ ਤੱਥ ਬਾਲਮੀਕੀ ਰਮਾਇਣ ਵਿੱਚ ਦਰਜ ਹਨ_ਜਿਸ ਵਿਚ ਰਾਮ ਦੇ ਇਖ਼ਲਾਕ ਅਤੇ ਉਸ ਦੇ ਪੂਰਵਜਾਂ ਦਾ ਜ਼ਿਕਰ ਹੈ। ਜੇਕਰ ਗਿਆਨੀ ਪੂਰਨ ਸਿੰਘ ਖ਼ਾਲਸੇ ਨੂੰ ਰਘੂਵੰਸ਼ੀ ਜਾਂ ਸੂਰਜ ਵੰਸ਼ੀ ਜਾਂ ਲਵ-ਕੁਸ਼ੀ ਪ੍ਰਚਾਰ ਰਹੇ ਹਨ ਤਾਂ ਸਹਿਜੇ ਹੀ ਇਹ ਸਵਾਲ ਹਰ ਸਿੱਖ ਦੀ ਮਾਨਸਿਕ ਸੱਤਾ ਉੱਪਰ ਚੋਟ ਕਰਦਾ ਹੈ ਕਿ-

☞ *ਕੀ 'ਸੱਚ ਅਚਾਰਾ ਅਤੇ ਕਾਮਊਲ ਇਖ਼ਲਾਕ ਦੇ ਮੁਜੱਸਮੇ ਖ਼ਾਲਸੇ ਦੇ ਪੂਰਵਜ ਸੂਰਜ ਵਰਗੇ ਆਚਰਣ ਦੇ ਧਾਰਨੀ ਸਨ? ਜਦੋਂ ਕਿ ਖ਼ਾਲਸਾ ਅਕਾਲ ਪੁਰਖ ਦਾ ਉਪਾਸ਼ਕ ਹੈ ਨਾਕਿ ਸੂਰਜ ਚੰਦ ਦੇਵਤਿਆਂ ਦਾ ਜੋ ਸਮੇਂ ਅਨੁਸਾਰ ਕਾਲ ਵਸ ਹਨ:*

*ਬ੍ਰਹਮਾ ਬਿਸਨ ਰੁਦ੍ਰ ਸੂਰਜ*
*ਸਸਿ ਤੇ ਬਸਿ ਕਾਲ ਸਬੈ ਹੈ॥ ੧॥* (ਸ਼ਬਦ ਹਜ਼ਾਰੇ ਪਾਤ: 10)

☞ ਕੀ ਖ਼ਾਲਸੇ ਦੇ ਪੂਰਵਜਾਂ ਦਾ ਜਨਮ ਗ਼ੈਰ-ਕੁਦਰਤੀ ਢੰਗ ਨਾਲ ਹੋਇਆ ਜੋ ਗੁਰਮਤਿ ਸਿਧਾਂਤਾਂ ਦੀ ਕਸਵੱਟੀ ਉੱਪਰ ਪੂਰਾ ਨਹੀਂ ਉਤਰਦਾ ਹੈ।

☞ ਕੀ ਖ਼ਾਲਸੇ ਦੇ ਪੂਰਵਜਾਂ ਦੀ ਸੈਨਾ ਦੇਵਤਿਆਂ ਵੱਲੋਂ ਕੀਤੇ ਕੁਕਰਮਾਂ ਸਦਕਾ ਪੈਦਾ ਹੋਈ ਸੀ?

☞ ਕੀ ਖ਼ਾਲਸੇ ਦੇ ਪੂਰਵਜਾਂ ਦੇ ਕੁਲ-ਗੁਰੂ ਵੀ ਗ਼ੈਰ-ਕੁਦਰਤੀ ਢੰਗ ਨਾਲ ਪੈਦਾ ਹੋਏ ਸਨ?

☞ ਕੀ ਨੀਵਿਆਂ ਨੂੰ ਅੰਮ੍ਰਿਤ ਦੀ ਬਖਸ਼ਿਸ਼ ਕਰਕੇ ਖ਼ਾਲਸਾ ਪਦ ਬਖਸ਼ਿਸ਼ ਕਰਨ ਵਾਲੇ ਗੁਰੂ ਦੇ ਪੂਰਵਜ ਨੀਵਿਆਂ ਅਤੇ ਦਲਿਤਾਂ ਪ੍ਰਤੀ ਅਜਿਹਾ ਰਵੱਈਆ ਰੱਖਦੇ ਸਨ?

☞ ਕੀ 'ਜਿਤੁ ਪੀਤੈ ਖਸਮੁ ਵਿਸਰੈ' ਦੇ ਸਿਧਾਂਤ ਨੂੰ ਹਿਰਦੇ ਅੰਦਰ ਵਸਾ ਕੇ ਨਸ਼ਿਆਂ ਦਾ ਤਿਆਗ ਕਰਨ ਵਾਲੇ ਖ਼ਾਲਸੇ ਦੇ ਪੂਰਵਜ ਸ਼ਰਾਬੀ ਸਨ?

☞ ਕੀ 'ਜਿਤੁ ਜੰਮਹਿ ਰਾਜਾਨ' ਦੇ ਗੁਰਵਾਕਾਂ 'ਤੇ ਪਹਿਰਾ ਦੇਣ ਵਾਲੇ ਖ਼ਾਲਸੇ ਦੇ ਪੂਰਵਜ ਔਰਤਾਂ ਉਪਰ ਜ਼ੁਲਮ ਕਰਦੇ ਸਨ?

☞ ਖ਼ਾਲਸੇ ਦੇ ਉੱਚ-ਆਚਾਰ ਦੀ ਸਾਖੀ ਗੈਰ ਸਿੱਖ ਲੇਖਕਾਂ (ਕਾਜ਼ੀ ਨੂਰ ਮੁਹੰਮਦ) ਨੇ ਵੀ ਭਰੀ ਹੈ ਪਰ ਕੀ ਖ਼ਾਲਸੇ ਦੇ ਪੂਰਵਜ ਵਿਰੋਧੀਆਂ ਦੀਆਂ ਬਹੂ-ਬੇਟੀਆਂ ਨਾਲ ਅਜਿਹਾ ਵਰਤਾਉ ਕਰਦੇ ਸਨ?

ਗਿਆਨੀ ਪੂਰਨ ਸਿੰਘ ਨੇ ਤਾਂ ਆਰ.ਐੱਸ.ਐੱਸ. ਦੀ ਸੋਚ ਅਧੀਨ ਖ਼ਾਲਸੇ ਨੂੰ ਲਵ-ਕੁਸ਼ ਦਾ ਵੰਸ਼ਜ ਪ੍ਰਚਾਰ ਦਿੱਤਾ ਹੈ ਪਰ ਇਸ ਹਿੰਦੂਪ੍ਰਸਤ ਜਥੇਬੰਦੀ ਵੱਲੋਂ ਗਿਆਨੀ ਪੂਰਨ ਸਿੰਘ ਦੇ ਬਿਆਨ ਦਾ ਨਿੱਗਰ ਆਸਰਾ ਲੈ ਕੇ ਕਈ ਅਜਿਹੇ ਕੈਲੰਡਰ ਅਤੇ ਫੋਟੋਆਂ ਪ੍ਰਕਾਸ਼ਿਤ ਕੀਤੀਆਂ ਗਈਆਂ ਜਿਨ੍ਹਾਂ ਉੱਪਰ ਸਿੱਖ ਗੁਰੂਆਂ ਨੂੰ ਰਾਮ ਦੇ ਵੰਸ਼ਜ ਵਿਖਾਇਆ ਗਿਆ ਹੈ। ਜੇਕਰ ਖ਼ਾਲਸਾ ਲਵ-ਕੁਸ਼ ਦੀ ਵੰਸ਼ ਵਿਚੋਂ ਹੈ ਅਤੇ ਕੁਲ ਦਾ ਬਹੁਤ ਮਹੱਤਵ ਹੈ ਤਾਂ ਖ਼ਾਲਸਾ ਸਾਜਣ ਸਮੇਂ ਕਈ ਲੋਕ ਕਈ ਕੁਲਾਂ ਅਤੇ ਕਈ ਜ਼ਾਤਾਂ ਵਿਚੋਂ ਆਏ ਸਨ ਤਾਂ ਕੀ ਸਾਰੇ ਹੀ ਲਵ-ਕੁਸ਼ ਵੰਸ਼ ਵਿਚੋਂ ਸਨ?

ਜੇਕਰ ਸਿੱਖਾਂ ਨੂੰ ਹਿੰਦੂਆਂ ਵਿਚੋਂ ਨਿਕਲਣ ਕਰਕੇ ਹਿੰਦੂ ਜਾਂ ਹਿੰਦੂ ਧਰਮ ਦਾ ਅੰਗ ਪ੍ਰਚਾਰਿਆ ਜਾ ਰਿਹਾ ਹੈ ਤਾਂ ਈਸਾਈ ਯਹੂਦੀਆਂ ਵਿਚੋਂ, ਮੁਸਲਮਾਨ ਕੁਰੈਸ਼ੀਆਂ ਈਸਾਈਆਂ ਵਿਚੋਂ ਨਿਕਲੇ ਹਨ ਅਤੇ ਜੇਕਰ ਈਸਾਈ ਯਹੂਦੀ ਨਹੀਂ ਅਤੇ ਮੁਸਲਮਾਨ ਕੁਰੈਸ਼ੀ ਈਸਾਈ ਨਹੀਂ ਤਾਂ ਸਿੱਖ ਹਿੰਦੂ ਕਿਵੇਂ ਹਨ?

ਹਿੰਦੂਆਂ ਦੇ ਕਿਸੇ ਵੀ ਗ੍ਰੰਥ (ਬਾਲਮੀਕੀ ਰਮਾਇਣ, ਤੁਲਸੀ ਰਮਾਇਣ) ਵਿਚ ਲਵ-ਕੁਸ਼ ਦੀ ਵੰਸ਼ ਦਾ ਜ਼ਿਕਰ ਨਹੀਂ ਹੈ ਅਤੇ ਜੇਕਰ ਗਿਆਨੀ ਜੀ ਨੇ ਕਿਸੇ ਹੋਰ ਗ੍ਰੰਥ ਜਾਂ ਕੇਸਰ ਸਿੰਘ ਛਿੱਬਰ ਦੇ 'ਬੰਸਾਵਲੀ ਨਾਮੇ' ਨੂੰ ਹੀ ਪੜ੍ਹ ਕੇ ਅਜਿਹਾ ਪ੍ਰਚਾਰ ਆਰੰਭ ਕਰ ਦਿੱਤਾ ਹੈ ਤਾਂ ਬਿਨਾਂ ਸ਼ੱਕ ਇਹ ਵੀ ਮੰਨਣਾ ਪਵੇਗਾ ਕਿ ਗੁਰੂ ਗੋਬਿੰਦ ਸਿੰਘ ਜੀ ਦੇਵੀ ਪੂਜਕ ਸਨ? ਗੁਰੂ ਜੀ ਨੇ ਦੇਵੀ ਕੋਲੋਂ ਆਗਿਆ ਲੈ ਕੇ ਸਿੱਖਾਂ ਦੇ ਕੇਸ ਰੱਖਣ ਦੀ ਇਜ਼ਾਜਤ ਲਈ ਸੀ? ਗੁਰੂ ਜੀ ਸਨਾਤਨੀ ਰੀਤੀਆਂ ਦੇ ਧਾਰਨੀ ਸਨ?

ਗਿਆਨੀ ਜੀ ਦੇ ਇਸ ਬਿਆਨ ਨੂੰ ਪੜ੍ਹ ਕੇ ਇਕ ਸੁਹਿਰਦ ਸਿੱਖ ਵੀਰ ਨੇ ਚੰਡੀਗੜ੍ਹ ਦੇ ਇਕ ਮਾਸਿਕ ਪੱਤਰ ਵਿੱਚ ਲਿਖਿਆ ਸੀ ਕਿ ਉਹ ਦਿਨ ਦੂਰ ਨਹੀਂ ਜਦੋਂ ਰਾਮ-ਕ੍ਰਿਸ਼ਨ ਦੇ ਜਨਮ ਦਿਨ ਗੁਰਦੁਆਰਿਆਂ ਵਿਚ ਮਨਾਏ ਜਾਣਗੇ।

ਇਸ ਵੀਰ ਦੇ ਸ਼ੰਕੇ ਨੂੰ ਹਕੀਕਤ ਵਿਚ ਬਦਲਦਿਆਂ ਕੋਈ ਬਹੁਤੀ ਦੇਰ ਨਹੀਂ ਲੱਗੀ ਜਦੋਂ ਕਿ ਜਲੰਧਰ ਦੇ ਗੁਰਦੁਆਰਾ ਸਿੰਘ ਸਭਾ ਬਸਤੀ ਸ਼ੇਖ ਵਿਖੇ ਜਨਮ-ਅਸ਼ਟਮੀ ਸਨਾਤਨੀ ਰੀਤੀ ਅਨੁਸਾਰ ਮਨਾਈ ਗਈ।

ਇਸੇ ਹੀ ਹਿੰਦੂਵਾਦ ਦੀ ਮੁਦੱਈ ਜਥੇਬੰਦੀ ਵੱਲੋਂ ਇਕ ਪਰਚਾ ਵੰਡਿਆ ਗਿਆ ਜੋ ਸੰਨਿਆਸੀ ਆਰਟ ਪ੍ਰੈਸ ਬਠਿੰਡਾ ਦੁਆਰਾ ਛਾਪਿਆ ਗਿਆ ਸੀ ਜਿਸ ਦਾ ਸਿਰਲੇਖ ਸੀ, **SIKHS ARE THE PART AND PARCEL OF HINDU SOCIETY** ਇਸ ਸਿਰਲੇਖ ਹੇਠ ਜਿਥੇ ਵੱਖ ਵੱਖ ਗ਼ੈਰ ਇਤਿਹਾਸਕ ਅਤੇ ਅਪ੍ਰਮਾਣਿਤ ਤੱਥ ਦੇ ਕੇ ਸਿੱਖਾਂ ਨੂੰ ਹਿੰਦੂ ਦਰਸਾਉਣ ਦੀ ਕੋਸ਼ਿਸ਼ ਕੀਤੀ ਗਈ ਸੀ ਉਥੇ ਭਾਗ ਨੰ: 20 ਉੱਪਰ ਲਿਖਿਆ ਸੀ:

"ਸਿਖੋਂ ਕਾ ਜੋ ਕਾਲਗਣਨਾ (Calendar) ਪ੍ਰਚਲਿਤ ਹੈ ਵੋ ਵਹੀ ਹੈ ਜੋ ਸ਼ੇਸ਼ ਭਾਰਤ ਮੇਂ ਹੈ।"

ਉਪਰੋਕਤ ਲਿਖਤ ਤੋਂ ਸਪੱਸ਼ਟ ਹੈ ਕਿ ਇਹ ਜਥੇਬੰਦੀ ਕਦੀ ਵੀ ਇਹ ਨਹੀਂ ਚਾਹੁੰਦੀ ਕਿ ਸਿੱਖ ਆਪਣਾ ਵੱਖਰਾ ਕੈਲੰਡਰ ਤਿਆਰ ਕਰਨ। ਇਹ ਚਾਹੁੰਦੇ ਹਨ ਕਿ ਸਿੱਖ ਵਹਿਮਪ੍ਰਸਤੀ ਤੋਂ ਮੁਕਤ ਨਾ ਹੋ ਸਕਣ ਅਤੇ ਸੰਤ ਸਮਾਜ ਉੱਪਰ ਕਾਬਜ਼ ਹੋ ਕੇ ਇਹ ਜਥੇਬੰਦੀ ਸਿੱਖ ਪੰਥ ਨੂੰ ਪੁਜਾਰੀਵਾਦ ਅਤੇ ਸਨਾਤਨੀ ਰੀਤੀਆਂ ਵਿਚ ਬੰਨ੍ਹਣਾ ਚਾਹੁੰਦੀ ਹੈ। ਲੱਗਦਾ ਹੈ ਗਿਆਨੀ ਪੂਰਨ ਸਿੰਘ ਇਸੇ ਕਾਰਨ ਸਦਕਾ ਹੀ ਨਾਨਕਸ਼ਾਹੀ ਜੰਤਰੀ ਦੇ ਲਾਗੂ ਹੋਣ ਵਿਚ ਰੋਕਾਂ ਖੜੀਆਂ ਕਰ ਰਹੇ ਸਨ। ਜੇ ਸੰਤ ਸਮਾਜ ਅਤੇ ਗਿਆਨੀ ਜੀ ਇਸ ਜਥੇਬੰਦੀ ਦੇ ਪ੍ਰਭਾਵ ਅਧੀਨ ਨਹੀਂ ਸਨ ਤਾਂ ਇਨ੍ਹਾਂ ਨੂੰ ਇਸ ਕੈਲੰਡਰ ਵਿਚੋਂ ਵੱਖ-ਵਾਦ ਜਾਂ ਖ਼ਾਲਿਸਤਾਨ ਦੀ ਬੋ ਕਿਉਂ ਆਉਂਦੀ ਹੈ?

ਅਤੇ ਜੇਕਰ ਇਸ ਕੈਲੰਡਰ ਵਿਚ ਕੁਝ ਖਾਮੀਆਂ ਸਨ ਤਾਂ ਮਾਹਿਰਾਂ ਦਾ ਇਕ ਗਠਨ ਬਣਾ ਕੇ ਦੂਰ ਕੀਤੀਆਂ ਜਾ ਸਕਦੀਆਂ ਸਨ ਪਰ ਇਸ ਦਾ ਇਹ ਮਤਲਬ ਤਾਂ ਨਹੀਂ ਹੈ ਕਿ ਕੈਲੰਡਰ ਉੱਪਰ ਇਕਤਰਫ਼ਾ ਪਾਬੰਦੀ ਹੀ ਲਗਾ ਦਿੱਤੀ ਜਾਵੇ?

ਇਹ ਫ਼ਿਰਕਾਪ੍ਰਸਤ ਜਥੇਬੰਦੀ ਕੈਲੰਡਰ ਦੇ ਮਸਲੇ ਵਿਚ ਗਿਆਨੀ ਪੂਰਨ ਸਿੰਘ ਦੀ ਪੂਰੀ ਪਿੱਠ ਠੋਕ ਰਹੀ ਹੈ। 24 ਜਨਵਰੀ ਦੇ 'ਪੰਜਾਬੀ ਟ੍ਰਿਬਿਊਨ' ਅਨੁਸਾਰ "ਆਰ.ਐੱਸ.ਐੱਸ. ਨੇ ਇਹ ਖਦਸ਼ਾ ਪ੍ਰਗਟ ਕੀਤਾ ਹੈ ਕਿ ਜੇਕਰ ਨਾਨਕਸ਼ਾਹੀ ਕੈਲੰਡਰ ਲਾਗੂ ਕੀਤਾ ਗਿਆ ਤਾਂ ਹਿੰਦੂ ਸਿੱਖਾਂ ਵਿਚ ਫ਼ਿਰਕੂ ਫਸਾਦ ਪੈਦਾ ਹੋ ਸਕਦੇ ਹਨ।...ਗਿਆਨੀ ਜੀ ਨੇ ਉਨ੍ਹਾਂ ਨੂੰ ਯਕੀਨ ਦਿਵਾਇਆ ਕਿ ਨਾਨਕਸ਼ਾਹੀ ਕੈਲੰਡਰ ਉਹ ਅਪ੍ਰਵਾਨ ਕਰਦੇ ਹਨ।"

ਗਿਆਨੀ ਪੂਰਨ ਸਿੰਘ ਜੀ ਤਾਂ ਨਿੱਜੀ ਤੌਰ 'ਤੇ ਆਰ.ਐੱਸ.ਐੱਸ. ਦੀ ਕਾਰਜ ਵਿਧੀ ਨੂੰ ਪੂਰਨ ਕਰਨ ਲਈ ਅਜਿਹਾ ਸਭ ਕੁਝ ਕਰ ਰਹੇ ਹਨ ਪਰੰਤੂ ਆਮ ਸਿੱਖਾਂ ਦਾ ਵਿਚਾਰ ਹੈ ਕਿ "ਜੇਕਰ ਕਾਅਬੇ ਵਿਚੋਂ ਹੀ ਕੁਫ਼ਰ ਉੱਠੇ ਤਾਂ ਇਸਲਾਮ ਕਿਧਰ ਜਾਵੇਗਾ?"

ਗਿਆਨੀ ਪੂਰਨ ਸਿੰਘ ਜੀ ਬਾਰੇ ਪੰਜਾਬ ਦੇ ਸਾਬਕਾ ਪੁਲਿਸ ਮੁਖੀ ਰਿਬੈਰੋ ਨੇ ਆਪਣੀ ਪੁਸਤਕ "Bullet for Bullet" ਵਿਚ ਲਿਖਿਆ ਹੈ ਕਿ ਗਿਆਨੀ ਪੂਰਨ ਸਿੰਘ ਹੈਡ ਗ੍ਰੰਥੀ ਗੋਲਡਨ ਟੈਂਪਲ ਨੇ ਖਾੜਕੂਆਂ ਦੇ ਨੁਮਾਇੰਦੇ ਜਥੇਦਾਰ ਗੁਰਦੇਵ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੂੰ ਹਥਿਆਰ ਸੁੱਟ ਕੇ ਆਤਮ ਸਮਰਪਣ ਕਰਵਾਉਣ ਵਿਚ ਪੁਲਿਸ ਦੀ ਬਹੁਤ ਮਦਦ ਕੀਤੀ।

ਅਕਾਲ ਤਖ਼ਤ ਸਾਹਿਬ ਅਕਾਲ ਪੁਰਖ ਦਾ ਤਖ਼ਤ ਹੈ। ਸੰਸਾਰ ਦੇ ਦੁਨਿਆਵੀ ਤਖ਼ਤਾਂ ਦੇ ਮੁਕਾਬਲੇ ਇਸ ਦੀ ਹਸਤੀ ਕਿਤੇ ਉਚੇਰੀ ਹੈ। ਸੰਸਾਰ ਦੇ ਕਿਸੇ ਵੀ ਕੋਨੇ ਵਿਚ ਬੈਠਾ ਕਿਸੇ ਵੀ ਧਰਮ ਨਾਲ ਸੰਬੰਧਿਤ ਮਨੁੱਖ ਜੋ ਸਰਬੱਤ ਦੇ ਭਲੇ ਦਾ ਸੰਕਲਪ ਮਨ ਵਿਚ ਲੈ ਕੇ ਅਕਾਲ ਪੁਰਖ ਦੇ ਸਨਮੁਖ ਸੀਸ ਝੁਕਾ ਰਿਹਾ ਹੈ ਉਹ ਸੀਸ ਅਕਾਲ ਤਖ਼ਤ ਅੱਗੇ ਵੀ ਝੁਕਾ ਰਿਹਾ ਹੈ ਕਿਉਂਕਿ ਇਹ ਤਖ਼ਤ ਸੱਚੇ ਨੇ ਰਚਾਇਆ ਹੈ।

*ਸਚੇ ਤਖਤ ਰਚਾਇਆ....... ॥*

(ਭਾਈ ਗੁਰਦਾਸ, ਵਾਰ ੪੧)

ਅਕਾਲ ਪੁਰਖ ਦਾ ਰਚਾਇਆ ਤਖ਼ਤ ਜਿਸ ਦੇ ਸਨਮੁਖ ਹਰ ਪ੍ਰਾਣੀ ਸੀਸ ਝੁਕਾਈ ਖੜ੍ਹਾ ਹੈ ਗੁਰੂ ਹਰਿਗੋਬਿੰਦ ਸਾਹਿਬ ਨੇ ਪ੍ਰਗਟ ਕੀਤਾ ਪਰੰਤੂ ਉਹ ਆਪ ਇਸ ਤਖ਼ਤ ਦੇ ਮਾਲਕ ਨਾ ਬਣੇ।

ਡਾ: ਦਿਲਗੀਰ ਦੇ ਲਫ਼ਜ਼ਾਂ ਵਿਚ, ਗੁਰੂ ਹਰਿਗੋਬਿੰਦ ਸਾਹਿਬ ਖ਼ੁਦ ਇਸ ਤਖ਼ਤ ਸਾਹਿਬ ਦੇ ਮਾਲਕ 'ਨਹੀਂ ਬਣੇ ਸਨ। ਉਹ ਤਾਂ ਇਸ ਤਖ਼ਤ ਦੇ ਸਰਬਰਾਹ ਸਨ।''

ਗੁਰੂ ਹਰਿਗੋਬਿੰਦ ਸਾਹਿਬ ਨੇ ਤਖ਼ਤ ਦੀ ਸੇਵਾ-ਸੰਭਾਲ ਦਾ ਕਾਰਜ ਭਾਈ ਗੁਰਦਾਸ ਜੀ ਨੂੰ ਪਹਿਲਾ ਸੇਵਾਦਾਰ ਥਾਪ ਕੇ ਬਖਸ਼ਿਆ।

ਅਕਾਲ ਤਖ਼ਤ ਸਾਹਿਬ ਸਿੱਖ ਕੌਮ ਦਾ ਜ਼ਿਹਨੀ ਮਰਕਜ਼ (Nerve Centre) ਇਸ ਪਾਵਨ ਅਸਥਾਨ ਤੋਂ ਕੌਮ ਨੇ ਹਰ ਖੇਤਰ ਭਾਵੇਂ ਉਹ ਸਮਾਜਿਕ, ਧਾਰਮਿਕ, ਰਾਜਨੀਤਕ, ਫ਼ਲਸਫਾ ਜਾਂ ਕੌਮੀ ਗ਼ੈਰਤ ਉਪਰ ਹੋ ਰਹੇ ਮਾਰੂ ਹਮਲਿਆਂ ਪ੍ਰਤੀ ਹੈ-ਅਗਵਾਈ ਲੈਣੀ ਹੈ। ਪਰ ਕੁਝ ਸਮੇਂ ਤੋਂ ਸਮੁੱਚੀ ਕੌਮ ਬੜੇ ਮੰਦਭਾਗੇ ਦੌਰ ਵਿਚੋਂ ਗੁਜ਼ਰ ਰਹੀ ਹੈ। ਸਿਆਸੀ ਮਹਾਂਰਥੀਆਂ ਅਤੇ ਸਵਾਰਥ ਪੰਥੀਆਂ ਦੀ 'ਕਿਰਪਾ' ਨੇ ਅਕਾਲ ਤਖ਼ਤ ਸਾਹਿਬ ਜੀ ਦੀ ਮਰਿਆਦਾ ਦਾ ਘਾਣ ਕਰਕੇ ਰੱਖ ਦਿੱਤਾ ਹੈ ਸੰਸਾਰ ਦੇ ਲੋਕ-ਮੰਚ ਉਪਰ ਇਕ ਤਮਾਸ਼ਾ ਬਣਾਇਆ ਜਾ ਰਿਹਾ ਹੈ। ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਤੋਂ ਨਾਵਿਫ਼ ਲੋਕ ਤਖ਼ਤ ਉਪਰ ਤਾਨਾਸ਼ਾਹੀ ਦਾ ਬੁਰਕਾ ਪਾ ਕੇ ਬੈਠ ਜਾਂਦੇ ਹਨ। ਕੌਮ ਦੀ ਬਦਕਿਸਮਤੀ ਹੈ ਕਿ ਤਖ਼ਤ ਉਪਰ ਕਾਬਜ਼ ਸਵਾਰਥੀ ਲੋਕ ਜੋ ਪੰਥ ਵਿਰੋਧੀ ਤਾਕਤਾਂ ਦੀਆਂ ਕਠਪੁਤਲੀਆਂ ਹਨ ਨੇ ਆਪਣੇ ਆਪ ਨੂੰ ਅਕਾਲ ਤਖ਼ਤ ਸਮਝਣਾ ਸ਼ੁਰੂ ਕਰ ਦਿੱਤਾ ਹੈ।

ਸਿਆਸੀ ਮਹਾਂਰਥੀਆਂ ਵੱਲੋਂ ਸਵਾਰਥ ਅਤੇ ਰਾਜਨੀਤਕ ਸੱਤਾ ਦੇ ਨਸ਼ੇ ਵਸ ਲਏ ਗਏ ਫ਼ੈਸਲਿਆਂ ਨੇ ਕੌਮ ਨੂੰ ਝੰਜੋੜ ਕੇ ਰੱਖ ਦਿੱਤਾ ਹੈ, ਮਸੰਦਾਂ ਤੋਂ ਮਹੰਤਾਂ ਦੀਆਂ ਪੁਸ਼ਾਕਾਂ ਪਾ ਕੇ ਗੁਰਧਾਮਾਂ 'ਤੇ ਕਾਬਜ਼ ਲੋਕਾਂ ਤੋਂ ਬਾਅਦ ਹੁਣ ਅਖੌਤੀ 'ਸੰਤ' ਅਕਾਲ ਤਖ਼ਤ ਸਾਹਿਬ ਵਰਗੀਆਂ ਅਹਿਮ ਸੰਸਥਾਵਾਂ ਨੂੰ ਪੂਰੀ ਤਰ੍ਹਾਂ ਆਪਣੀ ਆਗੋਸ਼ ਵਿਚ ਲੈ ਚੁੱਕੇ ਹਨ।

ਗਿਆਨੀ ਪੂਰਨ ਸਿੰਘ ਜੋ ਅਕਾਲ ਤਖ਼ਤ ਦੇ ਮੁੱਖ ਸੇਵਾਦਾਰ ਦੀ ਸਨਮਾਨਯੋਗ ਪਦਵੀ ਉਪਰ ਬਿਰਾਜਮਾਨ ਸਨ, ਵੱਲੋਂ ਸੰਤ ਸਮਾਜੀਆਂ ਅਤੇ ਆਰ.ਐੱਸ.ਐੱਸ. ਦੇ ਪ੍ਰਭਾਵ ਅਧੀਨ ਅਜਿਹੇ ਮਨਮਰਜ਼ੀ ਭਰਪੂਰ ਫੈਸਲੇ ਲਏ ਗਏ ਜਿਨ੍ਹਾਂ ਨਾਲ ਅਕਾਲ ਤਖ਼ਤ ਦੀ ਮਰਿਆਦਾ ਦਾ ਘਾਣ ਹੋਣ ਵਿਚ ਕੋਈ ਕਸਰ ਬਾਕੀ ਨਹੀਂ ਰਹੀ। ਗਿਆਨੀ ਜੀ ਦੂਸਰੇ ਤਖ਼ਤਾਂ ਦੇ ਜਥੇਦਾਰ ਸਾਹਿਬਾਂ ਨੂੰ ਨਜ਼ਰਅੰਦਾਜ਼ ਕਰਕੇ ਸੰਤ ਸਮਾਜੀਏ, ਇਸ ਤਰ੍ਹਾਂ ਹਰ ਵੇਲੇ ਨਾਲ ਜੋੜੀ ਬੈਠੇ ਸਨ ਜਿਵੇਂ ਬਰਾਬਰ ਦੇ ਤਖ਼ਤਾਂ ਦੇ ਜਥੇਦਾਰ ਹੋਣ ਤੇ ਇਹ ਹੀ ਮਨਮਤੀਏ ਸਨ ਜੋ ਗਿਆਨੀ ਜੀ ਨੂੰ ਗੁਮਰਾਹ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪ੍ਰਚਲਤ ਮਾਨ ਮਰਜਾਦਾ ਭੰਗ ਕਰ ਕੇ ਡੇਰੇਦਾਰਾਂ ਵਰਗੀਆਂ ਵਿਅਕਤੀਗਤ ਕਾਰਵਾਈਆਂ ਕਰਵਾ ਰਹੇ ਸਨ ਤੇ ਸੰਤ ਸਮਾਜੀਆਂ ਨੂੰ ਪੂਰੇ ਅਧਿਕਾਰ ਦਿੱਤੇ ਗਏ ਸਨ ਕਿ ਅਕਾਲ ਤਖ਼ਤ ਵੱਲੋਂ ਬਿਆਨ ਦੇਈ ਜਾਣ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਤਿਕਾਰ 'ਤੇ ਸੱਟ ਮਾਰ ਰਹੇ ਸਨ।

## *ਗਿਆਨੀ ਪੂਰਨ ਸਿੰਘ ਜੀ ਵੱਲੋਂ ਕੀਤੀ ਕਥਾ*

ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਗਿਆਨੀ ਪੂਰਨ ਸਿੰਘ ਜੀ ਦੁਆਰਾ ਅੰਮ੍ਰਿਤਸਰ-ਮਹਿਤਾ ਸੜਕ ਉਪਰ ਸਥਿਤ ਗੁ: ਬੇਰ ਸਾਹਿਬ ਵਿਖੇ 1 ਦਸੰਬਰ 1999 ਨੂੰ ਸੰਗਤਾਂ ਦੀ ਹਾਜ਼ਰੀ ਵਿਚ ਕੀਤੀ ਗਈ ਗੁਰਬਾਣੀ ਕਥਾ ਦੇ ਹੂ-ਬ-ਹੂ ਕੁਝ ਅੰਸ਼ ਜੋ ਉਸ ਸਮੇਂ ਟੇਪ ਰਿਕਾਰਡ ਕੀਤੀ ਵੀਡੀਓ ਕੈਸਿਟ ਤੋਂ ਨੋਟ ਕਰਕੇ ਦੇ ਰਹੇ ਹਾਂ। (ਸਬੂਤ ਲਈ ਕੈਸਟ ਸਾਡੇ ਕੋਲ ਹੈ)-

(ੳ) ੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ ਜਪੁ॥ ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥

(ਅ).......ਵਿੱਦਿਆ ਜ਼ਿਆਦਾ ਪੜ੍ਹ ਲਈ ਜਾਵੇ.....ਤਾਂ ਮਨੁੱਖ......ਨਾਸਤਿਕ ਹੋ ਜਾਂਦਾ ਹੈ, ਆਸਤਿਕ ਨਹੀਂ ਰਹਿੰਦਾ.......ਜਾਂ ਤੇ ਨਾਮ-ਬਾਣੀ ਨਾਲ ਜੁੜਿਆ ਰਹੇ ਗੁਰਬਾਣੀ ਵਿਚ ਸੱਚੇ ਪਾਤਸ਼ਾਹ ਨੇ ਹਰ ਗੱਲ ਦਾ ਫੈਸਲਾ ਰੱਖ ਦਿੱਤਾ ਹੈ ਕਿਤੇ ਗੁਰਬਾਣੀ ਵਿਚ ਇਹ ਪਦ ਰੱਖਿਆ, "ਵਿਦਿਆ ਵੀਚਾਰੀ ਤਾਂ ਪਰਉਪਕਾਰੀ॥" ਪੜਿ ਪੜਿ ਪਾਵੈ ਮਾਨੁ॥

ਕਿਤੇ ਪਦ ਰੱਖਿਆ ਹੈ (ਕੁਝ ਚਿਰ ਰੁਕ ਕੇ)

*ਵਿੱਦਿਆ ਦੇ ਪ੍ਰਥਾਏ,*

*ਜੇਤਾ ਪੜਿਆ ਤੇਤਾ ਕੜਿਆ॥*

ਇਹ ਪਦ ਰੱਖਿਆ ਗੁਰੂ ਪਾਤਸ਼ਾਹ ਨੇ, ਅਤੇ ਕੜ੍ਹੀ ਹੋਈ ਵਸਤੂ ਜਿਹੜੀ ਹੱਦ ਤੋਂ ਵੱਧ ਅੱਗ ਤੇ ਰੱਖੀ ਜਾਵੇ, ਕੌੜੀ ਹੋ ਜਾਂਦੀ ਹੈ। ਬਹੁਤੇ (ਵਿਦਵਾਨ) ਕੌੜੇ ਹੋ ਚੁੱਕੇ ਹਨ ਜਿਨ੍ਹਾਂ ਬਹੁਤ ਵਿੱਦਿਆ ਪ੍ਰਾਪਤ ਕੀਤੀ ਹੈ।

(ੲ)...."ਅਖਬਾਰਾਂ ਆਪ ਪੜ੍ਹਦੇ ਹੋ, ਥੋੜ੍ਹਾ ਜਿਹਾ ਸਮਾਂ ਹੋ ਗਿਆ ਇਕ ਬਜ਼ੁਰਗ ਦਾ ਚਿੱਤਰ ਸੀ ਅਖਬਾਰ ਦੇ ਵਿੱਚ......ਇਹ ਗੱਲ ਲਿਖੀ ਕਾਫੀ ਵਿਸਥਾਰ ਦੇ ਵਿੱਚ, ਕਿ ਸਾਹਿਬ ਸੱਚੇ

ਪਾਤਸ਼ਾਹ ਜੋ ਗੁਰੂ ਅਰਜਨ ਦੇਵ ਜੀ, ਗੋਇੰਦਵਾਲ ਸਾਹਿਬ ਜੋ ਗੁਰਬਾਣੀ ਦੀਆਂ ਸੈਂਚੀਆਂ ਸਨ ਉਹ ਲੈਣ ਹੀ ਨਹੀਂ ਗਏ।

(ਸ) "ਥੋੜ੍ਹੀ ਜਿਹੀ ਜਾਗਰਤਾ ਵਿਚ ਆਉ ਤਾਂ ਆਪਣਾ ਗੁਜ਼ਾਰਾ ਹੋ ਸਕਦਾ ਹੈ। ਵਰਨਾ ਆਪਣਾ ਇਤਿਹਾਸ ਵੀ ਕਲੰਕਤ ਕੀਤਾ ਜਾ ਰਿਹਾ ਹੈ। ਦੀਨ ਦੁਨੀਆਂ ਦੇ ਮਾਲਕ ਉਪਰ ਵੀ ਕਿੰਤੂ ਪਰੰਤੂ ਕਰ ਰਹੇ ਹਨ। ਸ਼ਕਲ ਸਿੱਖਾਂ ਵਾਲੀ ਹੈ ਮਗਰ ਪਤਾ ਨਹੀਂ ਕੀ ਐ।"

(ਕ) "ਦਾਸ ਨੇ ਇਕ ਦਿਨ ਬੇਨਤੀ ਕੀਤੀ ਸੀ ਇਕ ਰਸਾਲਾ ਚੰਡੀਗੜ੍ਹੋਂ' ਛਪਦਾ ਹੈ (ਸਪੋਕਸਮੈਨ) ਉਸ ਨੇ ਉਸ ਵਿਚ ਦਾਸ ਪ੍ਰਤੀ ਭੱਦੇ ਲਫਜ਼ ਵਰਤੇ।"

.......ਉਹ ਰਸਾਲੇ ਵਾਲਾ (ਸੰਪਾਦਕ ਸਪੋਕਸਮੈਨ) ਇਸ ਗੱਲ ਤੋਂ ਮੁਨਕਰ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਬੇਦੀਆਂ ਦੀ ਕੁਲ ਵਿਚ ਅਵਤਾਰ ਨਹੀਂ ਹੋਇਆ, ਗੁਰੂ ਗੋਬਿੰਦ ਸਿੰਘ ਦਾ ਸੋਢੀਆਂ ਦੀ ਕੁਲ ਵਿਚ ਅਵਤਾਰ ਨਹੀਂ ਹੋਇਆ।"

ਮੈਂ ਉਸ (ਸੰਪਾਦਕ ਸਪੋਕਸਮੈਨ) ਨੂੰ ਪੁੱਛਿਆ ਕਿ ਕੀ ਲਉ-ਕੁਸ਼ ਨਹੀਂ ਹੋਏ.....ਤੇ ਲਵ ਤੇ ਕੁਸ਼ ਨਹੀਂ ਹੋਏ ਤਾਂ ਫਿਰ ਬਾਲਮੀਕ ਜੀ ਵੀ ਨਹੀਂ ਹੋਏ ਤੇ ਤੂੰ ਰਸਾਲੇ ਵਿਚ ਲਿਖ ਦੇਹ ਹਾਂ ਕਿ ਬਾਲਮੀਕ ਨਾਮ ਦਾ ਕੋਈ ਗੁਰਮੁਖ ਪਿਆਰਾ ਹੋਇਆ ਹੀ ਨਹੀਂ ਤਾਂ ਤੇਰੇ ਘਰ ਦਾ ਕੋਈ ਦਰਵਾਜ਼ਾ ਰਹਿ ਜਾਊ ਤਾਂ ਮੈਨੂੰ ਆਖੀਂ.......ਇੱਟੇ ਮਾਰ ਕੇ ਲੋਕ ਭੰਨ ਦੇਣਗੇ।"

(ਖ) "ਮੈਂ ਮਹਾਂਪੁਰਸ਼ ਸੰਤ ਬਾਬਾ ਜੀਤ ਸਿੰਘ ਦੇ ਦਰਸ਼ਨ ਕਰਕੇ ਤੁਰਨ ਲੱਗਾ ਤਾਂ ਮੈਨੂੰ ਕਹਿਣ ਲੱਗੇ, "ਸਤਿਗੁਰਾਂ ਦੇ ਚਰਨ ਕੰਵਲਾਂ ਪਾਸ ਅਰਦਾਸ ਕਰਿਓ ਜੇ ਜਾ ਕੇ।" ਮੈਂ ਕਿਹਾ, "ਮਹਾਂਪੁਰਸ਼ੋ ਦੱਸੋ, ਕਾਹਦੀ ਅਰਦਾਸ ਕਰਨੀ ਹੈ ?"

ਕਹਿਣ ਲੱਗੇ, "ਗੁਰੂ ਜੀ ਦੇ ਉਲਟ ਕੁਝ ਲੋਕ ਪ੍ਰਚਾਰ ਕਰ ਰਹੇ ਹਨ, ਸੱਚੇ ਪਾਤਸ਼ਾਹ ਦੇ ਚਰਨ ਕੰਵਲਾਂ ਪਾਸ ਅਰਦਾਸ ਕਰਿਓ ਜੇ, ਪਰਮੇਸ਼ਰ ਇਨ੍ਹਾਂ ਦਾ ਫਾਹ ਹੀ ਵੱਢ ਦੇਵੇ।" ਭਾਵ ਕਿ ਇਹ ਖਤਮ ਹੀ ਹੋ ਜਾਣ, ਜਿਹੜਾ ਗੁਰੂ ਗ੍ਰੰਥ ਜੀ ਦੀ ਨਿੰਦਿਆ ਕਰਦੇ ਹਨ।

(ਗ) ".....ਦਾਸ ਨੇ ਇਹ ਕੰਮ ਵੀ ਕੀਤਾ ਸੀ, ਗੁਰੂ ਪਾਤਸ਼ਾਹ ਨੇ ਕਰਵਾਇਆ ਹੈ।

ਮਹਾਂਪੁਰਸ਼ਾਂ ਨੇ ਬੇਸ਼ੱਕ ਕੁਝ ਨੇ ਬਿਆਨ ਦਿੱਤੇ, ਕੁਝ ਨੇ ਨਹੀਂ ਦਿੱਤੇ, ਦਾਸ ਨੇ ਸੱਦੇ ਵੀ ਸੀ, ਸੱਦਣ ਉਤੇ ਵੀ ਕੁਝ ਨਹੀਂ ਆਏ ਪਰ ਬਹੁਤੇ ਆਏ.....ਕੰਮ ਤੇ ਸੀ ਉਹ ਮਹਾਂਪੁਰਸ਼ਾਂ ਦਾ ਜਿਹੜੀ ਜੰਤਰੀ ਛਾਪੀ ਗਈ ਹੈ......ਦਾਸ ਨੇ ਰੋਕ ਲਾਈ (ਜੰਤਰੀ ਉਪਰ) ਅਖ਼ਬਾਰ ਵਿਚ ਵੀ ਦਿੱਤਾ, ਮਗਰੋਂ ਪੰਜਾਂ ਸਿੰਘ ਸਾਹਿਬਾਂ ਵੱਲੋਂ ਵੀ ਦਿੱਤਾ ਗਿਆ ਪਰ ਅਜੇ ਤਕ ਚਰਚਾ ਚੱਲ ਰਹੀ ਹੈ ਤੇ ਇਸ ਕਰਕੇ ਇਹ ਸਾਰਾ ਕੁਝ ਕਰਨ ਵਾਲਾ ਹੈ ਤੇ ਮਹਾਂਪੁਰਸ਼ਾਂ ਦੇ ਕਰਨ ਵਾਲਾ ਹੈ......ਦਾਸ ਨੇ ਤਾਂ ਪੜ੍ਹਨਾ ਕਰਕੇ ਵੇਖਿਆ ਕਿ ਇਹ ਜੰਤਰੀ ਗੁਰਸਿੱਖਾਂ ਵਿਚ ਪਾਟਕ ਪਾ ਦੇਵੇਗੀ।".......''ਘਰ ਘਰ ਜੰਤਰੀਆਂ ਛਪ ਜਾਣਗੀਆਂ।"

## ਗਿਆਨੀ ਪੂਰਨ ਸਿੰਘ ਜੀ ਵੱਲੋਂ ਕੀਤੀ ਗੁਰਬਾਣੀ ਕਥਾ ਬਾਰੇ ਵਿਚਾਰ

(ੳ) ਗਿਆਨੀ ਪੂਰਨ ਸਿੰਘ ਨੇ ਆਪਣਾ 'ਗੁਰਮਤਿ ਵਿਖਿਆਨਾ' ਆਰੰਭ ਕਰਨ ਤੋਂ ਪਹਿਲਾਂ

ਮੂਲ ਮੰਤਰ ਦਾ ਉਚਾਰਣ 'ਹੋਸੀ ਭੀ ਸਚੁ' ਤਕ ਕੀਤਾ। ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਹੀ ਜੋ ਅਕਾਲ ਤਖ਼ਤ ਸਾਹਿਬ ਦੀ ਪਾਵਨ ਮਰਿਆਦਾ ਤੋਂ ਬਾਗੀ ਹਨ ਜਾਂ ਸੰਤ ਸਮਾਜ ਯੂਨੀਅਨ ਦੇ ਪ੍ਰਭਾਵ ਅਧੀਨ ਪਾਵਨ ਮਰਿਆਦਾ ਦੀਆਂ ਧੱਜੀਆਂ ਉਡਾ ਰਹੇ ਹਨ ਤਾਂ ਜਨਤਾ ਕੀ ਸੇਧ ਲਵੇਗੀ ? ਕੀ ਗਿਆਨੀ ਜੀ ਜੋ ਖ਼ੁਦ ਆਪਣੇ ਆਪ ਨੂੰ ਹੀ ਤਖ਼ਤ ਸਮਝ ਰਹੇ ਹਨ ਨੇ ਕਦੀ ਸਿੱਖ ਰਹਿਤ ਮਰਿਆਦਾ ਦਾ ਖਰੜਾ ਨਹੀਂ ਪੜ੍ਹਿਆ ? ਕੀ ਪ੍ਰਵਾਨਤ ਮਰਿਆਦਾ ਦੀ ਉਲੰਘਣਾ ਕਰ ਕੇ ਉਹ ਆਪ ਤਨਖ਼ਾਹੀਏ ਨਹੀਂ ਹੋ ਜਾਂਦੇ ?

ਸਿੱਖ ਰਹਿਤ ਮਰਿਆਦਾ ਦੇ 'ਅੰਮ੍ਰਿਤ ਸੰਸਕਾਰ' ਸਿਰਲੇਖ ਅਧੀਨ ਭਾਗ (ੲ) ਨੰ: 15 ਉਪਰ ਇਹ ਦਰਜ ਹੈ:

"ਉਪ੍ਰੰਤ ਪੰਜ ਪਿਆਰੇ ਰਲ ਕੇ ਇਕੋ ਅਵਾਜ਼ ਨਾਲ ਅੰਮ੍ਰਿਤ ਛਕਣ ਵਾਲਿਆਂ ਨੂੰ 'ਵਾਹਿਗੁਰੂ' ਦਾ ਨਾਮ ਦੱਸ ਕੇ ਮੂਲ ਮੰਤਰ ਸੁਨਾਣ ਤੇ ਉਹਨਾਂ ਪਾਸੋਂ ਇਸ ਦਾ ਰਟਨ ਕਰਵਾਉਣ:-

"੧ਓ ਸਤਿਨਾਮੁ......ਗੁਰ ਪ੍ਰਸਾਦਿ"

ਗਿਆਨੀ ਪੂਰਨ ਸਿੰਘ ਜੀ ਇਸ ਅਨੁਸਾਰ ਮੂਲ ਮੰਤਰ ਨਹੀਂ ਪੜ੍ਹਦੇ।

(ਅ) ਸਿੱਖ ਇਤਿਹਾਸ ਦੇ ਸੁਨਹਿਰੀ ਪੱਤਰਿਆਂ ਉਪਰ ਇਕ ਇਤਿਹਾਸਕ ਗਾਥਾ ਅੰਕਿਤ ਹੈ ਕਿ ਸਤਵੇਂ ਪਾਤਸ਼ਾਹ ਗੁਰੂ ਹਰਿ ਰਾਏ ਸਾਹਿਬ ਨੂੰ ਦਬਾਉਣ ਵਾਸਤੇ ਔਰੰਗਜ਼ੇਬ ਵੱਲੋਂ ਤਿੰਨ ਹਮਲੇ (ਜ਼ਾਲਿਮ ਖਾਨ, ਢੂੰਦੇ ਖਾਨ ਤੇ ਨਾਹਰ ਖਾਨ) ਕਰਨ ਦੀ ਕੋਸ਼ਿਸ਼ ਕੀਤੀ ਗਈ ਪਰੰਤੂ ਨਾਕਾਮ ਰਹਿਣ ਉਪਰੰਤ ਉਸ ਨੇ ਕੁਟਲਚਾਲ ਚਲਦਿਆਂ ਹੋਇਆਂ ਗੁਰੂ ਸਾਹਿਬ ਵੱਲ ਪੰਡਿਤ ਸ਼ਿਵਦਿਆਲ ਹੱਥ ਇਕ ਪੱਤਰ ਭੇਜਿਆ ਜਿਸ ਉਪਰ ਲਿਖਿਆ ਸੀ,

'ਤੁਮਰੇ ਮਿਲਨੇ ਕਾ ਹਮ ਕੋ ਸ਼ੌਕ ਹੈ, ਜ਼ਰੂਰ ਮਿਲਨਾ ਚਾਹੀਏ'।

(ਮਹਿਮਾ ਪ੍ਰਕਾਸ਼ ਵਾਰਤਿਕ)

ਸੰਗਤਾਂ ਵੱਲੋਂ ਕਹਿਣ 'ਤੇ ਗੁਰੂ ਜੀ ਨੇ ਆਪਣੇ ਵੱਡੇ ਸਪੁੱਤਰ ਰਾਮ ਰਾਏ ਨੂੰ ਕੁਝ ਸਿੱਖਾਂ ਨਾਲ ਦਿੱਲੀ ਭੇਜਿਆ ਪਰ ਆਪ ਨਾ ਗਏ। ਇਤਿਹਾਸਕਾਰਾਂ ਅਨੁਸਾਰ ਦਿੱਲੀ ਗਏ ਰਾਮ ਰਾਏ ਨੇ ਔਰੰਗਜ਼ੇਬ ਦੀ ਖੁਸ਼ਾਮਦ ਅਤੇ ਲਾਲਚ ਵਸ ਉਸ ਨੂੰ 72 ਕਿਸਮ ਦੀਆਂ ਕਰਾਮਾਤਾਂ ਦਿਖਾਈਆਂ। ਕਰਾਮਾਤ ਵਿਖਾਉਣਾ ਗੁਰਮਤਿ ਵਿਰੋਧੀ ਕਰਮ ਹੈ ਅਤੇ ਗੁਰੂ ਜੀ ਨੇ ਚਲਦੇ ਸਮੇਂ ਰਾਮ ਰਾਏ ਨੂੰ ਕਰਾਮਾਤ ਨਾ ਵਿਖਾਉਣ ਦੀ ਤਾਕੀਦ ਵੀ ਕੀਤੀ ਸੀ। ਔਰੰਗਜ਼ੇਬ ਨੇ ਜਦੋਂ ਰਾਮ ਰਾਏ ਤੋਂ ਗੁਰੂ ਨਾਨਕ ਸਾਹਿਬ ਜੀ ਵੱਲੋਂ ਰਾਗ ਆਸਾ ਵਿਚ ਉਚਾਰੀ ਬਾਣੀ ਦੀ ਤੁਕ "ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ॥" ਦੇ ਅਰਥ ਪੁੱਛੇ ਤਾਂ ਔਰੰਗਜ਼ੇਬ ਦਾ ਖੁਸ਼ਾਮਦੀ ਬਣ ਚੁੱਕਾ ਰਾਮ ਰਾਏ ਗੁਰਮਤਿ ਸਿਧਾਂਤਾਂ ਤੋਂ ਡੋਲ ਗਿਆ ਤੇ ਔਰੰਗਜ਼ੇਬ ਦੇ ਸਾਹਮਣੇ ਬਾਣੀ ਦਾ ਸਰੂਪ ਵਿਗਾੜਦੇ ਹੋਏ ਆਖਿਆ ਕਿ ਅਸਲ ਸ਼ਬਦ "ਮਿਟੀ ਬੇਈਮਾਨ ਕੀ" ਹੈ। ਔਰੰਗਜ਼ੇਬ ਤਾਂ ਖੁਸ਼ ਹੋ ਗਿਆ ਤੇ ਦੁਨਿਆਵੀ ਦੌਲਤ ਰਾਮ ਰਾਏ ਦੀ ਝੋਲੀ ਪਾਈ ਪਰ ਗੁਰੂ ਹਰਿ ਰਾਏ ਸਾਹਿਬ ਨੂੰ ਇਸ ਵਾਕਿਆ ਦਾ ਪਤਾ ਲੱਗਾ ਤਾਂ ਸੁਭਾਵਿਕ ਹੀ ਮੁਖਾਰਬਿੰਦ ਤੋਂ ਕਿਹਾ :

"ਭਯੋ ਨਾਲਾਇਕ, ਧੀਰ ਨਾ ਰਹਯੋ।"

ਸਾਰੀ ਸਿੱਖ ਸੰਗਤ ਨੂੰ ਇਕੱਤਰ ਕਰਕੇ ਗੁਰੂ ਪਾਤਸ਼ਾਹ ਨੇ ਰਾਮ ਰਾਏ ਵੱਲੋਂ ਕੀਤੀ ਕਰਤੂਤ ਬਾਰੇ ਦੱਸਿਆ ਤੇ ਹੁਕਮ ਜਾਰੀ ਕੀਤਾ:

"ਉਸ ਛੋਟੀ ਮੱਤ ਵਾਲੇ ਨੂੰ ਨਹੀਂ ਪਤਾ ਕਿ ਗੁਰੂ ਨਾਨਕ ਸੱਚਾ ਪਾਤਸ਼ਾਹ ਹੈ। ਰਾਮ ਰਾਇ ਸ਼ਾਹੀ ਰੋਅਬ ਹੇਠਾਂ ਆ ਗਿਆ ਹੈ, ਮਨ ਕਮਜ਼ੋਰ ਹੈ। ਐਸ਼ ਵਿੱਚ ਪੈ ਕੇ ਗੁਰੂ ਆਸ਼ੇ ਨੂੰ ਭੁਲ ਗਿਆ ਹੈ। ਗੁਰੂ ਘਰ ਸੁਤੰਤਰ ਹੈ। ਉਸ ਨੂੰ ਕਹਿ ਦਿਉ, ਸਾਡੇ ਮੱਥੇ ਨਾ ਲੱਗੇ।" (ਮਹਿਮਾ ਪ੍ਰਕਾਸ਼)

ਇਕ ਅਜਿਹੀ ਘਟਨਾ ਹੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਾਪਰੀ ਜਦੋਂ ਇਕ ਸਿੰਘ ਰਾਮਕਲੀ ਦੱਖਣੀ ਓਅੰਕਾਰ ਦੀ ਬਾਣੀ ਦਾ ਉਚਾਰਣ ਕਰ ਰਿਹਾ ਸੀ ਅਤੇ ਦਸਮ ਪਿਤਾ ਸਰਵਣ ਕਰ ਰਹੇ ਸਨ। ਉਸ ਸਿੰਘ ਨੇ ਨਿਮਨਲਿਖਤ ਪੰਕਤੀ ਪੜ੍ਹੀ:

'ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ॥

(ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੯੩੦)

ਗੁਰੂ ਪਾਤਸ਼ਾਹ ਜੋ ਮਨ੍ਹ ਬਿਰਤੀ ਟਿਕਾ ਕੇ ਸਰਵਣ ਕਰ ਰਹੇ ਸਨ ਨੇ ਜਦੋਂ ਉਪਰੋਕਤ ਪੰਕਤੀ ਪੜ੍ਹਦਿਆਂ ਉਸ ਦਾ ਉਚਾਰਣ 'ਕੈ' ਸ਼ਬਦ ਦੀ ਜਗ੍ਹਾ 'ਕੇ' ਸੁਣਿਆ ਤਾਂ ਉਸੇ ਸਮੇਂ ਤਾੜਨਾ ਕਰਦੇ ਸਮਝਾਇਆ ਕਿ ਗੁਰਬਾਣੀ ਦਾ ਉਚਾਰਣ ਸ਼ੁੱਧ ਨਾ ਕਰਨ ਕਰਕੇ ਅਰਥ ਹੀ ਬਦਲ ਗਏ ਹਨ। ਸਹੀ ਉਚਾਰਣ "ਕੈ" ਅਨੁਸਾਰ ਤਾਂ ਅਰਥ ਹਨ ਕਿ ਅਕਾਲ ਪੁਰਖ ਦੀ ਮਰਿਆਦਾ ਪੂਰਨ ਗੁਰੂ ਜਾਣਦਾ ਹੈ ਪਰੰਤੂ ਉਚਾਰਣ 'ਕੇ' ਕਰਨ ਨਾਲ ਅਰਥ ਹਨ ਕਿ ਅਕਾਲ ਪੁਰਖ ਦੀ ਮਰਿਆਦਾ ਬਾਰੇ ਗੁਰੂ ਕੀ ਜਾਣਦਾ ਹੈ ?

ਵਿੱਦਿਆ ਦੀ ਮਹਾਨਤਾ ਦੇ ਬਾਰੇ ਗੁਰੂ ਪਾਤਸ਼ਾਹ ਨੇ ਗੁਰੂ ਗ੍ਰੰਥ ਜੀ ਅੰਦਰ ਹਰ ਪੱਖ 'ਤੇ ਵਿਸਥਾਰ ਪੂਰਵਕ ਚਾਨਣ ਪਾਇਆ ਹੈ ਗੁਰੂ ਪਾਤਸ਼ਾਹ ਦਾ ਪਾਵਨ ਫੁਰਮਾਨ ਹੈ:

ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ॥

(ਮਹਲਾ ੧ ਵਾਰ ਸਾਰੰਗ, ਪੰਨਾ ੧੨੪੫)

ਅਰਥਾਤ, "ਵਾਹਿਗੁਰੂ ਦੁਆਰਾ ਬਖਸ਼ੀ ਬੁੱਧ ਦਾ ਸਹੀ ਇਸਤੇਮਾਲ ਕਰ ਕੇ ਮਨੁੱਖ ਨੂੰ ਚੰਗੀ ਵਿੱਦਿਆ ਜੋ ਗ੍ਰਹਿਣ ਕੀਤੀ ਹੈ ਉਸ ਦੇ ਮਾਰਗ ਦੇ ਧਾਰਨੀ ਹੋ ਕੇ ਸੰਸਾਰਕ ਕਾਰਜ ਵਿਚ ਸਫ਼ਲਤਾ ਪ੍ਰਾਪਤ ਕਰਨੀ ਚਾਹੀਦੀ ਹੈ। ਵਿੱਦਿਆ ਦੇ ਚਾਨਣ ਵਿਚ ਕੀਤਾ ਦਾਨ ਵੀ ਸਹੀ ਹੁੰਦਾ ਹੈ ਕਿਉਂਕਿ ਬੁੱਧੀ ਦੀ ਵਰਤੋਂ ਸਦਕਾ ਮਨੁੱਖ ਕਿਸੇ ਪਾਖੰਡੀ ਨੂੰ ਨਹੀਂ ਬਲਕਿ ਲੋੜਵੰਦ ਨੂੰ ਮੱਦਦ ਦੇਵੇਗਾ।"

ਗੁਰੂ ਪਾਤਸ਼ਾਹ ਫੁਰਮਾਉਂਦੇ ਹਨ ਕਿ ਵਿੱਦਿਆ ਤੋਂ ਬਿਨਾਂ ਤਾਂ ਗਿਆਨ ਹਾਸਲ ਹੀ ਨਹੀਂ ਹੋ ਸਕਦਾ ਹੈ! ਗੁਰੂ ਦਰਬਾਰ ਵਿਚ ਤਾਂ 'ਪੜ੍ਹਿਆ ਬੂਝੇ' ਹੀ ਪਰਵਾਨ ਹੈ! ਗੁਰਮਤਿ ਸਿਧਾਂਤਾਂ ਅਨੁਸਾਰ ਤਾਂ ਪੂਰਨ ਉਪਕਾਰ ਵੀ ਵਿਦਿਅਕ ਮਨੁੱਖ ਹੀ ਕਰ ਸਕਦਾ ਹੈ! ਮੂਰਖ ਵਿਅਕਤੀ ਉਪਕਾਰ ਦੀ ਇੱਛਾ ਰੱਖਣ ਪਰ ਭੀ ਜੁਗਤ ਤੇ ਸਮੱਗਰੀ ਦੀ ਅਣਹੋਂਦ ਕਰਕੇ ਉਪਕਾਰ ਨਹੀਂ ਕਰ

ਸਕਦਾ। ਵਿੱਦਿਆ ਦੀ ਸਹੀ ਵਿਚਾਰ ਤਾਂ ਮਨੁੱਖ ਨੂੰ ਪਰਉਪਕਾਰ ਦੇ ਮਾਰਗ ਉਪਰ ਤੋਰਦੀ ਹੈ। ਗੁਰੂ ਪਾਤਸ਼ਾਹ ਦਾ ਫੁਰਮਾਨ ਹੈ:

*''ਵਿਦਿਆ ਵੀਚਾਰੀ ਤਾਂ ਪਰਉਪਕਾਰੀ॥''*

(ਗੁਰੂ ਗ੍ਰੰਥ ਸਾਹਿਬ, ਪੰਨਾ ੩੫੬)

ਇਸ ਨਾਲ ਹੀ ਵਿੱਦਿਆ ਹਾਸਲ ਕਰਕੇ ਵੀ ਲਬ ਲੋਭ ਅਤੇ ਹਉਮੈ ਵਿਚ ਫਸੇ ਮਨੁੱਖ ਨੂੰ ਗੁਰੂ ਸਾਹਿਬ ਮੂਰਖ ਦਾ ਦਰਜਾ ਦਿੰਦੇ ਹਨ:

*ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੧੪੦)

ਗੁਰੂ ਨਾਨਕ ਸਾਹਿਬ ਨੇ 'ਆਸਾ ਦੀ ਵਾਰ' ਸਿਰਲੇਖ ਹੇਠ ਉਚਾਰੀ ਬਾਣੀ ਵਿਚ ਵਿੱਦਿਆ ਦੀ ਪ੍ਰਥਾਏ ਬੜਾ ਸੁੰਦਰ ਨਿਰਣਾ ਅੰਕਤ ਕੀਤਾ ਹੈ:

*ਲਿਖਿ ਲਿਖਿ ਪੜਿਆ ਤੇਤਾ ਕੜਿਆ॥*

ਗੁਰੂ ਪਾਤਸ਼ਾਹ ਫੁਰਮਾਉਂਦੇ ਹਨ ਕਿ ਜਿਹੜਾ ਮਨੁੱਖ ਚੰਗੀ ਵਿੱਦਿਆ ਗ੍ਰਹਿਣ ਕਰ ਕੇ ਉਸ ਉਪਰ ਅਮਲ ਨਹੀਂ ਕਰਦਾ ਉਹ ਓਨਾ ਹੀ ਕਠੋਰ ਚਿੱਤ ਹੋ ਜਾਂਦਾ ਹੈ। ਅਰਥਾਤ ਹਿਰਦੇ ਦੀ ਕੋਮਲਤਾ ਖਤਮ ਹੋ ਜਾਂਦੀ ਹੈ ਅਤੇ ਮਨੁੱਖ ਚੁੰਚ ਗਿਆਨੀ ਹੋ ਜਾਂਦਾ ਹੈ।

ਪਰੰਤੂ ਸੰਤਵਾਦ ਦਾ ਮੰਡਨ ਅਤੇ ਵਿਦਵਾਨਾਂ ਦਾ ਖੰਡਨ ਕਰਦਿਆਂ ਜੋ ਪਦ ਗਿਆਨੀ ਪੂਰਨ ਸਿੰਘ ਨੇ ਵਰਤਿਆ ਹੈ (ਜੇਤਾ ਪੜਿਆ ਤੇਤਾ ਕੜਿਆ) ਅਤੇ ਜਿਸ ਦੇ ਅਰਥ ਬਣਦੇ ਹਨ ਕਿ ਜਿੰਨਾ ਮਨੁੱਖ ਪੜ੍ਹ ਜਾਂਦਾ ਉਤਨਾ ਹੀ ਕੜ੍ਹ ਜਾਂਦਾ ਹੈ ਉਸ ਬਾਰੇ ਦੱਸਣ ਦੀ ਖੇਚਲ ਕਰਨਗੇ ਕਿ-

- ਕੀ ਇਹ ਸ਼ਬਦ ''ਜੇਤਾ ਪੜਿਆ'' ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ?
- ਜੇ ਗਿਆਨੀ ਜੀ ਅਨੁਸਾਰ ਹੈ ਤਾਂ ਕਿਸ ਰਾਗੁ ਜਾਂ ਕਿਸ ਪੰਨੇ ਉਪਰ ਅੰਕਿਤ ਹੈ?
- ਜੇ ਇਹ ਗੁਰਬਾਣੀ ਦਾ ਹਿੱਸਾ ਨਹੀਂ ਤਾਂ ਫਿਰ ਜੇ ਗੁਰੂ ਸੰਤਾਨ ਨੂੰ ਗੁਰਬਾਣੀ ਦੇ ਗਲਤ ਉਚਾਰਣ ਸਦਕਾ ਗੁਰੂ ਘਰ ਤੋਂ ਨਾਖਿਜ਼ ਕੀਤਾ ਜਾ ਸਕਦਾ ਹੈ ਤਾਂ ਗਿਆਨੀ ਜੀ ਗੁਰਬਾਣੀ ਦਾ ਗਲਤ ਉਚਾਰਣ ਕਰਨ ਕਰਕੇ ਸਜ਼ਾ ਲਈ ਪੰਥਕ ਕਟਹਿਰੇ 'ਚ ਕਿਉਂ ਨਹੀਂ ਖੜ੍ਹੇ ਕੀਤੇ ਜਾ ਸਕਦੇ?

ਗਿਆਨੀ ਪੂਰਨ ਸਿੰਘ ਨੇ ਆਪਣੇ ਵਿਖਿਆਨ ਸਦਕਾ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਗੁਰੂ ਅਰਜਨ ਸਾਹਿਬ ਬਾਬੇ ਮੋਹਨ ਕੋਲੋਂ ਗੁਰਬਾਣੀ ਦੀਆਂ ਪੋਥੀਆਂ ਲੈਣ ਗੋਇੰਦਵਾਲ ਗਏ। ਗਿਆਨੀ ਜੀ ਅਨੁਸਾਰ ਤਾਂ 'ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ' ਸ਼ਬਦ ਵੀ ਗੁਰੂ ਜੀ ਨੇ ਉਥੇ ਹੀ ਉਚਾਰਿਆ ਹੋਵੇਗਾ ਜਦੋਂ ਕਿ ਸੁਹਿਰਦ ਸਿੱਖ ਵਿਦਵਾਨ ਇਸ ਮੁੱਦੇ ਉਪਰ ਤਕਰੀਬਨ ਇਕ ਮੱਤ ਹਨ ਕਿ ਰੱਬੀ ਬਾਣੀ ਦਾ ਖਜ਼ਾਨਾ ਗੁਰੂ ਨਾਨਕ ਸਾਹਿਬ ਤੋਂ ਹੀ ਸਾਂਭਿਆ ਗਿਆ ਅਤੇ ਇਕ ਜੋਤਿ ਵੱਲੋਂ ਅਗਲੇ ਜਾਮੇ ਵਿਚ ਸੌਂਪ ਦਿੱਤਾ ਗਿਆ। ਗੁਰੂ ਰਾਮਦਾਸ ਪਾਤਸ਼ਾਹ ਨੇ ਅਮੋਲਕ ਰੱਬੀ ਬਾਣੀ ਦਾ ਅਨਮੋਲ ਖਜ਼ਾਨਾ ਆਪ ਗੁਰੂ ਅਰਜਨ ਸਾਹਿਬ ਨੂੰ ਬਖਸ਼ਿਆ।

ਮੋਹਨ ਵਾਲੀ ਘਟਨਾ ਦਾ ਗੁਰਬਾਣੀ ਹਵਾਲੇ ਦੇ ਕੇ ਖੰਡਨ ਕਰਦੇ ਹੋਏ ਪ੍ਰੋ: ਸਾਹਿਬ ਸਿੰਘ ਲਿਖਦੇ ਹਨ, "ਬੀੜ ਤਿਆਰ ਕਰਨ ਲਈ ਗੁਰੂ ਅਰਜਨ ਸਾਹਿਬ ਪਾਸ ਪਹਿਲੇ ਚਹੁੰ ਗੁਰੂਆਂ ਦੀ ਸਮੁੱਚੀ ਬਾਣੀ ਮੌਜੂਦ ਸੀ। ਬਾਹਰੋਂ ਹੋਰ ਕਿਸੇ ਸੰਚੀ ਜਾਂ ਸੰਚੀਆਂ ਦੀ ਲੋੜ ਨਹੀਂ ਸੀ। ਜਿਸ ਸ਼ਬਦ ਵਿਚ ਬਾਬਾ ਮੋਹਨ ਜੀ ਦੀ ਉਸਤਤ ਸਮਝੀ ਜਾ ਰਹੀ ਹੈ ਉਹ ਨਿਰੋਲ ਪਰਮਾਤਮਾ ਦੀ ਸਿਫ਼ਤ ਸਲਾਹ ਵਿਚ ਹੈ।"

ਸਿੱਖ ਵਿਦਵਾਨ ਜੋ ਨਿਆਰੀ ਪੰਥਕ ਹਸਤੀ ਪ੍ਰਤੀ ਸੁਹਿਰਦ ਹਨ ਦੇ ਪ੍ਰਤੀ ਤਾਂ ਗਿਆਨੀ ਜੀ ਸੰਗਤਾਂ ਨੂੰ ਸੁਚੇਤ ਕਰਦੇ ਹਨ ਕਿ ਜਾਗਰਤਾ ਵਿਚ ਆਉ, ਪਰੰਤੂ ਆਪਣੀ ਪੀੜ੍ਹੀ ਹੇਠ ਸੋਟਾ ਕਿਉਂ ਨਹੀਂ ਫੇਰਦੇ? ਆਰ.ਐੱਸ.ਐੱਸ. ਦੀ ਸਿੱਖ ਸੰਗਤ ਨਾਮਕ ਜਥੇਬੰਦੀ ਜਿਸ ਦੀਆਂ ਇਕੱਤਰਤਾਵਾਂ ਦੀ ਪ੍ਰਧਾਨਗੀ ਗਿਆਨੀ ਜੀ ਕਰਦੇ ਹਨ ਕੀ ਗਿਆਨੀ ਜੀ ਨੇ ਉਨ੍ਹਾਂ ਵੱਲੋਂ ਪ੍ਰਕਾਸ਼ਿਤ ਕੋਈ ਪ੍ਰਕਾਸ਼ਨਾ ਨਹੀਂ ਪੜ੍ਹੀ?

(ਗਿਆਨੀ ਪੂਰਨ ਸਿੰਘ ਨੇ ਛਾਤਰ ਸ਼ਕਤੀ ਯਾਤਰਾ (ਸ਼ਾਖਾ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਦੇ ਇਨਾਮ ਵੰਡ ਸਮਾਗਮ ਦੀ ਪ੍ਰਧਾਨਗੀ ਕੀਤੀ) ਆਰ.ਐੱਸ.ਐੱਸ. ਦੀ ਇਸ ਸ਼ਾਖਾ ਵੱਲੋਂ ਗਿਆਨੀ ਜੀ ਦੀ ਪ੍ਰਧਾਨਗੀ ਬਾਰੇ ਜਾਰੀ ਕੀਤੇ ਕਾਰਡ ਪਾਠਕ ਵੇਖ ਸਕਦੇ ਹਨ।

ਸਿੱਖ ਸੰਗਤ ਬਾਰੇ ਗਿਆਨੀ ਜੀ ਹੋ ਸਕਦਾ ਹੈ ਵਧੇਰੇ ਜਾਣਦੇ ਹੋਣਗੇ ਕਿਉਂਕਿ ਉਨ੍ਹਾਂ ਦੀਆਂ ਇਕੱਤਰਤਾਵਾਂ ਦੀ ਪ੍ਰਧਾਨਗੀ ਕਰਦੇ ਹਨ ਪਰ ਜਿਸ ਤਰ੍ਹਾਂ ਆਰ.ਐਸ.ਐਸ. ਵੱਲੋਂ ਅਖੌਤੀ ਸਿੱਖ ਸੰਗਤ ਦੇ ਨਾਮ ਹੇਠ ਗੁਰ ਇਤਿਹਾਸ ਨੂੰ ਕਲੰਕਤ ਕੀਤਾ ਜਾ ਰਿਹਾ ਹੈ ਇਸ ਪੰਥ ਮਾਰੂ ਜਥੇਬੰਦੀ ਪ੍ਰਤੀ ਸੰਗਤਾਂ ਨੂੰ ਸੁਚੇਤ ਕਿਉਂ ਨਹੀਂ ਕਰਦੇ?

ਆਰ.ਐੱਸ.ਐੱਸ. ਵੱਲੋਂ ਅਖੌਤੀ ਸਿੱਖ ਸੰਗਤ ਵੱਲੋਂ ਪ੍ਰਕਾਸ਼ਿਤ ਪ੍ਰਕਾਸ਼ਨਾਵਾਂ ਵਿਚ ਜਿਸ ਤਰ੍ਹਾਂ ਇਤਿਹਾਸ ਨੂੰ ਪੇਸ਼ ਕੀਤਾ ਗਿਆ ਹੈ, ਟੂਕ ਮਾਤਰ ਹੇਠਾਂ ਦਿੱਤਾ ਜਾ ਰਿਹਾ ਹੈ। ਗਿਆਨੀ ਪੂਰਨ ਸਿੰਘ ਜੀ ਦੇ ਚਹੇਤੇ ਆਰ. ਐੱਸ. ਐੱਸ. ਵਾਲੇ ਲਿਖਦੇ ਹਨ:

- ★ ਗੁਰਬਾਣੀ ਵੇਦਾਂ ਦੀ ਗੰਗੋਤਰੀ 'ਚੋਂ ਫੁਟਿਆ ਚਸ਼ਮਾ ਹੈ।
- ★ ਜਪੁ ਜੀ ਗੀਤਾ ਦਾ ਸਾਰ ਹੈ।
- ★ ਗੁਰੂ ਗੋਬਿੰਦ ਸਿੰਘ ਨੇ ਬਾਬਾ ਰਾਮ ਸਿੰਘ ਨੂੰ ਗੁਰਗੱਦੀ ਬਖਸ਼ੀ।
- ★ ਸਿੱਖ ਗੁਰੂ ਗਊ ਪੂਜਕ ਸਨ।
- ★ ਸਿੱਖ ਗੁਰੂ ਸਨਾਤਨੀ ਰੀਤਾਂ ਦੇ ਧਾਰਨੀ ਸਨ।
- ★ ਸਿੱਖ ਗੁਰੂਆਂ ਦੀਆਂ ਹਿੰਦੂਆਂ ਅਵਤਾਰਾਂ ਨਾਲ ਪ੍ਰਕਾਸ਼ਿਤ ਫੋਟੋਆਂ।

ਅਖੌਤੀ ਸੰਤ ਸਮਾਜੀਏ ਗਿਆਨੀ ਜੀ ਨੂੰ ਅਜਿਹੀਆਂ ਜਥੇਬੰਦੀਆਂ ਦਾ ਫਾਹਾ ਵੱਢਣ ਦੀ ਅਰਦਾਸ ਕਰਨ ਬਾਰੇ ਕਿਉਂ ਨਹੀਂ ਆਖਦੇ ਜੋ ਗਿਆਨੀ ਜੀ ਨਾਲ ਘਿਓ ਖਿਚੜੀ ਵਾਂਗ ਜੁੜੇ ਰਹਿੰਦੇ ਹਨ? ਜੇ ਇਹ ਵੀ ਆਰ.ਐੱਸ.ਐੱਸ. ਦੀ ਵਿਚਾਰਧਾਰਾ ਨਾਲ ਸਹਿਮਤ ਹਨ, ਫਿਰ ਵੱਖਰੀ ਗੱਲ ਹੈ।

ਆਰ.ਐੱਸ.ਐੱਸ. ਦੀ ਸੋਚ ਉਪਰ ਪਹਿਰਾ ਦੇ ਕੇ ਸਿੱਖ ਕੌਮ ਨੂੰ ਹਿੰਦੂ ਧਰਮ ਦਾ ਅੰਗ ਦਰਸਾਉਣ ਦਾ ਕਾਰਜ ਪੂਰਨ ਕਰਨ ਹੇਠ ਗਿਆਨੀ ਜੀ ਨੇ ਤਾਂ ਅਕਾਲ ਤਖ਼ਤ ਸਾਹਿਬ ਜੀ ਦੀ ਸੇਵਾ ਸੰਭਾਲਦਿਆਂ ਹੀ ਇਹ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ ਸਿੱਖ ਲਵ-ਕੁਸ਼ ਦੀ ਵੰਸ਼ਜ ਹਨ।

ਇਸ ਕਥਾ ਵਿਖਿਆਨ ਸਮੇਂ ਗਿਆਨੀ ਜੀ ਨੇ ਕਿਹਾ ਹੈ ਕਿ ਗੁਰਮੁਖ ਪਿਆਰੇ ਬਾਲਮੀਕ ਜੀ ਬਾਰੇ ਜੇਕਰ ਕੋਈ ਕਹੇ ਕਿ ਬਾਲਮੀਕ ਜੀ ਨਹੀਂ ਹੋਏ ਤਾਂ ਉਸ ਦੇ ਘਰ ਦਾ ਕੋਈ ਦਰਵਾਜ਼ਾ ਨਹੀਂ ਰਹੇਗਾ। ਪਰ ਸ਼ਾਇਦ ਗਿਆਨੀ ਜੀ ਵਾਕਿਫ਼ ਨਹੀਂ ਕਿ ਕਿਸੇ ਅਜਿਹੀ ਹੀ ਪੰਥ ਦੋਖੀ ਜਥੇਬੰਦੀ ਦੇ ਪ੍ਰਭਾਵ ਅਧੀਨ ਬਹੁਜਨ ਸਮਾਜ ਪਾਰਟੀ ਦੇ ਉੱਤਰੀ ਜੋਨ ਦੇ ਦਫ਼ਤਰ ਸਕੱਤਰ ਸੀ.ਐਲ. ਚੁੰਬਰ ਨੇ ਇਹ ਬਿਆਨ 26/10/99 ਦੀ 'ਅੱਜ ਦੀ ਆਵਾਜ਼' ਵਿਚ ਦਿੱਤਾ, "ਸਿੱਖ ਸਮਾਜ ਨੂੰ ਬਾਲਮੀਕੀਆਂ ਤੋਂ ਮੁਆਫ਼ੀ ਮੰਗਣੀ ਚਾਹੀਦੀ ਹੈ। ਕਿਉਂਕਿ ਭਾਈ ਗੁਰਦਾਸ ਜੀ ਨੇ ਬਾਲਮੀਕ ਨੂੰ ਬਟਵਾੜਾ ਕਿਹਾ ਹੈ"

"ਵਾਟੈ ਮਾਣਸ ਮਾਰਦਾ ਬੈਠਾ ਬਾਲਮੀਕ ਵਟਵਾੜਾ" (ਅਖ਼ਬਾਰ ਦਾ ਹਵਾਲਾ ਹਾਜ਼ਰ ਹੈ)

ਗਿਆਨੀ ਜੀ ਨੇ ਇਸ ਦਾ ਤਾਂ ਕੋਈ ਗੰਭੀਰ ਨੋਟਿਸ ਨਹੀਂ ਲਿਆ ਕਿ ਜੇਕਰ ਅੱਜ ਅਜਿਹੇ ਲੋਕਾਂ ਵੱਲੋਂ ਭਾਈ ਗੁਰਦਾਸ ਜੀ ਦੀਆਂ ਵਾਰਾਂ ਨੂੰ ਸਿੱਖ ਸਿਧਾਂਤਾਂ ਦੇ ਉਲਟ ਕਰਾਰ ਦੇਣ ਦੀ ਮੰਗ ਕੀਤੀ ਜਾ ਰਹੀ ਹੈ ਤਾਂ ਕੱਲ੍ਹ ਨੂੰ ਗੁਰੂ ਗ੍ਰੰਥ ਸਾਹਿਬ ਜੀ ਨੂੰ ਵੀ ਸਿੱਖ ਸਿਧਾਂਤਾਂ ਵਿਰੋਧੀ ਕਰਾਰ ਦੇਣ ਦੀ ਮੁਹਿੰਮ ਖੜੀ ਕੀਤੀ ਜਾ ਸਕਦੀ ਹੈ ਕਿਉਂਕਿ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ:

*ਧੰਨਾ ਜਟੁ ਬਾਲਮੀਕੁ ਬਟਵਾਰਾ ਗੁਰਮੁਖਿ ਪਾਰਿ ਪਇਆ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੯੯੫)

ਗੁਰੂ ਪਾਤਸ਼ਾਹ ਨੇ ਤਾਂ ਹਰ ਪ੍ਰਾਣੀ ਨੂੰ ਸਰਬਤ ਦੇ ਭਲੇ ਦਾ ਪਾਵਨ ਸੰਦੇਸ਼ ਦ੍ਰਿੜ੍ਹ ਕਰਵਾਇਆ? ਪਰੰਤੂ ਆਪ ਹੀ ਗੁਰਬਾਣੀ ਨੂੰ ਗਲਤ ਢੰਗ ਨਾਲ ਪੇਸ਼ ਕਰਨ ਵਾਲੇ ਦੋਖੀਆਂ ਦੀਆਂ ਕਾਰਵਾਈਆਂ ਦਾ ਕੀ ਜਵਾਬ ਦੇਣਗੇ?

ਜੰਤਰੀ ਸੰਬੰਧੀ ਆਰ. ਐੱਸ. ਐੱਸ ਦੀ ਸੋਚ 'ਤੇ ਪਹਿਰੇ ਦਿੰਦੇ ਹੋਇਆਂ ਆਪਣਾ ਸਟੈਂਡ ਸਪੱਸ਼ਟ ਕਰਦਿਆਂ ਗਿਆਨੀ ਜੀ ਨੇ ਕਿਹਾ ਕਿ ਜੰਤਰੀ ਗੁਰਸਿੱਖਾਂ ਵਿਚ ਪਾਟਕ ਪਾ ਦਵੇਗੀ। ਸਮਝ ਨਹੀਂ ਆਉਂਦੀ ਇਹਨਾਂ ਨੂੰ ਜੰਤਰੀ ਵਿੱਚ ਕਿਹੜਾ ਐਸਾ ਹਊਆ ਨਜ਼ਰ ਆ ਰਿਹਾ? ਆਰ.ਐੱਸ.ਐੱਸ. ਵਾਲੇ ਤਾਂ ਕਹਿ ਰਹੇ ਹਨ ਕਿ ਜੰਤਰੀ ਹਿੰਦੂ ਸਿੱਖਾਂ ਵਿਚ ਪਾਟਕ ਪਾ ਦੇਵੇਗੀ ਪਰੰਤੂ ਬਿੱਲੀ ਨੂੰ ਥੈਲੇ ਵਿਚੋਂ ਬਾਹਰ ਆਉਂਦਿਆਂ ਚਿਰ ਨਾ ਲੱਗਾ ਜਦੋਂ ਗਿਆਨੀ ਜੀ ਨੇ ਆਰ. ਐੱਸ.ਐੱਸ. ਪ੍ਰਤੀ ਵਫ਼ਾਦਾਰੀ ਜ਼ਾਹਿਰ ਕਰਦੇ ਹਿੰਦੀ 'ਦੈਨਿਕ ਜਾਗਰਨ' (15/3/2000) ਵਿਚ ਇਹ ਬਿਆਨ ਦਿੱਤਾ ਕਿ ਜੰਤਰੀ ਹਿੰਦੂ ਸਿੱਖਾਂ ਵਿਚ ਦੀਵਾਰ ਖੜੀ ਕਰ ਦੇਵੇਗੀ।

---

1. *ਹਿੰਦੂਇਜ਼ਮ : ਧਰਮ ਜਾਂ ਕਲੰਕ ਪੰਨਾ: 163 ਲੇਖਕ:- ਐਲ: ਆਰ: ਬਾਲੀ ਪ੍ਰਕਾਸ਼ਕ: ਲੇਖਕ ਖ਼ੁਦ*
2. *ਭਾਰਤੀ ਲੋਕ ਨੀਚ ਕਿਵੇਂ ਬਣੇ ? ਪੰਨਾ 96-97 ਸੰਸਕਰਨ 1994 ਲੇਖਕ ਗੁਰਨਾਮ ਸਿੰਘ*

*ਪ੍ਰਕਾਸ਼ਕ : ਬਹੁਜਨ ਸਮਾਜ ਪ੍ਰਕਾਸ਼ਨ*

# ਸੰਘ ਨਾਨਕਸ਼ਾਹੀ ਜੰਤਰੀ ਦੀ ਵਿਰੋਧਤਾ ਕਿਉਂ ਕਰਦਾ ਹੈ ?

ਸੰਸਾਰ ਦੀਆਂ ਲਗਪਗ ਸਾਰੀਆਂ ਕੌਮਾਂ ਦਾ ਆਪੋ-ਆਪਣਾ ਕੈਲੰਡਰ ਹੈ। ਸਮੇਂ ਵੀ ਵੰਡ ਆਪਣੀਆਂ-ਆਪਣੀਆਂ ਬੋਲੀਆਂ ਜਿਵੇਂ, ਮਹੀਨਾ, ਮਾਹ, ਮਾਸ, ਮੰਥ ਆਦਿ ਵਿਚ ਕੀਤੀ ਹੋਈ ਹੈ। ਹਿੰਦੁਸਤਾਨ ਵਿਚ ਬਿਕ੍ਰਮੀ ਕੈਲੰਡਰ ਪ੍ਰਚਲਿਤ ਹੈ ਜੋਕਿ ਰਾਜੇ ਬਿਕ੍ਰਮਾਦਿੱਤਿਆ ਨਾਲ ਜੋੜਿਆ ਜਾਂਦਾ ਹੈ। ਵੈਸੇ ਤਾਂ ਇਤਿਹਾਸ ਵਿਚ ਪ੍ਰਮਾਣਿਤ ਤੌਰ ਤੇ ਰਾਜਾ ਬਿਕ੍ਰਮਾਦਿੱਤਿਆ ਦੀ ਹੋਂਦ ਬਾਰੇ ਵੀ ਕੋਈ ਖਾਸ ਜ਼ਿਕਰ ਨਹੀਂ ਮਿਲਿਆ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਕੇਵਲ 'ਸਿੰਘਾਸਨ ਬੱਤੀਸੀ' ਅਤੇ 'ਵਿਕਰਮ ਬੇਤਾਲ' ਨਾਮਕ ਕਾਲਪਨਿਕ ਗਾਥਾਵਾਂ ਦਾ ਹੀ ਬਹੁਚਰਚਿਤ ਪਾਤਰ ਹੈ। ਕੁਝ ਇਤਿਹਾਸਕਾਰਾਂ ਦਾ ਮੱਤ ਹੈ ਕਿ ਬਿਕ੍ਰਮਾਦਿਤਿਆ ਪ੍ਰਤਾਪੀ ਰਾਜਾ ਸੀ ਜਿਸਨੇ ਕਰੂਰ ਦੇ ਸਥਾਨ ਤੇ ਰਾਜਾ ਸਾਲਿਵਾਹਨ ਨੂੰ ਸ਼ਿਕਸਤ ਦਿੱਤੀ।

ਵਿਚਾਰਵਾਨਾਂ ਅਨੁਸਾਰ 852 ਈ: ਤੋਂ ਪਹਿਲਾਂ ਕਿਸੇ ਵੀ ਬਿਕ੍ਰਮੀ ਨਾਮ ਦੇ ਕੈਲੰਡਰ ਦੀ ਵਰਤੋਂ ਦਾ ਕੋਈ ਸਬੂਤ ਨਹੀਂ ਮਿਲਦਾ।

ਸਿੱਖਾਂ ਵਲੋਂ ਪਹਿਲਾਂ ਵਰਤਿਆ ਜਾਂਦਾ ਨਾਨਕਸ਼ਾਹੀ ਕੈਲੰਡਰ ਵੀ ਕੇਵਲ ਨਾਮ ਦਾ ਹੀ ਕੈਲੰਡਰ ਸੀ। ਇਹ ਪੂਰੀ ਤਰ੍ਹਾਂ ਨਾਲ ਬਿਕ੍ਰਮੀ ਕੈਲੰਡਰ ਨਾਲ ਸੰਬੰਧਿਤ ਵਦੀਆਂ ਸੁਦੀਆਂ ਉਪਰ ਹੀ ਅਧਾਰਿਤ ਸੀ ਜੋ ਕਿ ਚੰਦਰ ਅਧਾਰਿਤ ਹੈ। ਜ਼ਿਕਰਯੋਗ ਹੈ ਕਿ ਬਿਕ੍ਰਮੀ ਕੈਲੰਡਰ ਵਿਚ ਸਮੇਂ ਦੀ ਵੰਡ ਚੰਦਰਮਾਂ ਅਧਾਰਿਤ ਹੈ ਅਤੇ ਬਿਕ੍ਰਮੀ ਸਾਲ ਸੂਰਜੀ ਸਾਲ ਨਾਲੋਂ 10-11 ਦਿਨ ਛੋਟਾ ਹੁੰਦਾ ਹੈ। ਇਸ ਪਾੜੇ ਨੂੰ ਪੂਰਾ ਕਰਨ ਲਈ ਤੀਸਰੇ ਸਾਲ ਇਕ ਵਾਧੂ ਮਹੀਨਾ ਲਗਾ ਦਿੱਤਾ ਜਾਂਦਾ ਹੈ ਜਿਸ ਨੂੰ ਲੋਂਧ ਦਾ ਮਹੀਨਾ (ਬੁਰਾ ਮਹੀਨਾ) ਜਾਂ ਮਲਮਾਸ ਕਿਹਾ ਜਾਂਦਾ ਹੈ। ਇਸ ਲੋਂਧ ਦੇ ਮਹੀਨੇ ਵਿਚ ਬਿਪਰਵਾਦੀਆਂ ਵਲੋਂ ਸ਼ੁਭ ਕਾਰਜ ਵਿਵਰਜਿਤ ਸਮਝੇ ਜਾਂਦੇ ਹਨ ਅਤੇ ਸਿੱਖ ਵੀ ਇਸ ਦੇ ਪ੍ਰਭਾਵ ਤੋਂ ਨਹੀਂ ਬਚ ਸਕੇ, ਇਕ ਸਾਲ ਜਦੋਂ ਗੁਰੂ ਰਾਮਦਾਸ ਜੀ ਦਾ ਜਨਮ ਉਤਸਵ ਲੋਂਧ ਦੇ ਮਹੀਨੇ ਵਿਚ ਆ ਗਿਆ ਸੀ ਤਾਂ ਕਾਫ਼ੀ ਦਿਨ ਅੱਗੇ ਕਰਕੇ ਮਨਾਇਆ ਸੀ। ਵੈਸੇ ਲੋਂਧ ਦੇ ਮਹੀਨੇ ਦਾ ਅਸ਼ੁਭ ਹੋਣਾ ਇਕ ਮਨੌਤ ਹੀ ਹੈ, ਕਾਰਨ ਤਾਂ ਤਿੰਨ ਸਾਲਾਂ ਦੇ ਵਧੇ ਤੀਹਾਂ ਦਿਨਾਂ ਦਾ ਪਾੜਾ ਪੂਰਨਾ ਹੁੰਦਾ ਹੈ ਕਿਉਂਕਿ ਬਿਕ੍ਰਮੀ ਸਾਲ 355 ਦਿਨ ਦੇ ਕਰੀਬ ਦਾ ਹੁੰਦਾ ਹੈ। ਥੋੜ੍ਹਾ ਜਿਹਾ ਫ਼ਰਕ ਸੋਲਰ ਸਾਲ ਦਾ ਵੀ ਕੁਦਰਤੀ ਸਾਲ ਨਾਲ ਹੈ। ਸੋਲਰ (ਸੂਰਜੀ ਅਧਾਰਿਤ) ਸਾਲ ਨੂੰ ਕੁਦਰਤੀ ਸਾਲ ਨਾਲ ਬਰਾਬਰ ਕਰਨ ਲਈ ਲੀਪ ਦਾ ਸਾਲ ਬਣਾ, ਇਕ ਦਿਨ ਚਾਰ ਸਾਲਾਂ ਬਾਅਦ,

ਫਰਵਰੀ ਦੇ ਮਹੀਨੇ ਵਿਚ ਜੋੜਿਆ ਜਾਂਦਾ ਹੈ। ਸੂਰਜੀ ਅਧਾਰਿਤ ਕੈਲੰਡਰ ਦਾ ਸਾਲ 365 ਦਿਨਾਂ ਦਾ ਹੈ ਜਦੋਂ ਕਿ ਧਰਤੀ ਸੂਰਜ ਦੁਆਲੇ 365 1/4 ਦਿਨਾਂ ਵਿਚ ਚੱਕਰ ਪੂਰਾ ਕਰਦੀ ਹੈ। ਸੋ ਇਕ ਚੌਥਾਈ (1/4) ਸਮੇਂ ਦੇ ਵਾਧੇ ਨੂੰ ਜੋੜ ਕੇ ਹਰ ਚੌਥੇ ਸਾਲ 366 ਦਿਨਾਂ ਦਾ ਵਰ੍ਹਾ ਕੀਤਾ ਜਾਂਦਾ ਹੈ। ਜਿਸ ਨੂੰ ਲੀਪ ਦਾ ਸਾਲ ਆਖਿਆ ਜਾਂਦਾ ਹੈ।

ਇਸਲਾਮ ਧਰਮ ਦਾ ਵੀ ਆਪਣਾ ਕੈਲੰਡਰ ਹੈ ਜਿਸਨੂੰ ਹਿਜ਼ਰੀ ਕੈਲੰਡਰ ਕਿਹਾ ਜਾਂਦਾ ਹੈ ਅਤੇ ਪ੍ਰਚਲਿਤ ਹੈ ਕਿ ਇਸ ਦੀ ਸ਼ੁਰੂਆਤ ਹਜ਼ਰਤ ਮੁਹੰਮਦ ਦੁਆਰਾ ਮੱਕੇ ਤੋਂ ਮਦੀਨੇ ਹਿਜ਼ਰਤ ਕਰਨ ਸਮੇਂ ਹੋਈ, ਇਸ ਕਰਕੇ ਹੀ ਇਸ ਦਾ ਨਾਮ ਹਿਜ਼ਰੀ ਕੈਲੰਡਰ ਹੈ।

ਬੇਸ਼ਕ ਕਿ ਤੁਰਕੀ ਤੋਂ ਬਿਨਾਂ ਬਾਕੀ ਸਾਰੇ ਇਸਲਾਮੀ ਦੇਸ਼ਾਂ ਵਿਚ ਹਿਜ਼ਰੀ ਕੈਲੰਡਰ ਪ੍ਰਚਲਿਤ ਹੈ ਅਤੇ ਆਪਣੇ ਧਰਮ ਕਾਰਜ ਉਹ ਆਪਣੇ ਹਿਜ਼ਰੀ ਕੈਲੰਡਰ ਅਨੁਸਾਰ ਹੀ ਕਰਦੇ ਹਨ। ਵੈਸੇ ਇਰਾਨ ਵਰਗੇ ਦੇਸ਼ਾਂ ਨੇ ਵੀ ਸਮੇਂ ਦੀ ਮੰਗ ਨੂੰ ਸਮਝਦਿਆਂ ਆਪਣੇ ਸਮੇਂ ਦੀ ਵੰਡ ਦਾ ਅਧਾਰ ਈਸਵੀ ਕੈਲੰਡਰ ਨੂੰ ਹੀ ਬਣਾਇਆ ਹੋਇਆ ਹੈ। ਹਿਜ਼ਰੀ ਕੈਲੰਡਰ ਜੋ ਕਿ ਚੰਦਰ ਅਧਾਰਿਤ ਹੈ ਦਾ ਹਰ ਮਹੀਨਾ ਪੂਰਨਮਾਸ਼ੀ ਤੋਂ ਆਰੰਭ ਹੁੰਦਾ ਹੈ ਅਤੇ ਕ੍ਰਮਵਾਰ ਹਰ ਮਹੀਨਾ 30 ਦਿਨ ਅਤੇ 29 ਦਿਨ ਦਾ ਹੈ। ਆਖਰੀ ਮਹੀਨੇ ਨੂੰ ਦੂਅ-ਅਲ-ਹਿਜ਼ਾ ਆਖਿਆ ਜਾਂਦਾ ਹੈ। ਇਸ ਚੰਦਰ ਅਧਾਰਿਤ ਸਮੇਂ ਵੰਡ ਨੂੰ ਕੁਦਰਤੀ ਸਮੇਂ ਵੰਡ ਨਾਲ ਇਕਸਾਰ ਰੱਖਣ ਲਈ 30 ਸਾਲਾਂ ਦਾ ਇਕ ਚੱਕਰ ਬਣਾਇਆ ਹੋਇਆ ਹੈ ਜਿਸ ਅਨੁਸਾਰ,

11 ਸਾਲ 12ਵਾਂ ਮਹੀਨਾ 30 ਦਿਨ ਦਾ

19 ਸਾਲ 12ਵਾਂ ਮਹੀਨਾ 29 ਦਿਨ ਦਾ

ਈਸਾਈ ਲੋਕ ਗਰੇਗੋਰੀਅਨ ਕੈਲੰਡਰ ਨੂੰ ਸਮਾਂ ਵੰਡ ਦਾ ਅਧਾਰ ਬਣਾਉਂਦੇ ਹਨ। ਗਰੇਗੋਰੀ ਨੂੰ ਇਸ ਸਮੇਂ ਵੰਡ ਨੂੰ ਜੂਲੀਅਨ ਤੋਂ ਗਰੇਗੋਰੀਅਨ ਵਿਚ ਬਦਲਣ ਸਮੇਂ 14 ਦਿਨ ਦਾ ਫਰਕ ਕਰਨਾ ਪਿਆ ਸੀ। ਇਸਾਈ ਜਗਤ ਵਿਚ ਗਰੇਗੋਰੀਅਨ ਅਤੇ ਜੂਲੀਅਨ ਦਾ ਸੂਰਜ ਅਧਾਰਿਤ ਕੈਲੰਡਰ ਤਿਆਰ ਕਰਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਸੀ ਕਿਉਂਕਿ ਇਹ ਬਾਈਬਲ ਦੀਆਂ ਪ੍ਰਚਲਿਤ ਰਵਾਇਤਾਂ ਖਿਲਾਫ ਇਕ ਵੱਡੀ ਬਗਾਵਤ ਸੀ ਕਿ ਸੂਰਜ ਅਧਾਰਿਤ ਕੈਲੰਡਰ ਇਸਾਈ ਧਰਮ ਦੇ ਮੂਲ ਸਿਧਾਂਤਾਂ ਦੀ ਵਿਰੋਧਤਾ ਸੀ। ਸੂਰਜੀ ਕੈਲੰਡਰ ਵਿਚ ਸੂਰਜ ਨੂੰ ਕੇਂਦਰ ਮੰਨ ਸਥਿਰ ਮੰਨਿਆ ਜਾਂਦਾ ਹੈ ਜਦੋਂ ਕਿ ਇਸਾਈ ਮੱਤ ਦਾ ਧਾਰਮਿਕ ਗ੍ਰੰਥ ਬਾਈਬਲ ਸੂਰਜ ਨੂੰ ਨਹੀਂ ਬਲਕਿ ਧਰਤੀ ਨੂੰ ਸਥਿਰ ਕੇਂਦਰ ਬਿੰਦੂ ਮੰਨਦਾ ਹੈ।

ਆਰ.ਐਸ.ਐਸ. ਵਲੋਂ ਨਾਨਕਸ਼ਾਹੀ ਕੈਲੰਡਰ ਦਾ ਡੱਟ ਕੇ ਵਿਰੋਧ ਕੀਤਾ ਗਿਆ। ਕਿਉਂਕਿ ਕਾਫੀ ਥਾਵਾਂ ਤੇ ਸੰਘ ਸਿੱਖਾਂ ਨੂੰ ਹਿੰਦੂ ਧਰਮ ਦਾ ਇਕ ਅੰਗ ਦਰਸਾਉਣ ਲਈ ਇਹ ਦਲੀਲ ਵੀ ਦਿੰਦਾ ਹੈ ਕਿ ਸਿੱਖ ਵੀ ਹਿੰਦੂਆਂ ਵਾਂਗ ਆਪਣੇ ਦਿਨ ਤਿਉਹਾਰਾਂ ਦੀ ਜਾਣਕਾਰੀ ਦਾ ਅਧਾਰ ਬਿਕ੍ਰਮੀ ਕੈਲੰਡਰ ਨੂੰ ਹੀ ਬਣਾਉਂਦੇ ਹਨ। ਸੰਘ ਵਲੋਂ ਪ੍ਰਕਾਸ਼ਿਤ ਇਕ ਕਿਤਾਬਚੇ, (ਪੰਜਾਬ ਕੀ ਵਰਤਮਾਨ ਪਰਿਸਥਿਤੀ ਮੇਂ ਸੰਘ ਕਾ ਦ੍ਰਿਸ਼ਟੀਕੋਣ) ਵਿਚ ਲਿਖਿਆ ਹੈ:

(Sikh are part and parcel of Hindu Society) ਸਿੱਖ ਭੀ ਹਿੰਦੂਓਂ ਕੀ ਤਰਹ ਅਪਨੇ ਤਿਉਹਾਰ ਦਿਵਾਲੀ, ਬੇਸ਼ਾਖੀ, ਔਰ ਹੋਲੀ ਆਦਿਕ ਬਿਕ੍ਰਮੀ ਕੈਲੰਡਰ ਪਰ ਅਧਾਰਿਤ ਹੀ ਮਨਾਤੇ ਹੈਂ।

ਸਿੱਖਾਂ ਦੁਆਰਾ ਜਦੋਂ ਤੋਂ ਹੀ ਨਾਨਕਸ਼ਾਹੀ ਜੰਤਰੀ ਬਾਰੇ ਮਸ਼ਵਰੇ ਅਰੰਭੇ ਹਨ, ਸੰਘ ਉਦੋਂ ਤੋਂ ਹੀ ਇਸ ਦਾ ਵਿਰੋਧ ਕਰ ਰਿਹਾ ਹੈ। ਹੋਰ ਤਾਂ ਹੋਰ ਸੰਘ ਦੇ ਅੜਿੱਕੇ ਚੜ੍ਹ ਇਕ ਅਕਾਲ ਤਖ਼ਤ ਦੇ ਜੱਥੇਦਾਰ ਨੇ ਤਾਂ ਨਾਨਕਸ਼ਾਹੀ ਜੰਤਰੀ ਉਪਰ ਪੂਰੀ ਤਰ੍ਹਾਂ ਨਾਲ ਹੁਕਮਨ ਪਬੰਦੀ ਹੀ ਲਗਾ ਦਿੱਤੀ ਸੀ।

ਇਸ ਜਥੇਦਾਰ ਜੀ ਦਾ ਵਿਚਾਰ ਸੀ ਕਿ ਇਸ ਜੰਤਰੀ ਨਾਲ ਪਾੜਾ ਪੈ ਜਾਵੇਗਾ, ਪਰ ਬੜੀ ਅਜੀਬ ਗੱਲ ਹੈ ਕਿ ਜਦੋਂ ਦੁਨੀਆਂ ਦੀਆਂ ਹੋਰ ਕੌਮਾਂ ਆਪਣੇ ਧਰਮ ਕਾਰਜ ਆਪਣੇ-ਆਪਣੇ ਕੈਲੰਡਰ ਅਨੁਸਾਰ ਕਰਦੀਆਂ ਹਨ ਤਾਂ ਸਿੱਖਾਂ ਨੂੰ ਆਪਣਾ ਕੈਲੰਡਰ ਤਿਆਰ ਕਰਨ ਦਾ ਹੱਕ ਕਿਉਂ ਨਹੀਂ ? ਤੇ ਜੇਕਰ ਇਸ ਕੈਲੰਡਰ ਵਿਚ ਕੁਝ ਉਣਤਾਈਆਂ ਹਨ ਤਾਂ ਵੀ ਇਹ ਕੌਮ ਦਾ ਆਪਣਾ ਮਸਲਾ ਹੈ ਸੰਘ ਦਾ ਦਖਲ ਦੇਣ ਦਾ ਕੋਈ ਹੱਕ ਨਹੀਂ। ਇਸ ਬਾਰੇ ਇਕ ਅਜ਼ੀਜ਼ ਦੇ ਵਿਚਾਰ ਹਨ:

'ਨਾਨਕਸ਼ਾਹੀ ਜੰਤਰੀ ਸਿੱਖ ਕੌਮ ਦਾ ਆਪਣਾ ਮਸਲਾ ਹੈ, ਇਸ ਵਿਚਲੀਆਂ ਊਣਤਾਈਆਂ ਨੂੰ ਸਿੱਖ ਵਿਦਵਾਨ ਆਪਸ ਵਿਚ ਬੈਠ ਕੇ ਹੱਲ ਕਰ ਸਕਦੇ ਹਨ, ਸੰਘ ਜਾਂ ਕਿਸੇ ਹੋਰ ਬਿਪਰਵਾਦੀ ਸੰਗਠਨ ਨੂੰ ਇਸ ਵਿਚ ਦਖਲ-ਅੰਦਾਜ਼ੀ ਦੀ ਕੋਈ ਜ਼ਰੂਰਤ ਨਹੀਂ।

ਨਾਨਕਸ਼ਾਹੀ ਕੈਲੰਡਰ ਨਿਰੋਲ ਸਿੱਖਾਂ ਦਾ ਆਪਣਾ ਘਰੇਲੂ ਮਾਮਲਾ ਹੈ, ਇਸ 'ਤੇ ਕੋਈ ਸਿੱਖ ਇਤਰਾਜ਼ ਕਰੇ ਤਾਂ ਜੰਮ-ਜੰਮ ਕਰੇ, ਉਸ ਇਤਰਾਜ਼ ਤੇ ਗੰਭੀਰਤਾ ਨਾਲ ਵਿਚਾਰ ਵੀ ਕੀਤਾ ਜਾਣਾ ਬਣਦਾ ਹੈ, ਪਰ ਆਰ.ਐਸ.ਐਸ. ਵਰਗੀ ਜਥੇਬੰਦੀ ਨੂੰ ਇਹ ਹੱਕ ਕਿਸ ਨੇ ਦਿੱਤਾ ਹੈ ਕਿ ਉਹ ਸਿੱਖਾਂ ਦੇ ਅੰਦਰੂਨੀ ਮਾਮਲੇ ਵਿਚ ਦਖਲਅੰਦਾਜ਼ੀ ਕਰੇ ?

ਨਾਨਕਸ਼ਾਹੀ ਕੈਲੰਡਰ 'ਤੇ ਟਿੱਪਣੀ ਕਰਦਿਆਂ ਆਰ.ਐਸ.ਐਸ. ਦਲੀਲ ਦੇ ਰਹੀ ਹੈ ਕਿ ਗੁਰੂ ਸਾਹਿਬ 'ਸਾਰਿਆਂ' ਦੇ ਸਾਂਝੇ ਸਨ, ਪਰ ਉਨ੍ਹਾਂ ਨੂੰ ਇਕ ਕੌਮ ਤਕ ਸੀਮਤ ਕੀਤਾ ਜਾ ਰਿਹਾ ਹੈ। ਅਸੀਂ ਪੁੱਛਣਾ ਚਾਹੁੰਦੇ ਹਾਂ ਕਿ 'ਸਾਰਿਆਂ' ਤੋਂ ਆਰ.ਐਸ.ਐਸ. ਦਾ ਕੀ ਭਾਵ ਹੈ ? ਜੇ ਇਸ ਦਾ ਭਾਵ ਸਾਰੀ ਦੁਨੀਆਂ ਹੈ ਤਾਂ ਸਾਰੀ ਦੁਨੀਆਂ ਵਿਚ ਸਿੱਖਾਂ ਤੋਂ ਇਲਾਵਾ ਕੇਵਲ ਹਿੰਦੂ ਹੀ ਨਹੀਂ, ਮੁਸਲਮਾਨ ਤੇ ਈਸਾਈ, ਬੋਧੀ ਆਦਿ ਹੋਰ ਵੀ ਬਹੁਤ ਸਾਰੀਆਂ ਕੌਮਾਂ ਵਸਦੀਆਂ ਹਨ, ਫਿਰ ਇਨ੍ਹਾਂ 'ਸਾਰਿਆਂ' ਦਾ ਵਾਸਤਾ ਪਾ ਕੇ ਆਰ.ਐਸ.ਐਸ. ਸਿੱਖਾਂ ਨੂੰ ਕੇਵਲ 'ਬ੍ਰਾਹਮਣੀ' ਕੈਲੰਡਰ ਨਾਲ ਹੀ ਕਿਉਂ ਨਰੜੀ ਰੱਖਣਾ ਚਾਹੁੰਦੀ ਹੈ ? ਜੇ ਸਿੱਖਾਂ ਨੇ ਕਿਸੇ ਬੇਗਾਨੇ ਕੈਲੰਡਰ ਦੇ ਸਹਾਰੇ ਹੀ ਰਹਿਣਾ ਹੈ ਤਾਂ ਉਹ ਕੈਲੰਡਰ ਹਿੰਦੂਆਂ ਦਾ ਹੀ ਕਿਉਂ ਹੋਵੇ, ਮੁਸਲਮਾਨਾਂ ਜਾਂ ਈਸਾਈਆਂ ਦਾ ਕਿਉਂ ਨਹੀਂ ? ਪਰ ਕੈਲੰਡਰ ਦੇ ਮਾਮਲੇ 'ਚ ਸਿੱਖ ਹੁਣ ਆਪਣਾ ਨਾਨਕਸ਼ਾਹੀ ਕੈਲੰਡਰ ਜਾਰੀ ਕਰ ਚੁੱਕੇ ਹਨ ਤਾਂ ਹੁਣ ਉਹ ਕਿਸੇ ਬੇਗਾਨੇ ਦੇ ਸਹਾਰੇ ਨਹੀਂ ਰਹਿ ਸਕਦੇ; ਹਾਂ ਇਸ ਮੁੱਦੇ 'ਤੇ ਕੌਮ ਅੰਦਰ ਜੋ ਆਪਸੀ ਮੱਤਭੇਦ ਹੋਣਗੇ ਉਹ ਸਿੱਖ ਬੈਠ ਕੇ ਸੁਲਝਾ ਲੈਣਗੇ, ਇਹ ਸਿੱਖਾਂ ਦਾ ਆਪਣਾ ਅੰਦਰੂਨੀ ਮਸਲਾ ਹੈ।

ਅਸੀਂ ਆਰ.ਐਸ.ਐਸ. ਦੇ ਇਨ੍ਹਾਂ ਆਪੇ ਬਣੇ ਚੌਧਰੀਆਂ ਨੂੰ ਪੁੱਛਣਾ ਚਾਹੁੰਦੇ ਹਾਂ ਕਿ ਜੇਕਰ ਤੁਹਾਡੇ ਮੁਤਾਬਿਕ ਗੁਰੂ ਸਾਹਿਬ 'ਸਾਰਿਆਂ' ਦੇ ਸਾਂਝੇ ਸਨ ਤਾਂ ਫਿਰ ਕਿਉਂ ਤੁਹਾਡੇ ਕਈ 'ਬ੍ਰਾਹਮਣ' ਪੈਰ-ਪੈਰ 'ਤੇ ਗੁਰੂ-ਘਰ ਨਾਲ ਧਰੋਹ ਕਮਾਉਂਦੇ ਰਹੇ ਤੇ ਕਿਉਂ ਹਿੰਦੂ ਪਹਾੜੀ ਰਾਜੇ ਵਾਰ-ਵਾਰ ਗੁਰੂ ਸਾਹਿਬ 'ਤੇ ਹਮਲੇ ਕਰਦੇ ਰਹੇ? ਇਸ ਦਾ ਜਵਾਬ ਆਰ.ਐਸ.ਐਸ. ਦੇ ਚੌਧਰੀ ਨਹੀਂ ਦੇ ਸਕਣਗੇ। ਇਸ ਲਈ ਜਵਾਬ ਅਸੀਂ ਦਿੰਦੇ ਹਾਂ ਕਿ ਬੇਸ਼ੱਕ ਗੁਰੂ ਸਾਹਿਬ ਦੀ ਵਿਚਾਰਧਾਰਾ ਸਾਰੀ ਮਨੁੱਖਤਾ ਲਈ ਸਾਂਝੀ ਸੀ, ਪਰ ਗੁਰੂ ਸਾਹਿਬ ਨੂੰ 'ਆਪਣੇ' ਕਹਿਣ ਦਾ ਹੱਕ ਕੇਵਲ ਉਨ੍ਹਾਂ ਨੂੰ ਹੀ ਹੈ, ਜਿਨ੍ਹਾਂ ਨੇ ਉਨ੍ਹਾਂ ਦੀ ਵਿਚਾਰਧਾਰਾ ਨੂੰ ਪ੍ਰਵਾਨ ਕਰਕੇ ਅਪਣਾ ਲਿਆ। ਗੁਰੂ ਸਾਹਿਬ ਦੀ ਵਿਚਾਰਧਾਰਾ ਨੂੰ ਆਪਣੀ ਚੌਧਰ ਲਈ ਖਤਰਾ ਮੰਨ ਕੇ ਉਨ੍ਹਾਂ 'ਤੇ ਹਮਲੇ ਕਰਨ ਵਾਲੀਆਂ ਤਾਕਤਾਂ ਭਾਵੇਂ ਉਹ ਔਰੰਗਜ਼ੇਬ ਹੋਵੇ ਜਾਂ ਪਹਾੜੀ ਰਾਜੇ, ਉਹ ਤੇ ਉਨ੍ਹਾਂ ਦੇ ਪੈਰੋਕਾਰ ਗੁਰੂ ਸਾਹਿਬ ਨੂੰ 'ਆਪਣਾ' ਕਹਿਣ ਦਾ ਵੀ ਕੋਈ ਹੱਕ ਨਹੀਂ ਰੱਖਦੇ। ਫਿਰ ਭਲਾ ਪਹਾੜੀ ਰਾਜੇ ਜਿਹੜੇ ਬ੍ਰਾਹਮਣੀ ਵਿਚਾਰਧਾਰਾ ਨੂੰ ਬਚਾਉਣ ਲਈ ਗੁਰੂ ਸਾਹਿਬ 'ਤੇ ਹਮਲਾ ਕਰਦੇ ਰਹੇ ਹਨ, ਉਸੇ ਹੀ ਬ੍ਰਾਹਮਣੀ ਵਿਚਾਰਧਾਰਾ ਦੀ ਪਹਿਰੇਦਾਰ ਆਰ.ਐਸ.ਐਸ. ਕਿਸ ਮੂੰਹ ਨਾਲ ਗੁਰੂ ਸਾਹਿਬ ਨੂੰ 'ਆਪਣਾ' ਕਹਿਣ ਦੇ ਨੰਗਾ ਚਿੱਟਾ ਝੂਠ ਬੋਲ ਕੇ ਸਿੱਖਾਂ ਦੇ ਅੰਦਰੂਨੀ ਮਸਲਿਆਂ ਬਾਰੇ ਫਤਵੇ ਜਾਰੀ ਕਰ ਰਹੇ ਹਨ? ਦਰਅਸਲ ਸਿੱਧੇ ਹਮਲੇ ਕਰਕੇ ਸਿੱਖ ਵਿਚਾਰਧਾਰਾ ਨੂੰ ਖਤਮ ਕਰਨ ਵਿਚ ਅਸਫਲ ਰਹਿਣ ਪਿਛੋਂ ਬ੍ਰਾਹਮਣਵਾਦ ਦੇ ਪੈਰੋਕਾਰਾਂ ਨੇ ਗੁਰੂ ਸਾਹਿਬਾਨ ਨੂੰ ਤੇ ਸਿੱਖਾਂ ਨੂੰ ਆਪਣੇ ਕਹਿ ਕੇ ਗਲਵਕੜੀ 'ਚ ਲੈ ਕੇ ਗਲਾ ਘੁੱਟਣ ਦੀ ਨੀਤੀ ਅਪਣਾ ਲਈ ਹੈ ਤੇ ਆਰ.ਐਸ.ਐਸ. ਇਸੇ ਹੀ ਨੀਤੀ ਨੂੰ ਅੱਗੇ ਵਧਾ ਰਹੀ ਹੈ। ਜਦੋਂ ਵੀ ਉਨ੍ਹਾਂ ਨੂੰ ਸਿੱਖ ਇਸ ਮਾਰੂ ਗਲਵਕੜੀ 'ਚੋਂ ਬਾਹਰ ਨਿਕਲਦੇ ਨਜ਼ਰ ਆਉਂਦੇ ਹਨ ਤਾਂ ਉਹ ਹਾਲ-ਦੁਹਾਈ ਪਾ ਦਿੰਦੇ ਹਨ।

ਹੁਣ ਨਾਨਕਸ਼ਾਹੀ ਕੈਲੰਡਰ ਦੇ ਜਾਰੀ ਹੋਣ ਨਾਲ ਆਰ.ਐਸ.ਐਸ ਦੀ ਹਾਲ ਦੁਹਾਈ ਨਿਕਲੀ ਤਾਂ ਇਕ 'ਡਾਡ' ਵਾਂਗ ਹੈ ਪਰ ਉਸ ਦੀ ਸੁਰ ਬੜੀ ਅਜੀਬੋ-ਗਰੀਬ ਹੈ, ਅਖੇ ਅਸੀਂ ਨਾਨਕਸ਼ਾਹੀ ਕੈਲੰਡਰ ਦਾ ਵਿਰੋਧ ਕਰਦੇ ਹਾਂ। ਇਉਂ ਜਾਪਦਾ ਹੈ ਕਿ ਭੂਤਰੀ ਹੋਈ ਇਹ ਫ਼ਿਰਕੂ ਬ੍ਰਾਹਮਣੀ ਮਾਨਸਿਕਤਾ ਭਾਰਤ ਅੰਦਰ ਰਹਿੰਦੀਆਂ ਸਮੂਹ ਕੌਮਾਂ ਦੇ ਭਵਿੱਖ ਦਾ ਫੈਸਲਾ ਕਰਨ ਵਾਲੀ ਸੁਪਰੀਮ ਤਾਕਤ ਹੋਣ ਦਾ ਭਰਮ ਪਾਲ ਬੈਠੀ ਹੈ।

# ਸਿੱਖਾਂ ਨੂੰ ਵੱਖਰੇ ਕੈਲੰਡਰ ਦੀ ਲੋੜ ਕਿਉਂ ?

ਪੁਰਾਤਨ ਸਮੇਂ ਵਿਚ ਮਨੁੱਖ ਨੂੰ ਚੰਦਰਮਾਂ ਦੇ ਵਧਣ ਅਤੇ ਘਟਣ ਨਾਲ ਮੱਸਿਆ ਦੀ ਬਾਰੰਬਾਰਤਾ ਤਕ ਅਤੇ ਪੂਰਨਮਾਸ਼ੀ ਤੋਂ ਮੱਸਿਆ ਦੀ ਬਾਰੰਬਾਰਤਾ ਨੇ ਕੁਦਰਤ ਵਿਚ ਇਕ ਐਸੀ ਮੁੜ ਵਾਪਰਨ ਵਾਲੀ ਘਟਨਾ ਦਾ ਅਹਿਸਾਸ ਕਰਾਇਆ ਜਿਸ ਨੇ ਜੰਤਰੀ ਦਾ ਆਧਾਰ ਬੰਨ੍ਹਿਆ। ਉਹ ਸਮੇਂ ਸਮਝਿਆ ਜਾਂਦਾ ਸੀ ਕਿ ਧਰਤੀ ਸਥਿਰ ਹੈ ਅਤੇ ਸੂਰਜ ਅਤੇ ਚੰਦਰਮਾਂ ਇਸ ਦੀ ਪ੍ਰਕਰਮਾ ਕਰਦੇ ਹਨ। ਜਿਤਨੇ ਸਮੇਂ ਵਿਚ ਚੰਦਰਮਾਂ ਧਰਤੀ ਦੀ ਪੂਰੀ ਪ੍ਰਕਰਮਾ ਕਰਦਾ ਸੀ ਉਸ ਨੂੰ ਸਾਲ (ਚੰਦਰ ਸਾਲ) ਮੰਨਿਆ ਜਾਂਦਾ ਸੀ। ਧਾਰਮਿਕ ਮਹੱਤਤਾ ਦੇ ਦਿਹਾੜੇ ਚੰਦਰ ਸਾਲ ਦੀਆਂ ਥਿੱਤਾਂ (ਤਾਰੀਖਾਂ) ਅਨੁਸਾਰ ਮਨਾਏ ਜਾਣ ਲੱਗੇ। ਪਰ ਹਰ ਕੌਮ ਦਾ ਆਪਣਾ ਕੈਲੰਡਰ ਹੈ। ਈਸਾਈਆਂ ਦਾ ਈਸਵੀ ਕੈਲੰਡਰ, ਮੁਸਲਮਾਨਾਂ ਦਾ ਹਿਜ਼ਰੀ, ਹਿੰਦੂਆਂ ਦਾ ਬਿਕ੍ਰਮੀ, ਸ਼ਾਕਾ ਆਦਿ।

ਪਰ ਸਿੱਖਾਂ ਦਾ ਅੱਜ ਤਕ ਆਪਣਾ ਕੋਈ ਕੈਲੰਡਰ ਨਹੀਂ ਹੈ। ਕੇਵਲ "ਸੰਮਤ" ਨਾਨਕਸ਼ਾਹੀ ਗੁਰੂ ਨਾਨਕ ਸਾਹਿਬ ਦੇ ਅਵਤਾਰ ਪੁਰਬ ਤੋਂ ਗਿਣਨਾ ਸ਼ੁਰੂ ਕੀਤਾ ਹੈ। ਚੰਦਰ ਸਾਲ ਦਾ ਕੈਲੰਡਰ ਮੌਸਮਾਂ ਵਿਚ ਸਥਿਰ ਨਹੀਂ ਸੀ। ਜਦੋਂ ਮਨੁੱਖ ਨੂੰ ਗਿਆਨ ਹੋਇਆ ਕਿ ਧਰਤੀ ਸੂਰਜ ਦੀ ਪ੍ਰਕਰਮਾ ਕਰਦੀ ਹੈ ਤਾਂ ਇਸ ਆਧਾਰ 'ਤੇ ਸੂਰਜੀ ਕੈਲੰਡਰ ਹੋਂਦ ਵਿਚ ਆਇਆ। ਸੂਰਜੀ ਕੈਲੰਡਰ ਲਾਗੂ ਕਰਨ ਦੀ ਪਹਿਲ ਰੋਮ ਵਿਚ ਜੂਲੀਅਸ ਸੀਜ਼ਰ ਨੇ ਕੀਤੀ ਸੀ। ਪਰ ਉਸ ਸੂਰਜੀ ਕੈਲੰਡਰ ਦੀ ਲੰਬਾਈ ਮੌਸਮੀ ਸਾਲ ਨਾਲ ਮੇਲ ਨਹੀਂ ਸੀ ਖਾਂਦੀ ਅਤੇ 128 ਸਾਲ ਬਾਅਦ ਮੌਸਮੀ ਸਾਲ ਨਾਲੋਂ ਇੱਕ ਦਿਨ ਦਾ ਫਰਕ ਪੈ ਜਾਂਦਾ ਸੀ। ਇਸ ਕੈਲੰਡਰ ਦੀ ਸੋਧ 1582 ਈ: ਵਿਚ ਪੋਪ ਗਰੈਗੋਰੀ ਨੇ ਕੀਤੀ। "ਬਾਈਬਲ" ਅਨੁਸਾਰ ਧਰਤੀ ਕਾਇਨਾਤ ਦਾ ਧੁਰਾ ਹੈ। ਪਰ ਇਸ ਦੇ ਬਾਵਜੂਦ ਈਸਾਈ ਮੱਤ ਦੀ ਸਰਵ-ਉੱਚ ਧਾਰਮਿਕ ਹਸਤੀ ਪੋਪ ਵੱਲੋਂ ਮੰਨ ਲੈਣਾ ਕਿ ਧਰਤੀ ਕਾਇਨਾਤ ਦਾ ਕੇਂਦਰ ਨਹੀ ਅਤੇ ਧਰਤੀ ਸੂਰਜ ਦੀ ਪ੍ਰਕਰਮਾ ਕਰਦੀ ਹੈ ਅਤੇ ਇਸ ਆਧਾਰ ਉਪਰ ਜੰਤਰੀ ਵਿੱਚ ਸੋਧ ਕਰਨਾ ਬੜਾ ਦਲੇਰੀ ਵਾਲਾ ਕਦਮ ਸੀ। ਸੋਧ ਵੀ ਬੜੀ ਕ੍ਰਾਂਤੀਕਾਰੀ ਸੀ। ਇੱਕੋ ਦਿਨ ਦਸ ਦਿਨਾਂ ਦਾ ਫਰਕ ਕੱਢ ਦਿੱਤਾ ਗਿਆ। ਮਤਲਬ 3 ਸਤੰਬਰ ਤੋਂ ਬਾਅਦ ਅਗਲਾ ਦਿਨ 4 ਸਤੰਬਰ ਨਹੀਂ 13 ਸਤੰਬਰ ਸੀ। ਇਸ ਸੋਧ ਨਾਲ ਕ੍ਰਿਸਮਸ ਦੀ ਤਾਰੀਖ਼ ਵੀ 25 ਦਸੰਬਰ ਸਥਿਰ ਕਰ ਦਿੱਤੀ ਗਈ। ਪੋਪ ਗਰੈਗੋਰੀ ਨੇ ਮੌਸਮੀ ਸਾਲ ਦੀ ਸ਼ੁੱਧ ਲੰਬਾਈ ਅਨੁਸਾਰ ਕੈਲੰਡਰ ਰੱਖਣ ਦੇ ਨਿਯਮ ਵੀ ਸਥਾਪਤ ਕਰ ਦਿੱਤੇ। ਅੱਜਕਲ ਜੋ ਸਾਂਝਾ ਸੰਨ ਚਲ ਰਿਹਾ ਹੈ, ਉਹ ਵੀ ਪੋਪ ਗਰੈਗੋਰੀ ਦੇ ਸੋਧੇ ਕੈਲੰਡਰ ਅਨੁਸਾਰ ਹੈ।

1957 ਈ: ਭਾਰਤ ਸਰਕਾਰ ਨੇ ਜੋ ਸਾਕਾ ਕੈਲੰਡਰ ਲਾਗੂ ਕੀਤਾ ਹੈ, ਉਸ ਨੂੰ ਸੋਧ ਕੇ

ਬਿਕ੍ਰਮੀ ਕੈਲੰਡਰ ਤੋਂ ਵੱਖਰਾ ਅਤੇ ਮੌਸਮੀ ਸਾਲ ਦੇ ਬਰਾਬਰ ਕਰ ਦਿੱਤਾ ਹੈ। ਲਿਖਣ ਤੋਂ ਭਾਵ ਕਿ ਕੈਲੰਡਰ (ਜੰਤਰੀ) ਮਨੁੱਖ ਨੇ ਆਪਣੀ ਸਹੂਲਤ ਵਾਸਤੇ ਬਣਾਇਆ ਹੈ ਅਤੇ ਬਦਲਦੀ ਲੋੜ ਅਨੁਸਾਰ ਇਸ ਦੀਆਂ ਖਾਮੀਆਂ ਵਿੱਚ ਸੋਧ ਹੋ ਸਕਦੀ ਹੈ। ਇਸ ਵਿੱਚ ਕਿਸੇ ਧਾਰਮਿਕ ਮਰਯਾਦਾ ਦਾ ਸਬੰਧ ਨਹੀਂ ਹੈ। ਕੈਲੰਡਰ ਦੀਆਂ ਊਣਤਾਈਆਂ ਤੋਂ ਅੱਖਾਂ ਮੀਟ ਲੈਣੀਆਂ ਅਤੇ ਥਿੱਤਾਂ-ਵਾਰਾਂ ਦੇ ਗੇੜ ਵਿੱਚ ਪਏ ਰਹਿਣਾ ਗੁਰਮਤਿ ਫਲਸਫੇ ਦੇ ਐਨ ਉਲਟ ਹੈ:

*ਆਪੇ ਪੂਰਾ ਕਰੇ ਸੁ ਹੋਇ॥ ਏਹਿ ਥਿਤੀ ਵਾਰ ਦੂਜਾ ਦੋਇ॥*

*ਸਤਿਗੁਰ ਬਾਝਹੁ ਅੰਧੁ ਗੁਬਾਰੁ॥ ਥਿਤੀ ਵਾਰ ਸੇਵਹਿ ਮੁਗਧ ਗਵਾਰ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੪੩)

ਪੁਰਾਤਨ ਸਮੇਂ ਵਿੱਚ ਬਿਕਰਮੀ ਜੰਤਰੀ ਪ੍ਰਚਲੱਤ ਸੀ। ਨਾਨਕਸ਼ਾਹੀ ਜੰਤਰੀ ਨੇ ਕੇਵਲ ਸੰਮਤ ਆਪਣਾ ਜੋੜ ਦਿੱਤਾ। ਬਾਕੀ ਨਾਨਕਸ਼ਾਹੀ ਕੈਲੰਡਰ ਪੁਰਾਤਨ ਬਿਕ੍ਰਮੀ ਕੈਲੰਡਰ ਦੀ ਹੂ-ਬ-ਹੂ ਨਕਲ ਹੈ। ਬਿਕ੍ਰਮੀ ਜੰਤਰੀ ਵਿੱਚ ਕਈ ਖਾਮੀਆਂ ਹਨ। ਸਭ ਤੋਂ ਵੱਡੀ ਖਾਮੀ ਇਹ ਹੈ ਕਿ ਬਿਕ੍ਰਮੀ ਸਾਲ ਮੌਸਮੀ ਸਾਲ ਨਾਲੋਂ 20 ਮਿੰਟ ਵੱਡਾ ਹੈ। ਤਕਰੀਬਨ 70-71 ਸਾਲ ਬਾਅਦ ਬਿਕ੍ਰਮੀ ਸਾਲ ਅਤੇ ਮੌਸਮੀ ਸਾਲ ਵਿਚ 1 ਦਿਨ ਦਾ ਫਰਕ ਪੈ ਜਾਂਦਾ ਹੈ। ਮਿਸਾਲ ਦੇ ਤੌਰ ਤੇ ਬਿਕ੍ਰਮੀ ਸੰਮਤ 1957 ਦੀ ਵਿਸਾਖੀ 13-14 ਮਾਰਚ ਦੀ ਸੀ ਅਤੇ ਬਿਕ੍ਰਮੀ ਸੰਮਤ 2056 (ਸਾਂਝਾ ਸੰਨ 1999) ਦੀ ਵਿਸਾਖੀ 14 ਅਪ੍ਰੈਲ ਦੀ ਸੀ। ਜੇ ਕੈਲੰਡਰ ਵਿਚ ਸੋਧ ਨਾ ਕੀਤੀ ਗਈ ਤਾਂ 1100 ਸਾਲ ਬਾਅਦ ਵਿਸਾਖੀ ਮਈ ਦੇ ਮਹੀਨੇ ਵਿਚ ਆਵੇਗੀ। ਕੁਝ ਸਦੀਆਂ (13000 ਸਾਲ) ਬਾਅਦ ਵਿਸਾਖੀ ਅਕਤੂਬਰ ਤੇ ਅੱਧ ਵਿਚ ਆਵੇਗੀ। ਜਦੋਂ ਗੁਰਬਾਣੀ ਵਿਚ ਵੈਸਾਖ ਦੀ ਵਿਆਖਿਆ "ਵੈਸਾਖੁ ਭਲਾ ਸਾਖਾ ਵੇਸ ਕਰੇ" ਹੋਵੇਗੀ ਤਾਂ ਕੁਦਰਤੀ (ਮੌਸਮੀ) ਸਾਲ ਪੱਤਝੜ ਦਾ ਹੋਵੇਗਾ। ਗੁਰਬਾਣੀ ਸੱਤ ਤੇ ਅਟੱਲ ਹੈ। ਮਨੁੱਖ ਦੀ ਕੁਦਰਤ ਨੂੰ ਸਮਝਣ ਦੇ ਹਿਸਾਬ-ਕਿਤਾਬ ਵਿੱਚ ਗਲਤੀ ਹੋ ਸਕਦੀ ਹੈ ਪਰ ਸਿਰਜਣਹਾਰ ਕੋਲੋਂ ਨਹੀਂ। ਸੋਧ ਕੈਲੰਡਰ ਜੰਤਰੀਆਂ ਦੀ ਹੋ ਸਕਦੀ ਹੈ ਗੁਰਬਾਣੀ ਦੀ ਨਹੀਂ। ਇਸ ਲਈ ਗੁਰਬਾਣੀ ਦੀ ਰੌਸ਼ਨੀ ਵਿੱਚ ਨਵੀਂ ਨਾਨਕਸ਼ਾਹੀ ਜੰਤਰੀ ਤਿਆਰ ਕੀਤੀ ਗਈ ਹੈ। ਧਰਤੀ ਲਈ ਸੂਰਜ ਸਥਿਰ ਹੈ ਜੋ ਰੌਸ਼ਨੀ ਦਿੰਦਾ ਹੈ।

*ਸਸਿ ਘਰਿ ਸੂਰੁ ਵਸੈ ਮਿਟੈ ਅੰਧਿਆਰਾ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੪੩)

*.....ਸਸਿ ਘਰਿ ਸੂਰੁ ਸਮਾਇਦਾ॥ ੬॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੩੩)

ਨਾਨਕਸ਼ਾਹੀ ਜੰਤਰੀ ਦੀ ਸੋਧ ਇਸ ਆਧਾਰ 'ਤੇ ਕੀਤੀ ਗਈ ਹੈ ਅਤੇ ਸਾਲ ਦੀ ਲੰਬਾਈ ਅਕਾਲ ਪੁਰਖ ਵੱਲੋਂ ਬਣਾਏ ਮੌਸਮੀ ਸਾਲ ਦੇ ਬਰਾਬਰ ਰੱਖੀ ਹੈ।

*"ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੬)

ਗੁਰਬਾਣੀ ਦੇ ਇਸ ਵਾਕ ਨੂੰ ਵਿਸਾਰ ਕੇ ਸਿੱਖ ਮੱਸਿਆ ਅਤੇ ਪੂਰਨਮਾਸ਼ੀ ਨੂੰ ਜ਼ਿਆਦਾ

ਮਹੱਤਤਾ ਦੇਣ ਲੱਗ ਪਏ ਹਨ। ਇਸ ਦਾ ਸਭ ਤੋਂ ਵੱਡਾ ਕਾਰਨ ਹੈ ਕਿ ਹੁਣ ਤਕ ਸਿੱਖ ਪੰਥ ਸੁਦੀ ਵਦੀ ਦੀਆਂ ਥਿੱਤਾਂ ਅਨੁਸਾਰ ਗੁਰਪੁਰਬ ਮਨਾਉਂਦਾ ਆ ਰਿਹਾ ਹੈ। ਥਿੱਤਾਂ ਦੇ ਬੇਢੁਕੇਪਨ ਦੇ ਕਾਰਨ ਗੁਰਪੁਰਬਾਂ ਦੀਆਂ ਤਾਰੀਖ਼ਾਂ ਯਾਦ ਰੱਖਣੀਆਂ ਬਹੁਤ ਔਖੀਆਂ ਹਨ। ਨਤੀਜਾ ਇਹ ਨਿਕਲਿਆ ਕਿ ਸਿੱਖ ਗੁਰਪੁਰਬਾਂ ਦਾ ਪ੍ਰੇਮੀ ਹੋਣ ਦੇ ਬਜਾਏ ਮੌਸਿਆ, ਸੰਗਰਾਂਦ ਦਾ ਸ਼ਰਧਾਲੂ ਬਣ ਰਿਹਾ ਹੈ। ਅਚਿੰਤ ਹੀ ਫਿਰ ਉਸ ਥਿੱਤਾਂ ਦੇ ਭਰਮ-ਜਾਲ ਵਿੱਚ ਫਸ ਰਿਹਾ ਹੈ ਜਿਸ ਪ੍ਰਤੀ ਗੁਰੂ ਨਾਨਕ ਸਾਹਿਬ ਦੀ ਬਾਣੀ ਹੈ:

ਏਕਾਦਸੀ ਇਕੁ ਰਿਦੈ ਵਸਾਵੈ॥
ਹਿੰਸਾ ਮਮਤਾ ਮੋਹੁ ਚੁਕਾਵੈ॥
ਫਲੁ ਪਾਵੈ ਬ੍ਰਤੁ ਆਤਮ ਚੀਨੈ॥
ਪਾਖੰਡਿ ਰਾਚਿ ਤਤੁ ਨਹੀ ਬੀਨੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੪੦)

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ:

'ਪੰਦ੍ਰਹ ਥਿਤੀ ਤੈ ਸਤ ਵਾਰ॥
ਮਾਹਾ ਰੁਤੀ ਆਵਹਿ ਵਾਰ ਵਾਰ॥

(ਪੰਨਾ ੮੪੨)

ਬੱਝਵੀਂ ਰੁੱਤ ਅਤੇ ਬੱਝਵੀਂ ਥਿੱਤ ਸੂਰਜ ਅਨੁਸਾਰ ਹੀ ਹੋ ਸਕਦੀ ਹੈ। ''ਸੂਰਜੁ ਏਕੋ ਰੁਤਿ ਅਨੇਕ॥'' ਚੰਦਰ-ਥਿੱਤਾਂ ਅਨੁਸਾਰ ਸਿੱਖ ਪੰਥ ਗੁਰਪੁਰਬ ਅਸਲੀ ਦਿਨ ਤੋਂ ਦਸ ਬਾਰਾਂ ਦਿਨ ਅੱਗੇ ਜਾਂ ਪਿੱਛੇ ਮਨਾਉਂਦਾ ਹੈ। ਕਈ ਵਾਰ ਗੁਰਪੁਰਬ ਸਾਲ ਵਿਚ ਦੋ ਵਾਰੀ ਆ ਜਾਂਦੇ ਹਨ ਅਤੇ ਕਿਸੇ ਸਾਲ ਵਿੱਚ ਇਕ ਵਾਰ ਵੀ ਨਹੀਂ। ਮਿਸਾਲ ਦੇ ਤੌਰ 'ਤੇ ਪੁਰਾਣੀ ਜੰਤਰੀ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ 25 ਦਸੰਬਰ 1998 ਨੂੰ ਆਇਆ ਸੀ, ਪਰ 1999 ਵਿਚ ਜਦੋਂ ਕੌਮ ਖ਼ਾਲਸਾ ਪੰਥ ਸਾਜਣਾ ਦੀ ਤ੍ਰੈਸ਼ਤਾਬਦੀ ਮਨਾ ਰਹੀ ਹੈ, ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਗੁਰਪੁਰਬ ਹੀ ਨਹੀਂ ਹੈ। ਬਿਕ੍ਰਮੀ ਜੰਤਰੀ ਦੇ ਕਿਸੇ ਸਾਲ ਵਿੱਚ 354 ਦਿਨ ਹੁੰਦੇ ਹਨ ਅਤੇ ਕਿਸੇ ਸਾਲ ਵਿੱਚ 385 ਦਿਨ। ਪ੍ਰੰਤੂ ਧਰਤੀ ਦੀ ਸੂਰਜ ਦੁਆਲੇ ਪ੍ਰਕਰਮਾ ਕਰਨ ਦੀ ਰਫ਼ਤਾਰ ਇੱਕ ਹੀ ਹੈ। ਇਸ ਲਈ ਸਾਲ ਦੇ ਦਿਨ ਵੀ ਇਕੋ ਜਿਹੇ ਹੋਣੇ ਚਾਹੀਦੇ ਹਨ। ਇਸ ਕਿਸਮ ਦੀਆਂ ਊਣਤਾਈਆਂ ਖਤਮ ਕਰਨ ਲਈ ਨਵੇਂ ਨਾਨਕਸ਼ਾਹੀ ਕੈਲੰਡਰ ਵਿੱਚ ਇਤਿਹਾਸਕ ਪ੍ਰਵਿਸ਼ਟੇ (ਤਾਰੀਖ਼ਾਂ) ਸੋਧੇ ਨਾਨਕਸ਼ਾਹੀ ਸੰਮਤ ਦੇ ਪ੍ਰਵਿਸ਼ਟੇ ਮੰਨ ਕੇ ਅੱਜ ਦੇ ਪ੍ਰਚਲੱਤ ਸਾਂਝੇ ਸੰਨ ਦੀਆਂ ਤਾਰੀਖ਼ਾਂ ਵਿੱਚ ਬਦਲ ਦਿੱਤੇ ਗਏ ਹਨ। ਇਨ੍ਹਾਂ ਤਾਰੀਖ਼ਾਂ ਨੂੰ ਨਾਨਕਸ਼ਾਹੀ ਜੰਤਰੀ ਵਿਚ ਲਿਖ ਦਿੱਤਾ ਗਿਆ ਹੈ। ਮਿਸਾਲ ਦੇ ਤੌਰ 'ਤੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਵਸ ਚੰਦਰ ਤਾਰੀਖ ਅਨੁਸਾਰ ਪੋਹ ਸੁਦੀ ਸਤਵੀਂ 1723 ਬਿ: ਦਾ ਹੈ ਜੋ ਉਸ ਦਿਨ ਸੂਰਜੀ ਤਾਰੀਖ ਅਨੁਸਾਰ 23 ਪੋਹ 1723 ਬਿ: ਸੀ। ਨਾਨਕਸ਼ਾਹੀ ਜੰਤਰੀ ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਸੂਰਜੀ

ਤਾਰੀਖ ਵਾਲਾ 23 ਪੋਹ ਹੀ ਹੈ। ਸੋਧੇ ਨਾਨਕਸ਼ਾਹੀ ਕੈਲੰਡਰ ਵਿੱਚ 23 ਪੋਹ ਸਦਾ 5 ਜਨਵਰੀ ਨੂੰ ਹੋਵੇਗਾ। ਇਸੇ ਤਰ੍ਹਾਂ ਹਰ ਗੁਰਪੁਰਬ ਦੀ ਸ਼ੁੱਧ ਤਾਰੀਖ ਦਾ ਆਧਾਰ ਥਿੱਤ (ਚੰਦਰ ਤਾਰੀਖ਼) ਦੀ ਥਾਂ ਉਸੇ ਥਿੱਤ ਵਾਲੇ ਦਿਨ ਜੋ ਪ੍ਰਵਿਸ਼ਟੇ (ਸੂਰਜੀ ਤਾਰੀਖ਼) ਸੀ, ਉਸ ਨੂੰ ਮੁੱਖ ਰੱਖਿਆ ਹੈ, ਅਤੇ ਨਾਨਕਸ਼ਾਹੀ ਕੈਲੰਡਰ ਦੇ ਦੇਸੀ ਮਹੀਨੇ ਅਨੁਸਾਰ ਇਸ ਜੰਤਰੀ ਵਿੱਚ ਦਰਜ ਕੀਤਾ ਹੈ। ਕੁਝ ਸੱਜਣਾਂ ਨੇ ਸੁਝਾਅ ਦਿੱਤਾ ਹੈ ਕਿ ਜੰਤਰੀ ਦਾ ਪਹਿਲਾ ਮਹੀਨਾ ਵੈਸਾਖ ਰੱਖਿਆ ਜਾਵੇ। ਗੁਰਬਾਣੀ ਵਿੱਚ ਦੋ ਬਾਰਹ ਮਾਹ ਹਨ ਅਤੇ ਦੋਵੇਂ ਚੇਤ ਮਹੀਨੇ ਤੋਂ ਸ਼ੁਰੂ ਹੁੰਦੇ ਹਨ ਇਸ ਲਈ ਜੰਤਰੀ ਦਾ ਪਹਿਲਾ ਮਹੀਨਾ ਚੇਤ ਰੱਖਿਆ ਗਿਆ ਹੈ। ਇਹ ਜ਼ਰੂਰੀ ਨਹੀਂ ਹੁੰਦਾ ਕਿ ਜੰਤਰੀ ਜਿਸ ਦੇ ਨਾਂਅ ਦੀ ਸ਼ੁਰੂ ਕੀਤੀ ਜਾਵੇ ਉਸੇ ਦੇ ਪ੍ਰਗਟ ਹੋਣ ਦੇ ਦਿਹਾੜੇ ਤੋਂ ਹੀ ਆਰੰਭੀ ਜਾਵੇ। ਇਸ ਦੀ ਮਿਸਾਲ ਈਸਾਈ ਜੰਤਰੀ ਹੈ। ਹਜ਼ਰਤ ਈਸਾ ਦਾ ਜਨਮ ਬਾਰ੍ਹਵੇਂ ਮਹੀਨੇ ਦਸੰਬਰ ਦਾ ਹੈ ਅਤੇ ਜੰਤਰੀ ਦਾ ਪਹਿਲਾ ਮਹੀਨਾ ਜਨਵਰੀ ਹੈ।

ਨਾਨਕਸ਼ਾਹੀ ਜੰਤਰੀ ਅਤੇ ਸਾਂਝੇ ਸੰਨ ਵਿੱਚ ਗੁਰਪੁਰਬਾਂ ਦੀਆਂ ਤਾਰੀਖਾਂ ਸਥਿਰ ਹੋਣ ਨਾਲ ਦੁਨੀਆਂ ਦੇ ਜਿਹੜੇ ਮਰਜ਼ੀ ਕੋਨੇ ਵਿੱਚ ਸਿੱਖ ਹੋਵੇ, ਉਸ ਲਈ ਗੁਰਪੁਰਬ ਮਨਾਉਣ ਵਿੱਚ ਸਹੂਲਤ ਹੋਵੇਗੀ। ਆਮ ਸਿੱਖ ਸੰਗਤ ਲਈ ਅਤੇ ਖਾਸ ਕਰਕੇ ਬੱਚਿਆਂ ਨੂੰ ਗੁਰਪੁਰਬਾਂ ਦੀਆਂ ਤਾਰੀਖਾਂ ਕੰਠ ਕਰਵਾਉਣਾ ਸੌਖਾ ਹੋ ਜਾਵੇਗਾ।

ਨਵੇਂ ਬਣੇ ਕੈਲੰਡਰ ਨਾਲ ਪੁਰਾਣੀਆਂ ਬਣੀਆਂ ਰਵਾਇਤਾਂ ਨੂੰ ਕੁਝ ਠੇਸ ਜ਼ਰੂਰ ਲੱਗੇਗੀ। ਪਰ ਗੁਰਬਾਣੀ ਤੋਂ ਸੇਧ ਲੈ ਕੇ ਹੀ ਅਕਾਲ ਪੁਰਖ ਦੇ ਬਣਾਏ ਸਾਲ ਅਨੁਸਾਰ ਆਪਣਾ ਕੈਲੰਡਰ ਲਾਗੂ ਕਰਨਾ ਇਕ ਉਸਾਰੂ ਕਦਮ ਹੈ। ਗੁਰਮਤਿ ਵਹਿਮਾਂ-ਭਰਮਾਂ 'ਚੋਂ ਨਿਕਲ ਕੇ ਸੋਚ-ਵਿਚਾਰ ਕਰਨ ਦੀ ਪ੍ਰੇਰਣਾ ਹੈ। ਫੁਰਮਾਨ ਹੈ:

*ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ॥*
*ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ॥* (ਪੰਨਾ ੧੨੪੫)

ਸੰਘ ਦੀਆਂ ਕੁਟਲ-ਨੀਤੀਆਂ ਤੋਂ ਪ੍ਰਭਾਵਿਤ ਭੋਲੇ-ਭਾਲੇ ਸਿੱਖ ਵੀਰ ਵੀ ਇਹ ਆਖਦੇ ਹਨ ਕਿ ਗੁਰਬਾਣੀ ਵਿੱਚ ਥਿੱਤਾਂ ਦਾ ਜ਼ਿਕਰ ਹੈ ਇਸ ਕਰਕੇ ਬਿਕ੍ਰਮੀ ਕੈਲੰਡਰ ਹੀ ਸਹੀ ਹੈ ਕਿਉਂਕਿ ਇਸ ਦਾ ਅਧਾਰ ਥਿੱਤਾਂ ਹਨ।

ਗੁਰਬਾਣੀ ਵਿੱਚ ਵਰਤੇ ਗਏ ਸ਼ਬਦਾਂ ਦਾ ਭਾਵ ਹਰ ਜਗ੍ਹਾ ਉਪਰ ਇੱਕ ਨਹੀਂ ਹੈ, ਅਤੇ ਨਾ ਹੀ ਥਿੱਤ ਹਰ ਜਗ੍ਹਾ ਤੇ ਸਮੇਂ ਦੀ ਇਕਾਈ ਵਜੋਂ ਵਰਤਿਆ ਗਿਆ। ਗੁਰਬਾਣੀ ਵਿੱਚ ਕਈ ਮਿਣਤੀ ਦੇ ਪੈਮਾਨਿਆਂ ਦੀ ਗੱਲ ਕੀਤੀ ਹੈ ਜਿਹੜੇ ਕਿ ਹੁਣ ਨਹੀਂ ਵਰਤੇ ਜਾਂਦੇ। ਮਿਸਾਲ ਦੇ ਤੌਰ ਤੇ,

ਮਣ:- ਮਣਤਾਰ, ਜੋ ਤਰਨਾ ਨਾ ਜਾਣੇ (ਕੰਨਾ ਫੜਿ ਮਣਤਾਰੂਆ)

ਮਣ:- ਖੂਹ ਦੇ ਸਿਰ ਦਾ ਬੰਨਾ ਮਣ

ਮਣ:- ਅੰਨ ਦਾ ਢੇਰ (ਹਲੁ ਬੀਚਾਰੁ ਵਿਕਾਰ ਮਣ॥ (ਮਹਲਾ ੧)

ਮਣ:- 40 ਸੇਰ (ਸਹਸ ਮਣਾ ਰੂਈ ਜਲੈ ਚਿਣਗਾਰੀ ਧੁਖੈ॥ (ਭਾਈ ਗੁਰਦਾਸ)

*ਮਣ*:-ਦੋ ਗਿੱਠ (ਸਾਢੇ ਤ੍ਰੈ ਮਣ ਦੇਹੁਰੀ) (ਸ਼ੇਖ ਫਰੀਦ ਜੀ)

*ਮਣ*:- ਰਤਨ, ਜਵਾਹਰ, ਮਾਣਿਕ (ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ॥)

*ਗਜ*- ਗੱਜਣਾ (ਗੁਰਸਬਦੀ ਗੋਬਿੰਦ ਗਜਿਆ)

*ਗਜ*-ਹਾਥੀ (ਗਜ ਕੋ ਤ੍ਰਾਸੁ ਮਿਟਿਓ ਜਿਹ ਸਿਮਰਤ॥

(ਗਉੜੀ ਮ: ੯, ਪੰਨਾ ੨੧੯)

*ਗਜ*- ਕਈ ਜਨਮ ਭਏ ਕੀਟ ਪਤੰਗਾ॥ ਕਈ ਜਨਮ ਗਜ ਮੀਨ ਕੁਰੰਗਾ॥

*ਗਜ*-(ਗਣੇਸ਼) ਕਹੁ ਗੁਰ ਗਜ ਸਿਵ ਸਭੁ ਕੋ ਜਾਨੈ॥

*ਗਜ*- ਮਹਿਖਾਸੁਰ ਦੈਂਤ ਦਾ ਪੁਤਰ।

*ਗਜ*- ਸੁਗ੍ਰੀਵ ਦਾ ਇਕ ਮੰਤਰੀ।

*ਗਜ*-ਅਠਤਾਲੀ ਉਂਗਲ ਦੀ ਮਿਣਤੀ (ਮਨੁ ਮੇਰੋ ਗਜੁ ਜਿਹਬਾ ਮੇਰੀ ਕਾਤੀ॥ )

*ਗਜ*-ਸਰੰਗੀ ਦੀਆਂ ਤਾਰਾਂ ਦੇ ਚਲਾਉਣ ਵਾਲਾ ਗਜ

ਛਣਕੰਤ ਲਗਤ ਗਜ ਫੇਰ-ਫੇਰ॥ (ਗੁ: ਪ੍ਰ: ਸੂ: ਗ੍ਰੰਥ)

*ਗਜ*- ਬੰਦੂਕ ਸਾਫ ਕਰਨ ਦਾ ਯੰਤਰ

*ਗਜ*- ਗਾਜ਼ੀਆਂ ਦੀ ਫ਼ੌਜ

ਉਪਰੋਕਤ ਬਹੁਅਰਥੀ ਸ਼ਬਦਾਂ ਜਿਨ੍ਹਾਂ ਦਾ ਸੰਬੰਧ ਮਿਣਤੀ ਨਾਲ ਹੈ ਦੇ ਵਾਂਗ ਥਿਤਿ ਸ਼ਬਦ ਦਾ ਪ੍ਰਯੋਗ ਵੀ ਗੁਰਬਾਣੀ ਵਿੱਚ ਅਨੇਕਾਂ ਅਰਥਾਂ ਦੇ ਰੂਪਕ ਵਜੋਂ ਕੀਤਾ ਗਿਆ ਹੈ ਜਿਵੇਂ-

*ਥਿਤ*:- ਠਹਿਰਿਆ ਹੋਇਆ, ਅਚਲ

ਢੂੰਡ ਵਜਾਈ ਥੀਆ ਥਿਤਾ॥

(ਵਾਰ ਰਾਮਕਲੀ ੨ ਮ: ੫)

੨. ਥਿਤਿ ਪਾਈ ਚੂਕੇ ਭ੍ਰਮ ਗਵਨ॥

(ਗਉੜੀ ਸੁਖਮਨੀ)

*ਥਿਤ*:- ਸਮੇਂ ਦੀ ਇਕਾਈ

੧ *''ਥਿਤਿ ਵਾਰੁ ਨਾ ਜੋਗੀ ਜਾਣੈ''*

*ਥਿਤੀ ਵਾਰ ਸੇਵਹਿ ਮੁਗਧ ਗਵਾਰ॥*

*ਥਿਤੀ ਵਾਰ ਸਭਿ ਸਬਦਿ ਸੁਹਾਏ*

*ਥਿਤ*: ਥਿਤ ਇਕ ਬਾਣੀ ਦੇ ਰਾਗੁ ਨਾਲ ਸਿਰਲੇਖ ਵੀ ਹੈ।

ਸੰਘ ਦੀ ਬਿਪਰਵਾਦੀ ਨੀਤੀ ਤੋਂ ਪ੍ਰਭਾਵਿਤ ਕਈ ਲੋਕ ਇਹ ਦਲੀਲ ਵੀ ਦਿੰਦੇ ਹਨ

ਨਾਨਕਸ਼ਾਹੀ ਜੰਤਰੀ ਨਾਲ ਹਿੰਦੂਆਂ-ਸਿੱਖਾਂ ਦੀ ਆਪਸੀ ਸਾਂਝ ਟੁੱਟ ਜਾਵੇਗੀ ਅਤੇ ਮਨਾਏ ਜਾਂਦੇ ਸਾਂਝੇ ਤਿਉਹਾਰ (ਦੀਵਾਲੀ-ਬੰਦੀਛੋੜ) ਬਾਰੇ ਵਿਵਾਦ ਖੜਾ ਹੋਵੇਗਾ। ਵਿਚਾਰ ਦੀ ਲੋੜ ਹੈ ਕਿ ਨਾ ਤਾਂ ਹਿੰਦੂ ਧਰਮ ਦੇ ਤਿਉਹਾਰ ਦੀਵਾਲੀ ਨਾਲ ਹਿੰਦੂ ਧਰਮ ਦਾ ਕੋਈ ਤੁਅੱਲਕ ਹੈ ਅਤੇ ਨਾ ਹੀ ਬੰਦੀਛੋੜ ਦਿਵਸ ਦਾ ਸੰਬੰਧ ਦੀਵਾਲੀ ਨਾਲ ਹੈ। ਰਾਮ ਦੇ ਆਗਮਨ ਬਾਰੇ ਇਕ ਹਿੰਦੂ ਵੀਰ ਬਾਲ ਕ੍ਰਿਸ਼ਨ ਵੈਦਾ ਲਿਖਦੇ ਹਨ।

''ਪਤਾ ਨਹੀਂ ਭਗਵਾਨ ਰਾਮ ਦੇ ਬਨਵਾਸ ਪਿਛੋਂ ਆਯੁਧਿਆ ਵਾਪਸੀ ਨਾਲ ਇਸ ਦਾ ਸੰਬੰਧ ਕਦੋਂ ਜੋੜਿਆ ਗਿਆ? ਬਾਲਮੀਕ ਰਮਾਇਣ ਵਿੱਚ ਤਾਂ ਲਿਖਿਆ ਹੈ ਕਿ ਲੰਕਾ ਵਿਜੈ ਤੋਂ ਬਾਅਦ ਭਗਵਾਨ ਰਾਮ ਚੇਤਰ ਦੇ ਮਹੀਨੇ ਵਿਚ ਆਯੁਧਿਆ ਪਹੁੰਚੇ। ਰਾਵਣ ਨੂੰ ਮਾਰਨ ਤੋਂ ਬਾਅਦ ਸ੍ਰੀ ਰਾਮ ਚੰਦਰ ਜੀ ਆਯੁਧਿਆ ਪਰਤੇ ਤਾਂ ਰਸਤੇ ਵਿੱਚ ਰਿਸ਼ੀ ਭਾਰਦਵਾਜ ਦੇ ਆਸ਼ਰਮ ਵਿੱਚ ਰੁਕੇ। ਇਸ ਬਾਬਤ ਮਹਾਰਿਸ਼ੀ ਬਾਲਮੀਕ ਨੇ ਆਪਣੇ ਰਮਾਇਣ ਵਿੱਚ ਲਿਖਿਆ ਹੈ।

पूर्णे चतुर्दशवर्षे पंचम्यां लक्षमणात्मयः
भारद्वाज आश्रमं प्राप्य वन्दे नियतो मुनिम् (१२६)

(रामायण वाल्मीकि जी)

*ਪੂਰਨੇਯ ਚਤੁਰ ਦੇਸ਼ ਵਰਸ਼ੇ ਪੰਚਮਯ ਲਕਸ਼ਨਾਤਮਯ:॥*
*ਭਾਰਦਵਾਜ ਆਸ਼ਰਮ ਪ੍ਰਾਪਯ ਵੰਦੇ ਨੀਯੋਤ ਮੁਨਿਮ ॥ ੧੨੬॥*

(ਰਮਾਇਣ)

ਅਰਥਾਤ ਚੌਦਾਂ ਵਰ੍ਹੇ ਪੂਰੇ ਹੋਣ ਪਿਛੋਂ ਪੰਚਮੀ ਨੂੰ ਭਗਵਾਨ ਰਾਮ ਭਾਰਦਵਾਜ ਆਸ਼ਰਮ ਵਿਖੇ ਪਹੁੰਚੇ। ਇਹ ਪੰਚਮੀ ਹੀ ਚੌਦਾਂ ਵਰ੍ਹਿਆਂ ਦੀ ਆਖਰੀ ਤਾਰੀਖ ਸੀ। ਕਿਉਂਕਿ ਜਦੋਂ ਭਾਰਦਵਾਜ ਮੁਨੀ ਸ੍ਰੀ ਰਾਮ ਨੂੰ ਆਸ਼ਰਮ ਵਿੱਚ ਇਕ ਰਾਤ ਹੋਰ ਠਹਿਰਨ ਦੀ ਬੇਨਤੀ ਕਰਦੇ ਹਨ ਤਾਂ ਸ੍ਰੀ ਰਾਮ ਹਨੂੰਮਾਨ ਜੀ ਨੂੰ ਨਿਸ਼ਾਦ ਰਾਜਗੁਰੂ ਤੇ ਭਰਤ ਨੂੰ ਆਪਣੇ ਆਗਮਨ ਦੀ ਸੂਚਨਾ ਦੇਣ ਨੂੰ ਭੇਜ ਦਿੰਦੇ ਹਨ ਸ੍ਰੀ ਹਨੂੰਮਾਨ ਜੀ ਨਿਸ਼ਾਦਰਾਜ ਨੂੰ ਜਾ ਕੇ ਦਸਦੇ ਹਨ।

पंचमीमद्य रजनीमुषित्वा बचनान्मुनेः (रामायण)

*ਪੰਚਮੀਮਘ ਰਜਨੀ ਮੁਨਿਸ਼ਤਵਾ ਬਚਨਾਨ ਮੁਨੇ:॥*

(ਰਮਾਇਣ)

ਅਰਥਾਤ ਭਾਵੇਂ ਜੋ ਮਰਜੀ ਹੋ ਜਾਵੇ, ਕਲ੍ਹ ਤਾਂ ਸ੍ਰੀ ਰਾਮ ਦੇ ਦਰਸ਼ਨ ਉਨ੍ਹਾਂ ਨੂੰ ਹਰ ਹਾਲਤ ਵਿਚ ਹੋਣਗੇ। ਇਹ ਸਪੱਸ਼ਟ ਹੈ ਕਿ ਸ੍ਰੀ ਰਾਮ ਦੇ ਬਨ੍ਵਾਸ ਜਾਣ ਅਤੇ ਵਾਪਸ ਪਰਤਣ ਦਾ ਮਹੀਨਾ ਚੇਤਰ ਹੀ ਹੈ। ਪਦਮ ਪੁਰਾਣ ਦੇ ਪਾਤਾਲ ਖੰਡ ਅਧਿਆਇ 36 ਵਿਚ ਸ਼ੇਸ਼ ਅਤੇ ਵਾਤਸਯਾਨਨ ਦੀ ਵਾਰਤਾਲਾਪ ਹੈ। ਇਸ ਵਿਚ ਕੁੰਭਕਰਨ, ਮੇਘਨਾਥ, ਰਾਵਣ ਆਦਿ ਦੇ ਮਾਰੇ ਜਾਣ ਦੀਆਂ ਤਿਥੀਆਂ ਦਾ ਜ਼ਿਕਰ ਹੈ। ਉਥੇ ਲਿਖਿਆ ਹੈ ਕਿ ਚੇਤਰ ਸੁਦੀ ਦੁਆਦਸ਼ੀ (ਬਾਰ੍ਹਵੀਂ) ਤੋਂ ਚੇਤਰ ਵਦੀ ਚੌਧਵੀਂ ਤਕ ਅਠਾਰਾਂ ਦਿਨਾਂ ਤੱਕ ਰਾਮ ਤੇ ਰਾਵਣ ਵਿਚਕਾਰ ਯੁੱਧ ਚਲਿਆ। ਇਸ ਯੁੱਧ

ਵਿਚ ਅੰਤਿਮ ਦਿਨ ਅਰਥਾਤ ਚੇਤਰ ਵਦੀ ਚੌਦਵੀ ਨੂੰ ਰਾਵਣ ਮਾਰਿਆ ਗਿਆ।

संस्कारो रावणादीनाम् अमावस्याँ दिने भवत!।। (पदम पुराण)

*ਸੰਸਕਾਰੋ ਰਾਵਨਦੀ ਨਾਮ ਅਮਾਵਸ ਯਾਂ ਦਿਨੇ ਭਵਤ॥*

(ਪਦਮ ਪੁਰਾਣ)

ਅਰਥਾਤ ਚੇਤਰ ਦੀ ਮੌਸਿਆਂ ਨੂੰ ਰਾਵਣ ਦਾ ਅੰਤਿਮ ਸਸਕਾਰ ਹੋਇਆ। ਅਸੀਂ ਵੇਖਦੇ ਹਾਂ ਕਿ ਭਗਵਾਨ ਰਾਮ ਦਾ ਆਜੁਧਿਆ ਆਗਮਨ ਕੱਤਕ ਦੀ ਮੌਸਿਆ ਨੂੰ ਨਹੀਂ ਸਗੋਂ ਚੇਤਰ ਸੁਦੀ ਪੰਚਮੀ ਨੂੰ ਪੁਸ਼ਯ ਨਛੱਤਰ ਵਿਚ ਹੋਇਆ। ਇਸ ਦਾ ਸਿੱਧਾ ਅਰਥਾਤ, ਕਿ ਦੀਵਾਲੀ ਦਾ ਸ੍ਰੀ ਰਾਮ ਦੇ ਆਯੁਧਿਆ ਆਗਮਨ ਨਾਲ ਕੋਈ ਸੰਬੰਧ ਨਹੀਂ।

ਦੱਖਣੀ ਪ੍ਰਣਾਲੀ ਅਨੁਸਾਰ ਸੁਦੀ ਪਹਿਲਾਂ ਆਉਂਦੀ ਹੈ।

ਇਸ ਤਰ੍ਹਾਂ ਹੀ ਗੁਰੂ ਹਰਿਗੋਬਿੰਦ ਸਾਹਿਬ ਦਾ ਅੰਮ੍ਰਿਤਸਰ ਆਗਮਨ ਵੀ ਦਿਵਾਲੀ ਵਾਲੇ ਦਿਨ ਨਹੀਂ ਹੋਇਆ।

ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਅੰਮ੍ਰਿਤਸਰ ਆਗਮਨ ਮਿੱਤੀ ਅਧਾਰਿਤ ਭੱਟ ਵਹੀਆਂ :

"ਗੁਰੂ ਹਰਿਗੋਬਿੰਦ ਸਾਹਿਬ ਜੀ ਮਹਲ ਛਟਾ ਬੇਟਾ ਗੁਰੂ ਅਰਜਨ ਜੀ ਕਾ, ਸੋਢੀ ਖਤਰੀ ਚੱਕ ਗੁਰੂ ਕਾ ਪਰਗਣ ਨਿਜਰਆਲਾ ਸੰਮਤ ਸੋਲ੍ਹਾਂ ਸੈ ਛਿਹਤ੍ਰਾ ਕੱਤਕ ਮਾਸੇ ਕ੍ਰਿਸ਼ਨਾ ਪੱਖੇ ਚੋਦਸ ਕੇ ਦਿਹੁੰ ਗੁਰੂ ਜੀ ਬਾਵਨ ਰਾਜਯੋਂ ਕੇ ਗੈਲ ਗੜ੍ਹ ਗਵਾਲੀਅਰ ਸੇ ਮੁਕਤ ਹੋਏ। ਨਾਇਕ ਹਰੀਰਾਮ ਦਾਰੋਗਾ ਬੇਟਾ ਨਾਇਕ ਹਰਬੰਸ ਲਾਲ ਕਾ ਚੰਦ੍ਰਵੰਸੀ ਜਾਦਵ ਬੜਤੀਆ ਕਨਾਵਤ ਨੇ ਬੰਦੀਛੋੜ ਗੁਰੂ ਹਰਿਗੋਬਿੰਦ ਜੀ ਕੇ ਬੰਧਨ ਮੁਕਤ ਹੋਨੇ ਕੀ ਖੁਸ਼ੀ ਮੇਂ ਦੀਪਮਾਲਾ ਕੀ। ਏਕ ਦਿਵਸ ਨਾਇਕ ਹਰੀਰਾਮ ਕੇ ਗ੍ਰਹਿ ਕੇ ਮੇਂ ਨਿਵਾਸ ਕਰ ਕੇ ਗੁਆਲੀਅਰ ਸੇ ਬਿਦਾਇਗੀ ਲੀ। ਰਾਸਤੇ ਦਾ ਪੰਧ ਮੁਕਾਇ ਆਗਰੇ ਆਇ ਕੇ ਨਿਵਾਸ ਕੀਆ।"

(ਭੱਟ ਵਹੀ ਜਦੋ ਬੰਸੀਆਂ ਬੜਤੀਆਂ ਕੀ)

ਇਸ ਅਨੁਸਾਰ ਈਸਵੀ ਤਾਰੀਕ : 26 ਅਕਤੂਬਰ 1619

ਇਸ ਅਨੁਸਾਰ ਦਿਨ ਐਤਵਾਰ

## *ਅੰਮ੍ਰਿਤਸਰ ਆਗਮਨ :*

"ਗੁਰ ਹਰਿਗੋਬਿੰਦ ਜੀ ਮਹਲ ਛਟਾ ਬੇਟਾ ਗੁਰੂ ਅਰਜਨ ਜੀ ਕਾ ਸੰਮਤ ਸੋਲ੍ਹਾਂ ਸੈ ਸੱਤ੍ਰਾ ਮਾਘ ਪ੍ਰਵਿਸ਼ਟੇ ਪਹਿਲੀ ਕੇ ਦਿਹੁੰ ਹੇਹਰ ਨਗਰੀ ਸੇ ਚਲ ਕਰ ਗ੍ਰਾਮ ਗੁਰੂ ਕੇ ਚੱਕ ਪਰਗਣ ਨਿਝਰਆਲਾ ਆਏ, ਗੈਲੋਂ ਗੁਰੂ ਅਰਜਨ ਸਾਹਿਬ ਬੇਟਾ ਗੁਰੂ ਮੋਹਰੀ ਜੀ ਕਾ, ਗੁਰੂ ਮੇਹਰਬਾਨ ਬੇਟਾ ਗੁਰੂ ਪ੍ਰਿਥੀਚੰਦ ਜੀ ਕਾ, ਬਾਬਾ ਬੁੱਢਾ ਰਾਮਦਾਸ ਬੇਟਾ ਸੁੱਘੇ ਰੰਧਾਵੇ ਕਾ, ਗੁਰਦਾਸ ਬੇਟਾ ਈਸ਼ਰਦਾਸ ਭਲੇ ਕਾ, ਬੱਲੂ ਰਾਇ ਬੇਟਾ ਮੂਲਚੰਦ ਜਲਾਨੇ ਕਾ, ਕੌਲ ਜੀ ਦਾਸ ਬੇਟਾ ਅੰਬੀਏ ਹਜਾਵਤ ਕਾ, ਹੋਰ ਸਿੱਖ ਫਕੀਰ ਆਏ। ਗੁਰੂ ਜੀ ਕੇ ਆਨੇ ਕੀ ਖੁਸ਼ੀ ਮੇਂ ਦੀਪਮਾਲਾ ਕੀ ਗਈ। ਹਰਿਮੰਦਰ ਸਾਹਿਬ ਮੇਂ ਦੀਏ

ਬਤੀ ਕੀ ਸੇਵਾ ਗੁਰੂ ਮੇਹਰਬਾਨ ਕੀ ਲਾਈ। ਗੁਰੂ ਜੀ ਤੀਜੇ ਦਿੰਹੁ 'ਗੁਰ ਚੱਕ'' ਸੇ ਵਿਦਾ ਹੋਇ ਗੋਇੰਦਵਾਲ ਮੇਂ ਆਇ ਬਿਰਾਜੇ''

(ਭੱਟ ਵਹੀ ਭਲਾਊਂਦਾ ਪਰਗਣਾ ਜੀਂਦ)

ਇਸ ਅਨੁਸਾਰ ਦੀਸਵੀਂ ਤਾਰੀਖ : 28 ਫਰਵਰੀ 1621

ਇਸ ਅਨੁਸਾਰ ਦਿਨ : ਸੋਮਵਾਰ[2]

❖❖❖

1. *ਰਵਾਨੀ ਮਾਸਿਕ, ਪੰਨਾ 1, ਨਵੰਬਰ 1999*

2. *ਅਕਾਲ ਤਖਤ ਸਾਹਿਬ, ਪੰਨਾ 27-28, ਸੰਸਕਰਣ 2000, ਲੇਖਕ ਡਾ. ਹਰਜਿੰਦਰ ਸਿੰਘ ਦਿਲਗੀਰ ਪ੍ਰਕਾਸ਼ਕ : ਸਿੰਘ ਬ੍ਰਦਰਜ਼, ਅੰਮ੍ਰਿਤਸਰ।*

# ਕੀ ਗੁਰੂ ਸਾਹਿਬ ਜਨੇਊ ਦੇ ਧਾਰਨੀ ਸਨ ?

ਜਗਤ ਗੁਰੂ, ਗੁਰੂ ਨਾਨਕ ਸਾਹਿਬ ਨੇ ਬਾਲ ਅਵਸਥਾ ਵਿਚ ਹੀ ਜਨੇਊ ਪਾਉਣ ਤੋਂ ਇਨਕਾਰ ਕਰਕੇ ਜਿਥੇ ਬਿਪਰਵਾਦ ਵਿਰੁੱਧ ਸੰਘਰਸ਼ ਦਾ ਝੰਡਾ ਬੁਲੰਦ ਕੀਤਾ ਉਥੇ ਨਾਲ ਹੀ ਬਿਪਰਵਾਦੀ ਕਰਮਕਾਂਡਾਂ ਉਪਰ ਕਰਾਰੀ ਚੋਟ ਵੀ ਕੀਤੀ। ਬਿਪਰਵਾਦ ਦੀ ਸ਼ੁਰੂ ਤੋਂ ਹੀ ਇਹ ਕੋਸ਼ਿਸ਼ ਰਹੀ ਕਿ ਕਿਸੇ ਵੀ ਹੀਲੇ ਇਸ ਸੱਚ ਦੀ ਅਵਾਜ਼ ਨੂੰ ਦਬਾਇਆ ਜਾਵੇ। ਬਿਪਰਵਾਦੀ ਲੇਖਕਾਂ ਵਲੋਂ ਸਿੱਖਾਂ ਨੂੰ ਹਿੰਦੂ ਧਰਮ ਦਾ ਅੰਗ ਸਾਬਤ ਕਰਨ ਲਈ ਹਰ ਹੀਲਾ ਵਰਤਿਆ ਜਾਂਦਾ ਹੈ, ਕਿਉਂਕਿ ਸਿੱਖ ਵਿਚਾਰਧਾਰਾ ਪੂਰਨਤਾ ਨਾਲ ਬਿਪਰਵਾਦ ਦਾ ਖੰਡਨ ਕਰਦੀ ਹੈ। ਗੁਰੂ ਪਾਤਸ਼ਾਹ ਨੇ ਬਾਲ ਅਵਸਥਾ ਵਿਚ ਜਿਥੇ ਜਨੇਊ ਧਾਰਨ ਕਰਨ ਦਾ ਖੰਡਨ ਕੀਤਾ ਉਥੇ ਚੜ੍ਹਦੀ ਜਵਾਨੀ ਵਿਚ ਵਿਆਹ ਸਮੇਂ ਵੇਦੀ ਦੁਆਲੇ ਫੇਰੇ ਕਰਨ ਤੋਂ ਇਨਕਾਰ ਕਰ ਕੇ ਬਿਪਰਵਾਦੀ ਗੜ੍ਹ ਤੇ ਕਰਾਰਾ ਵਾਰ ਕਰਦੇ ਹੋਏ ੧ਓ ਦੇ ਦੁਆਰੇ ਆਨੰਦ ਕਾਰਜ ਦੀ ਰਸਮ ਨਿਭਾਈ। ਇਸ ਬਾਰੇ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ:

"ਪੁਰਾਤਨ ਜਨਮ ਸਾਖੀਆਂ ਵਿਚ ਜ਼ਿਕਰ ਮਿਲਦਾ ਹੈ ਕਿ ਗੁਰੂ ਨਾਨਕ ਸਾਹਿਬ ਦੇ ਵਿਆਹ ਸਮੇਂ ਸਾਰੀ ਬਰਾਤ ਨੇ ਇਕ ਥਾਂ ਬੈਠ ਕੇ ਪ੍ਰਸ਼ਾਦਾ ਛੱਕਿਆ, ਕਿਉਂਕਿ ਜਦੋਂ ਮਰਿਆਦਾ ਪੁਰਸ਼ੋਤਮ ਰਾਮ ਦਾ ਵਿਆਹ ਹੋਇਆ ਸੀ ਤਾਂ ਨਾਲ ਗਏ ਤਾਂ ਹਰ ਜ਼ਾਤ ਦੇ ਲੋਕ ਸਨ, ਪਰ ਰੋਟੀ ਅੱਡ-ਅੱਡ ਖਵਾਈ ਅਤੇ ਠਹਿਰਨ ਵੇਲੇ ਸਥਾਨ ਵੀ ਅਲੱਗ-ਅਲੱਗ ਦਿੱਤੇ ਸਨ।..........ਇਹ ਹੀ ਕਾਰਨ ਲੱਗਦਾ ਹੈ ਕਿ ਉਨ੍ਹਾਂ ਨੂੰ ਜ਼ਾਤ ਅਭਿਮਾਨੀਆਂ ਨੇ ਉਸ ਕੰਧ ਹੇਠਾਂ ਬਿਠਾਇਆ ਜੋ ਕੱਚੀ ਸੀ ਅਤੇ ਜਿਸ ਦੇ ਡਿੱਗਣ ਦਾ ਖਤਰਾ ਬਣਿਆ ਹੋਇਆ ਸੀ।............ਵਿਆਹ ਵੇਲੇ ਵੈਦਿਕ ਰੀਤਾਂ ਰਸਮਾਂ ਨੂੰ ਨਹੀਂ ਮੰਨਿਆ ਸਗੋਂ ਕੇਵਲ ਕੀਰਤਨ ਹੀ ਕੀਤਾ ਗਿਆ। ਇਕ ਚੌਂਕੀ ਉਪਰ ੧ਓ ਲਿਖ ਕੇ ਗੁਰੂ ਨਾਨਕ ਜੀ ਅਤੇ ਸੁਲੱਖਣੀ ਜੀ ਨੇ ਚਾਰ ਪਰਿਕਰਮਾਂ ਲਈਆਂ ਸਨ। ਅਨੰਦ ਕਾਰਜ ਦਾ ਮੁੱਢ ਬੱਝ ਗਿਆ ਸੀ। ਕੋਈ ਰੀਤ ਰਸਮ ਰਿਵਾਜ਼ ਵੀ ਬਰਾਤ ਦੇ ਚੜ੍ਹਨ ਵੇਲੇ ਨਾ ਕੀਤਾ ਗਿਆ। ਜਨਮ ਸਾਖੀਆਂ ਵਿਚ ਲਿਖਿਆ ਹੈ ਕਿ ਕੇਵਲ ਸਾਦੇ ਸੁਥਰੇ ਬਸਤਰ ਸਨ ਤੇ ਸਿਰ ਤੇ ਸਾਵੀਂ ਪੱਗ ਖੂਬ ਸੱਜ ਰਹੀ ਸੀ।"

(ਪ੍ਰਸਿੱਧ ਸਿੱਖ ਬੀਬੀਆਂ, ਪੰਨਾ 53)

ਪਰੰਤੂ ਗੁਰੂ ਸਾਹਿਬ ਦੇ ਅਨੰਦ ਕਾਰਜ ਦੇ ਸਮੇਂ ਨੂੰ ਵੈਦਿਕ ਰੰਗਤ ਦੇਣ ਵਾਸਤੇ ਗੁਰਮਤਿ ਸਿਧਾਂਤਾਂ ਤੋਂ ਅਨਜਾਣ ਚਿੱਤਰਕਾਰਾਂ ਵਲੋਂ ਅਨੰਦ ਕਾਰਜ ਦਾ ਚਿੱਤਰਣ ਵੀ ਬਿਪਰਵਾਦੀ ਕਰਮਕਾਂਡਾਂ ਨਾਲ ਭਰਪੂਰ ਕੀਤਾ ਗਿਆ ਹੈ। ਕਿਸੇ ਚਿੱਤਰਕਾਰ ਵਲੋਂ ਬਣਾਈ ਇਕ ਤਸਵੀਰ ਵਿਚ ਗੁਰੂ ਸਾਹਿਬ ਦਾ ਅਨੰਦ ਕਾਰਜ ਇਕ ਵੇਦੀ ਦੇ ਦੁਆਲੇ ਕੀਤਾ ਜਾ ਰਿਹਾ ਹੈ ਅਤੇ ਪੁਰੋਹਿਤ ਜੀ

ਮੰਤਰਾਂ ਦਾ ਉਚਾਰਨ ਕਰਦੇ ਵਿਖਾਏ ਗਏ ਹਨ। ਅਕਾਸ਼ ਵਿਚ ਬਿਪਰਵਾਦ ਦੇ ਤ੍ਰਿਦੇਵ (ਬ੍ਰਹਮਾ, ਵਿਸ਼ਨੂੰ, ਸ਼ਿਵ) ਫੁੱਲਾਂ ਦੀ ਵਰਖਾ ਕਰਦੇ ਦਰਸਾਏ ਗਏ ਹਨ ਅਤੇ ਵਿਆਹ ਵਿਚ ਕਿਸੇ ਤਰ੍ਹਾਂ ਦੀ ਕੋਈ ਸਾਦਗੀ ਨਜ਼ਰ ਨਹੀਂ ਆ ਰਹੀ ਸਗੋਂ ਕਰਮਕਾਂਡਾਂ ਦੀ ਪ੍ਰਧਾਨਤਾ ਹੀ ਨਜ਼ਰੀ ਪੈਂਦੀ ਹੈ।

ਇਸ ਤਰ੍ਹਾਂ ਹੀ ਸੰਘ ਵਲੋਂ ਪ੍ਰਕਾਸ਼ਿਤ ਕਿਤਾਬਚਿਆਂ ਵਿਚ ਪੁਰਾਤਨ ਬਿਪਰਵਾਦੀ ਲੇਖਕਾਂ ਵਲੋਂ ਰਚਿਤ ਜਨਮ ਸਾਖੀਆਂ ਵਿਚੋਂ ਲੈ ਕੇ ਐਸੇ ਚਿੱਤਰ ਪ੍ਰਕਾਸ਼ਿਤ ਕੀਤੇ ਜਾਂਦੇ ਹਨ ਜਿਨ੍ਹਾਂ ਵਿਚ ਗੁਰੂ ਸਾਹਿਬ ਦੀ ਦਾੜ੍ਹੀ ਕਤਰੀ ਹੋਈ, ਮੱਥੇ ਤੇ ਤਿਲਕ, ਸਿਰ ਤੇ ਟੋਪੀ ਅਤੇ ਗਲ ਵਿਚ ਜਨੇਊ ਪਹਿਨਿਆ ਵਿਖਾਇਆ ਗਿਆ ਹੈ। ਕਈ ਬਿਪਰਵਾਦੀ ਲੇਖਕ ਤਾਂ ਜਨੇਊ ਦੀ ਅਹਿਮੀਅਤ ਦਰਸਾਉਣ ਲਈ ਕਕਾਰਾਂ ਨੂੰ ਵੀ ਉਸ ਨਾਲ ਜੋੜਦੇ ਹਨ ਅਤੇ ਕਈ ਜਨੇਊ ਦੇ ਖੰਡਨ ਦੀ ਆੜ ਲੈ ਕੇ ਕਕਾਰਾਂ ਦਾ ਖੰਡਨ ਕਰਦੇ ਹਨ ਭਾਵੇਂ ਕਿ ਜਨੇਊ ਦੀ ਕੋਈ ਸਾਰਥਿਕਤਾ (Practical Value) ਨਹੀਂ ਹੈ। ਇਕ ਬਿਪਰਵਾਦੀ ਲੇਖਕ ਚੌਹਾਨ ਕਾਦਿਆਨੀ ਲਿਖਦਾ ਹੈ:

"ਜਨੇਊ ਪਹਿਨਣਾ ਕਿਉਂ ਜ਼ਰੂਰੀ ਹੈ ਅਤੇ ਇਸ ਦਾ ਕੀ ਭਾਵ ਹੈ?.................ਸਿੱਧ, ਵੈਰਾਗੀ, ਜੋਗੀ, ਜੈਨ ਆਦਿ ਸੰਤਾਂ ਅਤੇ ਜਤੀਆਂ ਸਤੀਆਂ ਨਾਲ ਬਾਬਾ ਨਾਨਕ ਜੀ ਦੇ ਵਿਚਾਰ ਵਟਾਂਦਰੇ ਹੋਏ। ਉਹਨਾਂ ਵਾਰਤਾਵਾਂ ਵਿਚ ਗੁਰੂ ਮਹਾਰਾਜ ਨੇ ਚਿੰਨ੍ਹਾਂ, ਪ੍ਰਤੀਕਾਂ, ਅਤੇ ਕ੍ਰਿਆਵਾਂ ਦੇ ਮੂਲ ਅਰਥਾਂ ਵੱਲ ਆਮ ਲੋਕਾਂ ਦਾ ਧਿਆਨ ਖਿਚਿਆ ਜਿਨ੍ਹਾਂ ਦੇ ਬਿਨਾਂ ਉਹ ਸਾਰੇ ਪ੍ਰਤੀਕ ਅਤੇ ਚਿੰਨ੍ਹ ਅਰਥਹੀਨ ਅਤੇ ਬੇਮਤਲਬ ਸਨ। ਏਸੇ ਨਜ਼ਰੀਏ ਨਾਲ ਸਿੱਖਾਂ ਦੇ ਪਹਿਰਾਵੇ ਅਤੇ ਬਾਹਰੀ ਚਿੰਨ੍ਹਾਂ ਅਤੇ ਸਰੂਪ ਨੂੰ ਵੀ ਵੇਖਿਆ ਜਾਣਾ ਚਾਹੀਦਾ ਹੈ। ਅੱਜ ਜੇਕਰ ਗੁਰੂ ਨਾਨਕ ਦੇਵ ਜੀ ਪ੍ਰਗਟ ਹੋ ਜਾਣ ਤਾਂ ਬਾਹਰੀ ਪ੍ਰਤੀਕਾਂ ਅਤੇ ਚਿੰਨ੍ਹਾਂ ਦੀ ਤੁਲਨਾ ਵਿਚ ਅੰਦਰੂਨੀ ਭਾਵਾਂ ਨੂੰ ਜ਼ਿਆਦਾ ਮਹੱਤਵ ਦਿੰਦੇ ਹੋਏ ਸ਼ਾਇਦ ਉਹ ਪੁਛ ਲੈਣ ਕਿ ਆਪ ਜੀ ਦੇ ਪਾਸ ਸ਼ਬਦ ਰੂਪੀ ਕੇਸ, ਵਿਵੇਕ ਰੂਪੀ ਕੰਘਾ, ਨਿਡਰਤਾ ਰੂਪੀ ਕਿਰਪਾਨ, ਸਦਾਚਾਰ ਰੂਪੀ ਕੱਛਾ, ਅਤੇ ਅਕਾਲ ਪੁਰਖ ਕਿਰਪਾ ਰੂਪੀ ਕੜਾ ਹੈ? ਜੇਕਰ ਇਹ ਅਰਥ ਰੱਖਣ ਵਾਲੇ ਪ੍ਰਤੀਕ ਹਨ ਤਾਂ ਹੀ ਤੁਸੀਂ ਸੱਚੇ ਸਿੱਖ ਹੋ।"

(ਸਿੱਖ ਪੰਥ ਦੀ ਪਛਾਣ ਕੀ ਹੈ? ਪੰਨਾ ੧)

ਇਕ ਹੋਰ ਲੇਖਕ ਗੁਰੂ ਤੇਗ ਬਹਾਦਰ ਸਾਹਿਬ ਨੂੰ ਵੀ ਜਨੇਊ ਦਾ ਧਾਰਨੀ ਸਿੱਧ ਕਰਨ ਦੀ ਕੋਸ਼ਿਸ਼ ਕਰਦਾ ਹੋਇਆ, ਬਿਪਰਵਾਦੀ ਮਿਲਗੋਭੇ ਨਾਲ ਭਰਪੂਰ ਸਰੋਤਾਂ ਵਿਚੋਂ ਹਵਾਲਾ ਲੈ ਕੇ ਲਿਖਦਾ ਹੈ:

"ਅੰਤ ਸ਼ਾਹੀ ਕਾਜ਼ੀ ਨੇ ਫਤਵਾ ਦਿੱਤਾ ਕਿ ਗੁਰੂ ਜੀ ਨੂੰ ਕਤਲ ਕਰ ਦਿੱਤਾ ਜਾਵੇ। ਉਧਰ ਗੁਰੂ ਤੇਗ ਬਹਾਦਰ ਜੀ ਨੇ ਸ੍ਰੀ ਜਪੁਜੀ ਸਾਹਿਬ ਦੀਆਂ ਪੰਜ ਪਉੜੀਆਂ ਦਾ ਪਾਠ ਕਰਕੇ ਆਖਰੀ ਸਲੋਕ ਦਾ ਮੁਖ ਤੋਂ ਉਚਾਰਨ ਕੀਤਾ। ਦੋਵੇਂ ਹੱਥ ਜੋੜ ਕੇ ਸਿਰ ਝੁਕਾਇਆ। ਜਲਾਦ ਨੇ ਆਪਣਾ ਵਾਰ ਕੀਤਾ। ਸਿਰ ਧੜ ਤੋਂ ਜੁਦਾ ਹੋ ਗਿਆ। ਗਲੇ ਵਿਚ ਬੰਨ੍ਹੇ ਧਾਗੇ ਨੂੰ ਕੋਈ ਆਂਚ ਤਕ ਨਾ ਆਈ। ਸਾਰੀ ਖ਼ਲਕਤ ਵੇਖ ਕੇ ਦੰਗ ਰਹਿ ਗਈ। ਉਹ ਧਾਗਾ ਸਧਾਰਨ ਨਹੀਂ ਬਲਕਿ ਬ੍ਰਹਮਸੂਤਰ ਸੀ।

(ਜ਼ਿਕਰਯੋਗ ਹੈ ਕਿ ਵੇਦ ਪੜ੍ਹਨ ਸਮੇਂ ਬ੍ਰਾਹਮਣ ਜਿਸ ਜਨੇਊ ਨੂੰ ਪਹਿਨਦੇ ਹਨ ਉਸ ਨੂੰ ਬ੍ਰਹਮ ਸੂਤਰ ਆਖਦੇ ਹਨ)।

ਸ੍ਰੀ ਗੁਰੂ ਤੇਗ ਬਹਾਦਰ ਦੇ ਗਲੇ ਵਿਚ ਬੰਨ੍ਹਿਆ ਧਾਗਾ ਕੇਵਲ ਸੂਤਰ ਮਾਤਰ ਨਹੀਂ ਸੀ, ਉਸ ਦਾ ਅਧਿਆਤਮਕ ਮਹੱਤਵ ਵੀ ਸੀ। ਗੁਰੂ ਨਾਨਕ ਦੇਵ ਜੀ ਜਦੋਂ ਪੱਛਮੀ ਦੇਸ਼ਾਂ ਦੀ ਯਾਤਰਾ ਕਰਦੇ ਹੋਏ ਮੱਕੇ ਵਿਚ ਮੁਸਲਿਮ ਪੀਰਾਂ ਨਾਲ ਸ਼ਾਸਤਰ ਚਰਚਾ ਕਰਕੇ ਮਦੀਨੇ ਪਹੁੰਚੇ ਤਾਂ ਉਥੇ ਪੀਰ ਰੁਕਨਦੀਨ ਨੇ ਜਨੇਊ (ਸੂਤਰ-ਧਾਗਾ) ਉਪਰ ਅਨੇਕ ਟਿੱਪਣੀਆਂ ਕੀਤੀਆਂ। ਉਹਨਾਂ ਦੇ ਜਵਾਬ ਦਿੰਦੇ ਹੋਏ ਗੁਰੂ ਨਾਨਕ ਦੇਵ ਜੀ ਨੇ ਧਾਗੇ ਦੀ ਅਧਿਆਤਮਿਕ ਮਹਿਮਾ ਇਸ ਪ੍ਰਕਾਰ ਗਾਈ:

''ਆਖੇ ਨਾਨਕ ਸ਼ਾਹ ਸਚੁ ਸੁਣਹੋ ਰੁਕਨੁਲ ਦੀਨ।
ਧਾਗਾ ਜਰੋਬੀ ਬੰਧੁ ਹੈ, ਆਦਿ ਜੁਗਾਦ ਧਾਗਾ।
ਸੱਜੇ ਹੱਥ ਵੱਲ ਹਿੰਦੂ ਰੱਖੀ ਨਿਸ਼ਾਨ।
ਜਿਤ ਵਲ ਧਾਗਾ ਰੱਖੀਏ ਬੰਦ ਵੀ ਉਤਵਲ ਜਾਨ।

ਇਸ ਸੱਚ ਨੂੰ ਦ੍ਰਿਸ਼ਟੀ ਵਿਚ ਰੱਖਦੇ ਹੋਏ ਗੁਰੂ ਗੋਬਿੰਦ ਸਿੰਘ ਨੇ ਆਪਣੇ ਸ਼ਾਂਤ ਆਤਮਾ ਪਿਤਾ ਦੇ ਬਲਿਦਾਨ ਦਾ ਸਮਾਚਾਰ ਮਿਲਣ ਤੇ ਕਿਹਾ:

*ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥ ਕੀਨੋ ਬਡੋ ਕਲੂ ਮਹਿ ਸਾਕਾ॥*

.......

*ਅਰਥਾਤ, ਪਰਮਾਤਮਾ ਨੇ ਉਹਨਾਂ ਦੇ ਤਿਲਕ ਅਤੇ ਜਨੇਊ ਦੀ ਰੱਖਿਆ ਕੀਤੀ।........*

(ਜ਼ਿਕਰ ਯੋਗ ਹੈ ਕਿ ਉਪਰੋਕਤ ਤੁਕ ਦੇ ਅਰਥ ਬਿਲਕੁਲ ਗਲਤ ਕੀਤੇ ਗਏ ਹਨ, ਇਸ ਵਿਚ ਇਹ ਦਰਸਾਇਆ ਗਿਆ ਹੈ ਕਿ ਪਰਮਾਤਮਾ ਨੇ ਗੁਰੂ ਸਾਹਿਬ ਦੇ ਤਿਲਕ ਅਤੇ ਜਨੇਊ ਦੀ ਰੱਖਿਆ ਕੀਤੀ, ਕਿਉਂਕਿ ਜਲਾਦ ਦੀ ਤਲਵਾਰ ਦੇ ਵਾਰ ਨਾਲ ਗਲ ਵਿਚ ਪਾਇਆ ਬ੍ਰਹਮ ਸੂਤਰ ਨਾ ਕੱਟਿਆ ਗਿਆ, ਜਦੋਂ ਕਿ ਇਸ ਦੇ ਅਰਥ ਹਨ ਕਿ ਗੁਰੂ ਸਾਹਿਬ ਨੇ ਤਾਂਕਿ (ਉਹਨਾਂ ਦੇ) ਧਰਮ ਚਿੰਨ੍ਹਾਂ ਜਨੇਊ, ਤਿਲਕ ਆਦਿ ਦੀ ਰਾਖੀ ਲਈ ਆਪਣਾ ਸੀਸ ਭੇਟ ਕੀਤਾ)।

ਇਹੀ ਕਾਰਨ ਹੈ ਕਿ ਗੁਰੂ ਸਾਹਿਬ ਦਾ ਜਨੇਊ ਸਾਬਤ ਰਿਹਾ। ਅਸਲ ਵਿਚ ਉਹਨਾਂ ਦੇ ਗਲ ਵਿਚ ਧਾਗਾ ਨਹੀਂ ਬ੍ਰਹਮ ਸੂਤਰ ਸੀ।

(ਸਿੱਖ ਇਤਿਹਾਸ ਮੇਂ ਰਾਮ ਜਨਮ ਭੂਮੀ, ਪੰਨਾ ੬੮, ੬੯)

ਕਿਸੇ ਅਦੀਬ ਦਾ ਕਥਨ ਹੈ ਕਿ ਜਿਹੜੀਆਂ ਕੌਮਾਂ ਆਪਣੇ ਸਿਧਾਂਤਾਂ ਨੂੰ ਤਿਆਗ ਦਿੰਦੀਆਂ ਹਨ, ਆਪਣੇ ਮਰਕਜ਼ ਉਪਰ ਕੇਂਦਰਿਤ ਨਹੀਂ ਰਹਿੰਦੀਆਂ ਹਨ, ਅਕਸਰ ਨਿਘਾਰ ਵੱਲ ਜਾਂਦੀਆਂ ਹਨ ਤੇ ਆਪਣੇ ਵਿਰਸੇ ਤੋਂ ਟੁੱਟ ਜਾਂਦੀਆਂ ਹਨ, ਉਹਨਾਂ ਦਾ ਹਸ਼ਰ ਬਹੁਤ ਬੁਰਾ ਹੁੰਦਾ ਹੈ:

ਕੌਮੋਂ ਕੇ ਲੀਏ ਮੌਤ ਹੈ
ਮਰਕਜ਼ ਸੇ ਜੁਦਾਈ।

ਸੰਸਾਰ ਵੱਲ ਵੇਖੀਏ ਤਾਂ ਅਨੇਕਾਂ ਹੀ ਅਜਿਹੀਆਂ ਕੌਮਾਂ ਮਿਲਦੀਆਂ ਹਨ ਜੋ ਸਿਧਾਂਤਕ ਪਹਿਲੂਆਂ ਤੋਂ ਬਹੁਤ ਕਮਜ਼ੋਰ ਹਨ, ਕੋਈ ਗੌਰਵਮਈ ਵਿਰਸਾ ਨਹੀਂ, ਕਿਸੇ ਰਹਿਬਰ ਦਾ ਲਿਖਤੀ

ਅਧਿਆਤਮਕ ਖਜ਼ਾਨਾ ਨਹੀਂ ਪਰ ਉਹ ਸੰਸਾਰ ਦੇ ਨਕਸ਼ੇ ਉਪਰ ਬੜੀ ਸਿਆਣਪ ਨਾਲ, ਅਤੇ ਮਾਨੀਸਕ ਸੂਝ-ਬੂਝ ਨਾਲ ਉਭਰੀਆਂ ਅਤੇ ਸੱਤ ਸਮੁੰਦਰਾਂ ਪਾਰ ਤੱਕ ਫੈਲੀਆਂ ਹਨ। ਪਰ ਸਿੱਖ ਕੌਮ ਵਾਹਿਦ ਦੁਨੀਆਂ ਦੀ ਇਕ ਅਜਿਹੀ ਕੌਮ ਹੈ ਜਿਸ ਕੋਲ ਸਰਵਉੱਚ ਮਿਆਰੀ ਸਿਧਾਂਤ ਹਨ, ਗੌਰਵਮਈ ਵਿਰਸਾ ਹੈ, ਵਿਲੱਖਣਤਾ-ਭਰੀਆਂ ਬੇਮਿਸਾਲ ਕੁਰਬਾਨੀਆਂ ਦਾ ਇਤਿਹਾਸ ਅਤੇ ਪਿਉ-ਦਾਦੇ (ਗੁਰੂ ਸਾਹਿਬਾਨ) ਦਾ ਅੰਮ੍ਰਿਤਮਈ ਬਾਣੀ ਦਾ ਖਜ਼ਾਨਾ ਕੋਲ ਹੈ, ਪਰ ਅਫ਼ਸੋਸ! ਵਿਸ਼ਵ ਵਿਆਪੀ ਬਣਨ ਦੀ ਜਗ੍ਹਾ ਆਪਣੇ ਛੋਟੇ ਜਿਹੇ ਘਰੇਗੀ ਖਿੱਤੇ ਵਿਚ ਵੀ ਅਸੀਂ ਉਹ ਰੁਤਬਾ ਹਾਸਲ ਕਰਨ ਵਿਚ ਨਾ-ਕਾਮਯਾਬ ਰਹੇ ਹਾਂ ਜਿਹੋ ਜਿਹਾ ਸਾਨੂੰ ਚਾਹੀਦਾ ਸੀ:

ਅਜਬ ਕੁਛ ਢੰਗ ਸੇ ਬਿਗੜਾ ਹੈ
ਨਜ਼ੀਮ ਚਮਨ ਅਪਨਾ।

ਸਿੱਖ ਕੌਮ ਨੇ ਤਲਵਾਰਾਂ ਦੀਆਂ ਨੋਕਾਂ ਉਪਰ ਜ਼ਿੰਦਗੀ ਗੁਜ਼ਾਰੀ ਹੈ, ਸੰਸਾਰ ਤੇ ਵਿਲੱਖਣ ਇਤਿਹਾਸ ਸਿਰਜਿਆ ਪਰ ਇਤਿਹਾਸ ਨੂੰ ਲਿਖਤੀ ਰੂਪ ਵਿਚ ਸੰਭਾਲਣ ਪ੍ਰਤੀ ਅਜ਼ੀਮ ਅਨਜਾਣਪੁਣੇ ਦਾ ਮੁਜ਼ਾਹਿਰਾ ਕੀਤਾ ਹੈ। ਜਿੰਨਾ ਕੁ ਲਿਖਿਆ ਹੈ ਉਹ ਵੀ ਬ੍ਰਾਹਮਣਵਾਦੀ ਪ੍ਰਭਾਵ ਤੋਂ ਮੁਕਤ ਨਹੀਂ ਹੈ। ਇਹੀ ਕਾਰਨ ਹੈ ਕਿ ਅੱਜ ਵੀ ਸਹੀ ਇਤਿਹਾਸਕ ਤੱਥਾਂ ਦੀ ਗ਼ੈਰ-ਮੌਜੂਦਗੀ ਸਦਕਾ, ਸਿੱਖ ਵਿਰੋਧੀ ਲੇਖਕ ਤੇ ਪ੍ਰਚਾਰਕ ਬਿਨਾਂ ਕਿਸੇ ਮੁਸ਼ਕਿਲ ਦੇ ਸਿੱਖ ਵਿਰੋਧੀ ਲਿਖਤਾਂ ਲਿਖ ਰਹੇ ਹਨ, ਪਰ ਅਸੀਂ ਜਾਂ ਤਾਂ ਰਾਜਨੀਤਕ ਝਗੜਿਆਂ ਤਕ ਸੀਮਿਤ ਹਾਂ ਤੇ ਜਾਂ ਫਿਰ ਗੂੜ੍ਹੀ ਨੀਂਦ ਸੁੱਤੇ ਪਏ ਹਾਂ। ਗ਼ੈਰ ਸਿੱਖ ਜਥੇਬੰਦੀਆਂ ਬੜੀ ਸਰਗਰਮੀ ਨਾਲ ਆਪਣਾ 'ਕਾਰਜ' ਸਫ਼ਲ ਕਰ ਰਹੀਆਂ ਹਨ। ਗੁਰ ਇਤਿਹਾਸ ਨੂੰ ਦਿਨ-ਬ-ਦਿਨ ਵਿਗਾੜਿਆ ਜਾ ਰਿਹਾ ਹੈ। ਕਈ ਵਿਵਾਦ ਪੂਰਨ ਲਿਖਤਾਂ ਦੇ ਹਵਾਲੇ ਲੈ ਕੇ ਗੁਰੂ ਸਾਹਿਬਾਨ ਨੂੰ ਅਜਿਹੀਆਂ ਰਹੁ-ਰੀਤਾਂ ਦਾ ਧਾਰਨੀ ਦਰਸਾਇਆ ਜਾ ਰਿਹਾ ਹੈ ਜਿਨ੍ਹਾਂ ਤੋਂ ਗੁਰੂ ਸਾਹਿਬਾਨ ਨੇ ਸਾਰੀ ਕੌਮ ਨੂੰ ਮੁਕਤ ਕਰਵਾਇਆ ਸੀ।

ਪਿਛਲੇ ਸਮੇਂ ਜਦੋਂ ਸਮੁੱਚਾ ਖ਼ਾਲਸਾ ਪੰਥ ਆਪਣੇ ਤ੍ਰੈ-ਸ਼ਤਾਬਦੀ ਸਥਾਪਨਾ ਦਿਵਸ ਦੇ ਸਮਾਗਮਾਂ ਵਿਚ ਰੁੱਝਾ ਹੋਇਆ ਸੀ (ਭਾਵੇਂ ਕਿ ਕੋਈ ਨਿੱਗਰ ਨਤੀਜੇ ਸਾਹਮਣੇ ਨਹੀਂ ਆਏ) ਉਧਰ ਸਿੱਖ ਵਿਰੋਧੀ ਜਥੇਬੰਦੀਆਂ, ਜਿਨ੍ਹਾਂ ਨੂੰ ਆਦਿ ਤੋਂ ਹੀ ਖ਼ਾਲਸੇ ਦੀ ਵਿਲੱਖਣ ਹਸਤੀ ਰੜਕਦੀ ਹੈ, ਨੇ ਸਿੱਖ ਵਿਰੋਧੀ ਪ੍ਰਚਾਰ ਵਿਚ ਸਰਗਰਮੀ ਲਿਆਂਦੀ ਹੋਈ ਸੀ। ਆਪਣੀਆਂ ਲਿਖਤਾਂ ਰਾਹੀਂ, ਪ੍ਰਚਾਰ ਮਾਧਿਅਮਾਂ ਰਾਹੀਂ ਤੇ ਹਰ ਸੰਭਵ ਤਰੀਕੇ ਨਾਲ ਸਿੱਖ ਕੌਮ ਦੇ ਸੁਨਹਿਰੀ ਸਿਧਾਂਤਾਂ ਅਤੇ ਇਤਿਹਾਸ ਦੀ ਖਿੱਲੀ ਉਡਾਈ ਜਾ ਰਹੀ ਸੀ। ਇਕ ਵਿਰੋਧੀ ਲੇਖਕ ਡਾ: ਮਹਾਬੀਰ ਪ੍ਰਸ਼ਾਦ ਲਿਖਦਾ ਹੈ ਕਿ ਗੁਰੂ ਤੇਗ ਬਹਾਦਰ ਨੇ ਆਪਣੇ ਹਿੰਦੂ ਧਰਮ ਦੀ ਰੱਖਿਆ ਹੇਤ ਬਲੀਦਾਨ ਦਿੱਤਾ, ਕਿਸੇ ਹੋਰ ਧਰਮ ਵਾਸਤੇ ਨਹੀਂ। ਆਰ.ਐਸ.ਐਸ. ਅਤੇ ਬਜਰੰਗ ਦਲ ਵੱਲੋਂ ਪੰਜਾਬ ਤੋਂ ਬਾਹਰ ਖ਼ਾਲਸਾ ਤ੍ਰੈਸ਼ਤਾਬਦੀ ਦੇ ਸੰਬੰਧ ਵਿਚ ਕੁਝ ਬੈਨਰ ਲਗਾਏ ਗਏ ਸਨ ਜਿਨ੍ਹਾਂ ਉਪਰ ਅੰਕਿਤ ਸੀ: "ਗੁਰੂ ਤੇਗ ਬਹਾਦਰ ਦਵਾਰਾ ਆਪਣੇ ਹਿੰਦੂ ਧਰਮ ਕੇ ਲੀਏ ਦੀਏ ਗਏ ਬਲੀਦਾਨ ਪਰ ਹਮੇਂ ਗਰਵ ਹੈ।" ਕਈ ਹੋਰ ਵੀ ਬੈਨਰ ਅਜਿਹੀਆਂ ਘਾੜਤਾਂ ਘੜ ਕੇ ਲਗਾਏ ਗਏ ਸਨ ਜੋ ਇਨ੍ਹਾਂ ਸਿੱਖ ਵਿਰੋਧੀ ਜਥੇਬੰਦੀਆਂ ਦੀ ਸੋਚ ਉਘੇੜਦੇ ਸਨ।

ਇਨ੍ਹਾਂ ਜਥੇਬੰਦੀਆਂ ਦਾ ਮੁੱਖ ਮੰਤਵ ਖ਼ਾਲਸੇ ਦੀ ਵਿਲੱਖਣ ਨਿਆਰੀ ਹਸਤੀ ਦੀ ਵਿਰੋਧਤਾ ਕਰਨਾ ਅਤੇ ਸਿੱਖਾਂ ਨੂੰ ਹਿੰਦੂ ਧਰਮ ਦਾ ਹੀ ਅੰਗ ਦਰਸਾਉਣਾ ਹੈ। ਗੁਰੂ ਪਾਤਸ਼ਾਹ ਨੂੰ ਹਿੰਦੂ ਸਾਬਤ ਕਰਨ ਦੀ ਇਨ੍ਹਾਂ 'ਪੰਥ ਹਿਤੈਸ਼ੀਆਂ' ਦੀ ਮੁੱਢ ਤੋਂ ਹੀ ਕੋਸ਼ਿਸ਼ ਰਹੀ ਹੈ। ਗੁਰੂ ਤੇਗ ਬਹਾਦਰ ਸਾਹਿਬ ਨੂੰ ਹਿੰਦੂ ਦਰਸਾਉਣਾ ਵੀ ਇਸ ਦੀ ਇਕ ਕੜੀ ਹੈ ਤਾਂ ਜੋ ਲੋਕਾਂ ਤਕ ਅਜਿਹਾ ਵਿਗਾੜਿਆ ਹੋਇਆ ਇਤਿਹਾਸ ਪਹੁੰਚਾਇਆ ਜਾਵੇ ਕਿ ਗੁਰੂ ਸਾਹਿਬਾਨ ਵੀ ਤਿਲਕ, ਧੋਤੀ, ਟਿੱਕਾ, ਜਨੇਊ ਆਦਿ ਦੇ ਧਾਰਨੀ ਸਨ। ਸਿੱਖ ਇਤਿਹਾਸ ਨੂੰ ਬ੍ਰਾਹਮਣੀ ਕਰਮ-ਕਾਂਡ ਨਾਲ ਭਰਪੂਰ ਸਾਬਤ ਕਰਨ ਦੀ ਪਹਿਲੀ ਕੋਸ਼ਿਸ਼ 'ਪੁਰਾਤਨ ਜਨਮ ਸਾਖੀ' ਵਿਚ ਕੀਤੀ ਗਈ ਹੈ ਜੋ 'ਭਾਈ ਬਾਲੇ ਵਾਲੀ ਜਨਮ ਸਾਖੀ' ਨਾਮ ਹੇਠ ਪ੍ਰਚਲਿਤ ਹੈ। ਜਿਥੇ ਇਸ ਬਾਲਾ ਨਾਮਕ ਵਿਦਵਾਨ ਨੇ ਗੁਰ ਇਤਿਹਾਸ ਵਿਗਾੜਨ ਵਿਚ ਕੋਈ ਕਸਰ ਨਹੀਂ ਛੱਡੀ ਉਥੇ ਅੱਜ ਵੀ ਕਈ ਪ੍ਰਕਾਸ਼ਿਕ ਸਿਰਫ ਮਾਇਕ ਸਵਾਰਥ ਅਧੀਨ ਇਸ ਨੂੰ ਸਭ ਤੋਂ ਪ੍ਰਮਾਣੀਕ ਅਤੇ ਪੁਰਾਤਨ ਇਤਿਹਾਸਕ ਗ੍ਰੰਥ ਦੱਸ ਕੇ ਵੇਚ ਰਹੇ ਹਨ। ਕੁਝ ਡੇਰਿਆਂ ਉਪਰ ਤਾਂ ਇਸ ਦਾ ਗੁਰੂ ਗ੍ਰੰਥ ਸਾਹਿਬ ਜੀ ਵਾਂਗ ਪ੍ਰਕਾਸ਼ ਕੀਤਾ ਹੋਇਆ ਹੈ। ਇਸ ਜਨਮ ਸਾਖੀ ਵਿਚ ਗੁਰੂ ਨਾਨਕ ਸਾਹਿਬ ਜੀ ਦੀ ਸੈਦਪੁਰ (ਐਮਨਾਬਾਦ) ਵਾਲੀ ਪ੍ਰਚਾਰਕ ਫੇਰੀ ਸੰਬੰਧੀ ਦਰਜ ਹੈ-

"ਗੁਰੂ ਨਾਨਕ ਜੀ ਲਾਲੋ ਤਰਖਾਣ ਦੇ ਘਰ ਗਏ, ਤਾਂ ਲਾਲੋ ਨੇ ਉਹਨਾਂ ਦੇ ਗਲ ਜਨੇਊ ਵੇਖ ਕੇ ਆਖਿਆ, ਮਹਾਰਾਜ! ਮੈਂ ਸ਼ੂਦਰ ਹਾਂ, ਆਪ ਵਾਸਤੇ ਪ੍ਰਸ਼ਾਦਿ ਤਿਆਰ ਨਹੀਂ ਕਰ ਸਕਦਾ, ਮੈਂ ਚੌਕਾ ਪਾ ਦਿੰਦਾ ਹਾਂ, ਤੁਸੀਂ ਆਪ ਤਿਆਰ ਕਰ ਲਵੋ' (ਜਨਮ ਸਾਖੀ ਪੁਰਾਤਨ ਲਿਖਤ)[3]

ਉਪਰੋਕਤ ਜਨਮ ਸਾਖੀ ਵਿਚ ਦਰਜ ਇਹ ਵਿਖਿਆਨ ਕਿਸੇ ਸੋਚੀ ਸਮਝੀ ਸਾਜ਼ਿਸ਼ ਅਧੀਨ ਇਸ ਕਰਕੇ ਵਰਤਿਆ ਗਿਆ ਹੈ ਤਾਂਕਿ ਗੁਰੂ ਨਾਨਕ ਸਾਹਿਬ ਜੀ ਨੂੰ ਵੀ ਜੰਞੂ ਦਾ ਧਾਰਨੀ ਦਰਸਾਇਆ ਜਾ ਸਕੇ। ਇਸ ਦਾ ਲੇਖਕ ਬਾਲਾ ਸੰਧੂ ਆਪਣੇ ਆਪ ਨੂੰ ਗੁਰੂ ਨਾਨਕ ਦੇਵ ਜੀ ਦਾ ਸਾਥੀ ਦਰਸਾਉਂਦਾ ਹੈ ਤੇ ਲੇਖਣੀ ਦਾ ਪ੍ਰਭਾਵ ਇਸ ਤਰ੍ਹਾਂ ਦਾ ਚਾਹੁੰਦਾ ਹੈ ਕਿ ਹਰ ਸਮੇਂ ਗੁਰੂ ਨਾਨਕ ਸਾਹਿਬ ਨਾਲ ਵਿਚਰਦਾ ਰਿਹਾ।

ਗੁਰਸਿੱਖ ਵਿਦਵਾਨਾਂ ਅਨੁਸਾਰ ਇਹ ਜਨਮ ਸਾਖੀ ਜੋ ਭਾਈ ਪੈੜੇ ਮੋਖੇ ਵੱਲੋਂ ਲਿਖੀ, ਭਾਈ ਬਾਲੇ ਵੱਲੋਂ ਲਿਖਾਈ ਅਤੇ ਗੁਰੂ ਅੰਗਦ ਸਾਹਿਬ ਵੱਲੋਂ ਸਰਵਣ ਕੀਤੀ ਪ੍ਰਚਾਰੀ ਜਾ ਰਹੀ ਹੈ, ਨਿਰਮੂਲ ਹੈ। ਸ੍ਰ: ਕਰਮ ਸਿੰਘ ਹਿਸਟੋਰੀਅਨ ਅਨੁਸਾਰ ਜਨਮ ਸਾਖੀ ਵਿਚ ਵਰਤੀ ਗਈ ਲਿਪੀ ਤੋਂ ਪ੍ਰਤੀਤ ਹੁੰਦਾ ਹੈ ਕਿ ਇਹ ਸੰਮਤ 1750 ਤੋਂ ਬਾਅਦ ਦੀ ਰਚਨਾ ਹੈ ਅਤੇ ਕਰਮ ਸਿੰਘ ਜੀ ਨੇ ਇਸ ਨੂੰ ਬ੍ਰਾਹਮਣਵਾਦ ਤੋਂ ਪ੍ਰੇਰਿਤ 'ਕਪੋਲ ਕਲਪਨਾ' ਹੀ ਦੱਸਿਆ ਹੈ, ਇਸ ਤੋਂ ਇਲਾਵਾ ਕਈ ਹੋਰ ਸਿੱਖ ਚਿੰਤਕ ਅਤੇ ਵਿਦਵਾਨ ਪ੍ਰੋ. ਗੁਰਮੁਖ ਸਿੰਘ ਐਮ.ਏ., ਮੈਕਾਲਿਫ, ਡਾ: ਜਗਜੀਤ ਸਿੰਘ, ਡਾ: ਰਤਨ ਸਿੰਘ 'ਜੱਗੀ' ਆਦਿ ਨੇ ਇਸ 'ਜਨਮ ਸਾਖੀ' ਨੂੰ ਪ੍ਰਮਾਣਿਤ ਨਹੀਂ ਮੰਨਿਆ ਹੈ।

ਇਸ ਜਨਮਸਾਖੀ ਦਾ ਕਰਤਾ (ਕੁਝ ਵਿਦਵਾਨਾਂ ਅਨੁਸਾਰ) ਭਾਈ ਹਿੰਦਾਲ ਦਾ ਪੁੱਤਰ ਬਾਲ ਚੰਦ ਹੀ ਬਾਲਾ ਸੀ ਜਿਸ ਨੇ ਗੁਰੂ ਸਾਹਿਬਾਨ ਸੰਬੰਧੀ ਅਣ-ਇਤਿਹਾਸਕ ਤੱਥ ਵਰਤੇ ਹਨ।

ਇਸ ਤਰ੍ਹਾਂ ਉਪਰੋਕਤ ਰਚਨਾ ਵਿਚ ਗੁਰੂ ਜੀ ਨੂੰ ਜੰਞੂ ਧਾਰਨੀ ਦਰਸਾ ਕੇ ਬ੍ਰਾਹਮਣਵਾਦੀ ਰਹੁਰੀਤਾਂ ਵਿਚ ਗਲਤਾਨ ਦਰਸਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਪਰੰਤੂ ਗੁਰੂ ਜੀ ਵੱਲੋਂ ਉਚਾਰਨ ਕੀਤੀ ਗਈ ਧੁਰ ਕੀ ਬਾਣੀ ਅਜਿਹੇ ਕਰਮ-ਕਾਂਡ ਦੀ ਵਿਰੋਧਤਾ ਕਰਦੀ ਹੈ।

ਪ੍ਰਮਾਣੀਕ ਇਤਿਹਾਸਕ ਤੱਥਾਂ ਅਨੁਸਾਰ ਜਦੋਂ ਗੁਰੂ ਨਾਨਕ ਸਾਹਿਬ ਦਸ ਸਾਲ ਦੇ ਹੋਏ ਤਾਂ ਕੁਲ ਪਰੋਹਿਤ ਹਰਿਦਿਆਲ ਨੂੰ ਜੰਞੂ ਦੀ ਰਸਮ ਵਾਸਤੇ ਘਰ ਬੁਲਾਇਆ ਗਿਆ। ਦੇਵ ਪੂਜਾ, ਗ੍ਰਹਿ ਪੂਜਾ ਆਦਿ ਕਰਨ ਉਪਰੰਤ ਜਦੋਂ ਪੰਡਿਤ ਹਰਿਦਿਆਲ ਗੁਰੂ ਜੀ ਨੂੰ ਜੰਞੂ ਧਾਰਨ ਕਰਵਾਉਣ ਲੱਗਾ ਤਾਂ ਗੁਰੂ ਜੀ ਨੇ ਇਸ ਕਰਮ-ਕਾਂਡੀ ਰੀਤ ਦੇ ਚਿੰਨ੍ਹ ਜਨੇਊ ਨੂੰ ਪਹਿਨਣ ਤੋਂ ਇਨਕਾਰ ਕਰ ਦਿੱਤਾ ਅਤੇ ਮਨੁੱਖ ਪ੍ਰਭੂ ਪਿਆਰ ਅਤੇ ਸਦਾਚਾਰਕ ਗੁਣਾਂ ਦਾ ਜਨੇਊ ਧਾਰਨ ਕਰਨ ਦੀ ਤਾਕੀਦ ਕੀਤੀ। ਆਪ ਜੀ ਦੁਆਰਾ ਬੜਾ ਸੁੰਦਰ ਉਚਾਰਨ ਅੰਕਿਤ ਹੈ:

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥
ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ॥
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥

(ਸਲੋਕ ਮ: ੧, ਵਾਰ ਆਸਾ, ਪੰਨਾ ੪੭੧)
(ਗੁਰੂ ਗ੍ਰੰਥ ਸਾਹਿਬ)

ਸੋ ਗੁਰੂ ਪਾਤਸ਼ਾਹ ਜੀ ਦਾ ਫੁਰਮਾਨ ਕਿਸੇ ਪ੍ਰਕਾਰ ਦਾ ਸ਼ੰਕਾ ਨਹੀਂ ਰਹਿਣ ਦਿੰਦਾ ਕਿ ਗੁਰੂ ਜੀ ਦੇ ਅਜਿਹੀਆਂ ਕਰਮ-ਕਾਂਡੀ ਰਸਮਾਂ ਪ੍ਰਤੀ ਕੀ ਵਿਚਾਰ ਸਨ।

ਗੁਰੂ ਇਤਿਹਾਸ ਨੂੰ ਵਿਗਾੜਨ ਅਤੇ ਗੁਰੂ ਜੀ ਨੂੰ ਬ੍ਰਾਹਮਣਵਾਦੀ ਕਰਮ-ਕਾਂਡ ਦਾ ਸੂਚਕ ਬਣਾਉਣ ਲਈ ਇਕ ਹੋਰ ਅਜਿਹੀ ਕੋਸ਼ਿਸ਼ 'ਗੁਰ ਬਿਲਾਸ ਪਾਤ: 10' (ਕ੍ਰਿਤ ਸੁੱਖਾ ਸਿੰਘ)[4] ਵਿਚ ਕੀਤੀ ਗਈ ਹੈ ਜਿਸ ਦਾ ਰਚਨਾ ਕਾਲ 1854 ਈ: ਹੈ। ਇਸ ਵਿਚ ਇਸ ਕਵੀ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਜਨੇਊ ਦਾ ਧਾਰਨੀ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ। ਗੁਰ ਬਿਲਾਸ ਦੇ 'ਅਧਿਆਇ ਪੰਜ' ਵਿਚ ਇਹ ਲੇਖਕ ਲਿਖਦਾ ਹੈ ਕਿ ਜਦੋਂ ਗੁਰੂ ਗੋਬਿੰਦ ਸਿੰਘ ਬਾਲ ਅਵਸਥਾ ਵਿਚ ਸਨ ਤਾਂ ਕੁਲ ਪਰੋਹਿਤ ਨੂੰ ਜੰਞੂ ਦੀ ਰਸਮ ਵਾਸਤੇ ਬੁਲਾਇਆ ਗਿਆ :

ਬੰਸ ਪੁਰੋਹਿਤ ਤਬ ਚਲ ਆਯੋ।
ਜੰਞੂ ਕਰਿ ਨਿਜ ਅਧਿਕ ਲਿਆਇਓ।
ਯਾਕੋ ਕਹਿ ਨਿਜ ਨੇਹੁ ਛਕਾਈ*।
ਜਾਤੇ ਹੋਇ ਤੇਜ ਅਧਿਕਾਈ। ੧੯੨।

(*ਧਾਰਨ ਕਰੋ)

ਪਰੰਤੂ ਬਾਲ ਗੁਰੂ ਗੋਬਿੰਦ ਸਿੰਘ ਨੇ ਜਨੇਊ ਧਾਰਨ ਕਰਨ ਤੋਂ ਇਨਕਾਰ ਕਰ ਦਿੱਤਾ ਕਿ ਮੈਂ ਅਜਿਹੇ ਕਰਮ-ਕਾਂਡਾਂ ਦਾ ਵਿਸ਼ਵਾਸੀ ਨਹੀਂ ਹਾਂ:

ਹਮਨੈ ਜੰਬੂ ਸ੍ਰੀ ਅਸਿ* ਪਾਯੋ।
ਰੈਨ ਦਿਨਾ ਤਾਂ ਜੋ ਚਿਤ ਆਯੋ॥ ੧੮੪॥

(*ਕਿਰਪਾਨ)

ਵਹ ਹਮਰੋ ਰਛਕ ਭਗਵਾਨਾ।
ਤਾਂ ਬਿਨ ਅਵਰ ਨ ਮਨ ਮੈ ਆਨਾ। ੧੮੬।

ਗੁਰੂ ਜੀ ਦਾ ਇਨਕਾਰ ਸੁਣ ਕੇ ਫਿਰ ਪੰਡਿਤ ਜੀ ਨੇ ਮਾਤਾ ਗੁਜਰੀ ਜੀ ਨੂੰ ਬੁਲਾਇਆ ਅਤੇ ਦੁਬਾਰਾ ਬੇਨਤੀ ਕੀਤੀ:

ਪੁਨ ਦਿਜ ਕਹੀ ਮਾਨ ਬਚ ਲੀਜੈ।
ਜੋ ਕਛੁ ਗੁਰ ਭਾਖੀ ਸੋਊ ਕੀਜੈ॥

ਗੁਰੂ ਦੇਵ ਮਹਾਰਾਜ ਨੇ ਪੰਡਿਤ ਜੀ ਨੂੰ ਆਪਣੇ ਦੁਆਰਾ ਪ੍ਰਭਾਵਿਤ ਕਰਕੇ ਜਨੇਊ ਧਾਰਨ ਤੋਂ ਜਦੋਂ ਇਨਕਾਰ ਕਰ ਦਿੱਤਾ ਤਾਂ ਕਵੀ ਅਨੁਸਾਰ ਮਾਤਾ ਗੁਜਰੀ ਜੀ ਨੇ ਬਾਲ ਗੋਬਿੰਦ ਰਾਏ ਨੂੰ ਜਨੇਊ ਧਾਰਨ ਕਰਨ ਦੀ ਬੇਨਤੀ ਕੀਤੀ, ਕਿ ਜਦੋਂ ਤਕ ਤੁਸੀਂ ਖ਼ਾਲਸਾ ਪੰਥ ਦੀ ਰਚਨਾ ਨਹੀਂ ਕਰਦੇ ਤਦ ਤਕ ਜਨੇਊ ਧਾਰਨ ਜ਼ਰੂਰ ਕਰ ਲਵੋ:

ਮਾਤਾ ਤਾ ਕਹੁ ਦੂਖਤ ਨਿਹਾਰੀ।
ਹਾਥ ਜੋ ਇਹ ਬਾਤ ਉਚਾਰੀ।
ਜਬ ਤੁਮ ਪੰਥ ਖ਼ਾਲਸਾ ਕੀਜੈ।
ਸਭ ਕੋ ਤੋਰ ਜਨੇਊ ਦੀਜੈ।
ਅੰਮ੍ਰਿਤ ਜਬ ਲਗ ਛਕੋ ਨ ਦਯਾਲਾ*।
ਤਬ ਲਗ ਮਾਨ ਲੈਹੁ ਦਿਹਰਾਲਾ**।

(*ਕ੍ਰਿਪਾਲੂ) (**ਜਲਦੀ)

ਮਾਤਾ ਜੀ ਦੇ ਬੇਨਤੀ ਕਰਨ ਉਪਰੰਤ, ਬਾਲ ਗੋਬਿੰਦ ਰਾਏ ਜੀ ਨੇ ਜਨੇਊ ਧਾਰਨ ਕਰਨਾ ਸਵੀਕਾਰ ਕਰ ਲਿਆ। ਵੈਦਿਕ ਰਹੁ-ਰੀਤਾਂ ਅਨੁਸਾਰ ਗੁਰੂ ਗੋਬਿੰਦ ਰਾਏ ਨੂੰ ਜਨੇਊ ਧਾਰਨ ਕਰਵਾਇਆ ਗਿਆ। ਕਵੀ ਅਨੁਸਾਰ ਸਾਰੇ ਪਾਸੇ ਖ਼ੁਸ਼ੀ ਦੀ ਲਹਿਰ ਦੌੜ ਗਈ:

ਹਾਥ ਜੋ ਜਬ ਸਬਨ ਸੁਨਾਯੋ।
ਪਾਹੁਲ ਲਗ ਤਬ ਕੰਠ ਪਵਾਯੋ।

(*ਬ੍ਰਹਮਣ) (ਅਧਿਆਇ: ਪੰਜਵਾਂ)

ਗੁਰੂ ਪਾਤਸ਼ਾਹ ਨੂੰ ਜਨੇਊ ਧਾਰਨ ਕਰਨ ਦੀ ਕਪੋਲ ਕਲਪਨਾ ਦੇ ਰਚਨਹਾਰੇ ਇਸ ਕਵੀ ਬਾਰੇ ਕੋਈ ਬਹੁਤੀ ਸਮੱਗਰੀ ਮੌਜੂਦ ਨਹੀਂ ਹੈ। ਪਰੰਤੂ ਵੱਖ-ਵੱਖ ਤੱਥਾਂ ਅਤੇ ਸੋਮਿਆਂ, ਇਸ ਦੀ ਰਚਨਾ ਅਤੇ ਵਿਸ਼ਵਾਸ ਅਨੁਸਾਰ ਜਿਸ ਸਿੱਟੇ 'ਤੇ ਪਹੁੰਚਾਇਆ ਜਾ ਸਕਦਾ ਹੈ ਉਹ ਇਹ ਹੈ ਕਿ

ਇਹ ਕਵੀ ਵੀ ਕੱਟੜ ਬ੍ਰਾਹਮਣ ਸੀ।

ਇਸ ਕਵੀ ਦਾ ਜਨਮ 1825 ਬਿਕਰਮੀ ਵਿਚ ਇਕ ਬ੍ਰਾਹਮਣ ਪਰਿਵਾਰ ਵਿਚ ਹੋਇਆ। ਛੋਟੀ ਅਵਸਥਾ ਵਿਚ ਹੀ ਇਸ ਦੇ ਮਾਤਾ-ਪਿਤਾ ਦਾ ਦਿਹਾਂਤ ਹੋ ਗਿਆ। ਇਹ ਆਪਣੇ ਵੱਡੇ ਭਰਾ ਨਾਲ ਤੀਰਥ ਯਾਤਰਾ 'ਤੇ ਗਿਆ। 'ਨਾਨਕ ਮਤੇ' ਵਿਖੇ ਇਸ ਦੇ ਭਰਾ ਦੀ ਮੌਤ ਹੋ ਗਈ। ਇਸ ਦੇ ਲਫ਼ਜ਼ਾਂ ਵਿਚ:

*ਨਾਨਕ ਮਤੇ ਸੁ ਆਇ ਕਰ ਤਿਨਹੁ ਤਜੇ ਪ੍ਰਾਨ॥ ੨੮॥* (ਅਧਿਆਇ: ਪਹਿਲਾ)

ਆਪਣੇ ਭਰਾ ਦੀ ਮ੍ਰਿਤੂ ਉਪਰੰਤ ਇਹ ਕਵੀ ਪਟਨਾ ਸਾਹਿਬ ਆ ਗਿਆ। ਪਟਨਾ ਸਾਹਿਬ ਵਿਖੇ ਇਹ ਤਕਰੀਬਨ 21 ਮਹੀਨੇ ਰਿਹਾ। ਪਟਨੇ ਤੋਂ ਇਹ ਸ੍ਰੀ ਕੇਸਗੜ੍ਹ ਆ ਗਿਆ। ਇਥੇ ਆ ਕੇ ਇਸ ਨੇ ਸੰਮਤ 1854 ਬਿ: ਨੂੰ 'ਗੁਰਬਿਲਾਸ ਪਾਤ: 10' ਦੀ ਰਚਨਾ ਕੀਤੀ। ਸੰਮਤ 1895 ਬਿ: ਨੂੰ ਇਸ ਦਾ ਦਿਹਾਂਤ ਹੋ ਗਿਆ। ਆਪਣੀ ਰਚਨਾ ਤੋਂ ਇਹ ਕਵੀ ਪੂਰਨ ਤੌਰ 'ਤੇ ਗਊ ਭਗਤ ਅਤੇ ਦੇਵੀ-ਦੇਵਤਿਆਂ ਦਾ ਉਪਾਸ਼ਕ ਪ੍ਰਤੀਤ ਹੁੰਦਾ ਹੈ। ਇਸ ਦੀ ਪੂਰੀ ਰਚਨਾ ਵਿਚ ਹੀ ਤਕਰੀਬਨ ਬ੍ਰਾਹਮਣਵਾਦੀ ਕਰਮ-ਕਾਂਡ, ਜਿਵੇਂ ਗਊ ਪੂਜਾ, ਜਨੇਊ ਦੀ ਰਸਮ ਭਾਰੂ ਹਨ:

*੧) ਦੇਵੀ ਸੁ ਪੂਜ ਕੀ ਕਥਾ ਨੀਕ।*
*ਸਭ ਕਹੌ ਹਮ ਕੋ ਸੁ ਠੀਕ।*
*ਜਿਮ ਹੋਈ ਕਾਲੀ ਪ੍ਰਤੱਛ।*
*ਸਭ ਕਹੋ ਕਥਾ ਤਾਕੀ ਸਵੱਛ।*
*੨) ਤੁਮੀ ਮੁੰਡ ਕਾਲੀ।*
*ਦਿਪੈ ਜੋਤ ਜਵਾਲੀ।*
*ਕਰੋ ਪੂਰ ਇਛਾ। ਹਨੂ ਜੂ ਮਲੇਸ਼ਾ॥* (ਅਧਿਆਇ 1)

ਗੁਰੂ ਨਾਨਕ ਸਾਹਿਬ ਨੂੰ ਜੰਞੂ ਦੇ ਧਾਰਨੀ ਦਰਸਾਉਣਾ, ਗੁਰੂ ਗੋਬਿੰਦ ਸਿੰਘ ਜੀ ਨੂੰ ਜਨੇਊ ਧਾਰਨ ਕਰਨਾ ਅਤੇ ਹੁਣ ਅਜੋਕੀਆਂ ਲਿਖਤਾਂ ਬੈਨਰਾਂ ਉਪਰ ਗੁਰੂ ਤੇਗ ਬਹਾਦਰ ਸਾਹਿਬ ਨੂੰ ਹਿੰਦੂ ਧਰਮੀ ਦਰਸਾਉਣਾ ਇਨ੍ਹਾਂ ਹਿੰਦੂਤਵ ਦੇ ਮੁਦੱਈ ਦਿਮਾਗਾਂ ਦੀ ਉਪਜ ਹੈ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣੇ ਪਿਤਾ ਗੁਰੂ ਦੇਵ ਜੀ ਦੀ ਸ਼ਹਾਦਤ ਸੰਬੰਧੀ ਆਪਣੀ ਲਿਖਤ ਵਿਚ ਦਰਜ ਕੀਤਾ ਹੈ ਕਿ ਗੁਰੂ ਦੇਵ ਪਿਤਾ ਨੇ ਤਿਲਕ ਜੰਞੂ ਦੀ ਰੱਖਿਆ ਵਾਸਤੇ ਬਲੀਦਾਨ ਦਿੱਤਾ:

*ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥*
*ਕੀਨੋ ਬਡੋ ਕਲੂ ਮਹਿ ਸਾਕਾ॥*
*ਸਾਧਨ ਹੇਤਿ ਇਤੀ ਜਿਨਿ ਕਰੀ॥*
*ਸੀਸ ਦੀਆ, ਪਰ ਸੀ ਨ ਉਚਰੀ॥*

(ਬਚਿਤ੍ਰ ਨਾਟਕ)

ਗੁਰੂ ਪਾਤਸ਼ਾਹ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਹੈ ਕਿ ਪਿਤਾ ਗੁਰੂ ਨੇ ਉਹਨਾਂ ਦੇ (ਤਾ ਕਾ) ਤਿਲਕ, ਜਨੇਊ ਦੀ ਰੱਖਿਆ ਹੇਤ ਕੁਰਬਾਨੀ ਦਿੱਤੀ ਹੈ। 'ਤਾ ਕਾ' ਤੋਂ ਭਾਵ 'ਉਹਨਾਂ ਦਾ' ਹੈ; ਉਹਨਾਂ ਦੇ ਤਿਲਕ ਜੰਞੂ ਦੀ ਰੱਖਿਆ ਲਈ (ਆਪਣੇ ਲਈ ਨਹੀਂ)। ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਮਹਾਰਾਜ ਤਕ ਕਿਸੇ ਵੀ ਗੁਰੂ ਸਾਹਿਬਾਨ ਨੇ ਜਨੇਊ, ਟਿੱਕਾ, ਧੋਤੀ ਆਦਿ ਧਾਰਨ ਨਹੀਂ ਕੀਤੀ ਸਗੋਂ ਖ਼ਾਲਸਾ ਪੰਥ ਨੂੰ ਅਜਿਹੇ ਕਰਮ-ਕਾਂਡਾਂ ਤੋਂ ਮੁਕਤ ਕਰਕੇ ਭਰਮ-ਗੜ੍ਹ ਤੋੜਿਆ ਹੈ, 'ਬਿਪਰਨ ਕੀ ਰੀਤ' ਤੋਂ ਹਟਾ ਕੇ ਅਣਖ ਤੇ ਸੱਚ ਦਾ ਧਾਰਨੀ ਬਣਾਇਆ ਹੈ।

'ਦਬਸਤਾਨਿ ਮਜ਼ਾਹਿਬ' ਦਾ ਕਰਤਾ ਮੋਹਸਿਨ ਫ਼ਾਨੀ ਲਿਖਦਾ ਹੈ ਕਿ ਗੁਰੂ ਨਾਨਕ ਪੰਥੀ ਕਿਸੇ ਵੀ ਬ੍ਰਾਹਮਣਵਾਦੀ, ਕਰਮ-ਕਾਂਡ, ਜਿਵੇਂ ਬੁੱਤਪ੍ਰਸਤੀ, ਦੇਵ ਪੂਜਾ, ਆਦਿ ਵਿਚ ਯਕੀਨ ਨਹੀਂ ਰੱਖਦੇ ਹਨ।

'ਭੱਟ ਵਹੀਆਂ' ਜੋ ਕਿ ਪ੍ਰਮਾਣਿਤ ਇਤਿਹਾਸਕ ਤੱਥਾਂ ਨੂੰ ਦ੍ਰਿਸ਼ਟੀ-ਗੋਚਰ ਕਰਦੀਆਂ ਹਨ, ਉਹਨਾਂ ਵਿਚ ਅਜਿਹੀਆਂ ਰਸਮਾਂ ਸੰਬੰਧੀ ਸੰਪੂਰਨ ਸਪੱਸ਼ਟਤਾ ਹੈ। ਇਕ ਪੁਰਾਤਨ ਭੱਟ ਵਹੀ ਅਨੁਸਾਰ:- ''ਗੁਰੂ ਗੋਬਿੰਦ ਸਿੰਘ ਜੀ ਮਹਲ ਦਸਮਾ....ਬੇਟਾ ਤੇਗ ਬਹਾਦਰ ਜੀ ਕਾ ਸਾਲ ਸਤ੍ਰਾ ਸੈ ਪਚਾਵਨ ਮੰਗਲਵਾਰ ਬੈਸਾਖੀ ਕੇ ਦਿਹੁੰ ਪਾਂਚ ਸਿਖੋ ਕੋ ਖਾਂਡੇ ਕੀ ਪਾਹੁਲ ਦੀ, ਨਾਮ ਸਿੰਘ ਰਖਾ।''

ਹੁੱਕਾ, ਹਲਾਲ, ਹਜਾਮਤ, ਹਰਾਮ, ਟਿੱਕਾ, ਜੰਞੂ, ਧੋਤੀ ਕਾ ਤਿਆਗ ਕਰਵਾਇਆ, ਮੀਣੇ ਧੀਰਮੱਲੀਏ, ਰਾਮਰਾਈਏ, ਸਿਰ ਗੁੰਮੇ, ਮਸੰਦੇ ਕੀ ਵਰਤਣ ਬੰਦ ਕੀ। ਕੰਘਾ, ਕਰਦ, ਕੇਸਕੀ, ਕੜਾ, ਕਛਹਿਰਾ-ਸਭ ਕੋ ਦੀਆ, ਸਭ ਕੇਸਧਾਰੀ ਹੁੰਦੇ, ਸਭ ਕਾ ਜਨਮ ਪਟਨਾ, ਬਾਸੀ ਅਨੰਦਪੁਰ ਬਤਾਈ।

*''ਆਗੈ ਗੁਰੂ ਕੀ ਗਤਿ ਗੁਰੂ ਜਾਣੈ। ਗੁਰੂ ਗੁਰੂ ਜਪਣਾ ਹਰ ਥਾਈ ਸਹਾਈ ਹੋਗੁ॥''*

(ਭੱਟ ਵਹੀ ਮੁਲਤਾਨੀ ਸਿੰਧੀ, ਪਰਗਣਾ ਥਾਨੇਸਰ)

ਕਸ਼ਮੀਰੀ ਬ੍ਰਾਹਮਣਾਂ ਦੇ ਅਨੰਦਪੁਰ ਆਉਣ ਅਤੇ ਹਿੰਦੂ ਧਰਮ ਨੂੰ ਬਚਾਉਣ ਲਈ ਗੁਰੂ ਪਾਤਸ਼ਾਹ ਸਨਮੁਖ ਕੀਤੀਆਂ ਅਰਜ਼ਾਂ ਨੂੰ ਸੇਵਾ ਸਿੰਘ (ਕਰਤਾ ਸ਼ਹੀਦ ਬਿਲਾਸ) ਨੇ ਬੜਾ ਸੁੰਦਰ ਅੰਕਿਤ ਕੀਤਾ ਹੈ :

*ਹਾਥ ਜੋਰ ਕਹਯੋ ਕ੍ਰਿਪਾ ਰਾਮ।*
*ਦੱਤ ਬ੍ਰਾਹਮਣ ਮਟਨ ਗ੍ਰਾਮ।*
*ਹਮਰੋ ਬਲ ਅਬ ਰਹਯੋ ਨਹਿ ਕਾਈ।*
*ਹੇ ਗੁਰ ਤੇਗ ਬਹਾਦਰ ਰਾਈ।*
*ਗਜ ਬੰਧਨ ਕੇ ਕਾਟਨ ਹਾਰੇ।*
*ਤੁਮ ਗੁਰ ਨਾਨਕ ਹੈਂ ਅਵਤਾਰੇ।*
*ਜਿਸ ਦ੍ਰੋਪਤੀ ਰਾਖੀ ਲਾਜ।*

ਦੀਯੋ ਸਵਾਰ ਸੁਦਾਮੇ ਕਾਜ।
ਫਿਰਤ ਫਿਰਤ ਪ੍ਰਭ ਆਏ ਬਾਰੇ।
ਬਾਕ ਪਰੇ ਹਉਂ ਤਉਂ ਦਰਬਾਰੇ।
ਸੇਵਾ ਹਰੀ ਇਮ ਅਰਜ਼ ਗੁਜਾਰੀ।
ਤੁਮ ਕਲਿਯੁਗ ਕੇ ਕ੍ਰਿਸ਼ਨ ਮੁਰਾਰੀ।

(ਸ਼ਹੀਦ ਬਿਲਾਸ, ਪੰਨਾ ੬੦)

ਕਸ਼ਮੀਰੀ ਬ੍ਰਾਹਮਣਾਂ ਦੇ ਇਵੇਂ ਬੇਨਤੀ ਕਰਨ ਉਪਰੰਤ ਗੁਰੂ ਪਾਤਸ਼ਾਹ ਹਿੰਦੂ ਧਰਮ ਦੀ ਰੱਖਿਆ ਖਾਤਰ ਬਲੀਦਾਨ ਦੇਣ ਲਈ ਤਿਆਰ ਹੋਏ, ਗੋਬਿੰਦ ਰਾਏ ਨੂੰ ਗੁਰਗੱਦੀ ਬਖਸ਼ੀ ਅਤੇ ਸੰਗਤ ਨੂੰ ਕਿਹਾ:

''ਅਸਾਂ ਹੁਣ ਇਥੇ ਆਏ ਫਰਿਆਦੀ ਕਸ਼ਮੀਰੀ ਬ੍ਰਾਹਮਣੋਂ ਕੀ ਖਾਤਰ ਦਿਹਲੀ ਜਾਵੇਂਗੇ।''

(ਗੁਰੂ ਕੀਆਂ ਸਾਖੀਆਂ ਕ੍ਰਿਤ ਸਰੂਪ ਸਿੰਘ ਕੌਸ਼ਿਸ਼, ਪੰਨਾ ੭੯)

ਸੋ ਉਪਰੋਕਤ ਪ੍ਰਮਾਣ ਅਤੇ ਇਤਿਹਾਸਕ ਤੱਥ ਸਪੱਸ਼ਟ ਕਰਦੇ ਹਨ ਕਿ ਗੁਰੂ ਪਾਤਸ਼ਾਹ ਵੱਲੋਂ ਦਿੱਤਾ ਗਿਆ ਇਹ ਬਲੀਦਾਨ ਦੁਨੀਆਂ ਦੇ ਇਤਿਹਾਸ ਅੰਦਰ ਵਿਲੱਖਣ ਅਤੇ ਸਰਵਉੱਚ ਸਥਾਨ ਰੱਖਦਾ ਹੈ ਕਿ ਕਿਸੇ ਧਰਮ ਦੇ ਰਹਿਬਰ ਨੇ ਕਿਸੇ ਦੂਸਰੇ ਵੱਖਰੇ ਧਰਮ ਖਾਤਰ ਆਪਣਾ ਸੀਸ ਭੇਂਟ ਕੀਤਾ।

ਗੁਰ ਪਾਤਸ਼ਾਹ ਸੰਬੰਧੀ, ਗੁਰ ਇਤਿਹਾਸ ਸੰਬੰਧੀ ਅਜਿਹੀਆਂ ਗ਼ੈਰ ਪ੍ਰਮਾਣਿਤ ਦਲੀਲਾਂ ਪੇਸ਼ ਕਰਨ ਵਾਲੇ ਇਹ ਅਖੌਤੀ ਵਿਦਵਾਨ ਜਿਥੇ ਆਪਣੀ ਅਹਿਸਾਨ ਫਰਾਮੋਸ਼ਤਾ ਦਾ ਪ੍ਰਦਰਸ਼ਨ ਕਰ ਰਹੇ ਹਨ ਉਥੇ ਨਾਲ ਹੀ ਉਹ ਦੇਸ਼ ਦੀ ਏਕਤਾ ਅਖੰਡਤਾ ਨੂੰ ਵੀ ਤਬਾਹੀ ਦੇ ਕੰਢੇ 'ਤੇ ਲਿਆ ਕੇ ਖੜਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਲੋੜ ਹੈ, ਬਿਪਰਨ ਕੀ ਰੀਤ ਨੂੰ ਤਿਆਗ ਕੇ ਗੁਰੂ ਦੀ ਪ੍ਰਤੀਤ ਹਾਸਲ ਕਰਨ ਦੀ, ਆਪਣੀ ਨਿਆਰੀ ਹਸਤੀ ਨੂੰ ਗੁਰੂ-ਆਸ਼ੇ ਅਨੁਸਾਰ ਵਿਲੱਖਣ ਦਰਸਾਉਣ ਦੀ ਅਤੇ ਗੁਰੂ ਦੀ ਕ੍ਰਿਪਾ ਦੇ ਪਾਤਰ ਬਣਨ ਦੀ-

ਜਬ ਲਗ ਖ਼ਾਲਸਾ ਰਹੇ ਨਿਆਰਾ॥
ਤਬ ਲਗ ਤੇਜ ਦੀਉ ਮੈਂ ਸਾਰਾ॥

ਬਿਪਰਵਾਦੀ ਰੀਤ ਅਨੁਸਾਰ ਅੱਠਵੇਂ ਜਾਂ ਦਸਵੇਂ ਸਾਲ ਤੱਕ ਬੱਚੇ ਦਾ ਜਨੇਊ ਸੰਸਕਾਰ ਜ਼ਰੂਰ ਕਰਨਾ ਚਾਹੀਦਾ ਹੈ। ਬਿਪਰਨ ਰੀਤੀ ਅਨੁਸਾਰ ਜ਼ਾਤੀ ਪ੍ਰਥਾ ਨੂੰ ਲੈ ਕੇ ਵੱਖ-ਵੱਖ ਜ਼ਾਤੀਆਂ ਦਾ ਜਨੇਊ ਵੀ ਅਲੱਗ-ਅਲੱਗ ਕਿਸਮਾਂ ਦਾ ਹੁੰਦਾ ਹੈ। ਬ੍ਰਾਹਮਣ ਦੇ ਜਨੇਊ ਦਾ ਧਾਗਾ ਮੇਖਲਾ ਦਾ ਤਿੰਨ ਲੜਾਂ ਦਾ ਹੁੰਦਾ ਹੈ, ਖੱਤਰੀ ਦਾ ਮੁੰਜ ਦਾ ਦੋ ਲੜਾਂ ਦਾ। ਮੰਨੂ ਸਿਮਰਤੀ ਅਨੁਸਾਰ ਬ੍ਰਾਹਮਣ ਦਾ ਜਨੇਊ ਕਪਾਹ ਦਾ, ਖੱਤਰੀ ਦਾ ਸਣ ਦਾ ਅਤੇ ਵੈਸ਼ ਦਾ ਉੱਨ ਦਾ ਹੋਣਾ ਚਾਹੀਦਾ ਹੈ।

ਜਿਹੜਾ ਬ੍ਰਾਹਮਣ ਮੰਤਰਾਂ ਦਾ ਉਚਾਰਣ ਕਰਕੇ ਜਨੇਊ ਧਾਰਨ ਕਰਵਾਉਂਦਾ ਹੈ ਉਸ ਨੂੰ

'ਅਚਾਰਜ' ਆਖਦੇ ਹਨ। ਜਿਹੜਾ ਕੇਵਲ ਆਪਣੀ ਰੋਜ਼ੀ-ਰੋਟੀ ਵਾਸਤੇ ਵੇਦ-ਮੰਤਰਾਂ ਆਦਿ ਦਾ ਉਚਾਰਨ ਕਰਦਾ ਹੈ ਉਸ ਨੂੰ 'ਉਪਾਧਿਆ' ਆਖਦੇ ਹਨ। ਗਰਭਧਾਰਨ ਆਦਿ ਸੰਸਕਾਰਾਂ ਨੂੰ ਸ਼ਾਸਤਰ ਰੀਤੀ ਅਨੁਸਾਰ ਕਰਵਾਉਣ ਵਾਲੇ ਬ੍ਰਾਹਮਣ ਨੂੰ 'ਗੁਰੂ' ਮੰਨਿਆ ਜਾਂਦਾ ਹੈ ਅਤੇ ਜਿਹੜਾ ਅਗਨੀ ਹੋਤ੍ਰ ਆਦਿ ਕਰਮਾਂ ਨੂੰ ਕਰਦਾ ਹੈ ਉਸ ਨੂੰ 'ਰੁਤਜ' ਆਖਦੇ ਹਨ। ਬਿਪਰਨਰੀਤੀ ਅਨੁਸਾਰ ਬਿਨਾਂ ਜਨੇਊ ਤੋਂ ਪੁਰਸ਼ ਕਿਸੇ ਕਾਰਜ ਦਾ ਅਧਿਕਾਰੀ ਨਹੀਂ ਹੈ। ਬਿਨਾਂ ਜਨੇਊ ਤੋਂ ਛੋਟਾ ਬਾਲਕ ਜੋ ਬ੍ਰਾਹਮਣ ਹੋਵੇ ਉਹ ਸਰਾਧ ਦਾ ਅਧਿਕਾਰੀ ਤਾਂ ਹੈ ਪਰੰਤੂ ਉਸ ਦਾ ਦਰਜਾ ਸ਼ੂਦਰ ਦੇ ਸਮਾਨ ਹੈ, ਕਿਉਂਕਿ ਸ਼ੂਦਰ ਨੂੰ ਜਨੇਊ ਪਾਉਣ ਦਾ ਅਧਿਕਾਰ ਨਹੀਂ ਹੈ।

ਗੁਰਬਾਣੀ ਵਿਚ ਇਸ ਸੰਸਕਾਰ ਦਾ ਪੂਰਨ ਤੌਰ ਤੇ ਖੰਡਨ ਕੀਤਾ ਹੈ:

*ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ॥*
*ਲਖ ਠਗੀਆ ਪਹਿਨਾਮੀਆ ਰਾਤਿ ਦਿਨਸੁ ਜੀਅ ਨਾਲਿ॥*
*ਤਗੁ ਕਪਾਹਹੁ ਕਤੀਐ ਬਾਮ੍ਹਣੁ ਵਟੇ ਆਇ॥*
*ਕੁਹਿ ਬਕਰਾ ਰਿੰਨ੍ਹਿ ਖਾਇਆ ਸਭੁ ਕੋ ਆਖੈ ਪਾਇ॥*
*ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ॥*
*ਨਾਨਕ ਤਗੁ ਨ ਤੁਟਈ ਜੇ ਤਗਿ ਹੋਵੈ ਜੋਰੁ॥*

(ਵਾਰ ਆਸਾ, ਮਹਲਾ ੧, ਪੰਨਾ ੪੭੧)

*ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ॥*
*ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ॥ ੩॥*
*ਤਗੁ ਨ ਇੰਦ੍ਰੀ ਤਗੁ ਨ ਨਾਰੀ॥ ਭਲਕੇ ਥੁਕ ਪਵੈ ਨਿਤ ਦਾੜੀ॥*
*ਤਗੁ ਨ ਪੈਰੀ ਤਗੁ ਨ ਹਥੀ॥ ਤਗੁ ਨ ਜਿਹਵਾ ਤਗੁ ਨ ਅਖੀ॥*
*ਵੇਤਗਾ ਆਪੇ ਵਤੈ॥ ਵਟਿ ਧਾਗੇ ਅਵਰਾ ਘਤੈ॥*
*ਲੈ ਭਾੜਿ ਕਰੇ ਵੀਆਹੁ॥ ਕਢਿ ਕਾਗਲੁ ਦਸੇ ਰਾਹੁ॥*
*ਸੁਣਿ ਵੇਖਹੁ ਲੋਕਾ ਏਹੁ ਵਿਡਾਣੁ॥ ਮਨਿ ਅੰਧਾ ਨਾਉ ਸੁਜਾਣੁ॥ ੪॥*

(ਵਾਰ ਆਸਾ, ਪੰਨਾ ੪੭੧)

*ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥*
*ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥*
*ਨਾ ਏਹੁ ਤੁਟੈ ਨ ਮਲੁ ਲਗੈ ਨ ਏਹੁ ਜਲੈ ਨ ਜਾਇ॥*
*ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥*
*ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ॥*
*ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ॥*

ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ॥ ੧॥

(ਵਾਰ ਆਸਾ, ਪੰਨਾ ੪੭੧)

ਕਾਇਆ ਬ੍ਰਹਮਾ ਮਨੁ ਹੈ ਧੋਤੀ॥ ਗਿਆਨੁ ਜਨੇਊ ਧਿਆਨੁ ਕੁਸਪਾਤੀ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੫੫)

ਬਾਹਰਿ ਜਨੇਊ ਜਿਚਰੁ ਜੋਤਿ ਹੈ ਨਾਲਿ॥ ਧੋਤੀ ਟਿਕਾ ਨਾਮੁ ਸਮਾਲਿ॥
ਐਥੈ ਓਥੈ ਨਿਬਹੀ ਨਾਲਿ॥ ਵਿਣੁ ਨਾਵੈ ਹੋਰਿ ਕਰਮ ਨ ਭਾਲਿ॥ ੨॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੫੫)

ਹਿੰਦੂ ਕੈ ਘਰਿ ਹਿੰਦੂ ਆਵੈ॥ ਸੂਤੁ ਜਨੇਊ ਪੜਿ ਗਲਿ ਪਾਵੈ॥
ਸੂਤੁ ਪਾਇ ਕਰੇ ਬੁਰਿਆਈ॥ ਨਾਤਾ ਧੋਤਾ ਥਾਇ ਨ ਪਾਈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੫੧)

---

1. ਪ੍ਰਸਿੱਧ ਸਿੱਖ ਬੀਬੀਆਂ, ਪੰਨਾ 53, ਸੰਸਕਣ 1991
   ਲੇਖਕ: ਸਿਮਰਨ ਕੌਰ, ਪ੍ਰਕਾਸ਼ਕ : ਸਿੰਘ ਬ੍ਰਦਰਜ਼ ਅੰਮ੍ਰਿਤਸਰ
2. ਸਿੱਖ ਇਤਿਹਾਸ ਮੇ ਰਾਮ ਜਨਮ ਭੂਮੀ, ਪੰਨਾ 68, 69
   ਲੇਖਕ: ਰਾਜਿੰਦਰ ਸਿੰਘ, ਪ੍ਰਕਾਸ਼ਕ : ਭਾਰਤ-ਭਾਰਤੀ ਨਵੀਂ ਦਿੱਲੀ
3. ਕੱਤਕ ਕਿ ਵਿਸਾਖ
   ਲੇਖਕ: ਸ: ਕਰਮ ਸਿੰਘ ਹਿਸਟੋਰੀਅਨ
4. ਗੁਰਬਿਲਾਸ ਪਾਤ, 20
   ਲੇਖਕ: ਸੁੱਖਾ ਸਿੰਘ, ਸੰਪਾਦਕ: ਡਾ: ਗੁਰਸ਼ਰਨ ਕੌਰ ਜੱਗੀ, ਪ੍ਰਕਾਸ਼ਕ : ਭਾਸ਼ਾ ਵਿਭਾਗ ਪੰਜਾਬ

# ਕੀ ਗੁਰੂ ਨਾਨਕ ਸਾਹਿਬ ਨੇ ਆਪਣੇ ਪਿਤਾ ਦੇ ਸ਼ਰਾਧ ਕੀਤੇ ?

ਰਾਸ਼ਟਰੀ ਸੋਇਮ ਸੇਵਕ ਸੰਘ ਵਲੋਂ ਪ੍ਰਕਾਸ਼ਿਤ ਇਕ ਛੋਟੀ ਜਿਹੀ ਚੋਵਰਕੀ 'ਪੰਜਾਬ ਦੀ ਵਰਤਮਾਨ ਸਥਿਤੀ ਤੇ ਸੰਘ ਦਾ ਦ੍ਰਿਸ਼ਟੀਕੋਣ' ਵਿੱਚ ਸਿੰਘ ਹਿੰਦੂ ਧਰਮ ਦਾ ਅੰਗ ਹਨ (Sikhs are the part and parcel of Hindu Society) ਦੇ ਸਿਰਲੇਖ ਹੇਠ ਲਿਖਿਆ ਹੈ :

"ਅੰਗਰੇਜ਼ ਲੇਖਕ ਟਰੰਪ ਨੇ ਗੁਰੂ ਨਾਨਕ ਦੇਵ ਦੇ ਜੋਤੀ ਜੋਤ ਸਮਾਉਣ ਦੀ ਘਟਨਾ ਇਸ ਪ੍ਰਕਾਰ ਲਿਖੀ ਹੈ, "ਇਕ ਦਿਨ ਗੁਰੂ ਜੀ ਨੇ ਆਪਣੇ ਆਪ ਹੀ ਗੋਬਰ ਦਾ ਲੇਪਨ ਕੀਤਾ ਅਤੇ ਉਸ ਉਪਰ ਬਿਸਤਰ ਲਗਾਇਆ, ਤਾਂ ਉਹਨਾਂ ਦੀ ਧਰਮ ਪਤਨੀ ਨੇ ਪੁਛਿਆ ਕਿ ਇਹ ਕੀ ਹੋ ਰਿਹਾ ਹੈ ? ਗੁਰੂ ਜੀ ਨੇ ਕਿਹਾ ਕਿ ਹੁਣ ਅਸੀਂ ਅਕਾਲ ਪੁਰਖ ਦੇ ਘਰ ਜਾਣਾ ਹੈ। ਇਸ ਤੇ ਮਾਤਾ ਜੀ ਨੇ ਤੁਰੰਤ ਕਿਹਾ ਕਿ ਕਲ੍ਹ ਤੁਹਾਡੇ ਪਿਤਾ (ਮਹਿਤਾ ਕਾਲੂ ਜੀ) ਜੀ ਦਾ ਸ਼ਰਾਧ ਹੈ। ਤਾਂ ਗੁਰੂ ਜੀ ਨੇ ਕਿਹਾ ਕਿ ਹੁਣ ਅਸੀਂ ਦੋ ਦਿਨ ਬਾਅਦ (ਅਕਾਲ ਪੁਰਖ ਦੇ ਦਰਬਾਰ) ਜਾਵਾਂਗੇ। ਫਿਰ ਇਸੇ ਤਰ੍ਹਾਂ ਹੀ ਹੋਇਆ।" (ਪੰਨਾ 1)

ਐਰਨਸਟ ਟਰੰਪ ਨੇ ਪੰਥ-ਵਿਰੋਧੀ ਬਿਪਰਵਾਦੀ ਧੜਿਆਂ ਦੇ ਹੱਥੀਂ ਚੜ੍ਹ ਕੇ ਜਿਸ ਤਰ੍ਹਾਂ ਆਪਣੀ ਪੁਸਤਕ ਵਿਚ ਗੁਰਮਤਿ ਵਿਚਾਰਧਾਰਾ ਦੀ ਤੋੜ ਮਰੋੜ ਕੀਤੀ, ਅਤੇ ਕਿਸ ਦੀ ਮਰਜ਼ੀ ਅਧੀਨ ਕੀਤੀ ਉਸ ਦਾ ਸਮੁੱਚਾ ਵੇਰਵਾ ਤਾਂ ਹੱਥਲੀ ਪੁਸਤਕ ਵਿੱਚ 'ਸੰਘ ਨੂੰ ਟਰੰਪ ਦੇ ਹਵਾਲੇ ਕਿਉਂ ਚੰਗੇ ਲਗਦੇ ਹਨ ?' ਦੇ ਸਿਰਲੇਖ ਅਧੀਨ ਦਿੱਤਾ ਜਾ ਚੁੱਕਾ ਹੈ। ਇਸ ਤਰ੍ਹਾਂ ਹੀ ਸਿੱਖ ਧਰਮ ਵਿੱਚ 'ਗਊ ਮਾਤਾ' ਜਾਂ ਗੋਬਰ ਦੀ ਅਹਿਮੀਅਤ ਬਾਰੇ ਵੀ ਵਿਸਤਰਿਤ ਜਾਣਕਾਰੀ ਦਿੱਤੀ ਜਾ ਚੁੱਕੀ ਹੈ। ਸ਼ਰਾਧ ਸ਼ਬਦ ਦੇ ਅਰਥ ਅਤੇ ਗੁਰਮਤਿ ਵਿਚਾਰਧਾਰਾ ਅਨੁਸਾਰ ਸ਼ਰਾਧਾਂ ਵਰਗੀਆਂ ਬਿਪਰਵਾਦੀ ਰਸਮਾਂ ਦੇ ਖੰਡਨ ਦਾ ਵਿਸਥਾਰ ਇਸ ਤਰ੍ਹਾਂ ਹੈ :

'ਸ਼ਰਾਧ' ਸ਼ਬਦ ਦਾ ਸੰਬੰਧ ਸੰਸਕ੍ਰਿਤ ਭਾਸ਼ਾ ਨਾਲ ਹੈ ਜਿਸ ਦਾ ਅਰਥ ਹੈ ਸ਼ਰਧਾ ਨਾਲ ਕੀਤਾ ਹੋਇਆ ਕਰਮ। ਅਰਥਾਤ ਪਿੱਤਰਾਂ (ਮਰ ਚੁੱਕੇ ਵਡੇਰਿਆਂ) ਵਾਸਤੇ ਸ਼ਰਧਾ ਨਾਲ ਕੀਤਾ ਹੋਇਆ ਅੰਨ, ਪਾਣੀ, ਵਸਤਰ ਆਦਿ ਦਾ ਦਾਨ। ਹਿੰਦੂ ਧਰਮ ਵਿੱਚ ਸ਼ਰਾਧਾਂ ਦੀਆਂ ਚਾਰ ਕਿਸਮਾਂ ਹਨ :-

1. ਨਿਤਯ ਸ਼ਰਾਧ:- ਰੋਜ਼ਾਨਾ ਹੀ ਪਿੱਤਰਾਂ ਆਦਿ ਨੂੰ ਜਲ, ਅੰਨ, ਆਦਿਕ ਦਾਨ ਕਰਨਾ।

2. ਪਾਰਵਣ :- ਜੋ ਮੱਸਿਆ ਜਾਂ ਹੋਰ ਕਿਸੇ ਦਿਨ ਤਿਉਹਾਰ ਤੇ ਪਿੱਤਰਾਂ ਨਮਿਤ ਅੰਨ ਜਲ ਆਦਿਕ ਦਾ ਦਾਨ ਦਿੱਤਾ ਜਾਂਦਾ ਹੈ।

3. ਕੁਸ਼ਆਹ:- ਜਿਸ ਦਿਨ ਕੋਈ ਮੌਤ ਹੁੰਦੀ ਹੈ ਉਸੇ ਦਿਨ ਹੀ ਮਰ ਚੁੱਕੇ ਵਿਅਕਤੀ ਦੇ ਨਮਿਤ ਜੋ ਅੰਨ-ਜਲ-ਵਸਤਰ ਆਦਿ ਭੇਟਾ ਕੀਤੇ ਜਾਂਦੇ ਹਨ।

4. ਮਹਾਲਯ:- ਜੋ ਅੱਸੂ ਦੇ ਮਹੀਨੇ ਦੇ ਪਹਿਲੇ ਪੱਖ ਸਮੇਂ ਤੀਰਥਾਂ ਆਦਿਕ ਸਥਾਨਾਂ ਤੇ ਜਾ ਕੇ ਕੀਤੇ ਜਾਂਦੇ ਹਨ।

ਪੁਰਾਣਕਾਰਾਂ ਤੇ ਸਿਮਰਤੀ ਲੇਖਕਾਂ ਨੇ ਜਿਥੇ ਮਰਨ ਉਪ੍ਰੰਤ ਨਰਕ ਤੇ ਸੁਰਗ ਆਦਿ ਦੀ ਅਸੰਗਤ ਦੀ ਕਲਪਣਾ ਕੀਤੀ, ਉਥੇ ਕਿਸੇ ਖਾਸ ਵੇਲੇ ਤੇ ਕੁਝ ਵਿਸ਼ੇਸ਼ ਦਿਨਾਂ ਤੇ ਮਹੀਨਿਆਂ ਆਦਿ 'ਚ ਪੁੱਤਰ ਤੇ ਧੀ ਆਦਿ ਦੇ ਜਨਮ ਨੂੰ ਸ਼ੁਭ ਤੇ ਅਸ਼ੁਭ ਦਸਿਆ ਅਤੇ ਅਸ਼ੁਭ ਜਨਮ ਨੂੰ ਸੁਯੋਗ ਬਨਾਉਣ ਲਈ ਦਾਨ-ਪੁੰਨਾਂ ਰੂਪੀ ਦੰਡ ਨਿਯਤ ਕੀਤਾ। ਇਥੋਂ ਤਕ ਕਿ ਘੋੜੀ, ਮੱਝ ਤੇ ਗਾਂ ਆਦਿ ਦੇ ਅਸ਼ੁਭ ਮੌਕੇ ਸੂਣ ਨੂੰ ਵੀ ਉਸ ਦੇ ਰਖਵਾਲੇ ਲਈ ਹਾਨੀਕਾਰਕ ਦੱਸ ਕੇ ਭੈ ਪੈਦਾ ਕੀਤਾ ਤੇ ਜਿਵੇਂ ਮਰਨ ਉਪਰੰਤ ਪਿੰਡ ਦਾਨ, ਸ਼ਰਾਧ ਕਰਮ ਆਦਿ ਦਾ ਵਿਧਾਨ ਰਚਿਆ, ਉਵੇਂ ਜਨਮ ਨੂੰ ਵੀ ਦਾਨ ਨਾਲ ਜੋੜਿਆ।

ਪਰ ਗੁਰਬਾਣੀ ਨੇ ਜਨਮ ਮਰਨ ਨੂੰ ਪ੍ਰਭੂ ਦੀ ਇੱਛਾ-ਵਿਸ਼ੇਸ਼ ਜਾਂ ਭਾਣਾ ਕਿਹਾ, ਜਿਹੜਾ ਮਨੁੱਖ ਨੂੰ ਮੰਨਣਾ ਹੀ ਪੈਂਦਾ ਹੈ ਤੇ ਮੰਨਣਾ ਚਾਹੀਦਾ ਹੈ। ਕੋਈ ਸਮਾਂ ਸ਼ੁਭ ਅਸ਼ੁੱਭ ਨਹੀਂ ਤੇ ਨਾ ਹੀ ਕੋਈ ਸੂਤਕ-ਪਾਤਕ ਆਦਿ ਮੰਨਣਾ ਯਥਾਰਥ ਵਿਚਾਰ-ਧਾਰਾ ਹੈ:

*ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ॥*
*ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥*
*ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ॥*
*ਨਾਨਕ ਜਿਨ੍ਹੀ ਗੁਰਮੁਖਿ ਬੁਝਿਆ ਤਿਨ੍ਹਾ ਸੂਤਕੁ ਨਾਹਿ॥ ੩ ॥*

(ਪੰਨਾ ੪੭੨)

ਗੁਰੂ-ਵਾਕਾਂ ਵਿਚ ਨਾ ਕਿਸੇ ਵੈਤਰਨੀ ਦਾ ਜ਼ਿਕਰ ਹੈ ਤੇ ਨਾ ਕਿਸੇ ਕਲਪਿਤ ਨਰਕ-ਸੁਰਗ ਦਾ। ਇਸ ਜੀਵਨ ਨੂੰ ਹੀ ਸੁਰਗਮਈ ਜਾਂ ਨਰਕਮਈ ਅਵਸਥਾਵਾਂ 'ਚੋਂ ਲੰਘਦਾ ਦੱਸਿਆ ਹੈ। ਸ਼ੁਭ ਅਤੇ ਸੱਚੇ ਅਮਲ, ਜਿਹੜੇ ਨਿਰਮਲ ਹਿਰਦੇ ਰਾਹੀਂ ਪ੍ਰਭੂ ਨੂੰ ਆਪਣੇ ਅੰਦਰ ਜਾਣ ਕੇ, ਦੁਬਿਧਾ ਤੇ ਸੰਸੇ ਤਿਆਗ ਕੇ ਕਰਤੱਵ-ਬੁੱਧੀ ਨਾਲ ਕੀਤੇ ਜਾਣ, ਸੁਰਗਮਈ ਜੀਵਨ ਦੇ ਸੂਚਕ ਹਨ, ਪਰ ਇਸ ਤੋਂ ਬਿਪਰੀਤ ਭਟਕਣਾ ਭਰਿਆ ਜੀਵਨ ਨਰਕਾਂ ਦਾ ਜੀਵਨ ਹੈ :

*ਅਮਲੁ ਕਰਿ ਧਰਤੀ ਬੀਜੁ ਸਬਦੋ ਕਰਿ*
*ਸਚ ਕੀ ਆਬ ਨਿਤ ਦੇਹਿ ਪਾਣੀ॥*
*ਹੋਇ ਕਿਰਸਾਣੁ ਈਮਾਨੁ ਜੰਮਾਇ ਲੈ*

ਭਿਸਤੁ ਦੋਜਕੁ ਮੂੜੇ ਏਵ ਜਾਣੀ॥ ੧॥

(ਸਿਰੀਰਾਗੁ ਮਹਲਾ ੧, ਪੰਨਾ ੨੪)

ਅਰਥ–ਅਮਲ ਰੂਪੀ ਧਰਤੀ ਵਿਚ ਸ਼ਬਦ ਰੂਪੀ ਬੀਜ ਬੀਜੇ ਤੇ ਸੱਚ ਰੂਪੀ ਪਾਣੀ ਨਾਲ ਸਿੰਜੇ, ਜੇ ਇਸ ਤਰ੍ਹਾਂ ਦਾ ਕਿਰਸਾਨ ਬਣ ਕੇ ਈਮਾਨ ਉਗਾਵੇ ਤਾਂ ਸੁਰਗ ਭੋਗ ਰਿਹਾ ਮੰਨੋ—ਪਰ ਇਸ ਤੋਂ ਉਲਟ ਚੱਲਣਾ ਨਰਕ ਦਾ ਜੀਊਣਾ ਹੈ।

ਗੁਰਬਾਣੀ ਅਤੇ ਗੁਰਮੰਤਿ ਵਿਚਾਰਧਾਰਾ ਵਿੱਚ ਮਰਨ ਉਪਰੰਤ ਕਿਸੇ ਪ੍ਰਾਣੀ ਦੇ ਸੰਬੰਧੀਆਂ ਵਲੋਂ ਕੀਤੇ ਜਾਂਦੇ ਦਾਨ ਪੁੰਨ ਦਾ ਉਸ ਪ੍ਰਾਣੀ ਲਈ ਕੋਈ ਮਹੱਤਵ ਨਹੀਂ ਦਰਸਾਇਆ ਗਿਆ। ਹਰਿਦੁਆਰ ਯਾਤਰਾ ਸਮੇਂ ਗੁਰੂ ਨਾਨਕ ਸਾਹਿਬ ਨੇ ਪਿੱਤਰਾਂ ਦੀ ਤ੍ਰਿਪਤੀ ਵਾਸਤੇ 'ਸੂਰਜ ਦੇਵਤਾ' ਨੂੰ ਜਲ ਅਰਪਿਤ ਕਰ ਰਹੇ ਬਿਪਰਵਾਦੀ ਲੋਕਾਂ ਦੇ ਇਸ ਕਰਮਕਾਂਡ ਦਾ ਭਾਂਡਾ ਉਲਟ ਦਿਸ਼ਾ ਵੱਲ ਪਾਣੀ ਦੇ ਕੇ ਸ਼ਰੇਆਮ ਭੰਨਿਆ ਸੀ।

ਸਿੱਖ ਇਤਿਹਾਸ ਵਿੱਚ ਇਕ ਸਾਖੀ ਪ੍ਰਚੱਲਿਤ ਹੈ ਕਿ ਜਦੋਂ ਗੁਰੂ ਨਾਨਕ ਸਾਹਿਬ ਆਪਣੇ ਪਹਿਲੇ ਪ੍ਰਚਾਰਕ ਦੌਰੇ ਦੌਰਾਨ ਲਾਹੌਰ ਪਹੁੰਚੇ ਤਾਂ ਪਤਾ ਲੱਗਾ ਕਿ ਲਾਹੌਰ ਦਾ ਵਸਨੀਕ ਇਕ ਸੇਠ ਦੁਨੀ ਚੰਦ ਆਪਣੇ ਪਿਤਾ ਦੇ ਸ਼ਰਾਧ ਕਰਵਾ ਰਿਹਾ ਹੈ ਅਰਥਾਤ ਆਪਣੇ ਪਿਤਾ ਦੀ ਭੁੱਖ ਪਿਆਸ ਦੀ ਤ੍ਰਿਪਤੀ ਵਾਸਤੇ ਪੂਜਾ ਪਾਠ ਕਰਵਾ ਕੇ ਅੰਨ ਪਦਾਰਥ ਬਸਤਰਾਂ ਆਦਿਕ ਦਾ ਦਾਨ ਕਰ ਰਿਹਾ ਹੈ। ਗੁਰੂ ਨਾਨਕ ਸਾਹਿਬ ਦੁਨੀ ਚੰਦ ਦੇ ਘਰ ਗਏ ਅਤੇ ਬੜੇ ਰੋਚਕ ਢੰਗ ਨਾਲ ਸਮਝਾਉਂਦਿਆਂ ਕਿਹਾ ਕਿ ਦੁਨੀ ਚੰਦ:

ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ॥
ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ॥
ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ॥

(ਆਸਾ ਦੀ ਵਾਰ, ਪੰਨਾ ੪੭੨)

ਭਾਵ – ਜੇ ਕੋਈ ਚੋਰ (ਮੋਹਾਕਾ) ਕਿਸੇ ਦੂਜੇ ਦੀ ਚੀਜ਼ ਚੁਰਾ ਕੇ ਪਿੱਤਰਾਂ ਨੂੰ ਪੰਡਿਆਂ ਰਾਹੀਂ ਭੇਜੇ ਅਤੇ ਪਿੱਤਰ ਲੋਕ ਵਿਚ ਦੂਜੇ ਵਿਅਕਤੀ ਦੇ ਪਿੱਤਰ ਵੀ ਮੌਜੂਦ ਹੋਣ ਤੇ ਉਹ ਆਪਣੇ ਘਰ ਦੀ ਚੀਜ਼ ਸਿਆਣ ਲੈਣ ਤਾਂ ਨਤੀਜਾ ਇਹ ਹੋਏਗਾ ਕਿ ਪਿੱਤਰ-ਲੋਕ ਵਿਚ ਇਹ ਚੋਰੀ ਫੜੀ ਜਾਵੇਗੀ ਤੇ ਨਿਆਂ ਇਹ ਹੋਏਗਾ ਕਿ ਉਸ ਚੋਰੀ ਵਾਲੀ ਚੀਜ਼ ਨੂੰ ਉਥੇ ਪਹੁੰਚਾਉਣ ਵਾਲੇ ਦੇ ਹੱਥ (ਦਲਾਲ ਦੇ, ਭਾਵ ਪੰਡੇ ਦੇ) ਵੱਢੇ ਜਾਣ। ਇਹ ਇਕ ਪ੍ਰਕਾਰ ਨਾਲ ਵਹਿਮ ਖਿੰਡਾਉਣ ਵਾਲੇ ਪੰਡਿਆਂ ਨੂੰ ਭੈ ਭਰੀ ਤਾੜਨਾ ਵੀ ਹੈ....।

ਗੁਰਬਾਣੀ ਵਿਚ ਇਸ ਕਰਮਕਾਂਡ ਦਾ ਖੰਡਨ ਇਸ ਤਰ੍ਹਾਂ ਕੀਤਾ ਗਿਆ ਹੈ:

ਆਇਆ ਗਇਆ ਮੁਇਆ ਨਾਉ॥
ਪਿਛੈ ਪਤਲਿ ਸਦਿਹੁ ਕਾਵ॥

ਨਾਨਕ ਮਨਮੁਖਿ ਅੰਧੁ ਪਿਆਰੁ॥
ਬਾਝੁ ਗੁਰੂ ਡੁਬਾ ਸੰਸਾਰੁ॥ ੨॥

ਜੋ ਸਾਥੀ (ਮਸਾਣਾਂ ਤਕ ਨਾਲ) ਜਾਂਦੇ ਹਨ, ਉਹ ਢਾਹਾਂ ਮਾਰ ਦੇਂਦੇ ਹਨ, ਜੀਵਾਤਮਾ (ਸਰੀਰ ਵਿਚੋਂ) ਨਿਕਲ ਕੇ (ਅਗਾਂਹ ਦੇ) ਰਾਹ ਪੁੱਛਦਾ ਹੈ। ਜੀਵ ਜਗਤ ਵਿਚ ਆਇਆ ਤੇ ਤੁਰ ਗਿਆ (ਜਗਤ ਵਿਚ ਉਸ ਦਾ) ਨਾਮ ਭੀ ਭੁੱਲ ਗਿਆ, (ਉਸ ਦੇ ਮਰਨ) ਪਿਛੋਂ ਪੱਤਰਾਂ ਉਤੇ (ਪਿੰਡ ਭਰਾ ਕੇ) ਕਾਂਵਾਂ ਨੂੰ ਹੀ ਸੱਦੀਦਾ ਹੈ (ਉਸ ਜੀਵ ਨੂੰ ਕੁਝ ਨਹੀਂ ਅੱਪੜਦਾ)।

ਹੇ ਨਾਨਕ! ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ ਦਾ (ਜਗਤ ਨਾਲ) ਪਿਆਰ ਅੰਨ੍ਹਿਆਂ ਵਾਲਾ ਪਿਆਰ ਹੈ, ਗੁਰੂ (ਦੀ ਸਰਣ ਆਉਣ) ਤੋਂ ਬਿਨਾ ਜਗਤ (ਇਸ 'ਅੰਧ ਪਿਆਰ' ਵਿਚ) ਡੁੱਬ ਰਿਹਾ ਹੈ। 2।

## ਰਾਗੁ ਗਉੜੀ ਬੈਰਾਗਣਿ ਕਬੀਰ ਜੀ

## ੧ਓ ਸਤਿਗੁਰ ਪ੍ਰਸਾਦਿ॥

ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ॥ ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ॥ ੧॥ ਮੋ ਕਉ ਕੁਸਲੁ ਬਤਾਵਹੁ ਕੋਈ॥ ਕੁਸਲੁ ਕੁਸਲੁ ਕਰਤੇ ਜਗੁ ਬਿਨਸੈ ਕੁਸਲੁ ਭੀ ਕੈਸੇ ਹੋਈ॥ ੧ ॥ ਰਹਾਉ॥ ਮਾਟੀ ਕੇ ਕਰਿ ਦੇਵੀ ਦੇਵਾ ਤਿਸੁ ਆਗੈ ਜੀਉ ਦੇਹੀ॥ ਐਸੇ ਪਿਤਰ ਤੁਮਾਰੇ ਕਹੀਅਹਿ ਆਪਨ ਕਹਿਆ ਨ ਲੇਹੀ॥ ੨॥ ਸਰਜੀਉ ਕਾਟਹਿ ਨਿਰਜੀਉ ਪੂਜਹਿ ਅੰਤ ਕਾਲ ਕਉ ਭਾਰੀ॥ ਰਾਮ ਨਾਮ ਕੀ ਗਤਿ ਨਹੀ ਜਾਨੀ ਭੈ ਡੂਬੇ ਸੰਸਾਰੀ॥ ੩॥ ਦੇਵੀ ਦੇਵਾ ਪੂਜਹਿ ਡੋਲਹਿ ਪਾਰਬ੍ਰਹਮੁ ਨਹੀ ਜਾਨਾ॥ ਕਹਤ ਕਬੀਰ ਅਕੁਲੁ ਨਹੀ ਚੇਤਿਆ ਬਿਖਿਆ ਸਿਉ ਲਪਟਾਨਾ॥ ੪॥ ੧॥ ੪੫॥ (ਪੰਨਾ ੩੩੨)

ਪਦ ਅਰਥ:- ਜੀਵਤ=ਜੀਊਂਦੇ। ਪਿਤਰ=ਵੱਡੇ ਵਡੇਰੇ, ਪਿਉ ਬਾਬਾ ਪੜਦਾਦਾ ਆਦਿਕ ਵਡੇਰੇ ਜੋ ਮਰ ਕੇ ਪਰਲੋਕ ਵਿਚ ਜਾ ਚੁਕੇ ਹਨ। ਸਿਰਾਧ=ਪਿਤਰਾਂ ਦੇ ਨਿਮਿਤ ਬ੍ਰਾਹਮਣਾਂ ਨੂੰ ਖੁਆਇਆ ਹੋਇਆ ਭੋਜਨ (ਮਰ ਚੁੱਕੇ ਬਜੁਰਗਾਂ ਲਈ ਹਿੰਦੂ ਲੋਕ ਸਾਲ ਦੇ ਸਾਲ ਅੱਸੂ ਦੇ ਮਹੀਨੇ ਸਰਾਧ ਕਰਦੇ ਹਨ; ਬ੍ਰਾਹਮਣਾਂ ਨੂੰ ਭੋਜਨ ਖਿਲਾਂਦੇ ਹਨ। ਨਿਸ਼ਚਾ ਇਹ ਹੁੰਦਾ ਹੈ ਕਿ ਇਹ ਖੁਆਇਆ ਹੋਇਆ ਭੋਜਨ ਪਿੱਤਰਾਂ ਨੂੰ ਅਪੜ ਜਾਇਗਾ। ਸਰਾਧ ਅੱਸੂ ਦੀ ਪੂਰਨਮਾਸ਼ੀ ਤੋਂ ਸ਼ੁਰੂ ਹੋ ਕੇ ਮੌਸਿਆ ਤਕ ਰਹਿੰਦੇ ਹਨ; ਅਖੀਰਲਾ ਸਰਾਧ ਕਾਂਵਾਂ ਕੁੱਤਿਆਂ ਦਾ ਭੀ ਹੁੰਦਾ ਹੈ। ਚੰਦ ਦੇ ਮਹੀਨੇ ਦੇ ਹਿਸਾਬ ਜਿਸ ਤਰੀਕ (ਥਿਤ=ਤਿਥਿ) ਨੂੰ ਕੋਈ ਮਰੇ, ਸਰਾਧਾਂ ਦੇ ਦਿਨੀਂ ਉਸੇ ਥਿਤ ਤੇ ਉਸ ਦਾ ਸ਼ਰਾਧ ਕਰਾਉਂਦੇ ਹਨ। ਬ੍ਰਾਹਮਣਾਂ ਨੂੰ ਖੁਆ ਕੇ ਕਾਂਵਾਂ ਕੁੱਤਿਆਂ ਨੂੰ ਭੀ ਸਰਾਧ ਦਾ ਭੋਜਨ ਖੁਆਉਂਦੇ ਹਨ)। ਬਪੁਰੇ=ਵਿਚਾਰੇ। ਕੂਕਰ=ਕੁੱਤੇ। ੧।

ਕੁਸਲੁ=ਸੁਖ-ਸਾਂਦ, ਅਨੰਦ॥ ੧॥ ਰਹਾਉ॥

ਕਰਿ=ਬਣਾ ਕੇ। ਜੀਉ ਦੇਹੀ=ਬੱਕਰੇ ਆਦਿਕ ਦੀ ਕੁਰਬਾਨੀ ਦੇਂਦੇ ਹਨ। (ਨੋਟ:-

ਵਿਆਹ-ਸ਼ਾਦੀਆਂ ਸਮੇਂ ਪੁਰਾਣੇ ਖ਼ਿਆਲਾਂ ਵਾਲੇ ਹਿੰਦੂ ਸੱਜਣ ਆਪਣੇ ਘਰਾਂ ਵਿਚ ਲੜਕੇ ਲੜਕੀ ਨੂੰ ਮਾਈਏਂ ਪਾਣ ਵਾਲੇ ਦਿਨ 'ਵੱਡੇ ਔਂਛਦੇ' ਹਨ (ਭਾਵ) ਘਰ ਵਿਚ ਇਕ ਨਿਵੇਕਲੇ ਥਾਂ ਪੋਚਾ ਦੇ ਕੇ ਮਿੱਟੀ ਦੇ 'ਵੱਡੇ' ਬਣਾ ਕੇ ਉਹਨਾਂ ਦੇ ਅੱਗੇ ਪਾਣੀ ਦਾ ਘੜਾ ਭਰ ਕੇ ਰੱਖਦੇ ਹਨ। ਵਿਆਹ ਵਾਲੇ ਕੁੜੀ ਤੇ ਮੁੰਡਾ ਮੱਥਾ ਟੇਕਦੇ ਹਨ, ਤੇ ਇਸ ਤਰ੍ਹਾਂ ਆਪਣੇ ਪਿਤਰਾਂ ਪਾਸੋਂ 'ਕੁਸ਼ਲ' ਦੀ ਅਸੀਸ ਲੈਂਦੇ ਹਨ)।

ਸਰਜੀਉ=ਜਿੰਦ ਵਾਲੇ, ਜੀਊਂਦੇ ਜੀਵ। ਨਿਰਜੀਉ=ਨਿਰਜਿੰਦ ਦੇਵਤਿਆਂ ਤੇ ਪਿੱਤਰਾਂ ਨੂੰ ਜੋ ਮਿੱਟੀ ਦੇ ਬਣਾਏ ਹੁੰਦੇ ਹਨ। ਕਾਲ=ਸਮਾਂ। ਗਤਿ=ਹਾਲਤ, ਅਵਸਥਾ। ਰਾਮ ਨਾਮ ਕੀ ਗਤਿ=ਉਹ ਆਤਮਕ ਅਵਸਥਾ ਜੋ ਪ੍ਰਭੂ ਦਾ ਨਾਮ ਸਿਮਰਿਆਂ ਬਣਦੀ ਹੈ। ਸੰਸਾਰੀ ਭੈ=ਸੰਸਾਰੀ ਡਰ ਵਿਚ, ਲੋਕਾਚਾਰੀ ਰਸਮਾਂ ਦੇ ਡਰ ਵਿਚ, ਲੋਕਲਾਜ ਵਿਚ। ੩।

ਡੋਲਹਿ=ਡੋਲਦੇ ਹਨ, ਸਹਿਮੇ ਰਹਿੰਦੇ ਹਨ। ਅਕੁਲੁ=(ਅ-ਕੁਲੁ) ਉਹ ਪ੍ਰਭੂ ਜੋ ਕਿਸੇ ਕੁਲ=ਜਾਤ ਵਿਚ ਨਹੀਂ ਜੰਮਦਾ। ਬਿਖਿਆ=ਮਾਇਆ। ੪।

ਅਰਥ:- ਲੋਕ ਜੀਊਂਦੇ ਮਾਪਿਆਂ ਦਾ ਤਾਂ ਆਦਰ ਮਾਣ ਨਹੀਂ ਕਰਦੇ, ਪਰ ਮਰ ਗਏ ਪਿੱਤਰਾਂ ਨਿਮਿਤ ਭੋਜਨ ਖੁਆਉਂਦੇ ਹਨ। ਵਿਚਾਰੇ ਪਿੱਤਰ ਭਲਾ ਉਹ ਸਰਾਧਾਂ ਦਾ ਭੋਜਨ ਕਿਵੇਂ ਹਾਸਲ ਕਰਨ? ਉਸ ਨੂੰ ਤਾਂ ਕਾਂ-ਕੁੱਤੇ ਖਾ ਜਾਂਦੇ ਹਨ। ੧।

ਮੈਨੂੰ ਕੋਈ ਧਿਰ ਦੱਸੇ ਕਿ (ਪਿੱਤਰਾਂ ਦੇ ਨਮਿਤ ਸਰਾਧ ਖੁਆਉਣ ਨਾਲ ਪਿਛੇ ਘਰ ਵਿਚ) ਸੁਖ-ਆਨੰਦ ਕਿਵੇਂ ਹੋ ਜਾਂਦਾ ਹੈ। ਸਾਰਾ ਸੰਸਾਰ (ਇਸੇ ਭਰਮ-ਵਹਿਮ ਵਿਚ) ਖਪ ਰਿਹਾ ਹੈ ਕਿ (ਪਿੱਤਰਾਂ ਨਮਿਤ ਸਰਾਧ ਕੀਤਿਆਂ ਘਰ ਵਿਚ) ਸੁਖ-ਆਨੰਦ ਬਣਿਆ ਰਹਿੰਦਾ ਹੈ॥ ੧॥ ਰਹਾਉ॥

ਮਿੱਟੀ ਦੇ ਦੇਵੀ-ਦੇਵਤੇ ਬਣਾ ਕੇ ਲੋਕ ਉਸ ਦੇਵੀ ਜਾਂ ਦੇਵਤੇ ਅੱਗੇ (ਬੱਕਰੇ ਆਦਿਕ ਦੀ) ਕੁਰਬਾਨੀ ਦੇਂਦੇ ਹਨ, (ਹੇ ਭਾਈ! ਇਸੇ ਤਰ੍ਹਾਂ) ਦੇ (ਮਿੱਟੀ ਦੇ ਬਣਾਏ ਹੋਏ) ਤੁਹਾਡੇ ਪਿੱਤਰ ਅਖਵਾਉਂਦੇ ਹਨ, (ਉਹਨਾਂ ਅੱਗੇ ਭੀ ਜੋ ਤੁਹਾਡਾ ਚਿੱਤ ਕਰਦਾ ਹੈ ਧਰ ਦੇਂਦੇ ਹੋ) ਉਹ ਆਪਣੇ ਮੂੰਹੋਂ ਮੰਗਿਆ ਕੁਝ ਨਹੀਂ ਲੈ ਸਕਦੇ। ੨।

ਲੋਕ ਲੋਕਾਚਾਰੀ ਰਸਮਾਂ ਦੇ ਡਰ ਵਿਚ ਗ਼ਰਕ ਹੋ ਰਹੇ ਹਨ, ਜੀਊਂਦੇ ਜੀਵਾਂ ਨੂੰ (ਦੇਵੀ ਦੇਵਤਿਆਂ ਅੱਗੇ ਭੇਟ ਕਰਨ ਲਈ) ਮਾਰਦੇ ਹਨ (ਤੇ ਇਸ ਤਰ੍ਹਾਂ ਮਿੱਟੀ ਆਦਿਕ ਦੇ ਬਣਾਏ ਹੋਏ) ਨਿਰਜਿੰਦ ਦੇਵਤਿਆਂ ਨੂੰ ਪੂਜਦੇ ਹਨ; ਆਪਣਾ ਅੱਗਾ ਵਿਗਾੜੀ ਜਾ ਰਹੇ ਹਨ (ਐਸੇ ਲੋਕਾਂ ਨੂੰ) ਉਸ ਆਤਮਕ ਅਵਸਥਾ ਦੀ ਸਮਝ ਨਹੀਂ ਪੈਂਦੀ ਜੋ ਪ੍ਰਭੂ ਦਾ ਨਾਮ ਸਿਮਰਦਿਆਂ ਬਣਦੀ ਹੈ। ੩।

ਕਬੀਰ ਆਖਦਾ ਹੈ—(ਅਜਿਹੇ ਲੋਕ ਮਿੱਟੀ ਦੇ ਬਣਾਏ ਹੋਏ) ਦੇਵੀ-ਦੇਵਤਿਆਂ ਨੂੰ ਪੂਜਦੇ ਹਨ ਤੇ ਸਹਿਮੇ ਭੀ ਰਹਿੰਦੇ ਹਨ (ਕਿਉਂਕਿ ਅਸਲ 'ਕੁਸ਼ਲ' ਦੇਣ ਵਾਲੇ) ਅਕਾਲ ਪੁਰਖ ਨੂੰ ਉਹ ਜਾਣਦੇ ਹੀ ਨਹੀਂ ਹਨ, ਉਹ ਜ਼ਾਤ-ਕੁਲ-ਰਹਿਤ ਪ੍ਰਭੂ ਨੂੰ ਨਹੀਂ ਸਿਮਰਦੇ ਉਹ (ਸਦਾ) ਮਾਇਆ ਨਾਲ ਲਪਟੇ ਰਹਿੰਦੇ ਹਨ। ੪। ੧। ੪੫।

ਸ਼ਬਦ ਦਾ ਭਾਵ:—ਘਰ ਵਿਚ ਹਰ ਤਰ੍ਹਾਂ ਦਾ ਸੁਖ-ਆਨੰਦ ਬਣੇ ਰਹਿਣ ਦੀ ਖ਼ਾਤਰ

ਭਰਮੀ ਲੋਕ ਪਿੱਤਰਾਂ ਨਮਿਤ ਸ਼ਰਾਧ ਕਰਦੇ ਹਨ, ਮਿੱਟੀ ਦੇ ਦੇਵੀ ਦੇਵਤੇ ਬਣਾ ਕੇ ਉਹਨਾਂ ਦੇ ਅੱਗੇ ਕੁਰਬਾਨੀ ਦੇਂਦੇ ਹਨ; ਵਿਆਹਾਂ-ਸ਼ਾਦੀਆਂ ਸਮੇਂ 'ਵੱਡੇ ਅੱਡਦੇ ਹਨ', ਪਰ ਫਿਰ ਭੀ ਸਹਿਮ ਬਣਿਆ ਹੀ ਰਹਿੰਦਾ ਹੈ, ਕਿਉਂਕਿ ਸੁਖ ਅਨੰਦ ਦੇ ਸੋਮੇ ਪ੍ਰਭੂ ਨੂੰ ਵਿਸਾਰ ਕੇ ਮਾਇਆ ਦੇ ਮੋਹ ਵਿਚ ਜਕੜੇ ਰਹਿੰਦੇ ਹਨ। ੪੫।

❖❖❖

# ਕੀ ਸਿੱਖ ਵੀ ਹਿੰਸਾ ਤੋਂ ਦੂਰ (ਹਿੰ+ਦੂ) ਹਨ ?

ਸਿੱਖ ਧਰਮ ਦੇ ਵਿਦਵਾਨ, ਚਿੰਤਕ ਫ਼ਿਲਾਸਫਰ, ਗੁਰ ਪਾਤਸ਼ਾਹ ਦੀ ਅਗੰਮੀ ਬਖਸ਼ਿਸ਼ ਦੇ ਪਾਤਰ, ਗੁਰਸਿੱਖ ਅਤੇ ਅਕਾਲ ਤਖ਼ਤ ਸਾਹਿਬ ਦੇ ਪ੍ਰਥਮ ਸੇਵਾਦਾਰ ਭਾਈ ਗੁਰਦਾਸ ਜੀ ਦਾ ਫ਼ੁਰਮਾਨ ਹੈ:

*ਗੁਰ ਸਿੱਖ ਹੋਇ ਆਨ ਦੇਵ ਸੇਵ ਟੇਵ ਗਹੈ,*
*ਸਹੈ ਜਮ ਡੰਡੁ ਧ੍ਰਿਗ ਜੀਵਨ ਸੰਸਾਰਿ ਹੈ॥ ੪੬੭॥*

(ਕਬਿੱਤ ਭਾਈ ਗੁਰਦਾਸ ਜੀ)

ਹੋਰ ਦੇਵੀ ਦੇਵਤਿਆਂ, ਪੀਰਾਂ ਫਕੀਰਾਂ, ਸਰਵਰਾਂ, ਅਵਤਾਰਾਂ ਦੀ ਪੂਜਾ ਕਰਨ ਵਾਲਾ ਸਿੱਖ ਨਹੀਂ ਹੋ ਸਕਦਾ, ਅਤੇ ਅਕਾਲ ਦੀ ਪੂਜਾ ਤਿਆਗ ਅਨਮਤੀ ਰੀਤਾਂ ਦਾ ਧਾਰਨੀ ਸਿੱਖ ਯਮਦੰਡ ਦਾ ਅਧਿਕਾਰੀ ਹੈ, ਅਤੇ ਉਸ ਦਾ ਜੀਵਨ ਵੀ ਧਿਕਾਰਯੋਗ ਹੈ। ਗੁਰੂ ਨਾਨਕ ਸਾਹਿਬ ਨੇ ਹਿੰਦੂ ਮੁਸਲਮਾਨ ਤੋਂ ਵੱਖਰੇ ਨਿਆਰੇ-ਸਿੱਖ ਪੰਥ ਦੀ ਸਿਰਜਣਾ ਕੀਤੀ, ਇਹ ਨਿਰਮਲ ਪੰਥ ਕਿਸੇ ਹਿੰਦੂ, ਬੋਧੀ, ਈਸਾਈ ਜਾਂ ਮੁਸਲਮਾਨ ਦੀ ਸ਼ਾਖਾ ਨਹੀਂ, ਬਲਕਿ ਵੱਖਰੀ ਅਤੇ ਆਜ਼ਾਦ ਹਸਤੀ ਦਾ ਪ੍ਰਤੀਕ ਨਿਆਰਾ ਖ਼ਾਲਸਾ ਪੰਥ ਹੈ। ਭਾਈ ਗੁਰਦਾਸ (ਦੂਜਾ) ਬੇਸ਼ਕ ਕਿ ਇਸ ਦੀਆਂ ਰਚਨਾਵਾਂ ਬਿਪਰਵਾਦੀ ਪ੍ਰਭਾਵ ਤੋਂ ਮੁਕਤ ਨਹੀਂ ਹਨ, ਪਰੰਤੂ ਇਕ ਅਟੱਲ ਸੱਚਾਈ ਜ਼ਰੂਰ ਬਿਆਨ ਕਰਦਾ ਹੈ:

*ਇਉਂ ਤੀਸਰ ਮਜਹਬ ਖ਼ਾਲਸਾ ਉਪਜਿਓ ਪਰਧਾਨਾ॥*
*ਜਿਨਿ ਗੁਰੁ ਗੋਬਿੰਦ ਕੇ ਹੁਕਮ ਸਿਉਂ ਗਹਿ ਖੜਗ ਦਿਖਾਨਾ॥* (ਵਾਰ ੪੧)

ਸਿੱਖ ਕੌਮ ਦੀ ਇਹ ਨਿਆਰੀ ਅਤੇ ਵਿਲੱਖਣ ਹੋਂਦ ਹਮੇਸ਼ਾ ਹੀ ਬਹੁਗਿਣਤੀ ਹੁਕਮਰਾਨ ਹਿੰਦੂਵਾਦੀ ਸ਼ਾਸਕਾਂ ਨੂੰ ਰੜਕਦੀ ਰਹੀ ਹੈ ਅਤੇ ਕਾਫੀ ਸਮੇਂ ਤੋਂ ਹੀ ਇਨ੍ਹਾਂ ਦੀ ਇਹ ਕੋਸ਼ਿਸ਼ ਰਹੀ ਹੈ ਕਿ ਕਿਸੇ ਨਾ ਕਿਸੇ ਹੀਲੇ ਇਹ ਵੱਖਰੀ ਅਤੇ ਨਿਆਰੀ ਹੋਂਦ ਦਾ ਪ੍ਰਤੀਕ ਖ਼ਾਲਸਾ ਆਪਣੇ ਆਪ ਨੂੰ ਹਿੰਦੂ ਧਰਮ ਦਾ ਇਕ ਅੰਗ ਹੋਣਾ ਸਵੀਕਾਰ ਕਰ ਲਵੇ। ਇਸੇ ਹੀ ਬ੍ਰਾਹਮਣਵਾਦੀ ਕੂਟਨੀਤੀ ਅਧੀਨ ਘੜੀ ਹੋਈ ਪੰਥ-ਵਿਰੋਧੀ ਸੰਸਥਾ ਰਾਸ਼ਟਰੀ ਸਿੱਖ ਸੰਗਤ ਨੇ ਸਿੱਖ ਧਰਮ ਦੀ ਨਿਆਰੀ ਹਸਤੀ ਨੂੰ ਵੰਗਾਰਨ ਦਾ ਬੀੜਾ ਚੁਕਿਆ ਹੋਇਆ ਹੈ। ਇਸ ਬ੍ਰਾਹਮਣਵਾਦੀ ਟੋਲੇ ਵਿੱਚ ਸ਼ਾਮਲ ਅਖੌਤੀ ਸਿੱਖ ਹਰ ਮੁਹਾਜ਼ ਉਪਰ ਸਿੱਖ ਧਰਮ ਨੂੰ ਹਿੰਦੂ ਧਰਮ ਦੀ ਇਕ ਸ਼ਾਖਾ ਹੋਣ ਦਾ ਪ੍ਰਚਾਰ ਕਰਦੇ ਹਨ। ਇਹ ਅਖੌਤੀ ਵਿਦਵਾਨ ਇਹ ਪ੍ਰਚਾਰ ਕਰਦੇ ਹਨ ਕਿ ਹਿੰਦੂ ਧਰਮ ਦੀ ਰੱਖਿਆ ਲਈ

ਗੁਰੂ ਸਾਹਿਬ ਨੇ ਕੁਝਕੁ ਹਿੰਦੂਆਂ ਨੂੰ ਸ਼ਸ਼ਤਰਧਾਰੀ ਕਰ ਕੇ ਖ਼ਾਲਸਾ ਪੰਥ ਦਾ ਨਾਮ ਦਿੱਤਾ, ਅਤੇ ਇਸ ਖ਼ਾਲਸਾ ਪੰਥ ਦਾ ਕੰਮ ਲੋੜ ਪੈਣ ਉਪਰ ਕੇਵਲ ਹਿੰਦੂ ਧਰਮ ਦੀ ਰੱਖਿਆ ਕਰਨਾ ਹੀ ਹੈ। ਇਸ ਕੁਟਲਨੀਤੀ ਦੇ ਮਾਹਿਰ ਅਖੌਤੀ ਵਿਦਵਾਨ ਗੁਰਬਾਣੀ ਦੇ ਮਨਘੜਤ ਅਰਥ ਕਰਦੇ ਹਨ ਅਤੇ ਆਪਣੀਆਂ ਪ੍ਰਕਾਸ਼ਨਾਵਾਂ ਵਿੱਚ ਛਾਪ ਕੇ ਸਿੱਖਾਂ ਨੂੰ ਹਿੰਦੂ ਦਰਸਾਉਣ ਦੀ ਕੋਸ਼ਿਸ਼ ਕਰਦੇ ਹਨ।

ਇਹਨਾਂ ਵਲੋਂ ਕਈ ਸਿੱਖ-ਵਿਰੋਧੀ ਪਰਚੇ ਵੰਡੇ ਜਾਂਦੇ ਹਨ। ਪਿੱਛੇ ਜਿਹੇ ਇਹਨਾਂ ਵਲੋਂ ਕਈ ਸ਼ਹਿਰਾਂ ਵਿਚ ਇਕ ਰਸਾਲਾ ਵੰਡਿਆ ਗਿਆ ਜਿਸਦਾ ਨਾਮ ਹੈ 'ਸੰਗਤ ਸੰਦੇਸ਼'। ਮੁੱਖ ਪੰਨੇ ਉਪਰ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਪਾਵਨ ਤਸਵੀਰ ਹੈ। ਹਰ ਲੇਖ ਵਿੱਚ ਕੱਟੜਪੰਥੀ ਅਖੌਤੀ ਵਿਦਵਾਨਾਂ ਵਲੋਂ ਸਿੱਖ ਧਰਮ ਨੂੰ ਹਿੰਦੂ ਧਰਮ ਦਾ ਅੰਗ ਦਰਸਾਉਣ ਦੀ ਸਿਰਤੋੜ ਕੋਸ਼ਿਸ਼ ਕੀਤੀ ਹੈ। ਮਹਾਨ ਲੇਖਕ ਸ੍ਰ: ਕਾਹਨ ਸਿੰਘ ਨਾਭਾ ਜੀ ਦੀ ਲਿਖਤ 'ਹਮ ਹਿੰਦੂ ਨਹੀਂ' ਦੀ ਬਹੁਤ ਵਿਰੋਧਤਾ ਕੀਤੀ ਗਈ ਹੈ। ਇਸ ਵਿੱਚ ਕਈ ਅਖੌਤੀ ਸਿੱਖ ਵਿਦਵਾਨਾਂ ਨੇ ਵੀ ਗੁਰਬਾਣੀ ਦੇ ਅਰਥ ਤੋਂ ਅਨਰਥ ਕਰਨ ਦੀ ਕੋਈ ਕਸਰ ਨਹੀਂ ਛੱਡੀ ਹੈ। ਇਸ ਰਸਾਲੇ ਵਿੱਚ ਪੰਨਾ 93 ਉਪਰ ਇਕ ਹਿੰਦੀ ਦਾ ਲੇਖ ਹੈ, 'ਜਿਸ ਦਾ ਸਿਰਲੇਖ ਹੈ ਸਿੱਖ ਪੰਥ ਕਾ ਰਾਸ਼ਟਰੀਆ ਸਵਰੂਪ' ਇਸ ਦਾ ਮੂਲ ਲੇਖਕ ਬਾਬਾ ਸੋਢੀ ਰਾਮਨਰਾਇਣ ਸਿੰਘ ਹੈ ਅਤੇ ਹਿੰਦੀ ਅਨੁਵਾਦਕ ਗੁਰਚਰਨ ਸਿੰਘ ਗਿੱਲ ਹੈ। ਇਸ ਲੇਖ ਵਿੱਚ ਲੇਖਕ ਨੇ ਸਿੱਖਾਂ ਤੇ ਹਿੰਦੂਆਂ ਨੂੰ ਇਕ ਹੀ ਧਰਮ ਦੇ ਅਨੁਆਈ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ ਤੇ ਉਸ ਵਲੋਂ ਦਿੱਤੇ ਗਏ ਤੱਥਾਂ ਦੇ ਜਵਾਬ ਤੁਛ ਬੁੱਧੀ ਅਨੁਸਾਰ ਕ੍ਰਮਵਾਰ ਲਿਖ ਰਿਹਾ ਹਾਂ:

1. ਇਸ ਦੇ ਸ਼ੁਰੂਆਤ ਵਿਚ ਇਸ ਅਖੌਤੀ ਸਿੱਖ ਚਿੰਤਕ ਨੇ ਲਿਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਸਿਰਫ਼ ਹਿੰਦੂ ਕੌਮ ਦੀ ਨਿਘਰਦੀ ਹਾਲਤ ਨੂੰ ਸੁਧਾਰਨ ਲਈ ਅਵਤਾਰ ਧਾਰਿਆ, ਤਾਂ ਜੋ ਮੁਸਲਮਾਨਾਂ ਤੋਂ ਹਿੰਦੂ ਧਰਮ ਨੂੰ ਬਚਾਇਆ ਜਾ ਸਕੇ। ਇਸ ਵਿੱਚ ਸ਼ੱਕ ਨਹੀਂ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਜਿਸ ਵੇਲੇ ਅਵਤਾਰ ਧਾਰਨ ਕੀਤਾ ਤਾਂ ਉਸ ਸਮੇਂ ਆਮ ਲੋਕਾਈ ਦੀ ਹਾਲਤ ਬਹੁਤ ਤਰਸਯੋਗ ਸੀ। ਗੁਰੂ ਪਾਤਸ਼ਾਹ ਨੇ ਉਸ ਸਮੇਂ ਹਰ ਮਜ਼ਲੂਮ ਤੇ ਹੋ ਰਹੇ ਜ਼ੁਲਮ ਵਿਰੁੱਧ ਉਠਾਈ, ਨਾ ਕਿ ਸਿਰਫ਼ ਹਿੰਦੂਆਂ ਦੇ। ਇਸ ਕਰਕੇ ਹੀ ਉਸ ਸਮੇਂ ਲੋਕਾਂ ਨੇ ਉਹਨਾਂ ਨੂੰ ਮੁਸਲਮਾਨਾਂ ਦਾ ਪੀਰ ਅਤੇ ਹਿੰਦੂਆਂ ਦਾ ਗੁਰੂ ਮੰਨਿਆ। ਉਸ ਸਮੇਂ ਲੋਕ ਰਾਜਨੀਤਕ ਤੌਰ ਤੇ ਭਾਵੇਂ ਮੁਸਲਮਾਨਾਂ ਦੇ ਗੁਲਾਮ ਸਨ ਪਰ ਧਾਰਮਿਕ ਤੇ ਸਮਾਜਿਕ ਤੌਰ ਤੇ ਉਹ ਮਜ਼ਲੂਮ ਲੋਕ ਹਿੰਦੂਆਂ ਦੇ ਗ਼ੁਲਾਮ ਸਨ। ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਜਿਥੇ ਬਾਬਰ ਨੂੰ ਜਾਬਰ ਕਿਹਾ, ਉਥੇ ਬ੍ਰਾਹਮਣਾਂ ਨੂੰ ਵੀ ਭੇਖੀ, ਦੰਭੀ ਅਤੇ ਦੁਸ਼ਟ ਕਹਿਆ, ਕਿਉਂਕਿ ਇਸ ਸਮੇਂ ਉਹ ਲੋਕ ਆਪਣੇ ਆਪ ਨੂੰ ਉਚੇ ਮੰਨ ਕੇ ਨੀਵੀਂਆਂ ਜ਼ਾਤਾਂ ਦੇ ਲੋਕਾਂ ਤੇ ਸ਼ਾਸਕਾਂ ਕੋਲੋਂ ਜ਼ੁਲਮ ਕਰਵਾਉਂਦੇ ਸਨ। ਗੁਰੂ ਨਾਨਕ ਸਾਹਿਬ ਨੇ ਸੂਤਕ, ਪਾਤਕ ਜਨੇਊ, ਸ਼ਰਾਧ ਆਦਿ ਕਰਮ-ਕਾਂਡਾਂ ਦਾ ਖੰਡਨ ਕੀਤਾ ਅਤੇ ਹਿੰਦੂ ਮੁਸਲਮਾਨ ਤੋਂ ਨਿਆਰੇ ਖ਼ਾਲਸਾ ਪੰਥ ਦੀ ਨੀਂਹ ਰੱਖੀ। ਆਪ ਨੇ ਆਪਣੀ ਪਾਵਨ ਬਾਣੀ ਵਿਚ ਵੀ ਹਿੰਦੂਵਾਦ ਦਾ ਡੱਟ ਕੇ ਵਿਰੋਧ ਕੀਤਾ:

ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ॥
ਨਾਰਦਿ ਕਹਿਆ ਸਿ ਪੂਜ ਕਰਾਂਹੀ॥

(ਵਾਰ ਬਿਹਾਗੜਾ ਮ: ੧, ਪੰਨਾ ੫੫੬)

ਪੰਜਵੇਂ ਸਰੂਪ ਵਿੱਚ ਵੀ ਆਪ ਜੀ ਨੇ ਆਪਣੇ ਆਪ ਨੂੰ ਹਿੰਦੂ ਅਤੇ ਮੁਸਲਮਾਨ ਦੋਹਾਂ ਤੋਂ ਨਿਆਰਾ ਦੱਸਿਆ, ਕਿਉਂਕਿ ਸਾਡੀ ਕੋਈ ਵੀ ਰਵਾਇਤ ਜਾਂ ਸੰਸਕਾਰ ਹਿੰਦੂ ਧਰਮ ਨਾਲ ਮੇਲ ਨਹੀਂ ਖਾਂਦਾ ਹੈ। ਆਪ ਜੀ ਦਾ ਫੁਰਮਾਨ ਹੈ:

ਨਾ ਹਮ ਹਿੰਦੂ ਨਾ ਮੁਸਲਮਾਨ॥
ਅਲਹ ਰਾਮ ਕੇ ਪਿੰਡੁ ਪਰਾਨ॥੪॥

(ਭੈਰਉ ਮ: ੫, ਪੰਨਾ ੧੧੩੬)

ਸਿੱਖ ਧਰਮ ਸਰਬੱਤ ਦਾ ਭਲਾ ਮੰਗਣ ਵਾਲਾ ਧਰਮ ਹੈ ਅਤੇ ਆਪਣੇ ਮਨ ਵਿੱਚ ਕਿਸੇ ਦਾ ਵੀ ਬੁਰਾ ਨਹੀਂ ਵਿਚਾਰਦਾ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣੇ ਜੀਵਨ ਕਾਲ ਵਿੱਚ 16 ਤੋਂ ਵੱਧ ਲੜਾਈਆਂ ਲੜੀਆਂ ਹਨ, ਜਿਨ੍ਹਾਂ ਵਿਚੋਂ 14 ਕੇਵਲ ਹਿੰਦੂ ਰਾਜਿਆਂ ਨੇ ਸ਼ੁਰੂ ਕੀਤੀਆਂ ਸਨ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ, ਤੇ ਘੱਲੂਘਾਰਿਆਂ ਵਿੱਚ ਲਖਪਤ ਰਾਇ ਅਤੇ ਜਸਪਤ ਰਾਇ ਵਰਗੇ ਹਿੰਦੂਆਂ ਦਾ ਹੀ ਹੱਥ ਸੀ। ਕੀ ਇਹ ਅਖੌਤੀ ਵਿਦਵਾਨ ਇਸ ਦਾ ਜਵਾਬ ਦੇ ਸਕਦੇ ਹਨ, ਕਿ ਜੇਕਰ ਗੁਰੂ ਸਾਹਿਬਾਨ ਸਿਰਫ਼ ਹਿੰਦੂ ਧਰਮ ਦੇ ਹੀ ਸੁਧਾਰਕ ਸਨ ਤਾਂ ਹਿੰਦੂ ਧਰਮ ਨੇ ਉਨ੍ਹਾਂ ਦਾ ਏਨਾ ਵਿਰੋਧ ਕਿਉਂ ਕੀਤਾ?

2. ਅੱਗੇ ਜਾ ਕੇ ਇਸ ਵਿਦਵਾਨ ਨੇ ਸਿੱਖ ਧਰਮ ਨੂੰ ਹਿੰਦੂ ਧਰਮ ਦਾ ਅੰਗ ਦਰਸਾਉਂਦੇ ਹੋਏ ਸਿੱਖ ਧਰਮ ਕਈ ਭਾਗਾਂ ਵਿੱਚ ਵੰਡਿਆ ਹੈ:

1. ਚਰਨੀ ਸਿੱਖ, 2. ਸਹਿਜੀ ਸਿੱਖ, 3. ਅੰਮ੍ਰਿਤੀਏ ਸਿੱਖ ਅਤੇ ਇਨ੍ਹਾਂ ਤਿੰਨਾਂ ਨੂੰ ਹੀ ਆਰੀਆ ਸਮਾਜ ਅਤੇ ਵਾਮ ਮਾਰਗ ਵਾਂਗ ਹਿੰਦੂ ਧਰਮ ਦਾ ਅੰਗ ਦੱਸਿਆ ਹੈ, ਇਹ ਅਖੌਤੀ ਵਿਦਵਾਨ ਸ਼ਾਇਦ ਇਸ ਗੱਲ ਤੋਂ ਅਣਜਾਣ ਹਨ ਕਿ ਸਿੱਖ ਧਰਮ ਦੇ ਅਨੁਸਾਰ ਕੋਈ ਵੀ ਸਿੱਖ ਉੱਚਾ ਜਾਂ ਨੀਵਾਂ ਨਹੀਂ ਹੈ। ਗੁਰਮਤਿ ਮਾਰਤੰਡ ਅਨੁਸਾਰ:-

ਸਿੱਖ ਉਹ ਹੈ ਜਿਨ੍ਹਾਂ ਨੇ ਜਗਤ ਗੁਰੂ ਦੇ ਵਿਚਾਰ ਅਨੁਸਾਰ ਸਿੱਖਿਆ ਲਈ ਹੈ:

ਸਿਖੀ ਸਿਖਿਆ ਗੁਰ ਵੀਚਾਰਿ॥ (ਪੰਨਾ 465)

ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ॥

(ਗੁਰੂ ਗ੍ਰੰਥ ਸਾਹਿਬ, ਪੰਨਾ ੬੦੧)

ਕੋਈ ਵੀ ਸਿੱਖ ਪੂਰਨ ਸਿੱਖ ਤਾਂ ਹੀ ਅਖਵਾ ਸਕਦਾ ਹੈ ਜੇਕਰ ਉਹਨੇ ਖੰਡੇ ਕੀ ਪਾਹੁਲ ਲਈ ਹੈ। ਗੁਰੂ ਪਾਤਸ਼ਾਹ ਨੇ ਤਾਂ ਖੰਡੇ ਦਾ ਅੰਮ੍ਰਿਤ ਛੱਕਣ ਤੋਂ ਬਿਨਾਂ ਕੇਸ ਰੱਖਣ ਵਾਲੇ ਨੂੰ ਭੇਖੀ ਸਿੱਖ ਕਿਹਾ ਹੈ:

ਧਰਹਿ ਕੇਸ ਪਾਹੁਲ ਬਿਨਾ ਭੇਖੀ ਮੂੜਾ ਸਿੱਖ।

*ਮੇਰਾ ਦਰਸ਼ਨਿ ਨਾ ਹੀ ਤਿਸ ਪਾਪੀ ਤਿਆਗੇ ਭਿਖ॥*

(ਰਹਿਤਨਾਮਾ ਭਾਈ ਸਾਹਿਬ ਸਿੰਘ)

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਗੁਰੂ ਨਾਨਕ ਪਾਤਸ਼ਾਹ ਦੇ ਅਨੁਸਾਰ ਪੰਥ ਨੂੰ ਹੋਰ ਧਰਮਾਂ ਦਾ ਮਿਲਗੋਭਾ ਹੋਣ ਤੋਂ ਬਚਾਉਣ ਲਈ ਕਕਾਰਾਂ ਦੀ ਬਖਸ਼ਿਸ਼ ਕੀਤੀ ਹੈ ਅਤੇ ਧਰਮ ਚਲਾਵਨ, ਸੰਤ ਉਭਾਰਨ ਦਾ ਮਹਾਨ ਸੰਕਲਪ ਦ੍ਰਿੜ ਕਰਵਾਇਆ ਹੈ। ਅੰਮ੍ਰਿਤ ਛੱਕ ਕਰਕੇ ਹੀ ਕੋਈ ਸਿੱਖ ਅਖਵਾ ਸਕਦਾ ਹੈ ਇਹ ਦਸਵੇਂ ਗੁਰੂ ਨਾਨਕ ਦਾ ਹੁਕਮ ਹੈ। *ਉੱਮਦਾ ਉੱਤ ਤਵਾਰੀਖ਼* ਦੇ ਪੰਨਾ 5 ਦੇ ਉਪਰ ਗੁਰੂ ਪਾਤਸ਼ਾਹ ਨੇ ਖ਼ਾਲਸੇ ਨੂੰ ਸੰਦੇਸ਼ ਦਿੱਤਾ ਹੈ, ਉਹ ਇਸ ਤਰ੍ਹਾਂ ਹੈ-

"ਕੋਈ ਵੀ ਸਿੱਖ ਰਾਮ, ਕ੍ਰਿਸ਼ਨ, ਸ਼ਿਵ, ਦੁਰਗਾ ਆਦਿ ਹਿੰਦੂ ਦੇਵੀ ਦੇਵਤਿਆਂ ਦੀ ਪੂਜਾ ਨਾ ਕਰੇ, ਉਹ ਕੇਵਲ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਸਹਿਬਾਨ ਤੇ ਯਕੀਨ ਲਿਆਵੇ ਅਤੇ ਜਾਤ-ਪਾਤ ਦੇ ਵਿਤਕਰੇ ਮਿਟਾ ਕੇ ਖੰਡੇ ਬਾਟੇ ਦੀ ਪਾਹੁਲ ਪਾਨ ਕਰੈ।"

(ਉੱਮਦਾ ਉੱਤ ਤਵਾਰੀਖ਼ ਪੰਨਾ ੫)

ਇਸ ਕਰਕੇ ਖੰਡੇ ਬਾਟੇ ਦੇ ਅੰਮ੍ਰਿਤ ਦਾ ਧਾਰਨੀ ਹੀ ਖ਼ਾਲਸਾ ਹੈ ਅਤੇ ਜੋ ਇਸ ਤੋਂ ਮੁਨਕਰ ਹੋ ਕੇ ਬ੍ਰਾਹਮਣਵਾਦੀ ਕਰਮ-ਕਾਂਡਾਂ ਵਿੱਚ ਗ਼ਲਤਾਨ ਹੁੰਦਾ ਹੈ, ਉਹ ਬਿਪਰਨ ਕੀ ਰੀਤ ਦਾ ਧਾਰਨੀ ਹੈ ਤੇ ਗੁਰੂ ਪਾਤਸ਼ਾਹ ਉਸ ਬਾਬਤ ਫੁਰਮਾਉਂਦੇ ਹਨ:

*ਜਬ ਇਹ ਗਹੈ ਬਿਪਰਨ ਕੀ ਰੀਤ॥*
*ਮੈਂ ਨ ਕਰੋਂ ਇਨ ਕੀ ਪਰਤੀਤ॥* (ਗੁਰੂ ਗੋਬਿੰਦ ਸਿੰਘ)

ਇਸ ਤੋਂ ਸਪੱਸ਼ਟ ਹੈ ਕਿ ਸਿੱਖ ਧਰਮ ਵਿੱਚ ਕਿਸੇ ਪ੍ਰਕਾਰ ਦੀ ਕੋਈ ਵਰਣ ਵੰਡ ਨਹੀਂ ਹੈ, ਅੱਗੋਂ ਕਰਾਰਾਂ ਦਾ ਧਾਰਨੀ ਹੀ ਗੁਰੂ ਨਾਨਕ ਦੇ ਪੰਥ ਦਾ ਖ਼ਾਲਸਾ ਹੈ ਅਤੇ ਕਕਾਰ ਉਸ ਦੀ ਅਜ਼ਾਦ ਹਸਤੀ ਦੀ ਨਿਸ਼ਾਨੀ ਹਨ। ਡਾ.ਇੰਦੂ ਭੂਸ਼ਨ ਬੈਨਰਜੀ ਅਨੁਸਾਰ:

"ਕਕਾਰ ਗੁਰੂ ਨਾਨਕ ਦੇ ਪੰਥ ਦੀ ਵੱਖਰੀ ਵਿਚਾਰਧਾਰਾ ਨੂੰ ਹਿੰਦੂਵਾਦ ਵਿੱਚ ਮਿਲਗੋਭਾ ਹੋਣ ਤੋਂ ਬਚਾਉਣ ਲਈ ਜ਼ਰੂਰੀ ਹਨ।"

ਇਕ ਅੰਗਰੇਜ਼ ਵਿਦਵਾਨ ਬੀਬੀ ਜੇਨੀ ਕੁਲਰ (Miss JEANE KULAR) ਅਨੁਸਾਰ, (Biography of Guru Nanak Dev Ji) "ਜਿਸ ਦਿਨ ਗੁਰੂ ਨਾਨਕ ਦੇ ਸਿੱਖਾਂ ਨੇ ਕਕਾਰ ਤਿਆਗ ਕੇ ਆਪਣੇ ਆਪ ਨੂੰ ਬ੍ਰਾਹਮਣਵਾਦ ਵਿੱਚ ਮਿਲਾ ਲਿਆ ਉਸ ਦਿਨ ਗੁਰੂ ਨਾਨਕ ਦੀ ਵਿਚਾਰਧਾਰਾ ਦਾ ਅੰਤ ਨਜ਼ਰ ਆਵੇਗਾ।"

3. ਅੱਗੇ ਜਾ ਕੇ ਇਸ ਵਿਦਵਾਨ ਨੇ ਹਿੰਦੂ ਸਿੱਖ ਦਾ ਏਕੀਕਰਨ ਸਿਰਲੇਖ ਹੇਠ ਜੋ ਹਿੰਦੂ ਧਰਮ ਅਤੇ ਸਿੱਖ ਧਰਮ ਦੀ ਪਰਿਭਾਸ਼ਾ ਦਿੱਤੀ ਹੈ ਉਹ ਬਹੁਤ ਹੀ ਹਾਸੋਹੀਣੀ ਹੈ। ਉਸ ਨੇ ਹਿੰਦੂ ਧਰਮ ਦੀ ਪਰਿਭਾਸ਼ਾ ਦਿੱਤੀ ਹੈ। ਹਿੰਸਾ ਤੋਂ ਦੂਰ (ਹਿੰ+ਦੂ=ਹਿੰਦੂ) ਅਰਥਾਤ ਗਊ ਪ੍ਰਤੀ ਅਹਿੰਸਾ ਨੂੰ ਅਤੇ ਇਸ ਦੇ ਅੱਖਰਾਂ ਦੇ ਮਿਲਗੋਭੇ ਨੂੰ ਹਿੰਦੂ ਧਰਮ ਦੀ ਪਰਿਭਾਸ਼ਾ ਦੱਸਿਆ ਹੈ ਅਤੇ ਅੱਗੇ

ਜਾ ਕੇ ਲਿਖਿਆ ਹੈ ਕਿ ਕਿਉਂਕਿ ਸਿੱਖ ਵੀ ਗਊ ਹਿੰਸਾ ਦੇ ਵਿਰੋਧੀ ਹਨ ਇਸ ਕਰਕੇ ਵੇਦਾਂ ਅਨੁਸਾਰ ਉਹ ਹਿੰਦੂ ਧਰਮ ਦਾ ਅੰਗ ਹਨ। ਵੈਸੇ ਜੇਕਰ ਇਤਿਹਾਸਕ ਸਰੋਤਾਂ ਦੀ ਘੋਖ ਕੀਤੀ ਜਾਵੇ ਤਾਂ 'ਹਿੰਦੂ' ਸ਼ਬਦ ਦੇ ਕਈ ਅਰਥ ਹਨ ਅਤੇ ਜੇਕਰ ਵਿਸਥਾਰ ਸਹਿਤ ਦਿੱਤੇ ਜਾਣ ਤਾਂ 'ਗਰਵ ਸੇ ਕਹੋ ਹਮ ਹਿੰਦੂ ਹੈਂ' ਕਹਿਣ ਵਾਲਿਆਂ ਦੇ ਪਸੀਨੇ ਛੁੱਟ ਜਾਣਗੇ।

ਫ਼ਾਰਸੀ:- ਫ਼ਾਰਸੀ ਭਾਸ਼ਾ ਵਿੱਚ ਹਿੰਦੂ ਸ਼ਬਦ ਦਾ ਅਰਥ ਕਾਲਾ, ਚੋਰ, ਠੱਗ, ਡਾਕੂ, ਗ਼ੁਲਾਮ ਆਦਿ ਹੈ, ਇਸ ਦੀ ਪੁਸ਼ਟੀ ਇਕ ਫ਼ਾਰਸੀ ਕੋਸ਼ ਗਿਆਸ-ਉਲ-ਲੁਗਾਤ ਵਿੱਚ ਇਸ ਤਰ੍ਹਾਂ ਹੈ:

ਹਿੰਦੂ ਸਰ ਮੁਹਾਵਿਰੇ ਫ਼ਾਰਸਿਆ ਬਮਾਅਨੀ ਦੁਜਦ ਵ ਰਹਜ਼ਨ ਭੀ ਆਇਦ॥[1]

ਅਰਥਾਤ:-ਫ਼ਾਰਸੀ ਭਾਸ਼ਾ ਦੇ ਮੁਹਾਵਰੇ ਵਿੱਚ ਹਿੰਦੂ ਸ਼ਬਦ ਚੋਰ ਅਤੇ ਡਾਕੂ ਦੇ ਅਰਥ ਵਿੱਚ ਆਉਂਦਾ ਹੈ।

ਕੋਈ 560 ਸਾਲ ਪਹਿਲਾਂ ਹਾਫ਼ਿਜ ਸ਼ੀਰਾਜ਼ੀ ਨਾਮ ਦੇ ਇਕ ਪ੍ਰਸਿੱਧ ਕਵੀ ਫ਼ਾਰਸ ਵਿੱਚ ਹੋਏ ਹਨ। ਉਹ ਆਪਣੇ ਹੇਠ ਲਿਖੇ ਸ਼ੇਅਰ ਵਿੱਚ ਕਾਲੇ ਰੰਗ ਲਈ ਹਿੰਦੂ ਸ਼ਬਦ ਦੀ ਵਰਤੋਂ ਕਰਦਾ ਹੈ। ਮਿਸਾਲ ਵਜੋਂ:

*ਅਗਰ ਆਂ ਤੁਰਕ ਸ਼ਿਰਾਜ਼ੀ ਬਦਸਤ ਆਰਦ ਦਿਲੇ ਮਾਰਾ।*[2]
*ਬਖ਼ਾਲੇ ਹਿੰਦੂਵਸ਼ ਵਖ਼ਸ਼ਮ ਸਮਰਕੰਦੋਂ ਬੁਖਾਰਾ॥*

ਅਰਥਾਤ:- ਜੇਕਰ ਸ਼ਿਰਾਜ਼ ਦਾ ਰਹਿਣ ਵਾਲਾ ਮੇਰਾ ਮਾਸ਼ੂਕ ਮੇਰੇ ਦਿਲ ਨੂੰ ਆਪਣੇ ਹੱਥਾਂ ਵਿੱਚ ਕਰ ਲਵੇ ਤਾਂ ਮੈਂ ਉਸਦੇ ਚਿਹਰੇ ਦੇ ਕਾਲੇ ਤਿਲ (ਹਿੰਦੂਵਸ਼) ਉਤੇ ਸਮਰਕੰਦ ਅਤੇ ਬੁਖ਼ਾਰਾ ਦੀ ਬਾਦਸ਼ਾਹਤ ਕੁਰਬਾਨ ਕਰ ਦੇਵਾਂ।

ਚਮਨ ਬੇਨਜ਼ੀਰ ਲਿਖਦਾ ਹੈ:

ਹਿੰਦੂ ਕਿਆ ਹੈ?

ਹਿੰਦੂ ਕਾਫ਼ਿਰ ਹੈ।

ਕਾਫ਼ਿਰ ਕਿਆ ਹੈ?

ਕਾਫ਼ਿਰ ਰਾਹਜ਼ਨ ਹੈ।

ਰਾਹਜ਼ਨ ਕਿਆ ਹੈ?

ਈਮਾਨ ਪਰ ਡਾਕਾ ਡਾਲਨੇ ਵਾਲਾ ਹੈ।

ਇਕ ਸ਼ੇਅਰ ਹੈ:

ਜ਼ੁਲਫੇਂ ਬੜੀ ਮਿਜਗ ਬੜੀ ਕਾਕਲ ਬੜੇ।
ਹੁਸਨ ਕੀ ਸਰਕਾਰ ਮੇਂ ਜੈਤੇ ਬੜੇ ਹਿੰਦੂ ਬੜੇ।[3]

ਅਰਥਾਤ:-ਔਰਤ ਦੇ ਸਿਰ ਦੇ ਕਾਲੇ ਵਾਲ, ਗੱਲ੍ਹਾਂ ਤੇ ਕਾਲਾ ਤਿਲ ਅਤੇ ਕਾਲੀਆਂ ਪੱਲਕਾਂ, ਸਾਰੀਆਂ ਕਾਲੀਆਂ ਚੀਜ਼ਾਂ ਹੀ ਹਨ।

ਇਸ ਸਵਾਲ ਦਾ ਸਪੱਸ਼ਟ ਜਵਾਬ ਦੇਣ ਲਈ ਸਭ ਤੋਂ ਪਹਿਲਾਂ ਇਹ ਜਾਨਣਾ ਜ਼ਰੂਰੀ ਹੈ ਕਿ ਵੇਦਾਂ ਅਨੁਸਰ ਹਿੰਦੂ ਧਰਮ ਗਊ ਹਿੰਸਾ ਤੋਂ ਕਿੰਨੀ ਕੁ ਦੂਰ ਹੈ ਜਾਂ ਗਊ ਦਾ ਕੀ ਸਥਾਨ ਹੈ ਜੋ ਕਿ ਤਰਤੀਬਵਾਰ ਦਿੱਤਾ ਜਾ ਰਿਹਾ ਹੈ।

1. ਵੇਦ ਵਿਆਸ ਦੀ ਰਚਨਾ ਛੇਵਾਂ ਸ਼ਾਸਤਰ 'ਬ੍ਰਹਮ ਸੂਤਰ' ਦੇ ਤੀਸਰੇ ਅਧਿਆਇ ਦੇ ਦੂਸਰੇ ਪਦ 'ਅਸ਼ੁਧ ਮਿਤਿ ਚੇਤ ਨ ਸ਼ਬਦਾਤ ਅਨੁਸਾਰ:

"ਜਯੋਤਿਸ਼ਟੋਮ' ਯੱਗ ਵਿੱਚ ਗਊ ਦੇ ਮਾਸ ਨੂੰ ਖਾਣਾ ਧਰਮ ਹਿੰਦੂ ਸਨਾਤਮ ਧਰਮ ਹੈ, ਕਿਉਂਕਿ ਇਹ ਹਿੰਸਾ 'ਸ਼ਬਦਾਤ ਦੇ ਅਨੁਸਾਰ ਹੈ।"[4]

2. ਪਾਰਸਕਰ ਗ੍ਰਹਿ ਸੂਤਰ ਅਨੁਸਾਰ:

"ਵਿਆਹ ਵਿੱਚ ਵਰ ਦੇ ਸੁਆਗਤ ਲਈ 'ਮਾਤਾ ਰੁਦਰਾਣੰ ਦਾ ਮੰਤਰ ਪੜ੍ਹਦੇ ਹੋਏ ਗਊ ਹੱਤਿਆ ਕਰਨੀ ਅਤੇ ਉਸ ਦਾ ਮਾਸ ਵਰ ਨੂੰ ਖਵਾਉਣਾ ਪਰਮ ਜ਼ਰੂਰੀ ਹੈ।"[5]

3. ਇੰਦ੍ਰ ਵਿਜੈ ਕਾਵਿ (ਪੰਡਤ ਮਧੁਸੂਧਨ ਬਿਹਾਰੀ ਅਨੁਸਾਰ:

"ਦੇਵਰਾਜ ਇੰਦਰ ਨੂੰ ਗਊ ਦਾ ਮਾਸ ਅਤੇ ਸ਼ਰਾਬ ਭੇਟ ਕਰਨੀ ਚਾਹੀਦੀ ਹੈ।"[6]

4. ਮਹਾਂਭਾਰਤ ਵਣ ਪਰਵ ਅਧਿਆਇ ਅਨੁਸਾਰ:

"ਰਾਜਾ ਰੰਤੀਦੇਵ ਪ੍ਰਤਾਪੀ ਹਿੰਦੂ ਰਾਜਾ ਸੀ ਜੋ ਗਊ ਹੱਤਿਆ ਕਰਕੇ ਜੱਸ ਕਰਿਆ ਕਰਦਾ ਸੀ।"[7]

5. ਬ੍ਰਹਮ ਵੈਵਰਤ ਪੁਰਾਣ ਪ੍ਰਕਿਰਤੀ ਖੰਡ ਅਧਿਆਇ 54 ਅਨੁਸਾਰ,

"ਰਾਜਾ ਸੁਯੱਗ ਨੇ ਬੜੀ ਚੰਗੀ ਵਿਧੀ ਨਾਲ ਚਾਰ ਲੱਖ ਗੋਮੇਧ ਯੱਗ ਕੀਤੇ। ਘੀ 'ਚ ਤਲ ਕੇ ਪੰਜ ਲਖ ਗਊਆਂ ਦਾ ਮਾਸ ਉਹ ਨਿੱਤ ਤਿੰਨ ਕਰੋੜ ਬ੍ਰਾਹਮਣਾਂ ਨੂੰ ਖਵਾਇਆ ਕਰਦਾ ਸੀ।"[8]

ਸੋ ਉਪਰ ਦਿੱਤੇ ਪ੍ਰਮਾਣਾਂ ਤੋਂ ਸਪੱਸ਼ਟ ਹੈ ਕਿ ਹਿੰਦੂ ਧਰਮ ਵਿੱਚ ਗਊ ਦਾ ਕੀ ਸਥਾਨ ਹੈ ? ਪਰ ਇਨ੍ਹਾਂ ਦੇ ਗਊ ਪੂਜਾ ਦੇ ਪਾਖੰਡ ਦਾ ਕਈ ਮੁਸਲਮਾਨ ਸ਼ਾਸਕਾਂ ਨੇ ਬਹੁਤ ਲਾਭ ਉਠਾਇਆ ਹੈ।

ਜਦੋਂ ਮਹਿਮੂਦ ਗਜ਼ਨਵੀ ਨੇ ਸੋਮਨਾਥ ਮੰਦਰ ਤੇ ਆਪਣਾ ਸਤਾਰ੍ਹਵਾਂ ਹਮਲਾ ਕੀਤਾ ਤਾਂ ਉਸਨੇ ਇਸ ਹਮਲੇ ਵਿੱਚ ਗਊਆਂ ਅੱਗੇ ਲਗਾ ਕੇ ਜਿੱਤ ਪ੍ਰਾਪਤ ਕੀਤੀ ਅਤੇ ਹਿੰਦੂ ਧਰਮ ਦੇ ਵਿਧਾਨ ਗਊ ਪੂਜਾ ਦਾ ਪੂਰਾ ਲਾਭ ਉਠਾਇਆ, ਕਿਉਂਕਿ ਹਿੰਦੂ ਯੋਧਿਆਂ ਜੰਗ ਦੀਆਂ ਸਫ਼ਾਂ ਅੱਗੇ ਗਊਆਂ ਵੇਖ ਕੇ ਹਥਿਆਰ ਸੁੱਟ ਦਿੱਤੇ, ਅਣਗਿਣਤ ਲੋਕਾਂ ਦੀ ਹੱਤਿਆ ਦਾ ਕਾਰਨ ਬਣੇ।

ਗੁਰੂ ਨਾਨਕ ਦੇ ਪੰਥ ਦਾ ਰਾਹ ਨਿਰਾਲਾ ਹੈ। ਕੀੜੀ ਤੋਂ ਹਾਥੀ ਤੱਕ ਅਕਾਲ ਪੁਰਖ ਦੀ ਕ੍ਰਿਪਾ

ਦਾ ਪਾਤਰ ਹੈ, ਪਰ ਕਿਸੇ ਖਾਸ ਜੀਵ ਦੀ ਪੂਜਾ ਨਹੀਂ ਕੀਤੀ ਜਾਂਦੀ, ਸਗੋਂ ਸਾਰਿਆਂ ਜੀਵਾਂ ਤੇ ਕਿਰਪਾ ਕਰਨ ਵਾਲੇ ਅਕਾਲ ਪੁਰਖ ਦੀ ਪੂਜਾ ਕੀਤੀ ਜਾਂਦੀ ਹੈ। ਗੁਰੂ ਪਾਤਸ਼ਾਹ ਦਾ ਫੁਰਮਾਨ ਹੈ-

*ਚੀਟੀ ਤੇ ਕੁੰਚਰ ਅਸਥੂਲਾ॥*
*ਸਭ ਪਰ ਕ੍ਰਿਪਾ ਦ੍ਰਿਸਟਿ ਕਰਿ ਫੂਲਾ॥* (ਚੌਪਈ ਪਾਤਸ਼ਾਹੀ 10)

ਗੁਰੂ ਨਾਨਕ ਨਾਮ-ਲੇਵਾ ਗੁਰਸਿੱਖ ਕਿਸੇ ਵੀ ਕਿਸਮ ਦੀ ਹਿੰਸਾ ਵਿੱਚ ਯਕੀਨ ਨਹੀਂ ਰੱਖਦੇ ਪਰ ਬੇਗੈਰਤ ਜਿਉਣ ਨਾਲੋਂ ਅਣਖ ਭਰਪੂਰ ਮੌਤ ਨੂੰ ਕਬੂਲਦੇ ਹਨ। ਗੁਲਾਮੀ ਨਾਲੋਂ ਮੈਦਾਨ-ਏ-ਜੰਗ ਵਿੱਚ ਜੂਝ ਕੇ ਜਾਮ-ਏ-ਸ਼ਹਾਦਤ ਪੀਣਾ ਆਪਣਾ ਧਰਮ ਸਮਝਦੇ ਹਨ, ਗੁਰੂ ਪਾਤਸ਼ਾਹ ਦਾ ਗੁਰਬਾਣੀ ਵਿੱਚ ਫੁਰਮਾਨ ਹੈ-

*ਜੇ ਜੀਵੈ ਪਤਿ ਲਥੀ ਜਾਇ॥*
*ਸਭੁ ਹਰਾਮੁ ਜੇਤਾ ਕਿਛੁ ਖਾਇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੧੪੨)

ਸਿੱਖ ਧਰਮ ਦੇ ਮਹਾਨ ਵਿਦਵਾਨ ਲਿਖਾਰੀ ਭਾਈ ਕਾਹਨ ਸਿੰਘ ਨਾਭਾ ਅਨੁਸਾਰ:

"ਗੁਰਮਤ ਵਿੱਚ ਯਥਾਰਥ ਵਿੱਚ ਅਹਿੰਸਾ ਅਤੇ ਦਯਾ ਦੀ ਵਰਤੋਂ ਹੈ, ਨਾ ਜੈਨ-ਮੱਤ ਅਤੇ ਬੁੱਧ-ਮੱਤ ਦਾ ਨਿਯਮ 'ਅਹਿੰਸਾ ਪਰਮੋ ਧਰਮ' ਅੰਗੀਕਾਰ ਹੈ ਔਰ ਨਾ ਰਾਕਸ਼ ਬ੍ਰਿਤੀ ਵਿਧਾਨ ਹੈ।"

(ਗੁਰਮਤ ਮਾਰਤੰਡ, ਪੰਨਾ ੨੧੪)

ਸਿੱਖ ਧਰਮ ਵਿੱਚ ਅਜਿਹੀ ਗਊ ਪੂਜਾ ਦਾ ਕੋਈ ਸਥਾਨ ਨਹੀਂ ਹੈ। ਜੰਗ ਵਿੱਚ ਗਊ ਖੜੀ ਵੇਖ ਕੇ ਸ਼ਸਤਰ ਸੁੱਟ ਦਿੱਤੇ ਜਾਣ ਤੇ ਗ਼ੁਲਾਮੀ ਕਬੂਲ ਕੀਤੀ ਜਾਵੇ। ਸਿੱਖ ਧਰਮ ਵਿੱਚ ਮੈਦਾਨ-ਏ-ਜੰਗ ਵਿੱਚ ਕਾਇਰਤਾ ਵਿਖਾਉਣ ਅਤੇ ਸ਼ਸਤਰ ਸੁੱਟ ਕੇ ਭੱਜ ਜਾਣ ਵਾਲੇ ਨੂੰ ਨਰਕ ਦਾ ਭਾਗੀ ਦਸਿਆ ਗਿਆ ਹੈ। ਗੁਰੂ ਪਾਤਸ਼ਾਹ ਤਾਂ ਗੁਰਬਾਣੀ ਵਿੱਚ ਫੁਰਮਾਉਂਦੇ ਹਨ, ਸੂਰਮੇ ਦਾ ਧਰਮ ਲੜਨਾ ਹੈ, ਨਾਕਿ ਮੈਦਾਨ ਛੱਡ ਕੇ ਭੱਜਣਾ। ਗੁਰੂ ਮਹਾਰਾਜ ਦਾ ਫੁਰਮਾਨ ਹੈ-

*ਜੋ ਸੂਰਾ ਤਿਸ ਹੀ ਹੋਇ ਮਰਣਾ॥*
*ਜੋ ਭਾਗੈ ਤਿਸੁ ਜੋਨੀ ਫਿਰਣਾ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੧੯)

ਸਗੋਂ ਅਖੌਤੀ ਅਹਿੰਸਾ ਵਿੱਚ ਸ਼ਰਧਾ ਰੱਖਣ ਵਾਲਿਆਂ ਨੂੰ ਸਿੱਖ ਧਰਮ ਬਾਰੇ ਅਗਿਆਨੀ ਹੋਣ ਬਾਰੇ ਭਾਈ ਕਾਹਨ ਸਿੰਘ ਨਾਭਾ ਲਿਖਦੇ ਹਨ:

'ਆਪਣੇ ਮਨੋਰਥ ਦੀ ਸਿੱਧੀ ਲਈ ਪਸ਼ੂਆਂ ਦੀ ਬਲੀ ਦੇਣੀ, ਜੰਗ ਵਿੱਚ ਫ਼ੌਜ ਦੀਆਂ ਸਫ਼ਾਂ ਅੱਗੇ ਗਊਆਂ ਖੜੋਤੀਆਂ ਵੇਖ ਕੇ ਹਥਿਆਰ ਸੁੱਟ ਦੇਣੇ ਅਤੇ ਸੱਟ ਖਾਧਾ ਜੀਵ ਜੋ ਤੜਫ ਰਿਹਾ ਹੋਵੇ ਜਿਸ ਦੇ ਬਚਣ ਦੀ ਕੋਈ ਸੂਰਤ ਨਹੀਂ ਉਸ ਨੂੰ ਮਾਰਨ ਤੋਂ ਸੰਕੋਚ ਕਰਨਾ, ਆਪਣੇ ਅਧੀਨ ਨੌਕਰ ਅਤੇ ਪਸ਼ੂ ਦੁਖੀ ਰੱਖਣਾ ਪਰ ਸੱਪ ਤੇ ਹਲਕੇ ਕੁੱਤੇ ਉਪਰ ਦਿਆ ਕਰਨੀ ਇਤਿਆਦਕ

ਕਰਮ ਕਰਨ ਵਾਲੇ ਕਿਥੋਂ ਦੇ ਅਹਿੰਸਕ ਤੇ ਧਰਮੀ ਹਨ? (ਗੁਰਮਤ ਮਾਰਤੰਡ, ਸਫਾ ੨੧੪, ਭਾਗ ੨)

ਅਖੌਤੀ ਦਇਆਵਾਨ ਮਨੁੱਖ ਬਾਰੇ ਪਾਵਨ ਗੁਰਬਾਣੀ ਦਾ ਫੁਰਮਾਨ ਹੈ:

*ਬਾਟ ਪਾਰਿ ਘਰੁ ਮੂਸਿ ਬਿਰਾਨੋ ਪੇਟੁ ਭਰੈ ਅਪ੍ਰਾਧੀ॥*
*ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ॥ ੨॥*
*ਹਿੰਸਾ ਤਉ ਮਨ ਤੇ ਨਹੀਂ ਛੂਟੀ ਜੀਅ ਦਇਆ ਨਹੀਂ ਪਾਲੀ॥*
*ਪਰਮਾਨੰਦ ਸਾਧਸੰਗਤਿ ਮਿਲਿ ਕਥਾ ਪੁਨੀਤ ਨ ਚਾਲੀ॥ ੩॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੧੨੫੩)

ਸਿੱਖ ਉਸ ਉਪਰ ਦਇਆ ਕਰਦਾ ਹੈ ਜੋ ਦਇਆ ਦਾ ਪਾਤਰ ਹੈ, ਪਰ ਕਿਸੇ ਖਾਸ ਇਕ ਜੀਵ ਨੂੰ ਇਸ਼ਟ ਮੰਨ ਕੇ ਉਸਦੀ ਪੂਜਾ ਨਹੀਂ ਕਰਦਾ, ਜਿਵੇਂ ਕਿ ਹਿੰਦੂ ਧਰਮ ਵਿੱਚ ਗਊ ਅਤੇ ਸੱਪ ਦੀ ਪੂਜਾ ਕੀਤੀ ਜਾਂਦੀ ਹੈ। ਸੋ ਸਿੱਖ ਸਿਰਫ਼ ਅਕਾਲ-ਪੁਰਖ ਦਾ ਪੁਜਾਰੀ ਹੈ ਅਤੇ ਜਿਸ ਤਰ੍ਹਾਂ ਅਖੌਤੀ ਵਿਦਵਾਨਾਂ ਨੇ ਸਿੱਖਾਂ ਨੂੰ ਗਊ ਪੂਜਾ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਨਿਰਮੂਲ ਹੈ।

4. ਅਗਲਾ ਕਥਨ ਜਿਸ ਦਾ ਸਿਰਲੇਖ ਹੈ 'ਦੁਰਗਾ ਸ਼ਕਤੀ ਦੀ ਉਪਾਸ਼ਨਾ' ਵਿੱਚ ਲੇਖਕ ਨੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਹਿੰਦੂ ਧਰਮ ਵਿੱਚ ਵੀ ਦੇਵੀ ਦੀ ਪੂਜਾ ਕੀਤੀ ਜਾਂਦੀ ਹੈ ਅਤੇ ਸਿੱਖ ਗੁਰੂ ਸਾਹਿਬਾਨ, ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਵੀ ਦੁਰਗਾ ਦੀ ਪੂਜਾ ਕੀਤੀ। ਕੁਝ ਦਸਮ ਗ੍ਰੰਥ ਦੀਆਂ ਅਪ੍ਰਮਾਣਿਤ ਅਤੇ ਵਿਵਾਦਗ੍ਰਸਤ ਲਿਖਤਾਂ ਦਾ ਵੀ ਹਵਾਲਾ ਦਿੱਤਾ ਹੈ ਅਤੇ ਮਹਾਕਾਲ-ਕਾਲਕਾ ਅਰਾਧੀ' ਦੇ ਅਰਥ ਲਿਖੇ ਹਨ ਕਿ ਗੁਰੂ ਗੋਬਿੰਦ ਸਿੰਘ ਨੇ ਮਹਾਂਕਾਲ ਨੂੰ ਪਿਤਾ ਅਤੇ ਕਾਲਕਾ ਨੂੰ ਮਾਤਾ ਕਿਹਾ ਹੈ। ਮਹਾਂਕਾਲ ਤੇ ਕਾਲਿਕਾ ਦਾ ਪਤੀ-ਪਤਨੀ ਦਾ ਰਿਸ਼ਤਾ ਹੈ।

ਇਸ ਨੂੰ ਸਪੱਸ਼ਟ ਕਰਨ ਲਈ ਸਭ ਤੋਂ ਪਹਿਲਾਂ ਹਿੰਦੂ ਧਰਮ ਵਿੱਚ ਦੁਰਗਾ ਪੂਜਾ ਦੇ ਵਿਧਾਨ ਨੂੰ ਸਮਝਣਾ ਬਹੁਤ ਜ਼ਰੂਰੀ ਹੈ।

ਹਿੰਦੂ ਧਰਮ ਦੇ ਧਰਮ ਸ਼ਾਸਤਰ ਤੇ ਪੁਰਾਣ ਅਨੁਸਾਰ:

"ਦੁਰਗਾ ਨੂੰ ਸ਼ਰਾਬ ਅਤੇ ਮਾਸ ਦਾ ਭੋਗ ਜ਼ਰੂਰੀ ਹੈ ਅਤੇ ਇਹ ਧਰਮ ਤੰਤਰ ਅਤੇ ਪੁਰਾਣਾਂ ਦੇ ਅਨੁਸਾਰ ਹੋਣ ਕਰਕੇ ਸਨਾਤਨ ਰੀਤੀ ਹੈ।"[9]

ਸਵਾਮੀ ਰਾਮ ਤੀਰਥ ਜੀ ਦੰਡੀ ਸੰਨਿਆਸੀ ਅਨੁਸਾਰ:

"ਸ਼ੈਵ ਅਤੇ ਸ਼ਾਕਤ ਤੰਤਰ ਅਨੁਸਾਰ ਦੁਰਗਾ ਮਾਸ ਅਤੇ ਮਦਿਰਾ ਤੋਂ ਬਿਨਾਂ ਪ੍ਰਸੰਨ ਨਹੀਂ ਹੋ ਸਕਦੀ ਹੈ।"[10] (ਸਰਵੋਤਮ ਧਰਮ ਖ਼ਾਲਸਾ ਪੰਥ ਵਿਚੋਂ)

ਹਿੰਦੂ ਧਰਮ ਵਿੱਚ ਦੁਰਗਾ ਦੀ ਪੂਜਾ ਮਾਸ ਤੇ ਸ਼ਰਾਬ ਦਾ ਭੋਗ ਲਗਾ ਕੇ ਕੀਤੀ ਜਾਂਦੀ ਹੈ, ਪਰ ਅਜੇ ਤੱਕ ਕੋਈ ਵੀ ਅਜਿਹੀ ਮਿਸਾਲ ਨਹੀਂ ਮਿਲਦੀ ਕਿ ਕਿਸੇ ਸਿੱਖ ਗੁਰੂ ਸਹਿਬਾਨ ਨੇ ਕਿਸੇ ਅਖੌਤੀ ਦੇਵੀ ਨੂੰ ਪ੍ਰਸੰਨ ਕਰਨ ਲਈ ਮਾਸ ਜਾਂ ਸ਼ਰਾਬ ਅਰਪਣ ਕੀਤੀ ਹੋਵੇ। ਗੁਰੂ ਸਹਿਬਾਨ ਨੇ

ਸਿਰਫ਼ ਅਕਾਲ ਪੁਰਖ ਨੂੰ ਹੀ ਇਸ਼ਟ ਮੰਨਿਆ ਹੈ, ਗੁਰੂ ਪਾਤਸ਼ਾਹ ਦਾ ਫ਼ੁਰਮਾਨ ਹੈ:

*ਦੇਵੀ ਦੇਵਾ ਪੂਜੀਐ ਭਾਈ, ਕਿਆ ਮਾਗਉ ਕਿਆ ਦੇਹਿ॥*

(ਸੋਰਠਿ ਮ: ੫, ਪੰਨਾ ੬੩੭)

*ਕੋਟਿ ਦੇਵੀ ਜਾ ਕਉ ਸੇਵਹਿ ਲਖਿਮੀ ਅਨਿਕ ਭਾਤਿ॥*
*ਗੁਪਤ ਪ੍ਰਗਟ ਜਾ ਕਉ ਅਰਾਧਹਿ ਪਉਣ ਪਾਣੀ ਦਿਨਸੁ ਰਾਤਿ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੪੫੬)

ਸਿੱਖ ਧਰਮ ਵਿੱਚ ਸਿਰਫ਼ ਅਕਾਲ ਪੁਰਖ ਨੂੰ ਹੀ ਇਸ਼ਟ ਮੰਨਿਆ ਜਾਂਦਾ ਹੈ, ਨਾ ਕਿ ਕਿਸੇ ਦੇਵੀ ਦੇਵਤੇ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਖ਼ੁਦ ਦੇਵੀ ਪੂਜਾ ਦਾ ਖੰਡਨ ਕੀਤਾ ਹੈ। ਸਿਰਫ਼ ਅਕਾਲ ਪੁਰਖ ਦੀ ਅਰਾਧਨਾ ਦਾ ਮਾਰਗ ਦਰਸਾਇਆ ਹੈ। ਆਪ ਆਪਣੀ ਪਵਿੱਤਰ ਬਾਣੀ 'ਅਕਾਲ ਉਸਤਤਿ' ਵਿੱਚ ਸਪੱਸ਼ਟ ਕਰਦੇ ਹਨ ਕਿ ਮਹਾਂਕਾਲ ਤਾਂ ਅਕਾਲ ਪੁਰਖ ਹੈ, ਦੁਰਗਾ ਭਵਾਨੀ ਤਾਂ ਉਸ ਦੇ ਚਰਨਾਂ ਦੀਆਂ ਦਾਸੀਆਂ ਹਨ। ਆਪ ਫ਼ੁਰਮਾਉਂਦੇ ਹਨ:

*ਅਨਹਦ ਰੂਪ ਅਨਾਹਦ ਬਾਨੀ॥*
*ਚਰਨ ਸਰਨ ਜਿਹ ਬਸਤ ਭਵਾਨੀ॥*
*ਬ੍ਰਹਮਾ ਬਿਸ਼ਨ ਅੰਤੁ ਨਹੀਂ ਪਾਇਓ॥*
*ਨੇਤ ਨੇਤ ਮੁਖ ਚਾਰ ਬਤਾਇਓ॥ ੫॥* (ਅਕਾਲ ਉਸਤਤਿ)

ਗੁਰੂ ਪਾਤਸ਼ਾਹ ਫ਼ੁਰਮਾਉਂਦੇ ਹਨ ਕਿ ਭਵਾਨੀ ਤਾਂ ਅਕਾਲ ਪੁਰਖ ਦੇ ਚਰਨਾਂ ਦੀ ਦਾਸੀ ਹੈ ਅਤੇ ਪੰਜਵੇਂ ਸਰੂਪ ਵਿੱਚ ਆਪ ਕਹਿੰਦੇ ਹਨ ਕਿ ਅਕਾਲ-ਪੁਰਖ ਨੂੰ ਛੱਡ ਕੇ ਦਾਸੀ ਦੀ ਪੂਜਾ ਕਰਨ ਵਾਲਾ ਮਹਾਂ ਅਗਿਆਨੀ ਹੈ, ਫਿਰ ਆਪ ਦਸਵੇਂ ਜਾਮੇਂ ਵਿੱਚ ਕਿਵੇਂ ਦੇਵੀ ਦੀ ਪੂਜਾ ਕਰ ਸਕਦੇ ਸਨ? ਪੰਜਵੇਂ ਸਰੂਪ ਵਿੱਚ ਆਪ ਫ਼ੁਰਮਾਨ ਕਰਦੇ ਹਨ-

*ਠਾਕੁਰੁ ਛੋਡਿ ਦਾਸੀ ਕਉ ਸਿਮਰਹਿ ਮਨਮੁਖ ਅੰਧ ਅਗਿਆਨਾ॥*

(ਭੈਰਉ ਮ: ੫, ਪੰਨਾ ੧੧੩੮)

ਸ. ਕਾਹਨ ਸਿੰਘ ਅਨੁਸਾਰ, ਮਹਾਕਾਲ ਦਾ ਅਰਥ ਹੈ ਵਾਹਿਗੁਰੂ ਪਾਰਬ੍ਰਹਮ ਅਤੇ ਕਾਲਕਾ ਦੇ ਅਰਥ ਹਨ ਅਕਾਲ ਪੁਰਖ ਦੀ ਸ਼ਕਤੀ (ਮਹਾਨ ਕੋਸ਼ ਪੰਨਾ 324) ਇਸ ਕਰਕੇ ਸਿੱਖ ਧਰਮ ਵਿੱਚ ਕਿਸੇ ਦੁਰਗਾ ਨਾਮਕ ਦੇਵੀ ਦਾ ਕੋਈ ਸਥਾਨ ਨਹੀਂ ਹੈ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤਾਂ ਖ਼ੁਦ ਫ਼ੁਰਮਾਉਂਦੇ ਹਨ-

*ਬਿਨ ਕਰਤਾਰ ਨ ਕਿਰਤਮ ਮਾਨੋ॥*

ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿੱਚ ਜਿਨ੍ਹਾਂ ਭਗਤਾਂ ਦੀ ਬਾਣੀ ਦਰਜ ਹੈ ਉਨ੍ਹਾਂ ਵੀ ਦੇਵੀ ਪੂਜਾ ਦਾ ਖੰਡਨ ਕੀਤਾ ਹੈ, ਭਗਤ ਨਾਮਦੇਵ ਜੀ ਫ਼ੁਰਮਾਉਂਦੇ ਹਨ:

*ਤੂ ਕਹੀਅਤਿ ਹੀ ਆਦਿ ਭਵਾਨੀ॥*

*ਮੁਕਤਿ ਕੀ ਬਰੀਆ ਕਹਾ ਛਪਾਨੀ॥ ੪॥*

(ਗੋਂਡ ਨਾਮਦੇਵ ਜੀ, ਪੰਨਾ ੮੭੪)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿਚ ਸ਼ਾਰਦਾ, ਲੱਛਮੀ, ਮਹਾਮਾਈ, ਦੁਰਗਾ, ਭਵਾਨੀ ਆਦਿ ਦੇਵੀ ਪੂਜਾ ਦਾ ਖੰਡਨ ਕੀਤਾ ਗਿਆ ਹੈ:

*ਮਹਾ ਮਾਈ ਕੀ ਪੂਜਾ ਕਰੈ॥ ਨਰ ਸੈ ਨਾਰਿ ਹੋਇ ਅਉਤਰੈ॥ ੩॥*

(ਗੋਂਡ ਨਾਮਦੇਵ ਜੀ, ਪੰਨਾ ੮੭੪)

ਕਈ ਪੁਰਾਤਨ ਗ੍ਰੰਥਾਂ ਜਿਵੇਂ ਗੁਰ ਬਿਲਾਸ ਪਾਤ: 10, ਮਹਿਮਾ ਪ੍ਰਕਾਸ਼ ਅਤੇ ਗੁਰੂ ਪ੍ਰਤਾਪ-ਸੂਰਜ ਗ੍ਰੰਥ ਦੇ ਲਿਖਾਰੀਆਂ ਨੇ ਫੋਕੀ ਸ਼ਰਧਾ ਅਤੇ ਬ੍ਰਾਹਮਣਵਾਦ ਦੇ ਪ੍ਰਭਾਵ ਅਧੀਨ ਗੁਰੂ ਪਾਤਸ਼ਾਹ ਨੂੰ ਦੁਰਗਾ ਦੇ ਪੁਜਾਰੀ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ, ਪਰ ਗੁਰੂ ਪਾਤਸ਼ਾਹ ਆਪ ਹੀ ਇਸ ਕਪੋਲ ਰਚਨਾ ਦਾ ਪਾਜ ਉਘੇੜਦੇ ਹਨ, ਆਪਣੀ ਪਾਵਨ ਬਾਣੀ ਅੰਦਰ ਗੁਰੂ ਗੋਬਿੰਦ ਸਿੰਘ ਜੀ ਨੇ ਹੋਰ ਵੀ ਦੇਵੀ-ਦੇਵਤਿਆਂ ਦੀ ਪੂਜਾ ਦਾ ਖੰਡਨ ਕੀਤਾ ਹੈ:

*ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਯੋ॥*

(ਦਸਮ ਗ੍ਰੰਥ, ਪੰਨਾ ੨੫੪)

ਰਹਿਤਨਾਮਾ ਭਾਈ ਚੌਪਾ ਸਿੰਘ ਅਨੁਸਾਰ:

"ਗੁਰੂ ਕਾ ਸਿੱਖ ਮੱਠ, ਬੁੱਤ, ਤੀਰਥ, ਦੇਵੀ, ਦੁਰਗਾ, ਦੇਵਤਾ, ਬਰਤ, ਪੂਜਾ, ਮੰਤਰ, ਜੰਤਰ, ਪੀਰ, ਬ੍ਰਾਹਮਣ, ਤਰਪਣ, ਗਾਇਤ੍ਰੀ ਕਿਸੇ ਵਲ ਚਿੱਤ ਨਹੀਂ ਦੇਵੇ।"

ਭਾਈ ਨੰਦ ਲਾਲ ਅਨੁਸਾਰ:

*ਲੈਣਾ ਦੇਣਾ ਖ਼ਾਲਸੇ, ਆਨ ਦੇਵ ਸਭ ਝੂਠ॥*
*ਅਉਰ ਦੇਵ ਇਉ ਮਾਨੀਐ ਜਿਉਂ ਬਾਰੂ ਕੀ ਮੂਠ॥*

(ਭਾਈ ਨੰਦ ਲਾਲ ਜੀ)

ਕੁਝ ਅਖੌਤੀ ਵਿਦਵਾਨਾਂ ਅਨੁਸਾਰ ਦਸਮ ਪਾਤਸ਼ਾਹ ਦੀ ਬਾਣੀ ਵਿੱਚ ਭਗਉਤੀ ਦੁਰਗਾ ਨੂੰ ਕਿਹਾ ਜਾਂਦਾ ਹੈ, ਪਰ ਸਵਾਮੀ ਰਾਮ ਤੀਰਥ ਆਖਦੇ ਹਨ:

"ਗੁਰੂ ਜੀ ਦੀ ਰਚਨਾ "ਪ੍ਰਿਥਮ ਭਗੌਤੀ ਸਿਮਰਿ ਕੈ, ਗੁਰ ਨਾਨਕ ਲਈਂ ਧਿਆਇ॥" ਵਿੱਚ ਪ੍ਰਮਾਤਮਾ ਨੂੰ ਭਗੌਤੀ ਦਾ ਨਾਮ ਦਿੱਤਾ ਗਿਆ ਹੈ, ਐਸਾ ਅਰਥ ਹੀ ਸੁਸੰਗਤ ਹੈ। ਇਸ ਤੋਂ ਉਲਟ ਅਰਥ ਦੁਰਗਾ ਭਵਾਨੀ ਆਦਿ ਕਰਨਾ ਮੂਰਖਤਾ ਹੈ। ਕਿਉਂਕਿ ਆਦਿ ਗ੍ਰੰਥ ਵਿੱਚ ਦੁਰਗਾ ਨਾਮ ਵਾਲੀ ਇਸਤਰੀ ਜਾਂ ਦੇਵੀ ਦੀ ਪੂਜਾ ਸਿਮਰਨ ਤਾਂ ਕਿਤੇ ਰਿਹਾ, ਜ਼ਿਕਰ ਭੀ ਨਹੀਂ ਹੈ। ਇਸ ਲਈ ਭਗੌਤੀ ਨਾਮ ਤੋਂ ਪ੍ਰਮਾਤਮਾ ਨੂੰ ਮੰਨਣਾ ਸਿੱਖ ਧਰਮ ਹੈ, ਪ੍ਰੰਤੂ ਇਸਦੇ ਬਿਲਕੁਲ ਉਲਟ ਬ੍ਰਾਹਮਣ ਗ੍ਰੰਥਾਂ ਵਿੱਚ ਦੁਰਗਾ ਨਾਮ ਵਾਲੀ ਇਸਤਰੀ ਨੂੰ ਭਗੌਤੀ ਨਾਮ ਦੇ ਕੇ ਮੰਨਣਾ ਹਿੰਦੂ ਧਰਮ ਹੈ।"[12]

(ਸਰਵੋਤਮ ਖ਼ਾਲਸਾ ਪੰਥ, ਪੰਨਾ ੨੨)

ਗੁਰੂ ਪਾਤਸ਼ਾਹ ਦਾ ਨਿਆਰਾ ਖ਼ਾਲਸਾ ਵੱਖਰੀ ਅਜ਼ਾਦ ਹਸਤੀ ਦਾ ਮਾਲਕ ਹੈ, ਪਰ ਕਿਸੇ

ਬ੍ਰਾਹਮਣਵਾਦੀ ਧਰਮ ਦਾ ਕੋਈ ਅੰਗ ਨਹੀਂ।

ਸ੍ਰੀ ਮਹੇਸ਼ਾ ਨੰਦ ਅਨੁਸਾਰ :-

"ਸਿੱਖਾਂ ਨੂੰ ਹਿੰਦੂ ਮੰਨਣਾ ਮਹਾਂ ਮੂਰਖਤਾ ਹੈ।"

(ਸਰਵੋਤਮ ਪੰਥ ਖ਼ਾਲਸਾ, ਪੰਨਾ ੭੮)

ਇਸ ਤੋਂ ਸਪੱਸ਼ਟ ਹੈ ਕਿ ਸਿੱਖ ਦੇਵੀ ਦੇ ਨਹੀਂ ਬਲਕਿ ਅਕਾਲ ਪੁਰਖ ਦੇ ਪੁਜਾਰੀ ਹਨ। ਵੱਖ-ਵੱਖ ਪ੍ਰਚਾਰ ਮਾਧਿਅਮਾਂ ਰਾਹੀ ਸਿੱਖਾਂ ਨੂੰ ਹਿੰਦੂ ਦਰਸਾਉਣ ਦੀ ਅਜਿਹੀਆਂ ਕੱਟੜਪੰਥੀ ਜਥੇਬੰਦੀਆਂ ਵਲੋਂ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਸਭ ਤੋਂ ਵੱਧ ਖਤਰਾ ਸਾਨੂੰ ਆਪਣੇ ਆਪ ਤੋਂ ਹੈ। ਫੈਸ਼ਨਪ੍ਰਸਤੀ ਪਿਛੇ ਲੱਗ ਕੇ ਵੇਖਾ-ਵੇਖੀ ਸਿੱਖ ਨੌਜਵਾਨ ਦਿਨੋ-ਦਿਨ ਪਤਿਤ ਹੁੰਦੇ ਜਾ ਰਹੇ ਹਨ ਅਤੇ ਗ਼ੈਰ-ਸਿੱਖ ਜਥੇਬੰਦੀਆਂ ਦਾ ਹੌਸਲਾ ਵੱਧ ਰਿਹਾ ਹੈ। ਸੋ ਲੋੜ ਹੈ ਗੁਰੂ ਪਾਤਸ਼ਾਹ ਦੇ ਪਵਿੱਤਰ ਸੰਦੇਸ਼ ਨੂੰ ਘਰ-ਘਰ ਪਹੁੰਚਾਉਣ ਦੀ ਅਤੇ ਖੰਡੇ ਬਾਟੇ ਦਾ ਅੰਮ੍ਰਿਤ ਛੱਕਣ ਦੀ, ਕਿਤੇ ਇਹ ਨਾ ਕਹਿਣਾ ਪੈ ਜਾਵੇ :

ਵੋ ਵਕਤ ਭੀ ਦੇਖੇ ਹੈਂ ਤਾਰੀਖ ਕੀ ਰਾਹੋਂ ਨੇ,
ਲਮਹੋਂ ਨੇ ਖਤਾ ਕੀ, ਸਦੀਉਂ ਨੇ ਸਜ਼ਾ ਪਾਈ।

---

1. ਹਿੰਦੂਇਜ਼ਮ : ਧਰਮ ਜਾਂ ਕਲੰਕ, ਪੰਨਾ: 327, ਲੇਖਕ : ਐਲ. ਆਰ. ਬਾਲੀ, ਪ੍ਰਕਾਸ਼ਕ : ਲੇਖਕ ਖੁਦ
2. ਹਵਾਲਾ ਉਪਰੋਕਤ, ਪੰਨਾ 327
3. ਹਵਾਲ ਉਪਰੋਕਤ, ਪੰਨਾ 328
4. ਸਰਵੋਤਮ ਪੰਥ ਖ਼ਾਲਸਾ ਪੰਥ, ਪੰਨਾ 95, ਸੰਸਕਰਣ : 1995
   ਲੇਖਕ : ਰਾਮ ਤੀਰਥ ਦੰਡੀ ਸੰਨਿਆਸੀ ਪ੍ਰਕਾਸ਼ਕ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ
5. ਪੰਨਾ 95, ਹਵਾਲਾ ਉਪਰੋਕਤ
6. ਸਰਵੋਤਮ ਗ੍ਰੰਥ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 19,
   ਸੰਸਕਰਣ : 1995, ਲੇਖਕ : ਉਪਰੋਕਤ, ਪ੍ਰਕਾਸ਼ਕ : ਉਪਰੋਕਤ
7. ਪੰਨਾ 22, ਹਵਾਲਾ ਉਪਰੋਕਤ
8. ਪੰਨਾ 25, ਹਵਾਲਾ ਉਪਰੋਕਤ
9. ਪੰਨਾ 22, ਹਵਾਲਾ ਉਪਰੋਕਤ
10. ਪੰਨਾ 22, ਹਵਾਲਾ ਉਪਰੋਕਤ
11. ਗੁਰਸ਼ਬਦ ਰਤਨਾਕਰ ਮਹਾਨਕੋਸ਼, ਪੰਨਾ 324, ਰਚਿਤ : ਕਾਹਨ ਸਿੰਘ ਨਾਭਾ,
12. ਸਰਵੋਤਮ ਪੰਥ ਖ਼ਾਲਸਾ ਪੰਥ, ਪੰਨਾ 22, ਸੰਸਕਰਣ, 1995
    ਲੇਖਕ : ਸਵਾਮੀ ਰਾਮ ਤੀਰਥ ਦੰਡੀ ਸੰਨਿਆਸੀ

# ਬੁੱਤਖਾਨਿਆਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਿਉਂ ?

ਘੱਟ-ਗਿਣਤੀਆਂ ਨੂੰ ਬਿਪਰਵਾਦ ਦੇ ਸਮੁੰਦਰ ਵਿਚ ਡੋਬਣ ਲਈ ਤੱਤਪਰ ਰਹਿਣਾ, ਭਗਵਾਂਧਾਰੀ ਬਿਪਰਵਾਦ ਦੀ ਫ਼ਿਤਰਤ ਦਾ ਅਹਿਮ ਹਿੱਸਾ ਹੈ। ਚਪਲ-ਬੁੱਧੀ ਦੇ ਮਾਲਕ ਇਹ ਫ਼ਿਰਕਾਪ੍ਰਸਤ ਸਾਰੇ ਸੰਸਾਰ ਉਪਰ ਕੇਵਲ ਤੇ ਕੇਵਲ ਆਪਣਾ ਬਿਪਰਵਾਦ ਹੀ ਵੇਖਣਾ ਚਾਹੁੰਦੇ ਹਨ। ਸਿਵਾਏ ਹਿੰਦੂ, ਹਿੰਦੀ ਤੇ ਹਿੰਦੁਸਤਾਨ ਤੋਂ ਇਨ੍ਹਾਂ ਦੀਆਂ ਅੱਖਾਂ ਨੂੰ ਕਿਸੇ ਕੌਮ ਦੀ ਨਿਆਰੀ ਹਸਤੀ ਚੰਗੀ ਨਹੀਂ ਲੱਗਦੀ, ਭਾਵੇਂ ਕਿ ਫ਼ਾਰਸੀ, (Persian) ਆਦਿ ਜ਼ਬਾਨਾਂ ਵਿਚ 'ਹਿੰਦੂ' ਸ਼ਬਦ ਦੇ ਅਰਥ ਅਤਿ ਨੀਵੇਂ ਦਰਜੇ ਦੇ ਹਨ। ਮੁਸਲਿਮ, ਸਿੱਖ ਜਾਂ ਈਸਾਈ ਭਾਵੇਂ ਕੋਈ ਵੀ ਧਰਮ ਹੋਵੇ ਇਨ੍ਹਾਂ ਵੱਲੋਂ ਉਸ ਨੂੰ ਜ਼ਵਾਲ ਤਕ ਲੈ ਕੇ ਜਾਣ ਦੇ ਮਨਸੂਬੇ ਘੜਨੇ ਇਨ੍ਹਾਂ ਦਾ ਮਨਭਾਉਂਦਾ ਸ਼ੁਗਲ ਹੈ।

ਬਿਪਰਵਾਦ ਦੇ ਇਸ ਖਾਰੇ ਸਮੁੰਦਰ ਨੇ ਸ਼ੰਕਰਾਚਾਰੀਆ ਦੇ ਨਾਮ ਹੇਠ ਬਲ ਅਤੇ ਬੁੱਧੀ ਦੁਆਰਾ ਬੁੱਧ ਧਰਮ ਨੂੰ ਨਿਗਲਿਆ। ਕਿਤੇ ਮੱਠਾਂ ਉਪਰ ਹਿੰਸਕ ਭੀੜ ਨੇ ਹਮਲੇ ਕੀਤੇ ਤੇ ਬੋਧੀਆਂ ਨੂੰ ਚੁਣ ਚੁਣ ਕੇ ਖਤਮ ਕੀਤਾ ਤੇ ਕਿਤੇ ਬੁੱਧ ਨੂੰ ਵਿਸ਼ਨੂੰ ਦਾ ਅਵਤਾਰ ਬਣਾ ਕੇ ਮੱਠਾਂ ਉਪਰ ਹਿੰਦੂਵਾਦ ਨੂੰ ਕਾਬਜ਼ ਕੀਤਾ ਤਾਂ ਇਸ ਤਰ੍ਹਾਂ ਜਿਥੇ ਬੁੱਧ ਧਰਮ ਪਲਿਆ, ਪਰਵਾਨ ਚੜ੍ਹਿਆ ਉਥੇ ਉਸ ਦੀ ਅਣਹੋਂਦ ਹੈ। ਕਹਿਣ ਤੋਂ ਭਾਵ ਹੈ ਕਿ ਗਯਾ ਤੇ ਕਪਲਵਾਸਤੂ ਤਾਂ ਅੱਜ ਹਿੰਦੁਸਤਾਨ ਵਿਚ ਹਨ ਪਰ ਬੋਧੀ ਨਜ਼ਰ ਨਹੀਂ ਆਉਂਦੇ।

ਕਦੀ ਹਿੰਦੂਵਾਦ ਦਾ ਇਹ ਲਾਵਾ ਮੁਸਲਿਆਂ ਖ਼ਿਲਾਫ਼ ਫੁੱਟਿਆ ਤੇ ਸ਼ੁੱਧੀ ਸਭਾਅ ਦੇ ਨਾਮ ਹੇਠ ਕਿਤੇ ਹਿੰਸਾ ਤੇ ਕਿਤੇ ਸਵਰਗਾਂ ਦੇ ਸਬਜ਼-ਬਾਗ਼ ਵਿਖਾ ਕੇ ਆਪਣਾ ਕਾਰਜ ਅਰੰਭਿਆ ਤੇ ਰਾਜਪੂਤ (ਜੋ ਮੁਸਲਮਾਨ ਬਣ ਚੁੱਕੇ ਸਨ) ਨੂੰ ਹਿੰਦੂਵਾਦ ਦੇ ਘੇਰੇ ਅੰਦਰ ਲਿਆਂਦਾ, ਆਰੀਆ ਸਮਾਜ ਦਾ 'ਕਾਗਜ਼ੀ ਸ਼ੇਰੇ ਪੰਜਾਬ' ਲਾਲਾ ਲਾਜਪਤ ਰਾਏ ਖ਼ੁਦ ਆਪਣੀਆਂ ਲਿਖਤਾਂ ਵਿਚ ਇਸ ਦੀ ਤਸਦੀਕ ਕਰਦਾ ਹੈ ਭਾਵੇਂ ਕਿ ਇਹ ਲੋਕ ਮੁਸਲਿਮਾਂ ਦਾ ਵਧੇਰੇ ਨੁਕਸਾਨ ਨਹੀਂ ਕਰ ਸਕੇ, ਕਿਉਂਕਿ ਪਹਿਲੀ ਗੱਲ ਤਾਂ ਇਹ ਲੋਕ ਹਿੰਦੁਸਤਾਨ ਉਪਰ ਸ਼ਾਸਕਾਂ ਦੇ ਰੂਪ ਵਿਚ ਕਾਬਜ਼ ਹੋਏ ਸਨ। ਦੂਸਰਾ, ਇਹ ਬਹਾਦਰ ਕੌਮ ਦੇ ਬਾਸ਼ਿੰਦੇ ਸਨ। ਬਿਪਰਵਾਦੀ ਤਾਂ ਏਨੇ ਕੂਟਨੀਤਕ ਸਨ ਕਿ ਇਨ੍ਹਾਂ ਤਾਂ ਇਸਲਾਮੀ ਸ਼ਾਸਕਾਂ ਦੀ ਤਾਰੀਫ਼ ਵਿਚ ਉਪਨਿਸ਼ਦ ਲਿਖਣੇ ਆਰੰਭ ਕਰ ਦਿੱਤੇ ਸਨ। ਉਦਾਹਰਣ ਵਜੋਂ 'ਅੱਲ੍ਹਾ ਉਪਨਿਸ਼ਦ'।

ਨਿਆਰੀ ਹਸਤੀ ਦੇ ਅਲੰਬਰਦਾਰ ਖ਼ਾਲਸੇ ਦੇ ਨਿਵੇਕਲੇ ਤੇ ਗੌਰਵਮਈ ਵਿਰਸੇ ਨੂੰ ਨਿਗਲਣ ਵਾਸਤੇ ਇਸ ਬਿਪਰਚੰਦ ਦੈਂਤ ਨੇ ਕਦੀ ਆਰੀਆ ਸਮਾਜੀਆਂ ਤੇ ਕਦੀ ਆਰ. ਐੱਸ. ਐੱਸ. ਦਾ ਰੂਪ ਧਾਰਿਆ। ਆਪਣੇ ਪੂਰਵਜਾਂ ਦੇ ਨਕਸ਼ੇ-ਕਦਮਾਂ 'ਤੇ ਚਲਦਿਆਂ ਕਈ ਹਿੰਸਕ ਹਮਲੇ ਕੀਤੇ (ਜਰਾਇਮ ਪੇਸ਼ਾ, ਪੰਜਾਬੀ ਸੂਬੇ ਦੀ ਵਿਰੋਧਤਾ, ਘੱਲੂਘਾਰਾ ਨੀਲਾ ਤਾਰਾ, ਦਿੱਲੀ ਕਤਲੇਆਮ) ਤੇ ਕਿਤੇ ਬੌਧਿਕ ਹਮਲੇ ਆਰੰਭੇ, ਕੌਮ ਦੇ ਮਾਣਮੱਤੇ ਇਤਿਹਾਸ ਨੂੰ ਵਿਗਾੜਨ ਲਈ ਸਾਜਿਸ਼ਾਂ ਆਰੰਭੀਆਂ, ਕਿਤੇ ਜਪੁ ਜੀ ਨੂੰ ਗੀਤਾ ਦਾ ਸਾਰ, ਗੁਰਬਾਣੀ ਨੂੰ ਵੇਦਾਂ ਦੀ ਗੰਗੋਤਰੀ 'ਚੋਂ ਫੁੱਟਿਆ ਚਸ਼ਮਾ, ਤੇ ਕਿਤੇ ਗੁਰੂ ਸਾਹਿਬਾਨ ਨੂੰ ਬਿਪਰਵਾਦੀ ਰੀਤਾਂ ਦੇ ਧਾਰਨੀ ਦਰਸਾਇਆ ਗਿਆ।

ਬੀਤੇ ਸਮੇਂ ਫ਼ਿਰਕਾਪ੍ਰਸਤ ਬਿਪਰਵਾਦੀ ਸੰਸਥਾ ਆਰ. ਐੱਸ. ਐੱਸ. ਨੇ ਮੰਦਰ ਅੰਦਰ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਕਰਨ ਦਾ ਕਾਰਜ ਉਲੀਕਿਆ। ਗੁਰੂ ਸਾਹਿਬ ਦਾ ਪ੍ਰਕਾਸ਼ ਕੇਵਲ ਗੁਰਧਾਮ ਅੰਦਰ ਹੁੰਦਾ ਹੈ ਨਾਕਿ ਮੰਦਰ ਅੰਦਰ। ਵੈਸੇ ਕੋਈ ਮਨੁੱਖ ਕਿਸੇ ਵੀ ਧਰਮ ਨਾਲ ਸੰਬੰਧ ਰੱਖਦਾ ਹੋਵੇ, ਨਿਰਮਲ ਬੁੱਧੀ ਨਾਲ ਗੁਰੂ ਗ੍ਰੰਥ ਸਾਹਿਬ ਉਪਰ ਭਰੋਸਾ ਆਸਥਾ ਰੱਖੇ, ਅਸੀਂ ਇਸ ਦੇ ਵਿਰੋਧੀ ਨਹੀਂ, ਪ੍ਰੰਤੂ ਪ੍ਰਵਾਨਿਤ ਪੰਥਕ ਮਰਿਆਦਾ ਦੀ ਹਦੂਦ ਅੰਦਰ ਵਿਚਰਦਿਆਂ ਮੰਦਰ ਵਿਚ ਗੁਰੂ ਸਾਹਿਬ ਦੇ ਪ੍ਰਕਾਸ਼ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਇਨ੍ਹਾਂ ਵੀਰਾਂ ਦੀ ਸੋਚ ਇਨ੍ਹਾਂ ਨੂੰ ਮੁਬਾਰਕ, ਪਰ ਜੇ ਤੁਹਾਡੇ ਹਿਰਦਿਆਂ ਅੰਦਰ ਇੰਨਾ ਪਿਆਰ ਹੈ ਤਾਂ ਤੁਹਾਨੂੰ ਮਰਦ ਅਗੰਮੜੇ ਦੇ ਬੋਲ, ਜੋ ਕਦੀ ਕੇਸਗੜ੍ਹ ਦੇ ਮੈਦਾਨ ਵਿਚ ਗੂੰਜੇ ਸਨ, ਕਿਉਂ ਨਹੀਂ ਸੁਣਦੇ?

ਖ਼ਾਲਸਾ ਮੇਰੋ ਰੂਪ ਹੈ ਖ਼ਾਸ।
ਖ਼ਾਲਸੇ ਮਹਿ ਹੌ ਕਰੌ ਨਿਵਾਸ।
ਜਬ ਇਹ ਗਹੈ ਬਿਪਰਨ ਕੀ ਰੀਤ।
ਮੈਂ ਨ ਕਰੋਂ ਇਨ ਕੀ ਪ੍ਰਤੀਤ।

ਕਿਉਂ ਨਹੀਂ ਤੁਸੀਂ ਬਿਪਰਵਾਦ ਦਾ ਜੂਲਾ ਗਲੋਂ ਲਾਹ ਕੇ, ਅਣਖੀਲੇ ਖ਼ਾਲਸੇ ਵਿਚ ਸ਼ਾਮਲ ਹੁੰਦੇ? ਕਿਉਂ ਨਹੀਂ ਤੁਸੀਂ ਗੁਰੂ ਦੀ ਕਿਰਪਾ ਦੇ ਪਾਤਰ ਬਣਦੇ? ਤੁਸੀਂ ਸੰਘ ਸਥਾਪਨ ਨੂੰ ਤਾਂ ਖ਼ਾਲਸਾ ਸਿਰਜਨਾ ਨਾਲ ਜੋੜਦੇ ਹੋ ਪਰ ਅੰਮ੍ਰਿਤ ਸੰਸਕਾਰ ਨੂੰ ਆਪਣੇ ਜੀਵਨ ਦਾ ਹਿੱਸਾ ਕਿਉਂ ਨਹੀਂ ਬਣਾਉਂਦੇ?

ਗੁਰਧਾਮ ਗੁਰ ਉਪਦੇਸ਼ ਦੇ ਸੋਮੇਂ ਹਨ, ਹਰ ਸਿੱਖ ਪੂਜਾ ਪਾਠ, ਸਿਮਰਨ, ਧਾਰਮਿਕ, ਰਾਜਨੀਤਿਕ, ਸਮਾਜਿਕ ਤੇ ਇਥੋਂ ਤਕ ਕਿ ਜੀਵਨ ਦੇ ਹਰ ਖੇਤਰ ਪ੍ਰਤੀ ਸੇਧ ਗੁਰੂ ਅਸਥਾਨ ਤੋਂ ਲੈਂਦਾ ਹੈ। ਖ਼ਾਲਸੇ ਦੇ ਸੰਗਰਾਮ, ਆਜ਼ਾਦੀ ਅਤੇ ਸ਼ਹੀਦੀ ਦੀਆਂ ਅਰਦਾਸਾਂ ਕੇਵਲ ਗੁਰੂ ਸਾਹਿਬਾਨ ਸਨਮੁੱਖ ਹੀ ਹੋਈਆਂ ਹਨ। ਅਜੇ ਤਕ ਸਾਰਾ ਹਿੰਦੁਸਤਾਨੀ ਇਤਿਹਾਸ ਫੋਲਿਆ ਜਾਵੇ ਤਾਂ ਕਦੀ ਕਿਸੇ ਮੰਦਰ ਵਿਚੋਂ ਅਜ਼ਾਦੀ ਲਈ ਜੂਝਣ ਵਾਲਿਆਂ ਦਾ ਕਾਫ਼ਲਾ ਨਹੀਂ ਤੁਰਿਆ, ਕਿਸੇ ਬੇਬੱਸ ਦੀ ਆਬਰੂ ਬਚਾਉਣ ਲਈ ਕਿਸੇ ਸੂਰਮੇ ਨੇ ਕੂਚ ਨਹੀਂ ਕੀਤਾ। ਇਹ ਮਾਣ ਕੇਵਲ ਗੁਰੂ ਪਾਤਸ਼ਾਹ

ਨੇ ਖ਼ਾਲਸੇ ਨੂੰ ਬਖਸ਼ਿਆ। ਖ਼ਾਲਸੇ ਨੂੰ ਪਤਾ ਲੱਗਾ ਕਿ ਦੇਵਕੀ ਦਾਸ ਦੀ ਬੇਟੀ ਨੂੰ ਬੱਸੀ-ਪਠਾਣਾਂ ਦੇ ਜ਼ਾਬਰ ਖਾਨ ਨੇ ਅਗਵਾ ਕੀਤਾ ਹੈ ਤਾਂ ਖ਼ਾਲਸੇ ਨੇ ਅਨੰਦਪੁਰ ਸਾਹਿਬ ਤੋਂ ਚੜ੍ਹਾਈ ਕੀਤੀ। ਜੇ ਕਿਸੇ ਨਿਮਾਣੇ ਬ੍ਰਾਹਮਣ ਵੀਰ ਨੇ ਅਕਾਲ ਤਖ਼ਤ ਸਾਹਿਬ 'ਤੇ ਆ ਕੇ ਜੋਦੜੀ ਕੀਤੀ ਕਿ ਕਸੂਰ ਦਾ ਨਵਾਬ ਉਸਮਾਨ ਖ਼ਾਨ ਨੇ ਉਸ ਦੀ ਨਵੀਂ ਵਿਆਹੀ ਬਹੂ ਨੂੰ ਚੁਕਿਆ ਹੈ ਤਾਂ ਖ਼ਾਲਸੇ ਨੇ ਗੁਰੂ ਸਨਮੁੱਖ ਅਰਦਾਸ ਕਰ ਕੇ ਕਸੂਰ ਵੱਲ ਚੜ੍ਹਾਈ ਕੀਤੀ। ਸਿੱਖ ਹਰ ਮੁਹਾਜ਼ ਵਾਸਤੇ ਗੁਰੂ ਸਾਹਿਬ ਸਨਮੁੱਖ ਅਰਦਾਸ ਕਰ ਕੇ ਸ਼ਹੀਦੀ ਗਾਨੇ ਬੰਨ੍ਹ ਕੇ ਤੁਰਦਾ ਹੈ।

ਗੁਰਧਾਮ ਜਿਥੇ ਕਿ ਗੁਰੂ ਸਾਹਿਬ ਦਾ ਪ੍ਰਕਾਸ਼ ਹੈ ਸਿੱਖਾਂ ਵਾਸਤੇ ਭਗਤੀ ਤੇ ਸ਼ਕਤੀ ਦੇ ਮਰਕਜ਼ ਹਨ, ਜਦੋਂ ਕਿ ਬਿਪਰਵਾਦ ਆਰੰਭ ਤੋਂ ਹੀ ਇਸ ਦਾ ਵਿਰੋਧੀ ਰਿਹਾ ਹੈ। ਸਿੱਖ ਗੁਰਧਾਮਾਂ ਅੰਦਰ ਗੁਰੂ ਦੀ ਗੋਦ ਵਿਚ ਸਤਿਸੰਗਤ ਰੂਪ ਵਿਚ ਇਕੱਤਰ ਹੁੰਦੇ ਹਨ ਤੇ ਹਰ ਮਸਲੇ ਉਪਰ ਵਿਚਾਰ ਕਰ ਕੇ ਗੁਰਮਤੇ ਕਰਦੇ ਹਨ। ਸਰਬੱਤ ਦੇ ਭਲੇ ਦੇ ਕਾਰਜ ਉਲੀਕੇ ਜਾਂਦੇ ਹਨ।

ਪ੍ਰਵਾਨਿਤ ਮਰਿਆਦਾ ਅਨੁਸਾਰ ਮੰਦਰ ਅੰਦਰ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਕੀਤਾ ਜਾ ਸਕਦਾ ਕਿਉਂਕਿ:

ਗੁਰੂ ਤੁਲ ਕਿਸੇ ਪੁਸਤਕ ਜਾਂ ਮੂਰਤੀ ਨੂੰ ਅਸਥਾਪਨ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਐਸੀ ਕੋਈ ਅਨਮਤੀ ਪੂਜਾ ਅਰਚਨਾ ਕੀਤੀ ਜਾ ਸਕਦੀ ਹੈ। ਗੁਰੂ ਸਾਹਿਬ ਦਾ ਫੁਰਮਾਨ ਹੈ:

*ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ॥*
*ਨਾਰਦਿ ਕਹਿਆ ਸਿ ਪੂਜ ਕਰਾਂਹੀ॥*
*ਅੰਧੇ ਗੁੰਗੇ ਅੰਧ ਅੰਧਾਰੁ॥*
*ਪਾਥਰੁ ਲੇ ਪੂਜਹਿ ਮੁਗਧ ਗਵਾਰ॥*
*ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ॥ ੨॥*

(ਵਾਰ ਬਿਹਾਗੜਾ ਮ: ੧, ਪੰਨਾ ੫੫੬)

ਇਸ ਤੋਂ ਇਲਾਵਾ ਗੁਰੂ ਹਰਿਗੋਬਿੰਦ ਸਾਹਿਬ ਦਾ ਸਮਕਾਲੀ ਤੇ 'ਦਬਸਤਾਨਿ ਮਜ਼ਾਹਿਬ' ਦਾ ਕਰਤਾ ਮੋਹਸਿਨ ਫਾਨੀ ਲਿਖਦਾ ਹੈ

"ਨਾਨਕ ਪੰਥੀ ਜੋ ਗੁਰੂ ਦੇ ਸਿੱਖ ਹੈਨ, ਉਹ ਬੁੱਤ ਅਰ ਬੁੱਤਖਾਨਿਆਂ 'ਤੇ ਨਿਸ਼ਚਾ ਨਹੀਂ ਰੱਖਦੇ।"

ਗੁਰੂ ਸਾਹਿਬ ਤਾਂ ਪੱਥਰ ਪੂਜਾ ਨੂੰ ਨਿਖਿਧ ਕਰਮ ਦੱਸਦੇ ਹੋਏ ਵਰਜਦੇ ਹਨ, ਪਰ ਮੂਰਤੀ ਪੂਜਾ ਦਾ ਮੰਦਰ ਨਾਲ ਗਹਿਰਾ ਸੰਬੰਧ ਹੈ।

ਮੰਦਰ ਅੰਦਰ ਧੂਪ, ਦੀਵੇ ਮਚਾ ਕੇ ਆਰਤੀ ਕੀਤੀ ਜਾਂਦੀ ਹੈ, ਟੱਲ ਖੜਕਾਏ ਜਾਂਦੇ ਹਨ ਜੋ ਕਿ ਗੁਰਮਤਿ ਸਿਧਾਂਤਾਂ ਅਨੁਸਾਰ ਵਿਵਰਜਿਤ ਹੈ। ਗੁਰੂ ਸਾਹਿਬ ਨੇ ਤਾਂ ਬ੍ਰਹਿਮੰਡੀ ਆਰਤੀ ਦਾ ਨਕਸ਼ਾ ਖਿੱਚਿਆ ਹੈ ਤੇ ਇਸ ਆਰਤੀ ਦਾ ਖੰਡਨ ਕੀਤਾ ਹੈ:

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ
ਤਾਰਿਕਾ ਮੰਡਲ ਜਨਕ ਮੋਤੀ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ
ਸਗਲ ਬਨਰਾਇ ਫੂਲੰਤ ਜੋਤੀ॥੧॥

(ਰਾਗੁ ਧਨਾਸਰੀ ਮ: ੧, ਪੰਨਾ ੬੬੩)

ਮੰਦਰਾਂ ਅੰਦਰ ਕੇਵਲ ਉਚ ਜ਼ਾਤੀਆਂ ਨਾਲ ਸੰਬੰਧਿਤ ਪ੍ਰੋਹਿਤ ਹੀ ਹੋ ਸਕਦਾ ਹੈ ਤੇ ਕੁਝ ਮੰਦਰ ਜਿਨ੍ਹਾਂ ਦਾ ਵਿਧਾਨ ਮੰਨੂ ਸਿੰਮ੍ਰਤੀ ਨੂੰ ਮੁੱਖ ਰੱਖ ਕੇ ਘੜਿਆ ਹੈ ਵਿਚ ਸ਼ੂਦਰਾਂ ਦਾ ਦਾਖ਼ਲਾ ਬੰਦ ਹੈ, ਪ੍ਰੰਤੂ ਗੁਰਧਾਮ ਅੰਦਰ ਕਿਸੇ ਵੀ ਜ਼ਾਤੀ ਜਾਂ ਮਜ਼ਹਬ ਦਾ ਮਨੁੱਖ ਆ ਸਕਦਾ ਹੈ। ਗੁਰੂ ਸਾਹਿਬ ਦਾ ਫ਼ੁਰਮਾਨ ਹੈ:

ਤੂੰ ਸਾਝਾ ਸਾਹਿਬੁ ਬਾਪੁ ਹਮਾਰਾ॥
ਨਉ ਨਿਧਿ ਤੇਰੈ ਅਖੁਟ ਭੰਡਾਰਾ॥ (ਮਾਝ ਮ: ੫, ਪੰਨਾ ੯੭)

ਮੰਦਰ ਅੰਦਰ ਸਿਰ ਢੱਕ ਕੇ ਜਾਣਾ ਕੋਈ ਜ਼ਰੂਰੀ ਨਹੀਂ ਹੈ, ਪ੍ਰੰਤੂ ਗੁਰਧਾਮ ਅੰਦਰ ਸਿਰ ਢੱਕ ਕੇ ਜਾਣਾ ਤੇ ਗੁਰੂ ਸਾਹਿਬ ਦਾ ਅਦਬ ਕਾਇਮ ਰੱਖਣਾ ਸਿੱਖੀ ਜੀਵਨ ਜਾਚ ਦਾ ਇਕ ਹਿੱਸਾ ਹੈ।

ਗੁਰਮਤਿ ਮਰਿਆਦਾ ਅਨੁਸਾਰ ਗੁਰੂ ਗ੍ਰੰਥ ਸਾਹਿਬ ਸਨਮੁੱਖ ਬੈਠੀ ਸੰਗਤ ਵਿਚ ਕੀਰਤਨ, ਕਥਾ ਜਾਂ ਪਾਠ ਹੀ ਕੀਤਾ ਜਾ ਸਕਦਾ ਹੈ ਪਰ ਹਿੰਦੁਸਤਾਨ ਦੇ ਵਧੇਰੇ ਮੰਦਰਾਂ ਵਿਚ ਤਾਂ ਜੋਤਿਸ਼ ਵਿਦਿਆ ਦੇ ਨਾਮ ਹੇਠ ਪੰਡਿਆਂ ਵੱਲੋਂ ਲੋਕਾਂ ਨੂੰ ਵਹਿਮ ਦਾ ਦਾਨ ਦਿੱਤਾ ਜਾਂਦਾ ਹੈ।

ਹਰ ਮੰਦਰ ਅੰਦਰ ਸੰਧਿਆ ਤਰਪਣ ਨਾਮਕ ਰਸਮ ਕੀਤੀ ਜਾਂਦੀ ਹੈ, ਜਿਸ ਅਨੁਸਾਰ ਉਸ ਕਰਤੇ ਦੇ ਕੀਤਿਆਂ ਸੂਰਜ, ਚੰਦਰਮਾਂ ਦੀ ਪੂਜਾ ਕੀਤੀ ਜਾਂਦੀ ਹੈ। ਸਿਰ, ਹਿਰਦਾ, ਬਾਹਾਂ ਤੇ ਨੇਤਰ ਆਦਿਕ ਅੰਗਾਂ ਨੂੰ ਫੜ ਕੇ ਮੰਤਰ ਪੜ੍ਹੇ ਜਾਂਦੇ ਹਨ। ਇਸ ਤੋਂ ਇਲਾਵਾ ਗਾਇਤ੍ਰੀ ਮੰਤਰ ਪੜ੍ਹਿਆ ਜਾਂਦਾ ਹੈ ਜੋ ਇਸ ਪ੍ਰਕਾਰ ਹੈ:

ਵਰੇ ਵਰਯੰ ਭਰਗੋ ਦੇਵਸਯ ਧੀ ਮਹਿ ਧਿਯੋ ਯੋਨ:

ਪ੍ਰਚੋਦਯਾਤ:

ਪ੍ਰੰਤੂ ਗੁਰਮਤਿ ਫਲਸਫਾ ਇਸ ਦੀ ਕਰੜੀ ਵਿਰੋਧਤਾ ਕਰਦਾ ਹੈ:

ਨਾਨਕ ਸੰਧਿਆ ਕਰੈ ਮਨਮੁਖੀ
ਜੀਉ ਨ ਟਿਕੈ ਮਰਿ ਜੰਮੈ ਹੋਇ ਖੁਆਰੁ॥੧॥

(ਵਾਰ ਬਿਹਾਗੜਾ ਮ: ੩, ਪੰਨਾ ੫੫੩)

ਸੰਧਿਆ ਤਰਪਣੁ ਕਰਹਿ ਗਾਇਤ੍ਰੀ
ਬਿਨੁ ਬੂਝੇ ਦੁਖੁ ਪਾਇਆ॥ ੨॥

(ਸੋਰਠਿ ਮ: ੩, ਪੰਨਾ ੬੦੩)

ਭਾਈ ਗੁਰਦਾਸ ਜੀ ਸਿੱਖ ਵਿਚਾਰਧਾਰਾ 'ਤੇ ਚਾਨਣਾ ਪਾਉਂਦੇ ਹਨ:

*ਅੰਮ੍ਰਿਤ ਵੇਲੈ ਨਾਵਣਾ, ਗੁਰਮੁਖਿ ਜਪੁ ਗੁਰਮੰਤੁ ਜਪਾਇਆ।*
*ਰਾਤਿ ਆਰਤੀ ਸੋਹਿਲਾ, ਮਾਇਆ ਵਿਚਿ ਉਦਾਸੁ ਰਹਾਇਆ।*

ਗੁਰਮਤਿ ਮਰਿਆਦਾ ਅਨੁਸਾਰ ਸ਼ਬਦਾਂ ਨੂੰ ਜੋੜੀਆਂ ਦੀ ਧਾਰਨਾ, ਜਾਂ ਬਾਹਰ ਦੀਆਂ ਮਨਘੜਤ ਤੁਕਾਂ ਲਾ ਕੇ ਪੜ੍ਹਨਾ, ਗਾਉਣਾ ਜਾਂ ਧਾਰਨਾ ਲਾਉਣੀ ਅਯੋਗ ਹੈ ਤਾਂ ਫਿਰ ਮੰਦਰ ਅੰਦਰ ਜਗਰਾਤਾ ਕਿਸ ਮਰਿਆਦਾ ਦਾ ਹਿੱਸਾ ਹੈ?

ਉਪਰੋਕਤ ਮਰਿਆਦਾ ਨੂੰ ਮੱਦੇ-ਨਜ਼ਰ ਰੱਖਦਿਆਂ ਸਮੂਹ ਸਿੱਖ ਜਥੇਬੰਦੀਆਂ ਅਤੇ ਸਰਵੋਤਮ ਸਿੱਖ ਸੰਸਥਾ ਸ੍ਰੋ: ਗੁ: ਪ੍ਰ: ਕਮੇਟੀ ਨੇ ਆਰ. ਐੱਸ. ਐੱਸ. ਦੇ ਇਸ ਘਟੀਆ ਮਨਸੂਬੇ ਦਾ ਵਿਰੋਧ ਕੀਤਾ ਤੇ ਸੰਘ ਨੂੰ ਇਹ ਫ਼ੈਸਲਾ ਵਾਪਸ ਲੈਣਾ ਪਿਆ, ਪ੍ਰੰਤੂ ਜਿਸ ਵਾਕਿਆਤ ਦਾ ਜ਼ਿਕਰ ਅਸੀਂ ਕਰਨਾ ਹੈ, ਇਹ ਘਰਿਆਲਾ (ਅੰਮ੍ਰਿਤਸਰ) ਵਿਖੇ ਵਾਪਰਿਆ।

ਪੱਟੀ ਤੋਂ ਕੁਝ ਕਿਲੋਮੀਟਰ ਦੂਰੀ 'ਤੇ ਸਥਿਤ ਨਗਰ ਘਰਿਆਲੇ ਵਿਖੇ ਮੰਦਰ ਵਿਚ ਇਕ ਬੀਬੀ ਜੋ ਆਪਣੇ ਆਪ ਨੂੰ ਕਰਾਮਾਤੀ ਸ਼ਕਤੀਆਂ ਦਾ ਭੰਡਾਰ ਸਮਝਦੀ ਸੀ, ਨੇ ਕਾਫ਼ੀ ਸਮੇਂ ਤੋਂ ਮੰਦਰ ਅੰਦਰ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਸੀ। ਮਰਿਆਦਾ ਅਨੁਸਾਰ ਤਾਂ ਗੁਰ-ਅਸਥਾਨ ਉਪਰ ਕੇਸਰੀ ਜਾਂ ਸੁਰਮਈ ਰੰਗ ਦਾ ਨਿਸ਼ਾਨ ਸਾਹਿਬ ਝੂਲਣਾ ਚਾਹੀਦਾ ਹੈ ਪਰ ਇਸ ਮੰਦਰ ਉਪਰ ਲਾਲ ਝੰਡਾ ਝੂਲ ਰਿਹਾ ਸੀ।

ਇਹ ਬੀਬੀ ਆਪ ਗਦੇਲਾ ਲਗਾ ਕੇ ਬੈਠਦੀ, ਜਦੋਂ ਕਿ ਇਹ ਮਰਿਆਦਾ ਵਿਰੋਧੀ ਕਰਮ ਸੀ, ਜਿਥੇ ਇਮਾਨ-ਹੀਨ ਕੇਵਲ ਰੋਟੀਆਂ ਕਾਰਨ ਗੁਰਬਾਣੀ ਦੇ ਵੈਰੀ ਬਣੇ ਬੈਠੇ ਪਾਠੀ ਇਸ ਮੰਦਰ ਵਿਚ ਪਾਠ ਕਰਦੇ ਉਥੇ ਨਾਲ ਹੀ ਜਗਰਾਤੇ ਕਰਵਾਏ ਜਾਂਦੇ। ਇਸ ਇਲਾਕੇ ਦੀਆਂ ਰਾਜਨੀਤਿਕ ਹਸਤੀਆਂ ਤੇ ਬਾਰਸੂਖ਼ ਵਿਅਕਤੀ ਜੋ ਇਸ ਅਖੌਤੀ ਮਾਤਾ ਨੂੰ ਦੇਵ ਸਰੂਪ ਸਮਝਦੇ ਸਨ, ਅਸ਼ੀਰਵਾਦ ਪ੍ਰਾਪਤ ਕਰਨ ਵਾਸਤੇ ਆਉਂਦੇ। ਇਥੋਂ ਤਕ ਕਿ ਸਿੱਖ ਕੌਮ ਦੇ ਹਰਾਵਲ ਦਸਤੇ ਦੇ ਇਕ ਮੁਖੀ ਵੀ ਮਾਤਾ ਜੀ ਦੀ ਅਜ਼ਮਤ ਦੇ ਕਾਇਲ ਹੋ ਗਏ।

ਕੁਝ ਪੰਥ ਦਰਦੀ ਵੀਰਾਂ ਨੂੰ ਗੁਰੂ ਸਾਹਿਬ ਜੀ ਦੇ ਹੋ ਰਹੇ ਅਪਮਾਨ ਦਾ ਪਤਾ ਲੱਗਾ ਤਾਂ ਵੀਰਾਂ ਨੇ ਸ਼੍ਰੋ: ਗੁ: ਪ੍ਰ: ਕਮੇਟੀ ਤਕ ਪਹੁੰਚ ਕੀਤੀ ਤੇ ਮੰਦਰ ਅੰਦਰੋਂ ਗੁਰੂ ਸਾਹਿਬ ਦਾ ਸਰੂਪ ਲਿਆਉਣ ਦੀ ਬੇਨਤੀ ਕੀਤੀ।

ਉਧਰ ਕਈ ਅਕਾਲੀ ਆਗੂ ਤੇ ਬਾਰਸੂਖ਼ ਸ਼ਖ਼ਸੀਅਤਾਂ 'ਮਾਤਾ ਜੀ' ਦੀ ਪਿੱਠ 'ਤੇ ਆਣ ਖੜ੍ਹੀਆਂ ਹੋਈਆਂ ਤੇ ਉਹੋ ਗੱਲ ਹੋਈ "ਸਈਆਂ ਹਮਾਰੇ ਫ਼ੌਜਦਾਰ, ਹਮੇਂ ਡਰ ਕਾਹੇ ਕਾ?"

ਇਸ ਬੀਬੀ ਨੇ ਇਸ ਸਮਾਗਮ ਵਿਚ ਇਥੋਂ ਤਕ ਕਹਿ ਦਿੱਤਾ ਕਿ ਮੈਂ ਸ਼ਬਦ-ਰੂਪ ਹੋ ਚੁਕੀ ਹਾਂ, ਮੇਰੇ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਹੁਣ ਕੋਈ ਭੇਦ ਨਹੀਂ।

27 ਫਰਵਰੀ 2001 ਨੂੰ ਜਥੇਦਾਰ ਅਕਾਲ ਤਖ਼ਤ ਸਾਹਿਬ ਕਿਸੇ ਸਮਾਗਮ ਬਾਬਤ ਘਰਿਆਲੇ ਆਏ ਤਾਂ ਇਨ੍ਹਾਂ ਵੀਰਾਂ ਨੇ ਜਥੇਦਾਰ ਸਾਹਿਬ ਨੂੰ ਸਾਰੇ ਹਾਲਾਤ ਵਿਖਾਏ। ਜਥੇਦਾਰ

ਸਾਹਿਬ ਨੇ ਲਿਖਤੀ ਤੌਰ 'ਤੇ ਸਾਰਾ ਮਸਲਾ ਪੇਸ਼ ਕਰਨ ਨੂੰ ਕਿਹਾ ਤਾਂ ਸੰਬੰਧਤ ਪੰਥਕ ਸੋਚ ਵਾਲੇ ਵੀਰਾਂ ਨੇ ਲਿਖਤੀ ਤੌਰ 'ਤੇ ਜਥੇਦਾਰ ਸਾਹਿਬ ਨੂੰ ਬੇਨਤੀ ਕੀਤੀ।

ਸ਼੍ਰੋ: ਗੁ: ਪ੍ਰ: ਕਮੇਟੀ ਨੇ ਇਕ ਪ੍ਰਚਾਰਕ ਸਾਹਿਬ ਨੂੰ ਸਾਰੇ ਹਾਲਾਤ ਦਾ ਜਾਇਜ਼ਾ ਲੈਣ ਅਤੇ ਪੜਤਾਲੀਆ ਰਿਪੋਰਟ ਤਿਆਰ ਕਰਨ ਲਈ ਨਿਯੁਕਤ ਕੀਤਾ। 3-3-2001 ਨੂੰ ਪ੍ਰਚਾਰਕ ਸਾਹਿਬ ਨੇ ਰਿਪੋਰਟ ਪੇਸ਼ ਕੀਤੀ ਜਿਸ ਵਿਚ ਉਨ੍ਹਾਂ ਨੇ ਨਿਡਰਤਾ ਅਤੇ ਨਿਰਪੱਖਤਾ ਨਾਲ ਲਿਖਿਆ ਕਿ ਮੰਦਰ ਅੰਦਰ ਗੁਰੂ ਸਾਹਿਬ ਦੀ ਬੇਅਦਬੀ ਕੀਤੀ ਜਾ ਰਹੀ ਹੈ, ਜਗਰਾਤੇ ਆਦਿ ਕੀਤੇ ਜਾ ਰਹੇ ਹਨ ਅਤੇ ਕਿਸੇ ਤਰ੍ਹਾਂ ਨਾਲ ਵੀ ਗੁਰਮਤਿ ਮਰਿਆਦਾ ਦਾ ਪਾਲਣ ਨਹੀਂ ਹੋ ਰਿਹਾ।

ਕੁਝ ਦਿਨ ਬਾਅਦ ਇਹ ਵੀਰ ਫਿਰ ਜਥੇਦਾਰ ਸਾਹਿਬ ਨੂੰ ਮਿਲੇ ਤੇ ਪੜਤਾਲ ਕਰਤਾ ਦੀ ਕੀਤੀ ਰਿਪੋਰਟ ਬਾਰੇ ਸਾਰਾ ਵੇਰਵਾ ਦਿੱਤਾ। ਸਮੁੱਚੀ ਜਾਂਚ ਉਪਰੰਤ ਸ਼੍ਰੋ: ਗੁ: ਪ੍ਰ: ਕਮੇਟੀ ਦੇ ਸਕੱਤਰ ਸਾਹਿਬ ਨੇ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਨਾਲ ਡੀ. ਐੱਸ. ਪੀ. ਪੱਟੀ ਅਤੇ ਐਸ. ਐਚ. ਓ. ਥਾਨਾ ਵਲਟੋਹਾ ਨੂੰ ਲਿਖਤੀ ਤੌਰ 'ਤੇ ਉਪਰੋਕਤ ਹਾਲਾਤਾਂ ਤੋਂ ਜਾਣੂ ਕਰਵਾ ਕੇ ਕਿਹਾ ਕਿ ਪੂਰਨ ਮਰਿਆਦਾ ਅਤੇ ਸਤਿਕਾਰ ਸਹਿਤ ਸਰੂਪ ਉਸ ਮੰਦਰ ਵਿਚੋਂ ਚੁਕ ਕੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਲਿਆਉਣ ਲਈ ਗ੍ਰਦੇ ਸਿੰਘਾਂ ਦੀ ਮਦਦ ਕੀਤੀ ਜਾਵੇ।

ਡੀ. ਐੱਸ. ਪੀ. ਸਾਹਿਬ ਦੇ ਆਦੇਸ਼ਾਂ ਉਪਰ ਐੱਸ. ਐਚ. ਓ. ਵਲਟੋਹਾ ਨੇ ਪੂਰਨ ਸਹਿਯੋਗ ਦਿੱਤਾ ਅਤੇ ਸਰੂਪ ਉਸ ਮੰਦਰ ਤੋਂ ਲਿਆ ਕੇ ਅਕਾਲ ਤਖ਼ਤ ਸਾਹਿਬ ਪਹੁੰਚਾਇਆ।

# ਗੁਰਧਾਮਾਂ ਵਿਚ ਬੁੱਤਾਂ ਦੀ ਸਥਾਪਤੀ ਕਿਉਂ ?

ਗੁਰਦੇਵ ਪਿਤਾ ਨੇ ਜਿਥੇ ਇਸ ਕੁਦਰਤ ਦੀ ਹਰ ਸ਼ੈਅ ਵੱਲੋਂ ਅਕਾਲ ਪੁਰਖ ਦੀ ਕੀਤੀ ਜਾ ਰਹੀ ਆਰਤੀ ਦਾ ਵਿਲੱਖਣ ਚਿਤਰਨ ਕੀਤਾ ਉਥੇ ਮੂਰਤੀ ਪੂਜਾ ਦੇ ਭਰਮਗੜ੍ਹ ਉਪਰ ਵੀ ਭਰਵਾਂ ਵਾਰ ਕੀਤਾ।

ਗੁਰੂ ਨਾਨਕ ਦੀ ਇਸ ਨਿਰੰਕਾਰੀ ਜੋਤਿ ਨੇ ਵੱਖ ਵੱਖ ਜਾਮਿਆਂ ਵਿਚ ਵਿਚਰ ਕੇ ਇਕ ਆਮ ਮਨੁੱਖ ਨੂੰ, ਜਿਸ ਦੀ ਦਸ਼ਾ ਅਤਿ ਤਰਸਯੋਗ ਸੀ, ਨੂੰ ਪੂਰਨ ਮਨੁੱਖ ਵਿਚ ਤਬਦੀਲ ਕਰਨ ਵਾਸਤੇ ਅਣਥੱਕ ਘਾਲਣਾਂ ਘਾਲੀਆਂ, ਕਰਮ-ਕਾਂਡਾਂ, ਭਰਮਾਂ ਤੇ ਬੁੱਤਪ੍ਰਸਤੀ ਦਾ ਸ਼ਿਕਾਰ ਹੋ ਚੁੱਕੇ ਇਨਸਾਨ ਨੂੰ ਇਨਸਾਨੀਅਤ ਦੀਆਂ ਉਚ-ਮਿਆਰੀ ਕਦਰਾਂ-ਕੀਮਤਾਂ ਦਾ ਗਿਆਨ ਕਰਾ ਕੇ ਸਰਬ ਵਿਆਪਕ ਪਰਮ ਤੱਤ ਨਾਲ ਜੋੜਨ ਦਾ ਮਹਾਨ ਉਪਰਾਲਾ ਕੀਤਾ। ਗੁਰੂ ਹਰਿਗੋਬਿੰਦ ਸਾਹਿਬ ਦਾ ਸਮਕਾਲੀ ਲੇਖਕ ਮੁਹਸਿਨ ਫਾਨੀ ਗੁਰਸਿੱਖਾਂ ਦੀ ਰਹਿਣੀ-ਬਹਿਣੀ ਤੇ ਧਾਰਮਿਕ ਵਿਚਾਰਧਾਰਾ ਦਾ ਜ਼ਿਕਰ ਕਰਦਾ ਹੋਇਆ ਲਿਖਦਾ ਹੈ, "ਨਾਨਕ ਪੰਥੀਆਂ, ਜਿਹੜੇ ਕਿ ਸਿੱਖਾਂ ਦੇ ਨਾਮ ਨਾਲ ਮਸ਼ਹੂਰ ਹਨ ਦੇ ਨਾ ਤਾਂ ਕੋਈ ਬੁੱਤ ਹਨ ਅਤੇ ਨਾ ਹੀ ਮੂਰਤੀਆਂ ਦੇ ਮੰਦਰ ਹਨ।" ਉਪਰੋਕਤ ਲੇਖਕ ਵਲੋਂ ਆਪਣੀ ਫ਼ਾਰਸੀ ਲਿਖਤ 'ਦਬਸਤਾਨਿ ਮਜ਼ਾਹਿਬ' ਵਿਚ ਦਰਜ ਭਾਈ ਭੈਰੋਂ ਦੀ ਸਾਖੀ ਇਸ ਗੱਲ ਦੀ ਸ਼ਾਹਦੀ ਭਰਦੀ ਹੈ ਕਿ ਗੁਰੂ ਸਾਹਿਬ ਦੇ ਸਮੇਂ ਹੀ ਸਿੱਖਾਂ ਵਿਚ ਐਨੀ ਜਾਗਰਿਤੀ ਆ ਚੁੱਕੀ ਸੀ ਕਿ ਅਖੌਤੀ ਦੇਵੀ-ਦੇਵਤਿਆਂ ਦੇ ਬੁੱਤਾਂ ਦੀ ਉਨ੍ਹਾਂ ਵਾਸਤੇ ਕੋਈ ਅਹਿਮੀਅਤ ਨਹੀਂ ਸੀ ਸਗੋਂ ਇਸ ਭੇਡ-ਚਾਲ ਨੂੰ ਉਹ ਨਖਿੱਧ ਕਰਮ ਸਮਝਦੇ ਸਨ।

ਦਸਵੇਂ ਜਾਮੇ ਵਿਚ ਗੁਰੂ ਨਾਨਕ ਪਾਤਸ਼ਾਹ ਨੇ 'ਪਾਖਾਣੁ ਪੂਜ ਹੋ ਨਹੀਂ' ਦੇ ਸਿਧਾਂਤ ਨੂੰ ਅਮਲੀਜਾਮਾ ਪਹਿਨਾਉਂਦਿਆਂ ਭਰਮ-ਭੇਖ ਤੋਂ ਰਹਿਤ ਤਿਆਰ ਪੂਰਨ ਮਨੁੱਖ ਖ਼ਾਲਸੇ ਨੂੰ ਸੰਸਾਰ ਮੰਚ 'ਤੇ ਪ੍ਰਗਟ ਕਰਦਿਆਂ, 'ਜਾਗਤਿ ਜੋਤਿ' ਨਾਲ ਜੁੜਨ ਦੀ ਤਾਕੀਦ ਕਰਦਿਆਂ ਨਗਾਰੇ ਦੀ ਚੋਟ ਨਾਲ ਫੁਰਮਾਇਆ:

*ਜਾਗਤ ਜੋਤਿ ਜਪੈ ਨਿਸ ਬਾਸੁਰ, ਏਕ ਬਿਨਾਂ ਮਨ ਨੈਕ ਨ ਆਨੈ॥*
*ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥*
*ਤੀਰਥ ਦਾਨ ਦਇਆ ਤਪ ਸੰਜਮ, ਏਕ ਬਿਨਾ ਨਹਿ ਏਕ ਪਛਾਨੈ॥*
*ਪੂਰਨ ਜੋਤ ਜਗੈ ਘਟ ਮੈ, ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ॥*

ਦਸਮ ਪਿਤਾ ਨੇ 'ਗੁਰੂ ਖ਼ਾਲਸੇ' ਨੂੰ ਮੂਰਤੀ ਪੂਜਾ ਤੋਂ ਵਰਜਿਆ, ਕਿਉਂਕਿ ਅਕਾਲ ਪੁਰਖ

ਦਾ ਉਪਾਸ਼ਕ ਪੱਥਰ-ਪੂਜ ਨਹੀਂ ਹੋ ਸਕਦਾ ਸੀ, ਤੇ ਬੁੱਤਪ੍ਰਸਤ ਖ਼ਾਲਸਾ ਬਣਨ ਦਾ ਅਧਿਕਾਰੀ ਨਹੀਂ ਹੋ ਸਕਦਾ।

ਪ੍ਰੰਤੂ ਬੜੇ ਅਫ਼ਸੋਸ ਦੀ ਗੱਲ ਹੈ ਕਿ ਜਾਗਤ ਜੋਤਿ ਦੇ ਉਪਾਸ਼ਕ ਖ਼ਾਲਸੇ ਨੇ ਜਿਥੇ ਗੁਰ-ਉਪਦੇਸ਼ਾਂ ਨੂੰ ਤਿਲਾਂਜਲੀ ਦੇਣੀ ਸ਼ੁਰੂ ਕਰ ਦਿੱਤੀ ਹੈ ਉਥੇ ਕੁਝ ਪੰਥ-ਦੋਖੀਆਂ ਨੇ ਗੁਰੂ ਸਾਹਿਬਾਨ ਦੇ ਬਨਾਵਟੀ ਬੁੱਤ ਬਣਾ-ਬਣਾ ਕੇ ਗੁਰਧਾਮਾਂ ਵਿਚ ਸਥਾਪਤ ਕਰਨੇ ਸ਼ੁਰੂ ਕੀਤੇ ਹੋਏ ਹਨ ਜੋ ਕੌਮ ਲਈ ਇਕ ਵੰਗਾਰ ਹੈ। ਇਹ ਕਰਮ ਜਿਥੇ ਗੁਰਮਤਿ ਸਿਧਾਂਤਾਂ ਦੀ ਘੋਰ ਉਲੰਘਣਾ ਹੈ ਉਥੇ ਸਾਡੀ ਕੌਮ ਦੇ ਸਵੈ ਪੱਧਰ 'ਤੇ ਹੋ ਰਹੇ ਨਿਘਾਰ ਦੀ ਮੂੰਹ-ਬੋਲਦੀ ਤਸਵੀਰ ਹੈ। ਇਕ ਪਾਸੇ ਤਾਂ ਸੰਘ ਵਰਗੀਆਂ ਫ਼ਿਰਕੂ ਜਥੇਬੰਦੀਆਂ ਬੁਤਖਾਨਿਆਂ ਵਿੱਚ ਪ੍ਰਕਾਸ਼ ਕਰਨ ਦੇ ਮਨਸੂਬੇ ਤਿਆਰ ਕਰੀ ਬੈਠੀਆਂ ਹਨ ਅਤੇ ਦੂਸਰੇ ਪਾਸੇ ਗੁਰਮਤਿ ਸਿਧਾਂਤਾਂ ਤੋਂ ਅਨਜਾਣ ਬਿਪਰਵਾਦੀ ਡੇਰੇਦਾਰਾਂ ਨੇ ਗੁਰਧਾਮਾਂ ਵਿਚ ਬੁੱਤ ਸਥਾਪਤ ਕਰਕੇ ਗੁਰਧਾਮਾਂ ਨੂੰ ਬੁੱਤਖਾਨੇ ਬਨਾਉਣਾ ਸ਼ੁਰੂ ਕਰ ਦਿੱਤਾ। ਦੂਸਰੇ ਸ਼ਬਦਾਂ ਵਿਚ ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗਾ ਕਿ ਗੁਰੂ ਸਾਹਿਬ ਦੀਆਂ ਕਲਪਿਤ ਤਸਵੀਰਾਂ ਆਪਣੇ ਘਰਾਂ ਅੰਦਰ ਸਜਾ ਕੇ, ਤਸਵੀਰ ਪੂਜਾ ਦੀ ਜਿਹੜੀ ਭੇਡ-ਚਾਲ ਚੱਲ ਰਹੀ ਸੀ, ਗੁਰਧਾਮਾਂ ਵਿਚ ਬੁੱਤਾਂ ਦੀ ਸਥਾਪਤੀ ਇਸੇ ਦਾ ਨਤੀਜਾ ਹੈ।

ਤਕਰੀਬਨ ਹਰੇਕ ਦੇ ਘਰ ਗੁਰੂ ਸਾਹਿਬ ਦੀਆਂ ਕਲਪਿਤ ਤਸਵੀਰਾਂ ਮੌਜੂਦ ਹਨ। ਕਈ ਅਖਬਾਰਾਂ ਵਾਲੇ, ਕਿਤਾਬ ਛਾਪਕ ਤੇ ਕਈ ਮਾਸਿਕ ਪੱਤਰਾਂ ਵਾਲੇ (ਸੰਤ ਸਿਪਾਹੀ ਛੱਡ ਕੇ) ਜਿਹੜੇ ਇਕ ਪਾਸੇ ਤਾਂ ਗੁਰਮਤਿ ਵਿਚਾਰਧਾਰਾ ਦਾ ਪ੍ਰਚਾਰ ਕਰਦੇ ਹਨ ਤੇ ਦੂਸਰੇ ਪਾਸੇ ਮੁੱਖ ਪੰਨਿਆਂ ਉਪਰ ਗੁਰੂ ਸਾਹਿਬਾਨ ਦੀਆਂ ਕਲਪਿਤ ਤੇ ਚਿੱਤਰਕਾਰਾਂ ਦੀਆਂ ਮਨਘੜਤ ਤਸਵੀਰਾਂ ਛਾਪਦੇ ਹਨ, ਇਹ ਦੋਵੇਂ ਪੱਖ ਮੇਲ ਨਹੀਂ ਖਾਂਦੇ।

ਆਪਣੇ ਘਰਾਂ ਵਿਚ ਗੁਰੂ ਸਾਹਿਬਾਨ ਦੀਆਂ ਕਲਪਿਤ ਤਸਵੀਰਾਂ ਟੰਗ ਕੇ ਜਿਥੇ ਅਸੀਂ ਗੁਰਮਤਿ ਸਿਧਾਂਤਾਂ ਦੀ ਉਲੰਘਣਾ ਕਰ ਰਹੇ ਹਾਂ ਉਥੇ ਆਪਣੇ ਬੱਚਿਆਂ ਨੂੰ ਵੀ ਤਸਵੀਰ-ਪੂਜਕ ਤੇ ਮੂਰਤੀ-ਪੂਜਕ ਬਣਾਉਣ ਵਿਚ ਬੜੀ ਇਮਾਨਦਾਰੀ ਨਾਲ ਯੋਗਦਾਨ ਪਾ ਰਹੇ ਹਾਂ। ਛੋਟੇ-ਛੋਟੇ ਬੱਚਿਆਂ ਨੂੰ ਅਸੀਂ ਕਲਪਿਤ ਤਸਵੀਰਾਂ ਸਾਹਮਣੇ ਬਿਠਾ ਕੇ ਅਸੀਂ 'ਬਾਬਾ ਜੀ ਨੂੰ ਮੱਥਾ ਟੇਕੋ' ਜਾਂ 'ਬਾਬਾ ਜੀ ਨੂੰ ਜੈ ਕਰੋ' ਦਾ ਜ਼ਹਿਰੀਲਾ ਸਬਕ ਪੜ੍ਹਾ ਰਹੇ ਹਾਂ। ਛੋਟੀ ਉਮਰ ਤੋਂ ਬੱਚੇ ਨੂੰ ਅਸੀਂ ਮਾਨਸਿਕ ਪੱਖ ਤੋਂ ਮੂਰਤੀ-ਪੂਜਕ ਹੀ ਤਿਆਰ ਕਰ ਰਹੇ ਹਾਂ।

ਗੁਰੂ ਸਾਹਿਬਾਨ ਦੀਆਂ ਕਲਪਿਤ ਤਸਵੀਰਾਂ ਵੱਖ ਵੱਖ ਮੁਸੱਵਰਾਂ ਦੀ ਖ਼ਿਆਲੀ ਉਡਾਰੀ ਹੈ। ਜੇਕਰ ਮੁਗ਼ਲ ਸ਼ੈਲੀ ਤੋਂ ਪ੍ਰਭਾਵਿਤ ਮੁਸੱਵਰਾਂ ਵੱਲੋਂ ਚਿਤਰੀਆਂ ਤਸਵੀਰਾਂ ਵੇਖੀਏ ਤਾਂ ਗੁਰੂ ਸਾਹਿਬ ਦਾ ਪਹਿਰਾਵਾ ਤੇ ਸਰੀਰਕ ਡੌਲ-ਡਾਲ ਆਦਿ ਮੁਸਲਿਮ ਹੋਣ ਦਾ ਵਿਖਾਵਾ ਕਰਦੇ ਹਨ ਅਤੇ ਦੂਸਰੇ ਪਾਸੇ ਜੇਕਰ ਹਿੰਦੂ ਵਿਚਾਰਧਾਰਾ ਨਾਲ ਸੰਬੰਧਿਤ ਮੁਸੱਵਰਾਂ ਵੱਲੋਂ ਬਣਾਏ ਗਏ ਚਿੱਤਰ ਵੇਖੀਏ ਜੋ ਪੁਰਾਤਨ ਜਨਮ ਸਾਖੀਆਂ ਵਿਚ ਆਮ ਮਿਲਦੇ ਹਨ ਤਾਂ ਗੁਰੂ ਸਾਹਿਬ ਟਿੱਕੇ, ਟੋਪੀ ਦੇ ਧਾਰਨੀ ਇਕ ਹਿੰਦੂ ਰਹਿਬਰ ਜਾਂ ਅਵਤਾਰ ਨਜ਼ਰ ਆਉਂਦੇ ਹਨ। ਕਿਹੜੇ ਮੁਸੱਵਰ ਦੀ ਕਲਪਨਾ ਸਹੀ ਹੈ ? ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ।

ਦਰਅਸਲ, ਸਾਡੀ ਤ੍ਰਾਸਦੀ ਇਹ ਹੈ ਕਿ ਅਸੀਂ ਗੁਰ ਸ਼ਬਦ ਰਤਨਾਂ ਨਾਲ ਭਰਪੂਰ ਸ਼ਬਦ ਗੁਰੂ ਦੇ ਅਸਗਾਹ ਸਾਗਰ ਵਿਚ ਪਰਮਹੰਸ ਬਣ ਕੇ ਸ਼ਬਦ-ਰਤਨ ਦਾ ਚੋਗ ਚੁਗਣ ਦੀ ਬਜਾਏ, ਅਨਮਤੀ ਕਰਮ-ਕਾਂਡਾਂ ਅਤੇ ਰਸਮਾਂ ਤੋਂ ਵਧੇਰੇ ਪ੍ਰਭਾਵਿਤ ਹੁੰਦੇ ਹਾਂ। ਮੁਖਵਾਕ ਹੈ:

*"ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ॥"* (ਪੰਨਾ ੨)

ਗੁਰਮਤਿ-ਸਿਧਾਂਤਾਂ ਦੀ ਲੋਅ ਵਿਚ ਸ਼ਬਦ ਨਾਲ ਜੁੜ ਕੇ ਗੁਰੂ-ਸਿਖਿਆ ਦੇ ਧਾਰਨੀ ਹੋ ਕੇ ਗੁਰੂ-ਕ੍ਰਿਪਾ ਦੇ ਪਾਤਰ ਤਾਂ ਬਣਨਾ ਨਹੀਂ ਚਾਹੁੰਦੇ ਸਗੋਂ ਚਮਕ-ਦਮਕ ਵਾਲੀਆਂ ਕਲਪਿਤ ਤਸਵੀਰਾਂ ਦੇ 'ਦਰਸ਼ਨ' ਕਰਕੇ ਹੀ ਆਪਣੇ ਆਪ ਨੂੰ 'ਸੁਭਾਗੇ' ਸਮਝੀ ਬੈਠੇ ਹਾਂ। ਭਾਈ ਗੁਰਦਾਸ ਕਥਨ ਕਰਦੇ ਹਨ:

*'ਗੁਰ ਮੂਰਤਿ ਗੁਰ ਸਬਦੁ ਹੈ ਸਾਧਸੰਗਤਿ ਮਿਲਿ ਅੰਮ੍ਰਿਤ ਵੇਲਾ।'*

ਨਾਨਕਸਰ ਦੇ ਡੇਰੇਦਾਰਾਂ ਵੱਲੋਂ ਜਿਨ੍ਹਾਂ ਨੇ ਨਕੋਦਰ ਨੇੜੇ ਇਕ ਗੁਰਧਾਮ ਵਿਚ ਗੁਰੂ ਸਾਹਿਬ ਦਾ ਬਨਾਵਟੀ ਬੁੱਤ ਕਿਸੇ ਬੁੱਤ-ਘਾੜੇ ਵੱਲੋਂ ਤਿਆਰ ਕਰਵਾਇਆ ਸੀ, ਇਸ ਤੋਂ ਕਾਫੀ ਸਮਾਂ ਪਹਿਲਾਂ ਇਸ ਡੇਰੇ ਵਲੋਂ ਗੁਰੂ ਨਾਨਕ ਸਾਹਿਬ ਦੀਆਂ ਇਕ ਵੱਖਰੇ ਰੂਪ ਵਿਚ ਕਲਪਿਤ ਤਸਵੀਰਾਂ ਲੱਖਾਂ ਦੀ ਗਿਣਤੀ ਵਿਚ ਵੰਡੀਆਂ ਤੇ ਵੇਚੀਆਂ ਗਈਆਂ ਤੇ ਉਨ੍ਹਾਂ ਬਾਰੇ ਮਨਘੜਤ ਇਹ ਪ੍ਰਚਾਰ ਕੀਤਾ ਗਿਆ ਕਿ "ਸਾਡੇ ਬਾਬਾ ਜੀ ਦੇ ਕਹਿਣ 'ਤੇ ਗੁਰੂ ਸਾਹਿਬ ਨੇ ਮੁਸੱਵਰ ਨੂੰ ਦਰਸ਼ਨ ਦਿੱਤੇ ਹਨ ਤੇ ਇਹ ਤਸਵੀਰ ਤਿਆਰ ਕਰਵਾਈ।" ਕਿਤਨੀ ਹਾਸੋ-ਹੀਣੀ, ਬਚਕਾਨਾ ਤੇ ਖ਼ਾਲਸੇ ਨੂੰ ਗੁੰਮਰਾਹ ਕਰਨ ਦੀ ਸਾਜ਼ਿਸ਼ ਹੈ। ਇਕ ਸਿੱਖ ਕਹਾਉਣ ਵਾਲੇ ਲਈ ਕਿਤਨੀ ਸ਼ਰਮਨਾਕ ਗੱਲ ਹੈ। ਕੀ ਇਨ੍ਹਾਂ ਤਸਵੀਰਾਂ ਨੂੰ ਘਰ ਵਿਚ ਰੱਖਣ ਨਾਲ ਜਾਂ ਧੂਫ-ਬੱਤੀ ਕਰਨ ਨਾਲ ਗੁਰ-ਸ਼ਬਦ ਤੋਂ ਸੱਖਣੇ ਮਨੁੱਖ ਪਰਮ-ਤੱਤ ਨਾਲ ਮਿਲ ਸਕਣਗੇ? ਕੀ ਇਸ ਡੇਰੇ ਦੇ ਡੇਰੇਦਾਰ ਮੁਖੀ ਇੰਨੇ ਅਨਜਾਣ ਹਨ ਕਿ ਗੁਰਮਤਿ ਸਿਧਾਂਤਾਂ ਨੂੰ ਵੀ ਨਹੀਂ ਸਮਝਦੇ ਜਾਂ ਆਪਣੇ ਆਪ ਨੂੰ ਗੁਰ ਸਾਹਿਬਾਨ ਤੋਂ ਵੀ ਉਚੇਰੇ ਸਮਝੀ ਬੈਠੇ ਹਨ। ਗੁਰੂ-ਪਿਤਾ ਦਾ ਹੁਕਮ ਹੈ:

*"ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥*
*ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥* (ਪੰਨਾ 594)

ਸ਼ਾਇਦ ਇਹ ਲੋਕ ਗੁਰ ਸਾਹਿਬਾਨ ਦੀ ਵਿਸ਼ਵ-ਵਿਆਪੀ ਵਿਚਾਰਧਾਰਾ ਅਤੇ ਗੁਰ ਇਤਿਹਾਸ ਤੋਂ ਨਾਵਾਕਿਫ਼ ਹਨ, ਜਾਂ ਨਾਵਾਕਫ਼ ਹੋਣ ਦਾ ਪਖੰਡ ਕਰਦੇ ਹਨ ਅਤੇ ਸ਼ਬਦ ਗੁਰ ਸਿਧਾਂਤ ਦੇ ਧਾਰਨੀ ਨਹੀਂ। ਜੇਕਰ ਸਿਰਫ਼ ਕਲਪਿਤ ਤਸਵੀਰ ਦੇ 'ਦਰਸ਼ਨ' ਕਰਨ ਨਾਲ ਆਤਮਿਕ ਸੋਝੀ ਜਾਂ ਮੋਖ ਦੁਆਰ ਹੀ ਪ੍ਰਾਪਤੀ ਹੁੰਦੀ ਹੋਵੇ ਤਾਂ "ਸਭਸੈ ਉਪਰਿ ਗੁਰ ਸ਼ਬਦ ਵੀਚਾਰੁ" ਦੀ ਕੀ ਅਹਿਮੀਅਤ ਹੈ? ਦਸਮ ਪਿਤਾ ਦਾ ਫ਼ੁਰਮਾਨ ਹੈ:

*ਕੋਊ ਬੁਤਾਨ ਕੋ ਪੂਜਤ ਹੈ ਪਸੁ, ਕੋਊ ਮ੍ਰਿਤਾਨ ਕੋ ਪੂਜਨ ਧਾਇਓ॥*
*ਕੂਰ ਕ੍ਰਿਆ ਉਰਝਿਓ ਸਭ ਹੀ ਜਗ, ਸ੍ਰੀ ਭਗਵਾਨ ਕੋ ਭੇਦੁ ਨ ਪਾਇਓ॥*

(ਤ੍ਵ ਪ੍ਰਸਾਦਿ ਸਵਯੇ ਪਾ: ੧੦)

ਇਹਨਾਂ ਨੂੰ ਸੋਝੀ ਕਿਵੇਂ ਹੋਵੇ ? ਪਰ ਇਹ ਸਭ ਕੁਝ ਤਾਂ ਆਪਣਾ ਹੀ ਗੁਰੂ-ਡੰਮ ਚਲਾਉਣ ਵਾਸਤੇ ਹੈ !

ਜੇਕਰ ਦੇਹ-ਸਰੂਪ ਦੇ ਦਰਸ਼ਨ ਕਰਨ ਨਾਲ ਹੀ ਭਵਜਲ ਪਾਰ-ਉਤਾਰਾ ਹੋ ਸਕਦਾ ਹੈ ਤਾਂ ਫਿਰ ਗੁਰੂ-ਸਿੱਖਿਆ ਦੀ ਕੀ ਅਹਿਮੀਅਤ ਹੈ ? ਗੁਰੂ ਪਾਤਸ਼ਾਹ ਦੇ ਦੇਹ-ਸਰੂਪ ਦਰਸ਼ਨ ਤਾਂ ਦੁਨੀ ਚੰਦ ਨੇ ਵੀ ਕੀਤੇ ਸਨ ਪ੍ਰ ਕਾਇਰਾਂ ਦੀ ਮੌਤ ਮੋਇਆ। ਪਰ ਦੂਜੇ ਪਾਸੇ ਗੁਰ-ਸਿੱਖਿਆ 'ਤੇ ਅਮਲ ਕਰਨ ਵਾਲੇ ਬਚਿੱਤਰ ਸਿੰਘ ਦਾ ਨ੍ਹਾਮ ਰੌਸ਼ਨ ਹੈ। ਦੇਹ ਸਰੂਪ ਦੇ ਦਰਸ਼ਨ ਤਾਂ ਚੰਦੂ ਨੇ ਵੀ ਕੀਤੇ ਸਨ ਪਰ ਗੁਰੂ ਦੀ ਕ੍ਰਿਪਾ ਦਾ ਪਾਤਰ ਸਾਈਂ ਮੀਆਂ ਮੀਰ ਹੀ ਬਣਿਆ। ਯਾਦ ਰੱਖਣਾ ਚਾਹੀਦਾ ਹੈ ਕਿ ਗੁਰੂ-ਸ਼ਬਦ ਦੇ ਚਾਨਣ ਨਾਲ ਗਿਆਨ ਦੀ ਬਖਸ਼ਿਸ਼ ਕਰਕੇ ਅਗਿਆਨ ਦਾ ਹਨੇਰਾ ਦੂਰ ਕਰਦਾ ਹੈ। ਪੁਰਾਤਨ ਸਮਿਆਂ ਵਿਚ ਤਸਵੀਰਾਂ ਨਹੀਂ ਬਣਦੀਆਂ ਸਨ ਤੇ ਅਨਮਤੀ ਲੋਕ ਆਪਣੇ ਦੇਵ-ਪੁਰਸ਼ਾਂ ਜਾਂ ਰਹਿਬਰਾਂ ਦੇ ਬੁੱਤ ਬਣਾ ਕੇ ਪੂਜਦੇ ਸਨ। ਜਿਨ੍ਹਾਂ ਮੱਤਾਂ ਵਿਚ ਬੁੱਤਪ੍ਰਸਤੀ ਦਾ ਵਿਧਾਨ ਸਵੀਕਾਰਤ ਹੈ ਉਹ ਤਾਂ ਕਰਨ, ਉਨ੍ਹਾਂ ਨੂੰ ਮੁਬਾਰਕ ਹੈ ਪਰ ਸ਼ਬਦ-ਗੁਰੂ ਦੇ ਉਪਾਸ਼ਕਾਂ ਵਲੋਂ ਗੁਰੂ ਗ੍ਰੰਥ ਸਾਹਿਬ ਨੂੰ ਤਿਲਾਂਜਲੀ ਦੇ ਕੇ ਗੁਰ-ਤਸਵੀਰਾਂ ਜਾਂ ਬੁੱਤਾਂ ਨੂੰ ਮੱਥਾ ਟੇਕਣਾ ਤਾਂ ਗੁਰਮਤਿ-ਸਿਧਾਂਤਾਂ ਦੀ ਘੋਰ ਉਲੰਘਣਾ ਹੈ।

ਨਾਨਕਸਰ ਦੇ ਡੇਰੇਦਾਰਾਂ ਨੇ ਗੁਰਧਾਮ ਅੰਦਰ ਗੁਰੂ ਗੋਬਿੰਦ ਸਿੰਘ ਦਾ ਬੁੱਤ ਸਥਾਪਤ ਕਰਕੇ ਸਿੱਖ-ਸਿਧਾਂਤਾਂ ਉਪਰ ਕਰਾਰੀ ਸੱਟ ਮਾਰੀ ਹੈ। ਗੁਰਮਤਿ ਗਿਆਨ ਤੇ ਗੁਰੂ ਸਾਹਿਬ ਦੀ ਦਾਰਸ਼ਨਿਕ ਵਿਚਾਰਧਾਰਾ ਤੋਂ ਸੱਖਣੇ ਮਨੁੱਖ ਇਨ੍ਹਾਂ ਬੁੱਤਾਂ ਨੂੰ ਅੰਨ੍ਹੀ ਸ਼ਰਧਾ-ਵੱਸ ਮੱਥਾ ਵੀ ਟੇਕਣਗੇ ਤੇ ਪ੍ਰਸਾਦਿ, ਫੁੱਲ ਆਦਿ ਵੀ ਚੜ੍ਹਾਉਣਗੇ। ਗੁਰੂ ਸਾਹਿਬ ਦਾ ਬੁੱਤ ਸਥਾਪਤ ਕਰਕੇ ਭਾਵੇਂ ਗੁਰੂ ਸਾਹਿਬਾਨ ਦੀ ਬੁੱਤਪ੍ਰਸਤੀ ਪ੍ਰਤੀ ਵਿਚਾਰਧਾਰਾ ਤਾਂ ਨਹੀਂ ਬਦਲੇਗੀ ਪ੍ਰੰਤੂ ਹੋਰਨਾਂ ਮੱਤਾਂ ਨਾਲ ਸੰਬੰਧਿਤ ਲੋਕ ਸਿੱਖਾਂ ਨੂੰ ਬੁੱਤਪ੍ਰਸਤ ਅਤੇ ਗੁਰਮਤਿ ਸਿੱਖਿਆ ਤੋਂ ਆਕੀ ਹੀ ਸਮਝਣਗੇ।

ਹਜ਼ਰਤ ਮੁਹੰਮਦ ਸਾਹਿਬ ਦਾ ਜਨਮ ਜਿਸ ਕੁਰੈਸ਼ੀ ਪਰਿਵਾਰ ਵਿਚ ਹੋਇਆ, ਉਹ ਪਰਿਵਾਰ 'ਅੱਲ੍ਹਾ' ਨਾਮ ਦੀ ਮੂਰਤੀ ਦਾ ਪੂਜਕ ਸੀ। ਪਰੰਤੂ ਮੁਹੰਮਦ ਸਾਹਿਬ ਨੇ 'ਅੱਲ੍ਹਾ' ਸ਼ਬਦ ਪ੍ਰਮਾਤਮਾ ਦੇ ਬੋਧਿਕ ਨਾਮ ਦੀ ਪ੍ਰਥਾਇ ਵਰਤਿਆ, ਨਾਕਿ 'ਅੱਲ੍ਹਾ' ਨਾਮ ਦੀ ਮੂਰਤੀ ਬਾਰੇ। ਮੁਹੰਮਦ ਸਾਹਿਬ ਨੇ ਬੁੱਤਪ੍ਰਸਤੀ ਦਾ ਵਿਰੋਧ ਕੀਤਾ ਅਤੇ ਅਜੇ ਤਕ ਕਦੀ ਕਿਸੇ ਇਸਲਾਮੀ ਫ਼ਿਰਕੇ ਨੇ ਮੁਹੰਮਦ ਸਾਹਿਬ ਦੀ ਤਸਵੀਰ ਸਥਾਪਤ ਨਹੀਂ ਕੀਤੀ ਤੇ ਨਾ ਹੀ ਬੁੱਤ ਤਿਆਰ ਕਰਵਾਇਆ। ਇਹ ਉਨ੍ਹਾਂ ਦੀ ਆਪਣੇ ਧਰਮ ਵਿਚ ਦ੍ਰਿੜ੍ਹਤਾ ਤੇ ਸ਼ਾਸਨ ਦੀ ਮਿਸਾਲ ਹੈ। ਸਿੱਖ ਤਾਂ ਹਵਾ ਦੇ ਬੁੱਕੇ ਵਾਂਗ ਹੀ ਸਿਧਾਂਤ ਬਦਲੀ ਜਾ ਰਹੇ ਹਨ।

ਪਰ ਇਨ੍ਹਾਂ ਡੇਰੇਦਾਰਾਂ ਦੀ ਅਕਲ ਪਤਾ ਨਹੀਂ ਪੰਖ ਲਗਾ ਕੇ ਕਿਥੇ ਉੱਡ ਗਈ ਹੈ। ਇਕ ਪਾਸੇ ਤਾਂ ਗੁਰਮਤਿ-ਸਿਧਾਂਤਾਂ ਦਾ ਘਾਣ ਕਰਦੇ ਹਨ ਤੇ ਦੂਸਰੇ ਪਾਸੇ ਦਲੀਲਾਂ ਦੇ ਕੇ ਦੱਸਦੇ ਹਨ ਕਿ ਅਜਿਹੇ ਬੁੱਤ ਤਾਂ ਕਈ ਹੋਰ ਵੀ ਗੁਰਧਾਮਾਂ ਵਿਚ ਹਨ। ਪਿਛਲੇ ਸਾਲ ਜਲੰਧਰ ਦੇ ਇਕ ਗੁਰਦੁਆਰੇ ਵਿਚ ਅਨਮਤੀ ਪ੍ਰਭਾਵ ਤੋਂ ਪ੍ਰੇਰਿਤ ਹੋ ਕੇ ਜਨਮ-ਅਸ਼ਟਮੀ ਮਨਾਈ, ਪਰ ਕੀ ਹੁਣ ਜੇ ਇਕ ਸਿਧਾਂਤਾਂ ਤੋਂ ਡਿੱਗ ਪਿਆ ਤਾਂ ਸਾਰੇ ਗੁਰਧਾਮਾਂ ਵਿਚ ਅਜਿਹੇ ਤਿਉਹਾਰ ਮਨਾਉਣੇ ਚਾਹੀਦੇ ਹਨ ?

*ਅਜਬ ਕੁਛ ਢੰਗ ਸੇ ਬਿਗੜਾ ਹੈ, ਨਜ਼ਮਿ ਚਮਨ ਅਪਨਾ।*

ਭਾਵੇਂ ਇਨ੍ਹਾਂ ਡੇਰਿਆਂ ਵਿਚ ਪਹਿਲਾਂ ਹੀ ਕਈ ਗੁਰਮਤਿ-ਵਿਰੋਧੀ ਕਰਮ ਜਿਵੇਂ ਨਿਸ਼ਾਨ ਸਾਹਿਬ ਅਸਥਾਪਨ ਨਾ ਕਰਨਾ, ਕਲਪਿਤ ਸੱਚਖੰਡ ਤੇ ਕਲਪਿਤ ਗੁਰ-ਤਸਵੀਰਾਂ, ਸੰਪਟ ਪਾਠ ਆਦਿ ਹੋ ਰਹੇ ਹਨ। ਪ੍ਰੰਤੂ ਗੁਰੂ ਸਾਹਿਬ ਦਾ ਬੁੱਤ ਸਥਾਪਤ ਕਰਨੇ ਤਾਂ ਅਕਲ ਨੂੰ ਜੰਦਰਾ ਮਾਰਨ ਵਾਲੀ ਗੱਲ ਹੈ।

ਗੁਰੂ ਸਾਹਿਬ ਜ਼ਫ਼ਰਨਾਮੇ ਵਿਚ ਆਖਦੇ ਹਨ:

*ਮਨਮ ਕੁਸ਼ਤਹ ਅਮ ਕੋਹਿਯਾ ਬੁਤ ਪ੍ਰਸਤ॥*
*ਕਿ ਆਂ ਬੁਤ ਪ੍ਰਸਤੰਦੋ ਮਨ ਬੁਤ ਸ਼ਿਕਸਤ॥"*

ਭਾਵ: ਐ ਔਰੰਗਜ਼ੇਬ ! ਬੁੱਤਪ੍ਰਸਤ ਪਹਾੜੀਆਂ ਨਾਲ ਮੈਂ ਲੋਹਾ ਲਿਆ ਹੈ। ਉਹ ਬੁੱਤਪ੍ਰਸਤ ਹਨ ਤੇ ਮੈਂ ਬੁੱਤਾਂ ਨੂੰ ਤੋੜਨ ਵਾਲਾ ਹਾਂ।

ਤ੍ਵਪ੍ਰਸਾਦਿ ਸਵੈਯਾਂ ਵਿਚ ਬੁੱਤ-ਪੂਜਾ ਕਰਨ ਵਾਲੇ ਲੋਕਾਂ ਪ੍ਰਤੀ ਗੁਰੂ ਸਾਹਿਬ ਨੇ ਪਸ਼ੂ (ਜਾਨਵਰ, ਮੂਰਖ) ਸ਼ਬਦ ਦੀ ਵਰਤੋਂ ਕੀਤੀ ਹੈ।

*"ਕੋਊ ਬੁਤਾਨ ਕੋ ਪੂਜਤ ਹੈ ਪਸੁ, ਕੋਊ ਮ੍ਰਿਤਾਨ ਕੋ ਪੂਜਨ ਧਾਇਓ॥"*

ਗੁਰੂ ਸਾਹਿਬ ਦੀ ਵਿਚਾਰਧਾਰਾ ਨੂੰ ਮੁੱਖ ਰੱਖ ਕੇ ਵਿਚਾਰਨਾ ਚਾਹੀਦਾ ਹੈ ਕਿ ਗੁਰੂ ਸਾਹਿਬ ਦਾ ਬੁੱਤ ਸਥਾਪਤ ਕਰਕੇ ਅਸੀਂ ਕੌਮ ਨੂੰ ਤਬਾਹੀ ਦੇ ਕਿਸ ਕਗਾਰ ਵੱਲ ਲੈ ਕੇ ਜਾ ਰਹੇ ਹਾਂ?

ਗੁਰੂ ਸਾਹਿਬ ਤਾਂ ਫੁਰਮਾਉਂਦੇ ਹਨ: 'ਪਾਹਨ ਮੈਂ ਪਰਮੇਸਰ ਨਾਹੀ॥' ਉਹ ਤਾਂ 'ਬਿਆਪਕ ਹੈ ਸਭੀ ਕੇ ਬਿਖੈ' ਪਰੰਤੂ ਅਸੀਂ ਕੀ ਸਾਬਤ ਕਰਨਾ ਚਾਹੁੰਦੇ ਹਾਂ? ਗੁਰੂ ਸਾਹਿਬ ਫੁਰਮਾਉਂਦੇ ਹਨ:

*"ਕਾਹੇ ਕੋ ਪੂਜਤ ਪਾਹਨ ਕਉ,*
*ਕਛੁ ਪਾਹਨ ਮੈਂ ਪਰਮੇਸਰ ਨਾਹੀ॥*
*ਤਾ ਹੀ ਕੋ ਪੂਜ ਪ੍ਰਭੂ ਕਰਿ ਕੈ*
*ਜਿਹ ਪੂਜਤ ਹੀ ਅਘ ਓਘ ਮਿਟਾਹੀ॥* (ਪਾਤ: ੧੦)

ਗੁਰੂ ਅਰਜਨ ਸਾਹਿਬ ਫੁਰਮਾਉਂਦੇ ਹਨ ਕਿ ਜਿਹੜੇ ਪੱਥਰ ਨੂੰ ਦੇਵਤਾ ਸਮਝ ਕੇ ਪੂਜਦੇ ਹਨ ਉਨ੍ਹਾਂ ਦੀ ਘਾਲ ਅਜਾਈਂ ਜਾਂਦੀ ਹੈ। ਪੱਥਰਾਂ ਨੂੰ ਜਾਂ ਪੱਥਰਾਂ ਤੋਂ ਬਣੇ ਬੁੱਤਾਂ ਨੂੰ ਮੱਥਾ ਟੇਕਣ ਵਾਲੇ ਕਦੀ ਵੀ ਪਰਮ ਪਦ ਦੇ ਅਧਿਕਾਰੀ ਨਹੀਂ ਬਣਦੇ:

*ਜੋ ਪਾਥਰ ਕਉ ਕਹਤੇ ਦੇਵ॥*
*ਤਾ ਕੀ ਬਿਰਥਾ ਹੋਵੈ ਸੇਵ॥*
*ਜੋ ਪਾਥਰ ਕੀ ਪਾਂਈ ਪਾਇ॥*
*ਤਿਸ ਕੀ ਘਾਲ ਅਜਾਂਈ ਜਾਇ॥ ੧॥*

(ਮਹਲਾ ੫, ਪੰਨਾ ੧੧੬੦)

ਜੇਕਰ ਬੁੱਤਾਂ ਨੂੰ ਮੱਥੇ ਰਗੜਣ ਦਾ ਜਾਂ ਝੁਕ ਝੁਕ ਕੇ ਨਮਸਕਾਰਾਂ ਕਰਨ ਦਾ ਕੋਈ ਲਾਭ ਹੀ ਨਹੀਂ, ਇਸ ਫੋਕਟ ਕਰਮ ਦੀ ਕੋਈ ਪ੍ਰਾਪਤੀ ਹੀ ਨਹੀਂ ਤਾਂ ਫਿਰ ਇਸ ਪੂਜਾ-ਅਰਚਣਾ ਜਾਂ ਬੁੱਤਪ੍ਰਸਤੀ ਦਾ ਕੀ ਫਾਇਦਾ ?

ਨ ਪਾਥਰੁ ਬੋਲੈ ਨਾ ਕਿਛੁ ਦੇਇ॥
ਫੋਕਟ ਕਰਮ ਨਿਹਫਲ ਹੈ ਸੇਵ॥ ੨॥ (ਪੰਨਾ ੧੧੬੦)

ਕੀ ਨਾਨਕਸਰੀਏ ਗੁਰਬਾਣੀ ਅਤੇ ਸਿਧਾਂਤ ਦੇ ਉਲਟ ਪ੍ਰਚਾਰ ਕਰਕੇ ਆਪਣਾ ਗੁਰੂ-ਡੰਮ ਚਲਾਉਣ ਦੀ ਨੀਂਹ ਤਾਂ ਨਹੀਂ ਰੱਖ ਰਹੇ ? ਗੁਰੂ ਗੋਬਿੰਦ ਸਿੰਘ ਜੀ ਦੀ ਖ਼ਾਲਸਾ ਕੌਮ ਨੂੰ ਇਸ ਪਾਸੇ ਗੰਭੀਰਤਾ ਨਾਲ ਸੋਚਣਾ ਪਵੇਗਾ।

ਦਰਅਸਲ ਹਰ ਬੁੱਤ-ਤਰਾਸ਼ ਆਪਣੀ ਕਲਪਨਾ ਦੇ ਅਨੁਸਾਰ ਬੁੱਤ ਦੀ ਘਾੜਤ ਘੜਦਾ ਹੈ। ਬੁੱਧ ਨੂੰ ਮੰਨਣ ਵਾਲੇ ਚੀਨੀ ਲੋਕਾਂ ਦੇ ਬੁੱਧ ਦੀ ਸ਼ਕਲ ਸੂਰਤ ਵੱਖਰੀ ਹੈ ਤੇ ਕਈ ਅਫਰੀਕੀ ਲੋਕ ਜਿਹੜੇ ਬੁੱਧ ਧਰਮ ਨੂੰ ਮੰਨਦੇ ਹਨ ਉਨ੍ਹਾਂ ਦੀ ਬੁੱਧ ਦੀ ਮੂਰਤੀ ਦੀ ਕਲਪਨਾ ਚੀਨੀਆਂ ਤੋਂ ਭਿੰਨ ਹੈ।

ਮੂਰਤੀ ਘਾੜਤ ਉਪਰ ਤੇ ਮੂਰਤੀ ਦੀ ਅਜ਼ਮਤ ਉਪਰ ਤਿੱਖਾ ਵਿਅੰਗ ਕੱਸਦੇ ਹੋਏ ਕਬੀਰ ਸਾਹਿਬ ਆਖਦੇ ਹਨ ਕਿ ਮੂਰਤੀ ਨੂੰ ਘੜਨ ਸਮੇਂ ਸੰਗ-ਤਰਾਸ਼ ਮੂਰਤੀ ਨੂੰ ਪੈਰਾਂ ਵਿਚ ਰੱਖ ਕੇ ਕਈ ਤਰ੍ਹਾਂ ਦੇ ਔਜ਼ਾਰਾਂ ਨਾਲ ਤਰਾਸ਼ ਤਰਾਸ਼ ਕੇ ਉਸ ਨੂੰ ਕਲਪਿਤ ਅਕਾਰ ਬਖਸ਼ਦਾ ਹੈ। ਉਹ ਮੂਰਤੀ ਜਿਸ ਦੀ ਛਾਤੀ ਉਪਰ ਪੈਰ ਰੱਖ ਕੇ ਬੁੱਤ-ਤਰਾਸ਼ ਘੜਦਾ ਹੈ ਉਸ ਦਾ ਤਾਂ ਕੋਈ ਨੁਕਸਾਨ ਕਰਦੀ ਨਹੀਂ, ਪਰ ਜਦੋਂ ਕਿਸੇ ਧਰਮ ਅਸਥਾਨ ਵਿਚ ਸਥਾਪਤ ਕਰ ਦਿੱਤਾ ਜਾਂਦਾ ਹੈ ਉਦੋਂ ਉਸ ਵਿਚ ਕਰਾਮਾਤੀ ਅਜ਼ਮਤ ਕਿਥੋਂ ਆਉਂਦੀ ਹੈ ?

ਕਬੀਰ ਸਾਹਿਬ ਲਿਖਦੇ ਹਨ :

ਪਾਖਾਨ ਗਢਿ ਕੈ ਮੂਰਤਿ ਕੀਨ੍ੀ
ਦੇ ਕੈ ਛਾਤੀ ਪਾਉ॥
ਜੇ ਏਹ ਮੂਰਤਿ ਸਾਚੀ ਹੈ
ਤਉ ਗੜ੍ਹਣਹਾਰੇ ਖਾਉ॥ ੩॥

(ਆਸਾ ਕਬੀਰ ਜੀ, ਪੰਨਾ ੪੭੯)

ਭਗਤ ਨਾਮਦੇਵ ਜੀ ਮੂਰਤੀ ਪੂਜਾ ਦੀ ਵਹਿਮਪ੍ਰਸਤ ਪ੍ਰਥਾ ਉਪਰ ਚੋਟ ਕਰਦੇ ਫੁਰਮਾਉਂਦੇ ਹਨ ਕਿ ਇਕ ਪੱਥਰ ਨੂੰ ਤਰਾਸ਼ ਕੇ ਮੂਰਤੀ ਦੀ ਸ਼ਕਲ ਦੇ ਦਿੱਤੀ ਜਾਂਦੀ ਹੈ ਤੇ ਇਕ ਉਸੇ ਹੀ ਤਰ੍ਹਾਂ ਦੇ ਪੱਥਰ ਨੂੰ ਥੜ੍ਹੇ 'ਤੇ ਜਾਂ ਪੌੜੀ ਦੇ ਰੂਪ ਵਿਚ ਮੂਰਤੀ ਦੇ ਹੇਠਾਂ ਰੱਖ ਕੇ ਉਸ ਉਪਰ ਮੂਰਤੀ ਟਿਕਾ ਦਿੱਤੀ ਜਾਂਦੀ ਹੈ। ਇਕ ਪੱਥਰ ਉਪਰ ਬੈਠ ਕੇ ਪੁਜਾਰੀ ਦੂਸਰੇ ਪੱਥਰ ਦੀ ਪੂਜਾ ਕਰਦਾ ਹੈ। ਜੇ ਉਪਰਲਾ ਪੱਥਰ (ਮੂਰਤੀ) ਦੇਵਤਾ ਹੈ ਤਾਂ ਹੇਠਲਾ ਪੱਥਰ (ਥੜ੍ਹਾ) ਦੇਵਤਾ ਕਿਉਂ ਨਹੀਂ ? ਹੈ ਤਾਂ ਦੋਵੇਂ ਹੀ ਪੱਥਰ, ਪਰ ਤਰਾਸ਼ ਕੇ ਅਕਾਰ ਵੱਖ ਵੱਖ ਕਰ ਦਿੱਤੇ ਗਏ ਹਨ। ਆਪ ਫੁਰਮਾਉਂਦੇ ਹਨ :

*ਏਕੈ ਪਾਥਰ ਕੀਜੈ ਭਾਉ॥*
*ਦੂਜੈ ਪਾਥਰ ਧਰੀਐ ਪਾਉ॥*
*ਜੇ ਓਹੁ ਦੇਉ ਤ ਓਹੁ ਭੀ ਦੇਵਾ॥*
*ਕਹਿ ਨਾਮਦੇਉ ਹਮ ਹਰਿ ਕੀ ਸੇਵਾ॥* (ਪੰਨਾ ੫੨੫)

ਜੋ ਬੁੱਤਪ੍ਰਸਤੀ ਜਾਂ ਪੱਥਰ-ਪੂਜਾ ਕਿਸੇ ਵੀ ਤਰ੍ਹਾਂ ਗੁਰਮਤਿ-ਅਨੁਸਾਰੀ ਨਹੀਂ ਸਗੋਂ ਗੁਰਮਤਿ ਸਿਧਾਂਤਾਂ ਦੀ ਘੋਰ ਉਲੰਘਣਾ ਹੈ। ਗੁਰਮਤਿ-ਮਾਰਗ ਦੇ ਪਾਂਧੀਆਂ ਵਿਚ ਇਸ ਦੀ ਕੋਈ ਜਗ੍ਹਾ ਨਹੀਂ। ਵਾਹਿਗੁਰੂ ਕ੍ਰਿਪਾ ਕਰਨ ਤੇ ਅਜਿਹੇ ਮਨਮਤੀਆਂ ਤੇ ਅਨਮਤੀਆਂ ਨੂੰ ਗੁਰਮਤਿ ਦੀ ਸੋਝੀ ਬਖਸ਼ਿਸ਼ ਕਰਨ। ਇਨ੍ਹਾਂ ਨੂੰ ਗਿਆਨ ਹੋ ਜਾਵੇ ਕਿ, 'ਅਦ੍ਰਿਸਟੁ ਅਗੋਚਰੁ ਪਕੜਿਆ ਗੁਰ ਸਬਦੀ', ਉਹ ਸਰਬ ਵਿਆਪਕ ਹਰੇਕ ਵਿਚ ਇਕ-ਰਸ ਵਿਆਪ ਰਿਹਾ ਹੈ ਨਾਕਿ ਮੂਰਤੀਆਂ ਵਿਚ। ਲੋੜ ਹੈ ਸ਼ਬਦ ਗੁਰੂ ਦੇ ਲੜ ਲੱਗਣ ਦੀ, ਨਾਕਿ ਮੂਰਤੀਆਂ ਬਣਾ-ਬਣਾ ਕੇ ਮੱਥੇ ਰਗੜਣ ਦੀ। ਗੁਰੂ ਕ੍ਰਿਪਾ ਕਰੇ ਤੇ ਗਿਆਨ ਦੀ ਲੋਅ ਬਖਸ਼ਿਸ਼ ਕਰੇ।

*ਹਉ ਢੂੰਢੇਦੀ ਸਜਣਾ ਸਜਣੁ ਮੈਡੈ ਨਾਲਿ॥* (ਪੰਨਾ ੧੩੧੮)

# ਸਿੱਖ ਆਗੂਆਂ ਵਲੋਂ ਰਮਾਇਣ ਦੇ ਪਾਠ ਅਤੇ ਬਿਪਰਵਾਦੀਆਂ ਵਲੋਂ ਹਰਿਮੰਦਰ ਸਾਹਿਬ ਵਿਖੇ ਸੂਰਜ ਦੇਵਤੇ ਦੀ ਪੂਜਾ ਕਿਉਂ ?

ਜਗਤ ਗੁਰੂ, ਗੁਰੂ ਨਾਨਕ ਸਾਹਿਬ ਨੇ ਆਪਣੇ ਆਗਮਨ ਸਮੇਂ ਲੋਕਾਂ ਦੀ ਅਤਿ ਦੁਖਦਾਈ ਦਸ਼ਾ ਦਾ ਜੋ ਚਿਤਰਨ ਅਕਾਲੀ ਬਾਣੀ ਅੰਦਰ ਚਿਤਰਿਆ ਹੈ, ਉਸ ਤੋਂ ਸਹਿਜੇ ਹੀ ਉਸ ਘੋਰ ਮੰਦੇ ਸਮੇਂ ਦੇ ਧਾਰਮਿਕ, ਰਾਜਨੀਤਕ ਤੇ ਸਮਾਜਿਕ ਉਪੱਦਰ ਦਾ ਤਕਾਜ਼ਾ ਲਗਾਇਆ ਜਾ ਸਕਦਾ ਹੈ। ਸੱਚ ਚੰਦ੍ਰਮਾਂ ਦੀ ਅਣਹੋਂਦ ਸਦਕਾ, ਕੂੜ ਦੀ ਅਮਾਵਸ ਸਦਕਾ ਭੈ-ਭੀਤ ਲੋਕਾਈ ਦੀ 'ਕਿਨ ਬਿਧਿ ਗਤਿ ਹੋਈ' ਦਾ ਜ਼ਿਕਰ ਕਰਦੇ ਪਾਤਸ਼ਾਹ ਫੁਰਮਾਉਂਦੇ ਹਨ ਕਿ ਕੂੜ ਦੇ ਪਸਾਰੇ ਸਦਕਾ 'ਆਧੇਰੈ ਰਾਹੁ ਨ ਕੋਈ', ਕੂੜ ਦੀ ਪ੍ਰਧਾਨਤਾ ਸਦਕਾ ਹੀ 'ਸਰਮੁ ਧਰਮੁ ਦੁਇ ਛਪਿ ਖਲੋਏ' ਸਨ। ਕਾਜ਼ੀ ਤੇ ਬ੍ਰਾਹਮਣ ਲੋਕਾਂ ਨੂੰ ਸ਼ਰ੍ਹਾ ਅਤੇ ਕਰਮਕਾਂਡਾਂ ਵਿਚ ਉਲਝਾ ਕੇ ਹਰ ਤਰ੍ਹਾਂ ਦਾ ਸ਼ੋਸ਼ਣ ਕਰ ਰਹੇ ਸਨ। ਮੈਦਾਨੇ-ਜੰਗ ਵਿਚ ਜੂਝਣ ਵਾਲੇ ਅਖੌਤੀ 'ਖਤ੍ਰੀਆ ਤ ਧਰਮੁ ਛੋਡਿਆ' ਤੇ ਪਰਜਾ ਦੇ ਰਖਵਾਲੇ ਰਾਜੇ ਤੇ ਵਜ਼ੀਰ 'ਉਲਟੀ ਵਾੜ ਖੇਤ ਕੋ ਖਾਈ' ਦਾ ਕਿਰਦਾਰ ਬਾਖੂਬੀ ਨਿਭਾਅ ਰਹੇ ਸਨ। ਗੁਰੂ ਸਾਹਿਬ ਨੇ ਜਗ੍ਹਾ-ਜਗ੍ਹਾ ਵਿਚਰ ਕੇ ਲੋਕਾਂ ਨੂੰ ਸੱਚ ਦਾ ਮਾਰਗ ਦਿਖਾਇਆ, ਕਰਮਕਾਂਡਾਂ ਦੀ ਦਲ-ਦਲ ਵਿਚ ਫਸੇ ਹੋਏ ਲੋਕਾਂ ਨੂੰ ਇਸ ਭਰਮ ਜਾਲ ਵਿਚੋਂ ਨਿਕਲ ਕੇ ਬ੍ਰਹਿਮੰਡ ਦੇ ਕਣ-ਕਣ ਅੰਦਰ ਵਿਆਪ ਰਹੀ ਅਕਾਲੀ ਜੋਤ ਨਾਲ ਜੁੜਨ ਦਾ ਪਾਵਨ ਸੰਦੇਸ਼ ਦਿੱਤਾ। ਭਾਵੇਂ ਕਿ ਗੁਰੂ ਸਾਹਿਬ ਵੱਲੋਂ ਪੜ੍ਹਾਇਆ ਜਾ ਰਿਹਾ ਸੱਚ ਦਾ ਸਬਕ, 'ਭਰਮ ਕਾ ਨਾਸ' ਦਾ ਸਿਧਾਂਤ ਕਰਮ-ਕਾਂਡੀ ਤੇ ਜ਼ਾਤ ਅਭਿਮਾਨੀਆਂ ਨੂੰ ਨਾਸੂਰ ਬਣ ਕੇ ਚੁੱਭਦਾ ਸੀ, ਪ੍ਰੰਤੂ ਗੁਰੂ ਸਾਹਿਬ ਨੇ ਇਸ ਭਰਮ ਗੜ੍ਹ 'ਤੇ ਕਰਾਰਾ ਵਾਰ ਕਰ ਕੇ ਇਨਕਲਾਬੀ ਕਦਮ ਉਠਾਇਆ।

ਜਗਤ ਦੇ ਜੀਵਾਂ ਨੂੰ ਪਰਮ ਤੱਤ ਨਾਲ ਅਭੇਦ ਹੋਣ ਦੀ ਰਮਜ਼ ਸਮਝਾਉਂਦੇ ਹੋਏ ਗੁਰੂ ਸਾਹਿਬ 28 ਮਾਰਚ 1508 (ਦਿਨ ਸੋਮਵਾਰ) ਨੂੰ ਹਰਿਦੁਆਰ ਪਹੁੰਚੇ। ਵਿਸਾਖੀ ਦਾ ਅਵਸਰ ਹੋਣ ਕਰਕੇ ਕਰਮਕਾਂਡੀਆਂ ਦੁਆਰੇ ਕੁਰਾਹੇ ਪਾਏ ਗਏ ਅਨੇਕਾਂ ਲੋਕ ਆਪਣੇ ਪਿਤਰਾਂ ਨੂੰ 'ਪਿਤਰ ਲੋਕ' ਵਿਖੇ ਰਾਸ਼ਨ ਤੇ ਹੋਰ ਪਦਾਰਥ ਸਪਲਾਈ ਕਰਨ ਬਾਬਤ ਪਹੁੰਚੇ ਹੋਏ ਸਨ, 'ਸੂਰਜ ਦੇਵਤਾ' ਵੱਲ ਮੂੰਹ ਕਰਕੇ ਪਾਣੀ ਉਪਰ ਨੂੰ ਉਛਾਲ ਰਹੇ ਸਨ, ਤਾਂ ਜੋ 'ਸੂਰਜ ਦੇਵ' ਇਹ ਪਾਣੀ ਪਿਤਰ ਲੋਕ ਤਕ ਪਹੁੰਚਾ ਦੇਣ ਤੇ ਸਮੇਂ ਤੋਂ ਤ੍ਰਿਹਾਏ ਪਿਤਰਾਂ ਦੀ ਪਿਆਸ ਬੁਝ ਸਕੇ। ਗੁਰੂ ਸਾਹਿਬ ਨੇ ਜਦੋਂ ਇਹ ਕੂੜ ਦਾ ਪਸਾਰਾ ਡਿੱਠਾ ਤਾਂ ਆਪ ਨੇ ਨਦੀ ਦੇ ਵਿਚ ਖਲੋ ਕੇ ਲਹਿੰਦੇ ਪਾਸੇ ਪਾਣੀ ਉਛਾਲਣਾ ਅਰੰਭ ਕੀਤਾ।

ਗੁਰੂ ਪਾਤਸ਼ਾਹ ਦੇ ਇਸ ਕੌਤਕ ਦੇ ਪਿੱਛੇ ਕੋਈ ਕਰਮਕਾਂਡੀ ਮੰਤਵ ਨਹੀਂ, ਸਗੋਂ

ਬਿਪਰਵਾਦੀਆਂ ਦੇ ਭਰਮ ਗੜ੍ਹ 'ਤੇ ਵਿਲੱਖਣ ਹੱਲਾ ਸੀ। ਬਿਪਰਵਾਦੀਆਂ ਨੇ ਜਦੋਂ ਗੁਰੂ ਸਾਹਿਬ ਨੂੰ ਸ਼ਾਸਤਰ ਰੀਤ ਦੇ ਉਲਟ ਪਾਣੀ ਉਛਾਲਦੇ ਤੱਕਿਆ ਤਾਂ ਬੜੇ ਰੋਹ ਵਿਚ ਆ ਕੇ ਗੁਰੂ ਸਾਹਿਬ ਨੂੰ ਘੇਰਾ ਘੱਤ ਕੇ ਖੜ੍ਹੇ ਗਏ ਤੇ ਸੁਆਲ ਕੀਤਾ, "ਤੁਸੀਂ ਸ਼ਾਸਤਰ ਨੀਤੀ ਦੇ ਉਲਟ, ਵਿਪਰੀਤ ਦਿਸ਼ਾ ਵੱਲ ਪਾਣੀ ਕਿਉਂ ਉਛਾਲ ਰਹੇ ਹੋ? ਅਸੀਂ ਤਾਂ ਸੂਰਜ ਦੇਵ ਵੱਲ ਮੂੰਹ ਕਰਕੇ ਪਿਤਰ ਨੂੰ ਪਾਣੀ ਦੇ ਰਹੇ ਹਾਂ।"

ਗੁਰੂ ਸਾਹਿਬ ਨੇ ਸਹਿਜ ਨਾਲ ਕਿਹਾ, "ਮੈਂ ਆਪਣੇ ਪਿੰਡ, ਆਪਣੇ ਖੇਤਾਂ ਤਕ ਪਾਣੀ ਅਪੜਾ ਰਿਹਾ ਹਾਂ। ਜੇਕਰ 'ਸੂਰਜ ਦੇਵਾ' ਤੁਹਾਡੇ ਬਣਾਏ ਲੱਖਾਂ ਕੋਹ ਦੂਰ ਪਿਤਰ ਲੋਕ ਤਕ ਪਾਣੀ ਪਹੁੰਚਾ ਸਕਦਾ ਹੈ ਤਾਂ ਮੇਰੇ ਤਾਂ ਖੇਤ ਇਥੋਂ ਕੇਵਲ ਤਿੰਨ ਸੌ ਮੀਲ ਦੂਰ ਹਨ।"

ਰੌਸ਼ਨ-ਦਿਮਾਗ ਗੁਰੂ ਸਾਹਿਬ ਦਾ ਤਰਕ-ਭਰਪੂਰ ਜਵਾਬ ਸੁਣ ਕੇ ਬਿਪਰਵਾਦੀਆਂ ਦੀਆਂ ਨਜ਼ਰਾਂ ਜ਼ਮੀਨ ਵਿਚ ਗੱਡੀਆਂ ਰਹਿ ਗਈਆਂ। ਸਿਰ ਉਤਾਂਹ ਕਰਨ ਦੀ ਜੁਅਰਤ ਨਾ ਰਹੀ ਤੇ ਗੁਰੂ ਪਿਤਾ ਦੀ ਅਜ਼ਮਤ ਦੇ ਸਨਮੁਖ ਸਿਰ ਝੁਕਾ ਕੇ ਖਲੋ ਗਏ।

ਦਰਅਸਲ ਸਿੱਖ ਕੌਮ ਦਾ ਜਨਮ ਹੀ ਅਜ਼ਮਾਇਸ਼ੀ ਦੌਰ ਦੇ ਦੌਰਾਨ ਹੋਇਆ ਹੈ, ਪ੍ਰੰਤੂ ਸਿੱਖਾਂ ਦੇ ਨਿੱਤ ਕਰਮਾਂ ਵਿਚ ਕਰਮਕਾਂਡਾਂ ਦਾ ਵਾਧਾ ਦਿਨ-ਬ-ਦਿਨ ਹੁੰਦਾ ਜਾ ਰਿਹਾ ਹੈ। ਸੱਚ ਦੇ ਮਾਰਗ ਦੇ ਧਾਰਨੀਆਂ ਦੇ ਕਦਮ ਬਿਪਰਵਾਦੀ ਦੇ ਕੁਮਾਰਗ ਵੱਲ ਤੇਜ਼ੀ ਨਾਲ ਵਧ ਰਹੇ ਹਨ। ਗੁਰੂ ਦਾ ਖ਼ਾਲਸਾ, ਜਿਸ ਦੇ ਖ਼ਾਲਸ ਹੋਣ ਦੀ ਬੁਨਿਆਦੀ ਸ਼ਰਤ ਭਰਮ ਤੋਂ ਰਹਿਤ ਹੋਣਾ ਹੈ, ਅੱਜ ਕਰਮਕਾਂਡਾਂ ਦੀ ਗ੍ਰਿਫਤ ਦਾ ਸ਼ਿਕਾਰ ਹੋ ਚੁੱਕਾ ਹੈ। ਜਿਨ੍ਹਾਂ ਲੋਕਾਂ ਨੇ ਖ਼ੁਦ ਪੰਥ ਪ੍ਰਵਾਨਿਤ ਮਰਿਆਦਾ ਦੇ ਅਲੰਬਰਦਾਰ ਬਣ ਕੇ, ਗੁਰਮਤਿ ਸਿਧਾਂਤਾਂ ਦਾ ਧਾਰਨੀ ਹੋ ਕੇ ਮਨਮਤਿ ਨਾਲ ਜੂਝਣਾ ਸੀ, ਜਦ ਉਹ ਹੀ ਬਿਪਰਨ ਕੀ ਰੀਤ ਦੇ ਧਾਰਨੀ ਹੋ ਕੇ, ਪੰਥਕ ਸਿਧਾਂਤਾਂ ਦਾ ਖਿਲਵਾੜ ਕਰ ਰਹੇ ਹਨ ਤਾਂ ਕੌਮ ਅਤੇ ਗੁਰਧਾਮਾਂ ਦਾ ਜੋ ਹਸ਼ਰ ਹੋਵੇਗਾ, ਉਸ ਪ੍ਰਤੀ ਇਕ ਵਾਕਿਆਤ ਜ਼ਿਕਰਯੋਗ ਹੈ।

ਕੁਝ ਹੀ ਸਮਾਂ ਗੁਜ਼ਰਿਆ ਹੈ ਦਾਸ ਤੇ ਪੰਥ ਪ੍ਰਸਿੱਧ ਵਿਦਵਾਨ ਡਾ: ਹਰਜਿੰਦਰ ਸਿੰਘ ਦਿਲਗੀਰ 26-10-2000 ਨੂੰ ਹਰਿਮੰਦਰ ਸਾਹਿਬ ਗਏ। ਡਾ: ਸਾਹਿਬ ਨੂੰ ਹਰਿਮੰਦਰ ਸਾਹਿਬ ਦੀਆਂ ਕੁਝ ਤਸਵੀਰਾਂ ਦੀ ਜ਼ਰੂਰਤ ਸੀ, ਪਰਿਕਰਮਾ ਕਰਦੇ ਹੋਏ, ਬਾਬਾ ਬੁੱਢਾ ਸਾਹਿਬ ਜੀ ਦੀ ਯਾਦਗਾਰੀ ਬੇਰੀ ਦੇ ਨਜ਼ਦੀਕ ਪਹੁੰਚੇ ਤਾਂ ਜੋ ਨਜ਼ਾਰਾ ਤੱਕਿਆ ਬੜਾ ਅਜੀਬੋ-ਗਰੀਬ ਸੀ। ਸਬੱਬ ਨਾਲ ਦਿਵਾਲੀ ਦਾ ਉਤਸਵ ਸੀ ਤੇ ਕੁਝ ਪੰਡਿਤ ਸਰੋਵਰ ਵਿਚ ਖੜ੍ਹ ਕੇ ਪਾਣੀ ਸੂਰਜ ਵੱਲ ਉਛਾਲ ਰਹੇ ਸਨ। ਤਿਲਕ, ਬੋਦੀ ਤੇ ਜਨੇਊਧਾਰੀ ਇਹ ਬਿਪਰਵਾਦੀ, ਸੱਚ ਦੇ ਘਰ ਕੂੜ ਦਾ ਕਰਮ ਕਰ ਰਹੇ ਸਨ। ਡਾ: ਦਿਲਗੀਰ ਨੇ ਇਕ ਪੰਡਿਤ ਨੂੰ ਬਾਹੋਂ ਫੜ ਕੇ ਸਰੋਵਰ ਵਿਚੋਂ ਕੱਢਦਿਆਂ ਕਿਹਾ, "ਅਰੇ, ਪੰਡਿਤ ਜੀ ਯੇ ਕਿਆ ਕਰ ਰਹੇ ਹੈਂ ਆਪ?"

ਪੰਡਿਤ ਜੀ: "ਕਿਆ ਕਰ ਰਹੇ ਹੈਂ, ਸਰਦਾਰ ਜੀ, ਦਿਖਤਾ ਨਹੀਂ ਪਾਣੀ ਦੇ ਰਹੇ ਹੈਂ।"

ਡਾ: ਦਿਲਗੀਰ: "ਪੰਡਿਤ ਜੀ, ਯਹਾਂ ਪਰ ਪਿਤਰੋਂ ਕੋ ਪਾਣੀ ਨਹੀਂ ਦੀਆ ਜਾਤਾ, ਆਪ ਬਾਹਰ ਨਿਕਲੋ।"

ਪੰਡਿਤ ਜੀ : "ਇਸ ਸੇ ਕਿਆ ਹੋਤਾ ਹੈ ? ਸਰਦਾਰ ਜੀ, ਹਮ ਵੈਸੇ ਭੀ ਪਿਤਰੋਂ ਕੋ ਨਹੀਂ, ਸੂਰਜ ਦੇਵ ਕੋ ਪਾਨੀ ਦੇ ਰਹੇ ਹੈਂ।"

ਡਾ: ਦਿਲਗੀਰ : "ਪੰਡਿਤ ਜੀ, ਯੇ ਗਯਾ ਯਾ ਹਰਿਦੁਆਰ ਨਹੀਂ, ਕੋਈ ਗੰਗਾ ਘਾਟ ਨਹੀਂ ਹੈ, ਯੇ ਹਰਿਮੰਦਰ ਸਾਹਿਬ ਹੈ, ਆਪ ਯਹਾਂ ਬੈਠ ਕੇ ਕੀਰਤਨ ਸ੍ਰਵਨ ਕਰੇਂ, ਪਰੰਤੂ ਐਸਾ ਕਰਮਕਾਂਡ ਨਾ ਕਰੋ।".

ਪੰਡਿਤ : "ਅਜੀਬ ਹੈਂ ਆਪ ਲੋਕ ਭੀ, ਹਮ ਇਤਨੀ ਦੂਰ ਸੇ ਪੂਜਾ ਕਰਨੇ ਆਏ ਹੈਂ, ਔਰ ਆਪ ਪੂਜਾ ਭੀ ਨਹੀਂ ਕਰਨੇ ਦੇ ਰਹੇ।"

ਇਸੇ ਸਮੇਂ ਦੌਰਾਨ ਇਨ੍ਹਾਂ ਪੰਡਿਤਾਂ ਦੇ ਟੋਲੇ ਨਾਲ਼ ਆਈ ਇਕ ਮਹਿਲਾ ਨੇ ਨਿਰਵਸਤਰ ਹੋ ਕੇ ਸਰੋਵਰ ਵਿਚ ਇਸ਼ਨਾਨ ਕਰਨਾ ਆਰੰਭ ਕੀਤਾ ਤਾਂ ਇਕ ਸੇਵਾਦਾਰ ਵੀਰ ਨੇ ਆ ਕੇ ਵਰਜਿਆ।

ਵਿਚਾਰਨਯੋਗ ਹੈ ਕਿ ਕੀ ਅਸੀਂ ਬੌਧਿਕ ਪੱਧਰ 'ਤੇ ਏਨੇ ਹੀਣੇ ਹੋ ਚੁੱਕੇ ਹਾਂ ਕਿ 'ਭਰਮ ਕਾ ਨਾਸ' ਦਾ ਪਾਵਨ ਸੰਦੇਸ਼ ਦੇਣ ਵਾਲੇ ਸਾਡੇ ਗੁਰਧਾਮਾਂ ਅੰਦਰ ਬਿਪਰਵਾਦੀਆਂ ਦੀ ਪਕੜ ਮਜ਼ਬੂਤ ਹੁੰਦੀ ਜਾ ਰਹੀ ਹੈ। ਰਾਜਸੱਤਾ 'ਤੇ ਬ੍ਰਾਹਮਣਵਾਦ ਦੇ ਬਿਰਾਜਮਾਨ ਹੋਣ ਸਦਕਾ, ਰਾਜ ਸੱਤਾ ਦੀ ਲਾਲਸਾ ਵਿਚ ਕੁਝ ਇਕ ਨੂੰ ਛੱਡ ਕੇ ਵਧੇਰੇ ਮੋਹਰੀ ਅਖਵਾਉਂਦੇ ਸਿੱਖ ਵੀ ਬਿਪਰਵਾਦੀਆਂ ਦਾ ਅਸਰ ਕਬੂਲ ਰਹੇ ਹਨ। ਗੁਲਾਮ ਜ਼ਹਿਨੀਅਤ ਦੇ ਇਹ ਲੋਕ ਮੰਨੂਵਾਦੀਆਂ ਦੇ ਪ੍ਰਭਾਵ ਅਧੀਨ ਗੁਰਮਤਿ ਸਿਧਾਂਤਾਂ ਤੋਂ ਕਿਨਾਰਾਕਸ਼ੀ ਕਰ ਰਹੇ ਹਨ। ਬਾਣੀ ਤੇ ਬਾਣੇ ਤੋਂ ਦੂਰ ਜਾ ਚੁਕੇ ਇਹ ਲੋਕ ਸ਼ਾਇਦ ਭੁੱਲ ਚੁਕੇ ਹਨ ਕਿ ਗੁਰਬਾਣੀ ਹੀ ਇਕ ਐਸੀ ਗਿਆਨ ਖੜਗ ਹੈ, ਜਿਸ ਵਿਚੋਂ ਉਪਜੀ ਚੇਤਨਾ ਸ਼ਕਤੀ ਦੇ ਸਦਕਾ ਮੰਨੂਵਾਦ ਦੇ ਭਰਮ ਗੜ੍ਹ ਨੂੰ ਤੋੜਿਆ ਜਾ ਸਕਦਾ ਹੈ।

ਹੁਣ ਦੇ ਸਮੇਂ ਜਦੋਂ ਗੁਰਮਤਿ ਸਿਧਾਂਤਾਂ ਦੇ ਮੁਦਈ ਹੀ ਮਨੁੱਖੀ ਅਜ਼ਾਦੀ, ਬਰਾਬਰੀ, ਇਨਸਾਨੀਅਤ, ਮਾਨਵਵਾਦੀ ਕਦਰਾਂ-ਕੀਮਤਾਂ ਦੇ ਮਹਾਨ ਫ਼ਲਸਫੇ ਗੁਰਬਾਣੀ ਦਾ ਤਿਆਗ ਕਰਕੇ ਮੰਨੂਵਾਦ ਦੇ ਵੱਲ ਕਦਮ ਵਧ ਰਹੇ ਹਨ ਤਾਂ ਆਰ.ਐੱਸ.ਐੱਸ. ਵਰਗੀਆਂ ਜਥੇਬੰਦੀਆਂ ਇਸ ਸਮੇਂ ਨੂੰ ਸੁਨਹਿਰਾ ਅਵਸਰ ਸਮਝ ਕੇ ਸਿੱਖ ਸਿਧਾਂਤਾਂ ਦਾ ਘਾਣ ਕਰ ਰਹੀਆਂ ਹਨ। ਖ਼ਾਲਸਾ ਸਾਜਨਾ ਦਿਵਸ ਦੇ ਸਮਾਗਮਾਂ ਵਿਚ ਲਗਾਏ ਨਾਅਰੇ ਭਾਵੇਂ ਫੋਕੇ ਹੀ ਸਾਬਿਤ ਹੋਏ ਹਨ ਪਰੰਤੂ ਪੰਥ ਵਿਰੋਧੀਆਂ ਨੇ ਇਨ੍ਹਾਂ ਮੰਚਾਂ ਉਪਰ ਸਫਲਤਾ ਜ਼ਰੂਰ ਹਾਸਿਲ ਕੀਤੀ ਹੈ। ਇਸ ਸਮੇਂ ਦੌਰਾਨ ਆਰ.ਐੱਸ.ਐੱਸ. ਇਕ ਅਜਿਹੇ ਪਾਤਰ ਦੇ ਰੂਪ ਵਿਚ ਉਭਰੀ ਹੈ ਜਿਸ ਨੇ ਸਿੱਖ ਭਾਵਨਾਵਾਂ ਅਤੇ ਗੁਰਮਤਿ ਸਿਧਾਂਤਾਂ ਨਾਲ ਖਿਲਵਾੜ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਸਿੱਖਾਂ ਨੂੰ ਲਵ-ਕੁਸ਼ ਦੇ ਵੰਸ਼ਜ, ਗੁਰਬਾਣੀ ਨੂੰ ਵੇਦਾਂ ਦਾ ਤਰਜਮਾ, ਗੁਰੂ ਸਾਹਿਬ ਨੂੰ ਹਿੰਦੂਤਵ ਦੇ ਮੁਦਈ ਸਾਬਤ ਕਰਨ ਵਿਚ ਕੋਈ ਕਸਰ ਨਹੀਂ ਛੱਡੀ, ਪਰ ਰਾਜਨੀਤਕ ਸੱਤਾ ਦੇ ਨਸ਼ੇ ਵਿਚ ਮਦਹੋਸ਼ ਇਨ੍ਹਾਂ ਅਖੌਤੀ ਆਗੂਆਂ ਦੀ ਅੱਖ ਨਾ ਖੁਲ੍ਹੀ। ਇਹ ਕੋਈ ਅਤਿਕਥਨੀ ਨਹੀਂ ਹੈ ਕਿ ਸ਼ੇਰ ਸੁੱਤਾ ਹੋਵੇ ਤਾਂ ਗਿੱਦੜ ਸਿੰਘਾਸਣ ਮੱਲ ਬੈਠਦੇ ਹਨ। ਅਣਖੀਲੀ ਕੌਮ ਦਾ ਵਾਰਿਸ ਖ਼ਾਲਸਾ ਸੁੱਤਾ ਪਿਆ ਹੈ ਤੇ

ਬਿਪਰਵਾਦੀ ਡੰਕੇ ਕੀ ਚੋਟ ਨਾਲ ਕਹਿ ਰਹੇ ਹਨ:

*ਅਭੀ ਤੋ ਖੇਲ ਸਮਝੇ ਹੋ,*
*ਮਗਰ ਇਕ ਦਿਨ ਦਿਖਾ ਦੇਂਗੇ,*
*ਕਿਆਮਤ ਕਿਸਕੋ ਕਹਿਤੇ ਹੈਂ,*
*ਕਿਆਮਤ ਕੈਸੀ ਹੋਤੀ ਹੈ!*

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਅਖੌਤੀ ਅਕਾਲੀ ਮੰਤਰੀ ਵੱਲੋਂ ਮਿਥਿਹਾਸਕ ਕਥਾ ਰਮਾਇਣ ਦੇ ਪਾਠ ਕਰਾਉਣਾ ਸਾਡੇ ਨਿਘਾਰ ਦੀ ਮੂੰਹ ਬੋਲਦੀ ਤਸਵੀਰ ਹੈ, ਕਿ ਅਸੀਂ ਪੂਰਨ ਤੌਰ ਤੇ ਬਿਪਰਵਾਦ ਦਾ ਪ੍ਰਭਾਵ ਕਬੂਲਦੇ ਜਾ ਰਹੇ ਹਾਂ। ਸ਼ਾਇਦ ਇਸ ਅਖੌਤੀ ਅਕਾਲੀ ਮੰਤਰੀ ਨੇ ਵੀ ਅੰਮ੍ਰਿਤ ਸੰਸਕਾਰ ਸਮੇਂ ਰਹਿਤ ਮਰਿਆਦਾ ਸ੍ਰਵਣ ਕੀਤੀ ਹੋਵੇਗੀ, ਪਰੰਤੂ ਰਾਜਨੀਤਕ ਸੱਤਾ ਦੀ ਲਾਲਸਾ ਸਦਕਾ ਗੁਰਮਤਿ ਅਸੂਲਾਂ ਨੂੰ ਛਿੱਕੇ 'ਤੇ ਟੰਗ ਦਿੱਤਾ।

ਜਿਨ੍ਹਾਂ ਕੌਮਾਂ ਕੋਲ ਵਡਮੁੱਲਾ ਵਿਰਸਾ ਵੀ ਨਹੀਂ, ਧਰਮ ਗ੍ਰੰਥ ਤੇ ਸਿਧਾਂਤ ਵੀ ਮਨੁੱਖੀ ਜੀਵਨ ਦੀਆਂ ਮਿਆਰੀ ਕਦਰਾਂ-ਕੀਮਤਾਂ ਉਪਰ ਪੂਰੇ ਨਹੀਂ ਉਤਰਦੇ, ਉਨ੍ਹਾਂ ਕੌਮਾਂ ਨੇ ਆਪਣੇ ਧਰਮਾਂ ਦਾ ਅਥਾਹ ਪ੍ਰਸਾਰ ਕੀਤਾ ਹੈ ਤੇ ਦੂਜੇ ਪਾਸੇ ਸੁਨਹਿਰੀ ਗੌਰਵਮਈ ਤਵਾਰੀਖ਼ ਦਾ ਮਾਲਕ ਖ਼ਾਲਸਾ ਆਪਣੇ ਖਿੱਤੇ ਅੰਦਰ ਵੀ ਸੁੰਗੜਦਾ ਜਾ ਰਿਹਾ ਹੈ, ਦੂਜੇ ਸ਼ਬਦਾਂ ਵਿਚ ਗ਼ੈਰ ਧਰਮਾਂ ਨੇ ਛੋਟੀਆਂ-ਛੋਟੀਆਂ ਮੋਮਬੱਤੀਆਂ ਲੈ ਕੇ ਸੰਸਾਰ ਦੇ ਕੋਨੇ-ਕੋਨੇ ਤੇ ਰੋਸ਼ਨੀ ਪੁੱਜਦੀ ਕੀਤੀ ਹੈ ਤੇ ਗੁਰੂ ਨਾਨਕ ਦੇ ਨਿਰਮਲ ਪੰਥ ਦੇ ਪਾਂਧੀ ਜਿਨ੍ਹਾਂ ਕੋਲ ਸੁਨਹਿਰੀ ਵਿਰਸੇ ਤੇ ਧੁਰ ਕੀ ਬਾਣੀ ਦੀ ਜਗਮਗਾਉਂਦੀ ਮਸ਼ਾਲ ਹੈ ਅੱਜ ਉਨ੍ਹਾਂ ਦੇ ਘਰ ਹਨੇਰਾ ਹੈ:

*ਥੀ ਜ਼ਮਾਨੇ ਮੇਂ ਰੌਸ਼ਨੀ ਜਿਸਕੀ,*
*ਹਾਏ ਉਸ ਘਰ ਮੇਂ ਅਬ ਮਾਰਗ ਨਹੀਂ!*

ਸ਼ਬਦ ਗੁਰੂ ਦੀ ਮਹਾਨ ਪਰੰਪਰਾ ਦਾ ਪ੍ਰਸਾਰ ਤੇ ਪ੍ਰਚਾਰ ਜਿਨ੍ਹਾਂ ਦੀ ਜ਼ਿੰਮੇਵਾਰੀ ਹੈ, ਪੰਥ ਵਿਰੋਧੀਆਂ, ਤੇ ਕੌਮੀ ਗੈਰਤ ਉਤੇ ਮਾਰੂ ਹਮਲਿਆਂ ਤੋਂ ਚੇਤਨ ਕਰਨਾ ਜਿਨ੍ਹਾਂ ਦਾ ਫਰਜ਼ ਹੈ, ਦੇਵ-ਪੂਜਾ ਤੇ ਕਰਮਕਾਂਡਾਂ ਤੋਂ ਉਪਰ ਉਠ ਕੇ ਅਕਾਲੀ ਜੋਤ ਨਾਲ ਜੁੜਨ ਦਾ ਸੰਦੇਸ਼ ਦੇਣਾ ਜਿਨ੍ਹਾਂ ਦਾ ਫਰਜ਼ਿ-ਅਵਲੀਨ ਸੀ, ਜਦੋਂ ਉਹ ਹੀ ਹਵਨ ਯੱਗ ਤੇ ਰਮਾਇਣ ਦੇ ਪਾਠ ਕਰਵਾ ਰਹੇ ਹਨ ਤਾਂ ਇਸ ਤੋਂ ਮੰਦੀ ਦਸ਼ਾ ਹੋਰ ਕੀ ਹੋ ਸਕਦੀ ਹੈ?

ਕੋਈ ਅਤਿਕਥਨੀ ਨਹੀਂ ਹੋਵੇਗੀ, ਕਿ ਪੰਥਕ ਨਾਅਰਿਆਂ ਸਦਕਾ ਰਾਜਨੀਤਕ ਸਿੰਘਾਸਣ ਪ੍ਰਾਪਤ ਕਰਕੇ ਜ਼ਿਆਦਾਤਰ ਅਖੌਤੀ ਆਗੂ ਵੋਟਾਂ ਪ੍ਰਾਪਤੀ ਦੀ ਦੌੜ ਵਿਚ ਸ਼ਾਮਲ ਹੋ ਕੇ ਗੁਰਸਿੱਖੀ ਕਿਰਦਾਰ ਤੋਂ ਹੀਣੇ ਕਰਮ ਕਰ ਰਹੇ ਹਨ।

'ਅਕਾਲੀ' ਸ਼ਬਦ ਦਾ ਭਾਵ ਅਰਥ ਹੀ 'ਅਕਾਲ ਪੁਰਖ ਦਾ ਉਪਾਸ਼ਕ' ਹੈ ਜੋ ਨਾਸ਼ਵਾਨ ਦੇਵੀ ਦੇਵਤਿਆਂ, ਪੀਰਾਂ ਫਕੀਰਾਂ ਦੀਆਂ ਮੜ੍ਹੀਆਂ 'ਤੇ ਮੱਥੇ ਨਹੀਂ ਟੇਕਦਾ ਸਗੋਂ ਸਰਬ ਵਿਆਪਕ ਅਕਾਲ ਪੁਰਖ ਦੇ ਲੜ ਲੱਗ ਕੇ ਸੇਵਾ ਸਿਮਰਨ ਵਿਚ ਜੁੜਿਆ ਹੋਇਆ, ਮਨੁੱਖੀ ਕਦਰਾਂ-ਕੀਮਤਾਂ

ਦੀ ਬਹਾਲੀ ਹੇਤ ਹਰ ਕੁਰਬਾਨੀ ਲਈ ਤੱਤਪਰ ਰਹਿੰਦਾ ਹੈ। ਭਾਵੇਂ ਕਿ ਇਸ ਜਗਤ ਨੂੰ ਬਿਪਰਵਾਦ ਤੇ ਭਰਮਾਂ ਦੇ ਵਾਧੂ ਬੋਝ ਤੋਂ ਮੁਕਤ ਕਰਨਾ ਇਕੋ ਇਕ ਅਕਾਲੀ ਜਾਗਤ-ਜੋਤ ਦਾ ਉਪਰਾਲਾ ਸੀ, ਪਰੰਤੂ ਧਰਮ ਨਿਰਪੱਖਤਾ ਦੀ ਅਖੌਤੀ ਛੱਤਰੀ ਤਾਣ ਕੇ ਬੈਠੇ ਅਖੌਤੀ ਅਕਾਲੀ ਆਗੂਆਂ ਅੰਦਰ ਨਵੀਂ ਸਿਆਸੀ ਬਿਮਾਰੀ ਪ੍ਰਵੇਸ਼ ਕਰ ਗਈ ਹੈ। ਵੋਟਾਂ ਦੀ ਰਾਜਨੀਤੀ ਦਾ ਸ਼ਿਕਾਰ ਹੋ ਕੇ ਇਨ੍ਹਾਂ ਆਗੂਆਂ ਨੂੰ ਜਿਵੇਂ 'ਗੁਰੂ' ਅਤੇ 'ਪੰਥ' ਨਾਮ ਤੋਂ ਐਲਰਜੀ ਹੋ ਗਈ ਹੈ। ਸਿਆਸਤ ਦੀ ਦੌੜ ਵਿਚ ਸ਼ਾਮਲ ਸਿੱਖ ਆਗੂ ਦਾ ਸਬੰਧ ਭਾਵੇਂ ਕਿਸੇ ਵੀ ਰਾਜਨੀਤਕ ਪਾਰਟੀ ਨਾਲ ਹੋਵੇ ਪਰੰਤੂ ਵੋਟਾਂ ਲੈਣ ਖਾਤਰ ਮੰਦਰਾਂ ਵਿਚ ਜਾ ਕੇ ਟੱਲ ਖੜਕਾਉਂਦੇ ਹਨ, ਦੇਹਧਾਰੀਆਂ ਨੂੰ ਮੱਥੇ ਟੇਕਦੇ ਹਨ, ਹਵਨ ਯੱਗ ਕਰਵਾਉਂਦੇ ਹਨ, ਪੀਰਾਂ ਫਕੀਰਾਂ ਦੀਆਂ ਕਬਰਾਂ ਦੇ ਉਪਰ ਚਾਦਰਾਂ ਚੜ੍ਹਾਉਂਦੇ ਹਨ।

ਆਪਣੇ ਧਾਰਮਿਕ ਸਿਧਾਂਤਾਂ ਅਨੁਸਾਰ ਕਿਸੇ ਵੀ ਅਹਿਮ ਪ੍ਰਾਪਤੀ ਉਪਰੰਤ ਆਪਣੇ ਗੁਰਧਾਮ ਅੰਦਰ ਜਾ ਕੇ ਸ਼ਬਦ ਗੁਰੂ ਦੀ ਹਾਜ਼ਰੀ ਵਿਚ ਬੈਠ ਕੇ ਅਕਾਲ ਪੁਰਖ ਦਾ ਸ਼ੁਕਰਾਨਾ ਅਦਾ ਕਰਨਾ ਤਾਂ ਹਰ ਗੁਰਸਿੱਖ ਦਾ ਫਰਜ਼ ਹੈ ਪ੍ਰੰਤੂ ਅਨਮੱਤੀ ਕਰਮ-ਕਾਂਡਾਂ ਦਾ ਸ਼ਿਕਾਰ ਹੋ ਕੇ ਅਨਮਤੀਆਂ ਦੇ ਗੁਲਾਮ ਬਣਨਾ ਕਿਸ ਮਰਿਆਦਾ ਦਾ ਹਿੱਸਾ ਹੈ ? ਇਹੀ ਜਾਣਦੇ ਹੋਣਗੇ।

ਅਜਿਹੇ ਸਿਆਸੀ ਮੌਕਾਪ੍ਰਸਤ ਸ਼ਾਇਦ ਇਹ ਨਹੀਂ ਜਾਣਦੇ ਕਿ ਸ਼ਬਦ ਗੁਰੂ ਨੂੰ ਤਿਲਾਂਜਲੀ ਦੇ ਕੇ ਛੋਟੇ ਜਿਹੇ ਦੁਨਿਆਵੀ ਰੁਤਬੇ ਦੀ ਖਾਤਰ ਗੁਰਮਤਿ ਸਿਧਾਂਤਾਂ ਦਾ ਘਾਣ ਕਰਨਾ ਅਤਿ ਨੀਵੀਂ ਤੇ ਸ਼ਰਮਨਾਕ ਹਰਕਤ ਹੈ। ਜਿਥੇ ਅਜਿਹੇ ਕਰਮਾਂ ਸਦਕਾ ਇਨ੍ਹਾਂ ਲੋਕਾਂ ਦਾ ਕਿਰਦਾਰ ਗਿਰਾਵਟ ਵੱਲ ਜਾ ਰਿਹਾ ਹੈ ਉਥੇ ਇਸ ਘਿਨਾਉਣੇ ਕਰਮ ਦਾ ਅਸਰ ਅਗਲੇਰੀ ਪੀੜ੍ਹੀ 'ਤੇ ਵੀ ਮਾੜੂ ਪ੍ਰਭਾਵ ਪਾ ਰਿਹਾ ਹੈ।

ਧਰਮ ਤੇ ਗੁਰਮਤਿ ਵਿਚਾਰਧਾਰਾ ਤੋਂ ਸੱਖਣੇ ਇਹ ਲੋਕ ਸ਼ਾਇਦ ਇਹ ਨਹੀਂ ਜਾਣਦੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਮਨੁੱਖਤਾ ਦੇ ਰਹਿਬਰ ਹਨ, ਇਨ੍ਹਾਂ ਵਿਚ ਸਮੁੱਚੀ ਮਨੁੱਖਤਾ ਬਾਰੇ ਉੱਚ ਮਿਆਰੀ ਸਿਧਾਂਤਾਂ ਦੀ ਸਿਰਜਣਾ ਕੀਤੀ ਗਈ ਹੈ, ਇਸ ਦੇ ਮੁਕਾਬਲੇ ਸ਼ਬਦ ਗੁਰੂ ਦੀ ਟੇਕ ਛੱਡ ਕੇ ਰਮਾਇਣ ਦੇ 'ਅਖੌਤੀ 'ਅਖੰਡ ਪਾਠ' ਕੋਈ ਅਹਿਮੀਅਤ ਨਹੀਂ ਰੱਖਦੇ।

ਜ਼ਾਤ-ਪਾਤ, ਦਲਿਤਾਂ 'ਤੇ ਜਬਰ ਜ਼ੁਲਮ, ਔਰਤ ਜ਼ਾਤੀ 'ਤੇ ਜ਼ੁਲਮ, ਬ੍ਰਾਹਮਣਵਾਦੀ ਵਿਚਾਰਕਾਂ ਦਾ ਮਨਭਾਉਂਦਾ ਵਿਸ਼ਾ ਹੈ। ਅਖੌਤੀ ਬਿਪਰਵਾਦੀ ਪ੍ਰਭਾਵ ਜੋ ਅਜਿਹੀਆਂ ਬੁਰਾਈਆਂ ਦਾ ਪੁਰਜ਼ੋਰ ਮੰਡਨ ਕਰਦਾ ਹੈ, ਇਸ ਵਿਚ ਅਧਿਆਤਮ ਪੱਧਰ 'ਤੇ ਨਿੱਗਰ ਗਿਆਨ ਦਾ ਕੋਈ ਅੰਸ਼ ਨਹੀਂ ਹੈ। ਦਸਰਥ ਪੁੱਤਰ ਰਾਮ 'ਤੇ ਆਧਾਰਿਤ ਜੀਵਨ-ਕਥਾ 'ਰਾਮਾਇਣ' ਅਜਿਹੀ ਹੀ ਵਿਚਾਰਧਾਰਾ ਦੇ ਪ੍ਰਚਾਰਕ ਗ੍ਰੰਥਾਂ ਦਾ ਹਿੱਸਾ ਹੈ। ਗੁਰਮਤਿ ਤੋਂ ਨਿਕਾਰਾਕਸ਼ੀ ਕਰ ਚੁੱਕੇ ਆਗੂ ਰਾਮਾਇਣ ਪਾਠ ਕਰਵਾ ਕੇ ਪਤਾ ਨਹੀਂ ਕੀ ਸੰਦੇਸ਼ ਦੇਣਾ ਚਾਹੁੰਦੇ ਹਨ ?

ਗੁਰੂ ਗ੍ਰੰਥ ਸਾਹਿਬ ਵਿਚ ਅਨੇਕ ਵਾਰ 'ਰਾਮ' ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਘਟ-ਘਟ ਅੰਦਰ ਵਰਤ ਰਹੀ ਅਕਾਲ ਪੁਰਖ ਦੀ ਜੋਤ ਦੇ ਪ੍ਰਥਾਇ 'ਰਾਮ' ਸ਼ਬਦ ਅਕਾਲ ਬੋਧਿਕ ਦੇ ਰੂਪ ਵਿਚ ਵਰਤਿਆ ਗਿਆ ਹੈ, ਉਦਾਹਰਨ ਵਜੋਂ:

*(੧) ਨਾਨਕ ਰਾਮ ਰਮਤ ਫਿਰਿ ਜੋਨਿ ਨ ਆਈਐ॥* (ਪੰਨਾ: ੨੯੯)

(੨) ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ॥ (ਪਾਤ: ੯)

(੩) ਜਾ ਕੈ ਰਾਮ ਬਸੈ ਮਨ ਮਾਹੀ॥ (ਪਾਤ: ੫)

(੪) ਕਹੁ ਕਬੀਰ ਇਉ ਰਾਮਹਿ ਜੰਪਉ ਮੇਟਿ ਜਨਮ ਮਰਨਾ॥

(ਆਸਾ ਕਬੀਰ ਜੀਓ)

ਭਾਵੇਂ ਕਿ ਦਸ਼ਰਥ ਪੁੱਤਰ ਰਾਮ ਦਾ ਜ਼ਿਕਰ ਵੀ ਗੁਰੂ ਗ੍ਰੰਥ ਸਾਹਿਬ ਵਿਚ ਕੀਤਾ ਗਿਆ ਹੈ, ਪ੍ਰੰਤੂ ਕਿਤੇ ਵੀ ਉਸ ਦਾ ਜ਼ਿਕਰ ਅਕਾਲ ਬੋਧਿਕ ਰਾਮ ਦੇ ਤੌਰ 'ਤੇ ਨਹੀਂ ਕੀਤਾ ਗਿਆ, ਉਸ ਪ੍ਰਤੀ ਕੋਈ ਧਾਰਮਿਕ ਆਸਥਾ ਨਹੀਂ ਪ੍ਰਗਟਾਈ ਗਈ, ਸਗੋਂ ਇਵੇਂ ਹੀ ਜ਼ਿਕਰ ਹੈ, ਉਦਾਹਰਨ ਵਜੋਂ:

(੧) .....ਹੋਰਿ ਕੇਤੇ ਰਾਮ ਰਵਾਲ॥ (ਗੁਰੂ ਗ੍ਰੰਥ ਸਾਹਿਬ, ਪੰਨਾ ੪੬੪)

(੨) ਰਾਮੁ ਗਇਓ ਰਾਵਨੁ ਗਇਓ॥ (ਗੁਰੂ ਗ੍ਰੰਥ ਸਾਹਿਬ, ਪੰਨਾ ੧੪੨੯)

(੩) ਰਾਮ ਰਹੀਮ ਉਬਾਰ ਨ ਸਕ ਹੈ ਜਾਕਰ ਨਾਮ ਰਟੈਂ ਹੈ॥ (ਪਾਤ: ੧੦)

(੪) ਪਾਂਡੇ ਤੁਮਰਾ ਰਾਮਚੰਦੁ ਸੋ ਭੀ ਆਵਤੁ ਦੇਖਿਆ ਥਾ॥

ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ॥ ੩॥

(ਗੁਰੂ ਗ੍ਰੰਥ ਸਾਹਿਬ, ਪੰਨਾ ੮੭੪)

(੫) ਪਰਸਰਾਮੁ ਰਾਮ ਕ੍ਰਿਸਨੁ ਹੋਇ ਕਿਲਕ ਕਲੰਕੀ ਨਾਉ ਗਣਾਏ।
ਖਤ੍ਰੀ ਮਾਰਿ ਸੰਘਾਰੁ ਕਰਿ ਰਾਮਾਯਣ ਮਹਾਭਾਰਤ ਭਾਏ।
ਕਾਮ ਕਰੋਧੁ ਨ ਮਾਰਿਓ ਲੋਭੁ ਮੋਹੁ ਅਹੰਕਾਰ ਨ ਜਾਏ।

(ਵਾਰ ਭਾਈ ਗੁਰਦਾਸ)

ਜੇਕਰ ਕੌਮ ਅਜੇ ਵੀ ਆਪਣੇ ਵਿਲੱਖਣ ਤੇ ਸ਼ਾਨਦਾਰ ਵਿਰਸੇ ਪ੍ਰਤੀ ਜਾਗਰੂਕ ਨਾ ਹੋਈ ਤਾਂ ਭਿਆਨਕ ਸਿੱਟੇ ਭੁਗਤਣੇ ਪੈਣਗੇ। ਗੁਰਮਤਿ ਸਿਧਾਂਤਾਂ ਪ੍ਰਤੀ ਵਚਨਬੱਧਤਾ ਹੀ ਗੁਰਸਿੱਖੀ ਜੀਵਨ ਦਾ ਪ੍ਰਥਮ ਅੰਗ ਹੈ।

ਗੁਰਮਤਿ ਦੀ ਗਿਆਨ ਖੜਗ ਸਦਕਾ ਬਿਪਰਵਾਦ ਦਾ ਹਨੇਰਾ ਦੂਰ ਕਰਨਾ ਪਵੇਗਾ। ਗਿਆਨ ਦਾ ਸੂਰਜ ਹੀ ਅਗਿਆਨ ਦਾ ਹਨੇਰਾ ਦੂਰ ਕਰ ਸਕਦਾ ਹੈ:

ਗਿਆਨ ਭਾਨ ਉਦੈ ਹੋਤ, ਕਰਮ ਉਡ ਜਾਤ ਹੈ॥ (ਭਾਈ ਗੁਰਦਾਸ)

ਸਾਂਝੇ ਨਿਵੇਕਲੇ ਨਿਸ਼ਾਨੇ ਤੇ ਸਿਧਾਂਤਾਂ ਤੋਂ ਕਿਨਾਰਾਕਸ਼ੀ ਸਦਕਾ ਬੁੱਧ ਮੱਤ ਦਾ ਵਿਸ਼ਾਲ ਸਾਮਰਾਜ ਹਿੰਦੂਤਵ ਦੇ ਖਾਰੇ ਸਮੁੰਦਰ ਵਿਚ ਡੁੱਬ ਗਿਆ ਸੀ, ਅੱਜ ਉਹੀ ਸਮੁੰਦਰ ਤੁਹਾਨੂੰ ਨਿਗਲਣ ਲਈ ਠਾਠਾਂ ਮਾਰ ਰਿਹਾ ਹੈ:

ਸੰਭਲ ਐ ਨਾਦਾਂ ਕਿਆਮਤ ਆਨੇ ਵਾਲੀ ਹੈ,
ਤੇਰੀ ਬਰਬਾਦੀਉਂ ਕੇ ਮਸ਼ਵਰੇ ਹੈਂ ਆਸਮਾਨੋਂ ਪਰ।

# ਕੀ ਸੰਘੀਆਂ ਨੇ ਹਰਿਮੰਦਰ ਸਾਹਿਬ ਦੀ ਰੱਖਿਆ ਕੀਤੀ ?

ਸੰਘ ਵਲੋਂ ਪ੍ਰਕਾਸ਼ਿਤ 'ਵਿਦਿਆਰਥੀ ਜਾਗਰਣ ਗਿਆਨ ਪ੍ਰੀਖਿਆ' ਦੇ ਪੰਨਾ 24 ਉਪਰ ਲਿਖਿਆ ਹੈ :

ਪਾਕਿਸਤਾਨ ਬਨਣ ਵੇਲੇ ਜਦੋਂ ਲੱਖਾਂ ਨਿਰਦੋਸ਼ ਸਿੱਖ ਅਤੇ ਸਹਿਜਧਾਰੀ ਹਿੰਦੂ ਮਾਰੇ ਗਏ ਅਤੇ ਕਰੋੜਾਂ ਬੇਘਰ ਹੋ ਗਏ ਤਾਂ ਉਹਨਾਂ ਸਾਰਿਆਂ ਨੂੰ ਸੁਰੱਖਿਅਤ ਭਾਰਤ ਲਿਆਉਣ ਲਈ ਅਤੇ ਉਹਨਾਂ ਦੇ ਮੁੜ ਵਸੇਬੇ ਲਈ ਸੁਯਮ ਸੇਵਕਾਂ ਨੇ ਦਿਨ ਰਾਤ ਇਕ ਕਰ ਦਿੱਤਾ। ਮੁਸਲਮਾਨਾਂ ਦੇ ਸੰਭਾਵਤ ਹਮਲੇ ਨੂੰ ਰੋਕਣ ਲਈ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਰੱਖਿਆ ਲਈ ਸੈਂਕੜੇ ਸੁਯਮ ਸੇਵਕਾਂ ਨੇ 1947 ਵਿੱਚ 6 ਤੋਂ 10 ਮਾਰਚ ਤੱਕ ਰਾਤ ਦਿਨ ਪਹਿਰਾ ਦਿੱਤਾ ਅਤੇ 9-10 ਮਾਰਚ ਨੂੰ ਹੋਏ ਵੱਡੇ ਹਮਲੇ ਨੂੰ ਅਸਫ਼ਲ ਬਣਾ ਦਿੱਤਾ।

ਆਰ. ਐਸ. ਐਸ. ਨੇ 29 ਜਨਵਰੀ ਨੂੰ ਅੰਮ੍ਰਿਤਸਰ ਵਿਚ ਇਕ ਪ੍ਰੋਗਰਾਮ ਉਲੀਕ ਕੇ 1947 ਵਿਚ ਹਿੰਦੂ-ਸਿੱਖਾਂ ਨੂੰ ਮੁਸਲਮਾਨਾਂ ਤੋਂ ਬਚਾਉਣ ਵਾਲੇ ਸੰਘੀਆਂ ਦਾ ਸਨਮਾਨ ਕੀਤਾ। ਅੰਮ੍ਰਿਤਸਰ ਦੀ ਕ੍ਰਿਸ਼ਨਾ ਮਾਰਕੀਟ ਜੋ ਹਰਿਮੰਦਿਰ ਸਾਹਿਬ ਦੇ ਬਿਲਕੁਲ ਨੇੜੇ ਹੈ, ਵਿਚ ਮੁਸਲਿਮ ਹਜੂਮ ਨੂੰ ਰੋਕ ਕੇ ਦਰਬਾਰ ਸਾਹਿਬ ਤਬਾਹ ਹੋਣੋਂ ਬਚਾਉਣ ਦਾ ਦਾਅਵਾ ਕੀਤਾ ਹੈ। ਸਚਾਈ ਜਾਨਣ ਲਈ 'ਸੰਤ ਸਿਪਾਹੀ' ਨੇ ਉਸ ਵਕਤ ਦੇ ਇਕ ਚਸ਼ਮਦੀਦ ਗਵਾਹ ਕੋਲੋਂ ਸਚਾਈ ਪੁੱਛੀ।

75 ਸਾਲਾ ਸ. ਮਹਿਤਾਬ ਸਿੰਘ, ਵਾਸੀ ਅਜੀਤ ਨਗਰ ਅੰਮ੍ਰਿਤਸਰ 1947 ਵਿਚ ਅੰਮ੍ਰਿਤਸਰ ਸਥਿਤ ਅੰਗ੍ਰੇਜ਼ਾਂ ਦੇ ਲੋਇਡ ਬੈਂਕ ਵਿਚ ਮੁਲਾਜ਼ਮ ਸਨ। ਉਨ੍ਹਾਂ ਦੱਸਿਆ ਉਸ ਵਕਤ ਹਾਲਾਤ ਤਨਾਅ-ਪੂਰਣ ਸਨ ਅਤੇ ਅਕਸਰ ਕਰਫ਼ਿਊ ਲਗਦਾ ਸੀ। ਪਰ ਅੰਗ੍ਰੇਜ਼ ਸਰਕਾਰ ਨੇ ਆਪਣੇ ਬੈਂਕ ਦੇ ਮੁਲਾਜ਼ਮਾਂ ਲਈ ਕਰਫਿਊ ਪਾਸ ਬਣਵਾਏ ਹੋਏ ਹਨ। ਇਸ ਲਈ ਸ. ਮਹਿਤਾਬ ਸਿੰਘ ਕਰਫਿਊ ਵੇਲੇ ਵੀ ਬੈਂਕ ਵਿਚ ਹੁੰਦੇ ਸਨ। ਬੈਂਕ ਕ੍ਰਿਸ਼ਨਾ ਮਾਰਕੀਟ ਦੇ ਬਿਲਕੁਲ ਸਾਹਮਣੇ ਸਥਿਤ ਹੈ। ਅੱਜਕਲ੍ਹ ਇਥੇ ਪੰਜਾਬ ਐਂਡ ਸਿੰਧ ਬੈਂਕ ਹੈ।

ਮਾਰਚ 1947 ਦਾ ਸਮਾਂ ਯਾਦ ਕਰਦਿਆਂ ਉਨ੍ਹਾਂ ਦੱਸਿਆ ਕਿ ਪੁਲਿਸ ਵਿਚ ਜ਼ਿਆਦਾਤਰ ਮੁਸਲਮਾਨ ਹੁੰਦੇ ਸਨ ਅਤੇ ਉਨ੍ਹਾਂ ਦੀ ਸ਼ਹਿ ਤੇ ਹੀ ਮੁਸਲਮਾਨ ਵਾਰਦਾਤਾਂ ਕਰਦੇ ਸਨ। ਹਿੰਦੂ ਸਿੱਖ ਇਲਾਕਿਆਂ ਵਿਚ ਆਪਣੀ ਹਿਫ਼ਾਜ਼ਤ ਲਈ ਠੀਕਰੀ ਪਹਿਰੇ ਲਗਦੇ ਹੁੰਦੇ ਸਨ। ਉਸ ਵਕਤ ਹਿੰਦੂ ਵੀ ਸਨਾਤਨੀ ਜਾਂ ਆਰੀਆ ਸਮਾਜੀ ਹੁੰਦੇ ਸਨ। ਆਰ. ਐਸ. ਐਸ. ਦਾ ਨਾਂ ਅਸੀਂ ਨਹੀਂ ਸੁਣਿਆ।

3 ਮਾਰਚ 1947 ਨੂੰ ਨੀਲਾ ਗੁੰਬਦ ਲਾਹੌਰ ਵਿਖੇ ਮੁਸਲਿਮ ਲੀਗ ਦਾ ਜਲਸਾ ਚਲ ਰਿਹਾ ਸੀ। ਉਸੇ ਜਲਸੇ ਵਿਚ ਮਾਸਟਰ ਤਾਰਾ ਸਿੰਘ ਨੇ ਪਾਕਿਸਤਾਨ ਮੁਰਦਾਬਾਦ ਦਾ ਨਾਅਰਾ ਲਾਇਆ ਸੀ। ਅੰਮ੍ਰਿਤਸਰ ਖ਼ਬਰ ਪਹੁੰਚੀ ਕਿ ਲਾਹੌਰ ਵਿਚ ਗੋਲੀ ਚਲ ਗਈ ਹੈ ਅਤੇ ਹਿੰਦੂ-ਸਿੱਖ ਮਾਰੇ ਗਏ ਹਨ। ਅਕਾਲੀਆਂ ਨੇ ਤੁਰੰਤ ਸ਼ਹਿਰ ਵਿਚ ਢੰਡੋਰਾ ਪਿਟਵਾ ਦਿੱਤਾ ਕਿ ਗੁਰੂ ਕਾ ਬਾਗ਼ (ਮੌਜੂਦਾ ਮੰਜੀ ਸਾਹਿਬ ਦੇ ਸਾਹਮਣੇ) ਹਾਲਾਤ ਉਪਰ ਵਿਚਾਰ ਕਰਨ ਲਈ ਜਲਸਾ ਹੋਵੇਗਾ। ਹਜ਼ਾਰਾਂ ਦਾ ਇਕੱਠ ਹੋਇਆ। ਉਸ ਵਕਤ ਹਿੰਦੂ-ਸਿੱਖ ਦਾ ਸੁਆਲ ਨਹੀਂ ਸੀ। ਸਾਂਝੀ ਸਟੇਜ ਲਗਦੀ ਸੀ। ਅਗਲੇ ਦਿਨ ਹੜਤਾਲ ਦਾ ਫ਼ੈਸਲਾ ਹੋਇਆ।

4 ਮਾਰਚ 1947 ਨੂੰ ਹੜਤਾਲ ਹੋਈ ਅਤੇ 5 ਮਾਰਚ ਤੋਂ ਛੁਰਾ-ਮਾਰਨ ਦੀਆਂ ਇੱਕਾ-ਦੁੱਕਾ ਵਾਰਦਾਤਾਂ ਸ਼ੁਰੂ ਹੋ ਗਈਆਂ। ਲਾਹੌਰ, ਮੁਲਤਾਨ, ਅੰਮ੍ਰਿਤਸਰ, ਰਾਵਲਪਿੰਡੀ, ਸਭ ਹਿੰਸਾ ਦੇ ਘੇਰੇ ਵਿਚ ਆ ਗਏ। ਪਰ 3 ਮਾਰਚ 1947 ਤੋਂ 15 ਅਗਸਤ ਤਕ ਕੋਈ ਮੁਸਲਿਮ ਹਜੂਮ ਕ੍ਰਿਸ਼ਨਾ ਮਾਰਕੀਟ ਤਕ ਨਹੀਂ ਆਇਆ। ਮਾਰਚ ਵਿਚ ਕਟੜਾ ਜੈਮਲ ਸਿੰਘ ਦੀਆਂ ਦੁਕਾਨਾਂ ਮੁਸਲਮਾਨਾਂ ਨੇ ਸਾੜੀਆਂ। ਇਸ ਖ਼ੇਤਰ ਵਿਚ ਜ਼ਿਆਦਾਤਰ ਹਿੰਦੂ ਦੁਕਾਨਦਾਰ ਸਨ। ਖੜੀ ਚੋਰ ਦੀ ਅਫ਼ਵਾਹ ਉੱਡੀ ਕਿ ਮੁਸਲਮਾਨ ਕਰਮੋਂ ਡਿਉੜੀ ਅਤੇ ਗੁਰੂ ਬਜ਼ਾਰ ਲੁੱਟਣ ਆ ਰਹੇ ਹਨ। ਉਸ ਵਕਤ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਮੋਹਨ ਸਿੰਘ ਨਾਗੋਕੇ ਦੀ ਅਗਵਾਈ ਵਿਚ ਸਿੱਖ ਬਜ਼ਾਰ ਬਚਾਉਣ ਤੁਰ ਪਏ। ਉਨ੍ਹਾਂ ਬਜ਼ਾਰਾਂ ਵਿਚ ਮਾਰਚ ਕੀਤਾ ਅਤੇ ਦੁਕਾਨਦਾਰਾਂ ਵਿਚ ਸੁਰੱਖਿਆ ਭਾਵਨਾ ਕਾਇਮ ਕੀਤੀ। 1947 ਵਿਚ ਫਿਰਕਾਪ੍ਰਸਤੀ ਦੀ ਭਾਵਨਾ ਇਤਨੀ ਪ੍ਰਬਲ ਸੀ ਕਿ 15 ਅਗਸਤ ਨੂੰ ਅਜ਼ਾਦੀ ਦੇ ਐਲਾਨ ਤੋਂ ਬਾਅਦ 13-14 ਅਗਸਤ ਦੀ ਰਾਤ ਹਿੰਦੂਆਂ ਨੇ ਮੁਸਲਮਾਨਾਂ ਦੇ ਘਰਾਂ ਨੂੰ ਅੱਗਾਂ ਲਾਈਆਂ ਅਤੇ ਲੁੱਟਿਆ। ਉਸ ਵਕਤ ਹਰ ਇਕ ਉੱਤੇ ਮਜ਼ਬੀ ਜਨੂਨ ਸਵਾਰ ਸੀ, ਜਿਸ ਨੂੰ ਭੁਲਾ ਕੇ ਹੀ ਆਪਸੀ ਭਾਈਚਾਰੇ ਦਾ ਬੇਹਤਰ ਭਵਿੱਖ ਸਿਰਜਿਆ ਜਾ ਸਕਦਾ ਹੈ। ਆਰ.ਐਸ.ਐਸ. ਦੇ ਪ੍ਰੋਗਰਾਮ ਨੇ ਪੁਰਾਣੇ ਜ਼ਖ਼ਮ ਕੁਰੇਦ ਕੇ ਉਨ੍ਹਾਂ ਉਪਰ ਸਵੈ ਸਿਰਜੇ ਇਤਿਹਾਸ ਦੀ ਮਰਹਮ ਲਾਉਣ ਦੀ ਕੋਸ਼ਿਸ਼ ਕੀਤੀ ਹੈ, ਜਿਸ ਦੀ ਹਰ ਪਾਸਿਓਂ ਨਿੰਦਾ ਹੋਈ ਹੈ।

ਆਰ. ਐਸ. ਐਸ. ਨੇ ਅਕਾਲੀ ਸਰਕਾਰ ਵੇਲੇ ਜੋ ਲਿਟਰੇਚਰ ਵੰਡਿਆ ਸੀ ਉਸ ਵਿਚ ਉਨ੍ਹਾਂ ਦਰਬਾਰ ਸਾਹਿਬ ਨੂੰ ਮੁਸਲਮਾਨਾਂ ਤੋਂ ਬਚਾਉਣ ਦੀ ਗੱਲ ਲਿਖੀ ਹੈ, ਪਰ ਅੱਜ ਤਕ ਸ਼੍ਰੋਮਣੀ ਕਮੇਟੀ ਨੇ ਉਸ ਦਾ ਜੁਆਬੀ ਲਿਟਰੇਚਰ ਨਹੀਂ ਛਾਪਿਆ। ਹੁਣ ਵੀ ਸਮਾਂ ਹੈ ਸ਼੍ਰੋਮਣੀ ਕਮੇਟੀ ਸਹੀ ਇਤਿਹਾਸ ਦਾ ਟਰੈਕਟ ਛਾਪ ਕੇ ਆਮ ਸਿੱਖਾਂ ਸਾਹਮਣੇ ਅਸਲੀਅਤ ਲਿਆਏ, ਨਹੀਂ ਤਾਂ ਸੌ ਵਾਰ ਬੋਲਿਆ ਝੂਠ ਸੱਚ ਹੋ ਜਾਂਦਾ ਹੈ।

# ਸੰਘੀਆਂ ਵਲੋਂ ਵਿਦਿਆ ਨੀਤੀ ਦਾ ਭਗਵਾਂਕਰਨ ਕਿਉਂ

ਸਿੱਖਿਆ ਦੇ ਭਗਵੇਂਕਰਨ ਨੂੰ ਲੈ ਕੇ ਪਿਛਲੇ ਦਿਨੀ ਕਾਫੀ ਸਾਰੇ ਗ਼ੈਰ ਭਾਜਪਾਈ ਸੂਬਾਈ ਮੁੱਖ ਮੰਤਰੀਆਂ ਅਤੇ ਕੇਂਦਰੀ ਵਿਧਾਇਕਾਂ ਨੇ ਇਸਦਾ ਡਟਵਾਂ ਵਿਰੋਧ ਕੀਤਾ ਹੈ। ਗੈਰ-ਭਾਜਪਾ ਸੂਬਾਈ ਮੁੱਖ ਮੰਤਰੀਆਂ ਅਤੇ ਕੇਂਦਰੀ ਵਿਧਾਇਕਾਂ ਦੀ ਰਾਏ ਹੈ ਕਿ ਭਾਜਪਾ ਸਿੱਖਿਆ ਨੀਤੀ ਵਿੱਚ ਮਨਭਾਉਂਦੀ ਫੇਰ ਬਦਲ ਕਰਕੇ ਵਿਦਿਅਕ ਸੰਸਥਾਵਾਂ ਦੇ ਮਾਧਿਅਮ ਰਾਹੀਂ ਵਿਦਿਆ, ਵਿਦਿਆਰਥੀਆਂ ਅਤੇ ਦੇਸ਼ ਦੇ ਭਵਿੱਖ ਨੂੰ ਭਗਵਾਂਧਾਰੀ ਚੋਲਾ ਪਾਉਣਾ ਚਾਹੁੰਦੀ ਹੈ। ਖਦਸ਼ਾ ਹੈ ਕਿ ਬਾਬਰੀ ਮਸਜਿਦ ਨੂੰ ਅਯੁੱਧਿਆ ਮੰਦਰ ਬਣਾਉਣ ਦੀ ਫਿਰਕਾਪ੍ਰਸਤੀ ਭਰਪੂਰ ਸੰਸਕ੍ਰਿਤੀ ਦੀ ਵਿਚਾਰਧਾਰਾ ਵਿਦਿਆ ਮੰਦਰ ਅੰਦਰ ਦਿੱਤੀ ਜਾਂਦੀ ਨੈਤਿਕ ਗੁਣਾਂ ਭਰਪੂਰ ਸਿੱਖਿਆ ਦਾ ਬਦਲ ਨਾ ਬਣ ਜਾਵੇ।

ਮਨੁੱਖੀ ਵਸੀਲਿਆਂ ਅਤੇ ਸਿੱਖਿਆ ਬਾਰੇ ਮੰਤਰੀ ਮੁਰਲੀ ਮਨੋਹਰ ਜੋਸ਼ੀ ਜੀ ਨੇ ਕੁਝ ਦਿਨ ਪਹਿਲਾਂ ਹਦਾਇਤਾਂ ਜਾਰੀ ਕੀਤੀਆਂ ਕਿ ਅਗਾਮੀ ਸਮੇਂ ਤੋਂ ਵਿਦਿਅਕ ਸੰਸਥਾਵਾਂ ਅੰਦਰ ਸੰਸਕ੍ਰਿਤ, ਮੰਤ੍ਰ ਵਿਦਿਆ, ਜੋਤਿਸ਼ ਅਤੇ ਵੈਦਿਕ ਗਣਿਤ ਆਦਿ ਵਿਸ਼ਿਆਂ ਨੂੰ ਲਾਗੂ ਕੀਤਾ ਜਾਵੇਗਾ, ਤਾਂ ਜੋ ਹਰ ਵਿਦਿਆਰਥੀ ਨੂੰ ਭਾਰਤ ਦੀ ਮਹਾਨ ਗੌਰਵਮਈ ਸੰਸਕ੍ਰਿਤੀ ਨਾਲ ਜੋੜਿਆ ਜਾ ਸਕੇ। ਜੋਸ਼ੀ ਜੀ ਵਲੋਂ ਇਸ ਭਗਵਾਂਧਾਰੀ ਸਿੱਖਿਆ ਨੀਤੀ ਦਾ ਇਸ਼ਾਰਾ ਮਿਲਣ ਦੀ ਦੇਰ ਸੀ ਕਿ ਜੋਸ਼ੀ ਜੀ ਵਲੋਂ ਯੂ. ਜੀ. ਸੀ. (ਯੂਨੀਵਰਸਿਟੀ ਗਰਾਂਟਸ ਕਮਿਸ਼ਨ) ਦੇ ਚੇਅਰਮੈਨ ਥਾਪੇ ਗਏ ਡਾ: ਹਰੀ ਗੌਤਮ ਨੇ ਆਪਣੇ ਆਕਾ ਦੇ ਹੁਕਮਾਂ ਉਪਰ ਫੁੱਲ ਚੜ੍ਹਾਉਂਦਿਆਂ ਇਹ ਐਲਾਨ ਕਰ ਦਿੱਤਾ ਕਿ ਅਗਲੇਰੇ ਸੈਸ਼ਨ ਤੋਂ ਦੇਸ਼ ਦੀਆਂ ਸਾਰੀਆਂ ਯੂਨੀਵਰਸਿਟੀਆਂ ਵਿੱਚ ਜੋਤਿਸ਼ ਦੇ ਵਿਸ਼ੇ ਨੂੰ ਲਾਜ਼ਮੀ ਕਰਾਰ ਦੇਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ ਅਤੇ ਜਿਹੜੀਆਂ ਵਿਦਿਅਕ ਸੰਸਥਾਵਾਂ ਪਹਿਲ ਦੇ ਆਧਾਰ ਤੇ ਇਹ ਕਾਰਜ ਸਿਰੇ ਚੜ੍ਹਾਉਣਗੀਆਂ ਉਨ੍ਹਾਂ ਦੀ ਪੂਰਨ ਤੌਰ ਤੇ ਮਾਲੀ ਮਦਦ ਕੀਤੀ ਜਾਵੇਗੀ।

ਕਾਫੀ ਗ਼ੈਰ-ਭਾਜਪਾ ਸੰਸਦ ਮੈਂਬਰਾਂ ਨੇ ਇਸ ਨੀਤੀ ਦੀ ਡਟਵੀਂ ਵਿਰੋਧਤਾ ਕੀਤੀ ਹੈ। ਬੀਬੀ ਸੋਨੀਆਂ ਗਾਂਧੀ, ਜਿਨ੍ਹਾਂ ਨੂੰ ਦੇਸ਼ ਦੇ ਸਭਿਆਚਾਰ ਜਾਂ ਸੰਸਕ੍ਰਿਤੀ ਪ੍ਰਤੀ ਮੋਹ ਨਹੀਂ, ਉਸ ਨੇ ਇਸ ਸੰਦਰਭ ਵਿੱਚ ਕਠੋਰ ਫੈਸਲਾ ਲੈਂਦਿਆਂ ਜ਼ਿਕਰਯੋਗ ਕਦਮ ਪੁਟਿਆ ਹੈ ਕਿ ਅਸੀਂ ਸੰਘ ਦੇ ਛਿਪੇ ਹੋਏ ਏਜੰਡੇ ਨੂੰ ਚੋਰ ਮੋਰੀ ਰਾਹੀਂ ਸਫ਼ਾਈ ਨਾਲ ਵਿਦਿਆਕ ਅਦਾਰਿਆਂ ਵਿੱਚ ਦਾਖਲ ਨਹੀਂ ਹੋਣ ਦੇਵਾਂਗੇ। ਸੰਘ ਦੇ ਇਸ ਵਿਦਿਆ ਨੀਤੀ ਦੇ ਭਗਵਾਂਕਰਨ ਦੇ ਏਜੰਡੇ ਦੇ ਪਰਿਪੇਖ ਵਿੱਚ ਦੋ ਤਰ੍ਹਾਂ

ਦੀ ਵਿਚਾਰਧਾਰਾ ਆਮ ਲੋਕਾਂ ਵਿਚ ਜਨਮ ਦੇ ਰਹੀ ਹੈ। ਇਕ ਤਾਂ ਉਹ ਲੋਕ ਜੋ ਇਸ ਵਿਦਿਅਕ ਨੀਤੀ ਦਾ ਪੱਖ ਪੂਰਦੇ ਹੋਏ ਸੰਪਰਦਾਇ ਵਿਦਿਅਕ ਵਿਵਸਥਾ ਦੇ ਹਾਮੀ ਹਨ ਅਤੇ ਦੂਸਰੇ ਉਹ ਹਨ ਜੋ ਧਾਰਮਿਕ ਸੰਪਰਦਾਇਕਤਾ ਤੋਂ ਉਪਰ ਉਠ ਕੇ ਧਰਮ-ਨਿਰਪੱਖ ਵਿਦਿਆਨੀਤੀ ਦਾ ਪੱਖ ਪੂਰਦੇ ਹਨ।

ਜੋਤਿਸ਼ ਸ਼ਾਸਤਰ ਸੰਬੰਧੀ ਗ਼ੈਰ-ਭਾਜਪਾਈ ਲੋਕ ਹੀ ਨਹੀਂ ਜਾਂ ਵਿਰੋਧੀ ਦਲ ਹੀ ਨਹੀਂ ਬਲਕਿ ਦੇਸ਼ ਦਾ ਹਰ ਸੁਚੇਤ ਨਾਗਰਿਕ, ਬਸ਼ਰਤੇ ਅੰਧਵਿਸ਼ਵਾਸੀ ਨਾ ਹੋਵੇ, ਵਿਰੋਧੀ ਭਾਵ ਰੱਖਦਾ ਹੈ। ਜੋਤਿਸ਼ ਸ਼ਾਸਤਰ ਦੇ ਨਾਲ ਦੇਸ਼ ਦੀ ਵਿਵਸਥਾ ਜਾਂ ਮੌਜੂਦਾ ਦਸ਼ਾ ਨੂੰ ਕੋਈ ਚਾਰ-ਚੰਨ ਨਹੀਂ ਲੱਗਣਗੇ, ਸਗੋਂ ਖੋਖਲਾਪਨ ਅਤੇ ਅੰਧ-ਵਿਸ਼ਵਾਸ ਹੀ ਵਧੇਗਾ ਅਤੇ ਖਾਸ ਕਰਕੇ ਐਸਾ ਦੇਸ਼ ਜਿਥੋਂ ਦੇ ਲੋਕ ਮੂਲੋਂ ਹੀ ਇੰਨੇ ਅੰਧ-ਵਿਸ਼ਵਾਸੀ ਹੋਣ ਕਿ ਬੱਚਿਆਂ ਦੇ ਮੂੰਹੋਂ ਦੁੱਧ ਖੋਹ ਕੇ ਗਣੇਸ਼ ਦੀ ਪੱਥਰ ਦੀ ਮੂਰਤੀ ਨੂੰ ਦੁੱਧ ਪਿਆ ਕੇ ਸ਼ਕਤੀ ਪ੍ਰਾਪਤੀ ਦੀ ਕਾਮਨਾ ਕਰਦੇ, ਉਥੇ ਅੰਧ-ਵਿਸ਼ਵਾਸ ਦਾ ਤੇਂਦੂਆ ਜਾਲ ਫੈਲਾਉਣਾ ਕੋਈ ਬਹੁਤਾ ਔਖਾ ਨਹੀਂ ਹੈ। ਪ੍ਰੰਤੂ ਜੇਕਰ ਵਿਦਿਆ ਅਦਾਰੇ ਹੀ ਜੋਤਿਸ਼ ਦੇ ਭਰਮ ਭਰਪੂਰ ਧੂੰਏ ਨਾਲ ਪ੍ਰਦੂਸ਼ਿਤ ਹੋ ਗਏ ਤਾਂ ਵਿਦਿਅਕ ਅਦਾਰਿਆਂ ਅੰਦਰ ਨੈਤਿਕਤਾ ਅਤੇ ਜੀਵਨ ਦੇ ਉੱਚ ਮਿਆਰੀ ਆਦਰਸ਼ ਨਜ਼ਰ ਨਹੀਂ ਆਉਣਗੇ ਸਗੋਂ ਜੋਤਿਸ਼ ਵਿਦਿਆ ਦੇ ਧਾਰਨੀ ਆਧੁਨਿਕ ਜੋਤਸ਼ੀ ਨੌਜਵਾਨ ਬੀਬੀਆਂ ਦੇ ਹੱਥਾਂ ਦੀ ਤਕਦੀਰ ਵੇਖਦੇ ਹੀ ਨਜ਼ਰੀਂ ਪੈਣਗੇ, ਹਸਤ-ਰੇਖਾ ਸ਼ਾਸਤਰ ਇਸ਼ਕ-ਮਿਜ਼ਾਜੀ ਦਾ ਵਧੀਆ ਸਾਧਨ ਬਣ ਜਾਵੇਗਾ।

ਜੋਤਿਸ਼ ਨੂੰ ਵਿਦਿਆਨੀਤੀ ਦਾ ਅੰਗ ਬਣਾਉਣ ਦਾ ਵਧੇਰੇ ਸੁਚੇਤ ਅਤੇ ਤਰਕਵਾਦੀ ਵਿਦਵਾਨਾਂ ਨੇ ਖੰਡਨ ਕੀਤਾ ਹੈ, ਕਿਉਂਕਿ ਜੋਤਿਸ਼ ਦੀ ਨੀਂਹ ਗ਼ੈਰ-ਵਿਗਿਆਨਕ ਅਤੇ ਅੰਧ-ਵਿਸ਼ਵਾਸੀ ਤੱਥਾਂ ਉਪਰ ਟਿੱਕੀ ਹੋਈ ਹੈ। ਇਸ ਕਰਕੇ ਇਸ ਦਾ ਨਾਮਕਰਣ ਠੱਗ ਵਿੱਦਿਆ ਹੀ ਕੀਤਾ ਜਾ ਸਕਦਾ ਹੈ। ਉਦਾਹਰਨ ਵਜੋਂ ਜੋਤਿਸ਼ ਸ਼ਾਸਤਰ ਧਰਤੀ ਨੂੰ ਬ੍ਰਹਿਮੰਡ ਦਾ ਕੇਂਦਰ ਦਰਸਾਉਂਦਾ ਹੈ, ਸੂਰਜ ਗਿਰਦ ਘੁੰਮਦਾ ਹੈ। ਇਹ ਤੱਥ ਵਿਗਿਆਨ ਖੋਜ ਦੇ ਵਿਰੋਧੀ ਭਾਵ ਨਾਲ ਸੰਬੰਧ ਰੱਖਦੀ ਹੈ। ਇਸ ਤਰ੍ਹਾਂ ਦੀ ਜੋਤਿਸ਼ ਸ਼ਾਸਤਰ ਵਿਦਿਆਰਥੀਆਂ ਦੇ ਮਾਨਸਿਕ ਸਤੱਰ ਨੂੰ ਗ਼ੈਰ-ਵਿਗਿਆਨਕ ਨਹੀਂ ਬਣਾ ਦੇਵੇਗਾ? ਲੋੜ ਤਾਂ ਸਾਡੇ ਦੇਸ਼ ਅੰਦਰ ਅੰਧ-ਵਿਸ਼ਵਾਸ ਨੂੰ ਦੂਰ ਕਰਨ ਦੀ ਹੈ ਪਰ ਜੇਕਰ ਵਿਦਿਅਕ ਅਦਾਰੇ ਹੀ ਭਰਮ ਅਤੇ ਅੰਧ-ਵਿਸ਼ਵਾਸ ਦੇ ਗੱਫੇ ਵਰਤਾਉਣਗੇ ਤਾਂ ਦੇਸ਼ ਕਿਧਰ ਨੂੰ ਜਾਵੇਗਾ? ਜੋਸ਼ੀ ਜੀ ਹੀ ਜਵਾਬ ਦੇ ਸਕਦੇ ਹਨ। ਵਿਚਾਰਨਾ ਬਣਦਾ ਹੈ ਕਿ ਵਿਦਿਆ ਦੀ ਵਰਤੋਂ ਭਰਮ ਦੂਰ ਕਰਨ ਵਾਸਤੇ ਕਰਨੀ ਹੈ ਜਾਂ ਵਿਦਿਆ ਨੂੰ ਭਰਮ-ਸ਼ਾਸਤਰ ਦਾ ਇਕ ਅੰਗ ਬਣਾਉਣਾ ਹੈ। ਦੂਸਰੇ ਪਾਸੇ ਇਸ ਤਰ੍ਹਾਂ ਵਿਦਿਅਕ ਨੀਤੀ ਦਾ ਭਗਵਾਂਕਰਣ ਕਰਨਾ ਸੰਵਿਧਾਨ ਦੀ ਧਾਰਾ 51 ਦੀ ਵੀ ਉਲੰਘਣਾ ਹੈ। ਜਿਸ ਅਨੁਸਾਰ ਵਿਦਿਅਕ ਅਦਾਰਿਆਂ ਦਾ ਜਾਂ ਜਨਸਮੂਹ ਦਾ ਫਰਜ਼ ਹੈ, ਵਿਗਿਆਨ ਸੁਭਾਅ ਵਿਕਸਤ ਕਰਨਾ ਅਤੇ ਅਮੀਰ ਸਭਿਆਚਾਰ ਵਿਰਸੇ ਨੂੰ ਸਾਂਭਣਾ ਹਰ ਨਾਗਿਰਕ ਦਾ ਫਰਜ਼ ਹੈ।

ਦੂਸਰੇ ਪਾਸੇ 1968 ਵਿੱਚ ਪਰਿਵਾਨਤ ਸਿੱਖਿਆ ਨੀਤੀ ਤੇ ਸੰਮੇਲਨ ਵਿੱਚ ਫੈਸਲਾ ਲਿਆ ਗਿਆ ਸੀ, 'ਵਿਦਿਆ ਨੀਤੀ ਵਿੱਚ ਰਾਸ਼ਟਰ ਨਿਰਮਾਣ, ਸਮਾਨ ਨਾਗਰਿਕਤਾ, ਉਚੇਰੀ ਮਿਆਰੀ

ਭਾਵਨਾ ਨੂੰ ਜਗਾਉਣ ਅਤੇ ਰਾਸ਼ਟਰੀ ਏਕਤਾ ਨੂੰ ਮਜ਼ਬੂਤੀ ਪ੍ਰਦਾਨ ਕਰਨ ਲਈ ਸਿੱਖਿਆ ਦੀ ਗੁਣਵਤਾ ਦੇ ਸੁਧਾਰ ਅਤੇ ਵਿਗਿਆਨ ਅਤੇ ਤਕਨਾਲੋਜੀ ਉਪਰ ਵਿਸ਼ੇਸ਼ ਬਲ ਦਿੱਤਾ ਜਾਵੇ।'

ਭਗਵਾਂਧਾਰੀ ਐਨਕਾਂ ਲਗਾਈ, ਅੰਨ੍ਹੇ ਫ਼ਿਰਕਾਪ੍ਰਸਤ ਜਨੂਨ ਵਿੱਚ ਬਾਰ-ਬਾਰ ਰੱਟ ਲਗਾਈ ਜਾ ਰਹੇ ਹਨ ਕਿ ਜੋਤਿਸ਼ ਸ਼ਾਸਤਰ ਤਾਂ ਅਗਾਮੀ ਭਵਿੱਖ ਅਤੇ ਖਤਰਿਆਂ ਨੂੰ ਜਾਨਣ ਵਾਲੀ ਮੁੱਢਲੀ ਵਿਗਿਆਨ ਹੈ। ਇਹ ਤਾਂ ਦੁਨੀਆਂ ਦੇ ਹੋਰ ਕਈ ਦੇਸ਼ਾਂ ਜਰਮਨੀ, ਇੰਗਲੈਂਡ, ਅਮਰੀਕਾ ਵਿੱਚ ਵੀ ਵਿਦਿਆ ਦਾ ਹਿੱਸਾ ਹੈ। ਕਿਸੇ ਵਿਸ਼ੇ ਦਾ ਗਿਆਨ ਬਾਬਤ ਜਾਂ ਤੁਲਨਾਮਕ ਅਧਿਐਨ ਕੋਈ ਬੁਰਾਈ ਨਹੀਂ, ਪਰ ਕੀ ਜੋਸ਼ੀ ਜੀ ਜਵਾਬ ਦੇਣਗੇ ਕਿ ਜੇਕਰ ਜੋਤਿਸ਼ ਭਵਿੱਖ ਵਿਗਿਆਨ ਹੈ ਫਿਰ:-

1) ਆਪ ਜਿੱਤਣ ਵਾਲੇ ਨੇਤਾ ਜਾਂ ਭਵਿੱਖਤ ਮੰਤਰੀ ਦਾ ਸਹੀ ਐਲਾਨ ਜੋਤਿਸ਼ ਰਾਹੀਂ ਹੀ ਕਿਉਂ ਨਹੀਂ ਕਰਵਾ ਲੈਂਦੇ? ਕਿਉਂ ਦੇਸ਼ ਦਾ ਸਰਮਾਇਆ ਬਰਬਾਦ ਕਰਦੇ ਹੋ?

2) ਦੇਸ਼ ਦੇ ਕਿਸੇ ਜੋਤਿਸ਼ੀ ਨੇ ਕਾਰਗਿਲ ਅੰਦਰ ਘੁਸਪੈਠ ਦੀ ਅਗਾਮੀ ਸੂਚਨਾ ਕਿਉਂ ਨਾ ਦਿੱਤੀ?

3) ਅਮਰੀਕਾ ਦੇ ਆਧੁਨਿਕ ਜੋਤਿਸ਼ੀਆਂ ਨੇ ਵਰਲਡ ਟਰੇਡ ਸੈਂਟਰ ਤੇ ਅੱਤਵਾਦੀ ਹਮਲਿਆਂ ਦੀ ਭਵਿੱਖਬਾਣੀ ਕਿਉਂ ਨਾ ਕੀਤੀ?

4) ਲਾਦੇਨ ਦਾ ਥਾਂ ਟਿਕਾਣਾ ਜੋਤਿਸ਼ੀ ਕਿਉਂ ਨਹੀਂ ਦੱਸ ਦਿੰਦੇ? ਅਨੇਕਾਂ ਮਾਸੂਮ ਜਾਨਾਂ ਬਚ ਜਾਣਗੀਆਂ।

5) ਪਾਕਿਸਤਾਨ ਵਿੱਚ ਅੱਤਵਾਦੀਆਂ ਦੇ ਟ੍ਰੇਨਿੰਗ ਕੈਂਪਾਂ ਦੀ ਸ਼ਨਾਖਤ ਵਾਸਤੇ ਸੂਹੀਆਂ ਏਜੰਸੀਆਂ ਦੀ ਲੋੜ ਕਿਉਂ?

ਜੋਸ਼ੀ ਜੀ ਐਸੇ ਕਰੋੜਾਂ ਸਵਾਲ ਮਾਨਸਿਕ ਸੱਤਾ ਉਪਰ ਜਨਮ ਲੈਂਦੇ ਹਨ ਜਿਨ੍ਹਾਂ ਦਾ ਹਲ ਜਾਂ ਜਵਾਬ ਆਪ ਦੇ ਜੋਤਿਸ਼ ਸ਼ਾਸਤਰੀਆਂ ਪਾਸ ਨਹੀਂ ਹੈ। ਸਾਡੇ ਵਰਗੇ ਪਛੜੇ ਦੇਸ਼ ਦੇ ਲੋਕਾਂ ਨੂੰ ਤਾਂ ਗਿਆਨ ਸਦਕਾ ਅਗਿਆਨ ਦੇ ਹਨੇਰੇ ਵਿੱਚੋਂ ਕੱਢਣ ਦੀ ਜ਼ਰੂਰਤ ਹੈ, ਕਰਮਯੋਗੀ ਬਣਾਉਣ ਦੀ ਜ਼ਰੂਰਤ ਹੈ, ਤਦਬੀਰ, ਤਕਦੀਰ ਨੂੰ ਬਦਲ ਦਿੰਦੀ ਹੈ। ਨੀਤੀ ਸ਼ਾਸ਼ਤਰੀ ਕੌਟਲਿਆਂ ਦਾ ਕਥਨ ਹੈ:

*ਪੁਰਸਕਾਰ ਮਨੁਵਰਤਤੇ ਦੈਵਮੁ॥*

ਅਰਥਾਤ ਕੇਵਲ ਭਾਗਾਂ ਅਤੇ ਹਸਤ ਰੇਖਾਵਾਂ ਤੇ ਭਰੋਸਾ ਰੱਖਣ ਵਾਲਾ ਵਿਅਕਤੀ ਕਾਬਿਲ ਨਹੀਂ ਹੋ ਸਕਦਾ, ਫਰਜ਼ ਦੀ ਪਾਲਣਾ ਵਧੇਰੇ ਜ਼ਰੂਰੀ ਹੈ। ਕੇਵਲ ਰਾਸ਼ੀਆਂ ਜਾਂ ਭਾਗ ਰੇਖਾਵਾਂ ਦਾ ਅਨੁਕੂਲ ਹੋਣਾ ਹੀ ਸਫਲਤਾ ਦੀ ਕੁੰਜੀ ਹੋਵੇ ਤਾਂ ਕਰਮ ਕਰਨ ਦੀ ਕੀ ਜ਼ਰੂਰਤ ਹੈ? ਇਕ ਗੱਲ ਦਾ ਹੋਰ ਗਿਆਨ ਵੀ ਜ਼ਰੂਰੀ ਹੈ ਕਿ ਰਾਮ ਅਤੇ ਰਾਵਣ ਦੀ ਰਾਸ਼ੀ (ਤੁਲਾ) ਸਮਾਨ ਸੀ ਪਰ ਕਰਮਾਂ ਵਿੱਚ ਜ਼ਮੀਨ-ਅਸਮਾਨ ਦਾ ਅੰਤਰ।

ਇਸ ਤਰ੍ਹਾਂ ਵੀ ਸਰਸਵਤੀ ਵੰਦਨਾ ਅਤੇ ਵੈਦਿਕ ਸੰਸਕਾਰਾਂ ਦੀ ਗੱਲ ਵਿਦਿਅਕ

ਅਦਾਰਿਆਂ ਅੰਦਰ ਚਲ ਰਹੀ ਹੈ, ਦਰਅਸਲ ਸਿੱਖਿਆ ਹੀ ਮਨੁੱਖ ਦਾ ਬੌਧਿਕ ਵਿਕਾਸ ਕਰਦੀ ਹੈ ਅਤੇ ਗਿਆਨ ਦੇ ਉਪਲਬਧ ਸ੍ਰੋਤਾਂ ਤੱਕ ਮਨੁੱਖ ਦੀ ਮਾਨਸਿਕ ਪਹੁੰਚ ਨੂੰ ਅਸਾਨ ਬਣਾਉਂਦੀ ਹੈ। ਵਿਦਿਆ ਆਤਮ ਬੋਧ ਦਾ ਮੁੱਖ ਸਾਧਨ ਹੈ, ਜਿਸ ਸਦਕਾ ਭਰਮ ਅਤੇ ਅੰਧ-ਵਿਸ਼ਵਾਸ ਦੇ ਮਜ਼ਬੂਤ ਕਿਲ੍ਹਿਆਂ ਨੂੰ ਤੋੜਿਆ ਜਾ ਸਕਦਾ ਹੈ, ਅਤੇ ਗਿਆਨ ਸੰਦੇਸ਼ ਦਾ ਪਰਉਪਕਾਰੀ ਮਾਰਗ ਇਖ਼ਤਿਆਰ ਕੀਤਾ ਜਾ ਸਕਦਾ ਹੈ, ਗੁਰਵਾਕ ਹੈ:

*ਵਿਦਿਆ ਵਿਚਾਰੀ ਤਾਂ ਪਰਉਪਕਾਰੀ॥* (ਗੁਰੂ ਗ੍ਰੰਥ ਸਾਹਿਬ, ਪੰਨਾ 356)

ਵੈਦਿਕ ਸਿੱਖਿਆ ਸਦਕਾ ਕਿਸ ਉੱਚ ਇਖ਼ਲਾਕ ਨੂੰ ਪ੍ਰਸਾਰਿਆ ਜਾ ਸਕਦਾ ਹੈ, ਵੇਦਾਂ ਦੀ ਸਿੱਖਿਆ ਵਿੱਚ ਬ੍ਰਹਮਾ, ਇੰਦਰ ਆਦਿ ਦੀਆਂ ਮਹਾਨ ਅਸ਼ਲੀਲ ਪ੍ਰੇਮ ਲੀਲਾਵਾਂ ਦਾ ਹੀ ਜ਼ਿਕਰ ਕਰੋਗੇ, ਜੋ ਇਖਲਾਕੀ ਮਿਆਰ ਤੋਂ ਅਤਿ-ਘਟੀਆ ਹਨ। ਅਰੰਭ ਸਮੇਂ ਵਿਦਿਆ ਦੀ ਦੇਵੀ ਸਰਸਵਤੀ ਜੋ ਬ੍ਰਹਮਾ ਜੀ ਦੀ ਸਪੁੱਤਰੀ ਹੈ, ਬਾਬਤ ਕੀ ਦੱਸੋਗੇ ਕਿ ਨਾਰਦ ਮੁਨੀ ਦੀ ਇਸ ਭੈਣ ਉਪਰ ਪਿਤਾ ਬ੍ਰਹਮਾ ਜੀ ਹੀ ਕਾਮੁਕ ਹੋ ਗਏ ਸਨ।

*ਵੇਖ ਸੁਰਸਤੀ ਰੂਪ ਲੋਭਾਣਾ।* (ਭਾਈ ਗੁਰਦਾਸ)

ਵਿਦਿਆਰਥੀਆਂ ਨੂੰ ਸਰਸਵਤੀ ਜੀ ਬਾਰੇ ਕੀ ਸਮਝਾਉਗੇ ? ਵੇਦਾਂ ਅਤੇ ਬਿਪਰਵਾਦੀ ਗ੍ਰੰਥਾਂ ਵਿੱਚ ਐਸੀ ਅਸ਼ਲੀਲਤਾ ਦੇ ਕਈ ਪ੍ਰਮਾਣ ਮੌਜੂਦ ਹਨ। ਮੁਰਲੀ ਮਨੋਹਰ ਜੋਸ਼ੀ ਵਲੋਂ ਜਨਤਕ ਤੌਰ ਤੇ ਇਸ ਭਗਵਾਂਧਾਰੀ ਵਿਦਿਅਕ ਨੀਤੀ ਦਾ ਐਲਾਨ ਕਰਨ ਨਾਲ ਬੇਸ਼ਕ ਕਾਫ਼ੀ ਸੁਚੇਤ ਲੋਕ ਮਾਨਸਿਕ ਤੌਰ ਤੇ ਚੇਤੰਨ ਹੋ ਗਏ ਹਨ ਪ੍ਰੰਤੂ ਸੰਘ ਦਾ ਏਜੰਡਾ ਤਾਂ ਕਾਫ਼ੀ ਸਮੇਂ ਤੋਂ ਕਾਰਜਸ਼ੀਲ ਸੀ, ਬੇਸ਼ਕ ਕੇਂਦਰ ਅਤੇ ਪ੍ਰਾਂਤਿਕ ਬੋਰਡਾਂ ਅਧੀਨ ਆਉਂਦੀਆਂ ਸੰਸਥਾਵਾਂ ਵਿਚ ਇਹ ਚੋਰ ਮੋਰੀ ਰਾਹੀਂ ਦਾਖਲ ਕੀਤਾ ਜਾ ਰਿਹਾ ਸੀ, ਜੋ ਸੰਘ ਅਧੀਨ ਸੰਸਥਾਵਾਂ ਵਿੱਚ ਸਰਗਰਮ ਸੀ।

ਅੱਜ ਮੁਰਲੀ ਮਨੋਹਰ ਜੋਸ਼ੀ ਦੇ ਇਸ ਐਲਾਨੀਆਂ ਭਗਵਾਂਧਾਰੀ ਜਹਾਦ ਸਦਕਾ ਵਿਦਿਆ ਸ਼ਾਸਤਰੀ ਅਤੇ ਸੁਹਿਰਦ ਵਿਦਿਆਵੇਤੇ ਯਥਾਸ਼ਕਤ ਅਵਾਜ਼ ਬੁਲੰਦ ਕਰਕੇ ਇਸ ਪਿਛੜੇਪਨ ਦਾ ਪ੍ਰਤੀਕ ਘਟੀਆ ਵਿਦਿਅਕ ਨੀਤੀ ਨੂੰ ਵਿਦਿਅਕ ਅਦਾਰਿਆਂ ਅੰਦਰ ਲਾਗੂ ਕਰਨ ਦਾ ਵਿਰੋਧ ਕਰਨਗੇ। ਪਰੰਤੂ ਕਾਫ਼ੀ ਵਿਦਿਅਕ ਅਦਾਰਿਆਂ ਵਿੱਚ ਤਾਂ ਇਹ ਨੀਤੀ ਕਾਫ਼ੀ ਸਮੇਂ ਹੀ ਬੜੀ ਕਾਰਜ ਵਿਉਂਤ ਨਾਲ ਲਾਗੂ ਕੀਤੀ ਜਾ ਚੁੱਕੀ ਹੈ। ਕਾਸ਼ੀ ਹਿੰਦੂ ਵਿਸ਼ਵ ਵਿਦਿਆਲਯ, ਸੰਪੂਰਨਾਨੰਦ ਸੰਸਕ੍ਰਿਤ ਵਿਸ਼ਵ ਵਿਦਿਆਲਯ, ਕਾਮੇਸ਼ਵਰ ਸਿੰਹੁ ਸੰਸਕ੍ਰਿਤ ਵਿਦਿਆਲਯ ਵਿੱਚ ਤਾਂ ਇਹਨਾਂ ਵਿਸ਼ਿਆਂ ਦੀ ਵਿਦਿਆ ਲਾਜ਼ਮੀ ਤੌਰ ਤੇ ਦਿੱਤੀ ਜਾ ਰਹੀ ਹੈ, ਵਧੇਰੇ ਸੰਸਥਾਵਾਂ ਵਿੱਚ ਤਾਂ ਗ੍ਰਹਿ ਵਿਗਿਆਨ ਦੇ ਵਧੇਰੇ ਵਿਸ਼ੇ ਗ੍ਰਹਿ ਜੋਤਿਸ਼ ਦੇ ਪੱਖ ਪੂਰਦੇ ਹਨ। ਸੰਘ ਦੀ ਸ਼ਾਖਾ ਵਿਦਿਆ-ਭਾਰਤੀ ਅਧੀਨ ਚਲਾਈਆਂ ਜਾ ਰਹੀਆਂ 14000 ਦੇ ਕਰੀਬ ਅਖਿਲ ਭਾਰਤੀ ਸਿੱਖਿਆ ਸੰਸਥਾਵਾਂ ਵਿੱਚ ਤਾਂ ਵਿਦਿਆ ਦਾ ਪੂਰਨ ਤੌਰ ਤੇ ਭਗਵਾਂਕਰਨ ਹੈ।

ਸੰਘ ਦੀ ਸਿਖਿਆ ਨੀਤੀ ਪਿੱਛੇ ਐਸਾ ਤੰਤਰ ਯਤਨਸ਼ੀਲ ਹੈ ਜੋ ਸੰਪੂਰਨ ਸਿੱਖਿਆ ਨੀਤੀ ਨੂੰ ਸੰਸਕ੍ਰਿਤੀ ਦਾ ਕਥਿਤ ਜਾਮਾ ਪਵਾ ਕੇ ਭਗਵਾਂਨੀਤੀ ਨੂੰ ਪ੍ਰਵਾਨ ਚੜ੍ਹਾ ਰਿਹਾ ਹੈ ਜੋ ਦੇਸ਼ ਵਾਸਤੇ

ਅਤਿ ਘਾਤਕ ਹੈ। ਘੱਟ-ਗਿਣਤੀਆਂ ਵਾਸਤੇ ਤਾਂ ਇਕ ਪਾਸੇ ਰਿਹਾ, ਉਦਾਰਵਾਦੀ ਹਿੰਦੂ ਵੀਰਾਂ ਵਾਸਤੇ ਵੀ ਵਿਨਾਸ਼ਕਾਰੀ ਹੈ। ਸੰਘ ਤਾਂ ਆਪਣੀ ਇਸ ਭਗਵਾਂਧਾਰੀ ਨੀਤੀ ਨੂੰ ਸਫ਼ਲ ਬਣਾਉਣ ਲਈ ਕਾਫੀ ਸਮੇਂ ਤੋਂ ਯਤਨਸ਼ੀਲ ਹੈ। ਬੇਸ਼ਕ ਹਰ ਨੀਤੀ ਨੂੰ ਲਾਗੂ ਕਰਨ ਤੋਂ ਪਹਿਲਾਂ ਉਸਦੇ ਅਨੁਕੂਲਿਤ ਅਤੇ ਪ੍ਰਤੀਕੂਲਤ ਪੱਖਾਂ ਅਤੇ ਨਤੀਜਿਆਂ ਨੂੰ ਧਿਆਨ ਵਿੱਚ ਰੱਖਣਾ ਬਹੁਤ ਜ਼ਰੂਰੀ ਹੁੰਦਾ ਹੈ। ਸਿਖਿਆ ਦੇ ਖੇਤਰ ਵਿੱਚ ਭਾਵੇਂ ਕਿ ਆਧੁਨਿਕ ਸਾਧਨਾਂ (ਕੰਪਿਊਟਰ ਆਦਿ) ਦਾ ਬਹੁਤ ਵਿਕਾਸ ਹੋਇਆ ਹੈ ਪਰ ਪਾਠ-ਕ੍ਰਮ ਮਾਧਿਅਮ ਨੂੰ ਰੱਦ ਨਹੀਂ ਕੀਤਾ ਜਾ ਸਕਦਾ ਹੈ। ਕਿਉਂਕਿ ਪਾਠ-ਕ੍ਰਮ ਦਾ ਮਾਧਿਅਮ ਵਿਦਿਆਰਥੀ ਤਾਂ ਕੀ ਅਧਿਆਪਕ ਲਈ ਵੀ ਗਿਆਨ-ਦਾਤਾ ਹੈ। ਪਾਠਕ੍ਰਮ ਮਾਧਿਅਮ ਵਿੱਚ ਸੰਘ ਦੁਆਰਾ ਭਗਵਾਂਧਾਰੀ ਨੀਤੀ ਨੂੰ ਸ਼ਾਮਲ ਕਰਨਾ ਇਸ ਦਾ ਪ੍ਰਤੱਖ ਸਬੂਤ ਹੈ ਕਿ ਸੰਘ ਦਾ ਮਕਸਦ ਹੈ ਕਿ ਕੋਮਲ ਮਾਨਸਿਕ ਸੱਤਾ ਤੇ ਕਾਬਜ਼ ਹੋਣ ਲਈ ਸਿੱਖਿਆ ਤੇ ਕਬਜ਼ਾ ਕਰਨਾ ਲਾਜ਼ਮੀ ਹੈ।

ਸੰਘ ਦੀ ਵਿਉਂਤ ਕਾਫੀ ਸਮੇਂ ਤੋਂ ਜਾਰੀ ਸੀ, 1977 ਵਿਚਲੇ ਸੰਪ੍ਰਾਦਿਤ NCIERT ਦੇ ਪਾਠ ਕਰਮ ਨੂੰ ਕੱਢਣ ਅਤੇ ਨਵੇਂ ਵਿਸ਼ੇ ਕਰਮ ਨੂੰ ਸ਼ਾਮਲ ਕਰਨ ਲਈ 1998 ਵਿੱਚ ਸਿੱਖਿਆ ਮੰਤਰੀਆਂ ਦੀ ਮੀਟਿੰਗ (ਸੰਮੇਲਨ) ਵਿੱਚ ਇਸ ਮਤੇ ਨੂੰ ਰੱਖਿਆ।

1991 ਤੋਂ ਹੀ ਸਿੱਖਿਆ ਮਾਧਿਅਮਾਂ ਉਪਰ ਕਾਬਜ਼ ਹੋਣ ਦੀਆਂ ਸੰਘਵਾਦੀ ਕਾਰਵਾਈਆਂ ਜਾਰੀ ਸਨ। ਵੈਦਿਕ ਗਣਿਤ, ਪੌਰਾਣਿਕ/ਮਿਥਿਹਾਸਕ ਪਾਤਰਾਂ ਅਤੇ ਘਟਨਾਵਾਂ ਨੂੰ ਸਕੂਲੀ ਪਾਠ-ਕ੍ਰਮ ਦਾ ਅੰਗ ਬਣਾਇਆ ਜਾ ਰਿਹਾ ਸੀ। ਸਿੱਖ ਗੁਰੂ ਸਾਹਿਬਾਨ, ਮੁਸਲਿਮ ਅਤੇ ਇਸਾਈ ਆਗੂਆਂ ਉਪਰ ਇਤਰਾਜ਼ਯੋਗ ਟਿੱਪਣੀਆਂ ਇਸੇ ਹੀ ਕਾਰਜ ਵਿਉਂਤ ਦਾ ਹਿੱਸਾ ਸਨ। ਕਾਫੀ ਸਮਾਂ ਸੰਘ ਦੇ ਇਸ ਵਿਨਾਸ਼ਕਾਰੀ ਮਨਸੂਬੇ ਤੋਂ ਸੁਚੇਤ ਕਰਦਿਆਂ ਮਸ਼ਹੂਰ ਪੱਤਰਕਾਰ ਤੇ ਕਾਲਮ ਨਵੀਸ ਰਾਮ ਸੁਜਾਨ ਅਮਰ ਨੇ ਕਿਹਾ ਸੀ:

ਅਸਲ ਵਿੱਚ ਇਹ (ਸਿੱਖਿਆ ਦਾ ਭਗਵਾਂਕਰਨ) ਉਸਦੀ ਰਾਜਨੀਤਕ ਪਰਿਯੋਜਨਾ ਦਾ ਹੀ ਅੰਗ ਹੈ। ਸਿਖਿਅਕ ਖੇਤਰ ਵਿੱਚ ਪਾਠ-ਕ੍ਰਮ ਪਰਿਵਰਤਨ ਸੰਘ ਲਈ ਕੋਈ ਅਲੱਗ ਮੁੱਦਾ ਨਹੀਂ ਬਲਕਿ ਉਸਦੇ ਘਟੀਆ ਉਦੇਸ਼ ਦਾ ਇਕ ਅੰਗ ਹੈ। ਜਿਸ ਸੰਸਕ੍ਰਿਤੀ ਦੀ ਤਲਵਾਰ ਨਾਲ ਸੰਘ ਨੇ ਆਪਣੇ ਤਮਾਮ ਵਿਰੋਧੀਆਂ ਨੂੰ ਜ਼ਖ਼ਮੀ ਕਰ ਦਿੱਤਾ ਹੈ, ਸਿੱਖਿਆ ਨੀਤੀ ਉਸ ਤਲਵਾਰ ਦੀ ਧਾਰ ਹੈ। ਸਿੱਖਿਆ 'ਚ ਸੰਸਕ੍ਰਿਤੀ, ਰਾਸ਼ਟਰਵਾਦ ਵਰਗੇ ਸ਼ਬਦ ਜੇ ਸੰਗਠਨਾਤਮਕ ਰੂਪ ਲੈ ਲੈਣ ਤਾਂ ਵਧੇਰੇ ਖ਼ਤਰਨਾਕ ਹੁੰਦੇ ਹਨ।

ਵਿਦਿਅਕ ਅਦਾਰਿਆਂ ਦੇ ਸੰਗਠਾਨਤਮਕ ਢਾਂਚੇ ਵਲ ਨਜ਼ਰ ਮਾਰੀਏ ਤਾਂ ਸਹਿਜੇ ਹੀ ਪਤਾ ਚਲਦਾ ਹੈ ਕਿ ਸੰਘ ਤਾਂ ਕਾਫੀ ਸਮੇਂ ਤੋਂ ਹੀ ਵਿਦਿਅਕ ਨੀਤੀ ਉਪਰ ਕਾਬਜ਼ ਹੋ ਚੁੱਕਾ ਹੈ, ਮਿਸਾਲ ਦੇ ਤੌਰ ਤੇ ਉਤਰ ਪ੍ਰਦੇਸ਼ ਬੇਸਿਕ ਸਿੱਖਿਆ ਪ੍ਰੀਸ਼ਦ ਦੇ ਮੁੱਖ ਰਹੇ ਗੋਬਿੰਦ ਨਰਾਇਣ-ਮਿਸ਼ਰ ਹੁਣ ਸੰਘ ਦੀ ਸਿੱਖਿਆ ਸ਼ਾਖਾ ਦੇ ਉੱਚ ਅਹੁਦੇ ਉਪਰ ਹਨ ਅਤੇ ਬੜੇ ਫ਼ਖ਼ਰ ਨਾਲ ਕਹਿੰਦੇ ਹਨ, ਵਿਦਿਅਕ ਅਦਾਰੇ ਵਿੱਚ ਬੱਚੇ ਦਾ ਜੋ ਵੀ ਸਮਾਂ ਬਤੀਤ ਹੁੰਦਾ ਹੈ, ਉਸ ਵਿੱਚ ਕੋਈ ਵੀ ਐਸਾ ਪਲ ਨਹੀਂ ਹੁੰਦਾ ਜਦੋਂ ਸਾਡਾ ਨਿਸ਼ਾਨਾ ਸਾਡੇ ਸਾਹਮਣੇ ਨਾ ਹੋਵੇ।

ਸੰਘ ਅਧੀਨ ਚਲਦੇ ਵਿਦਿਅਕ ਅਦਾਰਿਆਂ ਵਿੱਚ ਹਿੰਦੂਤਵ ਦੀ ਸਿੱਖਿਆ ਦਿੰਦੇ ਸਮੇਂ ਮੁਸਲਿਮਾਂ, ਈਸਾਈਆਂ, ਸਿੱਖਾਂ ਅਤੇ ਦਲਿਤਾਂ ਵਿਰੁੱਧ ਕੁੱਟ ਕੁੱਟ ਕੇ ਜ਼ਹਿਰ ਭਰਿਆ ਜਾਂਦਾ ਹੈ, ਹੌਲੀ-ਹੌਲੀ ਇਸ ਫ਼ਿਰਕਾਪ੍ਰਸਤ ਨੀਤੀ ਦਾ ਪ੍ਰਭਾਵ ਅਤਿ ਗਹਿਰਾ ਹੁੰਦਾ ਜਾ ਰਿਹਾ ਹੈ। ਜਿਸ ਤੋਂ ਅਧਿਆਪਕ ਵਰਗ ਵੀ ਅਣਭਿੱਜ ਨਹੀਂ ਰਹਿ ਸਕਿਆ। ਮਤਲਬ ਕਿ ਵਿਦਿਅਕ ਅਦਾਰੇ, ਵਿਦਿਆਰਥੀ ਤੇ ਵਿਦਿਆਦਾਨੀ ਤਿੰਨੇ ਹੀ ਇਸ ਮੁਤੱਸਬੀ ਅੱਗ ਦੀ ਲਪੇਟ ਅੰਦਰ ਹਨ। ਸੰਘ ਦੇ ਸਿੱਖਿਅਤ ਅਧਿਆਪਕ ਕੋਮਲ ਮਨਾਂ ਵਿੱਚ ਨਫ਼ਰਤ ਦਾ ਜ਼ਹਿਰ ਭਰਦੇ ਹਨ। ਇਸ ਤਰ੍ਹਾਂ ਇਕ ਤਾਂ ਹਿੰਦੂ ਵਿਦਿਆਰਥੀਆਂ ਅੰਦਰ ਮੁਤੱਸਬੀ ਜਨੂੰਨ ਦਾ ਜਜ਼ਬਾ ਪੈਦਾ ਹੁੰਦਾ ਹੈ ਤੇ ਦੂਸਰੇ ਪਾਸੇ ਗ਼ੈਰ-ਹਿੰਦੂ ਵਿਦਿਆਰਥੀਆਂ ਅੰਦਰ ਹੀਨ ਭਾਵਨਾ ਜਨਮ ਲੈਂਦੀ ਹੈ, ਜਿਸ ਦਾ ਲਾਵਾ ਪਤਾ ਨਹੀਂ ਕਿਸ ਰੂਪ ਵਿੱਚ ਫੁੱਟ ਸਕਦਾ ਹੈ।

ਪਾਠ-ਕ੍ਰਮ ਵਿੱਚ ਹਿੰਦੂ ਨਾਇਕਾਂ ਦੀ ਚਰਿੱਤਰਵਾਨ ਨੂੰ ਵਧਾ ਚੜ੍ਹਾ ਕੇ ਪੇਸ਼ ਕੀਤਾ ਜਾ ਰਿਹਾ ਹੈ, ਭਾਵੇਂ ਕਿ ਉਨ੍ਹਾਂ ਦੇ ਸੰਘਰਸ਼ ਦਾ ਕਾਰਨ ਕੇਵਲ ਰਾਜਸੀ ਸੱਤਾ ਸੀ, ਨਾਕਿ ਧਰਮ ਯੁੱਧ ਜਾਂ ਲੋਕ ਹਿੱਤ। ਇਤਿਹਾਸਕ ਪਾਤਰਤਾ ਵਿੱਚ ਸੰਘ ਦੇ ਇਸ ਵਿਨਾਸ਼ਕਾਰੀ ਦ੍ਰਿਸ਼ਟੀਕੋਣ ਤੋਂ ਸੁਚੇਤ ਕਰਦਿਆਂ, ਇਕ ਅੰਗਰੇਜ਼ੀ ਰਸਾਲੇ ਦੇ ਸੰਪਾਦਕ ਨੇ ਲਿਖਿਆ ਸੀ:

ਇਤਿਹਾਸ ਪ੍ਰਤੀ ਸਾਡਾ ਦ੍ਰਿਸ਼ਟੀਕੋਣ ਤਾਂ ਹੀ ਸੱਚਮੁੱਚ ਤਰਕਸੰਗਤ ਹੈ ਅਤੇ ਧਰਮ ਨਿਰਪੱਖ ਹੋ ਸਕਦਾ ਹੈ ਜਦੋਂ ਅਸੀਂ ਖ਼ੁਦ ਇਤਿਹਾਸ ਪ੍ਰਤੀ ਆਪਣਾ ਦ੍ਰਿਸ਼ਟੀਕੋਣ ਬਦਲ ਦਈਏ, ਵਿਅਕਤੀਗਤ ਰੂਪ ਵਿੱਚ ਸ਼ਾਸਕ ਵਰਗ ਦੀ ਜਗ੍ਹਾ ਸਮਾਜ ਦੇ ਇਤਿਹਾਸ ਦਾ ਅਧਿਐਨ ਕਰੀਏ।

ਬੇਸ਼ਕ ਜੋਸ਼ੀ ਦੇ ਇਸ ਭਗਵਾਂਧਾਰੀ ਫ਼ੈਸਲੇ ਦਾ ਕਾਫ਼ੀ ਸੁਚੇਤ ਰਾਜਸੀ ਮਹਾਰਥੀਆਂ ਨੇ ਵਿਰੋਧ ਕੀਤਾ ਹੈ ਪ੍ਰੰਤੂ ਕੁਝ ਨੇ ਡਟਵੀਂ ਹਮਾਇਤ ਵੀ ਕੀਤੀ ਹੈ। ਕਾਫ਼ੀ ਪ੍ਰਾਂਤਿਕ ਵਿਦਿਅਕ ਅਦਾਰਿਆਂ ਵਿੱਚ ਤਾਂ ਇਹ ਏਜੰਡਾ ਇਨ-ਬਿਨ ਲਾਗੂ ਹੋ ਚੁੱਕਾ ਹੈ। ਉਤਰ ਪ੍ਰਦੇਸ਼ ਬੇਸਿਕ ਸਿੱਖਿਆ ਪ੍ਰਿਸ਼ਦ ਅਤੇ ਉੱਤਰ ਪ੍ਰਦੇਸ਼ ਮਾਧਿਆਮਿਕ ਸਿਖਿਆ ਪ੍ਰਿਸ਼ਦ ਇਸ ਨੀਤੀ ਅਧਾਰਿਤ ਪਾਠ-ਕ੍ਰਮ ਨੂੰ ਆਪਣੇ ਵਿਦਿਅਕ ਅਦਾਰਿਆਂ ਵਿੱਚ ਲਾਗੂ ਕਰ ਚੁਕੇ ਹਨ। ਗਣਿਤ ਵਰਗੇ ਵਿਸ਼ੇ ਦਾ ਵੀ ਬੜੀ ਚਤੁਰ ਬੁੱਧੀ ਨਾਲ ਭਗਵਾਂਕਰਨ ਦਾ ਦਿੱਤਾ ਗਿਆ ਹੈ, ਮਿਸਾਲ ਦੇ ਤੌਰ ਤੇ ਗਣਿਤ ਗਿਆਨ ਨਾਮਕ ਪਾਠ ਪੁਸਤਕ ਦੇ ਸਵਾਲਾਂ ਦੀ ਰੂਪ ਰੇਖਾ ਇਸ ਪ੍ਰਕਾਰ ਹੈ:-

ਪ੍ਰ: ਰਮਾਇਣ ਦੀ ਪੁਸਤਕ ਦੇ 1262 ਪੰਨੇ ਹਨ। ਜੇ ਰੋਹਿਤ ਦੇ ਮਾਤਾ ਜੀ 12 ਦਿਨ ਵਿੱਚ ਰਮਾਇਣ ਸੰਪੰਨ ਕਰਨਾ ਚਾਹੁੰਦੇ ਹਨ ਤਾਂ ਕਿੰਨੇ ਪੰਨੇ ਰੋਜ਼ਾਨਾ ਪੜ੍ਹਨੇ ਚਾਹੀਦੇ ਹਨ? (ਪੰਨਾ ੬੪)[1]

ਪ੍ਰ: ਹਰਿਦੁਆਰ ਕੁੰਭ ਮੇਲੇ ਸਮੇਂ 40255 ਸਾਧੂ, 8625 ਪ੍ਰਸ਼ਾਸਨਿਕ ਵਿਅਕਤੀ ਅਤੇ 126870 ਸ਼ਰਧਾਲੂ ਇਕੱਤਰ ਹੋਏ। ਕੁੱਲ ਕਿੰਨਾ ਇੱਕਠ ਸੀ? (ਪੰਨਾ ੨੩)

ਇਸ ਤੋਂ ਇਲਾਵਾ ਜਿਥੇ ਕਿਤੇ ਗ਼ੈਰ-ਹਿੰਦੂ ਜਾਂ ਸਿੱਖ ਪਾਤਰਾਂ ਦੇ ਨਾਮਾਂ ਦੀ ਵਰਤੋਂ ਕੀਤੀ ਗਈ ਹੈ। ਉਨ੍ਹਾਂ ਪਾਤਰਾਂ ਨੂੰ ਮੂਲ ਧਰਮ-ਵਿਰੋਧੀ ਕਰਮ-ਕਾਂਡਾਂ ਨਾਲ ਜੋੜਿਆ ਗਿਆ ਹੈ। ਮਿਸਾਲ ਦੇ ਤੌਰ ਤੇ:

ਪ੍ਰ: ਰਣਜੀਤ ਦੀ ਮਾਤਾ ਜੀ ਨੇ 21 ਕਿਲੋਗ੍ਰਾਮ ਚੂਰਮੇ ਦਾ ਪ੍ਰਸ਼ਾਦ ਬਣਾਇਆ। ਉਨ੍ਹਾਂ 1 ਕਿਲੋ 100 ਗ੍ਰਾਮ ਗਣੇਸ਼ ਨੂੰ 5 ਕਿਲੋ 555 ਗ੍ਰਾਮ ਹਨੂਮਾਨ ਜੀ ਨੂੰ ਭੋਗ ਲਵਾਇਆ। ਉਨ੍ਹਾਂ ਕੋਲ ਗਰੀਬਾਂ ਵਿੱਚ ਵਰਤਾਉਣ ਲਈ ਕਿੰਨਾ ਪ੍ਰਸ਼ਾਦ ਬਚਿਆ? (ਪੰਨਾ ੧੨੮)

ਦਰਅਸਲ ਜੋਸ਼ੀ ਜੀ ਦਾ ਵਧੇਰੇ ਧਿਆਨ ਤਾਂ ਸਿੱਖਿਆ ਦੇ ਡਿੱਗ ਰਹੇ ਮਿਆਰ ਪ੍ਰਤੀ ਦੇਣਾ ਬਣਦਾ ਹੈ, ਲੋੜ ਤਾਂ ਹੈ ਸਕੂਲਾਂ ਦੇ ਮਿਆਰ ਨੂੰ ਉਪਰ ਚੁੱਕਿਆ ਜਾਵੇ। ਹਿੰਦੁਸਤਾਨ ਦੇ ਸਰਕਾਰੀ ਸਕੂਲਾਂ ਵੱਲ ਝਾਤੀ ਮਾਰ ਕੇ ਵੇਖੋ, ਜਿਨ੍ਹਾਂ ਵਿਚ ਪੇਂਡੂ ਲੋਕ ਵੀ ਇਨ੍ਹਾਂ ਵਿਚ ਆਪਣੇ ਬੱਚੇ ਪੜ੍ਹਾ ਕੇ ਰਾਜ਼ੀ ਨਹੀਂ ਹਨ, ਉਹ ਵੀ ਕਿਸੇ ਅੰਗਰੇਜ਼ੀ ਮਾਧਿਅਮ ਸਕੂਲ ਦੀ ਤਲਾਸ਼ ਕਰਦੇ ਹਨ। ਸਰਕਾਰੀ ਸਕੂਲਾਂ ਉਪਰ ਤਾਂ ਉਹੀ ਲੋਕ ਨਿਰਭਰ ਹਨ ਜਿਨ੍ਹਾਂ ਦੀ ਆਰਥਿਕ ਹਾਲਤ ਅਤਿ ਮੰਦੀ ਹੈ। ਅਮੀਰ, ਅਫ਼ਸਰਸ਼ਾਹੀ ਤੇ ਇਥੋਂ ਤੱਕ ਕਿ ਆਪਣੇ ਆਪ ਨੂੰ ਹਿੰਦੂ ਸੰਸਕ੍ਰਿਤੀ ਦੇ ਝੰਡਾ-ਬਰਦਾਰ ਕਹਿਣ ਵਾਲਿਆਂ ਦੇ ਬੱਚੇ ਵੀ ਕਾਨਵੈਂਟ ਸਕੂਲਾਂ ਵਿੱਚ ਪੜ੍ਹਦੇ ਹਨ। ਬਜਰੰਗ ਦਲ ਦੇ ਇਕ ਜੁਝਾਰੂ ਨੂੰ ਜਿਸਦੇ ਆਪਣੇ ਬੱਚੇ ਇਸਾਈ ਕਾਨਵੈਂਟ ਸਕੂਲ ਵਿਚ ਪੜ੍ਹਦੇ ਹਨ, ਨੂੰ ਉਸਦੀ ਇਸਾਈਆਂ ਪ੍ਰਤੀ ਟਿੱਪਣੀ ਯਾਦ ਕਰਵਾਈ ਤਾਂ ਬੜੇ ਮਾਣ ਨਾਲ ਕਹਿਣ ਲੱਗਾ, ਚੰਗੀ ਵਸਤੂ ਬੁਰੇ ਤੋਂ ਵੀ ਪ੍ਰਾਪਤ ਕਰ ਲੈਣੀ ਚਾਹੀਦੀ ਹੈ।

ਅਜੀਬ ਗੱਲ ਹੈ, ਸਕੂਲ ਦੇ ਮਾਲਕ ਤਾਂ ਹਿੰਦੂ ਧਰਮ ਲਈ ਵਿਨਾਸ਼ਕਾਰੀ, ਪਰ ਉਨ੍ਹਾਂ ਦੀ ਦਿੱਤੀ ਸਿਖਿਆ ਉਤਮ! ਮੈਨੂੰ ਕਿਸੇ ਅਦੀਬ ਦਾ ਕਥਨ ਯਾਦ ਆ ਗਿਆ:

*ਲੁਭਾਨਾ ਡ਼ਾਲ ਕਰ ਦਾਨੇ, ਫਸਾਨਾ ਫਿਰ ਸਿਤਮ ਢਾਨਾ,*
*ਸਿਆਸੀ ਕੂਰ ਸਿਯਾਦੋਂ ਕੀ ਯੇ ਚਾਲੇਂ ਪੁਰਾਨੀ ਹੈਂ।*

❖❖❖

1. *ਉਦਭਾਵਨਾ ਪ੍ਰਕਾਸ਼ਨ ਨਵੀਂ ਦਿੱਲੀ।*

# ਮਾਨਵ ਅਧਿਕਾਰ ਪ੍ਰੀਸ਼ਦ ਵਲੋਂ ਬਾਂਦਰ ਪੂਜਾ ਕਿਉਂ ?

ਪੁਰਾਤਨ ਕਬਾਇਲੀ ਲੋਕਾਂ ਦੇ ਰਹਿਣ-ਸਹਿਣ, ਧਾਰਮਿਕ ਅਕੀਦੇ, ਪੂਜਾ ਅਰਚਨਾ, ਰਸਮੋ-ਰਿਵਾਜ ਅਤੇ ਵਿਸ਼ਵਾਸ ਦਾ ਅਧਿਐਨ ਕਰੀਏ ਤਾਂ ਇਕ ਗੱਲ ਪਰਤੱਖ ਰੂਪ ਵਿਚ ਸਾਹਮਣੇ ਆਉਂਦੀ ਹੈ ਕਿ ਕਬਾਇਲੀ ਲੋਕ ਕਾਦਰ ਦੀ ਨਹੀਂ ਬਲਕਿ ਕਾਦਰ ਦੀਆਂ ਕਿਰਤਾਂ ਦੀ ਪੂਜਾ ਕਰਦੇ ਸਨ, ਜਿਸ ਦਾ ਸਾਰਾ ਦਾਰੋ-ਮਦਾਰ ਕੇਵਲ ਅੰਧ-ਵਿਸ਼ਵਾਸ ਉਪਰ ਨਿਰਭਰ ਸੀ। ਜਿਸ ਤੋਂ ਕੋਈ ਸਹੂਲਤ ਪ੍ਰਾਪਤ ਹੋਈ ਉਸ ਨੂੰ ਵੀ ਦੇਵਤਾ ਮੰਨ ਲਿਆ ਤੇ ਜਿਸ ਤੋਂ ਡਰ ਜਾਂ ਮੌਤ ਨਜ਼ਰ ਆਈ ਉਸ ਦੀ ਵੀ ਪੂਜਾ ਅਰੰਭ ਕਰ ਦਿੱਤੀ। ਕਬਾਇਲੀ ਲੋਕਾਂ ਵੱਲੋਂ ਕੁਦਰਤੀ ਆਫ਼ਤਾਂ ਦੀ ਪੂਜਾ ਕਰਨ ਦਾ ਵਿਧਾਨ ਤਰਕ ਤੋਂ ਰਹਿਤ ਸੀ। ਪਾਣੀ ਤੋਂ ਕੋਈ ਸੁਖ ਪ੍ਰਾਪਤ ਹੋਇਆ ਜਾਂ ਹੜ੍ਹ ਦੇ ਨਾਲ ਨੁਕਸਾਨ ਹੋਇਆ ਤਾਂ ਪਾਣੀ ਦੇਵਤਾ, ਨੁਕਸਾਨ ਅੱਗ ਤੋਂ ਪਹੁੰਚਿਆ ਤਾਂ ਅਗਨੀ ਦੇਵਤਾ। ਹਵਾ ਦੀ ਮਹੱਤਤਾ ਅਹਿਮ ਸੀ, ਉਸ ਨੂੰ ਪਵਨ ਦੇਵਤਾ ਦਾ ਦਰਜਾ ਦਿੱਤਾ। ਬੇਸ਼ਕ ਕਾਦਰ ਦੀਆਂ ਇਹ ਕਿਰਤਾਂ ਸ੍ਰਿਸ਼ਟੀ ਦੀ ਸੇਵਾ ਵਿਚ ਹਾਜ਼ਰ ਹਨ, ਸਿੱਖ ਇਨ੍ਹਾਂ ਦੀ ਮਹੱਤਤਾ ਤੇ ਅਹਿਮੀਅਤ ਨੂੰ ਸਮਝਦਾ ਹੈ ਅਤੇ ਕਦਰ ਕਰਦਾ ਹੈ, ਪਰੰਤੂ ਦੇਵਤਾ ਸਮਝ ਕੇ ਇਨ੍ਹਾਂ ਦੀ ਪੂਜਾ ਨਹੀਂ ਕਰਦਾ:

*ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥* (ਜਪੁ ਜੀ)

ਹਵਾ, ਪਾਣੀ, ਅਗਨੀ ਦੇ ਯੋਗਦਾਨ ਨੂੰ ਸਮਝਣਾ, ਸਿੱਖ ਧਰਮ ਦੇ ਕੁਦਰਤੀ ਸੰਭਾਲ ਦੇ ਨਿਯਮਾਂ ਦੀ ਇਕ ਕੜੀ ਹੈ। ਪਰ ਸਿੱਖ ਇਸ ਨੂੰ ਦੇਵ ਸਰੂਪ ਸਮਝ ਕੇ ਪ੍ਰਸੰਨ ਕਰਨ ਲਈ ਕੋਈ ਵਿਸ਼ੇਸ਼ ਪੂਜਾ ਨਹੀਂ ਕਰਦਾ, ਸਗੋਂ ਕੁਦਰਤ ਤੇ ਕਾਦਰ ਦੇ ਅਟੱਲ ਬ੍ਰਹਿਮੰਡੀ ਨਿਯਮਾਂ ਨੂੰ ਸਮਝਦਾ ਹੈ ਕਿ ਇਹ ਸਭ ਨਿਹਮਤਾਂ ਅਕਾਲ ਪੁਰਖ ਨੇ ਸ੍ਰਿਸ਼ਟੀ ਦੀ ਸੇਵਾ ਵਾਸਤੇ ਪੈਦਾ ਕੀਤੀਆਂ ਹਨ, ਜੋ ਅਕਾਲ ਪੁਰਖ ਦੇ ਭੈਅ ਅਧੀਨ ਲੋਕਾਈ ਦੀ ਸੇਵਾ ਵਿਚ ਬਿਨਾਂ ਕਿਸੇ ਉਜ਼ਰ ਹਾਜ਼ਰ ਹਨ। ਗੁਰੂ ਸਾਹਿਬ ਦਾ ਫੁਰਮਾਨ ਹੈ:

*ਭੈ ਵਿਚਿ ਪਵਣੁ ਵਹੈ ਸਦਵਾਉ॥*
*ਭੈ ਵਿਚਿ ਚਲਹਿ ਲਖ ਦਰੀਆਉ॥*
*ਭੈ ਵਿਚਿ ਅਗਨਿ ਕਢੈ ਵੇਗਾਰਿ॥*
*ਭੈ ਵਿਚਿ ਧਰਤੀ ਦਬੀ ਭਾਰਿ॥*

(ਸਲੋਕ ਮ: ੧ ਰਾਗ ਆਸਾ, ਪੰਨਾ ੪੬੪)

ਹਿੰਦੁਸਤਾਨੀ ਲੋਕਾਂ ਨੇ ਤਾਂ ਕਾਇਰਤਾ ਨੂੰ ਜੀਵਨ ਜਾਚ ਦਾ ਇਕ ਹਿੱਸਾ ਬਣਾ ਲਿਆ

ਹੈ। ਕੁਦਰਤੀ ਨਿਹਮਤਾਂ ਤਾਂ ਕੀ, ਜਾਨਵਰਾਂ ਦੀ ਪੂਜਾ ਦੀ ਵੀ ਕੋਈ ਬੁਝ ਨਹੀਂ। ਮੌਤ ਸੱਪ ਤੋਂ ਨਜ਼ਰ ਆਈ ਤਾਂ ਨਾਗ ਦੇਵਤਾ, ਮੌਤ ਹਾਥੀ ਤੋਂ ਦਿੱਸੀ ਤਾਂ ਗਜ ਦੇਵਤਾ ਤੇ ਚੂਹੇ ਤੋਂ ਕੋਈ ਫੈਲੀ ਭਿਆਨਕ ਬਿਮਾਰੀ ਨੇ ਮਹਾਂਮਾਰੀ ਦਾ ਰੂਪ ਧਾਰਿਆ ਤਾਂ ਚੂਹਾ ਜੀ ਨੂੰ ਗਣੇਸ਼ ਜੀ ਦੀ ਸਵਾਰੀ ਸਮਝ ਕੇ ਪੂਜਣ ਦੇ ਯੋਗ ਬਣਾ ਦਿੱਤਾ।

ਅਕਸਰ ਐਸੇ ਲੋਕਾਂ ਦੀ ਫ਼ਿਤਰਤ ਕੇਵਲ ਮੌਤ ਤੋਂ ਡਰ ਕੇ ਅੰਧ-ਵਿਸ਼ਵਾਸ ਦਾ ਪਰਦਾ ਕਾਇਮ ਕਰਨ ਦੀ ਹੁੰਦੀ ਹੈ। ਹਿੰਦੁਸਤਾਨੀਆਂ ਦੀ ਇਸ ਕਾਇਰਤਾ ਨੇ ਵਿਦੇਸ਼ੀ ਹਮਲਾਵਰਾਂ ਵਾਸਤੇ ਰਾਹ ਪੱਧਰਾ ਕੀਤਾ। ਸੰਨ 1025 ਦੇ ਕਰੀਬ ਮਹਿਮੂਦ ਗਜ਼ਨਵੀ ਹਿੰਦ ਉਪਰ ਹਮਲਾਵਰ ਹੋ ਕੇ ਆਇਆ। ਉਸ ਦੇ ਨਾਲ ਕੋਈ ਬਹੁਤਾ ਲਾਮ ਲਸ਼ਕਰ ਨਹੀਂ ਸੀ। ਇਸ ਵਾਰ ਉਸ ਦਾ ਇਰਾਦਾ ਸੋਮਨਾਥ (ਕਾਠੀਆਵਾੜ) ਦੇ ਮੰਦਰ ਨੂੰ ਲੁੱਟਣਾ ਸੀ, ਕਿਉਂਕਿ ਕਿਸੇ ਹਿੰਦੁਸਤਾਨੀ ਨੇ ਹੀ ਉਸ ਨੂੰ ਇਸ ਮੰਦਰ ਦੇ ਖ਼ਜ਼ਾਨੇ ਦੀ ਜਾਣਕਾਰੀ ਦਿੱਤੀ ਸੀ। ਇਸ ਹਮਲੇ ਦੌਰਾਨ ਉਸ ਨੇ ਰਾਜਸਥਾਨ ਦਾ ਰਾਹ ਚੁਣਿਆ ਤਾਂ ਕਈ ਰਾਜਪੂਤ ਰਾਜੇ ਉਸ ਨਾਲ ਟੱਕਰ ਲੈਣ ਨੂੰ ਤਿਆਰ ਹੋਏ, ਪਰ ਸੋਮਨਾਥ ਦੇ ਪੰਡਿਆਂ ਨੇ ਮੁਕਾਬਲਾ ਕਰਨ ਨਾਲੋਂ ਯੱਗ ਹਵਨ ਕਰਨੇ ਠੀਕ ਸਮਝੇ। ਆਪਣੇ ਕਿਸੇ ਰੌਸ਼ਨ ਦਿਮਾਗ ਅਹਿਲਕਾਰ ਦੀ ਸਲਾਹ ਮੰਨ ਕੇ ਮਹਿਮੂਦ ਨੇ ਆਪਣੇ ਲਸ਼ਕਰ ਅੱਗੇ ਗਊ ਮਾਤਾ ਦਾ ਇੱਜੜ ਲਗਾ ਲਿਆ। ਰਾਜਪੂਤੀ ਯੋਧਿਆਂ ਨੇ ਗਊ ਮਾਤਾ ਨੂੰ ਲਸ਼ਕਰ ਦੀ ਅਗਵਾਈ ਕਰਦੇ ਡਿੱਠਾ ਤਾਂ ਤੇਗਾਂ ਦੀਆਂ ਧਾਰਾਂ ਖੁੰਢੀਆਂ ਪੈ ਗਈਆਂ। ਸ਼ਸਤਰ ਰੱਖ ਕੇ ਗਊ ਮਾਤਾ ਨੂੰ ਮੱਥੇ ਟੇਕਣੇ ਆਰੰਭ ਕੀਤੇ। ਇਸ ਯੁੱਧ ਨੀਤੀ ਨਾਲ ਮਹਿਮੂਦ ਸੋਮਨਾਥ ਦੇ ਮੰਦਰ ਨੂੰ ਲੁੱਟ ਕੇ ਗਜ਼ਨੀ ਲੈ ਗਿਆ ਅਤੇ ਹਿੰਦੁਸਤਾਨੀ ਲੋਕਾਂ ਦੀ ਇੱਜ਼ਤ ਆਬਰੂ ਗਜ਼ਨੀ ਦੇ ਸ਼ੇਖਾਂ ਦੀਆਂ ਸੇਜਾਂ ਦਾ ਸ਼ਿੰਗਾਰ ਬਣੀ।

ਇਸ ਤੋਂ ਬਾਅਦ ਭਾਵੇਂ ਹਮਲਾਵਰਾਂ ਦਾ ਸਿਲਸਿਲਾ ਜਾਰੀ ਰਿਹਾ ਪਰ ਬਾਬਰ ਪੂਰੇ ਲਾਮ ਲਸ਼ਕਰ ਸਹਿਤ ਹਿੰਦ ਉਪਰ ਚੜ੍ਹ ਆਇਆ। ਹਿੰਦੁਸਤਾਨੀ ਰਜਵਾੜਿਆਂ ਨੇ ਮੁਕਾਬਲਾ ਕਰਨ ਦਾ ਮਨ ਬਣਾਇਆ ਤਾਂ ਮੁਲਾਣਿਆਂ ਤੇ ਪੰਡਤਾਂ ਨੇ ਆਪਣੇ ਆਕਾਵਾਂ ਨੂੰ ਨੇਕ ਸਲਾਹ ਦਿਤੀ ਕਿ ਮੈਦਾਨੇ ਜੰਗ ਵਿਚ ਖ਼ੂਨ ਡੋਲ੍ਹਣ ਦੀ ਕੀ ਜ਼ਰੂਰਤ ਹੈ ! ਅਸੀਂ ਧਾਰਮਿਕ ਗ੍ਰੰਥਾਂ ਦੇ ਗਿਆਤਾ ਹਾਂ, ਐਸੇ ਮੰਤਰ ਕਰਾਂਗੇ, ਯੱਗ ਕਰਾਂਗੇ ਤੇ ਹਵਨ ਕਰਕੇ ਅਕਾਸ਼ੀ ਦੇਵਾਂ ਨੂੰ ਐਸਾ ਪ੍ਰਸੰਨ ਕਰ ਦੇਵਾਂਗੇ ਕਿ ਹਮਲਾਵਰ ਹੋ ਕੇ ਆਏ ਬਾਬਰ ਦੇ ਅਹਿਲਕਾਰ ਤੇ ਸਿਪਾਹੀ ਅੰਨ੍ਹੇ ਹੋ ਜਾਣਗੇ, ਅੰਗਹੀਣ ਹੋ ਜਾਣਗੇ -ਤੁਸੀਂ ਅਸਾਨੀ ਨਾਲ ਉਨ੍ਹਾਂ ਨੂੰ ਬੰਦੀ ਬਣਾ ਲਿਉ, ਬੱਸ 'ਨਾ ਹਿੰਗ ਲੱਗੇ ਨਾ ਫਟਕੜੀ ਰੰਗ ਚੋਖਾ'।

ਇਕ ਪਾਸੇ ਤਾਂ ਮਰਦਿ ਕਾਮਲ, ਸ਼ੇਰ ਮਰਦ ਗੁਰੂ ਨਾਨਕ ਐਮਨਾਬਾਦ ਖੜ੍ਹਾ ਬਾਬਰ ਨੂੰ ਜਾਬਰ ਤੇ ਉਸ ਦੇ ਲਾਮ ਲਸ਼ਕਰ ਨੂੰ 'ਪਾਪ ਕੀ ਜੰਞ' ਆਖ ਕੇ ਨਿਵਾਜ ਰਿਹਾ ਸੀ ਤੇ ਦੂਜੇ ਪਾਸੇ ਸਥਾਨਕ ਰਾਜੇ ਹਵਨ ਕਰਾ ਰਹੇ ਸਨ। ਇਕ ਪਾਸੇ ਬਾਬਰੀ ਲਸ਼ਕਰ ਦੇ ਘੋੜਿਆਂ ਨਾਲ ਖਾਕ ਉਡ ਕੇ ਅਸਮਾਨ ਤਕ ਜਾ ਰਹੀ ਸੀ, ਹਾਥੀਆਂ ਦੀ ਚਿੰਗਾੜ ਨਾਲ ਧਰਤੀ ਕੰਬ ਰਹੀ ਸੀ ਤੇ ਦੂਸਰੇ ਪਾਸੇ ਮਹਿਲ ਹਵਨ-ਮੰਡਪ ਬਣੇ ਸਨ। ਮੰਤਰਾਂ ਦੀਆਂ ਅਵਾਜ਼ਾਂ ਨਾਲ ਬ੍ਰਹਿਮੰਡ ਗੂੰਜ ਰਿਹਾ ਸੀ,

ਤਾਂਕਿ ਲਸ਼ਕਰ ਜੋ ਹਮਲਾਵਰ ਹੋ ਕੇ ਆਇਆ ਹੈ, ਅੰਨ੍ਹਾ ਕਰ ਦਿੱਤਾ ਜਾਵੇ:

*ਕੋਟੀ ਹੂ ਪੀਰ ਵਰਜਿ ਰਹਾਏ*
*ਜਾ ਮੀਰੁ ਸੁਣਿਆ ਧਾਇਆ॥* (ਆਸਾ ਮ: ੧, ਪੰਨਾ ੪੧੮)

ਪਰ ਅਖੀਰ ਕੀ ਹੋਇਆ? ਖੁਰਾਸਾਨ ਤੋਂ ਚਲ ਕੇ ਹਮਲਾਵਰ ਨੇ ਸਾਰਾ ਇਲਾਕਾ ਫ਼ਤਹਿ ਕੀਤਾ, ਨਾ ਕੋਈ ਅੰਗਹੀਣ ਹੋਇਆ ਤੇ ਨਾ ਹੀ ਅੰਨ੍ਹਾ:

*ਕੋਈ ਮੁਗਲ ਨ ਹੋਆ ਅੰਧਾ*
*ਕਿਨੈ ਨ ਪਰਚਾ ਲਾਇਆ॥ ੪॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੧੮)

ਪਿਛਲੇ ਕੁਝ ਦਿਨਾਂ ਵਿੱਚ ਦਿੱਲੀ ਵਿਚ ਇਕ ਬਾਂਦਰ-ਨੁਮਾ ਜੀਵ ਦੇ ਹਮਲਿਆਂ ਦੀਆਂ ਸੁਰਖੀਆਂ ਅਖਬਾਰਾਂ ਦਾ ਸ਼ਿੰਗਾਰ ਬਣੀਆਂ ਰਹੀਆਂ। ਇਸ ਜੀਵ ਦੇ ਹਮਲਿਆਂ ਦੀ ਅਰੰਭਤਾ ਗਾਜ਼ੀਆਬਾਦ ਤੋਂ ਹੋਈ ਅਤੇ 10 ਮਈ ਨੂੰ ਗਾਜ਼ੀਆਬਾਦ ਦੇ ਇਕ ਪੁਲਿਸ ਸਟੇਸ਼ਨ ਵਿਚ ਇਸ ਜੀਵ ਦੇ ਖਿਲਾਫ ਐਫ.ਆਈ.ਆਰ. (F.I.R.) ਦਰਜ ਕੀਤੀ ਗਈ। ਫਿਰ ਦਿਨ-ਬ-ਦਿਨ ਇਸ ਜੀਵ ਦੇ ਹਮਲਿਆਂ ਵਿਚ ਵਾਧਾ ਹੁੰਦਾ ਗਿਆ। ਰਾਜਧਾਨੀ ਦਿੱਲੀ ਇਸ ਤਰ੍ਹਾਂ ਖੌਫ ਵਿਚ ਡੁੱਬ ਗਈ ਜਿਵੇਂ ਵੀਰੱਪਨ ਜੰਗਲ ਛੱਡ ਕੇ ਦਿੱਲੀ ਆ ਵੜਿਆ ਹੋਵੇ। ਹੌਲੀ-ਹੌਲੀ ਇਹ ਅਫਵਾਹ ਗੁਆਂਢੀ ਰਾਜਾਂ ਵਿਚ ਵੀ ਪਹੁੰਚੀ।

ਲੋਕਾਂ ਵਿਚ ਏਨਾ ਸਹਿਮ ਪੈਦਾ ਹੋ ਚੁਕਾ ਸੀ ਕਿ ਅਸ਼ੋਕ ਨਗਰ ਵਿਚ ਇਕ ਗਰਭਵਤੀ ਔਰਤ ਦੀ ਪੌੜੀਆਂ ਤੋਂ ਡਿੱਗ ਕੇ ਮੌਤ ਹੋ ਗਈ, ਨੋਇਡਾ ਵਿਚ ਇਕ ਬਿਹਾਰੀ ਮਜ਼ਦੂਰ ਛੱਤ ਤੋਂ ਡਿੱਗ ਕੇ ਜਾਨ ਗਵਾ ਬੈਠਾ। ਲੋਕਾਂ ਵਿਚ ਏਨੀ ਦਹਿਸ਼ਤ ਫੈਲ ਗਈ ਕਿ ਬੱਚਿਆਂ ਨੂੰ ਸ਼ਾਮ ਨੂੰ ਘਰੋਂ ਨਿਕਲਣਾ ਬੰਦ ਕਰ ਦਿੱਤਾ, ਕੁਝ ਨੇ ਤਾਂ ਸਕੂਲ ਭੇਜਣੇ ਬੰਦ ਕਰ ਦਿੱਤੇ।

ਦਿੱਲੀ ਵਿਚ ਇਸ ਜੀਵ ਵੱਲੋਂ ਕੁੱਲ 71 ਹਮਲੇ ਕੀਤੇ ਗਏ ਅਤੇ ਪੁਲਿਸ ਰਿਕਾਰਡ ਮੁਤਾਬਿਕ 68 ਲੋਕ ਜ਼ਖ਼ਮੀ ਹੋਏ। ਉਸ ਦੀ ਆਮਦ ਦੀ ਖ਼ਬਰ ਤੋਂ ਹੀ ਲੋਕ ਐਸੇ ਭੈਅ-ਭੀਤ ਹੋ ਜਾਂਦੇ ਸਨ ਜਿਵੇਂ ਹਰੀ ਸਿੰਘ ਨਲੂਏ ਦੀ ਆਮਦ ਤੋਂ ਦੱਰਾ ਖ਼ੈਬਰ ਦੀਆਂ ਪਠਾਣੀਆਂ। ਪੁਲਿਸ ਤੇ ਪ੍ਰਸ਼ਾਸਨ ਦੀ ਵੀ ਆਪਣੀ ਮਜਬੂਰੀ ਸੀ। ਰੋਜ਼ਾਨਾ ਸੈਂਕੜੇ ਫੋਨ ਆਉਂਦੇ ਤੇ ਕਾਰਵਾਈ ਕਰਨੀ ਪੈਂਦੀ, ਹਾਲਾਂਕਿ ਵਧੇਰੇ ਆਧਾਰ-ਰਹਿਤ ਹੁੰਦੇ ਸਨ। ਲੋਕਾਂ ਨੂੰ ਸੁਰੱਖਿਆ ਦੇ ਮੱਦੇ-ਨਜ਼ਰ ਇਕ 'ਕ੍ਰੈਕ ਫੋਰਸ' (Crack Force) ਸਥਾਪਤ ਕੀਤੀ ਗਈ ਅਤੇ ਸੱਚੀ ਖਬਰ ਦੇਣ ਵਾਲੇ ਨੂੰ ਪੰਜਾਹ ਹਜ਼ਾਰ ਇਨਾਮ।

ਫਿਰ ਗੱਲ ਚੱਲੀ ਇਸ ਰਹੱਸਮਈ ਜੀਵ ਦੇ ਹਮਲਿਆਂ ਦੀ ਤੇ ਇਸ ਦੀ ਸ਼ਨਾਖਤ ਦੀ। ਇਕੋ ਸਮੇਂ ਕਈ ਜਗ੍ਹਾ 'ਤੇ ਹੋਏ ਹਮਲੇ ਜੀਵਾਂ ਦੀ ਵੱਧ ਗਿਣਤੀ ਵੱਲ ਸੰਕੇਤ ਕਰਦੇ ਸਨ, ਜਦੋਂ ਕਿ ਸ਼ਨਾਖਤ ਬਾਰੇ ਬਿਆਨ ਇਕਸੁਰ ਨਹੀਂ ਸਨ। ਕੁਝ ਦਾ ਵਿਚਾਰ ਸੀ ਕਿ ਇਕ ਗੈਬੀ ਸ਼ਕਤੀ, ਕੁਝ ਅਨੁਸਾਰ ਕੰਪਿਊਟਰ ਦੀ ਕ੍ਰਿਤ, ਕੁਝ ਬਾਂਦਰ ਵਰਗਾ ਜਿਸ ਦੇ ਸਿਰ ਉਪਰ ਹੈਲਮਟ, ਤੇ ਕੁਝ

ਇਸ ਨੂੰ ਪ੍ਰੀਡੇਟਰ (PREDATOR) ਫਿਲਮ ਵਿਚਲੇ ਜੀਵ ਵਰਗਾ ਕਹਿ ਰਹੇ ਸਨ ਜੋ ਲੋਹੇ ਦਾ ਬਣਿਆ ਸੀ, ਪਰ ਅਖੀਰ ਇਸ ਦਾ ਸਰਵ ਪ੍ਰਵਾਨਤ ਕਾਲਪਨਿਕ ਰੂਪ ਪ੍ਰਕਾਸ਼ਤ ਕੀਤਾ ਗਿਆ।

"ਨਕਾਬਪੋਸ਼, 4-5 ਫੁੱਟ ਕੱਦ, ਸਾਰਾ ਸਰੀਰ ਵਾਲਾਂ ਨਾਲ ਭਰਿਆ ਹੋਇਆ, ਅੱਖਾਂ ਲਾਲ ਚਮਕਦੀਆਂ, ਛੂਹਣ 'ਤੇ ਕਰੰਟ ਲੱਗਦਾ ਅਤੇ ਪੈਰ ਆਮ ਮਨੁੱਖਾਂ ਵਾਂਗ।"

ਕੁਝ ਤਾਂ ਐਸੇ ਰੌਸ਼ਨ ਦਿਮਾਗ ਸਨ ਜੋ ਇਸ ਜੀਵ ਨੂੰ ਪਾਕਿਸਤਾਨੀ ਖੁਫੀਆ ਏਜੰਸੀ (I.S.I.) ਦਾ ਏਜੰਟ ਦੱਸ ਰਹੇ ਸਨ ਤੇ ਇਸ ਨੂੰ ਫੜਨ ਵਿਚ ਨਾਕਾਮ ਰਹਿਣ ਵਾਸਤੇ ਭਾਰਤੀ ਸੁਰੱਖਿਆ ਏਜੰਸੀਆਂ ਨੂੰ ਨਾਕਾਮ ਸਾਬਤ ਕਰ ਰਹੇ ਸਨ। ਬੇਸ਼ਕ ਮਸਲਾ ਭਾਵੇਂ ਕਾਰਗਿਲ ਦਾ ਹੋਵੇ ਜਾਂ ਬੰਗਲਾ ਦੇਸ਼ ਦੀ ਸਰਹੱਦ ਦਾ, ਹਰ ਕੰਮ ਜਾਂ ਘਟਨਾ ਵਾਸਤੇ ਸੁਰੱਖਿਆ ਏਜੰਸੀਆਂ ਨੂੰ ਹੀ ਦੋਸ਼ੀ ਠਹਿਰਾਇਆ ਜਾਂਦਾ ਹੈ। ਪਰ ਗੱਲ ਵਿਚਾਰਯੋਗ ਇਹ ਹੈ ਕਿ ਦੇਸ਼ ਦੇ ਜਿਸ ਖਿੱਤੇ ਵਿਚ, ਦੇਸ਼ ਦੀ ਸੁਰੱਖਿਆ ਦੀਆਂ ਯੋਜਨਾਵਾਂ ਤਿਆਰ ਹੋਣੀਆਂ ਹਨ, ਸਾਡੇ ਰਾਜਨੀਤਕ ਆਗੂ ਜਿਥੇ ਬੈਠ ਕੇ ਵਿਰੋਧੀ ਦੇਸ਼ਾਂ ਨੂੰ ਲੋਹੇ ਦੇ ਚਨੇ ਚਬਾਉਣ ਦੀਆਂ ਗੱਲਾਂ ਕਰਦੇ ਹਨ, ਜੇ ਇਕ ਬਾਂਦਰ ਦੀ ਆਮਦ ਨੇ ਹੀ ਸੁਰੱਖਿਆ ਲਈ ਖਤਰਾ ਪੈਦਾ ਕਰ ਛੱਡਿਆ ਹੈ ਤਾਂ ਬਾਕੀ ਦੇਸ਼ ਦਾ ਕੀ ਬਣੇਗਾ ?

ਯੇ ਅਹਿਲੇ ਕਰਮ, ਯੇ ਅਹਿਲੇ ਹੁਨਰ
ਬੇਕਾਰ ਕੀ ਬਾਤੇਂ ਕਰਤੇ ਹੈਂ।
ਖ਼ੁਦ ਸਾਹਿਲ-ਸਾਹਿਲ ਫਿਰਤੇ ਹੈਂ, ਬੇਕਾਰ ਕੀ ਬਾਤੇਂ ਕਰਤੇ ਹੈਂ।

ਇਹ ਤਾਂ ਅਸਲ ਹਾਲ ਸੀ ਪ੍ਰਸ਼ਾਸਨ ਦਾ, ਪਰ ਦੂਸਰੇ ਪਾਸੇ ਧਾਰਮਿਕ ਰਹਿਨੁਮਾ ਵੀ ਪੂਰੀ ਤਰ੍ਹਾਂ ਸਰਗਰਮ ਸਨ। ਆਪਣੇ ਪੁਰਾਤਨ ਵਿਰਸੇ ਨਾਲ ਜੁੜਦਿਆਂ ਹਿੰਦੁਸਤਾਨੀ ਵੀਰਾਂ ਨੇ ਇਕ ਬਾਂਦਰ ਕੋਲੋਂ ਰਹਿਮ ਦੀ ਭੀਖ ਮੰਗਣ ਵਾਸਤੇ ਯੱਗ ਆਰੰਭ ਕੀਤਾ 'ਰਾਸ਼ਟਰ ਮਾਨਵ ਅਧਿਕਾਰ ਪ੍ਰਿਸ਼ਦ' ਦੇ ਬੈਨਰ ਹੇਠ ਬਾਂਦਰ ਮਹਾਰਾਜ ਜੀ ਨੂੰ ਹਿੰਸਾ ਛੱਡਣ ਲਈ ਬੇਨਤੀ ਕੀਤੀ ਗਈ, ਤਾਂ ਜੋ ਮਨੁੱਖੀ ਅਧਿਕਾਰਾਂ ਦੀ ਰਖਿਆ ਹੋ ਸਕੇ।

ਧੰਨ ਹੈ ਮਰਦ ਅਗੰਮੜਾ, ਸਰਬੰਸਦਾਨੀ ਪਿਤਾ ਜਿਸ ਨੇ ਆਪ ਤੀਰ ਦੀ ਨੋਕ ਨਾਲ ਹਿੰਦੁਸਤਾਨ ਦੀ ਮਰ ਚੁੱਕੀ ਅਣਖ ਨੂੰ ਖ਼ਾਲਸੇ ਦੇ ਰੂਪ ਵਿਚ ਅੱਗ ਦਾ ਸ਼ੋਅਲਾ ਬਣਾ ਕੇ ਪ੍ਰਗਟ ਕੀਤਾ।

ਨੋਟ:- ਪਰ ਇਹ ਵੀ ਸ਼ੁਕਰ ਹੈ ਕਿ ਬਾਂਦਰ ਦਸਤਾਰਧਾਰੀ ਨਹੀਂ ਸੀ ਜਾਂ ਕਿਸੇ ਨੇ ਉਸ ਨੂੰ ਸਾਬਤ ਸੂਰਤ ਹੋਣ ਦੀ ਤਾਕੀਦ ਨਹੀਂ ਕੀਤੀ, ਨਹੀਂ ਤਾਂ ਪਤਾ ਨਹੀਂ ਕਿੰਨੇ ਦਸਤਾਰਧਾਰੀ ਦਿੱਲੀ ਦੀਆਂ ਜੇਲ੍ਹਾਂ ਦਾ ਸ਼ਿੰਗਾਰ ਬਣਦੇ !

# ਕੀ ਗੁਰੂ ਸਾਹਿਬਾਨ ਜੀ ਦੀਆਂ ਅੰਤਿਮ ਰਸਮਾਂ ਬਿਪਰਵਾਦੀ ਰੀਤਾਂ ਅਨੁਸਾਰ ਹੋਈਆਂ?

ਸਿੱਖਾਂ ਨੂੰ ਹਿੰਦੂ ਧਰਮ ਦਾ ਅੰਗ ਸਾਬਤ ਕਰਨ ਵਾਸਤੇ ਹਿੰਦੂਤਵ ਦੇ ਪੁਜਾਰੀਆਂ ਵਲੋਂ ਗੁਰਬਾਣੀ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਜਾਂਦਾ ਹੈ। ਗੁਰਬਾਣੀ ਦੇ ਅੰਤਰੀਵ ਭਾਵ ਨੂੰ ਨਾ-ਸਮਝ ਕੇ ਜਾਂ ਫਿਰ ਜਾਣ ਬੁੱਝ ਕੇ ਅਣਜਾਣਤਾ ਦਾ ਪ੍ਰਗਟਾਵਾ ਕਰਕੇ ਅਰਥਾਂ ਦੇ ਅਨਰਥ ਕਰਕੇ ਗੁਰਮਤਿ ਵਿਚਾਰਧਾਰਾ ਨੂੰ ਗਹਿਰੀ ਠੇਸ ਪਹੁੰਚਾਈ ਜਾ ਰਹੀ ਹੈ। ਸੰਘੀਆਂ ਵਲੋਂ ਪ੍ਰਕਾਸ਼ਿਤ ਇਕ ਚੌਵਰਕੇ ਵਿੱਚ ਦਰਜ ਹੈ:

ਪੰਜਾਬ ਦੀ ਵਰਤਮਾਨ ਪਰਿਸਥਿਤੀ ਵਿੱਚ ਸੰਘ ਦਾ ਦ੍ਰਿਸ਼ਟੀਕੋਣ।

ਸਿੱਖ ਹਿੰਦੂ ਸਮਾਜ ਦਾ ਹੀ ਅੰਗ ਹਨ, ਸਿੱਖ ਕੋਈ ਅਲੱਗ ਕੌਮ (Nation) ਨਹੀਂ। ਰਾਸ਼ਟਰੀ ਸਵੈਮ ਸੇਵਕ ਸੰਘ ਦੀ ਸਪੱਸ਼ਟ ਭੂਮਿਕਾ ਹੈ ਕਿ ਸਿੱਖ ਹਿੰਦੂ ਸਮਾਜ ਦਾ ਹੀ ਅੰਗ ਹਨ। (Sikhs are part and parcel of Hindu Society) ਹੇਠ ਲਿਖੇ ਤੱਥ ਇਸ ਦੀ ਪੁਸ਼ਟੀ ਕਰਦੇ ਹਨ:

"ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੇਦ, ਰਾਮ, ਕ੍ਰਿਸ਼ਨ ਅਤੇ ਅਨੇਕ ਦੇਵੀ ਦੇਵਤਿਆਂ ਦੀ ਮਹਿਮਾ ਦਾ ਗੁਣਗਾਨ ਹੈ। ਇਸਦੇ ਸਾਰੇ ਸ਼ਬਦ ਪ੍ਰਾਚੀਨ ਸ਼ਾਸਤਰੀ ਸੰਗੀਤ ਦੀਆਂ ਰਾਗ ਰਾਗਨੀਆਂ ਵਿਚ ਬੰਨ੍ਹੇ ਹੋਏ ਹਨ, ਜੋ ਕਿ ਹਿੰਦੂ ਪਰੰਪਰਾ ਹੈ।

ਰਾਮਕਲੀ ਸਦ ਮਹਲਾ ਚੌਥਾ ਵਿੱਚ ਸ੍ਰੀ ਗੁਰੂ ਰਾਮਦਾਸ ਜੀ ਨੇ ਕਿਹਾ ਕਿ ਮੇਰੀ ਮੌਤ ਉਪਰੰਤ ਕੇਸ਼ੋਦਾਸ ਪੰਡਿਤ ਨੂੰ ਬੁਲਾ ਕੇ ਅੰਤਮ ਸੰਸਕਾਰ ਕਰਾਉਣਾ ਅਤੇ ਮੇਰੀਆਂ ਅਸਥੀਆਂ ਹਰਿਦੁਆਰ ਜਲ ਪ੍ਰਵਾਹ ਕਰਨੀਆਂ। ਸਿੱਖ ਸਮਾਜ ਵਿਚ ਮ੍ਰਿਤਕ ਦਾ ਦਾਹ ਸੰਸਕਾਰ ਕਰਨ ਅਤੇ ਅਸਥੀਆਂ ਨੂੰ ਗੰਗਾ ਜੀ ਆਦਿ ਪਵਿੱਤਰ ਨਦੀਆਂ ਵਿੱਚ ਪ੍ਰਵਾਹ ਕਰਨ ਦੀ ਪਰੰਪਰਾ ਹੈ।

ਉਪਰੋਕਤ ਗੱਲਾਂ ਤੋਂ ਸਪੱਸ਼ਟ ਹੈ ਕਿ ਸਿੱਖ ਸਮਾਜ ਹਿੰਦੂ ਸਮਾਜ ਦਾ ਹੀ ਅੰਗ ਹੈ। ਰੀਤੀ, ਰਿਵਾਜ, ਪਰੰਪਰਾ ਆਦਿ ਸਾਰੀਆਂ ਗੱਲਾਂ ਇਕ ਹਨ। ਉਹਨਾਂ ਦੇ ਇਕ ਅਲੱਗ ਕੌਮ ਹੋਣ ਦੀ ਕਲਪਨਾ ਹੀ ਇਤਿਹਾਸ ਅਨੁਸਾਰ ਅਤੇ ਤੱਥਾਂ ਅਨੁਸਾਰ ਸਹੀ ਨਹੀਂ ਹੈ।

ਅਸੀਂ ਵਿਸ਼ਵਾਸ ਨਾਲ ਕਹਿੰਦੇ ਹਾਂ ਕਿ ਹਿੰਦੂ ਸਮਾਜ ਦੇ ਅੰਗ ਹੋਣ ਦੇ ਨਾਤੇ ਉਹਨਾਂ ਦੀ ਪਹਿਚਾਣ ਕਾਇਮ ਰਹੇਗੀ। ਸਾਡਾ ਇਤਿਹਾਸ ਹੀ ਐਸਾ ਹੈ। ਅੱਜ ਤੱਕ ਉਹਨਾਂ ਦੀ ਪਹਿਚਾਣ ਸਮਾਪਤ ਨਹੀਂ ਹੋਈ ਤਾਂ ਅੱਗੇ ਦੀ ਸ਼ੰਕਾ ਕਿਉਂ?

ਅਸੀਂ ਸਾਰੇ ਸਭ ਤੋਂ ਪਹਿਲਾਂ ਭਾਰਤੀ ਹਾਂ, ਪੰਜਾਬੀ ਅਤੇ ਸਿੱਖ ਬਾਅਦ ਵਿੱਚ ਹਾਂ। ਭਾਰਤ ਦੇ ਕਲਿਆਣ ਵਿੱਚ ਹੀ ਸਭ ਦਾ ਕਲਿਆਣ ਹੈ।'' (ਪੰਨਾ 1, 2, 3, 4)

ਗੁਰਮਤਿ ਵਿਚਾਰਧਾਰਾ ਤੋਂ ਅਨਜਾਣ ਲੋਕਾਂ ਵਲੋਂ ਅਜਿਹੇ ਕੋਝੇ ਵਾਰ ਤਾਂ ਕਾਫੀ ਪਹਿਲਾਂ ਤੋਂ ਕੀਤੇ ਜਾ ਰਹੇ ਸਨ, ਪਰੰਤੂ ਸੰਘ ਦੀ ਛੱਤਰੀ ਹੇਠ ਇਹਨਾਂ ਪੰਥ-ਵਿਰੋਧੀ ਲਿਖਤਾਂ ਦੇ ਰਚਣਹਾਰਾਂ ਨੇ ਵਧੇਰੇ ਕਾਰਜਸ਼ੀਲਤਾ ਨਾਲ ਸਿੱਖ ਧਰਮ ਅਤੇ ਫਲਸਫੇ ਉਪਰ ਹਮਲਿਆਂ ਦਾ ਰੁਖ ਕੀਤਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਆਏ ਵੇਦਾਂ, ਦੇਵੀਆਂ, ਦੇਵਤਿਆਂ ਆਦਿ ਦੇ ਆਏ ਹੋਏ ਨਾਵਾਂ ਬਾਰੇ ਤਾਂ ਹੱਥਲੀ ਪੁਸਤਕ ਵਿਚ ਵਿਸਥਾਰ ਸਹਿਤ ਜ਼ਿਕਰ ਕੀਤਾ ਜਾ ਚੁੱਕਾ ਹੈ। ਪਰੰਤੂ ਸੰਘੀ ਵੀਰਾਂ ਵਲੋਂ ਗੁਰੂ ਰਾਮਦਾਸ ਜੀ ਦੇ ਅਕਾਲ ਚਲਾਣੇ ਦੇ ਸਮੇਂ ਕੇਸ਼ੋਦਾਸ ਪੰਡਿਤ ਨੂੰ ਬੁਲਾਉਣ ਅਤੇ ਅੰਤਿਮ ਰਸਮਾਂ ਹਿੰਦੂ ਮਤਿ ਦੀਆਂ ਰੀਤਾਂ ਅਨੁਸਾਰ ਕਰਨ ਦਾ ਜੋ ਜ਼ਿਕਰ ਕੀਤਾ ਗਿਆ ਹੈ, ਉਸ ਵਿਚ ਗੁਰਬਾਣੀ ਦੇ ਅਰਥ ਸਹੀ ਰੂਪ ਵਿਚ ਪੇਸ਼ ਨਹੀਂ ਕੀਤੇ ਗਏ। ਜੇਕਰ ਸਿੱਖ ਇਤਿਹਾਸ ਦੀ ਅਤੇ ਗੁਰਮਤਿ ਅਨੁਸਾਰ ਘੋਖ ਕੀਤੀ ਜਾਵੇ ਤਾਂ ਰਾਮਕਲੀ ਸਦੁ ਵਿਚਲੀ ਵਸੀਅਤ ਦਾ ਸੰਬੰਧ ਗੁਰੂ ਅਮਰਦਾਸ ਜੀ ਨਾਲ ਹੈ ਜਿਸ ਤਰ੍ਹਾਂ ਪੰਥ ਵਿਰੋਧੀ ਵਿਦਵਾਨਾਂ ਨੇ ਇਸ ਦੇ ਅਰਥ ਗੁਰੂ ਰਾਮਦਾਸ ਜੀ ਦੇ ਅੰਤਿਮ ਸਮੇਂ ਨਾਲ ਜੋੜਿਆ ਹੈ, ਉਹ ਨਿਰਮੂਲ ਹੈ। ਰਾਮਕਲੀ ਸਦੁ ਜੋ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਪੰਨਾ 923 ਉਪਰ ਦਰਜ ਹੈ, ਨਾਲ ਮਹਲਾ ਚੌਥਾ ਦੀ ਵਰਤੋਂ ਨਹੀਂ ਕੀਤੀ ਗਈ।

ਇਸ ਬਾਣੀ ਬਾਰੇ ਖਿਆਲ ਕੀਤਾ ਜਾਂਦਾ ਹੈ ਕਿ ਗੁਰੂ ਅਮਰਦਾਸ ਜੀ ਦੇ ਪੜਪੋਤੇ ਬਾਬਾ ਸੁੰਦਰ ਜੀ ਨੇ ਇਸ ਬਾਣੀ ਨੂੰ ਕਾਵਿ-ਰੂਪ ਦਿੱਤਾ ਜੋ ਕਿ ਪਹਿਲਾਂ ਵਾਰਤਕ ਸੀ ਅਤੇ ਗੁਰੂ ਅਰਜਨ ਸਾਹਿਬ ਨੇ ਗੁਰਸਿੱਖਾਂ ਦੀ ਸਹੀ ਅਗਵਾਈ ਹਿੱਤ ਸਦੀਵੀ ਤੌਰ ਤੇ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਰ ਦਿੱਤਾ। ਇਸ ਬਾਣੀ ਵਿਚ ਆਏ ਕੇਸ਼ੋ ਗੁਪਾਲ (ਜਿਸ ਨੂੰ ਸੰਘੀ ਵਿਦਵਾਨਾਂ ਨੇ ਕੇਸ਼ੋਦਾਸ ਲਿਖਿਆ ਹੈ) ਅਤੇ ਹਰਿਦੁਆਰ ਸ਼ਬਦ ਦੇ ਆਪਣੇ ਮਨਮਰਜ਼ੀ ਅਨੁਸਾਰ ਅਰਥ ਕਰਕੇ ਇਹਨਾਂ ਪੰਥ ਵਿਰੋਧੀ ਵਿਦਵਾਨਾਂ ਨੇ ਗੁਰਬਾਣੀ ਅਤੇ ਗੁਰਮਤਿ ਵਿਚਾਰਧਾਰਾ ਨਾਲ ਖਿਲਵਾੜ ਕੀਤਾ ਹੈ। ਗੁਰੂ ਅਮਰਦਾਸ ਜੀ ਦੇ ਅੰਤਿਮ ਸਮੇਂ ਨਾਲ ਸੰਬੰਧਿਤ ਇਸ ਬਾਣੀ ਬਾਰੇ ਪਹਿਲਾਂ ਵੀ ਗੁਰਮਤਿ ਵਿਰੋਧੀਆਂ ਵਲੋਂ ਅਨੇਕਾਂ ਤਰ੍ਹਾਂ ਦੇ ਸ਼ੰਕੇ ਖੜੇ ਕਰਨ ਦੇ ਯਤਨ ਕੀਤੇ ਗਏ ਅਤੇ ਬਿਬੇਕ ਬੁਧਿ ਵਾਲੇ ਗੁਰਮਤਿ ਗਿਆਨ ਖੜਗ ਦੇ ਧਾਰਨੀਆਂ ਨੇ ਸਮੇਂ-ਸਮੇਂ ਯੋਗ ਜੁਆਬ ਵੀ ਦਿੱਤਾ।

ਕੁਝ ਅਗਿਆਨੀ ਲੋਕ ਇਸ ਬਾਣੀ ਵਿੱਚ ਆਏ ਹਰਿਦੁਆਰ ਸ਼ਬਦ ਦੇ ਅਰਥ ਬਿਪਰਵਾਦੀ ਤੀਰਥ ਹਰਿਦੁਆਰ ਨਾਲ ਜੋੜ ਕੇ ਦਲੀਲ ਦਿੰਦੇ ਹਨ ਕਿ ਗੁਰੂ ਅਮਰਦਾਸ ਜੀ ਸਿੱਖੀ ਧਾਰਨ ਕਰਨ ਤੋਂ ਪਹਿਲਾਂ 19 ਸਾਲ ਲਗਾਤਾਰ ਹਰਿਦੁਆਰ ਜਾਂਦੇ ਰਹੇ ਸਨ। ਇਸੇ ਕਰਕੇ ਉਹਨਾਂ ਦੇ ਮਨ ਵਿੱਚ ਹਰਿਦੁਆਰ ਤੀਰਥ ਪ੍ਰਤੀ ਵਿਸ਼ੇਸ਼ ਸ਼ਰਧਾ ਸੀ ਅਤੇ ਉਹਨਾਂ ਨੇ ਆਪਣੀਆਂ ਅੰਤਿਮ ਰਸਮਾਂ ਉਪਰੰਤ ਆਪਣੀਆਂ ਅਸਥੀਆਂ ਹਰਿਦੁਆਰ ਪਾਉਣ ਵਾਸਤੇ ਕਿਹਾ, ਪਰੰਤੂ ਇਹ ਦਲੀਲ ਵੀ ਨਿਰਮੂਲ ਹੈ। ਦਰਅਸਲ ਗੁਰੂ ਅੰਗਦ ਸਾਹਿਬ ਦੀ ਸ਼ਰਨ ਵਿੱਚ ਆਉਣ ਉਪਰੰਤ ਗੁਰੂ ਅਮਰਦਾਸ ਜੀ ਨੇ ਤੀਰਥ ਅਸਥਾਨਾਂ ਦੀ ਯਾਤਰਾ ਦਾ (ਸ਼ਰਧਾਭਾਵ ਅਧੀਨ) ਤਿਆਗ ਕਰ ਦਿੱਤਾ

ਅਤੇ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲਣ ਤੋਂ ਬਾਅਦ ਕੇਵਲ ਇਕ ਵਾਰ ਹੀ ਗੁਰਮਤਿ ਪ੍ਰਚਾਰ ਹਿੱਤ ਹਰਿਦੁਆਰ ਗਏ। ਇਸ ਪ੍ਰਚਾਰਕ ਦੌਰੇ ਬਾਰੇ ਗੁਰੂ ਰਾਮਦਾਸ ਜੀ ਤੁਖਾਰੀ ਰਾਗ ਵਿੱਚ ਲਿਖਦੇ ਹਨ:

*ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ॥*

(ਤੁਖਾਰੀ ਮ: ੪, ਪੰਨਾ ੧੧੧੬)

ਗੁਰੂ ਪਾਤਸ਼ਾਹ ਨੇ ਆਪਣੀ ਬਾਣੀ ਵਿੱਚ ਸੱਚਾ ਤੀਰਥ ਗੁਰਸ਼ਬਦ ਨੂੰ ਹੀ ਦੱਸਿਆ ਹੈ ਅਤੇ ਫੋਕੇ ਤੀਰਥ ਭ੍ਰਮਣ ਨੂੰ ਕਰਮਕਾਂਡ ਦੱਸਿਆ ਹੈ।

ਗੁਰੂ ਪਾਤਸ਼ਾਹ ਫੁਰਮਾਉਂਦੇ ਹਨ:-

*ਸਚਾ ਤੀਰਥੁ ਜਿਤੁ ਸਤ ਸਰਿ ਨਾਵਣੁ ਗੁਰਮੁਖਿ ਆਪਿ ਬੁਝਾਏ॥*
*ਅਠਸਠਿ ਤੀਰਥ ਗੁਰ ਸਬਦਿ ਦਿਖਾਏ ਤਿਤੁ ਨਾਤੈ ਮਲੁ ਜਾਏ॥*

(ਸੂਹੀ ਮ: ੩, ਪੰਨਾ ੭੫੩)

ਇਸ 'ਸਦੁ' ਨਾਮ ਹੇਠ ਦਰਜ ਬਾਣੀ ਵਿੱਚ ਆਏ 'ਹਰਿਦੁਆਰ' ਅਤੇ 'ਕੇਸੋ ਗੁਪਾਲ' ਸ਼ਬਦ ਦੇ ਸਹੀ ਅਰਥਾਂ ਦੀ ਜਾਣਕਾਰੀ ਵਾਸਤੇ ਗੁਰਬਾਣੀ ਵਿਆਕਰਣ ਅਨੁਸਾਰ ਅਗਵਾਈ ਲੈਣ ਦੀ ਜ਼ਰੂਰਤ ਹੈ ਅਤੇ ਸਮੁੱਚੀ 'ਰਾਮਕਲੀ ਸਦੁ' ਬਾਣੀ ਦੇ ਸੰਪੂਰਨ ਅਰਥਬੋਧ ਦੇ ਗਿਆਨ ਨਾਲ ਹੀ ਇਹ ਭਰਮ-ਭੁਲੇਖੇ ਨੂੰ ਦੂਰ ਕੀਤਾ ਜਾ ਸਕਦਾ ਹੈ, ਜੋ ਕਿ ਇਸ ਤਰ੍ਹਾਂ ਹੈ:

### ਰਾਮਕਲੀ ਸਦੁ ੧ੴ ਸਤਿਗੁਰ ਪ੍ਰਸਾਦਿ॥

*ਜਗਿ ਦਾਤਾ ਸੋਇ ਭਗਤਿ ਵਛਲੁ ਤਿਹੁ ਲੋਇ ਜੀਉ॥*
*ਗੁਰ ਸਬਦਿ ਸਮਾਵਏ ਅਵਰੁ ਨ ਜਾਣੈ ਕੋਇ ਜੀਉ॥*

ਪਦ ਅਰਥ:- ਜਗਿ ਦਾਤਾ ਸੋਇ* =ਜੋ ਅਕਾਲ ਪੁਰਖ ਜਗਤ ਵਿੱਚ (ਜੀਵਾਂ ਨੂੰ) ਦਾਤਾਂ ਬਖਸ਼ਣ ਵਾਲਾ ਹੈ। ਜਗਿ=ਜਗਤ ਵਿਚ। ਭਗਤਿ=ਭਗਤੀ। ਭਗਤ=ਬਹੁ ਵਚਨ। ਭਗਤੁ=ਇੱਕ ਵਚਨ। ਵਛਲੁ=ਪਿਆਰ ਕਰਨ ਵਾਲਾ। ਭਗਤਿ ਵਛਲ ਦਾਤਾ=ਭਗਤੀ ਨਾਲ ਪਿਆਰ ਕਰਨ ਵਾਲਾ ਦਾਤਾ। ਤਿਹੁ ਲੋਇ=ਤਿੰਨਾਂ ਲੋਕਾਂ (ਆਕਾਸ਼, ਪਾਤਾਲ ਅਤੇ ਮਾਤ ਲੋਕ, ਭਾਵ ਸਾਰੀ ਸ੍ਰਿਸ਼ਟੀ) ਵਿੱਚ। ਗੁਰ ਸਬਦਿ=ਗੁਰੂ ਦੇ ਸ਼ਬਦ ਰਾਹੀਂ, ਗੁਰੂ ਦੇ ਉਪਦੇਸ਼ ਰਾਹੀਂ। ਸਮਾਵਏ=ਲੀਨ ਹੁੰਦਾ ਹੈ (ਗੁਰੂ ਅਮਰਦਾਸ ਜੀ ਉਸ ਅਕਾਲ ਪੁਰਖ ਵਿੱਚ ਸਮਾਉਂਦੇ ਹਨ)।

ਅਰਥ:- ਜੋ ਅਕਾਲ ਪੁਰਖ ਜਗਤ ਵਿੱਚ ਜੀਵਾਂ ਨੂੰ ਦਾਤਾਂ ਬਖਸ਼ਣ ਵਾਲਾ ਹੈ, ਜੋ ਸਾਰੀ

---

**ਹਿੰਦੂ ਫਿਲਾਸਫੀ ਅਨੁਸਾਰ ਇਸ ਸ੍ਰਿਸ਼ਟੀ ਨੂੰ ਤਿੰਨ ਦੇਵਤੇ ਚਲਾਉਣ ਵਾਲੇ, ਬਣਾਉਣ ਵਾਲੇ, ਬ੍ਰਹਮਾ, ਮਾਰਨ ਵਾਲਾ ਸ਼ਿਵਜੀ ਅਤੇ ਪਾਲਣ ਵਾਲੇ ਵਿਸ਼ਨੂੰ ਜੀ ਹਨ। ਪਰ ਗੁਰਮਤਿ ਵਿੱਚ ਸਤਿਗੁਰਾਂ ਸਮਝਾਇਆ-*

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥

(ਵਾਰ ਆਸਾ ਮ. ੧, ਪੰਨਾ ੪੬੩)

ਸ੍ਰਿਸ਼ਟੀ ਵਿੱਚ ਭਗਤੀ ਕਰਨ ਵਾਲਿਆਂ ਨੂੰ ਪਿਆਰ ਕਰਦਾ ਹੈ। ਗੁਰੂ ਅਮਰਦਾਸ ਜੀ, ਸਤਿਗੁਰੂ ਦੇ ਸ਼ਬਦ ਰਾਹੀਂ ਉਸ ਅਕਾਲ ਪੁਰਖ ਵਿੱਚ ਲੀਨ ਰਹੇ ਹਨ ਅਤੇ ਅਕਾਲ ਪੁਰਖ ਤੋਂ ਬਿਨਾਂ ਕਿਸੇ ਹੋਰ ਨੂੰ ਉਸ ਵਰਗਾ ਨਹੀਂ ਜਾਣਦੇ।

*ਅਵਰੋ ਨ ਜਾਣਹਿ ਸਬਦਿ ਗੁਰ ਕੈ ਏਕੁ ਨਾਮੁ ਧਿਆਵਹੇ॥*
*ਪਰਸਾਦਿ ਨਾਨਕ ਗੁਰੂ ਅੰਗਦ ਪਰਮ ਪਦਵੀ ਪਾਵਹੇ॥* (ਪੰਨਾ ੯੨੩)

ਨੋਟ– ਦੂਜੀ ਤੁਕ ਵਿੱਚ ਲਫ਼ਜ਼ 'ਜਾਣੈ' ਆਇਆ ਹੈ ਅਤੇ ਤੀਜੀ ਵਿੱਚ 'ਜਾਣਹਿ' ਹੈ। ਵਿਆਕਰਣ ਅਨੁਸਾਰ ਲਫ਼ਜ਼ 'ਜਾਣੈ' ਵਰਤਮਾਨ ਕਾਲ ਅੱਨ-ਪੁਰਖ ਇਕ ਵਚਨ ਹੈ। ਇਸ ਸਾਰੀ ਪਉੜੀ ਵਿੱਚ (ਗੁਰੂ ਅਮਰਦਾਸ) ਵੱਲ ਇਸ਼ਾਰਾ ਹੈ। ਸੋ ਲਫ਼ਜ਼ 'ਗੁਰੂ ਅਮਰਦਾਸ' ਇਸ ਕ੍ਰਿਆ ਦਾ 'ਕਰਤਾ' ਹੈ। ਇਸ ਦਾ ਅਰਥ ਹੈ- (ਗੁਰੂ ਅਮਰਦਾਸ) ਜਾਣਦਾ ਹੈ। ਤੀਜੀ ਤੁਕ ਵਿੱਚ ਲਫ਼ਜ਼ 'ਜਾਣਹਿ' ਹੈ। ਇਹ ਜਾਣੈ ਦਾ ਬਹੁਵਚਨ ਹੈ, ਜਿਵੇਂ 'ਗਾਵੈ' ਤੋਂ 'ਗਾਵਹਿ' ਹੈ। ਇਸ ਦਾ ਅਰਥ ਹੈ 'ਜਾਣਦੇ ਹਨ'। ਇਥੇ ਸਤਿਕਾਰ ਪ੍ਰਗਟ ਕਰਨ ਵਾਸਤੇ ਕ੍ਰਿਆ 'ਜਾਣਹਿ' ਬਹੁਵਚਨ ਵਿੱਚ ਹੈ। ਇਸ ਦਾ ਅਰਥ ਹੈ - ਗੁਰੂ ਅਮਰਦਾਸ ਜੀ ਜਾਣਦੇ ਹਨ।

ਪਦ ਅਰਥ– ਸਬਦਿ ਗੁਰ ਕੈ=ਗੁਰੂ ਦੇ ਸ਼ਬਦ ਦੀ ਰਾਹੀਂ। ਧਿਆਵਹੇ=ਧਿਆਉਂਦੇ ਹਨ, ਕਈ ਥਾਈਂ ਕਵਿਤਾ ਵਿੱਚ ਛੰਦ ਦਾ ਖਿਆਲ ਰੱਖ ਕੇ 'ਹਿ' ਨੂੰ 'ਹੇ' ਕੀਤਾ ਜਾਂਦਾ ਹੈ, ਇਸੇ ਤਰ੍ਹਾਂ 'ਪਾਵਹੇ' ਲਫ਼ਜ਼ 'ਪਾਵਹਿ' ਤੋਂ ਹੈ। ਪਰਸਾਦਿ=ਕਿਰਪਾ ਨਾਲ। ਪਰਮ ਪਦਵੀ=ਉੱਚਾ ਰੁਤਬਾ, ਗੁਰੂ ਦੀ ਪਦਵੀ।

ਅਰਥ- ਫਿਰ ਦ੍ਰਿੜ੍ਹ ਕਰਾਉਂਦੇ ਹਨ, 'ਗੁਰੂ ਅਮਰਦਾਸ ਜੀ ਕੇਵਲ ਇਕੋ ਵਾਹਿਗੁਰੂ ਨੂੰ ਹੀ ਮੰਨਦੇ ਹਨ, ਗੁਰੂ ਦੇ ਸ਼ਬਦ ਰਾਹੀਂ ਉਸੇ ਵਿੱਚ ਲੀਨ ਰਹਿੰਦੇ ਹਨ ਅਤੇ ਉਸ ਜਿਹਾ ਕਿਸੇ ਹੋਰ ਨੂੰ ਨਹੀਂ ਸਮਝਦੇ, ਕੇਵਲ ਇਕ ਨਾਮ ਨੂੰ ਹੀ ਧਿਆਉਂਦੇ ਹਨ। ਗੁਰੂ ਨਾਨਕ, ਗੁਰੂ ਅੰਗਦ ਦੇਵ ਜੀ ਦੀ ਕ੍ਰਿਪਾ ਨਾਲ ਉਹ ਬਹੁਤ ਉੱਚੇ ਦਰਜੇ ਨੂੰ ਪ੍ਰਾਪਤ ਕਰ ਚੁੱਕੇ ਹਨ, ਅਡੋਲ ਅਵਸਥਾ ਪ੍ਰਾਪਤ ਕਰ ਚੁੱਕੇ ਹਨ।

ਇਹ ਗੁਰੂ ਅੰਗਦ ਦੇਵ ਜੀ ਦੀ ਮਿਹਰ ਹੀ ਸੀ ਅਤੇ ਗੁਰੂ ਨਾਨਕ ਸਾਹਿਬ ਦੇ ਉਪਦੇਸ਼ ਹੀ ਸਨ, ਜਿਨ੍ਹਾਂ ਨੇ ਨਿਥਾਵੇਂ ਅਤੇ ਨਿਗੁਰੇ 'ਅਮਰਦਾਸ' ਨੂੰ ਐਸੀ ਉੱਚੀ ਪਦਵੀ ਤੇ ਪਹੁੰਚਾਇਆ ਕਿ ਉਹ ਗੁਰਗੱਦੀ ਦੇ ਲਾਇਕ ਸਮਝੇ ਗਏ।

*ਆਇਆ ਹਕਾਰਾ ਚਲਣਵਾਰਾ ਹਰਿ ਰਾਮ ਨਾਮਿ ਸਮਾਇਆ॥*
*ਜਗਿ ਅਮਰੁ ਅਟਲੁ ਅਤੋਲੁ ਠਾਕੁਰੁ ਭਗਤਿ ਤੇ ਹਰਿ ਪਾਇਆ॥ ੧॥*

ਪਦ ਅਰਥ- ਹਕਾਰਾ=ਸੱਦਾ। ਚਲਣਵਾਰਾ=ਚੱਲਣ ਦਾ (ਸੁੰਦਰ ਜੀ ਗੁਰੂ ਅਰਜੁਨ ਸਾਹਿਬ ਨੂੰ ਦੱਸਦੇ ਹਨ ਕਿ ਮੇਰੇ ਪੜਦਾਦਾ ਜੀ ਨੂੰ ਹਕਾਰਾ ਆਇਆ ਭਾਵ ਸੱਦਾ ਆਇਆ) ਅਮਰੁ=ਜੋ ਮਰਨ ਵਾਲਾ ਨਹੀਂ। ਅਟਲੁ=ਨਾ ਚਲਾਇਮਾਨ। ਅਤੋਲੁ=ਜਿਸ ਬਾਰੇ ਕੋਈ ਅੰਦਾਜ਼ਾ ਨਹੀਂ ਹੋ ਸਕਦਾ। ਠਾਕੁਰੁ=ਅਕਾਲ ਪੁਰਖ।

ਅਰਥ- ਜਿਹੜੇ ਗੁਰੂ ਅਮਰਦਾਸ ਜੀ ਅਕਾਲ ਪੁਰਖ ਦੇ ਨਾਮ ਵਿਚ ਲੀਨ ਸਨ, ਧੁਰੋਂ ਉਹਨਾਂ ਦੇ ਚੱਲਣ ਦਾ ਸੱਦਾ ਆ ਗਿਆ। ਸੁੰਦਰ ਜੀ ਦੱਸਦੇ ਹਨ ਕਿ ਗੁਰੂ ਅਮਰਦਾਸ ਜੀ ਨੇ ਜਗਤ ਵਿਚ ਰਹਿੰਦਿਆਂ ਅਮਰ, ਅਟੱਲ, ਅਤੋਲ ਪ੍ਰਭੂ ਨੂੰ ਭਗਤੀ ਰਾਹੀਂ ਪ੍ਰਾਪਤ ਕਰ ਲਿਆ ਹੋਇਆ ਸੀ। ੧।

*ਹਰਿ ਭਾਣਾ ਗੁਰ ਭਾਇਆ ਗੁਰੁ ਜਾਵੈ ਹਰਿ ਪ੍ਰਭ ਪਾਸਿ ਜੀਉ॥*
*ਸਤਿਗੁਰੁ ਕਰੇ ਹਰਿ ਪਹਿ ਬੇਨਤੀ ਮੇਰੀ ਪੈਜ ਰਖਹੁ ਅਰਦਾਸਿ ਜੀਉ॥*

ਨੋਟ: ਇਸ ਪਉੜੀ ਵਿੱਚ 'ਵਰਤਮਾਨ ਕਾਲ' ਭੂਤ ਕਾਲ ਦੇ ਭਾਵ ਵਿੱਚ ਵਰਤਿਆ ਹੈ।

ਪਦ ਅਰਥ-ਹਰਿ ਭਾਣਾ=ਹਰੀ ਦਾ ਭਾਣਾ, ਅਕਾਲ ਪੁਰਖ ਦੀ ਰਜ਼ਾ। ਗੁਰ ਭਾਇਆ= ਗੁਰੂ ਅਮਰਦਾਸ ਜੀ ਨੂੰ ਮਿੱਠਾ ਲੱਗਾ। ਗੁਰੁ ਜਾਵੈ=ਗੁਰੂ (ਅਮਰਦਾਸ) ਜਾਣ ਨੂੰ ਤਿਆਰ ਹੋ ਪਏ। ਸਤਿਗੁਰੁ=ਗੁਰੂ ਅਮਰਦਾਸ। ਹਰਿ ਪਹਿ=ਅਕਾਲ ਪੁਰਖ ਦੇ ਅੱਗੇ।

ਅਰਥ - ਸੁੰਦਰ ਜੀ ਵਿਚਾਰ ਪੇਸ਼ ਕਰਦੇ ਹਨ ਕਿ ਜੋ ਸੱਦਾ (ਹਰਕਾਰਾ) ਸਤਿਗੁਰ ਅਮਰਦਾਸ ਜੀ ਨੂੰ ਅਕਾਲ ਪੁਰਖ ਵੱਲੋਂ ਆਇਆ ਉਹ ਗੁਰੂ ਜੀ ਨੂੰ ਚੰਗਾ ਲੱਗਾ, ਭਾਵ ਅਕਾਲ ਪੁਰਖ ਦੀ ਰਜ਼ਾ ਚੰਗੀ ਲੱਗੀ। ਗੁਰੂ ਜੀ ਅਕਾਲ ਪੁਰਖ ਪਾਸ ਜਾਣ ਨੂੰ ਤਿਆਰ ਹੋ ਪਏ। ਭਾਵੇਂ ਉਹਨਾਂ ਨੂੰ ਪਤਾ ਸੀ ਕਿ ਮੈਂ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਰਿਹਾ ਹਾਂ, ਫਿਰ ਵੀ ਗੁਰੂ ਅਮਰਦਾਸ ਜੀ ਨੇ ਅਕਾਲ ਪੁਰਖ ਅੱਗੇ ਬੇਨਤੀ ਕੀਤੀ ਕਿ ਮੇਰੀ ਪੈਜ (ਲਾਜ) ਰੱਖੋ ਅਤੇ ਮੈਨੂੰ ਆਪਣੇ ਚਰਨਾਂ ਵਿਚ ਨਿਵਾਸ ਦੇ ਕੇ ਜਨਮ ਮਰਨ ਦਾ ਗੇੜ ਖਤਮ ਕਰੋ।

*ਪੈਜ ਰਾਖਹੁ ਹਰਿ ਜਨਹ ਕੇਰੀ ਹਰਿ ਦੇਹੁ ਨਾਮੁ ਨਿਰੰਜਨੋ॥*
*ਅੰਤਿ ਚਲਦਿਆਂ ਹੋਇ ਬੇਲੀ ਜਮਦੂਤ ਕਾਲੁ ਨਿਖੰਜਨੋ॥*

ਪਦ ਅਰਥ - ਹਰਿ ਜਨਹ ਕੇਰੀ-ਹਰੀ ਦੇ ਦਾਸਾਂ ਦੀ। ਹਰਿ-ਹੇ ਹਰੀ। ਨਿਰੰਜਨੋ= ਨਿਰ+ ਅੰਜਨ, ਮਾਇਆ ਰਹਿਤ। ਅੰਤਿ=ਅੰਤ ਵੇਲੇ, ਅਖੀਰਲੇ ਸਮੇਂ। ਨਿਖੰਜਨੋ=ਨਾਸ ਕਰਨ ਵਾਲਾ।

ਅਰਥ -ਹੇ ਹਰੀ, ਆਪਣੇ ਸੇਵਕਾਂ ਦੀ ਲਾਜ ਰੱਖ ਅਤੇ ਮਾਇਆ ਤੋਂ ਨਿਰਮੋਹ ਕਰਨ ਵਾਲਾ ਆਪਣਾ ਨਾਮ ਬਖਸ਼, ਜੋ ਅਖੀਰ ਚੱਲਣ ਵੇਲੇ ਸਾਥੀ ਬਣੇ ਅਤੇ ਜਮਦੂਤਾਂ ਅਰ ਕਾਲ ਨੂੰ ਨਾਸ ਕਰੇ।

*ਸਤਿਗੁਰੂ ਕੀ ਬੇਨਤੀ ਪਾਈ ਹਰਿ ਪ੍ਰਭਿ ਸੁਣੀ ਅਰਦਾਸਿ ਜੀਉ॥*
*ਹਰਿ ਧਾਰਿ ਕਿਰਪਾ ਸਤਿਗੁਰੁ ਮਿਲਾਇਆ ਧਨੁ ਧਨੁ ਕਹੈ ਸਾਬਾਸਿ ਜੀਉ॥*

ਪਦ ਅਰਥ- ਸਤਿਗੁਰ ਕੀ ਬੇਨਤੀ ਪਾਈ=ਗੁਰੂ ਅਮਰਦਾਸ ਜੀ ਦੀ ਕੀਤੀ ਹੋਈ ਬੇਨਤੀ। ਹਰਿ ਪ੍ਰਭਿ=ਹਰੀ ਪ੍ਰਭੂ ਨੇ। ਧਾਰਿ ਕਿਰਪਾ=ਕਿਰਪਾ ਕਰਕੇ। ਸਤਿਗੁਰੁ ਮਿਲਾਇਆ=ਗੁਰੂ ਅਮਰਦਾਸ ਜੀ ਨੂੰ (ਆਪਣੇ ਵਿੱਚ) ਮਿਲਾ ਲਿਆ। ਕਹੈ (ਅਕਾਲ ਪੁਰਖ) ਕਹਿੰਦਾ ਹੈ।

ਅਰਥ - ਸੁੰਦਰ ਜੀ ਦੱਸਦੇ ਹਨ ਕਿ ਗੁਰੂ ਅਮਰਦਾਸ ਜੀ ਦੀ ਕੀਤੀ ਬੇਨਤੀ ਇਹ

ਅਰਦਾਸ, ਅਕਾਲ ਪੁਰਖ ਪ੍ਰਭੂ ਨੇ ਸੁਣ ਲਈ ਅਤੇ ਮਿਹਰ ਕਰਕੇ ਗੁਰੂ ਅਮਰਦਾਸ ਜੀ ਨੂੰ ਆਪਣੇ ਚਰਨਾਂ ਵਿੱਚ ਜੋੜ ਲਿਆ ਅਤੇ ਕਹਿਣ ਲੱਗਾ : ਸ਼ਾਬਾਸ਼! ਤੂੰ ਧੰਨ ਹੈਂ!! ਸੁੰਦਰ ਜੀ ਦੇ ਕਹਿਣ ਦਾ ਭਾਵ ਇਹ ਹੈ ਕਿ ਗੁਰੂ ਸਾਹਿਬ ਦੀ ਘਾਲ ਕਮਾਈ ਥਾਂਇ ਪਈ। ੨।

*ਮੇਰੇ ਸਿਖ ਸੁਣਹੁ ਪੁਤ ਭਾਈਹੋ ਮੇਰੈ ਹਰਿ ਭਾਣਾ ਆਉ ਮੈ ਪਾਸਿ ਜੀਉ॥*
*ਹਰਿ ਭਾਣਾ ਗੁਰ ਭਾਇਆ ਮੇਰਾ ਹਰਿ ਪ੍ਰਭੁ ਕਰੇ ਸਾਬਾਸਿ ਜੀਉ॥*

ਪਦ ਅਰਥ - ਮੇਰੇ ਸਿੱਖ, ਪੁਤ ਭਾਈਹੋ=ਹੇ ਮੇਰੇ ਸਿੱਖੋ! ਹੇ ਮੇਰੇ ਪੁੱਤਰੋ, ਹੇ ਮੇਰੇ ਭਰਾਵੋ! ਭਾਣਾ-ਭਾਇਆ ਹੈ। ਮੇਰੇ ਹਰਿ ਭਾਣਾ=ਮੇਰੇ ਅਕਾਲ ਪੁਰਖ ਨੂੰ ਇਹ ਚੰਗਾ ਲੱਗਾ ਹੈ। ਗੁਰ ਭਾਇਆ=ਗੁਰੂ ਨੂੰ ਮਿੱਠਾ ਲੱਗਾ ਹੈ। ਕਰੇ ਸਾਬਾਸਿ=ਸ਼ਾਬਾਸ਼ ਆਖਦਾ ਹੈ।

ਅਰਥ - ਹੇ ਮੇਰੇ ਸਿੱਖੋ, ਹੇ ਮੇਰੇ ਪੁੱਤਰੋ, ਹੇ ਮੇਰੇ ਭਰਾਵੋ, ਸੁਣੋ 'ਮੇਰੇ ਅਕਾਲ ਪੁਰਖ ਨੂੰ ਇਹ ਚੰਗਾ ਲੱਗਾ ਹੈ ਅਤੇ ਮੈਨੂੰ ਉਸ ਨੇ ਹੁਕਮ ਕੀਤਾ ਹੈ - 'ਮੇਰੇ ਪਾਸ ਆਉ।' ਅਕਾਲ ਪੁਰਖ ਦੀ ਰਜ਼ਾ ਗੁਰੂ ਨੂੰ ਮਿੱਠੀ ਲੱਗੀ ਹੈ, ਮੇਰਾ ਪ੍ਰਭੂ ਮੈਨੂੰ ਸ਼ਾਬਾਸ਼ ਦੇ ਰਿਹਾ ਹੈ।

*ਭਗਤੁ ਸਤਿਗੁਰੁ ਪੁਰਖੁ ਸੋਈ ਜਿਸੁ ਹਰਿ ਪ੍ਰਭ ਭਾਣਾ ਭਾਵਏ॥*
*ਆਨੰਦ ਅਨਹਦ ਵਜਹਿ ਵਾਜੇ ਹਰਿ ਆਪਿ ਗਲਿ ਮੇਲਾਵਏ॥*

(ਪੰਨਾ ੯੨੩)

ਪਦ ਅਰਥ - ਜਿਸ ਭਾਵਏ, ਜਿਸ ਨੂੰ ਮਿੱਠਾ ਲੱਗਦਾ ਹੈ। ਪ੍ਰਭ ਭਾਣਾ=ਪ੍ਰਭੂ ਦਾ ਭਾਣਾ। ਆਨੰਦ ਵਾਜੇ=ਅਨੰਦ ਦੇ ਵਾਜੇ। ਅਨਹਦ=ਇਕਰਸ ਲਗਾਤਾਰ, ਯੋਗੀ ਮੰਨਦੇ ਹਨ ਕਿ ਪ੍ਰਾਣਾਯਾਮ ਧਾਰਨ ਕਰਨ ਨਾਲ ਅਨਾਹਤ ਵੇਧਨ ਤੋਂ ਦਸਵੇਂ ਦਵਾਰ ਵਿੱਚ ਪੰਚ ਸ਼ਬਦ (ਸੰਖ, ਮ੍ਰਿਦੰਗ, ਕਿੰਗਰੀ, ਮੁਰਲੀ ਤੇ ਵੀਣਾ) ਸੁਣਾਈ ਦਿੰਦੇ ਹਨ। ਇਹਨਾਂ ਆਵਾਜ਼ਾਂ (ਸੁਰਾਂ) ਨੂੰ ਹੀ ਉਹ ਅਨਹਦ ਸ਼ਬਦ ਦਾ ਨਾਮ ਦਿੰਦੇ ਹਨ ਅਤੇ ਉਹਨਾਂ ਦਾ ਵਿਸ਼ਵਾਸ ਹੈ ਕਿ ਜਦ ਅਨਹਦ ਸ਼ਬਦ ਦਾ ਰਸ ਆਉਂਦਾ ਹੈ ਤਦ ਮਨ ਤੇ ਤਰੰਗ ਸ਼ਾਂਤ ਹੋ ਜਾਂਦੇ ਹਨ। ਗੁਰਮਤਿ ਦਰਸ਼ਨ ਅਨੁਸਾਰ 'ਅਨਹਦ ਸ਼ਬਦ' ਦਾ ਭਾਵ ਹੈ ਗੁਰਸਿੱਖ ਦਾ ਵਾਹਿਗੁਰੂ ਦੇ ਚਰਨਾਂ ਵਿੱਚ ਲਗਾਤਾਰ ਜੁੜੇ ਰਹਿਣਾ। ਗੁਰਮਤਿ ਅਭਿਆਸੀ ਜਦੋਂ 'ਸ਼ਬਦ' ਵਿਚ ਆਪਣੀ 'ਸੁਰਤ' ਨੂੰ ਜੋੜਦੇ ਹਨ ਤਾਂ ਉਹਨਾਂ ਦੇ ਮਨ ਵਿਚੋਂ ਕਾਮਨਾਵਾਂ ਖਤਮ ਹੋ ਜਾਂਦੀਆਂ ਹਨ ਅਤੇ ਉਹਨਾਂ ਦੀ ਇਕਰਸ, ਲਗਾਤਾਰ ਲਿਵ ਪ੍ਰਭੂ ਚਰਨਾਂ ਵਿੱਚ ਲੱਗ ਜਾਂਦੀ ਹੈ। ਉਹਨਾਂ ਨੂੰ ਯੋਗੀਆਂ ਵਾਲੀਆਂ ਪੰਜ ਆਵਾਜ਼ਾਂ ਸੁਣਨ ਦੀ ਲੋੜ ਨਹੀਂ ਰਹਿੰਦੀ। ਯਥਾ-

*ਅਨਹਦ ਸਬਦਿ ਸੁਹਾਵਣੇ ਪਾਈਐ ਗੁਰ ਵੀਚਾਰਿ॥ ੨॥*
*ਅਨਹਦ ਬਾਣੀ ਪਾਈਐ ਤਹ ਹਉਮੈ ਹੋਇ ਬਿਨਾਸੁ॥*

(ਸਿਰੀਰਾਗੁ ਮਹਲਾ ੧, ਪੰਨਾ ੨੧)

ਅਰਥ- ਅਕਾਲ ਪੁਰਖ ਦੀ ਰਜ਼ਾ ਗੁਰੂ ਨੂੰ ਮਿੱਠੀ ਲੱਗੀ ਹੈ, ਮੇਰਾ ਪ੍ਰਭੂ ਮੈਨੂੰ ਸ਼ਾਬਾਸ਼ ਦੇ ਰਿਹਾ ਹੈ। ਉਹੀ (ਮਨੁੱਖ) ਭਗਤ ਹੈ, ਪੂਰਾ ਗੁਰੂ ਹੈ ਜਿਸ ਨੂੰ ਰੱਬ ਦਾ ਭਾਣਾ ਮਿੱਠਾ ਲੱਗਦਾ ਹੈ। ਉਸਦੇ

ਅੰਦਰ ਆਨੰਦ ਦੇ ਵਾਜੇ ਇਕਰਸ ਵੱਜਦੇ ਹਨ, ਅਕਾਲ ਪੁਰਖ ਉਸ ਨੂੰ ਆਪ ਆਪਣੇ ਗਲ ਲਾਉਂਦਾ ਹੈ।

ਤੁਸੀ ਪੁਤ ਭਾਈ ਪਰਵਾਰੁ ਮੇਰਾ
ਮਨਿ ਵੇਖਹੁ ਕਰਿ ਨਿਰਜਾਸਿ ਜੀਉ॥
ਧੁਰਿ ਲਿਖਿਆ ਪਰਵਾਣਾ ਫਿਰੈ ਨਾਹੀ
ਗੁਰੁ ਜਾਇ ਹਰਿ ਪ੍ਰਭ ਪਾਸਿ ਜੀਉ॥ ੩॥

ਪਦ ਅਰਥ - ਮਨਿ=ਮਨ ਵਿਚ। ਕਰਿ ਨਿਰਜਾਸਿ=ਨਿਰਣਾ ਕਰਕੇ। ਧੁਰਿ=ਧੁਰੋਂ, ਰੱਬ ਵੱਲੋਂ। ਪਰਵਾਣਾ=ਹੁਕਮ। ਫਿਰੈ ਨਾਹੀ=ਮੋੜਿਆ ਨਹੀ ਜਾ ਸਕਦਾ।

ਅਰਥ - ਤੁਸੀਂ ਮੇਰੇ ਪੁਤਰ ਹੋ, ਮੇਰੇ ਭਰਾ ਹੋ, ਮੇਰਾ ਪਰਵਾਰ ਹੋ, ਮਨ ਵਿੱਚ ਕਿਆਸ ਕਰ ਕੇ ਵੇਖੋ ਕਿ ਧੁਰੋਂ ਲਿਖਿਆ ਹੋਇਆ ਹੁਕਮ ਕਦੇ ਟਲ ਨਹੀਂ ਸਕਦਾ। ਇਸ ਲਈ ਹੁਣ ਗੁਰੂ ਅਕਾਲ ਪੁਰਖ ਦੇ ਕੋਲ ਜਾ ਰਿਹਾ ਹਾਂ। ੩।

ਸਤਿਗੁਰਿ ਭਾਣੈ ਆਪਣੈ ਬਹਿ ਪਰਵਾਰੁ ਸਦਾਇਆ॥
ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ॥

ਪਦ ਅਰਥ - ਸਤਿਗੁਰਿ=ਸਤਿਗੁਰੂ ਨੇ। ਭਾਣੈ ਆਪਣੇ=ਆਪਣੇ ਭਾਣੇ ਵਿਚ, ਆਪਣੀ ਮਰਜ਼ੀ ਨਾਲ। ਬਹਿ=ਬੈਠ ਕੇ। ਮੈਂ ਪਿਛੈ=ਮੇਰੇ ਪਿਛੋਂ।

ਅਰਥ - ਸਤਿਗੁਰੂ ਅਮਰਦਾਸ ਜੀ ਨੇ ਸਾਰੇ ਪ੍ਰਵਾਰ ਨੂੰ ਬੁਲਾਇਆ ਅਤੇ ਉਪਦੇਸ਼ ਕੀਤਾ ਕਿ ਮੇਰੇ ਪਿਛੋਂ ਕੋਈ ਨਾ ਰੋਵੇ, ਕਿਉਂਕਿ ਰੋਣ ਵਾਲਾ ਮੈਨੂੰ ਉੱਕਾ ਹੀ ਚੰਗਾ ਨਹੀਂ ਲੱਗਦਾ।

ਮਿਤੁ ਪੈਝੈ ਮਿਤੁ ਬਿਗਸੈ ਜਿਸੁ ਮਿਤ ਕੀ ਪੈਜ ਭਾਵਏ॥
ਤੁਸੀ ਵੀਚਾਰਿ ਦੇਖਹੁ ਪੁਤ ਭਾਈ ਹਰਿ ਸਤਿਗੁਰੂ ਪੈਨਾਵਏ॥

ਪਦ ਅਰਥ - ਪੈਝੈ=ਮਾਣ ਪਾਉਂਦਾ ਹੈ। ਬਿਗਸੈ=ਖਿੜਦਾ ਹੈ, ਖੁਸ਼ ਹੁੰਦਾ ਹੈ। ਜਿਸੁ=ਜਿਸ ਮਨੁੱਖ ਨੂੰ। ਪੈਜ=ਲਾਜ, ਇਜ਼ਤ, ਵਡਿਆਈ। ਭਾਵਏ=ਭਾਉਂਦੀ ਹੈ, ਚੰਗੀ ਲੱਗਦੀ ਹੈ। ਵੀਚਾਰਿ=ਵੀਚਾਰ ਕੇ। ਪੁਤ ਭਾਈ=ਹੇ ਮੇਰੇ ਪੁਤਰੋ ਤੇ ਭਰਾਵੋ। ਸਤਿਗੁਰੂ=ਗੁਰੂ ਨੂੰ। ਪੈਨਾਵਏ=ਸਿਰੋਪਾ ਦੇ ਰਿਹਾ ਹੈ, ਆਦਰ ਦੇ ਰਿਹਾ ਹੈ।

ਅਰਥ - ਜੇਕਰ ਤੁਸੀਂ ਮੈਨੂੰ ਮਿਲ ਰਹੇ ਮਾਣ ਵਿੱਚ ਖੁਸ਼ੀ ਮਹਿਸੂਸ ਕਰਦੇ ਹੋ, ਤਾਂ ਤੁਸੀਂ ਵੀ ਖੁਸ਼ ਹੋਵੋ, ਕਿਉਂਕਿ ਜਿਸ ਮਨੁੱਖ ਨੂੰ ਆਪਣੇ ਮਿੱਤਰ ਦੀ ਵਡਿਆਈ ਹੁੰਦੀ ਚੰਗੀ ਲੱਗਦੀ ਹੈ ਉਹ ਖੁਸ਼ ਹੁੰਦਾ ਹੈ। ਤੁਸੀਂ ਵੀ ਹੇ ਮੇਰੇ ਪੁੱਤਰੋ ਤੇ ਭਰਾਵੋ ! ਹੁਣ ਵੀਚਾਰ ਕਰ ਕੇ ਵੇਖ ਲਵੋ ਕਿ ਅਕਾਲ ਪੁਰਖ ਗੁਰੂ ਨੂੰ ਆਦਰ ਦੇ ਰਿਹਾ ਹੈ, ਇਸ ਵਾਸਤੇ ਜੇਕਰ ਤੁਸੀਂ ਮੇਰੇ ਸੱਚੇ ਪੁੱਤਰ ਹੋ, ਤਾਂ ਖੁਸ਼ ਹੋਵੋ।

ਸਤਿਗੁਰੂ ਪਰਤਖਿ ਹੋਦੈ ਬਹਿ ਰਾਜੁ ਆਪਿ ਟਿਕਾਇਆ॥

*ਸਭਿ ਸਿਖ ਬੰਧਪ ਪੁਤ ਭਾਈ ਰਾਮਦਾਸ ਪੈਰੀ ਪਾਇਆ॥ ੪॥*

ਪਦ ਅਰਥ - ਪਰਤਖਿ ਹੋਦੈ=ਪਰਤੱਖ ਹੁੰਦਿਆਂ, ਇਸ ਸਰੀਰ ਵਿੱਚ ਹੁੰਦਿਆਂ ਹੀ। ਰਾਜੁ= ਗੁਰਿਆਈ ਦਾ ਰਾਜ, ਗੁਰਿਆਈ ਦੀ ਗੱਦੀ। ਟਿਕਾਇਆ=ਥਾਪ ਦਿੱਤਾ। ਬੰਧਪ=ਅੰਗ ਸਾਕ। ਰਾਮਦਾਸ ਪੈਰੀਂ=ਗੁਰੂ ਰਾਮਦਾਸ ਜੀ ਦੇ ਪੈਰਾਂ ਉੱਤੇ।

ਅਰਥ - ਇਹ ਉਪਦੇਸ਼ ਦੇ ਕੇ, ਫਿਰ ਗੁਰੂ ਅਮਰਦਾਸ ਜੀ ਨੇ ਸਰੀਰਕ ਜਾਮੇ ਵਿੱਚ ਹੁੰਦਿਆਂ ਹੀ ਆਪ ਗੁਰਿਆਈ ਦੀ ਗੱਦੀ ਭੀ ਥਾਪ ਦਿੱਤੀ (ਭਾਵ ਗੁਰੂ ਰਾਮਦਾਸ ਜੀ ਨੂੰ ਗੁਰੂ ਥਾਪ ਦਿੱਤਾ) ਅਤੇ ਸਾਰੇ ਸਿੱਖਾਂ, ਸਾਕ ਸਬੰਧੀਆਂ, ਪੁੱਤਰਾਂ ਤੇ ਸਾਰੇ ਭਾਈਚਾਰੇ ਨੂੰ ਗੁਰੂ ਰਾਮਦਾਸ ਜੀ ਦੀ ਚਰਨੀਂ ਲਾ ਦਿੱਤਾ। ੪।

*ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ॥*
*ਕੇਸੋ ਗੋਪਾਲ ਪੰਡਿਤ ਸਦਿਅਹੁ ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ॥*

(ਪੰਨਾ ੯੨੩)

ਪਦ ਅਰਥ- ਅੰਤੇ=ਅੰਤ ਸਮੇਂ, ਜੋਤੀ ਜੋਤ ਸਮਾਉਣ ਵੇਲੇ। ਨਿਰਬਾਣੁ ਕੀਰਤਨ=ਨਿਰੋਲ ਕੀਰਤਨ। ਕਰਿਅਹੁ=ਤੁਸੀਂ ਕਰਿਓ। ਕੇਸੋ=ਲੰਮੇ ਕੇਸਾਂ ਵਾਲਾ। ਗੋਪਾਲ=ਸ੍ਰਿਸ਼ਟੀ ਦਾ ਮਾਲਕ। ਕੇਸੋ ਗੋਪਾਲ=ਲੰਮੇ ਕੇਸਾਂ ਵਾਲਾ ਜੋ ਸ੍ਰਿਸ਼ਟੀ ਨੂੰ ਪਾਲ ਰਿਹਾ ਹੈ, ਭਾਵ ਵਾਹਿਗੁਰੂ। ਗੁਰਬਾਣੀ ਵਿੱਚ ਕਈ ਹੋਰ ਪ੍ਰਮਾਣ ਮਿਲਦੇ ਹਨ, ਜਿਥੇ ਕੇਸੋ ਤੇ ਗੋਪਾਲ ਲਫ਼ਜ਼ ਵਾਹਿਗੁਰੂ ਲਈ ਵਰਤੇ ਗਏ ਹਨ, ਜਿਵੇਂ-

*ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ॥*

(ਸਲੋਕ ਕਬੀਰ ਸਾਹਿਬ, ਪੰਨਾ ੧੩੭੬)

*ਕੇਸਵ ਕਲੇਸ ਨਾਸ ਅਘ ਖੰਡਨ ਨਾਨਕ ਜੀਵਤ ਦਰਸ ਦਿਸੇ॥*

(ਬਿਲਾਵਲੁ ਮਹਲਾ ੫, ਪੰਨਾ ੮੨੯)

*ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ॥*

(ਆਸਾ ਮਹਲਾ ੧, ਪੰਨਾ ੩੫੮)

*ਗੋਪਾਲ ਗੁਣ ਨਿਧਿ ਸਦਾ ਸੰਗੇ ਸਰਬ ਗੁਣ ਜਗਦੀਸਰੈ॥*

(ਮਲਾਰ ਛੰਤ ਮਹਲਾ ੫, ਪੰਨਾ ੧੨੭੮)

*ਗੋਪਾਲ ਦਰਸ ਭੇਟੰ ਸਫਲ ਨਾਨਕ ਸੋ ਮਹੂਰਤਹ॥*

(ਵਾਰ ਜੈਤਸਰੀ ਮਹਲਾ ੫, ਪੰਨਾ ੭੦੯)

### ਪੰਡਿਤ-ਗੁਰਸਿਖ :

ਇਥੇ 'ਪੰਡਿਤ' ਬਹੁਵਚਨ ਦੇ ਰੂਪ ਵਿੱਚ ਵਰਤਿਆ ਗਿਆ ਹੈ, ਕਿਉਂਕਿ 'ਤ' ਮੁਕਤਾ ਹੈ। ਜੇਕਰ ਇਥੇ ਇਕ ਪੰਡਿਤ ਵਲ ਇਸ਼ਾਰਾ ਹੁੰਦਾ ਤਾਂ (ਗੁਰਬਾਣੀ ਵਿਆਕਰਣ ਦੇ ਨੇਮ ਅਨੁਸਾਰ)

'ਤਾ ਨੂੰ ਔਂਕੜ ਹੁੰਦਾ। ਸੋ ਇਥੇ ਪੰਡਿਤ ਲਫ਼ਜ਼ ਉਸ ਅਚਾਰਜ ਪ੍ਰਤੀ ਨਹੀਂ ਵਰਤਿਆ ਗਿਆ ਜੋ ਕਿਰਿਆ-ਕਰਮ ਕਰਾਉਂਦਾ ਹੈ, ਸਗੋਂ ਬਹੁਤੇ ਪੰਡਿਤਾਂ ਭਾਵ ਗੁਰਸਿੱਖਾਂ ਪ੍ਰਤੀ ਆਇਆ ਹੈ।

ਹਿੰਦੂਆਂ ਵਿੱਚ ਪੰਡਿਤ ਉਸ ਨੂੰ ਆਖਿਆ ਜਾਂਦਾ ਹੈ, ਜੋ ਛੇ ਸ਼ਾਸ਼ਤਰਾਂ ਦਾ ਵੇਤਾ ਹੋਵੇ, ਸਿੰਮ੍ਰਤੀਆਂ ਅਤੇ ਪੁਰਾਣਾਂ ਦਾ ਅਧਿਐਨ ਕਰ ਚੁੱਕਾ ਹੋਵੇ ਅਤੇ ਵੇਦਾਂ ਦਾ ਗਿਆਤਾ ਹੋਵੇ। ਪਰ ਗੁਰਮਤਿ ਵਿੱਚ ਜੋ ਪੰਡਿਤ ਪ੍ਰਵਾਨ ਹਨ ਉਹਨਾਂ ਨੂੰ ਉਪਰੋਕਤ ਪੁਸਤਕ ਦਾ ਗਿਆਨ ਹਾਸਲ ਕਰਨਾ ਨਹੀਂ ਪੈਂਦਾ, ਸਗੋਂ ਅਕਾਲ ਪੁਰਖ ਦਾ ਅਨੁਭਵੀ ਗਿਆਨ ਪ੍ਰਾਪਤ ਕਰਨਾ ਪੈਂਦਾ ਹੈ। ਗੁਰਮਤਿ ਦੇ ਪੰਡਿਤ (ਸਿੱਖ) ਵਾਹਿਗੁਰੂ ਦੇ ਚਰਨਾਂ ਵਿੱਚ ਜੁੜੇ ਰਹਿੰਦੇ ਹਨ। ਇਹਨਾਂ ਵੀਚਾਰਾਂ ਦੀ ਪ੍ਰੋੜ੍ਹਤਾ ਹੇਠ ਲਿਖੇ ਗੁਰਵਾਕਾਂ ਤੋਂ ਭਲੀ ਭਾਂਤ ਹੋ ਜਾਵੇਗੀ :

*ਸੋ ਪੰਡਿਤੁ ਜੋ ਮਨੁ ਪਰਬੋਧੈ॥ ਰਾਮ ਨਾਮੁ ਆਤਮ ਮਹਿ ਸੋਧੈ॥* (ਪੰਨਾ 274)

*ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ॥*
*ਅੰਦਰੁ ਖੋਜੈ ਤਤੁ ਲਹੈ ਪਾਏ ਮੋਖ ਦੁਆਰੁ॥*
(ਵਾਰ ਸੋਰਠਿ ਮਹਲਾ ੩, ਪੰਨਾ ੬੫੦)

*ਸੋ ਪੜਿਆ ਸੋ ਪੰਡਿਤੁ ਬੀਨਾ ਜਿਨੀ ਕਮਾਣਾ ਨਾਉ॥*
*ਪਹਿਲੋ ਦੇ ਜੜ ਅੰਦਰਿ ਜੰਮੈ ਤਾਂ ਉਪਰਿ ਹੋਵੈ ਛਾਂਉ॥*
(ਵਾਰ ਮਲਾਰ ਮਹਲਾ ੧, ਪੰਨਾ ੧੨੮੮)

ਉਪਰਲੇ ਪ੍ਰਮਾਣਾਂ ਤੋਂ ਸਪੱਸ਼ਟ ਭਾਵ ਇਹ ਹੈ ਕਿ ਗੁਰੂ ਜੀ ਕਰਮ-ਕਾਂਡੀ, ਪੰਡਿਤ ਦਾ ਖੰਡਨ ਕਰਕੇ ਦੱਸਦੇ ਹਨ ਕਿ ਅਸਲੀ ਪੰਡਿਤ ਤਾਂ ਉਹ ਹਨ ਜੋ ਗੁਰਸਿੱਖੀ ਮਾਰਗ ਤੇ ਚੱਲਦੇ ਹਨ, ਨਾਕਿ ਕਰਮ ਕਾਂਡੀ ਪੰਡਿਤ। ਖੰਡਨ ਕਰਨ ਦਾ ਇਹ ਢੰਗ ਗੁਰੂ ਜੀ ਦਾ ਆਪਣਾ ਹੀ ਹੈ।

ਫਿਰ ਸਾਰੀ ਗੁਰਬਾਣੀ, ਵਿਆਕਰਣਿਕ ਨੇਮਾਂ ਅਨੁਸਾਰ ਹੈ। ਜਿਥੇ ਕਿਤੇ ਵੀ 'ਪੰਡਿਤ' ਬਹੁਵਚਨ ਰੂਪ ਵਿੱਚ ਵਰਤਿਆ ਹੈ, ਉਥੇ 'ਤ' ਮੁਕਤਾ ਹੈ ਅਤੇ ਇਕ ਵਚਨ ਰੂਪ ਵਿਚ 'ਪੰਡਿਤੁ' ਦੇ 'ਤ' ਨੂੰ ਔਂਕੜ ਹੈ। ਜਿਵੇਂ ਕਰਤਾ ਕਾਰਕ, Singular form (ਇਕ ਵਚਨ) :

*ਪੜਿ ਪੜਿ 'ਪੰਡਿਤੁ' ਬਾਦੁ ਵਖਾਣੈ॥*
*ਭੀਤਰਿ ਹੋਦੀ ਵਸਤੁ ਨ ਜਾਣੈ॥*
(ਗਉੜੀ ਮਹਲਾ ੧, ਪੰਨਾ ੧੫੨)

*ਮਾਇਆ ਕਾ ਮੁਹਤਾਜੁ 'ਪੰਡਿਤੁ' ਕਹਾਵੈ॥*
(ਗਉੜੀ ਮਹਲਾ ੩, ਪੰਨਾ ੨੩੧)

*'ਪੰਡਿਤੁ' ਹੋਇ ਕੈ ਬੇਦੁ ਬਖਾਨੈ॥*
*ਮੂਰਖੁ ਨਾਮਦੇਉ ਰਾਮਹਿ ਜਾਨੈ॥ ੨॥ ੧॥*
(ਟੋਡੀ ਨਾਮਦੇਉ ਜੀ, ਪੰਨਾ ੭੧੮)

ਪੜਿ 'ਪੰਡਿਤੁ' ਅਵਰਾ ਸਮਝਾਏ॥
ਘਰ ਜਲਤੇ ਕੀ ਖਬਰਿ ਨ ਪਾਏ॥
ਬਿਨੁ ਸਤਿਗੁਰ ਸੇਵੈ ਨਾਮੁ ਨ ਪਾਈਐ
ਪੜਿ ਥਾਕੇ ਸਾਂਤਿ ਨ ਆਈ ਹੇ॥ ੫॥

(ਮਾਰੂ ਮਹਲਾ ੩, ਪੰਨਾ ੧੦੪੬)

ਨਾਉ ਫਕੀਰੈ ਪਾਤਿਸਾਹੁ ਮੂਰਖ 'ਪੰਡਿਤੁ' ਨਾਉ॥
ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ॥

(ਸਲੋਕ ਮ: ੨, ਪੰਨਾ ੧੨੮੮)

ਕਰਤਾ ਕਾਰਕ Plural form (ਬਹੁਵਚਨ) :

'ਪੰਡਿਤ' ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ॥

(ਸਿਰੀਰਾਗੁ ਮਹਲਾ ੧, ਪੰਨਾ ੫੬)

ਪੜਿ ਪੜਿ 'ਪੰਡਿਤ' ਮੋਨੀ ਥਕੇ ਦੂਜੈ ਭਾਇ ਪਤਿ ਖੋਈ॥

(ਸਿਰੀਰਾਗੁ ਮਹਲਾ ੫, ਪੰਨਾ ੭੦)

ਮੂਰਖ 'ਪੰਡਿਤ' ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ॥

(ਆਸਾ ਕੀ ਵਾਰ, ਪੰਨਾ ੪੬੯)

'ਪੰਡਿਤ' ਭੂਲੇ ਦੂਜੇ ਲਾਗੇ ਮਾਇਆ ਕੈ ਵਾਪਾਰਿ॥

(ਸੋਰਠਿ ਕੀ ਵਾਰ ਮ: ੩, ਪੰਨਾ ੬੪੭)

ਬੇਦ ਪੜੇ ਪੜਿ 'ਪੰਡਿਤ' ਮੂਏ ਰੂਪੁ ਦੇਖਿ ਦੇਖਿ ਨਾਰੀ॥ ੩॥

(ਸੋਰਠਿ ਕਬੀਰ ਜੀ, ਪੰਨਾ ੬੫੪)

ਬਾਹਰਹੁ 'ਪੰਡਿਤ' ਸਦਾਦੇ ਮਨਹੁ ਮੂਰਖ ਗਾਵਾਰ॥

(ਮਾਰੂ ਮ: ੩, ਪੰਨਾ ੧੦੯੧)

ਸੋ ਸਪੱਸ਼ਟ ਹੈ ਕਿ ਇਥੇ ਜੋ 'ਪੰਡਿਤ' ਲਫ਼ਜ ਆਇਆ ਹੈ ਉਸਦਾ ਅਰਥ ਹੈ - ਬਹੁਤੇ ਪੰਡਿਤ ਭਾਵ ਗੁਰਸਿੱਖ। ਹਿੰਦੂ ਮੱਤ ਦੀ ਪ੍ਰਚੱਲਤ ਮਰਿਆਦਾ ਅਨੁਸਾਰ ਕੇਵਲ ਇਕੋ ਹੀ ਆਚਾਰਜੀ ਸਾਰੀ ਕਿਰਿਆ ਲਈ ਹੁੰਦਾ ਹੈ, ਪਰ ਇਥੇ ਤਾਂ ਗੁਰੂ ਸਾਹਿਬ ਨੇ ਬਹੁਤੇ ਪੰਡਿਤਾਂ ਨੂੰ ਕਿਹਾ ਹੈ, ਸੋ ਸਪੱਸ਼ਟ ਹੋਇਆ ਕਿ ਗੁਰੂ ਸਾਹਿਬ ਦਾ ਇਸ਼ਾਰਾ ਗੁਰਸਿੱਖਾਂ ਵੱਲ ਸੀ।

ਨੋਟ: ਸ਼ਬਦ 'ਪੰਡਿਤ' ਸੰਬੰਧੀ ਇੱਕ ਗੱਲ ਹੋਰ ਭੀ ਚੇਤੇ ਰੱਖਣ ਵਾਲੀ ਹੈ। ਹਿੰਦੂ ਮੱਤ ਅਨੁਸਾਰ ਹਰੇਕ ਹਿੰਦੂ ਨੂੰ 'ਪੰਡਿਤ' ਦੀ ਲੋੜ ਸਾਰੀ ਜ਼ਿੰਦਗੀ ਵਿੱਚ ਦੋ ਵਾਰੀ ਪੈਂਦੀ ਹੈ, ਵਿਆਹ ਵੇਲੇ, ਅਤੇ ਮਰਨ ਪਿਛੋਂ 'ਕਿਰਿਆ' ਆਦਿਕ ਵੇਲੇ। ਕਈ ਅਮੀਰ ਲੋਕ ਬਾਲਕ ਜਨਮ ਤੇ ਭੀ 'ਪੰਡਿਤ' ਪਾਸੋਂ ਜਨਮ-ਪੱਤ੍ਰੀ ਆਦਿਕ ਬਣਵਾਂਦੇ ਹਨ, ਪਰ ਇਸ ਤੋਂ ਬਿਨਾਂ ਭੀ ਕੰਮ ਸਰ ਸਕਦਾ

ਹੈ, ਵਿਆਹ ਅਤੇ ਮਰਨਾ 'ਪੰਡਿਤ' ਤੋਂ ਬਿਨਾਂ ਨਹੀਂ ਹੋ ਸਕਦਾ।

ਹਿੰਦੂ ਮੱਤ ਨੂੰ ਲੈ ਕੇ, ਸਤਿਗੁਰੂ ਜੀ ਨੇ ਭੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਆਪਣੇ ਅਕਾਲ ਪੁਰਖ ਦੇ ਪੰਡਿਤਾਂ (ਭਾਵ, ਗੁਰਮੁਖ ਸਤਸੰਗੀਆਂ) ਦਾ ਵਿਚੋਲਾ-ਪਨ 'ਦੱਸਿਆ ਹੈ। ਮਰਨ ਵੇਲੇ ਦਾ ਜ਼ਿਕਰ ਤਾਂ ਇਸ ਸਦ ਵਿੱਚ ਆ ਗਿਆ ਹੈ। 'ਆਤਮਕ ਵਿਆਹ' ਦਾ ਜ਼ਿਕਰ ਭੀ ਇਸੇ ਤਰ੍ਹਾਂ ਇਉਂ ਮਿਲਦਾ ਹੈ :

*"ਆਇਆ ਲਗਨੁ ਗਣਾਇ*
*ਹਿਰਦੈ ਧਨ ਓਮਾਹੀਆ ਬਲਿ ਰਾਮ ਜੀਉ॥*
*ਪੰਡਿਤ ਪਾਧੇ ਆਣਿ ਪਤੀ*
*ਬਹਿ ਵਾਚਾਈਆ ਬਲਿ ਰਾਮ ਜੀਉ॥*
*ਪਤੀ ਵਾਚਾਈ ਮਨਿ ਵਜੀ ਵਧਾਈ*
*ਜਬ ਸਾਜਨ ਸੁਣੇ ਘਰਿ ਆਏ॥*
*ਗੁਣੀ ਗਿਆਨੀ ਬਹਿ ਮਤਾ ਪਕਾਇਆ*
*ਫੇਰੇ ਤਤੁ ਦਿਵਾਏ॥*
*ਵਰੁ ਪਾਇਆ ਪੁਰਖੁ ਅਗੰਮੁ ਅਗੋਚਰੁ*
*ਸਦ ਨਵਤਨੁ ਬਾਲ ਸਖਾਈ॥*
*ਨਾਨਕ ਕਿਰਪਾ ਕਰਿ ਕੈ ਮੇਲੇ*
*ਵਿਛੁੜਿ ਕਦੇ ਨ ਜਾਈ॥ ੪॥ ੧॥*

(ਸੂਹੀ, ਮ: ੪, ਛੰਤੁ ਘਰੁ ੧, ਪੰਨਾ ੭੭੩)

ਇਥੇ ਪਰਤੱਖ ਤੌਰ ਤੇ 'ਪੰਡਿਤ' ਤੋਂ ਭਾਵ 'ਗੁਰਮੁਖਿ ਜਨ' ਹੈ। ਬੱਸ ! ਸਾਰੀ ਬਾਣੀ ਵਿੱਚ ਕੇਵਲ ਇਨ੍ਹੀਂ ਦੋਹੀਂ ਥਾਈਂ 'ਰੱਬੀ ਪੰਡਿਤਾਂ' ਦਾ ਜ਼ਿਕਰ ਆਇਆ ਹੈ।

## *ਪੜਹਿ :*

ਪੜਹਿ=ਪੜ੍ਹਦੇ ਹਨ, ਇਹ ਕਿਰਿਆ 'ਬਹੁ ਵਚਨ' ਹੈ, ਇਸ ਦਾ ਇਕ ਵਚਨ 'ਪੜੈ' ਹੈ। ਇਸ ਲਈ ਹੋਰ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਇਥੇ ਕਿਸੇ ਇਕ 'ਪੰਡਿਤ' ਵੱਲ ਇਸ਼ਾਰਾ ਨਹੀਂ ਹੈ, ਕਈ ਪੰਡਿਤਾਂ ਨੂੰ ਸੱਦਣ ਦਾ ਹੁਕਮ ਹੈ, ਜੋ ਆ ਕੇ 'ਹਰਿ ਕਥਾ' – 'ਹਰੀ ਦੇ ਗੁਣ' ਅਤੇ ਹਰੀ ਨਾਮ ਰੂਪੀ ਪੁਰਾਣ ਪੜ੍ਹਨ।

ਹਰਿ ਹਰਿ=ਅਕਾਲ ਪੁਰਖ ਦੀ ਸਿਫਤ ਸਲਾਹ ਵਾਲੇ ਪੁਰਾਣ ਦੀ ਕਥਾ। (ਕਈ ਗਿਆਨ 'ਹਰਿ ਹਰਿ' ਦੇ ਗਲਤ ਅਰਥ ਕਰਦੇ ਹਨ, ਪਹਿਲਾ ਹਰਿ=ਵਿਸ਼ਨੂੰ ਅਤੇ ਦੂਜਾ ਹਰਿ=ਗਰੁੜ)।

ਪਰ ਉਹਨਾਂ ਨੂੰ ਇਹ ਸਮਝ ਨਹੀਂ ਆਈ ਕਿ ਅਗਲੀ ਤੁਕ ਵਿੱਚ ਸਤਿਗੁਰ ਜੀ ਫਿਰ ਕਹਿ

ਰਹੇ ਹਨ ਕਿ ਹਰਿ ਕਥਾ ਪੜ੍ਹੋ, ਭਾਵ ਵਾਹਿਗੁਰੂ ਦੀ ਸਿਫਤ-ਸਾਲਾਹ ਸੁਣੋ:

*ਹਰਿ ਕਥਾ ਪੜੀਐ ਹਰਿ ਨਾਮੁ ਸੁਣੀਐ*

ਅਰਥ—ਜੋਤੀ-ਜੋਤਿ ਸਮਾਉਣ ਵੇਲੇ ਗੁਰੂ ਅਮਰਦਾਸ ਜੀ ਨੇ ਆਖਿਆ, ਹੇ ਭਾਈ! ਮੇਰੇ ਪਿਛੋਂ ਨਿਰੋਲ ਕੀਰਤਨ ਕਰਿਓ, ਕੇਸੋ ਗੋਪਾਲ (ਅਕਾਲ ਪੁਰਖ) ਦੇ ਪੰਡਿਤਾਂ ਨੂੰ, ਭਾਵ ਗੁਰਸਿੱਖਾਂ ਨੂੰ, ਸੱਦਾ ਘੱਲਿਓ, ਜੋ ਆ ਕੇ ਅਕਾਲ ਪੁਰਖ ਦੀ ਕਥਾ ਦੀ ਵਾਰਤਾ ਕਰਨ ਅਤੇ ਸਿਫਤ ਸਾਲਾਹ ਰੂਪੀ ਪੁਰਾਣ ਪੜ੍ਹਨ। ਚੇਤਾ ਰੱਖਿਓ। ਮੇਰੇ ਵਾਸਤੇ ਅਕਾਲ ਪੁਰਖ ਦਾ ਸਿਮਰਨ ਸਿਫ਼ਤ ਸਾਲਾਹ ਕਰਨਾ ਹੀ ਪੁਰਾਣ ਦੀ ਕਥਾ ਹੈ।

*ਹਰਿ ਕਥਾ ਪੜੀਐ ਹਰਿ ਨਾਮੁ ਸੁਣੀਐ*
*ਬੇਬਾਣੁ ਹਰਿ ਰੰਗੁ ਗੁਰ ਭਾਵਏ॥*
*ਪਿੰਡੁ ਪਤਲਿ ਕਿਰਿਆ ਦੀਵਾ ਫੁਲ ਹਰਿ ਸਰਿ ਪਾਵਏ॥* (ਪੰਨਾ ੯੨੩)

ਪਦ ਅਰਥ - ਬੇਬਾਣ=ਵੱਡਾ ਕਰਨਾ (ਹਿੰਦੂ ਰੀਤੀ ਅਨੁਸਾਰ ਪੜਪੋਤੇ ਵਾਲਾ ਹੋ ਕੇ ਪ੍ਰਾਣੀ ਮਰੇ ਤਾਂ ਵੱਡਾ ਕਰਦੇ ਹਨ। ਮ੍ਰਿਤਕ ਨੂੰ ਫੱਟੇ ਉਪਰ ਲਿਟਾਇਆ ਜਾਂਦਾ ਹੈ। ਚੌਖਟੇ ਉਪਰ ਝੰਡੀਆਂ ਆਦਿ ਦੀ ਸਜਾਵਟ ਕੀਤੀ ਜਾਂਦੀ ਹੈ, ਅਤੇ ਪੈਸੇ, ਫੁੱਲ ਮਖਾਣੇ ਆਦਿ ਉਪਰ ਸਿੱਟੇ ਜਾਂਦੇ ਹਨ, ਚੌਰ ਕੀਤਾ ਜਾਂਦਾ ਹੈ ਅਤੇ ਬੈਂਡ ਵਾਜੇ ਵਜਾਏ ਜਾਂਦੇ ਹਨ। ਕਿਉਂਕਿ ਉਸ ਸਮੇਂ ਸਤਿਗੁਰਾਂ ਦੀ ਆਯੂ 95 ਸਾਲ ਦੀ ਸੀ, ਉਹਨਾਂ ਨੇ ਹੁਕਮ ਕੀਤਾ ਕਿ (ਮੈਨੂੰ 'ਵੱਡਾ' ਵੀ ਨਹੀਂ ਕਰਨਾ)। ਹਰਿ ਰੰਗੁ= ਅਕਾਲ ਪੁਰਖ ਦਾ ਪਿਆਰ। ਗੁਰ ਭਾਵਏ=ਗੁਰੂ ਨੂੰ ਚੰਗਾ ਲੱਗਦਾ ਹੈ।

ਪਿੰਡ ਪਤਲਿ ਕਿਰਿਆ ਦੀਵਾ ਫੁਲ ਹਰਿ ਸਰਿ ਪਾਵਏ - ਇਹ ਇਕ (Complete) ਪੂਰਨ ਫ਼ਿਕਰਾ ਹੈ। ਕਈਆਂ ਨੇ 'ਹਰਿ ਸਰਿ' ਦੇ ਅਰਥ ਗੰਗਾ ਨਦੀ ਕੀਤਾ ਹੈ, ਜੋ ਗਲਤ ਹਨ। ਇਥੇ 'ਹਰਿ ਸਰਿ' ਸਤਿ ਸੰਗਤ ਵਾਸਤੇ ਵਰਤਿਆ ਗਿਆ ਹੈ। ਜੇ 'ਹਰਿ ਸਰਿ' ਦਾ ਮਤਲਬ 'ਗੰਗਾ ਨਦੀ' ਲਿਆ ਜਾਵੇ ਤਾਂ ਭਾਵ ਇਹ ਹੋਇਆ ਕਿ ਮੈਂ ਸਾਰੀਆਂ ਚੀਜ਼ਾਂ ਗੰਗਾ ਵਿੱਚ ਪਾਂਦਾ ਹਾਂ, ਭਾਵ, ਕੱਪੜੇ, ਅੰਨ, ਦੀਵਾ ਅਤੇ ਹੋਰ ਚੀਜ਼ਾਂ ਸਭ ਗੰਗਾ ਵਿੱਚ ਪਾਉਂਦਾ ਹਾਂ। ਇਸ ਦਾ ਕੋਈ ਅਰਥ ਨਹੀਂ ਨਿਕਲਦਾ, ਕਿਉਂਕਿ ਹਿੰਦੂ ਵੀ ਕਦੀ ਉਪਰੋਕਤ ਵਸਤਾਂ ਗੰਗਾ ਵਿੱਚ ਨਹੀਂ ਪਾਉਂਦੇ। ਉਹ ਕੇਵਲ ਫੁਲ (ਅਸਥੀਆਂ) ਹੀ ਗੰਗਾ ਵਿੱਚ ਪਾਉਂਦੇ ਹਨ।

ਇਥੇ ਇਹ ਚੀਜ਼ ਧਿਆਨ ਮੰਗਦੀ ਹੈ ਕਿ 'ਕਿਰਿਆ' ਕਿਸੇ ਚੀਜ਼ ਦਾ ਨਾਮ ਨਹੀਂ ਹੈ ਜੋ 'ਹਰਿਦੁਆਰ' ਵਿੱਚ ਪਾਈ ਜਾ ਸਕੇ। ਪਰ ਸਤਿਗੁਰ ਅਮਰਦਾਸ ਜੀ ਇਹਨਾਂ ਸਭਨਾਂ ਨੂੰ 'ਸਤਿਸੰਗਾ ਵਿੱਚ ਪਾਉਂਦੇ ਹਨ, ਭਾਵ ਇਹਨਾਂ ਚੀਜਾਂ ਨੂੰ 'ਸਤਿਸੰਗਤ' ਤੋਂ ਵਾਰਦੇ ਹਨ, ਸਭ ਨਾਲੋਂ ਸਤਿਸੰਗ ਕਰਨ ਨੂੰ ਹੀ ਸਰੇਸ਼ਠ ਸਮਝਦੇ ਹਨ।

### *ਹਰਿਸਰਿ:*

ਇਸਦਾ ਅਰਥ ਹੈ 'ਹਰਿ ਸਰਿ ਵਿੱਚ'।

(ੳ) ਹਿੰਦੂ ਧਰਮ ਦੇ ਗੰਗਾ ਦੇ ਕੰਢੇ ਵਾਲੇ ਤੀਰਥ ਦਾ ਆਮ ਪ੍ਰਸਿੱਧ ਨਾਮ 'ਹਰਿਦੁਆਰ' ਹੈ, ਕਦੇ ਕਿਸੇ ਹਿੰਦੂ ਸੱਜਣ ਦੇ ਮੂੰਹੋਂ ਭੀ ਇਸ ਦਾ ਨਾਮ 'ਹਰਿ ਸਰਿ' ਸੁਣਨ ਵਿੱਚ ਨਹੀਂ ਆਇਆ। ਕੋਸ਼ ਵਿੱਚ ਭੀ ਨਾਮ 'ਹਰਿਦੁਆਰ' ਹੈ, 'ਹਰਿਸਰ' ਨਹੀਂ।

(ਅ) ਲਫ਼ਜ਼ 'ਹਰਿਦੁਆਰ' ਗੁਰਬਾਣੀ ਵਿੱਚ ਕਈ ਥਾਈਂ ਆਇਆ ਹੈ, ਪਰ ਉਸਦਾ ਇਸ਼ਾਰਾ ਹਿੰਦੂ ਤੀਰਥ ਵੱਲ ਕਿਤੇ ਨਹੀਂ ਹੈ, ਉਸ ਦਾ ਅਰਥ ਹੈ 'ਅਕਾਲ ਪੁਰਖ ਦਾ ਦਰ' ਜਿਵੇਂ-

(੧) ਸਤਿ ਬਚਨ ਵਰਤਹਿ 'ਹਰਿ ਦੁਆਰੇ'॥

(ਗੌਂਡ ਅਸਟਪਦੀ ਮ: ੫, ਪੰਨਾ ੮੬੯)

(੨) ਨਾਨਕ ਭਗਤ ਸੋਹਹਿ 'ਹਰਿ ਦੁਆਰ'॥ ੪॥ ੨੩॥ ੩੪॥

(ਰਾਮਕਲੀ ਮ: ੫, ਪੰਨਾ ੮੯੩)

(੩) ਜਿਨ ਪੂਰਾ ਸਤਿਗੁਰੁ ਸੇਵਿਆ ਸੇ ਅਸਥਿਰੁ 'ਹਰਿ ਦੁਆਰਿ'॥

(ਬਿਲਾਵਲੁ ਮ: ੫, ਪੰਨਾ ੮੦੯)

(੪) ਸਰਨਿ ਪਰਿਓ ਨਾਨਕ 'ਹਰਿ ਦੁਆਰੇ'॥ ੪॥ ੪॥

(ਵਡਹੰਸ ਮ: ੫, ਪੰਨਾ ੫੬੩)

(੫) ਨਾਨਕ ਨਾਮਿ ਮਿਲੈ ਵਡਿਆਈ
'ਹਰਿ ਦਰਿ' ਸੋਹਨਿ ਆਗੈ॥ ੨॥

(ਮ: ੩, ਪੰਨਾ ੫੯੦)

(੬) 'ਹਰਿ ਦਰਿ' ਤਿਨ ਕੀ ਊਤਮ ਬਾਤ ਹੈ ਸੰਤਹੁ
ਹਰਿ ਕਥਾ ਜਿਨ ਜਨਹੁ ਜਾਨੀ॥ ਰਹਾਉ॥

(ਧਨਾਸਰੀ ਮ: ੪, ਪੰਨਾ ੬੬੯)

(੭) ਜਿਨ ਜਪਿਆ ਹਰਿ ਤੇ ਮੁਕਤ ਪ੍ਰਾਣੀ
ਤਿਨ ਕੇ ਊਜਲ ਮੁਖ 'ਹਰਿ ਦੁਆਰਿ'॥ ੨॥ ੨੨॥

(ਤੁਖਾਰੀ ਮ: ੪ ਛੰਤ, ਪੰਨਾ ੧੧੧੫)

(ੲ) ਹੁਣ ਆਓ, ਵੇਖੀਏ, ਸ਼ਬਦ 'ਹਰਿ ਸਰ' ਗੁਰਬਾਣੀ ਵਿੱਚ ਕਿਸ ਅਰਥ ਵਿੱਚ ਮਿਲਦਾ ਹੈ-

(੧) ਹਉਮੈ ਮੈਲੁ ਸਭ ਉਤਰੀ ਮੇਰੀ ਜਿੰਦੁੜੀਏ
ਹਰਿ ਅੰਮ੍ਰਿਤਿ 'ਹਰਿ ਸਰਿ' ਨਾਤੇ ਰਾਮ॥

(ਬਿਹਾਗੜਾ ਮ: ੪, ਪੰਨਾ ੫੩੯)

(੨) ਹਰਿ ਚਰਣ ਸਰੋਵਰ 'ਤਹ ਕਰਹੁ ਨਿਵਾਸੁ ਮਨਾ'॥
ਕਰਿ ਮਜਨੁ 'ਹਰਿ ਸਰੇ' ਸਭਿ ਕਿਲਬਿਖ ਨਾਸੁ ਮਨਾ॥

(ਪੰਨਾ ੫੪੪)

(੩) ਜਿਨਿ ਹਰਿ ਰਸੁ ਰਾਖਿਆ
ਸਬਦਿ ਸੁਭਾਖਿਆ 'ਹਰਿ ਸਰਿ' ਰਹੀ ਭਰਪੂਰੇ॥
(ਵਡਹੰਸੁ ਮ: ੩ ਛੰਤ, ਪੰਨਾ ੫੬੮)

(੪) ਤੁਮ 'ਹਰਿ ਸਰਵਰ' ਅਤਿ ਅਗਾਹ ਹਮ ਲਹਿ ਨ ਸਕਹਿ ਅੰਤੁ ਮਾਤੀ॥
(ਧਨਾਸਰੀ ਮ: ੪, ਪੰਨਾ ੬੬੮)

(੫) ਹਰਿ ਰਸੁ ਚੋਗ ਚੁਗਹਿ ਪ੍ਰਭ ਭਾਵੈ॥
'ਸਰਵਰ' ਮਹਿ ਹੰਸੁ ਪ੍ਰਾਨਪਤਿ ਪਾਵੈ॥ ੧॥
(ਧਨਾਸਰੀ ਮ: ੧ ਅਸਟਪਦੀਆ, ਪੰਨਾ ੬੮੫)

(੬) ਗੁਰੁ 'ਸਰਵਰੁ' ਮਾਨ ਸਰੋਵਰੁ ਹੈ ਵਡਭਾਗੀ ਪੁਰਖ ਲਹੰਨਿ॥
(ਸੂਹੀ ਮ: ੩ ਅਸਟਪਦੀਆ, ਪੰਨਾ ੭੫੭)

(੭) 'ਹਰਿ ਸਰਿ' ਨਿਰਮਲਿ ਨਾਏ॥
(ਸੂਹੀ ਛੰਤ ਮ: ੪, ਪੰਨਾ ੭੭੪)

(੮) 'ਹਰਿ ਜਨ ਅੰਮ੍ਰਿਤ ਕੁੰਟ ਸਰ 'ਨੀਕੇ' ਵਡਭਾਗੀ ਤਿਤੁ ਨਾਵਾਈਐ॥ ੧॥
(ਰਾਮਕਲੀ ਮ: ੪, ਪੰਨਾ ੮੮੧)

(੯) ਦੁਰਮਤਿ ਮੈਲੁ ਗਈ ਸਭ ਨੀਕਰਿ ਹਰਿ ਅੰਮ੍ਰਿਤਿ 'ਹਰਿ ਸਰਿ' ਨਾਤਾ॥ ੧॥
(ਮਾਲੀ ਗਉੜਾ ਮ: ੪, ਪੰਨਾ ੯੮੪)

(੧੦) 'ਹਰਿ ਸਰੁ' ਸਾਗਰੁ ਸਦਾ ਜਲੁ ਨਿਰਮਲੁ ਨਾਵੈ ਸਹਜਿ ਸੁਭਾਈ॥ ੫॥
(ਸਾਰੰਗ ਮ: ੩, ਅਸਟਪਦੀਆ, ਪੰਨਾ ੧੨੩੩)

(੧੧) 'ਹਰਿ ਸਰਿ ਤੀਰਥਿ' ਜਾਣਿ ਮਨੂਆ ਨਾਇਆ॥
(ਮਲਾਰ ਕੀ ਵਾਰ ਮ: ੧, ਪੰਨਾ ੧੨੮੬)

ਇਹਨਾਂ ਤੁਕਾਂ ਵਿੱਚ ਹਰੀ ਦੇ ਚਰਨਾਂ ਨੂੰ, ਗੁਰੂ ਨੂੰ, ਅਤੇ ਸਤਸੰਗ ਨੂੰ 'ਹਰਿ ਸਰ' ਆਖਿਆ ਗਿਆ ਹੈ।

(ਸ) 'ਹਰਿ ਸਰ' ਲਫ਼ਜ਼ ਤੋਂ ਛੁਟ 'ਅੰਮ੍ਰਿਤਸਰ', 'ਸਤਸਰਿ' ਆਦਿਕ ਲਫ਼ਜ਼ ਭੀ ਇਸੇ ਹੀ ਭਾਵ ਵਿੱਚ ਵਰਤੇ ਗਏ ਹਨ, ਜਿਵੇਂ-

(੧) ਸਚਾ ਤੀਰਥੁ ਜਿਤੁ 'ਸਤ ਸਰਿ' ਨਾਵਣੁ ਗੁਰਮੁਖਿ ਆਪਿ ਬੁਝਾਏ॥
(ਸੂਹੀ ਮ: ੩, ਅਸਟਪਦੀਆ, ਪੰਨਾ ੭੫੩)

(੨) ਗੁਰਿ 'ਅੰਮ੍ਰਿਤ ਸਰਿ' ਨਵਲਾਇਆ ਸਭਿ ਲਾਥੇ ਕਿਲਵਿਖ ਪੰਚੁ॥ ੩॥
(ਸੂਹੀ ਮ: ੪, ਪੰਨਾ ੭੩੨)

(੩) ਤਿਨ ਮਿਲਿਆ ਮਲੁ ਸਭ ਜਾਏ 'ਸਚੈ ਸਰਿ' ਨਾਏ ਸਚੈ ਸਹਜਿ ਸੁਭਾਏ॥
(ਵਡਹੰਸ ਮਹਲਾ ੩, ਛੰਤ ੫੮੫)

(੪) ਮੈਲੁ ਗਈ ਮਨੁ ਨਿਰਮਲੁ ਹੋਆ

'ਅੰਮ੍ਰਿਤ ਸਰਿ' ਤੀਰਥਿ ਨਾਇ॥

(ਵਡਹੰਸ ਕੀ ਵਾਰ, ਪੰਨਾ ੫੯੭)

(੫) ਮਨੁ ਸੰਪਟੁ ਜਿਤੁ 'ਸਤ ਸਰਿ' ਨਾਵਣੁ
ਭਾਵਨ ਪਾਤੀ ਤ੍ਰਿਪਤਿ ਕਰੇ॥

(ਸੂਹੀ ਮ: ੧, ਪੰਨਾ ੭੨੮)

(੬) ਜਿਨ ਕਉ ਤੁਮ੍ ਹਰਿ ਮੇਲਹੁ ਸੁਆਮੀ
ਤੇ ਨਾਏ 'ਸੰਤੋਖ ਗੁਰ ਸਰਾ'॥

(ਬਿਲਾਵਲੁ ਮ: ੪ ਘਰੁ ੩, ਪੰਨਾ ੭੯੯)

(੭) ਗੁਰੁ ਸਾਗਰੁ 'ਅੰਮ੍ਰਿਤ ਸਰੁ'
ਜੋ ਇਛੇ ਸੋ ਫਲੁ ਪਾਏ॥

(ਮਾਰੂ ਮ: ੧, ਪੰਨਾ ੧੦੧੧)

(੮) ਤਿਤੁ 'ਸਤ ਸਰਿ' ਮਨੂਆ ਗੁਰਮੁਖਿ ਨਾਵੈ
ਫਿਰਿ ਬਾਹੁੜਿ ਜੋਨਿ ਨ ਪਾਇਆ॥ ੪॥

(ਮਾਰੂ ਮ. ੧, ਸੋਲਹੇ, ਪੰਨਾ ੧੦੩੭)

(੯) ਬਿਖਿਆ ਮਲੁ ਜਾਇ 'ਅੰਮ੍ਰਿਤ ਸਰਿ' ਨਾਵਹੁ
ਗੁਰ ਸਰ ਸੰਤੋਖੁ ਪਾਇਆ॥ ੮॥

(ਮਾਰੂ ਮ: ੩, ਸੋਲਹੇ, ਪੰਨਾ ੧੦੪੩

(੧੦) ਕਾਇਆ ਅੰਦਰਿ 'ਅੰਮ੍ਰਿਤ ਸਰੁ' ਸਾਚਾ
ਮਨੁ ਪੀਵੈ ਭਾਇ ਸੁਭਾਈ ਹੇ॥ ੪॥

(ਮਾਰੂ ਮ: ੩, ਸੋਲਹੇ, ਪੰਨਾ ੧੦੪੬)

(੧੧) ਗੁਰਮੁਖਿ ਮਨੁ ਨਿਰਮਲੁ 'ਸਤ ਸਰਿ' ਨਾਵੈ॥
ਮੈਲੁ ਨ ਲਾਗੈ ਸਚਿ ਸਮਾਵੈ॥

(ਮਾਰੂ ਮ: ੩, ਸੋਲਹੇ, ਪੰਨਾ ੧੦੫੮)

(ਹ) ਗੁਰਮੁਖਾਂ ਦੇ ਚਰਨਾਂ ਨੂੰ 'ਗੰਗਾ' ਆਦਿਕ ਕਰੋੜਾਂ ਤੀਰਥਾਂ ਦੇ ਤੁਲ ਸਮਝਦੇ ਹਨ:

ਜਨ ਪਾਰਬ੍ਰਹਮ ਜਾ ਕੀ ਨਿਰਮਲ ਮਹਿਮਾ
ਜਨ ਕੇ ਚਰਨ ਤੀਰਥ ਕੋਟਿ ਗੰਗਾ॥
ਜਨ ਕੀ ਧੂਰਿ ਕੀਓ ਮਜਨੁ ਨਾਨਕ
ਜਨਮ ਜਨਮ ਕੇ ਹਰੇ ਕਲੰਗਾ॥ ੨॥ ੪॥ ੧੨੦॥

(ਬਿਲਾਵਲੁ ਮ: ੫, ਪੰਨਾ ੮੨੮)

ਪਾਵਏ=(ਗੁਰੂ) ਪਾਵਏ, ਗੁਰੂ ਪਾਂਦਾ ਹੈ। (ਸਮਾਵਏ, ਮੇਲਾਵਏ, ਪੈਨਾਵਏ, ਭਾਵਏ-ਇਹ ਸਾਰੇ ਸ਼ਬਦ 'ਵਰਤਮਾਨ ਕਾਲ', ਅਨਪੁਰਖ, ਇਕ ਵਚਨ ਵਿੱਚ ਹਨ ਅਤੇ ਪਾਵਹੇ, ਧਿਆਵਹੇ, ਬਹੁ ਵਚਨ ਹਨ)।

ਅਰਥ— ਗੁਰੂ ਸਾਹਿਬ ਫਿਰ ਦ੍ਰਿੜ੍ਹ ਕਰਾਉਂਦੇ ਹਨ ਕਿ ਚੇਤਾ ਰਖਿਓ, ਮੇਰੇ ਪਿੱਛੋਂ ਅਕਾਲ ਪੁਰਖ ਦੀ ਕਥਾ ਹੀ ਪੜ੍ਹਨੀ, ਅਕਾਲ ਪੁਰਖ ਦਾ ਨਾਮ ਹੀ ਸੁਣਨਾ, ਬੇਬਾਣ ਭੀ ਗੁਰੂ ਨੂੰ ਕੇਵਲ ਅਕਾਲ ਪੁਰਖ ਦਾ ਪਿਆਰ ਹੀ ਚੰਗਾ ਲੱਗਦਾ ਹੈ, ਗੁਰੂ ਤਾਂ ਪਿੰਡ ਪਤਲਿ, ਕਿਰਿਆ ਦੀਵਾ ਅਤੇ ਫੁੱਲ, ਇਹਨਾਂ ਸਭਨਾਂ ਨੂੰ ਸਤਿਸੰਗ ਤੋਂ ਸਦਕੇ ਕਰਦਾ ਹੈ।

*ਹਰਿ ਭਾਇਆ ਸਤਿਗੁਰੁ ਬੋਲਿਆ*
*ਹਰਿ ਮਿਲਿਆ ਪੁਰਖੁ ਸੁਜਾਣੁ ਜੀਉ॥*
*ਰਾਮਦਾਸ ਸੋਢੀ ਤਿਲਕੁ ਦੀਆ*
*ਗੁਰ ਸਬਦੁ ਸਚੁ ਨੀਸਾਣੁ ਜੀਉ॥ ੫॥*

ਪਦ ਅਰਥ - ਸੁਜਾਣੁ ਪੁਰਖੁ=ਅਕਾਲ ਪੁਰਖ। ਤਿਲਕੁ ਦੀਆ=ਗੁਰਿਆਈ ਬਖਸ਼ੀ। ਨੀਸਾਣੁ = ਪਰਵਾਨਾ, ਰਾਹਦਾਰੀ।

ਅਰਥ - ਅਕਾਲ ਪੁਰਖ ਨੂੰ ਪਿਆਰੇ ਲੱਗੇ ਹੋਏ ਗੁਰੂ ਨੇ (ਉਸ ਵੇਲੇ) ਇਉਂ ਆਖਿਆ, "ਸਤਿਗੁਰੂ ਨੂੰ ਸੁਜਾਣ ਅਕਾਲ ਪੁਰਖ ਮਿਲ ਗਿਆ ਹੈ।" ਫਿਰ ਗੁਰੂ ਅਮਰਦਾਸ ਜੀ ਨੇ (ਗੁਰੂ) ਰਾਮਦਾਸ ਜੀ ਨੂੰ ਗੁਰਿਆਈ ਅਤੇ ਗੁਰੂ ਦੇ ਸ਼ਬਦ ਰੂਪੀ ਸੱਚੀ ਰਾਹਦਾਰੀ ਬਖਸ਼ੀ॥ ੫॥

*ਸਤਿਗੁਰੁ ਪੁਰਖੁ ਜਿ ਬੋਲਿਆ ਗੁਰਸਿਖਾ ਮੰਨਿ ਲਈ ਰਜਾਇ ਜੀਉ॥*
*ਮੋਹਰੀ ਪੁਤੁ ਸਨਮੁਖੁ ਹੋਇਆ ਰਾਮਦਾਸੈ ਪੈਰੀ ਪਾਇ ਜੀਉ॥*

ਪਦ ਅਰਥ - ਸਤਿਗੁਰੁ ਪੁਰਖੁ=ਪੂਰਾ ਗੁਰੂ, ਗੁਰੂ ਅਮਰਦਾਸ। ਰਜਾਇ=(ਗੁਰੂ ਦਾ) ਹੁਕਮ। ਸਨਮੁਖੁ ਹੋਇਆ=ਗੁਰੂ ਅਮਰਦਾਸ ਜੀ ਦੇ ਸਾਹਮਣੇ ਸੁਰਖ਼ਰੂ ਹੋ ਖਲੋਤਾ। ਰਾਮਦਾਸੈ ਪੈਰੀ=ਗੁਰੂ ਰਾਮਦਾਸ ਜੀ ਦੇ ਚਰਨਾਂ ਤੇ। ਪਾਇ=ਪੈ ਕੇ।

ਅਰਥ - ਜਦੋਂ ਗੁਰੂ ਅਮਰਦਾਸ ਜੀ ਨੇ ਬਚਨ ਕੀਤਾ ਕਿ ਸਾਰੇ ਗੁਰੂ ਰਾਮਦਾਸ ਜੀ ਦੀ ਚਰਨੀਂ ਲੱਗਣ, ਤਾਂ ਗੁਰਸਿੱਖਾਂ ਨੇ ਗੁਰੂ ਅਮਰਦਾਸ ਜੀ ਦਾ ਹੁਕਮ ਮੰਨ ਲਿਆ। ਗੁਰੂ ਅਮਰਦਾਸ ਜੀ ਦੇ ਪੁੱਤਰ ਮੋਹਰੀ ਜੀ ਗੁਰੂ ਰਾਮਦਾਸ ਜੀ ਦੇ ਪੈਰਾਂ ਤੇ ਪੈ ਕੇ ਪਿਤਾ ਸਾਮ੍ਹਣੇ ਸੁਰਖ਼ਰੂ ਹੋ ਕੇ ਆ ਖਲੋਤੇ।

*ਸਭ ਪਵੈ ਪੈਰੀ ਸਤਿਗੁਰੂ ਕੇਰੀ ਜਿਥੈ ਗੁਰੂ ਆਪੁ ਰਖਿਆ॥*
*ਕੋਈ ਕਰਿ ਬਖੀਲੀ ਨਿਵੈ ਨਾਹੀ ਫਿਰਿ ਸਤਿਗੁਰੂ ਆਣਿ ਨਿਵਾਇਆ॥*

ਪਦ ਅਰਥ - ਸਭ=ਸਾਰੀ ਲੋਕਾਈ। ਸਤਿਗੁਰੂ ਕੇਰੀ=ਗੁਰੂ ਰਾਮਦਾਸ ਜੀ ਦੀ। ਆਪੁ= ਆਪਣੇ ਆਪ ਨੂੰ, ਆਪਣੀ ਆਤਮਾ। ਬਖੀਲੀ=ਨਿੰਦਾ। ਆਣਿ=ਲਿਆ ਕੇ।

ਅਰਥ - ਗੁਰੂ ਰਾਮਦਾਸ ਜੀ ਵਿੱਚ ਗੁਰੂ ਅਮਰਦਾਸ ਜੀ ਨੇ ਆਪਣੀ ਜੋਤਿ ਟਿਕਾ ਦਿੱਤੀ, ਇਸ ਲਈ ਸਾਰੀ ਲੋਕਾਈ ਗੁਰੂ ਰਾਮਦਾਸ ਜੀ ਦੀ ਪੈਰੀਂ ਆ ਪਈ। ਜੋ ਕੋਈ ਨਿੰਦਾ ਕਰਕੇ ਪਹਿਲਾਂ ਨਹੀਂ ਭੀ ਸੀ ਨਿਵਿਆ, ਉਸ ਨੂੰ ਭੀ ਗੁਰੂ ਅਮਰਦਾਸ ਜੀ ਨੇ ਲਿਆ ਕੇ ਆ ਪੈਰੀਂ ਪਾਇਆ।

*ਹਰਿ ਗੁਰਹਿ ਭਾਣਾ ਦੀਈ ਵਡਿਆਈ ਧੁਰਿ ਲਿਖਿਆ ਲੇਖੁ ਰਜਾਇ ਜੀਉ॥*

*ਕਹੈ ਸੁੰਦਰੁ ਸੁਣਹੁ ਸੰਤਹੁ ਸਭੁ ਜਗਤੁ ਪੈਰੀ ਪਾਇ ਜੀਉ॥ ੬॥ ੧॥*

ਪਦ ਅਰਥ - ਗੁਰਹਿ ਭਾਣਾ=ਗੁਰੂ (ਅਮਰਦਾਸ ਜੀ ਨੂੰ) ਚੰਗਾ ਲੱਗਾ। ਦੀਈ=ਦਿੱਤੀ (ਗੁਰੂ ਰਾਮਦਾਸ ਜੀ ਨੂੰ)। ਲੇਖੁ ਰਜਾਇ=ਅਕਾਲ ਪੁਰਖ ਦਾ ਹੁਕਮ। ਪੈਰੀ ਪਾਇ=ਗੁਰੂ ਰਾਮਦਾਸ ਜੀ ਦੇ ਪੈਰਾਂ ਉਤੇ ਪਿਆ।

ਅਰਥ - ਸੁੰਦਰ ਆਖਦਾ ਹੈ ਕਿ ਹੇ ਸੰਤਹੁ ! ਸੁਣੋ, ਅਕਾਲ ਪੁਰਖ ਅਤੇ ਅਮਰਦਾਸ ਜੀ ਨੂੰ ਇਹੀ ਚੰਗਾ ਲੱਗਾ, ਉਹਨਾਂ ਗੁਰੂ ਰਾਮਦਾਸ ਜੀ ਨੂੰ ਵਡਿਆਈ ਬਖਸ਼ੀ, ਧੁਰੋਂ ਅਕਾਲ ਪੁਰਖ ਦਾ ਇਹੀ ਹੁਕਮ ਲਿਖਿਆ ਆਇਆ ਸੀ, ਇਸੇ ਵਾਸਤੇ ਸਾਰਾ ਜਗਤ ਗੁਰੂ ਰਾਮਦਾਸ ਜੀ ਦੀ ਪੈਰੀਂ ਪਿਆ। ੬।

ਇਸ ਬਾਣੀ ਦੀ ਵਿਚਾਰ ਤੋਂ ਸਪੱਸ਼ਟ ਹੈ ਕਿ ਗੁਰਸਿੱਖਾਂ ਨੇ ਪ੍ਰਾਣੀ ਦੇ ਅਕਾਲ ਚਲਾਣਾ ਕਰਨ ਸਮੇਂ-

(1) ਪਿੰਡ, ਪਤਲ ਆਦਿ ਗੁਰਮਤਿ-ਵਿਰੋਧੀ ਕਰਮ ਨਹੀਂ ਕਰਨੇ।

(2) ਫੁੱਲ ਨਹੀਂ ਚੁਗਣੇ, ਨਾ ਹੀ ਹਰਦੁਆਰ, ਪਤਾਲਪੁਰੀ ਆਦਿ ਵਿੱਚ ਫੁੱਲ ਪਾਉਣ ਜਾਣਾ ਹੈ।

(3) ਗਰੁੜ ਪੁਰਾਣ ਦੀ ਕਥਾ ਨਹੀਂ ਕਰਨੀ। ਸਗੋਂ ਸਭ ਸਿੱਖਾਂ ਨੇ ਮਿਲ ਕੇ ਗੁਰਬਾਣੀ ਗਾਇਣ ਕਰਨੀ ਹੈ।

(4) ਮਿਰਤਕ ਪ੍ਰਾਣੀ ਦੇ ਵਿਛੋੜੇ ਵਿੱਚ ਉੱਚੀ ਉੱਚੀ ਰੋਣਾ ਨਹੀਂ, ਸਗੋਂ ਵਾਹਿਗੁਰੂ ਦੇ ਹੁਕਮ ਵਿੱਚ ਰਹਿਣਾ ਹੈ - ਭਾਣੇ ਨੂੰ ਮਿੱਠਾ ਕਰਕੇ ਮੰਨਣਾ ਹੈ।

*ਸ਼ਬਦ ਉਚਾਰਣ* - ਤਿਹੁ ਦਾ ਉਚਾਰਨ ਤਿਹ ਕਰਨਾ ਹੈ-

ਜਾਣਹਿ, ਸ਼ਬਦ, ਚਲਦਿਆਂ, ਵਜਹਿ, ਤੁਸੀਂ, ਮੈਂ, ਹੋਂਦੇ, ਪੈਰੀਂ, ਪੜਹਿ, ਗੁਰਸਿੱਖਾਂ, ਰਜ਼ਾਇ, ਗੁਰਹਿ ਆਦਿ ਬਿੰਦੇ ਸਹਿਤ ਉਚਾਰਣੇ ਹਨ।

# ਬਿਪਰਵਾਦ ਦੀ ਦੋਹਰੀ ਦ੍ਰਿਸ਼ਟੀ ਦਾ ਪਾਤਰ, ਔਰੰਗਜ਼ੇਬ

ਗੁਰਮਤਿ ਵਿਚਾਰਧਾਰਾ ਸਮੂਹ ਜਗਤ ਲੋਕਾਈ ਵਾਸਤੇ ਸਮਦ੍ਰਿਸ਼ਟ ਬ੍ਰਹਿਮੰਡੀ ਸਿਧਾਂਤ ਹੈ। ਸਿੱਖ ਵਿਚਾਰਧਾਰਾ ਜ਼ਾਤੀ ਅਧਾਰਤ ਜਾਂ ਕੌਮੀਅਤ ਅਧਾਰਿਤ ਵਿਤਕਰੇ ਦੇ ਖਿਲਾਫ਼ ਡੱਟ ਕੇ ਆਵਾਜ਼ ਉਠਾਉਂਦੀ ਹੈ। ਗੁਰਮਤ ਦਾ ਇਹ ਅਟੱਲ ਸਿਧਾਂਤ ਹੈ,

*ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ॥*
*ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੩੦)

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਬਿਪਰਵਾਦੀ ਮਾਨਸਿਕਤਾ ਦੇ ਮਾਲਕ ਲੋਕਾਂ ਨੇ ਸਮੇਂ-ਸਮੇਂ ਸਿੱਖ ਧਰਮ ਉਪਰ ਗਹਿਰੇ ਵਾਰ ਕੀਤੇ ਹਨ ਪਰੰਤੂ ਜਿਨ੍ਹਾਂ ਸੁਹਿਰਦ ਹਿੰਦੂ ਵੀਰਾਂ ਨੇ ਨੈਤਿਕਤਾ ਦੀਆਂ ਉੱਚ ਮਿਆਰੀ ਕਦਰਾਂ ਕੀਮਤਾਂ ਅਤੇ ਇਨਸਾਨੀਅਤ ਦੇ ਸ਼ੁਭ ਗੁਣਾਂ ਦੀ ਖਾਤਰ ਆਵਾਜ਼ ਬੁਲੰਦ ਕੀਤੀ ਸਿੱਖ ਕੌਮ ਉਨ੍ਹਾਂ ਦਾ ਸਤਿਕਾਰ ਕਰਦੀ ਹੈ ਅਤੇ ਕਰਦੀ ਰਹੇਗੀ। ਦੀਵਾਨ ਟੋਡਰ ਮੱਲ, ਭਾਈ ਨੰਦ ਲਾਲ ਜੀ, ਦੀਵਾਨ ਕੌੜਾ ਮੱਲ ਅਤੇ ਹੋਰ ਅਨੇਕਾਂ ਸੁਹਿਰਦ ਵੀਰਾਂ ਦੀ ਯਾਦ ਖ਼ਾਲਸਾ ਪੰਥ ਨੇ ਹਮੇਸ਼ਾਂ ਆਪਣੇ ਹਿਰਦੇ ਵਿੱਚ ਵਸਾ ਕੇ ਰੱਖੀ ਹੋਈ ਹੈ। ਜੇਕਰ ਮੁਸਲਮਾਨ ਸ਼ਾਸਕਾਂ ਨੇ ਵੀ ਸਿੱਖਾਂ ਉਪਰ ਅਨੇਕਾਂ ਜ਼ੁਲਮ ਤਸ਼ੱਦਦ ਕੀਤੇ ਤਾਂ ਸਿੱਖ ਕੌਮ ਨੇ ਆਪਣੀਆਂ ਮੁੱਢਲੀਆਂ ਰਵਾਇਤਾਂ ਮੁਤਾਬਿਕ ਉਹਨਾਂ ਨੂੰ ਕੀਤੀ ਦਾ ਫਲ ਵੀ ਭੁਗਤਾਇਆ, ਪਰ ਖ਼ਾਲਸਾ ਪੰਥ ਕੌਮੀਅਤ ਨਾਲ ਨਫ਼ਰਤ ਨਹੀਂ ਕਰਦਾ। ਭਾਈ ਮਰਦਾਨਾ ਜੀ, ਸਾਈਂ ਮੀਆਂ ਮੀਰ, ਵਜ਼ੀਦਖਾਨ (ਪਹਿਲਾ) ਨੂਰਜਹਾਂ, ਭੀਖਣ ਸ਼ਾਹ, ਪੀਰ ਬੁਧੂ ਸ਼ਾਹ, ਨਬੀਖ਼ਾਨ ਗਨੀਖ਼ਾਨ, ਨਿਹੰਗਖ਼ਾਨ, ਚਿਰਾਗਸ਼ਾਹ ਆਦਿ ਸਿੱਖ ਇਤਿਹਾਸ ਦੇ ਵੀ ਸਤਿਕਾਰਤ ਪਾਤਰ ਹਨ ਬੇਸ਼ਕ ਕਿ ਉਨ੍ਹਾਂ ਦਾ ਸੰਬੰਧ ਸਿੱਖ ਧਰਮ ਨਾਲ ਨਹੀਂ, ਇਸਲਾਮ ਉਹਨਾਂ ਦਾ ਮੁੱਢਲਾ ਧਰਮ ਹੈ।

ਬਿਪਰਵਾਦ ਦੀ ਮਾਨਸਿਕ ਨੀਤੀ ਦੀ ਇਹ ਖ਼ਾਸੀਅਤ ਹੈ ਕਿ ਇਸਨੇ ਜੇਕਰ ਕਿਸੇ ਹੋਰ ਕੌਮ ਦੇ ਸਿਧਾਂਤਾਂ ਨੂੰ ਤੋੜਨਾ ਮਰੋੜਨਾ ਹੋਵੇ ਤਾਂ ਆਪਾ ਵਿਰੋਧੀ ਸਿਧਾਂਤਾਂ ਜਾਂ ਸਰੋਤਾਂ ਦੀ ਵਰਤੋਂ ਕਰਨ ਤੋਂ ਗੁਰੇਜ਼ ਨਹੀਂ ਕਰਦਾ, ਪਰੰਤੂ ਆਪਣੇ ਸਿਧਾਂਤ ਦੀ ਪ੍ਰੋੜ੍ਹਤਾ ਕਰਨੀ ਹੋਵੇ ਤਾਂ ਵਰਤੇ ਹੋਏ ਸਰੋਤਾਂ ਦਾ ਖੰਡਨ ਕਰਦਾ ਹੈ, ਭਾਵੇਂ ਸਮੂਹ ਸਮੱਸਿਆਵਾਂ ਦਾ ਮੂਲ ਕਾਰਨ ਬਿਪਰਵਾਦ ਖ਼ੁਦ ਹੀ ਹੈ। ਔਰੰਗਜ਼ੇਬ ਬਾਰੇ ਵੀ ਬਿਪਰਵਾਦੀ ਦ੍ਰਿਸ਼ਟੀ ਦੇ ਅਨੇਕਾਂ ਰੂਪ ਹਨ ਜਿਥੇ ਸਿੱਖ ਧਰਮ ਦੀ ਵਿਰੋਧਤਾ ਕਰਨੀ ਹੋਵੇ, ਸਿੱਖ ਗੁਰੂ ਸਾਹਿਬਾਨ ਦੀ ਬੇਅਦਬੀ ਕਰਨੀ ਹੋਵੇ ਉਥੇ ਬਿਪਰਵਾਦੀ ਲੇਖਕਾਂ ਨੂੰ ਔਰੰਗਜ਼ੇਬ ਉਦਾਰਵਾਦੀ, ਵਧੀਆ ਸ਼ਾਸਕ ਅਤੇ ਨਿਆਂ ਪਸੰਦ ਨਜ਼ਰ ਆਉਂਦਾ ਹੈ

ਪਰੰਤੂ ਜੇਕਰ ਮੰਦਰ ਨੂੰ ਢਾਹੁਣ ਦਾ ਮਸਲਾ ਹੋਵੇ ਤਾਂ ਉਹੋ ਹੀ ਔਰੰਗਜ਼ੇਬ ਕਰੂਰ ਦਰਿੰਦਾ ਨਜ਼ਰ ਆਉਂਦਾ ਹੈ, ਪਰੰਤੂ ਜੋ ਕੁਝ ਔਰੰਗਜ਼ੇਬ ਨੇ ਹਿੰਦੂਆਂ ਨਾਲ ਕੀਤਾ ਜਾਂ ਬਿਪਰਵਾਦੀਆਂ ਵਲੋਂ ਸਿੱਖਾਂ ਨਾਲ ਕਰਵਾਇਆ ਗਿਆ ਉਸ ਦਾ ਮੂਲ ਕਾਰਨ ਬਿਪਰਵਾਦ ਦੀਆਂ ਦੇਸ਼ਘਾਤੀ ਅਤੇ ਸਮਾਜ ਮਾਰੂ ਨੀਤੀਆਂ ਹੀ ਸਨ। ਹੱਥਲੇ ਲੇਖ ਵਿੱਚ ਬਿਪਰਵਾਦੀ ਦੀ ਇਸੇ ਹੀ ਘਾਤਕ ਨੀਤੀ ਤੋਂ ਪਰਦਾ ਲਾਹਿਆ ਗਿਆ ਹੈ।

*ਔਰੰਗਜ਼ੇਬ ਔਰ ਹਿੰਦੂਓਂ ਕੇ ਸਾਥ ਸੰਬੰਧ:-*[1] ਇਸ ਕਿਤਾਬ ਨੂੰ ਸ਼ਾਰਦਾ ਪੁਸਤਕ ਭਵਨ ਇਲਾਹਬਾਦ ਨੇ ਪ੍ਰਕਾਸ਼ਿਤ ਕੀਤਾ ਹੈ, ਇਸ ਦੀ ਲੇਖਿਕਾ ਅਤੇ ਸਹਿਲੇਖਕ ਕ੍ਰਮਵਾਰ ਰੀਤਾ ਜੋਸ਼ੀ ਅਤੇ ਅਖਿਲੇਸ਼ ਜਸਵਾਲ ਹਨ ਜੋ ਦੋਵੇਂ ਹੀ ਇਲਾਹਬਾਦ ਵਿਸ਼ਵ ਵਿਦਿਆਲਿਆਂ ਵਿੱਚ ਮੱਧਕਾਲੀਨ ਇਤਿਹਾਸ ਵਿਭਾਗ ਦੇ ਅਧਿਆਪਕ ਹਨ।

ਇਸ ਕਿਤਾਬ ਵਿੱਚ ਔਰੰਗਜ਼ੇਬ ਨੂੰ ਇਕ ਉਦਾਰਚਿਤ ਸ਼ਾਸਕ ਅਤੇ ਨਿਆਂ ਪਸੰਦ ਰਾਜੇ ਦੇ ਰੂਪ ਵਿੱਚ ਪੇਸ਼ ਕਰਨ ਲਈ ਪੂਰਾ ਟਿਲ ਲਗਾਇਆ ਗਿਆ। ਭਾਵੇਂ ਸਿੱਖਾਂ ਦਾ ਕਤਲੇਆਮ ਜਾਂ ਫਿਰ ਸਿੱਖ ਸੰਘਰਸ਼ ਦੀ ਗੱਲ ਹੋਵੇ, ਸਿੱਖਾਂ ਅਤੇ ਗੁਰੂ ਸਾਹਿਬ ਦੀ ਇਸ ਦੇਸ਼ ਅਤੇ ਦੇਸ਼ ਪ੍ਰਤੀ ਘਾਲਣਾ ਨੂੰ ਝੁਟਆਉਣ ਦਾ ਗੰਭੀਰ ਯਤਨ ਹੈ। 'ਔਰੰਗਜ਼ੇਬ ਔਰ ਸਿੱਖ, ਜਾਟ ਤਥਾ ਬੁੰਦੇਲੇ' ਸਿਰਲੇਖ ਅਧੀਨ ਇਹ ਲੇਖਿਕਾ ਜ਼ਹਿਰ ਘੋਲਦੀ ਲਿਖਦੀ ਹੈ,

"ਔਰੰਗਜ਼ੇਬ ਉਪਰ ਇਹ ਵੀ ਦੋਸ਼ ਲਗਾਇਆ ਜਾਂਦਾ ਹੈ ਕਿ ਔਰੰਗਜ਼ੇਬ ਨੇ ਧਰਮੀ ਕੱਟੜਤਾ ਵੱਸ ਸਿੱਖਾਂ, ਜਾਟਾਂ ਅਤੇ ਬੁੰਦੇਲਿਆਂ ਦੇ ਖਿਲਾਫ਼ ਅਭਿਆਨ ਅਰੰਭਿਆ ਅਤੇ ਉਨ੍ਹਾਂ ਉਪਰ ਅਤਿਆਚਾਰ ਕੀਤਾ। ਪਰੰਤੂ ਇਤਿਹਾਸਕ ਤੱਥਾਂ ਦਾ ਨਿਰਪੱਖ ਵਿਸ਼ਲੇਸ਼ਣ ਔਰੰਗਜ਼ੇਬ ਉਪਰ ਲਗਾਏ ਦੋਸ਼ਾਂ ਨੂੰ ਖੰਡਨ ਕਰਦਾ ਹੈ। ਅਸਲ ਵਿੱਚ ਮੁਗਲ ਰਾਜਪੂਤ ਸੰਘਰਸ਼ ਦੀ ਤਰ੍ਹਾਂ ਮੁਗਲ ਸਿੱਖ ਸੰਘਰਸ਼ ਵੀ ਆਰਥਿਕ ਸਮਾਜਿਕ ਅਤੇ ਰਾਜਨੀਤਕ ਸੀ ਨਾਂਕਿ ਧਾਰਮਿਕ।

ਸਿੱਖ ਮੁੱਖ ਤੌਰ ਤੇ ਕਿਸਾਨ ਸਨ।.......

ਅਸਲ ਵਿੱਚ ਸਿੱਖ ਇਕ ਧਰਮ ਨਹੀਂ ਬਲਕਿ ਇਕ ਸੰਪਰਦਾ ਸੀ ਜੋ ਹਿੰਦੂ ਧਰਮ ਦੇ ਮੁੱਖ ਸਿਧਾਂਤਾਂ ਉਪਰ ਹੀ ਖੜੀ ਕੀਤੀ ਗਈ ਸੀ। ਗੁਰੂ ਨਾਨਕ ਸਾਹਿਬ ਨੇ ਜੀਵਨ ਭਰ ਅਹਿੰਸਾ ਦਾ ਪ੍ਰਚਾਰ ਕੀਤਾ ਪਰ ਕਿੰਨੀ ਬੁਰੀ ਗੱਲ ਹੈ ਕਿ ਜਿਨ੍ਹਾਂ ਦੇ ਪਹਿਲੇ ਗੁਰੂ ਨੇ ਸਾਰਾ ਜੀਵਨ ਹਿੰਸਾ, ਰਾਜਨੀਤੀ, ਅਤੇ ਅਣਮਨੁੱਖਤਾ ਦੇ ਖਿਲਾਫ਼ ਸੰਘਰਸ਼ ਕੀਤਾ ਉਸ ਦੇ ਹੀ ਚੇਲਿਆਂ ਨੇ ਹਿੰਸਾ, ਰਾਜਨੀਤੀ ਅਤੇ ਅਣਮਨੁੱਖੀ ਕਰਮਾਂ ਨੂੰ ਅਸਤਰ ਬਣਾ ਲਿਆ। ਬਾਅਦ ਵਿੱਚ ਸਿੱਖ ਗੁਰੂਆਂ ਨੇ ਖੁਲ੍ਹ ਕੇ ਰਾਜਨੀਤੀ ਵਿੱਚ ਦਖਲ ਦੇਣਾ ਆਰੰਭ ਕੀਤਾ। ਉਨ੍ਹਾਂ ਆਪਣੇ ਆਰਥਿਕ ਹਿੱਤਾਂ ਦੀ ਰੱਖਿਆ ਲਈ ਧਰਮ ਦਾ ਸਹਾਰਾ ਲਿਆ।

..........ਸਿੱਖ ਵਿਦਰੋਹ ਗੁਰੂ ਅਰਜਨ ਤੋਂ ਸ਼ੁਰੂ ਹੁੰਦਾ ਹੈ......ਉਸਨੇ ਗੁਪਤ ਰੂਪ ਵਿੱਚ ਖੁਸਰੋ ਦੀ ਸਹਾਇਤਾ ਕੀਤੀ। ਸਿੱਟੇ ਵਜੋਂ ਸਮਰਾਟ ਨੇ ਗੁਰੂ ਦੀ ਹੱਤਿਆ ਕਰ ਦਿਤੀ।-------ਗੁਰੂ ਨਾਨਕ ਤੋਂ ਬਾਅਦ ਬਾਕੀ ਗੁਰੂ ਅਧਿਆਤਮਿਕ ਸੰਸਾਰ ਛੱਡ ਕੇ ਲੌਕਿਕ ਸੰਸਾਰ ਵਿੱਚ ਆ ਗਏ। ----

---ਗੁਰੂ ਰਾਜਨੀਤਕ ਹੋ ਗਏ ਅਤੇ ਕਰ ਵਸੂਲਣ ਲੱਗੇ।---------ਗੁਰੂ ਪੰਜਾਬ ਦੀ ਰਾਜਨੀਤੀ ਵਿੱਚ ਬਰਾਬਰ ਭਾਗ ਲੈਣ ਲੱਗੇ------ਸ਼ੁਰੂ ਵਿੱਚ ਔਰੰਗਜ਼ੇਬ ਨੇ ਸਿੱਖਾਂ ਦੇ ਕਿਸੇ ਮਸਲੇ ਵਿੱਚ ਕੋਈ ਦਖਲ ਨਾ ਦਿੱਤਾ ਇਸ ਤੋਂ ਔਰੰਗਜ਼ੇਬ ਦੀ ਧਾਰਮਿਕ ਨਿਰਪੱਖਤਾ ਸਪੱਸ਼ਟ ਹੋ ਜਾਂਦੀ ਹੈ।-------ਅਸਲ ਵਿੱਚ ਔਰੰਗਜ਼ੇਬ ਦੇ ਸਮੇਂ ਮੁਗਲ ਸਿੱਖ ਸੰਘਰਸ਼ ਸੰਨ 1676 ਈ: ਤੋਂ ਆਰੰਭ ਹੁੰਦਾ ਹੈ, ਜਦੋਂ ਗੁਰੂ ਤੇਗ ਬਹਾਦਰ ਦੀ ਮੌਤ ਹੋ ਗਈ ਅਤੇ ਇਸ ਦਾ ਦੋਸ਼ ਔਰੰਗਜ਼ੇਬ ਦੇ ਸਿਰ ਮੜ੍ਹ ਦਿੱਤਾ ਗਿਆ।-------ਇਸ ਤੋਂ ਇਲਾਵਾ ਜਿਨ੍ਹਾਂ ਹੋਰ ਇਤਿਹਾਸਕਾਰਾਂ ਨੇ ਗੁਰੂ ਜੀ ਦੀ ਹੱਤਿਆ ਦਾ ਵੇਰਵਾ ਦਿੱਤਾ ਇਹਨਾਂ ਵਿੱਚ ਘਟਨਾਵਾਂ ਦੀਆਂ ਤਾਰੀਕਾਂ ਵਿੱਚ ਕਾਫੀ ਅੰਤਰ ਹੈ। ਜਿਸ ਕਰਕੇ ਇਸ ਘਟਨਾ ਦੀ ਭਰੋਸਾਯੋਗਤਾ ਸ਼ੱਕੀ ਹੋ ਜਾਂਦੀ ਹੈ।

ਅਸਲ ਵਿੱਚ ਤਾਂ ਗੁਰੂ ਸਾਹਿਬ ਆਪਣੀ ਇੱਛਾ ਨਾਲ ਹੀ ਸ਼ਹੀਦ ਹੋਣਾ ਚਾਹੁੰਦੇ ਸਨ ਕਿਉਂ ਕਿ ਉਸ ਸਮੇਂ ਸਿੱਖਾਂ ਵਿੱਚ ਗੁਰਗੱਦੀ ਲਈ ਸੰਘਰਸ਼ ਚਲ ਰਿਹਾ ਸੀ, ਉਹਨਾਂ ਵਿੱਚ ਫੁੱਟ ਪੈ ਗਈ ਸੀ------ਅਤੇ ਇਸ ਪ੍ਰਕਾਰ ਗੁਰੂ ਤੇਗ ਬਹਾਦਰ ਦੀ ਮੌਤ ਲਈ ਔਰੰਗਜ਼ੇਬ ਦਾ ਬਿਲਕੁਲ ਦੋਸ਼ ਨਹੀਂ ਸੀ ਅਤੇ ਗੁਰੂ ਦੀ ਹੱਤਿਆ ਦਾ ਦੋਸ਼ ਔਰੰਗਜ਼ੇਬ ਉਪਰ ਲਗਾਉਣਾ ਔਰੰਗਜ਼ੇਬ ਨਾਲ ਨਾਇਨਸਾਫ਼ੀ ਹੋਵੇਗੀ।--------ਗੁਰੂ ਦੀ ਮੌਤ ਦੀ ਖ਼ਬਰ ਜਿਉਂ ਹੀ ਪੰਜਾਬ ਪਹੁੰਚੇ ਦੰਗੇ ਸ਼ੁਰੂ ਹੋ ਗਏ-------ਮੁਗਲ ਸਿੱਖ ਸੰਘਰਸ਼ ਸਹੀ ਅਰਥਾਂ ਵਿੱਚ ਆਰੰਭ ਉਦੋਂ ਹੋਇਆ ਜਦੋਂ ਸਿੱਖਾਂ ਦੇ ਅੰਤਿਮ ਗੁਰੂ ਗੋਬਿੰਦ ਸਿੰਘ ਨੇ ਵਿਦਰੋਹ ਵਾਲੀਆਂ ਗਤੀਵਿਧੀਆਂ ਆਰੰਭ ਕੀਤੀਆਂ-------ਸਿੱਖਾਂ ਨੇ ਪਹਾੜੀ ਰਾਜਾਂ ਵਿੱਚ ਜ਼ਬਰਦਸਤ ਆਤੰਕ ਫੈਲਾਉਣ ਦੀ ਕੋਸ਼ਿਸ਼ ਕੀਤੀ, ਉਹ ਰਾਜਾਂ ਵਿੱਚ ਲੁੱਟਮਾਰ ਕਰਨ ਲੱਗੇਂ ਅਤੇ ਜਬਰੀ ਕਰ ਵਸੂਲਣ ਲੱਗੇ।-------ਆਰੰਭ ਵਿੱਚ ਤਾਂ ਸਿੱਖਾਂ ਨੇ ਸੰਘਰਸ਼ ਕੀਤਾ ਪਰ ਅੰਤ ਵਿਚ ਹਾਰ ਮੰਨ ਕੇ ਗੁਰੂ ਗੋਬਿੰਦ ਸਿੰਘ ਨੇ ਆਤਮ ਸਮਰਪਣ ਕਰ ਦਿੱਤਾ। ਅੰਤ ਵਿਚ ਔਰੰਗਜ਼ੇਬ ਨੂੰ ਜਿੱਤ ਪ੍ਰਾਪਤ ਹੋਈ।

------ਅਣਜਾਣ ਇਤਿਹਾਸਕਾਰਾਂ ਨੇ ਮੁਗਲ-ਸਿੱਖ ਸੰਘਰਸ਼ ਦਾ ਦੋਸ਼ੀ ਔਰੰਗਜ਼ੇਬ ਨੂੰ ਠਹਿਰਾਇਆ ਹੈ। ਪਰੰਤੂ ਇਤਿਹਾਸਕ ਤੱਥ ਪੂਰਨਤਾ ਨਾਲ ਇਸ ਦੋਸ਼ ਦਾ ਖੰਡਨ ਕਰਦੇ ਹਨ। ਬਿਨਾਂ ਸ਼ੱਕ ਔਰੰਗਜ਼ੇਬ ਇਸ ਸੰਘਰਸ਼ ਦਾ ਦੋਸ਼ੀ ਨਹੀਂ ਸੀ ਅਤੇ ਨਾ ਹੀ ਉਸ ਨੇ ਗੁਰੂ ਤੇਗ ਬਹਾਦਰ ਸਾਹਿਬ ਦੀ ਹੱਤਿਆ ਕਰਵਾਈ ਸੀ---------ਔਰੰਗਜ਼ੇਬ ਦੋਸ਼ੀ ਨਹੀਂ ਸੀ, ਕਿਉਂਕਿ ਜੇਕਰ ਔਰੰਗਜ਼ੇਬ ਦੋਸ਼ੀ ਹੁੰਦਾ ਤਾਂ ਗੁਰੂ ਗੋਬਿੰਦ ਸਿੰਘ ਅੰਤ ਵਿੱਚ ਉਸ ਦੀ ਸੇਵਾ ਵਿੱਚ ਕਿਉਂ ਆਉਂਦਾ। ਇਸ ਤਰ੍ਹਾਂ ਮੁਗਲ ਸਿੱਖ ਸੰਘਰਸ਼ ਦੇ ਹੇਠ ਲਿਖੇ ਕਾਰਨ ਸਨ:

1. ਔਰੰਗਜ਼ੇਬ ਦੇ ਗੱਦੀ ਉਪਰ ਬੈਠਣ ਤੋਂ ਪਹਿਲਾਂ ਹੀ ਸਿੱਖ ਗੁਰੂ ਨਾਨਕ ਦਾ ਮਾਰਗ ਛੱਡ ਕੇ ਸੈਨਿਕ ਸ਼ਕਤੀ ਵਿੱਚ ਯਕੀਨ ਰੱਖਣ ਲੱਗੇ ਸਨ।

2. ਸਿੱਖ ਗੁਰੂਆਂ ਨੇ ਵਿਦਰੋਹੀ ਤੱਤਾਂ ਨੂੰ ਸ਼ਰਨ ਦੇਣੀ ਆਰੰਭ ਕਰ ਦਿੱਤੀ ਅਤੇ ਰਾਜਨੀਤੀ ਵਿੱਚ ਅਹਿਮ ਭੂਮਿਕਾ ਨਿਭਾਉਣ ਲੱਗੇ ਅਤੇ ਇਹਨਾਂ ਵਿਦਰੋਹੀਆਂ ਦੀ ਸਹਾਇਤਾ ਨਾਲ ਉਹ ਵੱਡੇ ਪੱਧਰ ਉਤੇ ਲੁਟਮਾਰ ਕਰਵਾਉਣ ਲੱਗੇ। ਜਿਸਦੇ ਨਤੀਜੇ ਵਜੋਂ ਪੰਜਾਬ ਦੀ ਪ੍ਰਸ਼ਾਸਨਿਕ ਹਾਲਤ ਡਗਮਗਾਉਣ ਲੱਗੀ।

3. ਸਿੱਖਾਂ ਦੀਆਂ ਅਤਿਵਾਦੀ ਕਾਰਵਾਈਆਂ ਤੋਂ ਦੁੱਖੀ ਹੋ ਕੇ ਔਰੰਗਜ਼ੇਬ ਨੇ ਸਿੱਖਾਂ ਵਿਰੁੱਧ ਦਮਨਕਾਰੀ ਨੀਤੀ ਅਪਨਾਈ। ਇਸ ਤੋਂ ਇਲਾਵਾ ਗੁਰੂ ਤੇਗ ਬਹਾਦਰ ਦੀ ਹੱਤਿਆ ਅਤੇ ਔਰੰਗਜ਼ੇਬ ਨੂੰ ਦੋਸ਼ੀ ਠਹਿਰਾਉਣਾ ਨਾ ਤਾਂ ਇਨਸਾਫ਼ ਅਤੇ ਨਾ ਹੀ ਤਰਕਵਾਦ ਹੈ।

4. ਮੁਗਲ-ਸਿੱਖ ਸੰਘਰਸ਼ ਦਾ ਮੁੱਖ ਕਾਰਨ ਸਿੱਖਾਂ ਦੀ ਬਦਲਦੀ ਹੋਈ ਮਨੋਖਿਰਤੀ ਅਤੇ ਰਾਜਨੀਤਕ ਦ੍ਰਿਸ਼ਟੀ ਤੋਂ ਉਹਨਾਂ ਦਾ ਬਦਲਦਾ ਹੋਇਆ ਦ੍ਰਿਸ਼ਟੀਕੋਣ ਸੀ।

ਇਸ ਪ੍ਰਕਾਰ ਔਰੰਗਜ਼ੇਬ ਸਾਰੇ ਸਿੱਖ ਸਮਾਜ ਦੇ ਵਿਰੁੱਧ ਕਦੀ ਨਹੀਂ ਰਿਹਾ।

(ਪੰਨਾ ੧੦੨, ੧੦੩, ੧੦੪, ੧੦੫)

ਵਿਦਿਅਕ ਅਦਾਰਿਆਂ ਵਿੱਚ ਪੜ੍ਹਾਈਆਂ ਜਾ ਰਹੀਆਂ ਪੁਸਤਕਾਂ ਵਿੱਚ ਤਾਂ ਔਰੰਗਜ਼ੇਬ ਦੇ ਨਾਲ-ਨਾਲ ਜੰਮੂ ਕਸ਼ਮੀਰ ਦੇ ਉਸ ਸੂਬੇ ਨੂੰ ਵੀ ਦੋਸ਼ ਮੁਕਤ ਕੀਤਾ ਜਾ ਰਿਹਾ ਹੈ ਜਿਸ ਦੇ ਸਤਾਏ ਹੋਏ ਕਸ਼ਮੀਰੀ ਬ੍ਰਾਹਮਣ ਗੁਰੂ ਸਾਹਿਬ ਦੀ ਸ਼ਰਨ ਵਿੱਚ ਆਏ ਸਨ। ਸਕੂਲਾਂ ਵਿੱਚ ਐਸੀਆਂ ਕੂੜ ਭਰਪੂਰ ਰਚਨਾਵਾਂ ਨੂੰ ਲਾਗੂ ਕਰਨਾ ਜਿਥੇ ਭਗਵਾਂਧਾਰੀ ਜ਼ਹਿਨੀਅਤ ਦਾ ਪ੍ਰਗਟਾਵਾ ਹੈ ਉਥੇ ਇਸ ਦਾ ਇਕ ਲੁਕਵਾਂ ਮੰਤਵ ਇਹ ਸਿੱਧ ਕਰਨਾ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਨੇ ਕਸ਼ਮੀਰੀ ਬ੍ਰਾਹਮਣਾਂ ਦੀ ਰੱਖਿਆ ਖਾਤਰ ਸ਼ਹੀਦੀ ਨਹੀਂ ਦਿੱਤੀ ਕਿਉਂਕਿ ਕਸ਼ਮੀਰ ਦਾ ਸੂਬਾ ਤਾਂ ਹਿੰਦੂਆਂ ਵਾਸਤੇ ਬੜਾ ਉਦਾਰਚਿੱਤ ਸੀ। ਇਕ ਸਕੂਲੀ ਕਿਤਾਬ ਦਾ ਲੇਖਕ ਲਿਖਦਾ ਹੈ।

"ਇਕ ਪਰੰਪਰਾ ਇਹ ਵੀ ਪ੍ਰਚਲਿਤ ਹੈ ਗੁਰੂ ਤੇਗ ਬਹਾਦਰ ਨੇ ਮੁਸਲਮਾਨਾਂ ਦੇ ਧਾਰਮਿਕ ਅਤਿਆਚਾਰ ਖਿਲਾਫ਼ ਆਵਾਜ਼ ਉਠਾਈ ਸੀ ਕਿਉਂਕਿ ਸਥਾਨਕ ਗਵਰਨਰ ਧਾਰਮਿਕ ਅਤਿਆਚਾਰ ਕਰ ਰਿਹਾ ਸੀ। ਪਰੰਤੂ ਹਿੰਦੂਆਂ ਦੇ ਨਾਲ ਧਾਰਮਿਕ ਅਤਿਆਚਾਰ ਦਾ ਉਲੇਖ ਕਿਸੇ ਇਤਿਹਾਸ ਵਿੱਚ ਨਹੀਂ ਮਿਲਦਾ। 1710 ਈ: ਵਿੱਚ ਲਿਖੇ ਗਏ ਨਾਰਾਇਣ ਕੌਲ ਦੇ ਇਤਿਹਾਸ ਵਿੱਚ ਵੀ ਇਸਦਾ ਜ਼ਿਕਰ ਨਹੀਂ ਹੈ। ਕਸ਼ਮੀਰ ਦਾ ਸੂਬੇਦਾਰ ਸੈਫ਼ ਖਾਂ ਪੁਲਾਂ ਦੇ ਨਿਰਮਾਣ ਵਾਸਤੇ ਪ੍ਰਸਿੱਧ ਸੀ। ਉਹ ਬਹੁਤ ਹੀ ਦਿਆਵਾਨ ਅਤੇ ਉਦਾਰ ਚਿੱਤ ਵਿਅਕਤੀ ਸੀ ਜਿਸਨੇ ਪ੍ਰਸ਼ਾਸਨਿਕ ਮਸਲਿਆਂ ਵਿੱਚ ਸਲਾਹ ਮਸ਼ਵਰੇ ਵਾਸਤੇ ਇਕ ਹਿੰਦੂ ਨੂੰ ਨਿਯੁਕਤ ਕੀਤਾ ਹੋਇਆ ਸੀ। 1671 ਈ: ਤੋਂ ਬਾਅਦ ਉਸਦਾ ਉਤਰਾਧਿਕਾਰੀ ਇਫ਼ਤਖਾਰ ਖ਼ਾਂ ਸ਼ਿਆ ਵਿਰੋਧੀ ਜ਼ਰੂਰ ਸੀ ਪਰ ਉਸ ਦੁਆਰਾ ਹਿੰਦੂਆਂ ਉਪਰ ਅਤਿਆਚਾਰ ਦਾ ਕੋਈ ਜ਼ਿਕਰ ਨਹੀਂ ਮਿਲਦਾ।---------ਔਰੰਗਜ਼ੇਬ ਦੇ ਲਈ ਗੁਰੂ ਨੂੰ ਫਾਂਸੀ ਦੇਣਾ ਕੇਵਲ ਇਕ ਕਾਨੂੰਨ ਅਤੇ ਵਿਵਸਥਾ ਦਾ ਮਸਲਾ ਸੀ।

(ਮੱਧ ਕਾਲੀਨ, ਦੇਸ਼ ਭਾਰਤ ਪੰਨਾ ੩੨੮-੩੨੯)

ਕਲਾਸ ੧੧ਵੀਂ (NCIERT)

ਬਿਪਰਵਾਦ ਦੀ ਪਹਿਲੀ ਨੀਤੀ ਦਾ ਮੁੱਖ ਹਿੱਸਾ ਹੈ ਕਿ ਉਹ ਗੁਰੂ ਸਾਹਿਬਾਨ ਦੀ ਬੇਅਦਬੀ ਕਰਨ ਅਤੇ ਸਿੱਖ ਇਤਿਹਾਸ ਦੀ ਤੋੜ ਮਰੋੜ ਕਰਨ ਵਾਸਤੇ ਸਿੱਖ ਸੰਘਰਸ਼ਾਂ ਨੂੰ ਅਤਿਵਾਦੀ ਕਾਰਵਾਈਆਂ ਅਤੇ ਔਰੰਗਜ਼ੇਬ ਨੂੰ ਨੀਤੀਵਾਨ, ਇਨਸਾਫ਼ ਦੀ ਮੂਰਤੀ ਅਤੇ ਅਮਨ ਪਸੰਦ ਸ਼ਾਹਿਨਸ਼ਾਹ ਸਥਾਪਤ ਕਰਦਾ ਹੈ। ਪਰੰਤੂ ਜਿਥੇ ਔਰੰਗਜ਼ੇਬ ਦੁਆਰਾ ਹਿੰਦੂ ਧਰਮ ਅਤੇ ਹਿੰਦੂ ਧਰਮ ਅਸਥਾਨਾਂ ਦੀ ਕੀਤੀ ਬੇਅਦਬੀ ਦਾ ਜ਼ਿਕਰ ਆਉਂਦਾ ਹੈ ਉਥੇ ਬਿਪਰਵਾਦੀਆਂ ਨੂੰ ਔਰੰਗਜ਼ੇਬ ਇਕ

ਖੂਨੀ ਦਰਿੰਦਾ ਨਜ਼ਰ ਆਉਂਦਾ ਹੈ।

ਆਪਣੀ ਰਚਨਾ 'ਭਾਰਤ ਮੇਂ ਜਹਾਦ'[2] ਜਗਦੀਪ ਸੈਨ ਵਿੱਚ ਲਿਖਦਾ ਹੈ

"ਆਪਣੇ ਪੂਰਵਜਾਂ ਤੋਂ ਭਿੰਨ, ਔਰੰਗਜ਼ੇਬ ਘਟ ਤੋਂ ਘਟ ਆਪਣੇ ਮੂਲ ਅਸਲੀ ਸਰੂਪ ਸੁਭਾਅ ਅਤੇ ਭਾਵਨਾ ਅਨੁਸਾਰ ਹੀ, ਲੋਕਾਂ ਵਿੱਚ ਜਾਣੀਦਾ ਹੈ। ਇਰਫ਼ਾਨ ਹਬੀਬ ਅਤੇ ਉਸ ਦੇ ਟੋਲੇ ਦੇ ਸਾਥੀ ਔਰੰਗਜ਼ੇਬ ਦੇ ਜ਼ਹਾਦੀ ਕਾਰਨਾਮਿਆਂ ਨੂੰ ਢੁਕਵਾਂ ਠਹਰਾਉਣ ਲਈ ਅਣਥੱਕ ਯਤਨਾਂ ਦੇ ਹੁੰਦਿਆਂ ਵੀ ਉਸਦੇ ਜਹਾਦੀ ਅਤਿਆਚਾਰ ਧਰਮ ਪਰਿਵਰਤਨ, ਮੰਦਰ ਢਾਹੁਣੇ, ਸਿੱਖ ਗੁਰੂਆਂ ਦੇ ਕਤਲ, ਇਸ ਮੁਜ਼ਾਹਿਦ ਨੂੰ ਧਰਮ ਨਿਰਪੱਖ ਸਥਾਪਿਤ ਕਰਨ ਦੀ ਦਿਸ਼ਾ ਵਿੱਚ ਸਫਲ ਨਹੀਂ ਹੋ ਸਕੇ--------ਇਸ ਲੇਖ ਵਿੱਚ ਉਸ ਦੁਆਰਾ ਮੂਰਤੀ ਪੂਜਕਾਂ ਦੇ ਵਿਰੁੱਧ ਜਹਾਦੀ ਅਤਿਆਚਾਰਾਂ ਦੀ ਇਕ ਮਾਤਰ ਝਲਕ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ।

*ਰਾਜਗੱਦੀ ਉਪਰ ਬੈਠਣ ਤੋਂ ਪਹਿਲਾਂ:-* ਸੀਤਾਦਾਸ ਜੌਹਰੀ ਦੁਆਰਾ ਸਰਸ਼ਪੁਰ ਦੇ ਨੇੜੇ ਬਣਵਾਏ ਗਏ ਚਿੰਤਾਮਨਿ ਮੰਦਿਰ ਨੂੰ ਢਾਹ ਕੇ, ਉਸ ਅਸਥਾਨ ਉਪਰ ਸ਼ਹਿਜ਼ਾਦੇ ਔਰੰਗਜ਼ੇਬ ਦੇ ਹੁਕਮ ਅਨੁਸਾਰ 1645 ਵਿੱਚ ਕਵਾਤੁਲ ਇਸਲਾਮ ਨਾਮਕ ਮਸਜਿਦ ਬਣਵਾ ਦਿੱਤੀ ਗਈ।-----ਮੰਦਿਰ ਵਿੱਚ ਇਕ ਗਊ ਦਾ ਕਤਲ ਵੀ ਕੀਤਾ ਗਿਆ। (ਮੀਰਾਤ-ਏ-ਅਹਿਮਦੀ, ੨੩੨)

ਮੇਰੇ ਹੁਕਮ ਅਨੁਸਾਰ, ਮੇਰੇ ਪ੍ਰਵੇਸ਼ ਤੋਂ ਪਹਿਲੇ ਦਿਨਾਂ ਵਿੱਚ, ਅਹਿਮਦਾਬਾਦ ਅਤੇ ਗੁਜਰਾਤ ਦੇ ਹੋਰ ਪਰਗਣਿਆਂ ਵਿੱਚ ਅਨੇਕਾਂ ਮੰਦਿਰਾਂ ਨੂੰ ਢਾਹ ਦਿੱਤਾ ਗਿਆ।

(ਮੀਰਾਤ-ਏ-ਅਹਿਮਦੀ ਪੰਨਾ ੨੭੫)

ਔਰੰਗਬਾਦ ਦੇ ਨੇੜੇ ਸਤਾਰਾ ਪਿੰਡ ਮੇਰੀ ਸ਼ਿਕਾਰਗਾਹ ਸੀ। ਪਹਾੜੀ ਦੇ ਸਿਖਰ ਉਪਰ ਇਥੇ ਖਾਂਡੇ ਰਾਏ ਦਾ ਮੂਰਤੀ ਵਾਲਾ ਇਕ ਮੰਦਿਰ ਸੀ। ਅੱਲਾਹ ਦੀ ਕ੍ਰਿਪਾ ਨਾਲ ਮੈਂ ਉਸਨੂੰ ਢਾਹ ਦਿੱਤਾ। (ਕਲੀਮਾਤ-ਏ-ਤੱਅਈਬਾਤ ੭ ਬੀ)

*ਰਾਜਗੱਦੀ ਉਪਰ ਬੈਠਣ ਉਪਰੰਤ:-* ਮੇਰੇ ਸ਼ਾਸਨਕਾਲ ਦੇ ਅਰੰਭਲੇ ਦਿਨਾਂ ਵਿੱਚ ਸੋਮਨਾਥ ਮੰਦਰ ਨੂੰ ਢਾਹ ਦਿੱਤਾ ਗਿਆ। ਮੂਰਤੀ ਪੂਜਾ ਸਮਾਪਤ ਕਰ ਦਿੱਤੀ ਗਈ। ਜੇਕਰ ਮੂਰਤੀ ਪੂਜਕ ਫਿਰ ਉਸ ਅਸਥਾਨ ਉਪਰ ਮੂਰਤੀ ਪੂਜਾ ਆਰੰਭ ਕਰਨ ਤਾਂ ਉਨ੍ਹਾਂ ਨੂੰ ਇਸ ਤਰ੍ਹਾਂ ਢਾਹ ਦਿੱਤਾ ਜਾਵੇ ਕਿ ਉਨ੍ਹਾਂ ਦਾ ਕੋਈ ਨਿਸ਼ਾਨ ਤੱਕ ਨਾ ਰਹੇ। (ਮੀਰਾਤ-ਏ-ਅਹਿਮਦੀ, ਪੰਨਾ ੩੧੨)

ਸੱਯਦ ਮੁਹੰਮਦ ਸਾਦਿਕ ਨੂੰ ਮੁੱਖ ਨਿਆਧੀਸ਼ ਨਿਯੁਕਤ ਕਰ ਦਿੱਤਾ ਅਤੇ ਆਦੇਸ਼ ਦਿੱਤਾ ਕਿ ਸਾਰੇ ਹਿੰਦੂ ਮੰਦਿਰਾਂ ਨੂੰ ਢਾਹ ਦਿੱਤਾ ਜਾਵੇ ਅਤੇ ਉਹਨਾਂ ਥਾਵਾਂ ਉਪਰ ਮਸਜਿਦਾਂ ਬਣਵਾ ਦਿੱਤੀਆਂ ਜਾਣ। (ਸਟੀਉਅਰਟਸ ਬੰਗਾਲ)

ਜਿਵੇਂ ਹੀ ਸ਼ਾਹਿਨਸ਼ਾਹ ਨੇ ਸੁਣਿਆ ਕਿ ਦਾਰਾ ਸ਼ਿਕੋਹ ਨੇ ਮਥੁਰਾ ਦੇ ਕੇਸ਼ਵਰਾਵ ਮੰਦਿਰ ਵਿੱਚ ਪੱਥਰਾਂ ਦੀ ਵਾੜ ਨੂੰ ਦੁਬਾਰਾ ਸਥਾਪਤ ਕਰ ਦਿੱਤਾ ਹੈ, ਉਸਨੇ ਟਿੱਪਣੀ ਕੀਤੀ ਕਿ ਇਸਲਾਮੀ ਪੰਥ ਵਿੱਚ ਤਾਂ ਮੰਦਿਰ ਨੂੰ ਵੇਖਣਾ ਵੀ ਪਾਪ ਹੈ ਅਤੇ ਇਸ ਦਾਰਾ ਨੇ ਮੰਦਰ ਦੀ ਵਾੜ ਨੂੰ ਦੁਬਾਰਾ ਸਥਾਪਿਤ ਕਰਕੇ ਮਾੜਾ ਕੰਮ ਕੀਤਾ ਹੈ। ਵਾੜ ਨੂੰ ਹਟਾ ਦਿੱਤਾ ਜਾਵੇ। (ਅਖਬਾਰਾਤ ਸਥੀਤ: ੭)

ਸਾਰੇ ਰਾਜਾਂ ਦੇ ਗਵਰਨਰਾਂ ਨੂੰ ਸ਼ਾਹਿਨਸ਼ਾਹ ਨੇ ਹੁਕਮ ਦਿੱਤਾ ਕਿ ਅਵਿਸ਼ਵਾਸੀਆਂ ਦੇ ਸਾਰੇ ਸਕੂਲਾਂ ਅਤੇ ਮੰਦਰਾਂ ਨੂੰ ਢਾਹ ਦਿੱਤਾ ਜਾਵੇ। ਉਨ੍ਹਾਂ ਦੀ ਸਿੱਖਿਆ ਅਤੇ ਧਾਰਮਿਕ ਕਰਮਾਂ ਨੂੰ ਪੂਰੀ ਸਖ਼ਤੀ ਨਾਲ ਸਮਾਪਤ ਕਰ ਦਿੱਤਾ ਜਾਵੇ। (ਮਾਸਿਰ-ਏ-ਆਲਮਗੀਰੀ)

ਨਿਆਪਾਲਿਕਾ ਤੋਂ ਸਮਾਚਾਰ ਆਇਆ ਕਿ ਸ਼ਾਹੀ ਹੁਕਮ ਅਨੁਸਾਰ ਉਸਦੇ ਅਫ਼ਸਰਾਂ ਨੇ ਬਨਾਰਸ ਦੇ ਵਿਸ਼ਵਨਾਥ ਮੰਦਿਰ ਨੂੰ ਢਾਹ ਦਿੱਤਾ। (ਮਾਸਿਰ-ਏ-ਆਲਿਮਗੀਰੀ)

ਰਮਜ਼ਾਨ ਦੇ ਇਸ ਵਿੱਚ ਧਾਰਮਕ ਮਨ ਵਾਲੇ ਸ਼ਾਹਿਨਸ਼ਾਹ ਨੇ ਮਥੁਰਾ ਦੇ ਕੇਸ਼ਵ ਦਾ ਦੇਹਰਾ ਨਾਮਕ ਮੰਦਰ ਨੂੰ ਢਾਹੁਣ ਦਾ ਆਦੇਸ਼ ਦਿੱਤਾ। ਥੋੜ੍ਹੇ ਸਮੇਂ ਵਿੱਚ ਹੀ ਉਸਦੇ ਮੰਤਰੀਆਂ ਨੇ ਆਗਿਆ ਦਾ ਪਾਲਣ ਕੀਤਾ--------ਮੰਦਿਰ ਵਿੱਚ ਸਥਾਪਤ ਛੋਟੀਆਂ ਵੱਡੀਆਂ ਸਾਰੀਆਂ ਮੂਰਤੀਆਂ, ਜਿਨ੍ਹਾਂ ਉੱਪਰ ਬਹੁਮੁੱਲੇ ਹੀਰੇ ਜੜੇ ਹੋਏ ਸਨ ਆਗਰਾ ਸ਼ਹਿਰ ਵਿਖੇ ਲਿਆਂਦੀਆਂ ਗਈਆਂ ਅਤੇ ਜਹਾਂਨਾਰਾ ਮਸਜਿਦ ਦੀਆਂ ਪੌੜੀਆਂ ਵਿੱਚ ਲਗਾ ਦਿੱਤੀਆਂ ਤਾਂ ਜੋ ਨਿਰੰਤਰ ਪੈਰਾਂ ਹੇਠ ਕੁਚਲੀਆਂ ਜਾ ਸਕਣ। (ਮਾਸਿਰ-ਏ-ਆਲਿਮਗੀਰੀ)

ਸੈਨੋਨ ਦੇ ਸੀਤਾ ਰਾਮ ਮੰਦਿਰ ਨੂੰ ਉਸ ਨੇ ਢਾਹ ਦਿੱਤਾ। ਉਸਦੇ ਅਫ਼ਸਰਾਂ ਨੇ ਇਕ ਪੁਜਾਰੀ ਨੂੰ ਮਾਰ ਦਿੱਤਾ, ਮੂਰਤੀ ਨੂੰ ਤੋੜ ਦਿੱਤਾ ਅਤੇ ਗੌਂਡਾ ਦੇ ਦੇਵੀਪਾਟਨ ਦੇ ਪੂਜਾ ਗ੍ਰਹਿ ਨੂੰ ਅਪਵਿੱਤਰ ਕਰ ਦਿੱਤਾ। (N.W.P Crook. ਪੰਨਾ: ੧੧੨)

ਕਾਜ਼ੀ ਦੀ ਮੋਹਰ ਸਹਿਤ ਅਤੇ ਪਵਿੱਤਰ ਸ਼ੇਖਾਂ ਦੁਆਰਾ ਪ੍ਰਮਾਨਿਤ ਮੰਦਰਾਂ ਦੇ ਵਿਨਾਸ਼ ਦੀ ਸੂਚਨਾ ਨਿਆਂਲਿਆਂ ਵਿੱਚ ਭੇਜ ਦਿੱਤੀ ਜਾਣੀ ਚਾਹੀਦੀ ਹੈ। (ਮਰਾਕਾਤ-ਏ-ਅਬੁਲ ਹਸਨ)

ਹਰ ਪਰਗਣੇ ਦੇ ਥਾਣੇ ਵਿੱਚ ਅਫ਼ਸਰ ਮੂਰਤੀਆਂ ਤੋੜਨ ਦੇ ਹੁਕਮਾਂ ਨਾਲ ਆਉਂਦੇ ਹਨ। (History of Dhaka J.M.R.K. Bangali)

ਖੰਡੇਲਾ ਦੇ ਰਾਜਪੂਤਾਂ ਨੂੰ ਸਜ਼ਾ ਦੇਣ ਅਤੇ ਉਸ ਸਥਾਨ ਉਪਰ ਵੱਡੇ ਮੰਦਿਰ ਢਹਿ ਢੇਰੀ ਕਰਨ ਵਾਸਤੇ ਦਰਾਬ ਖ਼ਾਨ ਨੂੰ ਭੇਜਿਆ ਗਿਆ ਸੀ। (ਮਾਸਿਰ ਏ ਆਲਿਮਗੀਰੀ ਪੰਨਾ: ੧੭੩)

ਜੋਧਪੁਰ ਦੇ ਮੰਦਿਰਾਂ ਨੂੰ ਢਾਹ ਕੇ ਅਤੇ ਖੰਡਿਤ ਕਰਕੇ, ਮੂਰਤੀਆਂ ਦੀਆਂ ਕਈ ਗੱਡੀਆਂ ਭਰ ਕੇ ਖ਼ਾਨ-ਏ-ਜਹਾਂ ਬਹਾਦਰ ਵਾਪਸ ਮੁੜਿਆ। ਸਮਰਾਟ ਦੇ ਹੁਕਮ ਤੇ ਮੂਰਤੀਆਂ, ਜਿਨ੍ਹਾਂ ਵਿੱਚ ਵਧੇਰੇ ਸੋਨੇ, ਚਾਂਦੀ, ਪਿੱਤਲ, ਤਾਂਬੇ ਅਤੇ ਪੱਥਰ ਦੀਆਂ ਸਨ ਨੂੰ ਦਰਬਾਰ ਦੇ ਚਕੋਰ ਮੈਦਾਨ ਵਿੱਚ ਖਿਲਾਰ ਦਿੱਤਾ ਗਿਆ ਅਤੇ ਸਮਰਾਟ ਨੇ ਹੁਕਮ ਦਿੱਤਾ, ਇਹਨਾਂ ਨੂੰ ਜਾਮਾ ਮਸਜਿਦ ਦੀਆਂ ਪੌੜੀਆਂ ਵਿੱਚ ਲਗਾ ਦਿੱਤਾ ਜਾਵੇ ਤਾਂ ਜੋ ਹਮੇਸ਼ਾ ਪੈਰਾਂ ਹੇਠ ਰਹਿਣ।

(ਮਾਸਿਰ-ਏ-ਅਲਿਮਗੀਰੀ, ਪੰਨਾ: ੧੭੫)

ਉਦੈਪੁਰ ਦੇ ਮਹਾਰਾਜੇ ਦੇ ਮਹਿਲ ਦੇ ਸਾਹਮਣੇ ਸਥਿਤ ਇਕ ਵਿਸ਼ਾਲ ਮੰਦਿਰ ਜੋ ਆਪਣੇ ਸਮੇਂ ਦਾ ਮਹਾਨ ਅਸਥਾਨਾਂ ਵਿੱਚੋਂ ਇਕ ਸੀ ਅਤੇ ਆਦਿਵਾਸੀਆਂ ਨੇ ਜਿਸ ਉਪਰ ਬਹੁਤ ਧਨ ਖਰਚ ਕੀਤਾ ਸੀ, ਉਸ ਨੂੰ ਢਾਹ ਦਿੱਤਾ ਗਿਆ ਅਤੇ ਮੂਰਤੀਆਂ ਤੋੜ ਦਿੱਤੀਆਂ ਗਈਆਂ।

(ਮਾਸਿਰ-ਏ-ਆਲਿਮਗੀਰੀ, ਪੰਨਾ ੧੬੮)

ਸਮਰਾਟ ਉਦੈ ਸਾਗਰ ਝੀਲ ਵੇਖਣ ਗਿਆ ਤਾਂ ਉਸਦੇ ਕਿਨਾਰੇ ਸਥਿਤ ਤਿੰਨਾਂ ਮੰਦਿਰਾਂ ਨੂੰ ਢਾਹੁਣ ਦਾ ਆਦੇਸ਼ ਦੇ ਦਿੱਤਾ। (ਮਾਸਿਰ-ਏ-ਆਲਿਮਗੀਰੀ, ਪੰਨਾ ੧੮੮)

ਸ਼ਾਹਿਨਸ਼ਾਹ ਚਿਤੋੜ ਵੇਖਣ ਗਿਆ ਤਾਂ ਉਸਦੇ ਹੁਕਮ ਨਾਲ 63 ਮੰਦਰ ਢਾਹ ਦਿੱਤੇ ਗਏ।
(ਮਾਸਿਰ-ਏ-ਆਲਿਮਗੀਰੀ, ਪੰਨਾ ੧੯੪)

1693 ਵਿੱਚ ਸਮਰਾਟ ਨੇ ਵਾਦ ਨਗਰ ਦੇ ਮੰਦਿਰ ਹਾਟੇਸ਼ਵਰ, ਜੋ ਨਾਗਰ ਬ੍ਰਾਹਮਣਾਂ ਦਾ ਧਰਮ ਸਥਲ ਸੀ, ਨੂੰ ਢਾਹੁਣ ਦਾ ਹੁਕਮ ਦਿੱਤਾ। (ਮੀਰਾਤ-ਏ-ਅਹਿਮਦੀ, ਪੰਨਾ ੩੪੬)

ਕੁਲਹਾੜੀਧਾਰੀ ਆਦਮੀਆਂ ਦੇ ਦਰੋਗਾ, ਮੁਹੰਮਦ ਖਲੀਲ ਨੂੰ ਸਮਰਾਟ ਨੇ ਬੁਲਾਇਆ-------ਆਦੇਸ਼ ਦਿੱਤਾ ਕਿ ਪੰਡਰਪੁਰ ਦੇ ਮੰਦਿਰਾਂ ਨੂੰ ਢਾਹ ਦਿੱਤਾ ਜਾਵੇ ਅਤੇ ਡੇਰੇ ਦੇ ਕਸਾਈਆਂ ਨੂੰ ਲਿਜਾ ਕੇ ਮੰਦਿਰਾਂ ਵਿੱਚ ਗਊ ਹੱਤਿਆ ਕਰਵਾਈ ਜਾਵੇ-----------ਆਗਿਆ ਦਾ ਪਾਲਣ ਕੀਤਾ ਗਿਆ। (ਅਖ਼ਬਾਰਾਤ ੪੬-੭)
(ਭਾਰਤ ਮੇਂ ਜਿਹਾਦ)

ਜੋ ਉਪਰੋਕਤ ਦੱਸਿਆ ਗਿਆ ਹੈ ਉਪਰ ਬਿਪਰਵਾਦੀਆਂ ਦੀ ਨਜ਼ਰ-ਵਿੱਚ ਔਰੰਗਜ਼ੇਬ ਦਾ ਦੂਸਰਾ ਰੂਪ ਹੈ। ਪਹਿਲੇ ਰੂਪ ਵਿੱਚ ਜਦੋਂ ਬਿਪਰਵਾਦ ਦਾ ਨਿਸ਼ਾਨਾ ਸਿੱਖ ਸੰਘਰਸ਼ ਨੂੰ ਗਲਤ ਸਾਬਤ ਕਰਨਾ ਅਤੇ ਸਿੱਖ ਇਤਿਹਾਸ ਨੂੰ ਵਿਗਾੜਨਾ ਹੁੰਦਾ ਹੈ, ਉਦੋਂ ਔਰੰਗਜ਼ੇਬ ਅਮਨਪਸੰਦ ਅਤੇ ਇਨਸਾਫ਼ ਪਸੰਦ ਨਜ਼ਰ ਆਉਂਦਾ। ਪਰੰਤੂ ਜਦੋਂ ਮੰਦਿਰਾਂ ਨੂੰ ਢਾਹੁਣ ਅਤੇ ਗਊ ਹੱਤਿਆ ਦਾ ਮੁੱਦਾ ਆਉਂਦਾ ਹੈ ਤਾਂ ਔਰੰਗਜ਼ੇਬ ਜਹਾਦੀ ਅਤਿਆਚਾਰੀ ਦੁਸ਼ਟ ਅਤੇ ਧਰਮ ਵਿਰੋਧੀ ਨਜ਼ਰ ਆਉਂਦਾ ਹੈ ਕਿਉਂ?

ਬਾਬਰ ਨੂੰ ਗੁਰੂ ਸਾਹਿਬ ਨੇ ਜਾਬਰ ਕਹਿ ਕੇ ਵੰਗਾਰਿਆ ਉਸਦੇ ਲਾਮ-ਲਸ਼ਕਰ ਨੂੰ ਗੁਰੂ ਜੀ ਨੇ ਪਾਪ ਕੀ ਜੰਞ ਆਖਿਆ। ਗੁਰੂ ਸਾਹਿਬ ਦੀ ਬੰਦੀ ਕੀਤੀ ਗਈ, ਜੇਲ੍ਹ ਵਿੱਚ ਰੱਖਿਆ ਗਿਆ ਪਰ ਜਦੋਂ ਗੁਰੂ ਬਾਬੇ ਦੇ ਮੁਖਾਰਬਿੰਦ ਤੋਂ ਬਾਬਰ ਨੇ ਅੰਮ੍ਰਿਤਮਈ ਬਚਨ ਸੁਣੇ ਤਾਂ ਬਾਬਰ ਨੇ ਗੁਰੂ ਸਨਮੁਖ ਸੀਸ ਝੁਕਾ ਦਿੱਤਾ, ਬਾਬਰ ਨਿਰੰਕਾਰੀ ਬਾਬੇ ਦੀ ਅਜ਼ਮਤ ਤੋਂ ਕਾਇਲ ਹੋਣੋਂ ਨਾ ਰਹਿ ਸਕਿਆ। ਗੁਰੂ ਬਾਬੇ ਦੀ ਤਾਂ ਬੰਦਖਲਾਸੀ ਹੋਈ ਸੀ, ਬਾਬਰ ਨੇ ਗੁਰੂ ਪਾਤਸ਼ਾਹ ਤੋਂ ਸੱਚ ਉਪਦੇਸ਼ ਗ੍ਰਹਿਣ ਕਰ ਬੰਦੀ ਬਣਾਏ ਸਾਰੇ ਆਮ ਲੋਕਾਂ ਨੂੰ ਰਿਹਾ ਕਰ ਦਿੱਤਾ। ਹਮਾਯੂੰ ਗੁਰ-ਦਰਬਾਰ ਆਇਆ ਤਾਂ ਦੂਸਰੇ ਜਾਮੇ ਵਿੱਚ ਬਿਰਾਜਮਾਨ ਨਿਰੰਕਾਰੀ ਜੋਤਿ ਦੇ ਨੂਰ ਤੋਂ ਪ੍ਰਭਾਵਤ ਹੋਣੋਂ ਨਾ ਰਹਿ ਸਕਿਆ। ਬਿਪਰਵਾਦ ਨੇ ਅਕਬਰ ਨੂੰ ਗੁਰੂ ਘਰ ਖਿਲਾਫ਼ ਚੁਕਿਆ ਪਰੰਤੂ ਜਦੋਂ ਉਸਨੂੰ ਅਸਲੀਅਤ ਦਾ ਪਤਾ ਲੱਗਾ ਤਾਂ ਗੁਰੂ-ਘਰ ਦਾ ਮੁਰੀਦ ਬਣ ਗਿਆ। ਇਤਿਹਾਸ ਦੀ ਇਕੋ-ਇਕ ਮਿਸਾਲ ਸੀ ਜਦੋਂ ਅਕਬਰ ਨੇ ਦੀਨਾਂ ਗਰੀਬਾਂ ਵਿੱਚ ਬੈਠ ਕੇ ਗੁਰੂ ਦਾ ਲੰਗਰ ਛੱਕਿਆ।

ਸ਼ੇਖ ਸਰਹਿੰਦੀ ਵਰਗੇ ਕੱਟੜ ਨਕਸ਼ਬੰਦੀਆਂ ਦੀਆਂ ਸਾਜ਼ਿਸ਼ਾਂ ਨੂੰ ਚੰਦੂ ਵਰਗੇ ਬਿਪਰਾਂ ਦੀ ਮਦਦ ਨਾਲ ਫਲ ਲੱਗਾ, ਜਦੋਂ ਗੁਰੂ ਅਰਜਨ ਸਾਹਿਬ ਨੂੰ ਸ਼ਹੀਦ ਕਰ ਦਿੱਤਾ ਗਿਆ। ਗੁਰੂ ਦਰਬਾਰ ਅਤੇ ਦਿੱਲੀ ਦਰਬਾਰ ਵਿਚਕਾਰ ਹਥਿਆਰਬੰਦ ਯੁੱਧ ਵੀ ਹੋਏ ਪਰੰਤੂ ਜਦੋਂ ਜਹਾਂਗੀਰ ਨੂੰ

ਅਸਲੀਅਤ ਦਾ ਪਤਾ ਲੱਗਾ ਤਾਂ ਉਸ ਗੁਰੂ ਘਰ ਤੋਂ ਖ਼ਿਮਾਂ ਦਾ ਦਾਨ ਲਿਆ। ਬਿਪਰ ਚੰਦੂ ਨੂੰ ਸਿੱਖਾਂ ਦੇ ਹਵਾਲੇ ਕਰ ਦਿੱਤਾ ਤੇ ਸ਼ੇਖ ਅਹਿਮਦ ਜੇਲ੍ਹ ਦੀ ਚਾਰ ਦੀਵਾਰੀ ਵਿੱਚ। ਗੁਰੂ ਹਰਿਰਾਏ ਸਮੇਂ ਵਿੱਚ ਸਿੱਖ ਯੋਧੇ ਸੰਗਠਿਤ ਰੂਪ ਵਿਚ ਸ਼ਸਤਰਧਾਰੀ ਰਹੇ ਪਰ ਕੋਈ ਹਥਿਆਰਬੰਦ ਟਕਰਾ ਹਕੂਮਤ ਨਾਲ ਨਾ ਹੋਇਆ। ਔਰੰਗਜ਼ੇਬ ਦੇ ਸਮੇਂ ਬਾਲਾ ਪ੍ਰੀਤਮ ਨੇ 'ਨਹਿ ਮਲੇਛ ਕੋ ਦਰਸ਼ਨ ਦੇਹ ਹੈਂ' ਆਖ ਦੁਨੀ ਪਾਤਸ਼ਾਹ ਤੋਂ ਸੱਚੇ ਸ਼ਾਹ ਨੂੰ ਵਡੇਰਾ ਹੋਣ ਦਾ ਸਬੂਤ ਦਿੱਤਾ। ਔਰੰਗਜ਼ੇਬ ਨੇ ਬੇਸ਼ਕ ਅਨੇਕਾਂ ਹਿੰਦੂ ਮੰਦਰ ਢੁਹਾਏ ਪਰੰਤੂ ਕਿਸੇ ਇਕ ਵੀ ਸਿੱਖ ਅਸਥਾਨ ਦੇ ਢਾਹੁਣ ਦਾ ਜ਼ਿਕਰ ਨਹੀਂ ਮਿਲਦਾ ਭਾਵੇਂ ਕਿ ਉਦੋਂ ਤੱਕ ਸਿੱਖ ਸੰਗਤਾਂ ਪੂਰੀ ਤਰ੍ਹਾਂ ਨਾਲ ਸਥਾਪਤ ਹੋ ਚੁੱਕੀਆਂ ਸਨ। ਸਿੱਖ ਧਰਮਸ਼ਾਲਾਵਾਂ ਆਮ ਸਨ ਅਤੇ ਗੁਰੂ ਘਰ ਅਤੇ ਸੰਗਤਾਂ ਵਿੱਚ ਸੰਬੰਧ ਕਾਇਮ ਰੱਖਣ ਲਈ ਮਸੰਦ-ਪ੍ਰਨਾਲੀ ਵੀ ਚਾਲੂ ਸੀ ਭਾਵੇਂ ਕਿ ਕਾਫ਼ੀ ਹੱਦ ਤੱਕ ਇਹ ਸਿਸਟਮ ਭ੍ਰਿਸ਼ਟ ਹੋ ਚੁੱਕਾ ਸੀ ਅਤੇ ਤਬਦੀਲੀ ਦੀ ਜ਼ਰੂਰਤ ਸੀ। ਗੁਰੂ ਗੋਬਿੰਦ ਸਿੰਘ ਨੇ ਇਸ ਮਸੰਦ ਪ੍ਰਨਾਲੀਆਂ ਦੀਆਂ ਖ਼ਾਮੀਆਂ ਤੱਕ ਕੇ ਇਸ ਨੂੰ ਹਮੇਸ਼ਾ ਵਾਸਤੇ ਖ਼ਤਮ ਕਰ ਦਿੱਤਾ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਕਾਰਨ ਵੀ ਹਿੰਦੂ ਧਰਮ ਦੀ ਰੱਖਿਆ ਹੀ ਸੀ ਕਿਉਂਕਿ ਸਿੱਖ ਧਰਮ ਅਜ਼ਾਦ ਹਸਤੀ ਦਾ ਮਾਲਕ ਹੈ ਅਤੇ ਕੌਮੀ ਗ਼ੈਰਤ ਅਤੇ ਇਨਸਾਨੀਅਤ ਵਿਰੁੱਧ ਹੋ ਰਹੇ ਘਾਤਕ ਹਮਲਿਆਂ ਖਿਲਾਫ਼ ਆਵਾਜ਼ ਉਠਾਉਣਾ ਇਸ ਦਾ ਜ਼ਮਾਂਦਰੂ ਗੁਣ ਹੈ। ਜਿਸ ਨੂਰਾਨੀ ਜੋਤ ਨੇ ਬਾਬਰ ਨੂੰ ਜਾਬਰ ਕਿਹਾ ਸੀ, ਉਸ ਜੋਤ ਨੇ ਨੌਵੇਂ ਜਾਮੇ ਵਿੱਚ ਹਿੰਦੂਆਂ ਉਪਰ ਹੋ ਰਹੇ ਜ਼ੁਲਮਾਂ ਖਿਲਾਫ਼ ਆਵਾਜ਼ ਉਠਾਉਣ ਲਈ ਆਪਣੀ ਸ਼ਹਾਦਤ ਦਿੱਤੀ।

ਜਿਥੋਂ ਤੱਕ ਹਿੰਦੂ ਮੰਦਿਰਾਂ ਨੂੰ ਤੋੜਨ ਦਾ ਮੁੱਦਾ ਹੈ ਉਥੇ ਜਿਥੇ ਤਾਂ ਹਿੰਦੂਧਰਮ ਦੀ ਬਹੁਦੇਵ ਪ੍ਰਥਾ ਅਤੇ ਮੂਰਤੀ ਪੂਜਾ ਜ਼ਿੰਮੇਵਾਰ ਹੈ ਉਥੇ ਨਾਲ ਹੀ ਮੰਦਿਰਾਂ ਦੇ ਪੰਡਿਆਂ ਵਲੋਂ ਆਮ ਲੋਕਾਂ ਦੇ ਕੀਤੇ ਜਾਂਦੇ ਮਾਨਸਿਕ, ਆਰਥਿਕ ਅਤੇ ਸਰੀਰਕ ਸ਼ੋਸ਼ਨ ਨੂੰ ਰੱਦ ਨਹੀਂ ਕੀਤਾ ਜਾ ਸਕਦਾ। ਮਿਸਾਲ ਦੇ ਤੌਰ ਤੇ ਹਿੰਦੂਆਂ ਵਲੋਂ ਔਰੰਗਜ਼ੇਬ ਦੁਆਰਾ ਵਿਸ਼ਵਨਾਥ ਮੰਦਰ ਢਾਹੁਣ ਦੇ ਮਸਲੇ ਨੂੰ ਬੜਾ ਵਧਾ ਚੜ੍ਹਾ ਕੇ ਪੇਸ਼ ਕੀਤਾ ਜਾਂਦਾ ਹੈ ਪਰੰਤੂ ਇਸ ਘਟਨਾ ਦੀ ਅਸਲੀਅਤ ਵਿੱਚੋਂ ਜ਼ਿੰਮੇਵਾਰ ਬਿਪਰਵਾਦ ਨੂੰ ਮੁਕਤ ਨਹੀਂ ਕੀਤਾ ਜਾ ਸਕਦਾ।

ਜਦੋਂ ਔਰੰਗਜ਼ੇਬ ਬੰਗਾਲ ਜਾਣ ਦੇ ਰਸਤੇ ਨੂੰ ਵਾਰਾਨਸੀ ਤੋਂ ਲੰਘ ਰਿਹਾ ਸੀ, ਤਾਂ ਉਸ ਨੇ ਨਾਲ ਚਲ ਰਹੇ ਕੁਝ ਹਿੰਦੂ ਅਹਿਲਕਾਰਾਂ ਮਸ਼ਵਰਾ ਦਿੱਤਾ ਕਿ ਟਿਕਾਣਾ ਵਾਰਾਨਸੀ ਜ਼ਰੂਰ ਕੀਤਾ ਜਾਵੇ ਤਾਂ ਜੋ ਉਹ ਅਤੇ ਉਹਨਾਂ ਦੀਆਂ ਰਾਣੀਆਂ ਗੰਗਾ ਵਿੱਚ ਇਸ਼ਨਾਨ ਕਰ ਸਕਣ ਅਤੇ ਵਿਸ਼ਵਨਾਥ ਮੰਦਿਰ ਦੇ ਦਰਸ਼ਨ ਕਰ ਸਕਣ। ਔਰੰਗਜ਼ੇਬ ਉਹਨਾਂ ਦੀ ਗੱਲ ਸੁਣ ਕੇ ਸਹਿਮਤ ਹੋ ਗਿਆ ਅਤੇ ਉਥੇ ਸ਼ਾਹੀ ਪੜਾਅ ਕਰ ਲਿਆ। ਸੁਰੱਖਿਆ ਦੇ ਵਧੀਆ ਪ੍ਰਬੰਧ ਕਰ ਦਿੱਤੇ ਗਏ। ਸਾਰੀਆਂ ਰਾਣੀਆਂ ਇਕੱਲੀ-ਇਕੱਲੀ ਆਪਣੀ ਪਾਲਕੀ ਵਿਚ ਬੈਠ ਕੇ ਪਹਿਲਾਂ ਗੰਗਾ ਇਸ਼ਨਾਨ ਕਰਨ ਗਈਆਂ ਅਤੇ ਫਿਰ ਆਪਣੀ ਪਾਲਕੀ ਵਿੱਚ ਬੈਠ ਕੇ ਵਿਸ਼ਵਨਾਥ ਮੰਦਿਰ ਦੇ ਅੰਦਰ ਗਈਆਂ। ਮੰਦਿਰ ਦੇ ਅੰਦਰੋਂ ਦਰਸ਼ਨ ਕਰਕੇ ਸਾਰੀਆਂ ਰਾਣੀਆਂ ਤਾਂ ਵਾਪਸ ਆ ਗਈਆਂ ਪਰੰਤੂ ਕੱਛ ਦੇ ਰਾਜੇ ਦੀ ਇਕ ਬਹੁਤ ਹੀ ਸੁੰਦਰ ਰਾਣੀ ਵਾਪਸ ਨਾ ਆਈ। ਸਾਰੇ ਫ਼ੌਜ ਨੂੰ ਚੌਕਸ ਕੀਤਾ

ਗਿਆ ਹਰ ਪਾਸੇ ਭਾਲ ਕੀਤੀ ਗਈ ਪਰੰਤੂ ਰਾਣੀ ਨਾ ਲੱਭੀ। ਜਦੋਂ ਔਰੰਗਜ਼ੇਬ ਨੂੰ ਇਸ ਘਟਨਾ ਦਾ ਪਤਾ ਲੱਗਾ ਤਾਂ ਉਸ ਨੇ ਆਪਣੀ ਸ਼ਾਹੀ ਫੌਜ ਨੂੰ ਸਾਰੀ ਘਟਨਾ ਦੀ ਪੜਤਾਲ ਕਰਨ ਵਾਸਤੇ ਕਿਹਾ। ਪੰਡਿਆਂ ਤੋਂ ਸਖ਼ਤੀ ਨਾਲ ਪੁਛਗਿੱਛ ਕੀਤੀ ਗਈ ਤਾਂ ਇਹ ਰਾਜ਼ ਖੁਲ੍ਹਿਆ ਕਿ ਮੰਦਿਰ ਦੇ ਅੰਦਰ ਜਿਹੜੀ ਇਕ ਦੀਵਾਰ ਦੇ ਨਾਲ ਗਨੇਸ਼ ਦੀ ਮੂਰਤੀ ਹੈ, ਉਸ ਨੂੰ ਘੁਮਾ ਕੇ ਸਰਕਾਇਆ ਜਾ ਸਕਦਾ ਹੈ। ਜ਼ਦੋਂ ਮੂਰਤੀ ਨੂੰ ਘੁਮਾ ਕੇ ਖਿਸਕਾਇਆ ਗਿਆ ਤਾਂ ਹੇਠਾਂ ਇਕ ਖੁਲਾ ਛੇਕ ਸੀ ਜਿਸ ਵਿੱਚੋਂ ਪੌੜੀਆਂ ਹੇਠਾਂ ਨੂੰ ਉਤਰਦੀਆਂ ਸਨ ਜਿਥੇ ਕਿ ਇਕ ਤਹਿਖਾਨਾ ਸੀ। ਜਦੋਂ ਔਰੰਗਜ਼ੇਬ ਦੇ ਉੱਚ ਫ਼ੌਜੀ ਅਧਿਕਾਰੀ ਤਹਿਖਾਨੇ ਅੰਦਰ ਉਤਰੇ ਤਾਂ ਅੰਦਰ ਵੇਖ ਕੇ ਹੈਰਾਨ ਰਹਿ ਗਏ ਕਿ ਅੰਦਰ ਬੈਠੀ ਰਾਣੀ ਰੋ ਰਹੀ ਸੀ, ਪੰਡਿਆਂ ਦੁਆਰਾ ਉਸ ਦੀ ਇੱਜ਼ਤ ਲੁੱਟੀ ਜਾ ਚੁੱਕੀ ਸੀ। ਇਹ ਤਹਿਖਾਨਾ ਵਿਸ਼ਵਾਨਾਥ ਮੰਦਿਰ ਦੇ ਬਿਲਕੁਲ ਹੇਠਾਂ ਸੀ। ਹਿੰਦੂ ਰਾਜਿਆਂ ਨੂੰ ਵੀ ਇਹ ਗੱਲ ਕਾਫ਼ੀ ਬੁਰੀ ਲੱਗੀ, ਪੁਜ਼ਾਰੀਆਂ ਦਾ ਅਪਰਾਧ ਭਿਅੰਕਰ ਸੀ ਉਹਨਾਂ ਨੇ ਵੀ ਰਾਜੇ ਪਾਸੋਂ ਸਜ਼ਾ ਦੀ ਮੰਗ ਕੀਤੀ। ਔਰੰਗਜ਼ੇਬ ਨੇ ਕੁਕਰਮਾਂ ਦੇ ਇਸ ਕੇਂਦਰ ਵਿਸ਼ਵਨਾਥ ਮੰਦਿਰ ਨੂੰ ਉਸੇ ਵੇਲੇ ਢਾਹੁਣ ਦਾ ਹੁਕਮ ਦਿੱਤਾ ਅਤੇ ਪੁਜਾਰੀ ਨੂੰ ਸਖ਼ਤ ਸਜ਼ਾ ਦਿੱਤੀ। ਸੋ ਮੰਦਿਰਾਂ ਨੂੰ ਢਾਹੁਣ ਪਿੱਛੇ ਵੀ ਬਿਪਰਵਾਦੀ ਪੰਡਿਆਂ ਦੀਆਂ ਇਨਸਾਨੀਅਤ ਤੋਂ ਗਿਰੀਆਂ, ਅਪਰਾਧੀਕਰਨ ਵਾਲੀਆਂ ਰੁਚੀਆਂ ਨੂੰ ਜ਼ਿੰਮੇਂਵਾਰੀ ਤੋਂ ਮੁਕਤ ਨਹੀਂ ਕੀਤਾ ਜਾ ਸਕਦਾ।

ਗੁਰੂ ਘਰ ਦੇ ਨਾਲ ਔਰੰਗਜ਼ੇਬ ਟਕਰਾ ਵਾਲੀ ਨੀਤੀ ਨਹੀਂ ਅਪਨਾਉਣਾ ਚਾਹੁੰਦਾ ਸੀ। ਔਰੰਗਜ਼ੇਬ ਸਿੱਖ ਧਰਮ ਦੇ ਬਾਰੇ ਜਾਣਦਾ ਸੀ ਕਿ ਇਕ ਅਕਾਲ ਨੂੰ ਮੰਨਣ ਵਾਲਿਆਂ ਦਾ ਧਰਮ ਹੈ, ਮੂਰਤੀ ਪੂਜਕਾਂ ਦਾ ਨਹੀਂ। ਔਰੰਗਜ਼ੇਬ ਮੂਰਤੀ ਪੂਜਾ ਦੇ ਅਤੇ ਮੂਰਤੀ ਪੂਜਕ ਅਸਥਾਨਾਂ ਉਪਰ ਹੁੰਦੇ ਕੁਕਰਮਾਂ ਦਾ ਵਿਰੋਧੀ ਸੀ। ਗੁਰੂ ਗੋਬਿੰਦ ਸਿੰਘ ਦੇ ਖਿਲਾਫ਼ ਸਭ ਤੋਂ ਪਹਿਲਾਂ ਪਹਾੜੀ ਹਿੰਦੂ ਰਾਜੇ ਹੀ ਹਮਲਾਵਰ ਹੋ ਕੇ ਆਏ। ਦਰਜਨ ਤੋਂ ਵੱਧ ਲੜਾਈਆਂ ਗੁਰੂ ਸਾਹਿਬ ਦੀਆਂ ਪਹਾੜੀ ਰਾਜਿਆਂ ਨਾਲ ਹੀ ਹੋਈਆਂ। ਗਊ ਅਤੇ ਜਨੇਊ ਦੀਆਂ ਝੂਠੀਆਂ ਕਸਮਾਂ ਖਾ ਕੇ ਗੁਰੂ ਸਾਹਿਬ ਨਾਲ ਧੋਖਾ ਕਰਨ ਵਾਲੇ ਪਰਮਾਨੰਦ ਵਰਗੇ ਬਿਪਰ ਹੀ ਸਨ। ਔਰੰਗਜ਼ੇਬ ਗੁਰੂ ਸਾਹਿਬ ਨੂੰ ਦਿਲੀ ਇੱਛਾ ਅਨੁਸਾਰ ਗੁਰੂ ਸਾਹਿਬ ਨੂੰ ਮਿਲਣਾ ਚਾਹੁੰਦਾ ਸੀ। ਜਦੋਂ ਕਾਜ਼ੀ ਵਲੀ ਹਸਨ ਔਰੰਗਜ਼ੇਬ ਦੁਆਰਾ ਭੇਜੀ ਕੁਰਾਨ ਲੈ ਕੇ ਆਇਆ ਜਿਸ ਉਸ ਲਿਖਿਆ ਹੋਇਆ ਸੀ,

*ਕਿ ਤਸ਼ਰੀਫ਼ ਦਰ ਕਸਬਹ ਕਾਂਗੜ ਕੁਨਦ॥*
*ਵਜ਼ਾਂ ਪਸ ਮੁਲਾਕਾਤ ਬਾਹਮ ਸ਼ਵਦ॥* ੫੮ (ਜ਼ਫ਼ਰਨਾਮਾ)
*ਨ ਜ਼ੱਰਹ ਦਰੀਂ ਰਾਹ ਖ਼ਤਰਹ ਤੁਰਾਸਤ॥*
*ਹਮਹ ਕੌਮਿ ਬੈਰਾੜ ਹੁਕਮਿ ਮਰਾਸਤ॥* ੫੯ (ਜ਼ਫ਼ਰਨਾਮਾ)
*ਬਿਯਾ ਤਾ ਸੁਖ਼ਨ ਖ਼ੁਦ ਜ਼ੁਬਾਨੀ ਕੁਨੇਮ॥*
*ਬਰੂਏ ਸ਼ੁਮਾ ਮਿਹਰਬਾਨੀ ਕੁਨੇਮ॥* ੬੦ (ਜ਼ਫ਼ਰਨਾਮਾ)
*ਯਕੇ ਅਸਪ ਸ਼ਾਇਸਤਏ ਯਕ ਹਜ਼ਾਰ॥*
*ਬਿਯਾ ਤਾ ਬਗੀਰੀ ਬ ਮਨ ਈਂ ਦਿਯਾਰ॥* ੬੧ (ਜ਼ਫ਼ਰਨਾਮਾ)

ਅਰਥਾਤ:- "ਤੁਸੀਂ ਅਨੰਦਪੁਰ ਛੱਡ ਕੇ ਕਾਂਗੜ ਵੱਲ ਨੂੰ ਤਸ਼ਰੀਫ ਲੈ ਆਉ ਇਸ ਪਿਛੋਂ ਹੀ ਸਾਡੀ ਮੁਲਾਕਾਤ ਹੋ ਸਕੇਗੀ। ਤੁਹਾਨੂੰ ਮਾਲਵੇ ਦੇ ਜੰਗਲਾਂ ਵਾਲੇ ਪਾਸੇ ਵੱਲ ਆਉਣ ਤੋਂ ਫ਼ਿਕਰ ਦੀ ਜ਼ਰੂਰਤ ਨਹੀਂ ਕਿਉਂਕਿ ਸਮੁੱਚਾ ਇਲਾਕਾ ਮੇਰੇ ਅਧੀਨ ਹੈ। ਜ਼ਬਾਨੀ ਗੱਲ ਕਰਕੇ ਹਰ ਮਸਲੇ ਨੂੰ ਹਮਦਰਦਾਨਾ ਢੰਗ ਨਾਲ ਨਿਪਟਾ ਲਿਆ ਜਾਵੇਗਾ ਮੈਂ ਆਪ ਜੀ ਨੂੰ ਸੁੰਦਰ ਤੋਹਫੇ ਨਾਲ ਨਿਵਾਜਾਂਗਾ।"

ਜ਼ਫ਼ਰਨਾਮਾ ਲਿਖਣ ਤੱਕ ਔਰੰਗਜ਼ੇਬ ਦੁਆਰਾ ਗੁਰੂ ਸਾਹਿਬ ਨੂੰ ਭੇਜੀ ਹੋਈ ਕੁਰਾਨ ਅਤੇ ਉਸ ਦੀ ਜਿਲਦ ਉਪਰ ਲਿਖੀ ਹੋਈ ਪੱਤਰਿਕਾ ਸੰਭਾਲ ਕੇ ਰੱਖੀ ਹੋਈ ਸੀ। ਜ਼ਫ਼ਰਨਾਮੇ ਵਿੱਚ ਸਾਹਿਬ ਬਿਆਨ ਕਰਦੇ ਹਨ,

*ਤੁਰਾ ਗਰ ਬਬਾਯਦ ਬ ਕਉਲੇ ਕੁਰਾਂ॥*
*ਬਨਿਜ਼ਦੇ ਸ਼ੁਮਾ ਰਾ ਰਸਾਨਮ ਹਮਾਂ॥ ੫੭॥* (ਜ਼ਫ਼ਰਨਾਮਾ)

ਐ ਬਾਦਸ਼ਾਹ ! ਜੇਕਰ ਤੂੰ ਕੁਰਾਨ ਦੀ ਸੌਂਹ ਵਾਲਾ ਇਕਰਾਰਨਾਮਾ ਵੇਖਣਾ ਚਾਹੁੰਦਾ ਹੈਂ ਤਾਂ ਉਹ ਵੀ ਤੈਨੂੰ ਵਿਖਾ ਸਕਦਾ ਹਾਂ, ਮੈਂ ਸੰਭਾਲ ਕੇ ਰੱਖਿਆ ਹੋਇਆ ਹੈ। ਦਰਅਸਲ ਗੁਰੂ ਸਾਹਿਬ ਅਤੇ ਔਰੰਗਜ਼ੇਬ ਦਰਮਿਆਨ ਰੰਜਿਸ਼ ਦਾ ਮੁੱਖ ਕਾਰਨ ਵੀ ਬਿਪਰਵਾਦੀ ਪਹਾੜੀ ਰਾਜੇ ਹੀ ਸਨ। ਜ਼ਫ਼ਰਨਾਮੇ ਤੋਂ ਸਪੱਸ਼ਟ ਹੁੰਦਾ ਹੈ,

*ਮਨਮ ਕੁਸ਼ਤਹ ਅਮ ਕੋਹਿਯਾ ਬੁਤ ਪ੍ਰਸਤ॥*
*ਕਿ ਆਂ ਬੁਤ ਪ੍ਰਸਤੰਦੋ ਮਨ ਬੁਤ ਸ਼ਿਕਸਤ॥ ੯੫॥* (ਜ਼ਫ਼ਰਨਾਮਾ)

"ਐ ਬਾਦਸ਼ਾਹ ! ਮੈਂ ਪਹਾੜੀ ਰਾਜਿਆਂ ਨੂੰ ਇਸ ਕਰਕੇ ਖਤਮ ਕੀਤਾ ਹੈ ਕਿ ਉਹ ਬੁੱਤਾਂ ਨੂੰ ਮੰਨਣ ਵਾਲੇ ਮੂਰਤੀ ਪੂਜ ਹਨ ਅਤੇ ਮੈਂ ਬੁੱਤਾਂ ਨੂੰ ਤੋੜਨ ਵਾਲਾ ਅਤੇ ਇਕ ਅਕਾਲ ਵਿੱਚ ਯਕੀਨ ਰੱਖਣ ਵਾਲਾ ਹਾਂ।"

ਸੋ ਗੁਰੂ ਸਾਹਿਬ ਨਾਲ ਆਰੰਭ ਵਿੱਚ ਲੜਾਈਆਂ ਦੀ ਸ਼ੁਰੂਆਤ ਤਾਂ ਪਹਾੜੀ ਰਾਜਿਆਂ ਵਲੋਂ ਕੀਤੀ ਗਈ ਅਤੇ ਪਹਾੜੀ ਰਾਜਿਆਂ ਨੇ ਹੀ ਔਰੰਗਜ਼ੇਬ ਨੂੰ ਬਾਰ-ਬਾਰ ਸੰਦੇਸ਼ ਭੇਜੇ ਕਿ ਗੁਰੂ ਸਾਹਿਬ ਤੇ ਹਮਲਾ ਕੀਤਾ ਜਾਵੇ ਅਤੇ ਪਹਾੜੀ ਰਾਜਿਆਂ ਹੀ ਸਥਾਨਕ ਅਹਿਲਕਾਰਾਂ ਨੂੰ ਅਤੇ ਫ਼ੌਜਦਾਰਾਂ ਨੂੰ ਗੁਰੂ-ਦਰਬਾਰ ਦੇ ਖ਼ਿਲਾਫ਼ ਉਕਸਾਇਆ। ਔਰੰਗਜ਼ੇਬ ਦੇ ਕੁਰਾਨ ਉਪਰ ਲਿਖੇ ਕਥਨ ਤੋਂ ਸਪੱਸ਼ਟ ਹੁੰਦਾ ਹੈ ਕਿ ਔਰੰਗਜ਼ੇਬ ਗੁਰੂ ਸਾਹਿਬ ਨੂੰ ਮਿਲਣਾ ਚਾਹੁੰਦਾ ਸੀ ਪਰੰਤੂ ਕੁਝ ਕਾਰਨਾਂ ਕਰਕੇ ਇਹ ਮੁਲਾਕਾਤ ਨਾ ਹੋ ਸਕੀ। ਮਗਰੋਂ ਜਲਦੀ ਹੀ ਔਰੰਗਜ਼ੇਬ ਦੀ ਮੌਤ ਹੋ ਗਈ ਅਤੇ ਗੁਰੂ ਸਾਹਿਬ ਨਾਲ ਆਪਸੀ ਸਲਾਹ ਮਸ਼ਵਰੇ ਦਾ ਪ੍ਰੋਗ੍ਰਾਮ ਸਿਰੇ ਨਾ ਚੜ੍ਹ ਸਕਿਆ। ਦਰਅਸਲ ਬਿਪਰਵਾਦੀ ਪਹਾੜੀ ਰਾਜੇ ਔਰੰਗਜ਼ੇਬ ਅਤੇ ਗੁਰੂ ਸਾਹਿਬ ਦਾ ਮਿਲਾਪ ਨਹੀਂ ਹੋਣ ਦੇਣਾ ਚਾਹੁੰਦੇ ਸਨ, ਇਸ ਕਰਕੇ ਹੀ ਔਰੰਗਜ਼ੇਬ ਦੇ ਗੁਰੂ ਸਾਹਿਬ ਨਾਲ ਕੀਤੇ ਧਾਰਮਿਕ ਲਿਖਤੀ ਇਕਰਾਰ ਦੇ ਬਾਵਜੂਦ ਵੀ ਗੁਰੂ ਸਾਹਿਬ ਦੇ ਅਨੰਦਪੁਰ ਛੱਡਣ ਸਮੇਂ ਹਮਲਾ ਕੀਤਾ ਗਿਆ ਅਤੇ ਘਣਘੋਰ ਜੁੱਧ ਹੋਇਆ। ਚਮਕੌਰ ਦੀ ਗੜ੍ਹੀ ਨੂੰ ਘੇਰਨ ਵਾਲਿਆਂ ਵਿੱਚ ਵੀ ਸਥਾਨਕ ਮੁਗਲ ਅਹਿਲਕਾਰਾਂ ਤੋਂ ਛੁੱਟ ਵਧੇਰੇ

ਗਿਣਤੀ ਬਿਪਰਵਾਦੀ ਪਹਾੜੀ ਰਾਜਿਆਂ ਅਤੇ ਸਥਾਨਕ ਬਿਪਰਵਾਦੀ ਅਹਿਲਕਾਰਾਂ ਦੀ ਹੀ ਸੀ।

ਜਦੋਂ ਗੁਰੂ ਸਾਹਿਬ ਨੇ ਬਹਾਦਰ ਸ਼ਾਹ ਦੀ ਘਰੇਲੂ ਜੰਗ ਵਿੱਚ ਮਦਦ ਕੀਤੀ ਤਾਂ ਬਿਪਰਵਾਦੀ ਰਜਵਾੜਿਆਂ ਤੇ ਗੁਰੂ ਸਾਹਿਬ ਦੇ ਛੋਟੇ ਫ਼ਰਜ਼ੰਦਾਂ ਨੂੰ ਸ਼ਹੀਦ ਕਰਨ ਵਾਲੇ ਸੁੱਚਾ ਨੰਦ ਵਰਗੇ ਜ਼ਾਲਮਾਂ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਗੁਰੂ ਸਾਹਿਬ ਦੀ ਹੱਤਿਆ ਕਰਨ ਵਾਸਤੇ ਦੋਵੇਂ ਪਠਾਣ ਵੀ ਵਜ਼ੀਰਖ਼ਾਨ·ਦੁਆਰਾ ਸੁੱਚਾ ਨੰਦ ਦੀ ਸਲਾਹ ਤੇ ਹੀ ਭੇਜੇ ਸਨ ਕਿਉਂਕਿ ਪਹਾੜੀ ਰਾਜਿਆਂ, ਵਜ਼ੀਰਖਾਨ ਵਰਗੇ ਜ਼ਾਲਮਾਂ ਅਤੇ ਸੁੱਚਾ ਨੰਦ ਵਰਗਿਆਂ ਨੂੰ ਗੁਰੂ ਸਾਹਿਬ ਅਤੇ ਬਹਾਦਰ ਸ਼ਾਹ ਦੇ ਮਿਲਾਪ ਅਤੇ ਆਪਸੀ ਗਿਲੇ ਸ਼ਿਕਵੇ ਦੂਰ ਹੋਣ ਵਿੱਚੋਂ ਆਪਣਾ ਸਰਵਨਾਸ਼ ਨਜ਼ਰ ਆਉਂਦਾ ਸੀ।

ਸੋ ਸਿੱਖ ਧਰਮ ਉਪਰ ਬੌਧਿਕ ਹਮਲਾ ਕਰਨ ਵਾਸਤੇ ਬਿਪਰਵਾਦੀ ਕਲਮਜ਼ਾਰਾਂ ਵਲੋਂ ਇਹ ਨੀਤੀ ਅਪਨਾਈ ਜਾਂਦੀ ਹੈ ਕਿ ਮੁਗਲ-ਸਿੱਖ ਸੰਘਰਸ਼ ਦਾ ਕਾਰਨ ਤਾਂ ਸਿੱਖਾਂ ਦੀਆਂ ਅਤਿਵਾਦੀ ਕਾਰਵਾਈਆਂ ਨੂੰ ਠਹਰਾਉਂਦੇ ਹਨ, ਪਰ ਆਪਣੀਆਂ ਹੀ ਗਲਤੀਆਂ ਸਦਕਾ ਔਰੰਗਜ਼ੇਬ ਮੰਦਿਰ ਢਹਿ ਢੇਰੀ ਕਰਦਾ, ਮੂਰਤੀਆਂ ਤੋੜਦਾ ਅਤੇ ਗਊ ਹੱਤਿਆ ਕਰਵਾਉਂਦਾ ਹੈ ਤਾਂ ਉਹੀ ਔਰੰਗਜ਼ੇਬ ਜਹਾਦੀ ਅਤੇ ਅਤਿਆਚਾਰੀ ਨਜ਼ਰ ਆਉਂਦਾ ਹੈ ਪਰੰਤੂ ਅਸਲੀਅਤ ਉਪਰ ਦੋਵੇਂ ਪੱਖ ਹੀ ਪਰਦਾ ਪਾਉਂਦੇ ਹਨ ਕਿ ਮੁਗਲ ਸਿੱਖ ਸੰਘਰਸ਼ ਦਾ ਮੁੱਖ ਕਰਨ ਬਿਪਰਵਾਦੀ ਨੀਤੀਆਂ ਹਨ।

❖❖❖

1. *ਔਰੰਗਜ਼ੇਬ ਔਰ ਹਿੰਦੂਓਂ ਕੇ ਸਾਥ ਸੰਬੰਧ, ਪੰਨਾ: 102, 103, 104, 105 ਲੇਖਕ: ਰੀਤਾ ਜੋਸ਼ੀ ਪ੍ਰਕਾਸ਼ਕ: ਸ਼ਾਰਦਾ ਪੁਸਤਕ ਭਵਨ ਇਲਾਹਬਾਦ*
2. *ਭਾਰਤ ਮੇਂ ਜਹਾਦ ਸੰਸਕਰਣ : 2001 ਲੇਖਕ: ਜਗਦੀਪ ਸੇਨ ਪ੍ਰਕਾਸ਼ਕ : ਹਿੰਦੂ ਰਾਈਟਰਜ ਫੋਰਮ ਦਿੱਲੀ*

# ਕੀ ਕਰਤਾਰ ਸਿੰਘ ਸਰਾਭਾ ਕੇਸ ਰਹਿਤ ਸੀ ?

ਸਦੀਆਂ ਤੋਂ ਹੀ ਗੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜੇ ਰਹਿਣ ਸਦਕਾ, ਗੁਲਾਮ, ਜ਼ਹਿਨੀਅਤ ਅਖ਼ਤਿਆਰ ਕਰ ਚੁੱਕੇ, ਅਜੋਕੇ ਅਖੌਤੀ ਰਾਸ਼ਟਰਵਾਦੀਆਂ ਦੀ ਫ਼ਿਰਕੂ ਫ਼ਿਤਰਤ ਨੂੰ ਕਾਵਿ-ਬੰਦ ਕਰਦਾ, ਅਜੋਕੇ ਸਮੇਂ ਦਾ ਅਲਬੇਲਾ ਕਵੀ ਵਸ਼ਿਸ਼ਠ ਅਨੂਪ ਲਿਖਦਾ ਹੈ,

*ਉਮੀਦੋਂ ਕੀ ਫ਼ਸਲ ਪਰ,*
*ਹੋ ਰਹਾ ਪਥਰਾਵ ਅਬ ਭੀ ਹੈ।*
*ਲਹੂ ਪੀਨੇ ਕਾ ਉਨਕੇ ਦਿਲ ਮੇ,*
*ਕਾਫ਼ੀ ਚਾਵ ਅਬ ਭੀ ਹੈ।*
*ਯਹ ਸਚ ਹੈ ਖ਼ੂਨ ਮੇਂ ਡੂਬੇ,*
*ਨਾ ਦਿਖਤੇ ਹਾਥ ਓ ਖ਼ੰਜਰ-*
*ਬਦਨ ਪਰ ਹਰ ਜਗ੍ਹਾ,*
*ਰਿਸਤਾ ਹੂਆ ਘਾਵ ਅਬ ਭੀ ਹੈ।*

'ਸੰਘ' ਦੀ ਵਾਗਡੋਰ ਅਧੀਨ ਚਲ ਰਹੀ ਮੌਜੂਦਾ ਭਗਵਾਂਧਾਰੀ ਰਾਜਨੀਤੀ ਨੇ ਬੇਸ਼ਕ ਰਾਸ਼ਟਰਵਾਦ ਦਾ ਮਰਿਆ ਹੋਇਆ ਬੱਚਾ ਗਲ ਨਾਲ ਚੰਬੇੜਿਆ ਹੋਇਆ ਹੈ, ਪਰ ਇਸ ਰਾਸ਼ਟਰਵਾਦ ਦੇ ਬੁਰਕੇ ਹੇਠ ਛੁਪੇ ਮਨਸੂਬੇ ਬਹੁਤ ਘਟੀਆ ਹਨ। ਸੰਘ ਦੇ ਫ਼ਿਰਕਾਪ੍ਰਸਤ ਮਨਸੂਬੇ ਜਿਥੇ ਦੇਸ਼ ਵਾਸਤੇ ਅਤੇ ਖ਼ਾਸ ਕਰਕੇ ਘੱਟ ਗਿਣਤੀਆਂ ਵਾਸਤੇ ਅਤਿ-ਘਿਨੌਣੇ ਹਨ ਉਥੇ ਉਦਾਰਵਾਦੀ ਅਤੇ ਪਾਕ-ਦਿਲ ਹਿੰਦੂਆਂ ਵਾਸਤੇ ਵੀ ਕੋਈ ਸਾਰਥਕ ਨਤੀਜੇ ਨਹੀਂ ਰੱਖਦੇ। ਸੰਘ ਵਲੋਂ ਜਿਥੇ ਪ੍ਰਕਾਸ਼ਤ ਸਾਹਿਤ ਵਿਚ ਘੱਟ ਗਿਣਤੀ ਕੌਮਾਂ ਨੂੰ ਅਪਮਾਨਿਤ ਕਰਨ ਵਿਚ ਕੋਈ ਕਸਰ ਨਹੀਂ ਰਹਿਣ ਦਿੱਤੀ ਜਾਂਦੀ ਉਥੇ ਨਿਰਪੱਖਵਾਦ ਦੇ ਮੁਦੱਈ ਸੁਹਿਰਦ ਹਿੰਦੂ ਵੀਰਾਂ ਨੂੰ ਵੀ ਬਰਾਬਰ ਦਾ ਨਿਸ਼ਾਨਾ ਬਣਾਇਆ ਜਾਂਦਾ ਹੈ। ਹੋਰ ਤਾਂ ਹੋਰ ਸੰਘ-ਮਹਾਂਰਥੀਆਂ ਨੇ ਸੰਘ ਤੋਂ ਬਾਹਰ ਵਾਲੇ ਹਿੰਦੂਆਂ ਨੂੰ 'ਪੂਰੇ ਹਿੰਦੂ' ਕਹਿਣਾ ਆਰੰਭ ਕੀਤਾ ਹੈ ਕਿਉਂਕਿ ਉਨ੍ਹਾਂ ਅਨੁਸਾਰ ਤਾਂ ਸੰਘੀ ਹੀ ਸ਼ੁੱਧ ਹਿੰਦੂ ਹੈ।

ਘੱਟ ਗਿਣਤੀ ਕੌਮਾਂ ਨੂੰ ਨਿਸ਼ਾਨਾ ਬਣਾਉਣ ਵਾਸਤੇ ਸੰਘ ਵਲੋਂ ਕੋਈ ਵੀ ਮੌਕਾ ਹੱਥੋ ਖੁੰਝਣ ਨਹੀਂ ਦਿੱਤਾ ਜਾਂਦਾ, ਪਰ ਆਮ ਪ੍ਰਕਾਸ਼ਨਾਵਾਂ ਤੋਂ ਲੈ ਕੇ ਵਿਦਿਅਕ ਮਿਆਰ ਦੀਆਂ ਪੁਸਤਕਾਂ ਵਿਚ ਇਤਿਹਾਸਕ ਰੱਦੋਬਦਲ ਦਾ ਜੋ ਖ਼ਤਰਨਾਕ ਰੁਝਾਨ ਆਰੰਭਿਆ ਹੈ, ਨਿੰਦਣਯੋਗ ਹੈ ਤੇ ਇਸ ਦੀ

ਵਿਰੋਧਤਾ ਕਰਨਾ ਹਰੇਕ ਦਾ ਇਨਸਾਨੀ ਫਰਜ਼ ਬਣਦਾ ਹੈ।

ਸੰਘ ਦੀ ਸ਼ਾਖਾ 'ਵਿਦਿਆ ਭਾਰਤੀ' ਅਧੀਨ ਚਲਾਏ ਜਾ ਰਹੇ 'ਅਖਿਲ ਭਾਰਤੀ ਸ਼ਿਕਸ਼ਾ ਸੰਸਥਾਨਾਂ ਵਿਚ ਤਾਂ ਸੰਘ ਵਲੋਂ ਪੂਰਨ ਤੌਰ ਤੇ ਸਵੈ-ਇੱਛਤ ਤੇ ਮਨੋਕਲਪਿਤ ਭਾਰਤੀ ਇਤਿਹਾਸ ਪੜ੍ਹਾਇਆ ਜਾ ਰਿਹਾ ਹੈ ਅਤੇ ਹਰ ਇਤਿਹਾਸਕ ਨਾਇਕ ਦਾ ਹਿੰਦੂਕਰਨ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਦੇਸ਼ ਵਿਚ ਜਿਥੇ-ਜਿਥੇ ਵੀ 'ਸੰਘ' ਦੀ ਅਧੀਨਤਾ ਵਾਲੀਆਂ ਰਾਜ ਸਰਕਾਰਾਂ ਹਨ ਉਥੇ ਰਾਜ ਦੇ ਵਿਦਿਅਕ ਅਦਾਰਿਆਂ ਰਾਹੀਂ ਸਰਕਾਰੀ ਤੌਰ ਤੇ ਆਪਣੀ ਇੱਛਾ ਅਨੁਸਾਰ ਰਦੋਬਦਲ ਕੀਤਾ ਗਿਆ ਭਾਰਤੀ ਇਤਿਹਾਸ ਹੀ ਪੜ੍ਹਾਇਆ ਜਾ ਰਿਹਾ ਹੈ। ਚਾਣਕਿਆ ਨੀਤੀ ਸ਼ਾਸਤਰ ਦੇ ਪਾਂਧੀ ਹਾਰਦਿਕ ਤੌਰ 'ਤੇ ਤਾਂ ਘੱਟ ਗਿਣਤੀ ਕੌਮਾਂ ਦੇ ਬੱਚਿਆਂ ਨੂੰ ਤਕਰੀਬਨ ਵਿਦਿਆ ਤੋਂ ਦੂਰ ਹੀ ਰੱਖਣਾ ਚਾਹੁੰਦੇ ਹਨ ਤੇ ਜਾਂ ਫਿਰ ਆਪਣੀਆਂ ਇੱਛਾ ਅਨੁਸਾਰ ਤਿਆਰ ਕੀਤਾ ਸਾਹਿਤ ਜਾਂ ਇਤਿਹਾਸ ਹੀ ਪੜ੍ਹਾਉਣਾ ਚਾਹੁੰਦੇ ਹਨ ਕਿਉਂਕਿ ਕੂਟਨੀਤੀ ਸ਼ਾਸਕ ਚਾਣਕਿਆ ਦਾ ਕਥਨ ਹੈ:-

ਮਾਤ ਸ਼ਤਰੂ ਪਿਤਾ ਬੈਰੀ ਯੇਨ ਬਾਰਿਕ ਨਾ ਪਾਠਤਿ॥
ਨ ਸ਼ੋਭਤੇ ਸਭਾ ਮਧਏ: ਹੰਸ ਮਧਏ ਬਕੋ ਯਥਾ॥

(ਚਾਣਕਿਆ ਨੀਤੀ ਸ਼ਾਸਤਰ)

ਦਰਅਸਲ ਸੰਘ ਨੂੰ ਕੋਈ ਵੀ ਰਸਤਾ ਇਖਤਿਆਰ ਕਰਨਾ ਪਵੇ ਮੁੱਖ ਮੰਤਵ ਤਾਂ ਅਖੌਤੀ ਹਿੰਦੂਵਾਦ ਦਾ ਅਤਿ ਮਾਰੂ ਗੁਪਤ ਏਜੰਡਾ ਲਾਗੂ ਕਰਨਾ ਹੈ। ਇਨ੍ਹਾਂ ਭਗਵਾਂਧਾਰੀਆਂ ਨੂੰ ਨਾ ਤਾਂ ਦੇਸ਼ ਦੀ ਚਿੰਤਾ ਹੈ ਤੇ ਨਾ ਲੋਕਾਂ ਦੀ।

ਨਿਚੋੜ ਕੱਢਿਆ ਜਾਵੇ ਤਾਂ ਸੰਘ ਦੇ ਘਟੀਆ ਮਨਸੂਬੇ ਜਿੰਨੇ ਘੱਟ ਗਿਣਤੀ ਕੌਮਾਂ ਪ੍ਰਤੀ ਹਾਨੀਕਾਰਕ ਹਨ ਉਸ ਤੋਂ ਕਿਤੇ ਵੱਧ ਇਨਸਾਨੀਅਤ ਦੇ ਮੁਦੱਈ ਧਰਮ-ਨਿਰਪੱਖ, ਉਦਾਰਵਾਦੀ ਹਿੰਦੂਆਂ ਵਾਸਤੇ ਵੀ ਘਾਤਕ ਹਨ। ਵਿਦਿਅਕ ਸੰਸਥਾਵਾਂ ਵਿਚ ਦਖਲਅੰਦਾਜ਼ੀ ਦਾ 'ਸੰਘ' ਦਾ ਇਹ ਖ਼ਤਰਨਾਕ ਸ਼ੌਕ ਸਾਰੇ ਦੇਸ਼ ਲਈ ਹਾਨੀਕਾਰਕ ਹੈ। ਅਲ੍ਹੜ ਉਮਰ ਦੇ ਬੱਚਿਆਂ ਦੀ ਕੋਮਲ ਮਾਨਸਿਕ ਸਤਾ ਉਪਰ ਗ਼ੈਰ ਪ੍ਰਮਾਣਿਤ ਤੇ ਰੱਦੋਬਦਲ ਕੀਤਾ ਸਾਹਿਤ ਅਤੇ ਇਤਿਹਾਸ ਠੋਸਣਾ ਖ਼ਤਰਨਾਕ ਹੈ।

ਪੰਜਾਬੀ ਅਕਾਲੀ-ਭਾਜਪਾ ਸਰਕਾਰ ਦੀ ਛਾਂ ਹੇਠ ਵੀ 'ਸੰਘ' ਨੇ ਆਪਣਾ ਪੂਰਾ ਵਿਸਥਾਰ ਕੀਤਾ ਹੈ। 300 ਖ਼ਾਲਸਾ ਦਿਵਸ ਦੇ ਸੁਨਹਿਰੀ ਮੌਕੇ ਦਾ ਪੂਰਾ ਲਾਭ ਉਠਾਉਂਦਿਆਂ ਐਸੇ ਕਿਤਾਬਚੇ ਅਤੇ ਇਸ਼ਤਿਹਾਰ ਪ੍ਰਕਾਸ਼ਤ ਕਰਵਾ ਕੇ ਵੰਡੇ ਜੋ ਗੁਰੂ ਕੇ ਨਿਆਰੇ ਖ਼ਾਲਸੇ ਨੂੰ 'ਸੰਘ' ਦੀ ਇਕ ਅਟੁੱਟ ਸੰਪਰਦਾ ਹੀ ਦਰਸਾਉਂਦੇ ਸਨ।

ਇਕ ਪਾਸੇ ਤਾਂ 'ਸੰਘ' ਵਲੋਂ ਹੀ ਗ਼ੈਰ ਇਤਿਹਾਸਕ ਪ੍ਰਸਤਾਵਨਾ ਦੀ ਕੋਈ ਕਸਰ ਨਹੀਂ ਛੱਡੀ ਜਾ ਰਹੀ ਤੇ ਦੂਸਰੇ ਪਾਸੇ ਗ਼ੈਰ-ਇਤਿਹਾਸਕ ਤੱਥਾਂ ਨਾਲ ਭਰਪੂਰ ਕਿਤਾਬਾਂ ਬੱਚਿਆਂ ਨੂੰ ਪੜ੍ਹਾਈਆਂ ਜਾ ਰਹੀਆਂ ਹਨ। ਇਸ ਦੀ ਇਕ ਮਿਸਾਲ ਹੈ, ਪੰਜਾਬ ਸਕੂਲ ਸਿੱਖਿਆ ਬੋਰਡ ਦੀ ਪੰਜਵੀਂ ਨੂੰ

ਪੜ੍ਹਾਈ ਜਾ ਰਹੀ ਕਿਤਾਬ, 'ਪੰਜਾਬੀ ਪਾਠ ਪੁਸਤਕ-5'[12] ਇਸ ਕਿਤਾਬ ਵਿਚ ਇਕ ਕਵਿਤਾ (ਲੇਖਕ ਕਰਤਾਰ ਸਿੰਘ ਸਰਾਭਾ) 'ਹਿੰਦਵਾਸੀਆਂ ਨੂੰ ਅੰਤਿਮ ਸੰਦੇਸ਼' ਸਿਰਲੇਖ ਹੇਠ ਦਰਜ ਹੈ।ਇਸ ਪੁਸਤਕ ਵਿੱਚ ਪ੍ਰਕਸ਼ਿਤ ਕਵਿਤਾ ਜੋ ਕਿ ਸ: ਕਰਤਾਰ ਸਿੰਘ 'ਸਰਾਭਾ' ਦੀ ਆਪਣੀ ਲਿਖਤ ਹੈ, ਵਿੱਚ ਸ: ਕਰਤਾਰ ਸਿੰਘ 'ਸਰਾਭਾ' ਨੂੰ ਕੇਸ ਰਹਿਤ ਦਰਸਾਇਆ ਗਿਆ ਹੈ ਪਰੰਤੂ ਸ: ਕਰਤਾਰ ਸਿੰਘ 'ਸਰਾਭਾ' ਦੀ ਜੀਵਨੀ ਅਤੇ ਸੰਘਰਸ਼ ਸਾਬਤ ਕਰਦਾ ਹੈ ਕਿ ਉਹ ਸਾਬਤ ਸੂਰਤ ਗੁਰਸਿਖ ਸੀ।

ਕਰਤਾਰ ਸਿੰਘ ਸਰਾਭਾ ਦਾ ਜਨਮ ਲੁਧਿਆਣੇ ਜ਼ਿਲ੍ਹੇ ਦੇ ਸਰਾਭਾ ਪਿੰਡ ਵਿਚ ਸ: ਮੰਗਲ ਸਿੰਘ ਦੇ ਘਰ ਮਾਤਾ ਸਾਹਿਬ ਕੌਰ ਦੀ ਕੁੱਖੋਂ 24 ਮਈ 1896 ਨੂੰ ਹੋਇਆ। ਕਰਤਾਰ ਸਿੰਘ ਦੇ ਪਿਤਾ ਛੋਟੀ ਉਮਰੇ ਹੀ ਚਲਾਣਾ ਕਰ ਗਏ ਅਤੇ ਸ: ਕਰਤਾਰ ਸਿੰਘ ਦਾ ਪਾਲਣ ਪੋਸਣ ਉਸਦੇ ਦਾਦਾ ਸ: ਬਦਨ ਸਿੰਘ ਦੀ ਛੱਤਰ ਛਾਇਆ ਹੇਠ ਹੋਇਆ। ਆਪ ਨੇ ਮੁੱਢਲੀ ਵਿਦਿਆ ਪਿੰਡ ਦੇ ਸਕੂਲ ਤੋਂ ਹਾਸਲ ਕੀਤੀ, ਉਸ ਉਪਰੰਤ ਸਰਕਾਰੀ ਸਕੂਲ ਗੁਜ਼ਰਵਾਲ ਅਤੇ ਫਿਰ ਮਾਲਵਾ ਖ਼ਾਲਸਾ ਹਾਈ ਸਕੂਲ ਦਾਖਲਾ ਲਿਆ। ਪੜ੍ਹਾਈ ਨਾਲੋਂ ਵਧੇਰੇ ਦਿਲਚਸਪੀ ਖੇਡਾਂ ਵਿਚ ਸੀ, ਖ਼ਾਲਸਾ ਸਕੂਲ ਛੱਡ ਕੇ ਆਰੀਆ ਹਾਈ ਸਕੂਲ ਦਾਖ਼ਲਾ ਲਿਆ, ਉਥੇ ਕੁਝ ਦਿਨ ਹੀ ਬਿਤਾ ਕੇ ਕਰਤਾਰ ਸਿੰਘ ਪੜ੍ਹਾਈ ਵਿਚੇ ਛੱਡ ਕੇ (ਕੁਝ ਸੋਮਿਆਂ ਅਨੁਸਾਰ ਕਿਸੇ ਸ਼ਰਾਰਤ ਸਦਕਾ ਸਕੂਲੋਂ ਕੱਢ ਦਿੱਤਾ ਗਿਆ) ਆਪਣੇ ਚਾਚੇ ਪਾਸ ਉੜੀਸਾ ਚਲਾ ਗਿਆ। ਸ: ਕਰਤਾਰ ਸਿੰਘ ਦਾ ਚਾਚਾ ਪੁਲਿਸ ਵਿਚ ਸੀ ਉਥੇ ਹੀ ਦਸਵੀਂ ਪਾਸ ਕੀਤੀ ਅਤੇ ਉਚੇਰੀ ਵਿਦਿਆ ਵਾਸਤੇ ਕਾਲਜ ਵਿਚ ਦਾਖਲਾ ਲਿਆ। ਇਸ ਸਮੇਂ ਦੌਰਾਨ ਹੀ ਕਰਤਾਰ ਸਿੰਘ ਨੂੰ ਪੜ੍ਹਨ ਦੀ ਵਧੇਰੇ ਚੇਟਕ ਲੱਗੀ ਅਤੇ ਭਾਰਤੀ ਇਤਿਹਾਸ ਦਾ ਬਰੀਕੀ ਨਾਲ ਅਧਿਐਨ ਕੀਤਾ। ਵਧੇਰੇ ਫੁਰਤੀਲਾ ਤੇ ਚੁਸਤ ਚਲਾਕ ਹੋਣ ਕਰਕੇ ਸਹਿਪਾਠੀ ਕਰਤਾਰ ਸਿੰਘ ਨੂੰ "ਉਡਣਾ ਸੱਪ" ਆਖਦੇ ਹਨ।

1911 ਵਿਚ ਕਰਤਾਰ ਸਿੰਘ ਨੇ ਉਚੇਰੀ ਵਿਦਿਆ ਵਾਸਤੇ ਅਮਰੀਕਾ ਜਾਣ ਦਾ ਵਿਚਾਰ ਬਣਾਇਆ ਅਤੇ ਸਮੁੰਦਰੀ ਜਹਾਜ਼ ਰਾਹੀਂ 1 ਜਨਵਰੀ 1912 ਨੂੰ ਅਮਰੀਕਾ ਦੀ ਸਾਨਫਰਾਂਸਿਸਕੋ ਬੰਦਰਗਾਹ ਉਪਰ ਪਹੁੰਚਿਆ। ਬੇਸ਼ਕ ਕਰਤਾਰ ਸਿੰਘ ਸਰਾਭੇ ਦੇ ਪਰਿਵਾਰ ਦਾ ਮੰਤਵ ਕੇਵਲ ਉਚ ਸਿੱਖਿਆ ਸੀ ਪਰੰਤੂ ਅਮਰੀਕਾ ਦੀ ਬੰਦਰਗਾਹ ਉਪਰ ਪਹੁੰਚਦਿਆਂ ਹੀ ਉਸਨੂੰ ਸਿੱਖਾਂ ਪ੍ਰਤੀ ਨਸਲੀ ਵਿਤਕਰੇ ਦਾ ਸਾਹਮਣਾ ਕਰਨਾ ਪਿਆ, ਖ਼ਾਸ ਕਰਕੇ ਉਸਦੇ ਸਿੱਖੀ ਸਰੂਪ ਸਦਕਾ, ਬੰਦਰਗਾਹ ਉਪਰ ਪੁਛ ਗਿਛ ਅਧਿਕਾਰੀ ਨੇ ਕਈ ਪ੍ਰਕਾਰ ਦੇ ਊਟ ਪਟਾਂਗ ਸਵਾਲ ਪੁਛੇ। ਕਰਤਾਰ ਸਿੰਘ ਦੀ ਰੌਸ਼ਨ ਦਿਮਾਗੀ ਨੇ ਉਸ ਨੂੰ ਨਿਰਉਤਰ ਕਰ ਦਿੱਤਾ। ਅਮਰੀਕਾ ਪਹੁੰਚ ਕੇ ਉਸ ਨੂੰ ਸਿੱਖਾਂ ਨਾਲ ਹੋ ਰਹੇ ਨਸਲੀ ਵਿਤਕਰੇ ਦਾ ਪਤਾ ਚੱਲਿਆ, ਜਦੋਂ ਉਸਨੂੰ 'ਦਾੜ੍ਹੀ ਵਾਲੀ ਔਰਤ' ਤੇ 'ਭਾਰਤੀ ਭੇਡਾਂ' ਵਰਗੇ ਲਫਜ ਸੁਣਨ ਨੂੰ ਮਿਲੇ।

ਅਜਿਹੇ ਕਸਵੇਂ ਸ਼ਬਦਾਂ ਨੇ ਐਸਾ ਝੰਜੋੜਿਆ ਕਿ ਉਹ ਅੰਗਰੇਜ਼ੀ ਸਾਮਰਾਜ ਖਿਲਾਫ਼ ਰੋਹ ਦਾ ਮੁਜੱਸਮਾ ਬਣ ਗਿਆ। ਬੇਸ਼ਕ ਸਾਰੇ ਭਾਰਤੀਆਂ ਖਿਲਾਫ਼ ਹੀ ਗੋਰਿਆਂ ਦਾ ਰਵੱਈਆ ਵਿਤਕਰੇ ਭਰਪੂਰ ਸੀ ਪਰ ਵੱਖਰੇ ਸਰੂਪ ਸਦਕਾ ਸਿੱਖਾਂ ਨੂੰ ਵਧੇਰੇ ਦੁਖੀ ਹੋਣਾ ਪੈਂਦਾ ਸੀ।

ਕੈਨੇਡਾ ਅਤੇ ਅਮਰੀਕਾ ਵਸਦੇ ਸਿੱਖ ਉਸ ਸਮੇਂ ਹਰ ਮੁਹਾਜ਼ ਤੇ ਗੋਰਿਆਂ ਵਲੋਂ ਕੀਤੇ ਜਾ

ਰਹੇ ਵਿਤਕਰਿਆਂ ਦੇ ਖਿਲਾਫ਼ ਜੂਝ ਰਹੇ ਸਨ। ਕੈਨੇਡਾ ਵਿਚ ਬਾਬਾ ਤੇਜਾ ਸਿੰਘ ਅਤੇ ਅਮਰੀਕਾ ਵਿਚ ਬਾਬਾ ਜੁਆਲਾ ਸਿੰਘ ਜੀ ਪੂਰੀ ਤਰ੍ਹਾਂ ਸਰਗਰਮ ਸਨ ਅਤੇ ਸਿੱਖਾਂ ਦੀ ਪੂਰੀ ਹਮਦਰਦੀ ਨਾਲ ਸੇਵਾ ਕਰ ਰਹੇ ਸਨ ਇਥੋਂ ਤਕ ਕਿ ਪੜ੍ਹਨ ਗਏ ਵਿਦਿਆਰਥੀਆਂ ਦੀ ਆਰਥਿਕ ਮਦਦ ਵੀ ਕਰ ਰਹੇ ਸਨ।

1912 ਵਿਚ ਪੋਰਟਲੈਂਡ ਵਿਖੇ ਭਾਰਤੀਆਂ ਦਾ ਭਾਰੀ ਇਕੱਠ ਹੋਇਆ। ਇਸ ਇਕੱਠ ਵਿਚ ਹਰਨਾਮ ਸਿੰਘ ਜੀ ਅਤੇ ਬਾਬਾ ਸੋਹਣ ਸਿੰਘ ਭਕਨਾ ਹੋਰੀਂ ਵੀ ਸ਼ਾਮਿਲ ਹੋਏ। ਬਾਬਾ ਜੁਆਲਾ ਸਿੰਘ ਜੀ ਵੀ ਇਸ ਇਕੱਠ ਵਿਚ ਸ਼ਾਮਿਲ ਹੋਣ ਵਾਸਤੇ ਜਾਂਦੇ ਹੋਏ ਐਸਟੋਰੀਆ ਦੇ ਵਿਕਟੋਰੀਆ ਹੋਟਲ ਵਿਚ ਸ: ਕਰਤਾਰ ਸਿੰਘ ਸਰਾਭਾ ਨੂੰ ਮਿਲੇ ਅਤੇ ਬਰਕਲੇ ਯੂਨੀਵਰਸਿਟੀ ਵਿਚ ਦਾਖਲਾ ਲੈਣ ਦੀ ਪ੍ਰੇਰਣਾ ਦਿੱਤੀ। ਬਾਬਾ ਜੁਆਲਾ ਸਿੰਘ ਵਰਗੇ ਸੁਹਿਰਦ ਗੁਰਸਿੱਖਾਂ ਨਾਲ ਮਿਲਣੀ ਹੀ ਸਰਾਭੇ ਵਾਸਤੇ ਪ੍ਰੇਰਣਾ ਦਾ ਸੋਮਾ ਬਣੀ ਅਤੇ ਆਜ਼ਾਦੀ ਦੀ ਸ਼ਮ੍ਹਾਂ 'ਤੇ ਮਰ ਮਿਟਣ ਵਾਲੇ ਇਸ ਜੁਝਾਰੂ ਪ੍ਰਵਾਨੇ ਨੇ ਬਰਕਲੇ ਯੂਨੀਵਰਸਟੀ ਵਿਚ ਦਾਖਲਾ ਲੈ ਲਿਆ। ਇਸ ਯੂਨੀਵਰਸਟੀ ਵਿਚ 30 ਦੇ ਕਰੀਬ ਹਿੰਦੋਸਤਾਨੀ ਵਿਦਿਆਰਥੀ ਸਨ, ਇਸ ਸਮੇ ਦੌਰਾਨ ਹੀ ਲਾਲਾ ਹਰਦਿਆਲ ਨੇ ਯੂਨੀਵਰਸਿਟੀ ਆ ਕੇ ਆਜ਼ਾਦੀ ਉਪਰ ਭਾਸ਼ਣ ਦਿੱਤਾ, ਜਿਸ ਨੇ ਭਾਰਤੀ ਵਿਦਿਆਰਥੀਆਂ ਦੇ ਦਿਲਾਂ ਨੂੰ ਟੁੰਬਿਆ। ਵਿਦੇਸ਼ੀ ਭਾਰਤੀਆਂ ਵਲੋਂ ਆਜ਼ਾਦੀ ਚੇਤਨਤਾ ਜਾਗ੍ਰਿਤੀ ਕਰਨ ਵਾਸਤੇ ਅਖ਼ਬਾਰੀ ਪ੍ਰਚਾਰ ਦਾ ਵਧੇਰੇ ਆਸਰਾ ਲਿਆ ਜਾ ਰਿਹਾ ਸੀ, 1907 ਵਿਚ 'ਖ਼ਾਲਸਾ' ਨਾਂ ਦਾ ਪੈਂਫਲਿਟ ਕੱਢਿਆ ਗਿਆ, 1909 ਵਿਚ 'ਮਾਰੋ ਫਿਰੰਗੀ ਕੋ' ਅਤੇ ਬਾਅਦ ਵਿਚ 'ਭਾਈ ਬੰਦ' ਨਾਂ ਹੇਠ ਗੁਰਮੁੱਖੀ ਅਖ਼ਬਾਰ ਕੱਢਿਆ ਗਿਆ। 1909 ਵਿਚ ਹੀ ਪ੍ਰੋ: ਤੇਜਾ ਸਿੰਘ ਜੀ ਨੇ 'ਖ਼ਾਲਸਾ ਦੀਵਾਨ ਸੁਸਾਇਟੀ' ਬਣਾ ਕੇ ਵੈਨਕੂਅਰ (ਕੈਨੇਡਾ) ਵਿਚ 25,000 ਡਾਲਰ ਦੀ ਲਾਗਤ ਨਾਲ ਗੁਰਦੁਆਰਾ ਸਾਹਿਬ ਦੀ ਇਮਾਰਤ ਤਾਮੀਰ ਕਰਵਾਈ ਅਤੇ ਕੌਮ ਨੂੰ ਜਥੇਬੰਦ ਕਰਨਾ ਆਰੰਭ ਕੀਤਾ।

ਅਮਰੀਕਾ ਵਿਚ ਸ: ਜਵਾਲਾ ਸਿੰਘ ਅਤੇ ਬਾਬਾ ਵਿਸਾਖਾ ਸਿੰਘ ਨੇ 'ਪੈਸਿਫ਼ਿਕ ਕੋਸਟ ਖਾਲਸਾ ਦੀਵਾਨ ਸੁਸਾਇਟੀ ਬਣਾਈ ਅਤੇ ਸਟਾਕਟਨ ਵਿਖੇ ਗੁਰਦੁਆਰਾ ਸਾਹਿਬ ਦੀ ਇਮਾਰਤ ਤਿਆਰ ਕਰਵਾਈ।

21 ਅਪ੍ਰੈਲ 1913 ਨੂੰ ਗਦਰ ਪਾਰਟੀ ਦਾ ਐਲਾਨ ਕੀਤਾ ਗਿਆ ਅਤੇ ਬਾਬਾ ਸੋਹਣ ਸਿੰਘ ਭਕਨਾ ਨੂੰ ਪ੍ਰਧਾਨ ਥਾਪਿਆ। ਐਸਟੋਰੀਆ ਵਿਖੇ ਪਾਰਟੀ ਦਾ ਅਖ਼ਬਾਰ (ਗਦਰ) ਆਰੰਭ ਕਰਨ ਵਾਸਤੇ 10,000 ਡਾਲਰ ਇਕੱਤਰ ਕਰਕੇ ਲਾਲਾ ਹਰਦਿਆਲ ਨੂੰ ਦਿੱਤੇ ਗਏ। ਲਾਲਾ ਜੀ ਇਹ ਮਾਇਆ ਲੈ ਕੇ ਕੈਲੀਫੋਰਨੀਆ ਜਾ ਪਹੁੰਚੇ, ਪਰ ਨਾ ਕੋਈ ਅਖ਼ਬਾਰ ਸ਼ੁਰੂ ਹੋਇਆ, ਤੇ ਨਾ ਲਾਲਾ ਜੀ ਨੇ ਕੋਈ ਸੰਪਰਕ ਕੀਤਾ। ਪੁਛਗਿਛ ਕਰਨ ਤੇ ਲਾਲਾ ਜੀ ਸਿਹਤ ਕਮਜ਼ੋਰੀ ਦਾ ਬਹਾਨਾ ਬਣਾ ਕੇ ਜਿਮੇਵਾਰੀ ਤੋਂ ਕਿਨਾਰਾ ਕਸ਼ੀ ਕਰ ਗਏ। ਲਾਲਾ ਜੀ ਦਾ ਪ੍ਰਭਾਵ ਕਾਫ਼ੀ ਬੁਰਾ ਰਿਹਾ।

ਲਾਲਾ ਜੀ ਦੀ ਇਸ ਸ਼ਖਸੀਅਤ ਨੂੰ ' ਚਾਰ-ਚੰਨ' ਲਗਾਉਂਦੇ ਸ: ਬਲਵੰਤ ਸਿੰਘ ਬਹੋੜੂ ਲਿਖਦੇ ਹਨ–

"ਲਾਲਾ ਹਰਦਿਆਲ ਦੀ ਪ੍ਰੇਰਨਾ ਸਦਕਾ ਗਦਰੀ ਬਾਬਿਆਂ ਜੋ ਅਮਰੀਕਾ ਵਿਖੇ ਰੋਜ਼ੀ ਰੋਟੀ ਕਮਾਉਣ ਲਈ ਗਏ ਸਨ, ਦੇਸ਼ ਨੂੰ ਆਜ਼ਾਦ ਕਰਾਉਣ ਲਈ ਗ਼ਦਰ ਲਹਿਰ ਚਲਾ ਕੇ ਦੇਸ਼ ਨੂੰ ਪਰਤ ਆਏ। ਲਾਲਾ ਜੀ ਜੋ ਇਸ ਸੰਸਥਾ ਦੇ ਜਨਰਲ ਸਕੱਤਰ ਸਨ ਉਥੇ ਹੀ ਟਿਕੇ ਰਹੇ। ਇਸ ਲਹਿਰ ਵਿਚ ਤਕਰੀਬਨ 98% ਸਿੱਖ ਹੀ ਸਨ ਜੋ ਦੇਸ਼ ਪਰਤਣ ਉਪਰੰਤ ਗ੍ਰਿਫਤਾਰ ਹੋਏ, ਕਈ ਫਾਂਸੀਆਂ ਤੇ ਲਟਕੇ, ਕਈਆਂ ਨੇ ਲੰਮੀਆਂ ਸਜ਼ਾਵਾਂ ਕੱਟੀਆਂ, ਜਾਇਦਾਦਾਂ ਜ਼ਬਤ ਕਰਵਾਈਆਂ ਅਤੇ ਜੇਲ੍ਹਾਂ ਵਿਚ ਤਸੀਹੇ ਝੱਲੇ ਪਰ ਲਾਲਾ ਜੀ ਅਮਰੀਕਾ ਤੋਂ ਯੂਰਪ ਜਾ ਕੇ ਸੈਰ-ਸਪਾਟਾ ਕਰਦੇ ਰਹੇ।"

(ਸ਼ਹੀਦੀਆਂ ਦੀ ਅਸਲੀਅਤ ਸਫ਼ਾ ੩)

ਦੁਬਾਰਾ ਫਿਰ ਚਿੱਠੀ ਪੱਤਰ ਕਰਕੇ ਲਾਲਾ ਜੀ ਨੂੰ ਫਿਰ ਬੁਲਾ ਕੇ ਦੁਬਾਰਾ ਫਿਰ ਕੁਝ ਪੈਸੇ ਇਕੱਤਰ ਕੀਤੇ ਅਤੇ ਗਦਰ ਅਖ਼ਬਾਰ ਦੀ ਪ੍ਰਕਾਸ਼ਨਾ ਆਰੰਭ ਕੀਤੀ। 'ਗਦਰ' ਅਖ਼ਬਾਰ ਵਿਚ ਛਪਦੇ ਲੇਖ ਕਵਿਤਾਵਾਂ ਅਤੇ ਵਿਅੰਗਾਂ ਨੇ ਅੰਗਰੇਜ਼ਾਂ ਦੇ ਘਰ ਲਾਂਬੂ ਲਾ ਦਿੱਤੇ। ਗਦਰ ਅਖ਼ਬਾਰ ਵਿਚ ਛਪਦੇ ਲੇਖ ਅਤੇ ਕਵਿਤਾਵਾਂ ਪੂਰਨ ਤੌਰ ਤੇ ਜੁਝਾਰੂ ਖ਼ਾਲਸਈ ਕਰੱਤਵ ਨੂੰ ਉਘਾੜਦੀਆਂ ਸਨ, ਜਿਥੋਂ ਇਹ ਵੀ ਸਿੱਧ ਹੁੰਦਾ ਹੈ ਕਿ ਇਹ ਲਹਿਰ ਪੂਰਨ ਤੌਰ ਤੇ ਗੁਰਮਤਿ ਸਿਧਾਂਤਾਂ ਅਤੇ ਖ਼ਾਲਸਈ ਕਰੱਤਵ ਤੋਂ ਪ੍ਰੇਰਤ ਸੀ।

1. *ਉਠੋ ਖ਼ਾਲਸਾ ਜੀ ਹੱਲਾ ਬੋਲ ਦਈਏ,*
   *ਕਰੀਏ ਗੋਰਿਆਂ ਨੂੰ ਬਰਬਾਦ ਸਿੰਘੋ।*
2. *ਸਾਨੂੰ ਲੋੜ ਨਾ ਪੰਡਤਾਂ ਕਾਜ਼ੀਆਂ ਦੀ,*
   *ਸਾਨੂੰ ਸ਼ੌਕ ਨਾ ਬੇੜੀ ਡੁਬੋਵਣੇ ਦੀ।*

ਇਸ ਸਮੇਂ ਦੌਰਾਨ ਪਹਿਲੀ ਸੰਸਾਰ ਜੰਗ ਸ਼ੁਰੂ ਹੋ ਗਈ। ਇਹ ਵੇਖਕੇ ਗਦਰ ਅਖ਼ਬਾਰ ਵਿਚ 5 ਅਗਸਤ 1914 ਨੂੰ ਅੰਗਰੇਜ਼ ਸਰਕਾਰ ਵਿਰੁੱਧ ਐਲਾਨ-ਏ-ਜੰਗ ਕਰ ਦਿੱਤਾ। ਸ: ਗੁਰਦਿੱਤ ਸਿੰਘ ਦੀ ਅਗਵਾਈ ਵਿਚ ਵਿਦੇਸ਼ ਤੋਂ ਵਾਪਸ ਆਏ ਕਾਮਾਗਾਟਾ ਮਾਰੂ ਸਮੁੰਦਰੀ ਜਹਾਜ਼ ਦੀ ਘਟਨਾ ਨੇ ਇਸ ਬਲਦੀ ਉਪਰ ਤੇਲ ਦਾ ਕੰਮ ਕੀਤਾ। (ਕੈਨੇਡਾ ਸਰਕਾਰ ਨੇ ਬਾਬਾ ਗੁਰਦਿੱਤ ਸਿੰਘ ਦੀ ਅਗਵਾਈ ਵਾਲੇ ਇਸ ਜਹਾਜ਼ ਨੂੰ ਵੈਨਕੂਵਰ ਦੀ ਬੰਦਰਗਾਹ ਵਿਖੇ ਕੰਢੇ ਨਾ ਲਗਣ ਦਿੱਤਾ। ਇਸ ਵਿਚ ਕੋਈ 376 ਯਾਤਰੂ ਸਨ ਜਿਨ੍ਹਾਂ ਵਿਚੋਂ ਕਰੀਬ 350 ਤੋਂ ਵੱਧ ਸਿੱਖ ਸਨ। ਭਾਰਤ ਦੀ ਬੰਦਰਗਾਹ ਬਜਬਜ ਘਾਟ ਉਪਰ ਪਹੁੰਚਦਿਆਂ ਹੀ ਇਨ੍ਹਾਂ ਮੁਸਾਫ਼ਰਾਂ 'ਚੋਂ ਕਈਆਂ ਨੂੰ 29 ਸਤੰਬਰ 1914 ਨੂੰ ਗੋਲੀਆਂ ਨਾਲ ਭੁੰਨ ਦਿੱਤਾ। ਸ਼ਹੀਦ ਹੋਣ ਵਾਲੇ ਸਾਰੇ ਮੁਸਾਫਿਰ ਸਿੱਖ ਹੀ ਸਨ।

ਇਸ ਘਟਨਾ ਨਾਲ ਸਿੱਖਾਂ ਦੇ ਹਿਰਦੇ ਵਲੂੰਧਰੇ ਗਏ, ਸਾਰੇ ਹੀ ਦੇਸ਼ ਭਗਤ ਸੂਰਮੇ ਵਹੀਰਾਂ ਘੱਤ ਕੇ ਵਤਨ ਨੂੰ ਆਜ਼ਾਦ ਕਰਾਉਣ ਲਈ ਵਾਪਸ ਮੁੜ ਆਏ ਅਤੇ ਅੰਗਰੇਜ਼ਾਂ ਖਿਲਾਫ਼ ਹਥਿਆਰਬੰਦ ਸੰਘਰਸ਼ ਦਾ ਕਾਰਜ ਆਰੰਭਣ ਦੀ ਵਿਉਂਤ ਬਣਾਈ। ਬਾਬਾ ਸੋਹਣ ਸਿੰਘ ਭਕਨਾ, ਬਾਬਾ ਜਵਾਲਾ ਸਿੰਘ, ਸ: ਕੇਸਰ ਸਿੰਘ, ਸ: ਸ਼ੇਰ ਸਿੰਘ, ਸ. ਊਧਮ ਸਿੰਘ ਅਤੇ ਸ. ਈਸ਼ਰ ਸਿੰਘ ਵਤਨ ਪਹੁੰਚਦਿਆਂ ਹੀ ਪੁਲਿਸ ਹੱਥ ਲਗ ਗਏ ਅਤੇ ਗ੍ਰਿਫਤਾਰ ਕਰ ਲਏ ਗਏ, ਪਰ ਸ: ਭਗਤ

ਸਿੰਘ ਕੱਚਰਭਨਾ ਸ: ਕਰਤਾਰ ਸਿੰਘ ਸਰਾਭਾ, ਸ: ਹਰਨਾਮ ਸਿੰਘ ਟੁੰਡੀਲਾਟ ਅਤੇ ਸ: ਨਿਧਾਨ ਸਿੰਘ 'ਚੁੱਘਾ' ਸਹੀ ਸਲਾਮਤ ਵਤਨ ਵਾਪਸ ਪਹੁੰਚ ਚੁੱਕੇ ਸਨ।

ਸ. ਕਰਤਾਰ ਸਿੰਘ ਨੇ ਹੌਂਸਲਾ ਨਾ ਹਾਰਿਆ ਸਭ ਤੋਂ ਪਹਿਲਾਂ ਵਿਦੇਸ਼ ਪਹੁੰਚੇ ਗਦਰੀਆਂ ਨਾਲ ਸੰਪਰਕ ਕਾਇਮ ਕੀਤਾ। ਲੁਧਿਆਣੇ ਵਿਖੇ ਗੁਪਤ ਤੌਰ ਤੇ ਪਾਰਟੀ ਦਾ ਹੈੱਡਕਵਾਟਰ ਬਣਾਇਆ ਅਤੇ 'ਭੜਥੂ ਪ੍ਰੈਸ' ਸਥਾਪਤ ਕਰਕੇ ਦੋ ਪਰਚੇ 'ਐਲਾਨ-ਏ-ਜੰਗ' ਅਤੇ 'ਗਦਰ ਦੀ ਗੂੰਜ' ਕੱਢਣੇ ਆਰੰਭ ਕੀਤੇ। ਇਸ ਸਮੇਂ ਦੌਰਾਨ ਹੀ ਕਰਤਾਰ ਸਿੰਘ ਵਲੋਂ ਬੰਗਾਲੀ ਆਜ਼ਾਦੀ ਘੁਲਾਟੀਆਂ ਨਾਲ ਵੀ ਸੰਪਰਕ ਪੈਦਾ ਕੀਤਾ ਕਿਉਂਕਿ ਉਨ੍ਹਾਂ ਪਾਸ ਹਥਿਆਰਾਂ ਦਾ ਕਾਫ਼ੀ ਭੰਡਾਰ ਸੀ ਪਰ ਉਨ੍ਹਾਂ ਵਲੋਂ ਵੀ ਸ: ਕਰਤਾਰ ਸਿੰਘ ਸਰਾਭਾ ਨੂੰ ਕੋਈ ਵਧੇਰੇ ਸਹਿਯੋਗ ਨਾ ਮਿਲਿਆ ਸਗੋਂ ਕਰਤਾਰ ਸਿੰਘ ਨੂੰ ਇਹ ਕਹਿ ਕੇ ਟਾਲ ਦਿੱਤਾ, "ਤੁਸੀਂ ਬਲਵੇ (ਬਗਾਵਤ) ਦੀ ਸ਼ੁਰੂਆਤ ਕਰੋ ਅਸੀਂ ਢੁਕਵੇਂ ਸਮੇਂ ਤੇ ਤੁਹਾਡਾ ਸਾਥ ਦਿਆਂਗੇ।"

ਜ਼ਿਕਰ ਯੋਗ ਹੈ ਕਿ ਇਸ ਸਮੇਂ ਦੌਰਾਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਰੰਗਵਾਲ ਵਾਲਿਆਂ ਦੇ ਜਥੇ ਦੇ ਤਿਆਰ-ਬਰ-ਤਿਆਰ ਸਿੰਘਾਂ ਨੇ ਸਰਾਭਾ ਨੂੰ ਪੂਰਨ ਸਹਿਯੋਗ ਦਿੱਤਾ ਅਤੇ ਹਰ ਹੀਲੇ ਵਸੀਲੇ ਨਾਲ ਮਦਦ ਦਿੱਤੀ। ਸ. ਸਰਾਭਾ ਦੀ ਵਿਉਂਤ ਫ਼ੌਜੀ ਛਾਉਣੀਆਂ ਵਿਚ ਬਗਾਵਤ ਕਰਵਾਉਣ ਦੀ ਸੀ। ਇਸ ਮੁੱਦੇ ਨੂੰ ਲੈ ਕੇ 2 ਨਵੰਬਰ 1914 ਨੂੰ ਗੁਰਦੁਆਰਾ ਨਨਕਾਣਾ ਸਾਹਿਬ ਵਿਖੇ ਮੀਟਿੰਗ ਕੀਤੀ ਗਈ ਅਤੇ ਫ਼ਿਰੋਜ਼ਪੁਰ ਅਤੇ ਲਾਹੌਰ ਦੀਆਂ ਫ਼ੌਜੀ ਛਾਉਣੀਆਂ ਵਿਚ 15 ਨਵੰਬਰ ਨੂੰ ਬਗਾਵਤ ਦੀ ਤਾਰੀਖ ਮਿਥੀ ਗਈ, ਪਰ ਹਥਿਆਰਾਂ ਦੀ ਘਾਟ ਕਰਕੇ ਇਹ ਕਾਰਜ ਪੂਰਾ ਨਾਂ ਹੋ ਸਕਿਆ। ਲਾਹੌਰ ਦੀ ਮੀਆਂਮੀਰ ਛਾਉਣੀ ਦੀ ਬਗਾਵਤ ਵੀ ਸੰਬੰਧਿਤ ਫ਼ੌਜੀਆਂ ਦੀ ਬਦਲੀ ਹੋਣ ਕਰਕੇ ਨਾ ਹੋ ਸਕੀ। 28 ਨਵੰਬਰ ਦੀ ਰਾਤ ਨੂੰ ਸਰਹਾਲੀ ਥਾਣਾ ਲੁੱਟਣ ਦੀ ਵਿਉਂਤ ਬਣਾਈ ਪ੍ਰੰਤੂ ਅੰਦਰੂਨੀ ਗਦਾਰੀ ਸਦਕਾ ਸਿਰੇ ਨਾ ਚੜ੍ਹ ਸਕੀ।

ਅਮਰੀਕਾ ਤੋਂ ਵਾਪਸ ਪਹੁੰਚੇ ਗ਼ਦਰੀਆਂ ਨੂੰ ਜੋ ਆਸਾਂ ਬੰਗਾਲੀਆਂ ਉਪਰ ਸਨ, ਉਹ ਵੀ ਪੂਰੇ ਨਾ ਉਤਰੇ। ਇਸ ਸਮੇਂ ਦੌਰਾਨ ਕਾਫ਼ੀ ਗਦਾਰ ਇਸ ਜਥੇਬੰਦੀ ਦੀਆਂ ਸਫ਼ਾਂ ਵਿਚ ਵੜ ਚੁੱਕੇ ਸਨ, ਮੂਲਾ ਸਿਹੁੰ ਅਤੇ ਕ੍ਰਿਪਾਲ ਸਿਹੁੰ ਵਰਗੇ ਸਰਕਾਰੀ ਸੂਹੀਏ ਪੂਰੀ ਤਰ੍ਹਾਂ ਨਾਲ ਜਥੇਬੰਦੀ ਦੇ ਕਾਬਿਲੇ ਇਤਬਾਰੀ ਬਣੇ ਬੈਠੇ ਸਨ।

ਇਥੇ ਇਕ ਗੱਲ ਹੋਰ ਜ਼ਿਕਰਯੋਗ ਹੈ ਕਿ ਇਸ ਸਮੇਂ ਦੌਰਾਨ ਜਦੋਂ ਗ਼ਦਰੀ ਸਿੰਘ ਸੂਰਮੇ ਵਿਦੇਸ਼ਾਂ ਤੋਂ ਆ ਕੇ ਆਜ਼ਾਦੀ ਪ੍ਰਾਪਤੀ ਲਈ ਕਸ਼ਟ ਸਹਾਰ ਰਹੇ ਸਨ ਅਤੇ ਸਰਕਾਰੀ ਤਸ਼ੱਦਦ ਸਹਿੰਦੇ ਹੋਏ ਜਾਨਾਂ ਦੀ ਆਹੂਤੀ ਦੇ ਰਹੇ ਸਨ ਉਸ ਸਮੇਂ ਹਿੰਦੁਸਤਾਨ ਦੇ ਪੰਜਾਬ ਕੇਸਰੀ ਲਾਲਾ ਲਾਜਪਤ ਰਾਏ ਇੰਗਲੈਂਡ ਤੋਂ ਅਮਰੀਕਾ ਪਹੁੰਚੇ ਹੋਏ ਸਨ ਅਤੇ 1920 ਨੂੰ ਭਾਰਤ ਵਾਪਸ ਆਏ। ਬੜੀ ਅਜੀਬ ਗੱਲ ਹੈ ਕਿ ਗ਼ਦਰੀ ਸੂਰਮੇ ਤਾਂ ਸ਼ਹੀਦੀ ਗਾਨੇ ਬੰਨ੍ਹ ਕੇ ਸਵਦੇਸ਼ ਵਾਪਸ ਆ ਰਹੇ ਸਨ ਤੇ 'ਪੰਜਾਬ ਦੇ ਸ਼ੇਰ' ਲਾਲਾ ਜੀ ਇੰਗਲੈਂਡ ਵਿਖੇ ਗ੍ਰਿਫ਼ਤਾਰੀ ਤੋਂ ਡਰ ਕੇ ਅਮਰੀਕਾ ਜਾ ਸ਼ਰਨ ਲੈ ਰਹੇ ਸਨ, ਵਾਹ:

*ਸ਼ੇਖ ਰੇ ਤੇਰੀ ਆਜਾਰੀ, ਕਿਸ ਤਵੱਜੋਂ ਸੇ ਪੜ੍ਹਤਾ ਹੈ ਨਾਮਾਜ਼।*

ਲਾਲਾ ਜੀ ਦੀ ਇਸ ਬਹਾਦਰੀ ਤੇ ਕਿਸੇ ਅਦੀਬ ਦਾ ਕਥਨ ਯਾਦ ਆਉਂਦਾ ਹੈ-

*ਕਰੀਬ ਆਨਾ ਭੀ, ਆਕਰ ਕੇ ਮੁਸਕੁਰਾਨਾ ਭੀ,*
*ਕਿਸ ਸੇ ਸੀਖਾ ਹੈ ਯੇ ਸ਼ਰਮਾਨਾ, ਮੂੰਹ ਛਿਪਾਨਾ ਭੀ।*

ਗਦਾਰਾਂ ਦੀ ਗਦਾਰੀ ਸਦਕਾ ਇਸ ਗਦਰ ਲਹਿਰ ਦਾ ਬਹੁਤ ਨੁਕਸਾਨ ਹੋਇਆ, ਕਾਫ਼ੀ ਗਦਰੀ ਸੂਰਮੇ ਤਾਂ ਗ੍ਰਿਫ਼ਤਾਰ ਕਰ ਲਏ ਗਏ ਤੇ ਬਹੁਤ ਸਾਰੇ ਇਸ ਲਹਿਰ ਦੀ ਅਸਫ਼ਲਤਾ ਤੋਂ ਨਿਰਾਸ਼ ਹੋ ਕੇ ਘਰੀਂ ਬੈਠ ਗਏ ਜਾਂ ਰੂਪੋਸ਼ ਹੋ ਗਏ। ਰਾਸ ਬਿਹਾਰੀ ਬੋਸ ਤਾਂ ਭੇਸ ਵਟਾ ਕੇ ਬਨਾਰਸ ਵੱਲ ਨੂੰ ਨਿਕਲ ਗਏ। ਇਸ ਸਮੇਂ ਸ. ਕਰਤਾਰ ਸਿੰਘ ਅਤੇ ਹਰਨਾਮ ਸਿੰਘ ਨੇ ਵੀ ਪਹਿਲਾਂ ਅਫ਼ਗਾਨਿਸਤਾਨ ਵੱਲ ਨਿਕਲਣ ਦਾ ਪ੍ਰੋਗਰਾਮ ਬਣਾਇਆ ਪਰ ਇਕਦਮ ਖ਼ਾਲਸਈ ਕਰੱਤਵ ਤੇ ਕੌਮੀ ਜੁਝਾਰੂਪੁਣੇ ਦੀ ਲਹਿਰ ਤਰੰਗ ਨੇ ਹੁਲਾਰਾ ਖਾਧਾ ਤੇ ਗੁਰੂ ਦਾ ਦੂਲਾ ਸ਼ੇਰ ਕਰਤਾਰ ਸਿੰਘ ਬੁੱਲ੍ਹਾਂ ਵਿਚ ਇਕ ਕਵਿਤਾ ਗੁਨਗੁਨਾਉਣ ਲੱਗਾ:

ਜਾਨ ਜਾਵੇ, ਆਣ ਨੂੰ ਨਾ ਜਾਵੇ ਤੱਜ ਕੇ।
ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ।
ਸਿੰਘ ਸੂਰਾ ਲੜੇ ਜੋ ਮੈਦਾਨ ਗੱਜ ਕੇ।
ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ।

ਸ. ਕਰਤਾਰ ਸਿੰਘ ਸਰਾਭਾ ਨੇ ਫਿਰ ਇਸ ਲਹਿਰ ਨੂੰ ਦੁਬਾਰਾ ਸੁਰਜੀਤ ਕਰਨ ਅਤੇ ਹਥਿਆਰ ਇਕੱਠੇ ਕਰਕੇ ਗ੍ਰਿਫ਼ਤਾਰ ਕੀਤੇ ਗਦਰੀ ਸੂਰਮਿਆਂ ਨੂੰ ਛੁਡਾਉਣ ਦੀ ਵਿਉਂਤ ਘੜੀ ਅਤੇ ਸਰਗੋਧੇ ਦੇ ਸ. ਜਗਤ ਸਿੰਘ ਰਾਹੀਂ ਸ. ਰਜਿੰਦਰ ਸਿੰਘ ਪਾਸ ਪਹੁੰਚਿਆ, ਜਿਸ ਨੇ ਸ. ਕਰਤਾਰ ਸਿੰਘ ਸਰਾਭਾ ਨੂੰ ਤਿੰਨ ਰਾਈਫਲਾਂ ਦੇਣ ਦਾ ਇਕਰਾਰ ਕੀਤਾ। ਇਸ ਰਾਜਿੰਦਰ ਸਿੰਘ ਨੇ ਗੰਡੀਵਿੰਡ (ਅੰਮ੍ਰਿਤਸਰ) ਦੇ ਵਸਨੀਕ ਗੰਡਾ ਸਿੰਘ ਰਾਹੀਂ ਪੁਲਿਸ ਮੰਗਵਾ ਲਈ ਤੇ ਸ. ਸਰਾਭਾ ਨੂੰ ਵਿਲਸਨਪੁਰੇ ਫਾਰਮ ਤੋਂ 2 ਮਾਰਚ 1915 ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। 26 ਅਪ੍ਰੈਲ 1915 ਨੂੰ ਲਾਹੌਰ ਸਾਜਿਸ਼ ਕੇਸ ਅਧੀਨ ਮੁਕੱਦਮਾ ਆਰੰਭ ਹੋਇਆ ਅਤੇ 13 ਸਤੰਬਰ 1915 ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਗਈ। 16-17 ਨਵੰਬਰ ਦੀ ਰਾਤ ਨੂੰ ਗੁਰੂ ਦੇ ਸ਼ੇਰ ਕਰਤਾਰ ਸਿੰਘ ਆਪਣੇ ਛੇ ਸਾਥੀਆਂ ਸਮੇਤ ਫਾਂਸੀ ਦਾ ਰੱਸਾ ਚੁੰਮ ਕੇ ਸ਼ਹੀਦੀ ਜਾਮ ਪੀ ਗਿਆ।

ਭਾਈ ਪਰਮਾਨੰਦ ਜੋ ਸਰਾਭੇ ਦੇ ਨਾਲ ਹੀ ਜੇਲ੍ਹ ਵਿਚ ਬੰਦ ਸੀ ਆਪਣੀ ਲਿਖਤ Bhai Parmanand: The story of my life, Page 85/86) ਵਿਚ ਲਿਖਦਾ ਹੈ ਕਿ ਮੈਂ ਕਰਤਾਰ ਸਿੰਘ ਨੂੰ ਪੁਛਿਆ, "ਤੂੰ ਅਮਰੀਕਾ ਵਿਚ ਖ਼ੁਸ਼ ਸੀ, ਹੁਣ ਇਥੇ ਜੇਲ੍ਹ ਵਿਚ ਸੜ ਰਿਹਾ ਹੈਂ" ਉਸ ਨੇ ਉੱਤਰ ਦਿੱਤਾ, "ਜ਼ਿੰਦਗੀ ਉਸਦੇ ਵਾਸਤੇ ਅਮਰੀਕਾ ਵਿਚ ਬੋਝਲ ਸੀ, ਉਸ ਦਾ ਦਿਲ ਮੱਚ ਉਠਦਾ ਸੀ, ਮੈਂ ਮਰਨ ਵਾਸਤੇ ਹੀ ਇਥੇ ਆਇਆ ਹਾਂ।" ਜ਼ਿਕਰ ਯੋਗ ਹੈ ਕਿ ਭਾਈ ਪਰਮਾਨੰਦ

ਨੇ ਹੀ ਬਰਕਲੇ ਯੂਨੀਵਰਸਿਟੀ ਅਮਰੀਕਾ ਵਿਖੇ ਸ. ਕਰਤਾਰ ਸਿੰਘ ਨੂੰ ਆਜ਼ਾਦੀ ਪ੍ਰਾਪਤੀ ਵਾਸਤੇ ਸੰਘਰਸ਼ ਲਈ ਪ੍ਰੇਰਿਆ ਸੀ। ਭਾਈ ਪਰਮਾਨੰਦ ਨੂੰ ਕਾਲੇ ਪਾਣੀ ਦੀ ਸਜ਼ਾ ਹੋਈ ਪਰ ਇਨ੍ਹਾਂ ਨੇ ਵੀ 'ਦੇਸ਼ ਭਗਤੀ' ਦਾ ਪ੍ਰਤੱਖ ਸਬੂਤ ਦਿੱਤਾ, ਸ. ਕਪੂਰ ਸਿੰਘ ਦੇ ਸ਼ਬਦਾਂ ਵਿਚ:

'ਗਦਰ ਅੰਦੋਲਣ ਦੀ ਅਗਨੀ ਵਿਚ ਲਾਲਾ ਹਰਦਿਆਲ ਤਾਂ ਪ੍ਰਵੇਸ਼ ਹੀ ਨਾ ਹੋਏ ਅਤੇ ਅਮਰੀਕਾ ਹੀ ਬੈਠੇ ਰਹੇ. ਅਤੇ ਭਾਈ ਪਰਮਾਨੰਦ ਕਾਲੇ ਪਾਣੀ ਤੋਂ ਲਿਖਤੀ ਮੁਆਫ਼ੀ ਮੰਗ ਕੇ ਇਸ ਵਿਚੋਂ ਬਚ ਨਿਕਲੇ।'' (ਸਾਚੀ ਸਾਖੀ ਪੰਨਾ, ੬੧)[4]

ਸ. ਕਰਤਾਰ ਸਿੰਘ ਸਰਾਭਾ ਦੀ ਸਮੁੱਚੀ ਜੀਵਨੀ, ਵਿਚਾਰਧਾਰਾ ਜੋ ਉਸਦੇ ਕਾਰਨਾਮਿਆਂ ਤੋਂ ਝਲਕਦੀ ਹੈ, ਦੀ ਰੋਸ਼ਨੀ ਵਿਚ ਇਸ ਕਿਤਾਬ ਜੋ ਪੰਜਾਬ ਸਕੂਲ ਸਿਖਿਆ ਬੋਰਡ ਵਲੋਂ ਪ੍ਰਾਇਮਰੀ ਪੱਧਰ ਦੇ ਵਿਦਿਆਰਥੀ ਨੂੰ ਪੜ੍ਹਾਈ ਜਾ ਰਹੀ ਹੈ, ਵਿਚ ਪ੍ਰਕਾਸ਼ਿਤ ਕਵਿਤਾ ਬਾਰੇ ਸਹਿਜੇ ਹੀ ਕੁਝ ਸਵਾਲ ਮਾਨਸਿਕ ਸੱਤਾ ਉਪਰ ਜਨਮ ਲੈਂਦੇ ਹਨ।

ਕਿ: 1 ਜੇਕਰ ਇਸ ਕਵਿਤਾ ਦਾ ਨਾਇਕ ਕਰਤਾਰ ਸਿੰਘ ਸਰਾਭਾ ਹੈ ਤਾਂ ਫਿਰ ਫਾਂਸੀ ਚੜ੍ਹਦਾ ਵਿਖਾਇਆ ਜਾ ਰਿਹਾ ਨਾਇਕ ਕੇਸ ਰਹਿਤ ਕਿਉਂ ਹੈ ?

2. ਕੀ ਕਰਤਾਰ ਸਿੰਘ ਸਰਾਭਾ ਸਾਬਤ ਸੂਰਤ ਸਿੱਖ ਨੌਜਵਾਨ ਨਹੀਂ ਸੀ ?

3. ਪਾਠ:-ਅਭਿਆਸ ਵਿਚ ਪੁੱਛੇ ਗਏ ਸਵਾਲ, ਫਾਂਸੀ ਕੌਣ ਚੜ੍ਹ ਰਹੇ ਸਨ ? ਦਾ ਉਤਰ ਤਾਂ 'ਕਰਤਾਰ ਸਿੰਘ ਸਰਾਭਾ' ਹੀ ਬਣਦਾ ਹੈ ਪਰ ਤਸਵੀਰ ਉਸਦੀ ਕਿਉਂ ਨਹੀਂ ਪ੍ਰਕਾਸ਼ਿਤ ਕੀਤੀ ਗਈ ? (ਜੋ ਆਸਾਨੀ ਨਾਲ ਮਿਲਣਯੋਗ ਹੈ)।

4. ਕੀ ਇਸ ਤਰ੍ਹਾਂ ਇਸ ਤਸਵੀਰ ਨੂੰ ਕੇਸ ਰਹਿਤ ਪ੍ਰਕਾਸ਼ਿਤ ਕਰਕੇ, ਸਿੱਖੀ ਸਰੂਪ ਦਾ ਮਜ਼ਾਕ ਉਡਾਇਆ ਗਿਆ ਹੈ ?

5. ਕੀ ਇਸ ਤਰ੍ਹਾਂ ਸਿੱਖ ਸ਼ਹੀਦਾਂ ਦੀਆਂ 90% ਤੋਂ ਵੱਧ ਕੁਰਬਾਨੀਆਂ ਨੂੰ ਅਣਗੌਲਿਆਂ ਕਰਨ ਦਾ ਯਤਨ ਤੇ ਨਹੀਂ ਕੀਤਾ ਗਿਆ ? ਦਰਅਸਲ ਹਿੰਦੁਸਤਾਨ ਦੀ ਆਜ਼ਾਦੀ ਵਾਸਤੇ ਆਰੰਭੀਆਂ ਅਹਿੰਸਾਵਦੀ ਲਹਿਰਾਂ ਦੀਆਂ ਤਾਂ ਅੱਜ ਵੀ ਸਿਫਤ-ਸਲਾਹੁਤਾਂ ਕੀਤੀਆਂ ਜਾਂਦੀਆਂ ਪਰ ਜੁਝਾਰੂ ਸੰਘਰਸ਼ ਨੂੰ ਅਣਗੌਲਿਆ ਕੀਤਾ ਜਾਂਦਾ ਹੈ।

ਪਰ ਜੁਝਾਰੂ ਲਹਿਰ ਜਿਤਨਾ ਯੋਗਦਾਨ ਕਿਸੇ ਹੋਰ ਅਹਿੰਸਾਵਾਦੀ ਲਹਿਰ ਦਾ ਨਹੀਂ ਹੈ ਕਿਉਂਕਿ ਅਸਲ ਆਜ਼ਾਦੀ ਤਾਂ ਸ਼ਸਤਰਾਂ ਨਾਲ ਹੀ ਪ੍ਰਾਪਤ ਹੋਈ ਹੈ, ਨਾਕਿ ਚਰਖੇ ਦੀ ਘੂਕ ਨਾਲ। ਸਾਨੂੰ ਆਪਣੇ ਸੁਰਖ ਲਹੂ ਨਾਲ ਲਿਖੇ ਕੌਮੀ ਇਤਿਹਾਸ ਤੇ ਮਾਣ ਹੈ, ਸਾਨੂੰ ਦੁਸ਼ਮਣ ਦੇ ਨੇਜ਼ਿਆਂ ਦੀਆਂ ਅਣੀਆਂ ਨੂੰ ਖੁੰਢਾ ਕਰਨ ਵਾਲੀਆਂ ਫੌਲਾਦੀ ਛਾਤੀਆਂ ਤੇ ਮਾਣ ਹੈ ਨਾਕਿ ਚਰਖੇ ਦੀਆਂ ਪੂਣੀਆਂ ਤੇ। ਸਾਨੂੰ ਗੁਰ ਪਾਤਸ਼ਾਹ ਦੀ ਬਖਸ਼ੀ ਹੋਈ ਸ਼ਹੀਦੀ ਪਰੰਪਰਾ ਤੇ ਮਾਣ ਹੈ, ਜਿਸ ਦੀ ਬਖਸ਼ਿਸ਼ ਸਦਕਾ ਸਾਡਾ ਤਨ ਖੂਨ ਵਿਚ ਲੱਥਪੱਥ ਹੋ ਕੇ ਮਜੀਠੀ ਰੰਗਤ ਧਾਰਨ ਕਰਦਾ ਹੈ। ਸਾਨੂੰ

ਗਾਂਧੀਆਂ ਦੇ ਪੱਤ-ਲੱਥੇ ਉਪਦੇਸ਼ਾਂ ਦੀ ਲੋੜ ਨਹੀਂ, ਸਾਨੂੰ ਗੁਰੂ ਨਾਨਕ ਦੀ ਬਖਸ਼ੀ ਗਿਆਨ-ਖੜਗ ਦੀ ਲੋੜ ਹੈ, ਜਿਸ ਦੀ ਰੋਸ਼ਨੀ ਸਦਕਾ ਸਾਡੀ ਫ਼ੌਲਾਦੀ ਸ੍ਰੀ ਸਾਹਿਬ ਨੇ ਮਾਰਗ ਲੱਭਣਾ ਹੈ:

*ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥*

(ਪੰਨਾ ੧੪੨)

---

1. ਬਨਜਾਰੇ ਨਯਨ (ਗਜ਼ਲ ਸੰਗ੍ਰਹਿ) ਪੰਨਾ 20 ਲੇਖਕ: ਵਿਸ਼ਿਸ਼ਟ ਅਨੂਪ ਉਦਭਾਵਨਾ ਪ੍ਰਕਾਸ਼ਨ ਨਵੀਂ ਦਿੱਲੀ।
2. ਪੰਜਾਬੀ ਪਾਠ ਪੁਸਤਕ - 5, ਸਿਰਲੇਖ: ਹਿੰਦ ਵਾਸੀਆਂ ਨੂੰ ਅੰਤਿਮ ਸੰਦੇਸ਼ ਲੇਖਕ: ਸ: ਕਰਤਾਰ ਸਿੰਘ ਸਰਾਭਾ ਪ੍ਰਕਾਸ਼ਕ : ਪੰ. ਸ. ਸਿ. ਬੋਰਡ ਮੋਹਾਲੀ।
3. ਲਾਲਾ ਲਾਜਪਤ ਰਾਏ, ਭਗਤ ਸਿੰਘ ਅਤੇ ਊਧਮ ਸਿੰਘ ਦੀਆਂ ਸ਼ਹੀਦੀਆਂ ਦੀ ਅਸਲੀਅਤ ਲੇਖਕ : ਬਲਵੰਤ ਸਿੰਘ ਬਹੋੜੂ ਪ੍ਰਕਾਸ਼ਕ: ਲੇਖਕ ਖੁਦ।
4. ਸਾਚੀ ਸਾਖੀ ਸਿਰਦਾਰ ਕਪੂਰ ਸਿੰਘ।

# ਪਾਠ ਪੁਸਤਕ ਵਿਚ ਸਿੱਖ ਮਾਨਸਿਕਤਾ ਉਪਰ ਸੂਖ਼ਮ ਵਾਰ ਕਿਉਂ ?

ਤੇਗ ਦੀ ਧਾਰ 'ਚੋਂ ਜਨਮੀ ਸਿੱਖੀ ਹਰ ਸਮੇਂ ਜ਼ੁਲਮ ਤੇ ਜ਼ਾਲਮ ਵੱਲੋਂ ਵਰਤੀ ਹਰ ਕਸਵੱਟੀ ਉਪਰ ਪੂਰੀ ਉਤਰੀ ਹੈ। ਭਾਣਾ ਮੰਨਣਾ ਅਤੇ ਦ੍ਰਿੜਤਾ ਖ਼ਾਲਸਾ ਪੰਥ ਦੇ ਮਹਾਨ ਗੁਣ ਹਨ। ਇਨ੍ਹਾਂ ਗੁਣਾਂ ਸਦਕਾ ਹੀ, ਜੇਕਰ ਕਿਹਾ ਜਾਵੇ ਕਿ ਮੌਜੂਦਾ ਹਿੰਦੁਸਤਾਨੀ ਸੀਮਾਵਾਂ ਤੇ ਸੰਸਕ੍ਰਿਤੀ ਵਜੂਦ ਵਿਚ ਹਨ ਤਾਂ ਕੋਈ ਅਤਿਕਥਨੀ ਨਹੀਂ ਹੈ। ਪਰ ਤ੍ਰਾਸਦੀ ਦੀ ਗੱਲ ਹੈ ਕਿ ਪਾਣੀ ਦੀ ਤਰ੍ਹਾਂ ਖ਼ੂਨ ਵਹਾ ਕੇ, ਇਸ ਬਾਗ-ਏ-ਹਿੰਦੁਸਤਾਨ ਨੂੰ ਬਹਾਰ ਬਖਸ਼ਿਸ਼ ਕਰਨ ਵਾਲੀ ਕੌਮ ਅੱਜ ਖ਼ੁਦ ਬੇਹਾਲ ਹੈ। ਗ਼ੈਰਾਂ ਨਾਲੋਂ ਵਧੇਰੇ ਦੋਸ਼ੀ ਅਸੀਂ ਖ਼ੁਦ ਹਾਂ। ਕਿਸੇ ਅਦੀਬ ਦਾ ਕਥਨ ਹੈ:

ਗ਼ੈਰਾਂ ਉਤੇ ਗਿਲਾ ਕਾਹਦਾ?

ਉਹ ਤਾਂ ਫਿਰ ਗ਼ੈਰ ਨੇ।

ਸਾਨੂੰ ਤਾਂ ਆਪਣੇ ਭਰਾਵਾਂ ਲੁੱਟ ਲਿਆ ਏ।

ਜਿਥੇ ਕੌਮ ਬਿਪਰਵਾਦੀ ਹੁਕਮਰਾਨਾਂ ਤੋਂ ਨਿਰਾਸ਼ ਹੋਈ ਹੈ ਉਥੇ ਕਥਿਤ ਪੰਥਕ ਆਗੂਆਂ ਨੇ ਵੀ ਨਿਰਾਸ਼ਾ ਹੀ ਪੱਲੇ ਪਾਈ ਹੈ। ਕਦੀ ਕਲਗੀਆਂ ਵਾਲੇ ਨੇ ਜੋ ਅਣਖ ਗ਼ੈਰਤ ਦੇ ਅਜ਼ਲੀ ਨਸ਼ੇ ਦਾ ਜਾਮ ਪਿਆਇਆ ਸੀ, ਅੱਜ ਉਹ ਅਣਖੀਲੀ ਖ਼ੁਮਾਰੀ ਕੁਰਸੀ ਦੇ ਨਸ਼ੇ ਦੀ ਮਦਹੋਸ਼ੀ ਵਿਚ ਬਦਲ ਚੁੱਕੀ ਹੈ।

ਬਿਪਰਵਾਦ ਦੀ 'ਕ੍ਰਿਪਾ ਤੇ ਕੂਟਨੀਤੀ ਨੇ ਇਨ੍ਹਾਂ ਪੰਥਕ ਮਹਾਂਰਥੀਆਂ ਦੀ ਜ਼ਮੀਰ ਨੂੰ ਐਸੀ ਗੁਲਾਮ ਜ਼ਹਿਨੀਅਤ ਦਾ ਮਾਲਕ ਬਣਾ ਦਿੱਤਾ ਹੈ ਕਿ ਜ਼ਮੀਰ ਮਾਰੂ ਗਰਜ਼ਾਂ ਸਦਕਾ ਗੁਰੂ ਪੰਥ ਤੋਂ ਕਿਨਾਰਾ-ਕਸ਼ੀ ਕਰਦੇ ਜਾ ਰਹੇ ਹਨ ਤੇ ਦੂਜੇ ਪਾਸੇ ਕੌਮ ਉਪਰ ਸਰੀਰਕ ਹਮਲਿਆਂ ਦਾ ਦੌਰ ਤਾਂ ਭਾਵੇਂ ਆਰੰਭ ਤੋਂ ਹੀ ਸ਼ੁਰੂ ਹੋ ਗਿਆ ਪਰ ਬਿਪਰਵਾਦ ਦੇ ਬੌਧਿਕ ਹਮਲਿਆਂ ਨੇ ਵੀ ਕੋਈ ਕਸਰ ਨਹੀਂ ਛੱਡੀ। ਮੈਦਾਨ-ਏ-ਜੰਗ ਤੇ ਕੌਮੀ ਮੁਹਿੰਮਾਂ ਵਿਚ ਰੁੱਝੀ ਸਮੁੱਚੀ ਕੌਮ ਕੋਲ ਆਪਣੇ ਇਤਿਹਾਸਕ ਵਿਰਸੇ ਨੂੰ ਸਾਂਭਣ ਵਾਸਤੇ ਕੋਈ ਵਿਸ਼ੇਸ਼ ਉਪਰਾਲਾ ਨਾ ਕੀਤਾ ਗਿਆ। ਅਕਾਲ ਪੁਰਖ ਜਾਣਦਾ ਹੈ ਕਿ ਉਹ ਅਵੇਸਲਾਪਣ ਸੀ ਜਾਂ ਢੁਕਵੇਂ ਸਮੇਂ ਦੀ ਅਣਹੋਂਦ।

ਇਤਿਹਾਸ ਜਾਂ ਤਾਂ ਗ਼ੈਰ ਸਿੱਖਾਂ ਨੇ ਲਿਖਿਆ ਹੈ ਜਿਸ ਵਿਚ ਜਾਣ ਬੁੱਝ ਕੇ ਮਨਘੜਤ ਤੱਥ ਸ਼ਾਮਲ ਕੀਤੇ ਹਨ ਜਾਂ ਨਿਰੋਲ ਸ਼ਰਧਾ ਅਧੀਨ ਗੌਰਵਮਈ ਇਤਿਹਾਸ 'ਤੇ ਬਿਪਰਵਾਦ ਦੀ ਛੱਤਰੀ

ਤਾਣ ਦਿੱਤੀ ਹੈ। ਇਤਿਹਾਸ ਦੇ ਗੌਰਵਮਈ ਤੱਥਾਂ ਨੂੰ ਉਜਾਗਰ ਕਰਨ ਦੀ ਬਜਾਏ, ਮਨਘੜਤ ਤੱਥਾਂ ਦਾ ਮਿਲਗੋਭਾ ਪੈਦਾ ਕਰਨ ਦਾ ਸਿਲਸਿਲਾ ਬਾਦਸਤੂਰ ਜਾਰੀ ਹੈ। ਅਜੋਕੇ ਸਮੇਂ ਦੌਰਾਨ ਵੀ ਸਿੱਖ ਵਿਰੋਧੀ ਜਥੇਬੰਦੀਆਂ ਵਲੋਂ ਜਿਥੇ ਸਿੱਖ ਕੌਮ ਦੇ ਅਕਸ ਨੂੰ ਵਿਗਾੜਨ ਲਈ, ਸਿੱਖਾਂ ਦੇ ਨਿਆਰੇਪਨ ਨੂੰ ਵੰਗਾਰਨ ਅਤੇ ਸਿੱਖ ਕੌਮ ਨੂੰ ਹਿੰਦੂ ਧਰਮ ਦਾ ਇਕ ਅੰਗ ਦੱਸਣ ਲਈ ਧੜਾਧੜ ਪਰਚੇ ਛਾਪ ਕੇ ਵੰਡੇ ਜਾ ਰਹੇ ਹਨ ਉਥੇ ਵਿਦਿਅਕ ਅਦਾਰਿਆਂ ਵਿਚ ਪੜ੍ਹਾਏ ਜਾ ਰਹੇ ਇਤਿਹਾਸ ਵਿਸ਼ੇ ਨੂੰ ਵੀ ਵਿਗਾੜਨ ਵਿਚ ਕੋਈ ਕਸਰ ਨਹੀਂ ਛੱਡੀ ਜਾ ਰਹੀ। ਉਦਾਹਰਣ ਵਜੋਂ ਕਿਸੇ ਕਿਤਾਬ ਵਿਚ ਗੁਰੂ ਗੋਬਿੰਦ ਸਿੰਘ ਜੀ ਨੂੰ ਬਹਾਦਰ ਸ਼ਾਹ ਦੇ ਤਨਖ਼ਾਹਦਾਰ ਮੁਲਾਜ਼ਮ ਤੇ ਕਿਸੇ ਵਿਚ ਗੁਰੂ ਤੇਗ ਬਹਾਦਰ ਸਾਹਿਬ ਨੂੰ ਧਾੜਵੀ ਦਰਸਾਇਆ ਜਾ ਰਿਹਾ ਸੀ। **(10+1, 10+2 NCERT Board)**

ਬਿਪਰਵਾਦੀਆਂ ਦੇ ਭਗਵਾਂਧਾਰੀ ਮਿਆਨ ਹੇਠ ਲੁਕੀ ਸਨਾਤਨੀ ਖੜਗ ਵਲੋਂ ਘੱਟ ਗਿਣਤੀਆਂ 'ਤੇ ਵਾਰ ਕਰਨ ਦਾ ਕੋਈ ਅਵਸਰ ਖੁੰਝਣ ਨਹੀਂ ਦਿੱਤਾ ਜਾ ਰਿਹਾ। ਨਿਆਰੀ ਹਸਤੀ ਦੇ ਮਾਲਕ ਖ਼ਾਲਸਾ ਪੰਥ ਨੂੰ ਹਰ ਮੁਹਾਜ਼ 'ਤੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਉਹ ਮੁਹਾਜ਼ ਭਾਵੇਂ ਦਿੱਲੀ ਕਤਲੇਆਮ, ਭਾਵੇਂ ਕੋਈ ਮੰਚ (ਮੁਰਾਰੀ ਬਾਪੂ), ਜਾਂ ਵਿਦਿਅਕ ਪੁਸਤਕਾਂ।

ਕੁਝ ਹੀ ਦਿਨ ਬੀਤੇ ਹਨ, ਦਿੱਲੀ ਵਿਖੇ ਇਕ ਸਿੱਖ ਵੀਰ ਨੇ ਇਕ ਅਜੀਬ ਵਾਕਿਆਤ ਸਾਂਝਾ ਕੀਤਾ ਜਿਸ ਨੂੰ ਬਿਨਾਂ ਗਹਿਰੀ ਘੋਖ ਪੜਤਾਲ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ, ਕਿਉਂਕਿ ਇਕ ਨੁਕਤਾ-ਨਿਗਾਹ ਤੋਂ ਇਹ ਮਸਲਾ ਕਾਫ਼ੀ ਗੰਭੀਰ ਹੈ। ਉਸ ਵੀਰ ਨੇ ਦੱਸਿਆ ਕਿ ਪਹਿਲੀ ਜਮਾਤ ਵਿਚ ਪੜ੍ਹਦਾ ਮੇਰਾ ਪੋਤਰਾ ਇਕ ਦਿਨ ਸਕੂਲ ਤੋਂ ਆ ਕੇ ਮੈਨੂੰ ਕਹਿਣ ਲੱਗਾ, "ਦਾਦਾ ਜੀ, ਆਪ ਕੋ ਲੋਗ ਚੀਮਾ ਸਾਹਿਬ ਕਹਿਤੇ ਹੈਂ ਨਾ? ਮੇਰੀ ਮੈਮ ਨੇ ਮੁਝ ਕੋ ਕਲਾਸ ਮੇਂ ਆਜ ਪੜ੍ਹਾਇਆ ਥਾ ਕਿ ਏਕ ਕੁੱਤੇ ਕਾ ਨਾਮ ਭੀ ਚੀਮਾ ਥਾ।"

ਚੀਮਾ ਸਾਹਿਬ ਨੇ ਬੱਚੇ ਕੋਲੋਂ ਕਿਤਾਬ ਮੰਗੀ ਤੇ ਪੜ੍ਹੀ ਤਾਂ ਪਾਠ-9, ਸਫ਼ਾ 44 ਉਪਰ ਕਹਾਣੀ ਅੰਕਿਤ ਸੀ:

"ਏਕ ਕੁੱਤਾ ਥਾ। ਉਸ ਕਾ ਨਾਮ ਚੀਮਾ ਥਾ......" ਅਭਿਆਸ ਵਿਚ ਸਵਾਲ ਪੁਛਿਆ ਗਿਆ ਹੈ:

ਕੁੱਤੇ ਕਾ ਨਾਮ ਕਿਆ ਥਾ?

ਮੇਰੇ ਮੰਗਣ ਉਪਰ ਉਨ੍ਹਾਂ ਨੇ ਮੈਨੂੰ ਇਸ ਕਿਤਾਬ ਦੀ ਫੋਟੋ ਸਟੇਟ ਦਿੱਤੀ। ਇਸ ਕਿਤਾਬ ਦਾ ਨਾਮ ਹਿੰਦੀ ਭਾਸ਼ਾ-ਭਾਰਤੀ ਹੈ ਅਤੇ ਪ੍ਰਾਚੀ ਇੰਡੀਆ ਪਬਲੀਸ਼ਰ ਦੀ ਕ੍ਰਿਤ ਹੈ। ਇਸ ਦੇ ਲੇਖਕ ਦਾ ਨਾਮ ਦੇਵਿੰਦਰ ਕੁਮਾਰ ਸ਼ਰਮਾ (ਕੇਂਦਰੀ ਹਿੰਦੀ ਸੰਸਥਾਨ, ਆਗਰਾ) ਹੈ। ਭੂਮਿਕਾ ਦੇ ਅੰਤਰਗਤ ਲੇਖਕ ਲਿਖਦਾ ਹੈ ਕਿ ਨਵੀਂ ਰਾਸ਼ਟਰੀ ਨੀਤੀ ਅਨੁਸਾਰ ਬੱਚਿਆਂ ਦੇ ਸਰਵਗੁਣੀ ਵਿਕਾਸ 'ਤੇ ਬਲ ਦਿੱਤਾ ਗਿਆ ਹੈ।

ਇਸ ਪਰਿਪੇਖ ਵਿਚ ਵਿਚਾਰੀਏ ਤਾਂ ਸਹਿਜੇ ਹੀ ਮਾਨਸਿਕ ਸੱਤਾ ਉਪਰ ਸਵਾਲ ਪ੍ਰਗਟ ਹੁੰਦਾ ਹੈ ਕਿ ਪਹਿਲੀ ਜਮਾਤ ਵਿਚ ਪੜ੍ਹ ਰਹੇ ਮਾਸੂਮ ਬੱਚੇ ਦੇ ਕੋਮਲ ਮਨ ਉਪਰ ਕੈਸੇ ਭਾਵ ਉਭਰੇ ਹੋਣਗੇ

ਕਿ ਜਿਸ ਗੋਤ ਨਾਲ ਸੰਬੰਧਿਤ ਹੋਣ ਸਦਕਾ ਉਸ ਦੇ ਪਿਤਾ ਜੀ ਨੂੰ ਡਾ: ਚੀਮਾ ਕਿਹਾ ਜਾ ਰਿਹਾ ਹੈ, ਉਸੇ ਹੀ ਗੋਤ ਨੂੰ ਕਲਾਸ ਵਿਚ ਇਕ ਕੁੱਤੇ ਦਾ ਨਾਮ ਦੱਸਿਆ ਜਾ ਰਿਹਾ ਹੈ ਪਰ ਇਸ ਪੜ੍ਹਾਏ ਜਾ ਰਹੇ ਵਿਸ਼ੇ ਵਿਚ ਐਸੀ ਅਵੱਗਿਆ ਦੀ ਵਿਰੋਧਤਾ ਕਰਨ ਦੀ ਅਵਸਥਾ ਬੱਚੇ ਦੀ ਨਹੀਂ ਹੈ।

ਜੇਕਰ ਲੇਖਕ ਨੇ ਅਣਜਾਣਤਾ ਅਧੀਨ ਹੀ ਐਸਾ ਲਿਖਿਆ ਹੈ ਤਾਂ ਇਸ ਸ਼ਬਦ ਨੂੰ ਪਾਠ ਪੁਸਤਕ ਵਿਚੋਂ ਨਿਮਰਤਾ ਪੂਰਵਕ ਕੱਢ ਦੇਣਾ ਚਾਹੀਦਾ ਹੈ ਪਰੰਤੂ ਜੇਕਰ ਕਿਸੇ ਸਾਜ਼ਿਸ਼ ਅਧੀਨ ਅਤੇ ਜਾਣਦਿਆਂ ਹੋਇਆਂ ਕਿ ਚੀਮਾ ਸਿੱਖਾਂ ਦੀ ਗੋਤ ਹੈ ਤਾਂ ਇਸ ਅਵੱਗਿਆ ਦੀ ਖ਼ਿਮਾ ਯਾਚਨਾ ਜ਼ਰੂਰੀ ਕਰਨੀ ਚਾਹੀਦੀ ਹੈ। ਬੇਸ਼ੱਕ ਸਿੱਖ ਧਰਮ ਗੋਤ ਜ਼ਾਤ ਨੂੰ ਮਾਨਤਾ ਨਹੀਂ ਦਿੰਦਾ ਪਰ ਗੋਤ ਅਤੇ ਜ਼ਾਤ ਵਿਚਲੇ ਅੰਤਰ ਨੂੰ ਸਮਝਣਾ ਜ਼ਰੂਰੀ ਹੈ।

ਕਾਹਨ ਸਿੰਘ ਨਾਭਾ ਅਨੁਸਾਰ ਗੋਤ: ਕੁਲ, ਵੰਸ਼, ਖਾਨਦਾਨ।

(ਮਹਾਨ ਕੋਸ਼, ਪੰਨਾ ੪੨੮)[2]

ਜ਼ਾਤ: ਸਮਾਜ ਵਿਚ ਇਕ ਤੋਂ ਦੂਜੇ ਨੂੰ ਵੱਖ ਕਰਨ ਵਾਲੀ ਵੰਡ, ਰੋਟੀ-ਬੇਟੀ ਦੀਆਂ ਸਾਂਝ ਕਰਨ ਵਾਲੀਆਂ ਬਰਾਦਰੀਆਂ ਦੀ ਵੰਡ, ਇਸ ਦਾ ਮੂਲ ਨਸਲੀ ਭੇਦ, ਇਤਿਹਾਸੀ ਵੈਰ, ਕਿਰਤ-ਵਿਹਾਰ ਦੇ ਭੇਦ ਆਦਿ ਅਨੇਕ ਕਾਰਨ ਹਨ। ਜ਼ਾਤ ਦੀ ਵੰਡ ਭਾਵੇਂ ਹਰ ਦੇਸ਼ ਵਿਚ ਹੈ ਪਰੰਤੂ ਹਿੰਦੂ ਧਰਮ ਵਿਚ ਸਭ ਤੋਂ ਵੱਧ ਪ੍ਰਚਲਿਤ ਹੈ।(ਮਹਾਨ ਕੋਸ਼, ਕਾਹਨ ਸਿੰਘ ਨਾਭਾ)[3]

ਗੋਤ ਅਤੇ ਜ਼ਾਤ ਦੀ ਵਿਆਖਿਆ ਦੇਣ ਤੋਂ ਦਾਸ ਦਾ ਭਾਵ ਇਸ ਦੀ ਪ੍ਰੋੜ੍ਹਤਾ ਕਰਨਾ ਨਹੀਂ, ਜਾਂ ਇਹ ਭਾਵ ਨਹੀਂ ਕਿ ਸਿੱਖਾਂ ਨੂੰ ਸੰਧੂ, ਚੀਮਾ, ਅਰੋੜਾ, ਲਾਂਬਾ, ਰੰਧਾਵਾ ਆਦਿ ਗੋਤਾਂ ਦੀ ਵਰਤੋਂ ਜ਼ਰੂਰ ਕਰਨੀ ਚਾਹੀਦੀ ਹੈ, ਸਗੋਂ ਇਸ ਨੁਕਤਾ ਨਿਗਾਹ ਤੋਂ ਵਿਚਾਰਨਾ ਜ਼ਰੂਰੀ ਸਮਝਦਾ ਹਾਂ ਕਿ ਜੇਕਰ ਇਸੇ ਤਰ੍ਹਾਂ ਸਿੱਖ ਗੋਤਾਂ ਨੂੰ ਮੁੱਖ ਰੱਖ ਕੇ ਅਜਿਹੀਆਂ ਹਾਸੋਹੀਣੀਆਂ ਹਰਕਤਾਂ ਕੀਤੀਆਂ ਜਾਂਦੀਆਂ ਹਨ ਤਾਂ ਠੇਸ ਸਮੁੱਚੀ ਕੌਮ ਨੂੰ ਪਹੁੰਚਦੀ ਹੈ।

ਕੁਝ ਵੀਰਾਂ ਦੀ ਇਹ ਦਲੀਲ ਵੀ ਜਾਇਜ਼ ਹੈ ਕਿ ਗੋਤ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਕਿਉਂਕਿ ਗੋਤ ਤੋਂ ਜ਼ਾਤ ਉਜਾਗਰ ਹੁੰਦੀ ਹੈ, ਪਰੰਤੂ ਇਹ ਦਲੀਲ ਹਰ ਮਕਾਮ ਉਪਰ ਪੂਰੀ ਨਹੀਂ ਉਤਰਦੀ। ਉਦਾਹਰਣ ਵਜੋਂ ਚੱਠੇ ਜੱਟ ਸਿੱਖ ਵੀ ਹੈ ਅਤੇ ਹਿੰਦੂ ਵੀ ਜੋ ਮੇਰਠ ਇਲਾਕੇ ਵਿਚ ਵੱਸਦੇ ਹਨ। ਇਸੇ ਤਰ੍ਹਾਂ ਹੀ ਢਿੱਲੋਂ, ਸਿੱਖ, ਮੁਸਲਮਾਨ ਵੀ ਹਨ ਤੇ ਦਲਿਤ ਵੀਰਾਂ ਅਤੇ ਜੱਟਾਂ, ਮੁਸਲਮਾਨਾਂ ਅਤੇ ਹਿੰਦੂਆਂ ਦੀਆਂ ਵਧੇਰੇ ਗੋਤਾਂ ਆਪਸ ਵਿਚ ਮਿਲਦੀਆਂ ਹਨ। ਪੰਜਾਬ ਦੇ ਕਾਫੀ ਪਿੰਡਾਂ ਦੇ ਨਾਮ ਵੀ ਗੋਤਾਂ ਉਪਰ ਆਧਾਰਿਤ ਹਨ ਜਿਵੇਂ ਕਿ ਗਿੱਲ, ਕੁਲਾਰ, ਚੀਮਾ, ਰੰਧਾਵਾ, ਢਿਲਵਾਂ ਆਦਿ। ਇਨ੍ਹਾਂ ਪਿੰਡਾਂ ਨਾਲ ਸੰਬੰਧਿਤ ਵੀਰ ਆਪਣੇ ਨਾਵਾਂ ਪਿੱਛੇ ਭਾਵੇਂ ਪਿੰਡ ਦੀ ਵਰਤੋਂ ਕਰਦੇ ਹਨ ਪਰ ਪਿੰਡ ਦਾ ਨਾਮ ਗੋਤ ਉਪਰ ਹੀ ਆਧਾਰਿਤ ਹੈ।

ਗੁਰਮਤਿ ਸਿਧਾਂਤਾਂ ਦੀ ਰੌਸ਼ਨੀ ਵਿਚ ਵੇਖਿਆ ਜਾਵੇ ਤਾਂ ਸਿੱਖ ਨੂੰ ਗੋਤ ਆਦਿ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਕਿਉਂਕਿ ਅੰਮ੍ਰਿਤ ਸੰਸਕਾਰ ਸਮੇਂ ਸਿੱਖ ਨੂੰ ਜ਼ਾਤ ਨਾਸ਼, ਕੁਲ ਨਾਸ਼ ਦਾ ਉਪਦੇਸ਼ ਦੇ ਕੇ ਖ਼ਾਲਸਾ ਪੰਥ ਦਾ ਅੰਗ ਬਣਾ ਦਿੱਤਾ ਜਾਂਦਾ ਹੈ, ਪਰੰਤੂ ਵਿਦਿਅਕ ਅਦਾਰਿਆਂ

ਵਿੱਚ ਜਿਹੜਾ ਸਿੱਖ ਗੋਤਾਂ ਨੂੰ ਆਧਾਰ ਬਣਾ ਕੇ ਕੌਮ ਦਾ ਮਜ਼ਾਕ ਉਡਾਇਆ ਜਾ ਰਿਹਾ ਹੈ ਉਸ ਨਜ਼ਰੀਏ ਤੋਂ ਸੁਚੇਤ ਹੋਣ ਦੀ ਜ਼ਰੂਰਤ ਹੈ। ਇਸ ਤਰ੍ਹਾਂ ਨਾਲ ਵਰਣਿਤ ਪਾਠ ਪੁਸਤਕ ਵਿਚ ਕੁੱਤੇ ਨਾਲ 'ਚੀਮਾ' ਨਾਲ ਦੀ ਵਰਤੋਂ ਕੀਤੀ ਗਈ ਹੈ ਜਿਸ ਨਾਲ ਸਮੁੱਚੀ ਕੌਮ ਨਹੀਂ ਬਲਕਿ ਇਨਸਾਨੀਅਤ ਨੂੰ ਠੇਸ ਪਹੁੰਚਦੀ ਹੈ ਕਿਉਂਕਿ ਚੀਮੇ ਜੱਟ ਸਿੱਖ, ਦਲਿਤ ਅਤੇ ਮੁਸਲਮਾਨ ਵੀ ਹਨ ਭਾਵੇਂ ਕਿ ਹਿੰਦੁਸਤਾਨ ਵਿਚ ਚੀਮਾ ਗੋਤ ਕੇਵਲ ਸਿੱਖਾਂ ਨਾਲ ਹੀ ਸੰਬੰਧਿਤ ਹੈ। ਹੁਸ਼ਿਆਰ ਸਿੰਘ ਦਲੇਹ ਅਨੁਸਾਰ, "ਚੀਮੇ ਚੌਹਾਨ ਰਾਜਪੂਤਾਂ ਵਿਚੋਂ ਹਨ। ਸ਼ਹਾਬਦੀਨ ਗੌਰੀ ਨੇ ਜਦ ਪ੍ਰਿਥਵੀ ਰਾਜ ਚੌਹਾਨ ਨੂੰ ਹਰਾ ਕੇ 1193 ਈ: ਵਿਚ ਉਸ ਦੇ ਇਲਾਕੇ 'ਤੇ ਕਬਜ਼ਾ ਕਰ ਲਿਆ ਤਾਂ ਪ੍ਰਿਥਵੀ ਰਾਜ ਚੌਹਾਨ ਦੀ ਬੰਸ ਦੇ ਚੌਹਾਨ ਪਹਿਲਾਂ ਬਠਿੰਡੇ ਤੋਂ ਕਾਂਗੜ ਤੇ ਫਿਰ ਹੌਲੀ ਹੌਲੀ ਫਿਰੋਜ਼ਪੁਰ, ਲੁਧਿਆਣਾ ਤੇ ਅੰਮ੍ਰਿਤਸਰ ਦੇ ਇਲਾਕੇ ਵਿਚ ਪਹੁੰਚੇ। ਚੀਮੇ ਗੋਤ ਦਾ ਮੋਢੀ ਪ੍ਰਿਥਵੀ ਰਾਜ ਚੌਹਾਨ ਦਾ ਪੋਤਾ ਚੀਮਾ ਸੀ। ਫਿਰੋਜ਼ਪੁਰ ਦੇ ਇਲਾਕੇ ਵਿਚ ਚੀਮਾ ਪਿੰਡ ਆਬਾਦ ਕੀਤਾ ਗਿਆ।.......

ਚੀਮਾ ਵੰਸ਼ ਦੇ ਦੋ ਵਡੇਰੇ ਸੂਰਬੀਰ ਰਾਣਾ ਕੰਗ ਅਤੇ ਰਾਣਾ ਢੋਲ ਹੋਏ ਹਨ। ਚੀਮੇ ਗੋਤ ਦੇ ਜੱਟਾਂ ਨੇ ਔਰੰਗਜ਼ੇਬ ਸਮੇਂ ਇਸਲਾਮ ਧਰਮ ਧਾਰਨ ਕੀਤਾ। ਅੱਜ ਵੀ ਪਾਕਿਸਤਾਨ ਵਿੱਚ ਚੀਮਾ ਗੋਤ ਨਾਲ ਸੰਬੰਧਿਤ ਮੁਸਲਮਾਨ ਜੱਟ ਵੱਸਦੇ ਹਨ।......

.......ਦੋਰਾਹੇ ਤੋਂ 20 ਕਿਲੋਮੀਟਰ ਦੂਰ ਪਿੰਡ ਰਾਮਗੜ੍ਹ ਸਰਦਾਰਾਂ ਵਿਚ ਸ਼ਹੀਦ ਬਾਬਾ ਰਾਮ ਸਿੰਘ ਨੇ ਆਪਣੇ ਸਾਥੀ ਸਿੰਘਾਂ ਨਾਲ 1867 ਬਿਕਰਮੀ ਵਿਚ ਮੁਗਲ ਫ਼ੌਜਾਂ ਨਾਲ ਟੱਕਰ ਲਈ ਅਤੇ ਘਮਸਾਨ ਯੁੱਧ ਵਿਚ ਜੂਝਦੇ ਹੋਏ ਸ਼ਹੀਦ ਹੋਏ। ਚੀਮਾ ਗੋਤ ਨਾਲ ਸੰਬੰਧਿਤ ਹਰ ਸਾਲ ਇਸ ਸਾਕੇ ਦੀ ਯਾਦ ਮਨਾਉਂਦੇ ਹਨ।.......ਚੀਮੇ ਦਲਿਤ ਜ਼ਾਤਾਂ ਵਿਚ ਵੀ ਹਨ।

(ਜੱਟ ਦਾ ਇਤਿਹਾਸ, ਪੰਨਾ ੯੨)[4]

ਸਿੱਖ ਧਰਮ ਵਿਚ ਜ਼ਾਤ-ਪਾਤ ਦਾ ਕੋਈ ਵਿਧਾਨ ਨਹੀਂ ਹੈ। ਜਦੋਂ ਸਾਰਾ ਹਿੰਦੁਸਤਾਨ ਬਿਪਰਵਾਦ ਦੀ ਉਪਜ ਜ਼ਾਤ-ਵਰਨ ਦੇ ਤੇਂਦੂਆ ਜਾਲ ਵਿਚ ਫਸ ਚੁੱਕਾ ਸੀ ਤਾਂ ਗੁਰੂ ਨਾਨਕ ਸਾਹਿਬ ਦੇ ਪਾਵਨ ਮੁਖ਼ਾਰਬਿੰਦ ਵਿਚੋਂ ਨਿਕਲੇ ਇਹ ਸ਼ਬਦ ਫ਼ਿਜ਼ਾ ਵਿਚ ਗੂੰਜੇ:

*ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥*

(ਆਸਾ ਮ: ੧, ਪੰਨਾ : ੩੪੯)

ਨਾਮ-ਵਿਹੂਣਾ ਮਨੁੱਖ ਹੀ ਨੀਚ-ਜ਼ਾਤ ਹੈ ਨਾਕਿ ਬ੍ਰਾਹਮਣਵਾਦ ਦੇ ਘੜੇ ਹੋਏ ਜ਼ਾਤ ਵਰਣ ਨਾਲ ਸੰਬੰਧਿਤ ਦਾਇਰੇ ਵਿਚ ਜਨਮ ਲੈਣ ਨਾਲ ਕੋਈ ਮਨੁੱਖ ਨੀਚ ਹੈ:

*ਬਿਨੁ ਨਾਵੈ ਸਭ ਨੀਚ ਜਾਤਿ ਹੈ ਬਿਸਟਾ ਕਾ ਕੀੜਾ ਹੋਇ॥ ੭॥*

(ਆਸਾ ਮ: ੩, ਪੰਨਾ : ੪੨੬)

ਅਕਾਲ ਪੁਰਖ ਦੇ ਦਰਬਾਰ ਵਿਚ ਜ਼ਾਤ ਨਹੀਂ ਬਲਕਿ ਕਰਮਾਂ ਦੀ ਵਿਚਾਰ ਹੁੰਦੀ ਹੈ:

*ਆਗੈ ਜਾਤਿ ਰੂਪੁ ਨ ਜਾਇ॥ ਤੇਹਾ ਹੋਵੈ ਜੇਹੇ ਕਰਮ ਕਮਾਇ॥*

(ਆਸਾ ਮ: ੩, ਪੰਨਾ : ੩੬੩)

ਜਿਸ ਤਰ੍ਹਾਂ ਇਕ ਹੀ ਮਿੱਟੀ ਨਾਲ ਘੁਮਿਆਰ ਕਈ ਪ੍ਰਕਾਰ ਦੇ ਭਾਂਡੇ ਘੜਦਾ ਹੈ ਇਸੇ ਤਰ੍ਹਾਂ ਅਕਾਲ ਪੁਰਖ ਨੇ ਸਾਰੇ ਸੰਸਾਰ ਦੀ ਰਚਨਾ ਕੀਤੀ ਹੈ:

*ਮਾਟੀ ਏਕ ਸਗਲ ਸੰਸਾਰਾ॥ ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ॥ ੩॥*

(ਭੈਰਉ ਮ: ੩, ਪੰਨਾ ੧੧੨੮)

ਮਨੁੱਖ ਜੈਸੇ ਕ੍ਰਮ ਕਰਦਾ ਹੈ ਉਸ ਉਪਰ ਆਧਾਰਿਤ ਹੀ ਜ਼ਾਤ ਨਾਲ ਉਸ ਦਾ ਸੰਬੰਧ ਜੋੜਿਆ ਜਾਂਦਾ ਹੈ। ਪਰੰਤੂ ਅਕਾਲ ਪੁਰਖ ਦੇ ਦਰਬਾਰ ਵਿਚ ਵਿਚ ਜ਼ਾਤ ਨਹੀਂ ਬਲਕਿ ਕੀਤੇ ਕਰਮਾਂ ਅਨੁਸਾਰ ਨਿਬੇੜਾ ਹੁੰਦਾ ਹੈ:

*ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ॥*
*ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥*

(ਪ੍ਰਭਾਤੀ ਮ: ੧ ਪੰਨਾ ੧੩੩੦)

ਹਿੰਦੁਸਤਾਨ ਵਿਚ ਹਿੰਦੂ ਧਰਮੀ ਲੋਕ ਜ਼ਾਤ-ਪ੍ਰਥਾ ਨੂੰ ਵਧੇਰੇ ਮਾਨਤਾ ਦਿੰਦੇ ਹਨ। ਸਨਾਤਨੀ ਧਰਮ ਸਿਧਾਂਤਾਂ ਅਨੁਸਾਰ ਉਚ ਜ਼ਾਤੀ ਵਿਚ ਜਨਮ ਲੈਣ ਵਾਲਾ ਹੀ ਉਚ ਦਰਜੇ ਜਾਂ ਅਹਿਲਾਕਾਰੀ ਦਾ ਹੱਕਦਾਰ ਹੈ। ਪਰੰਤੂ ਗੁਰੂ ਪਾਤਸ਼ਾਹ ਨੇ ਇਸ ਪ੍ਰਥਾ ਉਪਰ ਤਕੜੀ ਚੋਟ ਕੀਤੀ ਅਤੇ ਗੁਰੂ ਪਾਤਸ਼ਾਹ ਜੀ ਜ਼ਾਤ ਦਾ ਮਾਣ ਹੰਕਾਰ ਕਰਨ ਵਾਲਿਆਂ ਨੂੰ ਮੂਰਖ ਤੇ ਗਵਾਰ ਆਖਦੇ ਹਨ ਕਿਉਂਕਿ ਜ਼ਾਤ ਅਭਿਮਾਨ ਕਈ ਵਿਕਾਰਾਂ ਨੂੰ ਜਨਮ ਦਿੰਦਾ ਹੈ:

*ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥*
*ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥*

(ਗੁਰੂ ਗ੍ਰੰਥ ਸਾਹਿਬ ਪੰਨਾ ੧੧੨੭)

ਤਕਰੀਬਨ ਸਾਰੇ ਹਿੰਦੂਵਾਦੀ ਗ੍ਰੰਥ ਮੰਨੂ ਸਿਮਰਤੀ, ਤੋਂ ਲੈ ਕੇ ਤੁਲਸੀ ਰਚਿਤ ਰਾਮ ਚਰਿਤ ਮਾਨਸ ਤੱਕ ਜ਼ਾਤ ਪ੍ਰਥਾ ਨੂੰ ਉਛਾਲਣ ਵਾਲੇ ਸੋਮੇ ਹਨ। ਇਨ੍ਹਾਂ ਗ੍ਰੰਥਾਂ ਵਿਚ ਰਚਿਤ ਸਾਹਿਤ ਵਿਚ ਵਰਣ ਪ੍ਰਣਾਲੀ ਨੂੰ ਬਹੁਤ ਉਜਾਗਰ ਕੀਤਾ ਹੈ ਅਤੇ ਹਿੰਦੂ ਧਰਮ ਦਾ ਦਾਰੋਮਦਾਰ ਦਰਸਾਇਆ ਹੈ। ਧਾਰਮਿਕ ਗ੍ਰੰਥਾਂ ਉਪਰ ਆਧਾਰਿਤ ਵਿਸ਼ਵਾਸ ਐਸੇ ਸਨ ਕਿ ਜੇਕਰ ਸ਼ੂਦਰ ਵੇਦ ਪੜ੍ਹੇ ਤਾਂ ਜ਼ਬਾਨ ਕੱਟ ਦਿੱਤੀ ਜਾਵੇ ਅਤੇ ਜੇਕਰ ਸਰਵਣ ਕਰੇ ਤਾਂ ਕੰਨਾਂ ਵਿਚ ਸਿੱਕਾ ਢਾਲ ਕੇ ਪਾ ਦਿੱਤਾ ਜਾਵੇ।

ਜ਼ਾਤੀਵਾਦ ਜਾਂ ਵਰਣ ਵੰਡ ਨੂੰ ਇਨਸਾਨੀਅਤ ਵਿਰੋਧੀ ਕਰਮ ਦੱਸਦੇ ਹੋਏ ਕਬੀਰ ਸਾਹਿਬ ਇਸ ਬ੍ਰਾਹਮਣਵਾਦੀ ਪ੍ਰਥਾ 'ਤੇ ਵਿਅੰਗਮਈ ਚੋਟ ਕਰਦੇ ਫੁਰਮਾਉਂਦੇ ਹਨ ਕਿ "ਪੰਡਤ ਜੀ, ਤੁਹਾਡੀਆਂ ਰਗਾਂ ਵਿਚ ਆਮ ਇਨਸਾਨਾਂ ਵਾਂਗ ਖ਼ੂਨ ਹੈ ਨਾਕਿ ਦੁੱਧ ਤੇ ਤੁਸੀਂ ਵੀ ਸੰਸਾਰ ਮੰਚ ਉਪਰ ਵੈਸੀ ਹੀ ਕ੍ਰਿਆ ਦੁਆਰਾ ਆਏ ਹੋ, ਜਿਵੇਂ ਹੋਰ ਸਾਰੇ ਇਨਸਾਨ।"

*ਗਰਭ ਵਾਸ ਮਹਿ ਕੁਲੁ ਨਹੀ ਜਾਤੀ॥*
*ਬ੍ਰਹਮ ਬਿੰਦੁ ਤੇ ਸਭ ਉਤਪਾਤੀ॥ ੧॥*

ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ॥
ਬਾਮਨ ਕਹਿ ਕਹਿ ਜਨਮੁ ਮਤ ਖੋਏ॥ ੧॥ ਰਹਾਉ॥
ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥
ਤਉ ਆਨ ਬਾਟ ਕਾਹੇ ਨਹੀ ਆਇਆ॥ ੨॥
ਤੁਮ ਕਤ ਬ੍ਰਾਹਮਣ ਹਮ ਕਤ ਸੂਦ॥
ਹਮ ਕਤ ਲੋਹੂ ਤੁਮ ਕਤ ਦੂਧ॥ ੩॥

(ਗਉੜੀ ਕਬੀਰ ਜੀਉ ਪੰਨਾ: ੩੨੪)

ਸੋ ਉਪਰੋਕਤ ਪ੍ਰਮਾਣਾਂ ਤੋਂ ਸਹਿਜੇ ਹੀ ਉਜਾਗਰ ਹੁੰਦਾ ਹੈ ਕਿ ਸਿੱਖ ਧਰਮ ਵਿਚ ਜ਼ਾਤ ਪ੍ਰਥਾ ਦਾ ਕੋਈ ਵਿਧਾਨ ਨਹੀਂ। ਇਸ ਪਾਠ ਪੁਸਤਕ ਵਿਚ ਜਿਸ ਤਰ੍ਹਾਂ ਇਕ ਕੁੱਤੇ ਦੇ ਨਾਮ ਨਾਲ ਸਿੱਖ ਗੋਤ ਦੀ ਵਰਤੋਂ ਕੀਤੀ ਗਈ ਹੈ ਜੋ ਦੋ ਘੱਟ ਗਿਣਤੀ ਕੌਮਾਂ (ਸਿੱਖ ਤੇ ਮੁਸਲਮਾਨ) ਨਾਲ ਸੰਬੰਧਿਤ ਹੈ, ਨਿੰਦਣਯੋਗ ਕਾਰਵਾਈ ਹੈ। ਐਸੀ ਹਰਕਤ ਕਰਨ ਵਾਲੇ ਵੀਰ, 'ਆਪਨੜੇ ਗਿਰੀਵਾਨ' ਵਿਚ ਝਾਕ ਕੇ ਵੇਖਣ ਕਿ ਜੇ ਕਿਸੇ ਗ਼ੈਰ-ਹਿੰਦੂ ਵਲੋਂ ਲਿਖਤ ਪਾਠ ਪੁਸਤਕ ਵਿਚ ਐਸੀ ਹੀ ਕਿਸੇ ਹਿੰਦੂ ਗੋਤ ਦੀ ਵਰਤੋਂ ਕੀਤੀ ਜਾਵੇ ਜਾਂ ਗਾਂਧੀ, ਸ਼ਰਮਾ, ਗੋਲਵਾਲਕਰ ਆਦਿ ਸ਼ਬਦ ਦੀ ਵਰਤੋਂ ਕੀਤੀ ਜਾਵੇ ਤਾਂ ਭਗਵਾਂਧਾਰੀ ਜਥੇਬੰਦੀਆਂ ਸਾੜਫੂਕ 'ਤੇ ਉਤਰ ਆਉਣਗੀਆਂ। ਸਿੱਖ ਚਿੰਤਕਾਂ ਤੇ ਧਾਰਮਿਕ ਆਗੂਆਂ ਨੂੰ ਵੀ ਕੌਮੀ ਗ਼ੈਰਤ ਉਪਰ ਹੋ ਰਹੇ ਬੌਧਿਕ ਹਮਲਿਆਂ ਤੋਂ ਸੁਚੇਤ ਹੋ ਕੇ ਆਪਣੀ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਉਣੀ ਚਾਹੀਦੀ ਹੈ। ਸਮੇਂ ਦੀ ਮੁੱਖ ਲੋੜ ਹੈ, ਕੌਮ ਨੂੰ ਗੌਰਵਮਈ ਵਿਰਸੇ ਤੋਂ ਜਾਣੂ ਕਰਵਾਉਣਾ:

*ਦਿਲ ਤੋੜ ਗਈ ਹਮਾਰਾ*
*ਸਦੀਓਂ ਕੀ ਗੁਲਾਮੀ,*
*ਦਾਰੂ ਕੋਈ ਸੋਚ ਉਨਕੀ (ਉਨਕਾ)*
*ਪਰੇਸ਼ਾਂ ਨਜ਼ਰੀ ਕਾ।*[5]

❖❖❖

1. *ਭਾਸ਼ਾ ਭਾਰਤੀ ਪਾਠ: 9 ਪੰਨਾ : 44* ਪ੍ਰਕਾਸ਼ਕ : ਪ੍ਰਾਚੀ ਇੰਡੀਆ
2. *ਗੁਰ ਸ਼ਬਦ ਰਤਨਾਕਰ ਮਹਾਂਕੋਸ਼ ਰਚਿਤ: ਭਾਈ ਕਾਹਨ ਸਿੰਘ ਨਾਭਾ*
3. *ਗੁਰ ਸ਼ਬਦ ਰਤਨਾਕਰ ਮਹਾਂਕੋਸ਼ ਰਚਿਤ: ਭਾਈ ਕਾਹਨ ਸਿੰਘ ਨਾਭਾ*
4. *ਜੱਟਾਂ ਦਾ ਇਤਿਹਾਸ ਪੰਨਾ: 82 ਸੰਸਕਰਣ: ਲੇਖਕ: ਹੁਸ਼ਿਆਰ ਸਿੰਘ ਦੁਲੇਹ*
5. *ਬਨਜਾਰੇ ਨਯਨ (ਗਜ਼ਲ ਸੰਗ੍ਰਹਿ) ਪੰਨਾ: 20 ਲੇਖਕ : ਵਿਸ਼ਿਸ਼ਟ ਅਨੂਪ ਉਦਭਾਵਨਾ ਪ੍ਰਕਾਸ਼ਨ ਨਵੀਂ ਦਿੱਲੀ*

# ਭਾਈ ਚੰਚਲ ਸਿੰਘ ਅਤੇ ਭਾਈ ਸਾਹਿਬ ਸਿੰਘ (ਪਿਆਰਾ) ਬਾਰੇ ਇਤਰਾਜ਼ ਯੋਗ ਲਿਖਤਾਂ

ਸਿੱਖਾਂ ਦੇ ਕੇਸਾਧਾਰੀ ਸਰੂਪ ਤੋਂ ਬਿਪਰਵਾਦੀ ਮਾਨਸਿਕਤਾ ਨੂੰ ਹਮੇਸ਼ਾਂ ਨਫ਼ਰਤ ਰਹੀ ਹੈ ਭਾਵੇਂ ਕਿ ਇਹਨਾਂ ਦੇ ਵੱਡੇ ਵਡੇਰੇ ਵੀ ਤਕਰੀਬਨ ਕੇਸਾਧਾਰੀ ਹੀ ਸਨ। ਸਮੇਂ ਸਮੇਂ ਬਿਪਰਵਾਦੀ ਮਾਨਸਿਕਤਾ ਦੇ ਮਾਲਕ ਲੋਕ ਤਸਵੀਰਾਂ ਜਾਂ ਲਿਖਤਾਂ ਦੇ ਮਾਧਿਅਮ ਰਾਂਹੀਂ ਐਸੀ ਘਾੜਤ ਘੜਨ ਵਿਚ ਯਤਨਸ਼ੀਲ ਰਹਿੰਦੇ ਜਿਸ ਰਾਹੀਂ ਇਹ ਦਰਸਾਇਆ ਜਾਵੇ ਕਿ ਕੇਸ ਸਿੱਖ ਧਰਮ ਦਾ ਜ਼ਰੂਰੀ ਅੰਗ ਨਹੀਂ ਹਨ ਅਤੇ ਕੇਸ ਰਹਿਤ ਵਿਅਕਤੀ ਵੀ ਸਿੱਖ ਹੋ ਸਕਦਾ ਹੈ ਭਾਵੇਂ ਕਿ ਸਿੱਖ ਵਿਚਾਰਧਾਰਾ ਅਨੁਸਾਰ ਕੇਸ-ਰਹਿਤ ਵਿਅਕਤੀ ਪਤਿਤ ਹੈ। ਕਈ ਬਿਪਰਵਾਦੀ ਲਿਖਾਰੀਆਂ ਵਲੋਂ ਤਾਂ ਕੇਸਧਾਰੀ ਸਿੱਖਾਂ ਅਤੇ ਕੇਸ ਰਹਿਤ ਸਿੱਖਾਂ ਦੀ ਸ਼੍ਰੇਣੀਆਂ ਬਣਾ ਕੇ ਕੇਸ ਕਤਲ ਕਰਨ ਨੂੰ ਪ੍ਰਵਾਨਗੀ ਦੀ ਮੋਹਰ ਲਗਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਜਿਵੇਂ ਕਿ ਚਰਨੀ ਸਿੱਖ, ਤੇ ਸਹਿਜੀ ਸਿੱਖ ਜਿਸ ਦਾ ਜ਼ਿਕਰ ਹੱਥਲੀ ਪੁਸਤਕ ਵਿਚ ਵਿਸਥਾਰ ਸਹਿਤ ਦਿੱਤਾ ਗਿਆ ਹੈ। ਇਸ ਤਰ੍ਹਾਂ ਹੀ ਇਕ ਤਰ੍ਹਾਂ ਦੇ ਲੋਕ 'ਸ਼ਬਦ ਰੂਪੀ' ਕੇਸਾਂ ਦੀ ਲੋੜ ਦੱਸ ਕੇ ਕੇਸਧਾਰੀ ਸਰੂਪ ਨੂੰ ਵੰਗਾਰਦੇ ਹਨ। ਤੀਸਰੇ ਕਿਸਮ ਦੇ ਲੋਕ ਐਸੇ ਹਨ ਜੋ ਪੁਰਾਤਨ ਸਿੱਖਾਂ ਅਤੇ ਇਥੋਂ ਤਕ ਕਿ ਗੁਰੂ ਸਾਹਿਬਾਨ ਨੂੰ ਵੀ ਕੇਸ ਰਹਿਤ ਪੇਸ਼ ਕਰਨ ਦੀ ਘਟੀਆ ਹਰਕਤ ਕਰ ਕੇ ਸਿੱਖ ਵਿਚਾਰਧਾਰਾ ਉਪਰ ਚੋਟ ਕਰਦੇ ਹਨ। ਤਸਵੀਰਾਂ ਰਾਹੀਂ ਅਤੇ ਲਿਖਤਾਂ ਰਾਹੀਂ ਇਹ ਰੁਝਾਨ ਜਾਰੀ ਹੈ। ਕੁਝ ਪੁਰਾਤਨ ਸਿੰਘਾਂ ਜਿਵੇਂ ਕਿ ਭਾਈ ਸਾਹਿਬ ਸਿੰਘ ਪਿਆਰਾ ਅਤੇ ਭਾਈ ਚੰਚਲ ਸਿੰਘ ਜੀ ਜਿਨ੍ਹਾਂ ਨੂੰ ਆਪਣੀਆਂ ਲਿਖਤਾਂ ਵਿਚ ਬਿਪਰਵਾਦੀ ਜ਼ਾਤ ਪਾਤ ਦੇ ਅਧੀਨ ਨਾਈ ਲਿਖਿਆ ਜਾਂਦਾ ਹੈ ਅਤੇ ਇਹ ਵੀ ਪੇਸ਼ ਕੀਤਾ ਜਾਂਦਾ ਹੈ ਕਿ ਉਹ ਪਹਿਲੇ ਨਾਈਪੁਣਾ (ਕੇਸ ਕਤਲ ਕਰਨੇ ਆਦਿ) ਦਾ ਕਿੱਤਾ ਕਰਦੇ ਸਨ ਅਤੇ ਭਾਈ ਚੰਚਲ ਸਿੰਘ ਬਾਰੇ ਤਾਂ ਇਥੋਂ ਤਕ ਕੁਫ਼ਰ ਤੋਲਦੇ ਹਨ ਕਿ ਉਹ ਹਰਿਮੰਦਰ ਸਾਹਿਬ ਦੇ ਗ੍ਰੰਥੀ ਬਣਨ ਉਪਰੰਤ ਵੀ ਨਾਈਪੁਣੇ ਦਾ ਕੰਮ ਕਰਦੇ ਰਹੇ।

ਐਨ. ਸੀ. ਈ. ਆਰ. ਟੀ ਵਲੋਂ ਪ੍ਰਕਾਸ਼ਿਤ ਪੁਸਤਕ 'ਭਾਰਤੀ' ਜੋ ਕਿ ਛੇਵੀਂ ਕਲਾਸ ਵਾਸਤੇ ਹੈ, ਦੇ ਪੰਨਾ : 7 ਉਪਰ 'ਵਿਸਾਖੀ' ਨਾਮਕ ਲੇਖ ਵਿਚ ਅੰਮ੍ਰਿਤ ਸੰਸਕਾਰ ਦਾ ਜ਼ਿਕਰ ਕੀਤਾ ਹੈ। ਇਸ ਲੇਖ ਦਾ ਲੇਖਕ ਮਹੀਪ ਸਿੰਘ ਹੈ। ਸ਼ਬਦਾਵਲੀ ਵਿਚ ਜਿਥੇ ਕੋਈ ਸ਼ਰਧਾ ਨਹੀਂ ਉਸ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਬਣਾਈ ਗਈ ਤਸਵੀਰ ਵੀ ਕਿਸੇ ਮਰਦ ਅਗੰਮੜੇ ਦੀ ਨਹੀਂ ਬਲਕਿ ਕਿਸੇ ਨਾਟਕ ਮੰਡਲੀ ਦੇ ਕਲਾਕਾਰ ਦੀ ਹੀ ਲਗਦੀ ਹੈ।

ਤਸਵੀਰ ਦੇ ਵਿਚ ਇਕ ਥੋੜ੍ਹੀ ਉਚੀ ਜਗ੍ਹਾ ਉਪਰ ਗੁਰੂ ਗੋਬਿੰਦ ਸਿੰਘ ਜੀ ਖੜੇ ਵਿਖਾਏ ਹਨ। ਸਰੀਰ ਉਪਰ ਆਮ ਕੁੜਤਾ ਪਾਇਆ ਹੈ ਅਤੇ ਚਾਦਰ ਬੰਨ੍ਹੀ ਹੋਈ ਹੈ ਬਿਲਕੁਲ ਧੋਤੀ ਵਰਗੀ, ਪੈਰਾਂ ਵਿਚ ਪੰਜਾਬੀ ਜੁਤੀ ਹੈ ਅਤੇ ਆਸ ਪਾਸ ਕੁਝ ਲੋਕ ਖੜੇ ਹਨ। ਪਾਸ ਖੜੇ ਸਿੰਘਾਂ ਦੀ ਪੋਸ਼ਾਕ ਅਤੇ ਦਸਤਾਰ ਮੌਜੂਦਾ ਸਿੱਖਾਂ ਵਰਗੀ ਹੈ ਪੁਰਾਤਨ ਸਿੰਘਾਂ ਦੇ ਪਹਿਰਾਵੇ ਦੀ ਕੋਈ ਝਲਕ ਨਜ਼ਰ ਨਹੀਂ ਆਉਂਦੀ। ਪੰਜ ਕਕਾਰਾਂ ਦੇ ਧਾਰਨੀ ਹੋਣ ਦੀ ਸਿੱਖਿਆ ਦੇਣ ਵਾਲੇ ਗੁਰੂ ਪਿਤਾ ਦੀ ਬਾਂਹ ਵਿਚ ਕੜਾ ਤੱਕ ਨਹੀਂ ਵਿਖਾਇਆ ਗਿਆ।

ਮੰਚ ਦੇ ਆਸ-ਪਾਸ ਦੂਰ-ਦੂਰ ਤਕ ਕੁਝ ਤੰਬੂ ਲਗੇ ਨਜ਼ਰ ਆ ਰਹੇ ਹਨ। ਗੱਲ ਕੀ ਅੰਮ੍ਰਿਤ ਸੰਸਕਾਰ ਦਾ ਇਸ ਤਰ੍ਹਾਂ ਦਾ ਚਿੱਤਰਣ ਕੋਈ ਧਾਰਮਿਕ ਪ੍ਰਕਿਰਿਆ ਨਹੀਂ ਖੇਡ ਜਿਹੀ ਨਜ਼ਰ ਆਉਂਦੀ ਹੈ। ਇਥੋਂ ਤਕ ਚਿੱਤਰਕਾਰੀ ਪਰੰਪਰਾਂ ਅਨੁਸਾਰ ਧਾਰਮਿਕ ਵਿਅਕਤੀਆਂ ਦੀ ਸੀਸ ਦੁਆਲੇ ਅਧਿਆਤਮਿਤ ਪ੍ਰਕਾਸ਼ ਦੇ ਸੂਚਕ ਤੌਰ ਤੇ ਵਿਖਾਇਆ ਜਾਂਦਾ ਪ੍ਰਕਾਸ਼ ਚੱਕਰ ਵੀ ਗੁਰੂ ਸਾਹਿਬ ਦੇ ਸੀਸ ਦੁਆਲੇ ਨਹੀਂ ਚਿਤਰਿਆ ਗਿਆ। ਇਸੇ ਹੀ ਪੁਸਤਕ ਦੇ ਇਸ ਲੇਖ ਵਿਚ ਗੁਰੂ ਸਾਹਿਬ ਵਲੋਂ ਸੀਸ ਦੀ ਮੰਗ ਕਰਨ ਉਪਰੰਤ ਸਾਹਿਬ ਚੰਦ (ਸਾਹਿਬ ਸਿੰਘ ਪਿਆਰਾ) ਦੇ ਮੂੰਹੋਂ ਅਖਵਾਇਆ ਗਿਆ ਹੈ :

"ਮੇਰਾ ਸਿਰ ਚਾਹੀਦੈ ! ਮੈਂ ਨਾਈ ਹਾਂ। ਮੈਂ ਆਪਣੇ ਉਸਤਰੇ ਨਾਲ ਲੋਕਾਂ ਦੇ ਵਾਲ ਕੱਟਦਾ ਹਾਂ। ਮੈਂ ਵਾਲ ਕੱਟਦਾ ਰਿਹਾ ਤੇ ਛੋਟਾ ਬਣਦਾ ਰਿਹਾ। ਲੋਕਾਂ ਨੇ ਮੇਰੇ ਸਾਹਮਣੇ ਸਿਰ ਤਾਂ ਝੁਕਾਇਆ ਪਰ ਮੇਰੇ ਹੱਥ ਦਾ ਪਾਣੀ ਨਹੀਂ ਪੀਤਾ। ਤੁਸੀਂ ਤਾਂ ਗੁਰੂ ਹੋ। ਲੱਖਾਂ ਲੋਕ ਤੁਹਾਡੇ ਸਾਹਮਣੇ ਸੀਸ ਝੁਕਾਉਂਦੇ ਹਨ ਪਰੰਤੂ ਤੁਹਾਡੀ ਪਿਆਸ ਨਹੀਂ ਬੁਝਾਉਂਦੇ। ਲਉ ਮੇਰਾ ਸਿਰ..... ਸ਼ਾਇਦ ਤੁਹਾਡੀ ਥੋੜ੍ਹੀ ਜਿਹੀ ਪਿਆਸ ਬੁਝ ਜਾਏ।" (ਭਾਰਤੀ, ਪੰਨਾ : 10)

ਇਸ ਤੋਂ ਬਾਅਦ ਵਿਚ ਏਨਾ ਹੀ ਜ਼ਿਕਰ ਹੈ ਕਿ ਪੰਜਾਂ ਨੇ ਨਵੇਂ ਬਸਤਰ ਧਾਰਨ ਕੀਤੇ ਅਤੇ ਉਹ ਪੰਜ ਪਿਆਰੇ ਬਣ ਗਏ। ਅੰਮ੍ਰਿਤ ਸੰਸਕਾਰ (ਕਕਾਰ ਧਾਰਨ ਕਰਨ) ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ।

ਇੰਝ ਲਗਦਾ ਹੈ ਕਿ ਇਸ ਲੇਖ ਵਿਚ ਅੰਮ੍ਰਿਤ ਸੰਸਕਾਰ ਅਤੇ ਖ਼ਾਲਸਾ ਪ੍ਰਗਟ ਕਰਨ ਦੀ ਕਿਰਿਆ ਨੂੰ ਜਾਣ-ਬੁੱਝ ਕੇ ਸਹੀ ਰੂਪ ਵਿਚ ਪੇਸ਼ ਨਹੀਂ ਕੀਤਾ ਗਿਆ। ਭਾਈ ਸਾਹਿਬ ਸਿੰਘ ਜੀ ਦੇ ਮੁਖੋਂ ਉਚਾਰੇ ਗਏ ਬਚਨਾਂ ਤੋਂ ਵੀ ਇੰਝ ਲਗਦਾ ਹੈ ਕਿ ਜਿਵੇਂ ਉਹ ਅੱਜ ਤੱਕ ਵੀ ਨਾਈ ਦਾ ਕਿੱਤਾ ਕਰ ਰਹੇ ਹੋਣ ਜਦੋਂ ਕਿ ਉਹਨਾਂ ਦਾ ਪਰਿਵਾਰ ਤਾਂ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਸਿੱਖ ਧਰਮ ਨਾਲ ਜੁੜ ਗਿਆ ਸੀ, ਜਿਸਦਾ ਵਿਸਥਾਰ ਇਸ ਤਰ੍ਹਾਂ ਹੈ :

ਭਾਈ ਸਾਹਿਬ ਸਿੰਘ ਭਾਈ ਚਮਨ ਲਾਲ ਦੇ ਸਪੁੱਤਰ ਸਨ। ਭਾਈ ਚਮਨ ਲਾਲ ਨੇ ਇਕ ਨਾਈ ਪਰਿਵਾਰ ਵਿਚ ਜਨਮ ਲਿਆ ਸੀ। ਉਹ ਬਿਦਰ (ਕਰਨਾਟਕ) ਦੇ ਵਾਸੀ ਸਨ। ਜਦੋਂ ਗੁਰੂ ਨਾਨਕ ਸਾਹਿਬ ਆਪਣੀ ਉਦਾਸੀ ਦੌਰਾਨ ਬਿਦਰ ਗਏ ਤਾਂ ਉਨ੍ਹਾਂ ਨੇ ਉਸ ਇਲਾਕੇ ਵਿਚ ਵਾਹਿਗੁਰੂ ਦੇ ਪੈਗ਼ਾਮ ਦੀ ਆਵਾਜ਼ ਦਿੱਤੀ। ਇਸ ਆਵਾਜ਼ ਨੇ ਬੜੇ ਪਰਿਵਾਰਾਂ ਨੂੰ ਸਿੱਖ-ਪੰਥ ਵਿਚ

ਸ਼ਾਮਿਲ ਕੀਤਾ। ਇਨ੍ਹਾਂ ਪਰਿਵਾਰਾਂ ਵਿਚ ਭਾਈ ਚਮਨ ਲਾਲ ਦੇ ਵੱਡੇ ਵਡੇਰੇ ਵੀ ਸਨ। ਗੁਰੂ ਸਾਹਿਬ ਦੀ ਬਾਣੀ ਦਾ ਅਜਿਹਾ ਅਸਰ ਹੋਇਆ ਕਿ ਇਸ ਪਰਿਵਾਰ ਨੇ ਨਾਈ ਦਾ ਕੰਮ ਛੱਡ ਦਿੱਤਾ ਅਤੇ ਮਿਹਨਤ ਮਜ਼ਦੂਰੀ ਨਾਲ ਰੋਟੀ ਕਮਾਉਣੀ ਸ਼ੁਰੂ ਕੀਤੀ।

ਇਹ ਪਰਿਵਾਰ ਗੁਰੂ ਨਾਨਕ ਸਾਹਿਬ ਤੋਂ ਮਗਰੋਂ ਵੀ ਉਨ੍ਹਾਂ ਦੇ ਨਾਦੀ ਵਾਰਿਸਾਂ ਦੇ ਦਰਸ਼ਨ ਕਰਨ ਵਾਸਤੇ ਪੰਜਾਬ ਦੇਸ਼ ਵਿਚ ਅਕਸਰ ਆਉਂਦਾ ਰਿਹਾ। ਇਕ ਵਾਰ ਭਾਈ ਚਮਨ ਲਾਲ ਗੁਰੂ ਸਾਹਿਬ ਕੋਲ ਆਪਣੇ ਬੇਟੇ ਸਾਹਿਬ ਚੰਦ ਨੂੰ ਲੈ ਕੇ ਆਏ। ਇਹ ਗੱਲ 1685 ਦੀ ਹੈ। ਸਾਹਿਬ ਚੰਦ ਉਦੋਂ 23 ਸਾਲ ਦਾ ਸੀ। ਜਦੋਂ ਸਾਹਿਬ ਚੰਦ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਸ਼ਨ ਕੀਤੇ ਤੇ ਬਚਨ ਸੁਣੇ ਤਾਂ ਉਹ ਕੀਲਿਆ ਗਿਆ ਅਤੇ ਸਦਾ ਵਾਸਤੇ ਗੁਰੂ ਸਾਹਿਬ ਦਾ ਹੋ ਕੇ ਰਹਿ ਗਿਆ।

ਗੁਰੂ ਗੋਬਿੰਦ ਸਿੰਘ ਸਾਹਿਬ ਅਪ੍ਰੈਲ 1685 ਤੋਂ ਅਕਤੂਬਰ 1688 ਤਕ ਪਾਉਂਟਾ ਸਾਹਿਬ ਰਹੇ ਸਨ। ਭਾਈ ਸਾਹਿਬ ਚੰਦ ਵੀ ਇਹ ਸਾਰਾ ਸਮਾਂ ਗੁਰੂ ਜੀ ਦੇ ਨਾਲ ਹੀ ਰਹੇ। ਜਦੋਂ 18 ਸਤੰਬਰ 1688 ਦੇ ਦਿਨ ਗੜ੍ਹਵਾਲ ਦੇ ਰਾਜੇ ਫ਼ਤਹਿ ਸ਼ਾਹ ਨੇ ਗੁਰੂ ਸਾਹਿਬ 'ਤੇ ਹਮਲਾ ਕਰ ਦਿੱਤਾ ਤਾਂ ਭੰਗਾਣੀ ਪਿੰਡ ਵਿਚ ਹੋਈ ਲੜਾਈ ਵਿਚ ਭਾਈ ਸਾਹਿਬ ਚੰਦ ਨੇ ਵੀ ਡੱਟ ਕੇ ਲੜਾਈ ਕੀਤੀ ਅਤੇ ਵੈਰੀਆਂ ਦੇ ਖ਼ੂਬ ਆਹੂ ਲਾਹੇ। ਨਵੰਬਰ 1688 ਵਿਚ ਗੁਰੂ ਸਾਹਿਬ ਚੱਕ ਨਾਨਕੀ ਵਾਪਿਸ ਪੁੱਜ ਗਏ ਤੇ ਅਨੰਦਪੁਰ ਸਾਹਿਬ ਵਸਾਇਆ ਤਾਂ ਆਪ ਵੀ ਗੁਰੂ ਜੀ ਦੇ ਨਾਲ ਆ ਗਏ। ਜਦੋਂ ਗੁਰੂ ਸਾਹਿਬ ਨੇ ਖ਼ਾਲਸਾ ਪ੍ਰਗਟ ਕੀਤਾ ਅਤੇ ਸੀਸ ਭੇਟ ਕੌਤਕ ਰਚਾਇਆ ਤਾਂ ਭਾਈ ਸਾਹਿਬ ਚੰਦ ਨੇ ਵੀ ਆਪਣਾ ਸੀਸ ਭੇਟ ਕੀਤਾ ਤੇ ਪੰਜ ਪਿਆਰਿਆਂ ਵਿਚ ਸ਼ਾਮਿਲ ਹੋ ਕੇ ''ਭਾਈ ਸਾਹਿਬ ਸਿੰਘ'' ਬਣੇ।

ਭਾਈ ਸਾਹਿਬ ਸਿੰਘ ਨੇ ਅਨੰਦਪੁਰ ਸਾਹਿਬ ਤੇ ਨਿਰਮੋਹਗੜ੍ਹ ਵਿਚ ਹੋਏ ਹਮਲਿਆਂ ਵਿਚ ਦੁਸ਼ਮਣ ਦੇ ਖਿਲਾਫ਼ ਡੱਟ ਕੇ ਲੜਾਈ ਲੜੀ। 5 ਤੇ 6 ਦਸੰਬਰ 1705 ਦੀ ਰਾਤ ਨੂੰ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਨੰਦਪੁਰ ਛੱਡਿਆ ਤਾਂ ਆਪ ਉਨ੍ਹਾਂ ਚਾਲੀ ਅਨੰਦਪੁਰੀ ਮੁਕਤਿਆਂ ਵਿਚ ਸਨ ਜੋ ਗੁਰੂ ਸਾਹਿਬ ਦੇ ਨਾਲ ਰਹੇ ਸਨ। ਆਪ ਅਨੰਦਪੁਰ ਤੋਂ ਨਿਕਲ ਕੇ 7 ਦਸੰਬਰ ਨੂੰ ਚਮਕੌਰ ਪਹੁੰਚ ਚੁੱਕੇ ਸਨ। ਉਸੇ ਦਿਨ ਦੁਪਹਿਰ ਵੇਲੇ ਮੁਗ਼ਲ ਫ਼ੌਜ ਨੇ ਚਮਕੌਰ ਨੂੰ ਘੇਰਾ ਪਾ ਲਿਆ। ਉਸ ਵੇਲੇ ਚਮਕੌਰ ਦੀ ਗੜ੍ਹੀ ਵਿਚ ਗਹਿ-ਗੱਚ ਲੜਾਈ ਹੋਈ। ਇਸ ਹੱਥੋ-ਹੱਥੀਂ ਲੜਾਈ ਵਿਚ ਇਕ-ਇਕ ਸਿੰਘ ਨੇ ਕਈ ਮੁਗ਼ਲ ਸਿਪਾਹੀਆਂ ਨੂੰ ਮੌਤ ਦੇ ਘਾਟ ਉਤਾਰਿਆ। ਇਸ ਮੌਕੇ 'ਤੇ ਚਾਲੀ ਸਿੰਘ ਸ਼ਹੀਦੀਆਂ ਪਾ ਗਏ। ਚਮਕੌਰ ਦੇ ਇਨ੍ਹਾਂ ਚਾਲੀ ਮੁਕਤਿਆਂ ਵਿਚ ਭਾਈ ਸਾਹਿਬ ਸਿੰਘ ਵੀ ਸਨ।

ਭਾਈ ਸਾਹਿਬ ਸਿੰਘ ਜੀ ਨੂੰ ਕਿੱਤੇ ਵਜੋਂ ਨਾਈ ਸਿੱਧ ਕਰਨ ਦਾ 'ਉਪਰਾਲਾ' ਕਰਨ ਤੋਂ ਬਾਅਦ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਚੰਚਲ ਸਿੰਘ ਜੀ ਬਾਰੇ ਮਾਸਿਕ ਪੱਤਰ ਰਵਾਨੀ ਵਿਚ ਲਿਖਿਆ ਹੈ:

''ਅਬਦਾਲੀ ਵਲੋਂ ਦਰਬਾਰ ਸਾਹਿਬ ਢਾਹ ਦਿੱਤੇ ਜਾਣ ਤੋਂ ਬਾਅਦ ਜਦੋਂ ਇਸ ਦੀ ਮੁੜ ਉਸਾਰੀ ਹੋ ਗਈ ਤਾਂ ਗੁਰੂ ਘਰ ਦੀ ਸੇਵਾ ਸੰਭਾਲ ਲਈ ਕਿਸੇ ਯੋਗ ਸੇਵਾਦਾਰ ਦੀ ਭਾਲ ਹੋਣ ਲੱਗੀ।

ਕਈ ਵਿਅਕਤੀਆਂ ਨੂੰ ਪਰਖਿਆ ਗਿਆ ਪਰੰਤੂ ਭਾਈ ਚੰਚਲ ਸਿੰਘ ਨਾਮ ਦਾ ਇਕ ਸਿੱਖ ਹੀ ਯੋਗ ਸਾਬਤ ਹੋਇਆ।

ਭਾਈ ਚੰਚਲ ਸਿੰਘ ਜੀ ਕਿੱਤੇ ਵਜੋਂ ਨਾਈ ਸਨ। ਉਹਨਾਂ ਨੂੰ ਗੁਰਬਾਣੀ ਪੜ੍ਹਨ ਦਾ ਵੀ ਚੰਗਾ ਅਭਿਆਸ ਸੀ। ਕਾਫੀ ਵਿਦਵਾਨ ਵੀ ਸਨ। ਉਹ ਚੰਗੇ ਨਾਈਆਂ ਵਾਂਗ ਹਰ ਵੇਲੇ ਸੂਈ, ਧਾਗਾ, ਨਹੇਰਨਾ ਆਦਿ ਚੀਜ਼ਾਂ ਕੋਲ ਰੱਖਦੇ ਸਨ। ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਬਣਨ ਤੋਂ ਬਾਅਦ ਵੀ ਉਹਨਾਂ ਆਪਣਾ ਨੇਮ ਨਾ ਛੱਡਿਆ ਸਗੋਂ ਨਾਲ ਝਾਵਾਂ ਵੀ ਕੋਲ ਰੱਖਣਾ ਸ਼ੁਰੂ ਕਰ ਦਿੱਤਾ। ਤਾਂ ਜੋ ਆਉਂਦੀਆਂ ਜਾਂਦੀਆਂ ਸੰਗਤਾਂ ਦੇ ਪੈਰ ਵੀ ਸਾਫ ਕਰ ਸਕਣ।

ਜਿੰਨਾ ਚੜ੍ਹਾਵਾ ਚੜ੍ਹਦਾ ਭਾਈ ਜੀ ਸਾਧੂ ਸੰਤਾਂ ਉਪਰ ਹੀ ਖਰਚ ਛੱਡਦੇ ਪਰੰਤੂ ਆਪਣਾ ਗੁਜ਼ਾਰਾ ਨਾਈਪੁਣੇ ਦਾ ਕੰਮ ਕਰਕੇ ਹੀ ਕਰਦੇ। ਇਹੋ ਜਿਹੇ ਸਚਿਆਰੇ ਸੇਵਕਾਂ ਦੀ ਘਾਲ ਕਮਾਈ ਦੀ ਬੁਨਿਆਦ ਉਤੇ ਹੀ ਨਰੋਆ ਅਤੇ ਬਲਵਾਨ ਸਮਾਜ ਉਸਰਦਾ ਹੈ।

(ਮਾਸਿਕ ਰਵਾਨੀ ਪੰਨਾ: ੩)[1]

ਇਸ ਮਾਸਿਕ ਪੱਤਰ ਵਿਚ ਇਹ ਸਿਧ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਹਰਿਮੰਦਰ ਸਾਹਿਬ ਦੀ ਸੇਵਾ ਸੰਭਾਲ ਵਾਸਤੇ ਨਿਯੁਕਤ ਭਾਈ ਸਾਹਿਬ ਭਾਈ ਚੰਚਲ ਸਿੰਘ ਜੀ ਸੇਵਾ ਦੌਰਾਨ ਵੀ ਨਾਈਪੁਣੇ ਦਾ ਕਿੱਤਾ ਕਰਦੇ ਰਹੇ। ਡੂੰਘੀ ਸਾਜਿਸ਼ ਅਧੀਨ ਇਹ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ ਭਾਈ ਸਾਹਿਬ ਜੀ ਧਾਗਾ ਅਤੇ ਹੋਰ ਸਮਾਨ ਆਦਿ ਪਾਸ ਰੱਖਕੇ ਸੰਗਤਾਂ ਦੇ ਸੇਵਾ ਰੂਪ ਵਿਚ ਕੇਸਾਂ ਦੀ ਬੇਅਦਬੀ ਕਰਦੇ ਹੋਣਗੇ। ਕੀ ਭਾਈ ਸਾਹਿਬ ਜੀ ਦਾ ਜੀਵਨ ਐਸਾ ਹੋਵੇਗਾ ? ਕੀ ਸਿੱਖ ਸੰਗਤਾਂ ਨੇ ਇਹ ਜਾਣਦਿਆਂ ਹੋਇਆਂ ਵੀ ਕਿ ਭਾਈ ਸਾਹਿਬ ਕੇਸਾਂ ਦੀ ਬੇਅਦਬੀ ਦਾ ਕਿੱਤਾ ਕਰਦੇ ਹਨ ਸ੍ਰੀ ਹਰਿਮੰਦਰ ਸਾਹਿਬ ਦਾ ਮੁੱਖ ਗ੍ਰੰਥੀ ਸਵੀਕਾਰ ਕਰ ਲਿਆ ਹੋਵੇਗਾ? 'ਰਵਾਨੀ' ਮਾਸਿਕ ਪੱਤਰਿਕਾ ਨੇ ਇਹ ਤੱਥ ਪਤਾ ਨਹੀਂ ਕਿਸ ਸਰੋਤ ਦੇ ਅਧਾਰ ਉਪਰ ਪ੍ਰਕਾਸ਼ਿਤ ਕੀਤੇ ਹਨ ਪਰੰਤੂ ਭਾਈ ਸਾਹਿਬ ਭਾਈ ਚੰਚਲ ਸਿੰਘ ਨੂੰ ਮੁੱਖ ਗ੍ਰੰਥੀ ਥਾਪੇ ਜਾਣ ਪਿਛੇ ਅਸਲੀਅਤ ਗੁਰਸਿੱਖ ਵਿਦਵਾਨ ਸਿੰਘ ਸਾਹਿਬ ਭਾਈ ਕਿਰਪਾਲ ਸਿੰਘ ਜੀ ਅਨੁਸਾਰ ਇਸ ਤਰ੍ਹਾਂ ਹੈ:

ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਤੁਰਕਾਂ ਨੇ ਸ੍ਰੀ ਅੰਮ੍ਰਿਤਸਰ ਸ਼ਹਿਰ ਤੇ ਮੁਕੰਮਲ ਕਬਜ਼ਾ ਕਰ ਲਿਆ। ਸ੍ਰੀ ਹਰਿਮੰਦਰ ਸਾਹਿਬ ਅਤੇ ਸਰੋਵਰ ਦੇ ਚਹੁੰ-ਤਰਫੀਂ ਫੌਜੀ ਚੌਕੀਆਂ ਬਿਠਾ ਦਿੱਤੀਆਂ ਤਾਂਕਿ ਕੋਈ ਸਿੱਖ ਦਰਸ਼ਨ-ਇਸ਼ਨਾਨ ਲਈ ਅੰਦਰ ਨਾ ਆ ਸਕੇ।

ਜ਼ਕਰੀਆ ਖਾਂ ਦੇ ਹੁਕਮ ਅਨੁਸਾਰ ਮੱਸਾ ਰੰਘੜ ਮੰਡਿਆਲੀਆ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਜਦ ਪਲੰਘ ਡਾਹ ਕੇ ਸ਼ਰਾਬਾਂ ਪੀਂਦਾ, ਕੰਜਰੀਆਂ ਦਾ ਨਾਚ ਵੇਖਦਾ ਹੋਇਆ ਘੋਰ ਬੇ-ਅਦਬੀ ਕਰ ਰਿਹਾ ਸੀ, ਤਦ ਬੁੱਢੇ ਜੋਹੜ ਤੋਂ ਸ: ਮਤਾਬ ਸਿੰਘ ਮੀਰਾਂ ਕੋਟ ਤੇ ਸ: ਸੁੱਖਾ ਸਿੰਘ ਮਾੜੀ ਕੰਬੋ ਕੇ ਨੇ ਆ ਕੇ ਮੱਸੇ ਦਾ ਸਿਰ ਲਾਹ ਕੇ ਉਸ ਨੂੰ ਕੀਤੀ ਦਾ ਫਲ ਭੁਗਤਾਇਆ। ਇਹ ਵਾਕਿਆ 1745 ਈ:, ਮੁ: 1802 ਬਿ: ਦਾ ਹੈ।

1804 ਬਿ: ਮੁਤਾਬਿਕ 1747 ਈਸਵੀ ਨੂੰ ਪੂਰੇ 13 ਸਾਲ ਬਾਅਦ ਅੰਮ੍ਰਿਤਸਰ 'ਚੋਂ ਤੁਰਕਾਂ ਦਾ

ਜਾਜ਼ਾ ਉਠਾ ਕੇ ਸਿੰਘਾਂ ਆਪਣਾ ਕਬਜ਼ਾ ਕੀਤਾ ਤੇ ਵਿਸਾਖੀ ਦਾ ਪੂਰਬ ਧੂਮ-ਧਾਮ ਨਾਲ ਮਨਾਇਆ।

1752 ਈਸਵੀ ਦੇ ਆਰੰਭ ਵਿਚ ਬਿਜੈ ਖਾਂ ਸੂਬੇ ਦੇ ਸਮੇਂ ਦੀਵਾਨ ਲਖਪਤ ਰਾਇ ਨੇ ਸ੍ਰੀ ਅੰਮ੍ਰਿਤਸਰ ਦਾ ਸਰੋਵਰ ਮਿੱਟੀ ਨਾਲ ਭਰਵਾ ਦਿੱਤਾ ਸੀ, ਜਿਸ ਨੂੰ ਥੋੜ੍ਹੇ ਹੀ ਚਿਰ ਪਿਛੋਂ ਖ਼ਾਲਸਾ ਦਲ ਨੇ ਅੰਮ੍ਰਿਤਸਰ ਉਪਰ ਕਬਜ਼ਾ ਕਰ ਕੇ ਉਹ ਮਿੱਟੀ ਤੇ ਉਸ ਹੇਠ ਜੰਮੀ ਗਾਰ ਨੂੰ ਕਾਰ-ਸੇਵਾ ਦੁਆਰਾ ਬਾਹਰ ਕਢਵਾਇਆ ਤੇ ਸਰੋਵਰ ਦੀ ਸੰਗਤਾਂ ਨੇ ਮਿਲ ਕੇ ਸਫ਼ਾਈ ਕੀਤੀ ਤੇ ਖੂਹਾਂ ਦੇ ਜਲ ਨਾਲ ਤਾਲ ਸਰੋਵਰ ਨੂੰ ਲਬਾ-ਲਬ ਭਰ ਦਿੱਤਾ।

ਇਸ ਤੋਂ ਬਾਅਦ 1752 ਈਸਵੀ ਦੇ ਅਖ਼ੀਰ ਤੇ 1753 ਈਸਵੀ ਦੇ ਆਰੰਭ ਵਿਚ ਜਦ ਸਿੱਖੀ ਦਾ ਸੋਮਾ ਸੁਕਾਉਣ ਲਈ ਮੀਰ ਮੰਨੂ ਸੂਬਾ ਲਾਹੌਰ ਨੇ ਸਰੋਵਰ ਨੂੰ ਮਿੱਟੀ ਨਾਲ ਭਰਵਾ ਦਿੱਤਾ ਸੀ ਤਾਂ ਉਸੇ ਹੀ ਸਾਲ ਸਿੰਘਾਂ ਨੇ ਦੀਵਾਲੀ ਦੇ ਸਮੇਂ ਅੰਮ੍ਰਿਤਸਰ ਅੱਪੜ ਕੇ ਫਿਰ ਉਹਨਾਂ ਹੀ ਮੁਸਲਮਾਨਾਂ ਪਾਸੋਂ ਉਹਨਾਂ ਹੀ ਹੱਥਾਂ ਨਾਲ ਸਰੋਵਰ ਦੀ ਸਫ਼ਾਈ ਕਰਵਾਈ ਜਿਹਨਾਂ ਹੱਥਾਂ ਨਾਲ ਉਹਨਾਂ ਪਹਿਲਾਂ ਮਿੱਟੀ ਭਰੀ ਸੀ।

1757 ਈਸਵੀ ਵਿਚ ਅਹਿਮਦ ਸ਼ਾਹ ਅਬਦਾਲੀ ਦੇ ਪੁੱਤਰ ਤੈਮੂਰ ਸ਼ਾਹ ਸੂਬਾ ! ਲਾਹੌਰ ਨੇ ਇਸ ਗੱਲੋਂ ਖਿੱਝ ਕੇ ਅਹਿਮਦ ਸ਼ਾਹ ਜੋ ਮਾਲ ਦਿੱਲੀ ਤੋਂ ਲੁੱਟ ਕੇ ਲਿਆਇਆ ਸੀ, ਸਿੰਘਾਂ ਨੇ ਰਸਤੇ ਵਿਚ ਹੀ ਖੋਹ ਲਿਆ। ਹਿੰਦੂ ਲੜਕੀਆਂ ਖੋਹ ਕੇ ਘਰੋ-ਘਰ ਪੁਚਾ ਦਿੱਤੀਆਂ। ਸ੍ਰੀ ਹਰਿਮੰਦਰ ਸਾਹਿਬ ਦੀ ਬੇ-ਅਦਬੀ ਕੀਤੀ ਇਮਾਰਤ ਨੂੰ ਨੁਕਸਾਨ ਪੁਚਾਇਆ ਤੇ ਸਰੋਵਰ ਮਿੱਟੀ ਨਾਲ ਭਰ ਦਿੱਤਾ। ਇਸ ਬੇ-ਅਦਬੀ ਨੂੰ ਦੂਰ ਕਰਵਾਉਣ ਲਈ ਬਾਬਾ ਦੀਪ ਸਿੰਘ ਜੀ ਨਵੰਬਰ 1757 ਈਸਵੀ ਵਿਚ ਭਾਰੀ ਜੰਗ ਕਰਦਿਆਂ ਸਾਥੀਆਂ ਸਮੇਤ ਸ਼ਹੀਦ ਹੋ ਗਏ। ਅਪਰੈਲ 1758 ਈਸਵੀ ਨੂੰ ਸਿੰਘ ਤੈਮੂਰ ਸ਼ਾਹ ਦੇ ਜਹਾਨ ਖਾਨ ਨੂੰ ਹਾਰ ਦੇ ਕੇ ਦੁਰਾਨੀਆਂ ਦੇ ਸਿਪਾਹੀਆਂ ਨੂੰ ਪਕੜ ਲਿਆਏ ਤੇ ਉਹਨਾਂ ਪਾਸੋਂ ਹੀ ਸਰੋਵਰ ਦੀ ਮਿੱਟੀ ਬਾਹਰ ਕਢਵਾਈ।

5 ਫਰਵਰੀ 1762 ਈ: ਨੂੰ ਕੁੱਪ-ਰਹੀੜੇ ਦੇ ਅਸਥਾਨ ਤੇ ਵੱਡੇ ਘੱਲੂਘਾਰੇ ਤੋਂ ਬਾਅਦ ਅਹਿਮਦ ਸ਼ਾਹ ਅਬਦਾਲੀ ਨੇ ਵਾਪਸ ਲਾਹੌਰ ਆਂਦਿਆਂ ਸਿੱਖਾਂ ਉਪਰ ਖਿੱਝੇ ਹੋਏ ਨੇ ਸਿੱਖਾਂ ਦਾ ਬੀਜ ਨਾਸ ਕਰਨ ਲਈ ਸ੍ਰੀ ਅੰਮ੍ਰਿਤਸਰ ਦਾ ਤਲਾਅ ਮਿੱਟੀ ਨਾਲ ਭਰਵਾ ਦਿੱਤਾ ਅਤੇ 10 ਅਪਰੈਲ 1762 ਈ: (1819 ਬਿ:) ਨੂੰ ਨੀਂਹਾਂ ਹੇਠ ਬਾਰੂਦ ਦੇ ਕੁੱਪੇ ਰਖਵਾ ਕੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਇਮਾਰਤ ਨੂੰ ਹੀ ਉਡਵਾ ਦਿੱਤਾ। ਇਸ ਮੌਕੇ ਇਕ ਇੱਟ ਉਸ ਦੇ ਵੀ ਨੱਕ ਉਤੇ ਲੱਗੀ ਜਿਸ ਕਰਕੇ ਉਮਰ ਭਰ ਨਾਸੂਰ ਵਗਦਾ ਰਿਹਾ ਤੇ ਇਸੇ ਰੋਗ ਕਰਕੇ ਉਸ ਦੀ ਅੰਤ ਨੂੰ ਮੌਤ ਹੋਈ।

17 ਅਕਤੂਬਰ 1762 ਈ: ਦੀ ਦੀਵਾਲੀ ਨੂੰ 60 ਹਜ਼ਾਰ ਸਿੰਘ ਦੀਵਾਲੀ ਤੇ ਇਕੱਠਾ ਹੋ ਗਿਆ। ਸਰੋਵਰ ਦੀ ਕਾਰ ਸੇਵਾ ਸਿੰਘਾਂ ਨੇ ਆਪਣੇ ਹੱਥੀਂ ਕੀਤੀ ਤੇ ਸੰਗਤਾਂ ਪਾਸੋਂ ਕਰਵਾਈ। ਅਕਤੂਬਰ 1764 ਈ: (1821 ਬਿ:) ਵਿਚ ਸ੍ਰ: ਜੱਸਾ ਸਿੰਘ ਆਹਲੂਵਾਲੀਏ ਦੇ ਹੱਥੋਂ ਨਵੇਂ ਸਿਰਿਓਂ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਨੀਂਹ ਰਖਾ ਕੇ ਤੇ ਸੱਤ ਲੱਖ ਰੁਪਏ ਦਾ ਫੰਡ ਇਕੱਠਾ ਕਰਕੇ ਭਾਈ ਦੇਸ ਰਾਜ ਸੁਰ ਸਿੰਘ ਵਾਲਿਆਂ ਦੇ ਸਪੁਰਦ ਕੀਤਾ ਤੇ ਉਨ੍ਹਾਂ ਦੀ ਕਿਰਪਾ ਰਾਹੀਂ ਇਸ ਪਾਵਨ ਸ੍ਰੀ

ਹਰਿਮੰਦਰ ਸਾਹਿਬ ਦੀ ਨਵੀਂ ਇਮਾਰਤ ਨੂੰ ਦੁਬਾਰਾ ਤਿਆਰ ਕਰਵਾਇਆ।

(ਵੇਖੋ ਅਹਿਮਦ ਸ਼ਾਹ ਦੁਰਾਨੀ (ਅੰਗਰੇਜ਼ੀ) ਗੰਡਾ ਸਿੰਘ)

ਪ੍ਰੋ: ਪਿਆਰਾ ਸਿੰਘ ਪਦਮ ਲਿਖਤ 'ਸੰਖੇਪ ਸਿੱਖ ਇਤਿਹਾਸ' ਅਨੁਸਾਰ ਭਾਈ ਮਨੀ ਸਿੰਘ ਜੀ ਦੀ ਸ਼ਹੀਦੀ 1734 ਈਸਵੀ ਤੋਂ 1747 ਈਸਵੀ ਤੱਕ ਬਾਰਾਂ ਤੇਰਾਂ ਸਾਲ ਅੰਮ੍ਰਿਤਸਰ ਸ਼ਹਿਰ ਤੇ ਸ੍ਰੀ ਹਰਿਮੰਦਰ ਸਾਹਿਬ ਉਪਰ ਤੁਰਕਾਂ ਤੇ ਸਰਕਾਰ ਦਾ ਕਬਜ਼ਾ ਰਿਹਾ। 1747 ਈਸਵੀ ਦੀ ਵਿਸਾਖੀ ਦਾ ਜੋੜ ਮੇਲਾ ਸਿੱਖਾਂ ਨੇ ਧੂਮ-ਧਾਮ ਨਾਲ ਮਨਾਇਆ। ਇਸੇ ਤਰ੍ਹਾਂ 1758 ਈਸਵੀ ਤੇ 1760 ਈਸਵੀ ਦੀਆਂ ਦੀਵਾਲੀਆਂ ਵੀ ਸਿੰਘਾਂ ਨੇ ਸ੍ਰੀ ਅੰਮ੍ਰਿਤਸਰ ਵਿਚ ਮਨਾਈਆਂ। ਇਸ ਤਰ੍ਹਾਂ ਕੁਝ ਸਮਾਂ ਤਾਂ ਸਰਕਾਰ ਦਾ ਪੱਕਾ ਕਬਜਾ ਰਿਹਾ ਅਤੇ ਸਿੰਘ ਅੰਦਰ ਜਾ ਨਹੀਂ ਸਨ ਸਕਦੇ। ਉਸ ਤੋਂ ਬਾਅਦ ਕਦੇ ਸਰਕਾਰ ਦਾ ਕਬਜ਼ਾ ਤੇ ਕਦੇ ਸਿੰਘਾਂ ਦਾ ਕਬਜ਼ਾ ਹੋ ਜਾਂਦਾ ਰਿਹਾ। ਇਸ ਉਪਰੋਕਤ ਸਾਰੇ ਸਮੇਂ ਵਿਚ 1734 ਈ: ਤੋਂ 1764 ਈ: ਤਕ ਲੱਗ-ਪਗ ਪੂਰੇ ਤੀਹ ਸਾਲ ਸ੍ਰੀ ਹਰਿਮੰਦਰ ਸਾਹਿਬ ਵਿਖੇ ਗ੍ਰੰਥੀ ਜਾਂ ਮੁੱਖ-ਗ੍ਰੰਥੀ ਦੀ ਸੇਵਾ ਕੌਣ ਨਿਭਾਉਂਦਾ ਰਿਹਾ? ਇਸ ਬਾਰੇ ਇਤਿਹਾਸ ਚੁੱਪ ਹੈ। ਸਿਰਫ ਭਾਈ ਮਨੀ ਸਿੰਘ ਜੀ ਤੋਂ ਬਾਅਦ ਭਾਈ ਗੋਪਾਲ ਦਾਸ ਉਦਾਸੀ ਦਾ ਜ਼ਿਕਰ ਆਉਂਦਾ ਹੈ ਕਿ ਉਹ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਦੀ ਡਿਊਟੀ ਨਿਭਾਉਂਦਾ ਰਿਹਾ। ਹੋ ਸਕਦਾ ਹੈ ਕਿ ਜੰਗਾਂ ਜੁੱਧਾਂ ਦਾ ਸਮਾਂ ਪਛਾਣ ਕੇ ਸਿੰਘਾਂ ਵਲੋਂ ਭਾਈ ਗੋਪਾਲ ਦਾਸ ਨੂੰ ਨੀਅਤ ਕੀਤਾ ਹੋਵੇ ਜਾਂ ਹੋ ਸਕਦਾ ਹੈ ਪਹਿਲਾਂ ਕੋਈ ਹੋਰ ਉਦਾਸੀ ਸੰਤ ਇਹ ਸੇਵਾ ਕਰਦਾ ਰਿਹਾ ਹੋਵੇ ਤੇ ਬਾਅਦ ਵਿਚ ਭਾਈ ਗੋਪਾਲ ਦਾਸ ਨੂੰ ਇਹ ਸੇਵਾ ਸੌਂਪੀ ਗਈ ਹੋਵੇ।

ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਜਦ ਸਮੇਂ ਦੀ ਸਰਕਾਰ ਕਿਸੇ ਤਿਆਰ ਬਰ ਤਿਆਰ ਅੰਮ੍ਰਿਤਧਾਰੀ ਸਿੰਘ ਨੂੰ ਸ੍ਰੀ ਅੰਮ੍ਰਿਤਸਰ ਸ਼ਹਿਰ ਵਿਚ ਟਿਕਣ ਨਹੀਂ ਸੀ ਦੇਂਦੀ ਉਸ ਹਲਚਲੀ ਦੇ ਭਿਆਨਕ ਸਮੇਂ ਸ੍ਰੀ ਦਰਬਾਰ ਸਾਹਿਬ ਦੀ ਸੇਵਾ-ਸੰਭਾਲ ਲਈ, ਮੁੱਖ ਗ੍ਰੰਥੀ ਦੀ ਪਦਵੀ ਲਈ ਯੋਗ ਵਿਦਵਾਨ ਸੱਜਣ ਦੀ ਭਾਲ ਕੀਤੀ ਗਈ, ਤਾਂ ਇਸ ਗੜਬੜੀ ਦੇ ਸਮੇਂ ਲਈ ਜਦ ਕਿ ਸਿੰਘ ਜੰਗਲਾਂ ਪਹਾੜਾਂ ਵਿਚ ਦਿਨ-ਕਟੀ ਕਰਦੇ ਸਨ। ਤੁਰਕਾਂ ਤੇ ਸਿੰਘਾਂ ਦੇ ਜੰਗ-ਜੁੱਧ ਲੱਗੇ ਰਹਿੰਦੇ ਸਨ, ਇਕ ਯੋਗ ਤੇ ਵਿਦਵਾਨ ਸੱਜਣ ਭਾਈ ਗੋਪਾਲ ਜੀ ਉਦਾਸੀ ਨੂੰ ਪੰਥ ਵਲੋਂ ਇਸ ਸੇਵਾ ਲਈ ਚੁਣਿਆ ਗਿਆ। ਇਨ੍ਹਾਂ ਦਾ ਜਨਮ ਨਗਰ ਪਿੰਡ ਜੱਸੋਵਾਲ, ਜ਼ਿਲ੍ਹਾ ਲੁਧਿਆਣਾ ਸੀ। ਇਹ ਕਾਫੀ ਅਰਸੇ ਤੱਕ ਹਰਿਮੰਦਰ ਸਾਹਿਬ ਦੇ ਅੰਦਰ ਮੁੱਖ ਗ੍ਰੰਥੀ ਦੀ ਡਿਊਟੀ ਨਿਭਾਉਂਦੇ ਰਹੇ। ਉਦੋਂ ਸ੍ਰੀ ਦਰਬਾਰ ਸਾਹਿਬ ਦਾ ਸਾਰੇ ਦਾ ਸਾਰਾ ਪ੍ਰਬੰਧ ਮੁੱਖ ਗ੍ਰੰਥੀ ਪਾਸ ਹੀ ਹੁੰਦਾ ਤੇ ਜੋ ਚੜ੍ਹਾਵਾ ਚੜ੍ਹਦਾ, ਉਸ ਵਿਚੋਂ ਗੁਰੂ ਘਰ ਦੇ ਜ਼ਰੂਰੀ ਖਰਚਾਂ ਤੋਂ ਬਾਅਦ ਮਾਇਆ ਗੁਰੂ ਕੇ ਲੰਗਰ ਤੇ ਗਰੀਬਾਂ ਜਾਂ ਫਕੀਰਾਂ ਨੂੰ ਵੰਡ ਦਿੱਤੀ ਜਾਂਦੀ ਸੀ।

ਕੁਝ ਸਮਾਂ ਤਾਂ ਭਾਈ ਗੋਪਾਲ ਦਾਸ ਜੀ ਗੁਰੂ ਘਰ ਦੀ ਟਹਿਲ ਤੇ ਢੰਗ ਨਾਲ ਨਿਭਾਉਂਦੇ ਰਹੇ। ਪਰ ਬਾਅਦ ਵਿਚ ਚੜ੍ਹਤ ਦੀ ਮਾਇਆ ਕਈ ਥਾਵਾਂ ਤੇ ਖਰਚਣ ਦੀ ਬਜਾਇ ਵਧੇਰੇ ਕਰਕੇ ਜ਼ਾਤੀ ਮਕਸਦਾਂ ਲਈ ਵਰਤਣ ਲਗ ਪਏ ਅਤੇ ਸੇਵਾ ਵਿਚ ਸਮਾਂ ਵੀ ਘਟ ਦਿੰਦੇ, ਜ਼ਿਆਦਾ ਤਰ ਆਪਣੇ ਪਿੰਡ ਜੱਸੋਵਾਲ ਰਹਿਣ ਲੱਗ ਪਏ। ਪਿੱਛੇ ਕੁਝ ਸੇਵਾਦਾਰ ਜਾਂ ਸਾਧੂ ਫਕੀਰਾਂ ਨੂੰ ਦੇਖ-ਰੇਖ

ਲਈ ਛੱਡ ਜਾਂਦੇ। ਜਿਸ ਦਾ ਨਤੀਜਾ ਇਹ ਹੋਇਆ ਕਿ ਪੰਥ ਦੇ ਮੁਖੀਆਂ ਇਕੱਠੇ ਹੋ ਕੇ ਇਕ ਸਾਂਝਾ ਗੁਰਮਤਾ ਕਰਕੇ ਭਾਈ ਗੋਪਾਲ ਦਾਸ ਜੀ ਨੂੰ ਮੁੱਖ ਗ੍ਰੰਥੀ ਦੀ ਮਹਾਨ ਪਦਵੀ ਤੋਂ ਵਿਹਲਿਆਂ ਕਰ ਦਿੱਤਾ ਤੇ ਕਿਸੇ ਯੋਗ ਸੱਜਣ ਦੀ ਦੇਖ-ਭਾਲ ਸ਼ੁਰੂ ਕਰ ਦਿੱਤੀ।

ਭਾਈ ਗੋਪਾਲ ਦਾਸ ਜੀ ਨੂੰ ਸੇਵਾ ਤੋਂ ਵਿਹਲਿਆਂ ਕਰਨ ਤੋਂ ਬਾਅਦ ਪੰਥ ਦੇ ਮੁਖੀ ਸੇਵਕਾਂ ਨੇ ਘੋਖ-ਪੜਤਾਲ ਕਰਕੇ ਭਾਈ ਸਾਹਿਬ ਭਾਈ ਚੰਚਲ ਸਿੰਘ ਜੀ (ਜੋ ਬੜੇ ਪੂਜਨੀਕ, ਵਿਦਵਾਨ ਤੇ ਪਵਿੱਤਰ ਆਤਮਾ ਸਨ) ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੁਖ ਗ੍ਰੰਥੀ ਨੀਅਤ ਕੀਤਾ ਗਿਆ ਉਸ ਦਿਨ ਤੋਂ ਇਹ ਤਰੀਕਾ ਮੁਕੱਰਰ ਸੀ ਕਿ ਜੋ ਸ਼ਖਸ ਸ਼ਾਦੀ ਨਾ ਕਰੇ ਉਹ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠਣ ਦੀ ਸੇਵਾ ਕਰੇ, ਭਾਵ ਗੱਦੀ-ਨਸ਼ੀਨ ਹੋਵੇ।

ਨਵਾਂ ਗ੍ਰੰਥੀ ਸਿੰਘ ਮੁਕੱਰਰ ਕਰਨ ਲਈ ਇਹ ਮਰਯਾਦਾ ਸੀ ਕਿ-

ਪੰਜ ਗੁਰਦੁਆਰਿਆਂ ਦੇ ਮੁਖੀਆਂ ਭਾਵ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਗੁਰਦੁਆਰਾ ਝੰਡਾ ਬੁੰਗਾ, ਗੁਰਦੁਆਰਾ ਬਾਬਾ ਅਟੱਲ ਤੇ ਗੁਰਦੁਆਰਾ ਸ਼ਹੀਦ ਬੁੰਗਾ ਦੇ ਪੁਜਾਰੀਆਂ, ਸ਼ਹਿਰ ਅੰਮ੍ਰਿਤਸਰ ਦੇ ਮੁਖੀ ਰਈਸਾਂ ਤੇ ਸ਼ਹਿਰ ਦੀ ਸੰਗਤ ਮਿਲ ਕੇ ਸਰਬ-ਸੰਮਤੀ ਨਾਲ ਫੈਸਲਾ ਕਰਦੀ ਸੀ। ਬਾਪ-ਬੇਟਾ ਤੇ ਗੁਰੂ-ਚੇਲਾ ਦਾ ਰਿਵਾਜ ਨਹੀਂ ਸੀ।

(ਦੇਖੋ ਤ੍ਰਾਰੀਖ ਅੰਮ੍ਰਿਤਸਰ ਕੇ ਚੰਦ ਮਾਖ਼ਜ ਉਰਦੂ, ਪੰਨਾ ੪੧-੪੨)

ਭਾਈ ਚੰਚਲ ਸਿੰਘ ਜੀ ਸਿੱਖ ਕੌਮ ਅੰਦਰ ਸਰਵੋਤਮ ਪਦਵੀ ਤੇ ਬਿਰਾਜਮਾਨ ਹੋਣ ਦੇ ਬਾਵਜੂਦ ਸੰਗਤਾਂ ਦੀ ਹੱਥੀਂ ਸੇਵਾ ਕਰਦੇ ਰਹਿੰਦੇ ਅਤੇ ਸ੍ਰੀ ਦਰਬਾਰ ਸਾਹਿਬ ਜੀ ਦੀ ਭੇਟਾ-ਪੂਜਾ ਤੇ ਨਜ਼ਰਾਨੇ ਵਿਚੋਂ ਹਮੇਸ਼ਾਂ ਗਰੀਬਾਂ ਦੀ ਮਦਦ ਕਰਕੇ। ਹਰ ਇਕ ਭੁੱਖੇ ਨੰਗੇ ਨੂੰ ਰੋਟੀ ਕਪੜਾ ਜ਼ਰੂਰ ਦੇਂਦੇ, ਜਦ ਆਪ ਭਾਈ ਬਿਰਧ ਹੋ ਗਏ ਤੇ ਇਕੱਲੇ ਬਹੁਤ ਸਮਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠਣ 'ਚ ਤਕਲੀਫ ਮਹਿਸੂਸ ਕਰਨ ਲੱਗੇ ਤਾਂ ਸੇਵਾ-ਸੰਭਾਲ 'ਚ ਆਪਣੀ ਸਹਾਇਤਾ ਲਈ ਪੰਥ ਤੋਂ ਆਗਿਆ ਲੈ ਕੇ ਆਪਣੇ ਵਿਦਿਆਰਥੀ ਸੇਵਕਾਂ ਵਿਚੋਂ ਦੋ ਯੋਗ ਸੱਜਣਾਂ ਨੂੰ ਗ੍ਰੰਥੀ ਨੀਅਤ ਕਰ ਦਿੱਤਾ। ਇਹ ਸਨ, ਭਾਈ ਆਤਮਾ ਸਿੰਘ ਜੀ ਪਸ਼ੌਰੀ ਤੇ ਭਾਈ ਗੋਪਾਲ ਸਿੰਘ ਜੀ ਜਿਨ੍ਹਾਂ ਨੇ ਭਾਈ ਚੰਚਲ ਸਿੰਘ ਜੀ ਪਾਸੋਂ ਹੀ ਗੁਰਮਤਿ ਵਿੱਦਿਆ ਅਤੇ ਸਿੱਖੀ ਜੀਵਨ ਦੀ ਸਿੱਖਿਆ, ਪੂਰੀ ਤਰ੍ਹਾਂ ਸਿੱਖੀ ਹੋਈ ਸੀ। ਇਹ ਦੋਵੇਂ ਸੱਜਣ ਵੀ ਬੜੇ ਨਿਰਚਾਹ ਪੁਰਖ ਸਨ। ਇਹਨਾਂ ਨੂੰ ਜੋ ਭੇਟਾ-ਪੂਜਾ ਜਾਂ ਨਜ਼ਰਾਨਾ ਮਿਲਦਾ, ਉਹ ਸਾਰੀ ਦੀ ਸਾਰੀ ਮਾਇਆ ਭਾਈ ਚੰਚਲ ਸਿੰਘ ਜੀ ਦੇ ਅੱਗੇ ਲਿਆ ਰੱਖਦੇ, ਅੱਗੋਂ ਉਹ ਵੀ ਬੜੇ ਨਿਸ਼ਕਾਮ, ਉਚੇ ਜੀਵਨ ਦੇ ਮਾਲਕ ਅਤੇ ਨਿਰਇੱਛਤ ਪੁਰਸ਼ ਸਨ। ਜਿਸ ਕਰਕੇ ਉਹ ਆਪਣੀ ਆਮਦਨ ਦੀ ਮਾਇਆ ਵਿਚੋਂ ਵੀ ਲੋੜ ਅਨੁਸਾਰ ਜਾਂ ਕਈ ਵਾਰ ਇਕ ਮੁੱਠੀ ਭਰ ਚੁਕ ਲੈਂਦੇ ਤੇ ਬਾਕੀ ਆਪ ਅਤੇ ਉਨ੍ਹਾਂ ਦੋਹਾਂ ਦੀ ਸਾਰੀ ਮਾਇਆ ਉਨ੍ਹਾਂ ਦੋਹਾਂ ਗ੍ਰੰਥੀ ਸਿੰਘਾਂ ਨੂੰ ਵੰਡ ਦੇਂਦੇ ਭਾਵੇਂ ਉਹ ਮਾਇਆ ਕਿੰਨੀ ਵੀ ਹੁੰਦੀ। ਅੱਗੋਂ ਉਹ ਦੋਨੋਂ ਗ੍ਰੰਥੀ ਸਿੰਘ ਆਪਣੀਆਂ ਜ਼ਰੂਰੀ ਲੋੜਾਂ ਤੋਂ ਬਚਿਆ ਸਰਮਾਇਆ ਲੰਗਰ, ਪੰਥਕ ਭਲਾਈ, ਗੁਰਮਤਿ ਵਿਦਿਆ, ਗੁਰਮਤਿ ਪ੍ਰਚਾਰ ਤੇ ਸਾਧੂਆਂ ਦੀ ਸੇਵਾ ਵਿਚ ਖਰਚ ਕਰ ਦੇਂਦੇ। ਪਰ ਸਰਕਾਰ ਅੰਗਰੇਜ਼ੀ

ਦੇ ਆ ਜਾਣ ਤੇ ਜਦ ਗ੍ਰੰਥੀ ਸਿੰਘਾਂ ਵਿਚ ਖ਼ੂਨ ਆਦਿ ਸਬੰਧੀ ਝਗੜੇ ਹੋਣ ਲੱਗੇ ਤਾਂ ਸੰ: 1919 ਬਿ: ਵਿਚ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ: ਸ਼ਮਸ਼ੇਰ ਸਿੰਘ ਸੰਧਾਵਾਲੀਏ ਤੇ ਰਾਜਾ ਤੇਜਾ ਸਿੰਘ ਨੇ ਫੈਸਲਾ ਕੀਤਾ ਕਿ ਜੋ ਆਮਦਨੀ ਜਿਸ ਗ੍ਰੰਥੀ ਦੇ ਸਮੇਂ ਵਿਚ ਹੋਵੇ ਉਸ ਦਾ ਉਹੀ ਹੀ ਮਾਲਕ ਹੋਵੇਗਾ। ਸ਼੍ਰੋਮਣੀ ਕਮੇਟੀ ਦੇ ਆਉਣ ਤਕ ਇਹ ਇਸ ਤਰ੍ਹਾਂ ਹੀ ਚਲਦਾ ਰਿਹਾ।

ਇਹ ਵੀ ਜ਼ਿਕਰ ਆਉਂਦਾ ਹੈ ਕਿ ਜਦ ਤਕ ਮਾਤਾ ਸੁੰਦਰੀ ਜੀ ਜੀਊਂਦੇ ਰਹੇ ਤਦ ਤਕ ਸ੍ਰੀ ਦਰਬਾਰ ਸਾਹਿਬ ਦੀ ਚੜ੍ਹਤ ਦਾ ਚੌਥਾ ਹਿੱਸਾ ਮਾਤਾ ਜੀ ਪਾਸ ਦਿੱਲੀ ਪਹੁੰਚਾਇਆ ਜਾਂਦਾ ਰਿਹਾ। ਇਹ ਪਰੰਪਰਾ ਭਾਈ ਚੰਚਲ ਸਿੰਘ ਜੀ ਵੇਲੇ ਤੋਂ ਹੀ ਪ੍ਰਚੱਲਤ ਸੀ ਤੇ ਮਾਤਾ ਜੀ ਦੇ ਸਰੀਰ ਤਿਆਗਣ ਤਕ ਚਲਦੀ ਰਹੀ।

ਦੋ ਹੋਰ ਗ੍ਰੰਥੀ ਸਿੰਘਾਂ ਦੀ ਨਿਯੁਕਤੀ ਤੋਂ ਬਾਅਦ ਭਾਈ ਚੰਚਲ ਸਿੰਘ ਨੂੰ ਵੱਡੇ ਗ੍ਰੰਥੀ ਸਾਹਿਬ ਤੇ ਦੂਜੇ ਦੋਹਾਂ ਨੂੰ ਛੋਟੇ ਗ੍ਰੰਥੀ ਸਾਹਿਬ ਕਹਿਣ ਲੱਗੇ। ਇਸੇ ਲਈ ਉਰਦੂ ਦੀਆਂ ਕਿਤਾਬਾਂ ਵਿਚ ਵੱਡੇ ਗ੍ਰੰਥੀ ਸਾਹਿਬ ਨੂੰ ਗ੍ਰੰਥੀ ਕਲਾਂ ਲਿਖਿਆ ਮਿਲਦਾ ਹੈ ਜੋ ਅੰਗਰੇਜ਼ੀ ਜ਼ਬਾਨ ਦੇ ਆ ਜਾਣ ਤੇ ਬਦਲ ਦੇ ਹੈੱਡ ਗ੍ਰੰਥੀ ਬਣ ਗਿਆ ਹੈ। ਉਂਜ ਬਾਬਾ ਬੁੱਢਾ ਜੀ ਤੋਂ ਲੈ ਕੇ ਭਾਈ ਚੰਚਲ ਸਿੰਘ ਜੀ ਤਕ ਪੁਸਤਕਾਂ ਵਿਚ ਸਾਰਿਆਂ ਨੂੰ ਗ੍ਰੰਥੀ ਹੀ ਲਿਖਿਆ ਹੈ, ਭਾਵੇਂ ਕਿ ਉਪਰੋਕਤ ਗ੍ਰੰਥੀ ਸਿੰਘਾਂ ਦੇ ਸਮੇਂ ਵੀ ਉਨ੍ਹਾਂ ਦੀ ਮੌਜੂਦਗੀ ਵਿਚ ਕੋਈ ਨਾ ਕੋਈ ਸੱਜਣ ਜ਼ਰੂਰ ਸੇਵਾ ਕਰਦਾ ਰਿਹਾ ਹੋਵੇਗਾ, ਪਰ ਉਨ੍ਹਾਂ ਦੇ ਨਾਮਾਂ ਦਾ ਜ਼ਿਕਰ ਨਹੀਂ ਆਇਆ। ਸਿਰਫ ਬਾਬਾ ਬੁੱਢਾ ਜੀ ਦੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਰਸ਼ਨਾਂ ਹਿਤ ਗਵਾਲੀਅਰ ਜਾਣ ਸਮੇਂ, ਬਾਅਦ ਵਿਚ ਉਨ੍ਹਾਂ ਦੇ ਚਾਚੇ ਦੇ ਪੁੱਤਰ ਭਾਈ ਪਿਆਰ ਜੀ ਗ੍ਰੰਥੀ ਦੀ ਸੇਵਾ ਨਿਭਾਉਂਦੇ ਰਹੇ।

(ਦੇਖੋ ਤਵਾਰੀਖ ਅੰਮ੍ਰਿਤਸਰ ਕੇ ਚੰਦ ਕਾਗਜ਼, ਪੰਨਾ ੧, ਸੰਪਾਦਕ ਸ: ਰਣਧੀਰ ਸਿੰਘ)।

ਭਾਈ ਚੰਚਲ ਸਿੰਘ ਜੀ ਦੇ ਸਮੇਂ ਪੱਕੇ ਤੌਰ ਤੇ ਦੋ ਹੋਰ ਗ੍ਰੰਥੀ ਸਿੰਘਾਂ ਦੀ ਨਿਯੁਕਤੀ ਤੋਂ ਬਾਅਦ ਤਾਂ ਗ੍ਰੰਥੀ ਸਿੰਘਾਂ ਦੀਆਂ ਤਿੰਨ ਸ਼ਾਖਾਂ ਚਲ ਪਈਆਂ, ਚੂੰਕਿ ਬਾਬਾ ਜੀ ਤੋਂ ਭਾਈ ਚੰਚਲ ਸਿੰਘ ਜੀ ਤੱਕ ਇਕੋ ਹੀ ਗ੍ਰੰਥੀ ਸਿੰਘ ਰਹੇ ਹਨ ਪਰ ਵਿਦਵਾਨਾਂ ਦੇ ਅਨੁਮਾਨ ਅਨੁਸਾਰ ਸ੍ਰੀ ਦਰਬਾਰ ਸਾਹਿਬ ਦੇ ਅੰਦਰਲੇ ਪਰਬੰਧ ਤੇ ਆਮਦਨ ਖ਼ਰਚ ਦੇ ਭਾਵੇਂ ਉਹ ਇਕੱਲੇ ਹੀ ਮਾਲਕ ਹੁੰਦੇ ਸਨ, ਪਰ ਆਪਣੀ ਗ਼ੈਰ ਮੌਜੂਦਗੀ ਸਮੇਂ ਉਹ ਕਿਸੇ ਸਿੱਖ ਨੂੰ ਵੀ ਗ੍ਰੰਥੀ ਦੀ ਡਿਊਟੀ ਕਰਨ ਲਈ ਹੁਕਮ ਕਰ ਜਾਂਦੇ ਹੋਣਗੇ, ਕਿਉਂਕਿ ਬੀਮਾਰੀ, ਯਾਤਰਾ ਤੇ ਹੋਰ ਘਰੋਗੀ ਤੇ ਪੰਥਕ ਕੰਮਾਂ ਤੇ ਬਾਹਰ ਜਾਣ ਸਮੇਂ ਸੇਵਾ ਹਿਤ ਗ੍ਰੰਥੀ ਸਿੰਘ ਦਾ ਹੋਣਾ ਬੜਾ ਹੀ ਲਾਜ਼ਮੀ ਸੀ, ਇਸ ਲਈ ਉਹ ਵੀ ਆਪਣੇ ਸਮੇਂ ਦੇ ਮੁੱਖ ਗ੍ਰੰਥੀ ਹੀ ਸਨ।

# ਭਾਈ ਮਤੀ ਦਾਸ ਜੀ ਕੀ
# ਸ਼੍ਰੀ ਗੁਰੂ ਮਤੀ ਦਾਸ ਸ਼ਰਮਾ ਹਨ ?

ਸਿੱਖ ਮਾਨਸਿਕਤਾ ਉਪਰ ਬੌਧਿਕ ਹਮਲਾ ਕਰਨ ਦੀ ਨੀਅਤ ਨਾਲ ਅਤੇ ਸਿੱਖ ਕੌਮ ਦੇ ਮਹਾਨ ਸ਼ਹੀਦਾਂ ਨੂੰ ਹਿੰਦੂਤਵ ਦੇ ਮਾਰਗ ਦਰਸ਼ਕ ਦਰਸਾਉਣ ਵਾਸਤੇ ਇਕ ਗ਼ੈਰ ਸਿੱਖ ਸੰਸਥਾ 'ਸ੍ਰੀ ਬ੍ਰਾਹਮਣ ਸਭਾ (ਰਜਿ:) ਚੰਡੀਗੜ੍ਹ ਵਲੋਂ ਕੁਝ ਸਮਾਂ ਪਹਿਲਾਂ ਇਕ ਅਖ਼ਬਾਰ ਵਿੱਚ ਇਕ ਇਸ਼ਤਿਹਾਰ ਦਿੱਤਾ ਗਿਆ, ਜਿਸ ਵਿੱਚ ਸਿੱਖ ਸਿਧਾਂਤਾਂ ਦੀ ਰੱਜ ਕੇ ਤੋੜ-ਮਰੋੜ ਕੀਤੀ ਗਈ ਸੀ। ਉਥੇ ਸਿੱਖ ਧਰਮ ਦੇ ਮਹਾਨ ਸ਼ਹੀਦਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਨੂੰ ਹਿੰਦੂਤਵ ਦੇ ਮਹਾਨ ਸ਼ਹੀਦ ਅਤੇ ਮਾਰਗ ਦਰਸ਼ਕ ਦਰਸਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਇਸ਼ਤਿਹਾਰ ਉਪਰ ਭਾਈ ਮਤੀ ਦਾਸ ਜੀ ਦੀ ਇਕ ਕਲਪਿਤ ਤਸਵੀਰ ਬਣਾ ਕੇ ਸ਼ਹੀਦੀ ਦਿਨ ਮਨਾਉਣ ਦਾ ਸੱਦਾ ਦਿੱਤਾ ਗਿਆ ਹੈ। ਤਸਵੀਰ ਦੇ ਹੇਠਾਂ ਲਿਖਿਆ ਹੋਇਆ ਹੈ, 'ਸ੍ਰੀ ਗੁਰੂ ਮਤੀ ਦਾਸ ਸ਼ਰਮਾ'।

ਅਗਲੀ ਇਬਾਰਤ ਇਸ ਤਰ੍ਹਾਂ ਹੈ:

ਸ੍ਰੀ ਬ੍ਰਾਹਮਣ ਸਭਾ ਚੰਡੀਗੜ੍ਹ ਸਰਧਾਂਜ਼ਲੀ ਭੇਟ ਕਰਦੀ ਹੈ,

"ਮਹਾਨ ਤੋਂ ਮਹਾਨ ਵਡੇਰੇ ਪਿਤਾ, ਗੁਰੂ ਮਤੀ ਦਾਸ, ਗੁਰੂ ਸਤੀ ਦਾਸ, ਗੁਰੂ ਦਿਆਲ ਦਾਸ ਜੀ ਅਤੇ ਗੁਰ ਜੈਤਾ ਬ੍ਰਿਗੂ ਜੀ ਨੂੰ,

"ਜਿਨ੍ਹਾਂ ਨੇ ਆਪਣੀਆਂ ਜਾਨਾਂ 7-8 ਨਵੰਬਰ 1675 ਨੂੰ ਚਾਂਦਨੀ ਚੌਕ ਦਿੱਲੀ ਵਿਖੇ ਕੁਰਬਾਨ ਕੀਤੀਆਂ। ਉਹ ਹਿੰਦੂ ਧਰਮ ਦੇ ਮਾਰਗ ਦਰਸ਼ਕ ਸਨ, ਉਹ ਆਰਿਆਂ ਨਾਲ ਦੋਫਾੜ ਚੀਰੇ ਗਏ, ਰੂੰ ਵਿੱਚ ਲਪੇਟ ਕੇ ਸਾੜੇ ਗਏ, ਅਤੇ ਉਬਲਦੇ ਭਾਂਡਿਆਂ ਵਿੱਚ ਔਰੰਗਜ਼ੇਬ ਦੁਆਰਾ ਉਬਾਲੇ ਗਏ।"

ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਨਾਲ ਸ਼ਰਮਾ ਅਤੇ ਗੁਰੂ ਸ਼ਬਦ ਦੀ ਵਰਤੋਂ ਕਰਕੇ ਇਸ ਬਿਪਰਵਾਦੀ ਸੰਸਥਾ ਨੇ ਸਿੱਖ ਵਿਚਾਰਧਾਰਾ ਅਤੇ ਇਤਿਹਾਸਕ ਸਰੋਤਾਂ ਉਪਰ ਗਹਿਰੀ ਚੋਟ ਕੀਤੀ ਹੈ। ਭਾਈ ਮਤੀ ਦਾਸ ਅਤੇ ਭਾਈ ਸਤੀ ਦਾਸ ਜੋ ਕਿ ਦੋਵੇਂ ਭਰਾ ਸਨ, ਦਾ ਪਰਿਵਾਰ ਚਾਰ ਪੀੜ੍ਹੀਆਂ ਤੋਂ ਗੁਰੂ ਸਾਹਿਬ ਨਾਲ ਜੁੜਿਆ ਹੋਇਆ ਸੀ ਅਤੇ ਇਹਨਾਂ ਦੀ ਗੋਤ ਸ਼ਰਮਾ ਨਹੀਂ ਬਲਕਿ ਛਿਬਰ ਬ੍ਰਾਹਮਣ ਸਨ।

ਭਾਈ ਸਾਹਿਬ ਜੀ ਦੇ ਗੁਰੂ ਘਰ ਨਾਲ ਜੁੜਨ ਅਤੇ ਖਾਨਦਾਨ ਦੀ ਪੂਰੀ ਤਫ਼ਸੀਲ ਇਸ ਤਰ੍ਹਾਂ ਹੈ :

ਛਿੱਬਰ ਘਰਾਣਾ ਮੁੜ ਤੋਂ ਹੀ ਗੁਰੂ ਘਰ ਨਾਲ ਜੁੜਿਆ ਹੋਇਆ ਸੀ। ਇਹਨਾਂ ਦਾ ਸੰਬੰਧ ਬ੍ਰਾਹਮਣਾਂ ਦੀ ਮੁਹਯਾਲ (ਮੁਝਾਲ) ਜ਼ਾਤੀ ਨਾਲ ਹੈ, ਜਿਸ ਨੂੰ ਕਾਫੀ ਹੱਦ ਤੱਕ ਜੰਗਜੂ ਮੰਨਿਆ ਜਾਂਦਾ ਸੀ, ਇਸ ਜ਼ਾਤੀ ਦੀ ਵਿਲੱਖਣਤਾ ਇਹ ਸੀ ਕਿ ਜਿਥੇ ਹੋਰ ਬ੍ਰਾਹਮਣ ਜਜਮਾਨੀ, ਪ੍ਰੋਹਤੀ ਅਤੇ ਵਿਦਿਆ ਪੜ੍ਹਾ ਕੇ ਆਪਣਾ ਨਿਰਬਾਹ ਕਰਦੇ ਸਨ ਉਥੇ ਮੁਹਯਾਲ ਬ੍ਰਾਹਮਣ ਪੁਰਾਤਨ ਕਾਲ ਤੋਂ ਹੀ ਜੰਗਜੂ ਬਿਰਤੀ ਵਾਲੇ ਅਤੇ ਸ਼ਸ਼ਤਰਧਾਰੀ ਸਨ। ਇਸ ਕਿਸਮ ਦੇ ਇਹ ਜੁਝਾਰੂ ਬ੍ਰਾਹਮਣ ਮੱਧ ਏਸ਼ੀਆ, ਅਫਗਾਨਿਸਤਾਨ, ਪੰਜਾਬ ਅਤੇ ਰਾਵਲਪਿੰਡੀ ਅਤੇ ਜੰਮੂ ਦੇ ਇਲਾਕੇ ਵਿੱਚ ਵਧੇਰੇ ਪਾਏ ਜਾਂਦੇ ਸਨ। ਮਿੱਥ ਅਨੁਸਾਰ ਇਹਨਾਂ ਨੂੰ ਪੁਰਾਤਨ ਰਾਜ ਰਿਸ਼ੀਆਂ ਦੀ ਸੰਤਾਨ ਕਿਹਾ ਜਾਂਦਾ ਸੀ।

ਕੁਝ ਭੱਟਾਂ (ਪੁਰਾਤਨ ਸਤੋਤਰਾਂ) ਦੇ ਸਰੋਤਾਂ ਵਿੱਚ ਇਹ ਜ਼ਿਕਰ ਵੀ ਮਿਲਦਾ ਹੈ ਕਿ ਇਸ ਜ਼ਾਤੀ ਨਾਲ ਸੰਬੰਧਿਤ ਬ੍ਰਾਹਮਣ ਜੁਝਾਰੂਆਂ ਨੇ ਮੁਹੰਮਦ ਬਿਨ ਕਾਸਿਮ ਅਤੇ ਮਹਿਮੂਦ ਗਜ਼ਨਵੀ ਦਾ ਥੋੜ੍ਹਾ ਬਹੁਤਾ ਸਮਰੱਥਾ ਅਨੁਸਾਰ ਸ਼ਸ਼ਤਰਬੱਧ ਹੋ ਕੇ ਮੁਕਾਬਲਾ ਵੀ ਕੀਤਾ। ਬਹਿਲੋਲ ਲੋਧੀ ਦੇ ਸਮੇਂ ਇਸ ਬ੍ਰਾਹਮਣ ਜ਼ਾਤੀ ਦਾ ਵਡੇਰਾ ਬਾਬਾ ਗੌਤਮ ਛਿੱਬਰ ਹੋਇਆ ਹੈ। ਕੁਝ ਸੋਮਿਆਂ ਅਨੁਸਾਰ ਇਸ ਦੀ ਮੁਲਾਕਾਤ ਬਾਬਰ ਨਾਲ ਵੀ ਹੋਈ ਤੇ ਅਖੀਰ ਇਹ ਗੁਰੂ ਨਾਨਕ ਸਾਹਿਬ ਦਾ ਸੇਵਕ ਬਣ ਗਿਆ ਅਤੇ ਗੁਰੂ ਜੀ ਤੋਂ ਸਿੱਖੀ ਦੀ ਦਾਤ ਲਈ। ਇਹਨਾਂ ਦਾ ਆਪਣਾ ਇਕ ਤਕੜਾ ਕਿਲ੍ਹਾ ਸੀ ਅਤੇ ਕੜਿਆਲਾ (ਕੁਝ ਕਰਾਲਾ ਵੀ ਲਿਖਦੇ ਹਨ) ਨਗਰ ਇਹਨਾਂ ਨੇ ਹੀ ਵਸਾਇਆ ਸੀ। ਭਾਰਦਵਾਜ, ਭਾਰਗਵ, ਪ੍ਰਾਸ਼ਰ, ਕੱਸ਼ਯਪ, ਵਸ਼ਿਸ਼ਟ, ਕੌਸ਼ਲ ਆਦਿ ਗੋਤਾਂ ਦਾ ਸੰਬੰਧ ਇਸ ਘਰਾਣੇ ਨਾਲ ਹੈ, ਪਰੰਤੂ ਬ੍ਰਾਹਮਣ ਸਭਾ ਵਲੋਂ ਵਰਤੇ 'ਸ਼ਰਮਾ' ਗੋਤ ਦਾ ਸੰਬੰਧ ਇਸ ਭਾਈ ਮਤੀ ਦਾਸ ਜੀ ਦੇ ਪਰਿਵਾਰ ਨਾਲ ਬਿਲਕੁਲ ਨਹੀਂ ਹੈ। ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਤੋਂ ਗੁਰਸਿੱਖੀ ਦੀ ਦਾਤ ਲੈ ਕੇ ਇਹ ਘਰਾਣਾ ਪੱਕੇ ਤੌਰ ਤੇ ਸਿੱਖੀ ਨਾਲ ਜੁੜ ਗਿਆ ਅਤੇ ਗੁਰੂ ਘਰ ਦੇ ਮੁਖੀ ਸਿੱਖਾਂ ਵਿੱਚ ਇਹਨਾਂ ਦਾ ਨਾਮ ਰਿਹਾ।

ਬਾਬਾ ਗੌਤਮ ਛਿੱਬਰ (ਗੌਤਮ ਰਾਮਦਾਸ ਵੀ ਲਿਖਤ ਵਿੱਚ ਆਉਂਦਾ ਹੈ) ਦੇ ਤਿੰਨ ਬੱਚੇ ਸਨ :

1. ਭਾਈ ਪਰਾਗਾ,
2. ਭਾਈ ਪੈੜਾ,
3. ਬੀਬੀ ਸੁਰਸਤੀ।

ਭਾਈ ਪਰਾਗਾ:-[1] ਭਾਈ ਪਰਾਗਾ ਜੀ ਸਿੱਖ ਧਰਮ ਦੇ ਪਹਿਲੇ ਸ਼ਹੀਦਾਂ ਵਿੱਚੋਂ ਇਕ ਸਨ। ਆਪ ਭਾਈ ਗੌਤਮ ਦੇ ਸਭ ਤੋਂ ਵੱਡੇ ਸਪੁੱਤਰ ਸਨ। (ਜ਼ਿਕਰ ਯੋਗ ਹੈ ਕਿ ਬਾਬਾ ਗੌਤਮ ਨੇ ਪੋਠੋਹਾਰ ਦੇ ਇਲਾਕੇ ਜੋ ਕਿ ਹੁਣ ਪਾਕਿਸਤਾਨ ਵਿੱਚ ਹੈ, ਵਿਖੇ ਸਿੱਖ ਧਰਮ ਦਾ ਬਹੁਤ ਪ੍ਰਚਾਰ ਕੀਤਾ ਸੀ)

ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਸ਼ਸ਼ਤਰਬੱਧ ਸੈਨਾ ਦਾ ਸੰਗਠਨ ਕੀਤਾ ਤਾਂ ਭਾਈ

ਪਰਾਗਦਾਸ ਜੀ ਆਪਣੇ ਅਨੇਕਾਂ ਸਾਥੀਆਂ ਸਮੇਤ ਗੁਰੂ ਸਾਹਿਬ ਦੇ ਸ਼ਸ਼ਤਰਧਾਰੀ ਸੰਗਠਨ ਵਿੱਚ ਸ਼ਾਮਲ ਹੋਏ। ਗੁਰੂ ਸਾਹਿਬ ਨੇ ਜਦੋਂ ਸਾਰੀ ਫ਼ੌਜ ਦੀ ਕਮਾਂਡ ਪੰਜ ਪ੍ਰਮੁੱਖ ਜਰਨੈਲਾਂ ਨੂੰ ਸੌਂਪੀ ਤਾਂ ਭਾਈ ਪਰਾਗਦਾਸ ਜੀ ਵੀ ਇਕ ਦਸਤੇ ਦੇ ਮੁੱਖੀ ਕਮਾਂਡਰ ਨਿਯੁਕਤ ਕੀਤੇ ਗਏ। ਪਰਿਵਾਰਕ ਤੌਰ ਤੇ ਸ਼ਸ਼ਤਰ ਸਿੱਖਿਆ ਨਾਲ ਜੁੜੇ ਹੋਣ ਕਰਕੇ ਆਪ ਨੂੰ ਸਿੱਖ ਫ਼ੌਜੀਆਂ ਨੂੰ ਸਿਖਲਾਈ ਦੇਣ ਦਾ ਕੰਮ ਵੀ ਸੌਂਪਿਆ ਗਿਆ। 27 ਸਤੰਬਰ 1621 ਈ: ਦੇ ਦਿਨ ਜਦੋਂ ਭਗਵਾਨ ਦਾਸ ਘੇਰੜ ਤੇ ਕਰਮਚੰਦ ਨੇ ਰੁਹੀਲਾ (ਹੁਣ ਹਰਿਗੋਬਿੰਦਪੁਰ) 'ਤੇ ਹਮਲਾ ਕੀਤਾ ਤਾਂ ਆਪ ਜੁਝਾਰੂਆਂ ਵਾਂਗ ਅੱਗੇ ਵਧ ਕੇ ਲੜੇ ਅਤੇ ਵੈਰੀ ਫ਼ੌਜ ਦੇ ਖ਼ੂਬ ਆਹੂ ਲਾਹੇ। ਅਖੀਰ ਹਮਲਾਵਰ ਹੋ ਕੇ ਆਏ ਇਹ ਹਿੰਦੂ ਰਜਵਾੜੇ ਆਪਣੇ ਕਈ ਸਾਥੀਆਂ ਨੂੰ ਮਰਵਾ ਕੇ ਮੈਦਾਨੇ-ਜੰਗ ਵਿੱਚੋਂ ਹਾਰ ਖਾ ਕੇ ਭੱਜ ਗਏ।

ਇਸ ਹਾਰ ਤੋਂ ਗੁੱਸਾ ਖਾ ਕੇ ਛੇ ਦਿਨ ਮਗਰੋਂ ਚੰਦੂ ਅਤੇ ਉਸਦੇ ਸਾਥੀਆਂ ਨੇ ਮੁਗਲ ਫ਼ੌਜਾਂ ਨੂੰ ਨਾਲ ਲੈ ਕੇ ਫਿਰ ਗੁਰੂ ਘਰ ਤੇ ਹਮਲਾ ਕਰ ਦਿੱਤਾ। 3 ਅਕਤੂਬਰ 1621 ਈ: ਨੂੰ ਸਿੱਖ ਯੋਧਿਆਂ ਅਤੇ ਮੁਗਲ ਫ਼ੌਜਾਂ ਦਾ ਘਮਸਾਣ ਦਾ ਯੁੱਧ ਹੋਇਆ। ਭਾਈ ਪਰਾਗਦਾਸ ਜੀ ਇਸ ਲੜਾਈ ਵਿੱਚ ਬੜੀ ਬਹਾਦਰੀ ਨਾਲ ਲੜੇ ਅਤੇ ਅਨੇਕਾਂ ਹੀ ਵੈਰੀਆਂ ਦੇ ਆਹੂ ਲਾਹੁੰਦੇ ਹੋਏ ਅੰਤ ਸ਼ਹੀਦੀ ਜਾਮ ਪੀ ਗਏ।

ਭਾਈ ਪਰਾਗ ਦਾਸ ਦਾ ਸਪੁੱਤਰ ਦਵਾਰਕਾ ਦਾਸ ਵੀ ਗੁਰੂ ਘਰ ਦਾ ਸ਼ਰਧਾਲੂ ਰਿਹਾ ਅਤੇ ਗੁਰੂ ਘਰ ਦੀ ਤਨਦੇਹੀ ਨਾਲ ਸੇਵਾ ਕੀਤੀ। ਭਾਈ ਦਵਾਰਕਾ ਦਾਸ ਦਾ ਪੁੱਤਰ ਭਾਈ ਦਰਗਾਹ ਮੱਲ ਗੁਰੂ ਹਰਿ ਰਾਏ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੱਕ ਗੁਰੂ ਘਰ ਦਾ ਦੀਵਾਨ (ਵਜ਼ੀਰ/ਖਜ਼ਾਨਚੀ) ਰਿਹਾ ਅਤੇ ਗੁਰੂ ਸਾਹਿਬ ਦਾ ਅਹਿਮ ਵਿਸ਼ਵਾਸਪਾਤਰ ਰਿਹਾ। ਆਪ (ਭਾਈ ਪਰਾਗ ਦਾਸ) ਦਾ ਪੜਪੋਤ੍ਰਾ ਭਾਈ ਧਰਮ ਸਿੰਘ (ਸਪੁੱਤਰ ਭਾਈ ਦਰਗਾਹ ਮੱਲ) ਵੀ ਗੁਰੂ ਗੋਬਿੰਦ ਸਿੰਘ ਜੀ ਦਾ ਦੀਵਾਨ ਰਿਹਾ ਹੈ।

ਭਾਈ ਪਰਾਗਦਾਸ ਜੀ ਦੀ ਸ਼ਹਾਦਤ ਬਾਰੇ 'ਭੱਟ ਵਹੀ ਮੁਲਤਾਨੀ ਸਿੰਧੀ' ਵਿੱਚ ਇੰਦਰਾਜ ਇਸ ਤਰ੍ਹਾਂ ਦਰਜ ਹੈ:

"ਨਾਨੂ ਬੇਟਾ ਮੂਲੇ ਕਾ, ਪੋਤਾ ਰਾਉ ਕਾ, ਪੜਪੋਤਾ ਚਾਹੜ ਕਾ, ਬੰਸ ਬੀਝੇ ਕਾ, ਬੰਝਰਾਉਤ ਸਾਲ ਸੋਲਾਂ ਸੈ ਅਠੱਤ੍ਰ, ਕੱਤਕ ਪ੍ਰਵਿਸ਼ਟੇ ਤੀਜ ਕੇ ਦਿਹੁੰ, ਰੁਹੀਲਾ ਪਰਗਣਾ ਬਟਾਲਾ ਕੇ ਮਲ੍ਹਾਨ, ਗੁਰੂ ਕਾ ਬਚਨ ਪਾਇ ਰਤਨਾ ਬੇਟਾ ਭਗਵਾਨੇ ਕਾ, ਕਰਮਾ ਬੇਟਾ ਚੰਦੂ ਕਾ, ਬਾਸੀ ਕਲਾਨੌਰ ਕੋ ਮਾਰ ਕੇ ਮਰਾ। ਗੈਲੋਂ ਮਥਰਾ, ਬੇਟਾ ਭਿਖੇ ਕਾ, ਪੋਤਾ ਰਈਏ ਕਾ, ਪੜਪੋਤਾ ਨਰਸੀ ਕਾ, ਬੰਸ ਭਗੀਰਥ ਕਾ, ਕੌਸ਼ਿਸ਼ ਗੋਤ੍ਰ ਗੌੜ ਬ੍ਰਾਹਮਣ, ਪਰਾਗਾ ਬੇਟਾ ਗੋਤਮ ਕਾ, ਭਾਰਗਵ ਗੋਤ੍ਰ, ਛਿੱਬਰ ਬ੍ਰਾਹਮਣ, ਹੋਰ ਰਣ ਜੂਝੰਤੇ ਗੁਰੂ ਕੇ ਜੋਧੇ ਸਾਮ੍ਹੇ ਮਾਥੇ ਰਣ ਮੇਂ ਜੂਝ ਕਰ ਮਰੇ।

(ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਬੰਝਰ ਉਤੇ ਕਾ)

ਬਾਬਾ ਗੌਤਮ ਛਿੱਬਰ ਤੋਂ ਭਾਈ ਮਤੀ ਦਾਸ ਅਤੇ ਭਾਈ ਸਤੀ ਦਾਸ ਜੀ ਦਾ ਬੰਸਾਵਲੀ ਨਾਮਾ ਇਸ ਤਰ੍ਹਾਂ ਹੈ:

## ਭਾਈ ਮਤੀ ਦਾਸ :

ਭਾਈ ਮਤੀ ਦਾਸ ਭਾਈ ਹੀਰਾ ਨੰਦ ਦੇ ਸਪੁੱਤਰ, ਭਾਈ ਦਵਾਰਕਾ ਦਾਸ ਦੇ ਪੋਤੇ ਤੇ ਸ਼ਹੀਦ ਭਾਈ ਪਰਾਗ ਦਾਸ (ਪਰਾਗਾ) ਦੇ ਪੜਪੋਤੇ ਸਨ। ਆਪ ਪਿੰਡ ਕਰਿਆਲਾ (ਜ਼ਿਲ੍ਹਾ ਜਿਹਲਮ, ਪਾਕਿਸਤਾਨ) ਦੇ ਵਾਸੀ ਸਨ। ਆਪ ਛਿੱਬਰ-ਬ੍ਰਾਹਮਣ ਪਰਿਵਾਰ ਨਾਲ ਸਬੰਧ ਰੱਖਦੇ ਸਨ। ਆਪ ਦਾ ਪਰਿਵਾਰ ਗੁਰੂ ਰਾਮਦਾਸ ਸਾਹਿਬ ਦੇ ਵੇਲੇ ਤੋਂ ਹੀ ਸਿੱਖੀ ਨਾਲ ਜੁੜਿਆ ਹੋਇਆ ਸੀ। ਆਪ ਦੇ ਪੜਦਾਦੇ ਭਾਈ ਪਰਾਗ ਦਾਸ (ਪਰਾਗਾ) ਗੁਰੂ ਹਰਿਗੋਬਿੰਦ ਸਾਹਿਬ ਵੇਲੇ ਸਿੱਖ ਫ਼ੌਜ ਦੇ ਪੰਜ ਮੁਖੀ ਜਰਨੈਲਾਂ ਵਿਚੋਂ ਇਕ ਸਨ। ਭਾਈ ਪਰਾਗ ਦਾਸ 3 ਅਕਤੂਬਰ 1621 ਦੇ ਦਿਨ ਰੁਹੀਲਾ ਦੀ ਲੜਾਈ ਵਿਚ ਸ਼ਹੀਦ ਹੋ ਗਏ ਸਨ। ਭਾਈ ਪਰਾਗ ਦਾਸ ਦੇ ਦੋਹਾਂ ਪੜਪੋਤਿਆਂ, ਭਾਈ ਮਤੀ ਦਾਸ ਤੇ ਭਾਈ ਸਤੀ ਦਾਸ, ਦਾ ਗੁਰੂ ਤੇਗ ਬਹਾਦਰ ਸਾਹਿਬ ਨਾਲ ਬੜਾ ਪਿਆਰ ਸੀ। ਉਹ ਅਕਸਰ ਗੁਰੂ ਸਾਹਿਬ ਨਾਲ ਹੀ ਰਿਹਾ ਕਰਦੇ ਸਨ। ਭਾਈ ਮਤੀ ਦਾਸ ਸਿੱਖ ਧਰਮ ਦੇ ਇਕ ਚੰਗੇ ਵਿਦਵਾਨ ਵੀ ਸਨ ਤੇ ਕਈ ਵਾਰੀ ਸ਼ਬਦਾਂ ਦੀ ਕਥਾ ਵੀ ਕਰਿਆ ਕਰਦੇ ਸਨ। ਭਾਈ ਦਿਆਲ ਦਾਸ ਤੋਂ ਬਾਅਦ ਭਾਈ ਮਤੀ ਦਾਸ ਦੂਜੇ ਅਜਿਹੇ ਸ਼ਖ਼ਸ ਸਨ ਜਿਨ੍ਹਾਂ ਨੂੰ ਗੁਰੂ ਸਾਹਿਬ ਦੀ ਸਭ ਤੋਂ ਵੱਧ ਸੰਗਤ ਕਰਨ ਦਾ ਮਾਣ ਮਿਲਿਆ ਸੀ।

1665 ਵਿਚ ਜਦੋਂ ਗੁਰੂ ਸਾਹਿਬ ਨੂੰ ਧਮਤਾਨ ਤੋਂ ਗ੍ਰਿਫ਼ਤਾਰ ਕੀਤਾ ਗਿਆ ਤਾਂ ਭਾਈ ਮਤੀ ਦਾਸ ਵੀ ਆਪ ਦੇ ਨਾਲ ਸਨ। ਆਪ ਉਦੋਂ ਵੀ ਗੁਰੂ ਜੀ ਦੇ ਨਾਲ ਹੀ ਦੋ ਮਹੀਨੇ ਬੰਦੀਖਾਨੇ 'ਚ ਰਹੇ। ਦਸੰਬਰ 1665 ਵਿਚ ਜਦੋਂ ਗੁਰੂ ਤੇਗ ਬਹਾਦਰ ਸਾਹਿਬ ਅਸਾਮ, ਬੰਗਾਲ, ਬਿਹਾਰ ਦੇ ਦੌਰੇ 'ਤੇ ਗਏ ਤਾਂ ਹੋਰਨਾਂ ਦੇ ਨਾਲ ਭਾਈ ਮਤੀ ਦਾਸ ਵੀ ਆਪ ਦੇ ਨਾਲ ਸਨ। ਇੰਞ ਹੀ ਜੁਲਾਈ 1675 ਵਿਚ ਜਦੋਂ ਗੁਰੂ ਸਾਹਿਬ ਗ੍ਰਿਫ਼ਤਾਰ ਕਰ ਕੇ ਨਵੰਬਰ ਵਿਚ ਦਿੱਲੀ ਲਿਆਂਦੇ ਗਏ ਤਾਂ ਵੀ ਭਾਈ ਮਤੀ ਦਾਸ ਗੁਰੂ ਸਾਹਿਬ ਦੇ ਨਾਲ ਸਨ। ਭਾਈ ਮਤੀ ਦਾਸ ਨੂੰ ਮੁਗਲਾਂ ਨੇ ਬੱਸੀ ਪਠਾਣਾਂ (ਸਰਹਿੰਦ) ਅਤੇ ਦਿੱਲੀ ਵਿਚ ਬੰਦੀਖਾਨੇ ਵਿਚ ਬੜੇ ਤਸੀਹੇ ਦਿੱਤੇ।

ਗੁਰੂ ਤੇਗ ਬਹਾਦਰ ਦਾ ਸਾਥੀ ਹੋਣ ਕਰ ਕੇ ਅਤੇ ਇਸਲਾਮ ਧਾਰਨ ਨਾ ਕਰਨ 'ਤੇ ਮੁਗਲ ਕਾਜ਼ੀ ਨੇ ਭਾਈ ਦਿਆਲ ਦਾਸ, ਭਾਈ ਮਤੀ ਦਾਸ ਤੇ ਭਾਈ ਸਤੀ ਦਾਸ ਨੂੰ ਕਤਲ ਕਰਨ ਦਾ ਫ਼ਤਵਾ ਜਾਰੀ ਕਰ ਦਿੱਤਾ। ਸਭ ਤੋਂ ਪਹਿਲਾਂ ਭਾਈ ਦਿਆਲ ਦਾਸ ਨੂੰ ਦੇਗ ਵਿਚ ਉਬਾਲਿਆ ਗਿਆ। ਇਸ ਮਗਰੋਂ ਆਪ ਦੇ ਜਿਸਮ ਨੂੰ ਆਰੇ ਨਾਲ ਦੋ ਟੋਟੇ ਕਰਨ ਦਾ ਹੁਕਮ ਜਾਰੀ ਕੀਤਾ ਗਿਆ। ਇਹ ਘਟਨਾ 11 ਨਵੰਬਰ 1675 ਦੀ ਹੈ। ਆਪ ਨੂੰ ਉਸ ਦਿਨ ਦੁਪਹਿਰ ਵੇਲੇ ਚਾਂਦਨੀ ਚੌਕ ਦਿੱਲੀ ਵਿਚ ਗੁਰੂ ਤੇਗ ਬਹਾਦਰ ਸਾਹਿਬ ਦੀਆਂ ਅੱਖਾਂ ਦੇ ਸਾਹਮਣੇ ਆਰੇ ਨਾਲ ਚੀਰ ਕੇ ਸ਼ਹੀਦ ਕਰ ਦਿੱਤਾ ਗਿਆ। ਆਪ ਦੀ ਸ਼ਹੀਦੀ ਸਬੰਧੀ ਇਕ ਇੰਦਰਾਜ ਭੱਟ ਵਹੀਆਂ ਵਿਚ ਇੰਞ ਮਿਲਦਾ ਹੈ :

''ਦਿਆਲ ਦਾਸ ਬੇਟਾ ਮਾਈ ਦਾਸ ਕਾ, ਪੋਤਾ ਬੱਲੂ ਰਾਓ ਕਾ.....ਗੁਰੂ ਤੇਗ ਬਹਾਦਰ ਗੈਲੋਂ ਸਾਲ ਸਤਰਾਂ ਸੈ ਬਤੀਸ ਮਗਹਰ ਸੁਦੀ ਪੰਚਮੀ ਵੀਰਵਾਰ ਕੇ ਦਿਹੁੰ ਦਿਲੀ ਚਾਂਦਨੀ ਚੌਕ ਕੇ ਮਲ੍ਹਾਨ,

ਸ਼ਾਹੀ ਹੁਕਮ ਗੈਲ ਮਾਰਾ ਗਿਆ। ਸਾਥ ਮਤੀ ਦਾਸ, ਸਤੀ ਦਾਸ ਬੇਟੇ ਹੀਰਾ ਮੱਲ ਕੇ ਪੋਤੇ ਦਵਾਰਕਾ ਦਾਸ ਕੇ ਭਾਰਗ ਗੋਤਰੇ ਛਿਬਰ ਬ੍ਰਾਹਮਣ ਮਾਰੇ ਗਏ।'' (ਭੱਟ ਵਹੀ ਤਲਉਂਢਾ ਪਰਗਣਾ ਜੀਂਦ)

## ਭਾਈ ਸਤੀ ਦਾਸ :

ਭਾਈ ਸਤੀ ਦਾਸ ਭਾਈ ਹੀਰਾ ਨੰਦ ਦੇ ਸਪੁੱਤਰ, ਭਾਈ ਦਵਾਰਕਾ ਦੇ ਪੋਤੇ ਅਤੇ ਸ਼ਹੀਦ ਭਾਈ ਪਰਾਗ ਦਾਸ (ਪਰਾਗਾ) ਦੇ ਪੜਪੋਤੇ ਸਨ। ਆਪ ਛਿੱਬਰ-ਬ੍ਰਾਹਮਣ ਖ਼ਾਨਦਾਨ ਨਾਲ ਸਬੰਧ ਰਖਦੇ ਸਨ। ਆਪ ਦਾ ਪਰਿਵਾਰ ਗੁਰੂ ਰਾਮਦਾਸ ਸਾਹਿਬ ਦੇ ਵੇਲੇ ਸਿੱਖ ਪੰਥ ਨਾਲ ਜੁੜਿਆ ਸੀ। ਆਪ ਦੇ ਪੜਦਾਦਾ ਭਾਈ ਪਰਾਗ ਦਾਸ ਗੁਰੂ ਹਰਿਗੋਬਿੰਦ ਸਾਹਿਬ ਦੀ ਫ਼ੌਜ ਦੇ ਪੰਜ ਮੁੱਖੀ ਜਰਨੈਲਾਂ ਵਿਚੋਂ ਸਨ। ਭਾਈ ਪਰਾਗ ਦਾਸ 3 ਅਕਤੂਬਰ 1621 ਦੇ ਦਿਨ ਰੁਹੀਲਾ (ਹਰਿਗੋਬਿੰਦ) ਦੀ ਲੜਾਈ ਵਿਚ ਸ਼ਹੀਦ ਹੋਏ ਸਨ। ਇਹ ਛਿੱਬਰ ਪਰਿਵਾਰ ਪਿੰਡ ਕਰਿਆਲਾ (ਜ਼ਿਲ੍ਹਾ ਜਿਹਲਮ, ਪਾਕਿਸਤਾਨ) ਵਿਚ ਰਿਹਾ ਕਰਦਾ ਸੀ।

ਭਾਈ ਸਤੀ ਦਾਸ ਗੁਰੂ ਤੇਗ ਬਹਾਦਰ ਸਾਹਿਬ ਦੇ ਬੜੇ ਸਾਦਿਕ ਤੇ ਸੇਵਾਦਾਰ ਸਨ। ਉਨ੍ਹਾਂ ਦਾ ਗੁਰੂ ਸਾਹਿਬ ਨਾਲ ਬੜਾ ਪਿਆਰ ਸੀ। ਆਮ ਤੌਰ ਤੇ ਜਿੱਥੇ ਵੀ ਗੁਰੂ ਸਾਹਿਬ ਜਾਂਦੇ ਸਨ ਭਾਈ ਸਤੀ ਦਾਸ ਵੀ ਉਨ੍ਹਾਂ ਦੇ ਨਾਲ ਰਿਹਾ ਕਰਦੇ ਸਨ। ਭਾਈ ਸਤੀ ਦਾਸ ਬੜੇ ਚੰਗੇ ਰਸੋਈਏ ਵੀ ਸਨ। ਗੁਰੂ ਤੇਗ਼ ਬਹਾਦਰ ਸਾਹਿਬ ਦਾ ਖਾਣਾ ਅਕਸਰ ਉਹੀ ਬਣਾਇਆ ਕਰਦੇ ਸਨ। ਭਾਈ ਦਿਆਲ ਦਾਸ ਤੇ ਭਾਈ ਮਤੀ ਦਾਸ (ਉਨ੍ਹਾਂ ਦੇ ਹੀ ਭਰਾ) ਤੋਂ ਬਾਅਦ ਭਾਈ ਸਤੀ ਦਾਸ ਅਜਿਹੇ ਸ਼ਖ਼ਸ ਸਨ ਜਿਨ੍ਹਾਂ ਨੂੰ ਗੁਰੂ ਤੇਗ ਬਹਾਦਰ ਸਾਹਿਬ ਦੇ ਬਹੁਤ ਨੇੜੇ ਰਹਿਣ ਦਾ ਸ਼ਰਫ਼ ਹਾਸਿਲ ਹੋਇਆ ਸੀ।

1665 ਵਿਚ ਜਦੋਂ ਗੁਰੂ ਤੇਗ ਬਹਾਦਰ ਸਾਹਿਬ ਨੂੰ ਧਮਤਾਨ ਤੋਂ ਗ੍ਰਿਫ਼ਤਾਰ ਕੀਤਾ ਗਿਆ ਤਾਂ ਆਪ ਗੁਰੂ ਜੀ ਦੇ ਨਾਲ ਹੀ ਸਨ। ਆਪ ਗੁਰੂ ਸਾਹਿਬ ਦੇ ਨਾਲ ਹੀ ਦੋ ਮਹੀਨੇ ਬੰਦੀਖਾਨੇ ਵਿਚ ਰਹੇ। ਇਸ ਮਗਰੋਂ ਜਦੋਂ ਗੁਰੂ ਸਾਹਿਬ ਅਸਾਮ, ਬੰਗਾਲ, ਬਿਹਾਰ ਦੇ ਦੌਰੇ ਤੇ ਗਏ ਤਾਂ ਆਪ ਵੀ ਉਨ੍ਹਾਂ ਦੇ ਨਾਲ ਹੀ ਗਏ। ਆਪ 1670 ਵਿਚ ਪੰਜਾਬ ਵਾਪਿਸ ਆਏ। ਜੁਲਾਈ 1675 ਵਿਚ ਜਦੋਂ ਗੁਰੂ ਸਾਹਿਬ ਨੂੰ ਗ੍ਰਿਫ਼ਤਾਰ ਕਰ ਕੇ ਚਾਰ ਮਹੀਨੇ ਬਸੀ ਪਠਾਣਾਂ (ਸਰਹਿੰਦ) ਕੈਦ ਵਿਚ ਰਖਿਆ ਗਿਆ ਤਾਂ ਆਪ ਵੀ ਨਾਲ ਹੀ ਸਨ। ਉਥੇ ਆਪ ਨੂੰ ਬੜੇ ਤਸੀਹੇ ਦਿੱਤੇ ਗਏ। ਨਵੰਬਰ 'ਚ ਆਪ ਨੂੰ ਦਿੱਲੀ ਲਿਜਾਇਆ ਗਿਆ।

11 ਨਵੰਬਰ 1675 ਦੇ ਦਿਨ ਕਾਜ਼ੀ ਨੇ ਭਾਈ ਸਤੀ ਦਾਸ ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸਾਥ ਦੇਣ ਅਤੇ ਇਸਲਾਮ ਕਬੂਲ ਨਾ ਕਰਨ ਕਰ ਕੇ ਮੌਤ ਦਾ ਫ਼ਤਵਾ ਜਾਰੀ ਕੀਤਾ। ਆਪ ਨੂੰ ਰੂੰ ਵਿਚ ਲਪੇਟ ਕੇ ਜਿਉਂਦਿਆਂ ਸਾੜ ਕੇ ਸ਼ਹੀਦ ਕਰ ਦਿੱਤਾ ਗਿਆ। ਭਾਈ ਸਤੀ ਦਾਸ ਦੀ ਸ਼ਹੀਦੀ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣੇ ਅੱਖੀਂ ਵੇਖੀ ਅਤੇ ਆਖਿਆ, ''ਇਨ੍ਹਾਂ ਸਿੱਖਾਂ ਦੀ ਸ਼ਹਾਦਤ ਨੇ ਤੁਰਕ ਰਾਜ ਦੀਆਂ ਜੜ੍ਹਾਂ ਖੋਖਲੀਆਂ ਕਰ ਦਿੱਤੀਆਂ ਹਨ। ਇਹ ਰਾਜ ਜ਼ਿਆਦਾ ਸਮਾਂ ਨਹੀਂ ਰਹੇਗਾ। ਜਦ ਤਕ ਜ਼ਮੀਨ ਤੇ ਅਸਮਾਨ, ਚੰਦ ਤੇ ਸੂਰਜ ਕਾਇਮ ਹਨ, ਇਨ੍ਹਾਂ ਸ਼ਹੀਦਾਂ

ਦਾ ਨਾਂ ਦੁਨੀਆਂ ਵਿਚ ਰੌਸ਼ਨ ਰਹੇਗਾ।''

ਭਾਈ ਸਤੀ ਦਾਸ ਦੀ ਸ਼ਹੀਦੀ ਸਬੰਧੀ ਇੰਦਰਾਜ ਭੱਟ ਵਹੀ ਮੁਲਤਾਨੀ ਸਿੰਧੀ ਅਤੇ ਭੱਟ ਵਹੀ ਤਲਉਂਢਾ, ਪਰਗਣਾ ਜੀਂਦ ਵਿਚ ਮਿਲਦਾ ਹੈ।

## ਭਾਈ ਦਿਆਲ ਦਾਸ :

ਭਾਈ ਦਿਆਲ ਦਾਸ ਭਾਈ ਮਾਈ ਦਾਸ ਦੇ ਸਪੁੱਤਰ, ਭਾਈ ਬੱਲੂ ਦੇ ਪੋਤੇ ਤੇ ਭਾਈ ਮੂਲੇ ਦੇ ਪੜਪੋਤੇ ਸਨ। ਆਪ ਪਰਮਾਰ-ਰਾਜਪੂਤ ਪਰਿਵਾਰ ਨਾਲ ਸਬੰਧ ਰਖਦੇ ਸਨ। ਆਪ ਨੂੰ 11 ਨਵੰਬਰ 1675 ਦੇ ਦਿਨ ਚਾਂਦਨੀ ਚੌਕ ਦਿੱਲੀ ਵਿਚ ਦੇਗ ਵਿਚ ਉਬਾਲ ਕੇ ਸ਼ਹੀਦ ਕਰ ਦਿੱਤਾ ਗਿਆ ਸੀ। (ਆਪ ਭਾਈ ਮਨੀ ਸਿੰਘ ਦੇ ਵੱਡੇ ਭਰਾ ਸਨ)।

ਭਾਈ ਦਿਆਲ ਦਾਸ ਤੇ ਉਨ੍ਹਾਂ ਦਾ ਪਰਿਵਾਰ ਗੁਰੂ ਘਰ ਦਾ ਬੜਾ ਸਾਦਿਕ ਸੀ। ਇਹ ਪਰਿਵਾਰ ਗੁਰੂ ਅਰਜਨ ਸਾਹਿਬ ਦੇ ਵੇਲੇ ਤੋਂ ਸਿੱਖੀ ਨਾਲ ਜੁੜਿਆ ਹੋਇਆ ਸੀ। ਇਸ ਪਰਿਵਾਰ ਨੇ ਸਿੱਖ ਕੌਮ ਵਾਸਤੇ ਕਈ ਦਰਜਨਾਂ ਸ਼ਹੀਦੀਆਂ ਦਿੱਤੀਆਂ।

ਭਾਈ ਦਿਆਲ ਦਾਸ ਗੁਰੂ ਤੇਗ਼ ਬਹਾਦਰ ਸਾਹਿਬ ਦੇ ਬਹੁਤ ਨਜ਼ਦੀਕੀ ਸਾਥੀ ਸਨ। ਗੁਰੂ ਸਾਹਿਬ ਜਿੱਥੇ ਵੀ ਜਾਂਦੇ ਸਨ ਭਾਈ ਦਿਆਲ ਦਾਸ ਉਨ੍ਹਾਂ ਦੇ ਨਾਲ ਹੀ ਰਹਿੰਦੇ ਸਨ। ਭਾਈ ਦਿਆਲ ਦਾਸ ਦਾ ਨਾਂ ਗੁਰੂ ਸਾਹਿਬ ਦੇ ਕਈ ਹੁਕਮਨਾਮਿਆਂ ਵਿਚ ਮਿਲਦਾ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਜਦੋਂ 1656 ਵਿਚ ਅਸਾਮ, ਬੰਗਾਲ, ਬਿਹਾਰ ਦੇ ਮਿਸ਼ਨਰੀ ਦੌਰੇ ਤੇ ਗਏ ਤਾਂ ਵੀ ਭਾਈ ਦਿਆਲ ਦਾਸ ਉਨ੍ਹਾਂ ਦੇ ਨਾਲ ਸਨ। 1665 ਵਿਚ ਜਦੋਂ ਗੁਰੂ ਸਾਹਿਬ ਨੂੰ ਧਮਤਾਨ ਤੋਂ ਗ੍ਰਿਫ਼ਤਾਰ ਕੀਤਾ ਗਿਆ ਤਾਂ ਵੀ ਆਪ ਗੁਰੂ ਜੀ ਦੇ ਨਾਲ ਹੀ ਸਨ। ਆਪ ਗੁਰੂ ਸਾਹਿਬ ਦੇ ਨਾਲ ਹੀ ਦੋ ਮਹੀਨੇ ਬੰਦੀਖਾਨੇ ਵਿਚ ਰਹੇ। ਇਸ ਮਗਰੋਂ ਜਦੋਂ ਗੁਰੂ ਸਾਹਿਬ ਦੋਬਾਰਾ ਅਸਾਮ ਵੱਲ ਗਏ ਤਾਂ ਵੀ ਭਾਈ ਦਿਆਲ ਦਾਸ ਉਨ੍ਹਾਂ ਦੇ ਨਾਲ ਸਨ। 1675 ਵਿਚ ਜਦੋਂ ਗੁਰੂ ਸਾਹਿਬ ਕਸ਼ਮੀਰੀ ਬ੍ਰਾਹਮਣਾਂ ਦੀ ਫ਼ਰਿਆਦ ਲੈ ਕੇ ਔਰੰਗਜ਼ੇਬ ਨੂੰ ਮਿਲਣ ਵਾਸਤੇ ਦਿੱਲੀ ਵੱਲ ਚਲੇ ਤਾਂ ਵੀ ਭਾਈ ਦਿਆਲ ਦਾਸ ਗੁਰੂ ਜੀ ਦੇ ਨਾਲ ਸੀ। ਅਜਿਹਾ ਜਾਪਦਾ ਹੈ ਕਿ ਭਾਈ ਦਿਆਲ ਦਾਸ ਹਮੇਸ਼ਾ ਹੀ ਗੁਰੂ ਸਾਹਿਬ ਦੇ ਅੰਗ-ਸੰਗ ਰਹੇ ਸਨ।

11 ਨਵੰਬਰ 1675 ਦੇ ਦਿਨ ਸ਼ਹੀਦ ਕਰਨ ਤੋਂ ਪਹਿਲਾਂ ਭਾਈ ਦਿਆਲ ਦਾਸ ਨੂੰ ਕਈ ਦਿਨ ਜਿਸਮਾਨੀ ਤਸ਼ੱਦਦ ਦਾ ਸ਼ਿਕਾਰ ਹੋਣਾ ਪਿਆ। ਇਸ ਦੌਰਾਨ ਭਾਵੇਂ ਆਪ ਜਿਸਮਾਨੀ ਤੌਰ ਤੇ ਕਮਜ਼ੋਰ ਹੋ ਚੁੱਕੇ ਸਨ ਪਰ ਆਪ ਦਾ ਜਿਗਰਾ ਕਾਇਮ ਸੀ। 11 ਨਵੰਬਰ ਨੂੰ ਗੁਰੂ ਤੇਗ਼ ਬਹਾਦਰ ਸਾਹਿਬ ਦੇ ਨਾਲ ਹੀ ਆਪ ਨੂੰ ਵੀ ਸ਼ਹੀਦ ਕੀਤੇ ਜਾਣ ਦਾ ਫ਼ਤਵਾ ਜਾਰੀ ਕੀਤਾ ਗਿਆ ਸੀ। ਉਸ ਦਿਨ ਸਭ ਤੋਂ ਪਹਿਲਾਂ ਆਪ ਨੂੰ ਸ਼ਹੀਦ ਕੀਤੇ ਜਾਣ ਦਾ ਫ਼ੈਸਲਾ ਕੀਤਾ ਗਿਆ। ਜਦੋਂ ਆਪ ਨੂੰ ਦੇਗ ਵਿਚ ਬੰਦ ਕਰ ਕੇ ਉਬਾਲ ਕੇ ਸ਼ਹੀਦ ਕਰਨ ਦਾ ਹੁਕਮ ਜਾਰੀ ਹੋਇਆ ਤਾਂ ਵੀ ਆਪ ਅਡੋਲ ਰਹੇ ਤੇ ਆਪਣੇ ਪਿਆਰੇ ਗੁਰੂ ਤੇਗ਼ ਬਹਾਦਰ ਸਾਹਿਬ ਦੀਆਂ ਅੱਖਾਂ ਸਾਹਵੇਂ ਸ਼ਹੀਦੀ ਜਾਮ ਪੀ ਗਏ।

ਭਾਈ ਦਿਆਲ ਦਾਸ ਦੀ ਸ਼ਹੀਦੀ ਸਬੰਧੀ ਭੱਟ ਵਹੀਆਂ 'ਚ ਇਕ ਇੰਦਰਾਜ ਇੰਞ ਮਿਲਦਾ

ਹੈ: "ਦਿਆਲ ਦਾਸ ਮਾਈ ਦਾਸ ਕਾ, ਪੋਤਾ ਬੱਲੂ ਕਾ, ਪੜਪੋਤਾ ਮੂਲੇ ਕਾ, ਚੰਦਰਵੰਸੀ ਭਾਰਦਵਾਜੀ, ਗੌਤਰ ਪੰਵਾਰ, ਬੰਸ ਬੀਝੇ ਕਾ ਬੰਝਰਉਂਤ ਜਲਹਾਨਾ, ਗੁਰੂ ਗੈਲੋਂ, ਮਗਹਰ ਸੁਦੀ ਪੰਚਮੀ ਸੰਮਤ ਸਤਰਾਂ ਸੈ ਬੱਤੀਸ ਕੋ ਦਿੱਲੀ ਚਾਂਦਨੀ ਚੌਂਕ ਕੇ ਮਲਹਾਨ ਸ਼ਾਹੀ ਹੁਕਮ ਗੈਲ ਮਾਰਾ ਗਿਆ। ਗੈਲੋਂ ਮਤੀ ਦਾਸ ਸਤੀ ਦਾਸ ਬੇਟੇ ਹੀਰਾ ਨੰਦ ਕੇ ਪੋਤੇ ਲਖੀ ਦਾਸ ਕੇ ਪੜਪੋਤੇ ਪਰਾਗੇ ਕੇ, ਬੰਸ ਗੋਤਮ ਕ਼ਾ ਸਾਰਸੁਤੀ ਭਾਰਗਵ ਗੋਤੇ ਛਿਬਰ ਬ੍ਰਾਹਮਨ ਮਾਰੇ ਗਏ।"

(ਭੱਟ ਵਹੀ ਮੁਲਤਾਨੀ ਸਿੰਧੀ)

## ਭਾਈ ਜੀਵਨ ਸਿੰਘ (ਜੈਤਾ) :

ਭਾਈ ਜੀਵਨ ਸਿੰਘ ਨੇ 6 ਦਸੰਬਰ 1705 ਦੇ ਦਿਨ ਨੂੰ ਪਿੰਡ ਝੱਖੀਆਂ ਦੀ ਜੂਹ ਵਿਚ (ਸਰਸਾ ਨਦੀ ਦੇ ਕੰਢੇ ਦੇ ਨੇੜੇ) ਸ਼ਹੀਦੀ ਜਾਮ ਪੀਤਾ ਸੀ।

ਭਾਈ ਜੀਵਨ ਸਿੰਘ ਭਾਈ ਆਗਿਆ ਦੇ ਪੁਤਰ ਤੇ ਭਾਈ ਦੁੱਲਾ ਦੇ ਪੋਤੇ ਸਨ। ਆਪ ਰੰਘਰੇਟਾ ਨਾਂ ਦੀ ਇਕ ਅਖੌਤੀ ਪਛੜੀ ਜ਼ਾਤੀ ਨਾਲ ਸਬੰਧ ਰਖਦੇ ਸਨ। ਆਪ ਦੇ ਵੱਡੇ-ਵਡੇਰੇ ਦਿਲਵਾਲੀ ਮੁਹੱਲੇ ਦਿੱਲੀ ਵਿਚ ਰਿਹਾ ਕਰਦੇ ਸਨ। ਜਦੋਂ 11 ਨਵੰਬਰ 1675 ਦੇ ਦਿਨ ਗੁਰੂ ਤੇਗ ਬਹਾਦਰ ਸਾਹਿਬ ਦਿੱਲੀ ਵਿਚ ਸ਼ਹੀਦ ਕਰ ਦਿੱਤੇ ਗਏ ਤਾਂ ਭਾਈ ਜੈਤਾ ਆਪਣੇ ਤਿੰਨ ਸਾਥੀਆਂ ਨਾਲ ਰਲ ਕੇ ਗੁਰੂ ਸਾਹਿਬ ਦਾ ਸੀਸ ਚਾਂਦਨੀ ਚੌਂਕ 'ਚੋਂ ਚੁੱਕ ਕੇ ਲਿਆਏ ਸਨ ਅਤੇ ਅਨੰਦਪੁਰ ਸਾਹਿਬ ਲਿਜਾ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਦੇ ਦਿੱਤਾ ਸੀ। ਇਸ 'ਤੇ ਗੁਰੂ ਸਾਹਿਬ ਨੇ ਉਨ੍ਹਾਂ ਨੂੰ 'ਗੁਰੂ ਦਾ ਬੇਟਾ' ਆਖ ਕੇ ਨਿਵਾਜਿਆ ਸੀ।

ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਫ਼ੌਜ ਬਣਾਈ ਤਾਂ ਭਾਈ ਜੈਤਾ ਵੀ ਉਸ ਵਿਚ ਸ਼ਾਮਿਲ ਹੋਏ। ਭਾਈ ਜੈਤਾ ਨੇ ਸ਼ਸਤਰ ਚਲਾਉਣ ਦੀ ਸਿਖਲਾਈ ਲੈਣ ਵਿਚ ਬੜੀ ਦਿਲਚਸਪੀ ਦਿਖਾਈ। ਬੜੀ ਛੇਤੀ ਉਹ ਸ਼ਸ਼ਤਰ ਚਲਾਉਣ ਵਿਚ ਮਾਹਿਰ ਹੋ ਗਏ। ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖ਼ਾਲਸਾ ਪਰਗਟ ਕੀਤਾ ਤਾਂ ਆਪ ਅੰਮ੍ਰਿਤ ਛੱਕ ਕੇ ਭਾਈ ਜੈਤਾ ਤੋਂ ਭਾਈ ਜੀਵਨ ਸਿੰਘ ਬਣ ਗਏ। ਆਪ ਦਾ ਗੁਰੂ ਸਾਹਿਬ ਨਾਲ ਏਨਾ ਪਿਆਰ ਸੀ ਕਿ ਆਪ ਇਸ ਤੋਂ ਮਗਰੋਂ ਅਨੰਦਪੁਰ ਸਾਹਿਬ ਵਿਚ ਹੀ ਰਹਿਣ ਲਗ ਪਏ। ਅਨੰਦਪੁਰ ਸਾਹਿਬ 'ਤੇ ਹੋਏ ਹਮਲਿਆਂ ਵਿਚ ਆਪ ਨੇ ਬਹਾਦਰੀ ਦੇ ਖ਼ੂਬ ਜੌਹਰ ਦਿਖਾਏ ਅਤੇ ਬਹੁਤ ਸਾਰੇ ਹਮਲਾਵਰ ਪਹਾੜੀਆਂ ਅਤੇ ਮੁਗਲਾਂ ਨੂੰ ਮੌਤ ਦੇ ਘਾਟ ਉਤਾਰਿਆ।

5-6 ਦਸੰਬਰ 1705 ਦੀ ਰਾਤ ਨੂੰ ਜਦੋਂ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਛੱਡਿਆ ਤਾ ਭਾਈ ਜੀਵਨ ਸਿੰਘ ਵੀ ਉਨ੍ਹਾਂ 40 ਸਿੰਘਾਂ ਵਿਚੋਂ ਇਕ ਸਨ ਜਿਨ੍ਹਾਂ ਨੇ ਗੁਰੂ ਸਾਹਿਬ ਦੇ ਅੰਗ-ਸੰਗ ਰਹਿਣ ਦਾ ਫ਼ੈਸਲਾ ਕੀਤਾ ਸੀ। ਅਨੰਦਪੁਰ ਸਾਹਿਬ ਤੋਂ ਨਿਕਲ ਕੇ ਜਦੋਂ ਕਾਫ਼ਲਾ ਕੀਰਤਪੁਰ ਤੋਂ ਅੱਗੇ ਸਰਸਾ ਨਦੀ ਦੇ ਨੇੜੇ ਪੁਜਾ ਤਾਂ ਪਹਾੜੀ ਫ਼ੌਜਾਂ ਨੇ ਸਿੱਖਾਂ 'ਤੇ ਹਮਲਾ ਕਰ ਦਿੱਤਾ। ਭਾਈ ਜੀਵਨ ਸਿੰਘ ਅਤੇ ਉਨ੍ਹਾਂ ਦੇ ਇਕ ਸੌ ਸਾਥੀਆਂ ਨੂੰ ਗੁਰੂ ਸਾਹਿਬ ਨੇ ਪਿੰਡ ਝੱਖੀਆਂ ਦੀ ਜੂਹ ਵਿਚ ਮੋਰਚੇ ਲਾਉਣ ਵਾਸਤੇ ਤਾਇਨਾਤ ਕਰ ਦਿੱਤਾ। ਇਸ ਮੌਕੇ 'ਤੇ ਬੜੀ ਜ਼ਬਰਦਸਤ ਲੜਾਈ ਹੋਈ।

ਸਾਰੇ ਸਿੰਘਾਂ ਨੇ ਹਮਲਾਵਰ ਸਿਪਾਹੀਆਂ ਦਾ ਡੱਟ ਕੇ ਮੁਕਾਬਲਾ ਕੀਤਾ। ਇਕ-ਇਕ ਸਿੰਘ ਨੇ ਕਈ ਕਈ ਪਹਾੜੀਆਂ ਨੂੰ ਮੌਤ ਦੇ ਘਾਟ ਉਤਾਰਿਆ। ਭਾਈ ਜੀਵਨ ਸਿੰਘ, ਜੋ ਬੜੇ ਜ਼ਬਰਦਸਤ ਤੀਰ-ਅੰਦਾਜ਼ ਸਨ, ਨੇ ਤੀਰਾਂ ਦਾ ਮੀਂਹ ਵਰ੍ਹਾ ਦਿੱਤਾ। ਉਨ੍ਹਾਂ ਦੇ ਤੀਰਾਂ ਨੇ ਪਹਾੜੀਆਂ ਨੂੰ ਇਕ ਵਾਰ ਤਾਂ ਦਿਨੇ ਤਾਰੇ ਦਿਖਾ ਦਿੱਤੇ। ਇਸ ਮੌਕੇ 'ਤੇ ਅਚਾਨਕ ਇਕ ਗੋਲੀ ਭਾਈ ਜੀਵਨ ਸਿੰਘ ਦੇ ਮੱਥੇ ਵਿਚ ਆ ਕੇ ਵੱਜੀ ਅਤੇ ਉਨ੍ਹਾਂ ਨੇ ਉਸ ਵੇਲੇ ''ਵਾਹਿਗੁਰੂ ਜੀ ਦੀ ਫ਼ਤਿਹ'' ਆਖ ਕੇ ਸ਼ਹੀਦੀ ਜਾਮ ਪੀ ਲਿਆ। ਸ਼ਾਮ ਤਕ ਇਹ ਲੜਾਈ ਚਲਦੀ ਰਹੀ ਅਤੇ ਇਹ ਸਾਰੇ ਸੌ ਦੋ ਸੌ ਸਿੰਘ, ਇਕ ਸਿੰਘਣੀ ਬੀਬੀ ਭਿੱਖਾਂ ਪਤਨੀ ਭਾਈ ਆਲਿਮ ਸਿੰਘ ਨੱਚਣਾ (ਤੇ ਬੇਟੀ ਭਾਈ ਬਜਰ ਸਿੰਘ) ਸਮੇਤ, ਸ਼ਹੀਦੀਆਂ ਪਾ ਗਏ। ਇਹ ਸਾਰੀਆਂ ਸ਼ਹੀਦੀਆਂ 6 ਦਸੰਬਰ 1705 ਦੇ ਦਿਨ ਸਵੇਰ ਵੇਲੇ ਹੋਈਆਂ ਸਨ।

ਭਾਈ ਜੀਵਨ ਸਿੰਘ ਦੀ ਸ਼ਹੀਦੀ ਦਾ ਜ਼ਿਕਰ ਭੱਟ ਵਹੀ ਮੁਲਤਾਨੀ ਸਿੰਧੀ ਵਿਚ ਇੰਞ ਮਿਲਦਾ ਹੈ:

''ਜੀਵਨ ਸਿੰਘ ਬੇਟਾ ਆਗਿਆ ਕਾ, ਪੋਤਾ ਦੁੱਲੇ ਕਾ....ਬਾਸੀ ਦਿੱਲੀ, ਮੁਹੱਲਾ ਦਿਲਵਾਲੀ ਸਿੱਖਾਂ, ਸੌ ਸਿੱਖਾਂ ਕੋ ਗੈਲ ਲੈ, ਸੰਮਤ ਸਤਰਾਂ ਸੈ ਬਾਸਠ, ਪੋਖ ਮਾਸੇ ਸੁਦੀ ਦੂਜ, ਵੀਰਵਾਰ ਕੇ ਦਿਹੁੰ, ਸਰਸਾ ਨਦੀ ਕੇ ਤੀਰ ਰਾਜਾ ਅਜਮੇਰ ਚੰਦ, ਬੇਟਾ ਭੀਮ ਚੰਦ ਕਾ....ਰਾਣੇ ਕੀ ਫੌਜ ਗੈਲ ਦਸ ਘਰੀ ਜੂਝ ਕੇ ਮਰਾ। ਆਗੇ ਗੁਰੂ ਭਾਣੇ ਕਾ ਖਾਵਿੰਦ, ਗੁਰੂ ਕੀ ਗਤ ਗੁਰੂ ਜਾਣੇ। ਗੁਰੂ ਗੁਰੂ ਜਪਨਾ ਜਨਮ ਸਉਰੈਗਾ।'' (ਭੱਟ ਵਹੀ ਮੁਲਤਾਨੀ ਸਿੰਧੀ)

ਇਸ ਇੰਦਰਾਜ ਤੋਂ ਪਤਾ ਲਗਦਾ ਹੈ ਕਿ ਭਾਈ ਜੀਵਨ ਸਿੰਘ 10 ਘੜੀਆਂ ਯਾਨਿ 240 ਮਿੰਟ (4 ਘੰਟੇ) ਜੂਝਦੇ ਰਹੇ ਸਨ। ਇਸ ਤੋਂ ਪਤਾ ਲੱਗਦਾ ਹੈ ਕਿ ਭਾਈ ਜੀਵਨ ਸਿੰਘ ਵਿਚ ਬੇਹੱਦ ਜ਼ੋਰ ਸੀ। ਜੇ ਉਸ ਵੇਲੇ ਉਨ੍ਹਾਂ ਨੂੰ ਗੋਲੀ ਨਾ ਵੱਜਦੀ ਤਾਂ ਪਤਾ ਨਹੀਂ ਉਹ ਕਿੰਨੇ ਘੰਟੇ ਹੋਰ ਸ੍ਰੀ ਸਾਹਿਬ ਵਾਹੁੰਦੇ ਰਹਿੰਦੇ! ਆਫ਼ਰੀਨ!!

ਭਾਈ ਜੀਵਨ ਸਿੰਘ ਦਾ ਜ਼ਿਕਰ ਪੰਜਾਬੀ ਵਾਰਾਂ ਵਿਚ ਬੜੇ ਅਦਬ ਨਾਲ ਆਇਆ ਹੈ:

*ਜੀਵਨ ਸਿੰਘ ਰੰਘਰੇਟੜੇ, ਰਣ ਮਹਿ ਪਵੈ ਨਿਸੰਗ।*
*ਮੂਹੋ ਮੂਹ ਤਲਵਾਰਾਂ ਖਾਧੀਆਂ, ਟੁਕ ਮੂਲ ਨ ਮੋੜੈ ਅੰਗ॥ ੨॥*

(ਪੰਜਾਬੀ ਵਾਰਾਂ, ਪਿਆਰਾ ਸਿੰਘ ਪਦਮ, ਸਫ਼ਾ ੨੮੩)

ਤਾਰੀਖ਼ ਵਿਚ ਭਾਈ ਜੀਵਨ ਸਿੰਘ ਦੇ ਇਕ ਬੇਟੇ ਭਾਈ ਸੂਰਤ ਸਿੰਘ ਦਾ ਜ਼ਿਕਰ ਵੀ ਆਉਂਦਾ ਹੈ ਜੋ 1706 ਵਿਚ ਦਿੱਲੀ ਤੋਂ ਤਲਵੰਡੀ ਸਾਬੋ ਗਿਆ ਸੀ ਤੇ ਗੁਰੂ ਸਾਹਿਬ ਦੇ ਦਰਸ਼ਨ ਕੀਤੇ ਸਨ।

ਸੋ ਪੰਥ ਵਿਰੋਧੀ ਜਥੇਬੰਦੀਆਂ ਵਲੋਂ ਆਪ-ਮੁਹਾਰੇ ਐਸੇ ਇਸ਼ਤਿਹਾਰਾਂ ਦਾ ਪ੍ਰਕਾਸ਼ ਕਰਨਾ ਜਿਨ੍ਹਾਂ ਵਿੱਚ ਗੁਰੂ ਘਰ ਦੇ ਸਿਦਕੀ ਯੋਧਿਆਂ ਦਾ ਨਿਰਾਦਰ ਕੀਤਾ ਜਾਂਦਾ ਹੈ, ਸਿੱਖ ਕੌਮ ਦੀਆਂ

ਭਾਵਨਾਵਾਂ ਨੂੰ ਠੇਸ ਪਹੁੰਚਾ ਕੇ ਵੰਗਾਰਨ ਵਾਲੀ ਗੱਲ ਹੈ। ਗੁਰੂ ਘਰ ਦੇ ਸਿਦਕੀ ਸਿੱਖਾਂ ਦੀਆਂ 'ਗੁਰੂ' ਸ਼ਬਦ ਲਗਾ ਕੇ, ਕੇਸ-ਰਹਿਤ ਤਸਵੀਰਾਂ ਪ੍ਰਕਾਸ਼ਿਤ ਕਰਨੀਆਂ, ਸਿੱਖ ਇਤਿਹਾਸ, ਗੁਰਮਤਿ ਵਿਚਾਰਧਾਰਾ ਅਤੇ ਗੁਰਮਤਿ ਮਰਿਆਦਾ ਦਾ ਡੂੰਘੇਰੀ ਸਾਜ਼ਿਸ ਦੇ ਸਦਕਾ ਘਾਣ ਕਰਨ ਦੀ ਕੋਝੀ ਹਰਕਤ ਹੈ। ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਨੇ ਗੁਰੂ ਪਾਤਸ਼ਾਹ ਦੇ ਸਿਦਕੀ ਸਿੱਖ ਬਣ, ਗੁਰੂ ਹੁਕਮਾਂ ਤੇ ਫੁੱਲ ਚੜ੍ਹਾਉਂਦਿਆਂ ਇਤਿਹਾਸ ਦੇ ਪੰਨਿਆਂ ਤੇ ਰੱਤ ਦਾ ਖੁੰਗੂ ਪਾਇਆ, ਇਹਨਾਂ ਸਿਦਕੀ ਸਿੰਘ ਸੂਰਮਿਆਂ ਦੇ ਨਾਮ ਨਾਲ 'ਗੁਰੂ' ਸ਼ਬਦ ਦੀ ਵਰਤੋਂ ਕਰਨੀ ਗੁਰੂ ਪਾਤਸ਼ਾਹ ਦੀ ਜਿਥੇ ਬੇਅਦਬੀ ਹੈ ਉਥੇ ਜ਼ਾਤ ਨੂੰ ਅਧਾਰ ਬਣਾ ਕੇ ਸਿੱਖ ਸ਼ਹੀਦਾਂ ਨਾਲ ਆਪ ਬਣਾਈਆਂ ਜ਼ਾਤਾਂ-ਗੋਤਾਂ 'ਸ਼ਰਮਾ' ਆਦਿ ਦੀ ਵਰਤੋਂ ਗੁਰਮਤਿ ਵਿਚਾਰਧਾਰਾ ਦਾ ਘਾਣ ਕਰਨ ਦੇ ਤੁੱਲ ਹੈ, ਜਦੋਂ ਇਹਨਾਂ ਸ਼ਹੀਦਾਂ ਦਾ ਇਹਨਾਂ ਗੋਤਾਂ ਨਾਲ ਕੋਈ ਸੰਬੰਧ ਵੀ ਨਹੀਂ ਸੀ।

❖❖❖

*1. ਗੁਰੂ ਦੇ ਸ਼ੇਰ, ਪੰਨਾ 23, ਸੰਸਕਰਣ : 2001, ਲੇਖਕ : ਡਾ: ਹਰਜਿੰਦਰ ਸਿੰਘ ਦਿਲਗੀਰ*
*ਪ੍ਰਕਾਸ਼ਕ : ਭਾਈ ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ*

*2. ਪੰਨਾ 65, ਹਵਾਲਾ ਉਪਰੋਕਤ*

*3. ਪੰਨਾ 63, ਹਵਾਲਾ ਉਪਰੋਕਤ*

*4. ਪੰਨਾ 127, ਹਵਾਲਾ ਉਪਰੋਕਤ*

# ਗੁਰੂ ਗੋਬਿੰਦ ਸਿੰਘ ਜੀ ਦੀ ਸ਼ਿਵਾ ਜੀ ਅਤੇ ਮਹਾਰਾਣਾ ਪ੍ਰਤਾਪ ਨਾਲ ਤੁਲਨਾ ਕਿਉਂ ?

ਕੁਝ ਗੁਰਮਤਿ ਸਿਧਾਂਤਾਂ ਤੋਂ ਅਨਜਾਣ ਪੰਥ-ਵਿਰੋਧੀ ਸੰਸਥਾਵਾਂ ਅਤੇ ਜਥੇਬੰਦੀਆਂ ਵਲੋਂ ਕੁਝ ਐਸੇ ਸਟਿੱਕਰ, ਕਾਰਡ, ਅਤੇ ਕੈਲੰਡਰ ਵੰਡੇ ਜਾ ਰਹੇ ਹਨ ਅਤੇ ਛਪਵਾ ਕੇ ਜਨਤਕ ਸਥਾਨਾਂ ਉਪਰ ਲਗਵਾਏ ਜਾ ਰਹੇ ਹਨ, ਜਿਨ੍ਹਾਂ ਵਿੱਚ ਸਿੱਖ ਸਿਧਾਂਤਾਂ ਨੂੰ, ਅਤੇ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਨੂੰ ਬੜੀ ਸੂਖਮ ਵਿਧੀ ਨਾਲ ਨੀਵਾਂ ਵਿਖਾਉਣ ਦੀ ਭਰਪੂਰ ਕੋਸ਼ਿਸ਼ ਕੀਤੀ ਗਈ। ਬੇਸ਼ਕ ਐਸੀਆਂ ਕੋਝੀਆਂ ਕਾਰਵਾਈਆਂ ਕਿਸੇ ਜ਼ਿੰਮੇਂਵਾਰ ਸੰਸਥਾ ਦੀਆਂ ਨਾ ਹੋ ਕੇ ਕੇਵਲ ਕਿਸੇ ਸ਼ਰਾਰਤੀ ਅਨਸਰ ਦੀਆਂ ਹੀ ਹੋਣ, ਪਰੰਤੂ ਅਜਿਹੀਆਂ ਕਾਰਵਾਈਆਂ ਦੇਸ਼ ਦੇ ਹੱਕ ਵਿੱਚ ਨਹੀਂ ਹਨ। ਇਸ ਨੂੰ ਘੱਟ-ਗਿਣਤੀ ਕੌਮਾਂ ਉਪਰ ਅਤੇ ਉਹਨਾਂ ਦੀ ਵਿਚਾਰਧਾਰਾ ਉਪਰ ਬੌਧਿਕ ਹਮਲਾ ਹੀ ਗਿਣਿਆ ਜਾ ਸਕਦਾ ਹੈ। ਬੇਸ਼ਕ ਕਿ ਐਸੀਆਂ ਘਟੀਆ ਹਰਕਤਾਂ ਨਾਲ ਕੌਮ ਨੂੰ ਕੋਈ ਵਧੇਰੇ ਫ਼ਰਕ ਨਹੀਂ ਪੈਂਦਾ, ਪਰੰਤੂ ਐਸੀਆਂ ਨੀਵੇਂ ਦਰਜੇ ਦੀਆਂ ਹਰਕਤਾਂ ਤੋਂ ਕੌਮ ਨੂੰ ਸੁਚੇਤ ਅਤੇ ਜਾਣੂ ਕਰਵਾਉਣਾ ਮੁੱਢਲਾ ਫ਼ਰਜ਼ ਜ਼ਰੂਰ ਸਮਝਣਾ ਚਾਹੀਦਾ ਹੈ।

ਪਿਛੇ ਜਿਹੇ ਕਿਸੇ ਪੰਥ-ਵਿਰੋਧੀ ਸੰਸਥਾ ਜਾਂ ਫਿਰ ਕਿਸੇ ਸ਼ਰਾਰਤੀ ਅਨਸਰ ਨੇ ਕੁਝ ਐਸੇ ਸਟਿੱਕਰ ਘਟੀਆ ਨੀਅਤ ਨਾਲ ਛਪਵਾ ਕੇ ਬੱਸਾਂ ਅਤੇ ਜਨਤਕ ਥਾਵਾਂ ਤੇ ਲਗਾਏ ਜਿਨ੍ਹਾਂ ਉਪਰ ਗੁਰੂ ਗੋਬਿੰਦ ਸਿੰਘ, ਮਹਾਰਾਣਾ ਪ੍ਰਤਾਪ ਅਤੇ ਸ਼ਿਵਾ ਜੀ ਦੀਆਂ ਤਸਵੀਰਾਂ ਸਨ ਅਤੇ ਇਸਦੇ ਹੇਠਾਂ ਅੰਕਿਤ ਸੀ:

*ਤੁਮ੍ਹੀ ਹੋ ਬ੍ਰਹਮਾ, ਤੁਮ੍ਹੀ ਹੋ ਵਿਸ਼ਨੂੰ, ਤੁਮ੍ਹੀ ਹੋ ਮਹੇਸ਼॥*
*ਤੁਮਹਾਰੀ ਕਿਰਪਾ ਸੇ ਬਚਾ ਹੈ ਹਮਾਰਾ ਹਿੰਦੂ ਧਰਮ ਔਰ ਭਾਰਤ ਦੇਸ਼॥*

ਜੇਕਰ ਕੇਵਲ ਤਸਵੀਰ ਨੂੰ ਜਾਂ ਹੇਠਾਂ ਲਿਖੀ ਸ਼ਬਦਾਵਲੀ ਤੱਕ ਹੀ ਵਿਸ਼ੇ ਨੂੰ ਕੇਂਦਰਿਤ ਰੱਖੀਏ ਤਾਂ ਪਹਿਲੀ ਗੱਲ ਤਾਂ ਇਹ ਹੈ ਕਿ ਤਸਵੀਰ ਪੂਜਾ ਦਾ ਸਿੱਖ ਧਰਮ ਵਿੱਚ ਕੋਈ ਸਥਾਨ ਨਹੀਂ ਹੈ। ਦੂਸਰੀ ਗੱਲ ਹੈ ਕਿ ਬਹੁਗਿਣਤੀ ਹਿੰਦੂ ਧਰਮੀਆਂ ਦੀ ਸ਼ਰਧਾ ਤ੍ਰਿਦੇਵ ਅਵਤਾਰਾਂ ਨਾਲ ਜੁੜੀ ਹੋਈ ਹੈ ਜੋ ਉਹਨਾਂ ਨੂੰ ਮੁਬਾਰਕ ਹੈ। (ਬੇਸ਼ਕ ਕਿ ਹੱਥਲੀ ਪੁਸਤਕ ਵਿੱਚ ਅਵਤਾਰਵਾਦ ਬਾਰੇ ਕਾਫੀ ਵਿਸਥਾਰ ਦਿੱਤਾ ਜਾ ਚੁੱਕਾ ਹੈ) ਪਰੰਤੂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਸ਼ਿਵਾ ਜੀ ਅਤੇ ਮਹਾਰਾਣਾ ਪ੍ਰਤਾਪ ਦੀ ਲੜੀ ਵਿੱਚ ਪਰੋ ਕੇ ਰੱਖਣਾ ਨਿੰਦਣ-ਯੋਗ ਕਾਰਵਾਈ ਅਤੇ ਸੂਰਜ ਨੂੰ ਦੀਵਾ ਵਿਖਾਉਣ ਦੇ ਤੁੱਲ ਨਿੰਦਤ ਕਰਮ ਹੈ। ਸ਼ਿਵਾ ਜੀ ਮਰਾਠਾ ਅਤੇ ਰਾਣਾ ਪ੍ਰਤਾਪ ਦੀ ਲੜਾਈ ਦਾ

ਮਕਸਦ ਤਾਂ ਸਹੀ ਅਰਥਾਂ ਵਿਚ ਆਪਣੇ ਲਈ ਇਕ ਛੋਟੇ ਜਿਹੇ ਸਾਮਰਾਜ ਦੀ ਪ੍ਰਾਪਤੀ ਤੱਕ ਹੀ ਸੀਮਤ ਸੀ, ਜਦੋਂ ਕਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਦੋਖਿਆਂ ਕੁਚਲਿਆਂ ਲੋਕਾਂ ਦੇ ਹੱਕਾਂ ਦੀ ਰਾਖੀ ਅਤੇ ਮਨੁੱਖਤਾ ਦੀਆਂ ਉੱਚ ਮਿਆਰੀ ਨੈਤਿਕ ਕਦਰਾਂ ਕੀਮਤਾਂ ਦੀ ਬਹਾਲੀ ਲਈ ਧਰਮ ਯੁੱਧ ਦਾ ਮੁੱਢ ਬੰਨ੍ਹਿਆ ਜੋ ਪਹਿਲੇ ਜਾਮੇ ਤੋਂ ਆਰੰਭ ਹੋਇਆ ਸੀ। ਸ਼ਿਵਾ ਜੀ ਮਰਾਠਾ ਨੂੰ ਬੇਸ਼ਕ ਹਿੰਦੁਸਤਾਨੀ ਭਾਰਤ ਦਾ ਮੁਕਤੀਦਾਤਾ ਮੰਨਦੇ ਹਨ, ਭਾਵੇਂ ਕਿ ਸ਼ਿਵਾ ਜੀ ਅਤੇ ਹੋਰ ਮਰਾਠਾ ਸਰਦਾਰਾਂ ਦਾ ਕੰਮ ਕੇਵਲ ਲੁੱਟਮਾਰ ਤੱਕ ਹੀ ਸੀਮਤ ਸੀ ਅਤੇ ਉਹ ਵਰਨ-ਆਸ਼ਰਮ ਧਰਮ ਸਥਾਪਤ ਕਰਨਾ ਚਾਹੁੰਦੇ ਸਨ। ਸ਼ਿਵਾ ਜੀ ਦੇ ਪਿਤਾ ਸ਼ਾਹ ਜੀ ਬੀਜਾਪੁਰ ਦੇ ਹਾਕਮ ਆਦਿਲਸ਼ਾਹ ਦੇ ਨੌਕਰ ਹੋਏ। ਆਦਿਲਸ਼ਾਹ ਨੇ ਉਹਨਾਂ ਨੂੰ ਕਰਨਾਟਕ ਪ੍ਰਦੇਸ਼ ਉਪਰ ਕਬਜ਼ਾ ਕਰਨ ਲਈ ਖਾਦੁੱਲਾ ਖਾਨ ਦੇ ਪਾਸ ਭੇਜ ਦਿੱਤਾ।

ਛੋਟੇ-ਛੋਟੇ ਰਜਵਾੜਿਆਂ ਨੂੰ ਫ਼ਤਹਿ ਕਰਕੇ ਸ਼ਿਵਾ ਜੀ ਨੇ ਇਕ ਛੋਟੀ ਜਿਹੀ ਸਲਤਨਤ ਸਥਾਪਤ ਕੀਤੀ। ਸ਼ਿਵਾ ਜੀ ਨੇ ਅੱਠ ਵਿਆਹ ਕਰਵਾਏ ਅਤੇ ਪਤਨੀਆਂ ਦੇ ਨਾਮ ਇਸ ਤਰ੍ਹਾਂ ਸਨ:

1. ਸਾਈ ਬਾਈ। 2. ਸਗੁਨਾ ਬਾਈ। 3. ਸੁਕੰਵਰ ਬਾਈ। 4. ਕਾਂਸ਼ੀ ਬਾਈ। 5. ਪੁਤਲੀ ਬਾਈ। 6. ਸੋਰਿਆ ਬਾਈ। 7. ਲਕਸ਼ਮੀ ਬਾਈ। 8. ਗੁਣਵੰਤੀ ਬਾਈ।

ਪੱਛਮੀ ਮਹਾਰਾਸ਼ਟਰ ਉਪਰ ਹਿੰਦੂ ਰਾਜ ਕਾਇਮ ਕਰਨ ਉਪਰੰਤ ਸ਼ਿਵਾ ਜੀ ਨੇ ਰਾਜਤਿਲਕ ਕਰਾਉਣ ਅਤੇ ਆਪਣੇ ਆਪ ਨੂੰ ਮਹਾਰਾਜਾ ਐਲਾਨਣ ਦਾ ਕਾਰਜ ਅਰੰਭਿਆ। ਇਸ ਕਾਰਜ ਨੂੰ ਸਿਰੇ ਚਾੜ੍ਹਨ ਵਾਸਤੇ ਹਿੰਦੂ ਪੁਰੋਹਿਤਾਂ ਦੀ ਜ਼ਰੂਰਤ ਸੀ, ਕਿਉਂਕਿ ਕੇਵਲ ਉਹ ਹੀ ਹਿੰਦੂ ਸਾਮਰਾਜ ਨੂੰ ਸਥਾਪਤ ਕਰਨ ਵਾਲੇ ਰਾਜੇ ਦਾ ਰਾਜ ਤਿਲਕ ਕਰ ਸਕਦੇ ਸਨ।

ਜਦੋਂ ਸ਼ਿਵਾ ਜੀ ਨੇ ਵੱਖ-ਵੱਖ ਪੁਰੋਹਿਤਾਂ ਨੂੰ ਇਸ ਕਾਰਜ ਲਈ ਉਚੇਚੀ ਬੇਨਤੀ ਕੀਤੀ ਤਾਂ ਡੂੰਘੇਰੀ ਸੁਰ-ਸਲਾਹ ਪਿਛੋਂ ਇਕੱਠੇ ਤੌਰ ਤੇ ਸਮੂਹ ਪੁਰੋਹਿਤਾਂ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਧਰਮ ਸ਼ਾਸਤਰਾਂ ਅਨੁਸਾਰ ਮਰਾਠਿਆਂ ਦਾ ਸੰਬੰਧ ਸ਼ੂਦਰ ਜ਼ਾਤੀ ਨਾਲ ਹੈ ਅਤੇ ਸ਼ੂਦਰ ਕਦੇ ਛੱਤਰਧਾਰੀ ਰਾਜਾ ਨਹੀਂ ਹੋ ਸਕਦਾ। ਇਸ ਕਰਕੇ ਇਕ ਸ਼ੂਦਰ ਨੂੰ ਰਾਜੇ ਦੀ ਪਦਵੀ ਨਹੀਂ ਦਿੱਤੀ ਜਾ ਸਕਦੀ। ਇਥੋਂ ਤੱਕ ਕਿ ਸ਼ਿਵਾ ਜੀ ਦੇ ਇਕ ਸੈਨਾਪਤੀ ਮਾਰੋਪੰਤ ਪਿੰਗਲੇ ਨੇ ਵੀ ਸ਼ਿਵਾ ਜੀ ਦੀ ਵਿਰੋਧਤਾ ਕੀਤੀ।

ਅਖੀਰ ਇਕ ਗੰਗਾ ਭੱਟ ਨਾਮੀ ਪੁਰੋਹਿਤ ਦੀ ਅਗਵਾਈ ਹੇਠ ਸ਼ਿਵਾ ਜੀ ਨੂੰ ਰਾਜਤਿਲਕ ਦੀ ਰਿਸ਼ਵਤ ਦੇ ਤੌਰ ਤੇ ਬਤੌਰ ਦਾਨ ਦਕਸ਼ਿਣਾ ਚਾਰ ਕਰੋੜ ਛੱਬੀ ਲੱਖ ਰੁਪੈ ਨਿਸ਼ਚਿਤ ਕੀਤੇ। ਸ਼ਿਵਾ ਜੀ ਪਾਸੋਂ ਇੰਨੀ ਵੱਡੀ ਰਕਮ ਲੈ ਕੇ ਰਾਏਗੜ੍ਹ ਵਿਖੇ 6 ਜੂਨ 1664 ਨੂੰ ਪੁਰੋਹਿਤਾਂ ਨੇ ਸ਼ਿਵਾ ਜੀ ਦਾ ਰਾਜਤਿਲਕ ਕਰਨ ਦਾ ਕਾਰਜ ਕੀਤਾ। ਗੰਗਾ ਭੱਟ ਨਾਮੀ ਬ੍ਰਾਹਮਣ ਨੇ ਇਕ ਲੱਖ ਇੱਕੀ ਹਜ਼ਾਰ ਰੁਪੈ ਤਾਂ ਸ਼ਿਵਾ ਜੀ ਨੂੰ ਖੱਤਰੀ ਘੋਸ਼ਿਤ ਕਰਨ ਦੀ ਫੀਸ ਵਜੋਂ ਲਏ ਅਤੇ ਬਾਕੀ ਰਾਸ਼ੀ ਅਤੇ ਦਾਨ-ਦਕਸ਼ਿਣਾ ਵਜੋਂ ਮਿਲੇ ਹੀਰੇ ਜਵਾਹਰ ਆਦਿ ਬਾਕੀ ਪੁਰੋਹਿਤਾਂ ਨੇ ਆਪਸ ਵਿਚ ਇਕਸਾਰ ਵੰਡ ਲਏ।

ਇੰਝ ਲਗਦਾ ਹੈ ਜਿਵੇਂ ਸ਼ੂਦਰ ਤੋਂ ਖੱਤਰੀ ਕਰਨ ਦੀ ਨੀਲਾਮੀ ਦਾ ਮੁੱਲ ਵਧਾਉਣ ਲਈ ਹੀ ਪੁਰੋਹਿਤ ਪਹਿਲਾਂ ਰਾਜਤਿਲਕ ਕਰਨ ਬਾਰੇ ਸਮਾਂ ਲੰਘਾਊ ਨੀਤੀ ਵਰਤਦੇ ਰਹੇ। ਪਰੰਤੂ ਮੂੰਹ ਮੰਗੀ ਰਾਸ਼ੀ ਮਿਲਣ ਉਪਰੰਤ ਧਰਮ ਸ਼ਾਸਤਰਾਂ ਦੇ ਉਪਦੇਸ਼ ਪਤਾ ਨਹੀਂ ਕਿਧਰੇ ਖੰਭ ਲਗਾ ਕੇ ਉਡ ਗਏ। ਸ਼ਿਵਾ ਜੀ ਮਰਾਠਾ ਬੇਸ਼ਕ ਰਿਸ਼ਵਤ ਦੇ ਕੇ ਸਵਰਨ ਜ਼ਾਤੀ ਵਿੱਚ ਸ਼ਾਮਿਲ ਹੋਇਆ ਸੀ ਪਰੰਤੂ ਤਿਲਕਧਾਰੀ ਹੋਣ ਉਪਰੰਤ ਉਸਨੇ ਇਸ ਅਖੋਤੀ ਜ਼ਾਤਿਵਾਦ ਨੂੰ ਤੋੜਨ ਦੀ ਬਜਾਏ, ਖ਼ੁਦ ਹੀ ਮਾਨਸਿਕ ਤੌਰ ਤੇ ਇਸ ਮਾਰੂ ਪ੍ਰਥਾ ਨੂੰ ਅਪਨਾ ਲਿਆ ਅਤੇ ਦਲਿਤਾਂ ਉਪਰ ਜ਼ੁਲਮ ਕਰਨੇ ਆਰੰਭ ਕੀਤੇ। ਦਲਿਤਾਂ ਅਤੇ ਗਰੀਬ ਕਿਸਾਨਾਂ ਪ੍ਰਤੀ ਉਸ ਦੇ ਕਾਰਨਾਮੇ ਸ਼ਰਮਨਾਕ ਸਨ।

ਉਸ ਦੇ ਰਾਜਕਾਲ ਦੌਰਾਨ ਗਰੀਬ ਕਿਸਾਨਾਂ ਤੋਂ ਉਹਨਾਂ ਦੀ ਉਪਜ ਦਾ 40 ਪ੍ਰਤੀਸ਼ਤ ਟੈਕਸ ਦੇ ਰੂਪ ਵਿਚ ਖੋਹ ਲਿਆ ਜਾਂਦਾ ਸੀ। ਬੇਸ਼ਕ ਸ਼ਿਵਾ ਜੀ ਆਪਣੇ ਆਪ ਨੂੰ ਹਿੰਦੂ ਸਾਮਰਾਜ ਦਾ ਸੂਰਜ ਸਮਝਦਾ ਸੀ ਪਰੰਤੂ ਉਸ ਦੇ ਰਾਜਤੰਤਰ ਦੇ ਕਾਰਨਾਮੇ ਲੁਟੇਰਿਆਂ ਵਾਲੇ ਸਨ। ਸ਼ਿਵਾ ਜੀ ਦਾ ਸੰਬੰਧ ਬੇਸ਼ਕ ਕਿ ਅਖੋਤੀ ਸ਼ੂਦਰ ਜ਼ਾਤੀ ਨਾਲ ਸੀ ਪਰੰਤੂ ਉਹ ਬਿਪਰਵਾਦ ਵਿੱਚ ਏਨਾ ਗਲਤਾਨ ਹੋ ਚੁਕਾ ਸੀ ਕਿ ਜ਼ਾਤੀ-ਪ੍ਰਥਾ ਅਧਾਰਿਤ ਰਾਜ ਸਥਾਪਤ ਕਰਨਾ ਹੀ ਉਸਦਾ ਮੰਤਵ ਰਹਿ ਗਿਆ ਸੀ। ਇਸੇ ਕਾਰਜ ਨੂੰ ਸਿਰੇ ਚਾੜ੍ਹਨ ਵਾਸਤੇ ਉਸਨੇ ਮਿਹਨਤਕਸ਼ਾਂ ਅਤੇ ਕਿਸਾਨਾਂ ਨੂੰ ਦੋਹੀਂ ਹੱਥੀਂ ਲੁਟਿਆ ਅਤੇ ਉਹਨਾਂ ਦਾ ਹਰ ਪੱਖ ਤੋਂ ਸ਼ੋਸ਼ਣ ਕੀਤਾ। ਡਾ. ਭੀਮਰਾਵ ਅੰਬੇਦਕਰ ਉਸਦੇ ਸ਼ਾਸ਼ਨ ਕਾਲ ਬਾਰੇ ਲਿਖਦੇ ਹਨ:

''ਮਰਾਠਾ ਦੇਸ਼ ਵਿੱਚ ਪੇਸ਼ਵਾਵਾਂ ਦੇ ਸ਼ਾਸ਼ਨਕਾਲ ਸਮੇਂ, ਅਛੂਤ ਨੂੰ ਉਸ ਰਸਤੇ ਉਪਰ ਚੱਲਣ ਦੀ ਬਿਲਕੁਲ ਇਜਾਜ਼ਤ ਨਹੀਂ ਸੀ ਜਿਸ ਮਾਰਗ ਉਪਰ ਕੋਈ ਉਚ ਧਰਮੀ ਹਿੰਦੂ ਚੱਲ ਰਿਹਾ ਹੋਵੇ, ਤਾਂ ਜੋ ਅਛੂਤ ਦਾ ਪਰ੍ਹਛਾਵਾਂ ਕਿਤੇ ਹਿੰਦੂ ਉਪਰ ਨਾ ਪੈ ਜਾਵੇ। ਅਛੂਤਾਂ ਦੇ ਗੁੱਟਾਂ ਅਤੇ ਗਰਦਨਾਂ ਉਪਰ ਕਾਲਾ ਧਾਗਾ ਬੰਨ੍ਹਣ ਦੇ ਜਬਰਨ ਆਦੇਸ਼ ਸਨ, ਤਾਂ ਜੋ ਅਛੂਤ ਹੋਣ ਦੀ ਸ਼ਨਾਖਤ ਹੁੰਦੀ ਰਹੇ ਅਤੇ ਗਲਤੀ ਨਾਲ ਕੋਈ ਉੱਚ ਜ਼ਾਤੀਆ ਕਿਤੇ ਕਿਸੇ ਅਛੂਤ ਨੂੰ ਛੂਹ ਨਾ ਜਾਵੇ, ਅਤੇ ਉਸ ਦਾ ਕਿਤੇ ਧਰਮ ਨਾ ਭ੍ਰਿਸ਼ਟ ਹੋ ਜਾਵੇ। ਮਰਾਠਾ ਰਾਜ ਦੀ ਰਾਜਧਾਨੀ ਪੂਨਾ ਵਿਚ ਅਛੂਤਾਂ ਪ੍ਰਤੀ ਸਰਕਾਰੀ ਹੁਕਮ ਸੀ ਕਿ ਰਸਤੇ ਉਪਰ ਚੱਲਣ ਸਮੇਂ ਉਹ ਆਪਣੀ ਕਮਰ ਨਾਲ ਇਕ ਝਾੜੂ ਜਾਂ ਛਾਪਾ ਬੰਨ੍ਹ ਕੇ ਚੱਲਣ ਤਾਂ ਜੋ ਉਹਨਾਂ ਦੇ ਕਦਮਾਂ ਦੇ ਨਿਸ਼ਾਨ ਜਿਹੜੇ ਮਿੱਟੀ ਉਪਰ ਲਗਦੇ ਹਨ ਨਾਲੋ-ਨਾਲ ਹੀ ਖਤਮ ਹੁੰਦੇ ਜਾਣ, ਤਾਂ ਜੋ ਕਿਤੇ ਕਿਸੇ ਉੱਚ ਧਰਮੀ ਦਾ ਧਰਮ ਉਹਨਾਂ ਦੇ ਪੈਰ-ਚਿੰਨ੍ਹਾਂ ਕਰਕੇ ਭ੍ਰਿਸ਼ਟ ਨਾ ਹੋ ਜਾਵੇ।

ਅਛੂਤਾਂ ਨੂੰ ਹਰ ਸਮੇਂ ਆਪਣੇ ਗਲ ਵਿਚ ਇਕ ਮਿੱਟੀ ਦਾ ਛੋਟਾ ਜਿਹਾ ਬਰਤਨ ਲਟਕਾ ਕੇ ਸੜਕ ਉਪਰ ਚਲਣਾ ਪੈਂਦਾ ਸੀ, ਤਾਂ ਜੋ ਉਹ ਉਸ ਵਿਚ ਹੀ ਥੁੱਕਣ, ਸੜਕ ਉਪਰ ਨਾ ਥੁੱਕਣ, ਤਾਂ ਜੋ ਕਿਤੇ ਸੜਕ ਉਪਰ ਚੱਲਣ ਵਾਲੇ ਉਚ ਜ਼ਾਤੀਏ ਦਾ ਧਰਮ ਭ੍ਰਿਸ਼ਟ ਨਾ ਹੋ ਜਾਵੇ।

ਸ਼ਿਵਾ ਜੀ ਦੇ ਬ੍ਰਾਹਮਣ ਗੁਰੂ ਰਾਮਦਾਸ ਸਮਰੱਥ ਨੇ ਵੀ ਬੜੀ ਵਿਧੀ ਪੂਰਕ ਸ਼ਿਵਾ ਜੀ ਦੀ ਰਾਜ-ਸ਼ਕਤੀ ਵਰਤ ਕੇ ਸਨਾਤਨ ਧਰਮ ਦੀ ਸਥਾਪਨਾ ਵਿੱਚ ਯੋਗਦਾਨ ਪਾਇਆ।

ਸ਼ਿਵਾ ਜੀ ਦੇ ਤਕਰੀਬਨ ਸਾਰੇ ਮੰਤਰੀ ਬ੍ਰਾਹਮਣ ਸਨ। ਉਸ ਦੇ ਪਾਸ ਪੇਂਡੂ ਖੇਤਰਾਂ ਵਿਚ 260 ਕਿਲ੍ਹੇ ਸਨ, ਜਿਸ ਨੂੰ ਆਮਦਨੀ ਦੇ ਸਰੋਤ ਸਮਝਿਆ ਜਾਂਦਾ ਸੀ ਅਤੇ ਹਰ ਕਿਲ੍ਹੇ ਦਾ ਪ੍ਰਬੰਧ ਬ੍ਰਾਹਮਣ ਸੂਬੇਦਾਰ ਦੇ ਹੱਥ ਵਿਚ ਸੀ। ਸ਼ਿਵਾ ਜੀ ਦੇ ਰਾਜ ਦਰਬਾਰ ਵਿੱਚ ਇਕ ਪੰਡਿਤ ਰਾਉ ਨਾਮ ਦਾ ਬ੍ਰਾਹਮਣ 'ਧਰਮ ਮੰਤਰੀ' ਸੀ ਜੋ ਜ਼ਾਤਪਾਤ ਦੇ ਸਾਰੇ ਨਿਯਮਾਂ ਅਤੇ ਰੀਤਾਂ ਅਤੇ ਹਿੰਦੂ ਧਰਮ ਦੇ ਦੀਵਾਨੀ ਅਤੇ ਫ਼ੌਜਦਾਰੀ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕਰਦਾ ਸੀ ਅਤੇ ਸ਼ਾਹੀ ਦਾਨ ਦਕਸ਼ਿਨਾ ਦਾ ਪ੍ਰਬੰਧ ਵੀ ਕਰਦਾ ਸੀ। ਉਸ ਸਮੇਂ ਧਰਮ ਅਸਥਾਨਾਂ ਦੀ ਸਥਾਈ ਆਮਦਨ ਪੰਜ ਲੱਖ ਰੁਪਏ ਪ੍ਰਤੀ ਸਾਲ ਸੀ। ਸ਼ਿਵਾ ਜੀ ਇਸ ਤਰ੍ਹਾਂ ਨਾਲ ਪੁਰੋਹਿਤਵਾਦ ਅੱਗੇ ਏਨਾ ਬੁਰੀ ਤਰ੍ਹਾਂ ਨਾਲ ਸਮਰਪਣ ਕਰ ਚੁੱਕਾ ਸੀ ਕਿ ਇਕ ਵਾਰ ਸ਼ਿਵਾ ਜੀ ਨੇ ਅੱਠ ਹਜ਼ਾਰ ਰੁਪਏ ਬ੍ਰਾਹਮਣਾਂ ਨੂੰ ਇਸ ਪਸ਼ਚਾਤਾਪ ਦੇ ਤੌਰ ਤੇ ਦਾਨ ਦਿੱਤੇ ਕਿ ਲੁੱਟਮਾਰ ਅਤੇ ਧਾੜਾਂ ਦੌਰਾਨ ਕਿਤੇ ਕਿਸੇ ਬ੍ਰਾਹਮਣ ਦਾ ਨੁਕਸਾਨ ਨਾ ਹੋਇਆ ਹੋਵੇ। ਰਾਜਤਿਲਕ ਦੇ ਸਮੇਂ ਵੀ ਸ਼ਿਵਾ ਜੀ ਨੇ 50 ਹਜ਼ਾਰ ਬ੍ਰਾਹਮਣਾਂ, ਪੁਰਸ਼ਾਂ ਇਸਤਰੀਆਂ ਅਤੇ ਬੱਚਿਆਂ ਵਾਸਤੇ ਬ੍ਰਹਮ ਭੋਜ ਕਰਵਾਇਆ ਅਤੇ ਯਥਾਸ਼ਕਤ ਦਾਨ ਦਕਸ਼ਿਨਾ ਦਿੱਤੀ। ਉਸ ਰਾਜ ਤਿਲਕ ਅਤੇ ਇਸ ਕਾਰਜ ਤੇ ਸੱਤ ਕਰੋੜ ਤੋਂ ਉਪਰ ਰੁਪਏ ਖਰਚ ਆਏ।

ਜਾਦੂਨਾਥ ਸਰਕਾਰ ਲਿਖਦਾ ਹੈ:

ਨਵੀਂ ਬਾਦਸ਼ਾਹੀ ਅਰਥਾਤ ਮਰਾਠਾ ਰਾਜ ਦਾ ਪ੍ਰਥਮ ਖ਼ਤਰਾ ਇਹ ਸੀ ਕਿ ਉਸਨੇ ਹਿੰਦੂਵਾਦੀ ਕੱਟੜਤਾ ਦੇ ਸਮਰਥਨ ਦੀ ਇਕ ਪ੍ਰਕਿਰਿਆ ਆਰੰਭ ਕੀਤੀ। ਉਸਨੇ ਜ਼ਾਤਪਾਤ ਦੇ ਭੇਦ ਭਾਵ ਨੂੰ ਵਧਾਇਆ ਅਤੇ ਰੋਜ਼ਾਨਾ ਦੇ ਕਰਮਕਾਂਡੀ ਸੰਸਕਾਰਾਂ ਦੀ ਪਵਿੱਤਰਤਾ ਬਾਰੇ ਵਿਧੀ-ਪੂਰਵਕ ਬਲ ਦਿੱਤਾ ਜੋ ਏਕਤਾ ਦੇ ਦੁਸ਼ਮਣ ਸਨ। ਇਹ ਸੰਸਕਾਰ ਰਾਜਸੱਤਾ ਦੀ ਸਫਲਤਾ ਦੇ ਵਿਰੋਧੀ ਹਨ। ਉਸ ਨੇ ਮਰਾਠਾ ਰਾਜ ਦੇ ਸਮ-ਕਾਲੀਨ ਮਰਾਠਾ ਸਮਾਜ ਨੂੰ ਵੀ ਰਾਜਨੀਤਿਕ ਤੌਰ ਤੇ ਆਪਣੇ ਪੈਰਾਂ ਹੇਠ ਰੋਲ ਦਿੱਤਾ। **(Shivajee and Hinduism, Page No, 430)**

ਸ਼ਿਵਾ ਜੀ ਦੇ ਰਾਜ ਵਿੱਚ ਸੁਧਾਰਵਾਦੀ ਅਤੇ ਸਮਾਜ ਸੁਧਾਰਕ ਸੰਤਾਂ ਸਾਧਾਂ ਉਪਰ ਬਿਪਰਵਾਦ ਦਾ ਪ੍ਰਕੋਪ ਬਦਸਤੂਰ ਜਾਰੀ ਰਿਹਾ। ਸੰਤ ਏਕਨਾਥ ਅਤੇ ਸੰਤ ਤੁਕਾਰਾਮ ਉਪਰ ਕੇਵਲ ਇਸ ਕਰਕੇ ਤਸ਼ੱਦਦ ਕੀਤਾ ਗਿਆ ਕਿ ਉਹਨਾਂ ਨੇ ਰਾਮਾਇਣ, ਮਹਾਂਭਾਰਤ ਅਤੇ ਗੀਤਾ ਦਾ ਮਰਾਠੀ ਭਾਸ਼ਾ ਵਿੱਚ ਅਨੁਵਾਦ ਕੀਤਾ, ਜੋ ਕੇਵਲ ਬਿਪਰਵਾਦੀ ਲਿਖਾਰੀਆਂ ਦਾ ਹੀ ਜਨਮ-ਸਿੱਧ ਅਧਿਕਾਰ ਹੈ।

ਅਖੌਤੀ ਅਛੂਤ ਜ਼ਾਤੀ ਨਾਲ ਸੰਬੰਧਤ ਸੁਧਾਰਵਾਦੀ ਸਾਧੂ ਜਿਨ੍ਹਾਂ ਦਾ ਨਾਮ ਚੋਖਾ ਮੇਲਾ ਸੀ ਇਕ ਵਾਰ ਪੂਜਾ ਪਾਠ ਵਾਸਤੇ ਮਹਾਂਰਾਸ਼ਟਰ ਦੇ ਪੰਡਰਪੁਰ ਮੰਦਰ ਵਿਚ ਚਲੇ ਗਏ। ਬ੍ਰਾਹਮਣਾਂ ਨੇ ਸਥਾਨਕ ਸ਼ਾਸ਼ਨ ਪਾਸ ਸ਼ਿਕਾਇਤ ਕੀਤੀ। ਸਾਧੂ ਚੋਖਾ ਮੇਲਾ ਨੂੰ ਫ਼ੌਰਨ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਇਕ ਬੈਲਗੱਡੀ ਦੇ ਪਿੱਛੇ ਪਾ ਕੇ ਧੂਹਿਆ ਗਿਆ। ਉਸ ਦੇ ਸਾਰੇ ਸਰੀਰ ਦੇ ਚੀਥੜੇ ਉੱਡ ਗਏ। ਇਸ ਤਰ੍ਹਾਂ ਇਸ ਸੁਧਾਰਵਾਦੀ ਧਾਰਮਿਕ ਵਿਅਕਤੀ ਨੂੰ ਹਿੰਦੂਵਾਦੀ ਕੱਟੜਤਾ ਦੀ ਬਲੀ

ਵੇਦੀ ਉਪਰ ਕੁਰਬਾਨ ਕਰ ਦਿੱਤਾ ਗਿਆ। ਉਸਦੇ ਸਮੁੱਚੇ ਰਾਜਤੰਤਰ ਬਾਰੇ ਜਾਦੂਨਾਥ ਸਰਕਾਰ ਲਿਖਦੇ ਹਨ:

''ਸ਼ਿਵਾ ਜੀ ਅਤੇ ਪੇਸ਼ਵਾਵਾਂ ਦੇ ਰਾਜ ਕਾਲ ਵਿਚ ਸੰਗਠਿਤ, ਸੰਪਰਦਾਇਕ, ਤਰੱਕੀ, ਸਿੱਖਿਆ ਦੇ ਪ੍ਰਸਾਰ ਅਤੇ ਲੋਕਾਂ ਦੀ ਏਕਤਾ ਵਾਸਤੇ ਕੋਈ ਠੋਸ ਯਤਨ ਨਹੀਂ ਕੀਤਾ ਗਿਆ।''

''ਮਰਾਠਿਆਂ ਦੀ ਚੜ੍ਹਤ ਅਤੇ ਰਾਜ ਨੇ ਕਿਸੇ ਵੀ ਪੱਖ ਤੋਂ ਭਾਰਤ ਨੂੰ ਧਨੀ ਨਹੀਂ ਬਣਾਇਆ। ਮਰਾਠਿਆਂ ਨੇ ਨਾ ਕਿਸੇ ਸ਼ਾਨਦਾਰ ਇਮਾਰਤ ਦਾ ਨਿਰਮਾਣ ਕਰਾਇਆ ਅਤੇ ਨਾ ਹੀ ਕੋਈ ਸੰਪੂਰਨ ਹੱਥ-ਲਿਖਤ ਛੱਡੀ।''

''ਸ਼ਿਵਾ ਜੀ ਦਾ ਹਿੰਦੂ ਸਵਰਾਜ ਕੱਟੜਵਾਦ ਤੇ ਅਧਾਰਿਤ ਸੀ, ਜਿਸ ਵਿਚ ਖ਼ੁਦ ਉਸਦੀ ਮੌਤ ਦੇ ਬੀਜ ਵੀ ਖਿਲਰੇ ਪਏ ਸਨ।'' **(Shivajee and his times)**

ਦੂਸਰੇ ਪਾਸੇ ਜੇਕਰ ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਜੀਵਨ ਚਰਿੱਤਰ ਅਤੇ ਸਾਰੀ ਉਮਰ ਦੇ ਕਠਿਨ ਸੰਘਰਸ਼ ਵੱਲ ਝਾਤੀ ਮਾਰ ਕੇ ਕੇਵਲ ਕੁਝ ਅੰਸ਼ਾਂ ਦਾ ਹੀ ਅਧਿਐਨ ਕੀਤਾ ਜਾਵੇ ਤਾਂ ਪਾਠਕ ਸਹਿਜੇ ਹੀ ਅੰਦਾਜ਼ਾ ਲਗਾ ਸਕਦੇ ਹਨ ਕਿ ਗੁਰੂ ਪਾਤਸ਼ਾਹ ਅਤੇ ਸ਼ਿਵਾ ਜੀ ਦੇ ਜੀਵਨ-ਚਰਿੱਤਰ ਅਤੇ ਸੰਘਰਸ਼ ਵਿਚ ਕਿੰਨਾ ਅੰਤਰ ਸੀ। ਬਿਪਰਵਾਦ ਦੇ ਪ੍ਰਭਾਵ ਹੇਠ ਆ ਕੇ ਸ਼ਿਵਾ ਜੀ ਨੇ ਆਪਣੀ ਹੀ ਜ਼ਾਤੀ ਨਾਲ ਸੰਬੰਧਿਤ ਨਿਮਾਣੇ ਮਰਾਠਿਆਂ ਉਪਰ ਜ਼ੁਲਮ ਕੀਤੇ ਅਤੇ ਜ਼ਾਤਪਾਤ ਦੇ ਅਖੌਤੀ ਬੰਧਨਾਂ ਵਿਚ ਜਕੜ ਕੇ ਰੱਖ ਦਿੱਤਾ, ਪਰੰਤੂ ਜਦੋਂ ਮਰਦ ਅਗੰਮੜੇ ਨੇ ਕੇਸਗੜ੍ਹ ਦੇ ਮੈਦਾਨ ਵਿਚ ਗਰੀਬਾਂ ਨਿਤਾਣਿਆਂ ਦੇ ਇਕੱਠ ਨੂੰ ਮੁਗਲਾਂ ਦੇ ਟਾਕਰੇ ਸ਼ਸ਼ਤਰਬਧ ਸੰਘਰਸ਼ ਵਾਸਤੇ ਵੰਗਾਰਿਆ ਤਾਂ ਉਹ ਨਿਮਾਣੇ ਲੋਕ ਜੋਦੜੀਆਂ ਕਰਨ ਲੱਗੇ:

*ਤੋਂ ਸਿੱਖਨ ਯੋ ਮੰਨੀ ਨਾ ਬਾਤ, ਹਮ ਤੇ ਤੁਰਕ ਕਬ ਮਾਰੇ ਜਾਤ॥*
*ਅਸੀਂ ਚਿਰੀਆਂ ਵੈ ਸਾਨੀ ਬਾਜ਼, ਹਮ ਛੇਲੈ ਵੈ ਬਘਿਆੜਨ ਸਾਜ॥*
*ਤੁਮ ਮ੍ਰਿਗਨ ਤੇ ਕਿਮ ਸ਼ੇਰ ਮਰਵਾਵੋ, ਲੌਤੀ ਕੋ ਪਾਨੀ ਮਗਰੀ ਪਰ ਚੜ੍ਹਾਵੋ॥*
*ਵਹੁ ਆਦ ਸਿਪਾਹੀ ਮੁਗਲ ਪਠਾਨ, ਹਮ ਜੱਟ ਬੂਟ ਨਾਈ ਤਰਖਾਨ॥*
*ਤੁਮ ਟੋਲੇ ਸਭ ਜਾਤ ਕਮੀਨ, ਹੁਤੇ ਜੋਊ ਸਭ ਸ਼ਸ਼ਤਰ ਹੀਨ॥*
*ਲਲਕਾਰੋ ਰਾਜਪੂਤ ਰਾਜੇ, ਜੋਊ ਸਵਾਰੈਂ ਤੁਮਰੋ ਕਾਜੈਂ॥ ੨੭॥*

(ਸ੍ਰੀ ਗੁਰ ਪੰਥ ਪ੍ਰਕਾਸ਼, ਸ੍ਰ: ਰਤਨ ਸਿੰਘ ਭੰਗੂ)[1]

ਅਰਥਾਤ, ਜਦੋਂ ਗੁਰੂ ਪਾਤਸ਼ਾਹ ਨੇ ਮੁਗਲਾਂ ਦੇ ਜ਼ੁਲਮ ਦੇ ਟਾਕਰੇ ਲਈ ਹਥਿਆਰਬੰਦ ਸੰਘਰਸ਼ ਲਈ ਆਮ ਲੋਕਾਂ ਦੀ ਤਿਆਰੀ ਆਰੰਭੀ ਤਾਂ ਵਧੇਰਿਆਂ ਕਿਹਾ ਕਿ ਅਸੀਂ ਇਹ ਕਿਵੇਂ ਕਰ ਸਕਦੇ ਹਾਂ? ਅਸੀਂ ਤੁਰਕਾਂ ਨਾਲ ਕਿਵੇਂ ਲੜ ਸਕਦੇ ਹਾਂ? ਅਸੀਂ ਤਾਂ ਵਿਚਾਰੇ ਚਿੜੀਆਂ ਵਰਗੇ ਕਮਦਿਲ ਹਾਂ ਤੇ ਤੁਰਕ ਤਾਂ ਸ਼ਿਕਾਰੀ ਬਾਜ਼ਾਂ ਵਰਗੇ ਦਲੇਰ ਹਨ। ਅਸੀਂ ਤਾਂ ਨਿਮਾਣੀਆਂ ਬੱਕਰੀਆਂ ਹਾਂ ਅਤੇ ਤੁਰਕ ਖੂੰਖਾਰ ਬਘਿਆੜ ਹਨ।

ਪਾਤਸ਼ਾਹ! ਤੁਸੀਂ ਸਾਡੇ ਵਰਗੇ ਹਿਰਨਾਂ ਤੋਂ ਸ਼ੇਰਾਂ ਦਾ ਸ਼ਿਕਾਰ ਕਿਵੇਂ ਕਰਵਾ ਸਕੋਗੇ? ਇਹ ਤਾਂ ਛੱਜੇ ਨਾਲ ਪਹਾੜ ਉਪਰ ਪਾਣੀ ਚੜ੍ਹਾਉਣ ਵਾਲੀ ਗੱਲ ਹੈ। ਉਹ ਤਾਂ ਜਨਮ ਤੋਂ ਹੀ ਜੁਝਾਰੂ ਸੂਰਮੇ ਹਨ ਅਤੇ ਅਸੀਂ ਗਰੀਬ ਜਿਹੇ ਜੱਟ ਬੂਟ ਨਾਈ ਤਰਖਾਣ ਹਾਂ। ਤੁਸੀਂ ਤਾਂ ਸਾਰੇ ਸਾਡੇ ਵਰਗੇ ਨੀਵੀਆਂ ਜ਼ਾਤਾਂ ਵਾਲੇ ਇਕੱਠੇ ਕਰ ਲਏ ਹਨ ਜਿਨ੍ਹਾਂ ਨੇ ਕਦੀਂ ਸ਼ਸ਼ਤਰ ਹੱਥ ਵਿਚ ਫੜ ਕੇ ਨਹੀਂ ਵੇਖਿਆ ਅਤੇ ਤੁਸੀਂ ਤੁਰਕਾਂ ਨਾਲ ਯੁੱਧ ਕਰਾਉਣ ਦੀ ਗੱਲ ਕਰਦੇ ਹੋ। ਤੁਸੀਂ ਤਾਂ ਰਾਜਪੂਤ ਰਾਜਿਆਂ ਨੂੰ ਵੰਗਾਰ ਪਾਓ ਸ਼ਾਇਦ ਉਹ ਹੀ ਤੁਹਾਡੀ ਇਸ ਕਾਰਜ ਵਿਚ ਮਦਦ ਕਰ ਸਕਦੇ ਹਨ।

ਜਦੋਂ ਮਰਦ ਅਗੰਮੜੇ ਸ਼ੇਰ ਮਰਦ ਨੇ ਲੋਕਾਂ ਦੀ ਇਹ ਗੱਲ ਸੁਣੀ ਤਾਂ ਅੱਖਾਂ ਰੋਹ ਨਾਲ ਲਾਲ ਹੋ ਗਈਆਂ, ਸਰੀਰ ਵਿਚ ਇਕ ਬਿਜਲੀ ਜਿਹੀ ਦੌੜੀ, ਡੌਲੇ ਫਰਕੇ ਅਤੇ ਹੱਥ ਵਿਚ ਸ਼ਮਸ਼ੀਰ ਫੜ ਕੇ ਉਹਨਾਂ ਨੂੰ ਵੰਗਾਰ ਕੇ ਆਖਿਆ:

*ਸਤ ਸਨਾਤਿ ਔ ਬਾਰਹ ਜਾਨਹਿ ਨਹਿ ਰਾਜਨੀਤ ਕੀ ਬਾਤ।*
*ਜੱਟ ਬੂਟ ਕਹਿ ਜਗ ਮਾਂਹੀ, ਬਣੀਏ ਬਕਾਲ ਕਿਰਾੜ ਖੱਤ੍ਰੀ ਸਦਾਈਂ॥ ੨੦॥*
*ਲੁਹਾਰ ਤਰਖਾਣ ਹੁਤ ਜਾਤ ਕਮੀਨੀ, ਛੀਪੋ ਕਲਾਲ ਨੀਚਨ ਪੈ ਕ੍ਰਿਪਾ ਕੀਨੀ॥*
*ਗੁੱਜਰ ਗੁਾਰ ਹੀਰ ਕਮਜਾਤ, ਕੰਬੋਇ ਸੂਦਨ ਕੋਇ ਪੂਛੈ ਨਾ ਬਾਤ॥ ੨੧॥*
*ਝੀਵਰ ਨਾਈ ਰੋੜੇ ਘੁਮਿਆਰ, ਸਾਇਣੀ ਸੁਨਿਆਰੇ ਹੋਰ ਬੇਸ਼ੁਮਾਰ॥*
*ਭੱਟ ਔ ਬ੍ਰਾਹਮਣ ਹੁਤੇ ਮੰਗਵਾਰ, ਬਹੁਰੂਪੀਏ ਲੁਬਾਣੇ ਔ ਘੁਮਿਆਰ॥ ੨੨॥*
*ਇਨ ਗਰੀਬ ਸਿੰਘਨ ਕੌ ਦਯੈ ਪਾਤਸ਼ਾਹੀ, ਏ ਯਾਦ ਰਖੈਂ ਹਮਰੀ ਗੁਰਿਆਈ॥*
*ਤੌ ਸਦ ਸਤਿਗੁਰ ਸਿੱਖ ਲਲਕਾਰੇ, ਫੜੋ ਸ਼ਸਤ੍ਰਨ ਲਿਹੁ ਤੁਰਕ ਮਾਰੇ॥ ੨੩॥*

(ਸ੍ਰੀ ਗੁਰੂ ਪੰਥ ਪ੍ਰਕਾਸ਼)[2]

ਸੋ ਇਹ ਇਕ ਅੰਸ਼ ਮਾਤਰ ਉਦਾਹਰਣ ਕਿ ਸ਼ਿਵਾ ਜੀ ਵਰਗੇ ਰਜਵਾੜਿਆਂ ਨੇ ਤਾਂ ਕਾਇਮ ਕੀਤੇ ਸਾਮਰਾਜ ਵਿਚ ਗਰੀਬਾਂ ਦਲਿਤਾਂ ਉਪਰ ਜ਼ਾਤੀਵਾਦ ਦੇ ਨਾਮ ਹੇਠ ਜ਼ੁਲਮ ਕੀਤੇ ਜਦੋਂ ਕਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਬ੍ਰਾਹਮਣਵਾਦ ਦੇ ਜ਼ਾਤੀਵਾਦ ਦੇ ਬੋਝ ਹੇਠਾਂ ਦੱਬੇ ਕੁਚਲੇ ਲੋਕਾਂ ਨੂੰ ਹੱਥੀਂ ਸ਼ਮਸ਼ੀਰ ਫੜਾ ਅਤੇ ਰਾਜਨੀਤੀ ਦੀ ਬਾਤ ਸਮਝਾ ਕੇ ਰੰਕਾਂ ਤੋਂ ਰਾਜੇ ਬਣਾ ਦਿੱਤੇ ਅਤੇ ਖ਼ਾਲਸਈ ਰਾਜ ਦੀ ਸਥਾਪਨਾ ਗੁਰੂ ਪਾਤਸ਼ਾਹ ਜੀ ਦੀ ਇਸ ਦੂਰ-ਅੰਦੇਸ਼ੀ ਦਾ ਹੀ ਫਲ ਸੀ।

ਬਿਪਰਵਾਦ ਦੇ ਸ਼ਿਕੰਜੇ ਵਿਚ ਫੱਸ ਚੁਕੇ ਸ਼ਿਵਾ ਜੀ ਨੇ ਸੁਧਾਰਵਾਦੀ ਧਾਰਮਿਕ ਵਿਅਕਤੀਆਂ ਉਪਰ ਰੱਜ ਕੇ ਜ਼ੁਲਮ ਕੀਤੇ ਪਰੰਤੂ ਗੁਰੂ ਜੀ ਤਾਂ ਆਪਣੇ ਸੰਸਾਰ ਆਗਮਨ ਦੇ ਬਾਰੇ ਸਪੱਸ਼ਟ ਕਰਦੇ ਹਨ:

*ਧਰਮ ਚਲਾਵਨ ਸੰਤ ਉਬਾਰਨ॥*
*ਦੁਸ਼ਟ ਸਭਨ ਕੋ ਮੂਲ ਉਪਾਰਨ॥*

ਮਰਾਠਿਆਂ ਦੇ ਵਿਚੋਂ ਉਪਜ ਕੇ ਰਿਸ਼ਵਤ ਸਦਕਾ ਅਖੌਤੀ ਨੀਵੀਂ ਜ਼ਾਤੀ ਤੋਂ ਖੱਤਰੀ ਬਣੇ

ਸ਼ਿਵਾ ਜੀ ਨੇ ਆਪਣੇ ਸਹਿਧਰਮੀਆਂ ਅਤੇ ਹੋਰ ਜ਼ਾਤੀਆਂ ਉਪਰ ਬਿਪਰਵਾਦੀਆਂ ਦੇ ਕਹਿਣ ਤੇ ਰੱਜ ਕੇ ਜ਼ੁਲਮ ਕੀਤੇ, ਪਰੰਤੂ ਗੁਰੂ ਸਾਹਿਬ ਨੇ ਤਾਂ ਗ਼ੈਰ-ਸਿੱਖਾਂ ਉਪਰ ਵੀ ਹੋ ਰਹੇ ਜ਼ੁਲਮਾਂ ਅਤੇ ਮਨੁੱਖੀ ਹੱਕਾਂ ਦੀ ਬਹਾਲੀ ਵਾਸਤੇ ਆਵਾਜ਼ ਬੁਲੰਦ ਕਰਨ ਲਈ ਸਾਰਾ ਸਰਬੰਸ ਕੁਰਬਾਨ ਕਰ ਦਿੱਤਾ।

ਜਿਥੋਂ ਤਕ ਮਹਾਰਾਣਾ ਪ੍ਰਤਾਪ ਦਾ ਸੰਬੰਧ ਹੈ, ਬੇਸ਼ਕ ਕਿ ਹੁਣ ਉਸਨੂੰ ਹਿੰਦੂ ਹੀਰੋ ਦੇ ਤੌਰ ਤੇ ਪੇਸ਼ ਕੀਤਾ ਜਾ ਰਿਹਾ ਹੈ, ਕਿਉਂਕਿ ਉਹ ਸਾਰੀ ਉਮਰ ਮੁਗਲਾਂ ਖਿਲਾਫ਼ ਲੜਦਾ ਰਿਹਾ, ਪਰੰਤੂ ਉਸ ਦੇ ਸੰਘਰਸ਼ ਪਿਛੇ ਉਸਦੀ ਮੂਲ ਭਾਵਨਾ ਦੇਸ਼ ਅਜ਼ਾਦੀ ਨਹੀਂ ਕੇਵਲ ਇਕ ਛੋਟੇ ਜਿਹੇ ਰਾਜ ਦੀ ਸਥਾਪਨਾ ਤੱਕ ਸੀਮਤ ਸੀ ਅਤੇ ਉਸ ਦਾ ਸੰਘਰਸ਼ ਨਾ ਹੀ ਕਿਸੇ ਪੱਖ ਤੋਂ ਧਰਮ ਯੁੱਧ ਸੀ। ਉਸ ਦੀ ਵੈਸੇ ਉਸ ਸਮੇਂ ਦੇ ਹਿੰਦੂ ਅਤੇ ਰਾਜਪੂਤ ਰਾਜਿਆਂ ਨੇ ਡੱਟ ਕੇ ਵਿਰੋਧਤਾ ਕੀਤੀ, ਕਿਉਂਕਿ ਉਸ ਸਮੇਂ ਤੱਕ ਤਾਂ ਭਾਰਤੀ ਗੌਰਵ ਦੇ ਪ੍ਰਤੀਕ ਰਾਜਪੂਤ ਯੋਧੇ ਆਪਣੀ ਅਣਖ ਤੇ ਮਰਦਾਵੀਂ ਗ਼ੈਰਤ ਨੂੰ ਮੁਗਲ ਸਮਰਾਟ ਅਕਬਰ ਦੇ ਕਦਮਾਂ ਵਿਚ ਅਰਪਣ ਕਰ ਚੁੱਕੇ ਸਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਰਾਣਾ ਪ੍ਰਤਾਪ ਕਾਫ਼ੀ ਸਮਾਂ ਮੁਗਲ ਸਾਮਰਾਜ ਦੇ ਖਿਲਾਫ਼ ਇਕ ਬਾਗੀ ਵਾਂਗ ਸੰਘਰਸ਼ ਕਰਦਾ ਰਿਹਾ ਅਤੇ ਉਸ ਦਾ ਸਾਥ ਹਿੰਦੂਆਂ ਨੇ ਬਿਲਕੁਲ ਨਹੀਂ ਦਿੱਤਾ, ਸਗੋਂ ਹਿੰਦੂਵਾਦ ਦੀ ਜ਼ਾਤੀ ਪ੍ਰਥਾ ਦੀ ਕੁਹਾੜੀ ਦੀ ਮਾਰ ਨਾਲ ਮਾਰੇ ਹੋਏ ਭੀਲਾਂ ਨੇ ਰਾਣਾ ਪ੍ਰਤਾਪ ਦਾ ਪੂਰਾ ਸਾਥ ਦਿੱਤਾ। ਮੁਗਲ ਰਾਜ ਦੀਆਂ ਜੜ੍ਹਾਂ ਪੁਟਣ ਵਿਚ ਰਾਣਾ ਪ੍ਰਤਾਪ ਦੀ ਮਦਦ ਕਰਨ ਦੀ ਬਜਾਇ, ਹਿੰਦੂ ਰਾਜਿਆਂ ਨੇ ਮੁਗਲ ਅਹਿਲਕਾਰਾਂ ਦੇ ਹੱਥਾਂ ਵਿਚ ਖੇਡ ਕੇ ਸਾਰੀ ਉਮਰ ਰਾਣਾ ਪ੍ਰਤਾਪ ਨੂੰ ਦੁਖੀ ਤੇ ਤੰਗ ਕੀਤਾ ਅਤੇ ਇਹਨਾਂ ਹਾਲਾਤਾਂ ਵਿਚ ਹੀ ਉਸਦੀ ਮੌਤ ਹੋਈ।

ਇਕ ਬਾਗੀ ਸਮਝ ਰਾਣਾ ਪ੍ਰਤਾਪ ਨੂੰ ਕੁਚਲਣ ਵਾਸਤੇ ਬੀਕਾਨੇਰ ਅਤੇ ਮੇਵਾੜ ਦੇ ਰਾਜਪੂਤ ਰਾਜਿਆਂ ਨੇ ਅਕਬਰ ਦਾ ਪੂਰਾ ਸਾਥ ਦਿੱਤਾ, ਕਿਉਂਕਿ ਜੋਧਾਬਾਈ (ਮੇਵਾੜ ਦੇ ਰਾਜਾ ਉਦੈ ਸਿੰਘ ਦੇ ਪਰਿਵਾਰ ਵਿਚੋਂ) ਦੇ ਅਕਬਰ ਨਾਲ ਵਿਆਹ ਤੋਂ ਪਿਛੋਂ ਰਾਜਪੂਤ ਰਾਜੇ ਤਾਂ ਅਕਬਰ ਨੂੰ ਆਪਣਾ ਰਿਸ਼ਤੇਦਾਰ (ਫੁਫੜ ਜੀ) ਸਮਝਦੇ ਸਨ। ਜੋਧਾਬਾਈ ਦੇ ਰਿਸ਼ਤੇ ਦੇ ਇਵਜ਼ ਵਜੋਂ ਰਾਜਪੂਤਾਂ ਨੇ ਅਕਬਰ ਕੋਲੋਂ ਚਾਰ ਪਿੰਡ ਖ਼ੈਰਾਤ ਵਿਚ ਲਏ ਸਨ। ਇਸ ਕਰਕੇ ਹੀ ਉਹ ਰਾਜਪੂਤ ਜਿਨ੍ਹਾਂ ਦੀ ਅਣਖ ਦੇ ਸ਼ੋਹਲੇ ਸਾਰੇ ਹਿੰਦੁਸਤਾਨ ਵਿਚ ਗਾਏ ਜਾਂਦੇ ਸਨ, ਉਹ ਅਕਬਰ ਦੇ ਗਲੇ ਦਾ ਹਾਰ ਬਣੇ ਬੈਠੇ ਸਨ।

ਰਾਣਾ ਪ੍ਰਤਾਪ ਨੇ ਬੇਸ਼ਕ ਕਰੀਬ 25 ਸਾਲ ਮੁਗਲ ਸਾਮਰਾਜ ਦੇ ਖਿਲਾਫ਼ ਸੰਘਰਸ਼ ਕੀਤਾ, ਪਰੰਤੂ ਉਸ ਦੀ ਤੁਲਨਾ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨਾਲ ਕਰਨੀ ਸਿੱਖ ਸਿਧਾਂਤਾਂ ਅਤੇ ਇਤਿਹਾਸ ਨਾਲ ਕੋਝਾ ਮਜ਼ਾਕ ਹੈ। ਸਮੁੱਚੇ ਜੀਵਨ, ਸੰਘਰਸ਼, ਕੁਰਬਾਨੀ, ਸੇਵਾ, ਆਦਰਸ਼, ਚੜ੍ਹਦੀ ਕਲਾ, ਤਿਆਗ, ਦ੍ਰਿੜ੍ਹਤਾ ਅਤੇ ਹੋਰ ਅਨੇਕਾਂ ਗੁਣਾਂ ਨੂੰ ਅਧਾਰ ਬਣਾ ਕੇ ਵਿਸਥਾਰ ਦੇਣਾ ਤਾਂ ਸ਼ਾਇਦ ਕਲਮ ਦੇ ਵੱਸ ਦੀ ਗੱਲ ਨਹੀਂ।

ਮਹਾਰਾਣਾ ਪ੍ਰਤਾਪ ਅਤੇ ਗੁਰੂ ਗੋਬਿੰਦ ਸਿੰਘ ਨੂੰ ਇਕ ਲੜੀ ਵਿਚ ਪਰੋਣਾ ਜਾਂ ਟਾਕਰਾ

ਕਰਨਾ ਤਾਂ ਸੂਰਜ ਨੂੰ ਦੀਵਾ ਵਿਖਾਉਣ ਦੇ ਤੁੱਲ ਹੈ। ਰਾਣਾ ਪ੍ਰਤਾਪ ਦੇ ਜੀਵਨ ਦੀ ਇਕ ਘਟਨਾ ਹੈ ਕਿ ਇਕ ਵਾਰੀ ਰਾਣਾ ਪ੍ਰਤਾਪ ਅਕਬਰ ਦੀਆਂ ਫ਼ੌਜਾਂ ਤੋਂ ਭਾਂਜ ਖਾ ਕੇ ਜੰਗਲ ਵਿਚ ਲੁਕਿਆ ਹੋਇਆ ਸੀ, ਕੋਲ ਖਾਣ ਨੂੰ ਕੁਝ ਨਹੀਂ ਸੀ। ਆਪਣੀ ਬੇਟੀ ਦੀ ਭੁੱਖ ਨੂੰ ਮਿਟਾਉਣ ਵਾਸਤੇ ਪ੍ਰਤਾਪ ਨੇ ਇਕ ਰੋਟੀ ਦਾ ਟੁਕੜਾ ਜਦੋਂ ਛੋਟੀ ਜਿਹੀ ਬੇਟੀ ਨੂੰ ਦਿੱਤਾ ਤਾਂ ਉਸਨੇ ਅਜੇ ਹੱਥ ਵਿਚ ਫੜਿਆ ਹੋਇਆ ਸੀ ਕਿ ਇਕ ਜੰਗਲੀ ਬਿਲੀ ਝਪਟ ਮਾਰ ਕੇ ਰੋਟੀ ਦਾ ਉਹ ਟੁਕੜਾ ਉਸ ਬੱਚੀ ਤੋਂ ਖੋਹ ਕੇ ਲੈ ਗਈ। ਭੁੱਖ ਨਾਲ ਵਿਲਕਦੀ ਬੱਚੀ ਪ੍ਰਤਾਪ ਕੋਲੋਂ ਵੇਖੀ ਨਾ ਗਈ। ਰਾਣਾ ਪ੍ਰਤਾਪ ਦੇ ਨੇਤਰਾਂ ਵਿਚੋਂ ਨੀਰ ਵਹਿ ਤੁਰਿਆ। ਉਸਨੇ ਉਸੇ ਵੇਲੇ ਇਕ ਪੱਤਰ ਅਕਬਰ ਵੱਲ ਲਿਖਿਆ ਕਿ ਉਹ ਅਕਬਰ ਦੀ ਅਧੀਨਤਾ ਮੰਨਣ ਅਤੇ ਸੁਲ੍ਹਾ ਕਰਨ ਵਾਸਤੇ ਤਿਆਰ ਹੈ। ਅਕਬਰ ਨੂੰ ਲਿਖਿਆ ਪੱਤਰ ਪ੍ਰਤਾਪ ਨੇ ਰਾਜਾ ਪ੍ਰਿਥਵੀਰਾਜ ਨੂੰ ਵਿਖਾ ਦਿੱਤਾ ਜੋ ਕਿ ਅਕਬਰ ਦੀ ਫ਼ੌਜ ਵਿੱਚ ਅਹਿਲਕਾਰ ਸੀ। ਰਾਜਾ ਪ੍ਰਿਥਵੀਰਾਜ ਵੀ ਬੇਸ਼ਕ ਅਕਬਰ ਦੇ ਪਾਸ ਨੌਕਰੀ ਕਰਦਾ ਪਰੰਤੂ ਉਹ ਵਿਚੋਂ ਅਕਬਰ ਨਾਲੋਂ ਨਰਾਜ਼ ਸੀ, ਕਿਉਂਕਿ ਉਸਦੀ ਪਤਨੀ ਨੂੰ ਵੀ ਹੀਰੇ ਜਵਾਹਰਾਤਾਂ ਦਾ ਲਾਲਚ ਦੇ ਕੇ ਇਕ ਰਾਤ ਵਾਸਤੇ ਅਕਬਰ ਨੇ ਆਪਣੀ ਸੇਜ ਦਾ ਸ਼ਿੰਗਾਰ ਬਣਾਇਆ ਸੀ। ਉਸ ਨੇ (ਪ੍ਰਿਥਵੀਰਾਜ) ਆਪਣੇ ਵੱਲੋਂ ਹੀ ਰਾਣਾ ਪ੍ਰਤਾਪ ਨੂੰ ਇਕ ਮੋੜਵਾਂ ਪੱਤਰ ਲਿਖਿਆ ਕਿ ਅਕਬਰ ਤਾਂ ਹੁਣ ਹਾਰ ਦੇ ਕਿਨਾਰੇ ਹੈ, ਤੁਸੀਂ ਆਪਣਾ ਸੰਘਰਸ਼ ਅਕਬਰ ਦੇ ਖਿਲਾਫ਼ ਜਾਰੀ ਰੱਖੋ। ਇਸ ਤਰ੍ਹਾਂ ਰਾਣਾ ਪ੍ਰਤਾਪ ਦੀ ਇਹ ਯੋਜਨਾ ਵੀ ਸਿਰੇ ਨਾ ਚੜ੍ਹੀ ਅਤੇ ਹਲਦੀ ਘਾਟੀ ਦੀ ਲੜਾਈ ਵਿਚ ਉਸ ਦੀ ਬੁਰੀ ਤਰ੍ਹਾਂ ਹਾਰ ਹੋਈ। 22,000 ਸਿਪਾਹੀਆਂ ਵਿਚੋਂ ਕੇਵਲ 8000 ਸਿਪਾਹੀ ਹੀ ਬਚੇ। ਰਾਣਾ ਪ੍ਰਤਾਪ ਨੂੰ ਤਾਂ ਭੀਲਾਂ ਨੇ ਬਚਾ ਲਿਆ ਪਰੰਤੂ ਇਸ ਹਾਰ ਦੇ ਨਾਲ ਹੀ ਉਸ ਦੇ ਸੰਘਰਸ਼ ਦਾ ਲੱਕ ਟੁੱਟ ਗਿਆ।

'ਭੀਮ ਪੱਤਰਕਾ' ਦੇ ਸੰਪਾਦਕ ਐਲ. ਆਰ. ਬਾਲੀ ਨੇ ਲਿਖਿਆ ਹੈ:

"ਰਾਣਾ ਪ੍ਰਤਾਪ ਦਾ ਦਰਦਨਾਕ ਜੀਵਨ ਹਿੰਦੂਆਂ ਦੇ ਸ਼ਰਮਨਾਕ ਇਤਿਹਾਸ ਦੀ ਮੂੰਹ ਬੋਲਦੀ ਤਸਵੀਰ ਹੈ। ਪ੍ਰਤਾਪ ਦੇ ਵਫ਼ਾਦਾਰ ਘੋੜੇ ਚੇਤਕ ਦਾ ਜਾਰੋਲ ਵਿਖੇ ਚਬੂਤਰਾ ਹਿੰਦੂਆਂ ਦੀਆਂ ਗਦਾਰੀਆਂ ਦਾ ਸਥਾਈ ਸਮਾਰਕ ਹੈ।"

ਦੂਸਰੇ ਪਾਸੇ ਮਰਦ ਅਗੰਮੜੇ, ਵਰਿਆਮ ਯੋਧੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਾਰਾ ਸਰਬੰਸ ਹੀ ਨਿਮਾਣਿਆਂ, ਨਿਤਾਣਿਆਂ ਨੂੰ ਮਾਣ-ਤਾਣ ਬਖਸ਼ਿਸ਼ ਕਰਨ ਹੇਤ ਭੇਟਾ ਕੀਤਾ। ਏਨੀਆਂ ਵੱਡੀਆਂ ਕੁਰਬਾਨੀਆਂ ਪਿੱਛੇ ਕੋਈ ਸਾਮਰਾਜ ਸਥਾਪਿਤ ਕਰਨ ਦੀ ਲਾਲਸਾ ਨਹੀਂ ਬਲਕਿ ਇਨਸਾਨੀ ਹੱਕਾਂ ਦੀ ਰਾਖੀ ਸੀ। ਸਾਕਾ ਸਰਹਿੰਦ ਅਤੇ ਸਾਕਾ ਚਮਕੌਰ ਆਪਣੇ ਆਪ ਵਿਚ ਐਸਾ ਇਤਿਹਾਸ ਛੁਪਾਈ ਬੈਠੇ ਹਨ, ਜੈਸੀਆਂ ਘਟਨਾਵਾਂ ਸੰਸਾਰ ਦੇ ਇਤਿਹਾਸ ਵਿੱਚ ਬਿਲਕੁਲ ਨਹੀਂ ਵਾਪਰੀਆਂ। ਆਪਣੇ ਫਰਜ਼ੰਦਾਂ ਦੀ ਅੱਖਾਂ ਸਾਹਵੇਂ ਹੋਈ ਸ਼ਹਾਦਤ ਨੂੰ ਪਿਤਾ ਨੇ ਤੱਕਿਆ ਅਤੇ ਚੜ੍ਹਦੀ ਕਲਾ ਦਾ ਜੈਕਾਰਾ ਛੱਡਿਆ। ਕਵੀ ਸੈਨਾਪਤਿ ਲਿਖਦਾ ਹੈ:

*ਲਗੀ ਕਾਰ ਅਸਵਾਰ ਕੈ ਕੀਨੌ ਕਾਮ ਅਪਾਰ॥*
*ਪੀਓ ਪਿਆਲਾ ਪ੍ਰੇਮ ਕਾ ਮਗਨ ਭਯੋ ਅਸਵਾਰ॥*

ਤਾਹਿ ਸਮੇ ਐਸੇ ਕਹਿਓ ਗੋਬਿੰਦ ਸਰਨ ਬੀਚਾਰ॥
ਆਜ ਖਾਸ ਭਏ ਖ਼ਾਲਸਾ ਸਤਿਗੁਰ ਕੇ ਦਰਬਾਰ॥

(ਸ੍ਰੀ ਗੁਰੂ ਸੋਭਾ)[3]

ਹਕੀਮ ਅੱਲ੍ਹਾ ਯਾਰ ਖਾਨ 'ਯੋਗੀ' ਲਿਖਦੇ ਹਨ:

ਕਟਵਾ ਕੇ ਪਿਸਰ ਚਾਰੇ ਇਕ ਆਂਸੂ ਨਾ ਗਿਰਾਇਆ॥
ਰੁਤਬਾ ਗੁਰੂ ਗੋਬਿੰਦ ਨੇ ਰਿਸ਼ੀਓਂ ਕਾ ਬੜਾਇਆ॥

ਇਥੋਂ ਤਕ ਕਿ ਔਰੰਗਜ਼ੇਬ ਨੂੰ ਲਿਖੇ 'ਫ਼ਤਹਿ ਪੱਤਰ' ਵਿੱਚ ਕਿਹਾ:

ਚਿਹਾਂ ਸ਼ੁੱਦ ਕਿ ਬੱਚਗਾਂ ਕੁਸ਼ਤਹ ਚਾਰ॥
ਕਿ ਬਾਕੀ ਬਿਮਾਂਦ ਅਸਤੁ ਪੇਚੀਦਾਹ ਮਾਰ॥

ਅਰਥਾਤ, ਕੀ ਹੋਇਆ ਕਿ ਤੂੰ ਮੇਰੇ ਚਾਰ ਪੁੱਤਰ ਕਤਲ ਕਰ ਦਿੱਤੇ, ਪਰੰਤੂ ਜ਼ੁਲਮ ਦੀਆਂ ਜੜ੍ਹਾਂ ਪੁੱਟਣ ਲਈ ਕੁੰਡਲੀ ਵਾਲਾ ਸੱਪ ਖ਼ਾਲਸਾ ਅਜੇ ਬਾਕੀ ਹੈ।

1. ਸ੍ਰੀ ਗੁਰ ਪੰਥ ਪ੍ਰਕਾਸ਼, ਪੰਨਾ 73, ਰਚਿਤ: ਸ: ਰਤਨ ਸਿੰਘ ਭੰਗੂ, ਸੰਪਾਦਕ:- ਜੀਤ ਸਿੰਘ ਸੀਤਲ ਪ੍ਰਕਾਸ਼ਕ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ।
2. ਪੰਨਾ 72, ਹਵਾਲਾ ਉਪਰੋਕਤ
3. ਸ੍ਰੀ ਗੁਰੂ ਸੋਭਾ (ਸੈਨਾਪਤਿ) ਸੰਪਾਦਕ: ਡਾ: ਗੰਡਾ ਸਿੰਘ, ਪ੍ਰਕਾਸ਼ਕ : ਪੰਜਾਬੀ ਯੂਨੀਵਰਸਿਟੀ ਪਟਿਆਲਾ

# ਕੀ ਸਿੱਖ ਗਣੇਸ਼ਪੂਜਕ ਹਨ ?

ਹਿੰਦੂ ਧਰਮ ਦੀਆਂ ਸਾਰੀਆਂ ਸ਼ਾਖਾਵਾਂ ਵਿੱਚ ਗਣਪਤੀ (ਗਣੇਸ਼) ਪੂਜਾ ਦਾ ਆਪਣਾ ਹੀ ਵਿਸ਼ੇਸ਼ ਮਹੱਤਵ ਹੈ। ਭਾਵੇਂ ਕਈ ਹਿੰਦੂ ਧਰਮੀ ਮੱਤਾਂ ਦਾ ਕੁਝ ਗੱਲਾਂ ਤੇ ਆਪਾ ਵਿਰੋਧ ਵੀ ਹੈ, ਗਣੇਸ਼ ਪੂਜਾ ਸਾਰੇ ਹੀ ਕਰਦੇ ਹਨ। ਦੱਖਣੀ ਭਾਰਤ ਵਿੱਚ ਤਾਂ ਇਸ ਪੂਜਾ ਦਾ ਖਾਸ ਮਹੱਤਵ ਹੈ। ਉਸ ਖਿੱਤੇ ਵਿੱਚ ਤਾਂ ਕਾਫੀ ਦਿਨ ਗਣਪਤੀ ਮਹਾਂਉਤਸਵ ਚਲਦੇ ਹਨ। ਪਰੰਤੂ ਸਾਲ 2003 ਵਿੱਚ ਨਾਗਪੁਰ ਵਿਚ ਗਣੇਸ਼ ਪੂਜਾ ਉਤਸਵ ਸਮੇਂ ਸਿੱਖ ਸਿਧਾਂਤਾਂ ਉਪਰ ਗਹਿਰਾ ਵਾਰ ਕੀਤਾ ਗਿਆ। ਇਕ ਗੁਰਦੁਆਰੇ ਵਰਗਾ ਮੰਡਪ ਸਜਾਇਆ ਗਿਆ, ਜਿਸ ਦੇ ਉਪਰ ਲੱਗੇ ਬੋਰਡ ਉਪਰ ਅੰਕਿਤ ਸੀ 'ਗੁਰਦੁਆਰਾ ਪ੍ਰਵੇਸ਼ ਦੁਆਰ'। ਇਸ ਗੁਰਦੁਆਰਾ ਰੂਪੀ ਇਮਾਰਤ ਉਪਰ ਹਿੰਦੂ ਧਰਮ ਨਾਲ ਸੰਬੰਧਤ ਭਗਵੇਂ ਝੰਡੇ ਲੱਗੇ ਹੋਏ ਸਨ। ਗਣਪਤੀ ਉਤਸਵ ਕਮੇਟੀ ਵਲੋਂ ਛਪਵਾਏ ਗਏ ਪੋਸਟਰ ਵੀ ਇਤਰਾਜ਼ ਯੋਗ ਸਨ। ਇਹਨਾਂ ਪੋਸਟਰਾਂ ਉਪਰ ਘੰਟਾਘਰ ਹਰਿਮੰਦਰ ਸਾਹਿਬ ਦੀ ਤਸਵੀਰ ਉਪਰ ਗੁਰੂ ਨਾਨਕ ਸਾਹਿਬ ਅਤੇ ਹੇਠਾਂ ਗਣੇਸ਼ ਦੀ ਤਸਵੀਰ ਛਾਪੀ ਗਈ ਸੀ। ਸਿੱਖ ਧਰਮ ਪਹਿਲੀ ਗੱਲ ਤਾਂ ਇਹ ਹੈ ਕਿ ਮੂਰਤੀ ਪੂਜਾ ਦੇ ਵਿੱਚ ਬਿਲਕੁਲ ਵਿਸ਼ਵਾਸ ਨਹੀਂ ਰੱਖਦਾ, ਦੂਸਰਾ ਗੁਰਮਤਿ ਵਿਚਾਰਧਾਰਾ ਵਿਚ ਗਣੇਸ਼ ਪੂਜਾ ਨੂੰ ਨਿਖਿੱਧ ਕਰਮ ਮੰਨਿਆ ਗਿਆ ਹੈ। ਉਪਰੋਕਤ ਤੁਅੱਸਬੀ ਜਨੂੰਨ ਨਾਲ ਭਰਪੂਰ ਬਿਪਰਵਾਦੀ ਸੰਸਥਾ ਵਲੋਂ ਸਿੱਖ ਧਰਮ ਦੇ ਨਾਲ-ਨਾਲ ਈਸਾਈ ਧਰਮ ਅਤੇ ਇਸਲਾਮ ਧਰਮ ਦੀ ਵਿਚਾਰਧਾਰਾ ਉਪਰ ਵੀ ਕਰਾਰਾ ਵਾਰ ਕੀਤਾ ਹੈ। ਈਸਾਈ ਮਤ ਦੇ ਸਤਿਕਾਰਤ ਯਸੂ ਮਸੀਹ ਅਤੇ ਇਸਲਾਮ ਧਰਮ ਦੇ ਪੈਗੰਬਰ (ਨਾਮ ਨਹੀਂ ਦਿੱਤਾ ਗਿਆ) ਨੂੰ ਵੀ ਗੁਰੂ ਨਾਨਕ ਸਾਹਿਬ ਦੇ ਨਾਲ ਇਕ ਬੈਨਰ ਉਪਰ ਗਣੇਸ਼ ਨੂੰ ਅਸ਼ੀਰਵਾਦ ਦਿੰਦੇ ਹੋਏ ਦਿਖਾਇਆ ਹੈ। ਜ਼ਿਕਰਯੋਗ ਹੈ ਕਿ ਤਸਵੀਰ ਪੂਜਾ, ਮੂਰਤੀ ਪੂਜਾ, ਜਿਥੇ ਸਿੱਖ ਧਰਮ ਵਿਚ ਵਿਵਰਜਿਤ ਹੈ, ਉਥੇ ਇਸਲਾਮ ਧਰਮ ਵਿੱਚ ਇਸ ਦਾ ਨਾਮੋ-ਨਿਸ਼ਾਨ ਨਹੀਂ ਹੈ ਅਤੇ ਇਸਲਾਮ ਧਰਮ ਦੇ ਪੈਗੰਬਰਾਂ ਦੀਆਂ ਤਸਵੀਰਾਂ ਇਸ ਤਰ੍ਹਾਂ ਪ੍ਰਕਾਸ਼ਿਤ ਕਰਨੀਆਂ ਵੀ ਇਸਲਾਮ ਧਰਮ ਦੇ ਸਿਧਾਂਤਾਂ ਦੀ ਤੌਹੀਨ ਹੈ।

ਗੁਰਮਤਿ ਵਿਚਾਰਧਾਰਾ, ਗੁਰਧਾਮ ਅਤੇ ਗੁਰੂ ਸਾਹਿਬਾਨ ਨੂੰ ਗਣਪਤੀ ਪੂਜਾ ਨਾਲ ਜੋੜਨਾ ਗੁਰਮਤਿ ਸਿਧਾਂਤਾਂ ਉਪਰ ਗਹਿਰਾ ਬੌਧਿਕ ਵਾਰ ਹੈ। ਗੁਰਮਤਿ ਨਜ਼ਰੀਏ ਤੋਂ ਨਿਸ਼ੇਧ ਗਣਪਤੀ ਪੂਜਾ ਦਾ ਜ਼ਿਕਰ ਕਰਨ ਤੋਂ ਪਹਿਲਾਂ ਗਣੇਸ਼ ਪੂਜਾ ਬਾਰੇ ਵਿਸਥਾਰਤ ਜਾਣਕਾਰੀ ਦੇਣੀ ਵੀ ਪਾਠਕਾਂ ਲਈ ਜ਼ਰੂਰੀ ਹੈ, ਜੋ ਇਸ ਪ੍ਰਕਾਰ ਹੈ:

ਸ਼ਿਵ ਪੁਰਾਣ[1] ਦੇ ਅਨੁਸਾਰ ਨਾਰਦਮੁਨੀ ਆਪਣੇ ਪਿਤਾ ਬ੍ਰਹਮਾ ਨੂੰ ਕਹਿੰਦਾ ਕਿ ਮੈਨੂੰ

ਗਣਪਤੀ (ਗਣੇਸ਼) ਦੇ ਬਾਰੇ ਦਸੋ ਕਿ ਇਹ ਕਿਸ ਦਾ ਪੁੱਤਰ ਹੈ?

ਬ੍ਰਹਮਾ ਦਸਦਾ ਕਿ ਗਿਰਜਾ (ਗੌਰੀ, ਪਾਰਵਤੀ) ਅਤੇ ਸ਼ਿਵ ਵਿਆਹ ਤੋਂ ਬਾਅਦ ਕਾਫੀ ਸਮਾਂ ਤੱਕ ਮੰਗਲਾਚਾਰ ਕਰਦੇ ਰਹੇ। ਕਾਫੀ ਸਮਾਂ ਬਤੀਤ ਹੋਇਆ ਤਾਂ ਦੇਵਤੇ ਚਿੰਤਤ ਹੋ ਗਏ ਕਿ ਹੁਣ ਪਰਲੋ ਜ਼ਰੂਰ ਆਵੇਗੀ। ਸੋ ਕੋਈ ਉਪਾਅ ਕਰਨਾ ਚਾਹੀਦਾ ਹੈ ਕਿ ਸ਼ਿਵ ਦਾ ਵੀਰਜ ਧਰਤੀ ਤੇ ਹੀ ਡਿੱਗੇ ਅਤੇ ਪਾਰਵਤੀ ਦੇ ਪੁੱਤਰ ਪੈਦਾ ਨਾ ਹੋਵੇ।

ਸਾਰੇ ਦੇਵਤੇ ਇਕੱਠੇ ਹੋ ਕੇ ਕੈਲਾਸ਼ ਪਰਬਤ ਉਪਰ ਗਏ ਅਤੇ ਸ਼ਿਵ ਦੇ ਦਵਾਰ ਤੇ ਉਚੀ ਨਾਦ ਕੀਤਾ, ਸ਼ਿਵ ਦੀ ਉਸਤਤੀ ਕੀਤੀ....... ਸ਼ਿਵ ਜੀ ਕਾਮ ਕ੍ਰੀੜਾ ਵਿੱਚੇ ਛੱਡ ਕੇ ਬਾਹਰ ਆਏ ਅਤੇ ਵੀਰਜ ਧਰਤੀ ਤੇ ਡਿੱਗ ਪਿਆ। ......... ਅਗਨੀ ਦੇਵਤਾ ਨੇ ਕਬੂਤਰ ਬਣ ਕੇ ਉਹ ਵੀਰਜ ਧਾਰਨ ਕਰ ਲਿਆ ਪਰ ਉਡਦਾ ਹੋਇਆ ਸਹਾਰ ਨਾ ਸਕਿਆ, ਉਸ ਨੇ ਵੀਰਜ ਨੂੰ ਇਕ ਪਹਾੜ ਉਪਰ ਸੁੱਟ ਦਿੱਤਾ ਜਿਸ ਤੋਂ ਸਕੰਦ ਦੀ ਉਤਪਤੀ ਹੋਈ....... ਗਿਰਜਾ (ਪਾਰਵਤੀ) ਬਹੁਤ ਕ੍ਰੋਧ ਵਿਚ ਆਈ, ਅਤੇ ਸਾਰੇ ਦੇਵਤਿਆਂ ਨੂੰ ਸਰਾਪ ਦੇ ਦਿੱਤੇ।....... ਸ਼ਿਵ ਜੀ ਨੇ ਗੌਰਾਂ (ਗਿਰਜਾ) ਨੂੰ ਪ੍ਰੇਮ ਭਰੀਆਂ ਗੱਲਾਂ ਸੁਣਾ ਕੇ ਕ੍ਰੋਧ ਸ਼ਾਂਤ ਕੀਤਾ। (ਅਧਿਆਇ : 14)

ਗਿਰਜਾ ਨੇ ਸ਼ਿਵ ਨੂੰ ਕਿਹਾ ਕਿ ਤੁਹਾਨੂੰ ਮੇਰੇ ਦੁਖ ਦਾ ਕੀ ਪਤਾ ਹੈ? ਸੰਸਾਰ ਵਿਚ ਸੰਤਾਨ ਤੋਂ ਬਿਨਾਂ ਇਸਤਰੀ ਨੂੰ ਕੋਈ ਸੁੱਖ ਨਹੀਂ।....... ਦੇਵਤਿਆਂ ਨੇ ਮੈਨੂੰ ਬਾਂਝ ਕਰਨ ਵਾਲਾ ਕਰਮ ਕੀਤਾ ਹੈ।....... ਪਾਰਵਤੀ ਨੇ ਬਹੁਤ ਰੁਦਨ ਕੀਤਾ।....... ਸ਼ਿਵ ਨੇ ਪਾਰਵਤੀ ਨੂੰ ਹਿਰਦੇ ਨਾਲ ਲਗਾਇਆ ਅਤੇ ਕਿਹਾ ਅਸੀਂ ਇਕ ਯੁਕਤੀ ਦੱਸਦੇ ਹਾਂ ਜਿਸ ਨਾਲ ਤੁਹਾਡੇ ਸਾਰੇ ਕਾਰਜ ਰਾਸ ਹੋ ਜਾਣਗੇ। ਅਸੀਂ, ਵਿਸ਼ਨੂੰ ਤੇ ਬ੍ਰਹਮਾ ਸਾਰੇ ਗਣਪਤੀ (ਗਣੇਸ਼) ਦੇ ਅਧੀਨ ਹਾਂ। ਅਸੀਂ ਉਹਨਾਂ ਨੂੰ ਗਣਪਤੀ ਅਤੇ ਗੁਰੂ ਕਹਿੰਦੇ ਹਾਂ। (ਗਣੇਸ਼ ਸ਼ਬਦ ਵੀ ਗਣ+ਈਸ਼ ਤੋਂ ਉਪਜਿਆ ਹੈ ਜਿਸਦਾ ਭਾਵ ਹੈ ਕਿ ਗਣਾਂ ਦਾ ਈਸ਼ਵਰ) ਉਸਦੀ ਪੂਜਾ ਨਾਲ ਸਾਰੇ ਦੁਖ ਦੂਰ ਹੁੰਦੇ ਹਨ। ...... ਗਣੇਸ਼ ਚੌਥ ਵਰਤ ਰੱਖੋ ਅਤੇ......... ਚੰਦਰਮਾਂ ਉਦੈ ਹੁੰਦਿਆਂ ਪੂਜਾ ਕਰੋ। (ਅਧਿਆਇ : 15)

ਗਿਰਜਾ (ਪਾਰਵਤੀ) ਨੇ ਬ੍ਰਾਹਮਣਾਂ ਨੂੰ ਬੁਲਾ ਕੇ ਪਵਿੱਤਰ ਹੋ ਕੇ ਵਰਤ ਆਰੰਭ ਕੀਤਾ।................. ਉਤਮ ਰੀਤੀ ਨਾਲ ਬ੍ਰਾਹਮਣਾਂ ਨੂੰ ਭੋਜਨ ਖਵਾਇਆ ਅਤੇ ਆਪ ਵੀ ਖਾਧਾ।................. ਹਰ ਮਹੀਨੇ ਚੌਥ ਦਾ ਵਰਤ ਰੱਖ ਕੇ ਗਿਰਜਾ ਦਾਨ ਕਰਦੀ ਰਹੀ।.............. ਵਰਤ ਰੱਖਦਿਆਂ ਇਕ ਸਾਲ ਪੂਰਾ ਹੋ ਗਿਆ।................... ਗਿਰਜਾ ਨੇ ਆਪਣੇ ਪਤੀ ਸ਼ਿਵ ਦੀ ਪ੍ਰੇਮ ਨਾਲ ਪੂਜਾ ਕੀਤੀ।............. ਉਹਨਾਂ ਗਿਰਜਾ ਦੀ ਭਾਵਨਾ ਨੂੰ ਜਾਣ ਲਿਆ।............ ਉਹਨਾਂ ਨੇ ਚੰਦਨ ਬਨ ਵਿਚ ਜਾ ਕੇ ਗਿਰਜਾ ਨਾਲ ਸੰਜੋਗ ਕੀਤਾ।............ (ਅਜੇ ਕਾਮ ਕ੍ਰੀੜਾ ਚਲ ਰਹੀ ਸੀ) ਗਣਪਤੀ (ਗਣੇਸ਼) ਜੀ ਬੜੇ ਕਰੂਪ ਬ੍ਰਾਹਮਣ ਦਾ ਰੂਪ ਧਾਰਨ ਕਰਕੇ ਸ਼ਿਵ ਦੇ ਦੁਆਰ ਤੇ ਆਏ ਅਤੇ ਕਹਿਣ ਲੱਗੇ, ਕਿ ਅਸੀਂ ਆਪ ਦੀ ਸ਼ਰਨ ਵਿਚ ਆਏ ਹਾਂ, ਅਸੀਂ ਸੱਤ ਦਿਨ ਦੇ ਭੁੱਖੇ ਹਾਂ, ਭੋਜਨ ਖਾਣਾ ਚਾਹੁੰਦੇ ਹਾਂ, ਸਾਨੂੰ ਖਾਣਾ ਖਵਾ ਕੇ ਪਾਣੀ ਪਿਲਾਓ। ਇਹ ਸੁਣ ਕੇ ਸ਼ਿਵ ਜੀ ਤੁਰੰਤ ਉਠ ਖੜੇ ਹੋਏ। ਸ਼ਿਵ ਜੀ ਦਾ ਵੀਰਜ

ਉਸੇ ਜਗ੍ਹਾ ਪਾਤ ਹੋ ਗਿਆ। ਗਿਰਜਾ ਵੀ ਉਠ ਕੇ ਆਪਣੇ ਬਸਤਰ ਪਾ ਕੇ ਬਾਹਰ ਆ ਗਈ। ....... ਗਿਰਜਾ ਨੇ ਉਸ ਬ੍ਰਾਹਮਣ ਦਾ ਸਤਿਕਾਰ ਕੀਤਾ। .......... ਉਸਨੂੰ ਬਹੁਤ ਉੱਤਮ ਖਾਣਾ ਖੁਆਇਆ।

.............ਉਸਨੇ ਬ੍ਰਾਹਮਣ ਨੂੰ ਉੱਤਮ ਖਾਣਾ ਖਵਾਇਆ।............. ਬ੍ਰਾਹਮਣ ਨੇ ਖੁਸ਼ ਹੋ ਕੇ ਅਸੀਸ ਦਿੱਤੀ ਕਿ ਤੁਹਾਡੀ ਕਾਮਨਾ ਪੂਰਨ ਹੋਵੇ।............ ਤੁਹਾਨੂੰ ਸੰਸਾਰਕ ਰੀਤੀ ਤੋਂ ਵਿਰੁੱਧ ਅਜਿਹਾ ਪੁੱਤਰ ਪ੍ਰਾਪਤ ਹੋਵੇ ਜੋ ਗਰਭ ਤੋਂ ਨਾ ਉਪਜਿਆ ਹੋਵੇ। ਇਹ ਕਹਿ ਕੇ ਉਹ ਬ੍ਰਾਹਮਣ ਅਲੋਪ ਹੋ ਗਿਆ।............ਸ਼ਿਵ ਅਤੇ ਗਿਰਜਾ ਦੀ ਸੇਜ ਉਪਰ ਜਿਥੇ ਵੀਰਜ ਡਿੱਗਾ ਪਿਆ ਸੀ ਉਹ ਮੁੱਖ ਰੂਪ ਵਿਚ ਪ੍ਰਗਟ ਹੋਇਆ। ............ਗਿਰਜਾ ਨੇ ਘਰ ਜਾ ਕੇ ਆਪਣੀ ਸੇਜਾ ਉਪਰ ਇਕ ਸੁੰਦਰ ਬਾਲਕ ਪਿਆ ਵੇਖਿਆ, ਜੋ ਹੱਸ-ਹੱਸ ਕੇ ਖੇਡ ਰਿਹਾ ਸੀ। ............ ਸ਼ਿਵ ਜੀ ਨੇ ਬਾਲਕ ਨੂੰ ਆ ਕੇ ਵੇਖਿਆ।

ਇਸ ਤੋਂ ਪਹਿਲਾਂ ਅਕਾਸ਼ ਬਾਣੀ ਹੋਈ ਕਿ ਹੇ ਗਿਰਜੇ! ਤੁਸੀਂ ਪ੍ਰਸੰਨ ਰਹੋ। ਉਹ ਬ੍ਰਾਹਮਣ ਆਪ ਗਣਪਤੀ ਸਨ। ਤੁਹਾਡੇ ਵਰਤ ਤੋਂ ਪ੍ਰਸੰਨ ਹੋ ਕੇ ਬਾਲਕ ਰੂਪ ਹੋ ਕੇ ਤੁਹਾਡੇ ਵਿਛੋਣੇ ਉਪਰ ਪਏ ਹੋਏ ਹਨ, ਤੁਸੀਂ ਅੰਦਰ ਜਾ ਕੇ ਵੇਖੋ। (ਅਧਿਆਇ : 17)

ਸ਼ਿਵ ਜੀ ਨੇ ਪੁੱਤਰ ਦੀ ਖੁਸ਼ੀ ਵਿਚ ਬੜਾ ਵੱਡਾ ਉਤਸਵ ਕੀਤਾ। ਵਿਸ਼ਨੂੰ ਜੀ ਅਸੀਂ ਇੰਦਰ ਚੰਦਰਮਾਂ, ਸੂਰਜ, ਧਰਮਰਾਜ ਆਦਿ ਸਭ ਦੇਵਤੇ ਇਸ ਉਤਸਵ ਵਿਚ ਸ਼ਾਮਿਲ ਹੋਏ। ਇਸ ਸਮੇਂ ਸੂਰਜ ਦਾ ਪੁੱਤਰ ਸ਼ਨੀਚਰ ਗਣਪਤੀ ਨੂੰ ਦੇਖਣ ਲਈ ਆਇਆ। ਸ਼ਨੀਚਰ ਸ਼ਿਵ, ਵਿਸ਼ਨੂੰ, ਬ੍ਰਹਮਾ, ਧਰਮਰਾਜ, ਚੰਦਰਮਾਂ ਆਦਿ ਦੀ ਉਸਤਤੀ ਕਰਕੇ ਆਗਿਆ ਲੈ ਕੇ ਮੰਦਰ ਅੰਦਰ ਜਾਣ ਲਈ ਅੱਗੇ ਗਿਆ। ਦਵਾਰਪਾਲ ਨੇ ਸ਼ਨੀਚਰ ਨੂੰ ਅੰਦਰ ਜਾਣ ਤੋਂ ਰੋਕ ਦਿੱਤਾ। ਸ਼ਨੀਚਰ ਨੇ ਕਿਹਾ ਮੈਂ ਬਾਲਕ ਨੂੰ ਵੇਖਣ ਲਈ ਆਇਆ ਹਾਂ, ਇਸ ਲਈ ਮੈਨੂੰ ਰੋਕੋ ਨਾ। ਦਵਾਰਪਾਲ ਨੇ ਕਿਹਾ ਕਿ ਸ਼ਿਵ ਜੀ ਦੀ ਆਗਿਆ ਤੋਂ ਬਿਨਾਂ ਮੈਂ ਤੈਨੂੰ ਅੰਦਰ ਨਹੀਂ ਜਾਣ ਦਿਆਂਗਾ। ਮੈਂ ਅੰਦਰੋਂ ਸ਼ਿਵ ਜੀ ਤੇ ਗਿਰਜਾ ਜੀ ਦੀ ਆਗਿਆ ਲੈ ਆਵਾਂ, ਓਨਾ ਚਿਰ ਤੂੰ ਏਥੇ ਹੀ ਖੜੋ। ਇਹ ਕਹਿ ਕੇ ਦਵਾਰਪਾਲ ਅੰਦਰ ਗਿਆ ਤੇ ਗਿਰਜਾ ਨੂੰ ਸ਼ਨੀਚਰ ਦੇ ਆਉਣ ਦਾ ਹਾਲ ਦਸਿਆ। ਗਿਰਜਾ ਦੀ ਆਗਿਆ ਨਾਲ ਸ਼ਨੀਚਰ ਅੰਦਰ ਗਿਆ। ਉਸ ਨੇ ਅੰਦਰ ਜਾ ਕੇ ਵੇਖਿਆ ਕਿ ਗਿਰਜਾ ਸੋਨੇ ਦੀ ਚੌਕੀ ਤੇ ਬੜੀ ਪ੍ਰਸੰਨ-ਚਿਤ ਬੈਠੀ ਹੈ ਤੇ ਦਾਸੀਆਂ ਸੇਵਾ ਕਰ ਰਹੀਆਂ ਹਨ। ਸ਼ਨੀਚਰ ਨੇ ਸ਼ਿਵ ਜੀ ਤੇ ਗਿਰਜਾ ਦੀ ਉਸਤਤੀ ਕੀਤੀ। ਗਿਰਜਾ ਨੇ ਸ਼ੁਭ ਅਸੀਸ ਦਿੱਤੀ ਤੇ ਪੁਛਿਆ ਕਿ ਕੀ ਕਾਰਨ ਹੈ ਜੋ ਤੂੰ ਅੱਧਾ ਸਿਰ ਝੁਕਾ ਕੇ ਦੇਖਦਾ ਹੈਂ? ਤੂੰ ਬਾਲਕ ਨੂੰ ਚੰਗੀ ਤਰ੍ਹਾਂ ਸਿੱਧਾ ਹੋ ਕੇ ਕਿਉਂ ਨਹੀਂ ਦੇਖਦਾ? ਸ਼ਨੀਚਰ ਨੇ ਉੱਤਰ ਦਿੱਤਾ ਕਿ ਆਪ ਤੋਂ ਕੋਈ ਗੱਲ ਲੁਕੀ ਹੋਈ ਨਹੀਂ। ਭਾਗ ਬਹੁਤ ਬਲਵਾਨ ਹੁੰਦੇ ਹਨ। ਚੰਗੇ ਮੰਦੇ ਕਰਮ ਦੋਹਾਂ ਲੋਕਾਂ ਤੋਂ ਦੂਰ ਨਹੀਂ ਕੀਤੇ ਜਾ ਸਕਦੇ। ਮੈਂ ਵੀ ਆਪਣੇ ਕਰਮਾਂ ਕਰਕੇ ਟੇਢਾ ਵੇਖਣ ਵਾਲਾ ਹੋ ਗਿਆ ਹਾਂ। ਜਿਸ ਕਾਰਨ ਕਰਕੇ ਮੈਂ ਉਪਰ ਦ੍ਰਿਸ਼ਟੀ ਨਹੀਂ ਕਰ ਸਕਦਾ, ਉਸ ਕਾਰਨ ਨੂੰ ਵਰਣਨ ਕਰਦੇ ਹਾਂ। ਭਾਵੇਂ ਇਹ ਕਥਾ ਸੁਨਾਉਣ ਯੋਗ ਨਹੀਂ, ਪਰ ਆਪ ਮੇਰੀ ਮਾਤਾ ਸਮਾਨ ਹੋ, ਇਸ ਲਈ ਮੈਨੂੰ ਕੋਈ ਸ਼ਰਮ ਨਹੀਂ, ਮੈਂ ਬਾਲ ਅਵਸਥਾ ਤੋਂ ਹੀ ਸ਼ਿਵ ਜੀ ਦੀ

ਭਗਤੀ ਕਰ ਰਿਹਾ ਹਾਂ। ਜਦੋਂ ਮੈਂ ਜਵਾਨ ਹੋਇਆ, ਤਦ ਮੇਰੇ ਪਿਤਾ ਜੀ ਨੇ ਮੇਰਾ ਵਿਆਹ ਕਰ ਦਿੱਤਾ। ਚਿਤ੍ਰਰਥ ਦੀ ਕੰਨਿਆਂ, ਮੇਰੀ ਪਤਨੀ ਨੇ ਮੇਰੀ ਬੜੀ ਸੇਵਾ ਕੀਤੀ। ਸੰਜੋਗ ਨਾਲ ਇਕ ਦਿਨ ਰਿਤੂ ਦੇ ਦਿਨਾਂ ਤੋਂ ਨਿਸ਼ਚਿੰਤ ਹੋ ਕੇ ਉਸ ਨੇ ਇਸ਼ਨਾਨ ਕਰਕੇ ਸ਼ਿੰਗਾਰ ਕੀਤਾ। ਉਸ ਦਿਨ ਉਹ ਅਤੀ ਸੁੰਦਰ ਲਗ ਰਹੀ ਸੀ। ਉਹ ਕਾਮਵਸ ਹੋ ਕੇ ਮੇਰੇ ਪਾਸ ਆਈ ਤੇ ਕਹਿਣ ਲੱਗੀ ਕਿ ਮੇਰੇ ਨਾਲ ਸੰਜੋਗ ਕਰਕੇ ਮੇਰੀ ਇੱਛਾ ਪੂਰਨ ਕਰੋ। ਮੈਂ ਉਸ ਦੀ ਇੱਛਾ ਵਲ ਕੋਈ ਧਿਆਨ ਨਾ ਦਿੱਤਾ ਤੇ ਸ਼ਿਵ ਜੀ ਦੀ ਭਗਤੀ ਵਿਚ ਲੱਗਾ ਰਿਹਾ। ਜਦੋਂ ਉਸਨੇ ਮੈਨੂੰ ਬੇਧਿਆਨਾ ਹੀ ਦੇਖਿਆ ਤਾਂ ਉਸ ਨੇ ਬੜੇ ਕਰੋਧ ਨਾਲ ਮੇਰੇ ਵਲ ਵੇਖਿਆ ਤੇ ਕਿਹਾ ਕਿ ਤੁਸਾਂ ਮੇਰੀ ਇੱਛਾ ਪੂਰਨ ਨਹੀਂ ਕੀਤੀ, ਇਹ ਆਪ ਤੋਂ ਘੋਰ ਅਪਰਾਧ ਹੋਇਆ ਹੈ। ਮੈਂ ਆਪ ਨੂੰ ਸਰਾਪ ਦਿੰਦੀ ਹਾਂ ਕਿ ਤੁਹਾਡੀ ਦ੍ਰਿਸ਼ਟੀ ਅਸ਼ੁਭ ਹੋਵੇਗੀ, ਜਿਸ ਨੂੰ ਤੁਸੀਂ ਨਜ਼ਰ ਭਰ ਕੇ ਵੇਖੋਗੇ, ਉਹ ਬ੍ਰਿਛ ਜੜ੍ਹ ਤੋਂ ਹੀ ਸੜ ਜਾਏਗਾ। ਇਹ ਕਹਿ ਕੇ ਉਹ ਮੇਰੇ ਪਾਸ ਹੀ ਖੜੀ ਰਹੀ। ਤਦ ਮੈਂ ਧਿਆਨ ਕਰਨਾ ਛੱਡ ਕੇ ਪ੍ਰਸੰਨ ਹੋ ਕੇ ਉਤਰ ਦਿੱਤਾ ਕਿ ਮੈਂ ਐਸੇ ਸਰਾਪ ਨੂੰ ਨਹੀਂ ਸਹਿ ਸਕਦਾ। ਮੇਰੇ ਬਚਨ ਸੁਣ ਕੇ ਮੇਰੀ ਪਤਨੀ ਨਿੰਮ੍ਰਤਾ ਨਾਲ ਬਹੁਤ ਲਾਜਵਾਨ ਹੋਈ। ਮੇਰੇ ਮਨ ਨੇ ਕੋਈ ਦੁਖ ਨਾ ਮੰਨਿਆ। ਮੈਂ ਉਸ ਦੇ ਸਰਾਪ ਨੂੰ ਧਾਰਨ ਕਰ ਲਿਆ।

ਸੋ ਹੇ ਗਿਰਜਾ ਮਾਤਾ! ਉਸ ਦਿਨ ਤੋਂ ਮੈਂ ਕਿਸੇ ਵੀ ਜੀਵ ਜਾਂ ਵਸਤੂ ਨੂੰ ਨਜ਼ਰ ਭਰ ਕੇ ਨਹੀਂ ਦੇਖਦਾ, ਕਿਉਂਕਿ ਮੈਨੂੰ ਜੀਵ ਦੇ ਨਿਰਜੀਵ ਹੋਣ ਦਾ ਡਰ ਲੱਗਾ ਰਹਿੰਦਾ ਹੈ। ਸ਼ਨੀਚਰ ਦੀ ਇਹ ਕਥਾ ਸੁਣਕੇ ਗਿਰਜਾ ਸਖੀਆਂ ਸਮੇਤ ਬਹੁਤ ਹੱਸੀ ਤੇ ਕਿਹਾ - ਹੇ ਸ਼ਨੀਚਰ! ਤੂੰ ਸਾਡੇ ਪੁਤਰ ਨੂੰ ਵੇਖ। ਸ਼ਨੀਚਰ ਨੇ ਵਿਚਾਰ ਕੀਤਾ ਕਿ ਮੈਂ ਇਸ ਬਾਲਕ ਨੂੰ ਵੇਖਾਂ ਕਿ ਨਾ, ਕਿਉਂਕਿ ਜਿਸ ਨੂੰ ਮੈਂ ਵੇਖਦਾ ਹਾਂ, ਉਸਨੂੰ ਅਵੱਸ਼ ਦੁੱਖ ਹੁੰਦਾ ਹੈ। ਇਹ ਵਿਚਾਰ ਦ੍ਰਿਸ਼ ਨੂੰ ਸਾਖੀ ਕਰਕੇ ਚਾਹਿਆ ਕਿ ਬਾਲਕ ਨੂੰ ਵੇਖਾਂ। ਉਸ ਨੇ ਬਹੁਤ ਹੌਲੀ ਚੁਪ ਰਹਿਕੇ ਸੱਜੀ ਅੱਖ ਦੇ ਕੋਨੇ ਨਾਲ ਬਾਲਕ ਵਲ ਵੇਖਿਆ। ਉਸ ਦੇ ਦੇਖਣ ਨਾਲ ਬਾਲਕ ਦਾ ਸਿਰ ਉਡ ਗਿਆ। ਸ਼ਨੀਚਰ ਬਹੁਤ ਚਿੰਤਤ ਹੋਇਆ। ਗਿਰਜਾ ਇਹ ਦਸ਼ਾ ਦੇਖਕੇ ਬਹੁਤ ਦੁਖੀ ਹੋਈ ਤੇ ਰੋਣ ਲਗ ਪਈ। ਉਸ ਨੇ ਸ਼ਨੀਚਰ ਨੂੰ ਬਹੁਤ ਮੰਦੇ ਸ਼ਬਦ ਕਹੇ। ਗਿਰਜਾ ਇਸ ਦੁੱਖ ਨਾਲ ਬੇਸੁਧ ਹੋ ਗਈ। ਇਹ ਦਸ਼ਾ ਵੇਖਕੇ ਸਭ ਦਾਸੀਆਂ ਰੋਣ ਪਿੱਟਣ ਲਗ ਪਈਆਂ। ਮੰਦਰ ਅੰਦਰ ਰੌਲਾ ਸੁਣ ਕੇ ਵਿਸ਼ਨੂੰ ਆਦਿ ਸਭ ਮੰਦਰ ਅੰਦਰ ਗਏ ਤੇ ਸਭ ਦ੍ਰਿਸ਼ ਦੇਖਿਆ ਤਾਂ ਸਭ ਬ੍ਰਿਤਾਂਤ ਸੁਣਿਆ। ਸ਼ਿਵ ਜੀ ਵੀ ਸੰਸਾਰੀ ਮਨੁੱਖਾਂ ਵਾਂਗੂੰ ਰੋਣ ਲਗੇ। ਅਸਾਂ ਉਪਾਅ ਕਰਕੇ ਗਿਰਜਾ ਨੂੰ ਹੋਸ਼ ਵਿਚ ਲਿਆਂਦਾ। ਗਿਰਜਾ ਦੁਖੀ ਹੋ ਕੇ ਰੋਣ ਲੱਗ ਪਈ। ............ ਵਿਸ਼ਨੂੰ ਨੇ ਗਿਰਜਾ ਨੂੰ ਬਹੁਤ ਸਮਝਾਇਆ। ............ਪਰ ਗਿਰਜਾ ਨੇ ਕਿਹਾ ਮੇਰਾ ਬੱਚਾ ਮਰ ਗਿਆ ਹੈ, ਮੈਂ ਤਿੰਨਾਂ ਲੋਕਾਂ ਨੂੰ ਭਸਮ ਕਰ ਦਿਆਂਗੀ। ਮੇਰੇ ਦੁਖੀ ਹੋਣ ਨਾਲ ਕੋਈ ਵੀ ਸੁਖੀ ਨਹੀਂ ਰਹਿ ਸਕਦਾ। ............ ਸ਼ਿਵ ਨੇ ਵਿਸ਼ਨੂੰ ਨੂੰ ਕਿਹਾ ਤੁਸੀਂ ਸਾਡੇ ਮੁਖ ਰੂਪ ਹੋ। .........ਹੁਣ ਤੁਸੀਂ ਹੋਰ ਦਾ ਸਿਰ ਕੱਟ ਕੇ ਇਸ ਨੂੰ ਲਗਾ ਦਿਓ। ......... ਬਾਲਕ ਜੀ ਉਠੇਗਾ।

ਵਿਸ਼ਨੂੰ ਜੀ ਤੁਰੰਤ ਗਰੁੜ ਪਰ ਚੜ੍ਹ ਕੇ, ਸ਼ਿਵ ਜੀ ਦੀ ਆਗਿਆ ਅਨੁਸਾਰ ਉਤਰ ਦਿਸ਼ਾ ਵੱਲ ਚੱਕਰ ਲੈ ਕੇ ਪਹੁੰਚੇ। ਪੁਸ਼ਪ ਭਦਰਾ ਨਦੀ ਦੇ ਕੰਢੇ ਜਾ ਕੇ ਬਨ ਵਿੱਚ ਇਕ ਹਾਥੀ ਨੂੰ ਹਥਣੀ ਤੇ ਬੱਚਿਆਂ ਸਮੇਤ ਵੇਖਿਆ। ਹਾਥੀ ਆਪਣੇ ਬੱਚਿਆਂ ਸਮੇਤ ਉਤਰ ਵਲ ਸਿਰ ਕਰਕੇ ਸੌਂ ਰਿਹਾ

ਸੀ। ਵਿਸ਼ਨੂੰ ਜੀ ਨੇ ਹਾਥੀ ਦੇ ਬੱਚੇ ਦਾ ਸਿਰ ਕੱਟ ਕੇ ਲਹੂ ਵਗਦਾ ਹੋਇਆ ਗਰੁੜ ਉਪਰ ਰੱਖ ਦਿੱਤਾ ਅਤੇ ਚੱਲਣ ਲਈ ਤਿਆਰ ਹੋਇ। ............ ਉਹ ਸਿਰ ਲਿਆ ਕੇ ਗਿਰਜਾ ਨੂੰ ਦਿੱਤਾ। ਗਿਰਜਾ ਨੇ ਉਹ ਸਿਰ ਯੁਕਤੀ ਨਾਲ ਬਾਲਕ ਨਾਲ ਜੋੜ ਦਿੱਤਾ। ਸ਼ਿਵ ਜੀ ਨੇ ਆਪਣੀ ਦਇਆ-ਦ੍ਰਿਸ਼ਟੀ ਨਾਲ ਬਾਲਕ ਨੂੰ ਜਵਾ ਦਿੱਤਾ। ਗਿਰਜਾ ਨੇ ਬੜੇ ਪਿਆਰ ਨਾਲ ਦੁੱਧ ਪਿਆਇਆ ਅਤੇ ਵਿਸ਼ਨੂੰ ਜੀ ਦੀ ਬੜੀ ਪ੍ਰਸੰਸਾ ਕੀਤੀ। (ਅਧਿਆਇ : 20)

ਗਣੇਸ਼ ਦੇ ਉਤਪੰਨ ਹੋਣ ਦੀ ਦੂਸ਼ਰੀ ਵਿਧੀ ਸ਼ਿਵ ਪੁਰਾਣ ਅਨੁਸਾਰ ਇਸ ਤਰ੍ਹਾਂ ਹੈ:

ਸ਼ਿਵ ਜੀ ਨੇ ਗਿਰਜਾ (ਪਾਰਵਤੀ) ਨੂੰ ਵਿਆਹ ਕੇ ਉਸ ਨੂੰ ਘਰ ਲਿਆਂਦਾ ਤੇ ਦੈਂਤਾਂ ਦਾ ਨਾਸ ਕਰਕੇ ਵਿਹਾਰ ਵਿਚ ਪ੍ਰਵਿਰਤ ਹੋਏ। ............ ਗਿਰਜਾ ਦੀਆਂ ਸਹੇਲੀਆਂ ਨੇ ਇਕ ਦਿਨ ਕਿਹਾ ਕਿ ਸ਼ਿਵ ਜੀ ਅਨੇਕਾਂ ਗਣ (ਪਹਿਰੇਦਾਰ) ਹਨ ਪ੍ਰੰਤੂ ਤੇਰਾ ਇਕ ਵੀ ਨਹੀਂ। ............ ਫਿਰ ਕਈ ਦਿਨਾਂ ਬਾਅਦ ਗਿਰਜਾ ਨੇ ਇੱਛਾ ਕੀਤੀ ਕਿ ਐਸਾ ਗਣ ਪੈਦਾ ਕਰਨਾ ਚਾਹੀਦਾ ਹੈ ਜੋ ਮੇਰੇ ਅਧੀਨ ਹੋਵੇ ਅਤੇ ਸ਼ਿਵ ਦੇ ਗਣਾਂ ਤੋਂ ਬਲਵਾਨ ਅਤੇ ਅਧਿਕ ਤੇਜਵਾਨ ਹੋਵੇ। ਇਹ ਵਿਚਾਰ ਕਰ ਕੇ ਗਿਰਜਾ ਨੇ ਆਪਣੇ ਸਰੀਰ ਤੋਂ ਮੈਲ ਲਾਹ ਕੇ ਇਕ ਮੂਰਤੀ ਬਣਾਈ, ਉਸ ਦਾ ਨਾਮ ਗਣਪਤੀ ਰੱਖ ਕੇ ਜੀਵਨ ਦਾਨ ਦਿੱਤਾ। ਉਹ ਬੜਾ ਸੁੰਦਰ ਬਾਲਕ ਬਣ ਗਿਆ। ਗਿਰਜਾ ਉਸ ਬਾਲਕ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਈ ਅਤੇ ਕਿਹਾ ਤੂੰ ਮੇਰਾ ਸ੍ਰੇਸ਼ਠ ਗਣ (ਗਣੇਸ਼) ਹੈਂ।

ਗਣਪਤੀ ਨੇ ਗਿਰਜਾ ਨੂੰ ਪ੍ਰਣਾਮ ਕੀਤਾ ਤੇ ਕਿਹਾ ਤੁਸੀਂ ਮੈਨੂੰ ਜੋ ਕਹੋ ਮੈਂ ਕਰਨ ਨੂੰ ਤਿਆਰ ਹਾਂ। ਗਿਰਜਾ ਨੇ ਕਿਹਾ ਤੂੰ ਮੇਰੇ ਦਵਾਰ ਤੇ ਦਵਾਰਪਾਲ ਬਣ ਕੇ ਬੈਠ............ ਕਿਸੇ ਨੂੰ ਅੰਦਰ ਨਾ ਆਉਣ ਦੇਣਾ ............ਤੁਹਾਨੂੰ ਕੋਈ ਡਰਾ ਨਹੀਂ ਸਕੇਗਾ। ............ ਗਿਰਜਾ ਇਸ਼ਨਾਨ ਕਰਨ ਗਈ ਤਾਂ ਬਾਹਰ ਸ਼ਿਵ ਜੀ ਆਪਣੇ ਗਣਾਂ ਸਮੇਤ ਆ ਗਏ। ............ਗਣਪਤੀ ਨੇ ਅੰਦਰ ਜਾਣ ਤੋਂ ਰੋਕ ਦਿੱਤਾ ਅਤੇ ਕਿਹਾ ਮੇਰੀ ਮਾਤਾ ਜੀ ਇਸ਼ਨਾਨ ਕਰ ਰਹੇ ਹਨ, ਇਸ ਲਈ ਤੁਸੀਂ ਅੰਦਰ ਨਹੀਂ ਜਾ ਸਕਦੇ। ਸ਼ਿਵ ਨੇ ਕਿਹਾ, ਤੂੰ ਕੌਣ ਹੈਂ? ਜੋ ਸਾਨੂੰ ਅੰਦਰ ਜਾਣ ਤੋਂ ਰੋਕ ਰਿਹਾ ਹੈਂ। ਤੂੰ ਸਾਨੂੰ ਜਾਣਦਾ ਨਹੀਂ? ............ ਜਦੋਂ ਸ਼ਿਵ ਜੀ ਅੰਦਰ ਜਾਣ ਲਗੇ ਤਾਂ ਗਣਪਤੀ ਨੇ ਡੰਡਾ ਮਾਰਿਆ। ............ ਕਾਫੀ ਸਮਾਂ ਤਕਰਾਰ ਹੁੰਦਾ ਰਿਹਾ। (ਅਧਿਆਇ : 22)

ਸ਼ਿਵ ਨੇ ਗਣਾਂ ਨੂੰ ਕਿਹਾ ਕਿ ਉਹ (ਗਣਪਤੀ) ਇਕੱਲਾ ਹੀ ਹੈ, ਤੁਸੀਂ ਉਸ ਨਾਲ ਯੁੱਧ ਕਰੋ। ............ ਸ਼ਿਵ ਗਣਾਂ ਨੇ ਗਣਪਤੀ ਤੇ ਧਾਵਾ ਕਰ ਦਿੱਤਾ। ਦੋਹਾਂ ਪਾਸਿਆਂ ਤੋਂ ਯੁੱਧ ਹੋਣ ਲੱਗਾ। ਸ਼ਿਵ ਗਣਾਂ ਆਪਣੇ ਸਾਰੇ ਸ਼ਸਤਰ ਵਰਤੇ, ਪਰ ਗਣਪਤੀ ਨੇ ਆਪਣੇ ਡੰਡੇ ਨਾਲ ਸਭ ਨੂੰ ਭਜਾ ਦਿੱਤਾ। ............ ਸਭ ਗਣ ਭੱਜ ਗਏ। (ਅਧਿਆਇ : 23)

ਸ਼ਿਵ ਜੀ ਨੇ ਇੰਦਰ ਨੂੰ ਕਿਹਾ ਕਿ ਤੁਸੀਂ ਉਸ ਬਾਲਕ ਦਾ ਨਾਸ਼ ਕਰੋ। ............ ਇੰਦਰ ਨੇ ਯੁੱਧ ਆਰੰਭ ਕੀਤਾ। ............ ਇਕੱਲੇ ਗਣਪਤੀ ਨੇ ਇੰਦਰ ਦੀ ਸੈਨਾ ਨੂੰ ਦੁੱਖੀ ਕਰ ਦਿੱਤਾ। ............ ਗਣਪਤੀ ਨੇ ਆਪਣੇ ਡੰਡੇ ਦੇ ਜ਼ੋਰ ਨਾਲ ਸਭ ਨੂੰ ਮਾਰ-ਮਾਰ ਕੇ ਭਜਾ ਦਿੱਤਾ। (ਅਧਿਆਇ : 24)

ਵਿਸ਼ਨੂੰ ਨੇ ਗਣੇਸ਼ ਨਾਲ ਯੁੱਧ ਕੀਤਾ। ............ ਗਣਪਤੀ ਨੇ ਏਨੀ ਬਹਾਦਰੀ ਨਾਲ ਯੁੱਧ ਕੀਤਾ ਕਿ ਸਾਰੇ ਦੇਵਤੇ ਮੈਦਾਨੇ-ਜੰਗ ਵਿੱਚੋਂ ਭੱਜ ਗਏ। ............ ਚਾਰੇ ਪਾਸੇ ਹਾਹਾਕਾਰ ਮੱਚ ਗਈ। ............ ਵਿਸ਼ਨੂੰ ਜੀ ਨੇ ਬੜਾ ਭਾਰੀ ਆਖ਼ਰੀ ਹੱਲਾ ਕਰ ਕੇ ਗਣਪਤੀ ਦਾ ਸਿਰ ਕੱਟ ਦਿੱਤਾ। ............ ਸਾਰੇ ਦੇਵਤੇ ਪ੍ਰਸੰਨ ਹੋਏ ਅਤੇ ਸ਼ਿਵ ਜੀ ਦੀ ਉਸਤਤੀ ਕੀਤੀ।

(ਅਧਿਆਇ : 25)

ਗਿਰਜਾ ਆਪਣੇ ਗਣਪਤੀ ਦੀ ਦਸ਼ਾ ਸੁਣ ਕੇ ਰੋ ਪਈ। ............ ਗਿਰਜਾ ਨੇ ਕਿਹਾ ਕਿ ਜੇ ਮੇਰਾ ਪੁੱਤਰ ਜੀਓ ਪਵੇ ਅਤੇ ਸਾਰੇ ਦੇਵਤੇ ਉਸਦੀ ਪੂਜਾ ਕਰਨ ਤਾਂ ਮੈਂ ਪਰਲੋ ਹੋਣ ਤੋਂ ਰੋਕ ਦਿਆਂਗੀ। ............ ਸ਼ਿਵ ਜੀ ਨੇ ਗਣਪਤੀ ਦਾ ਸਰੀਰ ਚੰਗੀ ਤਰ੍ਹਾਂ ਧੋਤਾ ਤੇ ਕਿਹਾ ਕਿ ਉਤਰ ਦਿਸ਼ਾ ਵੱਲ ਜਾਓ ਅਤੇ ਜਿਹੜਾ ਜੀਵ ਪਹਿਲਾਂ ਮਿਲੇ ਉਸਦਾ ਸਿਰ ਕੱਟ ਕੇ ਲੈ ਆਓ। ਉਹ ਸਰੀਰ ਨਾਲ ਜੋੜ ਦਿਓ। ............ ਵਿਸ਼ਨੂੰ ਜੀ ਨੇ ਪ੍ਰਸੂਨ ਭੱਦ੍ਰਾ ਨਦੀ ਤੋਂ ਇਕ ਹਾਥੀ ਦਾ ਸਿਰ ਵੱਢਿਆ ਅਤੇ ਗਰੁੜ ਉਪਰ ਰੱਖ ਕੇ ਤੁਰ ਪਏ। ............ ਸ਼ਿਵ ਜੀ ਪਾਸ ਪਹੁੰਚ ਕੇ ਹਾਥੀ ਦਾ ਸਿਰ ਗਣਪਤੀ ਦੇ ਸਰੀਰ ਨਾਲ ਜੋੜ ਦਿੱਤਾ। ............ ਸਭ ਦੇ ਦੁਖ ਦੂਰ ਹੋ ਗਏ ਸਭ ਨੂੰ ਅਨੰਦ ਹੋਇਆ।

(ਅਧਿਆਇ : 26)

ਗਣਪਤੀ ਸੁਰਜੀਤ ਹੋ ਗਏ। ............ ਤਿੰਨਾਂ ਦੇਵਤਿਆਂ ਕਿਹਾ ਤੁਹਾਡੀ ਪੂਜਾ ਸਾਡੇ ਵਾਂਗ ਹੋਵੇਗੀ। ਇਹ ਕਹਿ ਕੇ ਸਭ ਨੇ ਗਣਪਤੀ ਦੀ ਪੂਜਾ ਕੀਤੀ। (ਅਧਿਆਇ : 27)

ਗਣਪਤੀ ਦਾ ਉਲੇਖ ਰਿਗਵੇਦ ਵਿੱਚ ਵੀ ਮਿਲਦਾ ਹੈ:

*ਗਣਾਂ ਨਾ ਤਵਾ ਗਣਪਤਿ ਹਵਾਮਹੇ ਕਵਿੰ ਕਵੀਨਾ ਮੁਪਸ਼ਰਵਸਤਮਮ੍॥*

*ਜੇਠਸ਼ਰਾਜੰ ਬ੍ਰਾਹਮਣਾ ਬ੍ਰਾਹਮਣਾਸਪਤ ਆਨ: ਸ਼੍ਰਵਨ ਨੁਤਿਭਿ: ਸੀਦ ਸਾਦਨਮ੍॥*

(ਰਿਗਵੇਦ ੨ : ੨੩: ੧)

ਇਸ ਤੋਂ ਲਗਦਾ ਹੈ ਕਿ ਆਰੰਭਕ ਗਣਰਾਜਾਂ ਵਿਚ ਜੋ ਗਣਪਤੀਆਂ ਪ੍ਰਤੀ ਭਾਵਨਾ ਸੀ ਉਸੇ ਆਧਾਰ ਉਪਰ ਹੀ ਗਣਪਤੀ ਦੀ ਕਲਪਨਾ ਕੀਤੀ ਗਈ।

ਗਣਪਤੀ ਨਾਲ ਸੰਬੰਧਿਤ ਅਨੇਕਾਂ ਕਥਾਵਾਂ ਬ੍ਰਹਮਵੈਵਰਤ ਪੁਰਾਣ ਵਿੱਚ, ਅਤੇ ਸ਼ਿਵ ਪੁਰਾਣ ਵਿੱਚ ਹਨ। ਗਣੇਸ਼ ਦਾ ਕਾਲਪਨਿਕ ਸਰੂਪ ਇਵੇਂ ਹੈ:

ਰੰਗ ਲਾਲ, ਪੇਟ ਮੋਟਾ, ਸਰੀਰ ਗਿੱਠਾ ਹੈ। ਚਾਰ ਹੱਥ ਅਤੇ ਸਿਰ ਹਾਥੀ ਦਾ ਹੈ, ਜਿਸਦਾ ਕੇਵਲ ਇਕ ਦੰਦ ਹੈ। ਇਸ ਦੇ ਇਕ ਹੱਥ ਵਿਚ ਚੱਕਰ, ਇਕ ਵਿੱਚ ਸੰਖ, ਇਕ ਵਿੱਚ ਕਮਲ ਫੁੱਲ ਅਤੇ ਇਕ ਵਿੱਚ ਕੁਹਾੜੀ ਜਾਂ ਗੁਰਜ ਹੈ। ਇਸ ਦੀ ਸਵਾਰੀ ਚੂਹਾ ਮੰਨਦੇ ਹਨ। ਇਸ ਦੇ ਇਕ ਦੰਦ ਹੋਣ ਦੇ ਬਾਰੇ ਕਥਾ ਇਸ ਤਰ੍ਹਾਂ ਹੈ:

ਇਕ ਵਾਰ ਪਰਸ਼ੂਰਾਮ ਸ਼ਿਵ ਜੀ ਨੂੰ ਮਿਲਣ ਵਾਸਤੇ ਕੈਲਾਸ਼ ਪਰਬਤ ਉਪਰ ਆਏ। ਦਵਾਰ ਉਪਰ ਪਹਿਰੇ ਤੇ ਬੈਠੇ ਗਣੇਸ਼ ਨੇ ਉਹਨਾਂ ਨੂੰ ਰੋਕਿਆ ਜਿਸ ਦੇ ਫਲਸਰੂਪ ਦੋਹਾਂ ਵਿਚ ਯੁੱਧ ਹੋਇਆ। ਪਰਸ਼ੂਰਾਮ ਦੇ ਕੁਹਾੜੇ ਦੇ ਵਾਰ ਨਾਲ ਗਣੇਸ਼ ਦਾ ਇਕ ਦੰਦ ਟੁੱਟ ਗਿਆ।


ਗਣੇਸ਼ ਪੂਜਾ :- ਹਿੰਦੂ ਮਤਿ ਵਾਲੇ ਹਰ ਖੁਸ਼ੀ ਦੇ ਕਾਰਜ ਆਰੰਭ ਵਿੱਚ ਗਣੇਸ਼ ਦੀ ਪੂਜਾ ਕਰਦੇ ਹਨ ਅਤੇ ਹੇਠ ਲਿਖਿਆ ਸਲੋਕ ਪੜ੍ਹਨ ਨੂੰ ਵਿਘਨਨਾਸ਼ਕ ਮੰਨਦੇ ਹਨ:

*ਓ ਸਮੁਖਸਚੈਕ ਦੰਤਸਚ ਕਪਿਲੋ ਗਜ ਕਰਣਕ :॥*
*ਲੰਬੋਦਰਸਚ ਵਿਕਟੋ ਵਿਘਨ ਨਾਸੋ ਵਿਨਾਸਯਕ :॥*
*ਧੁਮਰਕੇਤੁਰ ਗਣਾਧਯਖੋ ਭਾਲ ਚੰਦ੍ਰੋ ਗਜਾਨਨ :॥*
*ਦ੍ਵਾਦਸ਼ੈਤਾਨਿ ਨਾ ਮਾਨਿਯ : ਪਠੇਚ ਛ੍ਰਿਣੁਯਾਦਪਿ॥*
*ਵਿਦਯਾ ਅਰੰਭੇ ਵਿਵਾਹੇ ਚ ਪ੍ਰਵੇਸ਼ ਨਿਰਗਮੇ ਤਥਾ ਸੰਗ੍ਰਾਮੇ ॥*
*ਸੰਕਟੇਵ ਵਿਘਨ ਸਤਯ ਨ ਜਾਯਤੇ॥*
*ਸ੍ਰੀ ਗਣ ਪਤਯੋ ਨਮ: ਇਤਿ ਸ੍ਵਸਤ ਵਾਚਨੰ॥*

ਅਰਥਾਤ : ਸ੍ਰੇਸ਼ਠ ਮੁੱਖ ਵਾਲਾ, ਇਕ ਦੰਦ ਵਾਲਾ, ਕੈਰੇ ਰੰਗ ਵਾਲਾ, ਹਾਥੀ ਦੇ ਕੰਨ ਵਾਲਾ, ਲੰਬੇ ਢਿੱਡ ਵਾਲਾ, ਮੈਲ ਦਾ ਬਣਿਆ ਹੋਇਆ, ਵਿਘਨ ਦੂਰ ਕਰਨ ਵਾਲਾ, ਚਤੁਰ, ਧੂੰਏ ਰੰਗ ਵਾਲਾ, ਗਣਾਂ ਵਿੱਚ ਸ਼ਰੋਮਣੀ, ਮੱਥੇ ਤੇ ਚੰਦਰਮਾਂ ਵਾਲਾ, ਹਾਥੀ ਦੇ ਮੂੰਹ ਵਾਲਾ। ਗਣਪਤਿ ਹਰ ਵਿਘਨ ਨਾਸ਼ਕ ਹੈ ਅਤੇ ਸਹਾਈ ਹੈ।

ਹਿੰਦੂ ਲੋਕ ਇਸੀ ਮੰਗਲਾਚਰਨ ਨੂੰ ਆਪਣਾ ਅਰਦਾਸਾ ਸਮਝਦੇ ਹਨ ਜੋ ਹਰ ਇਕ ਪੰਡਿਤ ਪਾਂਧੇ ਨੂੰ ਕੰਠ ਹੁੰਦਾ ਹੈ, ਵਿਆਹ ਆਦਿ ਸੰਸਕਾਰਾਂ ਦਾ ਇਹੋ ਮੂਲ ਮੰਤਰ ਹੈ।


ਭਾਈ ਕਾਹਨ ਸਿੰਘ ਨਾਭਾ ਗਣੇਸ਼ ਪੂਜਾ ਬਾਰੇ ਮਹਾਨ ਕੋਸ਼ ਵਿੱਚ ਲਿਖਦੇ ਹਨ, ਤੰਤ੍ਰਸ਼ਾਸਤਰ ਅਨੁਸਾਰ ਸਾਰੇ ਦੇਵਤਿਆਂ ਦੇ ਯੰਤਰ ਚੱਕਰ ਅਲੱਗ-ਅਲੱਗ ਹੁੰਦੇ ਹਨ। ਉਪਾਸ਼ਕ ਲੋਕ ਆਪਣੇ ਆਪਣੇ ਦੇਵਤੇ ਦਾ ਚੱਕਰ ਆਟੇ ਅਤੇ ਸੰਧੂਰ ਆਦਿ ਨਾਲ ਬਣਾ ਕੇ ਪੂਜਦੇ ਹਨ। ਗਣੇਸ਼ ਚੱਕਰ ਬਾਰਾਂ ਜਾਂ ਅੱਠ ਦਲ ਦੇ ਕਮਲ ਵਿਚ ਛੇ ਕੋਣ ਦਾ ਸੰਘਾੜੇ ਦਾ ਅਕਾਰ ਦਾ ਯੰਤਰ ਬਣਾਉਣ ਤੋਂ ਹੋਇਆ ਕਰਦਾ ਹੈ, ਇਹ ਚਿੱਤਰ ਇਸ ਪ੍ਰਕਾਰ ਹੈ:



ਇਸ ਦਾ ਪੀਠ ਮੰਤ੍ਰ ਇਹ ਹੈ:

ਗੰ, ਸਵੰਸ਼ਕਿਤ ਕਮਲਾਸਨਯ ਨਮਹ:॥

ਯਾਗਯਵਲਕਯ ਸਿਮ੍ਰਤੀ ਦੇ ਗਣਪਤਿ ਕਲਪ ਪ੍ਰਕਰਣ ਵਿੱਚ ਲਿਖਿਆ ਹੈ ਕਿ ਭਦ੍ਰਾਸਨ ਹੇਠ ਸਵਾਸਤਿਕ ਚਿੰਨ੍ਹ ਜੋ ਇਸ ਪ੍ਰਕਾਰ ਹੈ:



ਲਿਖ ਕੇ ਗਣੇਸ਼ ਪੂਜਾ ਆਦਿ ਕਰਮ ਕਰੋ।[4]

ਦੱਖਣ ਵਿੱਚ ਗਣੇਸ਼ ਪੂਜਾ ਉਤਸਵ ਸਮੇਂ ਗਣੇਸ਼ ਦੀ ਵੱਡੀਆਂ ਵੱਡੀਆਂ ਮੂਰਤੀਆਂ ਨੂੰ ਵਗਦੇ ਪਾਣੀ ਵਿੱਚ ਡੁਬੋਇਆ ਜਾਂਦਾ ਹੈ ਕਿ ਪਾਣੀ ਸਰੋਤਾਂ ਦੇ ਪ੍ਰਦੂਸ਼ਣ ਦਾ ਕਾਰਨ ਵੀ ਹੈ। ਸਾਲ 2001 ਵਿੱਚ ਇਸ ਬਾਰੇ ਇਕ ਅਖ਼ਬਾਰ ਵਿੱਚ ਰਿਪੋਰਟ ਪ੍ਰਕਾਸ਼ਿਤ ਹੋਈ ਜਿਸ ਦਾ ਸਿਰਲੇਖ ਸੀ:

ਕਿਸੇ ਵੀ ਧਰਮ ਸ਼ਾਸਤਰ ਵਿੱਚ ਨਹੀਂ ਲਿਖਿਆ ਕਿ ਗਣੇਸ਼ ਜੀ ਪਾਣੀ ਵਿੱਚ ਡੁਬਾਏ ਜਾਣ।

ਇਸ ਤੋਂ ਅੱਗੇ ਵਿਸਥਾਰ ਸੀ:

ਵਿਸ਼ਵ ਦੀ ਪ੍ਰਾਚੀਨ ਅਤੇ ਦੇਸ਼ ਦੀ ਧਾਰਮਿਕ ਨਗਰੀ ਉਜੈਨ ਦੇ ਪ੍ਰਮੁੱਖ ਧਾਰਮਿਕ ਮੁਖੀਆਂ ਨੇ ਇਕ ਮੱਤ ਹੋ ਕੇ ਰਾਏ ਦਿੱਤੀ ਹੈ ਕਿ ਗਣੇਸ਼ ਮੂਰਤੀਆਂ ਦੇ ਜਲ ਵਿੱਚ ਵਿਸਰਜਨ ਬਾਰੇ ਕਿਸੇ ਵੀ ਧਰਮ ਸ਼ਾਸਤ੍ਰ ਵਿੱਚ ਉਲੇਖ ਨਹੀਂ ਹੈ। ਵਿਦਵਾਨਾਂ ਦਾ ਮੱਤ ਹੈ ਕਿ ਮੂਰਤੀਆਂ ਨੂੰ ਪਾਣੀ ਅਤੇ ਚਾਵਲਾਂ ਦੇ ਛਿੱਟੇ ਦੇ ਕੇ ਮਿੱਟੀ ਵਿਚ ਵੀ ਦਬਾਇਆ ਜਾ ਸਕਦਾ ਹੈ। ਉਹ ਸਥਾਨ ਖੇਤ ਵੀ ਹੋ ਸਕਦੇ ਹਨ।

ਗਣੇਸ਼ ਮੂਰਤੀ ਵਿਸਰਜਨ ਨੂੰ ਲੈ ਕੇ ਉਜੈਨ ਵਿੱਚ ਇਕ ਪਰੰਪਰਾ ਤੋਂ ਹੱਟ ਕੇ ਇਹ ਫੈਸਲਾ ਉਜੈਨ ਵਾਸੀਆਂ ਨੇ ਲਿਆ ਹੈ।

............ਪਿਛੇ ਕੁਝ ਸਮੇਂ ਤੋਂ ਸ਼ਿਪਰਾ ਨਦੀ ਦੇ ਸ਼ੁਧੀਕਰਨ ਅਤੇ ਗਹਿਰਾ ਕਰਨ ਦੀ ਕਾਰਵਾਈ ਕੀਤੀ ਗਈ ਤਾਂ ਸਾਫ਼ ਕੀਤੇ ਜਾ ਰਹੇ ਮਲਬੇ ਵਿੱਚੋਂ ਤ੍ਰਿਬੇਣੀ ਘਾਟ ਅਤੇ ਸੁਨਹਿਰੀ ਘਾਟ ਆਦਿਕ ਥਾਵਾਂ ਤੋਂ ਗਣੇਸ਼ ਅਤੇ ਦੁਰਗਾ ਜੀ ਦੀਆਂ ਅੱਧ ਗਲੀਆਂ ਮੂਰਤੀਆਂ ਨਿਕਲੀਆਂ।

(ਦੈਨਿਕ ਭਾਸਕਰ, ੩੦ ਅਗਸਤ ੨੦੦੧, ਇੰਦੋਰ ਐਡੀਸ਼ਨ)

ਸੋ ਉਪਰੋਕਤ ਵਿਦਵਾਨਾਂ ਦੇ ਵਿਚਾਰਾਂ ਤੋਂ ਸਪੱਸ਼ਟ ਹੈ ਕਿ ਗਣੇਸ਼ ਦੀਆਂ ਮੂਰਤੀਆਂ ਨੂੰ ਗਣੇਸ਼ ਉਤਸਵ ਸਮੇਂ ਪਾਣੀ ਵਿੱਚ ਡੁਬਾਉਣਾ ਆਦਿ ਕਰਮ ਹਿੰਦੂ ਧਰਮ ਸ਼ਾਸਤ੍ਰਾਂ ਵਿੱਚ ਵੀ ਨਹੀਂ ਹਨ, ਕੇਵਲ ਗਣੇਸ਼ ਚੱਕ੍ਰ ਪੂਜਾ ਦਾ ਵੇਰਵਾ ਜ਼ਰੂਰ ਮਿਲਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੇਵਲ

ਇਕ ਵਾਰ ਹੀ ਗਣੇਸ਼ ਚੱਕ੍ਰ ਸ਼ਬਦ ਦੀ ਵਰਤੋਂ ਕਰਕੇ ਇਸ ਕਰਮਕਾਂਡੀ ਪੂਜਾ ਵਿਧੀ ਦਾ ਨਿਸ਼ੇਧ ਕੀਤਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ ਹੈ:

*ਪ੍ਰਭਾਤੀ ਭਗਤ ਬੇਣੀ ਜੀ ਕੀ*

*ੴ ਸਤਿਗੁਰ ਪ੍ਰਸਾਦਿ॥*

*ਤਨਿ ਚੰਦਨੁ ਮਸਤਕਿ ਪਾਤੀ॥ ਰਿਦ ਅੰਤਰਿ ਕਰ ਤਲ ਕਾਤੀ॥*
*ਠਗ ਦਿਸਟਿ ਬਗਾ ਲਿਵ ਲਾਗਾ॥ ਦੇਖਿ ਬੈਸਨੋ ਪ੍ਰਾਨ ਮੁਖ ਭਾਗਾ॥ ੧ ॥*
*ਕਲਿ ਭਗਵਤ ਬੰਦ ਚਿਰਾਮੰ॥ ਕ੍ਰੂਰ ਦਿਸਟਿ ਰਤਾ ਨਿਸਿ ਬਾਦੰ॥ ੧॥ ਰਹਾਉ॥*
*ਨਿਤਪ੍ਰਤਿ ਇਸਨਾਨੁ ਸਰੀਰੰ॥ ਦੁਇ ਧੋਤੀ ਕਰਮ ਮੁਖਿ ਖੀਰੰ॥*
*ਰਿਦੈ ਛੁਰੀ ਸੰਧਿਆਨੀ॥ ਪਰ ਦਰਬੁ ਹਿਰਨ ਕੀ ਬਾਨੀ॥ ੨॥*
*ਸਿਲ ਪੂਜਸਿ ਚਕ੍ਰ ਗਣੇਸੰ॥ ਨਿਸਿ ਜਾਗਸਿ ਭਗਤਿ ਪ੍ਰਵੇਸੰ॥*
*ਪਗ ਨਾਚਸਿ ਚਿਤੁ ਅਕਰਮੰ॥ ਏ ਲੰਪਟ ਨਾਚ ਅਧਰਮੰ॥ ੩॥*
*ਮ੍ਰਿਗ ਆਸਣੁ ਤੁਲਸੀ ਮਾਲਾ॥ ਕਰ ਊਜਲ ਤਿਲਕੁ ਕਪਾਲਾ॥*
*ਰਿਦੈ ਕੂੜੁ ਕੰਠਿ ਰੁਦ੍ਰਾਖੰ॥ ਰੇ ਲੰਪਟ ਕ੍ਰਿਸਨੁ ਅਭਾਖੰ॥ ੪॥*
*ਜਿਨਿ ਆਤਮ ਤਤੁ ਨ ਚੀਨ੍ਹਿਆ॥ ਸਭ ਫੋਕਟ ਧਰਮ ਅਬੀਨਿਆ॥*
*ਕਹੁ ਬੇਣੀ ਗੁਰਮੁਖਿ ਧਿਆਵੈ॥ ਬਿਨੁ ਸਤਿਗੁਰ ਬਾਟ ਨ ਪਾਵੈ॥ ੫ ॥ ੧ ॥*

(ਪੰਨਾ ੧੩੫੧)

ਪਦ ਅਰਥ:- ਤਨਿ=ਸਰੀਰ ਉੱਤੇ। ਮਸਤਕਿ=ਮੱਥੇ ਉਤੇ। ਪਾਤੀ=ਤੁਲਸੀ ਦੇ ਪੱਤਰ। ਰਿਦ=ਹਿਰਦਾ। ਕਰ ਤਲ=ਹੱਥਾਂ ਦੀਆਂ ਤਲੀਆਂ ਉੱਤੇ, ਹੱਥਾਂ ਵਿਚ। ਕਾਤੀ=ਕੈਂਚੀ। ਦਿਸਟਿ=ਨਜ਼ਰ, ਤੱਕ। ਬਗਾ=ਬਗਲਾ। ਦੇਖਿ=ਵੇਖ ਕੇ, ਵੇਖਣ ਨੂੰ। ਪ੍ਰਾਨ=ਸੁਆਸ। ਭਾਗ=ਨੱਸ ਗਏ ਹਨ॥ ੧॥

ਕਲਿ=ਕਲਜੁਗ ਵਿਚ। ਚਿਰਾਮੰ=ਚਿਰ ਤੱਕ। ਕ੍ਰੂਰ=ਟੇਢੀ। ਰਤਾ=ਮਸਤ। ਨਿਸ=(ਭਾਵ) ਨਿਸਿ ਦਿਨ, ਰਾਤ ਦਿਨੇ, ਹਰ ਵੇਲੇ। ਬ਼ਾਦੰ=ਝਗੜਾ, ਮਾਇਆ ਲਈ ਝਗੜਾ, ਮਾਇਆ ਲਈ ਦੌੜ=ਭੱਜ॥ ੧॥ ਰਹਾਉ॥

ਨਿਤਪ੍ਰਤਿ=ਸਦਾ। ਮੁਖਿ ਖੀਰੰ=ਮੂੰਹ ਵਿਚ ਦੁੱਧ ਹੈ, ਦੁਧਾਧਾਰੀ ਹੈ। ਸੰਧਿਆਨੀ-ਤੱਕ ਕੇ ਰੱਖੀ ਹੋਈ ਹੈ, ਨਿਸ਼ਾਨਾ ਬੰਨ੍ਹ ਕੇ ਰੱਖੀ ਹੋਈ ਹੈ। ਦਰਬੁ=ਧਨ। ਹਿਰਨ=ਚੁਰਾਉਣਾ। ਬਾਨੀ=ਆਦਤ॥ ੨॥

ਨਿਸਿ=ਰਾਤ ਨੂੰ। ਭਗਤਿ=ਰਾਸਾਂ ਦੀ ਭਗਤੀ। ਪਗ=ਪੈਰਾਂ ਨਾਲ। ਅਕਰਮੰ=ਮੰਦੇ ਕੰਮਾਂ ਵਿਚ। ਏ ਲੰਪਟ=ਹੇ ਵਿਸ਼ਈ! ਅਧਰਮੰ=ਧਰਮ ਲਈ ਨਹੀਂ॥ ੩॥

ਮ੍ਰਿਗ=ਹਿਰਨ। ਕਰ ਊਜਲ=ਸਾਫ਼ ਹੱਥਾਂ ਨਾਲ। ਕਪਾਲਾ=ਮੱਥੇ ਉੱਤੇ। ਕੰਠਿ=ਗਲ ਵਿਚ। ਕ੍ਰਿਸਨੁ=ਪਰਮਾਤਮਾ। ਅਭਾਖੰ=ਅ+ਭਾਖੰ, ਨਹੀਂ ਬੋਲਦਾ, ਨਹੀਂ ਸਿਮਰਦਾ॥ ੪॥

ਜਿਨਿ=ਜਿਸ ਮਨੁੱਖ ਨੇ। ਤਤੁ=ਅਸਲੀਅਤ। ਅਬੀਨਿਆ=ਅੰਨ੍ਹੇ ਦੇ। ਗੁਰਮੁਖਿ=ਗੁਰੂ ਦੇ ਸਨਮੁਖ ਹੋ ਕੇ। ਬਾਟ=ਜੀਵਨ ਦਾ ਸਹੀ ਰਸਤਾ॥ ੫॥ ੧॥

ਅਰਥ:- (ਹੇ ਵਿਸ਼ੱਈ ਮਨੁੱਖ! ਤੂੰ ਉੱਞ ਤਾਂ) ਕਲਜੁਗੀ ਸੁਭਾਵ ਵਿਚ ਪ੍ਰਵਿਰਤ ਹੈਂ, ਪਰ ਮੂਰਤੀ ਨੂੰ ਖਿਰ ਤੱਕ ਨਮਸਕਾਰ ਕਰਦਾ ਹੈਂ, ਤੇਰੀ ਨਜ਼ਰ ਟੇਢੀ ਹੈ (ਤੇਰੀ ਨਿਗਾਹ ਖੋਟ ਹੈ), ਦਿਨ ਰਾਤ ਤੂੰ ਮਾਇਆ ਦੇ ਧੰਧਿਆਂ ਵਿਚ ਰੱਤਾ ਹੋਇਆ ਹੈਂ (ਤੇਰੀਆਂ ਇਹ ਮੂਰਤੀ ਨੂੰ ਬੰਦਨਾਂ ਕਿਸ ਅਰਥ?) ॥ ੧॥ ਰਹਾਉ॥

(ਹੇ ਲੰਪਟ!) ਤੂੰ ਸਰੀਰ ਉੱਤੇ ਚੰਦਨ (ਦਾ ਲੇਪ ਕਰਦਾ ਹੈਂ) ਮੱਥੇ ਉੱਤੇ ਤੁਲਸੀ ਦੇ ਪੱਤਰ (ਲਾਂਦਾ ਹੈਂ; ਪਰ) ਤੇਰੇ ਹਿਰਦੇ ਵਿਚ (ਇਉਂ ਕੁਝ ਹੋ ਰਿਹਾ ਹੈ ਜਿਵੇਂ) ਤੇਰੇ ਹੱਥਾਂ ਵਿਚ ਕੈਂਚੀ ਫੜੀ ਹੋਈ ਹੈ, ਤੇਰੀ ਨਿਗਾਹ ਠੱਗਾਂ ਵਾਲੀ ਹੈ, ਬਗਲੇ ਵਾਂਗ ਤੂੰ ਸਮਾਧੀ ਲਾਈ ਹੋਈ ਹੈ, ਵੇਖਣ ਨੂੰ ਤੂੰ ਵੈਸ਼ਨੋਂ ਜਾਪਦਾ ਹੈਂ ਜਿਵੇਂ ਤੇਰੇ ਮੂੰਹ ਵਿਚੋਂ ਸੁਆਸ ਭੀ ਨਿਕਲ ਗਏ ਹਨ (ਭਾਵ, ਵੇਖਣ ਨੂੰ ਤੂੰ ਬੜਾ ਹੀ ਦਇਆਵਾਨ ਜਾਪਦਾ ਹੈਂ)॥ ੧॥

(ਹੇ ਵਿਸ਼ੱਈ ਮਨੁੱਖ!) ਤੂੰ ਹਰ ਰੋਜ਼ ਆਪਣੇ ਸਰੀਰ ਨੂੰ ਇਸ਼ਨਾਨ ਕਰਾਂਦਾ ਹੈਂ, ਦੋ ਧੋਤੀਆਂ ਰੱਖਦਾ ਹੈਂ, (ਹੋਰ) ਕਰਮ-ਕਾਂਡ (ਭੀ ਕਰਦਾ ਹੈਂ), ਦੂਧਾਧਾਰੀ (ਬਣਿਆ ਹੋਇਆ) ਹੈਂ; ਪਰ ਆਪਣੇ ਹਿਰਦੇ ਵਿਚ ਤੂੰ ਛੁਰੀ ਕੱਸ ਕੇ ਰੱਖੀ ਹੋਈ ਹੈ, ਤੈਨੂੰ ਪਰਾਇਆ ਧਨ ਠੱਗਣ ਦੀ ਆਦਤ ਪਈ ਹੋਈ ਹੈ॥ ੨॥

(ਹੇ ਲੰਪਟ!) ਤੂੰ ਸਿਲਾ ਪੂਜਦਾ ਹੈਂ, ਸਰੀਰ ਉੱਤੇ ਤੂੰ ਗਣੇਸ਼ ਦੇਵਤੇ ਦੇ ਨਿਸ਼ਾਨ ਬਣਾਏ ਹੋਏ ਹਨ, ਅਤੇ ਗਣੇਸ਼ ਚੱਕਰ ਬਣਾ ਕੇ ਪੂਜਾ ਅਰਚਨਾ ਕਰਦਾ ਹੈਂ, ਰਾਤ ਨੂੰ ਰਾਸਾਂ ਵਿਚ (ਭਗਤੀ ਵਜੋਂ) ਜਾਗਦਾ ਭੀ ਹੈਂ, ਉਥੇ ਪੈਰਾਂ ਨਾਲ ਤੂੰ ਨੱਚਦਾ ਹੈਂ, ਪਰ ਤੇਰਾ ਚਿੱਤ ਮੰਦੇ ਕਰਮਾਂ ਵਿਚ ਹੀ ਮਗਨ ਰਹਿੰਦਾ ਹੈ, ਹੇ ਲੰਪਟ! ਇਹ ਨਾਚ ਕੋਈ ਧਰਮ (ਦਾ ਕੰਮ) ਨਹੀਂ ਹੈ॥ ੩॥

ਹੇ ਵਿਸ਼ੱਈ ਮਨੁੱਖ! (ਪੂਜਾ ਪਾਠ ਵੇਲੇ) ਤੂੰ ਹਿਰਨ ਦੀ ਖੱਲ ਦਾ ਆਸਣ (ਵਰਤਦਾ ਹੈਂ), ਤੁਲਸੀ ਦੀ ਮਾਲਾ ਤੇਰੇ ਪਾਸ ਹੈ, ਸਾਫ਼ ਹੱਥਾਂ ਨਾਲ ਤੂੰ ਮੱਥੇ ਉੱਤੇ ਤਿਲਕ ਲਾਂਦਾ ਹੈਂ, ਗਲ ਵਿਚ ਤੂੰ ਰੁਦ੍ਰਾਖ ਦੀ ਮਾਲਾ ਪਾਈ ਹੋਈ ਹੈ, ਪਰ ਤੇਰੇ ਹਿਰਦੇ ਵਿਚ ਠੱਗੀ ਹੈ। (ਹੇ ਲੰਪਟ! ਇਸ ਤਰ੍ਹਾਂ) ਤੂੰ ਹਰੀ ਨੂੰ ਸਿਮਰ ਨਹੀਂ ਰਿਹਾ ਹੈਂ॥ ੧॥

ਹੇ ਬੇਣੀ! ਇਹ ਗੱਲ ਸੱਚ ਹੈ ਕਿ ਜਿਸ ਮਨੁੱਖ ਨੇ ਆਤਮਾ ਦੀ ਅਸਲੀਅਤ ਨੂੰ ਨਹੀਂ ਪਛਾਣਿਆ, ਉਸ ਅੰਨ੍ਹੇ ਦੇ ਸਾਰੇ ਕਰਮ-ਧਰਮ ਫੋਕੇ ਹਨ। ਉਹੀ ਮਨੁੱਖ ਸਿਮਰਨ ਕਰਦਾ ਹੈ ਜੋ ਗੁਰੂ ਦੇ ਸਨਮੁਖ ਹੁੰਦਾ ਹੈ, ਗੁਰੂ ਤੋਂ ਬਿਨਾਂ ਜ਼ਿੰਦਗੀ ਦਾ ਸਹੀ ਰਾਹ ਨਹੀਂ ਲੱਭਦਾ॥ ੫॥ ੧॥

ਸੋ ਸ਼ਬਦ ਗੁਰੂ ਸਿਧਾਂਤ ਨਾਲ ਜੁੜੇ ਹੋਏ ਇਕ ਅਕਾਲ ਦੇ ਪੁਜਾਰੀਆਂ ਨਾਲ ਗਣੇਸ਼ ਪੂਜਾ

ਨੂੰ ਜੋੜਨਾ ਅਤੇ ਅਜਿਹੇ ਗੁਰਮਤਿ ਵਿਰੋਧੀ ਕਰਮਕਾਂਡਾਂ ਸਮੇਂ ਗੁਰੂ ਨਾਨਕ ਸਾਹਿਬ ਦੀਆਂ ਕਲਪਿਤ ਤਸਵੀਰਾਂ ਦੀ ਵਰਤੋਂ ਗੁਰਮਤਿ ਵਿਚਾਰਧਾਰਾ ਦੇ ਉਪਰ ਕੋਝੇ ਵਾਰ ਦੀ ਸਾਜ਼ਿਸ਼ ਹੈ।

ਬੇਸ਼ਕ ਹਿੰਦੂ ਧਰਮ ਦੀਆਂ ਸਭ ਸ਼ਾਖਾਵਾਂ ਹਰ ਮੰਗਲਮਈ ਕਾਰਜ ਤੋਂ ਪਹਿਲਾਂ ਗਣੇਸ਼ ਪੂਜਾ ਕਰਦੀਆਂ ਹਨ ਅਤੇ ਗਣੇਸ਼ ਨੂੰ ਵਿਘਨ ਨਾਸ਼ਕ ਸਮਝਦੀਆਂ ਹਨ, ਪਰੰਤੂ ਗੁਰਮਤਿ ਅਨੁਸਾਰ ਤਾਂ ਵਿਘਨ ਨਾਸ਼ਕ ਕੋਈ ਮਨੁੱਖੀ ਕਿਰਤ ਮੂਰਤੀ ਨਹੀਂ, ਬਲਕਿ ਪ੍ਰਮਾਤਮਾ ਦਾ ਸਿਮਰਨ ਹੀ ਹੈ, ਗੁਰੂ ਅੱਗੇ ਕੀਤੀ ਅਰਦਾਸ :

*ਤੀਨੇ ਤਾਪ ਨਿਵਾਰਣਹਾਰਾ ਦੁਖ ਹੰਤਾ ਸੁਖ ਰਾਸਿ॥*
*ਤਾ ਕਉ ਬਿਘਨੁ ਨ ਕੋਊ ਲਾਗੈ ਜਾ ਕੀ ਪ੍ਰਭ ਆਗੈ ਅਰਦਾਸਿ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੧੪)

ਗੁਰੂ ਗੋਬਿੰਦ ਸਿੰਘ ਤਾਂ ਹਰ ਕਾਰਜ ਤੋਂ ਪਹਿਲਾਂ ਕੀਤੀ ਜਾਂਦੀ ਗਣੇਸ਼ ਪੂਜਾ (ਪ੍ਰਿਥਮ ਗਣੇਸ਼) ਨੂੰ ਬੜੇ ਸਪੱਸ਼ਟ ਸ਼ਬਦ ਵਿੱਚ ਰੱਦ ਕਰਦੇ ਬਿਆਨ ਕਰਦੇ ਹਨ,

*ਮੈ ਨ ਗਨੇਸਹਿ ਪ੍ਰਿਥਮ ਮਨਾਊਂ॥*
*ਕਿਸਨ ਬਿਸਨ ਕਬਹੂੰ ਨਹ ਧਿਆਊਂ॥*

ਗਣੇਸ਼ ਪੂਜਾ ਨੂੰ ਵਿਘਨਵਿਨਾਸ਼ਕ ਦਾ ਅਸਤਰ ਮੰਨਕੇ ਗਣੇਸ਼ ਪੂਜਾ ਕਰਨ ਵਾਲਿਆਂ ਉਪਰ ਤਿੱਖਾ ਵਿਅੰਗ ਕਰਦੇ ਹੋਏ ਪ੍ਰੋ: ਹਰਮੋਹਨ ਝਾਅ[3] ਆਪਣੀ ਰਚਨਾ 'ਖੱਟੜ ਕਾਕਾ' ਵਿੱਚ ਲਿਖਦੇ ਹਨ।

"ਹਾਂ, ਉਹ ਤਾਂ ਵਿਘਨੇਸ਼ ਅਖਵਾਉਂਦੇ ਹਨ, ਪਰੰਤੂ ਉਹਨਾਂ ਦਾ ਤਾਂ ਆਪਣਾ ਜੀਵਨ ਹੀ ਵਿਘਨਾਂ ਨਾਲ ਭਰਿਆ ਪਿਆ ਹੈ। ਸ਼ਨੀ ਦੀ ਨਜ਼ਰ ਪਈ ਤਾਂ ਸਿਰ ਉੱਡ ਗਿਆ। ਗਜਵਦਨ ਬਣਨਾ ਪਿਆ। ਪਰਸ਼ੂਰਾਮ ਨਾਲ ਲੜਾਈ ਹੋਈ ਤਾਂ ਕੁਹਾੜੇ ਨਾਲ ਇਕ ਦੰਦ ਟੁੱਟ ਗਿਆ। ਇਕਦੰਤ ਹੋ ਗਏ। ਜਦ ਆਪਣੇ ਹੀ ਵਿਘਨ ਦੂਰ ਨਹੀਂ ਕਰ ਸਕੇ ਤਾਂ ਦੂਸਰੇ ਦਾ ਵਿਘਨ ਕੀ ਦੂਰ ਕਰਨਗੇ? ਇਸ ਕਰਕੇ ਹੀ ਤਾਂ ਲੱਖ ਵਾਰੀ ਗਣੇਸ਼ ਪੂਜਾ ਕਰਨ ਨਾਲ ਵੀ ਸਾਡਾ ਵਿਘਨ ਦੂਰ ਨਹੀਂ ਹੁੰਦਾ।"

❖❖❖

1. *ਸਿਵਪੁਰਾਣ, ਪੰਨਾ 215- 227, ਅਧਿਆਇ 14 ਤੋਂ ਅਧਿਆਇ 27*
*ਅਨੁਵਾਦਕ : ਗਿਆਨੀ ਗੁਰਬਚਨ ਸਿੰਘ, ਪ੍ਰਕਾਸ਼ਕ : ਭਾਈ ਚਤਰ ਸਿੰਘ ਜੀਵਨ ਸਿੰਘ ਜੀ*
2. *ਸਿੱਖ ਧਰਮ ਤੇ ਅਨਿਆਮਤ, ਪੰਨਾ 35*
*ਲੇਖਕ ਗਿਆਨੀ ਲਾਲ ਸਿੰਘ, ਪ੍ਰਕਾਸ਼ਕ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ*
3. *ਖੱਟਰ ਕਾਕਾ, ਪੰਨਾ 75, ਸੰਸਕਰਣ : 2001*
*ਲੇਖਕ : ਹਰਿਮੋਹਨ ਝਾਅ, ਪ੍ਰਕਾਸ਼ਕ : ਰਾਜਕਮਲ ਪੇਪਰਬੈਕਸ ਨਵੀ ਦਿੱਲੀ*
4. *ਗੁਰਸ਼ਬਦ ਰਤਨਾਕਰ ਮਹਾਨਕੋਸ਼, ਪੰਨਾ 395, ਰਚਿਤ ਕਾਹਨ ਸਿੰਘ ਨਾਭਾ*

# ਸਿੱਖ ਸੰਸਕਾਰਾਂ ਵਿਚ ਸੂਖ਼ਮਤਾ ਨਾਲ ਵੜਿਆ ਬਿਪਰਵਾਦ

ਗੁਰਮਤਿ ਅਨੁਸਾਰ ਗ੍ਰਹਿਸਤ ਮਾਰਗ ਵਿੱਚ ਪ੍ਰਵੇਸ਼ ਕਰਨ ਦਾ ਨਾਮਕਰਨ ਅਨੰਦ ਕਾਰਜ ਕੀਤਾ ਗਿਆ ਹੈ। ਗੁਰੂ ਸਾਹਿਬਾਨ ਨੇ ਸਿੱਖਾਂ ਨੂੰ ਘਰ-ਬਾਰ ਤਿਆਗੀ, ਅਤੀਤ ਸਾਧੂ ਨਹੀਂ, ਬਲਕਿ ਕਰਮ ਯੋਗੀ ਗ੍ਰਹਿਸਤ ਮਾਰਗ ਦੇ ਧਾਰਨੀ ਬਣਾਇਆ। ਮਾਇਆ ਵਿੱਚ ਉਦਾਸ ਰਹਿਣ ਅਤੇ ਹੱਥੋਂ ਦੇ ਕੇ ਭਲਾ ਮਨਾਉਣ ਦਾ ਸੰਕਲਪ ਦ੍ਰਿੜ ਕਰਵਾਇਆ। ਧੂਣੀਆਂ ਸਾਧਣ, ਦੁਨੀਆਂਦਾਰੀ ਦਾ ਤਿਆਗ ਕਰਕੇ ਭ੍ਰਮਣ ਕਰਨ, ਹੱਥ ਵਿੱਚ ਲੋਟੇ ਫੜ ਕੇ ਘਰ-ਘਰ ਮੰਗਣ ਆਦਿ ਗਿਆਨ-ਵਿਹੂਣੀਆਂ ਰਸਮਾਂ ਦਾ ਤਿਆਗ ਕਰਵਾ ਕੇ ਸਰਵਤੋਮ ਧਰਮ ਗ੍ਰਹਿਸਤ ਧਰਮ ਦੇ ਧਾਰਨੀ ਬਣਾਇਆ ਅਤੇ ਅਜੋਕੇ ਆਧੁਨਿਕ ਸਿੱਖ ਧਰਮ ਦਾ ਮਹਾਨ ਸਿਧਾਂਤ 'ਸਗਲ ਧਰਮ ਮੈਂ ਗ੍ਰਿਹਸਤ ਪ੍ਰਧਾਨ' ਦਾ ਮਹਾਨ ਸਿਧਾਂਤ ਬਖਸ਼ਿਸ਼ ਕੀਤਾ।

ਭਾਵੇਂ ਕਿ ਬ੍ਰਾਹਮਣੀ ਕਰਮ-ਕਾਂਡਾਂ ਤੋਂ ਨਿਖੇੜੇ ਹੋਏ ਅਨੰਦ ਕਾਰਜ ਦੀ ਮਰਿਆਦਾ ਗੁਰੂ-ਸਾਹਿਬਾਨ ਦੇ ਸਮੇਂ ਆਰੰਭ ਹੋ ਚੁੱਕੀ ਸੀ ਪ੍ਰੰਤੂ ਅੱਜ ਵੀ ਸਿੱਖ ਧਰਮ ਦੇ ਅਨੁਆਈਆਂ ਦੇ ਆਨੰਦ ਕਾਰਜ ਅੰਦਰ ਬ੍ਰਾਹਮਣਵਾਦੀ ਰਹੁਰੀਤਾਂ ਪ੍ਰਧਾਨ ਹਨ। ਗੁਰਸਿੱਖੀ ਦੇ ਮਹਾਨ ਅਸੂਲਾਂ ਨੂੰ ਤਿਲਾਂਜਲੀ ਦੇ ਕੇ ਭੋਲੇ-ਭਾਲੇ ਲੋਕ ਬ੍ਰਾਹਮਣਵਾਦੀ ਕਰਮ-ਕਾਂਡਾਂ ਦੇ ਚੱਕਰਵਿਊ ਵਿੱਚ ਫਸਦੇ ਜਾ ਰਹੇ ਹਨ। ਅਨੰਦ ਕਾਰਜ ਵਿੱਚ ਅੱਜ ਵੀ ਅਜਿਹੇ ਭਰਮ ਜਿਵੇਂ ਥਿਤਿ ਵਾਰ ਵੇਖਣਾ, ਗ੍ਰਹਿ ਚਾਲ ਦਾ ਵਿਚਾਰ ਅਤੇ ਸਾਹਾ ਵੇਖਣਾ, ਬ੍ਰਾਹਮਣਵਾਦੀ ਕਰਮ-ਕਾਂਡ ਪ੍ਰਚੱਲਿਤ ਸਨ ਜੋ 'ਬਿਪਰਨ ਕੀ ਰੀਤ' ਦਾ ਅੰਗ ਹਨ ਅਤੇ ਅਜਿਹੇ ਕਰਮ-ਕਾਂਡਾਂ ਅਤੇ ਵਹਿਮਾਂ-ਭਰਮਾਂ ਸਦਕਾ ਲੋਕ ਬਿਪਰਨ ਦੀ ਰੀਤ ਦਾ ਸ਼ਿਕਾਰ ਹੋ ਚੁੱਕੇ ਹਨ। ਗੁਰਸਿੱਖੀ ਸ਼ਾਨ ਅਤੇ ਗੁਰੂ ਦੀ ਪ੍ਰੀਤ ਤੋਂ ਦੂਰ ਹੁੰਦੇ ਜਾ ਰਹੇ ਹਨ।

ਸਾਹਾ ਸੋਧਣਾ, ਕੁੜਮਾਈ ਜਾਂ ਵਿਆਹ ਸਮੇਂ ਮਹੂਰਤ ਕੱਢਣਾ ਆਦਿ ਬ੍ਰਾਹਮਣੀ ਰੀਤਾਂ ਨੂੰ ਗੁਰਮਤਿ ਨੇ ਮੂਲੋਂ ਹੀ ਰੱਦ ਕੀਤਾ ਹੈ। ਗੁਰੂ ਸਾਹਿਬਾਨ ਨੇ ਅਜਿਹੇ ਕਾਰਜਾਂ ਵਿੱਚ ਫਸੇ ਹੋਏ ਅੰਧਵਿਸ਼ਵਾਸੀ ਲੋਕਾਂ ਨੂੰ ਗਿਆਨ ਤੋਂ ਹੀਣੇ ਅਤੇ ਮੂਰਖ ਕਿਹਾ ਹੈ, ਪਰ ਅਫ਼ਸੋਸ ਹੈ ਕਿ ਗੁਰੂ ਸਾਹਿਬਾਨ ਵੱਲੋਂ ਕੀਤੇ ਮਹਾਨ ਉਪਰਾਲਿਆਂ ਦੇ ਬਾਵਜੂਦ ਵੀ ਅਸੀਂ ਇਸ ਵਹਿਮਾਂ-ਭਰਮਾਂ ਦੀ ਜਕੜ ਤੋਂ ਆਜ਼ਾਦ ਨਹੀਂ ਹੋ ਰਹੇ ਹਾਂ। ਧਾਰਮਿਕ ਮਸਲਿਆਂ ਵਿੱਚ ਡੇਰੇਦਾਰ ਸੰਤਾਂ ਦੀ ਪਕੜ, ਰਾਜਨੀਤਕ ਹਸਤੀਆਂ ਦੀ ਧਰਮ ਤੋਂ ਕਿਨਾਰਾ-ਕਸ਼ੀ ਸਦਕਾ ਹੀ ਅਸੀਂ ਗੁਰਮਤਿ ਤੋਂ ਇਨਕਾਰੀ

ਹੋ ਕੇ ਬ੍ਰਾਹਮਣਵਾਦੀ ਪਿਛਾਂਹ-ਖਿੱਚੂ ਰਸਮਾਂ ਦੇ ਗ਼ੁਲਾਮ ਹੁੰਦੇ ਜਾ ਰਹੇ ਹਾਂ।

ਬ੍ਰਾਹਮਣਵਾਦੀ ਮੱਤ ਅਨੁਸਾਰ ਵਰ ਅਤੇ ਕੰਨਿਆ ਦੀ ਕੁੜਮਾਈ ਤੋਂ ਪਹਿਲਾਂ ਸ਼ੁਭ ਨਛੱਤਰ ਵੇਖਿਆ ਜਾਂਦਾ ਹੈ। ਜੇਕਰ ਉਸ ਸਮੇਂ ਰੋਹਨੀ ਉਤਰਾਫਾਲਗਨੀ, ਅਤੇ ਉਤਰਾਖਾੜਾ ਆਦਿ ਨਛੱਤਰ ਹੋਣ ਤਾਂ ਵਰ ਅਤੇ ਕੰਨਿਆਂ ਦੇ ਵਿਆਹ ਦੀ ਰਸਮ ਪ੍ਰਵਾਨ ਚੜ੍ਹਾਈ ਜਾਂਦੀ ਹੈ। ਪਰੰਤੂ ਗੁਰਮਤਿ ਅਨੁਸਾਰ ਅਜਿਹੇ ਥਿਤਿ ਵਾਰ, ਨਛੱਤਰ, ਗ੍ਰਹਿ ਵਿਚਾਰਨੇ ਵਿਵਰਜਿਤ ਹਨ ਅਤੇ ਅਜਿਹੇ ਵਹਿਮਾਂ-ਭਰਮਾਂ ਦੀ ਗ੍ਰਿਫਤ ਵਿੱਚ ਜਕੜੇ ਲੋਕਾਂ ਨੂੰ ਗੁਰੂ ਸਾਹਿਬਾਨ ਨੇ ਮੁਗਧ-ਗਵਾਰ ਦਾ ਨਾਮ ਦਿੱਤਾ ਹੈ। ਗੁਰੂ ਸਾਹਿਬਾਨ ਦਾ ਫੁਰਮਾਨ ਹੈ:

*ਸਤਿਗੁਰ ਬਾਝਹੁ ਅੰਧੁ ਗੁਬਾਰੁ॥*
*ਥਿਤਿ ਵਾਰ ਸੇਵਹਿ ਮੁਗਧ ਗਵਾਰ॥*

(ਬਿਲਾਵਲ ਮ: ੩, ਪੰਨਾ ੮੪੩)

ਬ੍ਰਾਹਮਣਵਾਦੀ ਮੱਤ ਅਨੁਸਾਰ ਵਿਆਹ ਕਾਰਜ ਵਾਸਤੇ ਐਤਵਾਰ, ਮੰਗਲਵਾਰ, ਅਤੇ ਸ਼ਨੀਵਾਰ ਅਸ਼ੁਭ ਮੰਨੇ ਗਏ ਹਨ, ਕਿਉਂਕਿ ਇਹ ਦਿਨ ਸ਼ਾਸਤਰਾਂ ਦੇ ਅਨੁਸਾਰ ਅਨੁਕੂਲ ਨਹੀਂ ਹਨ। ਇਸੇ ਤਰ੍ਹਾਂ ਹੀ ਚੌਥ, ਨੌਮੀ, ਅਤੇ ਮੌਸਿਆ ਨੂੰ ਵਿਆਹ ਕਾਰਜ ਆਰੰਭ ਕਰਨਾ ਅਸ਼ੁੱਭ ਮੰਨਿਆ ਜਾਂਦਾ ਹੈ ਤੇ ਇਹ ਵੀ ਵਿਚਾਰਿਆ ਜਾਂਦਾ ਹੈ ਕਿ ਜੇ ਹੋ ਜਾਵੇ ਤਾਂ ਵਿਨਾਸ਼ਕਾਰੀ ਸਿੱਧ ਹੁੰਦਾ ਹੈ।

ਗੁਰਮਤਿ ਅਜਿਹੇ ਨਾਮ ਤੋਂ ਹੀਣੇ ਕਰਮਕਾਂਡੀ ਵਹਿਮਾਂ ਦੀ ਜਕੜ ਵਿੱਚ ਗ੍ਰਿਫ਼ਤਾਰ ਲੋਕਾਂ ਦੀ ਨਿਖੇਧੀ ਕਰਦੀ ਹੈ। ਗੁਰਬਾਣੀ ਦੇ ਮਹਾਨ ਅਸੂਲਾਂ ਦੇ ਧਾਰਨੀ ਗੁਰਸਿੱਖ ਪਰਮਾਤਮਾ ਨੂੰ ਚਿਤਵਨ ਵਾਲੀ ਹਰ ਘੜੀ, ਹਰ ਪੱਲ ਨੂੰ ਪਵਿੱਤਰ ਮੰਨਦੇ ਹਨ ਅਤੇ ਬ੍ਰਾਹਮਣਵਾਦੀ ਮੱਤ ਅਨੁਸਾਰ ਗ੍ਰਹਿ ਨਛੱਤਰ ਦੀ ਚਾਲ ਅਨੁਸਾਰ ਸ਼ਗਨ ਅਪਸ਼ਗਨ ਨੂੰ ਨਹੀਂ ਮੰਨਦੇ ਹਨ। ਸ਼ਗਨ-ਅਪਸ਼ਗਨ ਦੀ ਅੰਧ-ਵਿਸ਼ਵਾਸੀ ਹੋਂਦ ਉਨ੍ਹਾਂ ਵਾਸਤੇ ਹੈ ਜਿਨ੍ਹਾਂ ਕੋਲ ਸ਼ਬਦ-ਰਤਨ ਦਾ ਖਜ਼ਾਨਾ ਨਹੀਂ ਹੈ:

*ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ॥*

(ਆਸਾ ਮ: ੫, ਪੰਨਾ ੪੦੧)

ਜਿਹੜੇ ਗੁਰਸਿੱਖ ਸ੍ਵਾਸ-ਸ੍ਵਾਸ ਨਿਰੰਕਾਰ ਅਕਾਲ ਪੁਰਖ ਦਾ ਸਿਮਰਨ ਕਰਦੇ ਹਨ ਉਨ੍ਹਾਂ ਵਾਸਤੇ ਹਰ ਪੱਲ ਸੁਲੱਖਣਾ ਹੈ:

*ਸੋਈ ਸਾਸਤੁ ਸਉਣੁ ਸੋਇ ਜਿਤੁ ਜਪੀਐ ਹਰਿ ਨਾਉ॥*

(ਸਿਰੀਰਾਗ: ਮ: ੫, ਪੰਨਾ ੫੮)

ਨਾਮ ਦੇ ਮਜੀਠੀ ਰੰਗ ਵਿਚ ਰੰਗੇ ਹੋਏ ਗੁਰਸਿੱਖ ਪਰਮਾਤਮਾ ਨੂੰ ਹੀ ਸਰਬ ਸ਼ਕਤੀਮਾਨ ਸਮਝਦੇ ਹਨ ਅਤੇ ਉਸ ਦੀ ਰਜ਼ਾ ਅੰਦਰ ਹੀ ਪਰਮ ਅਨੰਦ ਮਹਿਸੂਸ ਕਰਦੇ ਹਨ। ਗੁਰਸਿੱਖ ਬ੍ਰਾਹਮਣੀ ਮੱਤ ਅਨੁਸਾਰ ਕਿਸੇ ਥਿਤਿ ਵਾਰ ਨੂੰ ਵਿਨਾਸ਼ਕਾਰੀ ਨਹੀਂ ਸਮਝਦੇ, ਸਗੋਂ ਪਰਮਾਤਮਾ

ਦਾ ਭਾਣਾ ਖਿੜੇ ਮੱਥੇ ਪ੍ਰਵਾਨ ਕਰਦੇ ਹਨ:

ਪ੍ਰਭੂ ਹਮਾਰੈ ਸਾਸਤ੍ਰ ਸਉਣ॥
ਸੂਖ ਸਹਜ ਆਨੰਦ ਗ੍ਰਿਹ ਭਉਣ॥

(ਭੈਰਉ ਮ: ੫, ਪੰਨਾ ੧੧੩੭)

ਬ੍ਰਾਹਮਣਵਾਦੀ ਮੱਤ ਅਨੁਸਾਰ ਸ਼ਨੀਵਾਰ ਵਿਆਹ ਕਾਰਜ ਕਰਨਾ ਅਸ਼ੁੱਭ ਹੈ ਪ੍ਰੰਤੂ ਗੁਰੂ ਸਾਹਿਬਾਨ ਫੁਰਮਾਉਂਦੇ ਹਨ ਕਿ ਅਜਿਹੇ ਲੋਕ ਜੋ ਗੁਰਮਤਿ ਵਿਚਾਰਧਾਰਾ ਤੋਂ ਨਿੱਖੜ ਜਾਂਦੇ ਹਨ ਸਾਰਾ ਸਮਾਂ ਖੁਆਰ ਹੁੰਦੇ ਅਤੇ ਜਮਦੰਡ ਦੇ ਅਧਿਕਾਰੀ ਬਣਦੇ ਹਨ:

ਛਨਿਛਰਵਾਰਿ ਸਉਣ ਸਾਸਤ ਬੀਚਾਰੁ॥
ਹਉਮੈ ਮੇਰਾ ਭਰਮੈ ਸੰਸਾਰੁ॥
ਮਨਮੁਖੁ ਅੰਧਾ ਦੂਜੈ ਭਾਇ॥
ਜਮ ਦਰਿ ਬਾਧਾ ਚੋਟਾ ਖਾਇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੪੧)

ਬ੍ਰਾਹਮਣੀ ਮੱਤ ਅਨੁਸਾਰ ਕੁੜਮਾਈ ਜਾਂ ਸਗਾਈ ਤੋਂ ਬਾਅਦ ਵਿਆਹ ਕਾਰਜ ਵਾਸਤੇ ਮਿਤੀ ਤਹਿ ਕਰਨ ਵਾਸਤੇ ਇਕ ਰਸਮ ਕੀਤੀ ਜਾਂਦੀ ਹੈ, ਜਿਸ ਨੂੰ ਸਾਹਾ ਸੋਧਣਾ ਕਿਹਾ ਜਾਂਦਾ ਹੈ। ਇਸ ਰਸਮ ਵਿਚ ਗ੍ਰਹਿ ਅਤੇ ਨਛੱਤਰ ਅਨੁਸਾਰ ਵਿਆਹ ਦੇ ਕਾਰਜ ਸਮੇਂ ਦੀ ਚੋਣ ਕੀਤੀ ਜਾਂਦੀ ਹੈ ਅਤੇ ਵਿਆਹ ਦੀ ਮਿਤੀ ਤਹਿ ਕੀਤੀ ਜਾਂਦੀ ਹੈ। ਸਮੇਂ ਦੀ ਚੋਣ ਤਾਂ ਹੀ ਹੁੰਦੀ ਹੈ ਜੇ ਸੂਰਜ, ਬ੍ਰਹਿਸਪਤੀ ਅਤੇ ਚੰਦਰਮਾ ਠੀਕ ਸਥਿਤੀ ਅਤੇ ਠੀਕ ਰਾਸ਼ੀ ਅਨੁਸਾਰ ਹੋਣ। ਜੇਕਰ ਵਿਆਹ ਦੇ ਸਮੇਂ ਸੂਰਜ ਵਰ ਦੀ ਰਾਸ਼ੀ ਅਨੁਸਾਰ ਤੀਸਰੇ, ਛੇਵੇਂ ਤੇ ਦਸਵੇਂ ਘਰ ਵਿਚ ਹੋਵੇ ਤਾਂ ਲਗਨ ਅਸ਼ੁੱਭ ਮੰਨਿਆ ਜਾਂਦਾ ਹੈ। ਇਸ ਅਸ਼ੁੱਭ ਲਗਨ ਨੂੰ ਸ਼ੁੱਭ ਕਰਨ ਵਾਸਤੇ ਇਕ ਖਾਸ ਵਿਧੀ ਰਾਹੀਂ ਸੂਰਜ ਦੇਵਤਾ ਦੀ ਪੂਜਾ ਕਰਵਾਈ ਜਾਂਦੀ ਹੈ। ਇਸੇ ਤਰ੍ਹਾਂ ਲੜਕੀ ਅਤੇ ਲੜਕੇ ਦੀ ਜਨਮ ਕੁੰਡਲੀ ਲੈ ਕੇ ਮਿਲਾਈ ਜਾਂਦੀ ਹੈ। ਜੇਕਰ ਦੋਹਾਂ ਦੀਆਂ ਰਾਸ਼ੀਆਂ ਜੋਤਿਸ਼ ਅਨੁਸਾਰ ਮੇਲ ਨਾ ਖਾਂਦੀਆਂ ਹੋਣ ਤਾਂ ਲੜਕੀ ਦਾ ਲਾਵਾਂ ਸਮੇਂ ਨਾਮ ਬਦਲ ਦਿੱਤਾ ਜਾਂਦਾ ਹੈ, ਤਾਂਕਿ ਰਾਸ਼ੀ ਵਰ ਦੇ ਅਨੁਕੂਲ ਹੋ ਸਕੇ।

ਗੁਰਮਤਿ ਅਨੁਸਾਰ ਸਾਰੇ ਦਿਨ ਹੀ ਸ਼ੁੱਧ ਹਨ। ਕੋਈ ਵੀ ਸਮਾਂ ਜਾਂ ਦਿਨ ਅਜਿਹਾ ਨਹੀਂ ਹੈ ਜੋ ਅਸ਼ੁਭ ਹੋਵੇ, ਸਿਰਫ ਉਹ ਸਮਾਂ ਅਸ਼ੁਭ ਹੈ ਜਦੋਂ ਪਾਰਬ੍ਰਹਮ ਦੀ ਯਾਦ ਵਿੱਸਰ ਜਾਂਦੀ ਹੈ ਅਤੇ ਜੇਕਰ ਉਸ ਨਿਰੰਕਾਰ ਦੀ ਯਾਦ ਬਣੀ ਰਹੇ ਤਾਂ ਹਰ ਘੜੀ, ਪੱਲ, ਮਹੂਰਤ ਸਫਲ ਹੈ:

ਨਾਨਕ ਸੋਈ ਦਿਨਸੁ ਸੁਹਾਵੜਾ
ਜਿਤੁ ਪ੍ਰਭੁ ਆਵੈ ਚਿਤਿ॥
ਜਿਤੁ ਦਿਨਿ ਵਿਸਰੈ ਪਾਰਬ੍ਰਹਮੁ
ਫਿਟੁ ਭਲੇਰੀ ਰੁਤਿ॥ ੧॥

(ਸਲੋਕ ਮ: ੫, ਪੰਨਾ ੩੧੮)

ਸੋ ਗੁਰਮਤਿ ਅਨੁਸਾਰ ਅਨੰਦ ਕਾਰਜ ਦੀ ਰਸਮ ਸਮੇਂ ਦਿਨ, ਵਾਰ, ਘੜੀ ਵਿਚਾਰਨਾ, ਰਾਸ਼ੀਆਂ ਦਾ ਮਿਲਾਪ ਕਰਨਾ, ਕੁੰਡਲੀਆਂ ਫਰੋਲਣੀਆਂ ਅਤੇ ਪੰਡਤਾਂ ਕੋਲ ਜਾ ਕੇ ਜਨਮ ਪੱਤਰੀਆਂ ਮਿਲਾਉਣੀਆਂ ਮਨਮਤਿ ਹੈ। ਗੁਰਮਤਿ ਦੇ ਮਾਰਗ ਦੇ ਪਾਂਧੀਆਂ ਦਾ ਪੱਥ ਅਜਿਹੇ ਵਹਿਮੀ-ਭਰਮੀ ਲੋਕਾਂ ਦੇ ਰਿਸ਼ਤਿਆਂ ਤੋਂ ਕਿਤੇ ਉਚੇਰਾ ਹੈ। ਕਰਤਾ 'ਗੁਰਬਿਲਾਸ' ਨੇ ਬੜਾ ਸੁੰਦਰ ਲਿਖਿਆ ਹੈ ਕਿ ਗੁਰੂ ਦੇ ਸਿੱਖ ਗ੍ਰਹਿ, ਤਿਥਿ ਵਾਰ ਦੀ ਪੂਜਾ ਨਹੀਂ ਕਰਦੇ, ਸਗੋਂ ਬੇਅੰਤ ਪਾਰਬ੍ਰਹਮ 'ਤੇ ਭਰੋਸਾ ਰੱਖਦੇ ਹਨ ਅਤੇ ਕਾਰਜ ਦੀ ਸਫ਼ਲਤਾ ਵਾਸਤੇ ਅਰਦਾਸ ਕਰਦੇ ਹਨ:

*ਸਿੱਖ ਅਨੰਨਯ ਪੰਡਿਤ ਦਿਖ ਐਸੇ।*
*ਗ੍ਰਹਿ ਤਿਥਿ ਵਾਰ ਮਾਨਹਿ ਕੈਸੇ।*
*ਏਕ ਭਰੋਸਾ ਪ੍ਰਭ ਕਾ ਪਾਇ।*
*ਤਿਆਗ ਲਗਨ ਅਰਦਾਸ ਕਰਾਇ।* (ਗੁਰ ਬਿਲਾਸ)

ਸਿੱਖ ਧਰਮ ਦੇ ਮਹਾਨ ਚਿੰਤਕ ਵਿਦਵਾਨ ਅਤੇ ਅਕਾਲ ਤਖ਼ਤ ਸਾਹਿਬ ਦੇ ਪ੍ਰਥਮ ਸੇਵਾਦਾਰ ਭਾਈ ਗੁਰਦਾਸ ਜੀ ਫ਼ੁਰਮਾਉਂਦੇ ਹਨ ਕਿ ਸਿੱਖ ਗ੍ਰਹਿਆਂ, ਨਛੱਤਰਾਂ ਅਤੇ ਜੋਤਿਸ਼ ਦਾ ਪੁਜਾਰੀ ਨਹੀਂ ਹੈ ਅਤੇ ਨਾ ਹੀ ਅਜਿਹੇ ਭਰਮ-ਭੁਲੇਖਿਆਂ ਦੇ ਸੰਬੰਧੀ ਮਨ ਵਿਚ ਸ਼ੰਕੇ ਰੱਖ ਕੇ ਉਸ ਦਾ ਉਪਾਸ਼ਕ ਬਣਦਾ ਹੈ। ਆਪ ਕਥਨ ਕਰਦੇ ਹਨ:

*ਪੂਛਤ ਨ ਜੋਤਕ ਅਉ ਬੇਦ ਥਿਤ ਵਾਰ ਕਛੂ,*
*ਗ੍ਰਿਹ ਅਉ ਨਿਛਤ੍ਰ ਕੀ ਨ ਸੰਕਾ ਉਰ ਧਾਰੀ ਹੈ॥*

(ਕਬਿੱਤ ਭਾਈ ਗੁਰਦਾਸ ਜੀ)

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਅਪਾਰ ਬਖ਼ਸ਼ਿਸ਼ ਦੇ ਪਾਤਰ ਭਾਈ ਨੰਦ ਲਾਲ ਜੀ ਫ਼ੁਰਮਾਉਂਦੇ ਹਨ ਕਿ ਹਰ ਕਾਰਜ ਦੀ ਸਫ਼ਲਤਾ ਵਾਸਤੇ ਅਕਾਲ ਪੁਰਖ ਦੇ ਸਨਮੁਖ ਅਰਦਾਸ ਚਾਹੀਦੀ ਹੈ, ਨਾਕਿ ਅਕਾਲ ਪੁਰਖ ਕ੍ਰਿਤ ਗ੍ਰਹਿਆਂ, ਨਛੱਤਰਾਂ, ਸੂਰਜ, ਚੰਦ ਦੀ ਉਪਾਸ਼ਨਾ ਕਰਨੀ ਚਾਹੀਦੀ ਹੈ। ਇਹ ਮਨਮੱਤ ਦਾ ਵਿਖਾਵਾ ਹੈ। ਭਾਈ ਨੰਦ ਲਾਲ ਜੀ ਲਿਖਦੇ ਹਨ:

*ਈ ਦੋ ਆਲਮ ਜ਼ਰ ਰਹੇ ਅਜ਼ ਨੂਰੇ ਉਸਤ॥*
*ਮਿਹਰੋ ਮਾਹ ਅਸ਼ਅਲ-ਕਸੇ ਮਜ਼ਦੂਰੇ ਉਸਤ॥*

(ਭਾਈ ਨੰਦ ਲਾਲ ਜੀ)

ਗੁਰਮਤਿ ਅਨੁਸਾਰ ਦੋਹਾਂ ਧਿਰਾਂ ਨੂੰ ਆਪਸ ਵਿਚ ਬੈਠ ਕੇ ਅਨੰਦ ਕਾਰਜ ਦਾ ਦਿਨ ਦੋਹਾਂ ਪਰਿਵਾਰਾਂ ਦੀ ਸਹੂਲਤ ਅਨੁਸਾਰ ਤਹਿ ਕਰ ਲੈਣਾ ਚਾਹੀਦਾ ਹੈ, ਜੋ ਦੋਹਾਂ ਧਿਰਾਂ ਨੂੰ ਠੀਕ ਬੈਠਦਾ ਹੋਵੇ। ਪਰੰਤੂ ਅਫ਼ਸੋਸ ਦੀ ਗੱਲ ਹੈ ਕਿ ਅੱਜ ਦੇ ਵਿਗਿਆਨਕ ਸਮੇਂ ਵਿੱਚ ਅਤੇ ਗੁਰੂ ਪਾਤਸ਼ਾਹ ਦੇ ਮਹਾਨ ਉਪਰਾਲਿਆਂ ਦੇ ਬਾਵਜੂਦ ਵੀ ਕਈ ਸਿੱਖ ਅਜਿਹੇ ਵਹਿਮਾਂ-ਭਰਮਾਂ ਦਾ ਸ਼ਿਕਾਰ ਹੋ ਕੇ ਜਿਥੇ ਆਪਣਾ ਆਰਥਿਕ ਸ਼ੋਸ਼ਣ ਕਰਵਾ ਰਹੇ ਹਨ ਉਥੇ ਗੁਰਮਤਿ ਤੋਂ ਵੀ ਦੂਰ ਹੁੰਦੇ ਜਾ ਰਹੇ ਹਨ।

ਸਾਹਾ ਸੋਧਣਾ, ਗ੍ਰਹਿ ਰਾਸ ਦਾ ਵਿਚਾਰ ਕਰਨਾ ਗੁਰਮਤਿ ਅਨੁਸਾਰ ਨਹੀਂ, ਮਨ-ਮੱਤ ਹੈ। ਗੁਰੂ ਪਾਤਸ਼ਾਹ ਤਾਕੀਦ ਕਰਦੇ ਹਨ ਕਿ ਗੁਰਬਾਣੀ ਦੀ ਸੋਝੀ ਦੀ ਪ੍ਰਾਪਤੀ ਕਰਕੇ ਗੁਰਮਤਿ ਅਨੁਸਾਰ ਹਰ ਕਾਰਜ ਦੇ ਆਰੰਭ ਤੋਂ ਪਹਿਲਾਂ ਸੰਸਾਰ ਦੇ ਕਰਤੇ ੧ਓ ਦੇ ਸਨਮੁਖ ਅਰਦਾਸ ਕਰਨੀ ਦੀ ਹੈ। ਗੁਰੂ ਪਿਤਾ ਦਾ ਹੁਕਮ ਹੈ:

*ਸਾਹਾ ਗਣਹਿ ਨ ਕਰਹਿ ਬੀਚਾਰੁ॥*
*ਸਾਹੇ ਊਪਰਿ ਏਕੰਕਾਰੁ॥*
*ਜਿਸੁ ਗੁਰੁ ਮਿਲੈ ਸੋਈ ਬਿਧਿ ਜਾਣੈ॥*
*ਗੁਰਮਤਿ ਹੋਇ ਤ ਹੁਕਮੁ ਪਛਾਣੈ॥*

(ਰਾਮਕਲੀ ਮ: ੧, ਪੰਨਾ ੯੦੪)

# ਕੀ ਨੂਰਮਹਿਲੀਆ ਸ਼ਰਧਾਨੰਦ ਖ਼ਾਲਸਾ ਹੈ ?

ਗੁਰੂ ਨਾਨਕ ਵਲੋਂ ਤੋਰੇ ਗਏ ਨਿਰਮਲ ਪੰਥ ਦਾ ਅੰਤਿਮ ਨਿਸ਼ਾਨਾ ਖ਼ਾਲਸੇ ਦੀ ਸਿਰਜਣਾ ਸੀ। ਦਸਵੇਂ ਜਾਮੇ ਵਿਚ ਗੁਰੂ ਪਿਤਾ ਨੇ ਦੇਹਧਾਰੀ ਗੁਰਤਾ ਦੀ ਸੰਪੂਰਨਤਾ ਕਰਕੇ, ਰੂਹਾਨੀ ਗੁਰਤਾ ਗ੍ਰੰਥ ਸਾਹਿਬ ਨੂੰ ਦੇ ਦਿੱਤੀ। ਬੇਸ਼ਕ ਖ਼ਾਲਸਾ ਪੰਥ ਨੂੰ ਗੁਰੂ ਪੰਥ ਕਹਿ ਕੇ ਨਿਵਾਜਿਆ ਪਰੰਤੂ ਸਦਾ ਸਦਾ ਲਈ ਸ਼ਬਦ ਗੁਰੂ ਦੇ ਲੜ ਲਗਾ ਦਿੱਤਾ। ਪ੍ਰੰਤੂ ਬੜੀ ਹੈਰਾਨਗੀ ਅਤੇ ਸਿਤਮਜ਼ਰੀਫੀ ਦੀ ਗੱਲ ਹੈ ਕਿ ਜਿਨ੍ਹਾਂ ਕਰਮਕਾਂਡਾਂ, ਭੇਖਾਂ, ਪ੍ਰੋਹਤਵਾਦ ਅਤੇ ਬਿਪਰਵਾਦੀ ਦੈਂਤ ਨੂੰ ਗੁਰੂ ਸਾਹਿਬ ਨੇ ਅਸਹਿ ਅਤੇ ਅਕਹਿ ਕੁਰਬਾਨੀਆਂ ਸਦਕਾ ਖ਼ਾਲਸਾ ਪੰਥ ਦੇ ਬਾਗ-ਬਹਾਰ ਵਿਚੋਂ ਬਾਹਰ ਕੱਢਿਆ ਸੀ, ਅੱਜ ਉਹ ਬਿਪਰਵਾਦੀ ਟੋਲਾ ਖ਼ਾਲਸਾ ਪੰਥ ਨੂੰ ਅਨੇਕਾਂ ਰੂਪਾਂ ਵਿਚ ਵੰਗਾਰ ਰਿਹਾ ਹੈ ਤੇ ਖ਼ਾਲਸਾ ਪੰਥ ਰੰਗ ਤਮਾਸ਼ਿਆਂ ਦੇ ਸੁਪਨੇ ਅੱਖਾਂ ਵਿਚ ਵਸਾ ਕੇ, ਆਧੁਨਿਕਵਾਦ ਦੀ ਚਾਦਰ ਤਾਣ ਕੇ ਗ਼ਫ਼ਲਤ ਦੀ ਨੀਂਦ ਸੁੱਤਾ ਹੈ। ਕਿਸੇ ਸ਼ਾਇਰ ਦੇ ਬੋਲ ਇਨ੍ਹਾਂ ਨੂੰ ਨਹੀਂ ਜਗਾ ਸਕਦੇ ਕਿ :

*ਆ ਸ਼ੇਖ ਤੁਝੇ ਬਤਲਾਊਂ, ਤਕਦੀਰਿ ਉਮੱਮ ਕਿਆ ਹੈ?*
*ਤੇਗੋ ਸਨੰਾਨ ਅੱਵਲ, ਤਾਊਸੋ ਰਬਾਬ ਅਖ਼ਿਰ।*

ਸ਼ਬਦ ਗੁਰੂ ਤੋਂ ਹੀਣੇ ਇਹ ਅੰਧ-ਵਿਸ਼ਵਾਸ਼ੀ ਅਖੌਤੀ ਸਿੱਖ ਪਤਾ ਨਹੀਂ ਕਿਸ ਮਾਨਸਿਕ ਰੋਗ ਦੇ ਸ਼ਿਕਾਰ ਹੁੰਦੇ ਜਾ ਰਹੇ ਹਨ ਕਿ ਇਨ੍ਹਾਂ ਦਾ ਰਾਜਨੀਤਕ ਪੱਤਨ ਤਾਂ ਹੋ ਹੀ ਰਿਹਾ ਹੈ, ਧਾਰਮਿਕ ਪੱਤਨ ਵੀ ਕਗਾਰ ਤੇ ਪਹੁੰਚ ਚੁੱਕਿਆ ਹੈ। ਤਰਨ ਤਾਰਨ ਵਿਖੇ ਪੰਥ-ਦੋਖੀ ਸ਼ਰਧਾਨੰਦ ਨੇ ਜੋ ਅਪਸ਼ਬਦ ਗੁਰੂ ਦੇ ਸਿੱਖਾਂ ਅਤੇ ਗੁਰੂ ਸਾਹਿਬਾਨ ਬਾਬਤ ਵਰਤੇ ਉਸ ਨਾਲ ਸਮੁੱਚੇ ਪੰਥ-ਦਰਦੀਆਂ ਦਾ ਹਿਰਦਾ ਵਲੂੰਧਰਿਆ। ਬਿਹਾਰੀ ਭਈਏ ਆਸ਼ੂਤੋਸ਼ ਦੇ ਜ਼ਰ-ਖਰੀਦ ਚਾਟੜੇ ਵਲੋਂ ਤਰਨ ਤਾਰਨ ਵਿਖੇ ਇਕ ਕੁਸੱਤਸੰਗ ਵਿਖੇ ਜੋ ਘਟੀਆ ਸ਼ਬਦਾਵਲੀ ਵਰਤ ਕੇ ਆਪਣੀ ਨੀਚ ਜ਼ਹਿਨੀਅਤ ਦਾ ਮੁਜ਼ਾਹਿਰਾ ਕੀਤਾ ਉਸ ਬਾਬਤ ਵਿਚਾਰ ਕਰਨ ਤੋਂ ਪਹਿਲਾਂ ਇਸ ਪੰਥ-ਦੋਖੀ ਸੰਸਥਾ ਦੀ ਕਾਰਜ ਵਿਧੀ ਬਾਰੇ ਜਾਨਣਾ ਅਤਿ ਜ਼ਰੂਰੀ ਹੈ।

ਸ਼ਰਧਾਨੰਦ ਨਾਮਕ ਇਹ ਬਹੁਰੂਪੀਆ ਉਸ ਗਿੱਦੜ ਆਸ਼ੂਤੋਸ਼ ਦਾ ਚੇਲਾ ਹੈ ਜਿਸਨੂੰ ਭੁਲੇਖੇ ਨਾਲ ਭਗਵਾਂ ਰੰਗ ਚੜ੍ਹ ਗਿਆ ਤੇ ਆਪਣੇ ਆਪ ਨੂੰ ਰਾਜਾ ਸਮਝਣ ਲੱਗ ਪਿਆ ਹੈ। ਇਸ ਦਾ ਮੂਲ ਕਾਰਨ ਸ਼ਾਇਦ ਇਹ ਹੈ ਕਿ ਮਜੀਠੀ ਰੰਗ ਦੀ ਰੰਗਤ ਦਾ ਅਲੰਬਦਾਰ ਖ਼ਾਲਸਾ ਪੰਥ ਆਪਣੀਆਂ ਗੌਰਵਮਈ ਰਵਾਇਤਾਂ ਨੂੰ ਭੁੱਲਦਾ ਜਾ ਰਿਹਾ ਹੈ। ਇਨ੍ਹਾਂ ਵਲੋਂ ਬਣਾਈ ਗਈ ਸੰਸਥਾ ਦਾ ਨਾਮ ਹੈ 'ਦਿਵਯ ਜੋਤੀ ਜਾਗਰਨ ਸੰਸਥਾਨ' ਅਰਥਾਤ ਐਸੀ ਜਗ੍ਹਾ ਜਿਥੇ ਅਲੌਕਿਕ ਪ੍ਰਕਾਸ਼ ਨੂੰ ਜਾਗ੍ਰਿਤ ਕੀਤਾ ਜਾਂਦਾ ਹੈ।

ਇਨ੍ਹਾਂ ਦੀ ਕਾਰਜਵਿਧੀ ਵੀ ਸੱਚਾ ਸੌਦਾ, ਰਾਧਾ ਸੁਆਮੀਆਂ ਅਤੇ ਹੋਰ ਪੰਥ-ਦੋਖੀ ਜਥੇਬੰਦੀਆਂ ਵਾਂਗ ਹੈ ਅਤੇ ਇਨ੍ਹਾਂ ਦਾ ਸ਼ਿਕਾਰ ਵੀ ਵਧੇਰੇ ਕਰਕੇ ਉਹ ਲੋਕ ਹਨ ਜੋ ਕਿਸੇ ਕਾਰਨ ਕਰਕੇ ਰਾਧਾ ਸੁਆਮੀਆਂ ਆਦਿ ਤੋਂ ਬਚੇ ਹੋਏ ਹਨ। ਡੂੰਘਾਈ ਨਾਲ ਇਨ੍ਹਾਂ ਦੀ ਕਾਰਜ ਵਿਧੀ ਦਾ ਅਧਿਐਨ ਕੀਤਾ ਜਾਵੇ ਤਾਂ ਇਕ ਗੱਲ ਪ੍ਰਤੱਖ ਰੂਪ ਵਿਚ ਸਾਹਮਣੇ ਆਉਂਦੀ ਹੈ ਕਿ ਇਨ੍ਹਾਂ ਸਾਰੀਆਂ ਹੀ ਪੰਥ-ਦੋਖੀ ਜਥੇਬੰਦੀਆਂ ਪਿੱਛੇ ਕੋਈ ਇਕ ਹੀ ਸੋਚ ਕਾਰਜਸ਼ੀਲ ਹੈ ਜਿਸਦਾ ਨਿਸ਼ਾਨਾ ਹੈ ਕੇਵਲ ਤੇ ਕੇਵਲ ਖ਼ਾਲਸਾ ਪੰਥ ਦੀ ਨਿਆਰੀ ਹਸਤੀ ਨੂੰ ਖਤਮ ਕਰਨਾ। ਇਨ੍ਹਾਂ ਦਾ ਮਕਸਦ ਕੇਵਲ ਆਪਣਾ ਗੁਰੂਡੰਮ ਪੈਦਾ ਕਰਨਾ ਨਹੀਂ ਸਗੋਂ ਖ਼ਾਲਸਾ ਪੰਥ ਵਿਚ ਮਿਲਗੋਭਾ ਪੈਦਾ ਕਰਨਾ ਹੀ ਇਨ੍ਹਾਂ ਦਾ ਮੁੱਖ ਕਾਰਜ ਹੈ। ਇਨ੍ਹਾਂ ਦੇ ਜ਼ਰਖਰੀਦ ਚਾਟੜੇ ਬੜੀ ਹੀ ਚਾਤਰਬੁੱਧੀ ਨਾਲ ਆਮ ਮੱਧਵਰਗੀ ਲੋਕਾਂ ਤਕ ਰਾਬਤਾ ਕਾਇਮ ਕਰਦੇ ਹਨ ਅਤੇ ਆਪਣੇ ਆਪ ਨੂੰ ਬੜੇ ਵੱਡੇ ਆਤਮਦਰਸ਼ੀ ਹੋਣ ਦਾ ਵਿਖਾਵਾ ਕਰਦੇ ਹੋਏ ਪੁੱਛਦੇ ਹਨ ਕਿ ਕੀ ਤੁਸੀਂ ਕਦੀ 'ਦਿਵਯ ਜਯੋਤੀ' ਦੇ ਦਰਸ਼ਨ ਕੀਤੇ ਹਨ ? ਹੁਣ ਬਾਂਦਰ ਕੀ ਜਾਣੇ ਅਦਰਕ ਦਾ ਸੁਆਦ ? ਵਿਚਾਰਾ ਕੋਈ ਆਮ ਇਨਸਾਨ ਨਾਂਹ ਵਿਚ ਜੁਆਬ ਦਿੰਦਾ ਹੈ ਤਾਂ ਚਾਟੜਾ (ਸੁਆਮੀ ਜੀ) ਬੜੇ ਆਤਮ-ਵਿਸ਼ਵਾਸ ਨਾਲ ਆਖਦਾ ਹੈ ਕਿ ਕੀ ਤੁਸੀਂ ਜੇਕਰ 'ਦਿਵਸ ਜਯੋਤੀ' ਦੇ ਦਰਸ਼ਨ ਕਰਨੇ ਹਨ ਤਾਂ 'ਮਹਾਰਾਜਾ ਆਸ਼ੂਤੋਸ਼' ਪਾਸ ਪਹੁੰਚੋ, ਤੁਹਾਡਾ ਪਾਰ ਨਿਸਤਾਰਾ ਕਰਵਾ ਦੇਣਗੇ।

ਫਿਰ 'ਸਤਿਸੰਗ' ਵਿਚ ਆਉਣ ਲਈ ਪ੍ਰੇਰਿਆ ਜਾਂਦਾ ਹੈ ਤੇ ਕਿਸੇ ਗਲੀ ਜਾਂ ਮੁਹੱਲੇ ਵਿਖੇ ਹੋ ਰਹੇ ਕੁਸੱਤਸੰਗ ਦਾ ਪਤਾ ਦੇ ਦਿੱਤਾ ਜਾਂਦਾ ਹੈ, 'ਦਿਵਯ ਜੋਤੀ' ਦੇ ਦਰਸ਼ਨਾਂ ਦੀ 'ਜਗਿਆਸੂ' ਦੇ ਮਨ ਅੰਦਰ ਐਸੀ ਤਾਂਘ ਪੈਦਾ ਕਰ ਦਿੱਤੀ ਜਾਂਦੀ ਹੈ ਕਿ ਉਹ 'ਸਤਿਸੰਗ' ਵਲ ਇੰਝ ਭੱਜਾ ਆਉਂਦਾ ਹੈ ਜਿਵੇਂ ਮੁਰਦਾ ਜਾਨਵਰ ਦਾ ਮਾਸ ਖਾਣ ਲਈ ਇੱਲ ਉਡੀ ਆਉਂਦੀ ਹੈ। 'ਸਤਿਸੰਗ' ਦੀ ਅੰਦਰੂਨੀ ਸਜਾਵਟ ਵੀ ਸੰਬੰਧਿਤ ਇਲਾਕੇ ਵਿਖੇ ਵੱਸਦੇ ਲੋਕਾਂ ਦੇ ਧਰਮ ਅਨੁਸਾਰ ਕੀਤੀ ਜਾਂਦੀ ਹੈ। ਜੇਕਰ ਵਸੋਂ ਸਿੱਖਾਂ ਨਾਲ ਸੰਬੰਧਿਤ ਹੋਵੇ ਤਾਂ 'ਬਿਹਾਰੀ ਭਈਏ' ਦੀ ਦਸਤਾਰ ਵਾਲੀ ਤਸਵੀਰ ਲਗਾ ਦਿੱਤੀ ਜਾਂਦੀ ਹੈ ਤੇ ਜੇਕਰ ਹਿੰਦੂ ਵੀਰਾਂ ਦੀ ਬਹੁਗਿਣਤੀ ਹੋਵੇ ਤਾਂ ਦਸਤਾਰ-ਰਹਿਤ ਖਿਲਰੇ ਵਾਲਾਂ ਵਾਲੀ ਤਸਵੀਰ ਇਕ 'ਸ਼ਾਹੀ' ਕੁਰਸੀ ਉਪਰ ਰੱਖ ਕੇ ਉਸ ਅੱਗੇ ਕੁਝ ਅਗਰਬੱਤੀਆਂ ਧੁਖਾ ਦਿੱਤੀਆਂ ਜਾਂ ਕੁਝ ਫਲ ਅੱਗੇ ਰੱਖ ਦਿੱਤੇ ਜਾਂਦੇ ਹਨ। ਅਜਿਹੇ ਕੁਸੱਤਸੰਗਾਂ ਦਾ ਮੁੱਖ ਆਕਰਸ਼ਣ ਹੁੰਦੀਆਂ ਹਨ ਬਾਬਿਆਂ ਦੀਆਂ 'ਦੇਵ ਕੰਨਿਆਵਾਂ' ਭਗਵੇਂ ਰੰਗ ਦੇ ਸੂਟ ਸਲਵਾਰਾਂ ਪਹਿਣ ਕੇ ਸਟੇਜ ਉਪਰ ਇਹ 'ਦੇਵੀਆਂ' ਇਸ ਤਰ੍ਹਾਂ 'ਪ੍ਰਗਟ ਹੁੰਦੀਆਂ ਹਨ ਜਿਵੇਂ ਫੈਸ਼ਨ ਸ਼ੋਅ ਸਮੇਂ ਮਾਡਲ।

*"ਇਸ ਸਾਦਗੀ ਪੇ ਕੌਨ ਨਾ ਮਰ ਜਾਏ ਐ ਖ਼ੁਦਾ?"*

ਬਾਬੇ ਦੇ ਰੰਗ ਵਿਚ ਰੱਤੀਆਂ ਇਹ ਯੁਵਾ ਅਪੱਛਰਾਵਾਂ ਕੁਝ ਰਟੇ-ਰਟਾਏ ਸ਼ਬਦਾਂ ਨਾਲ ਅਨੇਕਾਂ ਲੋਕਾਂ ਨੂੰ ਮੂਰਖ ਬਣਾ ਕੇ ਗੱਡੀਆਂ ਵਿਚ ਸੁਆਰ ਹੋ ਕੇ ਵਾਪਸ ਪਰਤ ਜਾਂਦੀਆਂ ਹਨ। ਜਿਨ੍ਹਾਂ ਲੋਕਾਂ ਉਪਰ ਇਨ੍ਹਾਂ ਦਾ ਜਾਦੂ ਚਲ ਜਾਂਦਾ ਹੈ ਉਹ ਤਾਂ ਇਨ੍ਹਾਂ ਨੂੰ ਦੇਵੀਆਂ ਸਮਝ ਬੈਠਦੇ ਹਨ, ਤੇ ਕੁਝ ਵਿਚਾਰੇ ਇਨ੍ਹਾਂ 'ਬੀਬੀਆਂ' ਬਾਰੇ ਸੋਚਦੇ ਹਨ:

"ਭਗਵੇਂ ਪਾ ਪ੍ਰਚਾਰ ਨੂੰ ਨਿਕਲ ਤੁਰੀਆਂ,
ਹੋ ਗਈਆਂ ਬਾਬਿਆਂ ਪਿੱਛੇ ਝੱਲੀਆਂ ਜੀ।
ਸ਼ਾਹ ਮੁਹੰਮਦਾ ਸ਼ਰਮ ਨਾਲ ਮਰਨ ਮਾਪੇ,
ਜਿਨ੍ਹਾਂ ਕੁਆਰੀਆਂ ਸਾਧਾਂ ਨਾਲ ਘੱਲੀਆਂ ਜੀ।"

ਇਨ੍ਹਾਂ ਦੇ ਜ਼ਰਖਰੀਦ ਪ੍ਰਚਾਰਕ ਜੇਕਰ ਸਿੱਖ ਹੋਣ ਤਾਂ 'ਸਿੰਘ' ਸ਼ਬਦ ਲਾਹ ਦਿੱਤਾ ਜਾਂਦਾ ਹੈ। ਅਤੇ 'ਸੁਆਮੀ' ਸ਼ਬਦ ਲਗਾ ਦਿੱਤਾ ਜਾਂਦਾ ਹੈ। ਉਦਾਹਰਣ ਵਜੋਂ ਗੁਰਪ੍ਰੀਤ ਸਿੰਘ, 'ਗੁਰਪ੍ਰੀਤ ਸੁਆਮੀ' ਵਿਚ ਬਦਲ ਜਾਂਦਾ ਹੈ। ਬੜੇ ਫਖ਼ਰ ਨਾਲ ਆਪਣੇ ਨਾਮ ਨਾਲ ਸੁਆਮੀ ਸ਼ਬਦ ਦੀ ਵਰਤੋਂ ਕਰਦੇ ਹਨ, ਜਦੋਂ ਕਿ ਗੁਰਮਤਿ ਵਿਚਾਰਧਾਰਾ ਅਨੁਸਾਰ 'ਸੁਆਮੀ' ਸ਼ਬਦ ਅਕਾਲ ਪੁਰਖ ਦੇ ਬੋਧਿਕ ਵਜੋਂ ਵਰਤਿਆ ਜਾਂਦਾ ਹੈ।

ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੭੪੯)

ਜਦੋਂ ਕੋਈ 'ਜਗਿਆਸੂ' ਇਨ੍ਹਾਂ ਦੇ 5-8 ਦੇ ਕਰੀਬ ਕੁਸੱਤਸੰਗਾਂ ਦੀ ਹਾਜ਼ਰੀ ਭਰ ਲੈਂਦਾ ਹੈ ਤਾਂ ਉਸ ਨੂੰ 'ਵਿਸ਼ਵ ਭਰਮ ਜਾਗਰਣ ਸੰਸਥਾਨ' ਅਰਥਾਤ ਨੂਰਮਹਿਲ ਜਾ ਕੇ ਨਾਮ ਲੈਣ ਲਈ ਪਰੇਰਿਆ ਜਾਂਦਾ ਹੈ। ਬੜੀ ਹੀ ਚਾਤਰ ਬੁੱਧੀ ਨਾਲ ਇਹ ਜ਼ਰਖਰੀਦ ਚਾਟੜੇ ਇਸ 'ਬਿਹਾਰੀ ਭਈਏ' ਦੀਆਂ ਤਸਵੀਰਾਂ ਵਾਲੇ ਲਾਕੇਟ ਗਲਾਂ ਵਿਚ ਲਟਕਾਉਣ ਲਈ ਮੁੱਲ ਵੇਚਦੇ ਹਨ, ਜਿਨ੍ਹਾਂ ਉਪਰ ਇਸ ਦੀਆਂ ਦਸਤਾਰ-ਰਹਿਤ ਅਤੇ ਦਸਤਾਰ ਵਾਲੀਆਂ ਤਸਵੀਰਾਂ ਹਨ। ਇਨ੍ਹਾਂ ਦੇ ਸਮਾਗਮਾਂ ਵਿਚ ਧਾਰਮਿਕ ਪੋਥੀਆਂ ਅਤੇ ਇਥੋਂ ਤਕ ਕਿ ਕਈ ਵਾਰ ਗੁਰੂ ਗ੍ਰੰਥ ਸਾਹਿਬ ਨੂੰ ਵੀ ਆਮ ਕਿਤਾਬਾਂ ਵਾਂਗ ਹੀ ਲਿਆਂਦਾ ਜਾਂਦਾ ਹੈ ਅਤੇ ਕੋਈ ਸਤਿਕਾਰ ਨਹੀਂ ਕੀਤਾ ਜਾਂਦਾ ਹੈ। ਬਾਬੇ ਦੇ ਚਾਟੜੇ 'ਸਿੱਖ' ਬਹੁਗਿਣਤੀ ਕੁਸੱਤਸੰਗਾਂ ਵਿਚ ਬਿਹਾਰੀ ਭਈਏ ਨੂੰ ਗੁਰੂ ਗੋਬਿੰਦ ਸਿੰਘ ਜਾਂ ਹੋਰ ਗੁਰੂ ਸਾਹਿਬ ਦਾ ਰੂਪ ਅਤੇ ਹਿੰਦੂ ਬਹੁਗਿਣਤੀ ਕੁਸੱਤਸੰਗਾਂ ਵਿਚ ਰਾਮ ਜਾਂ ਕ੍ਰਿਸ਼ਨ ਦਾ ਰੂਪ ਦਰਸਾਉਂਦੇ ਹਨ।

'ਭਰਮ' ਦਾ ਪਿਆਲਾ ਪੀ ਚੁੱਕੇ ਇਹ 'ਆਤਮ ਰਸ' ਪ੍ਰਾਪਤੀ ਦੇ ਅੰਧ-ਵਿਸ਼ਵਾਸੀ 'ਜਗਿਆਸੂ' ਮੁੱਖ ਕੇਂਦਰ ਤਕ ਪਹੁੰਚ ਜਾਂਦੇ ਹਨ। ਉਥੇ ਸਾਰੇ ਕੁਸੱਤਸੰਗੀਆਂ ਨੂੰ ਇਕ ਫਾਰਮ ਭਰਨ ਲਈ ਦਿੱਤਾ ਜਾਂਦਾ ਹੈ। ਜਿਸ ਉਪਰ ਅੰਕਿਤ ਹੁੰਦਾ ਹੈ:

ਨਾਮ...ਕਿੰਨੇ ਸਤਿਸੰਗਾਂ ਵਿਚ ਹਾਜ਼ਰੀ ਭਰੀ............

ਪਿਤਾ/ਪਤੀ.........

ਉਮਰ.......

ਪਤਾ........

**Note:-** ਕਈ ਵਾਰ ਇਹ ਸਾਰੇ ਸਵਾਲ 'ਜਗਿਆਸੂ' ਕੋਲੋਂ ਜ਼ਬਾਨੀ ਹੀ ਪੁੱਛ ਲਏ ਜਾਂਦੇ।

ਵਿਦਿਅਕ ਯੋਗਤਾ.......

ਜਿਨ੍ਹਾਂ ਉਪਰ 'ਬਾਬਾ ਜੀ' ਦੀ 'ਵਿਸ਼ੇਸ਼' 'ਕਿਰਪਾ' ਹੁੰਦੀ ਹੈ ਉਨ੍ਹਾਂ ਨੂੰ ਇਹ 'ਨਾਮ ਦਾਨ' ਪ੍ਰਾਪਤੀ ਦਾ ਫਾਰਮ ਡਾਕ ਰਾਹੀਂ ਵੀ ਘਰ ਪਹੁੰਚ ਜਾਂਦਾ ਹੈ। ਇਸ ਫਾਰਮ ਦੀ ਜਮ੍ਹਾਂ ਕਰਨ ਦੀ ਘੱਟੋ-ਘੱਟ ਫੀਸ 50/- ਰੁਪੈ ਹੈ। ਇਸ ਫੀਸ ਨੂੰ ਬਾਬੇ ਦੇ ਬੋਲਿਆਂ ਵਿਚ 'ਪ੍ਰਸ਼ਾਦੀ' ਦੀ ਭੇਟਾ ਕਿਹਾ ਜਾਂਦਾ ਹੈ। ਸਾਰੇ ਪੈਸੇ ਇਕੱਤਰ ਕਰਕੇ ਕੁਝ ਪੈਸਿਆਂ ਦੀ ਮਠਿਆਈ ਜਾਂ ਫਰੂਟ ਮੰਗਵਾ ਕੇ 'ਬਾਬਾ ਜੀ' ਦੀ 'ਭੇਟਾ' ਹੇਤ ਰੱਖ ਲਿਆ ਜਾਂਦਾ ਹੈ। ਨਾਮ-ਦਾਨ ਅਕਸਰ ਰਾਤ ਨੂੰ ਹੀ ਦਿੱਤਾ ਜਾਂਦਾ ਹੈ। ਦਿਨ ਵੇਲੇ ਕੁਸੱਤਸੰਗ ਸਜਦਾ ਹੈ, ਜਿਥੇ ਜ਼ਰਖਰੀਦ ਚਾਟੜੇ 'ਨਾਮ ਦਾਨ' ਦੀ ਅਹਿਮੀਅਤ ਬਾਰੇ ਚਾਨਣਾ ਪਾਉਂਦੇ ਦੱਸਦੇ ਹਨ ਕਿ:

''*ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥* (ਪੰਨਾ ੪੬੭)

'ਨਾਮ ਅਤਿ ਜ਼ਰੂਰੀ ਹੈ, ਨਾਮ ਤੋਂ ਬਿਨਾਂ ਨਿਸਤਾਰਾ ਨਹੀਂ ਨਾਨਕ ਵਲੋਂ ਕਿਹਾ ਗਿਆ ਨਾਮ ਕੇਵਲ ਆਸ਼ੂਤੋਸ਼ ਜੀ ਹੀ ਦੇ ਸਕਦੇ ਹਨ।''

ਫਿਰ ਚਾਰੇ ਪਦਾਰਥਾਂ ਦੀ ਗੱਲ ਛਿੜਦੀ ਹੈ ਕਿ ਇਨ੍ਹਾਂ ਚਾਰ ਪਦਾਰਥਾਂ (1. ਪ੍ਰਕਾਸ਼, 2. ਬ੍ਰਹਮਨਾਦ, 3. ਅਵਿੱਤ, 4. ਅੰਮ੍ਰਿਤ ਪਾਨ) ਦੀ ਪ੍ਰਾਪਤੀ ਕੇਵਲ ਆਸ਼ੂਤੋਸ਼ ਜੀ ਤੋਂ ਬਖਸ਼ੇ ਗਏ ਨਾਮ-ਦਾਨ ਸਦਕਾ ਹੀ ਹੋਣਗੇ। ਅਗੰਮੀ ਪ੍ਰਕਾਸ਼ ਦੇ ਦਰਸ਼ਨ ਦੀਦਾਰੇ, ਅਨਹਦ ਨਾਦ ਦੀ ਝਣਕਾਰ, ਆਤਮਿਕ ਅਨੰਦ ਤੇ ਆਤਮ ਰਸ, ਇਹ ਤਾਂ ਸਭ ਕੁਝ ਆਸ਼ੂਤੋਸ਼ ਜੀ ਦੀ ਕ੍ਰਿਪਾ ਸਦਕਾ ਹੀ ਪ੍ਰਾਪਤ ਹੋ ਸਕਦਾ ਹੈ।

ਚਾਰ ਪਦਾਰਥਾਂ ਦੇ ਉਪਰੋਕਤ ਅਰਥ ਇਨ੍ਹਾਂ ਮਨਘੜਤ ਹੀ ਤਿਆਰ ਕੀਤੇ ਹਨ। ਗੁਰਬਾਣੀ ਵਿਚ ਚਾਰ ਪਦਾਰਥਾਂ ਦਾ ਜ਼ਿਕਰ ਜ਼ਰੂਰ ਮਿਲਦਾ ਹੈ।

*ਚਾਰਿ ਪਦਾਰਥ ਜੇ ਕੋ ਮਾਗੈ॥*
*ਸਾਧ ਜਨਾ ਕੀ ਸੇਵਾ ਲਾਗੈ॥*

(ਗਉੜੀ ਸੁਖਮਨੀ ਮ: ੫, ਪੰਨਾ ੨੬੬)

ਅਤੇ ਇਹ ਚਾਰ ਪਦਾਰਥ ਹਨ:

*ਧਰਮ ਅਰਥ ਅਰੁ ਕਾਮ ਮੋਖ ਦੇਤੇ ਨਹੀ ਬਾਰ॥*

(ਬਿਲਾਵਲ ਮ: ੫, ਪੰਨਾ ੮੧੬)

ਧਰਮ ਦਾ ਅਰਥ ਮਨੁੱਖ ਦੀ ਅੰਦਰੂਨੀ ਨੇਕੀ ਹੈ, ਅਰਥ ਦਾ ਭਾਵ ਸੰਸਾਰੀ ਦੌਲਤ ਤੋਂ ਹੈ, ਕਾਮ ਤੋਂ ਭਾਵ ਜੀਵਨ ਲੜੀ ਅੱਗੇ ਚਲਦੀ ਰੱਖਣ ਹੈ ਅਤੇ ਮੋਖ ਤੋਂ ਭਾਵ ਮੁਕਤੀ ਹੈ। ਗੁਰੂ ਸਾਹਿਬ ਦਾ ਫੁਰਮਾਨ ਹੈ ਕਿ ਮਨੁੱਖ ਇਨ੍ਹਾਂ ਦੀ ਪ੍ਰਾਪਤੀ ਲਈ ਕਈ ਤਰ੍ਹਾਂ ਦੀਆਂ ਘਾਲਾਂ ਘਾਲਦਾ ਹੈ। ਪ੍ਰੰਤੂ ਜੇਕਰ ਨਾਮ-ਸਿਮਰਨ ਅਤੇ ਸੇਵਾ ਵਿਚ ਜੁੱਟ ਜਾਵੇ ਤਾਂ ਇਹ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ।

ਕਈ ਵਾਰ ਇਨ੍ਹਾਂ ਸਮਾਗਮਾਂ ਵਿਚ (ਕੇਵਲ ਡੇਰੇ ਨੂਰਮਹਿਲ ਵਿਖੇ) 'ਆਸ਼ੂਤੋਸ਼ ਜੀ' ਖ਼ੁਦ ਵੀ ਪ੍ਰਵਚਨ ਕਰਦੇ ਹਨ ਜਿਹੜੇ ਕਿ ਆਪਣੇ ਇਕ ਸਾਬਕਾ ਡਰਾਇਵਰ ਦੇ ਸ਼ਬਦਾਂ ਵਿਚ, 17-18 ਸਾਲ ਪਹਿਲਾਂ ਦਿੱਲੀ ਦੀ ਇਕ ਧਾਰਮਿਕ ਸੰਸਥਾ ਦੇ ਪ੍ਰਚਾਰਕ ਸਨ ਅਤੇ ਘਟੀਆ ਕਰਤੂਤਾਂ

ਸਦਕਾ ਇਸ ਨੂੰ ਕੱਢ ਦਿੱਤਾ ਗਿਆ ਸੀ। ਜਦੋਂ ਇਹ 'ਬਾਬੇ ਜੀ' ਆਪਣੇ ਐਸ਼ੋ-ਇਸ਼ਰਤ ਨਾਲ ਭਰਪੂਰ ਕਮਰੇ ਵਿਚ ਰੰਗ-ਰੰਗੀਲੀਆਂ ਫਿਲਮਾਂ ਵੇਖ ਰਹੇ ਹੁੰਦੇ ਹਨ ਤਾਂ ਬਾਹਰ ਜ਼ਰਖਰੀਦ ਚੇਲੇ 'ਜਗਿਆਸੂਆਂ' ਨੂੰ ਕਹਿੰਦੇ ਹਨ ਕਿ ਬਾਬਾ ਜੀ 'ਸਮਾਧੀ' ਵਿਚ ਲੀਨ ਹਨ। 'ਬਾਬਾ ਜੀ' ਦੇ ਉਪਰੋਕਤ ਡਰਾਇਵਰ ਨੇ (ਪੂਰਨ ਸਿੰਘ ਦੇਸਲ, 1989 ਤੋਂ 1992 ਤੱਕ) ਬਾਬਾ ਜੀ ਨੂੰ ਇਕ ਅਪੱਛਰਾ (ਦੇਵੀ ਜੀ) ਨਾਲ ਅੱਧੀ ਰਾਤ ਨੂੰ ਇਤਰਾਜ਼ਯੋਗ ਹਾਲਤ ਵਿਚ ਵੇਖਿਆ।

ਪ੍ਰਵਚਨ ਕਰਨ ਤੋਂ ਬਾਅਦ 'ਕਾਮਉਲ ਇਖ਼ਲਾਕ' ਦਾ ਮੁਜੱਸਮਾ ਆਸ਼ੂਤੋਸ਼ ਤਾਂ ਚਲਾ ਜਾਂਦਾ ਹੈ ਤੇ ਰਾਤ ਸਮੇਂ ਇਕ ਕਮਰੇ ਵਿਚ ਨਾਮ ਦਾਨ ਦਿੱਤਾ ਜਾਂਦਾ ਹੈ। ਵਿਚਾਰੇ ਅੰਧ-ਵਿਸ਼ਵਾਸੀ ਲੋਕ ਅੱਖਾਂ ਨੂੰ ਦੱਬਣ ਨਾਲ ਪੈਦਾ ਹੋਏ ਪ੍ਰਕਾਸ਼ ਬਿੰਬਾਂ ਨੂੰ 'ਦਿਵਯ ਜੋਤੀ' ਸਮਝਦੇ ਹਨ, ਕੰਨਾਂ ਉਪਰ ਅੰਗੂਠਾ ਰੱਖਣ ਨਾਲ ਪੈਦਾ ਹੋਈ ਸਾਂ-ਸਾਂ ਦੀ ਆਵਾਜ਼ ਨੂੰ 'ਅਨਹਦ ਨਾਦ' ਅਤੇ ਜ਼ੁਬਾਨ ਤੇ ਟਪਕ ਰਹੀਆਂ ਥੁੱਕ ਦੀਆਂ ਲਾਰਾਂ ਨੂੰ ਅੰਮ੍ਰਿਤ। ਪਾਠਕ ਵੀਰੋ, ਕੈਸਾ 'ਅੰਮ੍ਰਿਤ ਪਾਨ' ਹੈ। ਮਰਦ ਅਗੰਮੜੇ ਦਸਵੇਂ ਨਾਨਕ ਨੇ ਤਾਂ ਖੰਡੇ ਦੇ ਪਾਹੁਲ ਦੀ ਪਹਿਲੀ ਸ਼ਰਤ ਬਿਆਨ ਹੀ ਇਹ ਕੀਤੀ ਸੀ ਕਿ:

*ਸ਼ੀਸ ਕੀ ਹੈ ਫੀਸ ਜਹਾਂ,*
*ਆਉ ਇਸ ਗਲੀ,*
*ਸੀਸ ਤਲੀ ਪੇ ਟਿਕਾਇ ਕੇ॥*

ਪਰੰਤੂ ਇਨ੍ਹਾਂ ਦੰਭੀਆਂ ਕੋਲੋਂ ਨਾਮ ਦੀ ਪ੍ਰਾਪਤੀ ਲਈ ਸੀਸ ਦੀ ਨਹੀਂ ਬਲਕਿ ਮਾਇਆ ਦੀ ਫੀਸ ਲਈ ਜਾਂਦੀ ਹੈ, ਇਨ੍ਹਾਂ ਬਾਬਤ ਕਿਸੇ ਵੀਰ ਦਾ ਕਥਨ ਹੈ:

ਪਚਾਸ ਰੁਪੇ ਫੀਸ ਦੇ ਕੇ, ਥੋੜ੍ਹਾ ਸਾ ਢੀਠ ਹੋ ਕੇ,
ਫਸੋ ਦਲਦਲ ਮੇ, ਫਲ ਲਿਫ਼ਾਫ਼ੇ ਮੇਂ ਪਵਾਏ ਕੇ।

ਫਿਰ 'ਨਾਮ-ਸਿਮਰਣ' ਦੀਆਂ ਵਿਧੀਆਂ ਦੱਸਣ ਉਪਰੰਤ ਨਾਮ ਦਾਨ ਦਿੱਤਾ ਜਾਂਦਾ ਹੈ ਜੋ ਕਿਸੇ ਹੋਰ ਨੂੰ ਦੱਸਣਾ ਵਰਜਿਤ ਹੈ, ਅਤੇ ਕਿਸੇ ਹੋਰ ਨੂੰ ਦੱਸਣ ਨਾਲ ਉਹੀ ਸਜ਼ਾ ਭੁਗਤਣੀ ਪਵੇਗੀ ਜਿਹੜੀ ਰਾਧਾ-ਸੁਆਮੀਆਂ ਦਾ ਨਾਮ ਅੱਗੇ ਦੱਸਣ ਤੇ ਭੁਗਤਣੀ ਪੈਂਦੀ ਹੈ। ਇਨ੍ਹਾਂ ਵਲੋਂ ਦਿੱਤਾ ਜਾਂਦਾ ਨਾਮ 'ਸੋਹੰ' ਹੈ ਜਿਸਦੇ ਅਰਥ ਹਨ, 'ਉਹ ਮੈਂ ਹਾਂ'। ਇਹ ਕੋਈ ਇਸ ਆਸ਼ੂਤੋਸ਼ ਦੀ ਫੈਕਟਰੀ ਵਿਚ ਇਜ਼ਾਦ ਕੀਤਾ ਸ਼ਬਦ ਨਹੀਂ ਹੈ ਜਿਹੜਾ ਕਿਸੇ ਨੇ ਕਦੀ ਸੁਣਿਆ ਨਾ ਹੋਵੇ ਤੇ ਕੇਵਲ ਸਾਰੇ ਹੱਕ ਇਸੇ ਪਾਸ ਹੀ ਰਾਖਵੇਂ ਹੋਣ, ਗੁਰੂ ਗ੍ਰੰਥ ਸਾਹਿਬ ਵਿਚ ਇਹ ਸ਼ਬਦ ਅਨੇਕਾਂ ਵਾਰ ਦਰਜ ਹੈ,

੧. *ਸੋਹੰ ਆਪੁ ਪਛਾਣੀਐ* (ਸਿਰੀਰਾਗੁ ਮ: ੧, ਪੰਨਾ ੬੦)

੨. *ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ॥*
(ਸੋਰਠਿ ਮ: ੫, ਪੰਨਾ ੫੯੯)

੩. *ਸੋਹੰ ਸੋ ਜਾ ਕਉ ਹੈ ਜਾਪ॥* (ਭਗਤ ਕਬੀਰ ਜੀ, ਪੰਨਾ ੧੧੬੨)

ਤਰਨ ਤਾਰਨ ਵਿਖੇ ਇਨ੍ਹਾਂ ਦੰਭੀਆਂ ਵਲੋਂ ਕੀਤੇ ਗਏ ਕੁਸੱਤਸੰਗ ਦੌਰਾਨ ਇਸ ਦੇ ਚਾਟੜੇ ਸ਼ਰਧਾਨੰਦ ਨੇ ਸਿੱਖਾਂ ਅਤੇ ਧਰਮ ਬਾਰੇ ਅਪ-ਸ਼ਬਦਾਵਲੀ ਵਰਤਦਿਆਂ ਆਪਣੇ ਮੁੱਖੀ ਦੇ ਵਫ਼ਾਦਾਰ ਟੁੱਕੜਬੋਚ ਹੋਣ ਦਾ ਸਬੂਤ ਦਿੱਤਾ:

*ਗੁਰੂ ਜਿਨਾਂ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੯੫੧)

ਇਹ ਆਸ਼ੂਤੋਸ਼ ਆਪਣੇ 'ਜਗਿਆਸੂਆਂ' ਨੂੰ ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ 'ਦਿਵਯ ਜੋਤੀ' ਰਾਹੀਂ ਦਰਸ਼ਨ ਕਰਾਉਣ ਦਾ ਦਾਅਵਾ ਕਰਦਾ ਹੈ। ਪ੍ਰੰਤੂ ਸਮਝ ਨਹੀਂ ਆਉਂਦੀ ਕਿ ਭਗਵਾਂਧਾਰੀ 'ਵਿਸ਼-ਕੰਨਿਆਵਾਂ' ਨੂੰ ਬ੍ਰਹਮਾ ਜੀ ਦੇ ਦਰਸ਼ਨ ਕਰਵਾ ਕੇ ਇਹ ਕਿਨ੍ਹਾਂ ਸ਼ਬਦਾਂ ਰਾਹੀਂ ਦੱਸਦਾ ਹੋਵੇਗਾ, ਬ੍ਰਹਮਾ ਜੀ ਦੇ ਕਾਰਨਾਮੇ:

*ਚਾਰੇ ਵੇਦ ਵਖਾਣਦਾ ਚਤੁਰਮੁਖੀ ਹੋਇ ਖਰਾ ਸਿਆਣਾ॥*
*ਲੋਕਾਂ ਨੂੰ ਸਮਝਾਇੰਦਾ ਵੇਖਿ ਸੁਰਸਤੀ ਰੂਪ ਲੋਭਾਣਾ॥*

(ਭਾਈ ਗੁਰਦਾਸ ਜੀ, ਵਾਰ ੧੨/੭)

ਖ਼ੈਰ, ਆਉ ਪਹਿਲਾਂ ਇਸ ਸ਼ਰਧਾਨੰਦ ਦੁਆਰਾ ਕੀਤੇ ਉਨ੍ਹਾਂ 'ਆਤਮ-ਰਸੀ' ਪ੍ਰਵਚਨਾਂ ਤੇ ਝਾਤੀ ਮਾਰੀਏ, ਜਿਨ੍ਹਾਂ ਨੇ ਸਿੱਖ ਕੌਮ ਨੂੰ ਦੁਬਾਰਾ ਨਰਕਧਾਰੀ ਕਾਂਡ ਚੇਤੇ ਕਰਵਾ ਦਿੱਤਾ ਹੈ:

ਪਿਆਰੇ ਭਗਵਤ ਪ੍ਰੇਮੀਓ, ਓ ਸਰਬ ਸ਼ਕਤੀਮਾਨ ਪ੍ਰਮਾਤਮਾ ਧਰਤੀ ਉਪਰ ਹਰ ਸਮੇਂ ਤਿੰਨਾਂ ਰੂਪਾਂ ਵਿੱਚ ਮੌਜੂਦ ਹੈ।

ਤਿੰਨ ਅਵਤਾਰ ਵੀ ਕਹਿ ਸਕਦੇ ਹਾਂ:

ਨਿਤਯ ਅਵਤਾਰ।

ਨਮਿਤ ਅਵਤਾਰ।

ਅਵੇਸ਼ਾ ਅਵਤਾਰ।

ਨਮਿਤ ਅਵਤਾਰ ਉਹ ਹੁੰਦਾ ਹੈ ਜਿਵੇਂ ਭਗਵਾਨ ਜੋ ਕਹਿਣਾ ਚਾਹੇ ਤੁਸੀਂ ਕਿਸੇ ਕਾਇਆ ਦੇ ਮਾਧਿਅਮ ਰਾਹੀਂ ਹੀ ਸੁਣ ਸਕਦੇ ਹੋ। ਜਿਵੇਂ ਸਦਗੁਰੂ (ਆਸ਼ੂਤੋਸ਼) ਦੇ ਵਿਚਾਰ ਤੁਸੀਂ ਉਹਨਾਂ ਦੇ ਸ਼ਿਸ਼ਾਂ ਦੁਆਰਾ ਸੁਣ ਰਹੇ ਹੋ।-----------------ਭਗਵਾਨ ਸ਼ਿਵ ਇਸ ਸ੍ਰਿਸ਼ਟੀ ਦਾ ਸਿਰਜਨ, ਪਾਲਣ ਅਤੇ ਸੰਘਾਰ ਕਰਦੇ ਹਨ। ਉਹ ਅਨੰਦ ਅਤੇ ਕਲਿਆਣਮਈ ਹਨ। ਉਹ ਜਲਦੀ ਹੀ ਪ੍ਰਸੰਨ ਹੋ ਜਾਣ ਵਾਲੇ ਹਨ। ਇਸ ਕਰਕੇ ਹੀ ਉਹਨਾਂ ਦਾ ਨਾਮ ਆਸ਼ੂਤੋਸ਼ ਹੈ। ਉਹ ਸਾਡੇ ਸਾਰੇ ਦੁੱਖਾਂ ਦਾ ਅੰਤ ਕਰ ਦਿੰਦੇ ਹਨ। ਉਹ ਸਾਨੂੰ ਸਾਡੇ ਤੀਨ ਤਾਪਾਂ ਤੋਂ ਮੁਕਤੀ ਦਵਾ ਦਿੰਦੇ ਹਨ। ਜਿਸ ਨੂੰ ਅਸੀਂ ਪ੍ਰਾਰਥਨਾ ਵਿੱਚ ਹਮੇਸ਼ਾ ਕਹਿੰਦੇ ਹਾਂ:

*ਤੀਨੇ ਤਾਪ ਨਿਵਾਰਣਹਾਰਾ ਦੁਖ ਹੰਤਾ ਸੁਖ ਰਾਸਿ॥*
*ਤਾ ਕਉ ਬਿਘਨੁ ਨ ਕੋਊ ਲਾਗੈ ਜਾ ਕੀ ਪ੍ਰਭ ਆਗੈ ਅਰਦਾਸਿ॥* (ਪੰਨਾ ੭੧੪)

ਉਸੇ ਹੀ ਭਗਵਾਨ ਸ਼ਿਵ ਦੀ ਮਹਿਮਾ, ਉਸ ਦੀ ਸ਼ਕਤੀ ਦੀ ਉਸਤਤਿ, ਖ਼ੁਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਕੀਤੀ ਹੈ। ਜਦੋਂ ਉਹਨਾਂ ਨੇ ਕਿਹਾ ਹੈ:

*ਦੇਹਿ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ॥*
*ਨ ਡਰੋਂ ਅਰਿ ਸੌਂ ਜਬ ਜਾਇ ਲਰੋਂ ਨਿਸਚੈ ਕਰ ਅਪਨੀ ਜੀਤ ਕਰੋਂ॥*

ਸ਼ਿਵਾ, ਕਿਸ਼ਨੂੰ ਕਿਹਾ ਹੈ ਗੁਰੂ ਨੇ? ਸ਼ਿਵਾ ਉਹਨਾਂ ਨੇ ਕਿਹਾ ਹੈ ਸ਼ਿਵ ਦੀ ਸ਼ਕਤੀ ਪਾਰਵਤੀ ਨੂੰ। ਜਦੋਂ ਮੈਂ ਬ੍ਰਹਮ-ਗਿਆਨ ਦੀ ਪ੍ਰਾਪਤੀ ਨਹੀਂ ਸੀ ਕੀਤੀ ਤਾਂ ਮੈਂ ਇਕ ਗੁਰਦੁਆਰੇ ਦੇ ਭਾਈ ਤੋਂ ਪੁਛਿਆ ਜੋ ਕਿ ਰੋਜ਼ ਪਾਠ ਕਰਿਆ ਕਰਦਾ ਸੀ, ਤੋਂ ਪੁਛਿਆ ਕਿ ਗੁਰੂ ਗੋਬਿੰਦ ਸਿੰਘ ਨੇ ਸ਼ਿਵ ਦੀ ਅਰਾਧਨਾ ਕੀਤੀ ਹੈ, ਇਹ ਸ਼ਿਵਾ ਕੌਣ ਹੈ, ਜਿਸ ਸ਼ਿਵ ਤੋਂ ਵਰਦਾਨ ਮੰਗ ਰਹੇ ਹਨ। ਅੱਗੋ ਕਹਿੰਦਾ ਇਹ ਕੋਈ ਹੋਰ ਹੀ ਸ਼ਿਵ, ਉਹ ਸ਼ਿਵ ਨਹੀਂ ਹੈ।

ਮੈਂ ਕਿਹਾ ਕਿ ਜੇਕਰ ਉਹ ਸ਼ਿਵ ਨਹੀਂ ਤਾਂ ਹੋਰ ਕਿਸ ਸ਼ਿਵ ਦੀ ਗੱਲ ਹੋ ਰਹੀ ਹੈ? ਜੇ ਇਹ ਉਹ ਸ਼ਿਵ ਨਹੀਂ ਤਾਂ ਕੀ ਫਿਰ ਸ਼ਿਵਾ ਜੀ ਮਰਾਠਾ ਹੈ। ਦੁਨੀਆਂ ਨੂੰ ਮੂਰਖ ਬਨਾਉਣ ਅਤੇ ਸਮਾਜ ਵਿੱਚ ਦਰਾਰ ਪੈਦਾ ਕਰਨ ਲਈ, ਕੁਝ ਸਵਾਰਥੀਆਂ ਨੇ ਹਿੰਦੂ-ਸਿੱਖਾਂ ਵਿੱਚ ਨਫ਼ਰਤ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਹੈ।

-------------ਵਸੂਦੇਵ ਕੁਟੁੰਬਕੁਪ, ਮਹਾਪੁਰਸ਼ਾਂ ਲਈ ਸਾਰਾ ਸੰਸਾਰ ਹੀ ਪਰਿਵਾਰ ਹੈ।

-------------ਗੁਰਬਾਣੀ ਕਿਸੇ ਇਕ ਵਿਅਕਤੀ ਵਿਸ਼ੇਸ਼ ਦੀ ਸੰਪਤੀ ਨਹੀਂ ਹੈ, ਜੇਕਰ ਉਹ (ਗੁਰੂ) ਐਸਾ ਲਿਖ ਕੇ ਗਏ ਹਨ ਤਾਂ ਸਾਨੂੰ ਦੱਸੋ। ਕੀ ਸਾਨੂੰ ਗੁਰਬਾਣੀ ਬੋਲਣ ਦਾ ਹੱਕ ਨਹੀਂ ਹੈ? ਅੱਜ ਜਿਹੜੇ ਲੋਕ ਇਸ ਗੱਲ ਦਾ ਵਿਰੋਧ ਕਰਦੇ ਹਨ ਉਹਨਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ। ਉਹ ਗੁਰੂ ਗੋਬਿੰਦ ਦੇ ਸਿੱਖ ਨਹੀਂ ਹਨ, ਉਹ ਜਿਹੜੇ ਅੱਜ ਆਪਣੇ ਆਪ ਨੂੰ ਖ਼ਾਲਸਾ ਕਹਿੰਦੇ ਹਨ ਅਤੇ ਇਸ ਗੱਲ ਦਾ ਵਿਰੋਧ ਕਰਦੇ ਹਨ, ਉਹ ਖ਼ਾਲਸੇ ਨਹੀਂ ਹਨ। (ਉਚੀ ਨਾਲ ਦੋਹਵੇਂ ਬਾਹਵਾਂ ਘੁਮਾ ਕੇ) ਹਮ ਹੈਂ ਖ਼ਾਲਸਾ---------ਅਸੀਂ ਉਸ ਬ੍ਰਹਮ ਨੂੰ ਵੇਖਿਆ ਹੈ। ਤੁਸੀਂ ਜਿਹੜਾ ਕਹਿੰਦੇ ਹੋ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਾਂ ਪਰ ਅਸੀਂ ਸਤਿਗੁਰੂ ਮਹਾਰਾਜ (ਆਸ਼ੂਤੋਸ਼) ਦੇ ਸ਼ਿਸ਼ ਕਹਿੰਦੇ ਹਾਂ, ਕਿ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਨੂੰ ਜਾਣਦੇ ਹਾਂ ਉਸ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਡੇ ਅੰਦਰ ਪ੍ਰਕਾਸ਼ ਹੋਇਆ ਹੈ। ਤੁਸੀਂ ਤਾਂ ਬਾਹਰੀ ਤੌਰ ਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਦੇ ਹੋ, ਪਰੰਤੂ ਇਹ ਪ੍ਰਕਾਸ਼ ਸਾਡੇ ਅੰਦਰ ਹੋ ਚੁੱਕਾ ਹੈ----------ਈਸ਼ਵਰ ਹਮੇਸ਼ਾ ਸੰਸਾਰ ਤੇ ਮੌਜੂਦ ਹੁੰਦਾ ਹੈ ਨਿਤਯ ਰੂਪ ਵਿੱਚ ਅਤੇ ਹੁਣ ਵੀ ਮੌਜੂਦ ਹੈ ਸਤਗੁਰੂ (ਆਸ਼ੂਤੋਸ਼) ਦੇ ਰੂਪ ਵਿੱਚ-------ਜੇਕਰ ਕਿਸੇ ਕੋਲ ਬ੍ਰਹਮ-ਗਿਆਨ ਹੈ ਤਾਂ ਉਹ ਹੈ ਕੇਵਲ ਦਿਵਯ ਜਯੋਤੀ ਜਾਗਰਨ ਸੰਸਥਾਨ ਦੇ ਪਾਸ, ਹੋਰ ਕਿਸੇ ਕੋਲ ਨਹੀਂ ਹੈ--------ਅਸੀਂ ਡੰਕੇ ਦੀ ਚੋਟ ਨਾਲ ਕਹਿੰਦੇ ਹਾਂ ਕਿ ਇਕ ਪੱਲ ਵਿੱਚ ਬ੍ਰਹਮ ਗਿਆਨ ਦੀ ਪ੍ਰਾਪਤੀ ਕਰਵਾ ਦੇਵਾਂਗੇ, ਅੰਮ੍ਰਿਤ ਦੀ ਬਖਸ਼ਿਸ਼ ਕਰ ਦੇਵਾਂਗੇ, ਅਨਹਦ ਨਾਦ ਵੀ ਸੁਣਾ ਦੇਵਾਂਗੇ।------------ਮੈਂ, ਤੁਸੀਂ ਤੇ ਜਿਹੜੇ ਵੀ ਇਹ ਅਵਾਜ਼ ਸੁਣ ਰਹੇ ਹਾਂ, ਸਭ ਤੋਂ ਪਹਿਲਾਂ ਭਾਰਤੀ ਹਾਂ------ਯਾਦ ਕਰੋ ਉਹ ਦਿਨ,

ਜਦੋਂ ਪੰਜਾਬ ਵਿੱਚ ਅਤਿਵਾਦ ਦਾ ਦੌਰ ਸੀ, ਦਨਦਨਾਉਂਦੇ ਅਤਿਵਾਦੀ ਘੁੰਮਦੇ ਸਨ।------ ਇਹਨਾਂ ਦੁਸ਼ਟਾਂ ਪਾਖੰਡੀਆਂ ਸਵਾਰਥ ਅਤੇ ਆਪਣੀ ਕੁਰਸੀ ਦੀ ਖਾਤਿਰ ਭੋਲੇ-ਭਾਲੇ ਲੋਕਾਂ ਨੂੰ ਧਰਮ ਦੇ ਨਾਮ ਤੇ ਭੜਕਾ ਕੇ, ਉਹਨਾਂ ਦੇ ਹੱਥਾਂ ਵਿੱਚ ਹਥਿਆਰ ਫੜਾ ਦਿੱਤੇ------------ ਉਸ ਸਮੇਂ ਜਦੋਂ ਅਤਿਵਾਦੀਆਂ ਦਾ ਬੋਲਬਾਲਾ ਬਹੁਤ ਵੱਧ ਗਿਆ ਸੀ------ਅੱਜ ਉਹ ਲੋਕ ਫਿਰ ਕਹਿੰਦੇ ਹਨ ਕਿ ਅਸੀਂ ਖ਼ਾਲਸੇ ਹਾਂ, ਐਸੇ ਖ਼ਾਲਸੇ ਗੁਰੂ ਗੋਬਿੰਦ ਸਿੰਘ ਦੇ ਸਿੱਖ ਨਹੀਂ ਹੋ ਸਕਦੇ-------ਇਹ ਖ਼ਾਲਸੇ ਨਹੀਂ ਹਨ, ਅਤਿਵਾਦੀ ਹਨ, ਉਗਰਵਾਦੀ ਹਨ। ਇਹ ਦੁਸ਼ਟ ਸਤਿਗੁਰੂ ਆਸ਼ੂਤੋਸ਼ ਦੇ ਖਿਲਾਫ਼ ਦੁਸ਼ਟ ਪਰਚਾਰ ਕਰ ਰਹੇ ਹਨ, ਇਹ ਪਾਕਿਸਤਾਨ ਦੇ ਏਜੰਟ ਹਨ--------ਪਾਕਿਸਤਾਨ ਨੇ ਹੁਣ ਫਿਰ ਕੁਝ ਭਾੜੇ ਦੇ ਲੋਕਾਂ ਅਤੇ ਸਵਾਰਥੀ ਤੱਤਾਂ ਨੂੰ ਖਰੀਦਿਆ ਹੈ। ਪਰ ਹੁਣ ਅਸੀਂ ਸਤਿਗੁਰੂ ਮਹਾਰਾਜ ਦੇ ਸ਼ਿਸ਼ ਇਹ ਸਭ ਕੁਝ ਨਹੀਂ ਹੋਣ ਦੇਵਾਂਗੇ।---------ਇਹਨਾਂ ਪਹਿਲਾਂ ਪੰਜਾਬ ਦੀ ਕੀ ਹਾਲਤ ਕੀਤੀ ਸੀ----ਹੁਣ ਐਸਾ ਨਹੀਂ ਹੋਣ ਦੇਵਾਂਗੇ--------ਮੈਂ ਪੁਛਦਾ ਹਾਂ ਕਿ ਜਿਹੜੇ ਲੋਕ ਅੱਜ ਸਤਿਗੁਰੂ ਆਸ਼ੂਤੋਸ਼ ਦਾ ਵਿਰੋਧ ਕਰ ਰਹੇ ਹਨ, ਜਦੋਂ ਅਤਿਵਾਦ ਦੀ ਤੂਤੀ ਬੋਲਦੀ ਸੀ ਉਦੋਂ ਇਹ ਧਰਮਗੁਰੂ ਕਿਥੇ ਸਨ ? ਉਸ ਸਮੇਂ ਕੇਵਲ ਸਤਿਗੁਰੂ ਮਹਾਰਾਜ ਹੀ ਇਸ ਧਰਤੀ ਤੇ ਆਏ ਸੰਨ 1984 ਵਿੱਚ ਜਦੋਂ ਇਹ ਧਰਤੀ ਲਹੂ ਲੁਹਾਨ ਸੀ------------ਅੱਜ ਵੀ ਇਹ ਸਤਿਗੁਰੂ ਮਹਾਰਾਜ ਦੀ ਫੈਲਾਈ ਹੋਈ ਸ਼ਾਂਤੀ ਹੈ----------ਉਹ ਸਿਰ ਜਿਹੜੇ ਕੱਟ ਤਾਂ ਸਕਦੇ ਸੀ ਪਰ ਝੁਕ ਨਹੀਂ ਸਕਦੇ ਸਨ, ਮੈਂ ਉਹਨਾਂ ਸਿਰਾਂ ਨੂੰ ਸਤਿਗੁਰ ਮਹਾਰਾਜ ਦੇ ਚਰਨਾਂ ਵਿੱਚ ਝੁਕਦਾ ਵੇਖਿਆ ਹੈ। ਐਸੇ-ਐਸੇ ਅਤਿਵਾਦੀ ਜਿਨ੍ਹਾਂ ਦੇ ਸਿਰ ਤੇ 20-20 ਲੱਖ ਦਾ ਇਨਾਮ ਸੀ, ਉਹ ਵੀ ਸਤਿਗੁਰੂ ਆਸ਼ੂਤੋਸ਼ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਵਿੱਚ ਆਏ, ਪਰ ਅਰੇ ! ਜਿਹੜਾ ਖ਼ੁਦ ਹੀ ਕਰਤਾ ਧਰਤਾ ਪਰਮੇਸ਼ਵਰ ਹੈ ਉਸ ਦਾ ਕੋਈ ਕੀ ਵਿਗਾੜ ਸਕਦਾ ਹੈ ? ਸਤਿਗੁਰੂ ਮਹਾਰਾਜ ਜੀ ਪਟਿਆਲਾ ਵਿੱਚ ਸਭ ਤੋਂ ਪਹਿਲਾਂ ਪਹੁੰਚੇ ਅਤੇ ਉਥੇ ਜਾ ਕੇ ਐਲਾਨ ਕੀਤਾ ਕਿ ਮੈਂ ਸਭ ਤੋਂ ਪਹਿਲਾਂ ਇਹਨਾਂ ਸਿੱਖਾਂ ਨੂੰ ਹੀ ਬਦਲਾਂਗਾ। ਲੋਕ ਬੜੇ ਹੈਰਾਨ ਹੋਏ, ਮਹਾਰਾਜ ! ਤੁਸੀਂ ਸਿੱਖਾਂ ਨੂੰ ਬਦਲੋਗੇ, ਇਹ ਕਿਵੇਂ ਹੋ ਸਕਦਾ ਹੈ ? ਅੱਜ ਪੰਜਾਬ ਵਿੱਚ ਹਿੰਦੂਆਂ ਨੂੰ ਮਾਰਿਆ ਜਾ ਰਿਹਾ ਹੈ।-----------ਯਾਦ ਹੈ ਤੁਹਾਨੂੰ ਲਾਲੜੂ ਅਤੇ ਡੇਰਾ ਬੱਸੀ ਦਾ ਕਾਂਡ--------ਉਦੋਂ ਤਾਂ ਲੋਕੀ ਹੱਸ ਪਏ, ਪਰ ਅੱਜ ਸਭ ਤੋਂ ਵੱਧ ਮਹਾਰਾਜ (ਆਸ਼ੂਤੋਸ਼) ਦੇ ਚੇਲੇ ਸਿੱਖ ਹੀ ਹਨ।-------20 ਲੱਖ ਤੋਂ ਵੱਧ ਸਿੱਖ ਸਤਿਗੁਰੂ ਮਹਾਰਾਜ ਦੇ ਚੇਲੇ ਹਨ ਅਤੇ ਉਹਨਾਂ ਨੇ ਆਪਣਾ ਸਾਰਾ ਜੀਵਨ ਗੁਰੂ ਜੀ ਨੂੰ ਅਰਪਣ ਕੀਤਾ ਹੈ। ਅੱਜ ਇਹ ਸਿੱਖ ਆਸ਼ੂਤੋਸ਼ ਦੇ ਇਕ ਇਸ਼ਾਰੇ ਉਪਰ ਆਪਣਾ ਸਭ ਕੁਝ ਕੁਰਬਾਨ ਕਰਨ ਨੂੰ ਤਿਆਰ ਹਨ। ਪਹਿਲੇ ਤੋਂ ਕਿਸੀ ਨੇ ਕਹਾ ਥਾ:

*ਫਿਰ ਉਠੀ ਆਖ਼ਿਰ ਸਦਾਅ ਤੌਹੀਦ ਕੀ ਪੰਜਾਬ ਸੇ।*
*ਹਿੰਦ ਕੋ ਇਕ ਮਰਦਿ-ਕਾਮਿਲ ਨੇ ਜਗਾਇਆ ਖ਼੍ਵਾਬ ਸੇ।*

ਲੇਕਿਨ ਆਜ ਆਸ਼ੂਤੋਸ਼ ਜੀ ਕੋ ਦੇਖ ਕਰ ਯਹ ਕਹਨਾ ਪੜੇਗਾ,

*ਫਿਰ ਉਠੀ ਆਖ਼ਿਰ ਸਦਾ ਤੌਹੀਦ ਕੀ ਪੰਜਾਬ ਸੇ।*

*ਵਿਸ਼ਵ ਕੋ ਇਕ ਮਰਦਿ-ਕਾਮਿਲ ਨੇ ਜਗਾਇਆ ਖ਼ੁਾਬ ਸੇ।*

(ਬੜੇ ਜੋਸ਼ ਦੇ ਵਿੱਚ ਆ ਕੇ) ਕੰਨ ਖੋਹਲ ਕੇ ਸੁਣ ਲਵੋ ਜਿਹੜੇ ਭਾਰਤ ਨੂੰ ਤੋੜਨ ਦੀ ਗੱਲ ਕਰਦੇ ਹਨ, ਜੇ ਤੁਸੀਂ ਭਾਰਤ ਨੂੰ ਤੋੜੋਗੇ ਅਸੀਂ ਪੂਰੇ ਵਿਸ਼ਵ ਨੂੰ ਭਾਰਤ ਬਣਾ ਦੇਵਾਂਗੇ।-----------ਅਸੀਂ ਬਹੁਤ ਸਹਿ ਚੁੱਕੇ ਹਾਂ----------ਕੁਝ ਅਖ਼ਬਾਰਾਂ ਜੋ ਆਪਣੇ ਆਪ ਨੂੰ ਪੰਜਾਬ ਦੀ ਆਵਾਜ਼ ਕਹਿੰਦੀਆਂ ਹਨ, ਉਹਨਾਂ ਅਖ਼ਬਾਰਾਂ ਦੇ ਸੰਪਾਦਕ ਨੂੰ ਪੁਛਦਾ ਹਾਂ ਕਿ ਤੁਸੀਂ ਪੰਜਾਬ ਦੀ ਆਵਾਜ਼ ਛੱਡ ਪਾਕਿਸਤਾਨ ਦੀ ਆਵਾਜ਼ ਕਿਉਂ ਬਣੇ ਹੋਏ ਹੋ ? ਇਹਨਾਂ ਹੀ ਅਖ਼ਬਾਰਾਂ ਨੇ ਅਤਿਵਾਦੀਆਂ ਦੇ ਦਿਨਾਂ ਵਿੱਚ ਵੱਡੇ-ਵੱਡੇ ਅਤਿਵਾਦੀਆਂ ਦੇ ਪੋਸਟਰ ਛਾਪੇ ਸਨ। ---------ਇਹ ਅਤਿਵਾਦੀਆਂ ਦੇ ਲੇਖ ਛਾਪਦੇ ਸਨ----------ਜੋ 'ਸਿੱਖ ਫੁਲਵਾੜੀ' ਅਤੇ 'ਖੰਡੇਧਾਰ' ਵਰਗੇ ਰਸਾਲੇ ਛਾਪਦੇ ਹਨ, ਉਹ ਭਾਰਤੀ ਨਹੀਂ ਪਾਕਿਸਤਾਨੀ ਏਜੰਟ ਹਨ।------------ਇਹ ਪਾਕਿਸਤਾਨ ਦੇ ਏਜੰਟ ਹਨ, ਅਤਿਵਾਦੀ ਹਨ, ਉਗਰਵਾਦੀ ਹਨ ਅਤੇ ਮੈਂ ਸਰਕਾਰ ਦਾ ਧਿਆਨ ਇਸ ਪਾਸੇ ਦਿਵਾਉਣਾ ਚਾਹੁੰਦਾ ਹਾਂ। ਅਸੀਂ ਸਾਵਧਾਨ ਹੋ ਕੇ ਜਾਣੀਏ, ਕਿ ਸਾਰੇ ਆਸ਼ੂਤੋਸ਼ ਦੇ ਚੇਲੇ ਹੁਣ ਇਹ ਕੁਚੱਕਰ ਚੱਲਣ ਨਹੀਂ ਦੇਵਾਂਗੇ--------ਇਹਨਾਂ ਸੱਪਾਂ ਨੂੰ ਪਲਣ ਨਹੀਂ ਦੇਵਾਂਗੇ।---------ਇਹਨਾਂ ਨੂੰ ਕੁਚਲ ਦਿੱਤਾ ਜਾਵੇਗਾ। ਇਹ ਸਿੱਖ ਫੁਲਵਾੜੀ ਅਤੇ ਖੰਡੇਧਾਰ ਵਾਲੇ ਸਾਡੇ ਮਹਾਰਾਜ ਬਾਰੇ ਗੰਦ ਬੋਲਦੇ ਹਨ, ਕਿਉਂਕਿ ਇਹਨਾਂ ਕੋਲ ਗੰਦ ਤੋਂ ਬਿਨਾਂ ਹੋਰ ਕੁਝ ਹੈ ਹੀ ਨਹੀਂ ਹੈ।-------------ਇਹ ਸਾਡੇ ਮਹਾਰਾਜ ਉਪਰ ਚਰਿੱਤਰ ਦੇ ਦੋਸ਼ ਲਗਾਉਂਦੇ ਹਨ, ਇਹ ਖ਼ੁਦ ਚਰਿੱਤਰਹੀਨ ਹਨ। ਇਹ ਆਸ਼ੂਤੋਸ਼ ਜੀ ਖਿਲਾਫ ਬੋਲਦੇ ਹਨ, ਜਿਵੇਂ ਸੂਰਜ ਤੇ ਥੁਕਦੇ ਹਨ। ਇਹ ਲੋਕ ਦੁਸ਼ਟਤਾ ਉਪਰ ਉੱਤਰ ਆਏ ਹਨ, ਇਹਨਾਂ ਉਪਰ ਪਾਬੰਦੀ ਲਗਣੀ ਚਾਹੀਦੀ ਹੈ। ਹੁਣ ਅਸੀਂ ਚੁਪ ਨਹੀਂ ਰਹਾਂਗੇ, ਬਰਦਾਸ਼ਤ ਨਹੀਂ ਕਰਾਂਗੇ-------------ਹੁਣ ਸਤਿਗੁਰੂ ਦੇ ਚੇਲੇ ਚੇਲੀਆਂ ਪਿੱਛੇ ਨਹੀਂ ਰਹਿਣਗੇ, ਹੁਣ ਬਹੁਤ ਕੁਝ ਹੋਵੇਗਾ----------ਅਸੀਂ ਇਕੱਠੇ ਹੋ ਕੇ ਇਹਨਾਂ (ਸਿੱਖਾਂ) ਦਾ ਮੂੰਹ-ਤੋੜ ਜਵਾਬ ਦੇਵਾਂਗੇ।

ਇਕ ਗੱਲ ਹੋਰ ਸੁਣ ਲਉ ਕੰਨ ਖੋਲ੍ਹ ਕੇ, ਜਿਹੜੇ ਗੁਰੂ ਜੀ ਦੇ ਚਰਿੱਤਰ ਉਪਰ ਦੋਸ਼ ਲਗਾਉਂਦੇ ਹਨ ਉਹਨਾਂ ਦਾ ਮੂੰਹ-ਤੋੜ ਜਵਾਬ ਦੇਵਾਂਗੇ-----------ਸਤਿਗੁਰੂ ਜੀ ਦੇ ਖਿਲਾਫ਼ ਪਰਚੇ ਵੰਡੇ ਜਾ ਰਹੇ ਹਨ, ਮੈਂ ਸਰਕਾਰ ਤੇ ਆਪਣੇ ਗੁਰਭਾਈਆਂ ਨੂੰ ਸੁਚੇਤ ਕਰਦਾ ਹਾਂ, ਅਤੇ ਪਰਚੇ ਵੰਡਣ ਵਾਲੇ ਦੁਸ਼ਟਾਂ (ਸਿੱਖਾਂ) ਨੂੰ ਵੰਗਾਰ ਕੇ ਆਖਦਾ ਹਾਂ :

*ਹਮ ਕੋ ਹਿਲਾ ਸਕੇ ਜ਼ਮਾਨੇ ਮੇਂ ਦਮ ਨਹੀਂ।*
*ਹਮ ਸੇ ਹੈ ਜ਼ਮਾਨਾ, ਜ਼ਮਾਨੇ ਸੇ ਹਮ ਨਹੀਂ।*

ਪਾਕਿਸਤਾਨ ਦੇ ਇਸ਼ਾਰੇ ਤੇ ਚੱਲਣ ਵਾਲੇ ਅਤੇ ਖੰਡੇਧਾਰ ਤੇ ਸਿੱਖ ਫੁਲਵਾੜੀ ਵਾਲਿਆਂ ਉਪਰ ਪਾਬੰਦੀ ਲਗਾਈ ਜਾਵੇ। ਇਹ ਸ਼ਾਂਤੀ ਨੂੰ ਵਿਗਾੜਨਾ ਚਾਹੁੰਦੇ ਹਨ। ਪੋਟਾ ਇਹਨਾਂ ਤੇ ਲਾਗੂ ਕੀਤਾ ਜਾਵੇ। ਇਹਨਾਂ ਦੁਸ਼ਟਾਂ ਤੇ ਪੋਟਾ ਲਾਗੂ ਕੀਤਾ ਜਾਵੇ। ਇਹ ਦੁਸ਼ਟ (ਸਿੱਖ) ਧਿਆਨ ਨਾਲ ਕੰਨ ਖੋਹਲ ਕੇ ਸੁਣ ਲੈਣ, ਕਿ:

*ਜੋ ਡੂਬੇਗੀ ਕਸ਼ਤੀ ਤੋ ਡੂਬੇਂਗੇ ਸਾਰੇ, ਨਾ ਤੁਮ ਹੀ ਬਚੋਗੇ ਨਾ ਸਾਥੀ ਤੁਮਾਰੇ।*

ਮਰੋਗੇ ਸਾਰੇ, ਡੁੱਬ ਜਾਵੋਗੇ, ਅਜੇ ਵੀ ਸਤਿਗੁਰੂ ਦੀ ਸ਼ਰਨ ਵਿੱਚ ਆ ਜਾਵੋ।---------ਪਾਕਿਸਤਾਨ ਦਾ ਇਕ ਚੈਨਲ ਸਿੱਖਾਂ ਦੀ ਪ੍ਰਸੰਸਾ ਕਰਦਾ ਹੈ, ਪਰ ਹਿੰਦੂਆਂ ਦੇ ਖਿਲਾਫ਼ ਬੋਲਦਾ ਹੈ।---------ਸਾਵਧਾਨ ਹੋ ਜਾਓ--------ਮੁਸ਼ੱਰਫਾਸੁਰ ਦੇ ਪਾਲੇ ਹੋਏ ਇਹ ਚਮਚੇ ਖੰਡੇਧਾਰ ਅਤੇ ਸਿੱਖ ਫੁਲਵਾੜੀ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਖਤਮ ਕਰ ਰਹੇ ਹਨ।---------ਪਰਮਾਤਮਾ ਆਸ਼ੂਤੋਸ਼ ਦਾ ਰੂਪ ਧਾਰ ਜਗਤ ਨੂੰ ਤਾਰ ਰਿਹਾ ਹੈ।---------ਜਿਥੇ ਇਹ ਮੈਗਜ਼ੀਨ ਤੇ ਸਮਾਚਾਰ ਪੱਤਰ ਪਾਕਿਸਤਾਨ ਦੇ ਇਸ਼ਾਰੇ ਤੇ ਦੇਸ਼ ਦੀ ਸ਼ਾਂਤੀ ਭੰਗ ਕਰ ਰਹੇ ਹਨ ਉਥੇ ਇੰਡੀਅਨ ਐਕਸਪਰੈੱਸ, ਹਿੰਦੁਸਤਾਨ ਟਾਈਮਜ਼ ਅਤੇ ਹਿੰਦ ਸਮਾਚਾਰ ਗਰੁੱਪ ਦੇਸ਼ ਵਿੱਚ ਸ਼ਾਂਤੀ ਰੱਖਣ ਦੀ ਕੋਸ਼ਿਸ਼ ਕਰ ਰਿਹਾ ਹੈ। ਦੈਨਿਕ ਜਾਗਰਨ ਅਤੇ ਅਮਰ ਉਜਾਲਾ ਦਾ ਨਿਸ਼ਾਨਾ ਸਮਾਜ ਵਿੱਚ ਸ਼ਾਂਤੀ ਪੈਦਾ ਕਰਨਾ ਚਾਹੁੰਦੇ ਹਨ। ------------ਮੈਂ ਤੁਹਾਨੂੰ ਜਗਾ ਰਿਹਾ ਹਾਂ, ਜਾਗਰਿਤੀ ਪੈਦਾ ਕਰ ਰਿਹਾ ਹਾਂ। ਜਿਹੜੇ ਦੁਸ਼ਟ (ਸਿੱਖ) ਸਾਡੇ ਮਹਾਰਾਜ ਦੇ ਖਿਲਾਫ਼ ਪਰਚੇ ਵੰਡ ਰਹੇ ਹਨ, ਉਹ ਕੰਨ ਖੋਹਲ ਕੇ ਸੁਣ ਲੈਣ,

*ਫ਼ਾਨੂਸ ਬਨਕੇ ਜਿਸਕੀ ਹਿਫ਼ਾਜ਼ਤ ਖ਼ੁਦਾ ਕਰੇ।*
*ਵੋ ਸ਼ਮ੍ਹਾਂ ਕਿਆ ਬੁਝੇ ਜਿਸੇ ਰੌਸ਼ਨ ਖ਼ੁਦਾ ਕਰੇ।*

ਮੈਂ ਸਿੱਖਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਪਾਕਿਸਾਤਾਨ ਦਾ ਦਿੱਤਾ ਮਿੱਠਾ ਜ਼ਹਿਰ ਨਾ ਖਾਣ। ਭਾਰਤ ਵਿੱਚ ਰਹਿੰਦੇ ਮੁਸਲਮਾਨਾਂ ਨੂੰ ਵੀ ਭਾਰਤੀ ਬਣ ਕੇ ਹੀ ਰਹਿਣਾ ਹੋਵੇਗਾ। ਅਸੀਂ ਪਾਕਿਸਤਾਨ ਨੂੰ ਵੀ ਹਿੰਦੁਸਤਾਨ ਵਿੱਚ ਮਿਲਾ ਕੇ ਰਹਾਂਗੇ।

ਜਿਹੜੇ ਦੁਸ਼ਟ ਲੋਕ ਅੱਜ ਆਪਣੇ ਆਪ ਨੂੰ ਖ਼ਾਲਸਾ ਕਹਿੰਦੇ ਹਨ ਮੈਂ ਪੁਛਣਾ ਚਾਹੁੰਦਾ ਹਾਂ ਕਿ ਖ਼ਾਲਸੇ ਕੌਣ ਹੁੰਦੇ ਹਨ? ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਕਿਸ ਨੂੰ ਬਣਾਇਆ?

*ਖ਼ਾਲਸਾ ਮੇਰਾ ਰੂਪ ਹੈ ਖ਼ਾਸ॥*
*ਖ਼ਾਲਸਾ ਮਹਿ ਹੌ ਕਰੌ ਨਿਵਾਸ॥*
*ਭਰਮ ਭੇਖ ਤੇ ਰਹੇ ਨਿਆਰਾ॥*
*ਸੋ ਖ਼ਾਲਸਾ ਸਤਿਗੁਰ ਹਮਾਰਾ॥*

ਭਰਮ ਭੇਖ ਵਿੱਚ ਤਾਂ ਤੁਸੀਂ ਖ਼ੁਦ ਫਸੇ ਹੋ, ਤੁਸੀਂ ਖ਼ਾਲਸੇ ਕਿਵੇਂ ਹੋ? ਕੀ ਬਾਹਰੀ ਵੇਸ ਧਾਰਨ ਕਰਨ ਜਾਂ ਕੇਸ ਰੱਖਣ ਨਾਲ ਕੋਈ ਖ਼ਾਲਸਾ ਬਣ ਜਾਂਦਾ ਹੈ? ਕੀ ਕੋਈ ਖ਼ਾਲਸੇ ਦੀ ਮੰਗ ਹੈ? ਅੱਜ ਮੇਰੀ ਰਾਮ ਕਥਾ ਇਹ ਹੀ ਹੈ-------------ਕੁਝ ਲੋਕ ਜੋ ਭੈਅ ਦੀ ਭਾਸ਼ਾ ਹੀ ਸੁਣਨਾ ਚਾਹੁੰਦੇ ਸਨ ਮੈਂ ਉਹਨਾਂ ਨੂੰ ਡੰਡੇ ਦੀ ਭਾਸ਼ਾ ਨਾਲ ਸਮਝਾ ਰਿਹਾ ਹਾਂ। ਮੈਂ ਦੁਸ਼ਟਾਂ (ਸਿੱਖਾਂ) ਨੂੰ ਕਹਿਣਾ ਚਾਹੁੰਦਾ ਹੈ ਕਿ ਦਿਵਿਯਾ ਜਯੋਤੀ ਦਾ ਝੰਡਾ ਦੇਸ਼ ਵਿੱਚ ਲਹਿਰਾਏਗਾ ਅਤੇ ਤੁਸੀਂ ਵੇਖਦੇ ਹੀ ਰਹਿ ਜਾਓਗੇ। ਇਕ ਦਿਨ ਤੁਹਾਨੂੰ ਸਤਿਗੁਰੂ ਆਸ਼ੂਤੋਸ਼ ਦੀ ਸ਼ਰਨ ਵਿੱਚ ਆਉਣਾ ਪਵੇਗਾ।----------ਬਹੁਤ ਪਛਤਾਓਗੇ। --------ਕਿਉਂ ਭਟਕ ਰਹੇ ਹੋ?-----------ਸਾਰੇ ਯੁੱਧ

ਲਈ ਤਿਆਰ ਹੋ ਜਾਵੇ, ਅਸੀਂ ਯੁੱਧ ਲੜਨਾ ਹੈ, ਇਹ ਯੁੱਧ ਹੀ ਹੈ ਜੋ ਮੰਚ ਤੋਂ ਹੋ ਰਿਹਾ ਹੈ--------ਜਿਹੜੇ ਦੁਸ਼ਟ ਸੰਤਸੰਗ ਨਾਲ ਨਹੀਂ ਸਮਝਦੇ ਸਾਨੂੰ ਬਦਸੰਗ ਵੀ ਕਰਨਾ ਆਉਂਦਾ ਹੈ, ਜੇ ਫਿਰ ਵੀ ਨਾ ਸਮਝੇ ਤਾਂ ਅੱਗੇ ਤੁਸੀਂ ਫਿਰ ਆਪ ਸਮਝ ਲਵੋ।------------ਗੁਰੂ ਗੋਬਿੰਦ ਸਿੰਘ ਜੀ ਜਿਵੇਂ ਸੰਤ ਸਿਪਾਹੀ ਸਨ, ਤਿਵੇਂ ਅਸੀਂ ਵੀ ਹਾਂ, ਸਾਰੀ ਵਿਦਿਆ ਜਾਣਦੇ ਹਾਂ। ਹਰ ਤਰ੍ਹਾਂ ਦਾ ਜਵਾਬ ਦੇ ਸਕਦੇ ਹਾਂ।

ਇਸ ਦੰਭੀ ਦੀ ਲਿਖਤ ਜ਼ਹਿਰੀਲੀ ਤਕਰੀਰ ਦੀ ਜੇਕਰ ਡੂੰਘਾਈ ਨਾਲ ਘੋਖ ਕੀਤੀ ਜਾਵੇ ਤਾਂ ਮਾਨਸਿਕ ਸਤਾ ਉਪਰ ਅਹਿਮ ਸਵਾਲ ਪੈਦਾ ਹੁੰਦਾ ਹੈ। ਜੈਸੇ ਸ਼ਬਦ ਇਸਨੇ ਤਕਰੀਰ ਵਿਚ ਸਿੱਖਾਂ ਪ੍ਰਤੀ ਵਰਤੇ ਹਨ ਜ਼ਰੂਰ ਇਨ੍ਹਾਂ ਦੇ ਪਿੱਛੇ ਸੰਘ ਵਰਗਾ ਕੋਈ ਤੰਤਰ ਯਤਨਸ਼ੀਲ ਹੈ ਜੋ ਸਿੱਖਾਂ ਨੂੰ ਹਿੰਦੂ ਧਰਮ ਦਾ ਇਕ ਅੰਗ, ਵੱਖਵਾਦੀ, ਪਾਕਿਸਤਾਨ-ਪੱਖੀ ਅਤੇ ਦੇਸ਼-ਧਰੋਹੀ ਦਰਸਾਉਣਾ ਚਾਹੁੰਦਾ ਹੈ, ਇਸ ਕੁਸੱਤਸੰਗੀ ਸ਼ਰਧਾਨੰਦ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ:

ਗੁਰੂ ਗੋਬਿੰਦ ਸਿੰਘ ਜੀ ਨੇ ਕਿਸੇ ਅਖੌਤੀ ਦੇਵੀ ਦੇਵਤੇ ਸ਼ਿਵਜੀ ਆਦਿ ਦੀ ਪੂਜਾ ਨਹੀਂ ਕੀਤੀ, ਸਗੋਂ ਸਿੱਖਾਂ ਨੂੰ 'ਪਰਚਾ ਸ਼ਬਦ ਕਾ' ਦਾ ਮਹਾਨ ਉਪਦੇਸ਼ ਦੇ ਕੇ ਇਕ ਅਕਾਲ ਨਾਲ ਜੋੜਿਆ ਹੈ। ਗੁਰੂ ਪਾਤਸ਼ਾਹ ਤਾਂ ਸਗੋਂ ਐਸੀ ਅਖੌਤੀ ਦੇਵ ਪੂਜਾ ਦਾ ਖੰਡਨ ਕਰਦੇ ਲਿਖਦੇ ਹਨ:

*ਏਕ ਸ਼ਿਵ ਭਏ, ਏਕ ਗਏ, ਏਕ ਫੇਰ ਭਏ,*
*ਰਾਮਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥* (ਅਕਾਲ ਉਸਤਤਿ)

ਸ਼ਿਵ ਦੀ ਅਰਾਧਨਾ ਤੋਂ ਭਾਵ ਸ਼ਿਵਲਿੰਗ ਦੀ ਉਪਾਸ਼ਨਾ ਹੈ, ਅਤੇ ਗੁਰੂ ਸਾਹਿਬ ਨੇ ਐਸੀ ਪੂਜਾ ਦਾ ਪੁਰਜ਼ੋਰ ਖੰਡਨ ਕੀਤਾ ਹੈ, ਅਤੇ ਕੂੜ ਕਿਰਿਆ ਆਖਿਆ ਹੈ:

*ਕਾਹੂ ਲੈ ਪਾਹਨ ਪੂਜ ਧਰਿਯੋ ਸਿਰ,*
*ਕਾਹੂ ਲੈ ਲਿੰਗ ਗਰੇ ਲਟਕਾਇਓ॥'* (ਤ੍ਵ ਪ੍ਰਸ਼ਾਦਿ ਸ੍ਵੱਯੇ ਪਾਤ: ੧੦)

ਇਸ ਸ਼ਰਧਾਨੰਦ ਦੀ ਜ਼ਹਿਰੀਲੀ ਤਕਰੀਰ ਤੋਂ ਸਪੱਸ਼ਟ ਝਲਕਾਰਾ ਪੈਂਦਾ ਹੈ ਕਿ ਇਸ ਦੇ ਪਿੱਛੇ ਸੰਘ ਜਾਂ ਐਸੀ ਕਿਸੇ ਹੋਰ ਪੰਥ-ਦੋਖੀ ਜਥੇਬੰਦੀ ਦਾ ਤੰਤਰ ਕਾਰਜਸ਼ੀਲ ਹੈ। ਇਸ ਨੇ ਐਸੀਆਂ ਹੀ ਅਖ਼ਬਾਰਾਂ ਅਤੇ ਪੱਤਰਕਾਵਾਂ ਦੇ ਨਾਮ ਗਿਣਾਏ ਹਨ ਜਿਨ੍ਹਾਂ ਵਿਚ ਇਕ ਨਹੀਂ ਬਲਕਿ ਅਨੇਕਾਂ ਅਰੁਨ ਸ਼ੋਰੀ ਵਰਗੇ ਖ਼ਾਲਸਾ ਪੰਥ ਦੀ ਨਿਆਰੀ ਹਸਤੀ ਖਿਲਾਫ਼ ਜ਼ਹਿਰ ਉਗਲ ਰਹੇ ਹਨ ਅਤੇ ਖ਼ਾਲਸਾ ਪੰਥ ਨੂੰ ਹਿੰਦੂ ਧਰਮ ਦਾ ਇਕ ਅੰਗ ਸਾਬਤ ਕਰਨ ਲਈ ਤਰਲੋਮੱਛੀ ਹੋ ਰਹੇ ਹਨ।

ਜਿਥੋਂ ਤਕ ਪੰਜਾਬ ਵਿਚ ਪੋਟੇ ਦੀ ਵਰਤੋਂ ਦਾ ਸਵਾਲ ਹੈ, ਸਹਿਜੇ ਹੀ ਇਸ ਦੇ ਕੂੜ ਪ੍ਰਚਾਰ ਤੋਂ ਪ੍ਰਗਟ ਹੁੰਦਾ ਹੈ ਕਿ ਇਸ ਦਾ ਮਕਸਦ ਕੇਵਲ ਫ਼ਿਰਕਾਪ੍ਰਸਤੀ ਨੂੰ ਹਵਾ ਦੇਣਾ ਹੈ। ਜ਼ਿਕਰਯੋਗ ਹੈ ਕਿ ਪਿਛਲੇ 5-7 ਸਾਲਾਂ ਤੋਂ ਪੰਜਾਬ ਵਿਚ ਪੂਰਨ ਅਮਨ-ਅਮਾਨ ਹੈ, ਭਾਵੇਂ ਕਿ ਸੰਘ ਪਰਿਵਾਰ ਵਲੋਂ ਸੂਬੇ ਵਿਚ ਤਨਾਅ ਪੈਦਾ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਗਈ। ਸੰਘ ਪਰਿਵਾਰ ਨਾਲ ਸੰਬੰਧਿਤ ਕੁਝ ਇਕ ਭਗਵਾਂਧਾਰੀ ਸੋਚਣੀ ਦੇ ਮਾਲਿਕ ਫ਼ਿਰਕਾ-ਪ੍ਰਸਤਾਂ ਨੂੰ ਛੱਡ ਕੇ ਆਮ ਉਦਾਰਵਾਦੀ ਹਿੰਦੂ ਵੀ ਬੜੀ ਸ਼ਾਂਤੀ ਨਾਲ ਵੱਸ ਰਹੇ ਹਨ। ਸ਼ਰਧਾਨੰਦ ਨੇ ਜਾਣ ਬੁਝ ਕੇ ਹਿੰਦੂ-

ਸਿੱਖ ਤਨਾਅ ਪੈਦਾ ਕਰਨ ਦਾ ਯਤਨ ਕੀਤਾ ਹੈ ਅਤੇ ਸਿੱਖਾਂ ਵਾਸਤੇ ਬੇਅਦਬ ਸ਼ਬਦਾਂ ਦੀ ਵਰਤੋਂ ਕੀਤੀ ਹੈ। ਨਿਰਪੱਖਤਾ ਨਾਲ ਘੋਖ ਕੀਤੀ ਜਾਵੇ ਤਾਂ ਇਸ ਦੀ ਤਕਰੀਰ ਨੇ ਸਮੁੱਚੇ ਖਿੱਤੇ ਅੰਦਰ ਤਨਾਅ ਭਰਪੂਰ ਸਥਿਤੀ ਪੈਦਾ ਕੀਤੀ ਹੈ। ਜੇਕਰ ਸਰਕਾਰ ਸੂਬੇ ਦੇ ਅਮਨ ਅਮਾਨ ਪ੍ਰਤੀ ਸੁਹਿਰਦ ਹੋਵੇ ਤਾਂ ਇਸ ਨਫ਼ਰਤ ਦੀ ਅੱਗ ਉਗਲਣ ਵਾਲੇ ਸ਼ਰਧਾਨੰਦ ਨੂੰ ਪੋਟੋ ਤਹਿਤ ਜੇਲ੍ਹ ਦੀਆਂ ਸਲਾਖਾਂ ਪਿੱਛੇ ਸੁਟਣਾ ਚਾਹੀਦਾ ਹੈ। ਕੈਸੀ ਗੰਦੀ ਜ਼ਹਿਨੀਅਤ ਦਾ ਮਾਲਕ ਹੈ ਇਹ ਸਖ਼ਸ਼ ਕਿ ਗੁਜਰਾਤ ਆਦਿ ਸਥਾਨਾਂ ਵਿਖੇ ਜਿਥੇ ਫ਼ਿਰਕੂ ਅੱਗ ਦੀਆਂ ਲਪਟਾਂ ਨੇ ਅਨੇਕਾਂ ਬੇਗੁਨਾਹਾਂ ਦੀਆਂ ਜਾਨਾਂ ਲਈਆਂ ਹਨ ਇਹ ਉਥੇ ਤਾਂ ਪੋਟੋ ਦੀ ਸਿਫ਼ਾਰਸ਼ ਨਹੀਂ ਕਰਦਾ ਪਰੰਤੂ ਧਰਮ ਦਾ ਬੁਰਕਾ ਪਾ ਕੇ ਪੰਜਾਬ ਵਿਚ ਪੋਟੋ ਲਾਗੂ ਕਰਨ ਦੀ ਸਿਫਾਰਸ਼ ਕਰ ਰਿਹਾ ਹੈ। ਜਿਥੇ ਕੋਈ ਹਿੰਸਾ ਜਾਂ ਤਨਾਅ ਨਹੀਂ ਹੈ।

ਆਪਣੇ ਉਸਤਾਦ ਬਿਹਾਰੀ ਭਈਏ ਆਸ਼ੂਤੋਸ਼ ਦੀ ਸਿਫ਼ਤ ਸਲਾਹੁਤ ਕਰਦਾ ਇਹ ਬਨਾਰਸ ਦਾ ਠੱਗ ਆਖਦਾ ਹੈ ਕਿ ਇਕ ਦਿਨ ਸਾਰਿਆਂ ਨੂੰ ਹੀ ਇਸ ਦੀ ਸ਼ਰਨ ਵਿਚ ਆਉਣਾ ਪਵੇਗਾ, ਪਰੰਤੂ ਸਵਾਲ ਪੈਦਾ ਹੁੰਦਾ ਹੈ ਕਿ ਆਪਣੇ ਆਪ ਨੂੰ ਭੈ-ਰਹਿਤ ਅਖਵਾਉਣ ਵਾਲਾ ਖ਼ਾਲਸਾ ਉਦੋਂ 'ਅਵਤਾਰ' ਧਾਰ ਕੇ ਹਿੰਦੁਸਤਾਨੀਆਂ ਦੀ ਬਾਂਹ ਫੜਨ ਕਿਉਂ ਨਾ ਆਇਆ ਜਦੋਂ:

-ਬਾਬਰ ਦੇ ਹਮਲਿਆਂ ਨੇ ਸਾਰੇ ਦੇਸ਼ ਵਿਚ ਕੁਹਰਾਮ ਮਚਾ ਦਿੱਤਾ ਸੀ?

-ਜਦੋਂ ਅਖੌਤੀ ਰਾਜਪੂਤ ਆਪਣੀਆਂ ਬੇਟੀਆਂ ਦੇ ਡੋਲੇ ਮੁਗਲ ਹਾਕਮਾਂ ਨੂੰ ਭੇਂਟ ਕਰ ਰਹੇ ਸਨ?

-ਜਦੋਂ ਰੋਜ਼ਾਨਾ ਅਨੇਕਾਂ ਦੇ ਜੰਞੂ, ਧੋਤੀ, ਟੋਪੀ ਲਾਹ ਕਤਲ ਕਰ ਦਿੱਤਾ ਜਾਂਦਾ ਸੀ?

-ਜਦੋਂ ਜ਼ਾਬਰ ਖਾਨ ਵਰਗੇ ਦੇਵਕੀ ਦਾਸ ਦੀ ਨਵ-ਵਿਆਹੀ ਪਤਨੀ ਚੁੱਕ ਕੇ ਲੈ ਗਏ ਸਨ?

-ਜਦੋਂ ਕਸੂਰ ਦੇ ਨਵਾਬ ਹਿੰਦੁਸਤਾਨ ਦੀਆਂ ਬਹੁ-ਬੇਟੀਆਂ ਨੂੰ ਆਪਣੇ ਹਰਮ ਦਾ ਸ਼ਿੰਗਾਰ ਬਣਾ ਰਹੇ ਸਨ?

-ਜਦੋਂ ਗਜ਼ਨੀ ਦੇ ਬਜ਼ਾਰਾਂ ਵਿਚ ਹਿੰਦੁਸਤਾਨ ਦੀ ਇੱਜ਼ਤ ਆਬਰੂ ਕੌਡੀਆਂ ਦੇ ਭਾਅ ਵਿਕਦੀ ਸੀ?

"ਖੋਤੇ ਉਪਰ ਖੱਲ ਪਾ ਕੇ ਸ਼ੇਰ ਬਣੇ ਕੁਝ ਸਿੱਖਾਂ ਨੂੰ ਜੇਕਰ ਆਪਣੇ ਚਾਟੜੇ ਬਣਾ ਕੇ ਹਜ਼ਾਰ ਕੁ ਮੂਰਖਾਂ ਦਾ ਗੁਰੂ ਬਣ ਬੈਠਾ ਹੈ ਤਾਂ ਮਤ ਸਮਝ ਕਿ 'ਮੁਖ ਤੇ ਹਰਿ ਚਿੱਤ ਮੈਂ ਜੁਧੁ ਬਿਚਾਰ' ਦੇ ਧਾਰਨੀ ਗੁਰੂ ਕੇ ਸ਼ੇਰ ਖ਼ਤਮ ਹੋ ਗਏ ਹਨ। ਬੇਸ਼ਕ ਅਸੀਂ ਕਿਸੇ ਨੂੰ ਭੈਅ ਨਹੀਂ ਦਿੰਦੇ ਪਰੰਤੂ ਤੇਰੇ ਵਰਗੇ ਕਈ ਦਯਾਨੰਦ ਜੰਮ ਰਹੇ ਹਨ ਤਾਂ ਮਤ ਸਮਝ ਕਿ ਜੇਲ੍ਹਾਂ ਵਿਚ ਸਵਾ ਸਵਾ ਮਣ ਦਾ ਪੀਸਣ ਪੀਹਣ ਵਾਲੀਆਂ ਬੀਬੀਆਂ ਨੇ ਦਿੱਤ ਸਿੰਘਾਂ ਨੂੰ ਜਨਮ ਦੇਣਾ ਛੱਡ ਦਿੱਤਾ ਹੈ।"

ਸਰਹੱਦੀ ਖੇਤਰਾਂ ਵਿਚ ਐਸਾ ਫ਼ਿਰਕਾਪ੍ਰਸਤੀ ਦਾ ਨੰਗਾ-ਨਾਚ ਦੇਸ਼ ਦੀ ਏਕਤਾ ਅਖੰਡਤਾ

ਨੂੰ ਬਰਬਾਦ ਕਰਕੇ ਰੱਖ ਦੇਵੇਗਾ। ਅੱਜ ਰੋਜ਼-ਰੋਜ਼ ਜੋ ਇਹ ਨਵੇਂ ਨਵੇਂ ਦਯਾਨੰਦ ਪ੍ਰਗਟ ਹੋ ਰਹੇ ਇਸ ਪਿਛੇ ਰਾਜਨੀਤਕ ਨਿਘਾਰ ਨੂੰ ਦੋਸ਼-ਮੁਕਤ ਨਹੀਂ ਕੀਤਾ ਜਾ ਸਕਦਾ। ਜਦੋਂ ਵੀ ਅਕਾਲੀ ਦਲ ਰਾਜਸੱਤਾ ਉਪਰ ਬਿਰਾਜਮਾਨ ਹੁੰਦਾ ਹੈ ਤਾਂ ਪੰਥਕ ਸੋਚ ਖੰਭ ਲਗਾ ਕੇ ਉੱਡ ਜਾਂਦੀ ਹੈ। ਜੇਕਰ ਸੱਤਾ ਵਿਚ ਨਾ ਹੋਣ ਤਾਂ 'ਪੰਥ ਨੂੰ ਖਤਰਾ' ਦੇ ਨਾਅਰੇ ਬੁਲੰਦ ਕੀਤੇ ਜਾਂਦੇ ਹਨ, ਪਰ ਜਦੋਂ ਲੋਕ ਅਕਾਲੀ ਦਲ ਨੂੰ ਰਾਜਗੱਦੀ ਤੇ ਬਿਠਾ ਦਿੰਦੇ ਹਨ ਤਾਂ ਬਹੁਤੇ ਅਕਾਲੀ ਆਗੂਆਂ ਦੇ ਕਿਰਦਾਰ ਨੂੰ ਵੇਖ ਕੇ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਧਰਮ ਅਧੀਨ ਰਾਜਨੀਤੀ ਦੇ ਮਹਾਨ ਸੰਕਲਪ ਨੂੰ ਵਿਸਾਰ ਕੇ ਕਦੀਂ ਭਨਿਆਰੇ ਵਾਲੇ ਦੇ ਚਰਨ ਘੁੱਟਦੇ ਹਨ, ਕਦੀ 'ਸਤਿਗੁਰੂ' ਰਾਮ ਸਿੰਘ ਦੇ ਨਾਮ ਤੇ ਚੇਅਰਾਂ ਸਥਾਪਤ ਕੀਤੀਆਂ ਜਾਂਦੀਆਂ ਹਨ, ਚੰਦਰਾਸੁਆਮੀ ਵਰਗਿਆਂ ਦੇ ਦਿੱਤੇ ਤਾਵੀਜ਼ ਗਲੇ ਤੇ ਬਾਹਵਾਂ ਦੇ ਸ਼ਿੰਗਾਰ ਬਣਦੇ ਹਨ, ਰਾਮਾਇਣ ਦੇ ਪਾਠ ਕਰਵਾ ਕੇ ਧਾਰਮਿਕ ਪਰੰਪਰਾਵਾਂ ਦੀਆਂ ਧੱਜੀਆਂ ਉਡਾਈਆਂ ਜਾਂਦੀਆਂ ਹਨ। ਇਕ ਪਾਸੇ ਤਾਂ ਫ਼ਖਰ ਨਾਲ ਆਪਣੇ ਆਪ ਨੂੰ 'ਖ਼ਾਲਸੇ ਦੀ ਮਾਤਾ ਹੋਣ ਦਾ ਐਲਾਨ ਕੀਤਾ ਜਾਂਦਾ ਹੈ ਤੇ ਦੂਸਰੇ ਪਾਸੇ ਵੋਟਾਂ ਮੰਗਣ ਲਈ ਮੰਦਰਾਂ ਵਿਚ ਕੀਰਤਨ ਕੀਤੇ ਜਾਂਦੇ ਹਨ।

ਅਕਾਲੀਆਂ ਨੇ ਜੇਕਰ ਸਤਾਧਾਰੀ ਹੁੰਦਿਆਂ ਅਜਿਹੇ ਦੇਹ-ਧਾਰੀਆਂ ਅਤੇ ਡੇਰੇਦਾਰਾਂ ਨੂੰ ਨਕੇਲ ਪਾਈ ਹੁੰਦੀ ਤਾਂ ਅੱਜ ਕਿਸੇ ਸ਼ਰਧਾਨੰਦ ਦੀ ਸਿੱਖ ਪੰਥ ਖਿਲਾਫ਼ ਜ਼ਹਿਰ ਉਗਲਣ ਦੀ ਜੁਅਰਤ ਨਾ ਪੈਂਦੀ। ਅਜੇ ਵੀ ਜੇਕਰ ਸਮੁੱਚਾ ਖ਼ਾਲਸਾ ਪੰਥ ਜਾਗਰੂਕ ਹੋ ਕੇ ਇਨ੍ਹਾਂ ਦੰਭੀਆਂ ਨੂੰ ਢੁਕਵਾਂ ਜਵਾਬ ਦੇਵੇ ਤਾਂ ਇਨ੍ਹਾਂ ਦੀ ਹੋਸ਼ ਟਿਕਾਣੇ ਆਵੇਗੀ, ਹਿੰਦੂ ਵੀਰਾਂ ਨੂੰ ਇਸ ਲਹਿਰ ਵਿਚ ਪੂਰਾ ਸਾਥ ਦੇਣਾ ਚਾਹੀਦਾ ਹੈ, ਤਾਂ ਜੋ ਸ਼ਰਧਾਨੰਦ ਵਰਗੇ ਦੁਬਾਰਾ ਦੋਹਾਂ ਫ਼ਿਰਕਿਆਂ ਵਿਚ ਫੁੱਟ ਦੇ ਕੰਡੇ ਨਾ ਖਿਲਾਰਣ।

ਉਠ ਕੇ ਅਬ ਬਜ਼ਮੇਂ ਜਹਾਂ ਕਾ ਔਰ ਹੀ ਅੰਦਾਜ਼ ਹੈ।
ਮਸ਼ਰਿਕੋਂ ਮਗਰਿਬ ਮੇਂ ਤੇਰੇ ਦੌਰ ਕਾ ਆਗਾਜ਼ ਹੈ।

(ਡਾ. ਮੁਹੰਮਦ ਇਕਬਾਲ)

# ਸੰਭਲ ਐ ਨਾਦਾਂ ਕਿ ਮੁਸ਼ਕਿਲ ਆਨੇ ਵਾਲੀ ਹੈ!

ਭਾਰਤ ਦੀ ਆਬਾਦੀ ਵਿਚ ਨਿਰੰਤਰ ਹੈਰਾਨੀਜਨਕ ਵਾਧਾ ਹੋ ਰਿਹਾ ਹੈ। 1921 ਤੋਂ ਬਾਅਦ ਭਾਰਤ ਦੀ ਆਬਾਦੀ ਵਿਚ ਹੋਏ ਭਿਆਨਕ ਵਾਧੇ ਨਾਲ ਉਤਪਾਦਨ ਸ੍ਰੋਤਾਂ ਅਤੇ ਜਨਸੰਖਿਆ ਵਿਚ ਸੰਤੁਲਨ ਲਗਾਤਾਰ ਵਿਗੜਦਾ ਜਾ ਰਿਹਾ ਹੈ, ਭਾਵੇਂ ਕਿ ਨਿਰੰਤਰ ਸਿਹਤਮੰਦ ਵਿਕਾਸ ਲਈ ਸ੍ਰੋਤਾਂ ਅਤੇ ਜਨਸੰਖਿਆ ਦਰਮਿਆਨ ਸੰਤੁਲਿਨ ਅਤਿ ਜ਼ਰੂਰੀ ਹੈ। ਮੌਜੂਦਾ ਸਮੇਂ ਦੌਰਾਨ ਭਾਰਤ ਵਿਚ ਇਕ ਮਿੰਟ ਵਿਚ 50 ਬੱਚਿਆਂ ਦੀ ਜਨਮ ਦਰ ਹੈ, ਜੋ ਇਕ ਘੰਟੇ ਵਿਚ 3000 ਅਤੇ ਦਿਨ ਵਿਚ 72, 000 ਦੀ ਹੱਦ ਪਾਰ ਕਰ ਜਾਂਦੀ ਹੈ। ਇਸ ਵੱਧ ਰਹੀ ਜਨਸੰਖਿਆ ਦੀ ਦਰ ਨਾਲ ਹਰ ਸਾਲ 2 ਕਰੋੜ 7 ਲੱਖ ਜਿਸਮਾਂ ਦਾ ਵਾਧਾ ਹਿੰਦੁਸਤਾਨ ਦੀ ਧਰਤੀ ਉਪਰ ਹੋ ਰਿਹਾ ਹੈ। ਇਸ ਸਮੇਂ ਭਾਰਤ ਦੀ ਜਨਸੰਖਿਆ ਇਕ ਅਰਬ ਤੋਂ ਉਪਰ ਹੈ ਅਤੇ ਸਲਾਨਾ ਵਾਧਾ 1.8 ਪ੍ਰਤੀਸ਼ਤ ਹੈ। ਵਾਧੇ ਦੀ ਦਰ ਵਿਚ ਭਿਆਨਕ ਵ੍ਰਿਧੀ ਹੋਈ ਹੈ। 1921 ਤੋਂ ਲੈ ਕੇ 1951 ਤੱਕ ਵਾਧੇ ਦੀ ਦਰ 1.22 ਸੀ। ਭਾਰਤ ਦੀ ਆਬਾਦੀ ਦੁਨੀਆਂ ਦੀ ਆਬਾਦੀ ਦਾ 16% ਹੈ, ਜਦੋਂ ਕਿ ਭਾਰਤੀਆਂ ਪਾਸ ਧਰਤੀ ਕੇਵਲ 2.42% ਹੈ। ਦੂਜੇ ਸ਼ਬਦਾਂ ਵਿਚ ਭਾਰਤ ਦੀ ਧਰਤੀ ਉਪਰ ਸੰਸਾਰ ਦੀ ਔਸਤਨ ਵਸੋਂ ਦਾ 7 ਗੁਣਾਂ ਵਧੇਰੇ ਭਾਰ ਪੈ ਰਿਹਾ ਹੈ।

ਵੱਧ ਰਹੀ ਆਬਾਦੀ ਦੀ ਤਬਾਹਕੁੰਨ ਦਰ ਜਿਥੇ ਸਮੂਹ ਚਿੰਤਕਾਂ ਨੂੰ ਸੋਚਣ ਲਈ ਮਜਬੂਰ ਕਰਦੀ ਹੈ ਕਿ ਕੁਦਰਤੀ ਸੰਤੁਲਨ ਦਾ ਵਿਗਾੜ ਕਈ ਕਰੋਪੀਆਂ ਨੂੰ ਜਨਮ ਦੇਵੇਗਾ, ਉਥੇ ਸਿੱਖ ਕੌਮ ਵਰਗੀ ਘੱਟ-ਗਿਣਤੀ ਕੌਮ ਦੀ ਘੱਟ ਰਹੀ ਸੰਖਿਆ ਦਰ ਨੂੰ ਸੋਚ ਕੇ ਰੂਹ ਕੰਬ ਉਠਦੀ ਹੈ। ਬੇਸ਼ਕ ਆਬਾਦੀ ਵਾਧੇ ਦੇ ਚਿੰਤਕਾਂ ਵਲੋਂ ਸ੍ਰੋਤ ਅਤੇ ਜਨਸੰਖਿਆ ਸੰਤੁਲਨ ਨੂੰ ਬਣਾ ਕੇ ਰੱਖਣ ਅਤੇ ਇਸ ਖਲਾਅ ਦੀ ਪੂਰਤੀ ਵਾਸਤੇ ਜਨਮਦਰ ਵਿਚ ਕਮੀ ਦੇ ਸੁਝਾਅ ਅਮਲ ਵਿਚ ਲਿਆਂਦੇ ਜਾ ਰਹੇ ਹਨ ਅਤੇ ਪਰਿਵਾਰ ਨਿਯੋਜਨ ਯੋਜਨਾਵਾਂ ਰਾਹੀਂ ਆਬਾਦੀ ਦੇ ਵਾਧੇ ਨੂੰ ਰੋਕਣ ਦੀਆਂ ਕੋਸ਼ਿਸ਼ਾਂ ਜਾਰੀ ਹਨ, ਪਰੰਤੂ ਇਸ ਦੇ ਕੋਈ ਸਾਰਥਿਕ ਸਿੱਟੇ ਸਾਹਮਣੇ ਨਹੀਂ ਆਏ, ਇਹ ਯੋਜਨਾਵਾਂ ਕੇਵਲ ਅਖ਼ਬਾਰੀ ਅਤੇ ਦੀਵਾਰੀ ਵਿਗਿਆਪਨਾਂ ਤੱਕ ਹੀ ਸੀਮਤ ਰਹੀਆਂ ਹਨ। ਭਾਰਤ ਦੀ ਵਸੋਂ ਵਧੇਰੇ ਕਰ ਕੇ ਅਨਪੜ੍ਹ ਹੋਣ ਕਰਕੇ ਇਨ੍ਹਾਂ ਯੋਜਨਾਵਾਂ ਦੀ ਨਿਆਂਪੂਰਕ ਵੰਡ ਨਾ ਹੋ ਸਕੀ ਅਤੇ ਇਨ੍ਹਾਂ ਦਾ ਗਰੀਬ ਅਤੇ ਮਜ਼ਦੂਰ ਤਬਕੇ ਦੀ ਆਰਥਿਕ ਅਤੇ ਸਮਾਜਕ ਹਾਲਤ ਉਪਰ ਕੋਈ ਚੰਗਾ ਅਸਰ ਨਾ ਪਿਆ। ਦੂਸਰੇ ਪਾਸੇ ਉਦਯੋਗੀਕਰਨ ਨੇ ਵਧੇਰੇ ਜਨਸੰਖਿਆ ਨੂੰ ਉਤਸ਼ਾਹਿਤ ਕੀਤਾ ਕਿਉਂਕਿ ਸ੍ਰੋਤਾਂ ਅਤੇ ਜਨਸੰਖਿਆ ਦੇ ਵਿਗੜੇ ਹੋਏ ਸੰਤੁਲਨ ਨੇ ਮਹਿੰਗਾਈ ਨੂੰ ਜਨਮ ਦਿੱਤਾ ਅਤੇ ਕਿਰਤੀ ਅਤੇ ਮਜ਼ਦੂਰ ਤਬਕੇ ਵਿਚ, ਅਨਪੜ੍ਹਤਾ ਸਦਕਾ ਇਹ ਧਾਰਨਾ ਦ੍ਰਿੜ੍ਹ ਹੁੰਦੀ ਗਈ ਕਿ ਵਧੇਰੇ

ਪਰਿਵਾਰਕ ਮੈਂਬਰ ਵਧੇਰੇ ਕਮਾਈ ਦਾ ਸਾਧਨ ਹਨ। ਆਰਥਿਕ ਸੋਮਿਆਂ ਅਤੇ ਜਨਸੰਖਿਆ ਦਾ ਆਪਸੀ ਗੂੜ੍ਹਾ ਸਬੰਧ ਹੋਣ ਸਦਕਾ ਸਿੱਖ ਕੌਮ ਨੇ ਸੰਤਾਨ ਸੰਜਮ ਨੂੰ ਵਧੇਰੇ ਅਪਣਾਇਆ, ਜਿਸ ਦਾ ਮੁੱਖ ਕਾਰਨ ਆਰਥਿਕ ਖੁਸ਼ਹਾਲੀ ਸੀ।

ਗ਼ੈਰ-ਸਿੱਖਾਂ ਵਿਚ ਆਬਾਦੀ ਦਾ ਵਾਧਾ ਲਗਾਤਾਰ ਜਾਰੀ ਹੈ ਅਤੇ ਪਿਛਲੇ 80 ਸਾਲਾਂ ਤੋਂ ਇਸ ਵਿਚ ਕੋਈ ਖੜ੍ਹੋਤ ਨਹੀਂ ਆਈ। ਜ਼ਰੂਰਤ ਤਾਂ ਸੀ ਕਿ ਸਿਆਸੀ ਪੱਖ ਤੋਂ ਰਾਜਨੀਤਿਕ ਪਾਰਟੀਆਂ ਇਸ ਪ੍ਰੋਗਰਾਮ ਨੂੰ ਅਮਲ ਵਿਚ ਲਿਆਉਂਦੀਆਂ, ਪਰੰਤੂ ਵੋਟ ਬੈਂਕਾਂ ਨੂੰ ਮਜ਼ਬੂਤ ਕਰਨ ਖ਼ਾਤਰ ਸਿਆਸੀ ਪਾਰਟੀਆਂ ਨੇ ਇਸ ਤਬਾਹਕੁੰਨ ਸਮੱਸਿਆ ਨੂੰ ਨਜ਼ਰ-ਅੰਦਾਜ਼ ਕੀਤਾ। ਹੋਰ ਤਾਂ ਹੋਰ ਸਾਡੇ ਰਾਜਨੀਤਿਕ ਨੇਤਾ ਤਾਂ ਖ਼ੁਦ ਵਧੇਰੇ ਸੰਤਾਨ ਪੈਦਾ ਨੂੰ ਆਪਣਾ ਜਨਮ-ਸਿੱਧ ਅਧਿਕਾਰ ਸਮਝਦੇ ਹਨ। ਸੋ ਵੋਟਾਂ ਦੀ ਰਾਜਨੀਤੀ ਨੇ ਇਸ ਰੁਝਾਨ ਨੂੰ ਹੋਰ ਉਤਸ਼ਾਹ ਦਿੱਤਾ।

ਸਿੱਖਾਂ ਦੀ ਆਬਾਦੀ ਵਿਚ ਜਿਥੇ ਲਗਾਤਾਰ ਕਮੀ ਹੋ ਰਹੀ ਹੈ ਉਥੇ ਗ਼ੈਰ-ਸਿੱਖਾਂ ਦੀ ਵੱਧ ਰਹੀ ਗਿਣਤੀ ਚਿੰਤਾ ਦਾ ਵਿਸ਼ਾ ਹੈ। ਕਿਉਂਕਿ ਆਰਥਿਕ ਤੌਰ ਤੇ ਖੁਸ਼ਹਾਲ ਅਤੇ ਮਜ਼ਦੂਰ ਵਰਗ ਵਿਚ ਰੋਸ ਵਧਦਾ ਜਾ ਰਿਹਾ ਹੈ। ਇਸ ਧਾਰਨਾ ਨੂੰ ਹਕੀਕਤ ਵਿਚ ਬਦਲਦਿਆਂ ਵਧੇਰੇ ਸਮਾਂ ਨਹੀਂ ਲਗੇਗਾ, ਜਦੋਂ ਤੇਜ਼ੀ ਨਾਲ ਵਧਣ ਵਾਲੀਆਂ ਹੇਠਲੀਆਂ ਜਮਾਤਾਂ ਹੌਲੀ-ਹੌਲੀ ਵਧਣ ਵਾਲੀਆਂ ਉਪਰਲੀਆਂ ਜਮਾਤਾਂ ਜੋ ਘੱਟ-ਗਿਣਤੀ ਵਿਚ ਹਨ, ਨੂੰ ਦਬਾ ਲੈਣਗੀਆਂ। ਤੇਜ਼ੀ ਨਾਲ ਵੱਧ ਰਹੇ ਗਰੀਬ ਅਤੇ ਗ਼ੈਰ-ਸਿੱਖ ਵਰਗ ਆਰਥਿਕ ਤੌਰ ਤੇ ਖੁਸ਼ਹਾਲ ਵਰਗ ਨੂੰ ਨਫਰਤ ਦੀ ਨਜ਼ਰ ਨਾਲ ਵੇਖਦੇ ਹਨ। ਇਹ ਰੁਝਾਨ ਇਸੇ ਗਤੀ ਨਾਲ ਵਧਦਾ ਰਿਹਾ ਤਾਂ ਜਲਦੀ ਹੀ ਭਿਆਨਕ ਸਿੱਟੇ ਵੇਖਣ ਨੂੰ ਮਿਲਣਗੇ। ਸਿੱਖਾਂ ਵਰਗੀ ਘੱਟ-ਗਿਣਤੀ ਕੌਮ ਨੂੰ ਅਜਿਹੇ ਚੁਨੌਤੀ-ਭਰਪੂਰ ਵਾਤਾਵਰਨ ਵਿਚ ਆਪਣੀ ਹੋਂਦ ਅਤੇ ਨਿਆਰੇਪਨ ਨੂੰ ਸੁਰੱਖਿਅਤ ਰੱਖਣ ਲਈ ਸੂਖਮਤਾ ਅਤੇ ਦੂਰਅੰਦੇਸ਼ੀ ਤੋਂ ਕੰਮ ਲੈਣਾ ਪਵੇਗਾ, ਕਿਉਂਕਿ ਆਰਥਿਕ ਖੁਸ਼ਹਾਲੀ ਸਦਕਾ ਸਿੱਖ ਕੌਮ ਨੇ ਸੰਤਾਨ-ਸੰਜਮ ਵੱਲ ਵਧੇਰੇ ਧਿਆਨ ਦਿੱਤਾ ਹੈ।

ਜੱਟ ਕਬੀਲਿਆਂ ਜਿਨ੍ਹਾਂ ਦਾ ਦਾਰੋਮਦਾਰ ਖੇਤੀ ਉਪਰ ਹੀ ਅਧਾਰਿਤ ਸੀ। ਫ਼ਿਤਰਤ ਅਣਖੀਲੀ ਵਿਰਾਸਤ ਦੇ ਮਾਲਕ ਹੋਣ ਸਦਕਾ ਜੱਟਾਂ ਨੇ ਵਧੇਰੇ ਸੰਖਿਆ ਵਿਚ ਸਿੱਖ ਧਰਮ ਨੂੰ ਧਾਰਨ ਕੀਤਾ।

ਬ੍ਰਾਹਮਣ ਦੀ ਲੁੱਟ-ਖਸੁੱਟ ਅਤੇ ਸ਼ੂਦਰ ਸ਼੍ਰੇਣੀ ਦੇ ਜੂਲੇ ਵਿਚੋਂ ਨਿਕਲਣ ਵਾਸਤੇ ਸਿੱਖ ਧਰਮ ਇਕ ਨਿਰਾਲਾ ਮਾਰਗ ਸੀ। ਅਜੋਕੇ ਸਮੇਂ ਵਿਚ ਵੀ ਵਧੇਰੇ ਪੰਜਾਬੀ ਜੱਟ ਸਿੱਖ ਧਰਮ ਦੇ ਧਾਰਨੀ ਹਨ। ਪੰਜਾਬੀ ਜੱਟ ਦਾ ਆਰਥਿਕ ਵਸੀਲਾ ਕੇਵਲ ਖੇਤੀਬਾੜੀ ਹੈ ਅਤੇ ਅਜ਼ਾਦੀ ਤੋਂ ਬਾਅਦ ਕਿਸਾਨ ਦੀ ਲੁੱਟ-ਖਸੁੱਟ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਦੇਸ਼ ਦਾ ਅੰਨਦਾਤਾ ਕਿਸਾਨ ਆਰਥਿਕ ਮੰਦਵਾੜੇ ਕਰਕੇ ਦੁਰਦਸ਼ਾ ਦਾ ਸ਼ਿਕਾਰ ਹੈ ਅਤੇ ਅਨੇਕਾਂ ਮਜਬੂਰੀਆਂ ਅਤੇ ਸੰਤਾਪ ਹੰਢਾ ਰਿਹਾ ਹੈ। ਦੇਸ਼ ਦੇ ਅੰਨ ਭੰਡਾਰ ਭਰਨ ਵਾਸਤੇ ਕਿਸਾਨ ਦੇ ਭਵਿੱਖ ਬਾਰੇ ਕਈ ਯੋਜਨਾਵਾਂ ਘੜੀਆਂ ਜਾਂਦੀਆਂ ਹਨ, ਪਰੰਤੂ ਉਹ ਕਰਜ਼ੇ ਦੀ ਦਲ-ਦਲ ਵਿਚ ਧੱਸਦਾ ਜਾ ਰਿਹਾ ਹੈ। ਇਸ ਸੰਕਟ ਦਾ ਸ਼ਿਕਾਰ ਗਰੀਬ ਅਤੇ ਮੱਧ ਵਰਗ ਦਾ ਕਿਸਾਨ ਧਾਰਮਿਕ ਤੌਰ ਤੇ ਸਿੱਖੀ ਨਾਲ ਜੁੜਿਆ

ਹੋਇਆ ਹੈ। ਵੱਧ ਰਹੀ ਆਬਾਦੀ ਸਦਕਾ ਵਾਹੀਯੋਗ ਜ਼ਮੀਨਾਂ ਦੀ ਲਗਾਤਾਰ ਘਾਟ ਹੁੰਦੀ ਜਾ ਰਹੀ ਹੈ। ਉਦਯੋਗਿਕ ਇਕਾਈਆਂ ਸਥਾਪਿਤ ਹੋਣ ਨਾਲ ਜਿਥੇ ਵਾਹੀਯੋਗ ਜ਼ਮੀਨ ਘਟੀ ਹੈ ਉਥੇ ਸਥਾਨਕ ਮਜ਼ਦੂਰਾਂ ਦਾ ਰੁਝਾਨ ਉਦਯੋਗ ਵੱਲ ਵਧਿਆ ਹੈ। ਕਿਸਾਨ ਆਰਥਿਕ ਉਜਾੜੇ ਦੀ ਭੇਂਟ ਚੜ੍ਹਦਾ ਜਾ ਰਿਹਾ ਅਤੇ ਇਨ੍ਹਾਂ ਮੁਸ਼ਕਿਲਾਂ ਵਿਚ ਵਧੇਰੇ ਸੰਤਾਨ ਦਾ ਥੋੜੀ ਜ਼ਮੀਨ ਉਪਰ ਗੁਜ਼ਾਰਾ ਕਰਨਾ ਪੰਜਾਬੀ ਕਿਸਾਨ ਦੀ ਪ੍ਰਮੁੱਖ ਸਮੱਸਿਆ ਹੈ ਜਿਸ ਕਰਕੇ ਕਿਸਾਨਾਂ ਨੇ ਸੰਤਾਨ ਸੰਜਮ ਵਲ ਵਧੇਰੇ ਧਿਆਨ ਦਿੱਤਾ, ਦੂਸਰੇ ਪਾਸੇ ਖੇਤੀ ਪ੍ਰਬੰਧਾਂ ਦੀ ਘਾਟ ਅਤੇ ਨਾ ਲਾਹੇਵੰਦ ਧੰਦਾ ਹੋਣ ਕਰਕੇ ਪੰਜਾਬੀ ਕਿਸਾਨਾਂ ਨੇ ਵਿਦੇਸ਼ਾਂ ਵਿਚ ਪਰਵਾਸ ਨੂੰ ਪਹਿਲ ਦਿੱਤੀ। ਜੱਟਾਂ ਵਿਚ ਆਬਾਦੀ ਦਰ ਘਾਟੇ ਅਤੇ ਉਦਯੋਗੀਕਰਨ ਨੇ ਪਰਵਾਸੀ ਭਾਈਆਂ ਨੂੰ ਪੰਜਾਬ ਵੱਲ ਆਉਣ ਨੂੰ ਉਤਸ਼ਾਹਿਤ ਕੀਤਾ ਜਿਸ ਨਾਲ ਸਿੱਖ ਆਬਾਦੀ ਦੀ ਚਿੰਤਾਜਨਕ ਸਥਿਤੀ ਪੈਦਾ ਹੋਈ। ਪੰਜਾਬ ਵਿਚ ਜਿਥੇ ਸਿੱਖਾਂ ਦੀ ਆਬਾਦੀ ਲਗਾਤਾਰ ਘੱਟਦੀ ਜਾ ਰਹੀ ਹੈ ਉਥੇ ਪਰਵਾਸੀ ਮਜ਼ਦੂਰਾਂ ਦੀ ਗਿਣਤੀ ਵਿਚ ਚੋਖਾ ਵਾਧਾ ਹੁੰਦਾ ਜਾ ਰਿਹਾ ਹੈ। ਕਿਉਂਕਿ ਆਰਥਿਕ ਤੌਰ ਤੇ ਪੱਕੇ ਪੈਰੀਂ ਸਥਾਪਤ ਹੋਏ ਖਿੱਤਿਆਂ ਵਿਚ ਸਸਤੀ ਲੇਬਰ ਦੀ ਮੰਗ ਵੱਧਦੀ ਹੈ। ਵਪਾਰੀ ਵਰਗ ਸਸਤੀ ਚੀਜ਼ ਵਲ ਵਧੇਰੇ ਧਿਆਨ ਦਿੰਦਾ ਹੈ, ਉਦਯੋਗਿਕ ਇਕਾਈਆਂ ਨਾਲ ਸੰਬੰਧਿਤ ਪਰਵਾਸੀ ਮਜ਼ਦੂਰਾਂ ਨੇ ਪੱਕੇ ਤੌਰ ਤੇ ਰਹਿਣਾ ਸ਼ੁਰੂ ਕੀਤਾ ਅਤੇ ਵੋਟਰ ਬਣ ਗਏ ਹਨ। ਇਸ ਨਾਲ ਸਮਾਂ ਆਉਣ ਤੇ ਜਿਥੇ ਸਿੱਖਾਂ ਦੀ ਰਾਜਨੀਤਿਕ ਸਥਿਤੀ ਕਮਜ਼ੋਰ ਹੋਵੇਗੀ ਉਥੇ ਧਾਰਮਿਕ ਸੰਸਥਾਵਾਂ ਵੀ ਇਸ ਤੋਂ ਪ੍ਰਭਾਵਿਤ ਹੋਣਗੀਆਂ, ਕਿਉਂਕਿ ਵੋਟਾਂ ਦੇ ਰਾਜ ਵਿਚ ਸਿਰਾਂ ਦੀ ਗਿਣਤੀ ਮੁੱਖ ਅਹਿਮਤੀਅਤ ਰੱਖਦੀ ਹੈ, ਨਾਕਿ ਨੈਤਿਕ ਗੁਣਵਤਾ। ਪ੍ਰਵਾਸੀ ਮਜ਼ਦੂਰਾਂ ਦੀ ਵੱਧ ਰਹੀ ਗਿਣਤੀ ਅਤੇ ਸਿੱਖਾਂ ਦੀ ਘੱਟ ਰਹੀ ਆਬਾਦੀ ਦਾ ਸਭ ਤੋਂ ਵੱਧ ਲਾਭ ਗ਼ੈਰ-ਸਿੱਖ ਸਿਆਸੀ ਮਹਾਰਥੀਆਂ ਨੂੰ ਹੋਵੇਗਾ, ਕਿਉਂਕਿ ਜੇਕਰ ਕੋਈ ਗ਼ੈਰ-ਸਿੱਖ ਸਿਆਸੀ ਪਾਰਟੀ ਪਰਵਾਸੀ ਮਜ਼ਦੂਰਾਂ ਦਾ ਇਹ ਵੱਡਾ ਤੇ ਪ੍ਰਭਾਵਸ਼ਾਲੀ ਵੋਟ ਬੈਂਕ ਆਪਣੇ ਹੱਕ ਵਿਚ ਭੁਗਤਾਉਣ ਵਿਚ ਸਫ਼ਲ ਹੋ ਜਾਂਦੀ ਹੈ, ਤਾਂ ਭਵਿੱਖ ਵਿਚ ਸਿੱਖਾਂ ਦੀ ਦਸ਼ਾ ਅਤੇ ਪੰਜਾਬੀ ਸਿਆਸੀ ਤਸਵੀਰ ਦਾ ਤਸੱਵਰ ਕਰਕੇ ਰੂਹ ਕੰਬ ਜਾਂਦੀ ਹੈ।

ਧਾਰਮਿਕ ਤੌਰ ਤੇ ਵੀ ਸਿੱਖਾਂ ਨੇ ਇਸ ਮਾਰੂ ਸਮੱਸਿਆ ਦੇ ਹੱਲ ਬਾਰੇ ਕੋਈ ਨਿੱਗਰ ਕਦਮ ਨਹੀਂ ਉਠਾਏ। ਇਸ ਸਮੇਂ ਇਕ ਸਰਵੇਖਣ ਅਨੁਸਾਰ ਨਾਨਕ ਨਾਮ ਲੇਵਾ ਸ਼ਿਕਲੀਗਰਾਂ, ਵਣਜਾਰਿਆਂ, ਲੁਬਾਣਿਆਂ ਦੀ ਗਿਣਤੀ ਅੱਠ ਕਰੋੜ ਤੋਂ ਉਪਰ ਹੈ, ਜਦੋਂ ਕਿ ਸਿੱਖਾਂ ਦੀ ਕੁਲ ਸੰਖਿਆ ਦੋ ਕਰੋੜ ਤੋਂ ਵੀ ਘੱਟ ਹੈ। ਸਿੱਖ ਪਰਚਾਰ ਅਤੇ ਸਿੱਖ ਸੰਸਥਾਵਾਂ ਵਲੋਂ ਕੋਈ ਵਧੀਆ ਪਰਚਾਰਕ ਕਾਰਜ ਵਿਉਂਤ ਨਾ ਉਲੀਕਣ ਸਦਕਾ ਇਹ ਲੋਕ ਸਿੱਖੀ ਵਿਚਾਰਧਾਰਾ ਤੋਂ ਬਿਲਕੁਲ ਦੂਰ ਜਾ ਚੁੱਕੇ ਹਨ। ਜਿਥੇ ਇਨ੍ਹਾਂ ਦਾ ਸੰਪਰਕ ਸਿੱਖ ਧਰਮ ਨਾਲੋਂ ਬਿਲਕੁਲ ਟੁੱਟ ਚੁੱਕਾ ਹੈ ਉਥੇ ਇਹ ਆਰਥਿਕ ਤੌਰ ਤੇ ਵੀ ਮੰਦਹਾਲੀ ਦੇ ਦੌਰ ਵਿਚੋਂ ਗੁਜ਼ਰ ਰਹੇ ਹਨ। ਇਹ ਬਹੁਤ ਦੁਖੀ ਜੀਵਨ ਜੀਅ ਰਹੇ ਹਨ। ਰੋਟੀ, ਕਪੜਾ, ਮਕਾਨ ਦੀ ਸਮੱਸਿਆ ਨੇ ਇਨ੍ਹਾਂ ਨੂੰ ਬੇਹਾਲ ਕੀਤਾ ਹੋਇਆ ਹੈ। ਸਿੱਖ ਜਥੇਬੰਦੀਆਂ ਨੂੰ ਸੁਹਿਰਦਤਾ ਨਾਲ ਉਪਰਾਲਾ ਕਰਕੇ ਇਨ੍ਹਾਂ ਨੂੰ ਸਿੱਖੀ ਨਾਲ ਜੋੜ ਕੇ ਰੁਜ਼ਗਾਰ ਦੇ ਸਾਧਨ ਮੁਹੱਈਆ ਕਰਕੇ, ਇਨ੍ਹਾਂ ਨੂੰ ਖ਼ਾਲਸਾ ਪੰਥ ਦਾ ਅੰਗ ਬਣਾਉਣਾ ਚਾਹੀਦਾ ਹੈ। ਇਸ

ਨਾਲ ਕੌਮ ਦਾ ਸੰਪਰਕ ਖੇਤਰ ਵੀ ਵਧੇਗਾ ਅਤੇ ਕੌਮ ਦੀ ਮੁੱਖ ਧਾਰਾ ਤੋਂ ਟੁੱਟੇ ਇਨ੍ਹਾਂ ਲੋਕਾਂ ਨੂੰ ਸਵੈ-ਰੁਜ਼ਗਾਰ ਵੱਲ ਪ੍ਰੇਰਤ ਕੀਤਾ ਜਾ ਸਕੇਗਾ।

ਸ਼ਹਿਰਾਂ ਵਿਚ ਵੀ ਸਿੱਖ ਸੰਖਿਆ ਵਿਚ ਲਗਾਤਾਰ ਘਾਟਾ ਹੁੰਦਾ ਜਾ ਰਿਹਾ ਹੈ। ਪੰਜਾਬ ਵਿਚ ਕੇਵਲ ਤੇ ਕੇਵਲ ਮੁਹਾਲੀ ਐਸਾ ਸ਼ਹਿਰ ਹੈ ਜਿਥੇ ਸਿੱਖਾਂ ਦੀ ਵਸੋਂ ਵਧੇਰੇ ਹੈ।

ਸਿੱਖ ਸਿਆਸੀ ਮਹਾਰਥੀ ਇਸ ਭਿਆਨਕ ਸਮੱਸਿਆ ਤੋਂ ਬਿਲਕੁਲ ਅਵੇਸਲੇ ਹੋਏ ਬੈਠੇ ਹਨ। ਜੇਬ ਵਿਚ ਨੋਟ ਪਾ ਕੇ ਵੋਟਾਂ ਖਰੀਦਣ ਦੀ ਪਰਿਵਿਰਤੀ ਇਸ ਅਵੇਸਲੇਪਨ ਦਾ ਮੁੱਖ ਕਾਰਨ ਹੈ।

ਪੰਜਾਬ ਦੇ ਸਿੱਖ ਘੱਟ-ਗਿਣਤੀ ਹੋਣ ਦਾ ਸੰਤਾਪ ਪਹਿਲਾਂ ਵੀ ਹੰਢਾ ਚੁੱਕੇ ਹਨ। ਪੰਜਾਬੀ ਸੂਬੇ ਦੀ ਬਣਤਰ ਸਮੇਂ ਵੀ ਸਿੱਖ ਪੰਜਾਬ ਵਿਚ ਬੜੀ ਘੱਟ-ਗਿਣਤੀ ਵਿਚ ਸਨ। ਸਿੱਖਾਂ ਦੀ ਘਟ ਰਹੀ ਸੰਖਿਆ ਕਾਰਨ ਭਵਿੱਖ ਵਿਚ ਸਿੱਖਾਂ ਦਾ ਲੋਕਤੰਤਰੀ ਪ੍ਰਕ੍ਰਿਆ ਰਾਹੀਂ ਪੰਜਾਬ ਉਪਰ ਸੱਤਾਧਾਰੀ ਹੋਣਾ ਅਸੰਭਵ ਹੈ। ਲਗਾਤਾਰ ਘਟ ਰਹੀ ਸਿੱਖ ਅਬਾਦੀ ਚਿੰਤਾ ਦਾ ਵਿਸ਼ਾ ਹੈ, ਕਿਉਂਕਿ ਲੋਕਤੰਤਰ ਵਿਚ ਕਿਸੇ ਵੀ ਮੰਗ ਨੂੰ ਸਾਕਾਰ ਰੂਪ ਦੇਣ ਲਈ ਵੋਟਾਂ ਦੀ ਜ਼ਰੂਰਤ ਹੈ। ਘੱਟ-ਗਿਣਤੀ ਕੌਮਾਂ ਨੂੰ ਆਪਣੀ ਰਾਖੀ ਤੇ ਸੁਤੰਤਰ ਹੋਂਦ ਕਾਇਮ ਰੱਖਣ ਲਈ ਵਧੇਰੇ ਖ਼ੂਨ ਡੋਲ੍ਹਣਾ ਪੈਂਦਾ ਹੈ। ਪੰਜਾਬ ਦੀਆਂ ਹੱਕੀ ਮੰਗਾਂ ਨੂੰ ਲਟਕਣ ਵਿਚ ਵੀ ਇਨ੍ਹਾਂ ਕਾਰਨਾਂ ਨੂੰ ਰੱਦ ਨਹੀਂ ਕੀਤਾ ਜਾ ਸਕਦਾ। ਘੱਟ-ਗਿਣਤੀ ਹੋਣ ਦਾ ਸੰਤਾਪ ਸਿੱਖ ਕੌਮ ਪਹਿਲਾਂ ਵੀ ਹੰਢਾ ਚੁੱਕੀ ਹੈ। ਸਿੱਖ ਰਾਜਨੀਤਿਕ ਮਹਾਰਥੀਆਂ ਨੂੰ ਜੁਝਾਰੂ ਅਤੇ ਆਪਾਮਾਰੂ ਮਾਨਸਿਕਤਾ ਦੇ ਘੇਰੇ ਵਿਚੋਂ ਬਾਹਰ ਆ ਕੇ ਵਿਚਾਰਧਾਰਕ, ਰਾਜਨੀਤਿਕ ਅਤੇ ਕੂਟਨੀਤਕ ਮਿਆਰ ਵਧਾ ਕੇ ਬਦਲਦੀਆਂ ਪ੍ਰਸਥਿਤੀਆਂ ਵਿਚ ਕੌਮੀ ਹਿੱਤਾਂ ਬਾਰੇ ਸੋਚਣਾ ਚਾਹੀਦਾ ਹੈ। ਵੱਧ ਰਹੀ ਆਬਾਦੀ ਦੇ ਪ੍ਰਸੰਗ ਵਿਚ ਸਿੱਖਾਂ ਨੂੰ ਦੂਰ-ਅੰਦੇਸ਼ੀ ਤੋਂ ਕੰਮ ਲੈਂਦਿਆਂ ਵਰਤਮਾਨ ਸੁਆਰਨ ਲਈ ਅਤੇ ਭਵਿਖ ਨੂੰ ਨਿਸ਼ਚਿਤ ਕਰਨ ਲਈ ਸਮੁੱਚੀ ਕੌਮ ਦੇ ਲੋਕਾਂ ਦੇ ਦ੍ਰਿਸ਼ਟੀਕੋਣ ਵਿਚ ਗੁਣਾਤਮਕ ਤਬਦੀਲੀ ਲਿਆਉਣ ਲਈ ਵਿਸ਼ੇਸ਼ ਉਪਰਾਲੇ ਕਰਨੇ ਚਾਹੀਦੇ ਹਨ।

ਘੱਟ-ਗਿਣਤੀ ਹੋਣ ਦਾ ਨੁਕਸਾਨ ਕੌਮ ਨੇ ਪਹਿਲਾਂ ਹੀ ਕਾਫ਼ੀ ਸਹਿਆ ਹੈ। ਸਭ ਤੋਂ ਵੱਧ ਕੁਰਬਾਨੀਆਂ ਕਰਕੇ ਵੀ ਰਾਜਨੀਤਿਕ ਅਤੇ ਸਮਾਜਕ ਖੇਤਰ ਵਿਚ ਨਿਵੇਕਲੀ ਪਹਿਚਾਣ ਨਹੀਂ ਬਣਾ ਸਕੇ। ਰਾਜਨੀਤਿਕ ਸੁਚੇਤਤਾ ਵਿਚ ਲਗਾਤਾਰ ਪਿੱਛੜ ਰਹੇ ਹਨ। ਕਿਉਂਕਿ ਰਾਜਨੀਤੀ ਵਿਚ ਵੋਟਾਂ ਦੀ ਅਹਿਮੀਅਤ ਹੈ ਤੇ ਵੋਟਾਂ ਦੀ ਗਿਣਤੀ ਵਿਚ ਸਿੱਖ ਪਛੜਦੇ ਜਾ ਰਹੇ ਹਨ। ਪੰਜਾਬ ਜੋ ਕਿ ਸਿੱਖਾਂ ਦੀ ਜਨਮਭੂਮੀ ਹੈ, ਬੋਲੀ, ਪਹਿਰਾਵੇ ਅਤੇ ਰਾਜਸੀ ਸੰਕਟ ਦੇ ਆਧਾਰਿਤ ਬੱਦਲ ਛਾਏ ਹੋਏ ਹਨ। ਘੱਟ-ਗਿਣਤੀ ਹੋਣ ਕਰਕੇ ਨੌਜਵਾਨੀ ਵਿਚ ਆਈ ਹੀਨ-ਭਾਵਨਾ ਨੇ ਕੌਮ ਦੀ ਨੌਜਵਾਨੀ ਨੂੰ ਪਤਿਤਪੁਣੇ ਅਤੇ ਨਸ਼ਿਆਂ ਵੱਲ ਤੋਰਿਆ ਹੈ। ਇਸੇ ਸਦਕਾ ਹੀ ਸ਼ਬਦ ਗੁਰੂ ਅਤੇ ਗੁਰੂ-ਗਿਆਨ ਦੇ ਬੌਧਿਕ ਪਹਿਚਾਣ ਦਾ ਮੁੱਦਾ ਵੀ ਦਿਨੋ-ਦਿਨ ਗੰਭੀਰ ਹੁੰਦਾ ਜਾ ਰਿਹਾ ਹੈ। ਜਿਉਂ-ਜਿਉਂ ਸਿੱਖਾਂ ਦੀ ਜਨਸੰਖਿਆ ਵਿਚ ਗਿਰਾਵਟ ਆ ਰਹੀ ਹੈ ਮਨੁੱਖੀ ਅਧਿਕਾਰਾਂ ਉਪਰ ਹਮਲਿਆਂ ਦੀ ਲੜੀ ਲਗਾਤਾਰ ਵਧਦੀ ਜਾ ਰਹੀ ਹੈ।

ਪੰਜਾਬ ਸਿਆਸੀ ਤੌਰ ਤੇ ਨਾਜ਼ੁਕ ਸਥਿਤੀ ਵਾਲਾ ਸੂਬਾ ਹੈ। ਪੰਜਾਬ ਦੀ ਮੌਜੂਦਾ ਭੂਗੋਲਿਕ ਹੋਂਦ ਅਤੇ ਸਭਿਆਚਾਰਕ ਪਹਿਚਾਣ ਵਾਸਤੇ ਸਿੱਖਾਂ ਨੇ ਬੇਹੱਦ ਜਦੋ-ਜਹਿਦ ਕੀਤੀ ਹੈ ਅਤੇ ਤ੍ਰਾਸਦੀ ਦੀ ਗੱਲ ਹੈ ਕਿ ਘੱਟ-ਗਿਣਤੀ ਹੋਣ ਕਰਕੇ ਤਕਰੀਬਨ ਸਾਰੀਆਂ ਹੱਕੀਂ ਲੜਾਈਆਂ ਵਿਚ ਗ਼ੈਰ-ਸਿੱਖ ਵਿਰੋਧ ਵਿਚ ਖੜੇ ਹਨ।

ਸਿੱਖ ਬੇਸ਼ਕ ਤਰੱਕੀਯਾਫ਼ਤਾ ਅਤੇ ਅਗਾਂਹ-ਵਧੂ ਹਨ, ਪਰੰਤੂ ਅਜੋਕੇ ਵੋਟ ਰਾਜ ਵਿਚ ਸਿਰਾਂ ਦੀ ਗਿਣਤੀ ਦੀ ਵਧੇਰੇ ਅਹਿਮੀਅਤ ਹੈ। ਸਿੱਖਾਂ ਨੂੰ ਇਸ ਪੱਖ ਤੇ ਵਧੇਰੇ ਸੋਚਣ ਦੀ ਜ਼ਰੂਰਤ ਹੈ।

ਪੰਜਾਬ ਵਿਚ ਸਿੱਖਾਂ ਦੀ ਲਗਾਤਾਰ ਘਟ ਰਹੀ ਜਨਸੰਖਿਆ ਨੇ ਚੋਣ ਨਤੀਜਿਆਂ ਨੂੰ ਲਾਜ਼ਮੀ ਪ੍ਰਭਾਵਿਤ ਕਰਨਾ ਹੈ। ਕਿਉਂਕਿ ਵੱਧ ਰਹੀ ਆਬਾਦੀ ਦੇ ਨਾਲ ਜੇ ਵੱਖ-ਵੱਖ ਕੌਮਾਂ ਦੇ ਵਾਧੇ ਦੇ ਅਨੁਪਾਤ ਦਾ ਤੁਲਨਾਤਮਕ ਅਧਿਐਨ ਕਰੀਏ ਤਾਂ ਸਿੱਖ ਕੌਮ ਦੀ ਹਾਲਤ ਨਿਘਾਰ ਵੱਲ ਹੈ। ਸਿੱਖਾਂ ਦੀ ਕੋਈ ਵੀ ਰਾਜਨੀਤਿਕ ਪਾਰਟੀ ਐਸੀ ਨਹੀਂ ਹੈ ਜੋ ਕੇਵਲ ਪੰਥ ਪਿਆਰ ਦਾ ਵਾਸਤਾ ਦੇ ਕੇ ਕੇਵਲ ਸਿੱਖ ਬਹੁਗਿਣਤੀ ਸਰਕਾਰ ਬਣਾ ਸਕੇ। ਪੰਜਾਬੀ ਵੋਟ ਬੈਂਕ ਨੂੰ ਡੇਰੇਦਾਰ ਬਾਬੇ ਵੀ ਕਾਫੀ ਪ੍ਰਭਾਵਿਤ ਕਰਦੇ ਹਨ, ਜਿਸ ਕਰਕੇ ਰਾਜਨੀਤਿਕ ਮਹਾਰਥੀਆਂ ਦਾ ਵਧੇਰੇ ਧਿਆਨ ਡੇਰੇਦਾਰਾਂ ਨੂੰ ਪ੍ਰਸੰਨ ਕਰਨ ਅਤੇ ਉਨ੍ਹਾਂ ਦੇ ਚੇਲੇ ਚਾਟੜਿਆ ਦਾ ਵੋਟ ਖ਼ਜ਼ਾਨਾ ਹਾਸਲ ਕਰਨ ਵੱਲ ਵਧੇਰੇ ਹੈ।

ਅਕਾਲੀ ਦਲ (ਅ) ਦੇ ਪ੍ਰਧਾਨ ਸ: ਸਿਮਰਨਜੀਤ ਸਿੰਘ ਮਾਨ ਦਾ ਪਹਿਲਾਂ ਸਟੈਂਡ ਜਿਥੇ ਗਰਮ-ਦਲੀਆਂ ਵਿਚ ਸਵੀਕਾਰਿਆ ਜਾਂਦਾ ਸੀ ਹੁਣ ਉਨ੍ਹਾਂ ਨੂੰ ਗ਼ੈਰ-ਸਿੱਖ ਵੋਟਾਂ ਦੀ ਅਹਿਮੀਅਤ ਦਾ ਪਤਾ ਲੱਗ ਚੁੱਕਾ ਹੈ। ਉਹ ਵੀ ਪੰਜਾਬ, ਪੰਜਾਬੀਅਤ ਅਤੇ ਹਿੰਦੂ ਸਿੱਖ ਏਕਤਾ ਦੀ ਮੁਹਾਰਨੀ ਪੜ੍ਹ ਰਹੇ ਹਨ। ਚਿੰਤਾ ਦਾ ਵਿਸ਼ਾ ਹੈ ਕਿ ਜੇਕਰ ਸਿੱਖਾਂ ਦੀ ਸੰਖਿਆ ਵਿਚ ਘਾਟੇ ਦਾ ਅਨੁਪਾਤ ਇਸੇ ਹੀ ਚਾਲ ਨਾਲ ਚਲਦਾ ਰਿਹਾ ਤਾਂ ਕੋਈ ਸਮਾਂ ਐਸਾ ਵੀ ਆਵੇਗਾ ਜਦੋਂ ਧਾਰਮਿਕ ਸੰਸਥਾਵਾਂ ਜੋ ਸਿੱਖਾਂ ਦੇ ਖ਼ੂਨ-ਪਸੀਨੇ ਅਤੇ ਸ਼ਹਾਦਤਾਂ ਦੀ ਉਪਜ ਹਨ, ਉਨ੍ਹਾਂ ਉਪਰ ਵੀ ਗ਼ੈਰ-ਸਿੱਖ ਹੀ ਕਾਬਜ਼ ਹੋਣਗੇ। ਸਿੱਖਾਂ ਦੀ ਘੱਟ ਰਹੀ ਅਬਾਦੀ ਅਤੇ ਪੰਜਾਬ ਵਿਚ ਗ਼ੈਰ-ਸਿੱਖਾਂ ਦੀ ਵੱਧ ਰਹੀ ਆਬਾਦੀ ਅਤੇ ਪਰਵਾਸੀਆਂ ਦੀ ਆਮਦ ਕਿਸੇ ਸਮੇਂ ਇਕ ਵੱਡੇ ਫ਼ਿਰਕੂ ਤੂਫ਼ਾਨ ਨੂੰ ਜਨਮ ਦੇਵੇਗੀ।

ਸੋ ਸਮੁੱਚੇ ਪੰਥ-ਦਰਦੀਆਂ ਨੂੰ ਇਹ ਸਤਰਾਂ ਨਹੀਂ ਭੁੱਲਣੀਆਂ ਚਾਹੀਦੀਆਂ ਕਿ ਸਿਆਣੀਆਂ ਕੌਮਾਂ ਜਿਥੇ ਆਪਣੇ ਵਾਧੇ ਅਤੇ ਪਸਾਰਿਆਂ ਵਾਸਤੇ ਸਾਰਥਿਕ ਯਤਨ ਕਰਦੀਆਂ ਹਨ, ਉਥੇ ਨਾਲ ਹੀ ਆਪਣੇ ਨਾਜ਼ੁਕ ਮੌਕਿਆਂ ਨੂੰ ਬੜੇ ਦੂਰ-ਅੰਦੇਸ਼ੀ ਭਰੇ ਤਰੀਕੇ ਨਾਲ ਸੰਭਾਲਦੀਆਂ ਹਨ, ਜਿਸ ਨਾਲ ਉਹ ਹੋ ਸਕਣ ਵਾਲੇ ਭਿਆਨਕ ਨੁਕਸਾਨਾਂ ਤੋਂ ਬਚਾਅ ਕਰ ਸਕਣ।

# ਘੱਟ ਗਿਣਤੀਆਂ ਸਿੱਖਾਂ ਅਤੇ ਦਲਿਤ ਵੀਰਾਂ ਨੂੰ ਬਿਪਰਵਾਦ ਦੀ ਦੂਹਰੀ ਨੀਤੀ ਸਮਝਣ ਦੀ ਲੋੜ, ਸਮੇਂ ਦੀ ਮੁੱਖ ਮੰਗ

*ਇਕ ਦਲਿਤ ਮੁਲਾਜਮ ਵਲੋਂ ਆਰ. ਐਸ. ਐਸ ਦੇ ਲੁਕਵੇਂ ਏਜੰਡੇ ਦਾ ਲੇਖਾ ਜੋਖਾ*

ਐਮ.ਡੀ. ਗੋਰੀਆਂ ਜੋ ਮਿਉਂਸਪਲ ਕਾਰਪੋਰੇਸ਼ਨ ਲੁਧਿਆਣਾ ਦਾ ਮਜ਼ਦੂਰ ਕਰਮਚਾਰੀ ਹੈ, ਆਰ.ਐਸ.ਐਸ ਦਾ ਸਰਗਰਮ ਕਾਰਕੁੰਨ ਰਿਹਾ, ਅਤੇ ਸਾਰੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਂਦਾ ਰਿਹਾ। ਉਸ ਨੇ 1990 ਈ: ਵਿੱਚ ਸੰਘ ਦੇ ਸਿਖਲਾਈ ਕੈਂਪ ਅਟੈਂਡ ਕੀਤੇ। ਉਸ ਨੇ ਆਪਣੀ ਹੱਡਬੀਤੀ ਅਤੇ ਸੰਘ ਨੀਤੀ ਦਾ ਖੁਲਾਸਾ ਕਰਦਿਆਂ ਕਿਹਾ ਕਿ ਸੰਘ ਵਲੋਂ ਹਰ ਫੈਸਲਾ ਮੁਲਾਜ਼ਮ ਉਪਰ ਠੋਸਿਆ ਜਾਂਦਾ ਹੈ। ਮੁਲਾਜ਼ਮ ਦੀ ਕੋਈ ਰਾਏ ਨਹੀਂ ਲਈ ਜਾਂਦੀ। ਫ਼ਿਰਕੂ ਅਤੇ ਹਿੰਦੂਵਾਦੀ ਪ੍ਰਚਾਰ ਕੀਤਾ ਜਾਂਦਾ ਹੈ। ਹਥਿਆਰਾਂ ਦੀ ਸਿਖਲਾਈ ਆਤਮ ਰੱਖਿਆ ਲਈ ਨਹੀਂ ਬਲਕਿ ਤੋੜ-ਫੋੜ ਦੀਆਂ ਕਾਰਵਾਈਆਂ ਲਈ ਦਿੱਤੀ ਜਾਂਦੀ ਹੈ। ਕੈਂਪ ਵਿੱਚ ਗ਼ੈਰ ਹਿੰਦੂਆਂ ਨੂੰ ਸ਼ਾਮਲ ਕਰਨਾ ਇਹ ਨਹੀਂ ਦਰਸਾਉਂਦਾ ਕਿ ਸੰਘ ਦੀ ਨਜ਼ਰ ਵਿੱਚ ਸਾਰੇ ਇਕ ਸਮਾਨ ਹਨ, ਸਗੋਂ ਇਹ ਪ੍ਰਚਾਰਿਆ ਜਾਂਦਾ ਹੈ ਕਿ ਸੰਘ ਦੀ ਨਜ਼ਰ ਹਰ ਧਰਮ ਨੂੰ ਹਿੰਦੂ ਵੇਖਣਾ ਚਾਹੁੰਦੀ ਹੈ।

*ਬਿਪਰਵਾਦ ਜਿੰਨਾ ਸਿੱਖਾਂ ਲਈ ਘਾਤਕ ਹੈ ਓਨਾ ਹੀ ਦਲਿਤਾਂ ਵਾਸਤੇ ਵੀ......*

ਸਿੱਖ ਧਰਮ ਨੂੰ ਬਿਪਰਵਾਦੀ ਕਰਾਮਾਤੀ ਰੁੱਖ ਦੀ ਟਹਿਣੀ ਸਥਾਪਤ ਕਰਨ ਜਾਂ ਦੂਜੇ ਸ਼ਬਦਾਂ ਵਿੱਚ ਹਿੰਦੂ ਧਰਮ ਦਾ ਅੰਗ ਸਾਬਤ ਕਰਨ ਲਈ ਵਿਧੀਪੂਰਵਕ ਨੀਤੀਆਂ ਦਾ ਆਸਰਾ ਲਿਆ ਗਿਆ। ਸੰਘ ਦੀ ਬਣਾਈ ਹੋਈ ਰਾਸ਼ਟਰੀ ਸਿੱਖ ਸੰਗਤ ਵਿੱਚ ਸ਼ਾਮਲ ਹੋਣ ਵਾਲੇ ਅਖੌਤੀ ਸਿੱਖਾਂ ਨੂੰ ਸਿੱਖ ਧਰਮ ਜਾਂ ਸਿੱਖੀ ਸਿਧਾਂਤਾਂ ਨਾਲ ਦੂਰ ਦਾ ਵੀ ਵਾਸਤਾ ਨਹੀਂ ਹੈ, ਉਨ੍ਹਾਂ ਦਾ ਇਕ ਨੁਕਾਤੀ ਪ੍ਰੋਗਰਾਮ ਕੇਵਲ ਨਿਆਰੇ ਖ਼ਾਲਸੇ ਦੀ ਹੋਂਦ ਪ੍ਰਤੀ ਸ਼ੰਕੇ ਖੜੇ ਕਰ, ਸਿੱਖਾਂ ਨੂੰ ਹਿੰਦੂ ਧਰਮ ਦੇ ਬਿਪਰਵਾਦੀ ਸਮੁੰਦਰ ਵਿੱਚ ਗਰਕ ਕਰਨਾ ਹੈ। ਜਿਥੇ ਸੰਘ ਵਿਚ ਬਿਪਰਵਾਦੀ ਸੋਚ ਦੇ ਮਾਲਕ ਬ੍ਰਾਹਮਣ ਸ਼ਾਮਲ ਹਨ, ਉਥੇ ਇਸ ਫ਼ਿਰਕੂ ਸੰਗਠਨ ਵਿਚ ਸ਼ਾਮਲ ਹੋਣ ਵਾਲੇ ਸਿੱਖ ਉਹ ਹਨ ਜੋ ਬਿਪਰਵਾਦ ਦੇ ਸਮੁੰਦਰ ਵਿਚ ਗਰਕ ਹੋ ਚੁੱਕੇ ਹਨ ਜਾਂ ਜਿਨ੍ਹਾਂ ਦਾ ਨਿਸ਼ਾਨਾ ਰਾਜਨੀਤਕ ਕੁਰਸੀ ਜਾਂ ਮਾਇਆ ਦੇ ਗੱਫੇ ਹਨ।

ਗੁਰੂ ਨਾਨਕ ਪਾਤਸ਼ਾਹ ਵਲੋਂ ਨਿਰਮਲ ਪੰਥ ਦੇ ਸੰਕਲਪ ਨੂੰ ਦਸਵੇਂ ਜਾਮੇ ਵਿੱਚ ਖ਼ਾਲਸਾ ਪ੍ਰਗਟ ਕ੍ਰਿਆ ਰੂਪ ਵਿੱਚ ਪ੍ਰਤੱਖ ਕਰਨਾ ਸੰਸਾਰ ਤੋਂ ਵਿਲੱਖਣ ਅਤੇ ਕ੍ਰਾਂਤੀਕਾਰੀ ਕਦਮ ਸੀ। ਇਸ ਦਾ ਧਾਰਮਿਕ ਅਤੇ ਸਮਾਜਿਕ ਪ੍ਰਭਾਵ ਬ੍ਰਹਿਮੰਡੀ ਸੀ। ਇਸ ਸਰਬ ਸਾਂਝੇ ਬ੍ਰਹਿਮੰਡੀ ਸਿਧਾਂਤ ਨੂੰ

ਬਿਪਰਵਾਦ ਵਾਸਤੇ ਜਰਨਾ ਬੜਾ ਔਖਾ ਸੀ, ਕਿਉਂਕਿ ਬਿਪਰਵਾਦ ਦਾ ਅਧਾਰ ਮੰਨੂਵਾਦੀ ਜ਼ਾਤੀਪ੍ਰਥਾ ਸੀ ਅਤੇ ਗੁਰਮਤਿ ਸਿਧਾਂਤ ਦਾ ਪ੍ਰਕਾਸ਼ ਜ਼ਾਤੀਪ੍ਰਥਾ ਦੇ ਬੰਧਨਾਂ ਨੂੰ ਤੋੜ ਰਿਹਾ ਸੀ। ਇਸ ਨੂੰ ਹਿੰਦੂਤਵੀ ਸਮਾਜ ਲਈ ਸਹਿਣ ਕਰਨਾ ਬਹੁਤ ਕਠਿਨ ਸੀ। ਕੁਝ ਇਤਿਹਾਸਕ ਸਰੋਤ ਦੱਸਦੇ ਹਨ ਕਿ ਅੰਮ੍ਰਿਤ ਸੰਸਕਾਰ ਦੇ ਸਮੇਂ ਜੋ ਗੁਰੂ ਪਾਤਸ਼ਾਹ ਨੇ ਇਕੱਠ ਲਈ ਸੱਦਾ ਦਿੱਤਾ, ਜਿਸਦਾ ਜ਼ਿਕਰ ਕਰਦਾ ਕਵੀ ਸੈਨਾਪਤਿ ਲਿਖਦਾ ਹੈ :

*ਬੈਸਾਖੀ ਕੇ ਦਰਸ ਪੈ ਸਤਿਗੁਰ ਕੀਯੋ ਬਿਚਾਰ॥ ੨ ॥ ੧੧੮॥*
*ਸੰਗਤਿ ਦਰਸਨ ਕਰਤੁ ਸਭ ਨਗਰ ਨਗਰ ਬਿਸਥਾਰ॥* (ਸ੍ਰੀ ਗੁਰ ਸੋਭਾ)

ਇਸ ਇਕੱਠ ਵਿਚ ਸ਼ਾਮਲ ਹੋਣ ਵਾਲੇ ਲੋਕ ਨਾਨਕ ਪ੍ਰਸਤ, ਮੁਗਲਾਂ ਅਤੇ ਬਿਪਰਾਂ ਦੇ ਸਤਾਏ ਹੋਏ ਸਨ। ਉੱਚ ਜ਼ਾਤੀ ਹਿੰਦੂਆਂ ਨੇ ਜਿਥੇ ਇਸ ਇਕੱਠ ਦਾ ਬਾਈਕਾਟ ਕੀਤਾ ਉਥੇ ਨਾਲ ਹੀ ਗੁਰੂ ਘਰ ਦਾ ਡੱਟ ਕੇ ਵਿਰੋਧ ਵੀ ਕੀਤਾ। ਉੱਚ ਜ਼ਾਤੀ ਪਹਾੜੀ ਹਿੰਦੂ ਰਾਜਿਆਂ ਵਲੋਂ ਗੁਰੂ ਘਰ ਨਾਲ ਵਿਰੋਧ ਅਤੇ ਮੁਗਲ ਸਲਤਨਤ ਨਾਲ ਯਰਾਨਾ ਇਸ ਦਾ ਪ੍ਰਤੱਖ ਸਬੂਤ ਸੀ। ਉੱਚ ਜ਼ਾਤੀ ਨਾਲ ਸੰਬੰਧਿਤ ਹਿੰਦੂਆਂ ਵਾਸਤੇ ਤਾਂ ਅੰਮ੍ਰਿਤ ਇਕ ਘਿਰਣਾਯੋਗ ਸੰਸਕਾਰ ਸੀ, ਕਿਉਂਕਿ ਨੀਵੀਆਂ ਜ਼ਾਤੀਆਂ ਨਾਲ ਬੈਠ ਕੇ ਇਕ ਬਾਟੇ ਵਿੱਚ ਛੱਕਣਾ ਪੈਂਦਾ ਸੀ। ਇਹੋ ਹੀ ਮੂਲ ਕਾਰਨ ਹੈ ਕਿ ਬਿਪਰਵਾਦ ਜਿਵੇਂ ਸਿੱਖਾਂ ਲਈ ਘਾਤਕ ਹੈ ਉਸੇ ਤਰ੍ਹਾਂ ਹੀ ਦਲਿਤ ਜ਼ਾਤੀਆਂ ਵਾਸਤੇ ਵੀ ਹੈ।

ਦਲਿਤਾਂ ਸੰਬੰਧੀ ਬਿਪਰਨੀਤੀ ਨੂੰ ਸਪੱਸ਼ਟ ਕਰਨ ਤੋਂ ਪਹਿਲਾਂ ਇਹ ਵਿਚਾਰ ਸਾਂਝਾ ਕਰਨਾ ਜ਼ਰੂਰੀ ਹੈ ਕਿ ਜਿਨ੍ਹਾਂ ਹਿੰਦੂ ਵੀਰਾਂ ਵਿੱਚ ਕੱਟੜਤਾ ਅਤੇ ਮਜ਼ਹਬੀ ਸੰਪਰਦਾਇਕਤਾਵਾਦੀਆਂ ਦੀ ਬਿਪਰਵਾਦੀ ਮਾਨਸਿਕਤਾ ਘਰ ਕਰ ਚੁੱਕੀ ਹੈ, ਉਹ ਹੀ ਹੋਰ ਧਰਮਾਂ, ਘੱਟ ਗਿਣਤੀਆਂ ਅਤੇ ਦਲਿਤਾਂ ਵਾਸਤੇ ਵੀ ਸਭ ਤੋਂ ਵੱਡਾ ਖਤਰਾ ਹਨ। ਐਸੇ ਬਿਪਰਵਾਦੀਆਂ ਨੇ ਆਪਣੀ ਦੁਰਭਾਵਨਾ ਨਾਲ ਘੱਟ ਗਿਣਤੀਆਂ ਅਤੇ ਦਲਿਤਾਂ ਨੂੰ ਹਰ ਪੱਖੋਂ ਹੌਂਸਲਾ-ਰਹਿਤ ਅਤੇ ਖੇਰੂੰ-ਖੇਰੂੰ ਕਰਨ ਦਾ ਮਨਸੂਬਾ ਬਣਾਇਆ ਹੋਇਆ ਹੈ, ਤਾਂ ਜੋ ਕਿਤੇ ਇਹ ਸੰਗਠਿਤ ਹੋ ਕੇ ਬਿਪਰਵਾਦ ਦੀਆਂ ਜੜ੍ਹਾਂ ਹੀ ਇਸ ਖਿੱਤੇ ਵਿਚੋਂ ਨਾ ਪੁੱਟ ਦੇਣ। ਇਹ ਕੇਵਲ ਰਾਸ਼ਟਰ ਭਗਤੀ ਦਾ ਵਿਖਾਵਾ ਕਰਦੇ ਹਨ। ਇਸ ਦੇਸ਼ ਦੀ ਮਿੱਟੀ ਨਾਲ ਮੋਹ ਦਾ ਨਾਟਕ ਕਰਨ ਲਈ ਇਸ ਨੂੰ ਤਾਂ ਭਾਰਤ ਮਾਤਾ ਆਖਦੇ ਹਨ, ਪਰੰਤੂ ਇਸ ਦੀ ਰਾਖੀ ਕਰਨ ਵਾਲਿਆਂ ਅਤੇ ਇਸ ਦੀ ਗੋਦ ਵਿੱਚ ਖੇਡਣ ਵਾਲਿਆਂ ਨਾਲ ਨਫ਼ਰਤ ਕਰਦੇ ਹਨ। ਬੜੀ ਅਜੀਬ ਗੱਲ ਹੈ ਕਿ ਦੇਸ਼ ਦੀ ਮਿੱਟੀ ਨੂੰ ਪਵਿੱਤਰ ਜਾਣ ਕੇ ਤਾਂ ਮੱਥੇ ਉਪਰ ਲਗਾਉਣਾ, ਪਰ ਇਸ ਮਿੱਟੀ ਉਪਰ ਤੁਰਨ ਵਾਲਿਆਂ ਦੇ ਪ੍ਰਛਾਵੇਂ ਤੋਂ ਵੀ ਬਚਣਾ। ਭਾਰਤ ਮਾਤਾ ਕਹਿ ਕੇ ਇਸ ਦੇਸ਼ ਦੀ ਮਿੱਟੀ ਨਾਲ ਮੋਹ ਦਾ ਵਿਖਾਵਾ ਕਰਨਾ ਵੀ ਇਸ ਧਰਤੀ ਦੇ ਗਰਭ ਵਿਚੋਂ ਉਤਪੰਨ ਪਦਾਰਥਾਂ ਨੂੰ ਭੋਗਣ ਤੱਕ ਹੀ ਸੀਮਤ ਹੈ। ਇਹਨਾਂ ਦੀ ਦੇਸ਼-ਭਗਤੀ ਅਤੇ ਭਾਰਤ ਮਾਤਾ ਨਾਲ ਪਿਆਰ ਦੀਆਂ ਗੱਲਾਂ ਕੇਵਲ ਮਖੌਟਾ ਹਨ, ਜੋ ਆਰੀਆ ਹੋਣ ਦੇ ਬਾਵਜੂਦ ਇਸ ਧਰਤੀ ਤੇ ਟਿਕੇ ਰਹਿਣ ਦਾ ਸਾਧਨ ਹੈ। ਹਰ ਕਾਰਜ ਵਿਧੀ ਕਪਟ ਨਾਲ ਭਰੀ ਹੁੰਦੀ ਹੈ ਅਤੇ ਬਿਪਰਵਾਦ ਦੇ ਇਸ ਮਾਨਸਿਕ ਰੋਗ ਸਦਕਾ ਸਾਰਾ ਦੇਸ਼ ਚਿੰਤਤ ਹੈ। 'ਹਿੰਦੂ' ਸ਼ਬਦ ਨੂੰ ਸਵੀਕਾਰ ਕਰਨ ਦਾ ਕਾਰਨ ਦੱਸਦੇ ਡਾ.ਆਰ.ਐਲ. ਸਾਗਰਾਂ ਲਿਖਦੇ ਹਨ:

'ਹਿੰਦੂ' ਸ਼ਬਦ ਦਾ ਅਰਥ ਇਸਲਾਮ ਦੀ ਪਰਿਭਾਸ਼ਾ ਵਿੱਚ ਐਸੇ ਕਾਫ਼ਰ ਲੋਕਾਂ ਤੋਂ ਹੈ ਜੋ ਮੂਰਤੀ-ਪੂਜਕ ਹਨ ਅਤੇ ਇਨਸਾਨੀਅਤ ਦੇ ਵਿਰੋਧੀ ਹਨ। ਫਿਰ ਇਹਨਾਂ ਨਾਜ਼ੀ ਲੋਕਾਂ ਨੇ 'ਹਿੰਦੂ' ਸ਼ਬਦ ਸਵੀਕਾਰ ਕਿਉਂ ਕੀਤਾ ? ਭਾਵੇਂ ਕਿ ਵੇਦ, ਸ਼ਾਸਤਰ, ਪੁਰਾਣ, ਸਿੰਮਰਤੀਆਂ, ਧਰਮ ਸੂਤਰ, ਰਮਾਇਣ ਅਤੇ ਮਹਾਂਭਾਰਤ ਵਿੱਚ ਇਥੋਂ ਦੇ ਵਾਸੀਆਂ ਵਾਸਤੇ 'ਹਿੰਦੂ' ਸ਼ਬਦ ਪ੍ਰਯੋਗ ਹੀ ਨਹੀਂ ਹੋਇਆ। ਇਹ ਵਿਚਾਰ ਕਰਨ ਦਾ ਮੁੱਦਾ ਹੈ। ਇਨ੍ਹਾਂ ਦੀ ਇਹ ਧਾਰਨਾ ਹੈ ਕਿ ਭਾਰਤ ਦੀ ਪ੍ਰਾਚੀਨ ਸੱਭਿਅਤਾ ਦਾ ਕੇਂਦਰ ਸੱਤ ਨਦੀਆਂ ਦੇ ਵਿੱਚ ਦਾ ਭੂ-ਭਾਗ ਸੀ ਜਿਸ ਕਰਕੇ ਇਹ ਖੇਤਰ ਸਪਤ ਸਿੰਧੂ ਕਹਾਉਂਦਾ ਸੀ। ਕਿਉਂਕਿ ਬਾਹਰ ਦੇ ਲੋਕ 'ਸ' ਨੂੰ 'ਹ' ਬੋਲਦੇ ਸਨ ਇਸ ਕਰਕੇ ਸਿੰਧੂ ਤੋਂ ਹਿੰਦੂ ਹੋ ਗਿਆ। ਦਰਅਸਲ ਇਨ੍ਹਾਂ ਲੋਕਾਂ ਨੇ ਬੁਰੇ ਅਰਥ ਵਾਲਾ ਸ਼ਬਦ 'ਹਿੰਦੂ' ਅਪਨਾਇਆ, ਉਸਦੇ ਪਿੱਛੇ ਮੂਲ ਕਾਰਨ ਇਹ ਸੀ ਕਿ ਇਹ ਲੋਕ ਆਪਣੇ ਆਪ ਇਥੋਂ ਦੇ ਮੂਲ ਵਸਨੀਕ ਸਿੱਧ ਕਰਨਾ ਚਾਹੁੰਦੇ ਸਨ, ਭਾਵੇਂ ਕਿ ਉਹ ਨਹੀਂ ਸਨ। ਅੱਜ 'ਹਿੰਦੂ' 'ਆਰੀਆ' ਦਾ ਸਮਅਰਥੀ ਸ਼ਬਦ ਬਣ ਗਿਆ ਹੈ, ਇਹ ਆਪਣੇ ਵਿਦੇਸ਼ੀ ਆਰੀਆ ਪੂਰਵਜਾਂ ਨੂੰ ਮੂਲ ਭਾਰਤੀ ਘੋਸ਼ਿਤ ਕਰਨ ਲਈ ਹੀ ਆਪਣੇ ਆਪ ਨੂੰ 'ਹਿੰਦੂ' ਕਹਿਣ ਤੇ ਜ਼ੋਰ ਲਗਾਉਂਦੇ ਹਨ। ਅਗਰ ਇਹ ਰਾਜ ਨਾ ਹੁੰਦਾ ਤਾਂ ਇਹ ਵਿਦੇਸ਼ੀ ਆਪਣੇ ਆਪ ਨੂੰ ਐਸੇ ਭੈੜੇ ਸ਼ਬਦ ਨਾਲ ਪੁਕਾਰੇ ਜਾਣ ਨੂੰ ਕਦੀ ਸਵਿਕਾਰ ਨਾ ਕਰਦੇ। ਦਲਿਤ ਅਤੇ ਘੱਟ ਗਿਣਤੀ ਲੋਕ ਨਾ ਹਿੰਦੂ ਹਨ ਅਤੇ ਨਾ ਹਿੰਦੂ ਕਹਾਉਣਾ ਪਸੰਦ ਕਰਦੇ ਹਨ। (ਹਿੰਦੂ ਮਾਨਸਿਕਤਾ, ਪੰਨਾ 3)

ਅਰਬੀ ਅਤੇ ਫ਼ਾਰਸੀ ਦੇ ਕਵੀਆਂ ਨੇ ਹਿੰਦੂ ਸ਼ਬਦ ਦੇ ਅਰਥ ਚੋਰ, ਗੁਲਾਮ ਅਤੇ ਕਾਲਾ ਆਦਿ ਦੇ ਰੂਪ ਵਿੱਚ ਕੀਤੇ ਹਨ।

ਬਿਪਰਵਾਦੀ ਮਾਨਸਿਕਤਾ ਦੇ ਮਾਲਕ ਬਿਪਰ ਹਮੇਸ਼ਾ ਹੀ ਆਪਣੇ ਮੂੰਹੋਂ ਐਸੀ ਗੱਲ ਕੱਢਦੇ ਹਨ ਜਿਸਦਾ ਬਾਹਰੀ ਅਰਥ ਤਾਂ ਭਾਵੇਂ ਬੜਾ ਮਨਭਾਉਂਦਾ ਹੋਵੇ ਪਰੰਤੂ ਅੰਤਰੀਵ ਭਾਵ ਬੜਾ ਕੂਟਨੀਤਕ ਹੁੰਦਾ ਹੈ ਜਿਸ ਨੂੰ ਸਮਝਣ ਲਈ ਸਮਾਂ ਲਗਦਾ ਹੈ। ਨਾਜ਼ੀ ਮਾਨਸਿਕਤਾ ਵਾਲਾ ਬਿਪਰ, ਉਦਾਰਵਾਦੀ ਹਿੰਦੂ ਵੀਰਾਂ ਨੂੰ ਵੀ ਮਾਨਸਿਕ ਤੌਰ ਤੇ ਪਰੇਸ਼ਾਨ ਕਰਨ ਦਾ ਦੋਸ਼ੀ ਹੈ ਅਤੇ ਦੂਸਰੇ ਪਾਸੇ ਗੈਰ-ਹਿੰਦੂ ਫ਼ੋਬੀਆ ਰੋਗ ਨੇ ਸਮੁੱਚੇ ਸਮਾਜ ਖਾਸ ਕਰਕੇ ਦਲਿਤ ਵੀਰਾਂ ਅਤੇ ਘੱਟ ਗਿਣਤੀਆਂ (ਮੁਸਲਿਮ , ਇਸਾਈ, ਸਿੱਖ) ਨੂੰ ਵੀ ਪੀੜਤ ਕੀਤਾ ਹੋਇਆ ਹੈ। ਜੇਕਰ ਬਿਪਰਵਾਦੀ ਮਾਨਸਿਕਤਾ ਦੇ ਇਸ ਰੋਗ ਦਾ ਸਮੇਂ ਸਿਰ ਇਲਾਜ ਨਾ ਕੀਤਾ ਗਿਆ ਤਾਂ ਇਹ ਕੱਟੜਵਾਦੀ ਰਵੱਈਆ ਅਤੇ ਮਾਹੌਲ ਸਮੁੱਚੇ ਖਿੱਤੇ ਦੇ ਅਮਨ ਨੂੰ ਬਰਬਾਦ ਕਰਕੇ ਰੱਖ ਦੇਵੇਗਾ, ਦੇਸ਼ ਦੀ ਅਖੰਡਤਾ ਨੂੰ ਖ਼ਤਰਾ ਪੈਦਾ ਹੋ ਜਾਵੇਗਾ। ਇਸ ਦੇਸ਼ ਨੂੰ ਬਚਾਉਣ ਲਈ ਸੁਹਿਰਦ ਹਿੰਦੂ ਵੀਰਾਂ, ਦਲਿਤਾਂ ਅਤੇ ਘੱਟ ਗਿਣਤੀਆਂ ਨੂੰ ਇਕਮੁੱਠ ਹੋਣਾ ਪਵੇਗਾ।

ਦਰਅਸਲ ਬਿਪਰਵਾਦ ਇਕ ਐਸੀ ਘਾਤਕ ਸੋਚ ਹੈ ਜਿਸਦੀ ਤੁਲਨਾ ਦੇਸ਼ ਵਿਦੇਸ਼ ਦੇ ਕਿਸੇ ਵੀ ਹਿੱਸੇ ਵਿਚ ਰਹਿਣ ਵਾਲੇ ਲੋਕਾਂ ਨਾਲ ਨਹੀਂ ਕੀਤੀ ਜਾ ਸਕਦੀ, ਅੰਗਰੇਜ਼ਾਂ ਹੱਥੋਂ ਦੇਸ਼ ਨੂੰ ਗੁਲਾਮ ਕਰਵਾਉਣਾ ਵੀ ਇਨ੍ਹਾਂ ਦੀ ਮੰਨੂਵਾਦੀ ਮਾਨਸਿਕਤਾ ਦੀ ਕਿਰਪਾ ਦੇ ਸਦਕਾ ਹੀ ਸੀ। ਅਜ਼ਾਦੀ ਤੋਂ ਬਾਅਦ ਵੀ ਬਿਪਰਵਾਦ ਐਸੇ ਝਗੜੇ ਖੜੇ ਕਰਦਾ ਰਿਹਾ ਹੈ ਜਿਸ ਨਾਲ ਇਹ

ਦਲਿਤਾਂ ਅਤੇ ਘੱਟ ਗਿਣਤੀਆਂ ਨੂੰ ਜਾਂ ਤਾਂ ਗੁਲਾਮ ਬਣਾ ਸਕੇ ਜਾਂ ਫਿਰ ਆਪਣੇ ਅੰਦਰ ਜਜ਼ਬ ਕਰ ਸਕੇ। ਗ਼ੈਰ ਹਿੰਦੂਆਂ ਵਿੱਚ ਆਪਸੀ ਲੜਾਈ ਪੈਦਾ ਕਰਨਾ ਵੀ ਇਸੇ ਨੀਤੀ ਦਾ ਹਿੱਸਾ ਸੀ ਜਿਸ ਤਰ੍ਹਾਂ ਕਿ ਬਾਲਮੀਕੀ ਵੀਰਾਂ ਅਤੇ ਸਿੱਖਾਂ ਵਿੱਚ ਵਿਵਾਦ ਖੜੇ ਕਰਨ ਦੀਆਂ ਕਈ ਚਾਲਾਂ ਚੱਲੀਆਂ ਗਈਆਂ। ਇਸਾਈਆਂ-ਸਿੱਖਾਂ, ਮੁਸਲਿਮ-ਸਿੱਖਾਂ, ਦਲਿਤਾਂ-ਸਿੱਖਾਂ ਵਿੱਚ ਪਾੜੇ ਪਾਉਣ ਦੇ ਛੜਯੰਤਰ ਰਚੇ ਗਏ। ਗ਼ੈਰ ਹਿੰਦੂਆਂ ਦਾ ਧਿਆਨ ਮਨੁੱਖੀ ਅਧਿਕਾਰਾਂ ਤੋਂ ਹਟਾਉਣ ਲਈ ਨਿਤ ਨਵੇਂ ਮੁੱਦਿਆਂ ਨੂੰ ਪੈਦਾ ਕੀਤਾ ਜਾਂਦਾ ਹੈ, ਇਹੀ ਕਾਰਨ ਹੈ ਕਿ ਦੇਸ਼ ਦੀ ਆਜ਼ਾਦੀ ਤੋਂ ਇੰਨਾ ਸਮਾਂ ਬਾਅਦ ਵੀ ਆਮ ਲੋਕਾਂ ਦੀਆਂ ਸਮੱਸਿਆਵਾਂ ਦਾ ਕੋਈ ਹੱਲ ਨਹੀਂ ਨਿਕਲ ਸਕਿਆ। ਕਦੀ ਪੰਜਾਬ ਦਾ ਮੁੱਦਾ, ਕਦੀ ਕਸ਼ਮੀਰ ਦੀ ਧਾਰਾ 370 ਦਾ ਮਸਲਾ, ਕਦੀ ਰਾਮ ਜਨਮ ਭੂਮੀ ਦਾ ਮਸਲਾ, ਕਦੀ ਆਸਾਮ ਦਾ ਮਸਲਾ, ਕਦੀ ਝਾੜਖੰਡ ਦਾ ਮਸਲਾ, ਕਦੀ ਗੁਜਰਾਤ ਦੰਗੇ ਤੇ ਕਦੀ ਦਿੱਲੀ ਦੰਗੇ, ਇਨ੍ਹਾਂ ਸਭ ਦਾ ਨਿਸ਼ਾਨਾ ਤਾਂ ਗ਼ੈਰ-ਹਿੰਦੂਆਂ ਨੂੰ ਮਨੁੱਖੀ ਅਧਿਕਾਰਾਂ ਤੋਂ ਸੱਖਣੇ ਕਰਕੇ, ਦੰਗੇ ਅਤੇ ਕਤਲੇਆਮ ਕਰਕੇ ਗੋਲੇ ਗੁਲਾਮ ਬਣਾਉਣ ਤੱਕ ਸੀਮਤ ਹੈ।

ਬਿਪਰਵਾਦ ਲੋਕ-ਵਿਖਾਵੇ ਲਈ ਤਾਂ ਦੇਸ਼ ਦੀ ਏਕਤਾ ਅਖੰਡਤਾ ਦਾ ਰੌਲਾ ਪਾਉਂਦਾ ਹੈ ਪਰ ਅੰਦਰੋਂ ਨਹੀਂ ਚਾਹੁੰਦਾ ਕਿ ਦਲਿਤ ਅਤੇ ਘੱਟ-ਗਿਣਤੀਆਂ ਆਪਣਾ ਨਿਆਰਾ ਵਜੂਦ ਕਾਇਮ ਰੱਖ ਕੇ ਇਸ ਦੇਸ਼ ਵਿੱਚ ਰਹਿ ਸਕਣ। ਦੇਸ਼ ਭਾਵੇਂ ਟੁਕੜੇ-ਟੁਕੜੇ ਹੋ ਜਾਵੇ, ਬਿਪਰਵਾਦ ਦਾ ਸਰਵਉੱਚ ਰਹਿਣਾ ਜ਼ਰੂਰੀ ਹੈ। ਬਿਪਰਵਾਦ ਇਕ ਪਾਸੇ ਤਾਂ ਸਵਦੇਸ਼ੀ ਅਪਨਾਉਣ ਦੀ ਗੱਲ ਕਰਦਾ ਹੈ ਅਤੇ ਵਿਗਿਆਨਕ ਖੋਜਾਂ ਦਾ ਵਿਰੋਧ ਕਰਦਾ ਹੈ ਕਿ ਇਸ ਨਾਲ ਪੁਰਾਤਨ ਸੰਸਕ੍ਰਿਤੀ ਨੂੰ ਖਤਰਾ ਪੈਦਾ ਹੋ ਜਾਵੇਗਾ। ਇਸ ਗੱਲ ਨਾਲ ਆਮ ਲੋਕਾਂ ਨੂੰ ਤਾਂ ਵਿਗਿਆਨਕ ਸਹੂਲਤ ਲਾਭ ਨਹੀਂ ਲੈਣ ਦਿੱਤਾ ਜਾਂਦਾ ਪਰ ਖ਼ੁਦ ਬਿਪਰਵਾਦ ਹਰ ਸਹੂਲਤ ਦਾ ਅਨੰਦ ਮਾਣਦਾ ਹੈ। ਗਰੀਬ ਲੋਕ ਤਾਂ ਬਿਸਕੁਟ ਨਹੀਂ ਖਾ ਸਕਦੇ, ਪਰ ਮੂਰਤੀਆਂ ਨੂੰ ਕੇਕ ਦੇ ਭੋਗ ਲਗਾਏ ਜਾਂਦੇ ਹਨ। ਇਹ ਬਿਪਰਵਾਦੀ ਆਮ ਲੋਕਾਂ ਨੂੰ ਕੇਵਲ ਹਿੰਦੀ ਅਤੇ ਸੰਸਕ੍ਰਿਤ ਦੇ ਧਾਰਨੀ ਹੋਣ ਦੀ ਗੱਲ ਕਰਦੇ ਹਨ, ਆਮ ਲੋਕਾਂ ਵਿੱਚ ਅੰਗਰੇਜ਼ੀ ਕਾਨਵੈਂਟ ਸਕੂਲਾਂ ਦਾ ਵਿਰੋਧ ਕਰਦੇ ਹਨ ਪਰੰਤੂ ਇਨ੍ਹਾਂ ਦੇ ਆਪਣੇ ਬੱਚੇ ਵਧੀਆ ਅੰਗਰੇਜ਼ੀ ਕਾਨਵੈਂਟ ਸਕੂਲਾਂ ਵਿੱਚ ਪੜ੍ਹਦੇ ਹਨ, ਉਦੋਂ ਨਾ ਤਾਂ ਇਨ੍ਹਾਂ ਨੂੰ ਇਸਾਈ ਬੁਰੇ ਲਗਦੇ ਹਨ ਅਤੇ ਨਾ ਹੀ ਅੰਗਰੇਜ਼ੀ।

ਅੱਜ ਦੇ ਤਕਨੀਕੀ ਯੁੱਗ ਵਿੱਚ ਬਿਪਰਵਾਦ ਨੇ ਅਰੰਭ ਵਿੱਚ ਤਾਂ ਕੰਪਿਊਟਰ ਪ੍ਰਨਾਲੀ ਦਾ ਵੀ ਵਿਰੋਧ ਕੀਤਾ ਪਰੰਤੂ ਅੱਜ ਸਮੁੱਚਾ ਇਹ ਖੇਤਰ ਇਸ ਅਧੀਨ ਹੈ। ਪ੍ਰਚਾਰ ਮਾਧਿਅਮ ਦੀ ਵਧੀਆ ਤਰੀਕੇ ਨਾਲ ਵਰਤੋਂ ਕੁਵਰਤੋਂ ਕਰਨ ਵਿੱਚ ਬਿਪਰਵਾਦ ਮਾਹਿਰ ਹੈ। ਇਸ ਸਦਕਾ ਉਹ ਆਪਣੇ ਟੱਟੂ ਨੂੰ ਵੀ ਅਰਬੀ ਘੋੜਾ ਬਣਾ ਲੈਂਦਾ ਹੈ ਤੇ ਗ਼ੈਰ-ਹਿੰਦੂ ਦੇ ਅਰਬੀ ਘੋੜੇ ਨੂੰ ਟੱਟੂ।

ਬਿਪਰਵਾਦ ਜਿਥੇ ਹਰ ਵਸੀਲੇ ਦੀ ਯੋਗ ਵਰਤੋਂ ਕਰਕੇ ਆਪਣੇ ਆਪ ਨੂੰ ਸਰਵਉੱਚ ਰੱਖਣਾ ਚਾਹੁੰਦਾ ਹੈ ਉਥੇ ਗ਼ੈਰ-ਹਿੰਦੂਆਂ ਨੂੰ ਆਪਣੇ ਨਾਗ-ਵਲ ਵਿੱਚੋਂ ਨਿਕਲਣ ਵੀ ਦੇਣਾ ਨਹੀਂ ਚਾਹੁੰਦਾ। ਜਨਮ ਤੋਂ ਲੈ ਕੇ ਅੰਤਮ ਸੰਸਕਾਰ ਤੱਕ 16 ਤਰ੍ਹਾਂ ਦੇ ਸੰਸਕਾਰ ਬਿਪਰਵਾਦ ਦੇ ਅੰਗ ਹਨ। ਬਿਪਰਵਾਦ ਦਾ ਵਿਚਾਰ ਹੈ ਪਿਤਾ ਦੀ ਮੌਤ ਉਪਰੰਤ ਪੁੱਤਰ ਦੇਹ ਨੂੰ ਅਗਨੀ ਭੇਟ ਕਰ ਕੇ ਆਪਣੇ

ਅਹਿਸਾਨ ਦਾ ਬਦਲਾ ਚੁਕਾਉਂਦਾ ਹੈ। ਦਰਅਸਲ ਬਿਪਰਵਾਦੀ ਲੋਕ ਇਸ ਤਰ੍ਹਾਂ ਦੇ ਸੰਸਕਾਰਾਂ ਨਾਲ ਵੀ ਲੋਕਾਂ ਨੂੰ ਲੁਟਦੇ ਹਨ। ਇਨ੍ਹਾਂ ਉੱਚ ਜ਼ਾਤੀ ਲੋਕਾਂ ਦੇ ਸ਼ਮਸ਼ਾਨਘਾਟ ਵੀ ਅਲੱਗ ਹਨ। ਜਦੋਂ ਭਾਰਤ ਦੇ ਕੁਝ ਸ਼ਹਿਰਾਂ ਵਿੱਚ ਬਿਜਲਈ ਸ਼ਮਸ਼ਾਨਘਾਟ ਬਣੇ ਤਾਂ ਬਿਪਰਵਾਦ ਨੇ ਇਸ ਦਾ ਡੱਟਵਾਂ ਵਿਰੋਧ ਕੀਤਾ ਭਾਵੇਂ ਕਿ ਇਹ ਭਾਰਤੀ ਲੋਕਾਂ ਦੇ ਹਿੱਤ ਵਿੱਚ ਸਨ, ਕਿਉਂਕਿ ਇਕ ਪਾਸੇ ਤਾਂ ਕਰੋੜਾਂ ਦੀ ਖੇਤੀਯੋਗ ਜ਼ਮੀਨ ਐਸੇ ਸ਼ਮਸ਼ਾਨਘਾਟਾਂ ਨੇ ਘੇਰੀ ਹੋਈ ਹੈ, ਦੂਸਰੇ ਪਾਸੇ ਕਰੋੜਾਂ ਦੀ ਲੱਕੜੀ ਹਰ ਸਾਲ ਅਗਨ-ਭੇਟ ਹੁੰਦੀ ਹੀ, ਤੀਸਰਾ ਹਵਾ ਦਾ ਪ੍ਰਦੂਸ਼ਨ ਫੈਲਦਾ ਹੈ। ਬਿਪਰਵਾਦ ਨੇ ਇਸ ਦਾ ਵਿਰੋਧ ਕਰਕੇ ਆਮ ਲੋਕਾਂ ਵਿੱਚ ਤਾਂ ਇਸ ਬਾਰੇ ਕਈ ਵਹਿਮ ਭਰਮ ਅਤੇ ਤੌਖਲੇ ਭਰ ਦਿੱਤੇ। ਸਿੱਟੇ ਵਜੋਂ ਅੱਜ ਦਲਿਤ ਵਰਗ ਤਾਂ ਅੰਤਿਮ ਸੰਸਕਾਰ ਸਮੇਂ ਹੀ ਕਰਜ਼ਾਈ ਹੋ ਜਾਂਦੇ ਹਨ ਅਤੇ ਉੱਚ ਜ਼ਾਤੀ ਸਵਰਨ ਬਿਪਰਵਾਦੀ ਜਿਹੜੇ ਪਹਿਲਾਂ ਬਿਜਲਈ ਸ਼ਮਸ਼ਾਨ ਸਥਾਨਾਂ ਦਾ ਵਿਰੋਧ ਕਰਦੇ ਸਨ ਅੱਜ ਸ਼ਾਨ ਨਾਲ ਵਰਤੋਂ ਕਰ ਰਹੇ ਹਨ।

ਭਾਰਤ ਵਿੱਚ ਕਰੀਬ ਦਸ ਲੱਖ ਹਿੰਦੂ ਮੰਦਿਰ ਹਨ, ਬਹੁਤਿਆਂ ਵਿੱਚ ਦਲਿਤਾਂ ਦਾ ਲਾਂਘਾ ਬਿਲਕੁਲ ਬੰਦ ਹੈ। ਜਦੋਂ ਕਦੀ ਵੀ ਦਲਿਤ ਵੀਰ ਇਨ੍ਹਾਂ ਮੰਦਿਰਾਂ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਹਨ ਇਨ੍ਹਾਂ ਨੂੰ ਬਿਪਰਵਾਦ ਦੇ ਰੋਹ ਦਾ ਸ਼ਿਕਾਰ ਹੋਣਾ ਪੈਂਦਾ ਹੈ। ਸਵਰਨ ਬਿਪਰਵਾਦੀ ਲੋਕ ਦਲਿਤਾਂ ਨੂੰ ਮੰਦਿਰਾਂ ਅੰਦਰ ਦਾਖਲ ਨਹੀਂ ਹੋਣ ਦਿੰਦੇ। ਰਾਜਸਥਾਨ ਦਾ ਨਾਥਦਵਾਰਾ, ਰੰਗਜੀ, ਦੱਖਣੀ ਭਾਰਤ ਦਾ ਤ੍ਰਿਪਤੀ ਅਤੇ ਗੋਆ ਦੇ ਮੰਗੇਸ਼ੀ ਮੰਦਿਰਾਂ ਵਿੱਚ ਜਦੋਂ ਦਲਿਤ ਵੀਰਾਂ ਨੇ ਪ੍ਰਵੇਸ਼ ਕੀਤਾ ਤਾਂ ਉਨ੍ਹਾਂ ਨੂੰ ਕੁੱਟਿਆ ਗਿਆ, ਹੱਡੀਆਂ ਤੋੜ ਦਿੱਤੀਆਂ ਗਈਆਂ, ਕੱਪੜੇ ਪਾੜ ਦਿੱਤੇ ਅਤੇ ਘਸੀਟ ਘਸੀਟ ਕੇ ਮੰਦਿਰ ਪਰਿਸਰ ਤੋਂ 24 ਕਦਮ ਬਾਹਰ ਸੜਕਾਂ ਉਪਰ ਸੁੱਟ ਦਿੱਤਾ ਗਿਆ। ਇਸ ਸਮੇਂ ਵੀ ਬਿਪਰਵਾਦ ਦੂਹਰੇ ਰੂਪ ਵਿਚ ਬੜੀ ਘਾਤਕ ਚਾਲ ਚਲਦਾ ਹੈ। ਇਕ ਪਾਸੇ ਤਾਂ ਮੰਦਿਰਾਂ ਅੰਦਰ ਬਿਰਾਜਮਾਨ ਪੰਡੇ ਦਲਿਤਾਂ ਨੂੰ ਨੇੜੇ ਨਹੀਂ ਲੱਗਣ ਦੇਣਾ ਚਾਹੁੰਦੇ ਅਤੇ ਦੂਸਰੇ ਪਾਸੇ ਕੁਝ ਸਵਰਨ ਬਿਪਰ ਇਹ ਲਹਿਰ ਚਲਾਉਂਦੇ ਹਨ ਕਿ ਦਲਿਤਾਂ ਨੂੰ ਮੰਦਿਰ ਅੰਦਰ ਪ੍ਰਵੇਸ਼ ਕਰਨ ਦਿੱਤਾ ਜਾਵੇ। ਦਲਿਤ ਵੀਰਾਂ ਦੇ ਨਾਲ ਇਹ ਬੜੀ ਘਿਨਾਉਣੀ ਚਾਲ ਖੇਡੀ ਜਾਂਦੀ ਹੈ। ਇਕ ਪਾਸੇ ਤਾਂ ਧਰਮ ਅਸਥਾਨ ਦੇ ਅੰਦਰ ਦਾਖਲ ਨਹੀਂ ਹੋਣ ਦਿੱਤਾ ਜਾਂਦਾ ਅਤੇ ਦੂਸਰੇ ਪਾਸੇ ਦਾਖਲੇ ਦੇ ਹੱਕ ਵਿੱਚ ਨਾਅਰੇਬਾਜ਼ੀ ਕੀਤੀ ਜਾਂਦੀ ਹੈ। ਜਿਸ ਦਾ ਲੁਕਿਆ ਮੰਤਵ ਇਹ ਹੁੰਦਾ ਹੈ ਕਿ ਇਹ ਵੀਰ ਕਿਤੇ ਬਿਪਰਵਾਦ ਵਿਰੁੱਧ ਸੰਘਰਸ਼ ਛੇੜ ਕੇ ਬਿਪਰਵਾਦ ਦੀ ਗੁਲਾਮੀ ਤੋਂ ਮੁਕਤ ਨਾ ਹੋ ਜਾਣ। ਦਲਿਤ ਵੀਰਾਂ ਨੂੰ ਇਥੇ ਬੜੇ ਗਹਿਰਚਿੰਤਨ ਦੀ ਲੋੜ ਹੈ, ਜੇਕਰ ਉਹ ਹਿੰਦੂ ਮੰਦਿਰਾਂ ਅੰਦਰ ਦਾਖਲ ਨਹੀਂ ਹੋ ਸਕਦੇ ਤਾਂ ਇਸ ਦਾ ਮਤਲਬ ਹੈ ਕਿ ਉਹ ਹਿੰਦੂ ਨਹੀਂ ਹਨ, ਪਰੰਤੂ ਉਨ੍ਹਾਂ ਦੇ ਹੱਕ ਵਿੱਚ ਸੰਘਰਸ਼ ਕਰਨ ਵਾਲੇ ਬਿਪਰਵਾਦੀ ਇਹ ਸਿੱਧ ਕਰਨਾ ਚਾਹੁੰਦੇ ਹਨ ਕਿ ਦਲਿਤ ਵੀ ਹਿੰਦੂ ਹਨ, ਪਰੰਤੂ ਹਿੰਦੂ ਧਰਮ ਦੀ ਜ਼ਾਤੀ ਪ੍ਰਥਾ ਅਧੀਨ ਉਹ ਹਿੰਦੂ ਧਰਮ ਦਾ ਸ਼ੂਦਰ ਅੰਗ ਹਨ ਜੋ ਪਸ਼ੂ ਤੋਂ ਵੀ ਘਟੀਆ ਹੈ। ਇਨ੍ਹਾਂ ਕੂਟਨੀਤਕ ਚਾਲਾਂ ਨਾਲ ਦਲਿਤ ਵੀਰਾਂ ਵਿੱਚ ਵੀ ਇਹ ਭਾਵਨਾ ਘਰ ਕਰ ਜਾਂਦੀ ਹੈ ਕਿ ਉਹ ਹਿੰਦੂ ਧਰਮ ਦੀ ਜ਼ਾਤੀ ਪ੍ਰਥਾ ਦਾ ਹੀ ਇਕ ਅੰਗ ਹਨ। ਇਸ ਤਰ੍ਹਾਂ ਦੂਹਰੀ ਨੀਤੀ ਦੀ ਵਰਤੋਂ ਕਰਕੇ ਦਲਿਤ ਵੀਰਾਂ ਤੋਂ ਗੁਲਾਮੀ ਦਾ ਜੂਲਾ ਲੱਥਣ ਨਹੀਂ ਦਿੱਤਾ ਜਾਂਦਾ।

ਬਿਪਰਵਾਦ ਦੀ ਧਾਰਨਾ ਰਹੀ ਹੈ ਕਿ ਦਲਿਤ ਸਿੱਖ, ਮੁਸਲਮਾਨ, ਸਿੱਖ ਅਤੇ ਇਸਾਈ, ਰਾਸ਼ਟਰ ਧਰੋਹੀ ਹਨ ਪਰ ਇਥੇ ਇਸ ਗੱਲ ਦਾ ਵਿਸ਼ਲੇਸ਼ਣ ਕਰਨਾ ਬਹੁਤ ਜ਼ਰੂਰੀ ਹੈ ਕਿ ਦੇਸ਼ ਭਗਤ ਕੌਣ ਹੈ ਅਤੇ ਦੇਸ਼-ਧਰੋਹੀ ਕੌਣ ਹੈ? ਦਰਅਸਲ ਦੇਸ਼-ਧਰੋਹੀ ਤਾਂ ਉਹ ਹੁੰਦੇ ਨੇ ਜਿਹੜੇ ਦੇਸ਼ ਨੂੰ ਤੋੜਨ ਅਤੇ ਅਮਨ ਖਰਾਬ ਕਰਨ ਦੀਆਂ ਸਾਜ਼ਿਸ਼ਾਂ ਘੜਦੇ ਹਨ। ਦਰਅਸਲ ਦੇਸ਼-ਧਰੋਹੀ ਤਾਂ ਬਿਪਰਵਾਦੀ ਹਨ ਜਿਹੜੇ ਬਾਕੀ ਦਲਿਤਾਂ ਅਤੇ ਘੱਟ-ਗਿਣਤੀਆਂ ਨੂੰ ਡਰ, ਭੈਅ ਅਤੇ ਦੇਸ਼ ਛੱਡਣ ਦੀਆਂ ਧਮਕੀਆਂ ਦਿੰਦੇ ਹਨ ਪਰੰਤੂ ਇਹ ਫਿਰ ਵੀ ਰਾਸ਼ਟਰਵਾਦੀ ਬਣੇ ਰਹਿੰਦੇ ਹਨ ਅਤੇ ਇਨ੍ਹਾਂ ਦੀਆਂ ਕੂੜ ਚਾਲਾਂ ਦਾ ਪਾਜ ਉਘੇੜਨ ਵਾਲਿਆਂ ਨੂੰ ਦੇਸ਼-ਧਰੋਹੀ ਕਿਹਾ ਜਾਂਦਾ ਹੈ।

ਦੇਸ਼ ਨੂੰ ਤੋੜਨ ਅਤੇ ਸ਼ਾਂਤੀ ਭੰਗ ਕਰਨ ਦਾ ਕੰਮ ਕੋਈ ਮੁਸਲਿਮ, ਸਿੱਖ, ਇਸਾਈ ਜਾਂ ਦਲਿਤ ਨਹੀਂ ਕਰਦਾ, ਬਲਕਿ ਸ਼ਿਵ ਸੈਨਾ, ਬਜਰੰਗ ਦਲ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਵਰਗੇ ਸੰਗਠਨ ਕਰਦੇ ਹਨ। ਪੁਰਾਤਨ ਵਿਸਾਹਘਾਤਾਂ ਦੀ ਲੜੀ ਤਾਂ ਇਕ ਵੱਖਰਾ ਵਿਸ਼ਾ ਹੈ ਪਰੰਤੂ ਅਜੋਕੇ ਸਮੇਂ ਹੀ ਜੇ ਦੇਸ਼-ਧਰੋਹੀਆਂ ਦਾ ਲੇਖਾ-ਜੋਖਾ ਕੀਤਾ ਜਾਵੇ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਦੇਸ਼-ਧਰੋਹੀ ਬਿਪਰਵਾਦੀ ਹਨ ਜਾਂ ਹੋਰ ਕੋਈ ਲੋਕ। ਇਸ ਬਿਪਰਵਾਦੀ ਮਾਨਸਿਕਤਾ ਦੇ ਮਾਲਕ ਲੋਕ ਕੀ ਜਵਾਬ ਦੇ ਸਕਦੇ ਹਨ?

-ਕਿ ਅਜੋਕੇ ਸਮੇਂ ਦੇਸ਼ ਅਤੇ ਵਿਦੇਸ਼ ਦੀਆਂ ਜੇਲ੍ਹਾਂ ਵਿੱਚ ਰਾਸ਼ਟਰ-ਵਿਰੋਧੀ ਗਤੀਵਿਧੀਆਂ ਦੇ ਸੰਬੰਧ ਵਿੱਚ ਬੰਦ ਦੋਸ਼ੀ ਵਧੇਰੇ ਕਰਕੇ ਉੱਚ ਜ਼ਾਤੀ ਹਿੰਦੂ ਹੀ ਕਿਉਂ ਹਨ?

-ਕਿ ਬਾਹਰਲੇ ਦੇਸ਼ਾਂ ਦੀ ਜਸੂਸੀ ਕਰਨ ਵਾਲਾ ਅਤੇ ਦੇਸ਼ ਦੀ ਸੁਰੱਖਿਆ ਨਾਲ ਸੰਬੰਧਿਤ ਅਹਿਮ ਦਸਤਾਵੇਜ਼ ਚੋਰੀ ਕਰਨ ਵਾਲਾ ਗ੍ਰਿਫਤਾਰ ਹੋਇਆ ਕੁਮਾਰ ਨਰਾਇਣ ਕੌਣ ਸੀ?

-ਕਿ ਬੋਫੋਰਸ ਅਤੇ ਫੇਅਰ ਫੈਕਸ ਦੀ ਦਲਾਲੀ ਵਿੱਚ ਸ਼ਾਮਲ ਲੋਕ ਕੌਣ ਸਨ?

-ਕਿ ਵਿਨ ਚੱਢਾ ਵਰਗਾ ਬਦਨਾਮ ਦਲਾਲ ਕੌਣ ਸੀ?

ਜਿਥੋਂ ਤੱਕ ਜ਼ਾਤੀਵਾਦ ਦੀ ਗੱਲ ਹੈ, ਇਹ ਦਲਿਤਾਂ ਨੂੰ ਹਿੰਦੂ ਧਰਮ ਦੇ ਚੱਕਰਵਿਊ ਵਿੱਚ ਡੱਕੀ ਰੱਖਣ ਲਈ ਰਾਮ ਬਾਣ ਹੈ। ਦਲਿਤ ਵੀਰਾਂ ਵਾਸਤੇ ਸੋਚਣ ਦੀ ਗੱਲ ਹੈ ਕਿ ਜਦੋਂ ਵੀ ਕੋਈ ਰਾਖਵੇਂਕਰਨ ਨਾਲ ਸੰਬੰਧਿਤ ਅੰਦੋਲਨ ਜਾਂ ਸੰਘਰਸ਼ ਜਨਮ ਲੈਂਦਾ ਹੈ ਤਾਂ ਬਿਪਰਵਾਦੀ ਬੜੀ ਕੂਟਨੀਤੀ ਨਾਲ ਇਸ ਸੰਘਰਸ਼ ਦੀ ਇਹ ਕਹਿ ਕੇ ਵਿਰੋਧਤਾ ਕਰਦਾ ਹੈ ਕਿ ਇਸ ਤਰ੍ਹਾਂ ਦੇ ਜ਼ਾਤੀ ਅਧਾਰਿਤ ਰਾਖਵਾਂਕਰਨ ਨਾਲ ਸਮਾਜ ਵਿੱਚ ਜ਼ਾਤ-ਪਾਤ ਦੀ ਲਾਹਨਤ ਵੱਧਦੀ ਹੈ। ਇਕ ਪਾਸੇ ਤਾਂ ਇਸ ਜ਼ਾਤੀ ਅਧਾਰਿਤ ਰਾਖਵੇਂਕਰਨ ਵਿਰੁੱਧ ਸੜਕਾਂ ਉਪਰ ਉਤਰ ਕੇ ਨਾਅਰੇ ਲਗਾਏ ਜਾਂਦੇ ਅਤੇ ਇਨ੍ਹਾਂ ਰਾਖਵਾਂਕਰਨ ਵਿਰੋਧੀ ਸਮਾਗਮਾਂ ਵਿੱਚ ਜ਼ਾਤੀ ਪ੍ਰਥਾ ਦੀ ਵਿਰੋਧਤਾ ਕੀਤੀ ਜਾਂਦੀ ਹੈ, ਦੂਜੇ ਪਾਸੇ ਬਿਪਰਵਾਦੀਆਂ ਵਲੋਂ ਜ਼ਾਤੀ ਅਧਾਰਿਤ ਸੰਗਠਨ ਕਾਇਮ ਕੀਤੇ ਜਾਂਦੇ ਹਨ। ਜਿਵੇਂ ਖੱਤਰੀ ਸਭਾ, ਬ੍ਰਾਹਮਣ ਸਭਾ, ਅਗਰਵਾਲ ਸਭਾ ਆਦਿ। ਫਿਰ ਇਨ੍ਹਾਂ ਸਭਾਵਾਂ ਦੀਆਂ ਪ੍ਰਧਾਨਗੀਆਂ ਵੀ ਵੱਡੇ-ਵੱਡੇ ਬਿਪਰਵਾਦੀ ਲੋਕ ਕਰਦੇ ਹਨ। ਪਰ ਜੇਕਰ ਇਨ੍ਹਾਂ ਪਾਖੰਡੀਆਂ ਨੂੰ ਪੁਛਿਆ ਜਾਵੇ ਕਿ ਇਸ ਪਾਸੇ ਤਾਂ ਰਾਖਵਾਂਕਰਨ ਦੇ ਮੁੱਦੇ ਨੂੰ ਆਧਾਰ ਬਣਾ ਕੇ ਜ਼ਾਤ-ਪਾਤ ਖਤਮ

ਕਰਨ ਦੀ ਕੋਸ਼ਿਸ਼ ਕਰਦੇ ਹੋ ਤਾਂ ਦੂਸਰੇ ਪਾਸੇ ਜੇ ਇਸ ਪ੍ਰਥਾ ਦੇ ਖਾਤਮੇ ਲਈ ਦਲਿਤਾਂ ਪ੍ਰਤੀ ਸੱਚ ਮੁੱਚ ਸੁਹਿਰਦ ਹੋ ਤਾਂ ਕਿਸੇ ਮੰਦਿਰ ਦਾ ਪੁਜਾਰੀ ਕਿਸੇ ਦਲਿਤ ਵੀਰ ਨੂੰ ਕਿਉਂ ਨਹੀਂ ਲਗਾਉਂਦੇ ? ਜ਼ਾਤੀਵਾਦ ਦੇ ਵਿਰੋਧੀ ਹੋਣ ਵਾਲੇ ਬਿਪਰਵਾਦ ਦੇ ਮੁਜੱਸਮਿਆਂ ਦਾ ਉਸ ਸਮੇਂ ਪੋਲ ਖੁਲ੍ਹ ਗਿਆ ਜਦੋਂ ਤਾਮਿਲਨਾਡੂ ਦੀ ਸਰਕਾਰ ਨੇ ਮੰਦਿਰ ਦੇ ਪੁਜਾਰੀਆਂ ਨੂੰ ਸਿਖਲਾਈ ਦੇਣ ਲਈ ਸਾਰੀਆਂ ਜ਼ਾਤੀਆਂ ਦਾ ਸਾਂਝਾ ਕਾਨੂੰਨ ਬਣਾਇਆ, ਇਸ ਸਮੇਂ ਬਿਪਰਵਾਦੀਆਂ ਨੇ ਇਹ ਕਹਿ ਕੇ ਇਸ ਦਾ ਡੱਟਵਾਂ ਵਿਰੋਧ ਕੀਤਾ ਕਿ ਮੰਦਿਰ ਦੇ ਪੁਜਾਰੀ ਬਣਨ ਦਾ ਹੱਕ ਤਾਂ ਕੇਵਲ ਬ੍ਰਾਹਮਣਾਂ ਦਾ ਹੀ ਜਨਮ ਸਿੱਧ ਅਧਿਕਾਰ ਹੈ।

ਦਲਿਤ ਵੀਰ ਜਾਣਦੇ ਹੀ ਹੋਣਗੇ ਕਿ ਇਕ ਵਾਰ ਜਦੋਂ ਉਤਰ ਪ੍ਰਦੇਸ਼ ਦੀ ਬ੍ਰਾਹਮਣ ਮਹਾਂ ਸਭਾ ਨੇ ਤੁਲਸੀ ਦਾਸ ਨੂੰ ਸਮਰਪਿਤ ਚਤੁਰ ਸ਼ਤਾਬਦੀ ਮਨਾਈ ਤਾਂ ਉਸ ਦੀ ਪ੍ਰਧਾਨਗੀ ਲਈ ਉੱਚ ਜ਼ਾਤੀ ਨਾਲ ਸੰਬੰਧਿਤ ਬ੍ਰਾਹਮਣ ਪਰਿਵਾਰ ਦੀ ਇੰਦਰਾ ਗਾਂਧੀ ਨੂੰ ਹੀ ਬੁਲਾਇਆ।

ਬਿਪਰਵਾਦੀ ਲੋਕ ਜ਼ਾਤੀਵਾਦ ਦੇ ਤਾਂ ਐਸੇ ਜਿਉਂਦੇ ਜਾਗਦੇ ਬੁੱਤ ਹਨ ਕਿ ਇਹ ਦਯਾ ਦੇ ਨਾਮ ਤੇ ਬਾਂਦਰਾਂ, ਖੋਤਿਆਂ, ਚੂਹਿਆਂ ਆਦਿ ਨੂੰ ਤਾਂ ਅੰਨ ਖਵਾਉਂਦੇ ਹਨ, ਪਰੰਤੂ ਕੋਈ ਗਰੀਬ ਲਾਚਾਰ ਪੇਟ ਦਾ ਵਾਸਤਾ ਦੇ ਕੇ ਖਾਣ ਲਈ ਅੰਨ ਮੰਗੇ ਤਾਂ ਉਸ ਨੂੰ ਫਿਟਕਾਰ ਪਾਈ ਜਾਂਦੀ ਹੈ, ਕਿਉਂਕਿ ਉਸਦਾ ਕਸੂਰ ਹੈ ਕਿ ਉਹ ਐਸੀ ਮਿੱਟੀ ਤੋਂ ਬਣਿਆ ਹੈ ਜਿਸਦੀ ਧੂੜ ਦਾ ਇਕ ਕਣ ਵੀ ਬਿਪਰਵਾਦ ਸਹਾਰ ਨਹੀਂ ਸਕਦਾ। ਗਣੇਸ਼ ਦੀਆਂ ਮੂਰਤੀਆਂ ਨੂੰ ਤਾਂ ਮਣਾਂ-ਮੂੰਹੀਂ ਦੁੱਧ 70-80 ਰੁ: ਕਿਲੋ ਲੈ ਕੇ ਵੀ ਪਿਆਇਆ ਜਾਂਦਾ ਹੈ, ਪਰੰਤੂ ਗਰੀਬ ਦਲਿਤ ਦੇ ਬੱਚੇ ਨੂੰ ਪਾਣੀ ਪਿਆਉਣ ਨਾਲ ਵੀ ਸਵਰਨ ਬਿਪਰਵਾਦੀ ਭਿੱਟਿਆ ਜਾਂਦਾ ਹੈ।

ਬਿਪਰਵਾਦੀਆਂ ਦੇ ਇਹਨਾਂ ਤਲਿੱਸਮੀ ਜਾਲਾਂ ਦੇ ਵਿੱਚ ਫਸੇ ਦੇਸ਼ ਦੇ ਹਰ ਕਾਨੂੰਨ ਦਾ ਵੀ ਦੋਹਰਾ ਰੂਪ ਹੈ, ਇਕੋ ਹੀ ਕਾਨੂੰਨ ਨੂੰ ਅਮੀਰਾਂ ਨੂੰ ਲਾਭ ਪਹੁੰਚਾਉਣ ਅਤੇ ਦਲਿਤਾਂ ਨੂੰ ਤਸ਼ੱਦਦ ਕਰਨ ਦੇ ਹਥਿਆਰ ਵਜੋਂ ਵਰਤਿਆ ਜਾਂਦਾ ਹੈ। ਉਦਾਹਰਨ ਵਜੋਂ ਸ਼ਸ਼ਤਰ ਲਾਇਸੰਸਾਂ ਨੂੰ ਹੀ ਲੈ ਲਿਆ ਜਾਵੇ ਤਾਂ ਅਮੀਰ ਤਾਂ ਆਪਣੀ ਆਤਮ-ਰੱਖਿਆ ਵਾਸਤੇ ਹਜ਼ਾਰਾਂ ਲੱਖਾਂ ਦੇ ਬੰਦੂਕਾਂ ਪਿਸਤੌਲ ਖਰੀਦ ਸਦਕਾ ਹੈ ਪਰੰਤੂ ਇਕ ਗਰੀਬ ਦਲਿਤ ਤਾਂ ਲਾਇਸੰਸ ਵੀ ਨਹੀਂ ਬਣਵਾ ਸਕਦਾ। ਕੀ ਇਕ ਗਰੀਬ ਨੂੰ ਆਤਮ-ਰੱਖਿਆ ਦੀ ਕੋਈ ਜ਼ਰੂਰਤ ਨਹੀਂ ਹੈ।

ਇਹ ਬਿਪਰਵਾਦੀ ਲੋਕ ਬੜੀ ਬੇਸ਼ਰਮੀ ਨਾਲ ਨੈਤਿਕ-ਕਦਰਾਂ ਕੀਮਤਾਂ ਦੀਆਂ ਡੀਂਗਾਂ ਮਾਰਦੇ ਹਨ ਕਿ ਹਿੰਦੂ ਪਰਨਾਰੀ ਦਾ ਸਤਿਕਾਰ ਕਰਦੇ ਹਨ ਅਤੇ ਪਰਨਾਰੀ ਸਪੱਰਸ਼ ਤਾਂ ਉਨ੍ਹਾਂ ਵਾਸਤੇ ਅਧਰਮ ਹੈ। (ਇਸ ਹੱਥਲੀ ਪੁਸਤਕ ਵਿੱਚ ਹਿੰਦੂ ਮੱਤ ਦੇ ਅਵਤਾਰ ਪੁਰਸ਼ਾਂ ਦੀਆਂ ਨੈਤਿਕ ਕਦਰਾਂ ਕੀਮਤਾਂ ਅਤੇ ਉਚ ਆਚਰਣ ਦੀ ਝਲਕ ਵਿਸਥਾਰ ਸਹਿਤ ਦਿੱਤੀ ਗਈ ਹੈ) ਪਰ ਇਹੀ ਲੋਕ ਜਨੇਊਧਾਰੀ ਹੋ ਕੇ ਵੀ ਮੰਦਿਰਾਂ ਵਿੱਚ ਦੇਵ-ਦਾਸੀਆਂ ਨਾਲ ਰੰਗਰਲੀਆਂ ਮਨਾਉਂਦੇ ਹਨ, ਕੁਕਰਮ ਕਰਦੇ ਹਨ, ਜੋਗਣੀਆਂ ਨਾਲ ਸਹਿਵਾਸ ਕਰਦੇ ਹਨ, ਕੁਆਰੀਆਂ ਕੰਨਿਆਵਾਂ ਨੂੰ ਪੈਸੇ ਦੇ ਕੇ ਖਰੀਦਦੇ ਹਨ ਅਤੇ ਫਿਰ ਸਰੀਰਕ ਸ਼ੋਸ਼ਨ ਕਰਨ ਉਪਰੰਤ ਕਿਸਮਤ ਦੇ ਹਾਲ ਉਪਰ ਛੱਡ ਦਿੰਦੇ ਹਨ। ਪਤਾ ਨਹੀਂ ਇਨ੍ਹਾਂ ਕੁਕਰਮਾਂ ਨੂੰ ਬਿਪਰਵਾਦੀ ਲੋਕ ਕੁਕਰਮ ਕਿਉਂ ਨਹੀਂ ਸਮਝਦੇ ?

ਅੱਜ ਹਰ ਜ਼ਾਤੀ ਦਾ ਹਿੰਦੂ ਆਪਣੇ ਜ਼ਾਤੀ ਹੰਕਾਰ ਅਧੀਨ ਆਪਣੇ ਆਪ ਨੂੰ ਨੈਤਿਕਤਾ ਦਾ ਮੁਜੱਸਮਾਂ ਦਰਸਾਉਂਦਾ ਹੋਇਆ ਇਸਾਈ ਧਰਮ ਨਾਲ ਸੰਬੰਧਿਤ ਇਸਤਰੀਆਂ ਨੂੰ ਅਸ਼ਲੀਲਤਾ ਦੀਆਂ ਦੇਵੀਆਂ ਆਖਦਾ ਹੈ, ਕਿਉਂਕਿ ਉਹ ਆਪਣੇ ਪਹਿਰਾਵੇ ਸਕਰਟ ਆਦਿ ਵਿੱਚ ਲੱਤਾਂ ਦਾ ਪ੍ਰਦਰਸ਼ਨ ਕਰਦੀਆਂ ਹਨ। ਪਰੰਤੂ ਇਨ੍ਹਾਂ ਬਿਪਰਵਾਦੀਆਂ ਨੂੰ ਉਦੋਂ ਕੋਈ ਸ਼ਰਮ ਨਹੀਂ ਆਉਂਦੀ ਜਦੋਂ ਖ਼ੁਦ ਇਹਨਾਂ ਦੀਆਂ ਆਪਣੀਆਂ ਬਹੁ-ਬੇਟੀਆਂ ਫਿਲਮਾਂ ਵਿੱਚ ਆਪਣਾ ਸਾਰਾ-ਸਾਰਾ ਜਿਸਮ ਨੰਗਾ ਕਰ ਕੇ ਵਿਖਾਉਂਦੀਆਂ ਹਨ, ਅਤੇ ਇਹ ਬਿਪਰਵਾਦੀ ਸਾਹਮਣੇ ਬੈਠ ਕੇ ਵੇਖਦੇ ਹਨ। ਅਨੇਕਾਂ ਹੀ ਫਿਲਮ ਅਭਿਨੇਤਰੀਆਂ ਦਾ ਸੰਬੰਧ ਉੱਚ ਜ਼ਾਤੀਆਂ ਨਾਲ ਹੈ ਜਿਨ੍ਹਾਂ ਉਪਰ ਫਿਲਮਾਂ ਵਿੱਚ ਅਸ਼ਲੀਲਤਾ ਅਤੇ ਬਲਾਤਕਾਰ ਦੇ ਦ੍ਰਿਸ਼ ਫ਼ਿਲਮਾਏ ਜਾਂਦੇ ਹਨ। ਕੁਝ ਤਾਂ ਸਰੀਰ ਦਿਖਾ ਕੇ ਮਾਇਆ ਕਮਾਉਣ ਦਾ ਧੰਧਾ ਕਰਦੀਆਂ ਹਨ ਅਤੇ ਕੁਝ ਜਿਸਮ ਵੇਚ ਕੇ। ਪਰ ਸੋਚਣ ਦੀ ਗੱਲ ਹੈ ਕਿ ਇਹ ਬਿਪਰਵਾਦੀ ਲੋਕ ਕਿੰਨੇ ਨੈਤਿਕ ਹਨ ਜੋ ਇਨ੍ਹਾਂ ਦਾ ਨੰਗਾ ਨਾਚ ਵੇਖ ਕੇ ਖ਼ੁਸ਼ ਹੁੰਦੇ ਹਨ।

ਮੁਸਲਮਾਨਾਂ ਨੂੰ ਤਾਂ ਬਿਪਰਵਾਦ ਬੁਰਾ ਸਮਝਦਾ ਹੈ, ਕਿਉਂਕਿ ਉਹ ਚਾਰ-ਚਾਰ ਔਰਤਾਂ ਰੱਖਦੇ ਹਨ, ਪਰ ਆਪਣੇ ਦੇਵਤਿਆਂ ਵੱਲ ਝਾਤੀ ਨਹੀਂ ਮਾਰਦੇ ਜਿਨ੍ਹਾਂ ਦੀਆਂ ਔਰਤਾਂ ਅਤੇ ਗੋਪੀਆਂ ਦੀ ਗਿਣਤੀ ਕੀਤੀ ਹੀ ਨਹੀਂ ਜਾ ਸਕਦੀ ਹੈ। ਇਹ ਹੈ ਬਿਪਰਵਾਦੀਆਂ ਦੀ ਨੈਤਿਕਤਾ ਦਾ ਦੂਹਰਾ ਮਾਪਦੰਡ, ਆਪਣੇ ਲਈ ਨੈਤਿਕਤਾ ਹੋਰ ਤੇ ਦੂਸਰਿਆਂ ਲਈ ਨੈਤਿਕਤਾ ਹੋਰ। ਹੋਰ ਤੇ ਹੋਰ ਜੇਕਰ ਕੋਈ ਦੁਖੀ ਹੋ ਕੇ ਅਲੱਗ ਹੋਣ ਦੀ ਮੰਗ ਕਰੇ ਤਾਂ ਦਹਿਸ਼ਤਗਰਦ, ਪਰ ਜੇਕਰ ਬਿਪਰ ਬਾਕੀ ਸਾਰਿਆਂ ਨੂੰ ਦੇਸ਼ ਛੱਡ ਜਾਣ ਦੀ ਸਲਾਹ ਦੇਵੇ ਅਤੇ ਸਾਰਿਆਂ ਦੇ ਰਾਸ਼ਟਰ ਉਪਰ ਆਪ ਕਬਜ਼ਾ ਕਰਨਾ ਚਾਹੇ ਤਾਂ ਰਾਸ਼ਟਰਵਾਦੀ। ਇਸ ਤੋਂ ਸਿੱਧਾ ਹੀ ਸਪੱਸ਼ਟ ਹੈ ਕਿ ਬਿਪਰਵਾਦ ਭਾਰਤ ਨੂੰ ਕੇਵਲ ਹਿੰਦੂ ਰਾਸ਼ਟਰ ਦੇ ਤੌਰ ਤੇ ਹੀ ਸਥਾਪਤ ਕਰਨਾ ਚਾਹੁੰਦਾ ਹੈ

ਬਿਪਰਵਾਦੀ ਸੋਚ ਦੇ ਮਾਲਕ ਸੰਘੀਆਂ ਦਾ ਖਿਆਲ ਹੈ ਕਿ ਕੋਈ ਵੱਖਰਾ ਰਾਜ ਸਥਾਪਤ ਨਾ ਹੋਵੇ। ਸਿੱਖਾਂ ਦੇ ਅਲੱਗ ਰਾਜ ਦੀ ਮੰਗ ਅਤੇ ਪਾਕਿਸਤਾਨ ਦੇ ਬਣਨ ਦਾ ਇਸੇ ਕਰਕੇ ਹੀ ਸੰਘੀਆਂ ਵਲੋਂ ਵਿਰੋਧ ਕੀਤਾ ਜਾਂਦਾ ਰਿਹਾ ਹੈ। ਸੰਘ ਇਹ ਤਾਂ ਕਹਿੰਦਾ ਹੈ ਕਿ ਪਾਕਿਸਤਾਨ ਬਣਨ ਨਾਲ ਭਾਰਤ ਮਾਤਾ ਦੇ ਸੀਨੇ ਦੇ ਟੁਕੜੇ ਹੋ ਗਏ ਹਨ ਪਰੰਤੂ ਬਿਪਰਵਾਦੀਆਂ ਪਾਸ ਇਸ ਸਵਾਲ ਦਾ ਜਵਾਬ ਕੀ ਹੈ ਕਿ ਜਦੋਂ ਸੈਂਕੜੇ ਛੋਟੀਆਂ ਛੋਟੀਆਂ .ਰਿਆਸਤਾਂ ਮਿਲ ਕੇ ਗਣਤੰਤਰ ਭਾਰਤ ਬਣਿਆ ਤਾਂ ਨੇਪਾਲ ਇਸ ਵਿਚ ਸ਼ਾਮਲ ਕਿਉਂ ਨਾ ਹੋਇਆ, ਜੋ ਕਿ ਇਕ ਸੰਪੂਰਨ ਹਿੰਦੂ ਰਾਸ਼ਟਰ ਸੀ? ਨੇਪਾਲ ਹਿੰਦੂ ਰਾਜ ਹੈ, ਸ਼ਕਤੀ ਪੱਖੋ ਬਹੁਤ ਛੋਟਾ ਹੈ, ਸੰਘ ਉਸ ਦੀਆਂ ਸਲਾਹੁਤਾਂ ਕਰਦਾ ਹੈ ਪਰ ਉਸ ਉਪਰ ਕਬਜ਼ਾ ਕਰਕੇ ਭਾਰਤ ਵਿੱਚ ਸ਼ਾਮਲ ਕਰਨ ਦੀ ਗੱਲ ਕਿਉਂ ਨਹੀਂ ਕਰਦਾ, ਜਦੋਂ ਕਿ ਹੋਰ ਗੁਆਂਢੀ ਦੇਸ਼ਾਂ ਨੂੰ ਨਿੱਤ ਧਮਕੀਆਂ ਦਿੱਤੀਆਂ ਜਾਂਦੀਆਂ ਹਨ?

ਜਿਥੋਂ ਤੱਕ ਦੇਸ਼ ਅੰਦਰ ਬਾਹਰੀ ਦਖਲ-ਅੰਦਾਜ਼ੀ ਦੀ ਗੱਲ ਹੁੰਦੀ ਹੈ ਤਾਂ ਬਿਪਰਵਾਦ ਇਸ ਦਾ ਡੱਟ ਕੇ ਵਿਰੋਧ ਕਰਦਾ ਹੈ। ਭਾਰਤ ਦੇ ਅੰਦਰ ਜੰਮੂ-ਕਸ਼ਮੀਰ ਜਾਂ ਪੰਜਾਬ ਵਿੱਚ ਹੋ ਰਹੇ ਮਨੁੱਖੀ ਅਧਿਕਾਰਾਂ ਦੇ ਘਾਣ ਸੰਬੰਧੀ ਜਦੋਂ ਕੋਈ ਸੰਸਥਾ ਜਾਂ ਬਾਹਰੀ ਦੇਸ਼ ਮਨੁੱਖੀ ਅਧਿਕਾਰਾਂ ਦੀ ਗੱਲ

ਕਰਦਾ ਹੈ ਤਾਂ ਬਿਪਰਵਾਦੀ ਸੋਚ ਦੇ ਮਾਲਕ ਕਹਿੰਦੇ ਹਨ ਕਿ ਅੰਦਰੂਨੀ ਸਮੱਸਿਆ ਸਾਡੀ ਨਿਜੀ ਹੈ। ਇਸ ਵਿੱਚ ਦਖਲ ਦੇਣ ਦਾ ਕਿਸੇ ਨੂੰ ਕੋਈ ਹੱਕ ਨਹੀਂ, ਪਰੰਤੂ ਸ੍ਰੀ ਲੰਕਾ ਵਿੱਚ ਫ਼ੌਜਾਂ ਵੀ ਭੇਜੀਆਂ ਜਾਂਦੀਆਂ ਹਨ, ਜਾਫਨਾ ਵਿੱਚ ਆਈ.ਪੀ.ਕੇ.ਐਫ. ਵਲੋਂ ਲੜਾਈ ਲੜੀ ਜਾਂਦੀ ਹੈ, ਕੀ ਇਹ ਕਿਸੇ ਦੇਸ਼ ਦੇ ਅੰਦਰੂਨੀ ਮਾਮਲਿਆਂ ਵਿੱਚ ਦਖਲ ਨਹੀਂ ਹੈ?

ਬਿਪਰਵਾਦ ਦੀ ਨੀਤੀ ਏਨੀ ਅਜੀਬ ਹੈ ਕਿ ਜਦੋਂ ਕਸ਼ਮੀਰ ਦੇ ਮੁਸਲਮਾਨ ਕਿਸੇ ਮੁੱਦੇ ਨੂੰ ਅੰਤਰਰਾਸ਼ਟਰੀ ਪੱਧਰ ਉਪਰ ਉਠਾਉਣ ਦੀ ਗੱਲ ਕਰਦੇ ਹਨ ਜਾਂ ਸਿੱਖ ਮਨੁੱਖੀ ਅਧਿਕਾਰਾਂ ਦੇ ਹੋ ਰਹੇ ਘਾਣ ਅਤੇ ਸਰਕਾਰੀ ਤਸ਼ੱਦਦ ਦਾ ਮਸਲਾ ਅੰਤਰਰਾਸ਼ਟਰੀ ਸੰਸਥਾ (U.N.O) ਅੱਗੇ ਰੱਖਣ ਦੀ ਗੱਲ ਕਰਦੇ ਹਨ ਤਾਂ ਇਕ ਪਾਸੇ ਤਾਂ ਸ: ਜਸਵੰਤ ਸਿੰਘ ਖਾਲੜਾ ਵਾਂਗ ਸੇਵਾ ਕੀਤੀ ਜਾਂਦੀ ਹੈ ਅਤੇ ਦੂਸਰੇ ਪਾਸੇ ਸਾਰੇ ਬਿਪਰਵਾਦੀ ਸੰਗਠਨ ਵੀ.ਐਚ.ਪੀ, ਬਜਰੰਗ ਦਲ, ਸ਼ਿਵ ਸੈਨਾ, ਹਿੰਦੂ ਮੰਚ ਆਦਿ ਸਾਰੇ ਹੀ ਇਕ ਅਵਾਜ਼ ਵਿੱਚ ਚੀਕਣ ਲੱਗ ਪੈਂਦੇ ਹਨ ਕਿ ਇਹ ਅੰਤਰਰਾਸ਼ਟਰੀ ਮੁੱਦਾ ਨਹੀਂ ਬਲਕਿ ਰਾਸ਼ਟਰੀ ਮਸਲਾ ਅਤੇ ਅੰਤਰਰਾਸ਼ਟਰੀ ਪੱਧਰ ਉਪਰ ਇਸ ਨੂੰ ਉਠਾਉਣਾ ਦੇਸ਼-ਧਰੋਹ ਹੈ। ਪਰੰਤੂ ਦੂਸਰੇ ਪਾਸੇ ਇਹ ਹੀ ਬਿਪਰਵਾਦੀ ਲੋਕ ਫਰੈਂਕ ਫਰਟ, ਫਿਜੀ, ਮੋਰੀਸ਼ਿਸ਼ ਵਿੱਚ ਵਿਸ਼ਵ ਹਿੰਦੂ ਸੰਮੇਲਨ ਕਰਦੇ ਹਨ ਅਤੇ ਉਥੇ ਜਾ ਕੇ ਰਾਮ ਜਨਮ ਭੂਮੀ ਦਾ ਮੁੱਦਾ ਉਠਾਉਂਦੇ ਹਨ, ਕੀ ਇਹ ਦੇਸ਼-ਧਰੋਹ ਨਹੀਂ ਹੈ? ਵਿਦੇਸ਼ਾਂ ਵਿੱਚ ਜਾ ਕੇ ਕੌਮੀ ਗੈਰਤ ਉਪਰ ਹੋ ਰਹੇ ਹਮਲਿਆਂ ਦੇ ਮੁੱਦੇ ਨੂੰ ਉਠਾਉਣਾ ਤਾਂ ਦੇਸ਼-ਧਰੋਹ ਹੈ, ਪਰ ਵਿਦੇਸ਼ ਵਿੱਚ ਜਾ ਕੇ ਕਿਸੇ ਹੋਰ ਮਜ਼ਹਬ ਦੇ ਧਰਮ ਅਸਥਾਨ ਢਾਹੁਣ ਦੇ ਮੁੱਦੇ ਉਠਾਉਣੇ ਕਿਥੋਂ ਦੀ ਰਾਸ਼ਟਰ ਭਗਤੀ ਹੈ?

ਨੀਲਾ ਤਾਰਾ ਬਲੂ ਸਟਾਰ ਸਮੇਂ ਸ਼ਹੀਦ ਹੋਏ ਸਿੰਘਾਂ ਦੀ ਯਾਦ ਜੇਕਰ ਸਿੱਖ ਮਨਾਉਣ ਤਾਂ ਉਹ ਦਹਿਸ਼ਤਗਰਦ ਅਤੇ ਦੇਸ਼ ਦੀ ਅਮਨ ਸ਼ਾਂਤੀ ਭੰਗ ਕਰਨ ਵਾਲੇ ਦੁਸ਼ਟ, ਪਰੰਤੂ ਹਰਿਮੰਦਰ ਸਾਹਿਬ ਦੀ ਬੇਅਦਬੀ ਕਰਨ ਵਾਲੇ ਫ਼ੌਜੀਆਂ ਦੀ ਯਾਦ ਵਿੱਚ ਹਵਨ ਕਰਾਉਣ ਵਾਲੇ ਅਤੇ ਸਿੱਖਾਂ ਦੀ ਨਸਲ-ਕੁਸ਼ੀ ਵਿੱਚ ਸਰਗਰਮ ਰਹੇ ਪੁਲਸ ਅਫ਼ਸਰਾਂ ਨੂੰ ਸਨਮਾਨਿਤ ਕਰਨ ਵਾਲੇ ਦੇਸ਼ ਹਿਤੈਸ਼ੀ ਅਤੇ ਰਾਸ਼ਟਰ-ਵਾਦੀ? ਪਰ ਇਕ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਜੇਕਰ ਇਹ ਵੀਰ ਹਰਿਮੰਦਰ ਸਾਹਿਬ ਦੀ ਬੇਦਅਬੀ ਦੀ ਖੁਸ਼ੀ ਵਿੱਚ ਹਵਨ ਕਰਾਉਂਦੇ ਹਨ ਤਾਂ ਸਿੱਖਾਂ ਨੂੰ ਕਿਵੇਂ ਰੋਕਣਗੇ, ਜਦੋਂ ਉਨ੍ਹਾਂ ਵੀ ਸੋਮਨਾਥ ਮੰਦਿਰ ਨੂੰ ਢਾਹੁਣ ਵਾਲਾ ਦਿਨ ਨਿਸ਼ਚਤ ਕਰਕੇ ਕੋਈ ਸਮਾਗਮ ਕਰਵਾ ਦਿੱਤਾ ਜਾਂ ਸੋਮਨਾਥ ਮੰਦਿਰ ਨੂੰ ਢਾਹੁਣ ਵਿਚ ਸਹਾਈ ਹਿੰਦੂ ਸੈਨਾਪਤੀ ਤਿਲਕ ਦੇ ਨਾਮ ਉਪਰ ਕਿਸੇ ਐਵਾਰਡ ਦੀ ਪਰੰਪਰਾ ਅਰੰਭ ਕਰ ਦਿੱਤੀ?

ਦੇਸ਼ ਦੀ ਆਜ਼ਾਦੀ ਦੇ ਸਮੇਂ ਤੋਂ ਹੀ ਬਿਪਰਵਾਦੀ ਸੰਘੀਆਂ ਵਲੋਂ ਇਹ ਰੱਟ ਲਗਾਈ ਜਾਂਦੀ ਰਹੀ ਹੈ ਕਿ ਸਿੱਖਾਂ ਅਤੇ ਮੁਸਲਮਾਨ ਸੰਗਠਨਾਂ ਅਤੇ ਸੰਸਥਾਵਾਂ ਨੂੰ ਵਿਦੇਸ਼ਾਂ ਤੋਂ ਆਰਥਿਕ ਮਦਦ ਮਿਲਦੀ ਹੈ ਅਤੇ ਵਿਦੇਸ਼ਾਂ ਵਿੱਚ ਇਨ੍ਹਾਂ ਲੋਕਾਂ ਨੂੰ ਹਥਿਆਰਾਂ ਦੀ ਸਿਖਲਾਈ ਵਾਸਤੇ ਅਤਿਵਾਦੀ ਟ੍ਰੇਨਿੰਗ ਕੈਂਪ ਲਗਾਏ ਜਾਂਦੇ ਹਨ। ਅਸਲੀਅਤ ਤਾਂ ਇਹ ਹੈ ਕਿ ਬਜਰੰਗ ਦਲ, ਸ਼ਿਵ ਸੈਨਾ, ਅਤੇ ਸੰਘ ਨਾਲ ਸੰਬੰਧਿਤ ਹੋਰ ਕਈ ਸੰਗਠਨ ਵਿਦੇਸ਼ਾਂ ਵਿਚੋਂ ਮਾਇਆ ਇਕੱਤਰ ਕਰਦੇ ਹਨ ਅਤੇ ਬਜਰੰਗ ਦਲ ਦੇ ਕਾਰਕੁੰਨਾਂ ਦੇ ਹਥਿਆਰ ਸਿਖਲਾਈ ਕੈਂਪ ਅਤੇ ਕਮਾਂਡੋ ਟ੍ਰੇਨਿੰਗ ਕੈਂਪ ਦੇਸ਼ ਵਿੱਚ

ਹੀ ਲਗਾਏ ਜਾਂਦੇ ਹਨ, ਉਨ੍ਹਾਂ ਬਾਰੇ ਬਿਪਰਵਾਦੀ ਲੋਕ ਚੁੱਪ ਕਿਉਂ ਹਨ?

ਬਿਪਰਵਾਦ ਮਸਜਿਦਾਂ ਨੂੰ ਤੋੜ ਕੇ ਮੰਦਿਰ ਬਣਾਉਣ ਨੂੰ ਤਾਂ ਗਲਤੀ ਦਾ ਸੁਧਾਰ ਕਹਿੰਦਾ ਹੈ, ਕਿਉਂਕਿ ਇਸਲਾਮੀ ਸ਼ਾਸ਼ਨ ਕਾਲ ਸਮੇਂ ਅਨੇਕਾਂ ਮੰਦਿਰਾਂ ਨੂੰ ਤੋੜ ਕੇ ਮਸਜਿਦਾਂ ਦੀ ਉਸਾਰੀ ਕੀਤੀ ਗਈ, ਇਸ ਕਰਕੇ ਹੁਣ ਇਨ੍ਹਾਂ ਮਸਜਿਦਾਂ ਨੂੰ ਤੋੜ ਕੇ ਦੁਬਾਰਾ ਮੰਦਿਰਾਂ ਦੀ ਸਥਾਪਤੀ ਕਰਨਾ ਇਸਲਾਮੀ ਸਾਸ਼ਕਾਂ ਦੁਆਰਾ ਕੀਤੀਆਂ ਗਲਤੀਆਂ ਦਾ ਸੁਧਾਰ ਹੈ ਅਤੇ ਸੁਧਾਰ ਦਾ ਵਧੀਆ ਤਰੀਕਾ ਹੈ। ਕੂਟਨੀਤਕ ਸੋਚ ਦਾ ਮਾਲਕ ਬਿਪਰਵਾਦ ਇਸ ਪੱਖ ਤੋਂ ਕਿਉਂ ਨਹੀਂ ਵਿਚਾਰਦਾ ਕਿ ਜੇਕਰ ਸੁਧਾਰ ਹੀ ਕਰਨਾ ਹੈ, ਫਿਰ ਪੱਖ ਪਾਤ ਕਿਉਂ ਕੀਤਾ ਜਾਵੇ?

ਕੋਈ ਸਮਾਂ ਸੀ ਜਦੋਂ ਸਾਰੇ ਭਾਰਤ ਦੇ ਲੋਕ ਬੋਧ ਧਰਮ ਦੇ ਅਨੁਯਾਈ ਸਨ। ਸਾਰੀ ਭਾਰਤ ਭੂਮੀ ਉਪਰ ਜਗ੍ਹਾ-ਜਗ੍ਹਾ ਬੋਧ ਧਰਮ ਦੇ ਮੱਠ ਬਣੇ ਹੋਏ ਸਨ ਅਤੇ ਅਸ਼ੋਕ ਵਰਗੇ ਰਾਜਿਆਂ ਦੇ ਬੋਧ ਧਰਮ ਧਾਰਨ ਕਰਨ ਸਦਕਾ ਰਾਜ ਧਰਮ ਵੀ ਬੁੱਧ ਧਰਮ ਸੀ। ਪਰੰਤੂ ਜਦੋਂ ਬਿਪਰਵਾਦ ਸ਼ੰਕਰਾਚਾਰੀਆ ਦੇ ਰੂਪ ਵਿਚ ਦਹਾੜਿਆ ਤਾਂ ਜਿਥੇ ਬੁੱਧ ਮੱਤ ਨੂੰ ਬਿਪਰਵਾਦ ਦੇ ਖਾਰੇ ਸਮੁੰਦਰ ਵਿੱਚ ਡੋਬ ਦਿੱਤਾ ਉਥੇ ਨਾਲ ਹੀ ਅਨੇਕਾਂ ਹੀ ਬੋਧੀ ਮੱਠਾਂ ਨੂੰ ਤੋੜ ਕੇ ਮੰਦਿਰ ਬਣਵਾਏ। ਪਰ ਜੇਕਰ ਮੁਸਲਿਮ ਸ਼ਾਸ਼ਕਾਂ ਦੁਆਰਾ ਢਾਹੇ ਗਏ ਮੰਦਿਰਾਂ ਨੂੰ ਦੁਬਾਰਾ ਉਸਾਰਨਾ ਇਸਲਾਮੀਆਂ ਦੀ ਗਲਤੀ ਦਾ ਸੁਧਾਰ ਹੈ ਤਾਂ ਫਿਰ ਉਹ ਮੰਦਿਰ ਜੋ ਮੱਠਾਂ ਨੂੰ ਢਾਹ ਕੇ ਬਣਾਏ ਗਏ ਸਨ, ਅੱਜ ਉਨ੍ਹਾਂ ਨੂੰ ਢਾਹ ਕੇ ਫਿਰ ਮੱਠਾਂ ਦੀ ਸਥਾਪਨਾ ਕਰਕੇ ਬਿਪਰਵਾਦ ਦੀ ਗਲਤੀ ਦਾ ਸੁਧਾਰ ਕਿਉਂ ਨਹੀਂ ਕੀਤਾ ਜਾਂਦਾ?

ਜੇਕਰ ਕਿਸੇ ਲਹਿਰ ਵਿੱਚ ਕਿਸੇ ਹਿੰਦੂ ਦੀ ਮੌਤ ਹੋ ਜਾਵੇ ਤਾਂ ਸਮੁੱਚੀ ਕੌਮੀਅਤ ਨੂੰ ਹੀ ਦਹਿਸ਼ਤਗਰਦ ਜਾਂ ਵੱਖਵਾਦੀ ਦਾ ਦਰਜਾ ਦਿੱਤਾ ਜਾਂਦਾ ਹੈ ਉਹ ਭਾਵੇਂ ਸਿੱਖ ਹੋਣ ਜਾਂ ਮੁਸਲਮਾਨ। ਅਸਾਮ ਵਿੱਚ ਅਨੇਕਾਂ ਥਾਵਾਂ ਤੇ ਹਿੰਦੂਆਂ ਨੇ ਮੁਸਲਮਾਨ ਕਤਲ ਕੀਤੇ। ਈਸਾਈ ਮਿਸ਼ਨਰੀ ਗ੍ਰਾਹਮ ਸਟੇਨ ਨੂੰ ਰਬਿੰਦਰ ਕੁਮਾਰ (ਦਾਰਾ ਸਿੰਹੁ) ਵਰਗਿਆਂ ਨੇ ਜਿੰਦਾ ਸਾੜਿਆ। ਹੋਰ ਵੀ ਕਈ ਸੂਬਿਆਂ ਵਿੱਚ ਅਨੇਕਾਂ ਥਾਵਾਂ ਤੇ ਸਵਰਨਜ਼ਾਤੀ ਹਿੰਦੂਆਂ ਵਲੋਂ ਦਲਿਤ ਜ਼ਾਤੀਆਂ ਦਾ ਸਮੂਹਿਕ ਕਤਲੇਆਮ ਕੀਤਾ ਜਾਂਦਾ ਹੈ। ਪਰਿਵਾਰਾਂ ਦੇ ਪਰਿਵਾਰ ਖਤਮ ਕੀਤੇ ਜਾਂਦੇ ਹਨ, ਪਰ ਦਲਿਤ ਵੀਰਾਂ ਦੀ ਇਸ ਘਿਨਾਉਣੇ ਤਰੀਕੇ ਨਾਲ ਹੱਤਿਆ ਕਰਨ ਵਾਲੇ ਬਿਪਰਵਾਦੀ ਟੋਲੇ ਅਤੇ ਸਾਰੇ ਸੰਘੀ ਜਿਨ੍ਹਾਂ ਦੀ ਸ਼ਹਿ ਉਪਰ ਰਾਸ਼ਟਰ ਭਗਤੀ ਦੇ ਨਾਮ ਹੇਠਾਂ ਇਹ ਕਾਤਲ ਟੋਲੇ ਫਲਦੇ ਫੁੱਲਦੇ ਹਨ, ਇਹ ਅਤਿਵਾਦੀ ਕਿਉਂ ਨਹੀਂ? ਭਾਰਤ ਦੇ ਮਸ਼ਹੂਰ ਦਲਿਤ ਲੇਖਕ ਅਤੇ ਦਲਿਤ ਚਿੰਤਕ ਰੌਸ਼ਨ ਦਿਮਾਗ ਆਗੂ ਜੋ ਕਿ ਭਾਰਤ ਦੇ ਦਲਿਤ ਵੀਰਾਂ ਨੂੰ ਬਿਪਰਵਾਦ ਦੀਆਂ ਦਲਿਤਮਾਰੂ ਘਾਤਕ ਨੀਤੀਆਂ ਤੋਂ ਬਚਾਉਣ ਲਈ ਯਤਨਸ਼ੀਲ ਹਨ, ਨੇ ਦਲਿਤ ਵੀਰਾਂ ਨੂੰ ਬਿਪਰਵਾਦ ਤੋਂ ਬਚਣ ਵਾਸਤੇ ਕੁਝ ਸੁਝਾਅ ਦਿੱਤੇ ਹਨ ਜੋ ਨਿਮਨ ਲਿਖਤ ਹਨ:[2]

*1. ਅਹਿੰਸਾ ਦਾ ਤਿਆਗ ਕਰਨਾ ਪਵੇਗਾ* – ਦਲਿਤ ਵੀਰਾਂ ਨੂੰ ਆਕਰਮਕ (ਹਮਲਾਵਰ) ਰੁਖ ਅਪਨਾਉਣਾ ਪਵੇਗਾ ਅਤੇ ਰੱਖਿਆਤਮਕ (ਬਚਾਉ) ਦਾ ਤਰੀਕਾ ਛੱਡਣਾ ਪਵੇਗਾ। ਮਾਰਨ ਵਾਲੇ ਨੂੰ ਕੋਈ ਨਹੀਂ ਮਾਰਦਾ। ਮਾਰਿਆ ਉਸ ਨੂੰ ਜਾਂਦਾ ਹੈ ਜੋ ਕੁਟ ਖਾਂਦਾ ਹੈ।

ਅਹਿੰਸਾ ਅਤੇ ਸਤਿਆਗ੍ਰਹਿ ਦੇ ਰਸਤੇ ਜਿਹੜੇ ਲੋਕ ਸਮਝਾਉਂਦੇ ਹਨ ਉਹ ਦਲਿਤਾਂ ਦਾ ਸ਼ੋਸ਼ਨ ਕਰਦੇ ਹਨ। (ਪੰਨਾ 46)

*2. ਗਾਂਧੀ ਨੂੰ ਦਲਿਤ-ਧਰੋਹੀ ਸਮਝਿਆ ਜਾਵੇ* – ਕੁਝ ਲੋਕ ਕਹਿੰਦੇ ਹਨ ਕਿ ਗਾਂਧੀ ਉਦਾਰਵਾਦੀ ਸੀ, ਪਰੰਤੂ ਇਹ ਕਥਨ ਚਲਾਕੀ ਅਤੇ ਫਰੇਬ ਦਾ ਪ੍ਰਤੀਕ ਹੈ। ਗਾਂਧੀ ਨੇ ਦਲਿਤਾਂ ਦਾ ਅਧਿਕਾਰ ਖੋਹਣ ਵਾਸਤੇ ਜਿਨਾਹ ਨੂੰ ਸ਼ਰਾਬ ਪਿਆਈ ਸੀ ਅਤੇ ਪਹਿਲੇ ਰਾਖਵਾਂ-ਕਰਨ ਸਮੇਂ ਗਾਂਧੀ ਨੇ ਇਸ ਦੀ ਵਿਰੋਧਤਾ ਕੀਤੀ ਅਤੇ ਹਰਿਜਨ ਦਾ ਨਾਮ ਦੇ ਕੇ ਹਰਾਮ ਦੀ ਸੰਤਾਨ ਕਿਹਾ। ਗਾਂਧੀ ਨੇ ਇਕ ਵਾਰ ਇਕ ਭੰਗੀ (ਦਲਿਤ) ਦੇ ਹੱਥ ਦਾ ਖਾਣ ਤੋਂ ਇਨਕਾਰ ਕਰ ਦਿੱਤਾ ਅਤੇ ਇਕ ਵਾਰ ਡਾ: ਅੰਬੇਦਕਰ ਨੂੰ ਮਰਵਾਉਣ ਦੀ ਸਾਜ਼ਿਸ਼ ਵੀ ਰਚੀ। (ਪੰਨਾ 47)

*3. ਦਲਿਤ ਹਥਿਆਰ ਰੱਖਣ* – ਦਲਿਤ ਆਪਣੀ ਰੱਖਿਆ ਲਈ ਹਥਿਆਰ ਜ਼ਰੂਰ ਰੱਖਣ। ਸਵਰਨਾਂ ਦੀ ਰੱਖਿਆ ਵਾਸਤੇ ਤਾਂ ਪੁਲਿਸ ਫ਼ੌਜ ਹੈ ਪਰ ਦਲਿਤ ਵੀਰ ਆਪਣੀ ਰੱਖਿਆ ਆਪ ਕਰਨ। (ਪੰਨਾ 69)

*4. ਆਤਮਰੱਖਿਆ ਲਈ ਵਾਰ ਕਰਨ* – ਜੇ ਕੋਈ ਦਲਿਤ ਉਪਰ ਵਾਰ ਕਰਨ ਆਏ ਤਾਂ ਇਸ ਤੋਂ ਪਹਿਲਾਂ ਕਿ ਤੁਹਾਨੂੰ ਕੋਈ ਖਤਮ ਕਰੇ, ਤੁਸੀਂ ਪਹਿਲਾਂ ਵਾਰ ਕਰਕੇ ਉਸ ਨੂੰ ਖਤਮ ਕਰ ਦਿਉ।

*5. ਆਪਸ ਵਿੱਚ ਨਾ ਲੜੋ* – ਜਦੋਂ ਕੋਈ ਸੰਕਟ ਆਏ ਤਾਂ ਦਲਿਤਾਂ ਨੂੰ ਇਕ ਮੁੱਠ ਹੋ ਜਾਣਾ ਚਾਹੀਦਾ ਹੈ, ਕਿਉਂਕਿ ਸੰਗਠਨ ਹੀ ਸ਼ਕਤੀ ਦਾ ਪ੍ਰਤੀਕ ਹੈ। (ਪੰਨਾ 69)

*6. ਜੈ-ਭੀਮ ਬੋਲੋ* – ਜਦੋਂ ਦਲਿਤ ਆਪਸ ਵਿੱਚ ਮਿਲਣ ਤਾਂ ਜੈ-ਰਾਮ ਜਾਂ ਰਾਮ-ਰਾਮ ਨਾਂ ਕਰਨ ਸਗੋਂ ਕੇਵਲ ਜੈ-ਭੀਮ ਹੀ ਬੋਲਣ। (ਪੰਨਾ 69)

*7. ਤੇਹਰਵੀਂ ਅਤੇ ਕਥਾ ਨਾ ਕਰਨ* – ਦਲਿਤ ਲੋਕ ਕਿਸੇ ਦੀ ਮੌਤ ਉਪਰ ਤੇਹਰਵੀਂ ਆਦਿ ਨਾ ਕਰਨ ਇਹ ਠੀਕ ਨਹੀ ਹੈ। ਮਰਨ ਉਪਰੰਤ ਕੋਈ ਭੋਜ ਨਾ ਕਰਨ। ਸਤਿਆ ਨਰਾਇਣ ਦੀ ਕਥਾ ਨਾ ਕਰਾਉਣ, ਕਿਉਂਕਿ ਨਰਾਇਣ ਹਿੰਦੂ ਦਾ ਪ੍ਰਤੀਕ ਹੈ ਅਤੇ ਦਲਿਤ ਹਿੰਦੂ ਨਹੀਂ ਹਨ। (ਪੰਨਾ 70)

*8. ਦਲਿਤ ਜਗਰਾਤਾ ਆਦਿ ਨਾ ਕਰਵਾਉਣ* – ਦਲਿਤ ਦੇਵੀ ਪੂਜਾ ਅਤੇ ਜਗਰਾਤੇ ਨਾ ਕਰਨ, ਕਿਉਂਕਿ ਕੁਝ ਵਿਸ਼-ਕੰਨਿਆਵਾਂ ਨੂੰ ਆਰੀਆਂ ਨੇ ਦਲਿਤਾਂ ਦੇ ਵਡੇਰਿਆਂ ਨੂੰ ਮਾਰਨ ਲਈ ਭੇਜਿਆ ਸੀ ਅਤੇ ਜਦੋਂ ਉਹ ਮਾਰ ਦਿੱਤੇ ਗਏ ਤਾਂ ਉਸ ਦੀ ਖ਼ੁਸ਼ੀ ਵਿੱਚ ਹਿੰਦੂ ਇਹਨਾਂ ਵਿਸ਼ ਕੰਨਿਆਵਾਂ ਨੂੰ ਦੇਵੀ ਦੇ ਰੂਪ ਵਿੱਚ ਪੂਜਦੇ ਹਨ। ਇਹ ਦਲਿਤ ਵਿਰੋਧੀ ਗੱਲ ਹੈ। ਦਲਿਤ ਨਾਸਮਝੀ ਕਰਕੇ ਦੇਵੀ ਪੂਜਾ ਕਰਦੇ ਹਨ। (ਪੰਨਾ 70)

*9. ਦਲਿਤ ਹਿੰਦੂ ਮੰਦਿਰਾਂ ਵਿੱਚ ਨਾ ਜਾਣ:-* ਹਿੰਦੂ ਮੰਦਿਰਾਂ ਵਿੱਚ ਬ੍ਰਹਮਾ, ਵਿਸ਼ਨੂੰ, ਮਹੇਸ਼, ਹਨੂੰਮਾਨ ਅਤੇ ਦੇਵੀਆਂ ਆਦਿ ਦੀਆਂ ਮੂਰਤੀਆਂ ਰੱਖੀਆਂ ਜਾਂਦੀਆਂ ਹਨ।

ਇਨ੍ਹਾਂ ਸਾਰੇ ਦੇਵਤਿਆਂ ਨੇ ਦਲਿਤਾਂ ਦੀਆਂ ਹੱਤਿਆਵਾਂ ਕੀਤੀਆਂ ਹਨ। ਜਦੋਂ ਇਹਨਾਂ ਮੰਦਿਰਾਂ ਵਿੱਚ ਦਾਖਲ ਹੋਣ ਕਰਕੇ ਕੁੱਟ ਖਾਣੀ ਪੈਂਦੀ ਹੈ, ਫਿਰ ਉਥੇ ਜਾਂਦੇ ਹੀ ਕਿਉਂ ਹਨ? (ਪੰਨਾ 70)

*10. ਬ੍ਰਾਹਮਣ ਦੇ ਪੈਰੀਂ ਹੱਥ ਨਾ ਲਗਾਓ:-* ਬ੍ਰਾਹਮਣ ਤੁਹਾਡਾ ਸ਼ੋਸ਼ਨ ਕਰਦਾ ਹੈ, ਇਸ ਕਰਕੇ ਭੁੱਲ ਕੇ ਵੀ ਕਦੀ ਉਸ ਦੇ ਪੈਰੀਂ ਹੱਥ ਨਾ ਲਗਾਓ। ਪੈਰ ਛੂਹਣੇ ਹੀ ਹਨ ਤਾਂ ਵਡੇਰੇ ਦਲਿਤਾਂ ਦੇ ਛੂਹੋ। (ਪੰਨਾ 70)

*11. ਹੋਲੀ, ਦੀਵਾਲੀ ਨਾ ਮਨਾਓ:-* ਦਲਿਤਾਂ ਨੂੰ ਹੋਲੀ ਅਤੇ ਦੀਵਾਲੀ ਵਰਗੇ ਤਿਉਹਾਰ ਨਹੀਂ ਮਨਾਉਣੇ ਚਾਹੀਦੇ, ਕਿਉਂਕਿ ਹਿਰਨਾਕਸ਼ਅਪ ਅਤੇ ਰਾਵਣ ਦਲਿਤਾਂ ਦੇ ਵਡੇਰੇ ਸਨ, ਹਿੰਦੂ ਨਹੀਂ ਸਨ। ਇਨ੍ਹਾਂ ਦੋਵਾਂ ਨੂੰ ਹੀ ਹਿੰਦੂ ਆਰੀਆਂ ਨੇ ਧੋਖੇ ਨਾਲ ਮਾਰਿਆ ਸੀ। (ਪੰਨਾ 71)

*12. ਆਪਣੇ ਬੱਚਿਆਂ ਦੇ ਨਾਮ ਪੰਡਤਾਂ ਤੋਂ ਨਾ ਰਖਾਓ:-* ਨਾਮਕਰਨ ਸੰਸਕਾਰ ਤੇ ਆਪਣੇ ਬੱਚਿਆਂ ਦੇ ਨਾਮ ਖੁਦ ਰੱਖੋ, ਨਾ ਪੰਡਿਆਂ ਤੋਂ ਨਾਮ ਰਖਾਉ ਅਤੇ ਨਾ ਹੀ ਪੱਤਰੀ ਬਣਵਾਓ। (ਪੰਨਾ 71)

*13. ਰਾਮ ਕ੍ਰਿਸ਼ਨ ਨੂੰ ਨਾ ਮੰਨੋ ਅਤੇ ਨਾ ਪੂਜਾ ਕਰੋ:-* ਰਾਮ ਕ੍ਰਿਸ਼ਨ ਹਿੰਦੂਆਂ ਦੇ ਦੇਵਤਾ ਹਨ, ਇਹਨਾਂ ਨੂੰ ਨਾ ਤੇ ਭਗਵਾਨ ਮੰਨੋ ਅਤੇ ਨਾ ਹੀ ਪੂਜਾ ਕਰੋ। ਇਹ ਦਲਿਤ ਵਿਰੋਧੀ ਹਨ, ਇਹਨਾਂ ਨੇ ਦਲਿਤਾਂ ਦੇ ਪੂਰਵਜਾਂ ਦੀਆਂ ਹੱਤਿਆਵਾਂ ਕੀਤੀਆਂ ਸਨ। (ਪੰਨਾ 71)

*14. ਮੰਦਿਰਾਂ ਵਿੱਚ ਚੜ੍ਹਾਵਾ ਨਾ ਚੜ੍ਹਾਓ:-* ਦਲਿਤਾਂ ਨੂੰ ਇਹ ਮੰਨ ਕੇ ਚੱਲਣਾ ਚਾਹੀਦਾ ਹੈ ਕਿ ਮੰਦਿਰ ਵਿੱਚ ਪੱਥਰ ਦਾ ਦੇਵਤਾ ਅਤੇ ਧਰਤੀ ਉਪਰ ਬ੍ਰਾਹਮਣ ਦੇਵਤਾ ਦੋਵੇਂ ਹੀ ਦਲਿਤਾਂ ਦੇ ਸ਼ੋਸ਼ਕ ਅਤੇ ਦੁਸ਼ਮਣ ਹਨ। ਮੰਦਿਰਾਂ ਵਿੱਚ ਬਿਲਕੁਲ ਚੜ੍ਹਾਵਾ ਨਾ ਚੜ੍ਹਾਇਆ ਜਾਵੇ, ਕਿਉਂਕਿ ਇਹੀ ਪੈਸਾ ਫਿਰ ਦਲਿਤਾਂ ਦੇ ਖਿਲਾਫ਼ ਵਰਤਿਆ ਜਾਂਦਾ ਹੈ। (ਪੰਨਾ 71)

*15. ਨਾ ਵੱਛੀ ਪੂਜਣ ਜਾਓ, ਨਾ ਗੰਗਾ ਵਿੱਚ ਪੈਸੇ ਸੁੱਟੋ:-* ਬ੍ਰਾਹਮਣ ਸੜੀ ਜਹੀ ਗਊ ਨੂੰ ਗੰਗਾ ਵਿੱਚ ਖੜੀ ਕਰਕੇ ਭਵਸਾਗਰ ਪਾਰ ਕਰਾਉਣ ਦੇ ਬਹਾਨੇ ਪੂਛ ਫੜਾ ਕੇ ਮੰਤਰ ਪੜ੍ਹਦੇ ਹਨ ਅਤੇ ਪੈਸੇ ਸਟਵਾਉਂਦੇ ਹਨ। ਬਾਅਦ ਵਿੱਚ ਇਹ ਪੈਸੇ ਗੋਤਾਖੋਰ ਕੱਢ ਕੇ ਸ਼ਰਾਬਾਂ ਪੀਂਦੇ ਹਨ। (ਪੰਨਾ 71)

*16. ਯਾਤਰਾ ਆਦਿ ਨਾ ਕਰੋ:-* ਦਲਿਤ ਹਿੰਦੂ ਤੀਰਥ ਅਸਥਾਨਾਂ ਦੀ ਯਾਤਰਾ ਨਾ ਕਰਨ, ਕਿਉਂਕਿ ਕਾਸ਼ੀ, ਮਥੁਰਾ, ਅਯੁਧਿਆ ਆਦਿ ਉਹ ਜਗ੍ਹਾ ਹਨ ਜਿਥੇ ਆਰੀਆ ਲੋਕਾਂ ਨੇ ਦਲਿਤਾਂ ਦੀਆਂ ਹੱਤਿਆਵਾਂ ਕੀਤੀਆਂ। (ਪੰਨਾ 73)

*17. ਵੇਦ, ਰਮਾਇਣ, ਗੀਤਾ ਨੂੰ ਨਾ ਮੰਨੋ:-* ਇਹ ਆਰੀਆ ਲੋਕਾਂ ਦੇ ਗ੍ਰੰਥ ਹਨ। ਇਨ੍ਹਾਂ ਵਿੱਚ ਦਲਿਤਾਂ ਨੂੰ ਸਜ਼ਾਵਾਂ ਦੇਣ ਦੇ ਕਨੂੰਨ ਲਿਖੇ ਹੋਏ ਹਨ। ਇਨ੍ਹਾਂ ਗ੍ਰੰਥਾਂ ਵਿੱਚ ਨਾ ਤਾਂ ਯਕੀਨ ਰੱਖੋ ਅਤੇ ਨਾ ਹੀ ਮੰਨੋ। (ਪੰਨਾ 73)

*18. ਤਿਲਕ, ਛਾਪ, ਤਾਵੀਜ਼ ਦੀ ਵਰਤੋਂ ਨਾ ਕਰਨ:-* ਇਹ ਸਭ ਅੰਧ-ਵਿਸ਼ਵਾਸ ਅਤੇ ਪਾਖੰਡ ਹਨ, ਦਲਿਤਾਂ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਬ੍ਰਾਹਮਣਵਾਦੀ ਚਿੰਨ੍ਹਾਂ ਦਾ ਤਿਆਗ ਕਰਨ, ਜੋ ਕਿ ਗੁਲਾਮੀ ਦੀ ਨਿਸ਼ਾਨੀ ਹਨ। (ਪੰਨਾ 73)

*19. ਪੱਥਰ ਪੂਜਾ ਨਾ ਕਰਨ:-* ਪੱਥਰ ਨਾ ਤਾਂ ਕੋਈ ਦੇਵਤਾ ਹੁੰਦਾ ਹੈ ਅਤੇ ਨਾ ਹੀ ਕੋਈ ਭਗਵਾਨ। ਪੱਥਰ ਪੂਜਾ ਅੰਧ-ਵਿਸ਼ਵਾਸ ਹੈ ਅਤੇ ਬ੍ਰਾਹਮਣਾਂ ਦੁਆਰਾ ਲੋਕਾਂ ਨੂੰ ਠੱਗਣ ਦਾ ਛੜਯੰਤਰ ਹੈ। ਇਸ ਕਰਕੇ ਦਲਿਤ ਪੱਥਰ ਪੂਜਾ ਨਾ ਕਰਨ। (ਪੰਨਾ 73)

*20. ਘਰਾਂ ਨੂੰ ਸੁਰੱਖਿਅਤ ਅਤੇ ਪੱਕਾ ਬਣਵਾਓ:-* ਦਲਿਤਾਂ ਨੂੰ ਚਾਹੀਦਾ ਹੈ ਕਿ ਉਹ ਵਧੀਆ ਮਕਾਨ ਬਣਾਉਣ। ਪੱਕੇ ਮਕਾਨ ਬਣਾਉਣ, ਜੇਕਰ ਪੱਕੇ ਨਾ ਬਣ ਸਕਣ ਤਾਂ ਕੱਚੇ ਮਕਾਨ ਜ਼ਰੂਰ ਸਾਫ ਸੁਥਰੇ ਰੱਖਣ। (ਪੰਨਾ 73)

*21. ਮੋਟਰਸਾਈਕਲ, ਕਾਰ, ਜੀਪ ਚਲਾਉਣਾ ਸਿੱਖਣ:-* ਦਲਿਤ ਵੀਰਾਂ ਦੀ ਜੇਕਰ ਆਰਥਿਕ ਸਥਿਤੀ ਠੀਕ ਹੋਵੇ ਤਾਂ ਆਵਾਜਾਈ ਦੇ ਸਾਧਨ ਜ਼ਰੂਰ ਰੱਖਣ। ਇਹ ਗਿਆਨ ਸੁਰੱਖਿਆ ਲਈ ਵੀ ਜ਼ਰੂਰੀ ਹੈ। (ਪੰਨਾ 73)

ਇਸ ਤੋਂ ਇਲਾਵਾ ਹੇਠ ਲਿਖੇ ਸੁਝਾਅ ਦਿਤੇ ਗਏ ਹਨ:-

22. ਰੌਸ਼ਨੀ ਦਾ ਪ੍ਰਬੰਧ ਵਧੀਆ ਰੱਖਣ।

23. ਉਸ ਪਿੰਡ ਵਿੱਚ ਨਾ ਰਹਿਣ ਜਿਥੇ ਜ਼ਾਤੀ ਬਹੁਮਤ ਨਾ ਹੋਵੇ।

24. ਗੁਆਂਢ ਵਿੱਚ ਅਤਿਆਚਾਰੀ ਜ਼ਾਤੀਆਂ ਨਾ ਵਸਾਉਣ।

25. ਪਲਾਟ ਜਾਂ ਖੇਤ ਕੇਵਲ ਦਲਿਤ ਨੂੰ ਹੀ ਵੇਚਣ।

26. ਸਵਰਨਜ਼ਾਤੀ ਦੇ ਵਿਅਕਤੀ ਨੂੰ ਨਾ ਮਿੱਤਰ ਬਣਾਓ ਅਤੇ ਨਾ ਸਮਝੋ।

27. ਹਰ ਬੱਚੇ ਬੱਚੀ ਨੂੰ ਜ਼ਰੂਰ ਪੜ੍ਹਾਓ।

28. ਬੈਨਾਮੇ ਉਪਰ ਲਿਖਾ-ਪੜ੍ਹੀ ਕਰਕੇ ਜਾਂ ਕਿਸੇ ਤੋਂ ਪੜ੍ਹਵਾ ਕੇ ਦਸਤਖ਼ਤ ਕਰੋ।

29. ਬੈਂਕ ਤੋਂ ਕਰਜ਼ ਲੈਣ ਸਮੇਂ ਸਾਰੇ ਕਾਗਜ਼ਾਤ ਪੜ੍ਹ ਕੇ ਦਸਤਖ਼ਤ ਕਰੋ।

30. ਕਿਸੇ ਨੂੰ ਰੁਪਿਆ ਦੇਵੋ ਤਾਂ ਰਸੀਦ ਜ਼ਰੂਰ ਲਵੋ।

31. ਪੁਲਿਸ ਤੋਂ ਘਟਨਾ ਦੀ ਰਿਪੋਰਟ ਜ਼ਰੂਰ ਲਿਖਤੀ ਲਵੋ।

32. ਹਰ ਘਟਨਾ ਵਿੱਚ ਵਕੀਲ ਆਪਣੀ ਜ਼ਾਤੀ ਦਾ ਕਰੋ।

33. ਰਿਪੋਰਟ ਲਿਖਵਾਉਣ ਤੋਂ ਪਹਿਲਾਂ ਆਪਣੀ ਜ਼ਾਤੀ ਦੇ ਵਕੀਲ ਦੀ ਸਲਾਹ ਜ਼ਰੂਰ ਲਵੋ।

34. ਆਪਣੇ ਮਨ ਅੰਦਰੋਂ ਹੀ ਹੀਨ ਭਾਵਨਾ ਦਾ ਤਿਆਗ ਜ਼ਰੂਰ ਕਰੋ।

35. ਆਪਸ ਵਿੱਚ ਇਕ ਦੂਸਰੇ ਦੀ ਅਲੋਚਨਾ ਤੋਂ ਬਚੋ।

36. ਦਲਿਤ ਆਪਣੇ ਪੂਰਵਜਾਂ ਦੀ ਪੂਜਾ ਕਰਨ, ਪਰ ਹਿੰਦੂਆਂ ਦੇ ਪੂਰਵਜਾਂ ਨੂੰ ਨਹੀਂ।

37. ਦਲਿਤ ਹਿੰਦੂ ਨਹੀਂ, ਇਹ ਮੰਨ ਕੇ ਚਲੋ।

38. ਦਲਿਤਾਂ ਨੂੰ ਹਥਿਆਰਬੰਦ ਸੰਘਰਸ਼ ਦੀ ਤਿਆਰੀ ਰੱਖਣੀ ਚਾਹੀਦੀ ਹੈ।

39. ਦੁਸ਼ਮਣ ਦੇ ਦੁਸ਼ਮਣ ਨੂੰ ਮਿੱਤਰ ਸਮਝੋ।

40. ਦਲਿਤਾਂ ਉਪਰ ਅਤਿਆਚਾਰ ਮੁਸਲਮਾਨਾਂ, ਸਿੱਖਾਂ ਅਤੇ ਇਸਾਈਆਂ ਨਹੀਂ ਕੀਤੇ ਸਗੋਂ ਸਵਰਨ ਹਿੰਦੂਆਂ ਨੇ ਹੀ ਕੀਤੇ ਹਨ। ਦਲਿਤਾਂ ਨੂੰ ਸਿੱਖਾਂ ਆਦਿ ਨਾਲ ਵਧੀਆ ਸੰਬੰਧ ਕਾਇਮ ਕਰਨੇ ਚਾਹੀਦੇ ਹਨ।

41. ਸਮਾਜਵਾਦੀ ਹਿੰਦੂ ਕੱਟੜ ਹਿੰਦੂਆਂ ਤੋਂ ਵੀ ਵੱਧ ਖਤਰਨਾਕ ਹਨ।

(ਹਿੰਦੂ ਮਾਨਸਿਕਤਾ ਵਿਚੋਂ ਧੰਨਵਾਦ ਸਹਿਤ)

ਦਰਅਸਲ ਐਸ.ਐਲ. ਸਾਗਰ ਦਾ ਇਹ ਉਪਰਾਲਾ ਦਲਿਤ ਵੀਰਾਂ ਨੂੰ ਬਿਪਰਵਾਦ ਦੇ ਮਾਰੂ ਹਥਿਆਰ ਅਤੇ ਘਟੀਆ ਏਜੰਡੇ ਤੋਂ ਬਚਾਉਣ ਵਾਸਤੇ ਨੀਤੀ ਸ਼ਾਸ਼ਤਰ ਹੀ ਹੈ, ਜਿਸ ਵਿੱਚ ਬਿਪਰਵਾਦ ਦੇ ਮਾਰੂ ਏਜੰਡੇ ਤੋਂ ਖਬਰਦਾਰ ਰਹਿਣ ਦੀ ਤਾਕੀਦ ਕੀਤੀ ਗਈ ਹੈ, ਜੋ ਕਿ ਸੰਘ ਵਲੋਂ ਇਕ ਗਸ਼ਤੀ-ਪੱਤਰ ਦੇ ਰੂਪ ਵਿੱਚ ਬੜੇ ਗੁਪਤ ਤਰੀਕੇ ਨਾਲ ਵਰਕਰਾਂ ਨੂੰ ਹਦਾਇਤਾਂ ਜਾਰੀ ਕਰਨ ਲਈ ਵਰਤਿਆ ਗਿਆ।[3]

1. ਵੱਧ ਤੋਂ ਵੱਧ ਹਥਿਆਰ ਅਤੇ ਵਿਸਫੋਟਕ ਪਦਾਰਥ ਇਕੱਠੇ ਕਰੋ।

2. ਮੁਸਲਮਾਨਾਂ ਅਤੇ ਅੰਬੇਦਕਾਰੀਆਂ ਦੇ ਖਿਲਾਫ਼ ਸਵਰਨ ਹਿੰਦੂਆਂ ਨੂੰ ਲੜਨ ਲਈ ਉਕਸਾਇਆ ਜਾਵੇ।

3. ਸਰਕਾਰੀ ਅਧਿਕਾਰੀਆਂ ਵਿੱਚ ਹਿੰਦੂਵਾਦ ਦੀ ਭਾਵਨਾ ਪੈਦਾ ਕੀਤੀ ਜਾਵੇ।

4. ਡਾਕਟਰਾਂ ਅਤੇ ਦਵਾਈਆਂ ਵੇਚਣ ਵਾਲਿਆਂ ਨੂੰ ਹਿੰਦੂਵਾਦੀ ਬਣਾਇਆ ਜਾਵੇ। ਅਨੁਸੂਚਿਤ ਜ਼ਾਤਾਂ, ਪੱਛੜੇ ਵਰਗਾਂ, ਆਦਿਵਾਸੀਆਂ ਅਤੇ ਮੁਸਲਮਾਨਾਂ ਆਦਿ ਦੇ ਨਵਜੰਮੇ ਬੱਚਿਆਂ ਨੂੰ ਟੀਕੇ ਲਗਾ ਕੇ ਅੰਗਹੀਣ ਬਨਾਉਣਾ।

5. ਅਵਰਨਾਂ ਅਤੇ ਪੱਛੜੀ ਜ਼ਾਤੀ ਦੀਆਂ ਬਸਤੀਆਂ ਵਿਚ ਓਮ, ਅਤੇ 'ਸ੍ਰੀਰਾਮ' ਦੇ ਨਾਹਰੇ ਬੱਚਿਆਂ ਵਿਚ ਪ੍ਰਚੱਲਤ ਕਰਨਾ।

6. ਹਿੰਦੂ ਵਿਰੋਧੀ, ਧਰਮ ਨਿਰਪੱਖ ਪ੍ਰੋਗਰਾਮਾਂ ਦਾ ਬਾਈਕਾਟ ਕਰਨਾ।

7. ਅਵਰਨਾ, ਪੱਛੜਿਆਂ ਦੀਆਂ ਬਸਤੀਆਂ ਵਿਚ ਸ਼ਰਾਬ, ਨਸ਼ੀਲੇ ਪਦਾਰਥਾਂ, ਨਸ਼ੀਲੀਆਂ ਦਵਾਈਆਂ, ਜੂਏਬਾਜ਼ੀ ਅਤੇ ਲਾਟਰੀ ਆਦਿ ਰਾਹੀਂ ਪੈਸੇ ਕਮਾ ਰਹੇ ਵਪਾਰੀਆਂ ਦੀ ਮਦਦ ਕਰਨਾ। ਸਰਕਾਰੀ ਦਫ਼ਤਰਾਂ ਵਿਚ ਵਧੇਰੇ ਧਾਰਮਿਕ ਹਿੰਦੂ ਸਮਾਗਮ, ਜਾਗਰਣ ਕਰਨੇ ਅਤੇ ਨਵੇਂ ਪੁਰਾਣੇ ਮੰਦਿਰ ਉਸਾਰਨਾ। ਦੰਗਿਆਂ ਦੌਰਾਨ ਗ਼ੈਰ ਹਿੰਦੂਆਂ ਅਤੇ ਮੁਸਲਮਾਨ ਵਪਾਰੀਆਂ ਨੂੰ ਲੁੱਟਣਾ।

8. ਅਵਰਨ ਅਤੇਂ ਮੁਸਲਮਾਨ ਕੁੜੀਆਂ ਨੂੰ ਛੋਟੀ ਉੱਮਰ ਵਿੱਚ ਹੀ ਵੇਸਵਾਵਾਂ ਅਤੇ ਦੇਵਦਾਸੀਆਂ ਬਨਾਉਣਾ।

9. ਅਵਰਨਾ ਖਾਸ ਤੌਰ 'ਤੇ ਸਕੂਲ ਜਾਣ ਵਾਲੇ ਬੱਚਿਆਂ ਨੂੰ ਅਧਿਆਪਕਾਂ ਆਦਿ ਦੀ ਮਦਦ ਨਾਲ ਜ਼ਹਿਰੀਲੇ ਪਦਾਰਥ ਖਵਾ ਕੇ ਉਨ੍ਹਾਂ ਦਾ ਸਰੀਰਕ ਤੇ ਮਾਨਸਿਕ ਵਿਕਾਸ ਨਾ ਹੋਣ ਦੇਣਾ।

10. ਆਪਣੇ ਸਿਧਾਂਤਾਂ ਅਨੁਸਾਰ ਲਿਖਿਆ ਇਤਿਹਾਸ ਆਦਿ ਪੜ੍ਹਾਉਣ ਲਈ ਐਸ.ਸੀ./ਐਸ. ਟੀ. ਬੱਚਿਆਂ ਨੂੰ ਵੱਧ ਤੋਂ ਵੱਧ ਆਪਣੇ ਸਕੂਲਾਂ ਵਿੱਚ ਭਰਤੀ ਕਰਨਾ।

12. ਦੰਗਿਆਂ ਦੌਰਾਨ ਮੁਸਲਮਾਨ/ਅਵਰਨ ਜ਼ਨਾਨੀਆਂ ਦੀ ਵੱਧ ਤੋਂ ਵੱਧ ਪੱਤ ਲੁੱਟਣਾ। ਕੋਈ ਜਾਣ ਪਛਾਣ ਜਾਂ ਦੋਸਤੀ ਰੁਕਾਵਟ ਨਾ ਬਣੇ। "ਸੂਰਤ" ਵਾਲਾ ਨਮੂਨਾ ਵਰਤਿਆ ਜਾਵੇ।

13. ਗੈਰ ਹਿੰਦੂ ਧਰਮ ਸਥਾਨਾਂ ਨੇੜੇ ਹਿੰਦੂ ਦੇਵੀ-ਦੇਵਤੀਆਂ ਦੀਆਂ ਮੂਰਤੀਆਂ ਸਥਾਪਿਤ ਕਰਨਾ। ਗਿਰਜਿਆਂ, ਮਸਜਿਦਾਂ, ਸਤੂਪਾਂ ਆਦਿ ਨੂੰ ਪੁਰਾਣੇ ਹਿੰਦੂ ਮੰਦਿਰ ਸਿੱਧ ਕਰਨ ਵਾਲਾ ਸਾਹਿਤ ਪੈਦਾ ਕਰਨਾ, ਲੋੜ ਪੈਣ 'ਤੇ ਮੁੱਖ ਦਫਤਰ ਨਾਲ ਸੰਪਰਕ ਕਰੋ।

14. ਇਸਲਾਮ ਅਤੇ ਬੁੱਧ ਧਰਮ ਦੇ ਖਿਲਾਫ ਸਾਹਿਤ ਲਿਖਣ ਵਿੱਚ ਤੇਜ਼ੀ ਲਿਆਉਣੀ ਅਤੇ ਅਜਿਹਾ ਸਿੱਧ ਕਰਨ ਲਈ ਸਾਹਿਤ ਰਚਨਾ ਕਿ ਮਹਾਨ ਅਸ਼ੋਕ "ਬੋਧੀ" ਨਹੀਂ ਸੀ।

15. ਬ੍ਰਾਹਮਣ ਵਿਰੋਧੀ, ਦਲਿਤ, ਅੰਬੇਦਕਰਵਾਦੀ ਅਤੇ ਕਮਿਊਨਿਸਟ ਸਾਹਿਤ ਨੂੰ ਖਤਮ ਕਰਨਾ। ਅਜਿਹਾ ਸਾਹਿਤ ਸਰਕਾਰੀ ਅਤੇ ਜਨਤਕ ਲਾਇਬਰੇਰੀਆਂ ਵਿੱਚ ਨਾ ਜਾਣ ਦੇਣਾ। ਜਾਂ ਅੰਬੇਦਕਰ ਉੱਤੇ ਆਪਣੇ ਵੱਲੋਂ ਲਿਖਿਆ ਸਾਹਿਤ ਹੀ ਅਵਰਨਾ ਅਤੇ ਪਛੜਿਆਂ ਤੱਕ ਪਹੁੰਚਾਣਾ।

16. ਹਦਾਇਤਾਂ ਅਨੁਸਾਰ ਐਸ.ਸੀ./ਐਸ. ਟੀ ਬੈਕਲਾਗ ਪੂਰਾ ਨਾ ਹੋਣ ਦੇਣਾ।

17. ਰਾਮ ਦੇ ਸਟਿੱਕਰ, ਕੈਲੰਡਰ ਅਤੇ ਪੈਂਫਲਿਟ ਤਿਆਰ ਕਰਕੇ ਵੰਡਣਾ ਅਤੇ ਰਾਮ ਕਥਾ ਤੇ ਜਾਗਰਣ ਕਰਨਾ।

18. ਅਵਰਨਾਂ ਅਤੇ ਪੱਛੜੀਆਂ ਜ਼ਾਤਾਂ ਨੂੰ ਅੰਧ-ਵਿਸ਼ਵਾਸੀ ਅਤੇ ਵਹਿਮੀ ਬਣਾਉਣ ਲਈ ਪਹਿਲਾਂ ਵਾਂਗ ਹੀ ਸਾਧੂਆਂ ਅਤੇ ਬਾਬਿਆਂ ਦੀ ਵਰਤੋਂ ਕਰਨਾ।

19. ਜੈਨੀਆਂ, ਬੋਧੀਆਂ ਅਤੇ ਸਿੱਖਾਂ ਨੂੰ ਹਿੰਦੂ ਬਨਾਉਣਾ ਜਾਰੀ ਰੱਖੋ। ਵੱਧ ਤੋਂ ਵੱਧ ਜੈਨ ਮੰਦਿਰਾਂ ਵਿਚ ਰਾਮ ਦੀ ਪੂਜਾ ਕਰਵਾਉਣੀ। ਪ੍ਰਗਤੀ ਦੀ ਰਿਪੋਰਟ ਮੁੱਖ ਦਫਤਰ ਨੂੰ ਭੇਜੋ। 'ਪਟਨੇ' ਵਾਲਾ ਤਰੀਕਾ ਵਰਤਿਆ ਜਾਵੇ।

20. ਕਮਿਊਨਿਸਟਾਂ ਅਵਰਨਾਂ ਅਤੇ ਸ਼ੂਦਰਾਂ 'ਤੇ ਹਮਲੇ ਜਾਰੀ ਰੱਖੇ ਜਾਣ।

21. ਮੰਡਲ ਵਿਰੋਧੀ ਅੰਦੋਲਨ ਤੇਜ਼ ਕੀਤਾ ਜਾਵੇ।

22. ਕੂਟਨੀਤੀ ਰਾਹੀਂ ਅਵਰਨਾਂ ਅਤੇ ਪੱਛੜਿਆਂ ਵਿਚ ਝਗੜੇ ਕਰਾਉਣਾ।

23. ਚਾਣਕਿਆ ਨੀਤੀ ਦੀ ਵਰਤੋਂ ਜਾਰੀ ਰੱਖਣਾ।

24. ਅਵਰਨਾਂ ਅਤੇ ਅੰਬੇਦਕਰਵਾਦੀਆਂ ਵਿਚ ਦੇਵਦਾਸੀ ਪ੍ਰਥਾ ਦਾ ਪ੍ਰਚਾਰ ਕਰਨਾ। ਉਨ੍ਹਾਂ ਨੂੰ ਪ੍ਰੇਰਿਤ ਕਰਨ ਲਈ ਦੇਵਤਿਆਂ ਦੇ ਨਾਲ ਜਨਾਨੀਆਂ ਦੀਆਂ ਗੰਦੀਆਂ/ ਚੁੰਮਣ ਵਾਲੀਆਂ ਤਸਵੀਰਾਂ ਦਿਖਾਉਣਾ। ਹਲਕੇ ਨਸ਼ੇ ਦੀ ਵਰਤੋਂ ਕਰਨੀ।

25. ਅਵਰਨਾਂ/ਆਦਿਵਾਸੀਆਂ ਨੂੰ ਭੋਜਨ ਆਦਿ ਰਾਹੀ ਹਲਕੀ ਜ਼ਹਿਰ (ਸਲੋਅ ਪਾਇਜ਼ਨਿੰਗ) ਦੇਣਾ।

26. ਅਖ਼ਬਾਰਾਂ ਤੇ ਕੰਟਰੋਲ ਕਰਕੇ ਮੁਸਲਿਮ ਤੇ ਮੰਡਲ ਵਿਰੋਧੀ ਅਤੇ ਹਿੰਦੂ ਤੇ ਰਾਮ ਪੱਖੀ ਸਾਹਿਤ ਲਿਖਣਾ ਅਤੇ ਸੰਪਾਦਕਾਂ ਨੂੰ ਹਿੰਦੂਵਾਦੀ ਬਣਾਉਣਾ।

27. ਹਿੰਦੂਵਾਦੀ ਵਿਚਾਰਾਂ ਵਾਲੇ ਐਸ.ਸੀ./ਐਸ.ਟੀ. ਅਤੇ ਓ.ਬੀ.ਸੀ. ਵਿਅਕਤੀਆਂ ਨੂੰ ਆਪਣੀਆਂ ਸਿਆਸੀ ਪਾਰਟੀਆਂ ਰਾਹੀਂ ਜਿਤਾਉਣਾ।

28. ਮੁਸਲਿਮ ਵਿਰੋਧੀ ਮੁਸਲਮਾਨ ਅਤੇ ਮੰਡਲ ਵਿਰੋਧੀ ਪੱਛੜੇ ਵਰਗਾਂ ਦੇ ਲੇਖਕਾਂ ਨੂੰ ਉਤਸ਼ਾਹਿਤ ਕਰਨਾ। ਅਖੌਤੀ ਧਰਮ ਨਿਰਪੱਖਤਾ ਦੇ ਸਿੱਕੇ ਦੀ ਵਰਤੋਂ ਕਰਨਾ।

29. ਵਪਾਰੀਆਂ ਅਤੇ ਸੁਨਿਆਰ-ਸ਼ਾਹੂਕਾਰਾਂ ਨੂੰ ਗ਼ੈਰ-ਹਿੰਦੂਆਂ ਦੀ ਲੁੱਟ-ਖਸੁੱਟ ਕਰਨ ਲਈ ਪ੍ਰੇਰਿਤ ਕਰਨਾ।

30. ਗ਼ੈਰ ਹਿੰਦੂਆਂ ਦੀਆਂ ਸਰਗਰਮੀਆਂ ਤੇ ਨਜ਼ਰ ਰੱਖ ਕੇ ਉਨ੍ਹਾਂ ਦੇ ਹਿੰਦੂ ਧਰਮ/ਬ੍ਰਾਹਮਣ ਵਿਰੋਧੀ ਕੰਮਾਂ ਦੀਆਂ ਖ਼ਬਰਾਂ ਮੁੱਖ-ਦਫ਼ਤਰ ਨੂੰ ਦੇਣਾ।

31. ਹਿੰਦੂ ਅਤੇ ਬ੍ਰਾਹਮਣ ਵਿਰੋਧੀਆਂ ਦਾ ਕਤਲ ਕਰਕੇ ਲਾਸ਼ਾਂ ਨੂੰ ਦਿੱਤੀਆਂ ਹਦਾਇਤਾਂ ਅਨੁਸਰ ਖੁਰਦ-ਬੁਰਦ ਕਰਨਾ ਜਾਰੀ ਰੱਖਣਾ।

32. ਪੂਰਨਮਾਸ਼ੀ ਵਾਲੇ ਦਿਨ ਸੇਵਕਾਂ ਦੀਆਂ ਮੀਟਿੰਗਾਂ ਕਰਨੀਆਂ ਜਾਰੀ ਰਹਿਣ।

33. ਸੀਟੀਆਂ ਵਜਾਉਣੀਆਂ ਭਾਵ ਗੁਪਤ ਸੁਨੇਹੇ ਦੇਣੇ ਜਾਰੀ ਰੱਖੇ ਜਾਣ।

'ਜੈ ਸ਼੍ਰੀ ਰਾਮ'

☆☆☆

1. *ਹਿੰਦੂ ਮਾਨਸਿਕਤਾ, ਸੰਸਕਰਣ : 1994, ਲੇਖਕ : ਐਸ.ਐਲ.ਸਾਗਰ, ਪ੍ਰਕਾਸ਼ਕ : ਸਾਗਰ ਪ੍ਰਕਾਸ਼ਨ ਮੈਨਪੁਰੀ*
2. *ਹਿੰਦੂ ਮਾਨਸਿਕਤਾ, ਸੰਸਕਰਣ : 1994, ਲੇਖਕ: ਐਸ.ਐਲ.ਸਾਗਰ, ਪ੍ਰਕਾਸ਼ਕ: ਸਾਗਰ ਪ੍ਰਕਾਸ਼ਨ ਮੈਨਪੁਰੀ*
3. *ਭਾਰਤੀ ਲੋਕ ਨੀਚ ਕਿਵੇਂ ਬਣੇ ? ਪੰਨਾ 170, ਸੰਸਕਰਣ : 1994, ਲੇਖਕ : ਗੁਰਨਾਮ ਸਿੰਘ, ਪ੍ਰਕਾਸ਼ਕ : ਬਹੁਜਨ ਸਮਾਜ ਪ੍ਰਕਾਸ਼ਨ*

Congressional Record

United States of America

PROCEEDINGS AND DEBATES OF THE 109th CONGRESS, FIRST SESSION

# NEW BOOK DETAILS ATROCITIES AGAINST SIKHS

Extensions of Remarks

## HON. EDOLPHUS TOWNSOF NEW YORK IN THE HOUSE OF REPRESENTATIVES WEDNESDAY, NOVEMBER 15, 2006

Mr. TOWNS. Mr. Speaker, in the June issue of the International Journal of Sikh Affairs, Dr. Awatar Singh Sekhon reviews a book entitled ``Tabai Ros Jagio,'' which translates into English as ``Details of Fundamentalist Hindus' Attacks on the Sikh Faith,'' by Dr. Sukhpreet Singh Udhoke. The book details how the fundamentalist Hindus who run India have been attacking Sikhism and other faiths since the very earliest days of the Indian republic. Despite the fact that the Brahmin caste is only 3 percent of the population, they run Indian society, according to Dr. Udhoke.

Dr. Udhoke details those Sikhs who have supported the Hindu fundamentalists in their effort to enforce Hinduism on the entire population of India. He details those who connived with India on the attack on the Golden Temple, the seat of the Sikh religion. He recorded the brutality of the Brahmins and the Hindu fundamentalists. He writes about how their umbrella organization, the Rashtriya Swayamsewak Sangh (RSS), was founded to support the Fascists in Europe. He describes the RSS as a terrorist organization. India claims to be our ally in the War on Terror, but their preeminent ideology is a brand of Fascism that practices violence against minorities and their neighbors.

We should stop aid and trade with India and we should be vocal and active in supporting self-determination for all the people there. That is how we can help bring freedom to all in the subcontinent.

Mr. Speaker, I highly recommend Dr. Sekhon's excellent review of Dr. Udhoke's excellent book to my colleagues, and I would like to place the review in the Record now.

# An Eye Opener Work of Dr. Udhoke

It was a great pride and pleaure for the reviewer, who is the Editor in Chief, The International Journal of Sikh Affairs ISSN 1481-5435, published from Canada, to write a few words on the publication of Dr. Sukhpreet Singh Udhoke. Dr. Udhoke is a medical professional but is devoting most of his precious time in recording the much needed events of the Sikh history of the 20th and 21st centuries. These events pertain to the persecution of the Sikh youth in particular and for the present and coming generations of the Sikh faith, the Guru Khalsa Panth. Dr. Udhoke's first publication, Tabai Ros Jagio, published in July 2004, was an excellent treatise relating to the ``Attacks on the Sikh faith, Sikh culture, Sikh heritage, Sikh pride, Sikh esteem, Guru Granth Sahib (Holy Scripture of Sikhs), the Sikh identity, and the Sikh nation, Punjab, struggling for its independence by peaceful means.'' His book clearly reflects the intimidation of the Sikhs of their holy and historic homeland, Punjab, by their traditional and notorious enemy, the fundamentalist Hindu organizations as well as the politicians of the preceding and present administrations of the Indian democracy, its New Delhi administrations of J.L. Nehru to Manmohan Singh, run primarily by the Brahmins (who are only 3 percent of the total population of India of over a billion hungry mouths) and about 15 percent pro-Brahmins. This group has captured more than 80 percent of the total decision-making jobs of the Indian administration. Dr. Sukhpreet Singh Udhoke's task at hand was not an easy one, especially when his, his forefathers, and the Sikhs' holy and historic homeland is under the occupation of the Sikhs' enemy, the Brahmins, ``Butchers of our world'', according to the founder of the Sikh faith, Guru Nanak Sahib.

The Indian administration and their international news media's term, the ``largest democracy of the world'', India, made Dr. Udhoke's task highly difficult in describing the reality and tragedy of the Sikh nation, Punjab, and beyond the understanding of an ordinary citizen of the Sikhs' holy and historic homeland.


It is amply clear that the Sikh leaders, of Punjab so to speak, and most commonly known as the Dastaardhari (turbaned) Hindus in the Sikh identity, have failed to respond to the psyche and aspirations of the Sikhs of Punjab, the Sikh Diaspora and the Sikh nation. Rather, these Dastaardhari Hindus in the Sikh Identity have fallen into the trap of the Brahmins and pro-Brahmins.

Dr. Sukhpreet Singh Udhoke, a young Sikh full of energies, recorded in his book, the brutality of the Sikhs' traditional enemies, the Brahmins and pro-Brahmins belonging to the Hindumahasabha (mother of all evils) and its offshoots such as Swam Sevak Sangh, Jansangh, Rashtriya Swamsewak Sangh (RSS), a terrorist organization as declared by the United States administration, Rashtriya Sikh Sangat (formed at the directions of Rashtriya Swamsewak Sangh in 1986s) the ``Sangh family'', responsible for anti-non-Brahmin and anti-non-Hindus activities, and other such organizations, as well as the activities of the Saffaronized fundamentalist Hindu organizations Vishwa Hindu Parishad, Shiv Sena, Bajrang Dal, to cite a few. The RSS was formed in support of the Fascists of Europe. Dr. Udhoke has exposed Saffaronization of the Sikh history, disrespect and character assassination of the Sikh Gurus, Guru Nanak Sahib to Sahib Guru Gobind Singhji, by these organizations and their supporters. Finally, I wish Dr. Sukhpreet Singh Udhoke, who is a gifted and prolific writer and speaker all the best. May the the Almighty Lord shower. His blessings on him.


**Dr. Awatar Singh Sekhon**

Editor in Chief

The International Journal of Sikh Affairs



ਡਾ. ਕੇ. ਬੀ. ਹੈਡਗਵਾਰ



ਐਮ. ਐਸ. ਗੋਲਵਾਲਕਰ



ਸ਼ਸਤਰ ਸਿਖਲਾਈ ਕੈਂਪਾਂ ਵਿੱਚ ਆਧੁਨਿਕ ਸ਼ਸਤਰ ਵਿਦਿਆ ਪ੍ਰਾਪਤ ਕਰਦੇ ਹੋਏ ਬਜਰੰਗ ਦਲ ਦੇ ਸੈਨਿਕ




ਸ਼ਸਤਰ ਵਿਦਿਆ ਪ੍ਰਾਪਤ ਕਰ ਰਹੀਆਂ
ਦੁਰਗਾ ਵਾਹਿਨੀ ਦੀਆਂ ਮਹਿਲਾ ਸੈਨਿਕ



ਸਿੱਖ ਦੇ ਭੇਸ ਵਿਚ ਬਜਰੰਗ ਦਲ ਦਾ ਜੁਝਾਰੂ



ਰਾਸ਼ਟਰੀ ਸਿੱਖ ਸੰਗਤ ਦੇ ਕਾਰਕੁੰਨ ਖਾਲਸਾ ਸਿਰਜਨਾਂ ਦਿਵਸ ਸਮੇਂ।



ਸੰਘ ਦਾ ਸ਼ਾਖਾ ਦ੍ਰਿਸ਼




ਤ੍ਰਿਸ਼ੂਲਧਾਰੀ ਬਜਰੰਗ ਦਲ ਦੇ 'ਸੂਰਮੇ'



ਸੰਘ ਦੇ ਮੁੱਖ ਸਮਾਗਮ ਦੀ ਝਲਕ




ਰਾਸ਼ਟਰੀ ਸਿੱਖ ਸੰਗਤ ਦੇ 'ਸੂਰਮੇ'




ਇਕ ਪ੍ਰਕਾਸ਼ਨਾਂ ਵਲੋਂ ਗੁਰੂ ਨਾਨਕ ਸਾਹਿਬ ਜੀ ਦੀ ਅਜੋਕੇ ਰਾਜਨੇਤਾਵਾਂ ਨਾਲ ਤੁਲਨਾ।



ਮੁੱਖ ਸਮਾਗਮ ਦੌਰਾਨ ਦੇਵੀ ਪੂਜਾ ਕਰਦੇ ਸੰਘ ਦੇ ਸਿੱਖ



ਲੁਧਿਆਣੇ ਦੇ ਸਵਰਨ ਜੇਯੰਤੀ ਸਮਾਗਮ ਦੀ ਇੱਕ ਝਲਕ।



ਭਗਵਾਂਧਾਰੀਆਂ ਦੇ ਦਲ ਦਾ ਸਵਾਗਤ ਕਰਦੇ 'ਰਵਾਇਤੀ ਅਕਾਲੀ'



ਭਾਜਪਾ ਨੇਤਾ ਅਡਵਾਨੀ ਨੂੰ ਧਾਰਮਿਕ ਪੁਸਤਕਾਂ ਭੇਂਟ ਕਰਦੇ ਅਖੌਤੀ ਖਾਲਿਸਤਾਨੀ ਆਗੂ
ਕਨੇਡਾ ਤੋਂ ਪਿਆਰਾ ਸਿੰਘ ਨੱਤ, ਹਾਲੈਂਡ ਤੋਂ ਭੁਪਿੰਦਰ ਸਿੰਘ ਅਤੇ
ਨਾਲ ਖੜਾ ਹੈ ਸਿੱਖ ਸੰਗਤ ਆਗੂ ਰੁਲਦਾ ਸਿੰਘ

# जब देवी प्रगट भई


(श्री दशम गुरु के पाँच प्यारे सिंहों में से प्रथम भाई दयासिंह द्वारा खालसा–सृजन का वर्णन)–

'जब देवी प्रगट भई और पाँच प्यारे सावधान हुए, तब सब देवता आये। 'एक ओंकार सतिनाम'– उपदेश मन्त्र स्री नानक जी की शकति ने दीआ और जंत्र वाहिगुरु मोहन ने बसीकरण (वास्ते) दीआ। तंत्र जल अमर बरुण, वास्ते चित्त द्रिढ़ता, दे दीआ, मिशरान, इन्द्र ने दीआ, बुधी मीठी रहन निमित्त। अर लोह पातर यमराज, अम्रत पावन निमित्त दीआ। सरबलोह की करद कालजी ने दई, जुध के बासते। केस चण्डी जी दए। बाहनी कच्छ हनू (मान) जी दई। ...सक्कर विशुन जी दीनी, मैदा महादेव जी दीनी। घीव ब्रह्मे ने दीआ। ...त्रिभाव का कड़ाह प्रसाद कीआ। ...इस विधि सों सब देवता अंस देत भये।'' (सन्दर्भ– 'रहित नामा' भाई दयासिंघ।)

{जब देवी प्रकट हुई और पाँच प्यारे सावधान हुए तब सारे देवता आये। श्री गुरु नानकदेव जी की शक्ति ने 'एक ओंकार सतिनाम' रूपी उपदेश–मन्त्र दिया। मोहन ने 'वाहिगुरु' रूपी यन्त्र बशीकरण के लिए दिया। बरुणदेव ने तन्त्र रूपी जल दृढ़ता के वास्ते दिया। इन्द्र ने बुद्धि सात्विक रखने के लिए मिश्री दी। यमराज ने अमृत डालने के लिए लौह–पात्र दिया। काल जी ने युद्ध के लिए सर्वलौह का खड्ग दिया। चण्डी ने केश दिये। हनुमान जी ने कच्छा दिया। विष्णुजी ने शक्कर दी, महादेव ने आटा और ब्रह्मा जी ने घी दिया। ...इस प्रकार त्रिभाव का कड़ाह प्रसाद किया। इस विधि से सब देवता अपना–अपना अंश दे गये। ☐ }



ਨਾਮਧਾਰੀਆਂ ਦੀ ਇੱਕ ਪ੍ਰਕਾਸ਼ਨਾ ਵਿਚ ਅੰਮ੍ਰਿਤ ਸੰਸਕਾਰ ਦਾ ਚਿੱਤਰਨ





ਗੁਰਮਤਿ ਵਿਚਾਰਧਾਰਾ ਤੇ ਨਾ ਸਹਿਣ ਯੋਗ ਹੱਲਾ।





ਸੰਘ ਦੀ ਸ਼ਾਖਾ ਵਿਦਿਆ ਭਾਰਤੀ ਵਲੋਂ ਤਿਆਰ ਵੈਸਾਖੀ ਦਾ ਵਧਾਈ ਕਾਰਡ
ਜਿਸ ਵਿਚ ਗੁਰੂ ਗੋਬਿੰਦ ਸਿੰਘ ਜੀ ਰਾਮ ਦੇ ਸਰੀਰ ਵਿਚ ਵਿਖਾਇਆ ਗਿਆ ਹੈ।




ਸੰਘ ਵਲੋਂ ਪ੍ਰਕਾਸ਼ਿਤ ਕਿਤਾਬਚੇ 'ਸੰਗਤ ਸੰਦੇਸ਼'
ਦਾ ਮੁੱਖ ਪੰਨਾ ਜਿਸ ਵਿਚ ਰਾਮ ਗੁਰੂ ਸਾਹਿਬ
ਨੂੰ ਆਸ਼ੀਰਵਾਦ ਦੇ ਰਿਹਾ ਹੈ।






ਸੰਘ ਅਤੇ ਕੱਟੜਪੰਥੀ ਹਿੰਦੂ ਸੰਸਥਾਵਾਂ ਦੇ 'ਜ਼ਹਾਦੀਆਂ' ਵਲੋਂ
ਬਾਬਰੀ ਮਸਜਿਦ ਢਹਿ-ਢੇਰੀ ਕਰਨ ਉਪਰੰਤ ਸ਼ਿਲਾ ਨਿਆਸ।




ਗੁਰੂ ਸਾਹਿਬ ਨੂੰ ਗਊਪੂਜਕ
ਦਰਸਾਉਣ ਦਾ ਉਪਰਾਲਾ




ਗੁਰਬਾਣੀ ਦੀ ਬੇਅਦਬੀ ਦਾ ਦ੍ਰਿਸ਼

# ਗਊ ਘਾਤ ਕਾ ਦੋਖ ਜਗ ਸਿਉ ਮਿਟਾਊ

ਗੁਰੂ ਗੋਬਿੰਦ ਸਿੰਘ ਜੀ

ਯਹੀ ਦੇਹ ਆਗਿਆ ਤੁਰਕਨ ਗਹਿ ਖਪਾਊਂ।
ਗਊ ਘਾਤ ਕਾ ਦੋਖ ਜਗ ਸਿਉਂ ਮਿਟਾਊਂ॥
ਛਤ੍ਰ ਤਖਤ ਮੁਗਲਨ ਕਰਹੁੰ ਮਾਰ ਦੂਰੇ।
ਘੁਰਹਿ ਤਬ ਜਗਤ ਮਹਿ ਫਲਹ ਧਰਮ ਤੂਰੇ॥
ਤੁਮਨ ਦਰ ਖੜਾ ਦਾਸ ਕਰਹੈ ਪੁਕਾਰਾਂ।
ਤੁਰਕਨ ਮੇਟ ਕੀਜੈ ਜਗਤ ਮਹਿ ਉਜਾਰਾ॥
ਤਬਹਿ ਗੀਤ ਮੰਗਲ ਫਤਹਿ ਕੇ ਸੁਨਾਊਂ।
ਤੁਮਨ ਕਉ ਸਿਮਰ ਦੂਖ ਸਗਲੇ ਮਿਟਾਊਂ॥
ਸਭੈ ਸ੍ਰਸਟਿ ਪਰਜਾ ਸੁਖੀ ਹੋਇ ਬਿਰਾਜੈ।
ਮਿਟੈ ਦੂਖ ਸੰਤਾਪ ਆਨੰਦ ਗਾਜੈ॥
ਨ ਛਾਡਊਂ ਕਹੂੰ ਦੁਸਟ ਅਸੁਰਨ ਨਿਸਾਨੀ।
ਚਲੈ ਸਭ ਜਗਤ ਮਹਿ ਧਰਮ ਕੀ ਕਹਾਨੀ॥

(''ਦਸਮ ਗ੍ਰੰਥ'' ਵਿਚੋਂ)

**ਰਾਸ਼ਟਰ ਜਾਗਰਣ ਅਭਿਆਨ**

**ਰਾਸ਼ਟ੍ਰੀਯ ਸ੍ਵਯਮਸੇਵਕ ਸੰਘ, ਪੰਜਾਬ**


ਗੁਰੂ ਸਾਹਿਬ ਨੂੰ ਗਊ ਪੂਜਕ ਦਰਸਾਉਣ ਲਈ ਮਨਘੜਤ ਰਚਨਾਵਾਂ ਦੀ ਘਾੜਤ



ਕਿਸੇ ਬਿਪਰਵਾਦੀ ਵਲੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਦੇਵੀ ਪੂਜਕ ਸਿੱਧ ਕਰਨ ਲਈ ਵੰਡੇ ਗਏ ਕਿਤਾਬਚੇ 'ਦੁਰਗਾ ਉਸਤਤਿ' ਦਾ ਮੁੱਖ ਪੰਨਾ।




ਬੰਦਾ ਸਿੰਘ ਬਹਾਦਰ, ਬੰਦਾ ਬੈਰਾਗੀ ਰੂਪ ਵਿਚ





ਸਾਹਿਬਜ਼ਾਦਿਆ ਉਪਰ 'ਕ੍ਰਿਪਾ ਦ੍ਰਿਸ਼ਟੀ' ਪਾਉਂਦੇ ਹੋਏ ਅਵਤਾਰ ਰਾਮ



ਸੰਘ ਦੇ ਕਿਤਾਬਚੇ 'ਸੰਗਤ ਸੰਦੇਸ਼' ਵਿਚ ਗੁਰੂ ਸਾਹਿਬਾਨ ਦੁਆਰਾ ਬਿਨਾਂ
ਅੰਮ੍ਰਿਤ ਛਕਾਉਣ 'ਤੋਂ ਬੰਦਾ ਸਿੰਘ ਬਹਾਦਰ ਨੂੰ ਸ਼ਸਤਰ ਧਾਰਨ ਕਰਵਾਉਣ ਦਾ ਚਿੱਤਰਣ




ॐ ਦੇ ਨਾਲ ਗੁਰੂ ਸਾਹਿਬ ਦਾ ਚਿੱਤਰਣ




੧ੳ ਦੀ ਵਿਚਾਰਧਾਰਾ ਦਾ ਪ੍ਰਵਾਹ ਕਰਨ ਵਾਲੇ ਗੁਰੂ ਸਾਹਿਬ ਨੂੰ ਓਂ ਨਾਲ ਜੋੜਨ ਦਾ ਯਤਨ




ਅਖੌਤੀ ਦੇਵੀ ਦੇ ਚਰਨਾਂ ਵਿਚ ੧ੳ ਦਾ ਚਿੱਤਰਣ



ਹਿੰਦੂ ਅਵਤਾਰ (ਰਾਮ, ਕ੍ਰਿਸ਼ਨ)
ਗੁਰੂ ਸਾਹਿਬ ਨੂੰ ਆਸ਼ੀਰਵਾਦ ਦੇਂਦੇ ਹੋਏ

ੴ ਸਤਿਗੁਰ ਪ੍ਰਸਾਦਿ ॥

# ਰਾਸ਼ਟਰੀ ਸਿੱਖ ਸੰਗਤ

ਅੰਮ੍ਰਿਤਸਰ ਵੱਲੋਂ

## 'ਰਾਸ਼ਟਰੀ ਏਕਤਾ ਤੇ ਅਖੰਡਤਾ'

ਵਿਸ਼ੇ ਤੇ ਚਰਚਾ ਵਿਚਾਰ ਕਰਨ ਲਈ ਅਤੇ ਸਮੂਹ ਭਾਰਤੀ ਚਿੰਤਕ ਵਰਗ ਨਾਲ ਸੰਵਾਦ ਰਚਾਉਣ ਲਈ

**12 ਅਪ੍ਰੈਲ, 1998, ਦਿਨ ਐਤਵਾਰ ਨੂੰ, ਬਾਅਦ ਦੁਪਹਿਰ 3 ਵਜੇ,**

**ਮਾਧਵ ਵਿਦਿਆ ਨਿਕੇਤਨ**

ਰਣਜੀਤ ਐਵੇਨਿਊ, ਨੇੜੇ ਜ਼ਿਲ੍ਹਾ ਕਚਹਿਰੀ, ਅੰਮ੍ਰਿਤਸਰ

ਵਿਖੇ, ਇਕ ਵਿਸ਼ੇਸ਼ ਮਿਲਨ ਦਾ ਆਯੋਜਨ ਕੀਤਾ ਜਾ ਰਿਹਾ ਹੈ।

ਸ੍ਰੀ ਹਰਿਮੰਦਰ ਸਾਹਿਬ ਦੇ ਹੈਡ ਗ੍ਰੰਥੀ **ਮਾਨਯੋਗ ਗਿਆਨੀ ਪੂਰਨ ਸਿੰਘ ਜੀ**, ਮੁਖ ਭਾਸ਼ਨ ਦੇਣਗੇ।

ਸ. **ਜੋਗਿੰਦਰ ਸਿੰਘ**, ਸਾਬਕਾ ਡਾਇਰੈਕਟਰ ਸੀ. ਬੀ. ਆਈ., ਸਮਾਗਮ ਦੀ ਪ੍ਰਧਾਨਗੀ ਕਰਨਗੇ।

ਸ. **ਚਿਰੰਜੀਵ ਸਿੰਘ ਜੀ**, ਕੌਮੀ ਪ੍ਰਧਾਨ ਰਾਸ਼ਟਰੀ ਸਿੱਖ ਸੰਗਤ ਅਤੇ

ਸ. **ਗੁਰਚਰਨ ਸਿੰਘ ਗਿੱਲ**, ਕੌਮੀ ਜਨਰਲ ਸਕੱਤਰ ਆਪਣੇ ਵਿਚਾਰ ਰੱਖਣਗੇ।


ਪ੍ਰਾਰਥਕ

ਸੁਰਜੀਤ ਸਿੰਘ ਚੰਢਾ
ਪ੍ਰਧਾਨ

ਰਘਬੀਰ ਸਿੰਘ ਅਰੋੜਾ
ਜਨਰਲ ਸਕੱਤਰ

ਰਾਸ਼ਟਰੀ ਸਿੱਖ ਸੰਗਤ ਦਾ ਸੱਦਾ ਪੱਤਰ ਜਿਸ ਵਿਚ ਗਿਆਨੀ ਪੂਰਨ ਸਿੰਘ ਦੇ ਮੁੱਖ ਭਾਸ਼ਣ ਦਾ ਜ਼ਿਕਰ ਹੈ






ਕਿਸੇ ਬਿਪਰਵਾਦੀ ਮਾਨਿਸਕਤਾ ਵਾਲੇ ਚਿੱਤਰਕਾਰ ਵਲੋਂ ਗੁਰੂ ਨਾਨਕ ਸਾਹਿਬ ਦੇ ਵਿਆਹ ਦਾ ਚਿੱਤਰਣ



ਘਰਿਆਲਾ (ਤਹਿ. ਪੱਟੀ) ਦਾ ਉਹ ਮੰਦਰ ਜਿਥੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ



ਪ੍ਰਮੁੱਖ ਅਕਾਲੀ ਆਗੂ ਵੀ ਬਿਪਰਵਾਦੀ ਸੰਸਕਾਰਾਂ ਤੋਂ ਮੁਕਤ ਨਹੀਂ




ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਰਮਾਇਣ ਪਾਠਾਂ ਤੋਂ ਪਹਿਲਾਂ ਭੂਮੀ ਪੂਜਨ ਕਰਵਾਉਂਦੇ ਹੋਏ



ਸੰਘ ਦੇ ਸ਼ਸਤਰਧਾਰੀ 'ਜੋਧੇ' ਮਾਰਚ ਕਰਦੇ ਹੋਏ



ਸੰਘ ਦੇ 'ਸੂਰਮੇ' ਆਧੁਨਿਕ ਸ਼ਸਤਰ
ਪੂਜਾ ਦੀ ਰਸਮ ਕਰਦੇ ਹੋਏ।




ਸ਼ਹੀਦ ਭਾਈ ਹਕੀਕਤ ਸਿੰਘ ਦਾ ਹਿੰਦੂਤਵੀ ਰੂਪ




ਸਿੱਖ ਗੁਰੂ ਸਾਹਿਬਾਨ ਅਤੇ ਇਸਲਾਮੀ ਪੈਗੰਬਰਾਂ ਦੀਆਂ ਗਣੇਸ਼ ਨੂੰ
ਅਸ਼ੀਰਵਾਦ ਦੇਣ ਦੀਆਂ ਕਲਪਿਤ ਤਸਵੀਰਾਂ




ਗਣੇਸ਼ ਉਤਸਵ ਸਮੇਂ ਬਿਪਰਵਾਦੀਆਂ ਵਲੋਂ ਗੁਰਮਤਿ ਵਿਚਾਰਧਾਰਾ, ਗੁਰ ਅਸਥਾਨਾਂ ਅਤੇ
ਗੁਰੂ ਸਾਹਿਬ ਦੀ ਬੇਅਦਬੀ ਦਾ ਖੁੱਲ੍ਹਾ ਪ੍ਰਦਰਸ਼ਨ




ਨੂਰ ਮਹਿਲੀਏ ਆਸ਼ੂਤੋਸ਼ ਦੇ ਵੱਖ-ਵੱਖ ਰੂਪ






ਪੰਜਾਬੀ ਦੀ ਪਾਠ ਪੁਸਤਕ ਵਿਚ ਸ. ਕਰਤਾਰ ਸਿੰਘ ਸਰਾਭਾ ਦੀ ਕੇਸ ਰਹਿਤ ਤਸਵੀਰ



**Shri Brahman Sabha (Regd.) Chandigarh**

Parshu Ram Bhawan, Sector 37-C

**MARTYRDOM DAY**

SRI GURU MATI DASS SHARMA

*Shri Brahman Sabha Chandigarh Pay Tribute to their*

Great - O - Great Forefather Guru Mati Dass -
Guru Sati Dass - Guru Dyal Dass - Guru Jaita Bhrigu

who sacrifice their lives at Chandani Chowk, Delhi on 7-8 November, 1675

**The Righteousness of Hinduism.**

*They were split apart with saw-burnt alive in Cotton Bag and boiled alive in big frying pan by Aurangjeb.*

ਬ੍ਰਾਹਮਣ ਸਭਾ ਵਲੋਂ ਪ੍ਰਕਾਸ਼ਿਤ ਇਸ਼ਤਿਹਾਰ ਜਿਸ ਵਿਚ ਭਾਈ ਮਤੀ ਦਾਸ ਜੀ ਨੂੰ
'ਸ਼੍ਰੀ ਗੁਰੂ ਮਤੀ ਦਾਸ ਸ਼ਰਮਾ' ਸਿੱਧ ਕਰਨ ਦਾ ਯਤਨ ਕੀਤਾ ਹੈ



ਕਿਸੇ ਸਿੱਖ ਵਿਰੋਧੀ ਸੰਸਥਾ ਵਲੋਂ ਤਿਆਰ ਇਸ਼ਤਿਹਾਰ ਜਿਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਤੁਲਨਾ ਆਮ ਰਜਵਾੜਿਆਂ ਨਾਲ ਕੀਤੀ ਗਈ ਹੈ




ਹਿੰਦੀ ਦੀ ਇਕ ਪਾਠ ਪੁਸਤਕ ਵਿਚ ਵੈਸਾਖੀ ਸਮੇਂ ਅੰਮ੍ਰਿਤ ਸੰਸਕਾਰ
ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਚਿੱਤਰਣ



हिन्दू युवा शक्ति को
आह्वान
राम जन्मभूमि मन्दिर का
भव्य निर्माण
मुस्लिम कट्टरता व आतंकवाद पर रोक
बजरंग दल के सदस्य बनें व
त्रिशूल धारण करें।
पहला त्रिशूल धारण समारोह
16 सितम्बर रविवार सायं 7-30 बजे
निवेदक
बजरंग दल, बटाला।

ਬਜਰੰਗ ਦਲ ਵਲੋਂ ਤ੍ਰਿਸ਼ੂਲ
ਧਾਰਨ ਕਰਨ ਦਾ ਸੱਦਾ





ਹਿੰਦੂ ਸੁਰੱਖਿਆ ਸਮਿਤੀ ਵਲੋਂ ਰਾਸ਼ਟਰਵਾਦ ਦੇ ਬੁਰਕੇ ਹੇਠ ਦੀਵਾਰਾਂ 'ਤੇ ਅੱਤਵਾਦ ਦਾ ਨੰਗਾ ਨਾਚ



ਗੁਰੂ ਸਾਹਿਬਾਨ ਤੇ ਭਗਤਾਂ ਨੂੰ ਗਊ ਪੂਜਕ ਦਰਸਾਉਣ ਦੀ ਕੋਝੀ ਹਰਕਤ



ਗੁਜਰਾਤ ਵਿਖੇ ਮੁਸਲਮਾਨ ਵਿਰੋਧੀ ਹਿੰਸਾ ਦੇ ਮੂੰਹ ਬੋਲਦੇ ਤੱਥ



ਹਿੰਦੂਤਵ ਦਾ ਤਾਂਡਵ ਨਾਚ



ਗੁਰੂ ਸਾਹਿਬ ਦੇ ਬੁੱਤਾਂ ਦੀ ਗੁਰਧਾਮਾਂ ਵਿੱਚ ਸਥਾਪਤੀ




ਸੰਘ ਦੀ ਇਕ ਪ੍ਰਕਾਸ਼ਨਾ



ਕਿਸੇ ਬਿਪਰਵਾਦੀ ਮੁਸੱਵਰ ਦੀ ਕਲਪਨਾ
ਸ਼ਿਵਲਿੰਗ ਉਪਰ ‘੧ਓ’ ਦੀ ਚਿੱਤਰਕਾਰੀ



**ਡਾ. ਸੁਖਪ੍ਰੀਤ ਸਿੰਘ ਉਦੋਕੇ**

ਡਾ. ਸੁਖਪ੍ਰੀਤ ਸਿੰਘ ਉਦੋਕੇ ਦੀ ਇਸ ਕਿਤਾਬ ਦੇ ਲੇਖ ਭਾਵੇਂ ਪਿਛਲੇ ਕੁਝ ਦਹਾਕਿਆਂ ਦੀ ਪੰਥਕ ਹਾਲਤ ਦਾ ਬਿਆਨ ਜਾਪਦੇ ਹਨ ਪਰ ਦਰਅਸਲ ਇਹ ਪਿਛਲੇ ਸੌ ਸਾਲ ਅਤੇ ਆਉਂਦੇ ਦਹਾਕੇ ਵਿਚ ਪੰਥ ਨੂੰ ਖਤਮ ਕਰਨ ਦੇ ਚਾਹਵਾਨ ਸਿੱਖ ਦੁਸ਼ਮਣਾਂ, ਮਗਰਮੱਛਾਂ, ਅਜਗਰਾਂ ਅਤੇ ਡਾਇਨਾਸੋਰਸਾਂ ਹੀ ਨਹੀਂ ਬਲਕਿ ਬੁੱਕਲ ਵਿਚ ਬੈਠੇ ਸੱਪਾਂ ਦੀਆਂ ਸਾਜ਼ਿਸ਼ਾਂ ਨੂੰ ਵੀ ਬੇਨਕਾਬ ਕਰਦੇ ਹਨ। ਡਾ. ਉਦੋਕੇ ਨੂੰ ਪੰਥ ਦੇ ਹਰ ਦੁਸ਼ਮਣ ਦਾ ਪਤਾ ਹੈ। ਉਸ ਨੂੰ ਪਤਾ ਹੈ ਕਿ ਕਿਹੜਾ ਮਗਰਮੱਛ ਪੰਥ ਨੂੰ ਹੜਪਣ ਵਾਸਤੇ ਕੀ ਮਨਸੂਬੇ ਬਣਾ ਰਿਹਾ ਹੈ ਤੇ ਕਿਹੜਾ ਅਜਗਰ ਇਸ ਨੂੰ ਕਿਵੇਂ ਨਿਗਲਣਾ ਚਾਹੁੰਦਾ ਹੈ? ਉਹ ਜਾਣਦਾ ਹੈ ਕਿ ਭਾਵੇਂ ਡਾਇਨਾਸੋਰਸ ਲੱਖਾਂ ਸਾਲ ਪਹਿਲਾਂ ਮੁੱਕ ਗਏ ਸਨ ਪਰ ਆਰ. ਐਸ. ਐਸ. ਦਾ ਡਾਇਨਾਸੋਰਸ ਨਵੇਂ ਰੂਪ ਵਿਚ ਦਿਓ ਬਣੀ ਖੜ੍ਹਾ ਹੈ। ਡਾ. ਉਦੋਕੇ ਇਸ ਦਿਓ ਬਾਰੇ ਖਬਰਦਾਰ ਕਰਦਾ ਹੈ। ਆਫ਼ਰੀਨ ਹੈ ਇਹ ਦਲੇਰ ਕਲਮ ਜਿਹੜੀ ਇਸ ਡਾਇਨਾਸੋਰਸ ਤੋਂ ਡਰਦੀ ਨਹੀਂ। ਸੱਚ ਪੁੱਛੋ ਤਾਂ ਮੈਂ ਸਮਝਦਾ ਸੀ ਕਿ ਮੈਂ ਬੜਾ ਦਲੇਰ ਹਾਂ ਪਰ ਮੈਨੂੰ ਐਵੇਂ ਭੁਲੇਖਾ ਹੀ ਸੀ, ਡਾ: ਸੁਖਪ੍ਰੀਤ ਸਿੰਘ ਆਪਣੇ ਵੱਡੇ ਵੀਰ ਤੋਂ ਇਕ ਫੀਸਦੀ ਵੀ ਘਟ ਦਲੇਰ ਨਹੀਂ। ਇਸ ਦਲੇਰ, ਸੂਝਵਾਨ ਕਲਮ ਦੇ ਪੰਥ ਦਰਦ, ਉਸ ਦੀ ਤੜਪ, ਉਸ ਦੀ ਸੰਜੀਦਗੀ ਨੂੰ ਮੇਰਾ "ਨੀਲਾ-ਸਲਾਮ" ਪੁਜੇ।

ਡਾ: ਉਦੋਕੇ ਦੀ ਇਹ ਕਿਤਾਬ ਉਸ ਨੂੰ ਵੱਡੇ ਸਨਮਾਨ ਦਾ ਹੱਕਦਾਰ ਬਣਾਉਂਦੀ ਹੈ ਅਤੇ ਮੈਂ ਸਮਝਦਾ ਹਾਂ ਕਿ ਉਸ ਦੇ ਪਾਠਕਾਂ ਵਲੋਂ ਉਸ ਦੇ ਲੇਖਾਂ ਨੂੰ ਪੜ੍ਹ-ਪੜ੍ਹ ਕੀਤੀ ਅੱਸ਼-ਅੱਸ਼ ਤੇ ਪਿਆਰ ਦੀ ਸਦਾਅ ਤੋਂ ਵੱਡਾ ਕੋਈ ਸਨਮਾਨ ਨਹੀਂ। ਸਨਮਾਨ ਤੇ ਐਵਾਰਡ ਤਾਂ ਸਗੋਂ ਕਈ ਵਾਰੀ ਲੈਣ ਵਾਲੇ ਦੀ ਵਿਦਵਤਾ ਬਾਰੇ ਸ਼ੱਕ ਪੈਦਾ ਕਰਦੇ ਹਨ। ਮੇਰੀ ਅਰਜ਼-ਦਾਸ਼ਤ ਹੈ ਕਿ ਮੇਰਾ ਇਹ ਨਿੱਕਾ ਵੀਰ ਇੰਞ ਹੀ ਪੰਥ ਦੀ ਕਲਮੀ ਸੇਵਾ ਕਰਦਾ ਰਹੇ। ਪੰਥ ਇਸ ਦੀ ਸੇਵਾ ਨੂੰ ਹਮੇਸ਼ਾਂ ਚੇਤੇ ਰਖੇਗਾ।

-ਡਾ: ਹਰਜਿੰਦਰ ਸਿੰਘ 'ਦਿਲਗੀਰ'
ਸਾਬਕਾ ਡਾਇਰੈਕਟਰ
ਸਿੱਖ ਹਿਸਟਰੀ ਰਿਸਰਚ ਬੋਰਡ


Published by:

**Dal Khalsa Alliance**

1700 Shattuck Ave. #303
Berkeley, CA 94709 USA
www.dalkhalsausa.org
www.dalkhalsaalliance.org

ISBN 0-9701624-0-4
9780970162403